si

ur
profes
Comm
ort on the
es being
universitie

fe so Th
an a ac
end Univers
a former
Associat
ties.
Commissi
Vice-Ch
University
n, the
mm
vivi
Nam
on Col
er,
f V
Ce
, U
Esi S
Studie

be subm
Williams

1975

975

1-10

1

s.P.

PUNJAB VIDHAN SABHA

DEBATES

7th January, 1975

Vol. I—No. 1

OFFICIAL REPORT

CONTENTS

Tuesday, the 7th January, 1975

Punjab Vidhan Sabha Secretariat, Chandigarh.

Price : Rs. 9.30

LIST OF MEMBERS OF THE SIXTH PUNJAB VIDHAN SABHA

(As on 7th January, 1975)

OFFICERS OF THE PUNJAB VIDHAN SABHA

SPEAKER	..	Dr. Kewal Krishan, House No. 47. Sector-2, Chandigarh	(Off. 24738) (Res. 24155)
DEPUTY SPEAKER	..	Sardar Nasib Singh Gill, House No. 10, Sector-2, Chandigarh	(Off. 24626) (Res. 24169)
SECRETARY	..	Sardar Partap Singh, 8 F/3357, Sector 23-D, Chandigarh.	(Off. 24762) (Res. 25018)

List of Members of the Cabinet. Ministers of State, Deputy Ministers and Chief Parliamentary Secretary

CABINET MINISTERS

1. Giani Zail Singh, Chief Minister :

Office	..	Room No. 31, 2nd Floor, Punjab Civil Secretariat	(29325)
	..	Room No. 94, 1st Floor, Punjab Vidhan Bhawan	(25704)
Residence	..	House No. 45, Sector 2, Chandigarh	(24824)

2. Sardar Umrao Singh, Revenue and Election Minister :

Office	..	Room No. 34, 6th Floor, Punjab Civil Secretariat	(25714)
Residence	..	House No. 43, Sector 2, Chandigarh	(24188)

3. Shri Hans Raj Sharma, Finance Minister :

Office	..	Room No. 33, 6th Floor, Punjab Civil Secretariat	(26045)
Residence	..	House No. 46, Sector 2, Chandigarh	(26053)

4. Shri Gurmail Singh, Education Minister :

Office	..	Room No. 37, 6th Floor, Punjab Civil Secretariat	(24132)
Residence	..	House No. 42, Sector 2, Chandigarh	(26120)

5. Master Gurbanta Singh, Agriculture and Forests Minister :

Office	..	Room No. 28, 2nd Floor, Punjab Civil Secretariat	(25703)
Residence	..	House No. 32, Sector 3, Chandigarh	(25265)

6. Shri Yash Pal, Excise and Taxation Minister :

Office	..	Room No. 33, 6th Floor, Punjab Civil Secretariat	(29319)
Residence	..	House No. 513, Sector 8—B, Chandigarh	(25237)

MINISTERS OF STATE

1. Shri Joginder Pal Pandey, Minister of State for Public Works :

Office	..	Room No. 34, 3rd Floor, Punjab Civil Secretariat	(25463)
Residence	..	House No. 7, Sector 2, Chandigarh	(25340)

2. Sardar Santokh Singh Randhawa, Minister of State for Development:

Office	..	Room No. 33, 5th Floor, Punjab Civil Secretariat	(29354)
Residence	..	House No. 8, Sector 2, Chandigarh	(25383)

3. Miss Sarla Prasher, Minister of State for Social Welfare :

Office	..	Room No. 31, 3rd Floor, Punjab Civil Secretariat	(24832)
Residence	..	House No. 9, Sector 2, Chandigarh	(25497)

4. Jathedar Sohan Singh Jalalusman, Minister of State for Public Health :

Office	..	Room No. 31, 7th Floor, Punjab Civil Secretariat	(25791)
Residence	..	House No. 71, Sector 7, Chandigarh	(24172)

5. Sardar Dilbagh Singh Daleke, Minister of State for Transport and Civil Aviation :

Office	..	Room No. 34, 7th Floor, Punjab Civil Secretariat	(27638)
Residence	..	House No. 6, Sector 2, Chandigarh	(25288)

6. Sardar Balbir Singh, Minister of State for Health and Family Planning :

Office	..	Room No. 30, 7th Floor, Punjab Civil Secretariat	(27640)
Residence	..	House No. 48, Sector 9, Chandigarh	(26188)

7. Sardar Gurbakhsh Singh Sibia, Minister of State for Irrigation and Power :

Office	..	Room No. 35, 7th Floor, Punjab Civil Secretariat	(25333)
Residence	..	House No. 4, Sector 4, Chandigarh	(25739)

8. Sardar Gurdarshan Singh, Minister of State for Food and Supplies :

Office	..	Room No. 32, 7th Floor, Punjab Civil Secretariat	(27639)
Residence	..	House No. 8, Sector 8—A, Chandigarh	(27626)

9. Mrs. Gurbrinder Kaur Brar, Minister of State for Housing :

Office	..	Room No. 31, 5th Floor, Punjab Civil Secretariat	(24812)
Residence	..	House No. 73, Sector 7, Chandigarh	(24430)

DEPUTY MINISTERS

1. Shri Bal Ram, Deputy Minister, Irrigation and Power :

Office	..	Room No. 6, 8th Floor, Punjab Civil Secretariat	(25786)
Residence	..	House No. 169, Sector 9, Chandigarh	

2. Shri Khushhal Behl, Deputy Minister, Cottage Industries :

Office .. Room No. 21, 7th Floor, Punjab Civil Secretariat (27637)

Residence .. House No. 66, Sector 7, Chandigarh (25338)

CHIEF PARLIAMENTARY SECRETARY

1. Sardar Gurcharan Singh Nihalsinghwala, Chief Parliamentary Secretary :

Office .. Room No. 32, 5th Floor, Punjab Civil Secretariat (28386)

Residence .. House No. 77, Sector 7, Chandigarh (25137)

ADVOCATE-GENERAL

1. Sardar Joginder Singh Wasu :

Residence .. House No. 63, Sector 2, Chandigarh (20684)

Office .. Room No. 1, Punjab and Haryana High Court, Chandigarh (24347)

Alphabetical List of Members showing their Party/Group Affiliation in the Punjab Vidhan Sabha, Constituencies and Districts

Serial No.	Name of Member	Party/ Group affiliation	Constituency	District
1	2	3	4	5
1.	Achhra Singh, Comrade ..	C.P.I.	Dhuri	Sangrur
2.	Vacant* ..		Morinda (S.C.)	Ropar
3.	Amir Singh Kalkat, Dr. ..	Cong.	Tanda	Hoshiarpur
4.	Arjan Singh Litt, Giani ..	S.A.D.	Qila Raipur	Ludhiana
5.	Arjan Singh Mastana, Comrade	C.P.I.	Valtoha	Amritsar
6.	Balbir Singh, Sardar ..	Cong.	Jullundur Cantt.	Jullundur
7.	Balmukand Sharma, Shri ..	Cong.	Ferozepur	Ferozepur
	Bal Ram, Chaudhri ..	Cong.	Abohar	Ferozepur
9.	Balwinder Singh Bhunder, Sardar	S.A.D.	Sardulgarh	Bhatinda
10.	Basant Singh Khalsa, Sardar	S.A.D.	Dakha (S.C.)	Ludhiana
11.	Beant Singh, Sardar ..	Cong.	Payal	Ludhiana
12.	Brij Lal Goel, Shri ..	Cong.	Rajpura	Patiala
13.	Brish Bhan, Shri ..	Cong.	Lehra	Sangrur
14.	Chand Singh, Master ..	C.P.I. (M)	Sherpur (S.C.)	Sangrur
15.	Dalip Chand, Master ..	Cong.	Balachaur	Hoshiarpur
16.	Dana Ram, Comrade ..	C.P.I.	Lambi (S.C.)	Faridkot
17.	Darbara Singh, Sardar ..	Cong.	Nakodar	Jullundur
18.	Darshan Singh Canadian, Comrade	C.P.I.	Garhshankar	Hoshiarpur
19.	Darshan Singh, Chaudhri	Cong.	Nurmahal	Jullundur
20.	Darshan Singh K.P., Sardar	Cong.	Jamsher (S.C.)	Jullundur
21.	Dhanna Singh Gulshan, Sardar	S.A.D.	Nathana (S.C.)	Bhatinda
22.	Dilbagh Singh, Sardar ..	Cong.	Nawanshahar	Jullundur
23.	Dilbagh Singh Daleke,	Cong.	Tarn Taran	Amritsar

*Fell Vacant on account of the death of Sardar Ajaib Singh Sandhu on [illegible]th November, 1974.

1	2	3	4	5
24.	Guran Das Hans, Bhagat	Cong.	Sham Chaurasi (S.C.)	Hoshiarpur
25.	Gurbachan Singh, Jathedar	S.A.D.	Sunam	Sangrur
26.	Gurbachan Singh, Sardar	Cong.	Ropar	Ropar
27.	Gurbakhsh Singh Sibia, Sardar	Cong.	Sangrur	Sangrur
28.	Gurbanta Singh, Master	Cong.	Kartarpur (S.C.)	Jullundur
29.	Gurbrinder Kaur Brar, Mrs.	Cong.	Malout	Faridkot
30.	Gurcharan Singh Nihalsinghwala, Sardar	Cong.	Baghapurana	Faridkot
31.	Gurdarshan Singh, Sardar	Cong.	Nabha	Patiala
32.	Gurdev Kaur Gill, Mrs.	Cong.	Moga	Faridkot
33.	Gurdev Singh Badal, Sardar	S.A.D.	Faridkot (S.C.)	Faridkot
34.	Gurdev Singh Bakhshiwala, Sardar	Cong.	Budhlada	Bhatinda
35.	Gurdev Singh Sidhu, Sardar	S.A.D.	Samana (S.C.)	Patiala
36.	Gurdial Saini, Shri	Cong.	Jullundur (North)	Jullundur
37.	Gurdit Singh, Sardar	Cong.	Attari (S.C.)	Amritsar
38.	Gurmail Singh, Shri	Cong.	Mahilpur (S.C.)	Hoshiarpur
39.	Gurmej Singh, Sardar	Cong.	Verka (S.C.)	Amritsar
40.	Hans Raj Sharma, Shri	Cong.	Banur	Patiala
41.	Harbans Singh Jalal, Sardar	S.A.D.	Phul	Bhatinda
42.	Harbhajan Singh, Doctor	Cong.	Adampur	Jullundur
43.	Harchand Singh, Sardar	Cong.	Amloh (S.C.)	Patiala
44.	Harcharan Singh, Sardar	Cong.	Ajnala	Amritsar
45.	Jagat Ram, Chaudhri	Cong.	Banga (S.C.)	Jullundur
46.	Jagdev Singh Talwandi, Sardar	S.A.D.	Raikot	Ludhiana
47.	Jai Muni, Shri	Cong.	Dinanagar (S.C)	Gurdaspur
48.	Jangir Singh Jogi, Comrade	C.P.I.	Mansa	Bhatinda
49.	Jasdev Singh Sandhu, Sardar	S.A.D.	Dakala	Patiala
50.	Jaswant Kaur, Shrimati	Cong.	Khadoor Sahib	Amritsar

1	2	3	4	5
51.	Jaswinder Singh Brar, Sardar	S.A.D.	Kotkapura	Faridkot
52.	Joginder Pal Pandey, Shri ..	Cong.	Ludhiana (South)	Ludhiana
53.	Kanshi Ram, Chaudhri ..	Cong.	Fazilka	Ferozepur
54.	Karnail Singh Marhari, Sardar	S.A.D.	Jandiala (S.C.)	Amritsar
55.	Kesho Ram Goel, Shri ..	Cong.	Bhatinda	Bhatinda
56.	Kewal Krishan, Doctor ..	Cong.	Mukerian	Hoshiarpur
57.	Khushhal Bahl, Shri .	Cong.	Gurdaspur	Gurdaspur
58.	Kirpal Singh Dhillon, Sardar ..	Cong.	Kapurthala	Kapurthala
59.	Kirpal Singh Randhawa Sardar ..	Cong.	Majitha	Amritsar
60.	Kulwant Kaur, Shrimati ..	S.A.D.	Dharamkot	Ferozepur
61.	Kundan Singh Patang, Giani ..	S.A.D.	Bhadaur(S.C.)	Sangrur
62.	Kundan Singh, Master ..	Cong.	Hoshiarpur	Hoshiarpur
63.	Lachhman Singh, Sardar ..	Cong.	Guru Harsahai	Ferozepur
64.	Mehtab Singh Nokerian, Comrade ..	C.P.I.	Jalalabad	Ferozepur
65.	Mohinder Singh Sayanwala, Sardar ..	S.A.D.	Ferozepur Cantt.	Ferozepur
66.	Nasib Singh Gill, Sardar ..	Cong.	Zira	Ferozepur
67.	Parkash Singh Badal, Sardar ..	S.A.D.	Giddarbaha	Faridkot
68.	Partap Chand Bhandari, Shri ..	Cong.	Amritsar Central	Amritsar
69.	Piara Ram Dhanowali, Shri ..	Cong.	Phagwara(S.C.)	Kapurthala
70.	Pirthipal Singh, Sardar ..	Cong.	Amritsar South	Amritsar
71.	Prehlad Singh Sardar ..	S.A.D.	Samrala	Ludhiana
72.	Prem Gupta, Shri ..	Cong.	Patiala	Patiala
73.	Prem Singh Prem, Sardar ..	Cong.	Rajpur	Patiala
74.	Prithvi Singh Azad, Acharya ..	Cong.	Khanna (S.C.)	Ludhiana
75.	Raj Kumar, Comrade ..	C.P.I.	Dhariwal	Gurdaspur

1	2		3	4	5
76.	Ram Singh, Chaudhri	..	Cong.	Pathankot	Gurdaspur
77.	Randhir Singh Cheema, Sardar	..	S.A.D.	Sirhind	Patiala
78.	Rattan Singh, Captain	..	Cong.	Kum Kalan	Ludhiana
79.	Sadhu Singh, Sardar	..	Cong.	Sultanpur	Kapurthala
80.	Saghar Singh, Comrade	..	C.P.I.	Nihalsinghwala (S.C.)	Faridkot
81.	Sajida Begum, Shrimati	..	Cong.	Malerkotla	Sangrur
82.	Santokh Singh Randhawa, Sardar	..	Cong.	Fatehgarh	Gurdaspur
83.	Sardari Lal Kapur, Shri	..	Cong.	Ludhiana North	Ludhiana.
84.	Sarla Prasher, Miss	..	Cong.	Nangal	Ropar
85.	Satnam Singh Bajwa, Sardar	..	S.A.D.	Qadian	Gurdaspur
86.	Vacant*	..	..	Dasuya	Hoshiarpur
87.	Satya Pal Dang, Comrade	..	C.P.I.	Amritsar West	Amritsar
88.	Shamsher Singh Josh, Comrade	..	C.P.I.	Kharar	Ropar
89.	Sohan Singh Jalalusman, Jathedar	..	Cong.	Beas	Amritsar
90.	Sukhdev Singh Dhillon, Sardar	..	S.A.D.	Talwandi Sabo	Bhatinda
91.	Sukhdev Singh Dhindsa, Sardar	..	S.A.D.	Dhanaula	Sangrur
92.	Sunder Singh, Chaudhri	..	Cong.	Narot Mehra (S.C.)	Gurdaspur
93.	Surinder Singh Kairon, Sardar	..	Cong.	Patti	Amritsar
94.	Surjit Singh Atwal, Sardar	..	Cong.	Phillaur	Jullundur
95.	Surjit Singh, Sardar	..	S.A.D.	Barnala	Sangrur
96.	Surjit Singh Sidhu, Sardar	..	S.A.D.	Pakka Kalan	Bhatinda
97.	Tara Singh Chheena, Sardar	..	S.A.D.	Jagraon	Ludhiana

* Fell vacant on account of the death of Sardar Satpal Singh Randhawa on 8th August, 1974.

98.	Ujagar Singh, Sardar ..	Cong.	Muktsar (S.C.)	Faridkot
99.	Umrao Singh, Sardar ..	Cong.	Bara Pind	Jullundur
100.	Vishva Mitter Sekhri, Shri ..	Cong.	Batala	Gurdaspur
101.	Waryam Singh Bhagowalia, Sardar ..	Cong.	Srihargobindpur	Gurdaspur
102.	Yash Pal, Shri ..	Cong.	Jullundur South	Jullundur
103	Zail Singh, Giani ..	Cong.	Anandpur Sahib	Ropar
104.	Baldev Prakash Dr. ..	B.J.S.	Amritsar East	Amritsar

Party-wise break-up

Name of Party		*Strength*
1. Congress	..	66
2. Shiromani Akali Dal	..	24
3. Communist Party of India	..	10
4. Communist Party of India (Marxist)	..	1
5. Bhartya Jan Sangh	..	1
6. Vacant	..	2
Total	..	104

PUNJAB VIDHAN SABHA

Tuesday, the 7th January, 1975

The Vidhan Sabha met in the Punjab Vidhan Sabha Hall, Vidhan Bhavan, Sector—1, Chandigarh, at 4-00 P.M. of the Clock. Mr. Speaker (Dr. Kewal Krishan) in the Chair.

ANNOUNCEMENTS BY THE SPEAKER

(i) Arrest of Member

Mr. Speaker : I have to inform the House under rule 265 of the Rules of Procedure and Conduct of Business in the Punjab Legislative Assembly that Sardar Satnam Singh Bajwa, M.L.A., has been arrested under the Conservation of Foreign Exchange and Prevention of Smuggling Activities Act, 1974, to-day, the 7th January, 1974 at 10-40 a.m. at Chandigarh.

(ii) Business Advisory Committee

Under Rule 208 (1) *ibid* I nominate the following members to serve on the Business Advisory Committee :—

1. The Speaker .. *Ex-Officio* Chairman.
2. Sardar Umrao Singh, Revenue and Election Minister.
3. Shri Hans Raj Sharma, Finance Minister.
4. Sardar Gurcharan Singh Nihal Singhwala, Chief Parliamentary Secretary.
5. Comrade Shamsher Singh Josh.
6. Sardar Surjit Singh Barnala.

ANNOUNCEMENT BY THE SECRETARY

ਸਕੱਤਰ : ਮੈਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 7ਵੇਂ (ਮੌਨਸੂਨ) ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿੱਲਾਂ ਦਾ ਵਿਵਰਣ, ਜਿਨ੍ਹਾਂ ਨੂੰ ਰਾਜਪਾਲ ਦੁਆਰਾ ਸਹਿਮਤੀ ਦੇ ਦਿਤੀ ਗਈ ਹੈ, ਸਦਨ ਦੀ ਮੇਜ਼ ਤੇ ਰਖਦਾ ਹਾਂ ।

STATEMENT SHOWING THE BILLS WHICH WERE PASSED BY THE VIDHAN SABHA DURING ITS 7TH (MONSOON) SESSION, 1974 AND WHICH HAVE BEEN ASSENTED TO BY THE GOVERNOR

1. The Punjab Homoeopathic Practitioners (Amendment) Bill, 1974.
2. The Punjab Municipal (Second Amendment) Bill, 1974.
3. The Punjab Agricultural Produce Markets (Amendment) Bill, 1974.
4. The Punjab Appropriation (No. 3) Bill, 1974.

(ਸਕੱਤਰ)

5. The Punjab Commercial Crops Cess Bill, 1974.

6. The Punjab Panchayat Samitis and Zila Parishads (Amendment) Bill, 1974.

7. The Indian Stamp (Punjab Amendment) Bill, 1974.

8. The Punjab Passengers and Goods Taxation (Amendment) Bill, 1974.

9. The Punjab Entertainments Duty (Amendment) Bill, 1974.

10. The Punjab Motor Spirit (Taxation of Sales) (Second Amendment) Bill, 1974.

11. The Punjab Motor Vehicles Taxation (Amendment) Bill, 1974.

12. The Punjab Affiliated Colleges (Security of Service of Teachers) Bill, 1974.

13. The Punjab Land Revenue (Amendment) Bill, 1974.

14. The Punjab Gram Panchayat (Amendment) Bill, 1974

ਸਰਦਾਰ ਸੁਰਜੀਤ ਸਿੰਘ ਬਰਨਾਲਾ: ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਔਬਿਚੂਅਰੀ ਰੈਫਰੇਂਸ ਹੋਣ.. (ਵਿਘਨ) (ਸ਼ੋਰ)

ਸ੍ਰੀ ਸਪੀਕਰ : ਦੇਖੋ ਇਹ ਔਬਿਚਰੀ ਰੈਫਰੇਂਸਿਜ਼ ਦਾ ਮਾਮਲਾ ਹੈ, (ਵਿਘਨ) ਸਰਦਾਰ ਅਜਾਇਬ ਸਿੰਘ ਸੰਧੂ ਬਾਰੇ ਵੀ ਔਬਿਚੂਅਰੀ ਰੈਫਰੇਂਸ ਹੈ, ਇਹ ਪਹਿਲਾਂ ਹੋ ਜਾਣ ਦਿਓ, ਤੁਸੀਂ ਆਪਣੀ ਗੱਲ ਫਿਰ ਕਰ ਲੈਣਾ (ਵਿਘਨ) (Now, we have to make obituary references. (*Interruption*) We have also to make reference to the death of Sardar Ajaib Singh Sandhu. Let it be done first. You may have your say afterwards.) (*Interruption*)

ਸਰਦਾਰ ਸੁਰਜੀਤ ਸਿੰਘ ਬਰਨਾਲਾ: ਸਪੀਕਰ ਸਾਹਿਬ, ਤੁਸੀਂ ਵੀ ਇਹ ਇਨਫਰਮੇਸ਼ਨ ਔਬਚਰੀ ਰੈਫਰੇਂਸਿਜ਼ ਤੋਂ ਪਹਿਲਾਂ ਦਿਤੀ ਹੈ, ਇਸ ਲਈ ਮੈਂ ਵੀ ਪਹਿਲਾਂ ਹੀ ਇਸ ਦਾ ਜ਼ਿਕਰ ਕਰ ਰਿਹਾ ਹਾਂ, ਜੇ ਤੁਸੀ ਇਸ ਦਾ ਜ਼ਿਕਰ ਬਾਅਦ ਵਿਚ ਕਰਦੇ ਤਾਂ ਮੈਂ ਵੀ ਬਾਅਦ ਵਿਚ ਗੱਲ ਕਰਦਾ। (ਵਿਘਨ) (ਸ਼ੋਰ) ਅੱਜ ਜਦ ਕਿ ਸੈਸ਼ਨ ਸ਼ੁਰੂ ਹੋ ਰਿਹਾ ਸੀ ਔਰ 11 ਵਜੇ ਅਕਾਲੀ ਪਾਰਟੀ ਦੀ ਮੀਟਿੰਗ ਰਖੀ ਹੋਈ ਸੀ, ਔਰ ਉਹ ਉਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਤਿਆਰ ਸਨ ਤਾਂ ਉਨ੍ਹਾਂ ਨੂੰ ਹੋਸਟਲ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ। ਔਰ ਇਸ ਤਰ੍ਹਾਂ ਗ੍ਰਿਫਤਾਰ ਕੀਤਾ ਗਿਆ ਕਿ ਉਨ੍ਹਾਂ ਨੂੰ ਆਪਣੇ ਕਾਗਜ਼ ਵੀ ਨਹੀਂ ਸੰਭਾਲਣ ਦਿਤੇ ਗਏ। ਉਨ੍ਹਾਂ ਨੇ ਬਾਦਲ ਸਾਹਿਬ ਨੂੰ ਇਤਲਾਹ ਦਿਤੀ ਪਰ ਬਾਦਲ ਸਾਹਿਬ ਦੇ ਪਹੁੰਚਣ ਤੋਂ ਪਹਿਲਾਂ ਪੁਲੀਸ ਉਨ੍ਹਾਂ ਨੂੰ ਲੈ ਗਈ ਸੀ। ਇਸ ਤਰ੍ਹਾਂ ਵਹਿਸ਼ੀਆਨਾ ਤਰੀਕੇ ਨਾਲ ਪੁਲਿਸ ਉਨ੍ਹਾਂ ਨੂੰ ਪੇਸ਼ ਆਈ ਹੈ। ਇਹ ਹੈਰਤਅੰਗੇਜ਼ ਗੱਲ ਹੈ ਕਿ ਜਿਸ ਦਿਨ ਸੈਸ਼ਨ ਸ਼ੁਰੂ ਹੋ ਰਿਹਾ ਹੋਵੇ ਔਰ ਉਹ ਮੀਟਿੰਗ ਵਿਚ ਸ਼ਾਮਲ ਹੋਣ ਲਈ ਤਿਆਰ ਹੋਏ ਹੋਣ ਉਸ ਦਿਨ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ।

(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਘੱਟੋ ਘਟ ਸਰਕਾਰ ਨੂੰ ਚਾਹੀਦਾ ਸੀ ਕਿ ਉਨ੍ਹਾਂ ਨੂੰ ਅੱਜ ਗ੍ਰਿਫਤਾਰ ਨਾ ਕਰਦੀ । (ਸ਼ੋਰ)

(ਇਸ ਸਮੇਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬੋਲਣ ਲਈ ਖੜ੍ਹੇ ਹੋਏ)

ਸ੍ਰੀ ਸਪੀਕਰ : ਬਾਦਲ ਸਾਹਿਬ, ਅੱਜ ਦਾ ਬਿਜਨੈਸ ਔਬਿਚੂਅਰੀ ਰੇਫਰੇਂਸਿਜ਼ ਦਾ ਹੈ, (ਵਿਘਨ) ਇਹ ਸ਼ੋਕ ਮਤੇ ਹਨ ਇਨ੍ਹਾਂ ਨੂੰ ਹੋ ਜਾਣ ਦਿਉ, ਤੁਸੀਂ ਆਪਣੀ ਗੱਲ ਕਲ੍ਹ ਕਰ ਲੈਣਾ, ਅਜੇ ਬਹੁਤ ਸਮਾਂ ਹੈ, ਪੂਰਾ ਮਹੀਨਾ ਪਿਆ ਹੈ । (Badal Sahib, today we have to make obituary references (*Interruption*) Let these condolence resolutions be taken up, you may have your say tomorrow. There is full one month's time at your disposal.)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਠੀਕ ਹੈ ਜੀ, ਫਿਰ ਗੱਲ ਕਰ ਲਵਾਂਗੇ ।

OBITUARY REFERENCES

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): ਸਪੀਕਰ ਸਾਹਿਬ, ਪਿਛਲੇ ਵਿਧਾਨ ਸਭਾ ਸੈਸ਼ਨ ਤੋਂ ਪਿਛੋਂ ਬਹੁਤ ਸਾਰੇ ਉਘੇ ਵਿਅਕਤੀ ਅਕਾਲ ਚਲਾਣਾ ਕਰ ਗਏ ਹਨ, ਜਿਨ੍ਹਾਂ ਤਾਂਈ ਮੈਂ ਸ਼ਰਧਾਂਜਲੀ ਭੇਂਟ ਕਰਨ ਲਈ ਖੜ੍ਹਾ ਹੋਇਆ ਹਾਂ ।

ਸ੍ਰੀ ਲਲਿਤ ਨਾਰਾਇਨ ਮਿਸ਼ਰਾ, ਰੇਲ ਮੰਤਰੀ, ਭਾਰਤ ਸਰਕਾਰ, ਇਕ ਚੰਗੇ ਪ੍ਰਸ਼ਾਸ਼ਕ ਸਨ ਅਤੇ ਉਨ੍ਹਾਂ ਨੇ ਬੜੀ ਲੰਬੀ ਸੇਵਾ ਭਾਰਤ ਸਰਕਾਰ ਦੇ ਰਾਜ ਮੰਤਰੀ ਅਤੇ ਮੰਤਰੀ ਦੀ ਪਦਵੀ ਤੇ ਰਹਿ ਕੇ ਕੀਤੀ । ਸਪੀਕਰ ਸਾਹਿਬ, ਉਨ੍ਹਾਂ ਦੀ ਮੌਤ ਜਿਸ ਤਰ੍ਹਾਂ ਇਕ ਬੰਬ ਦੇ ਫਟਣ ਨਾਲ ਹੋਈ ਹੈ ਇਸ ਨਾਲ ਸਾਨੂੰ ਬਹੁਤ ਹੀ ਦੁੱਖ ਪਹੁੰਚਿਆ ਹੈ । ਕਿਉਂਕਿ ਅਸੀਂ ਭਾਰਤ ਵਾਸੀ ਸ਼ਾਂਤਮਈ ਅਤੇ ਅਹਿੰਸਾ ਦੇ ਉਪਾਸ਼ਕ ਹਾਂ ਅਤੇ ਲੋਕ ਰਾਜੀ ਸਿਸਟਮ ਤੇ ਆਪਣਾ ਵਿਸ਼ਵਾਸ਼ ਰਖਦੇ ਹਾਂ । ਸਾਡੇ ਦੇਸ਼ ਵਿਚ ਅਜਿਹਾ ਵਾਕਿਆ ਹੋ ਜਾਣਾ ਨਿਹਾਇਤ ਦੁੱਖਦਾਈ ਬਾਤ ਹੈ । ਸਪੀਕਰ ਸਾਹਿਬ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਝ ਸਮੇਂ ਤੋਂ ਹੋ ਰਹੀ ਗੜਬੜੀ ਕਾਰਣ ਪੈਦਾ ਹੋਈ ਦਹਿਸ਼ਤ ਨੇ ਦੇਸ਼ ਵਿਚ ਨਫਰਤ ਫੈਲਾਈ ਹੈ ਅਤੇ ਹਿੰਸਾ ਵਿਚ ਵਾਧਾ ਕੀਤਾ ਹੈ, ਜਿਸ ਨੇ ਲੋਕ ਰਾਜ ਦੀਆਂ ਬੁਨਿਆਦਾਂ ਹਿਲਾ ਦਿਤੀਆਂ ਹਨ । ਇਹ ਮਾਹੌਲ ਹੀ ਇਸ ਘਿਣਾਉਣੇ ਜੁਰਮ ਲਈ ਜਿੰਮੇਵਾਰ ਹੈ । ਇਹ ਹਤਿਆ ਕਾਂਡ ਸਾਨੂੰ ਇਸ ਗੱਲ ਵਲ ਸੁਚੇਤ ਕਰਦਾ ਹੈ ਕਿ ਜਮਹੂਰੀਅਤ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਹੁੰਦੀ । ਨਫਰਤ ਅਤੇ ਹਿੰਸਾ ਦੇ ਰਾਹ ਤੇ ਤੁਰਨਾ ਬੜਾ ਖਤਰਨਾਕ ਅਤੇ ਨੁਕਸਾਨਦੇਹ ਹੁੰਦਾ ਹੈ, ਕਿਉਂ ਕਿ ਕਿਸੇ ਵੀ ਚੰਗੇਰੇ ਮੰਤਵ ਦੀ ਪ੍ਰਾਪਤੀ ਹਿੰਸਾ ਰਾਹੀਂ ਨਹੀਂ ਕੀਤੀ ਜਾ ਸਕਦੀ । ਲੋਕ ਰਾਜ ਦੀ ਬਹਾਲੀ ਲਈ ਸਾਨੂੰ ਦੇਸ਼ ਨੂੰ ਹਿੰਸਾ ਦੀਆਂ ਕਾਰਵਾਈਆਂ ਤੋਂ ਬਚਾਕੇ ਰਖਣਾ ਚਾਹੀਦਾ ਹੈ । ਸਪੀਕਰ ਸਾਹਿਬ, ਇਸ ਘਟਨਾ ਦਾ ਜ਼ਿੰਮੇਵਾਰ ਕੌਣ ਹੈ । ਇਸ ਦਾ ਪਤਾ ਤਾਂ ਜਾਂਚ ਪੜਤਾਲ ਪਿਛੋਂ ਹੀ ਲਗ ਸਕੇਗਾ । ਪਰ ਜਿਸ ਮਾਹੌਲ ਵਿਚ ਇਹ ਹਤਿਆ ਹੋਈ ਹੈ ਇਸ ਦੀ ਜਿਨੀ ਨਿੰਦਿਆ ਹੋ ਸਕੇ ਥੋੜ੍ਹੀ ਹੈ ਇਸ ਤੇ ਮੈਂ ਜ਼ੋਰਦਾਰ ਸ਼ਬਦਾਂ ਵਿਚ ਘਿਰਣਾ

(ਮੁੱਖ ਮੰਤਰੀ)

ਪਰਗਟ ਕਰਦਾ ਹਾਂ ਅਤੇ ਪ੍ਰਮਾਤਮਾ ਅਗੇ ਅਰਦਾਸ ਕਰਦਾ ਹਾਂ ਕਿ ਉਨਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਸਾਰੇ ਪਰਿਵਾਰ ਨੂੰ ਇਹ ਅਸਹਿ ਵਿਛੋੜਾ ਸਹਾਰਨ ਦਾ ਬਲ ਬਖਸ਼ੇ ।

ਸਪੀਕਰ ਸਾਹਿਬ, ਸ੍ਰੀ ਵੀ. ਕੇ. ਕ੍ਰਿਸ਼ਨਾ ਮੈਨਨ ਇਕ ਉਘੇ ਸਿਆਸਤਦਾਨ ਅਤੇ ਮਹਾਨ ਨੇਤਾ ਸਨ । ਉਨ੍ਹਾਂ ਨੇ ਦੇਸ਼ ਦੀ ਮਹਾਨ ਸੇਵਾ ਕੀਤੀ ਅਤੇ ਅੰਤਰ-ਰਾਸ਼ਟਰੀ ਖੇਤਰ ਵਿਚ ਮਹੱਤਵ-ਪੂਰਣ ਹਿੱਸਾ ਪਾਇਆ । ਉਹ ਇਕ ਮੁਸੱਮਮ ਇਰਾਦੇ ਅਤੇ ਠੋਸ ਕੰਮ ਕਰਨ ਵਾਲੇ ਮਹਾਨ ਵਿਅਕਤੀ ਸਨ । ਉਹ ਬੋਧਕ ਸ਼ਕਤੀ ਦੇ ਮਾਲਕ ਅਤੇ ਦੇਸ਼ ਲਈ ਮਰ ਮਿਟਣ ਵਾਲਿਆਂ ਵਿਚੋਂ ਸਨ । ਆਜ਼ਾਦੀ ਤੋਂ ਪਿਛੋਂ ਉਹ ਸੰਯੁਕਤ ਰਾਸ਼ਟਰ ਸੰਘ ਵਿਚ ਭਾਰਤ ਦੀ ਨਾਨ-ਅਲਾਇਨਮੈਂਟ ਅਤੇ ਪੀਸਫੁਲ ਕੋ-ਐਗਜ਼ਿਸਟੈਂਸ ਦੀ ਪਾਲਿਸੀ ਨੂੰ ਦ੍ਰਿੜਤਾ ਅਤੇ ਸੁਘੜਤਾ ਨਾਲ ਪੇਸ਼ ਕਰਨ ਵਾਲਿਆਂ ਵਿਚੋਂ ਇਕ ਸਨ । ਅੰਤਰ ਰਾਸ਼ਟਰੀ ਸੰਸਥਾਵਾਂ ਵਿਚ ਭਾਰਤ ਦੀ ਪ੍ਰਤਿਨਿਧਤਾ ਕਰਨ ਲਗਿਆਂ, ਸ੍ਰੀ ਮੈਨਨ ਜੀ ਨੇ ਦੇਸ਼ ਦੀ ਅਮਨ ਵਾਲੀ ਬਦੇਸ਼ੀ ਪਾਲਿਸੀ ਨੂੰ ਮਜ਼ਬੂਤ ਕਰਨ ਵਿਚ ਸ਼ਲਾਘਾਯੋਗ ਹਿੱਸਾ ਪਾਇਆ ਹੈ । ਜਿਸ ਕਾਬਲੀਅਤ ਨਾਲ ਸ੍ਰੀ ਮੈਨਨ ਨੇ ਕਸ਼ਮੀਰ ਦੇ ਮਸਲੇ ਨੂੰ ਸੰਯੁਕਤ ਰਾਸ਼ਟਰ ਸੰਘ ਵਿਚ ਰਖਿਆ । ਉਸ ਲਈ ਦੇਸ਼ ਵਾਸੀ ਉਨ੍ਹਾਂ ਨੂੰ ਯਾਦ ਕਰਦੇ ਰਹਿਣਗੇ ।

ਉਹ 1956-57 ਵਿਚ ਕੇਂਦਰੀ ਮੰਤਰੀ ਮੰਡਲ ਵਿਚ ਬਿਨਾ ਵਿਭਾਗ ਮੰਤਰੀ ਰਹੇ । 1957 ਤੋਂ 1962 ਤਕ ਭਾਰਤ ਸਰਕਾਰ ਦੇ ਰਖਿਆ ਮੰਤਰੀ ਦੇ ਤੌਰ ਤੇ ਉਨ੍ਹਾਂ ਨੇ ਭਾਰਤੀ ਹਥਿਆਰਬੰਦ ਫੌਜਾਂ ਨੂੰ ਆਪਣੇ ਦੇਸ਼ ਦੇ ਉਦਯੋਗਿਕ ਆਧਾਰ ਤੇ ਨਿਰਭਰ ਕਰਦੇ ਹੋਏ ਮੋਡਰਨਾਈਜ਼ ਕੀਤਾ ਅਤੇ ਦੇਸ਼ ਨੂੰ ਰਖਿਆ ਉਤਪਾਦਨ ਦੇ ਖੇਤਰ ਵਿਚ ਸਵੈ-ਨਿਰਭਰ ਬਣਾਇਆ । ਪੱਤਰਕਾਰ ਦੇ ਤੌਰ ਤੇ ਉਹ ਇਕ ਨਿਡਰ ਅਤੇ ਸੂਝਵਾਨ ਐਡੀਟਰ ਸਨ ਅਤੇ ਉਹ ਕੋਟੀ ਦੇ ਵਿਦਵਾਨ ਅਤੇ ਕਾਨੂੰਨਦਾਨ ਸਨ । ਪੋਲੀਟੀਕਲ ਫਿਲਾਸਫਰ ਦੇ ਤੌਰ ਤੇ ਲੋਕਰਾਜੀ ਸਮਾਜਵਾਦ ਦੇ ਹਾਮੀ ਸਨ ।

ਸ੍ਰੀ ਕ੍ਰਿਸ਼ਨਾ ਮੈਨਨ ਦਾ ਜਨਮ 3 ਮਈ, 1896 ਨੂੰ ਕੇਰਲ ਵਿਖੇ ਕਾਲੀਕਟ ਦੇ ਸਥਾਨ ਤੇ ਹੋਇਆ । ਉਹ ਬੈਰਿਸਟਰ ਸਨ ਅਤੇ ਉਨ੍ਹਾਂ ਨੇ ਮਿਡਲ ਟੈਂਪਲ, ਲੰਡਨ ਤੋਂ ਵਕਾਲਤ ਦੀ ਸਨਦ ਪ੍ਰਾਪਤ ਕੀਤੀ । ਭਾਰਤ ਨੂੰ ਆਜ਼ਾਦੀ ਮਿਲਣ ਸਮੇਂ ਸ੍ਰੀ ਮੈਨਨ ਬਰਤਾਨੀਆ ਵਿਚ ਪਹਿਲੇ ਹਾਈ ਕਮਿਸ਼ਨਰ ਨਿਯੁਕਤ ਕੀਤੇ ਗਏ । 1971 ਦੀਆਂ ਆਮ ਚੋਣਾਂ ਸਮੇਂ ਉਹ ਟਰੀਵੇਂਡਰਮ ਚੋਣ ਹਲਕੇ ਵਿਚੋਂ ਲੋਕ ਸਭਾ ਲਈ ਚੁਣੇ ਗਏ ।

ਉਨ੍ਹਾਂ ਦੀ ਮੌਤ ਨਾਲ ਦੇਸ਼ ਇਕ ਉੱਚ ਕੋਟੀ ਦੇ ਵਿਦਵਾਨ ਫਿਲਾਸਫਰ ਅਤੇ ਲੋਕਾਂ ਦੇ ਨਿਰੋਲ ਨੇਤਾ ਜੋ ਬਹੁਤ ਹੀ ਅਗਾਂਹਵਧੂ ਖਿਆਲਾਂ ਦੇ ਮਾਲਕ ਸਨ, ਤੋਂ ਵਾਂਝਾ ਹੋ ਗਿਆ ਹੈ । ਸਪੀਕਰ ਸਾਹਿਬ, ਉਨ੍ਹਾਂ ਦੀ ਮੌਤ 6 ਅਕਤੂਬਰ 1974 ਨੂੰ ਹੋਈ ਸੀ ।

ਸਪੀਕਰ ਸਾਹਿਬ, ਹਾਲੇ ਕੱਲ੍ਹ ਦੀ ਗੱਲ ਹੈ ਜਦੋਂ ਸਾਡੇ ਨੌਜਵਾਨ ਵੀਰ ਸਰਦਾਰ ਅਜਾਇਬ ਸਿੰਘ ਸੰਧੂ, ਉਪ ਨੇਤਾ ਅਕਾਲੀ ਅਸੈਂਬਲੀ ਪਾਰਟੀ ਵਿਰੋਧੀ ਬੈਂਚਾਂ ਤੇ ਬੈਠੇ

ਆਪਣੇ ਖਿਆਲਾਤ ਦਾ ਪ੍ਰਗਟਾਵਾ ਕਰਦੇ ਹੁੰਦੇ ਸਨ। ਸਪੀਕਰ ਸਾਹਿਬ, ਉਨ੍ਹਾਂ ਦੀ ਸਿਹਤ ਬੜੀ ਚੰਗੀ ਸੀ ਅਤੇ ਇਹ ਕਦੇ ਕਿਆਸ ਭੀ ਨਹੀਂ ਸੀ ਕੀਤਾ ਜਾ ਸਕਦਾ ਕਿ ਉਹ ਸਾਨੂੰ ਐਡੀ ਛੇਤੀ ਵਿਛੋੜਾ ਦੇ ਜਾਣਗੇ। ਉਹ ਬਹੁਤ ਹਸਮੁਖ ਅਤੇ ਮਿਲਾਪੜੇ ਸੁਭਾ ਦੇ ਮਾਲਕ ਸਨ। ਉਹ ਸ਼੍ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਦੇ ਮੈਂਬਰ ਸਨ ਅਤੇ ਅਕਾਲੀ ਸਿਆਸਤ ਵਿਚ ਉਹ ਬਹੁਤ ਹੀ ਸਰਗਰਮ ਹਿੱਸਾ ਲੈਂਦੇ ਰਹੇ ਸਨ। ਉਹ ਧਾਰਮਕ ਰੁਚੀਆਂ ਰੱਖਣ ਵਾਲੇ ਸਨ ਅਤੇ ਉਨ੍ਹਾਂ ਨੇ ਜੇਕਰ ਉਨ੍ਹਾਂ ਦੀ ਮੌਤ ਨਾ ਹੁੰਦੀ ਤਾਂ ਇਸ ਸਾਲ ਜਿਹੜਾ ਜੱਥਾ ਨਨਕਾਣਾ ਸਾਹਿਬ ਦੀ ਯਾਤਰਾ ਤੇ ਜਾਣਾ ਸੀ ਉਸ ਦੀ ਅਗਵਾਈ ਕਰਨੀ ਸੀ।

ਸਰਦਾਰ ਅਜਾਇਬ ਸਿੰਘ ਸੰਧੂ ਦਾ ਜਨਮ ਪਿੰਡ ਖਾਬੜਾ, ਜ਼ਿਲਾ ਰੋਪੜ ਵਿਚ ਮਿਤੀ 5 ਫਰਵਰੀ, 1929 ਨੂੰ ਹੋਇਆ। ਆਪਨੇ ਪੰਜਾਬ ਅਤੇ ਦਿਲੀ ਯੂਨੀਵਰਸਿਟੀ ਤੋਂ ਵਿਦਿਆ ਪ੍ਰਾਪਤ ਕੀਤੀ। 1960 ਵਿਚ ਐਲ. ਐਲ. ਬੀ. ਕੀਤੀ। ਵਕਾਲਤ ਦਾ ਕਿੱਤਾ ਉਨ੍ਹਾਂ ਅੰਬਾਲੇ ਵਿਚੋਂ ਸ਼ੁਰੂ ਕੀਤਾ।

ਸਪੀਕਰ ਸਾਹਿਬ, ਉਨ੍ਹਾਂ ਦੀ ਬੇਮੌਕੇ ਮੌਤ ਨਾਲ ਸਾਨੂੰ ਸਾਰਿਆਂ ਨੂੰ ਅਤੇ ਉਨ੍ਹਾਂ ਦੇ ਪਰਵਾਰ ਨੂੰ ਬਹੁਤ ਸੱਟ ਵੱਜੀ ਹੈ। ਹਾਊਸ ਮੇਰੇ ਨਾਲ ਪਰਾਰਥਨਾ ਕਰਨ ਵਿਚ ਸਹਿਮਤੀ ਪਰਗਟ ਕਰੇਗਾ ਕਿ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਮਿਲੇ ਅਤੇ ਉਨ੍ਹਾਂ ਦਾ ਪਰਵਾਰ ਇਸ ਵਿਛੋੜੇ ਦੇ ਕਸ਼ਟ ਸਹਾਰ ਸਕੇ।

ਸਪੀਕਰ ਸਾਹਿਬ, ਸ੍ਰੀਮਤੀ ਸੁਚੇਤਾ ਕ੍ਰਿਪਲਾਨੀ, ਇਕ ਜੋਸ਼ੀਲੇ ਸੁਤੰਤਰਤਾ ਸੰਗਰਾਮੀ, ਸੋਸ਼ਲ ਵਰਕਰ ਅਤੇ ਰਾਸ਼ਟਰੀ ਪੱਧਰ ਦੇ ਨੇਤਾ ਸਨ। ਉਹ ਮਹਾਤਮਾ ਗਾਂਧੀ ਜੀ ਦੇ ਖਾਸ ਜੱਥੇ ਦੀਆਂ ਕਾਂਗਰਸੀ ਇਸਤਰੀਆਂ ਦੇ ਮੁੱਖੀ ਸਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਅਤੇ ਭਾਰਤੀ ਨਾਰੀ ਦੇ ਅਧਿਕਾਰਾਂ ਲਈ ਕਾਫੀ ਯਤਨ ਕੀਤੇ। ਉਨ੍ਹਾਂ ਨੇ ਅਜ਼ਾਦ ਭਾਰਤ ਵਿਚ ਵੱਖ ਵੱਖ ਜ਼ਿਮੇਵਾਰੀਆਂ ਨੂੰ ਸੰਭਾਲ ਕੇ ਅਨੇਕਾਂ ਉਘੇ ਕੰਮ ਕੀਤੇ। ਸ਼ਰਨਾਰਥੀਆਂ ਦੀ ਮੁੜ ਵਸੋਂ ਲਈ ਜੋ ਅਣਥਕ ਸੇਵਾਵਾਂ ਉਨ੍ਹਾਂ ਨੇ ਕੀਤੀਆਂ, ਉਹ ਭਾਰਤ ਦੇ ਸਮਾਜ ਭਲਾਈ ਦੇ ਕੰਮਾਂ ਦੇ ਇਤਿਹਾਸ ਵਿਚ ਇਕ ਚਮਕਦਾਰ ਸਿਤਾਰੇ ਵਾਂਗ ਹਮੇਸ਼ਾਂ ਲਈ ਚਮਕਦੀਆਂ ਰਹਿਣਗੀਆਂ।

ਮਹਾਤਮਾ ਗਾਂਧੀ ਦੇ ਅਸਰ ਅਧੀਨ ਉਨ੍ਹਾਂ ਨੇ ਕਈ ਵਾਰ ਆਜ਼ਾਦੀ ਦੇ ਘੋਲ ਸਮੇਂ ਜੇਲ ਯਾਤਰਾ ਕੀਤੀ। ਉਹ 1946 ਵਿਚ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਉਸ ਉਪਰੰਤ ਪਹਿਲੀ ਲੋਕ ਸਭਾ ਦੇ ਮੈਂਬਰ ਬਣੇ ਅਤੇ 1952 ਤੋਂ 1957 ਤਕ ਲੋਕ ਸਭਾ ਦੇ ਮੈਂਬਰ ਰਹੇ।

ਸ੍ਰੀਮਤੀ ਕ੍ਰਿਪਲਾਨੀ ਉੱਤਰ ਪ੍ਰਦੇਸ਼ ਦੀ ਸਿਆਸਤ ਵਿਚ 1960 ਵਿਚ ਦਾਖਲ ਹੋਏ ਅਤੇ ਉਸੇ ਸਾਲ ਹੀ ਕਿਰਤ ਮੰਤਰੀ ਬਣ ਗਏ ਸਨ। 1963 ਵਿਚ ਉਹਨਾਂ ਨੇ ਉੱਤਰ ਪ੍ਰਦੇਸ਼ ਦੀ ਅਗਵਾਈ ਸੰਭਾਲੀ ਅਤੇ 1967 ਵਿਚ ਪਾਰਲੀਮੈਂਟ ਦੇ ਮੈਂਬਰ ਬਣ ਗਏ। ਉਹ 1962 ਤੋਂ 1967 ਤਕ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ।

(ਮੁੱਖ ਮੰਤਰੀ)

ਉਨ੍ਹਾਂ ਦੀ ਮੌਤ 1ਦਸੰਬਰ 1974 ਨੂੰ ਹੋਈ ਸੀ । ਇਸ ਨਾਲ ਦੇਸ਼ ਅਤੇ ਜਨਤਕ ਹਿੱਤਾਂ ਨੂੰ ਬਹਤ ਠੇਸ ਲਗੀ ਅਤੇ ਜਿਹੜਾ ਖੱਪਾ ਉਨ੍ਹਾਂ ਦੀ ਮੌਤ ਨਾਲ ਪੈ ਗਿਆ ਹੈ ਉਸ ਦੀ ਪੂਰਤੀ ਮੁਸ਼ਕਿਲ ਹੈ ।

ਸਪੀਕਰ ਸਾਹਿਬ, ਸਰਦਾਰ ਕਾਬਲ ਸਿੰਘ ਗੋਬਿੰਦਪੁਰੀ, ਐਕਸ ਐਮ. ਐਲ. ਏ. ਮਹਾਨ ਇਨਕਲਾਬੀ ਅਤੇ ਸਰਗਰਮ ਸੁਤੰਤਰਤਾ ਸੰਗਰਾਮੀਏ ਸਨ । ਉਹ ਜਵਾਨੀ ਦੀ ਉਮਰ ਵਿਚ ਆਜ਼ਾਦੀ ਦੇ ਸੰਘਰਸ਼ ਵਿਚ ਜੂਝਦੇ ਰਹੇ। ਉਸ ਉਪਰੰਤ ਦੇਸ਼ ਦੀ ਤਾਮੀਰ ਵਿਚ ਯਥਾ ਯੋਗ ਹਿੱਸਾ ਪਾਇਆ । ਉਹ ਦੇਸ਼ ਦੇ ਨਿਧੜਕ ਸਪੂਤ ਸਨ, ਆਜ਼ਾਦੀ ਦੇ ਘੋਲ ਵਿਚ ਲਗ ਭਗ 20 ਸਾਲ ਜੇਲ੍ਹਾਂ ਵਿਚ ਡੱਕੇ ਰਹੇ ।

ਜਦ ਉਹ ਸੁਤੰਤਰਤਾ ਸੰਗਰਾਮੀਆਂ ਨਾਲ ਜੇਲ੍ਹ ਅੰਦਰ ਸਨ ਤਾਂ 200 ਦਿਨ ਭੁੱਖ ਹੜਤਾਲਾਂ ਤੇ ਰਹੇ । ਦੇਸ਼ ਦੀ ਵੰਡ ਪਿਛੋਂ ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ । ਉਹ ਨਿਧੜਕ ਪਾਰਲੀਮੈਂਟੇਰੀਅਨ ਸਨ ਅਤੇ ਆਪਣੀ ਅਣਖ ਨੂੰ ਕਾਇਮ ਰੱਖਣ ਲਈ ਜਾਨ ਦੀ ਬਾਜ਼ੀ ਲਾਉਣ ਤੋਂ ਕਦੇ ਸੰਕੋਚ ਨਹੀਂ ਸਨ ਕਰਦੇ। ਉਹ ਬਹੁਤ ਹੀ ਇਮਾਨਦਾਰ ਸਿਆ-ਸਤਦਾਨ ਸਨ । ਉਹ ਭਾਵੇਂ ਸਾਡੇ ਵਿਚੋਂ ਸ਼ਰੀਰਕ ਤੌਰ ਤੇ ਵਿਛੜ ਗਏ ਹਨ ਪਰ ਉਨ੍ਹਾਂ ਦੀਆਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਤੋਂ ਆਉਣ ਵਾਲੀਆਂ ਪੀੜ੍ਹੀਆਂ ਪਰੇਰਤ ਹੁੰਦੀਆਂ ਰਹਿਣਗੀਆਂ । ਮੈਨੂੰ ਆਸ ਹੈ ਕਿ ਉਨ੍ਹਾਂ ਦਾ ਪਰਵਾਰ ਦੇਸ਼ ਲਈ ਉਨ੍ਹਾਂ ਦੇ ਕੰਮ ਕਰਨ ਦੇ ਜਜ਼ਬਾਤ ਅਤੇ ਮਾਨਵਤਾ ਦੀ ਸੇਵਾ ਕਰਨ ਦੇ ਅਸੂਲ ਦੀ ਮਹਾਨਤਾ ਨੂੰ ਕਾਇਮ ਰਖੇਗਾ ।

ਸਪੀਕਰ ਸਾਹਿਬ, ਪ੍ਰਿੰਸੀਪਲ ਇਕਬਾਲ ਸਿੰਘ, ਇਕ ਮੁਮਤਾਜ਼ ਵਿਦਿਅਕ ਵਿਅ-ਕਤੀ, ਅਤੇ ਇਕ ਉਘੇ ਵਿਧਾਇਕ ਸਨ ।

ਆਪ ਦਾ ਜਨਮ 1839 ਵਿਚ ਹੋਇਆ। ਉਹ ਗੁਰੂ ਹਰਗੋਬਿੰਦ ਸਿੰਘ ਖਾਲਸਾ ਕਾਲਜ ਦੇ ਬਾਨੀ- ਪ੍ਰਿੰਸੀਪਲ ਸਨ । ਅਕਾਲੀ ਪਾਰਟੀ ਦੇ ਸਰਗਰਮ ਮੈਂਬਰ ਰਹੇ ਤੇ ਪੰਜਾਬੀ ਸੂਬੇ ਦੀ ਸਥਾਪਨਾ ਲਈ ਪਹਿਲੇ ਡਿਕਟੇਟਰ ਵੀ ਰਹੇ । ਪਰ ਉਹ ਜੁਲਾਹਕੁਨ ਵਿਚਾਰਾਂ ਦੇ ਸਨ । ਉਹ ਜਗਰਾਉਂ ਚੋਣ ਹਲਕੇ ਤੋਂ 1952 ਦੀ ਪਹਿਲੀ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ । ਉਨ੍ਹਾਂ ਨੇ ਆਪਣੇ ਇਲਾਕੇ ਵਿਚ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਲਈ ਬਹੁਤ ਘਾਲਣਾ ਘਾਲੀ । ਸਪੀਕਰ ਸਾਹਿਬ, ਉਨ੍ਹਾਂ ਦੀ ਮੌਤ ਨਾਲ ਪੰਜਾਬ ਇਕ ਸੂਝਵਾਨ ਅਤੇ ਵਿਦਿਆ ਦੇ ਪਰਸਾਰ ਵਿਚ ਰੁਚੀ ਰੱਖਣ ਵਾਲੇ ਇਨਸਾਨ ਤੋਂ ਮਹਿਰੂਮ ਹੋ ਗਿਆ ਹੈ । ਉਨ੍ਹਾਂ ਦੀ ਮੌਤ 20 ਦਸੰਬਰ, 1974 ਨੂੰ ਹੋਈ ਸੀ ।

ਸਪੀਕਰ ਸਾਹਿਬ, ਸਰਦਾਰ ਤੇਜਾ ਸਿੰਘ ਨਾਮਧਾਰੀ, ਧਾਰਮਕ ਵਿਚਾਰਾਂ ਵਾਲੇ ਉਘੇ ਸੋਸ਼ਲ ਵਰਕਰ ਸਨ ਉਨ੍ਹਾਂ ਦਾ ਜੀਵਨ ਬੜਾ ਸਾਦਾ ਸੀ । ਆਪਣਾ ਸਾਰਾ ਜੀਵਨ ਧਾਰਮਕ ਕੰਮਾਂ ਅਤੇ ਪੰਜਾਬ ਦੇ ਗਰੀਬ ਲੋਕਾਂ ਦੀ ਬਿਹਤਰੀ ਵਿਚ ਲਾਇਆ । ਉਹ ਨਾਮਧਾਰੀ ਦਰ-ਬਾਰ ਦੇ ਉਘੇ ਮੈਂਬਰਾਂ ਵਿਚੋਂ ਸਨ । ਉਹ ਲਗਭਗ 10 ਸਾਲ ਬਾਬਾ ਪਰਤਾਪ ਸਿੰਘ ਜੀ ਦੇ ਸਕੱਤਰ ਦੇ ਤੌਰ ਤੇ ਕੰਮ ਕਰਦੇ ਰਹੇ ਹਨ । ਉਨ੍ਹਾਂ ਨੇ ਸ੍ਰੀ ਗੁਰੂ ਸਿੰਘ ਸਭਾ ਦੇ ਪਰਧਾਨ ਦੇ ਤੌਰ ਤੇ ਕਈ ਸਾਲ ਕੰਮ ਕੀਤਾ ਅਤੇ ਮਨੁੱਖੀ ਭਾਈਚਾਰੇ ਦਾ, ਸਹਤ ਸਾਂਝੀਵਾਲਤਾ ਅਤੇ

ਹਿੰਦੂ- ਮੁਸਲਿਮ ਏਕਤਾ ਦਾ ਪਰਚਾਰ ਕੀਤਾ । 1972 ਵਿਚ ਵੀ ਉਨ੍ਹਾਂ ਨੇ ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਪਰਚਾਰ ਕੀਤਾ ।

ਉਨ੍ਹਾਂ ਨੇ ਲੋਕਾਂ ਵਿਚ 'ਸੁਦੇਸ਼ੀ ਦੀਆਂ ਭਾਵਨਾਵਾਂ ਅਤੇ ਕਾਂਗਰਸ ਦੇ ਸੁੱਚੇ ਆਦਰਸ਼ਾਂ ਦਾ ਸੱਚ ਦਿਲੋਂ ਪਰਚਾਰ ਕੀਤਾ । ਉਹ 2 ਮਈ,1954 ਤੋਂ 26 ਅਪਰੈਲ, 1960 ਤਕ ਵਿਧਾਨ ਪਰਿਸ਼ਦ ਦੇ ਮੈਂਬਰ ਰਹੇ । ਉਨ੍ਹਾਂ ਦੀ ਮੌਤ 15 ਨਵੰਬਰ, 1974 ਨੂੰ ਹੋਈ ।

ਸਪੀਕਰ ਸਾਹਿਬ, ਸਰਦਾਰ ਵਰਿਆਮ ਸਿੰਘ ਜੀ ਦੇ ਅਕਾਲ ਚਲਾਣੇ ਨਾਲ ਰਾਜ ਦੇ ਵਿਦਿਅਕ ਖੇਤਰ ਵਿਚ ਇਕ ਮਹਾਨ ਸ਼ਖਸੀਅਤ ਦੀ ਘਾਟ ਮਹਿਸੂਸ ਹੋ ਰਹੀ ਹੈ । ਉਨ੍ਹਾਂ ਨੂੰ ਆਪਣੇ ਖੇਤਰ ਦਾ ਬਹੁਤ ਤਜਰਬਾ ਸੀ ਅਤੇ ਆਪ ਉਚੇ ਆਦਰਸ਼ਾਂ ਦੇ ਧਾਰਨੀ ਸਨ । ਉਹ ਉਚ ਕੋਟੀ ਦੇ ਵਿਦਵਾਨ ਸਨ । ਉਹ ਕਈ ਸਾਲ ਤੱਕ ਪੰਜਾਬ ਯੂਨੀਵਰਸਿਟੀ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ, ਪੰਜਾਬ ਸਿਖਿਆ ਸਲਾਹਕਾਰ ਬੋਰਡ ਦੇ ਮੈਂਬਰ ਅਤੇ ਖਾਲਸਾ ਕਾਲਜ ਅਤੇ ਪੰਜਾਬ ਯੂਨੀਵਰਸਿਟੀ ਟਰੇਨਿੰਗ ਕਾਲਜ, ਰੋਹਤਕ ਦੇ ਪ੍ਰਿੰਸੀਪਲ ਰਹੇ । ਇਕ ਪਰਸਿੱਧ ਲੇਖਕ, ਸੁਘੜ ਅਤੇ ਸੁਲਝੇ ਹੋਏ ਵਿਦਵਾਨ ਦੇ ਤੌਰ ਤੇ ਆਪ ਦਾ ਬਹੁਤ ਸਨਮਾਨ ਕੀਤਾ ਜਾਂਦਾ ਸੀ । ਰਾਜਨੀਤੀ ਖੇਤਰ ਵਿਚ ਆਪ ਅਗਾਹ ਵਧੂ ਵਿਚਾਰ ਰਖਦੇ ਸਨ ।

ਉਹ ਅਧਿਆਪਕਾਂ ਵਿਚ ਬਹੁਤ ਸਨਮਾਨੇ ਜਾਂਦੇ ਸਨ । ਮਈ 1952 ਵਿਚ ਉਹ ਅਧਿਆਪਕ ਹਲਕੇ ਤੋਂ ਪੰਜਾਬ ਵਿਧਾਨ ਪਰਿਸ਼ਦ ਲਈ ਚੁਣੇ ਗਏ ਸਨ । ਉਨ੍ਹਾਂ ਦੀ ਮੌਤ 18 ਅਗਸਤ, 1974 ਨੂੰ ਹੋਈ ਸੀ ।

ਸ਼੍ਰੀ ਹੀਰਾ ਲਾਲ ਸ਼ਾਸਤਰੀ ਭਾਰਤ ਦੇ ਸੱਚੇ ਸਪੂਤ ਸਨ । ਉਨ੍ਹਾਂ ਨੇ ਆਪਣਾ ਜੀਵਨ, ਲੋਕ ਰਾਜੀ ਸਿਧਾਂਤਾਂ ਲਈ, ਰਾਸ਼ਟਰਵਾਦ ਅਤੇ ਧੜੇ ਬੰਦੀਆਂ ਤੋਂ ਨਿਰਲੇਪ ਹੋ ਕੇ ਬਤੀਤ ਕੀਤਾ । ਉਹ ਮਹਾਨ ਦੇਸ਼ ਭਗਤ ਸਨ, ਜਿਨ੍ਹਾਂ ਨੇ ਰਾਜਸਥਾਨ ਵਿਚ ਰਿਆਸਤ ਦੇ ਰਾਜ ਸਮੇਂ ਪਰਜਾ ਮੰਡਲ ਲਹਿਰ ਵਿਚ ਅਹਿਮ ਭਾਗ ਲਿਆ ਸੀ । ਸਪੀਕਰ ਸਾਹਿਬ, ਮੇਰੋ ਨਾਲ ਉਨ੍ਹਾਂ ਦੀ ਬਹੁਤ ਨਿਜੀ ਸਾਂਝ ਭੀ ਸੀ ਕਿਉਂਕਿ ਪ੍ਰਜਾ ਮੰਡਲ ਲਹਿਰ ਵਲੋਂ ਉਨ੍ਹਾਂ ਨਾਲ ਮੇਲ ਜੋਲ ਹੁੰਦਾ ਰਹਿੰਦਾ ਸੀ ।

ਜੈਪੁਰ ਰਾਜ ਪ੍ਰਜਾ ਮੰਡਲ ਵਲੋਂ, ਆਜ਼ਾਦੀ ਲਈ ਚਲਾਈ ਗਈ ਲਹਿਰ ਦੇ ਦੌਰਾਨ ਸ਼੍ਰੀ ਸ਼ਾਸਤਰੀ ਜੀ ਨੂੰ ਛੇ ਮਹੀਨੇ ਦੀ ਕੈਦ ਦੀ ਸਜ਼ਾ ਹੋਈ ਸੀ ।

ਸ਼੍ਰੀ ਸ਼ਾਸਤਰੀ 1947 ਵਿਚ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ ਅਤੇ ਪ੍ਰਾਂਤਕ ਵਿਧਾਨ ਮੰਡਲ ਦੇ ਮੈਂਬਰ ਰਹੇ । ਸੰਨ 1948 ਵਿਚ ਪਹਿਲੀ ਵਾਰ ਜੈਪੁਰ ਰਾਜ ਦੇ ਮੁੱਖ ਮੰਤਰੀ ਬਣੇ ਸਨ । ਉਨ੍ਹਾਂ ਨੂੰ ਰਾਜਸਥਾਨ ਦਾ ਪਹਿਲਾ ਮੁੱਖ ਮੰਤਰੀ ਹੋਣ ਦੀ ਸਹੁੰ ਸਰਦਾਰ ਵੱਲਬ-ਭਾਈ ਪਟੇਲ ਨੇ, ਨਵਾਂ ਰਾਜ ਬਨਾਉਣ ਦੀ ਰਸਮ ਸਮੇਂ, ਮਿਤੀ 30 ਮਾਰਚ, 1949 ਨੂੰ ਚੁਕਵਾਈ । ਉਹ 1957 ਤੋਂ 1962 ਤਕ ਲੋਕ ਸਭਾ ਦੇ ਮੈਂਬਰ ਭੀ ਰਹੇ ।

ਉਹ ਲੇਖਕ ਅਤੇ ਕਵੀ ਵੀ ਸਨ । ਉਨ੍ਹਾਂ ਨੇ ਕੁਝ ਸਮੇਂ ਲਈ ਹਿੰਦੀ ਸਪਤਾਹਕ 'ਜੀਵਨ ਸੰਦੇਸ਼' ਦੇ ਸੰਪਾਦਕ ਦਾ ਕੰਮ ਕੀਤਾ । ਆਪਣੀ ਇਸ ਵਡੇਰੀ ਉਮਰ ਵਿਚ ਭੀ ਉਹ ਜਨਤਾ ਦੀ ਸੇਵਾ ਵਿਚ ਰੁਝੇ ਹੋਏ ਸਨ । ਏਸੇ ਸਾਲ ਉਹ ਮੈਨੂੰ ਮਿਲੇ ਅਤੇ ਪੁਰਜ਼ੋਰ ਢੰਗ ਨਾਲ ਮੈਨੂੰ ਇਸ ਗਲ ਲਈ ਪਰੇਰਿਆ ਕਿ ਵਿਨਸਥਾਲੀ ਵਿਦਿਆ ਪੀਠ ਦੀ ਮਦਦ

(ਮੁੱਖ ਮੰਤਰੀ)

ਕੀਤੀ ਜਾਵੇ ਅਤੇ ਇਸ ਕੰਮ ਦੀ ਪੂਰਤੀ ਲਈ ਉਹ ਭੈੜੀ ਸਿਹਤ ਦੇ ਬਾਵਜੂਦ ਲੰਬਾ ਸਫਰ ਕਰਦੇ ਰਹੇ । ਉਨ੍ਹਾਂ ਦੀ ਮੌਤ ਨਾਲ, ਦੇਸ਼ ਇਕ ਸੁਲਝੇ ਹੋਏ ਸਿਆਸਤਦਾਨ, ਤਜਰਬੇਕਾਰ ਵਿਧਾਇਕ ਅਤੇ ਸੱਚੇ ਸਪੂਤ ਤੋਂ ਵਾਂਝਿਆਂ ਹੋ ਗਿਆ ਹੈ । ਉਨ੍ਹਾਂ ਦੀ ਮੌਤ, ਸਪੀਕਰ, 28 ਦਸੰਬਰ, 1974 ਨੂੰ ਹੋਈ ਸੀ ।

ਸਪੀਕਰ ਸਾਹਿਬ, ਸ੍ਰੀ ਸ਼ੰਕਰ ਰਾਓ ਦੇਵ ਇਕ ਮਹਾਨ ਸੁਤੰਤਰਤਾ ਸੰਗਰਾਮੀ ਅਤੇ ਮਹਾਤਮਾ ਗਾਂਧੀ ਦੇ ਨਿਕਟਵਰਤੀ ਸਾਥੀ ਸਨ । ਉਨ੍ਹਾਂ ਦਾ ਨਾਂ ਗਾਂਧੀਵਾਦੀ ਫਿਲਾਸਫਰ ਦੇ ਤੌਰ ਤੇ ਭਾਰਤੀ ਸਿਆਸੀ ਇਤਿਹਾਸ ਵਿਚ ਹਮੇਸ਼ਾ ਕਾਇਮ ਰਹੇਗਾ, ਜਿਨ੍ਹਾਂ ਨੇ ਮਹਾਰਾਸ਼ਟਰ ਵਿਚ ਮਹਾਤਮਾ ਗਾਂਧੀ ਦੇ ਨਾ-ਮਿਲਵਰਤਨ ਅੰਦੋਲਨ ਵਿਚ ਇਕ ਰਹਿਨੁਮਾ ਦਾ ਕੰਮ ਕੀਤਾ । ਉਹ ਉਨ੍ਹਾਂ ਆਗੂਆਂ ਵਿਚੋਂ ਸਨ ਜਿਨ੍ਹਾਂ ਨੇ ਕਿ ਭਾਰਤੀ ਰਾਸ਼ਟਰੀ ਕਾਂਗਰਸ ਨੂੰ ਇਕ ਮੋਕਲੀ ਪੇਂਡੂ ਬੁਨਿਆਦ ਤੇ ਸਥਿਰ ਕੀਤਾ ।

ਉਹ ਇਕ ਨਿਡਰ ਸਤਿਆਗ੍ਰਹੀ ਸਨ ਅਤੇ ਉਨ੍ਹਾਂ ਨੇ 1921-22 ਵਿਚ 'ਯਰਵਦਾ' ਜੇਲ੍ਹ ਵਿਚ ਇਕ ਬਰਤਾਨਵੀ ਜੇਲ੍ਹਰ ਪਾਸੋਂ ਕੋਰੜਿਆਂ ਦੀ ਮਾਰ ਖਾਧੀ । ਉਨ੍ਹਾਂ ਨੇ ਮਸ਼ਹੂਰ "ਚਮਪਾਰਨ" ਸਤਿਆਗ੍ਰਹਿ ਵਿਚ ਹਿੱਸਾ ਲਿਆ ।

ਆਜ਼ਾਦੀ ਤੋਂ ਪਹਿਲਾਂ ਉਨ੍ਹਾਂ ਦਾ ਜੀਵਨ ਸਤਿਆਗ੍ਰਹੀ ਦੇ ਤੌਰ ਤੇ ਸਾਡੇ ਸਾਹਮਣੇ ਆਇਆ ਜਿਨ੍ਹਾਂ ਨੂੰ ਮਹਾਰਾਸ਼ਟਰ ਅਤੇ ਸਰਬ-ਭਾਰਤੀ ਪੱਧਰ ਤੇ ਕਾਂਗਰਸ ਦੇ ਆਹੁਦੇਦਾਰ ਦੇ ਨਾਤੇ ਜੇਲ੍ਹ ਯਾਤਰਾ ਕਰਨੀ ਪਈ । ਉਨ੍ਹਾਂ ਨੂੰ ਨਾਮਕ ਸਤਿਆਗ੍ਰਹਿ ਅਤੇ "ਭਾਰਤ ਛੋੜੋ" ਅੰਦੋਲਨ ਵਿਚ ਭਾਗ ਲੈਣ ਦੇ ਅਪਰਾਧ ਵਿਚ ਰਤਨਾਗਿਰੀ ਅਤੇ ਅਹਿਮਦਨਗਰ ਵਿਚ ਜੇਲ੍ਹ ਭੁਗਤਣੀ ਪਈ ।

ਉਹ ਵਿਧਾਨਕਾਰ ਸਭਾ ਦੇ ਮੈਂਬਰ ਦੇ ਨਾਤੇ ਭਾਰਤੀ ਸੰਵਿਧਾਨ ਦੇ ਮਹੱਤਵਪੂਰਨ ਨਿਰਮਾਤਾ ਸਨ । ਉਹ ਆਚਾਰੀਆ ਵਿਨੋਭਾ ਭਾਵੇ ਦੇ ਭੂਦਾਨ ਅੰਦੋਲਨ ਵਿਚ ਸ਼ਾਮਲ ਹੋ ਗਏ ਅਤੇ ਆਪਣਾ ਜੀਵਨ ਸਰਵੋਦਯਾ ਅੰਦੋਲਨ ਲਈ ਅਰਪਣ ਕੀਤਾ ।

ਉਨ੍ਹਾਂ ਦੀ ਮੌਤ ਨਾਲ ਦੇਸ਼, ਇਕ ਗਾਂਧੀਵਾਦੀ, ਸੁਤੰਤਰਤਾ ਸੰਗਰਾਮੀ ਅਤੇ ਸੱਚੇ ਦੇਸ਼ ਭਗਤ ਤੋਂ ਵਾਂਝਿਆ ਹੋ ਗਿਆ ਹੈ । ਉਨ੍ਹਾਂ ਦੀਆਂ ਨਿਸ਼ਕਾਮ ਸੇਵਾ ਅਤੇ ਮਾਤ ਭੂਮੀ ਦੇ ਹਿਤ ਲਈ ਆਪਾ ਸਮਰਪਣ ਤੋਂ ਅਸਾਂ ਸਾਰਿਆਂ ਨੂੰ ਹਮੇਸ਼ਾਂ ਉਤਸ਼ਾਹ ਮਿਲਦਾ ਰਹੇਗਾ । ਉਨ੍ਹਾਂ ਦੀ ਮੌਤ 30 ਦਸੰਬਰ, 1974 ਨੂੰ ਹੋਈ ਸੀ ।

ਸੰਤ ਕਿਰਪਾਲ ਸਿੰਘ ਜੀ ਇਕ ਉਘੇ ਧਾਰਮਕ ਵਿਅਕਤੀ ਸਨ । ਉਹ ਨਾ ਕੇਵਲ ਸਿਖ ਜਗਤ ਵਿਚ ਸਤਿਕਾਰੇ ਜਾਂਦੇ ਸਨ, ਸਗੋਂ ਸਾਰਾ ਸੰਸਾਰ ਉਨ੍ਹਾਂ ਦਾ ਸਨਮਾਨ ਕਰਦਾ ਸੀ । ਆਪਣੀ ਮਿਲਾਪੜੀ ਸ਼ਖਸੀਅਤ ਅਤੇ ਮਨੁਖੀ ਭਾਈਚਾਰੇ ਦੀ ਅੰਤਰੀਵ ਭਾਵਨਾ ਕਰਕੇ ਉਹ ਵਿਸ਼ਵ ਧਰਮ ਕਾਨਫਰੰਸ ਦੇ ਪਰਧਾਨ ਬਣ ਗਏ, ਜਿਸ ਦਾ ਆਧਾਰ ਮਨੁੱਖ ਅਤੇ ਧਰਮ ਦੀ ਸਾਂਝੀਵਾਲਤਾ ਹੈ । ਉਹ ਇਕ ਰੂਹਾਨੀ ਮਹਾਂ ਪੁਰਖ ਸਨ ਜਿਨ੍ਹਾਂ ਨੇ ਸਹਿਨਸ਼ੀਲਤਾ ਅਤੇ ਨਿਮਰਤਾ ਦਾ ਪ੍ਰਚਾਰ ਅਤੇ ਪਰਸਾਰ ਕੀਤਾ । ਉਨ੍ਹਾਂ ਨੇ ਨਿਰਕ ਦਿਲੀ ਨਾਲ ਧਰਮ ਨਿਰਪੇਖਤਾ ਦੇ ਸਹਿ-ਸਿਧਾਂਤ ਦਾ ਪਰਚਾਰ ਕੀਤਾ ਅਤੇ ਧਰਮ ਦੇ ਤੁਲਨਾਤਮਕ ਅਧਿਐਨ ਤੇ

20 ਤੋਂ ਵੱਧ ਕਿਤਾਬਾਂ ਲਿਖੀਆਂ । ਸਚਾਈ ਅਤੇ ਇਮਾਨਦਾਰੀ ਬਾਰੇ ਭਾਸ਼ਣ ਦੇਣ ਲਈ ਉਨ੍ਹਾਂ ਨੇ ਤੀਨ ਦਫਾ ਵਿਦੇਸ਼ ਯਾਤਰਾ ਕੀਤੀ ਅਤੇ ਜੀਵਨ ਦੇ ਹਰ ਖੇਤਰ ਦੇ ਵਿਅਕਤੀਆਂ ਨੇ ਉਨ੍ਹਾਂ ਕੋਲੋਂ ਅਗਵਾਈ ਪ੍ਰਾਪਤ ਕੀਤੀ। ਸਪੀਕਰ ਸਾਹਿਬ, ਉਨ੍ਹਾਂ ਦੀ ਮੌਤ 21-8-1974 ਨੂੰ ਹੋਈ। ਉਨ੍ਹਾਂ ਦੇ ਪਰਲੋਕ ਸਿਧਾਰਨ ਨਾਲ, ਰੂਹਾਨੀ ਦੁਨੀਆਂ ਵਿੱਚ ਇਕ ਬਹੁਤ ਵੱਡਾ ਘਾਟਾ ਪਿਆ ਹੈ ਜੋ ਮੁਸ਼ਕਲ ਨਾਲ ਹੀ ਪੂਰਾ ਹੋ ਸਕੇਗਾ ।

ਡਾਕਟਰ ਬਲਬੀਰ ਸਿਘ ਪੰਜਾਬੀ ਸਾਹਿਤ ਜਗਤ ਦੇ ਇਕ ਸੱਤੇ ਪ੍ਰਸਿੱਧ ਸਨ । ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਉਨ੍ਹਾਂ ਦੀ ਦੇਣ ਬਹੁਤ ਉਚੇਰੇ ਪੱਧਰ ਦੀ ਹੈ। ਉਨ੍ਹਾਂ ਦੀਆਂ ਪ੍ਰਕਾਸ਼ਨਾਂ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਬੰਧੀ ਲਿਖਿਆ ਇਕ 'ਮਹਾਨ ਕੋਸ਼' ਵੀ ਸ਼ਾਮਲ ਹੈ। ਉਹ ਸੰਸਕ੍ਰਿਤ ਅਤੇ ਫਾਰਸੀ ਦੇ ਮਹਾਨ ਵਿਦਵਾਨ ਸਨ । ਉਹ ਪੰਜਾਬ ਦੇ ਇਕ ਮੰਨੇ ਪ੍ਰਮੰਨੇ ਸਪੂਤ ਅਤੇ ਪੰਜਾਬੀ ਦੇ ਮੋਢੀ ਕਵੀ ਭਾਈ ਵੀਰ ਸਿੰਘ ਜੀ ਦੇ ਛੋਟੇ ਵੀਰ ਸਨ ਅਤੇ ਇਕ ਪ੍ਰਸਿਧ ਸਾਹਿਤਕਾਰ ਸਨ ।

ਉਨ੍ਹਾਂ ਦੀ ਮੌਤ ਨਾਲ ਦੇਸ਼ ਪੰਜਾਬੀ ਭਾਸ਼ਾ ਦੇ ਇਕ ਮਹਾਨ ਵਿਦਵਾਨ ਤੋਂ ਵਾਂਝਿਆ ਗਿਆ ਹੈ, ਜਿਸ ਨੇ ਕਿ ਸਾਹਿਤਕ ਆਧੁਨਿਕ ਰੁਚੀਆਂ ਵਿੱਚ ਵਡਮੁੱਲਾ ਹਿੱਸਾ ਪਾਇਆ । ਉਨ੍ਹਾਂ ਦੀ ਮੌਤ 1 ਅਕਤੂਬਰ, 1974 ਨੂੰ ਹੋਈ ਸੀ ।

ਕੁਮਾਰੀ ਮ੍ਰਿਦੁਲਾ ਸਾਰਾਭਾਈ ਲਾਮਿਸਾਲ ਸ਼ਖਸੀਅਤ ਰੱਖਦੇ ਸਨ । ਉਹ ਸਾਡੇ ਦੇਸ਼ ਦੇ ਅਣਥਕ ਸੋਸ਼ਲ ਵਰਕਰ ਸਨ । ਜਿਸ ਉਦੇਸ਼ ਨੂੰ ਉਨ੍ਹਾਂ ਨੇ ਨਿਆਂ-ਸੰਗਤ ਸਮਝਿਆ, ਉਸ ਦੀ ਪੂਰਤੀ ਲਈ ਪੂਰਾ ਯਤਨ ਕੀਤਾ ।

ਕੁਮਾਰੀ ਮ੍ਰਿਦੁਲਾ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਮੁੱਖ ਪਤਵੰਤਿਆਂ ਵਿੱਚੋਂ ਇਕ ਸਨ । ਉਨ੍ਹਾਂ ਨੇ ਰਾਸ਼ਟਰੀ ਅੰਦੋਲਨ ਵਿੱਚ ਸ਼ਾਮਲ ਹੋਣ ਲਈ 1930 ਵਿੱਚ ਕਾਲਜ ਦੀ ਪੜ੍ਹਾਈ ਛੱਡ ਦਿੱਤੀ ਅਤੇ ਇਸ ਤਰ੍ਹਾਂ ਮਹਾਤਮਾ ਗਾਂਧੀ ਅਤੇ ਸ੍ਰੀ ਜਵਾਹਰ ਲਾਲ ਨਹਿਰੂ ਜਿਹੇ ਮਹਾਨ ਨੇਤਾਵਾਂ ਦੇ ਸੰਪਰਕ ਵਿੱਚ ਆਏ । ਉਨ੍ਹਾਂ ਨੂੰ ਕਈ ਵਾਰ ਜੇਲ੍ਹ ਵੀ ਜਾਣਾ ਪਿਆ । ਉਨ੍ਹਾਂ ਨੇ 1920 ਦੇ ਨਾ-ਮਿਲਵਰਤਣ ਅੰਦੋਲਨ ਵਿੱਚ ਹਿੱਸਾ ਲਿਆ ਅਤੇ ਉਸ ਤੋਂ ਉਪਰੰਤ ਮਹਾਤਮਾ ਗਾਂਧੀ ਦੇ ਸਾਬਰਮਤੀ ਆਸ਼ਰਮ ਵਿੱਚ ਪ੍ਰਵੇਸ਼ ਕੀਤਾ ।

ਉਨ੍ਹਾਂ ਨੇ 1930 ਤੋਂ 1946 ਦੇ ਸਮੇਂ ਵਿੱਚ ਪੱਤਰਕਾਰ, ਸਤਿਆਗ੍ਰਹੀ ਆਦਿ ਵੱਖ ਵੱਖ ਰੂਪਾਂ ਵਿੱਚ ਦੇਸ਼ ਦੀ ਸੇਵਾ ਕੀਤੀ । ਉਨ੍ਹਾਂ ਵਿਦੇਸ਼ੀ ਮਾਲ ਦਾ ਬਾਈਕਾਟ ਕਰਨ ਦੇ ਅੰਦੋਲਨ ਵਿੱਚ ਸਰਗਰਮ ਹਿੱਸਾ ਲਿਆ ਅਤੇ ਪੋਲੀਟੀਕਲ ਵਰਕਰਾਂ ਅਤੇ ਉਨ੍ਹਾਂ ਦੇ ਪ੍ਰਵਾਰਾਂ ਦੀ ਪੂਰੀ ਪੂਰੀ ਰੱਖਿਆ ਅਤੇ ਸਹਾਇਤਾ ਦਾ ਕੰਮ ਯੋਗਤਾ ਨਾਲ ਨਿਭਾਇਆ ।

1945 ਵਿੱਚ ਉਨ੍ਹਾਂ ਨੂੰ ਬੰਬਈ ਵਿਧਾਨ ਸਭਾ ਦੀ ਮੈਂਬਰੀ ਪੇਸ਼ ਕੀਤੀ ਗਈ ਪਰੰਤੂ ਗਾਂਧੀ ਜੀ ਦੇ ਮਸ਼ਵਰੇ ਤੇ ਉਨ੍ਹਾਂ ਨੇ ਪਾਰਲੀਮੈਂਟਰੀ ਪਰੋਗਰਾਮ ਤੋਂ ਲਾਂਭੇ ਰਹਿਣ ਦਾ ਫੈਸਲਾ ਕੀਤਾ ਅਤੇ ਸ਼ਾਂਤੀ ਸੈਨਕ ਦੇ ਤੌਰ ਤੇ ਕੰਮ ਕਰਦੇ ਰਹੇ ।

ਉਨ੍ਹਾਂ ਦੀ ਮੌਤ ਨਾਲ ਦੇਸ਼ ਨੂੰ ਇਕ ਪੇਤਿਹਾਸ਼ਿਕ ਸੁਤੰਤਰਤਾ ਸੰਗਰਾਮੀ ਅਤੇ ਲੋਕ ਹਿੱਤਾਂ ਦੇ ਤੌਖਵਾਲੇ ਵਿਅਕਤੀ ਤੋਂ ਵਾਂਝਿਆਂ ਹੋਣਾ ਪਿਆ ਹੈ । ਉਨ੍ਹਾਂ ਦੀ ਮੌਤ 27-10-74 ਨੂੰ ਹੋਈ ।

[ਮੁੱਖ ਮੰਤਰੀ]

ਸ੍ਰੀ ਰਾਮ ਸਿੰਘ ਦੱਤ ਪਹਿਲੇ ਦਰਜੇ ਦੇ ਸੁਤੰਤਰਤਾ ਸੰਗਰਾਮੀ ਸਨ । ਉਹ ਇਕ ਮੰਨੇ-ਪ੍ਰਮੰਨੇ ਇਨਕਲਾਬੀ ਸਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਅਸਹਿ ਮੁਸੀਬਤਾਂ ਝੱਲੀਆਂ। ਉਨ੍ਹਾਂ ਦਾ ਸੰਪਰਕ ਗਦਰ ਪਾਰਟੀ ਨਾਲ ਹੋਇਆ ਅਤੇ ਕਈ ਸਾਲ ਉਹ ਰੂਸ ਵਿੱਚ ਰਹੇ ਅਤੇ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਦੇ ਪੱਖ ਵਿੱਚ ਲੋਕ-ਰਾਏ ਕਾਇਮ ਕਰਦੇ ਰਹੇ । ਉਹ ਸਰਬ-ਭਾਰਤੀ ਕਿਸਾਨ ਪਰਿਸ਼ਦ ਅਤੇ ਉਸ ਉਪਰੰਤ ਸਰਬ-ਭਾਰਤੀ ਕਾਂਗਰਸ ਕਮੇਟੀ ਦੇ ਮੈਂਬਰ ਰਹੇ । ਮਾਤ-ਭੂਮੀ ਦੀ ਆਜ਼ਾਦੀ ਲਈ ਆਪਣੇ ਰਾਸ਼ਟਰਵਾਦੀ ਗੁਣਾਂ ਅਤੇ ਦੇਸ਼ ਭਗਤੀ ਦੀਆਂ ਸਰਗਰਮੀਆਂ ਲਈ ਉਨ੍ਹਾਂ ਨੂੰ 1940 ਤੋਂ 1943 ਤੱਕ ਜੇਲ੍ਹਾਂ ਦੀਆਂ ਮੁਸੀਬਤਾਂ ਝੱਲਣੀਆਂ ਪਈਆਂ।

ਉਹ ਆਮ ਮਨੁਖਾਂ ਨਾਲ ਮੋਢਾ ਜੋੜ ਕੇ ਚਲੇ ਅਤੇ ਪਛੜੇ ਹੋਏ ਲੋਕਾਂ ਦੀ ਭਲਾਈ ਲਈ ਕੰਮ ਕੀਤਾ । ਉਨ੍ਹਾਂ ਨੇ ਪੰਜਾਬ ਵਿੱਚ ਮਜ਼ਦੂਰ ਅੰਦੋਲਨ ਦਾ ਸੰਗਠਨ ਕੀਤਾ ਅਤੇ ਸਰਬ ਭਾਰਤੀ ਮਜ਼ਦੂਰ ਯੂਨੀਅਨ ਦੇ ਜਨਰਲ ਸੈਕਟਰੀ ਵੀ ਰਹੇ ।

ਉਨ੍ਹਾਂ ਦੀ ਮੌਤ ਕਾਰਣ ਪੰਜਾਬ ਨੂੰ ਇਕ ਅਜਿਹੇ ਵੱਡੇ ਇਨਕਲਾਬੀ ਅਤੇ ਮਜ਼ਦੂਰ ਨੇਤਾ ਦਾ ਘਾਟਾ ਪੈ ਗਿਆ ਹੈ ਜਿਨ੍ਹਾਂ ਨੂੰ ਜਨਤਾ ਵਿੱਚ ਪੂਰਨ ਵਿਸ਼ਵਾਸ ਸੀ ਅਤੇ ਜਿਸ ਨੇ ਆਪਣਾ ਸਾਰਾ ਜੀਵਨ ਪਿਛੜੇ ਹੋਏ ਲੋਕਾਂ ਦੀ ਬਿਹਤਰੀ ਲਈ ਅਰਪਣ ਕੀਤਾ। ਉਨ੍ਹਾਂ ਦੀ ਮੌਤ 29-11-1974 ਨੂੰ ਉਨ੍ਹਾਂ ਦੇ ਪਿੰਡ ਵਿਚ ਹੋਈ ।

ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਤਜਵੀਜ਼ ਕਰਦਾ ਹਾਂ ਕਿ ਇਸ ਹਾਊਸ ਦੀ ਹਮਦਰਦੀ ਇਨ੍ਹਾਂ ਸਾਰੇ ਵਿਅਕਤੀਆਂ ਦੇ ਪਰਵਾਰਾਂ ਨੂੰ ਪਹੁੰਚਾ ਦਿੱਤੀ ਜਾਵੇ ਅਤੇ ਸਦਨ ਦੋ ਮਿੰਟ ਮੌਨ ਧਾਰਕੇ ਇਨ੍ਹਾਂ ਨੂੰ ਸ਼ਰਧਾਂਜਲੀ ਦੇਵੇ । ਮੈਂ ਇਹ ਭੀ ਤਜਵੀਜ਼ ਕਰਦਾ ਹਾਂ ਕਿ ਸ਼ਰਧਾਜਲੀ ਉਪਰੰਤ ਇਸ ਸਦਨ ਦੀ ਬੈਠਕ ਉਠਾ ਦਿੱਤੀ ਜਾਵੇ ।

ਸਰਦਾਰ ਪਰਕਾਸ਼ ਸਿੰਘ ਬਾਦਲ (ਗਿਦੜਬਾਹਾ) : ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ ਨੇ ਜੋ ਹਿੰਦੁਸਤਾਨ ਦੀਆਂ ਕੁੱਝ ਮਹਾਨ ਹਸਤੀਆਂ, ਜੋ ਅਕਾਲ ਚਲਾਣਾ ਕਰ ਗਈਆਂ ਹਨ, ਉਨਾਂ ਦੇ ਅਫਸੋਸ ਵਿੱਚ ਜੋ ਮਤਾ ਲਿਆਂਦਾ ਹੈ, ਮੈਂ ਆਪਣੇ ਵਲੋਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ । ਸਪੀਕਰ ਸਾਹਿਬ, ਅੱਜ ਸਾਨੂੰ ਯਕੀਨ ਹੀ ਨਹੀਂ ਆਉਂਦਾ ਕਿ ਸਰਦਾਰ ਅਜਾਇਬ ਸਿੰਘ ਸੰਧੂ ਸਾਡੇ ਵਿਚਕਾਰ ਨਹੀਂ ਹਨ । ਸਰਦਾਰ ਅਜਾਇਬ ਸਿੰਘ ਸੰਧੂ ਦੀ ਮੌਤ ਨਾਲ ਪੰਜਾਬ ਵਿਚੋਂ ਇਕ ਚਮਕਦਾ ਹੋਇਆ ਸਿਤਾਰਾ ਸਿਆਸਤ ਵਿੱਚੋਂ ਡੁਬ ਗਿਆ ਹੈ । ਸਰਦਾਰ ਅਜਾਇਬ ਸਿੰਘ ਸੰਧੂ ਦਾ ਸਤਿਕਾਰ ਨਾ ਸਿਰਫ ਅਕਾਲੀ ਪਾਰਟੀ ਵਿੱਚ ਹੀ ਸੀ ਬਲਕਿ ਸਾਰੀਆਂ ਦੂਸਰੀਆਂ ਪਾਰਟੀਆਂ ਵੀ ਉਨ੍ਹਾਂ ਦਾ ਮਾਣ ਅਤੇ ਸਤਿਕਾਰ ਕਰਦੀਆਂ ਸਨ। ਅਕਾਲੀ ਪਾਰਟੀ ਦੀ ਉਹ ਰੀੜ੍ਹ ਦੀ ਹੱਡੀ ਸੱਮਝੇ ਜਾਂਦੇ ਸਨ । ਉਨ੍ਹਾਂ ਦੀ ਮੌਤ ਨਾਲ ਨਾ ਸਿਰਫ ਅਕਾਲੀ ਪਾਰਟੀ ਨੂੰ ਹੀ ਨਾ ਪੂਰਾ ਹੋਣ ਵਾਲਾ ਘਾਟਾ ਪਿਆਂ ਹੈ । ਸਗੋਂ ਮੈਂ ਸੱਮਝਦਾ ਹਾਂ ਕਿ ਪੰਜਾਬ ਦੀ ਸਿਆਸਤ ਵਿੱਚ ਵੀ ਇਕ ਬਹੁਤ ਵੱਡਾ ਖਲ੍ਹਾ ਪੈਦਾ ਹੋ ਗਿਆ ਹੈ ਜਿਹੜਾ ਕਿ ਪੂਰਾ ਕਰਨਾ ਬੜਾ ਮੁਸ਼ਕਲ ਹੈ । ਉਹ ਸੂਬੇ ਦੇ ਚੋਟੀ ਦੇ ਪਾਰਲੀਮੈਂਟੇਰੀਅਨ ਸਨ । ਉਨ੍ਹਾਂ ਨੇ ਪੰਜਾਬ ਦੇ ਹਿੱਤਾਂ ਵਾਸਤੇ, ਪੰਜਾਬ ਦੇ ਲੋਕਾਂ ਦੇ ਹਿੱਤਾਂ

ਵਾਸਤੇ ਅਸੈਂਬਲੀ ਤੋਂ ਬਾਹਰ ਅਤੇ ਅਸੈਂਬਲੀ ਦੇ ਅੰਦਰ ਲਗਾਤਾਰ ਲੜਾਈ ਲੜੀ। ਉਹ ਕੋਈ ਵੀ ਮੌਕਾ ਨਹੀਂ ਜਾਣ ਦਿੰਦੇ ਸਨ ਜਿਸ ਵੇਲੇ ਕਿ ਕਿਸੇ ਵੀ ਮਸਲੇ ਤੇ ਉਹ ਆਪਣੀ ਰਾਇ ਦਾ ਪ੍ਰਗਟਾਵਾ ਨਾ ਕਰਨ। ਸਪੀਕਰ ਸਾਹਿਬ, ਸਰਦਾਰ ਅਜਾਇਬ ਸਿੰਘ ਸੰਧੂ ਜੀ ਪਛੜੀਆਂ ਸ਼ਰੇਣੀਆਂ ਦੇ ਅਤੇ ਗਰੀਬ ਵਰਗ ਦੇ ਹਕਾਂ ਦੇ ਚੈਂਪੀਅਨ ਸਨ। ਕਦੇ ਵੀ ਕੋਈ ਗੱਲ ਉਨ੍ਹਾਂ ਦੇ ਬਾਰੇ ਹੋਵੇ ਉਹ ਹਮੇਸ਼ਾ ਗਰੀਬਾਂ ਅਤੇ ਪਛੜੀਆਂ ਸ਼ਰੇਣੀਆਂ ਦੇ ਲੋਕਾਂ ਦੇ ਹੱਕਾਂ ਵਾਸਤੇ ਲੜਦੇ ਰਹਿੰਦੇ ਸਨ। ਉਹ ਇਕ ਲਾਅ ਗਰੈਜੂਏਟ ਨੌਜਵਾਨ ਸਨ। ਮੈਂ ਸਭ ਤੋਂ ਵੱਡੀ ਗੱਲ ਦੱਸਣੀ ਚਾਹੁੰਦਾ ਹਾਂ ਜਿਸ ਦੀ ਇਸ ਵੇਲੇ ਲੋੜ ਹੈ, ਸਾਰੇ ਦੇਸ਼ ਵਾਸਤੇ ਅਤੇ ਪੰਜਾਬ ਦੇ ਵਾਸਤੇ ਉਹ ਇਹ ਹੈ ਕਿ ਸਰਦਾਰ ਅਜਾਇਬ ਸਿੰਘ ਸੰਧੂ ਨੇ ਇਕ ਲਾਈਨ ਦਿੱਤੀ ਸੀ ਕਿ ਸਿਆਸਤ ਦੇ ਵਿਚ ਇਮਾਨਦਾਰੀ ਕਿਤੇ ਵੱਡੀ ਹੁੰਦੀ ਹੈ ਔਰ ਉਨ੍ਹਾਂ ਦੀ ਇਮਾਨਦਾਰੀ ਇੱਥੋਂ ਤੱਕ ਸੀ ਕਿ ਉਹ ਵਕੀਲ ਹੁੰਦੇ ਹੋਏ ਵੀ, ਚੰਗੀ ਪਜ਼ੀਸ਼ਨ ਵਿੱਚ ਹੁੰਦੇ ਹੋਏ ਵੀ ਅੱਜ ਤੱਕ ਉਹ ਆਪਣਾ ਘਰ ਨਹੀਂ ਬਣਾ ਸਕੇ ਔਰ ਉਨ੍ਹਾਂ ਦਾ ਕੋਈ ਬੈਂਕ ਬੈਲੈਂਸ ਨਹੀਂ ਸੀ। ਸਪੀਕਰ ਸਾਹਿਬ, ਮੈਂ ਸੱਮਝਦਾ ਹਾਂ ਕਿ ਉਨ੍ਹਾਂ ਨੇ ਇਕ ਬਹੁਤ ਵੱਡੀ ਗਲ ਕੀਤੀ ਸੀ ਉਹ ਇਹ ਸੀ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਇਹ ਕਿਹਾ ਗਿਆ ਸੀ ਕਿ ਉਹ ਹਾਈ ਕੋਰਟ ਦਾ ਜੱਜ ਬਣ ਜਾਵੇ, ਲੇਕਿਨ ਉਨ੍ਹਾਂ ਦੇ ਦਿਲ ਵਿੱਚ ਲੋਕ ਸੇਵਾ ਦੀ ਭਾਵਨਾ ਸੀ ਅਤੇ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਮੇਰੇ ਨਾਲ ਵੀ ਇਸ ਬਾਰੇ ਗੱਲ ਕੀਤੀ ਔਰ ਮੈਂ ਇਹ ਰਾਇ ਦਿੱਤੀ ਕਿ ਜੇ ਤੁਸੀਂ ਚਾਹੁੰਦੇ ਹੋ ਤਾਂ ਇਸ ਦਾ ਅਸੀਂ ਪਾਰਟੀ ਵਿੱਚ ਫੈਸਲਾ ਕਰਵਾ ਲੈਂਦੇ ਹਾਂ ਲੇਕਿਨ ਉਨ੍ਹਾਂ ਨੇ ਸਾਫ ਇਨਕਾਰ ਕਰ ਦਿੱਤਾ ਅਤੇ ਕਹਿਣ ਲਗੇ ਕਿ ਲੋਕ ਇਹ ਨਾ ਕਹਿਣ ਕਿ ਅਜਾਇਬ ਸਿੰਘ ਸੰਧੂ ਜੱਜੀ ਵਾਸਤੇ ਵਿਕ ਗਿਆ ਹੈ। ਇਕ ਚੀਜ਼ ਮੈਂ ਲੀਡਰ ਆਫ ਦੀ ਹਾਊਸ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੀ ਅੱਛੀ ਰਵਾਇਤ ਹੈ ਕਿ ਜਦੋਂ ਸਾਡਾ ਕੋਈ ਅੈਮ. ਐਲ. ਏ. ਸੁਰਗਵਾਸ ਹੋ ਜਾਂਦਾ ਹੈ ਤਾਂ ਉਸ ਦੇ ਪਰਵਾਰ ਨੂੰ ਮਾਲੀ ਸਹਾਇਤਾ ਦਿੱਤੀ ਜਾਵੇ। ਮੈਂ ਅਤੇ ਮੇਰੀ ਅਕਾਲੀ ਪਾਰਟੀ ਸਮੁੱਚੇ ਪੰਜਾਬੀਆਂ ਦੀ ਰਿਣੀ ਹੈ ਕਿ ਉਨ੍ਹਾਂ ਨੇ ਸਰਦਾਰ ਅਜਾਇਬ ਸਿੰਘ ਸੰਧੂ ਜੀ ਦੇ ਪਰਵਾਰ ਦੀ ਮਾਲੀ ਇਮਦਾਦ ਕੀਤੀ ਲੇਕਿਨ ਇਥੇ ਮੈਂ ਇਕ ਚੀਜ਼ ਜ਼ਰੂਰ ਕਹਾਂਗਾ ਕਿ 25,000 ਰੁਪਏ ਰੰਧਾਵਾ ਸਾਹਿਬ ਨੂੰ ਮਾਲੀ ਇਮਦਾਦ ਦਿੱਤੀ ਹੈ ਅਤੇ 25,000 ਰੁਪਏ ਸੰਧੂ ਸਾਹਿਬ ਨੂੰ ਮਾਲੀ ਇਮਦਾਦ ਸਰਕਾਰ ਨੇ ਦਿੱਤੀ ਹੈ ਉਹ 25,000 ਰੁਪਏ ਦੀ ਬਜਾਏ 50,000 ਰੁਪਏ ਸਰਦਾਰ ਅਜਾਇਬ ਸਿੰਘ ਸੰਧੂ ਜੀ ਨੂੰ ਕਰ ਦੇਣ। ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਰਦਾਰ ਅਜਾਇਬ ਸਿੰਘ ਸੰਧੂ ਜੀ ਦੇ ਅਫ਼ਸੋਸ ਵਿੱਚ ਕਿਉਂਕਿ ਉਹ ਹਾਊਸ ਦੇ ਉਘੇ ਮੈਂਬਰ ਸਨ ਇਸ ਲਈ ਕੱਲ੍ਹ ਦਾ ਦਿਨ ਹਾਊਸ ਨੂੰ ਛੁੱਟੀ ਕਰ ਦੇਣ ਫਿਰ ਭਾਵੇਂ ਕਿਸੇ ਦਿਨ 2 ਟਾਈਮ ਸ਼ੈਸ਼ਨ ਰੱਖ ਲੈਣ ਜਾਂ ਹੋਰ ਕੋਈ ਬੰਦੋਬਸਤ ਕਰ ਲੈਣ।

ਸਪੀਕਰ ਸਾਹਿਬ, ਜ ਸ਼੍ਰੀਮਤੀ ਸੁਚੇਤਾ ਕ੍ਰਿਪਲਾਨੀ ਦੀ ਮੌਤ ਹੋਈ ਹੈ ਉਸ ਨਾਲ ਸੂਬੇ ਦਾ ਜਾਂ ਇਕ ਪਾਰਟੀ ਦਾ ਨੁਕਸਾਨ ਨਹੀਂ ਹੋਇਆ ਮੈਂ ਸਮਝਦਾ ਹਾਂ ਕਿ ਇਹ ਨੈਸ਼ਨਲ ਲਾਸ ਹੋਇਆ ਹੈ ਔਰ ਉਨ੍ਹਾਂ ਦੀ ਮੌਤ ਨਾਲ ਹਿੰਦੁਸਤਾਨ ਇਕ ਬਹਾਦਰ ਸਪੁਤਰੀ ਤੋਂ ਵਾਂਝਾ ਹੋ ਗਿਆ ਹੈ। 1907 ਵਿਚ ਉਹ ਪੈਦਾ ਹੋਏ ਸਨ ਅਤੇ ਉਨ੍ਹਾਂ ਨੇ ਹਿਸਟਰੀ ਦੀ ਐਮ. ਏ. ਕੀਤੀ ਔਰ ਉਹ ਯੂਨੀਵਰਸਟੀ ਵਿੱਚ ਅੱਵਲ ਨੰਬਰ ਤੇ ਰਹੇ। ਉਨ੍ਹਾਂ ਨੂੰ ਗੋਲਡ ਮੈਡਲ ਵੀ ਮਿਲਿਆ। ਇਸ ਦੇ ਬਾਅਦ ਹਿੰਦੂ ਯੂਨੀਵਰਸਟੀ, ਬਨਾਰਸ ਦੇ ਵਿੱਚ ਬਹੁਤ

[ਸਰਦਾਰ ਪਰਕਾਸ਼ ਸਿੰਘ ਬਾਦਲ]

ਸਾਰੇ ਸਾਲ ਪ੍ਰੋਫੈਸਰ ਰਹੇ ਅਤੇ ਉਥੇ ਉਹ 1931 ਤੋਂ 1939 ਤਕ ਰਹੇ। ਉਨ੍ਹਾਂ ਨੇ ਪਾਲੇਟਿਕਸ ਵਿੱਚ ਵੀ ਬਹੁਤ ਇੰਟਰੈਸਟ ਲਿਆ ਔਰ ਕੰਸਟੀਚਿਊਐਂਟ ਅਸੈਂਬਲੀ ਦੇ ਵਿੱਚ ਮੈਂਬਰ ਰਹੇ। 1947 ਵਿਚ ਉਹ ਯੂ. ਪੀ. ਵਿਧਾਨ ਸਭਾ ਵਿੱਚ ਬਿਨਾਂ ਮੁਕਾਬਲੇ ਮੈਂਬਰ ਚੁਣੇ ਗਏ ਅਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਵੀ ਰਹੇ ਔਰ ਕਾਂਗਰਸ ਪਾਰਟੀ ਦੇ ਜਨਰਲ ਸੈਕਟਰੀ ਵੀ ਰਹੇ। ਉਹ ਯੂ. ਪੀ. ਦੇ ਵਿੱਚ ਮਨਿਸਟਰ ਵੀ ਰਹੇ ਅਤੇ ਹਿੰਦੁਸਤਾਨ ਦੇ ਰਾਜਾਂ ਵਿੱਚ ਉਹ ਪਹਿਲੇ ਲੇਡੀ ਚੀਫ਼ ਮਨਿਸਟਰ ਯੂ. ਪੀ. ਦੇ ਵਿੱਚ ਬਣੇ। ਸਭ ਤੋਂ ਵੱਡਾ ਨੁਕਸਾਨ ਜੋ ਉਨ੍ਹਾਂ ਦੀ ਮੌਤ ਨਾਲ ਹੋਇਆ ਉਹ ਇਹ ਸੀ ਕਿ ਅੱਜ ਕੱਲ ਜਿਹੜਾ ਚੰਗਾ ਮਾਹੌਲ ਬਣਾਉਣ ਵਾਸਤੇ ਨਵਾਂ ਇਨਕਲਾਬ ਚਲ ਰਿਹਾ ਹੈ ਉਸ ਵਿੱਚ ਉਹ ਬੜਾ ਭਾਰੀ ਹਿੱਸਾ ਲੈਂਦੇ ਸੀ ਅਤੇ ਜੇ ਪ੍ਰਕਾਸ਼ ਨਾਰਾਇਣ ਦੀ ਉਹ ਬੜੀ ਮਦਦ ਕਰਦੇ ਸਨ।

ਮਿਸਟਰ ਕ੍ਰਿਸ਼ਨਾ ਮੈਨਨ ਦੀ ਮੌਤ ਨਾਲ ਸਾਡਾ ਦੇਸ਼ ਇਕ ਬਹੁਤ ਵਡੇ ਸਕਾਲਰ, ਡਿਪਲੋਮੇਟ, ਐਡੀਟਰ, ਜੂਰਿਸਟ ਅਤੇ ਪਾਲੀਟੀਸ਼ਨ ਤੋਂ ਵਾਂਝਾ ਹੋ ਗਿਆ ਹੈ। ਉਹ ਹਿੰਦੁਸਤਾਨ ਦੀ ਨਾਨ ਅਲਾਇਨਮੈਂਟ ਪਾਲਿਸੀ ਦੇ ਚੀਫ਼ ਆਰਕੀਟੈਕਟ ਸਨ। ਉਨ੍ਹਾਂ ਨੇ ਆਪਣੀ ਮੁੱਢਲੀ ਤਾਲੀਮ ਹਿੰਦੁਸਤਾਨ ਦੇ ਵਿੱਚ ਪਾਈ ਅਤੇ ਉਸ ਤੋਂ ਬਾਅਦ ਲੰਡਨ ਚਲੇ ਗਏ ਔਰ ਉਥੇ ਉਨ੍ਹਾਂ ਨੇ ਬਹੁਤ ਸਾਲ ਤਾਲੀਮ ਲਈ। ਉਨ੍ਹਾਂ ਨੇ ਇੰਡੀਆ ਲੀਗ ਦੀ ਸਥਾਪਨਾ ਕੀਤੀ ਅਤੇ ਉਹ ਇਸ ਲੀਗ ਦੇ ਜਨਰਲ ਸੈਕਟਰੀ ਰਹੇ ਅਤੇ ਪ੍ਰੈਜ਼ੀਡੈਂਟ ਵੀ ਰਹੇ। ਇਸ ਲੀਗ ਵਿੱਚ ਉਨ੍ਹਾਂ ਨੇ ਹਿੰਦੁਸਤਾਨ ਦੀ ਜੰਗੇ ਆਜ਼ਾਦੀ ਵਾਸਤੇ ਬੜਾ ਭਾਰੀ ਕੰਮ ਕੀਤਾ। ਸਪੀਕਰ ਸਾਹਿਬ, ਉਹ ਬ੍ਰਿਟੇਨ ਦੀ ਸਿਆਸਤ ਵਿੱਚ ਵੀ ਰਹੇ ਅਤੇ ਲੇਬਰ ਪਾਰਟੀ ਦੀ ਟਿਕਟ ਤੇ ਇਲੈਕਸ਼ਨ ਲੜੇ। ਉਸ ਦੇ ਬਾਅਦ ਉਹ ਵਲਾਇਤ ਦੇ ਕੋਰਟਸ ਵਿੱਚ ਪ੍ਰਿਵੀ ਕੌਂਸਲ ਵਿੱਚ ਪ੍ਰੈਕਟਿਸ ਕਰਦੇ ਰਹੇ। ਹਿੰਦੁਸਤਾਨ ਦੀ ਜਨਰਲ ਅਸੈਂਬਲੀ ਦੀ ਮੀਟਿੰਗ ਵਿੱਚ ਉਨ੍ਹਾਂ ਨੇ ਰਿਪ੍ਰੈਜ਼ੈਂਟ ਕੀਤਾ ਅਤੇ ਬਹੁਤ ਸਾਰੇ ਯੂਰਪੀਨ ਕੰਟਰੀਜ਼ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਪਰਸਨਲ ਸਫ਼ੀਰ ਦੇ ਤੌਰ ਤੇ ਕੰਮ ਕੀਤਾ। 1947 ਵਿੱਚ ਇੰਡੀਆ ਦੇ ਹਾਈ ਕਮਿਸ਼ਨਰ ਬਣ ਕੇ ਬ੍ਰਿਟੇਨ ਵਿਚ ਗਏ। ਆਇਰਲੈਂਡ ਦੇ ਵਿੱਚ ਐਂਬੈਸਡਰ ਵੀ ਰਹੇ। ਔਰ ਸੱਭ ਤੋਂ ਵੱਡੀ ਗੱਲ ਇਹ ਸੀ ਕਿ ਕਸ਼ਮੀਰ ਦਾ ਜੋ ਮਸਲਾ ਸੀ ਉਨ੍ਹਾਂ ਨੇ ਬੜੇ ਸੁਚੱਜੇ ਢੰਗ ਨਾਲ ਜਨਰਲ ਅਸੈਂਬਲੀ ਦੀ ਮੀਟਿੰਗ ਵਿੱਚ 10 ਘੰਟੇ ਲਗਾਤਾਰ ਸਪੀਚ ਕਰਕੇ ਉਨ੍ਹਾਂ ਨੇ ਪੇਸ਼ ਕੀਤਾ। ਉਹ ਰਾਜ ਸਭਾ ਦੇ ਅਤੇ ਲੋਕ ਸਭਾ ਦੇ ਮੈਂਬਰ ਰਹੇ ਅਤੇ ਉਸ ਤੋਂ ਬਾਅਦ ਮਨਿਸਟਰ ਵੀ ਰਹੇ। ਉਨ੍ਹਾਂ ਕੋਲ ਡੀਫੈਂਸ ਦਾ ਮਹਿਕਮਾ ਆਇਆ ਅਤੇ ਚੀਨ ਦੇ ਹਮਲੇ ਸਮੇਂ ਉਨ੍ਹਾਂ ਨੂੰ ਇਸ ਤੋਂ ਅਸਤੀਫਾ ਦੇਣਾ ਪਿਆ। ਉਸ ਦੇ ਬਾਅਦ ਸੁਪਰੀਮ ਕੋਰਟ ਦੇ ਵਿੱਚ ਪ੍ਰੈਕਟਿਸ ਕਰਦੇ ਰਹੇ। ਉਨ੍ਹਾਂ ਦੀ ਮੌਤ ਨਾਲ ਸਾਰੇ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਸ਼੍ਰੀ ਲਲਿਤ ਨਾਰਾਇਣ ਮਿਸ਼ਰਾ ਜਿਨ੍ਹਾਂ ਦੀ ਮੌਤ ਹੁਣੇ ਹੋਈ ਹੈ ਅਤੇ ਜਿਹੜੀ ਕਿ ਅਚਾਨਕ ਅਤੇ ਬੇਵਕਤ ਹੋਈ ਹੈ ਉਸ ਦਾ ਸਾਰੇ ਹਿੰਦੁਸਤਾਨ ਨੂੰ ਬੜਾ ਭਾਰੀ ਦੁੱਖ ਹੈ। ਅਸੀਂ ਕਿਸੇ ਕਿਸਮ ਦੀਆਂ ਹਿੰਸਾ ਦੀਆਂ ਘਟਨਾਵਾਂ ਜੋ ਹੁੰਦੀਆਂ ਹਨ ਸਾਡੀ ਪਾਰਟੀ ਉਸ ਦੀ ਨਿੰਦਾ ਕਰਦੀ ਹੈ। ਸਾਡੇ ਲੀਡਰ ਆਫ਼ ਦੀ ਹਾਊਸ ਨੂੰ ਇਸ ਡੈਲੀਕੇਟ ਮਾਮਲੇ ਨੂੰ ਇਸ ਵੇਲੇ ਨਹੀਂ ਸੀ ਛੇੜਨਾ ਚਾਹੀਦਾ। ਇਸ ਚੀਜ਼ ਦੀ ਹਾਲੀ ਕੋਈ ਇਨਕੁਆਇਰੀ ਨਹੀਂ ਹੋਈ ਕਿ ਇਸ ਦੇ ਪਿਛੇ ਕੌਣ ਜ਼ਿੰਮੇਵਾਰ ਹੈ। ਕੋਈ ਨਹੀਂ ਕਹਿ

ਸਕਦਾ ਕਿ ਕੀ ਗੱਲ ਹੈ । ਸਰਕਾਰ ਦੀਆਂ ਗਲਤ ਨੀਤੀਆਂ ਲਕਾਂ ਨੂੰ ਡੈਮੋਕਰੇਸੀ ਵਿੱਚ ਇਤਬਾਰ ਉਠਾਉਂਦੀਆਂ ਜਾ ਰਹੀਆਂ ਹਨ, ਇਹ ਵੀ ਇਸ ਦਾ ਕਾਰਨ ਹੋ ਸਕਦਾ ਹੈ । ਖੈਰ ਮੈਂ ਇਸ ਵਕਤ ਇਸ ਨੂੰ ਟੱਚ ਨਹੀਂ ਕਰਨਾ ਚਾਹੁੰਦਾ । ਜੋ ਕੁੱਝ ਵੀ ਹੋਇਆ ਹੈ ਹਿੰਦੁਸਤਾਨ ਦੇ ਲੋਕਾਂ ਨੇ, ਦੁਨੀਆਂ ਨੇ ਇਸ ਚੀਜ਼ ਨੂੰ ਪਸੰਦ ਨਹੀਂ ਕੀਤਾ ਅਤੇ ਇਸ ਦਾ ਬਹੁਤ ਰੋਸ ਮਨਾਇਆ ਹੈ । ਮੈਂ ਮਿਸ਼ਰਾ ਜੀ ਦੀ ਲਾਈਫ ਹਿਸਟਰੀ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਜਿਸ ਪਾਸੇ ਵੀ ਤੁਰੇ ਹਨ ਬੜੀ ਤੇਜ਼ੀ ਨਾਲ ਤੁਰੇ ਹਨ । 25 ਸਾਲਾਂ ਦੀ ਉਮਰ ਵਿੱਚ ਉਹ ਪਟਨਾ ਯੂਨੀਵਰਸਟੀ ਦੇ ਫੈਲੋ ਬਣ ਗਏ । 16 ਸਾਲ ਦੀ ਆਯੂ ਵਿਚ ਬਿਹਾਰ ਵਿੱਚ ਸਟੂਡੈਂਟਸ ਦੀ ਆਰਗੇਨਾਈਜ਼ੇਸ਼ਨ ਕੀਤੀ ਅਤੇ ਉਸ ਦੇ ਪ੍ਰੈਜ਼ੀਡੈਂਟ ਰਹੇ । ਜੰਗੇ ਆਜ਼ਾਦੀ ਦੀ ਲੜਾਈ ਵਿਚ ਕਈ ਜੇਲ੍ਹਾਂ ਕੱਟੀਆਂ, ਸਮਾਜ ਸੇਵਕ ਦੇ ਕੰਮਾਂ ਵਿੱਚ ਬੜੀ ਦਿਲਚਸਪੀ ਲਈ ਅਤੇ ਲੇਬਰ ਮੂਵਮੈਂਟ ਵਿੱਚ ਹਿੱਸਾ ਲਿਆ । ਉਹ 1952 ਤੋਂ 1962 ਤੱਕ ਲੋਕ ਸਭਾ ਦੇ ਮੈਂਬਰ ਰਹੇ । ਰਾਜ ਸਭਾ ਵਿਚ 1964 ਵਿੱਚ ਮੈਂਬਰ ਰਹੇ ਅਤੇ ਫਿਰ ਲੋਕ ਸਭਾ ਦੇ ਮੈਂਬਰ ਬਣੇ । ਉਹ ਸੈਂਟਰ ਦੀ ਮਨਿਸਟਰੀ ਵਿੱਚ ਰਹੇ ਅਤੇ ਪਹਿਲਾਂ ਉਹ ਡਿਪਟੀ ਮਨਿਸਟਰ ਅਤੇ ਮਨਿਸਟਰ ਆਫ ਸਟੇਟ ਫਾਰ ਲੇਬਰ ਐਂਡ ਰੀਹੈਬਿਲੀਟੇਸ਼ਨ ਰਹੇ । ਫਿਰ ਡਿਫੈਂਸ ਪ੍ਰੋਡਕਸ਼ਨ ਦੇ ਮਨਿਸਟਰ ਰਹੇ ਅਤੇ ਫਿਰ 1970 ਤੋਂ 1973 ਤੱਕ ਫਾਰਨ ਟਰੇਡ ਮਨਿਸਟਰ ਰਹੇ ਅਤੇ ਉਸ ਤੋਂ ਬਾਅਦ ਰੇਲਵੇ ਮਨਿਸਟਰੀ ਉਨ੍ਹਾਂ ਦੇ ਕੋਲ ਆਈ । ਉਨ੍ਹਾਂ ਨੇ ਬਹੁਤ ਸਾਰੇ ਡੈਲੀਗੇਸ਼ਨਜ਼ ਨੂੰ ਵੀ ਲੀਡ ਕੀਤਾ । ਸਾਨੂੰ ਉਨ੍ਹਾਂ ਦੀ ਮੌਤ ਤੇ ਬੜਾ ਭਾਰੀ ਅਫ਼ਸੋਸ ਹੈ।

ਸਪੀਕਰ ਸਾਹਿਬ, ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਜੋ ਇਕ ਪੁਰਾਣੇ ਦੇਸ਼ ਭਗਤ ਸਨ, ਨੇ ਜੰਗੇ ਆਜ਼ਾਦੀ ਵਿੱਚ ਆਪਣਾ ਬੇਹਤਰੀਨ ਹਿੱਸਾ ਪਾਇਆ ਅਤੇ ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਉਨ੍ਹਾਂ ਨੇ ਜੇਲ੍ਹਾਂ ਵਿੱਚ ਗੁਜ਼ਾਰਿਆ । 20 ਸਾਲ ਉਨ੍ਹਾਂ ਨੇ ਜੇਲ੍ਹਾਂ ਕੱਟੀਆਂ ਔਰ ਜੇਲ੍ਹਾਂ ਵਿੱਚ ਬੇਮਿਸਾਲ ਸਖਤੀਆਂ ਉਨ੍ਹਾਂ ਨੇ ਝੱਲੀਆਂ । ਉਹ ਢਾਈ ਢਾਈ ਤਿੰਨ ਤਿੰਨ ਸਾਲ ਜੇਲ੍ਹ ਵਿਚ ਬੰਦ ਰਹੇ ਕਿਉਂਕਿ ਉਨ੍ਹਾਂ ਨੇ ਯਤਨ ਕੀਤੇ ਕਿ ਜੇਲ੍ਹਾਂ ਵਿੱਚ ਸੁਧਾਰ ਕੀਤਾ ਜਾਵੇ । ਦੋ ਵਾਰ ਅਸੈਂਬਲੀ ਦੇ ਮੈਂਬਰ ਚੁਣੇ ਗਏ ਅਤੇ ਡਾਕਟਰ ਗੋਪੀ ਚੰਦ ਭਾਰਗਵ ਦੀ ਕੇਬਨਿਟ ਵਿੱਚ ਪਾਰਲੀਆਮੈਂਟਰੀ ਸੈਕਟਰੀ ਰਹੇ । ਲੇਕਿਨ ਅਫ਼ਸੋਸ ਹੈ ਕਿ ਉਨ੍ਹਾਂ ਦੀ ਆਖ਼ਰੀ ਜ਼ਿੰਦਗੀ ਬੜੀ ਤੰਗ ਦਸਤੀ ਨਾਲ ਗੁਜ਼ਰੀ ।

ਪ੍ਰਿੰਸੀਪਲ ਇਕਬਾਲ ਸਿੰਘ ਅਕਾਲੀ ਪਾਰਟੀ ਦੇ ਸਰਗਰਮ ਮੈਂਬਰ ਸਨ । ਪੰਜਾਬੀ ਸੂਬੇ ਦਾ ਜਿਹੜਾ ਮੋਰਚਾ ਲੱਗਿਆ ਉਸ ਦੇ ਪਹਿਲੇ ਡਿਕਟੇਟਰ ਸਨ ਅਤੇ ਖਾਲਸਾ ਕਾਲਜ ਦੀ ਸੰਸਥਾ ਦੇ ਮੈਂਬਰ ਸਨ ਅਤੇ ਅਕਾਲੀ ਦੱਲ ਦੀ ਵਰਕਿੰਗ ਕਮੇਟੀ ਦੇ ਬੜੀ ਦੇਰ ਮੈਂਬਰ ਰਹੇ । ਉਹ ਐਜੂਕੇਸ਼ਨਿਸਟ ਸਨ । ਉਨ੍ਹਾਂ ਨੇ ਪਿੰਡਾਂ ਵਿੱਚ ਤਾਲੀਮ ਦੇਣ ਵੱਲ ਧਿਆਨ ਦਿੱਤਾ ਅਤੇ ਸਕੂਲ ਔਰ ਕਾਲਜ ਖੋਲੇ ।

ਸਰਦਾਰ ਵਰਿਆਮ ਸਿੰਘ ਜੋ ਕਿ ਐਮ. ਐਲ. ਸੀ. ਰਹੇ ਸਨ 68 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ । ਉਹ ਬਹੁਤ ਵੱਡੇ ਲਿਖਾਰੀ ਸਨ ਅਤੇ ਉਨ੍ਹਾਂ ਨੇ ਬਹੁਤ ਕਿਤਾਬਾਂ ਲਿਖੀਆਂ ਸਨ । ਖਾਲਸਾ, ਕਾਲਜ, ਅੰਮ੍ਰਿਤਸਰ ਅਤੇ ਬੰਬਈ ਔਰ ਪੰਜਾਬ ਯੂਨੀਵਰਸਿਟੀ ਈਵਨਿੰਗ ਕਾਲਜ ਰੋਹਤਕ ਦੇ ਪ੍ਰਿੰਸੀਪਲ ਰਹੇ । ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਦੇ ਮੈਂਬਰ ਰਹੇ । ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਰਹੇ । ਉਹ ਬਹੁਤ ਸਾਲ ਐਮ. ਐਲ. ਏ. ਅਤੇ ਐਮ. ਐਲ. ਸੀ ਵੀ ਰਹੇ ।

[ਸਰਦਾਰ ਪਰਕਾਸ਼ ਸਿੰਘ ਬਾਦਲ]

ਸਰਦਾਰ ਤੇਜਾ ਸਿੰਘ ਨਾਮਧਾਰੀ ਐਮ. ਐਲ. ਸੀ. ਰਹੇ ਸਨ । ਉਨ੍ਹਾਂ ਦਾ ਨਾਮਧਾਰੀ ਦਰਬਾਰ ਨਾਲ ਬਹੁਤ ਵੱਡਾ ਸਬੰਧ ਸੀ । ਉਹ ਬਹੁਤ ਵੱਡੇ ਲੀਡਰ ਸਨ । ਉਹ ਪੰਜ ਸਾਲ ਲੈਂਡ ਕਸਟਮ ਅਫਸਰ ਰਹੇ । ਉਨ੍ਹਾਂ ਦੀ ਮੌਤ ਨਾਲ ਸਾਰੇ ਪੰਜਾਬ ਨੂੰ ਬਹੁਤ ਘਾਟਾ ਪਿਆ।

ਸਰਦਾਰ ਕਿਰਪਾਲ ਸਿੰਘ ਇਕ ਬੜੇ ਧਾਰਮਕ ਨੇਤਾ ਸਨ । ਉਹ ਵਰਲਡ ਰਿਲੀਜੀਅਸ ਕਾਨਫਰੰਸ ਦੇ ਪਰੈਜ਼ੀਡੈਂਟ ਸਨ । ਸਿਰਫ ਹਿੰਦੁਸਤਾਨ ਵਿੱਚ ਹੀ ਨਹੀਂ ਬਲਕਿ ਸਾਰੀ ਦੁਨੀਆ ਵਿੱਚ ਧਰਮ ਦਾ ਪ੍ਰਚਾਰ ਉਨ੍ਹਾਂ ਨੇ ਕੀਤਾ ਔਰ 20 ਤੋਂ ਵੱਧ ਕਿਤਾਬਾਂ ਲਿੱਖੀਆਂ ਜਿਹੜੀਆਂ ਕੰਪੈਰੇਟਿਵ ਸਟੱਡੀ ਆਂਫ ਰਿਲੀਜਨ ਦੇ ਸਿਲਸਲੇ ਵਿਚ ਸਨ । ਉਨ੍ਹਾਂ ਦੀ ਮੌਤ ਨਾਲ ਇਕ ਬਹੁਤ ਵੱਡਾ ਘਾਟਾ ਪਿਆ ।

ਮਿਸ ਮ੍ਰਿਦੁਲਾ ਸਾਰਾ ਭਾਈ ਦੇਸ਼ ਦੇ ਬਹੁਤ ਵੱਡੇ ਸ਼ੋਸ਼ਲ ਵਰਕਰ ਰਹੇ ਸਨ । ਸ਼ੇਖ ਅਬਦੁਲਾ ਦੀ ਮੂਵਮੈਂਟ ਨਾਲ ਉਨ੍ਹਾਂ ਦਾ ਗਹਿਰਾ ਰਾਬਤਾ ਸੀ । ਉਹ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਵੀ ਰਹੇ ਔਰ ਜਨਰਲ ਸਕੱਤਰ, ਆਲ ਇੰਡੀਆ ਕਾਂਗਰਸ ਪਾਰਟੀ ਵੀ ਰਹੇ । ਉਨ੍ਹਾਂ ਨੇ ਦੇਸ਼ ਦੀ ਸੱਭ ਤੋਂ ਪਹਿਲਾਂ ਜਿਹੜੀ ਸ਼ੋਸ਼ਲ ਆਰਗੇਨਾਈਜ਼ੇਸ਼ਨ ਬਣੀ ਉਸ ਵਿੱਚ ਸੇਵਾ ਕੀਤੀ । ਉਨ੍ਹਾਂ ਦੀ ਮੌਤ ਨਾਲ ਦੇਸ਼ ਇਕ ਮਹਾਨ ਸ਼ਖਸੀਅਤ ਤੋਂ ਵਾਂਝਿਆ ਹੋ ਗਿਆ ਹੈ ।

ਸ਼੍ਰੀ ਹੀਰਾ ਲਾਲ ਸ਼ਾਸਤਰੀ ਜੀ ਜੈਪਰ ਵਿੱਚ ਸੱਭ ਤੋਂ ਪਹਿਲੇ ਪਾਪੂਲਰ ਚੀਫ ਮਨਿਸਟਰ ਸਨ ਅਤੇ ਉਸ ਤੋਂ ਬਾਅਦ ਰਾਜਸਥਾਨ ਦੇ ਚੀਫ ਮਨਿਸਟਰ ਬਣੇ । ਉਨ੍ਹਾਂ ਨੇ ਵੀਕਰ ਸੈਕਸ਼ਨ, ਗਰੀਬ ਲੋਕਾਂ ਦੀ ਅਪਲਿਫਟ ਵਾਸਤੇ ਬੜਾ ਭਾਰੀ ਕੰਮ ਕੀਤਾ । ਪ੍ਰਜਾ ਮੰਡਲ ਵਿੱਚ ਬੜੀ ਸੇਵਾ ਕੀਤੀ ਔਰ ਉਸ ਤੋਂ ਬਾਅਦ ਆਲ ਇੰਡੀਆ ਸਟੇਟਸ ਕਾਨਫਰੰਸ ਦੇ ਜਨਰਲ ਸਕੱਤਰ ਰਹੇ । ਉਹ ਕੰਸਟੀਚੂਐਂਟ ਅਸੈਂਬਲੀ ਦੇ ਮੈਂਬਰ ਰਹੇ ਔਰ ਉਸ ਤੋਂ ਬਾਅਦ ਲੋਕ ਸਭਾ ਦੇ ਮੈਂਬਰ ਰਹੇ । ਉਨ੍ਹਾਂ ਦੀ ਮੌਤ ਨਾਲ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਸਪੀਕਰ ਸਾਹਿਬ, ਜਿਨ੍ਹਾਂ ਸ਼ਖਸੀਅਤਾਂ ਬਾਰੇ ਲੀਡਰ ਆਫ਼ ਦੀ ਹਾਊਸ ਨੇ ਮਤਾ ਪੇਸ਼ ਕੀਤਾ ਹੈ, ਮੈਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਔਰ ਵਾਹਿਗਰੂ ਅਗੇ ਪ੍ਰਾਰਥਨਾ ਕਰਦਾ ਹਾਂ ਕਿ ਉਨ੍ਹਾਂ ਸ਼ਖਸੀਅਤਾਂ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖ਼ਸ਼ੇ ਅਤੇ ਉਨ੍ਹਾਂ ਦੇ ਰਿਸ਼ਤੇਦਾਰਾ ਨੂੰ ਇਹ ਭਾਣਾ ਮੰਨਣ ਦੀ ਤਾਕਤ ਦੇਵੇ ।

ਕਾਮਰੇਡ ਸੱਤਪਾਲ ਡਾਂਗ: (ਅੰਮ੍ਰਿਤਸਰ ਪੱਛਮ) ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ, ਪਿਛਲੇ 4 ਮਹੀਨਿਆਂ ਵਿੱਚ ਜਿਹੜੀਆਂ ਸ਼ਖਸੀਅਤਾਂ ਸਾਡੇ ਕੋਲੋਂ ਜੁਦਾ ਹੋ ਗਈਆਂ, ਉਨ੍ਹਾਂ ਬਾਰੇ ਜਿਹੜਾ ਮਤਾ ਪੇਸ਼ ਕੀਤਾ ਹੈ ਔਰ ਉਸ ਮਤੇ ਦੇ ਸਬੰਧ ਵਿੱਚ ਉਨ੍ਹਾਂ ਨੇ ਜਿਨ੍ਹਾਂ ਜਜ਼ਬਾਤ ਦਾ ਇਜ਼ਹਾਰ ਕੀਤਾ ਹੈ ਮੈਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਜਜ਼ਬਾਤ ਨਾਲ ਔਰ ਉਸ ਮਤੇ ਨਾਲ ਪੂਰੇ ਤੌਰ ਤੇ ਐਸੋਸੀਏਟ ਕਰਨਾ ਚਾਹਵਾਂਗਾ ।

ਸ਼੍ਰੀ ਕ੍ਰਿਸ਼ਨਾ ਮੈਨਨ ਹਿੰਦੁਸਤਾਨ ਦੇ ਮਹਾਨ ਸਪੂਤਾਂ ਵਿੱਚੋਂ ਇਕ ਸਨ । ਆਜ਼ਾਦੀ ਤੋਂ ਪਹਿਲਾਂ ਉਨ੍ਹਾਂ ਨੇ ਜਿਹੜੀ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਸੀ, ਉਸ ਵਿਚ ਬਹੁਤ ਵੱਡਾ ਰੋਲ ਅਦਾ ਕੀਤਾ । ਜਿਸ ਤਰ੍ਹਾਂ ਅੱਜ ਆਪਣੇ ਦੇਸ਼ ਵਿੱਚ ਕਈ ਹੋਰ ਦੇਸ਼ਾਂ ਦੇ ਨੁਮਾਇੰਦੇ ਆਉਂਦੇ ਰਹਿੰਦੇ

ਆਪਣੀ ਆਜ਼ਾਦੀ ਦੀ ਲੜਾਈ ਲੜ ਰਹੇ ਹਨ ਜਾਂ ਅੱਜ ਤੋਂ ਥੋੜ੍ਹਾ ਚਿਰ ਪਹਿਲਾਂ ਜਿਸ ਤਰ੍ਹਾਂ ਵੀਅਤਨਾਮ ਅਮਰੀਕਾ ਨਾਲ ਅਤੇ ਅਲਜੀਰੀਆ ਫਰਾਂਸ ਨਾਲ ਆਪਣੀ ਆਜ਼ਾਦੀ ਲਈ ਲੜਦੇ ਸਨ ਅਤੇ ਉਨ੍ਹਾਂ ਦੇ ਨੁਮਾਇੰਦੇ ਦੁਨੀਆਂ ਦੇ ਦੂਜੇ ਦੇਸ਼ਾਂ ਵਿੱਚ ਜਾ ਕੇ ਆਪਣੀ ਆਜ਼ਾਦੀ ਦੀ ਲੜਾਈ ਨੂੰ ਮਜ਼ਬੂਤ ਕਰਦੇ ਸਨ ਉਸੇ ਤਰਾਂ ਕ੍ਰਿਸ਼ਨਾ ਮੈਨਨ ਹਿੰਦੁਸਤਾਨ ਦੀ ਆਜ਼ਾਦੀ ਤੋਂ ਪਹਿਲਾਂ ਇੰਗਲਿਸਤਾਨ ਵਿੱਚ ਰਹਿ ਕੇ, ਜਿੱਥੇ ਦੇ ਹੁਕਮਰਾਨ ਸਾਡੇ ਦੇਸ਼ ਤੇ ਰਾਜ ਕਰਦੇ ਸਨ, ਲੰਡਨ ਤਾਰੀਖ ਦੇ ਅੰਦਰ ਲੰਡਨ ਵਿੱਚ ਅੰਗਰੇਜ਼ਾਂ ਦੇ ਇੰਗਲਿਸਤਾਨ ਦੇ ਹੁਕਮਰਾਨਾਂ ਦੇ ਖਿਲਾਫ ਲੜੇ। ਸ੍ਰੀ ਕ੍ਰਿਸ਼ਨਾ ਮੈਨਨ ਨੇ ਆਜ਼ਾਦੀ ਦੀ ਲੜਾਈ ਵਿੱਚ ਬਹੁਤ ਵੱਡਾ ਹਿਸਾ ਪਾਇਆ। ਇਸ ਦਾ ਜ਼ਿਕਰ ਚੀਫ ਮਨਿਸਟਰ ਸਾਹਿਬ ਨੇ ਅਤੇ ਬਾਦਲ ਸਾਹਿਬ ਨੇ ਵੀ ਕੀਤਾ ਹੈ ਲੇਕਿਨ ਮੈਂ ਫਿਰ ਵੀ ਕਸ਼ਮੀਰ ਦੇ ਸਬੰਧ ਵਿੱਚ ਜਿਹੜਾ ਉਨ੍ਹਾਂ ਨੇ ਇਤਿਹਾਦੀ ਸਭਾ ਵਿੱਚ ਹਿੰਦੁਸਤਾਨ ਦੇ ਨੁਮਾਇੰਦੇ ਵਜੋਂ ਕੰਮ ਕੀਤਾ ਹੈ ਉਸ ਦਾ ਜ਼ਿਕਰ ਕਰਨਾ ਚਾਹਵਾਂਗਾ। ਉਹ ਇਤਿਹਾਦੀ ਸਭਾ ਵਿੱਚ ਹਿੰਦੁਸਤਾਨ ਦੀ ਕਸ਼ਮੀਰ ਬਾਰੇ ਉਸ ਪਾਲਿਸੀ ਦੀ ਨੁਮਾਇੰਦਗੀ ਕਰ ਰਹੇ ਸਨ ਜਿਸ ਨੀਤੀ ਦੀ ਜਿੱਤ ਅਸੀਂ ਅੱਜ ਵੇਖਦੇ ਹਾਂ ਕਿ ਕਸ਼ਮੀਰ ਦਾ ਮਸਲਾ ਹੱਲ ਹੋਣ ਵੱਲ ਜਾ ਰਿਹਾ ਹੈ ਅਤੇ ਕਸ਼ਮੀਰ ਹਿੰਦੁਸਤਾਨ ਵਿੱਚ ਪੱਕੇ ਤੌਰ ਤੇ ਇਸ ਤਰ੍ਹਾਂ ਸ਼ਾਮਲ ਹੋ ਜਾ ਰਿਹਾ ਹੈ ਕਿ ਕੁਝ ਸਮੇਂ ਤੋਂ ਬਾਅਦ ਉਸ ਨੂੰ ਚੈਲਿੰਜ ਕਰਨਾ ਸੰਭਵ ਨਹੀਂ ਰਹੇਗਾ। ਸ਼ੇਖ ਅਬਦੁੱਲਾ ਨਾਲ ਸਮਝੌਤਾ ਹੋ ਜਾਣ ਤੋਂ ਪਹਿਲਾਂ ਕਸ਼ਮੀਰ ਦੇ ਸਬੰਧ ਵਿੱਚ ਜਿਹੜਾ ਰੋਲ ਉਸ ਨੇ ਅਦਾ ਕੀਤਾ ਉਹ ਉਚੇਚੇ ਤੌਰ ਤੇ ਯਾਦ ਕਰਨਾ ਪਵੇਗਾ। ਇਸ ਤੋਂ ਇਲਾਵਾ ਕ੍ਰਿਸ਼ਨਾ ਮੈਨਨ ਹਿੰਦੁਸਤਾਨ ਦੇ ਡਿਫੈਂਸ ਮਨਿਸਟਰ ਰਹੇ ਜਿਸ ਨੂੰ ਦੁਨੀਆਂ ਦੇ ਇਤਿਹਾਸ ਪੜ੍ਹਨ ਵਾਲੇ ਕਦੇ ਨਹੀਂ ਭੁੱਲਣਗੇ। ਹਿੰਦੁਸਤਾਨ ਨੇ ਆਜ਼ਾਦੀ ਹਾਸਲ ਕੀਤੀ 1947 ਵਿੱਚ ਸਿਆਸੀ ਤੌਰ ਤੇ, ਪਰ ਇਸ ਤੋਂ ਪਹਿਲਾਂ ਕਿ ਅਸੀਂ ਪੱਕੇ ਤੌਰ ਤੇ ਆਪਣੇ ਪੈਰਾਂ ਤੇ ਆਜ਼ਾਦ ਹੋ ਕੇ ਖੜ੍ਹੇ ਰਹਿ ਸਕੀਏ ਉਨ੍ਹਾਂ ਸਾਮਰਾਜੀ ਤਾਕਤਾਂ ਨੇ ਮੁੜ ਗੁਲਾਮ ਬਣਾਉਣ ਦੇ ਯਤਨ ਕੀਤੇ ਅਤੇ ਉਨ੍ਹਾਂ ਸਾਮਰਾਜੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਜ਼ਰੂਰੀ ਸੀ ਕਿ ਅਸੀਂ ਆਰਥਿਕ ਤੌਰ ਤੇ, ਫੌਜੀ ਤੌਰ ਤੇ ਆਪਣੇ ਪੈਰਾਂ ਤੇ ਖੜ੍ਹੇ ਹੁੰਦੇ। ਉਹ ਸਾਮਰਾਜ ਤੇ ਸਾਡਾ ਹਿੰਦੁਸਤਾਨ ਨਿਰਭਰ ਨਾ ਰਹੇ ਸ੍ਰੀ ਕ੍ਰਿਸ਼ਨਾ ਮੈਨਨ ਨੇ ਇਕ ਬੜਾ ਵੱਡਾ ਰੋਲ ਅਦਾ ਕੀਤਾ ਜਿਸ ਨੂੰ ਅਪੜ੍ਹਣ ਵਾਲੇ ਹਿੰਦੁਸਤਾਨ ਦੇ ਲੋਕ ਨਹੀਂ ਭੁੱਲ ਸਕਣਗੇ।

ਡਿਫੈਂਸ ਮਨਿਸਟਰ ਦੇ ਤੌਰ ਤੇ ਸ੍ਰੀ ਕ੍ਰਿਸ਼ਨਾ ਮੈਨਨ ਨੇ ਜਿਸ ਢੰਗ ਨਾਲ ਕਦਮ ਚੁੱਕੇ ਹਿੰਦੁਸਤਾਨ ਫੌਜੀ ਤੌਰ ਤੇ, ਆਰਥਿਕ ਤੌਰ ਤੇ, ਬਰਤਾਨਵੀ ਸਾਮਰਾਜ ਤੇ ਨਿਰਭਰ ਨਾ ਰਿਹਾ ਸਾਮਰਾਜੀ ਸ਼ਕਤੀਆਂ ਨਹੀਂ ਸੀ ਚਾਹੁੰਦੀਆਂ ਕਿ ਹਿੰਦੁਸਤਾਨ ਸਿਆਸੀ ਆਜ਼ਾਦੀ ਹਾਸਲ ਕਰਨ ਤੋਂ ਬਾਅਦ ਡਿਫੈਂਸ ਦੇ ਤੌਰ ਤੇ, ਆਰਥਿਕ ਤੌਰ ਤੇ ਆਪਣੇ ਪੈਰਾਂ ਤੇ ਖੜ੍ਹਾ ਹੋਵੇ, ਪਰ ਸ੍ਰੀ ਕ੍ਰਿਸ਼ਨਾ ਮੈਨਨ ਨੇ ਹਿੰਦੁਸਤਾਨ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰ ਦਿੱਤਾ। ਸੋਵੀਅਤ ਰੂਸ ਅਤੇ ਹੋਰ ਸੋਸ਼ਲਿਸਟ ਦੇਸ਼ਾਂ ਤੋਂ ਬੇਲਾਗ ਮਦਦ ਲੈ ਕੇ ਕ੍ਰਿਸ਼ਨਾ ਮੈਨਨ ਨੇ ਹਿੰਦੁਸਤਾਨ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ ਇਕ ਮਹਾਨ ਰੋਲ ਅਦਾ ਕੀਤਾ ਜਿਹੜਾ ਹਿੰਦੁਸਤਾਨ ਦੇ ਲੋਕ ਨਹੀਂ ਭੁੱਲ ਸਕਣਗੇ। ਇਸ ਦੇ ਨਾਲ ਹੀ ਕੁੱਝ ਕਮਿਊਨਲ ਤਤਵਾਂ ਨੇ ਐਸਾ ਮਾਹੌਲ ਪੈਦਾ ਕਰ ਦਿੱਤਾ, ਕਿਉਂਕਿ ਉਨ੍ਹਾਂ ਨੂੰ ਹਿੰਦੁਸਤਾਨ ਦਾ ਚੰਗਾ ਮਾਹੌਲ ਸੁਖਾਂਦਾ ਨਹੀਂ ਸੀ, ਕਿ ਉਸ ਵੇਲੇ ਦੇ ਪ੍ਰਾਈਮ ਮਨਿਸਟਰ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਸ੍ਰੀ ਕ੍ਰਿਸ਼ਨਾ ਮੈਨਨ ਦਾ ਅਸਤੀਫਾ ਮਨਜ਼ੂਰ ਕਰਨਾ ਪਿਆ। ਇਸ ਦੇ ਬਾਅਦ ਉਹ ਸੁਪਰੀਮ ਕੋਰਟ ਵਿੱਚ ਪ੍ਰੈਕਟਿਸ ਹੀ ਨਹੀਂ ਕਰਦੇ ਬਲਕਿ ਪਹਿਲਾਂ ਨਾਲੋਂ ਵੀ ਜ਼ਿਆਦ ਦੁਨੀਆ ਭਰ ਦੀ ਅਮਨ ਲਹਿਰ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਉਹ ਲਹਿਰ ਅੱਜ ਦੁਨੀਆਂ ਵਿੱਚ ਸੱਭ ਤੋਂ

[ਕਾਮਰੇਡ ਸੱਤਪਾਲ ਡਾਂਗ]

ਵੱਡੀ ਲਹਿਰ ਬਣ ਗਈ ਹੈ । ਜਿਤਨੇ ਲੋਕ ਅੱਜ ਉਸ ਦੇ ਪਿੱਛੇ ਹਨ ਹੋਰ ਕਿਸੇ ਦੇ ਪਿੱਛੇ ਨਹੀਂ । ਉਹ ਦੁਨੀਆਂ ਭਰ ਦੀਆਂ ਅਮਨ ਲਹਿਰਾਂ ਦਾ ਮੁੱਖੀ ਅਤੇ ਆਗੂ ਸੀ । ਹਿੰਦੁਸਤਾਨ ਦੀ ਆਜ਼ਾਦੀ ਨੂੰ ਕਾਇਮ ਰੱਖਣ ਵਾਸਤੇ, ਇਸ ਦੀ ਆਰਥਿਕ ਅਤੇ ਫੌਜੀ ਤਾਕਤ ਨੂੰ ਮਜ਼ਬੂਤ ਕਰਨ ਵਾਸਤੇ ਯਤਨ ਕੀਤੇ ਅਤੇ ਨਾਲ ਹੀ ਸਾਮਰਾਜੀ ਸ਼ਕਤੀਆਂ ਵੱਲੋਂ ਤੀਜੀ ਵਡੀ ਅਤੇ ਐਟੋਮਿਕ ਜੰਗ ਨੂੰ ਰੋਕਣ ਲਈ ਲੜਦੇ ਰਹੇ । ਜਿਤਨਾ ਚਿਰ ਸ੍ਰੀ ਕ੍ਰਿਸ਼ਨਾ ਮੈਨਨ ਜੀ ਜ਼ਿੰਦਾ ਰਹੇ ਉਨ੍ਹਾਂ ਨੇ ਆਖਰੀ ਦਮ ਤੱਕ ਇਨ੍ਹਾਂ ਨੀਤੀਆਂ ਲਈ, ਹਿੰਦੁਸਤਾਨ ਦੀ ਆਰਥਿਕ ਆਜ਼ਾਦੀ ਨੂੰ ਮਜ਼ਬੂਤ ਕਰਨ ਲਈ, ਦੁਨੀਆ ਭਰ ਵਿੱਚ ਤੀਜੀ ਜੰਗ ਦੇ ਖਤਰੇ ਨੂੰ, ਜਿਹੜਾ ਖਤਰਾ ਕਿ ਸਾਮਰਾਜੀ ਸ਼ਕਤੀਆਂ ਵੱਲੋਂ ਸੀ, ਉਸ ਖਤਰੇ ਨੂੰ ਦੂਰ ਕਰਨ ਲਈ ਉਹ ਲੜਦੇ ਰਹੇ । ਅਸੀਂ ਉਨ੍ਹਾਂ ਦੀ ਜ਼ਿੰਦਗੀ ਤੋਂ ਬੜੇ ਸਬਕ ਲੈ ਸਕਦੇ ਹਾਂ ।

ਜਿਥੇ ਅਸੀਂ ਸ੍ਰੀ ਕ੍ਰਿਸ਼ਨਾ ਮੈਨਨ ਜੀ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ, ਉਥੇ ਜਿਨ੍ਹਾਂ ਹਾਲਾਤ ਵਿੱਚ ਸ੍ਰੀ ਲਲਿਤ ਨਰੈਣ ਮਿਸ਼ਰਾ ਦੀ ਮੌਤ ਹੋਈ ਹੈ, ਉਹ ਵੀ ਉਚੇਚੀ ਮਹਾਨਤਾ ਰੱਖਦੀ ਹੈ । ਸ੍ਰੀ ਮਿਸ਼ਰਾ ਹਿੰਦੁਸਤਾਨ ਦੇ ਰੇਲਵੇ ਮਨਿਸਟਰ ਹੀ ਨਹੀਂ ਸਨ, ਇਕ ਬੜੇ ਵੱਡੇ ਸੂਬੇ ਬਿਹਾਰ ਦੀ ਰਾਜਨੀਤੀ ਵਿੱਚ ਉਚੇਰੀ ਜਗ੍ਹਾ ਰੱਖਣ ਵਾਲੇ ਹੀ ਨਹੀਂ ਸਨ, ਸਗੋਂ ਉਹ ਹਿੰਦੁਸਤਾਨ ਦੀ ਹੁਕਮਰਾਨ ਪਾਰਟੀ ਦੇ ਮੁੱਖੀ ਲੀਡਰਾਂ ਵਿੱਚੋਂ ਸਨ ਅਤੇ ਕਾਂਗਰਸ ਪਾਰਟੀ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਦੇ ਨਾਲ ਚਲਣ ਵਾਲੇ ਇਕ ਮੁੱਖੀ ਆਗੂ ਵੀ ਸਨ । ਜਿਨ੍ਹਾਂ ਹਾਲਾਤ ਵਿਚ ਉਨ੍ਹਾਂ ਦੀ ਮੌਤ ਹੋਈ ਇਸ ਨੂੰ ਅਫਸੋਸਨਾਕ ਤਾਂ ਹਰ ਕੋਈ ਕਹੇਗਾ ਪਰ ਸਾਨੂੰ ਇਸ ਤੋਂ ਬਹੁਤ ਜ਼ਿਆਦਾ ਸਬਕ ਲੈਣਾ ਚਾਹੀਦਾ ਹੈ । ਇਹ ਸ਼ਾਇਦ ਕੁੱਝ ਸਮਾਂ ਬਾਅਦ ਪਤਾ ਲੱਗੇ ਕਿ ਕਿਸ ਹੱਥੋਂ ਮੌਤ ਹੋਈ ਲੇਕਿਨ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਰਨ ਵਾਸਤੇ ਬੰਦੇ ਖਰੀਦੇ ਜਾ ਸਕਦੇ ਹਨ । ਪਰ ਅਸੀਂ ਵੇਖਾਂ ਇਹੋ ਜਿਹੀਆਂ ਮੌਤਾਂ ਕਿਸੇ ਖਾਸ ਕਿਸਮ ਦੇ ਮਾਹੌਲ ਦਾ ਨਤੀਜਾ ਹੁੰਦੀਆਂ ਹਨ । ਬੰਬ ਫੈਂਕਣ ਵਾਲਾ ਕੋਈ ਵੀ ਹੋਵੇ, ਪਰ ਜੇ ਅੱਜ ਅਸੀਂ ਹਿੰਦੁਸਤਾਨ ਦੇ ਮੁਸਤਕਬਿਲ ਨੂੰ ਬਚਾ ਰੱਖਣਾ ਚਾਹੁੰਦੇ ਹਾਂ ਤਾਂ ਇਸ ਚੀਜ਼ ਉਤੇ ਵਿਚਾਰ ਕਰਨਾ ਹਰ ਹਿੰਦੁਸਤਾਨੀ ਦਾ ਫਰਜ਼ ਬਣ ਜਾਂਦਾ ਹੈ ਕਿ ਇਹ ਜਿਹੇ ਹਾਲਾਤ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਹੈ । ਜਿਨ੍ਹਾਂ ਹਾਲਾਤ ਵਿੱਚ ਉਨ੍ਹਾਂ ਦੀ ਮੌਤ ਹੋਈ ਹੈ, ਉਹ ਹਿੰਦੁਸਤਾਨ ਦੀ ਰਾਜਨੀਤੀ ਵਿਚ ਇੱਕ ਨਵੇਂ ਖਤਰ ਦੀ ਨਿਸ਼ਾਨੀ ਹੈ । ਜੇ ਅਸੀਂ ਅੱਜ, ਇਨ੍ਹਾਂ ਖਤਰਨਾਕ ਚੀਜ਼ਾਂ ਨੂੰ ਨਹੀਂ ਵੇਖਾਂਗੇ ਤਾਂ ਸਾਨੂੰ ਬੜਾ ਵੱਡਾ ਨੁਕਸਾਨ ਪਹੁੰਚੇਗਾ । ਇੱਥੇ ਮੈਂ ਇੱਕ ਗੱਲ ਕਹੇ ਬਗੈਰ ਨਹੀਂ ਰਹਿ ਸਕਦਾ । ਅਮਰੀਕਾ ਦੀ ਇਕ ਅਖਬਾਰ 'ਨਿਊਯਾਰਕ ਟਾਈਮਜ਼' ਵਿੱਚ ਇਕ ਐਡੀਟੋਰੀਅਲ ਨਿਕਲਿਆ ਹੈ—ਜਿਹੜਾ ਕਿ ਅੱਜ ਦੀ ਟਰੀਬਿਊਨ ਅਖਬਾਰ ਵਿੱਚ ਛਪਿਆ ਹੈ । ਸਾਨੂੰ ਹਿੰਦੁਸਤਾਨ ਦੀ ਸਰਕਾਰ ਅਤੇ ਪ੍ਰਧਾਨ ਮੰਤਰੀ ਨਾਲ ਬਹੁਤ ਮਤ-ਭੇਦ ਹੋ ਸਕਦੇ ਹਨ, ਸਾਡੀ ਪਾਰਟੀ ਦੇ ਵੀ ਅਣਗਿਣਤੀ ਮਤ-ਭੇਦ ਉਨ੍ਹਾਂ ਦੀਆਂ ਨੀਤੀਆਂ ਨਾਲ ਹੋ ਸਕਦੇ ਹਨ ਲੇਕਿਨ ਹਿੰਦੁਸਤਾਨ ਦੀ ਆਜ਼ਾਦੀ ਦੀ ਰਕਸ਼ਾ ਵਿੱਚ ਅਗਰ ਸਾਮਰਾਜੀ ਤਾਕਤਾਂ ਵੱਲੋਂ ਕੋਈ ਖਤਰਾ ਹੋਵੇ ਤਾਂ ਅਸੀਂ ਸਾਰੇ ਹਿੰਦੁਸਤਾਨੀ ਇਕ ਹਾਂ । ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਨੇ ਇਕ ਤਕਰੀਰ ਕੀਤੀ ਕਿ ਹਿੰਦੁਸਤਾਨ ਦੇ ਨਜ਼ਦੀਕ ਜਿਹੜੇ ਸਾਮਰਾਜੀ ਦੇਸ਼ ਫੌਜੀ ਅੱਡੇ ਬਣਾ ਰਹੇ ਹਨ ਇਨ੍ਹਾਂ ਤੋਂ ਹਿੰਦੁਸਤਾਨ ਨੂੰ ਖਤਰਾ ਹੋ ਸਕਦਾ ਹੈ । ਇਸ ਤੇ ਗੁੱਸੇ ਹੋ ਕੇ ਅਮਰੀਕਾ ਦੇ ਅਖਬਾਰ ਨੇ

ਲਿਖਿਆ ਹੈ ਕਿ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇਕ ਐਰੋਗੈਂਟ ਲੇਡੀ ਹੈ, ਮਗਰੂਰ ਲੇਡੀ ਹੈ, ਜਿਸ ਹਥੋਂ ਖਾਂਦੀ ਹੈ ਉਨ੍ਹਾਂ ਨੂੰ ਹੀ ਅਖਾਂ ਵਿਖਾਉਂਦੀ ਹੈ ਅਤੇ ਅਮਰੀਕਾ ਦੇ ਦਸੇ ਹੋਏ ਰਸਤੇ ਤੇ ਨਹੀਂ ਚਲਦੀ। ਅਰਬਾਂ ਨੂੰ ਇਹ ਸਾਮਰਾਜੀ ਦੇਸ਼ ਸਦੀਆਂ ਤੋਂ ਲੁਟ ਰਹੇ ਸਨ। ਉਨ੍ਹਾਂ ਦੀ ਤੇਲ ਦੀ ਦੌਲਤ ਨੂੰ ਲੁਟ ਕੇ ਫਿਰ ਸਾਨੂੰ ਮਹਿੰਗੇ ਭਾਅ ਤੇ ਵੇਚਦੇ ਸਨ। ਜਦੋਂ ਉਹ ਅਰਬ ਦੇਸ਼ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਕਿਹਾ ਕਿ ਸਾਡਾ ਮਾਲ ਤੁਸੀਂ ਸਸਤਾ ਲੈਂਦੇ ਹੋ ਅਤੇ ਆਪਣਾ ਮਾਲ ਸਾਨੂੰ ਮਹਿੰਗਾ ਵੇਚਦੇ ਹੋ ਇਸ ਲਈ ਸਾਡੇ ਤੇਲ ਦਾ ਸਾਨੂੰ ਠੀਕ ਭਾਅ ਦਿਓ। ਅਰਬ ਦੇਸ਼ਾਂ ਨੇ ਹਿੰਦੁਸਤਾਨ ਵਰਗੇ ਦੇਸ਼ਾਂ ਨੂੰ ਕਿਹਾ ਕਿ ਸਾਮਰਾਜੀ ਤੇਲ ਕੰਪਨੀਆਂ ਸਾਡੇ ਕੋਲੋਂ ਤੇਲ ਲੁਟ ਕੇ ਤੁਹਾਨੂੰ ਮਹਿੰਗੇ ਭਾਅ ਤੇ ਦਿੰਦੀਆਂ ਹਨ, ਇਸ ਲਈ ਤੁਸੀਂ ਸਾਡੇ ਨਾਲ ਸਿੱਧੀ ਗਲ ਬਾਤ ਕਰੋ। ਹਿੰਦੁਸਤਾਨ ਦੀ ਸਰਕਾਰ ਅੱਜ ਅਰਬ ਦੇਸ਼ਾਂ ਨਾਲ ਗਲ ਬਾਤ ਕਰ ਕੇ ਹਿੰਦੁਸਤਾਨ ਦੇ ਤੇਲ ਦੇ ਸੰਕਟ ਨੂੰ ਘਟ ਕਰ ਰਹੀ ਹੈ ਤਾਂ ਅਮਰੀਕਾ ਦਾ ਅਖਬਾਰ 'ਨਿਊਯਾਰਕ ਟਾਈਮਜ਼' ਲਿਖਦਾ ਹੈ ਕਿ ਇਸ ਵਿਚ ਹਿੰਦੁਸਤਾਨ ਦਾ ਕਸੂਰ ਹੈ। ਇਹ ਅਰਬ ਦੇਸ਼ਾਂ ਦੀ ਨੁਕਤਾਚੀਨੀ ਕਿਉਂ ਨਹੀਂ ਕਰਦੇ ਉਨ੍ਹਾਂ ਤੇ ਹਮਲਾ ਕਿਉਂ ਨਹੀਂ ਕਰਦੇ ਜਿਸ ਤਰ੍ਹਾਂ ਕਿ ਅਮਰੀਕਾ ਚਾਹੁੰਦਾ ਹੈ, ਤਾਂ ਕਿ ਸਾਮਰਾਜੀ ਤਾਕਤਾਂ ਦੀ ਲੁਟ ਖਸੁਟ ਕਾਇਮ ਰਹੇ। ਇਸ ਲਈ ਜਿਨ੍ਹਾਂ ਹਾਲਾਤ ਵਿਚ ਮਿਸ਼ਰਾ ਸਾਹਿਬ ਦਾ ਕਤਲ ਹੋਇਆ ਹੈ ਉਸ ਤੋਂ ਸਾਨੂੰ ਸਬਕ ਸਿਖਣਾ ਚਾਹੀਦਾ ਹੈ। ਅਗਰ ਅਸੀਂ ਇਸ ਤੋਂ ਸਬਕ ਨਹੀਂ ਸਿਖ ਸਕਦੇ ਤਾਂ 'ਨਿਊਯਾਰਕ ਟਾਈਮਜ਼' ਨੇ ਇਸੀ ਤਰ੍ਹਾਂ ਲਿਖਣਾ ਹੈ ਅਤੇ ਇਸ ਨਾਲ ਇਹ ਹਾਲਾਤ ਅਤੇ ਮਾਹੌਲ ਹੋਰ ਉਘੜ ਕੇ ਸਾਡੇ ਸਾਹਮਣੇ ਆਏ ਹਨ ਅਤੇ ਇਸ ਲਈ ਸਾਨੂੰ ਇਸ ਤੋਂ ਜ਼ਰੂਰ ਸਬਕ ਲੈਣਾ ਚਾਹੀਦਾ ਹੈ। ਜਿਥੇ ਅਸੀਂ ਸ੍ਰੀ ਮਿਸ਼ਰਾ ਸਾਹਬ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ ਅਤੇ ਉਨ੍ਹਾਂ ਦੇ ਟੱਬਰ ਦੇ ਮੈਂਬਰਾਂ ਦੇ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ ਉਥੇ ਮੈਂ ਇਹ ਬੇਨਤੀ ਫਿਰ ਵੀ ਕਰਾਂਗਾ ਕਿ ਜਿਨ੍ਹਾਂ ਹਾਲਾਤ ਵਿਚ ਉਨ੍ਹਾਂ ਦਾ ਕਤਲ ਹੋਇਆ, ਉਨ੍ਹਾਂ ਦੀ ਮੌਤ ਹੋਈ, ਇਹ ਹਿੰਦੁਸਤਾਨ ਲਈ ਖਤਰਾ ਪੈਦਾ ਕਰ ਸਕਦੇ ਹਨ ਅਤੇ ਸਾਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ ਇਸ ਅਸੈਂਬਲੀ ਦੇ ਮੈਂਬਰ ਸਨ ਅਤੇ ਉਨ੍ਹਾਂ ਨਾਲ ਰਲ ਕੇ ਕੰਮ ਕਰਨ ਦਾ ਕਾਫੀ ਸਮਾਂ ਮਿਲਿਆ। ਉਹ ਇਕ ਨਿਡਰ ਅਤੇ ਆਪਣੀ ਰਾਏ ਦਾ ਇਜ਼ਹਾਰ ਕਰਨ ਵਾਲੇ ਵਿਅਕਤੀ ਸਨ। ਸੰਧੂ ਜੀ ਇਕ ਸਿਆਸੀ ਫੈਮਿਲੀ ਵਿਚੋਂ ਸਨ। ਉਨ੍ਹਾਂ ਦੇ ਦਾਦਾ ਜੀ ਫਰੀਡਮ ਫਾਈਟਰ ਸਨ। ਆਜ਼ਾਦੀ ਦੀ ਲਹਿਰ ਵਿਚ ਉਨ੍ਹਾਂ ਨੇ ਕਾਫੀ ਹਿੱਸਾ ਲਿਆ। ਉਨ੍ਹਾਂ ਦੇ ਪਿਤਾ ਇਕ ਅਗਾਂਹ ਵਧੂ ਲਹਿਰ ਨਾਲ ਸਬੰਧ ਰਖਦੇ ਸਨ ਅਤੇ ਕਮਿਊਨਿਸਟ ਪਾਰਟੀ ਦੇ ਮੈਂਬਰ ਵੀ ਸਨ। ਅੰਬਾਲਾ ਸ਼ਹਿਰ ਦੀ ਮਿਊਂਸਪਲ ਕਮੇਟੀ ਦੇ ਮੈਂਬਰ ਵੀ ਉਹ ਰਹੇ। ਸੰਧੂ ਸਾਹਿਬ ਦੇ ਜੋ ਵਿਚਾਰ ਸਨ ਉਹ ਉਨ੍ਹਾਂ ਨੂੰ ਨਿਡਰਤਾ ਨਾਲ ਪੇਸ਼ ਕਰਦੇ ਸਨ। ਸ਼ਡਿਊਲਡ ਕਾਸਟ ਲੋਕਾਂ ਨਾਲ ਉਨਾਂ ਦੀ ਜ਼ਾਤੀ ਹਮਦਰਦੀ ਸੀ। ਇਸ ਵਿਚ ਦੋਰਾਵਾਂ ਨਹੀਂ ਹੋ ਸਕਦੀਆਂ। ਸੰਧੂ ਸਾਹਿਬ ਉਨ੍ਹਾਂ ਸਜਣਾਂ ਵਿਚੋਂ ਸਨ ਜਿਹੜੇ ਹਰ ਸਾਮਰਾਜੀ ਤਾਕਤ ਵਿਰੁਧ ਆਵਾਜ਼ ਉਠਾਉਂਦੇ ਸਨ। ਜੋ ਵੀਤਨਾਮ ਵਿਚ ਅਮਰੀਕਾ ਜੰਗ ਲੜ ਰਿਹਾ ਸੀ ਅਤੇ ਸਾਡੇ ਦੇਸ਼ ਨੂੰ ਸਾਮਰਾਜੀ ਤਾਕਤਾਂ ਤੋਂ ਕੋਈ ਖਤਰਾ ਹੋ ਸਕਦਾ ਸੀ ਤਾਂ ਉਹ ਦੇਸ਼ ਦੀਆਂ ਅਗਾਂਹ ਵਧੂ ਸ਼ਕਤੀਆਂ ਨਾਲ ਸਹਿਮਤ ਹੁੰਦੇ ਸਨ ਅਤੇ ਆਪਣੀ ਆਵਾਜ਼ ਉਠਾਉਂਦੇ ਸਨ। ਉਨ੍ਹਾਂ ਦੀ ਮੌਤ

(ਕਾਮਰੇਡ ਸੱਤਪਾਲ ਡਾਂਗ)

ਦਾ ਸਾਨੂੰ ਬੜਾ ਦੁਖ ਹੈ ਅਤੇ ਇਸ ਦੁਖ ਵਿਚ ਸਾਡੀ ਪਾਰਟੀ ਵੀ ਆਪਣੇ ਆਪ ਨੂੰ ਸ਼ਰੀਕ ਕਰਦੀ ਹੈ ।

ਸ੍ਰੀਮਤੀ ਸੁਚੇਤਾ ਕ੍ਰਿਪਲਾਨੀ ਦੀ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਆਪਣੀ ਥਾਂ ਹੈ । ਹਿੰਦੁਸਤਾਨ ਦੀਆਂ ਇਸਤਰੀਆਂ ਅਜ ਵੀ ਬਰਾਬਰੀ ਦੇ ਹੱਕਾਂ ਲਈ ਘੋਲ ਕਰ ਰਹੀਆਂ ਹਨ ਅਤੇ ਮੰਗਾਂ ਵੀ ਕਰਦੀਆਂ ਹਨ ; ਪਰ ਹਿੰਦੁਸਤਾਨ ਦੀਆਂ ਉਨ੍ਹਾਂ ਇਸਤਰੀਆਂ ਵਿਚੋਂ ਜਿਨ੍ਹਾਂ ਨੇ ਕਿ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਪਾ ਕੇ ਆਜ਼ਾਦੀ ਤੋਂ ਬਾਅਦ ਉਚੇਰੀਆਂ ਥਾਵਾਂ ਹਾਸਲ ਕੀਤੀਆਂ ਹਨ, ਸ੍ਰੀਮਤੀ ਸੁਚੇਤਾ ਕ੍ਰਿਪਲਾਨੀ ਉਨ੍ਹਾਂ ਵਿਚੋਂ ਇਕ ਸਨ । ਅਜ ਜਦੋਂ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰ ਰਹੇ ਹਾਂ ਤਾਂ ਮੈਂ ਅਰਜ਼ ਕਰਨਾ ਚਾਹਾਂਗਾ ਕਿ ਯੂਨਾਈਟਿਡ ਨੇਸ਼ਨ ਨੇ ਦੁਨੀਆ ਦੀਆਂ ਔਰਤਾਂ ਦੀ ਸਾਰੇ ਦੇਸ਼ਾਂ ਵਿਚ ਬਰਾਬਰੀ ਦੇ ਹੱਕਾਂ ਵਾਸਤੇ 75 ਸਾਲਾ ਜਦੋ-ਜਹਿਦ ਨੂੰ ਮਨਾਉਣ ਦਾ ਫੈਸਲਾ ਕੀਤਾ ਹੈ ਕਿਉਂਕਿ ਉਨਾਂ ਚਿਰ ਦੁਨੀਆ ਵਿਚ ਪੂਰੀ ਤਰੱਕੀ ਨਹੀਂ ਹੋ ਸਕਦੀ ਜਦ ਤਕ ਕਿ ਇਸਤਰੀਆਂ ਨੂੰ ਬਰਾਬਰ ਦੇ ਹੱਕ ਨਾ ਮਿਲਣ, ਇਸ ਲਈ ਮੈਂ ਫਿਰ ਅਰਜ਼ ਕਰਾਂਗਾ ਕਿ ਸਾਡੀਆਂ ਭੈਣਾਂ ਅਤੇ ਮਾਤਾਵਾਂ ਦੇ ਨਾਬਰਾਬਰੀ ਦੇ ਮਸਲੇ ਉਤੇ ਉਚੇਚੇ ਤੌਰ ਤੇ ਪੰਜਾਬ ਸਰਕਾਰ ਕੁਝ ਫੈਸਲਾ ਜ਼ਰੂਰ ਕਰੇ ।

ਮਾਸਟਰ ਕਾਬਲ ਸਿੰਘ ਗੋਬਿੰਦਪੁਰੀ, ਆਜ਼ਾਦੀ ਦੀ ਲੜਾਈ ਦੇ ਪੁਰਾਣੇ ਸੰਗਰਾਮੀਏ ਸਨ । ਉਨ੍ਹਾਂ ਨੇ ਹਰ ਫੀਲਡ ਵਿਚ ਆਪਣਾ ਹਿੱਸਾ ਪਾਇਆ । ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਅਤੇ ਬਾਦਲ ਸਾਹਿਬ ਨੇ ਕਿਹਾ ਹੈ ਕਿ 1931-32 ਵਿਚ ਜਰਨਲਿਸਟ ਦੇ ਤੌਰ ਤੇ ਜਲੰਧਰ ਵਿਚੋਂ ਉਨ੍ਹਾਂ ਨੇ ਇਕ ਸਪਤਾਹਿਕ ਅਖਬਾਰ ਕਢਿਆ 'ਦੁਖੀ ਦੁਨੀਆ' ਜਿਸਨੂੰ ਕਿ ਬੰਦ ਕਰਾਉਣ ਲਈ ਅੰਗਰੇਜ਼ਾਂ ਨੇ 10,000 ਰੁਪਏ ਦੀ ਜ਼ਮਾਨਤ ਮੰਗੀ ਅਤੇ ਜਦੋਂ ਜ਼ਮਾਨਤ ਜ਼ਬਤ ਕਰਕੇ ਦੁਬਾਰਾ 10,000 ਦੀ ਜ਼ਮਾਨਤ ਮੰਗੀ ਤਾਂ ਜੇਲ੍ਹ ਵਿਚ ਵੀ ਜਾ ਕੇ ਉਨ੍ਹਾਂ ਨੇ ਇਸ ਸਪਤਾਹਿਕ ਅਖਬਾਰ ਨੂੰ ਜਾਰੀ ਰਖਣ ਦਾ ਯਤਨ ਕੀਤਾ । ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਆਪਣਾ ਹਿੱਸਾ ਪਾ ਕੇ ਉਨ੍ਹਾਂ ਸਾਰੇ ਪੰਜਾਬੀਆਂ ਦਾ ਸਿਰ ਉਚਾ ਕੀਤਾ ਸੀ । ਪੰਜਾਬ ਦੇ ਅੰਦਰ ਕਿਸਾਨਾਂ ਦੀ ਤਹਿਰੀਕ ਦੀ ਉਸਾਰੀ ਵਿਚ ਉਹ ਇਕ ਮੁੱਖੀ ਸਨ ।

ਪ੍ਰਿੰਸੀਪਲ ਇਕਬਾਲ ਸਿੰਘ ਅਤੇ ਸਰਦਾਰ ਤੇਜਾ ਸਿੰਘ ਨਾਮਧਾਰੀ ਬਾਰੇ ਚੀਫ ਮਨਿਸਟਰ ਸਾਹਿਬ ਅਤੇ ਬਾਦਲ ਸਾਹਿਬ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ; ਮੈਂ ਉਨ੍ਹਾਂ ਨਾਲ ਆਪਣੇ ਆਪ ਨੂੰ ਅਤੇ ਆਪਣੀ ਪਾਰਟੀ ਨੂੰ ਐਸੋਸੀਏਟ ਕਰਦਾ ਹਾਂ ।

ਸਰਦਾਰ ਵਰਿਆਮ ਸਿੰਘ ਨੂੰ ਜਾਤੀ ਤੌਰ ਤੇ ਮੈਨੂੰ ਮਿਲਣ ਦਾ ਮੌਕਾ ਮਿਲਿਆ ਜਦੋਂ ਉਹ ਖਾਲਸਾ ਕਾਲਜ ਦੇ ਵਿਚ ਪ੍ਰੋਫੈਸਰ ਸਨ ਅਤੇ ਮੈਂ ਉਥੇ ਵਿਦਿਆਰਥੀ ਸੀ । ਉਨ੍ਹਾਂ ਨੇ ਵਿਦਿਆਰਥੀਆਂ ਵਿਚ ਅਗਾਂਹ-ਵਧੂ ਵਿਚਾਰ ਲਿਆਉਣ ਵਿਚ ਅਤੇ ਅਗਾਂਹ-ਵਧੂ ਲਹਿਰ ਤਕੜੀ ਕਰਨ ਵਿਚ ਅਤੇ ਕਾਲਜ ਵਿਚ ਪੜਾਉਣ ਵਾਲੇ ਟੀਚਰਾਂ ਨੂੰ ਜਥੇਬੰਦ ਕਰਨ ਵਿਚ ਉਚੇਰਾ ਹਿੱਸਾ ਪਾਇਆ ਅਤੇ ਸਾਨੂੰ ਇਸ ਗਲ ਦਾ ਮਾਣ ਹੈ ਕਿ ਜਿਥੇ ਉਹ ਖਾਲਸਾ ਕਾਲਜ ਵਿਚ ਪ੍ਰੋਫੈਸਰ ਸਨ ਉਥੇ ਸਪੀਕਰ ਸਾਹਿਬ, ਸਾਡੀ ਪਾਰਟੀ ਨਾਲ ਉਨ੍ਹਾਂ ਦਾ ਕਾਫੀ ਨੇੜੇ ਦਾ ਸਹਿਯੋਗ ਸੀ ।

ਇਸ ਤਰ੍ਹਾਂ ਹੀ ਸ੍ਰੀ ਹੀਰਾ ਲਾਲ ਸ਼ਾਸਤਰੀ, ਸ੍ਰੀ ਸ਼ੰਕਰ ਰਾਓ ਦੇਵ, ਸੰਤ ਕਿਰਪਾਲ ਸਿੰਘ, ਡਾਕਟਰ ਬਲਬੀਰ ਸਿੰਘ, ਮਿਸ ਮ੍ਰਿਦੁਲਾ ਸਾਰਾਭਾਈ, ਜੀ ਨੇ ਆਪਣੇ ਆਪਣੇ ਜੀਵਨ ਦੇ ਵਿਚ ਹਿੰਦੁਸਤਾਨ ਦੀ ਸੇਵਾ ਵਿਚ ਕਿਸੇ ਨਾ ਕਿਸੇ ਪਹਿਲੂ ਤੋਂ ਹਿੱਸਾ ਪਾਇਆ ਹੈ। ਉਨ੍ਹਾਂ ਦੇ ਬਾਰੇ ਕਾਫੀ ਤਫਸੀਲ ਦੇ ਨਾਲ ਚੀਫ ਮਨਿਸਟਰ ਸਾਹਿਬ ਨੇ ਔਰ ਬਾਦਲ ਸਾਹਿਬ ਨੇ ਦਸਿਆ ਹੈ। ਮੈਂ ਵੀ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਔਰ ਜਿਹੜੇ ਜਜ਼ਬਾਤ ਦਾ ਇਜ਼ਹਾਰ ਕੀਤਾ ਗਿਆ ਹੈ ਮੈਂ ਵੀ ਉਨ੍ਹਾਂ ਵਿਚ ਸ਼ਾਮਲ ਹੁੰਦਾ ਹਾਂ।

ਸ੍ਰੀ ਰਾਮ ਸਿੰਘ ਜੀ ਦਤ ਪੁਰਾਣੇ ਰੈਵੋਲਿਊਸ਼ਨਰੀ ਸਨ। ਜਦੋਂ ਸਕਿਊਰਿਟੀ ਐਕਟ ਪਹਿਲਾਂ ਬਣਿਆ ਤਾਂ ਉਸ ਨੂੰ ਲਾਗੂ ਕਰਾਉਣ ਲਈ ਨਰੋਟ ਜੈਮਲ ਸਿੰਘ ਦੇ ਇਲਾਕੇ ਵਿਚ ਮਜ਼ਦੂਰਾਂ ਦੀ ਲਹਿਰ ਚਲੀ ਸੀ। ਪੰਜਾਬ ਦੇ ਮਜ਼ਦੂਰਾਂ ਨੂੰ ਔਰ ਖਾਸ ਤੌਰ ਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਜਿਸ ਤਰ੍ਹਾਂ ਨਾਲ ਉਨ੍ਹਾਂ ਨੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ, ਉਸ ਲਈਂ ਉਨ੍ਹਾਂ ਦਾ ਨਾਮ ਹਮੇਸ਼ਾਂ ਲਈ ਯਾਦ ਰਹੇਗਾ।

ਅਖੀਰ ਵਿਚ ਮੈਂ ਇਹ ਕਹਾਂਗਾ ਕਿ ਇਹ ਚੌਦਾਂ ਸ਼ਖਸੀਅਤਾਂ ਜਿਹੜੀਆਂ ਕਿ ਸਾਡੇ ਕੋਲੋਂ ਵਿਛੜ ਗਈਆਂ ਹਨ ਅਸੈਂਬਲੀ ਦੇ ਪਿਛਲੇ ਇਜਲਾਸ ਤੋਂ ਲੈ ਕੇ ਹੁਣ ਤੱਕ ਯਾਨੀ ਚਾਰ ਪੰਜ ਮਹੀਨਿਆਂ ਵਿਚ, ਅਸੀਂ ਆਪਣੀ ਪਾਰਟੀ ਵਲੋਂ ਉਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ ਔਰ ਮੰਗ ਕਰਦੇ ਹਾਂ ਕਿ ਅਸੈਂਬਲੀ ਵਿਚ ਉਨ੍ਹਾਂ ਦੇ ਪਰਵਾਰਾਂ ਨੂੰ ਜੋ ਪੂਰੀ ਹਮਦਰਦੀ ਦਾ ਮਤਾ ਪੇਸ਼ ਕੀਤਾ ਗਿਆ ਹੈ ਉਹ ਭੇਜਿਆ ਜਾਵੇ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ ਪੂਰਬ) **:** ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਜਿਹੜਾ ਸ਼ੋਕ ਪ੍ਰਸਤਾਵ ਲੀਡਰ ਆਫ ਦੀ ਹਾਊਸ ਵਲੋਂ ਪੇਸ਼ ਕੀਤਾ ਗਿਆ ਹੈ ਔਰ ਲੀਡਰ ਆਫ ਦੀ ਆਪੋਜ਼ੀਸ਼ਨ ਵਲੋਂ ਜਿਹੜਾ ਸਮਰਥਨ ਹੋਇਆ ਹੈ ਮੈਂ ਉਸ ਉਤੇ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਸਰਦਾਰ ਅਜਾਇਬ ਸਿੰਘ ਸੰਧੂ ਜਿਹੜੇ ਕਿ ਇਸ ਹਾਊਸ ਦੇ ਮੈਂਬਰ ਸਨ ਔਰ ਜਿਹੜੇ ਕਿ ਅਚਾਨਕ ਸੁਰਗਵਾਸ ਹੋ ਗਏ ਹਨ ਸਾਡੇ ਸਭ ਤੋਂ ਜ਼ਿਆਦਾ ਨਜ਼ਦੀਕ ਹੋਣ ਕਰਕੇ ਮੈਂ ਸੱਭ ਤੋਂ ਪਹਿਲਾਂ ਉਨ੍ਹਾਂ ਦੇ ਬਾਰੇ ਕਹਿ ਦੇਵਾਂ। ਸਰਦਾਰ ਅਜਾਇਬ ਸਿੰਘ ਸੰਧੂ ਪੰਜਾਬ ਦੇ ਉਨ੍ਹਾਂ ਨਿਧੜਕ ਨੇਤਾਵਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਹਾਊਸ ਦੇ ਅੰਦਰ ਔਰ ਇਸ ਹਾਊਸ ਦੇ ਬਾਹਰ ਪੰਜਾਬ ਦੇ ਪਛੜੇ ਹੋਏ ਵਰਗ, ਪਛੜੀ ਹੋਈ ਜੰਤਾ ਦੀ ਹਮੇਸ਼ਾ ਆਵਾਜ਼ ਬੁਲੰਦ ਕੀਤੀ। ਉਹ ਇਸ ਹਾਊਸ ਦੇ ਪੁਰਾਣੇ ਮੈਂਬਰ ਸਨ ਜਿਹੜੇ ਸਨ ਔਰ ਜਦੋਂ ਕਦੀ ਵੀ ਮੌਕਾ ਆਉਂਦਾ ਸੀ ਆਪਣੀ ਗਲ ਕਹਿ ਦਿਆ ਕਰਦੇ ਸਨ। ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹਵੇਗਾ ਤੁਸੀਂ ਵੀ ਉਨ੍ਹਾਂ ਦੀਆਂ ਗਤੀ-ਵਿਧੀਆਂ ਵੇਖਦੇ ਰਹੇ ਹੋ ਔਰ ਪੰਜਾਬ ਦੀ ਜੰਤਾ ਬਾਹਰ ਔਰ ਇਸ ਹਾਊਸ ਦੀਆਂ ਗੈਲਰੀਆਂ ਵਿਚ ਬੈਠ ਕੇ ਉਨ੍ਹਾਂ ਦੇ ਕੰਮ ਨੂੰ ਇਸ ਹਾਊਸ ਵਿਚ ਵਖ ਚੁੱਕੀ ਹੈ। ਜਦੋਂ ਪੰਜਾਬ ਦੀ ਜੰਤਾ ਅੱਜ ਦੀ ਕਾਰਵਾਈ ਅਖਬਾਰਾਂ ਵਿਚ ਪੜ੍ਹੇਗੀ ਉਹ ਵੀ ਖੁਦ ਮਹਿਸੂਸ ਕਰੇਗੀ ਕਿ ਪੰਜਾਬ ਦੇ ਵਿਚੋਂ ਇਕ ਉਘੇ ਲੈਜਿਸਲੇਟਰ ਦੇ ਅਚਾਨਕ ਸੁਰਗਵਾਸ ਹੋ ਜਾਣ ਨਾਲ ਕਿਤਨਾ ਘਾਟਾ ਮਹਿਸੂਸ ਹੋ ਰਿਹਾ ਹੈ। ਮੈਂ ਉਨ੍ਹਾਂ ਦੇ ਇਸ ਉਮਰ ਵਿਚ ਸੁਰਗਵਾਸ ਹੋ ਜਾਣ ਕਰਕੇ ਹੋਰ ਵੀ ਜ਼ਿਆਦਾ ਦੁੱਖ ਮਹਿਸੂਸ ਕਰਦਾ ਹਾਂ ਕਿ ਇਤਨੀ ਥੋੜ੍ਹੀ ਉਮਰ ਵਿਚ ਜਦੋਂ ਕਿ ਉਹ ਸਿਆਸੀ ਜੀਵਨ ਵਿਚ ਅਗੇ ਵੱਧ ਰਹੇ ਸਨ, ਜਦੋਂ ਕਿ ਪੰਜਾਬ ਦੇ ਇਤਿਹਾਸ ਵਿਚ ਉਨ੍ਹਾਂ ਨੇ ਕਈ ਕਾਰਨਾਮੇ

[ਡਾਕਟਰ ਬਲਦੇਵ ਪ੍ਰਕਾਸ਼]

ਕਰਨੇ ਸਨ, ਪੰਜਾਬ ਦੀ ਜਨਤਾ ਨੂੰ ਉਨ੍ਹਾਂ ਉਪਰ ਬੜੀਆਂ ਆਸਾਂ ਸਨ । ਅਚਾਨਕ ਹੀ ਉਨ੍ਹਾਂ ਦੀ ਮੌਤ ਦੀ ਖਬਰ ਮੈਨੂੰ ਮਿਲੀ। ਮੈਨੂੰ ਹੀ ਨਹੀਂ ਬਲਕਿ ਪੰਜਾਬ ਦੀ ਜੰਤਾ ਨੂੰ ਇਹ ਵਿਸ਼ਵਾਸ ਨਹੀਂ ਸੀ ਆਉਂਦਾ ਕਿ ਸਰਦਾਰ ਸਾਹਿਬ ਇਤਨੀ ਛੇਤੀ ਸੁਰਗਵਾਸ ਹੋ ਗਏ ਹਨ। ਉਨ੍ਹਾਂ ਦੇ ਪਰਵਾਰ ਨੂੰ ਮੈਂ ਆਪਣੀ ਪਾਰਟੀ ਵਲੋਂ ਪੂਰਨ ਤੌਰ ਤੇ ਸੰਵੇਦਨਾ ਪ੍ਰਗਟ ਕਰਦਾ ਹਾਂ ਔਰ ਬਾਦਲ ਸਾਹਿਬ ਨੇ ਜੋ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪਰਵਾਰ ਨੂੰ ਜ਼ਿਆਦਾ ਸਹਾਇਤਾ ਸਰਕਾਰ ਵਲੋਂ ਮਿਲਣੀ ਚਾਹੀਦੀ ਹੈ, ਮੈਂ ਉਨ੍ਹਾਂ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ।

ਸ੍ਰੀ ਲਲਿਤ ਨਾਰਾਇਣ ਮਿਸ਼ਰਾ ਜੀ ਦੀ ਜੋ ਹੱਤਿਆ ਹੋਈ ਹੈ, ਨਿਰਸੰਦੇਹ ਹਿੰਦੁਸਤਾਨ ਦੇ ਰਾਜਨੀਤਕ ਜੀਵਨ ਵਿਚ ਇਕ ਐਸੀ ਚੀਜ਼ ਆਈ ਹੈ ਜਿਸ ਦੇ ਬਾਰੇ ਵਿਚਾਰ ਹੋਣਾ ਚਾਹੀਦਾ ਹੈ। ਮੈਂ ਡਾਂਗ ਸਾਹਿਬ ਨਾਲ ਸਹਿਮਤ ਹਾਂ ਕਿ ਇਸ ਉਤੇ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਇਹੋ ਜਿਹੀ ਗਤੀਵਿਧੀ ਜਿਹੜੀ ਸ਼ੁਰੂ ਹੋਈ ਹੈ ਇਹ ਹਿੰਦੁਸਤਾਨ ਦੀ ਸਿਆਸਤ ਨੂੰ ਕਿਸ ਪਾਸੇ ਲੈ ਜਾ ਰਹੀ ਹੈ । ਜਿਹੜੇ ਕਾਰਨ ਉਹ ਦਸ ਰਹੇ ਹਨ, ਮੈਂ ਸਹਿਮਤ ਹਾਂ ਪਰ ਜੋ ਸਿੱਟੇ ਕੱਢ ਰਹੇ ਹਨ ਉਸ ਨਾਲ ਹੋ ਸਕਦਾ ਹੈ ਕਿ ਮੈਂ ਸਹਿਮਤ ਨਾ ਹੋਵਾਂ ਪਰ ਸਾਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਇਹ ਜਿਹੜਾ ਹਿੰਸਕ ਰਾਹ ਦੇਸ਼ ਨੂੰ ਮਿਲ ਰਿਹਾ ਹੈ ਆਇਆ ਇਹ ਦੇਸ਼ ਵਾਸਤੇ ਲਾਭ-ਦਾਇਕ ਹੋਵੇਗਾ । ਇਸ ਨੂੰ ਕੋਈ ਕਿਸੇ ਅੰਦੋਲਨ ਨਾਲ ਜੋੜੇਗਾ ਔਰ ਕੋਈ ਕਿਸੇ ਨਾਲ ਜੋੜੇਗਾ ਪਰ ਮੈਂ, ਸਪੀਕਰ ਸਾਹਿਬ, ਇਸ ਗਲ ਵਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਪਹਿਲੀ ਘਟਨਾ ਨਹੀਂ ਹੈ। ਅੱਜ ਇਨ੍ਹਾਂ ਦੀ ਹੱਤਿਆ ਨੇ ਅੱਖਾਂ ਖੋਲ੍ਹੀਆਂ ਹਨ । ਪਰ ਪਿਛਲੇ ਦੋ, ਤਿਨ ਜਾਂ ਚਾਰ ਸਾਲਾਂ ਵਿਚ ਕਿਤਨੀਆਂ ਕੁ ਰਾਜਨੀਤਕ ਹੱਤਿਆਵਾਂ ਹੋ ਚੁੱਕੀਆਂ ਹਨ, ਇਹ ਚੀਜ਼ ਵੀ ਵੇਖਣੀ ਚਾਹੀਦੀ ਹੈ । ਇਸ ਹਾਊਸ ਦੇ ਮੈਂਬਰ ਸਰਦਾਰ ਬਸੰਤ ਸਿੰਘ ਜੀ ਦੀ ਹੱਤਿਆ ਹੋਈ । ਡੀ. ਐਸ. ਪੀ. ਦੇ ਘਰ ਬੰਬ ਫਟ ਕੇ ਹੱਤਿਆ ਹੋਈ । ਇਕ ਡੀ. ਆਈ. ਜੀ. ਦੀ ਹੱਤਿਆ ਹੋਈ । (ਇਕ ਆਵਾਜ਼ : ਸਰਦਾਰ ਪਰਤਾਪ ਸਿੰਘ ਦੀ ਵੀ ਹੋਈ) ।

ਸਰਦਾਰ ਪਰਤਾਪ ਸਿੰਘ ਜੀ ਦਾ ਨਾਉਂ ਵੀ ਵਿਚ ਆ ਗਿਆ ਹੈ । ਪਰ ਇਸ ਤਰ੍ਹਾਂ ਦੇ ਹੋਰ ਕਈ ਸੈਂਕੜੇ ਕਾਂਡ ਹੋਏ । ਬੰਗਾਲ ਵਿਚ ਯੂਨੀਵਰਸਿਟੀ ਦਾ ਵੀ. ਸੀ. ਮਾਰ ਦਤਾ ਗਿਆ । ਕੀ ਇਹ ਕਿਸੇ ਅੰਦੋਲਨ ਨਾਲ ਮਾਰਿਆ ਸੀ ? ਤਿਨ-ਚਾਰ ਸਾਲਾਂ ਤੋਂ ਟ੍ਰੈਂਡ ਚਲਿਆ ਆ ਰਿਹਾ ਹੈ । ਪਰ ਜੋ ਟ੍ਰੈਂਡ ਅਪਣਾਇਆ ਗਿਆ ਹੈ ਉਸ ਉਤੇ ਵਿਚਾਰ ਕਰਨੀ ਚਾਹੀਦੀ ਹੈ । ਹਿੰਦੁਸਤਾਨ ਦੀ ਅਸੰਤੁਸ਼ਟ ਔਰ ਨਿਰਾਸ਼ ਜੰਤਾ ਹਿੰਸਕ ਰਸਤਾ ਅਖ਼ਤਿਆਰ ਕਰ ਰਹੀ ਹੈ, ਉਸ ਉਪਰ ਸਾਨੂੰ ਸੋਚਣਾ ਪਵੇਗਾ। ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਰਸਤਾ ਕਿਹੜਾ ਠੀਕ ਹੈ ਜਿਸ ਦੇ ਨਾਲ ਕਿ ਲੋਕ ਡੈਸਪੇਰੇਸ਼ਨ ਵਿਚ ਆ ਕੇ ਇਹੋ ਜਿਹਾ ਰਸਤਾ ਅਖਤਿਆਰ ਨਾ ਕਰਨ । ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ । ਕੋਈ ਵੀ ਸੱਜਣ, ਕੋਈ ਵੀ ਵਿਅਕਤੀ, ਜੋ ਕਿ ਐਸੇ ਵਾਕਿਆਤ ਤੋਂ ਆਪਣਾ ਪੁਲਟੀਕਲ ਫਾਇਦਾ ਉਠਾਉਣਾ ਚਾਹੁੰਦਾ ਹੈ ਉਹ ਵੀ ਹਿੰਦੁਸਤਾਨ ਦੀ ਸਿਆਸਤ ਦਾ ਦੋਸਤ ਨਹੀਂ ਹੈ, ਉਹ ਵੀ ਦੁਸ਼ਮਣ ਹੈ । ਸਪੀਕਰ ਸਾਹਿਬ, ਮੈਂ ਉਨ੍ਹਾਂ ਦੀ ਹੱਤਿਆ ਉਪਰ ਖੇਦ ਪ੍ਰਗਟ ਕਰਦਾ ਹਾਂ ਔਰ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਔਰ ਬਾਕੀਆਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਸਿਆਸਤ ਵਿਚ ਕੀ ਕਮੀ ਹੈ । ਇਸ ਵਲ ਧਿਆਨ ਦੇਣਾ ਚਾਹੀਦਾ ਹੈ।

ਸ੍ਰੀ ਵੀ. ਕੇ. ਕ੍ਰਿਸ਼ਨਾ ਮੈਨਨ ਹਿੰਦੁਸਤਾਨ ਦੀ ਆਜ਼ਾਦੀ ਲਈ ਜ਼ਬਰਦਸਤ ਸੰਘਰਸ਼ ਕਰ ਰਹੇ ਸਨ। ਜਿਨ੍ਹਾਂ ਹਾਲਾਤ ਵਿਚ ਉਨ੍ਹਾਂ ਨੇ ਲੜਾਈ ਲੜੀ ਹੈ, ਉਨ੍ਹਾਂ ਹਾਲਾਤ ਵਿਚ ਵਾਕਿਆ ਹੀ ਬੜੇ ਹੀ ਦਿਲ ਵਾਲਾ ਨਿਡਰ ਲੜ ਸਕਦਾ ਸੀ। ਕਿਸ ਤਰ੍ਹਾਂ ਭੁਖੇ ਰਹਿ ਕੇ ਉਨ੍ਹਾਂ ਨੇ ਲੜਾਈ ਲੜੀ। ਜਿਸ ਢੰਗ ਨਾਲ ਫਾਰਨ ਦੇਸ਼ਾਂ ਵਿਚ ਚੰਦਾ ਇਕੱਠਾ ਕਰਕੇ ਮੂਵਮੈਂਟ ਚਲਾਉਂਦੇ ਰਹੇ, ਉਹ ਸ਼ਲਾਘਾਯੋਗ ਹੈ। ਲੇਕਿਨ ਸਿਆਸਤ ਵਿਚ ਕਈਆਂ ਨਾਲ ਮੱਤ ਭੇਦ ਵੀ ਹੁੰਦਾ ਹੈ। ਲੇਕਿਨ ਜਿਥੋਂ ਤਕ ਉਨ੍ਹਾਂ ਦੀ ਜ਼ਾਤ ਦਾ ਸਵਾਲ ਹੈ, ਉਹ ਇਕ ਬੜੇ ਉੱਚੇ ਸਿਆਸਤਦਾਨ, ਉੱਚੇ ਵਿਅਕਤੀ, ਉੱਚੇ ਪਾਰਲੀਮੈਂਟੇਰੀਅਨ ਸਨ। ਹਿੰਦੁਸਤਾਨ ਦਾ ਨਾਉਂ ਉਨ੍ਹਾਂ ਨੇ ਯੂ. ਐਨ. ਓ. ਵਿਚ ਉੱਚਾ ਕੀਤਾ ਸੀ, ਇਸ ਵਿਚ ਸ਼ੱਕ ਨਹੀਂ ਹੈ। ਮੈਂ ਉਨ੍ਹਾਂ ਨੂੰ ਹਾਰਦਿਕ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਸ੍ਰੀਮਤੀ ਸੁਚੇਤਾ ਕ੍ਰਿਪਲਾਨੀ ਜੀ ਨੇ ਵੀ ਸ਼ੁਰੂ ਤੋਂ ਹੀ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਹਿਸਾ ਪਾਇਆ। ਆਚਾਰੀਆ ਕ੍ਰਿਪਲਾਨੀ ਦੇ ਨਾਲ ਉਨ੍ਹਾਂ ਦਾ ਵੀ ਹਿੰਦੁਸਤਾਨ ਦੀ ਸਿਆਸਤ ਵਿਚ ਐਕਟਿਵ ਸਹਿਯੋਗ ਰਿਹਾ ਹੈ।

ਉਹ ਯੂ. ਪੀ. ਦੇ ਮੁੱਖ ਮੰਤਰੀ ਵੀ ਰਹੇ। ਉਨ੍ਹਾਂ ਦੇ ਚਲੇ ਜਾਣ ਨਾਲ ਦੇਸ਼ ਨੂੰ ਬੜਾ ਘਾਟਾ ਹੋਇਆ ਹੈ।

ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਜੀ ਦੇ ਅਕਾਲ ਚਲਾਣਾ ਕਰ ਜਾਣ ਨਾਲ ਵੀ ਬਹੁਤ ਦੁਖ ਹੋਇਆ ਹੈ। ਮੈਨੂੰ ਉਨ੍ਹਾਂ ਦੇ ਨਾਲ ਮਿਲਣ ਦਾ ਥੋੜ੍ਹਾ ਜਿਹਾ ਮੌਕਾ ਜਲੰਧਰ ਵਿਚ ਮਿਲਿਆ ਸੀ ਜਦੋਂ ਮੈਂ ਬਹੁਤ ਛੋਟਾ ਸੀ ਤੇ ਪੰਡਤ ਜਵਾਹਰ ਲਾਲ ਨਹਿਰੂ ਉਥੇ ਆਏ ਸਨ ਅਤੇ ਉਨ੍ਹਾਂ ਨੇ ਮਾਸਟਰ ਜੀ ਦੇ ਘਰ ਖਾਣਾ ਵੀ ਖਾਧਾ ਸੀ। ਬਾਅਦ ਵਿਚ ਸ਼ਾਇਦ ਕਦੇ ਮੌਕਾ ਨਹੀਂ ਮਿਲਿਆ। ਉਨ੍ਹਾਂ ਨੇ ਵੀ ਹਿੰਦੁਸਤਾਨ ਦੀ ਬੜੀ ਸੇਵਾ ਕੀਤੀ ਅਤੇ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ।

ਬਾਕੀ ਜਿਹੜੇ ਉਘੇ ਸੱਜਣ, ਜਿਨ੍ਹਾਂ ਦਾ ਜ਼ਿਕਰ ਇਥੇ ਆਇਆ, ਪ੍ਰਿੰਸੀਪਲ ਇਕਬਾਲ ਸਿੰਘ, ਸਰਦਾਰ ਤੇਜਾ ਸਿੰਘ ਨਾਮਧਾਰੀ, ਸਰਦਾਰ ਵਰਿਆਮ ਸਿੰਘ, ਸ੍ਰੀ ਹੀਰਾ ਲਾਲ ਸ਼ਾਸਤਰੀ, ਸ੍ਰੀ ਸ਼ੰਕਰ ਰਾਓ ਦੇਵ, ਸੰਤ ਕ੍ਰਿਪਾਲ ਸਿੰਘ, ਡਾਕਟਰ ਬਲਬੀਰ ਸਿੰਘ, ਮਿਸ ਮ੍ਰਿਦਲਾ ਸਾਰਾਭਾਈ ਅਤੇ ਸ੍ਰੀ ਰਾਮ ਸਿੰਘ ਦੱਤ, ਇਨ੍ਹਾਂ ਨੇ ਦੇਸ਼ ਦੇ ਚੰਗੇ ਚੰਗੇ ਖੇਤਰਾਂ ਵਿਚ ਸੇਵਾ ਕੀਤੀ ਹੈ ਅਤੇ ਇਨ੍ਹਾਂ ਦੀ ਕਮੀ ਦੇਸ਼ ਦੀ ਜਨਤਾ ਹਮੇਸ਼ਾ ਮਹਿਸੂਸ ਕਰਦੀ ਰਹੇਗੀ। ਮੈਂ ਇਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ।

(ਇਸ ਸਮੇਂ ਸ੍ਰੀ ਬ੍ਰਿਜ ਲਾਲ ਗੋਇਲ ਬੋਲਣ ਲਈ ਖੜ੍ਹੇ ਹੋਏ)

ਕੁਝ ਮਾਨਯੋਗ ਮੈਂਬਰ : ਕਾਫੀ ਹੋ ਗਿਆ ਹੈ ਜੀ, ਹੁਣ ਬਸ ਕਰੋ।

ਸ੍ਰੀ ਸਪੀਕਰ : ਗੋਇਲ ਸਾਹਿਬ, ਤੁਸੀਂ ਬੋਲਣਾ ਹੈ ਤਾਂ ਬੋਲ ਲਵੋ। (Goel Sahib, if you want to speak you may do so.)

ਸ੍ਰੀ ਬ੍ਰਿਜ ਲਾਲ ਗੋਇਲ : ਨਹੀਂ ਜੀ ਠੀਕ ਹੈ, ਮੈਂ ਨਹੀਂ ਬੋਲਣਾ।

ਸਰਦਾਰ ਗੁਰਦੇਵ ਸਿੰਘ ਸਿੱਧੂ : ਜਿਸ ਤਰ੍ਹਾਂ ਸਰਦਾਰ ਅਜਾਇਬ ਸਿੰਘ ਸੰਧੂ ਦੀ ਫੈਮਿਲੀ ਨੂੰ ਸਰਕਾਰ ਨੇ ਇਮਦਾਦ ਦਿੱਤੀ ਹੈ, ਉਸੇ ਤਰ੍ਹਾਂ ਸ੍ਰੀ ਗਿਆਨ ਚੰਦ ਖਰਬੰਦਾ ਦੀ ਫੈਮਲੀ ਨੂੰ ਵੀ ਦਿੱਤੀ ਜਾਣੀ ਚਾਹੀਦੀ ਹੈ।

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਉਨ੍ਹਾਂ ਨੂੰ ਸਹਾਇਤਾ ਦੇ ਚੁੱਕੇ ਹਾਂ।

ਸ੍ਰੀ ਸਪੀਕਰ : ਮਾਨਯੋਗ ਲੀਡਰ ਆਫ਼ ਦੀ ਹਾਊਸ ਨੇ ਜਿਹੜਾ ਮਤਾ ਵਿਛੜੇ ਹੋਏ ਮਹਾਂਪੁਰਸ਼ਾਂ ਬਾਰੇ ਹਾਊਸ ਵਿਚ ਰਖਿਆ ਹੈ, ਮੈਂ ਵੀ ਉਨ੍ਹਾਂ ਦੇ ਸਬੰਧ ਵਿਚ ਕੁਝ ਵਿਚਾਰ ਰਖਣਾ ਚਾਹੁੰਦਾ ਹਾਂ।

ਸ੍ਰੀ ਲਲਿਤ ਨਾਰਾਇਣ ਮਿਸ਼ਰਾ, ਸਾਬਕ ਯੂਨੀਅਨ ਰੇਲ ਮੰਤਰੀ, ਸੰਗੇ ਆਜ਼ਾਦੀ ਦੇ ਸਿਪਾਹੀ, ਦੇਸ਼ ਭਗਤ ਤੇ ਸੁਯੋਗਯ ਨੇਤਾ ਸੀ। ਉਨ੍ਹਾਂ ਦੀ ਮੌਤ ਨਾਲ ਦੇਸ਼ ਨੂੰ ਭਾਰੀ ਹਾਨੀ ਹੋਈ ਹੈ। ਜਿਨ੍ਹਾਂ ਹਾਲਾਤ ਵਿਚ ਉਹ ਸਾਡੇ ਤੋਂ ਵਿਛੜੇ ਹਨ ਅਤੇ ਜਿਹੜੀ ਦੁਰਘਟਨਾ ਦਾ ਸ਼ਿਕਾਰ ਹੋਏ ਨੇ, ਉਹ ਦੇਸ਼ ਲਈ, ਦੇਸ਼ ਵਾਸੀਆਂ ਲਈ ਅਤੇ ਦੇਸ਼ ਦੀ ਪ੍ਰਜਾਤੰਤਰ ਪ੍ਰਣਾਲੀ ਲਈ ਹਿੰਸਾਵਾਦੀਆਂ ਤੇ ਹਿੰਸਾ ਦਾ ਖਤਰਨਾਕ ਮਾਹੌਲ ਬਣਾਉਣ ਵਾਲਿਆਂ ਵਲੋਂ ਚੈਲੰਜ ਹੈ। ਅਹਿੰਸਾ ਤੇ ਚਲ ਕੇ ਆਜ਼ਾਦੀ ਪ੍ਰਾਪਤ ਕਰਨ ਵਾਲਾ ਭਾਰਤ ਲੋਕ ਤੰਤਰ ਨੂੰ ਅਪਣਾਕੇ ਉੱਨਤੀ ਕਰਨ ਵਾਲਾ ਇਸ ਜਮਹੂਰੀ ਦੇਸ਼ ਨੂੰ ਕਰੋੜਾਂ ਦੇਸ਼ ਵਾਸੀਆਂ ਦੇ ਦਿਲਾਂ ਦੀ ਧੜਕਣ. ਅਮਨ ਸ਼ਾਂਤੀ, ਖੁਸ਼ਹਾਲੀ ਤੇ ਤਰੱਕੀ ਦੀ ਮੰਜ਼ਿਲ ਵਲ ਹਿੰਸਾਵਾਦੀਆਂ ਦੀ ਘਿਨੌਣੀ ਤੇ ਮਨੁਖਤਾ ਦੀਆਂ ਦੁਸ਼ਮਣ ਲਹਿਰਾਂ ਨੂੰ ਪੈਰਾਂ ਥਲੇ ਰੋਂਦ ਕੇ ਅਗੇ ਵਧਣ ਵਾਸਤੇ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਵਿਛੜ ਜਾਣ ਵਾਲੇ ਮਿਸ਼ਰਾ ਜੀ ਨੂੰ ਉਨ੍ਹਾਂ ਦੇ ਗੁਣਾਂ ਨਾਲ ਸਦਾ ਯਾਦ ਕੀਤਾ ਜਾਵੇਗਾ।

ਸ੍ਰੀ ਕ੍ਰਿਸ਼ਨਾ ਮੈਨਨ ਜੀ ਆਪਣੀ ਯੋਗਤਾ ਤੇ ਸਿਆਣਪ ਨਾਲ ਭਾਰਤ ਦਾ ਨਾਂ ਸਾਰੀ ਦੁਨੀਆ ਵਿਚ ਰੌਸ਼ਨ ਕਰਨ ਵਾਲੇ ਨੇਤਾ ਸੀ। ਯੂ. ਐਨ ਓ. ਵਿਚ ਆਪਣੇ ਦੇਸ਼ ਦੀ ਧਾਕ ਜਿਤਾਉਣ ਵਾਲੇ ਮੈਨਨ ਜੀ ਨੂੰ ਕੋਈ ਹਿੰਦੁਸਤਾਨੀ ਕਦੀ ਵੀ ਨਹੀਂ ਭੁੱਲ ਸਕਦਾ। ਮਰਕਜ਼ ਵਿਚ ਬੇ ਮਹਿਕਮਾ ਮੰਤਰੀ ਤੇ ਰਖਿਆ ਮੰਤਰੀ ਦੇ ਅਹੁਦਿਆਂ ਤੇ ਰਹਿ ਕੇ ਉਨ੍ਹਾਂ ਜਿਹੜੇ ਕਾਰਨਾਮੇ ਕੀਤੇ, ਉਹ ਭਾਰਤ ਦੇ ਇਤਿਹਾਸ ਵਿਚ ਹਮੇਸ਼ਾ ਅਮਰ ਰਹਿਣਗੇ। 77 ਸਾਲ ਦੀ ਉਮਰ ਵਿਚ ਉਹ ਸਵਰਗਵਾਸ ਹੋਏ।

ਸਰਦਾਰ ਅਜਾਇਬ ਸਿੰਘ ਸੰਧੂ ਇਸ ਸਦਨ ਦੇ ਮਾਨਯੋਗ ਉਘੇ ਮੈਂਬਰ ਸੀ। ਅਕਾਲੀ ਪਾਰਟੀ ਦੇ ਡਿਪਟੀ ਲੀਡਰ ਦੇ ਨਾਤੇ ਉਹ ਅਪਣੀ ਆਪੋਜ਼ੀਸ਼ਨ ਵਲੋਂ ਕੀਤੀ ਜਾਣ ਵਾਲੀ ਤਿੱਖੀ, ਪ੍ਰਭਾਵੀ ਤੇ ਆਪਣੇ ਢੰਗ ਦੀ ਨਿਰਾਲੀ ਨੁਕਤਾਚੀਨੀ ਲਈ ਤੇ ਆਪਣੇ ਉਚੇ, ਸੁਚੇ ਤੇ ਇਮਾਨਦਾਰੀ ਦੇ ਜੀਵਨ ਵਾਸਤੇ ਕਦੀ ਵੀ ਨਹੀਂ ਭੁਲੇ ਜਾ ਸਕਦੇ। ਪਿਛਲੇ ਸੈਸ਼ਨ ਵਿਚ ਆਖਰੀ ਦਿਨ ਇਥੇ ਬੈਠੇ ਸਾਨੂੰ ਛਡ ਗਏ ਸੀ, ਫਿਰ ਮੁੜ ਨਹੀਂ ਆਏ "[illegible] ਇਹੀ ਮੁ[illegible] ਪੇ ਸਿਲੇ ਕਾ ਕਰ ਗਏ, ਉਨ ਕੋ [illegible] ਨਾ ਯਾਦ ਵੋਹ ਜਾਨੇ ਕਿਧਰ ਗਏ" ਸੰਧੂ ਜੀ ਇਥੇ ਨਹੀਂ ਹਨ, ਪਰ ਫਿਰ ਵੀ ਉਨ੍ਹਾਂ ਦੀ ਗੂੰਜਦੀ ਆਵਾਜ਼ ਦੇ ਉਭਰੇ ਹੋਏ ਅੱਖਰ ਆਪਣੀ ਪੱਕੀ ਛਾਪ ਨਾਲ ਪੜ੍ਹੇ ਜਾ ਸਕਦੇ ਹਨ।

ਸ੍ਰੀਮਤੀ ਸੁਚੇਤਾ ਕ੍ਰਿਪਲਾਨੀ ਭਾਰਤ ਦੀਆਂ ਉਨ੍ਹਾਂ ਮਹਾਨ ਦੇਵੀਆਂ ਵਿਚੋਂ ਇਕ ਸਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਜੇਲ੍ਹਾਂ ਕੱਟੀਆਂ ਤੇ ਆਜ਼ਾਦ ਦੇਸ਼ ਦੀ ਦੁਨੀਆਂ ਦੇ ਹੋਰ ਮੁਲਕਾਂ ਦੇ ਬਰਾਬਰ ਖੜ੍ਹਾ ਕਰਨ ਵਾਸਤੇ ਦਿਨ ਰਾਤ ਇਕ ਕਰਕੇ ਯਤਨ ਕੀਤਾ। ਉਹ ਭਾਰਤ ਦੇ ਸਭ ਤੋਂ ਵੱਡੇ ਸੂਬੇ ਦੇ ਮੁੱਖ ਮੰਤਰੀ ਵੀ ਰਹੇ। ਉਨ੍ਹਾਂ ਦਾ ਅਕਾਲ ਚਲਾਣਾ ਵੀ ਦੇਸ਼ ਦੀ ਭਾਰੀ ਘਾਟ ਹੈ।

ਮਾਸਟਰ ਕਾਬਲ ਸਿੰਘ ਗੋਬਿੰਦਪੁਰੀ 20 ਸਾਲ ਜੇਲ੍ਹ ਕੱਟਣ ਵਾਲੇ ਤੇ ਵੱਖ ਵੱਖ ਅਵਸਰਾਂ ਤੇ 200 ਦਿਨ ਭੁਖ ਹੜਤਾਲ ਕਰਨ ਵਾਲੇ ਸ਼ਮ੍ਹਾਂ ਏ ਆਜ਼ਾਦੀ ਦੇ ਪਰਵਾਨੇ ਦੇਸ਼ ਭਗਤ ਸੀ । ਗੁਰਬਾਣੀ ਦੇ ਮੁਜੱਸਿਮ ਮਾਸਟਰ ਜੀ ਇਸ ਸਦਨ ਦੇ ਮਾਨਯੋਗ ਮੈਂਬਰ ਸਨ ਤੇ ਉਨ੍ਹਾਂ ਦੇ ਦਰਦ ਭਰੇ ਜਜ਼ਬਾਤ ਖੁਦਗਰਜ਼ ਲੋਕਾਂ ਤੇ ਕੁਰਪਟ ਸਿਆਸਤਦਾਨਾਂ ਵਾਸਤੇ ਤੰਬੀਹ ਅਤੇ ਦੂਜਿਆਂ ਵਾਸਤੇ ਚਾਨਣ ਮੁਨਾਰਾ ਬਣੇ ਰਹਿਣਗੇ ।

ਪ੍ਰਿੰਸੀਪਲ ਇਕਬਾਲ ਸਿੰਘ ਇਸ ਸਦਨ ਦੇ ਮਾਨਯੋਗ ਮੈਂਬਰ ਸਨ ਤੇ ਜੀ. ਐਚ. ਜੀ. ਖਾਲਸਾ ਕਾਲਜ, ਸੁਧਾਰ ਦੇ ਬਾਨੀ ਸਨ । ਉਹ ਸਿਖਿਆ ਸ਼ਾਸਤਰੀ ਸੀ । ਉਨ੍ਹਾਂ ਦਾ ਵਿਛੋੜਾ ਵੀ ਦੁਖਦਾਈ ਹੈ ।

ਸਰਦਾਰ ਤੇਜਾ ਸਿੰਘ ਨਾਮਧਾਰੀ ਕੌਂਸਲ ਦੇ ਸਾਬਕ ਮੈਂਬਰ ਸਨ ਤੇ ਨਾਮਧਾਰੀ ਦਰਬਾਰ ਦੇ ਸਦਸਯ ਸਨ । ਉਨ੍ਹਾਂ ਦੀ ਖਾਲੀ ਜਗ੍ਹਾ ਵੀ ਕਦੇ ਪੂਰ ਨਹੀਂ ਹੋ ਸਕਦੀ ।

ਸਰਦਾਰ ਵਰਿਆਮ ਸਿੰਘ ਜੀ ਵੀ ਕੌਂਸਲ ਦੇ ਮੈਂਬਰ ਰਹੇ ਸਨ । ਉਹ ਵੀ ਸਾਨੂੰ ਹਮੇਸ਼ਾ ਯਾਦ ਰਹਿਣਗੇ । ਸ੍ਰੀ ਹੀਰਾ ਲਾਲ ਸ਼ਾਸਤਰੀ, ਸਾਬਕ ਮੁਖ ਮੰਤਰੀ, ਰਾਜਸਥਾਨ ਸਨ ਅਤ ਇਕ ਉਘੇ ਨੇਤਾ ਸਨ । ਉਨ੍ਹਾਂ ਦੀ ਖਾਲੀ ਜਗ੍ਹਾ ਵੀ ਪੂਰ ਨਹੀਂ ਹੋ ਸਕਦੀ ।

ਸ੍ਰੀ ਸ਼ੰਕਰ ਰਾਓ ਦੇਵ, ਸਰਵੋਤਮ ਲੀਡਰ ਸਨ ਤੇ ਜਨਰਲ ਸੈਕੇਟਰੀ, ਆਲ ਇੰਡੀਆ ਕਾਂਗਰਸ ਵੀ ਰਹੇ । ਉਹ ਕਦੀ ਸਿਆਸੀ ਤਾਕਤ ਵਾਸਤੇ ਨਹੀਂ ਦੌੜੇ । ਉਨ੍ਹਾਂ ਦੀ ਸਿਆਸੀ ਜ਼ਿੰਦਗੀ ਬੇਦਾਗ ਸੀ । ਉਹ ਅਜ ਸਾਡੇ ਨਾਲੋਂ ਵਿਛੜ ਗਏ ਹਨ । ਉਨ੍ਹਾ ਦੀ ਯਾਦ ਹਮੇਸ਼ਾ ਸਾਡੇ ਦਿਲਾਂ ਵਿਚ ਰਹੇਗੀ ।

ਸੰਤ ਕ੍ਰਿਪਾਲ ਸਿੰਘ ਇਕ ਰੂਹਾਨੀ ਨੇਤਾ ਸਨ ਅਤੇ ਵਿਸ਼ਵ ਧਰਮ ਸੰਮੇਲਨ ਦੇ ਪ੍ਰਧਾਨ ਸਨ । ਉਹ ਸਾਡੇ ਨਾਲੋਂ ਵਿਛੜ ਗਏ ਹਨ । ਉਨ੍ਹਾਂ ਨੂੰ ਅਸੀਂ ਕਦੇ ਨਹੀਂ ਭੁਲ ਸਕਾਂਗੇ ।

ਡਾਕਟਰ ਬਲਬੀਰ ਸਿੰਘ ਭਾਈ ਵੀਰ ਸਿੰਘ ਜੀ ਦੇ ਭਰਾ ਸਨ । ਉਹ ਇਕ ਉਘੇ ਸਾਹਿਤਕਾਰ ਸਨ ਅਤੇ ਉਨ੍ਹਾਂ ਨੂੰ ਸਦਾ ਯਾਦ ਕੀਤਾ ਜਾਵੇਗਾ ।

ਮਿਸ ਮ੍ਰਿਦੁਲਾ ਸਾਰਾਭਾਈ ਇਕ ਸੋਸ਼ਲ ਵਰਕਰ ਸੀ । ਜਦੋਂ ਦੇਸ਼ ਦੀ ਵੰਡ ਹੋਈ, ਉਸ ਤੋਂ ਬਾਅਦ ਇਸਤਰੀਆਂ ਦੀ ਰਖਸ਼ਾ ਤੇ ਉਨ੍ਹਾਂ ਨੂੰ ਘਰ ਪਹੁੰਚਾਉਣ ਵਿਚ ਉਨ੍ਹਾਂ ਸਹਾਇਤਾ ਕੀਤੀ । ਉਨ੍ਹਾਂ ਨੂੰ ਹਮੇਸ਼ਾ ਹੀ ਸਾਰੇ ਲੋਕੀਂ ਯਾਦ ਰਖਣਗੇ ।

ਸ੍ਰੀ ਰਾਮ ਸਿੰਘ ਦੱਤ ਨੇ 17 ਸਾਲ ਦੀ ਉਮਰ ਵਿਚ 108 ਦਿਨ ਭੁਖ ਹੜਤਾਲ ਕੀਤੀ । 65 ਸਾਲ ਦੀ ਉਮਰ ਵਿਚ 30 ਨਵੰਬਰ 1974, ਨੂੰ ਉਹ ਚਲਾਣਾ ਕਰ ਗਏ । ਉਨ੍ਹਾਂ ਨੂੰ ਇਕ ਦੇਸ਼ ਭਗਤ ਦੇ ਨਾਤੇ ਸਦਾ ਯਾਦ ਕੀਤਾ ਜਾਵੇਗਾ ।

ਮੈਂ ਬੇਨਤੀ ਕਰਾਂਗਾ ਕਿ ਸਾਰੇ ਮੈਂਬਰ ਸਾਹਿਬਾਨ, ਜਿਹੜੀਆਂ ਹਸਤੀਆਂ ਸਾਡੇ ਨਾਲੋਂ ਵਿਛੜ ਗਈਆਂ ਹਨ, ਅਤੇ ਜਿਨ੍ਹਾਂ ਦੇ ਸਬੰਧ ਵਿਚ ਲੀਡਰ ਆਫ ਦੀ ਹਾਊਸ ਨੇ ਮਤਾ ਪੇਸ਼ ਕੀਤਾ ਹੈ, ਉਨ੍ਹਾਂ ਦੀ ਯਾਦ ਵਿਚ 2 ਮਿੰਟ ਖੜ੍ਹੇ ਹੋ ਕੇ ਪ੍ਰਮਾਤਮਾ ਅਗੇ ਬੇਨਤੀ ਕਰਨ

(ਸ੍ਰੀ ਸਪੀਕਰ)

ਕਿ ਉਹ ਉਨ੍ਹਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਤੇ ਸਾਨੂੰ ਉਨ੍ਹਾਂ ਦੇ ਕੀਤੇ ਕੰਮਾਂ ਤੇ ਚਲਣ ਦੀ ਸਮਰਥਾ ਦੇਣ। ਹਾਊਸ ਦੀ ਇੱਛਾ ਅਨੁਸਾਰ ਇਨ੍ਹਾਂ ਹਸਤੀਆਂ ਦੇ ਪਰਿਵਾਰਾਂ ਨੂੰ ਇਸ ਹਾਊਸ ਵਲੋਂ ਪਾਸ ਕੀਤਾਂ ਹੋਇਆ ਮਤਾ ਭੇਜ ਦਿੱਤਾ ਜਾਵਗਾ।

(ਇਸ ਸਮੇਂ ਸਾਰੇ ਹਾਊਸ ਦੇ ਮਾਣਯੋਗ ਮੈਂਬਰ ਸਾਹਿਬਾਨ ਨੇ ਖੜ੍ਹੇ ਹੋ ਕੇ ਦੋ ਮਿੰਟ ਲਈ ਖਾਮੋਸ਼ੀ ਅਖਤਿਆਰ ਕੀਤੀ)।

(I would also like to associate myself with the resolution moved by the Leader of the House on the demise of our great personalities and would like to say a few words about them.

Shri Lalit Narain Mishra, former Union Railways Minister, was a freedom-fighter, a great patriot and a capable leader. By his death the country has suffered a great loss. The circumstances in which he departed from us and the tragic incident to which he fell a victim is a challenge to the country, to its people and the democratic system from the reactionary forces and those who have created an atmosphere of violence in the country. Our democratic country, which attained its independence through non-violence and made rapid progress through democratic means has to give serious consideration, in order to lead the millions of our countrymen towards the achievement of peace, tranquility, prosperity and progress, as to how to put an end to the destructive designs and anti-national and anti-people activities of the reactionary forces. Late Shri Mishra will always be remembered for his qualities.

Shri Krishna Menon Ji was a great leader who raised the prestige of our country in the whole world by his ability and wisdom. No Indian can ever forget Shri Menon who ushered India to the fore-front in the U.N.O. circles. His achievements as Minister Without Portfolio and as Defence Minister in the Union Cabinet will always shine in the history of India. He passed away at the age of 77.

Sardar Ajaib Singh Sandhu was a capable and a leading Member of this House. He will always be remembered for his sharp and effective criticism which he made in his own peculiar way as Deputy Leader of the Akali Party. He will also be remembered for his clean and honest living. He was with us here on the last day of the previous Session. That was the last the House saw of him.

ਵਾਅਦਾ ਇਸੀ ਮੁਕਾਮ ਪੇ ਮਿਲਨੇ ਕਾ ਕਰ ਗਏ।
ਉਨ ਕੋ ਰਹਾ ਨਾ ਯਾਦ ਵੋਹ ਜਾਨੇ ਕਿਧਰ ਗਏ।

Although Sandhu Ji is not with us today, yet we can easily hear the echoes of his words.

Shrimati Sucheta Kriplani was one of those great ladies of India, who suffered imprisonment for winning freedom for this country and made strenuous efforts to bring our country at par with the other nations. She remained the Chief Minister of the biggest State of India. In her death also the country has suffered a great loss.

Master Kabul Singh Gobindpuri, who suffered imprisonment for 20 years and went on hunger-strike for 200 days on different occasions, was a great freedom-fighter and patriot. An embodiment of sacrifice, Master Ji was a former Member of this House. His views will always be a warning for the selfish and corrupt politicians and a source of inspiration for others.

Principal Iqbal Singh was also former member of this House. He was the founder of G·H.G. Khalsa College, Sudhar. He was a great educationist. His death is also a great shock.

Sardar Teja Singh Namdhari was a former member of the Punjab Legislative Council. He was also a member of the Namdhari Darbar. The void created by his passing away will also not be filled up.

Sardar Waryam Singh too had been a member of the Punjab Legislative Council. He will always be remembered by all.

Shri Hira Lal Shastri was a former Chief Minister of Rajasthan and a great leader. His death has caused a great loss.

Shri Shankar Rao Deo, was a Sarvodaya Leader and also remained General Secretary, All-India Congress He never hankered after political power. His political career was spotless. He is not with us today. His memory will always remain in our hearts.

Sant Kirpal Singh was a spiritual leader and was the president of World Religious Sammelan. He has departed from us and we will never forget him.

Dr. Balbir Singh was the brother of late Bhai Vir Singh Ji. He was a leading litterateur and will always be remembered.

Miss Mridula Sarabhai was a social worker. After the partition of India, she helped in the rehabilitation of lost women and restoring them to their homes. She will always be remembered by all the people of the country.

Shri Ram Singh Dutt went on hunger-strike for 108 days at the early age of 17. He died on the 30th November, 1974 at the age of 65. He will always be remembered as a great patriot.

I request that all the members of the House may stand in their seats and observe silence for two minutes in the sacred memory of these great personalities and pray to God that He may give

(Mr. Speaker)

peace to the departed souls and give strength to us all to follow the path shown by these personalities. According to the wishes of the members of this House, copies of the resolution passed by the House, will be sent to the bereaved families.

(At this stage all the Hon'ble Members of the House stood in silence for two minutes.)

Mr. Speaker : The House stands adjourned till 9.00 A.M. on Wednesday, the 8th January, 1975.

(The Sabha then adjourned till 9·00 A.M. on Wednesday, the 8th January, 1975.)

5.17 P.M.

1410 P.V.S.—5-5-75—279—ਪੰਜਾਬ ਗੌਰਮਿੰਟ ਪ੍ਰੈਸ, ਪਟਿਆਲਾ ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

8th January, 1975

Vol. I-No.2

OFFICIAL REPORT

CONTENTS

Wednesday, the 8th January, 1975

Punjab Vidhan Sabha Secretariat, Chandigarh.

Price : Rs. 49.35

PUNJAB VIDHAN SABHA

Wednesday, the 8th January, 1975

The Vidhan Sabha met in the Punjab Vidhan Sabha Hall, Vidhan Bhavan, ·tor-1, Chandigarh, at 9.00 A.M. of the Clock. Mr. Speaker (Doctor ·al Krishan) in the Chair.

STARRED QUESTIONS AND ANSWERS

ਸਤੰਬਰ, 1974 ਅਤੇ ਇਸ ਤੋਂ ਬਾਅਦ ਦੇ ਸਮੇਂ ਦੇ ਦੌਰਾਨ ਅੰਦਰੂਨੀ ਸੁਰੱਖਿਆ ਬਣਾਈ ਰੱਖਣ ਲਈ ਐਕਟ 1971 ਅਧੀਨ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ।

*2883 **ਕਾਮਰੇਡ ਦਾਨਾ ਰਾਮ :** } ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—
ਕਾਮਰੇਡ ਸੱਤ ਪਾਲ ਡਾਂਗ : }

(ੳ) ਰਾਜ ਵਿਚ ਸਤੰਬਰ, 1974 ਦੇ ਮਹੀਨੇ ਦੇ ਦੌਰਾਨ ਜਾਂ ਇਸ ਤੋਂ ਪਿਛੋਂ ਅੰਦਰੂਨੀ ਸੁਰੱਖਿਆ ਬਣਾਈ ਰੱਖਣ ਲਈ ਐਕਟ, 1971 ਅਧੀਨ ਮਹੀਨੇਵਾਰ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਗਿਣਤੀ, ਨਾਂ ਅਤੇ ਪਤੇ ਕੀ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਅਕਤੀਆਂ ਵਿਚੋਂ ਉਨ੍ਹਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਆਰਥਿਕ ਅਪਰਾਧ ਕਰਨ ਤੋਂ ਰੋਕਣ ਦੀ ਦ੍ਰਿਸ਼ਟੀ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ ;

(ੲ) ਉਨ੍ਹਾਂ ਵਿਅਕਤੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਬਾਰੇ ਹਾਈ ਕੋਰਟ ਜਾਂ ਸੁਪਰੀਮ ਕੋਰਟ ਨੇ ਰਿਹਾਈ ਦਾ ਹੁਕਮ ਦਿੱਤਾ ਸੀ ;

(ਸ) ਉਨ੍ਹਾਂ ਵਿਅਕਤੀਆਂ ਦੇ ਨਾਂ ਕੀ ਕੀ ਹਨ ਜੋ ਅਜੇ ਵੀ ਨਜ਼ਰਬੰਦ ਹਨ ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿਘ ਵਾਲਾ (ਮੁੱਖ ਸੰਸਦੀ ਸਕੱਤਰ)

(ੳ) ਸਤੰਬਰ, 1974	..	46
ਅਕਤੂਬਰ, 1974	..	68
ਨਵੰਬਰ, 1974	..	18
ਦਸੰਬਰ, 1974	..	13
		145

ਇਕ ਸੂਚੀ (ੳ) ਜਿਸ ਵਿਚ ਇਨ੍ਹਾਂ ਦੇ ਨਾਂ ਪਤੇ ਦਿੱਤੇ ਗਏ ਹਨ ਸਦਨ ਦੀ ਮੇਜ਼ ਉਤੇ ਰੱਖ ਦਿੱਤੀ ਹੈ ਜੀ ।

[ਮੁੱਖ ਸੰਸਦੀ ਸਕੱਤਰ]

(ਅ) ਸਤੰਬਰ, 1974	..	32
ਅਕਤੂਬਰ, 1974	..	59
ਨਵੰਬਰ, 1974	..	11
ਦਸੰਬਰ, 1974	..	2
		104

ਇਕ ਸੂਚੀ (ਅ) ਜਿਸ ਵਿਚ ਇਨ੍ਹਾਂ ਦੇ ਨਾਂ ਦਿੱਤੇ ਗਏ ਹਨ ਸਦਨ ਦੀ ਮੇਜ਼ ਤੇ ਰੱਖ ਦਿਤੀ ਹੈ ਜੀ ।

(ੲ) 8 ਵਿਅਕਤੀ ਹਾਈ ਕੋਰਟ ਨੇ ਰਿਹਾ ਕੀਤੇ ਹਨ ਜਿਨ੍ਹਾਂ ਦੇ ਨਾਵਾਂ ਦੀ ਸੂਚੀ (ੲ) ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ ਜੀ ।

(ਸ) 40 ਵਿਅਕਤੀ ਅਜੇ ਵੀ ਨਜ਼ਰਬੰਦ ਹਨ । ਇਨ੍ਹਾਂ ਦੇ ਨਾਵਾਂ ਦੀ ਸੂਚੀ (ਸ) ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ ਜੀ ।

ਸੂਚੀ (ੳ)

ਸਤੰਬਰ, 1974

1. ਓਮ ਪ੍ਰਕਾਸ਼, ਪੁੱਤਰ ਰਾਮ ਰੱਖਾ ਮੱਲ, ਸ਼ਾਵਾਲਾ ਭਾਈਆ, ਅੰਮ੍ਰਿਤਸਰ ।
2. ਯਸ਼ ਪਾਲ, ਪੁੱਤਰ ਓਮ ਪ੍ਰਕਾਸ਼, ਸ਼ਾਵਾਲਾ ਭਾਈਆ, ਅੰਮ੍ਰਿਤਸਰ ।
3. ਹਜ਼ਾਰਾ ਸਿੰਘ ਪੁੱਤਰ ਸੋਹਨ ਸਿੰਘ, ਪਿੰਡ ਨੰਗਲ ਸੋਹਲ, ਪੀ. ਐਸ. ਰਾਮਦਾਸ, ਜ਼ਿਲ੍ਹਾ ਅੰਮ੍ਰਿਤਸਰ ।
4. ਸੁਰਜੀਤ ਸਿੰਘ, ਪੁੱਤਰ ਜੋਧ ਸਿੰਘ, ਮਕਾਨ ਨੰ: ਈ. ਡੀ. 174, ਧੱਨ ਮਹੱਲਾ, ਜਲੰਧਰ ।
5. ਨਾਥੂ ਰਾਮ, ਪੁੱਤਰ ਜੀਵਨ ਦਾਸ, ਮਕਾਨ ਨੰ: ਡਬਲਯੂ. ਐਫ. 508, ਸਰਾਜ ਗੰਜ, ਨਕੋਦਰ ਰੋਡ, ਜਲੰਧਰ ।
6. ਪਰਦੂਮਨ ਸਿੰਘ, ਪੁੱਤਰ ਜੋਧ ਸਿੰਘ, ਮਕਾਨ ਨੰ: ਈ. ਡੀ. 174, ਧਨ ਮਹਲਾ, ਜਲੰਧਰ ।
7. ਦੁਰਗਾ ਦਾਸ, ਪੁੱਤਰ ਦੁਨੀ ਚੰਦ, ,ਭੈਰੋਂ ਬਾਜ਼ਾਰ ,ਜਲੰਧਰ ।
8. ਜਤਿੰਦਰ ਸਿੰਘ, ਪੁੱਤਰ ਕਿਰਪਾਲ ਸਿੰਘ, ਨਕੋਦਰ (ਜਲੰਧਰ) ।
9. ਮਦਨ ਲਾਲ, ਪੁੱਤਰ ਅਮਰ ਨਾਥ ਕਪੂਰ, ਵਾਸੀ ਮਕਾਨ ਨੰ: ਐਨ. ਐਫ. 46, ਕਿਲਾ ਮਹੱਲਾ, ਜਲੰਧਰ ।
10. ਸਾਹਿਬ ਦਿਆਲ, ਪੁੱਤਰ ਦੁਨੀ ਚੰਦ, ਮਕਾਨ ਨੰ: ਐਨ. ਡੀ. 65, ਬਿਕਰਮ ਪੁਰਾ, ਜਲੰਧਰ ।
11. ਗੁਰਚਰਨ ਸਿੰਘ ਉਰਫ ਚੰਨਾ, ਪੁੱਤਰ ਭਗਤ ਸਿੰਘ, ਵਾਸੀ ਬਸਤੀ ਭਟੀਆਂ, ਪੀ. ਐਸ. ਫਿਰੋਜ਼ਪੁਰ ਸ਼ਹਿਰ ।
12. ਪਰੀਤਮ ਸਿੰਘ, ਪੁੱਤਰ ਕਰਤਾਰ ਸਿੰਘ, ਵਾਸੀ ਪਿੰਡ ਨਵਾਂ ਕਿਲਾ, ਪੀ. ਐਸ. ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ ।
13. ਸੁਚਾ ਸਿੰਘ ਪੁੱਤਰ ਲਾਲ ਸਿੰਘ, ਵਾਸੀ ਪਿੰਡ ਝਖੇ ਹਰੀ ਹਰ, ਪੀ.ਐਸ.ਸਦਰ, ਫਿਰੋਜ਼ਪੁਰ ।
14. ਹਰਬੰਸ ਸਿੰਘ, ਪੁੱਤਰ ਦਲੀਪ ਸਿੰਘ ਵਾਸੀ ਪਿੰਡ ਪਲਾ, ਪੀ. ਐਸ. ਸਦਰ, ਫਿਰੋਜ਼ਪੁਰ ।
15. ਜੋਗਾ ਸਿੰਘ, ਪੁੱਤਰ ਸਮਨ ਸਿੰਘ, ਵਾਸੀ ਪਿੰਡ ਝੋਖੇ ਹਰੀ ਹਰ, ਪੀ, ਐਸ. ਸਦਰ, ਫਿਰੋਜ਼ਪੁਰ ।

16. ਖਲਾਰਾ ਸਿੰਘ, ਪੁੱਤਰ ਕੁੰਦਨ ਸਿੰਘ, ਜੱਟ ਸਿੱਖ, ਵਾਸੀ ਪਿੰਡ ਖਾਈ, ਪੀ. ਐਸ. ਸਦਰ, ਫਿਰੋਜ਼ਪੁਰ ।
17. ਸੂਬਾ ਸਿੰਘ, ਪੁੱਤਰ ਮੰਗਲ ਸਿੰਘ, ਜਾਟ, ਵਾਸੀ ਪਿੰਡ ਟੀ. ਬੀ. ਖੁਰਦ, ਪੀ. ਐਸ. ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ ।
18. ਦਾਰਾ ਸਿੰਘ, ਪੁੱਤਰ ਤੇਜਾ ਸਿੰਘ, ਵਾਸੀ ਪਿੰਡ ਲਲਚੀਆਂ, ਪੀ. ਐਸ. ਗੁਰੂ ਹਰ ਸਹਾਏ, ਜ਼ਿਲ੍ਹਾ ਫਿਰੋਜ਼ਪੁਰ ।
19. ਜਗਤਾਰ ਸਿੰਘ, ਪੁੱਤਰ ਠਾਕਰ ਸਿੰਘ, ਪਿੰਡ ਨਾਜੂਸ਼ਾਹ ਮਿਸ਼ਰੀ, ਪੀ. ਐਸ. ਸਦਰ, ਫਿਰੋਜ਼ਪੁਰ ।
20. ਬਲਕਾਰ ਸਿੰਘ, ਪੁੱਤਰ ਕੰਵਰ ਸਿੰਘ, ਵਾਸੀ ਪਿੰਡ ਬੇਗੇਵਾਲਾ, ਪੀ. ਐਸ. ਮਾਲਾਂਵਾਲਾ, ਫਿਰੋਜ਼-ਪੁਰ ।
21. ਬਲਬੀਰ ਸਿੰਘ, ਉਰਫ ਬੀਲੂ, ਪੁੱਤਰ ਤੇਜਾ ਸਿੰਘ, ਵਾਸੀ ਪਿੰਡ ਪਾਕਰ, ਪੀ. ਐਸ. ਫਾਜ਼ਿਲਕਾ, ਜ਼ਿਲ੍ਹਾ ਫਿਰੋਜ਼ਪੁਰ ।
22. ਕਸ਼ਮੀਰ ਸਿੰਘ, ਪੁੱਤਰ ਦੀਵਾਨ ਸਿੰਘ, ਰਾਏ ਸਿੰਘ, ਵਾਸੀ ਪਿੰਡ ਬੇਹਕ ਖਾਸ, ਪੀ. ਐਸ. ਸਦਰ ਫਾਜ਼ਿਲਕਾ, ਜ਼ਿਲ੍ਹਾ ਫਿਰੋਜ਼ਪੁਰ ।
23. ਰੇਸ਼ਮ ਸਿੰਘ, ਪੁੱਤਰ ਕਰਤਾਰ ਸਿੰਘ, ਵਾਸੀ, ਪਿੰਡ ਬੇਗੇਵਾਲਾ ,ਪੀ. ਐਸ. ਮਾਲਾਂਵਾਲਾ, ਜ਼ਿਲ੍ਹਾ ਫਿਰੋਜ਼ਪੁਰ ।
24. ਦਰਸ਼ਨ ਸਿੰਘ, ਉਰਫ ਚਾਝੂ, ਪੁੱਤਰ ਕੁੰਦਨ ਸਿੰਘ, ਜਾਟ ਸਿੰਘ, ਪਿੰਡ ਉਸਮਾਨਵਾਲਾ, ਪੀ.ਐਸ. ਫਿਰੋਜ਼ਪੁਰ ।
25. ਕੰਵਰ ਲਾਲ ਗੁਪਤਾ ,ਸਾਬਨ ਬਾਜ਼ਾਰ, ਲਧਿਆਣਾ ।
26. ਕੇਵਲ ਕਿਰਸ਼ਨ, ਪੁੱਤਰ ਦੇਸ਼ ਰਾਜ, ਸ਼ਾਂਤੀ ਸਰੂਪ ਦੇਵ ਰਾਜ ਬਜ਼ਾਜ, ਚੌੜਾ ਬਾਜ਼ਾਰ, ਲੁਧਿਆਣਾ ।
27. ਮੋਹਨ ਲਾਲ, ਪੁੱਤਰ ਮੇਲਾ ਰਾਮ, ਐਮ, ਐਸ. ਕਿਰਸ਼ਨਾ ਜੂਲਰਜ਼, ਸਰਾਫਾ ਬਾਜ਼ਾਰ, ਲੁਧਿਆਣਾ ।
28. ਫਕੀਰ ਚੰਦ, ਪੁੱਤਰ ਸੁੰਦਰ ਦਾਸ, ਐਮ. ਐਸ. ਬੰਬਈ, ਕਲਾਥ ਹਾਊਸ, ਚੌੜਾ ਬਾਜ਼ਾਰ, ਲੁਧਿਆਣਾ ।
29. ਕਰਤਾਰ ਸਿੰਘ, ਬੁਧੀਰਾਜਾ, ਪੁੱਤਰ ਨਿਰਮਲ ਸਿੰਘ, ਐਮ.ਐਸ. ਪੀ.ਕੇ. ਵਾਚ ਕੰ: ਚੌੜਾ ਬਾਜ਼ਾਰ, ਲੁਧਿਆਣਾ ।
30. ਦੌਲਤ ਰਾਮ, ਪੁੱਤਰ ਮੁਲਖ ਰਾਜ, ਮਹਾਜਨ ਇਮਬਰਾਈਡਰੀ ਵਰਕਸ, ਰੂਪਾ ਮਿਸਤਰੀ ਗਲੀ, ਲੁਧਿਆਣਾ ।
31. ਓਮ ਪਰਕਾਸ਼, ਸਟੈਂਡਰਡ ਵਾਚ ਕੰ: ਚੌੜਾ ਬਾਜ਼ਾਰ, ਲੁਧਿਆਣਾ ।
32. ਹੰਸ ਰਾਜ ਲਾਂਬਾ, ਲਾਬਾ ਵਾਚ ਕੰ:, ਚੌੜਾ ਬਜ਼ਾਰ, ਲੁਧਿਆਣਾ ।
33. ਸ਼ੇਰ ਅਲੀ, ਪੁੱਤਰ ਨੂਰ ਅਲੀ, ਵਾਸੀ, ਪਟੇਲਪੁਰਾ, ਪਲਾਟ ਨੰ: 297, ਜ਼ਿਲ੍ਹਾ ਕਰਾਚੀ, (ਪਾਕਿ) ।
34. ਅਲਮ ਦੀਨ, ਪੁੱਤਰ ਯਾਸੀਨ, ਵਾਸੀ ਚੱਕੀਵਾਲਾ, ਜ਼ਿਲ੍ਹਾ ਕਰਾਚੀ, (ਪਾਕਿ) ।
35. ਫਜ਼ਲ ਸ਼ਾਹ, ਪੁੱਤਰ ਮਾਜ਼ਬ ਬਾਬਾ, ਵਾਸੀ ਸੱਗਸਾਨਾ, ਪੀ, ਐਸ. ਕਾਲੂਖਾ, ਜ਼ਿਲ੍ਹਾ ਮਰਦਾਨ ।
36. ਮੁੰਹਮਦ ਅਸਲਮ, ਪੁੱਤਰ ਗੁਲਾਮ ਮੁੰਹਮਦ, ਵਾਸੀ ਕਿਲ੍ਹਾ ਰਾਜਾ ਸਿੰਘ, ਪੀ. ਐਸ. ਰਈਆ, ਜ਼ਿਲ੍ਹਾ ਸਿਆਲ ਕੋਟ (ਪਾਕਿ) ।
37. ਅਬਦੁਲ ਮਲਕ, ਪੁੱਤਰ ਕਾਨੂੰਨ ਮੀਆਂ, ਵਾਸੀ ਝੁਗੀ ਨੰ: 15, ਬੰਗਾਲੀਵਾਲਾ, ਮਹਾਰਾਜਾ ਕੈਂਪ, ਕਰਾਚੀ (ਪਾਕਿ) ।
38. ਨਾਸਰ ਖਾਂ, ਪੁੱਤਰ ਕਾਸਮ ਖਾਂ, ਵਾਸੀ ਮੁਹੰਮਦ ਪੁਰ, ਜ਼ਿਲ੍ਹਾ ਲਾਹੌਰ (ਪਾਕਿ.) ।
39. ਮੁਹਿੰਦਰ ਸਿੰਘ, ਪੁੱਤਰ ਸ਼ਿਵ ਨਾਥ, ਵਾਸੀ ਟੈਂਕਾਂਵਾਲੀ ਬਸਤੀ, ਜ਼ਿਲ੍ਹਾ ਫਿਰੋਜ਼ਪੁਰ ।

[ਮੁੱਖ ਸੰਸਦੀ ਸਕੱਤਰ]

40. ਮੁਹੰਮਦ ਨਾਜ਼ਰ, ਪੁੱਤਰ ਮੁਹੰਮਦ ਦੀਨ, ਵਾਸੀ ਪਿੰਡ ਡੋਡੇ, ਪੀ. ਐਸ. ਸ਼ਾਹ ਗ਼ਰੀਬ ਜ਼ਿਲ੍ਹਾ ਸਿਆਲ ਕੋਟ (ਪਾਕਿ) ।
41. ਸਾਹੀ ਖਾਂ, ਪੁੱਤਰ ਸਾਬਉਲ ਖਾਂ, ਵਾਸੀ ਪਿੰਡ ਟਾਹਲੀ ਬਗੋਰ, ਪੀ. ਐਸ. ਮੰਡੀ ਹੀਰਾ ਸਿੰਘ, ਸਾਹੀਵਾਲ (ਪਾਕਿ) ।
42. ਸੁਖਦੇਵ ਸਿੰਘ, ਉਰਫ ਸੁਖਾ, ਪੁੱਤਰ ਹਰਬੰਸ ਸਿੰਘ, ਵਾਸੀ ਪਿੰਡ ਪੱਖੋਕੇ ਟਾਹਲੀ ਸਾਹਿਬ, ਪੀ. ਐਸ. ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ।
43. ਤਰਸੇਮ ਸਿੰਘ, ਪੁੱਤਰ ਸੁਰਤ ਸਿੰਘ —ਓਹੀ—
44. ਸੁਰਿੰਦਰ ਸਿੰਘ, ਪੁੱਤਰ ਕਰਮ ਸਿੰਘ, ਜਾਟ, ਵਾਸੀ ਗੁਨਿਆ, ਪੀ. ਐਸ. ਸਦਰ, ਗੁਰਦਾਸਪੁਰ ।
45. ਮੁਹੰਮਦ ਸਈਅਦ, ਪੁੱਤਰ ਅਬਦਲ ਮਾਜੀਦ, ਵਾਸੀ ਨਿਊ ਕਰਾਚੀ, ਪੀ. ਐਸ. ਅਤੇ ਜ਼ਿਲ੍ਹਾ ਕਰਾਚੀ (ਪਾਕਿ) ।
46. ਮੁਹੰਮਦ ਯਕੂਬ, ਪੁੱਤਰ ਮੁਹੰਮਦ ਅਸਮਾਈਲ, ਵਾਸੀ ਮਕਾਨ ਨੰ: 11, ਜਾਂ 18, ਬਲਾਕ ਨੰ: 10 ਨਿਊ ਕਰਾਚੀ ਪੀ. ਐਸ. ਅਤੇ ਜ਼ਿਲ੍ਹਾ ਕਰਾਚੀ (ਪਾਕਿ) ।

ਅਕਤੂਬਰ 1974

47. ਹਰਪਾਲ ਸਿੰਘ, ਪੁੱਤਰ ਸੰਤਾ ਸਿੰਘ ਉਰਫ ਸੰਤਾ ਬਾਵਾ, ਜੱਟ, ਵਾਸੀ ਪਿੰਡ ਹਵੇਲੀਆਂ ਢੱਲਾਂ ਪੀ. ਐਸ. ਘਰੀਂਡਾ, ਜ਼ਿਲ੍ਹਾ ਅੰਮ੍ਰਿਤਸਰ ।
48. ਸੰਤਾ ਸਿੰਘ ਉਰਫ ਸੰਤਾ ਬਾਵਾ, ਪੁੱਤਰ ਠਾਕਰ ਸਿਘ, ਜੱਟ —ਓਹੀ—
49. ਮਹੇਨ ਸਿੰਘ, ਪੁੱਤਰ ਉਦਮ ਸਿੰਘ, ਜੱਟ, ਵਾਸੀ ਪਿੰਡ ਮਲੋਵਾਲ, ਪੀ.ਐਸ. ਘਰੀਂਡਾ ਜ਼ਿਲ੍ਹਾ ਅੰਮ੍ਰਿਤਸਰ ।
50. ਦੁਆਰਕਾ ਦਾਸ, ਪੁੱਤਰ ਧੰਨਾ ਮੱਲ, ਵਾਸੀ ਬਜ਼ਾਰ ਕੇਸਰਾਂ, ਮੰਦਰ ਦੁਰਗਾ ਹਨੂੰਮਾਨ ਪੀ. ਐਸ. ਈ ਡਵੀਜ਼ਨ, ਜ਼ਿਲ੍ਹਾ ਅੰਮ੍ਰਿਤਸਰ ।
51. ਗਵਰਧਨ ਦਾਸ, ਪੁੱਤਰ ਨਗੀਨਾ ਰਾਮ, ਵਾਸੀ ਪਿੰਡ ਮੰਡੀ ਰਾਮ ਪੁਰਾ ਫੂਲ, ਜ਼ਿਲ੍ਹਾ ਬਠਿੰਡਾ ।
52. ਰੋਸ਼ਨ ਲਾਲ, ਪੁੱਤਰ ਮੁਨਸ਼ੀ ਰਾਮ, ਵਾਸੀ ਪਿੰਡ ਬੱਲੋ ਹੁਣ ਰਾਮ ਪੁਰਾ ਮੰਡੀ, ਜ਼ਿਲ੍ਹਾ ਬਠਿੰਡਾ ।
53. ਠਾਕਰ ਸਿਘ, ਪੁੱਤਰ ਸੰਤੋਖ ਸਿੰਘ, ਜੱਟ, ਵਾਸੀ ਪਿੰਡ ਸਕਰੀ, ਪੀ. ਐਸ. ਸਿਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ।
54. ਸਤਪਾਲ, ਪੁੱਤਰ ਕਾਂਸੀ ਰਾਮ, ਵਾਸੀ ਲਾਰੰਸ ਰੋਡ, ਨਜ਼ਦੀਕ ਮੰਡੀ ਬਿਜਲੀ ਪਹਿਲਵਾਨ, ਪੀ. ਐਸ. ਸਿਵਲ ਲਾਈਨ, ਅੰਮ੍ਰਿਤਸਰ ।
55. ਰਾਮ ਲੁਬਾਇਆ, ਉਰਫ ਨਥੂ, ਪੁੱਤਰ ਸ੍ਰੀ ਰਾਮ ਵਾਸੀ ਜੂਆ ਖਾਨਾ, ਜਲੰਧਰ, ਸ਼ਹਿਰ ।
56. ਡੋਗਰ ਮੱਲ, ਪੁੱਤਰ ਈਦ ਚੰਦ, ਵਾਸੀ ਮਕਾਨ ਨੰ: ਐਨ. ਡੀ. 192, ਬਿਕਰਮ ਪੁਰਾ, ਟਾਂਡਾ ਰੋਡ, ਜਲੰਧਰ ਸ਼ਹਿਰ ।
57. ਪ੍ਰੀਤਮ ਸਿੰਘ ਪੁੱਤਰ ਜੋਧ ਸਿੰਘ, ਵਾਸੀ ਮਕਾਨ ਨੰ: 267 ਮੋਤਾ ਸਿੰਘ ਨਗਰ, ਨਜ਼ਦੀਕ ਜਨਰਲ ਬੱਸ ਸਟੈਂਡ, ਜਲੰਧਰ ।
58. ਮਹਿੰਦਰ ਸਿੰਘ, ਪੁੱਤਰ ਦਸੌਂਧਾ ਸਿੰਘ, ਵਾਸੀ ਪਿੰਡ ਸੇਲਬਰਾ, ਹੁਣ ਰਾਮ ਪੁਰਾ ਮੰਡੀ ਜ਼ਿਲ੍ਹਾ, ਬਠਿੰਡਾ ।
59. ਸੁਸ਼ੀਲ ਕੁਮਾਰ ਪੁੱਤਰ ਪ੍ਰਕਾਸ਼ ਚੰਦ, ਵਾਸੀ ਨਈ ਬਾਦੀ, ਹੁਸ਼ਿਆਰਪੁਰ ।
60. ਪ੍ਰਕਾਸ਼ ਚੰਦ, ਪੁੱਤਰ ਕਸ਼ਮੀਰੀ ਲਾਲ ਜੈਨ, ਵਾਸੀ ਨਈ ਬਾਦੀ, ਹੁਸ਼ਿਆਰਪੁਰ ।

61. ਪ੍ਰਧਾਨ ਸਿੰਘ, ਪੁੱਤਰ ਸੰਤੋਖ ਸਿੰਘ, ਪ੍ਰਧਾਨ ਵਾਚ ਕੰਪਨੀ, ਚੌੜਾ ਬਜ਼ਾਰ, ਲੁਧਿਆਣਾ ।

62. ਅਸ਼ੋਕ ਕੁਮਾਰ, ਪੁੱਤਰ ਬਾਲਕਿਸ਼ਨ ਅਰੋੜਾ, ਸੁਭਾਸ਼ ਐਮਬਰਾਈਡਰੀ ਵਰਕ, ਮਲੇਰੀ ਗਲੀ, ਲੁਧਿਆਣਾ ।

63. ਜੈਨ ਦਾਸ ਜੈਨ, ਵਾਸੀ ਨਇਆ ਮੁਹੱਲਾ, ਗਲੀ ਨੰ: 3, ਮੋਚਪੁਰਾ, ਲੁਧਿਆਣਾ ।

64. ਸੰਤੋਖ ਸਿੰਘ ਪੁੱਤਰ ਪਿਆਰਾ ਸਿੰਘ, ਚਾਵਲਾ ਰੇਡੀਓ ਐਂਡ ਵਾਚ ਕੰਪਨੀ, ਚੌੜਾ ਬਜ਼ਾਰ, ਲੁਧਿਆਣਾ ।

65. ਕਸਤੂਰੀ ਲਾਲ, ਪੁੱਤਰ ਓਮ ਪ੍ਰਕਾਸ਼, ਚੰਦ, ਵਾਸੀ ਮੰਡੀ ਮਾਨਸਾ, ਜ਼ਿਲ੍ਹਾ ਬਠਿੰਡਾ ।

66. ਮਿੱਢਾ ਰਾਮ ਉਰਫ ਮਿੱਢਾ ਮੱਲ, ਪੁੱਤਰ ਰਾਮ ਚੰਦ, ਵਾਸੀ ਮੰਡੀ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ।

67. ਮੁਲਖ ਰਾਜ, ਪੁੱਤਰ ਕਰਮ ਚੰਦ, ਗੋਲਡ ਸਮਿੱਥ, ਵਾਸੀ ਸ਼ਰੀਫ ਪੁਰਾ, ਪੀ. ਐਸ. ਏ. ਡਵੀਜ਼ਨ, ਅੰਮ੍ਰਿਤਸਰ ।

68. ਨਿਰਮਲ ਸਿੰਘ ਉਰਫ ਨਿੰਮਾਂ, ਪੁੱਤਰ ਦਿਦਾਰ ਸਿੰਘ, ਉਰਫ ਦਾਰੀ, ਜੱਟ, ਵਾਸੀ ਪਿੰਡ ਕਨਵੇ ਪੀ. ਐਸ. ਲੋਪੋਕੀ, ਅੰਮ੍ਰਿਤਸਰ ।

69. ਪਿਸ਼ੌਰਾ ਸਿੰਘ, ਪੁੱਤਰ ਸਰਦੂਲ ਸਿੰਘ, ਜੱਟ —ਓਹੀ—

70. ਬਲਵੰਤ ਸਿੰਘ, ਪੁੱਤਰ ਇੰਦਰ ਸਿੰਘ, ਜੱਟ —ਉਹੀ—

71. ਬਿਹਾਰੀ ਲਾਲ, ਪੁੱਤਰ ਕਾਕਾ ਰਾਮ, ਵਾਸੀ ਮੰਡੀ ਮਾਨਸਾ, ਜ਼ਿਲ੍ਹਾ ਬਠਿੰਡਾ ।

72. ਮਲਕ ਸਿੰਘ, ਪੁੱਤਰ ਅਮਰ ਸਿੰਘ ਖਤਰੀ, ਵਾਸੀ ਮਕਾਨ ਨੰ: 28, ਗਲੀ ਨੰ: 5, ਤਹਿਸੀਲ ਪੁਰਾ, ਪੀ. ਐਸ. ਏ. ਡਵੀਜ਼ਨ ।

73. ਬਲਦੇਵ ਰਾਜ, ਪੁੱਤਰ ਰਲਾ ਰਾਮ, ਵਾਸੀ ਕੋਠਾ ਗੁਰੂ, ਜ਼ਿਲ੍ਹਾ, ਬਠਿੰਡਾ ।

74. ਰਘਬੀਰ ਸਿੰਘ, ਪੁੱਤਰ ਗੁਰਦਾਸ ਮੱਲ, ਭੀਰਾ ਵਾਚ, ਮੇਨ ਬਜ਼ਾਰ, ਖੰਨਾ (ਲੁਧਿਆਣਾ)

75. ਮਲਵੀਂਦਰ ਸਿੰਘ. ਪੁੱਤਰ ਕਰਤਾਰ ਸਿੰਘ, ਵਾਸੀ ਪਿੰਡ ਜੰਡਾ ਵਾਲਾ, ਪੀ. ਐਸ. ਨਈਆਂ ਵਾਲਾ, ਜ਼ਿਲ੍ਹਾ ਬਠਿੰਡਾ ।

76. ਬਨਾਰਸੀ ਦਾਸ, ਪੁੱਤਰ ਰਾਮ ਲਾਲ ਮਹਾਜਨ, ਵਾਸੀ ਰਾਮ ਪੁਰਾ ਮੰਡੀ, ਜ਼ਿਲ੍ਹਾ ਬਠਿੰਡਾ ।

77. ਕਿਰਪਾਲ ਸਿੰਘ, ਪੁੱਤਰ ਗੁਰਬਖਸ਼ ਸਿੰਘ, ਪਿੰਡ ਚੱਕਰਮੂ, ਜ਼ਿਲ੍ਹਾ ਜਲੰਧਰ ।

78. ਅਮਰਜੀਤ ਜੋਸ਼ੀ, ਪੁੱਤਰ ਸਰੂਪ ਚੰਦ ਜੋਸ਼ੀ, ਪਿੰਡ ਭੁਖਰੀ, ਪੀ. ਐਸ. ਦੁਸਾਂਝ ਖੁਰਦ, ਜ਼ਿਲ੍ਹਾ ਜਲੰਧਰ ।

79. ਸਰੂਪ ਚੰਦ ਜੋਸ਼ੀ, ਪੁੱਤਰ ਬਰਕਤ ਰਾਮ, ਵਾਸੀ ਪਿੰਡ ਭੁਖਰੀ, ਜ਼ਿਲ੍ਹਾ ਜਲੰਧਰ ।

80. ਮੁਲਖ ਰਾਜ ਸ਼ਰਮਾ, ਪੁੱਤਰ ਗੌਰੀ ਸ਼ੰਕਰ ਸ਼ਰਮਾ, ਵਾਸੀ ਮਕਾਨ ਨੰ: 170—171, ਵਿਜੇ ਨਗਰ, ਜਲੰਧਰ।

81. ਅਜੀਤ ਸਿੰਘ, ਪੁੱਤਰ ਚਰਨ ਸਿੰਘ, ਵਾਸੀ ਪਿੰਡ ਟਖਰ. ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ।

82. ਮੋਹਣ ਸਿੰਘ, ਪੁੱਤਰ ਚਰਨ ਸਿੰਘ, ਵਾਸੀ ਪਿੰਡ ਟਖਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ।

83. ਬਲਦੇਵ ਸਿੰਘ, ਪੁੱਤਰ ਚੰਨਣ ਸਿੰਘ, ਜੱਟ, ਵਾਸੀ ਸੇਲਰਾਨਾ ਪੀ. ਐਸ. ਫੂਲ, ਜ਼ਿਲ੍ਹਾ ਬਠਿੰਡਾ ।

84. ਲਾਭ ਸਿੰਘ, ਪੁੱਤਰ ਗੰਡਾ ਸਿੰਘ, ਜੱਟ, ਵਾਸੀ ਭਚੁ ਖੁਰਦ, ਪੀ. ਐਸ. ਨਥਾਨਾ, ਜ਼ਿਲ੍ਹਾ ਬਠਿੰਡਾ ।

85. ਕਸ਼ਮੀਰ ਸਿੰਘ, ਪੁੱਤਰ ਬਗੀਚਾ ਸਿੰਘ, ਵਾਸੀ ਮੌਲਵੀ ਵਾਲਾ, ਪੀ. ਐਸ. ਮਮਦੋਟ, ਹਾਲ ਵਾਸੀ ਗੁਰੂ ਨਗਰ ਕਾਲੋਨੀ ਜ਼ਿਲ੍ਹਾ, ਫਿਰੋਜ਼ਪੁਰ ।

86. ਚਮਨ ਲਾਲ, ਪੁੱਤਰ ਸਰਦਾਰੀ ਲਾਲ, ਹਿੱਸੇਦਾਰ ਐਮ. ਐਸ. ਸਰਦਾਰੀ ਲਾਲ—ਚਮਨ ਲਾਲ, ਬਜ਼ਾਰ ਸਰਾਫਾਂ, ਹੁਸ਼ਿਆਰਪੁਰ ।

87. ਰਮੇਸ਼ ਚੰਦਰ, ਪੁੱਤਰ ਸਰਦਾਰੀ ਲਾਲ —ਓਹੀ—

[ਮੁੱਖ ਸੰਸਦੀ ਸਕੱਤਰ]

88. ਰੌਸ਼ਨ ਲਾਲ, ਪੁੱਤਰ ਸੁਰੈਣਾ ਮੱਲ, ਕਮਿਸ਼ਨ ਏਜੰਟ, ਸਬਜ਼ੀ ਮੰਡੀ ਵਾਸੀ ਕਸੂਰੀ ਗੇਟ ਫਿਰੋਜ਼ਪੁਰ ਸ਼ਹਿਰ ।

89. ਆਤਮਾ ਸਿੰਘ, ਪੁੱਤਰ ਠਾਕੁਰ ਸਿੰਘ, ਵਾਸੀ ਪਿੰਡ ਸੇਰੋਂ ਪੀ. ਐਸ. ਸਦਰ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।

90. ਸੁਰਜੀਤ ਸਿੰਘ, ਪੁੱਤਰ ਨਿਹਾਲ ਸਿੰਘ, ਵਾਸੀ ਕੋਟ ਕਪੂਰਾ, ਜ਼ਿਲ੍ਹਾ ਫਰੀਦਕੋਟ ।

91. ਮੰਗਲ ਸਿੰਘ, ਪੁੱਤਰ ਹਜ਼ਾਰਾ ਸਿੰਘ, ਜੱਟ, ਵਾਸੀ ਪਿੰਡ ਸ਼ੇਰੋਂ ਪੀ. ਐਸ. ਸਦਰ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ।

92. ਬਾਬੂ ਰਾਮ, ਪੁੱਤਰ ਬਨਾਰਸੀ ਦਾਸ, ਵਾਸੀ ਮੰਡੀ ਮਾਨਸਾ, ਜ਼ਿਲ੍ਹਾ ਬਠਿੰਡਾ ।

93. ਬਿਲਾਸ ਰਾਮ ਉਰਫ ਬਿਲਾ, ਪੁੱਤਰ ਕਾਕਾ ਰਾਮ, ਵਾਸੀ ਮੰਡੀ ਮਾਨਸਾ, ਜ਼ਿਲ੍ਹਾ ਬਠਿੰਡਾ ।

94. ਪਰਕਾਸ਼ ਚੰਦ, ਪੁੱਤਰ ਕਾਕਾ ਰਾਮ, —ਓਹੀ—

95. ਸੁਖਦੇਵ ਸਿੰਘ, ਪੁੱਤਰ ਬੂਟਾ ਸਿੰਘ, ਵਾਸੀ ਬੁਡੀ, ਹਾਲ ਵਾਸੀ ਪਿੰਡ ਦੀਖਾ, ਪੀ. ਐਸ. ਵਾਲੀਆਂ ਵਾਲੀ, ਜ਼ਿਲ੍ਹਾ ਬਠਿੰਡਾ ।

96. ਸੰਤੋਖ ਸਿੰਘ, ਪੁੱਤਰ ਭੱਟਰ ਸਿੰਘ, ਗੋਲਡ ਸਮਿਥ, ਵਾਸੀ ਪਿੰਡ ਰਾਮਾਂ, ਜ਼ਿਲ੍ਹਾ ਬਠਿੰਡਾ ।

97. ਬਾਜ ਸਿੰਘ, ਪੁੱਤਰ ਅਨੂਪ ਸਿੰਘ, ਵਾਸੀ ਚਰਚ ਰੋਡ, ਨਜ਼ਦੀਕ ਪੀ. ਡਬਲਯੂ. ਡੀ. ਰੈਸਟ ਹਾਊਸ ਫਿਰੋਜ਼ਪੁਰ ।

98. ਬਰਿਜ ਲਾਲ, ਪੁੱਤਰ ਲੇਖ ਰਾਮ, ਵਾਸੀ ਮਹੱਲਾ ਮੈਗਜ਼ੀਨ, ਸੰਗਰੂਰ ।

99. ਰਾਮ ਤੀਰਥ —ਓਹੀ—

100. ਗੁਰਜੰਦ ਸਿੰਘ, ਪੁੱਤਰ ਗੰਡਾ ਸਿੰਘ, ਜੱਟ ਸਿੱਖ, ਵਾਸੀ ਪਿੰਡ ਘੱਗਰ ਪੁਰ, ਜ਼ਿਲ੍ਹਾ ਸੰਗਰੂਰ ।

101. ਜੰਗੀਰ ਸਿੰਘ —ਓਹੀ—

102. ਸੁਰਜੀਤ ਸਿੰਘ, ਪੁੱਤਰ ਗੰਡਾ ਸਿੰਘ, —ਓਹੀ—

103. ਮੋਹਨ ਸਿੰਘ, ਪੁੱਤਰ ਸਾਧੂ ਸਿੰਘ, ਵਾਸੀ ਪਿੰਡ ਰੇੜੂ, ਜ਼ਿਲ੍ਹਾ ਜਲੰਧਰ ।

104. ਬਹਾਦਰ ਸਿੰਘ, ਪੁੱਤਰ ਵਰਿਆਮ ਸਿੰਘ, ਵਾਸੀ ਪਿੰਡ ਲਲੀਆਂ ਕਲਾਂ, ਜ਼ਿਲ੍ਹਾ ਜਲੰਧਰ ।

105. ਬੰਤ ਰਾਮ, ਪੁੱਤਰ ਰਾਮ ਲੱਭੂ ਰਾਮ, ਖੱਤਰੀ ਅਰੋੜਾ, ਵਾਸੀ ਕੋਟ ਕਪੂਰਾ, ਜ਼ਿਲ੍ਹਾ ਫਰੀਦਕੋਟ ।

106. ਮਹਿਬੂਬ ਅਲਮ, ਪੁੱਤਰ ਅਫ਼ਸਰ ਦੀਨ, ਵਾਸੀ 38/4 ਅਬਦੁਲ ਲੇਨ ਪੀ. ਐਸ. ਕੋਤਵਾਲੀ, ਜ਼ਿਲ੍ਹਾ ਢਾਕਾ (ਬੰਗਲਾ ਦੇਸ਼)

107. ਤਾਜ਼ਦੀਨ, ਪੁੱਤਰ ਨਵਾਬ ਦੀਨ, ਵਾਸੀ ਝੰਡਰ, ਜ਼ਿਲ੍ਹਾ ਲਾਹੌਰ (ਪਾਕਿ)

108. ਦਰਸ਼ਨ ਸਿਘ, ਪੁੱਤਰ ਸੰਤਾ ਸਿਘ, ਵਾਸੀ ਰਾਮੂ ਵਾਲਾ, ਪੀ. ਐਸ. ਵਲਟੋਹਾ, ਜ਼ਿਲ੍ਹਾ ਅੰਮ੍ਰਿਤਸਰ ।

109. ਮੁਹੰਮਦ ਰਸ਼ੀਦ, ਪੁੱਤਰ ਮੁਹੰਮਦ ਅਕਬਾਲ, ਵਾਸੀ ਮਕਾਨ ਨੰ: ਏ–4, ਗਲੀ ਨੰ: 13, ਸ਼ਾਲਾਮਾਰ ਟਾਊਨ, ਭਗਵਾਨ ਪੁਰਾ, ਜ਼ਿਲ੍ਹਾ ਲਾਹੌਰ ।

110. ਆਦਮ ਖਾਂ, ਪੁੱਤਰ ਪੱਤੀਆਂ ਖਾਂ, ਵਾਸੀ ਖਾਉੜਾ ਆਰਮ ਖਾਂ, ਕੋਹਲਾਂ, ਜ਼ਿਲ੍ਹਾ ਗਜ਼ਨੀ ।

111. ਮੁਹੰਮਦ ਹਨੀਫ, ਪੁੱਤਰ ਮਹਿਬੂਬ ਅਲੀ, ਵਾਸੀ ਉਕਾਹੜਾ, ਜ਼ਿਲ੍ਹਾ ਮਿੰਟਗੁਮਰੀ ।

112. ਅਬਦੁਲਾ ਖਾਂ, ਪੁੱਤਰ ਹਾਜੀ ਕੁਰਬਾਨ ਅਲੀ, ਪੀ. ਐਸ. ਸ਼ਤਨ, ਜ਼ਿਲ੍ਹਾ ਗਜ਼ਨੀ ।

113. ਗੁਲਾਮ ਰਸੂਲ, ਪੁੱਤਰ ਗੋਡ ਅਲੀ, ਵਾਸੀ ਚੱਕ ਨੰ: 207, ਲਾਲ ਪੁਰ ।

114. ਦਿਤਾ ਪੁੱਤਰ ਹਰੀਮ ਬਖਸ਼, ਵਾਸੀ ਲਾਇਲ ਪੁਰ, ਜ਼ਿਲ੍ਹਾ ਲਾਇਲਪੁਰ ।

ਨਵੰਬਰ, 1974

115. ਪਰਮਜੀਤ ਸਿੰਘ, ਪੁੱਤਰ ਅਜੀਤ ਸਿੰਘ, ਜੱਟ, ਵਾਲੀ ਪਿੰਡ ਬੁਰਜ, ਪੀ.ਐਸ. ਘਰੀਂਡਾ, ਜ਼ਿਲ੍ਹਾ ਅੰਮ੍ਰਿਤਸਰ (ਹੁਣ ਰੇਲਵੇ ਰੋਡ ,ਅੰਮ੍ਰਿਤਸਰ) ।

116. ਸਤਬੀਰ ਸਿੰਘ, ਪੁੱਤਰ ਅਜੀਤ ਸਿੰਘ —ਉਹੀ—

117. ਅਜੀਤ ਸਿੰਘ, ਪੁੱਤਰ ਜੁਵਾਹਰ ਸਿੰਘ, ਪਿੰਡ ਬੁਰਜ ਪੀ.ਐਸ. ਘਰੀਂਡਾ, ਜ਼ਿਲ੍ਹਾ ਅੰਮ੍ਰਿਤਸਰ।

118. ਕਾਬਲ ਸਿੰਘ, ਪੁਤਰ ਜਰਨੈਲ ਸਿੰਘ, ਜੱਟ ਵਾਸੀ ਭਗਤੂ ਪੂਰਾ, ਪੀ.ਐਸ.ਜੰਡਿਆਲਾ, ਜ਼ਿਲ੍ਹਾ ਅੰਮ੍ਰਿਤਸਰ ।

119. ਇੰਦਰਜੀਤ ਪੁੱਤਰ ਸੇਵਾ ਰਾਮ ਕੋਹਲੀ, ਵਾਲੀ ਮਕਾਨ ਨੰ: 178—ਡਬਲਯੂ. ਜੀ., ਮਹੱਲਾ ਇਸਲਾਮਾਬਾਦ, ਜਲੰਧਰ ਸ਼ਹਿਰ ।

120. ਜੋਇੰਦਰ ਸਿੰਘ, ਪੁੱਤਰ ਸੋਹਣ ਸਿੰਘ, ਵਾਸੀ ਮਜੀਠਾ ਰੋਡ, ਪੀ.ਐਸ.ਸਿਵਲ ਲਾਈਨ, ਅੰਮ੍ਰਿਤਸਰ ।

121. ਰੋਸ਼ਨ ਲਾਲ ਵਜ਼ੀਰਾ ਬਾਦੀ, ਪੁੱਤਰ ਕਾਂਸ਼ੀ ਰਾਮ, ਖਤਰੀ, ਵਾਸੀ ਕੱਟੜਾ ਭਾਈ ਸੰਤ ਸਿੰਘ, ਅੰਮ੍ਰਿਤਸਰ ।

122. ਭੁਪਿੰਦਰ ਸਿੰਘ, ਪੁੱਤਰ ਨਰੰਜਣ ਸਿੰਘ ਭਾਟੀਆ, ਵਾਸੀ ਸ਼ਿਵਾਲਾ ਰੋਡ, ਹੁਸੈਨਪੁਰਾ, ਅੰਮ੍ਰਿਤਸਰ

123. ਸਵਰਨ ਸਿੰਘ ਉਰਫ ਸਵਰਨਾ ਸ਼ਾਹ, ਪੁੱਤਰ ਵਸਨ ਸਿੰਘ, ਵਾਸੀ ਨਸ਼ਹਿਰਾ ਢੱਲਾ, ਹੁਣ ਟੇਲਰ ਰੋਡ ਅੰਮ੍ਰਿਤਸਰ ।

124. ਹਰਪਾਲ ਸਿੰਘ, ਪੁੱਤਰ ਸਵਰਨ ਸਿੰਘ. —ਉਹੀ—

125. ਤਾਰਾ ਸਿੰਘ, ਪੁੱਤਰ ਦਿਆਲ ਸਿੰਘ, ਵਾਸੀ ਸੰਗਰੂਰ ।

126. ਮਕਸੂਦ ਸ਼ਾਹ, ਪੁੱਤਰ ਮੁਹੰਮਦ ਸ਼ਾਹ, ਵਾਸੀ ਗੁਜਰਾਤ, ਪੀ.ਐਸ.ਸ਼ਹਿਰ ਜ਼ਿਲ੍ਹਾ ਗੁਜਰਾਤ (ਪਾਕਿ)

127. ਫਤਿਹ ਮੁਹੰਮਦ, ਪੁੱਤਰ ਅਲੀ ਗੋਡ, ਵਾਸੀ ਪਿੰਡ ਖਾਨੋ ਹਰਦੀ, ਪੀ.ਐਸ. ਕਾਨਾ ਚੱਕ, ਜ਼ਿਲ੍ਹਾ ਲਾਹੌਰ ।

128. ਖੁਰਸ਼ੀਦ ਮੁਹੰਮਦ, ਪੁੱਤਰ ਅਸਮਾਈਲ, ਵਾਸੀ ਲਾਹੌਰੀਆ, ਪੀ. ਐਸ. ਨੌਰੰਗ, ਜ਼ਿਲ੍ਹਾ ਸੇਖੂਪੁਰਾ ।

129. ਲਿਆਕਤ ਅਲੀ, ਪੁੱਤਰ ਅਨਾਇਤ ਅਲੀ, ਵਾਸੀ ਨੋਧ ਪੁਰ, ਪੀ.ਐਸ.ਮੁਡੀਕੇ ਜ਼ਿਲ੍ਹਾ ਸਿਆਲਕੋਟ ।

130. ਫ਼ੇਰੂ, ਪੁੱਤਰ ਜਾਨੀ, ਵਾਸੀ ਪਿੰਡ ਭੇਦ ਕੁਟਨਵਾਲਾ, ਪੀ.ਐਸ.ਸਦਰ, ਮਿੰਟਗੁਮਰੀ ।

131. ਮੁਹੰਮਦ ਕਰੀਮ, ਪੁੱਤਰ ਸ਼ੇਰ ਮੁਹੰਮਦ, ਵਾਸੀ ਮੁਰੀਦ, ਜ਼ਿਲ੍ਹਾ ਜੇਹਲਮ ।

132. ਮੁਹੰਮਦ ਹਨੀਫ, ਪੁੱਤਰ ਖੁਆਜਾ, ਵਾਸੀ ਹਲੋਵਾਲ, ਪੀ.ਐਸ.ਕਬੀਆਂ, ਜ਼ਿਲ੍ਹਾ ਸਿਆਲਕੋਟ ।

[ਮੁੱਖ ਸੰਸਦੀ ਸਕੱਤਰ]

ਦਸੰਬਰ,1974

133. ਮਨੋਹਰ ਲਾਲ ਖੰਨਾ, ਪੁੱਤਰ ਪੰਨਾ ਲਾਲ, ਵਾਸੀ ਗਲੀ ਦਲਾਲਾਂ, ਕੱਟੜਾ ਭਾਈ ਸੰਤ ਸਿੰਘ, ਪੀ. ਐਸ. ਡੀ. ਡਵੀਜ਼ਨ, ਅੰਮ੍ਰਿਤਸਰ ।

134. ਕੁਲਦੀਪ ਸਿੰਘ ਉਰਫ ਕੋਲਾ, ਪੁਤਰ ਚਰਨ ਸਿੰਘ, ਜੱਟ, ਪਿੰਡ ਕਲੇਹ, ਪੀ.ਐਸ.ਸਦਰ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ।

135. ਅੱਲਾ ਦਿੱਤਾ, ਪੁੱਤਰ ਲਾਲ ਮੁਹੰਮਦ, ਵਾਸੀ ਪਿੰਡ ਰਸੂਲਪੁਰ, ਪੀ.ਐਸ.ਸਦਰ ਕਸੂਰ, ਜ਼ਿਲ੍ਹਾ ਲਾਹੌਰ ।

136. ਅਬਦਲ ਸ਼ਕੂਰ, ਪੁੱਤਰ ਅਬਦਲ ਗਫੂਰ, ਵਾਸੀ ਕਾਲੋਨੀ ਬਾਗ਼ ਬਖਸ਼ੀ ਘਨੀਈਆ ਲਾਲ, ਜ਼ਿਲ੍ਹਾ ਗੁਜਰਾਂਵਾਲਾ ।

137. ਰਹਿਮਤ ਖਾਂ, ਪੁੱਤਰ ਦਾਹਤ ਖਾਂ, ਪੀ.ਐਸ.ਜਫਰਵਾਲ,ਸਿਆਲਕੋਟ ।

138. ਸ਼ਰਫਦੀਨ, ਪੁੱਤਰ ਨਥੂ, ਵਾਸੀ ਚੱਕ ਨੰ: 4, ਜ਼ਿਲ੍ਹਾ ਲਾਇਲਪੁਰ ।

139. ਫਰਜ਼ੰਦ, ਪੁੱਤਰ ਨਜ਼ਾਮ ਦੀਨ, ਵਾਸੀ ਜੋਹਰ, ਪੀ.ਐਸ. ਗੰਡਾ ਸਿੰਘ ਵਾਲਾ ।

140. ਅਜਮਦ ਖਾਂ, ਪੁੱਤਰ ਗੁਲਾਮ ਰਸੂਲ ਖਾਨ, ਵਾਸੀ ਜਲਦਾ ਸ਼ਰੀਫ, ਤਹਿਸੀਲ ਸ਼ੰਕਰਗੜ੍ਹ ।

141. ਨੂਰ ਮੁਹੰਮਦ, ਪੁੱਤਰ ਮਾਮ ਦੀਨ, ਵਾਸੀ ਗੋਹਰ, ਪੀ.ਐਸ. ਗੰਡਾ ਸਿੰਘ ਵਾਲਾ, ਜ਼ਿਲ੍ਹਾ ਲਾਹੌਰ ।

142. ਅੱਲਾ ਦਿੱਤਾ, ਪੁੱਤਰ ਹੁਸੈਨ, ਵਾਸੀ ਕਿਰਦੀ, ਪੀ.ਐਸ. ਗੰਡਾ ਸਿੰਘ ਵਾਲਾ, ਜ਼ਿਲ੍ਹਾ ਲਾਹੌਰ ।

143. ਲਾਲ ਦੀਨ, ਪੁੱਤਰ ਹਸਨ ਦੀਨ, ਵਾਸੀ ਅਮਨ ਬੰਨੀਵਾਲ, ਪੀ.ਐਸ.ਲਾਹੌਰ, ਜ਼ਿਲ੍ਹਾ ਲਾਹੌਰ ।

144. ਬਸ਼ੀਰ, ਪੁੱਤਰ ਉਮਰ ਦੀਨ, ਵਾਸੀ ਮਕੀਕੇ, ਪੀ.ਐਸ.ਗੰਡਾ ਸਿੰਘ ਵਾਲਾ, ਜ਼ਿਲ੍ਹਾ ਲਾਹੌਰ ।

145. ਉਮਰ ਦੀਨ, ਪੁੱਤਰ ਰਹਿਮਤ ਅਲੀ, ਵਾਸੀ ਕਿਲਦੀ ਪੰਹਾ ਡੋਨਾ, ਪੀ.ਐਸ.ਗੰਡਾ ਸਿੰਘ ਵਾਲਾ, ਜ਼ਿਲ੍ਹਾ ਲਾਹੌਰ ।

ਸੂਚੀ (ਅ)

ਅੰਮ੍ਰਿਤਸਰ

1. ਸੰਤਾ ਸਿੰਘ ਉਰਫ ਸੰਤਾ ਬਾਵਾ
2. ਓਮ ਪ੍ਰਕਾਸ਼
3. ਯਸ਼ਪਾਲ
4. ਹਜ਼ਾਰਾ ਸਿੰਘ
5. ਹਰਪਾਲ ਸਿੰਘ, ਪੁੱਤਰ ਸੰਤਾ ਸਿੰਘ
6. ਠਾਕਰ ਸਿੰਘ
7. ਮਹੈਨ ਸਿੰਘ
8. ਸੱਤਪਾਲ ਸਿੰਘ
9. ਪਰਮਜੀਤ ਸਿੰਘ
10. ਸਤਬੀਰ ਸਿੰਘ
11. ਅਜੀਤ ਸਿੰਘ
12. ਦੁਆਰਕਾ ਦਾਸ
13. ਮੁਲਖ ਰਾਜ
14. ਨਿਰਮਲ ਸਿਘ
15. ਪਿਸ਼ੌਰਾ ਸਿੰਘ
16. ਬਲਵੰਤ ਸਿੰਘ

17. ਮਲਕ ਸਿੰਘ
18. ਆਤਮਾ ਸਿੰਘ
19. ਕਾਬਲ ਸਿੰਘ
20. ਮੰਗਲ ਸਿੰਘ
21. ਜੈ ਇੰਦਰ ਸਿੰਘ
22. ਰੋਸ਼ਨ ਲਾਲ
23. ਭੁਪਿੰਦਰ ਸਿੰਘ
24. ਸਵਰਨ ਸਿੰਘ
25. ਹਰਪਾਲ ਸਿੰਘ, ਪੁੱਤਰ ਸਵਰਨ ਸਿੰਘ
26. ਮਨੋਹਰ ਲਾਲ
27. ਕੁਲਦੀਪ ਸਿੰਘ ਉਰਫ ਕੋਹਲਾ

ਲੁਧਿਆਣਾ

28. ਕਰਤਾਰ ਸਿੰਘ
29. ਫਕੀਰ ਚੰਦ
30. ਕੇਵਲ ਕ੍ਰਿਸ਼ਨ
31. ਓਮ ਪ੍ਰਕਾਸ਼
32. ਹੰਸ ਰਾਜ ਲਾਂਬਾ
33. ਦੌਲਤ ਰਾਮ
34. ਮੋਹਨ ਲਾਲ
35. ਕੰਵਰ ਲਾਲ
36. ਪਰਧਾਨ ਸਿੰਘ
37. ਅਸ਼ੋਰ ਕੁਮਾਰ
38. ਸੰਤੋਖ ਸਿੰਘ
39. ਜੈਨ ਦਾਸ ਜੈਨ
40. ਰਘਬੀਰ ਸਿੰਘ

ਜਲੰਧਰ

41. ਸਾਹਿਬ ਦਿਆਲੇ
42. ਦੁਰਗਾ ਦਾਸ
43. ਮਦਨ ਲਾਲ
44. ਸੁਰਜੀਤ ਸਿੰਘ
45. ਪਰਦੂਮਨ ਸਿੰਘ
46. ਨਥੂ ਰਾਮ
47. ਜਤਿੰਦਰ ਸਿੰਘ
48. ਡੋਗਰ ਮੱਲ
49. ਰਾਮ ਲੁਭਾਇਆ
50. ਪ੍ਰੀਤਮ ਸਿੰਘ
51. ਕਿਰਪਾਲ ਸਿੰਘ
52. ਮੋਹਨ ਸਿੰਘ, ਪੁੱਤਰ ਚਰਨ ਸਿੰਘ
53. ਅਜੀਤ ਸਿੰਘ
54. ਸਰੂਪ ਚੰਦ ਜੋਸ਼ੀ
55. ਮੂਲਖ ਰਾਜ
56. ਅਮਰਜੀਤ ਜੋਸ਼ੀ
57. ਇੰਦਰ ਜੀਤ
58. ਮੋਹਨ ਸਿੰਘ, ਪੁੱਤਰ ਸਾਧੂ ਸਿੰਘ
59. ਬਹਾਦਰ ਸਿੰਘ

ਫਿਰੋਜ਼ਪੁਰ

60. ਗੁਰਚਰਨ ਸਿੰਘ ਉਰਫ ਚੰਨਾ
61. ਹਰਬੰਸ ਸਿੰਘ
62. ਖਲਾਰਾ ਸਿੰਘ
63. ਜਗਤਾਰ ਸਿੰਘ
64. ਜੱਗਾ ਸਿੰਘ
65. ਸੁਚਾ ਸਿੰਘ
66. ਸੂਬਾ ਸਿੰਘ
67. ਪ੍ਰੀਤਮ ਸਿੰਘ
68. ਕਸ਼ਮੀਰ ਸਿੰਘ, ਪੁੱਤਰ ਦੀਵਾਨ ਸਿੰਘ
69. ਬਲਬੀਰ ਸਿੰਘ. ਉਰਫ ਬੀਲੋ
70. ਦਰਸ਼ਨ ਸਿੰਘ ਉਰਫ ਚੰਨੂ
71. ਬਲਕਾਰ ਸਿੰਘ
72. ਰੇਸ਼ਮ ਸਿੰਘ
73. ਦਾਰਾ ਸਿੰਘ
74. ਕਸ਼ਮੀਰ ਸਿੰਘ, ਪੁੱਤਰ ਬਗੀਚਾ ਸਿੰਘ
75. ਰੋਸ਼ਨ ਲਾਲ
76. ਬਾਜ ਸਿੰਘ

ਬਠਿੰਡਾ

77. ਮਹਿੰਦਰ ਸਿੰਘ
78. ਰੋਸ਼ਨ ਲਾਲ
79. ਗਵਰਧਨ ਦਾਸ
80. ਮਿੱਢਾ ਰਾਮ ਉਰਫ ਮਿੱਢਾ ਮੱਲ
81. ਕਸਤੂਰੀ ਲਾਲ

[ਮੁੱਖ ਸੰਸਦੀ ਸਕੱਤਰ]

82. ਬਿਹਾਰੀ ਲਾਲ
83. ਬਲਦੇਵ ਰਾਜ
84. ਮਲਵਿੰਦਰ ਸਿੰਘ
85. ਬਨਾਰਸੀ ਦਾਸ
86. ਬਲਦੇਵ ਸਿੰਘ
87. ਲਾਭ ਸਿੰਘ
88. ਪ੍ਰਕਾਸ਼ ਚੰਦ
89. ਬਿਲਾਸ ਰਾਮ ਉਰਫ ਬਿਲੋ
90. ਬਾਬੂ ਰਾਮ
91. ਸੁਖਦੇਵ ਸਿੰਘ
92. ਸੰਤੋਖ ਸਿੰਘ

ਹੁਸ਼ਿਆਰਪੁਰ

93. ਪਰਕਾਸ਼ ਚੰਦ
94. ਸੁਸ਼ੀਲ ਕੁਮਾਰ
95. ਚਮਨ ਲਾਲ
96. ਰਮੇਸ਼ ਚੰਦ

ਫਰੀਦਕੋਟ

97. ਸੁਰਜੀਤ ਸਿੰਘ
98. ਬੰਤ ਰਾਮ

ਸੰਗਰੂਰ

99. ਬਰਿਜ ਲਾਲ
100. ਰਾਮ ਤੀਰਥ
101. ਜੰਗੀਰ ਸਿੰਘ
102. ਗੁਰਜੰਤ ਸਿੰਘ
103. ਸੁਰਜੀਤ ਸਿੰਘ
104. ਤਾਰਾ ਸਿੰਘ

ਸੂਚੀ (ੲ)

1. ਫਕੀਰ ਚੰਦ
2. ਕੇਵਲ ਕ੍ਰਿਸ਼ਨ
3. ਓਮ ਪ੍ਰਕਾਸ਼
4. ਪਰਧਾਨ ਸਿੰਘ
5. ਜੈਨ ਦਾਸ ਜੈਨ
6. ਪ੍ਰੀਤਮ ਸਿੰਘ
7. ਮਿੱਢਾ ਰਾਮ ਉਰਫ ਮਿੱਢਾ ਮੱਲ
8. ਤਾਰਾ ਸਿੰਘ

ਸੂਚੀ (ਸ)

1. ਸ਼ੇਰ ਅੱਲੀ
2. ਅਲਮਦੀਨ
3. ਫਜ਼ਲ ਸ਼ਾਹ
4 ਮੁਹੰਮਦ ਅਸਲਮ
5. ਅਬਦੁਲ ਮਲਕ
6. ਨਾਸਰ ਖਾਂ
7. ਮਹੰਮਦ ਨਾਜਰ
8. ਸ਼ਾਹੀ ਖਾਂ
9. ਸੁਖਦੇਵ ਸਿਘ
10. ਤਰਸੇਮ ਸਿੰਘ
11. ਸੁਰਿੰਦਰ ਸਿੰਘ
12. ਮੁਹੰਮਦ ਸਈਅਦ
13. ਮੁਹੰਮਦ ਯਕੂਬ
14. ਮਹਬੂਬ ਅਲਮ
15. ਤਾਜ ਦੀਨ
16. ਦਰਸ਼ਨ ਸਿੰਘ

17.	ਮੁਹੰਮਦ ਰਸ਼ੀਦ	29.	ਮੁਹੰਮਦ ਹਨੀਫ
18.	ਆਦਮ ਖਾਂ	30.	ਅੱਲਾ ਦਿੱਤਾ
19.	ਅਬਦੁਲਾ ਖਾਂ	31.	ਅਬਦਲ ਸ਼ਕੂਰ
20.	ਗੁਲਾਮ ਰਸੂਲ	32.	ਰਹਿਮਤ ਖਾਂ
21.	ਦਿਤਾ	33.	ਸ਼ਰਫ ਦੀਨ
22.	ਮਕਸੂਦ ਸ਼ਾਹ	34.	ਫਰਜੰਦ
23.	ਫਤਿਹ ਮੁਹੰਮਦ	35.	ਅਜਮਦ ਖਾਂ
24.	ਖੁਰਸ਼ੀਦ ਮੁਹੰਮਦ	36.	ਨੂਰ ਮੁਹੰਮਦ
25.	ਲਿਆਕਤ ਅਲੀ	37.	ਅੱਲਾ ਦਿੱਤਾ
26.	ਝੇਰੂ	38.	ਲਾਲ ਦੀਨ
27.	ਮੁਹੰਮਦ ਰਸ਼ੀਦ	39.	ਬਸ਼ੀਰ
28.	ਮੁਹੰਮਦ ਹਨੀਫ	40.	ਉਮਰ ਦੀਨ

ਕਾਮਰੇਡ ਸੱਤਪਾਲ ਡਾਂਗ : ਸਮਗਲਿੰਗ ਰੋਕਣ ਲਈ ਜਿਹੜੇ ਬੰਦੇ ਡਿਟੇਨ ਕੀਤੇ ਗਏ ਹਨ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਇੰਟੈਰੋਗੇਸ਼ਨ ਦੇ ਦੋਰਾਨ ਇਨ੍ਹਾਂ ਵਿਚੋਂ ਕਿਸੇ ਨੇ ਅਫ਼ਸਰਾਂ ਜਾਂ ਸਿਆਸਤਦਾਨਾਂ ਨੂੰ ਵੀ ਨੇਮ ਕੀਤਾ ਹੈ ਕਿ ਇਹ ਵੀ ਇਨ੍ਹਾਂ ਦੇ ਨਾਲ ਮਿਲੇ ਹੋਏ ਸਨ ਅਤੇ ਜੇ ਕੀਤਾ ਹੈ ਤਾਂ ਕਿਸ ਅਫ਼ਸਰ ਨੂੰ ਨੇਮ ਕੀਤਾ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਵੈਸੇ ਤਾਂ ਇਹ ਸਵਾਲ ਰੇਜ਼ ਨਹੀਂ ਹੁੰਦਾ ਪਰ ਜੋ ਇਨ੍ਹਾਂ ਨੇ ਲਿਸਟ ਮੰਗੀ ਹੈ ਉਹ ਅਸੀਂ ਦੇ ਦਿੱਤੀ ਹੈ। ਇਸ ਬਾਰੇ ਜੇ ਇਹ ਫਰੈਸ਼ ਨੋਟਿਸ ਦੇ ਦੇਣ ਤਾਂ ਅਸੀਂ ਜਵਾਬ ਦੇ ਦੇਵਾਂਗੇ ।

ਡਾਕਟਰ ਅਮੀਰ ਸਿੰਘ ਕਲਕਟ : ਆਇਆ ਮੁੱਖ ਮੰਤਰੀ ਸਾਹਿਬ ਇਹ ਦੱਸਣਗੇ ਕਿ ਇਨ੍ਹਾਂ ਨੇ ਜੋ ਆਪਣੇ ਜਵਾਬ ਵਿਚ ਦਸਿਆ ਹੈ ਕਿ ਅਸੀਂ ਪੰਜਾਬ ਵਿਚ 145 ਆਦਮੀ ਫੜੇ ਹਨ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਜਿਹੜਾ ਕਿ ਪਾਕਿਸਤਾਨ ਦੇ ਨਾਲ ਲਗਦਾ ਸੂਬਾ ਹੈ ਅਤੇ ਇਹ ਪਤਾ ਹੈ ਕਿ ਇਥੇ ਸਮਗਲਿੰਗ ਆਮ ਹੁੰਦੀ ਹੈ, ਕੀ ਇਹ 145 ਆਦਮੀ ਘੱਟ ਨਹੀਂ ਹਨ ? (ਹਾਸਾ)

Chief Parliamentary Secretary : I have not followed.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਚੀਫ ਪਾਰਲੀਮੈਂਟਰੀ ਸਕੱਤਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ ਸਮਗਲਿੰਗ ਦੇ ਦੋਸ਼ ਵਿਚ ਬੰਦੇ ਫੜੇ ਹਨ ਕੀ ਇਨ੍ਹਾਂ ਵਿਚੋਂ ਕੋਈ ਕਿਸੇ ਵਜ਼ੀਰ ਦਾ ਵੀ ਰਿਸ਼ਤੇਦਾਰ ਸੀ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਂ ਤਾਂ ਲਿਸਟ ਦੇ ਦਿੱਤੀ ਹੈ, ਇਹ ਵੇਖ ਲੈਣ, ਜੋ ਕੋਈ ਹੈ ਤਾਂ ਦਸ ਦੇਣ ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬੰਦੇ ਫੜੇ ਗਏ ਸਨ ਉਨ੍ਹਾਂ ਵਿਚੋਂ ਇਕ ਸਜਨ ਨੂੰ ਜਦੋਂ ਹਾਈ ਕੋਰਟ ਵਿਚ ਪੇਸ਼ ਕੀਤਾ ਗਿਆ ਸੀ ਤਾਂ ਉਸ ਨੇ ਆਪਣੇ ਬਿਆਨ ਵਿਚ ਸਰਕਾਰ ਦੇ ਖਿਲਾਫ ਐਲੀਗੇਸ਼ਨ ਲਾਏ ਸਨ । ਕੀ ਸਰਕਾਰ ਨੇ ਉਸ ਦਾ ਕੋਈ ਨੋਟਿਸ ਲਿਆ ਅਤੇ ਉਸ ਦੀ ਕੋਈ ਇਨਕੁਆਇਰੀ ਕਰਾਉਣ ਦੀ ਕੋਸ਼ਿਸ਼ ਕੀਤੀ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਫੜੇ ਹੋਏ ਮੁਲਾਜ਼ਮਾਂ ਦੀ ਗੱਲ ਸਰਕਾਰ ਸੁਣਨ ਨਹੀਂ ਜਾਂਦੀ ।

आचार्य पृथ्वी सिंह आजाद : क्या मुख्य मंत्री साहिब यह बताने की कृपा करेंगें कि यह जो 145 आदमी पकड़े हैं ये किस तारीख तक पकड़े है और इस तारीख के बाद इस ऐक्ट के अधीन और कितने गिरफतार किये हैं तथा उन के नाम क्या क्या हैं।

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਂ ਤਾਂ ਮਹੀਨੇਵਾਰ ਇਨ੍ਹਾਂ ਨੂੰ ਲਿਸਟ ਦਸ ਦਿੱਤੀ ਹੈ ਇਸ ਤੋਂ ਬਾਅਦ ਅਗਲੇ ਸਾਲ ਜਿਹੜੇ ਫੜੇ ਹਨ, ਉਨ੍ਹਾਂ ਵਾਸਤੇ ਇਹ ਫਰੈਸ਼ ਨੋਟਿਸ ਦੇ ਦੇਣ ਅਸੀਂ ਦੱਸ ਦੇਵਾਂਗੇ ।

Acharya Prithvi Singh Azad ; Mr. Speaker, Sir, I simply wanted to know from the Chief Parliamentary Secretary whether, after this list, any other person has been arrested or not ?

Chief Parliamentary Secretary : My learned friend should read the question first........(*Interruptions*)

ਸਪੀਕਰ ਸਾਹਿਬ, ਮੈਂ ਤਾਂ ਕਹਿ ਰਿਹਾਂ ਹਾਂ ਕਿ ਜੋ ਸਵਾਲ ਆਜ਼ਾਦ ਸਾਹਿਬ ਨੇ ਪੜ੍ਹਿਆ ਹੈ ਉਸ ਦਾ ਜਵਾਬ ਮੈਂ ਦੇ ਦਿੱਤਾ ਹੈ ਜੇ ਇਸ ਤੋਂ ਬਾਅਦ ਇਹ ਪੁੱਛਣਾ ਚਾਹੁੰਦੇ ਹਨ ਤਾਂ ਇਹ ਫਰੈਸ਼ ਨੋਟਿਸ ਦੇ ਦੇਣ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣਗੇ ਕਿ ਹਾਈਕੋਰਟ ਨੇ ਜੋ 8 ਡੇਟਿਨਿਊਜ਼ ਨੂੰ ਰਿਹਾ ਕੀਤਾ ਹੈ ,ਇਸ ਦੇ ਬਾਰੇ ਕੁਝ ਅਫਸਰਾਂ ਨੇ ਇਨ੍ਹਾਂ ਡੇਟਿਨਿਊਜ਼ ਨੂੰ ਜਾਣ ਬੁਝ ਕੇ ਇਸ ਢੰਗ ਨਾਲ ਚਾਰਜਸ਼ੀਟ ਕੀਤਾ ਸੀ ਕਿ ਉਹ ਹਾਈ ਕੋਰਟ ਤੋਂ ਛੁੱਟ ਕੇ ਆ ਜਾਣ । ਕੀ ਪੰਜਾਬ ਸਰਕਾਰ ਨੇ ਇਸ ਦੇ ਬਾਰੇ ਕੋਈ ਘੋਖ ਕੀਤੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਮਾਮਲੇ ਦੀ ਜਾਣਕਾਰੀ ਕਰਵਾਈ ਜਾ ਰਹੀ ਹੈ। ਇਹ ਜਿਹੜੇ ਸਮਗਲਰ ਹੁੰਦੇ ਹਨ ਉਹ ਬੜੀ ਫਰਾਖਦਿਲੀ ਅਤੇ ਖੁਲ ਦਿਲੀ ਨਾਲ ਪੈਸਾ ਖਰਚ ਕਰ ਸਕਦੇ ਹਨ ਅਤੇ ਅਫਸਰਾਂ ਅਤੇ ਪਾਲੇਟੀਸ਼ਨਾਂ ਨੂੰ ਆਪਣਾ ਆਦਮੀ ਬਣਾ ਲੈਂਦੇ ਹਨ, ਪਰ ਅਸੀਂ ਇਸ ਦੀ ਪੂਰੀ ਜਾਣਕਾਰੀ ਕਰਾਉਣ ਤੋਂ ਪਹਿਲਾਂ ਉਨ੍ਹਾਂ ਅਫਸਰਾਂ ਦੇ ਨਾਂ ਨਹੀਂ ਦਸ ਸਕਦੇ ।

ਚੌਧਰੀ ਰਾਮ ਸਿੰਘ : ਕੀ ਮੁੱਖ ਸੰਸਦੀ ਸਕੱਤਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜੇ 8 ਆਦਮੀ ਹਾਈਕੋਰਟ ਨੇ ਰਿਹਾ ਕੀਤੇ ਹਨ ਇਹ ਕਿਹੜੇ ਕਿਹੜੇ ਰੀਜ਼ਨ ਤੇ ਰਿਹਾ ਕੀਤੇ ਗਏ ਹਨ ਅਤੇ ਨਾਲ ਹੀ ਸਰਦਾਰ ਸਤਨਾਮ ਸਿੰਘ ਕਿਸ ਕਾਰਨ ਗ੍ਰਿਫਤਾਰ ਕੀਤੇ ਗਏ ਹਨ ?

ਮੁੱਖ ਸੰਸਦੀ ਸਕੱਤਰ : ਜਿਹੜੀ ਹਾਈਕੋਰਟ ਨੇ ਜਜਮੈਂਟ ਦਿਤੀ ਹੈ ਉਹ ਇਹ ਵੇਖ ਸਕਦੇ ਹਨ, ਨਹੀਂ ਤਾਂ ਇਹ ਫਰੈਸ਼ ਨੋਟਿਸ ਦੇ ਦੇਣ ਅਸੀਂ ਜਵਾਬ ਦੇ ਦੇਵਾਂਗੇ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਕੀ ਚੀਫ ਪਾਰਲੀਮੈਂਟਰੀ ਸਕੱਤਰ ਸਾਹਿਬ, ਇਹ ਦਸਣ ਦੀ ਕ੍ਰਿਪਾ ਕਰਨਗੇ ਕਿ ਜਾਲੰਧਰ ਦਾ ਜਿਹੜਾ ਲਾਲੀ ਗਰੁਪ ਹੈ ਉਸ ਵਿਚ ਸਰਦਾਰ ਮਲਕੀਅਤ ਸਿੰਘ ਦੇ 2 ਭਤੀਜੇ ਜਿਹੜੇ ਕਿ ਲੰਡਨ ਚਲੇ ਗਏ ਹਨ, ਕੀ ਇਸ ਵਿਚ ਸਰਕਾਰ ਦਾ ਹੱਥ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਸ ਸਵਾਲ ਦਾ ਕੋਈ ਇਥੇ ਤੁਅੱਲਕ ਤਾਂ ਹੈ ਨਹੀਂ ਵੈਸੇ ਇਹ ਫਰੈਸ਼ ਨੋਟਿਸ ਦੇ ਦੇਣ । ਤਾਂ ਵੇਖ ਲਵਾਂਗੇ ।

ग्राचार्य पृथ्वी सिंह ग्राजाद : क्या वज़ीर साहिब यह बताने की कृपा करेंगे कि क्या कोई असैंबली का मैंबर भी इस सिलसिले में गिरफतार हुआ है अगर हुआ है तो उसकी चार्ज शीट की कापी सदन की मेज़ पर रखेंगे ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਸ ਅਸੈਂਬਲੀ ਦਾ ਇਕ ਮੈਂਬਰ ਕਲ੍ਹ ਗ੍ਰਿਫਤਾਰ ਹੋਇਆ ਹੈ ਉਹ ਸਭ ਨੂੰ ਪਤਾ ਹੈ । ਉਸ ਦੇ ਬਾਰੇ ਇਨਫਰਮੇਸ਼ਨ ਅਸੀਂ ਮੁਨਾਸਬ ਵਕਤ ਤੇ ਦੇਵਾਂਗੇ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਆਪਣੇ ਜਵਾਬ ਵਿਚ ਇਹ ਕਿਹਾ ਹੈ ਕਿ ਇਹ ਜਿਹੜੇ ਸਮਗਲਰ ਹੁੰਦੇ ਹਨ ਇਹ ਬੜੀ ਫਰਾਖਦਿਲੀ ਨਾਲ ਪੈਸਾ ਖਰਚ ਕਰਦੇ ਹਨ ਅਤੇ ਇਸ ਨਾਲ ਉਹ ਅਫਸਰਾਂ ਅਤੇ ਪਾਲੇਟੀਸ਼ਨਾਂ ਨੂੰ ਆਪਣਾ ਬਣਾ ਲੈਂਦੇ ਹਨ ਜਿਹੜੇ ਕਿ ਉਨ੍ਹਾਂ ਦੀ ਮਦਦ ਕਰਦੇ ਹਨ ਕੀ ਮੁੱਖ ਮੰਤਰੀ ਸਾਹਿਬ ਇਸ ਵਲ ਕੋਈ ਘੋਖ ਕਰ ਸਕਣਗੇ ? ਅਤੇ ਇਸ ਦੇ ਲਈ ਕੋਈ ਸਦਨ ਦੀ ਕਮੇਟੀ ਬਣਾਉਣ ਨੂੰ ਤਿਆਰ ਹਨ ।

ਮੁੱਖ ਮੰਤਰੀ : ਇਹ ਆਲ ਇੰਡੀਆ ਲੈਵਲ ਤੇ ਸੈਂਟਰਲ ਗੌਰਮਿੰਟ ਪਾਰਲੀਮੈਂਟ ਐਕਟ ਦੇ ਥਲੇ ਇਸ ਦੀ ਪੜਤਾਲ ਕਰ ਰਹੀ ਹੈ, ਇਸ ਲਈ ਇਸ ਦੇ ਲਈ ਨਾ ਤਾਂ ਸਦਨ ਦੀ ਕੋਈ ਕਮੇਟੀ ਬਣਾਈ ਜਾ ਸਕਦੀ ਹੈ ਅਤੇ ਨਾ ਹੀ ਮਨਿਸਟਰਾਂ ਦੀ ਕੋਈ ਕਮੇਟੀ ਬਣਾਈ ਜਾ ਸਕਦੀ ਹੈ ਇਸ ਨੂੰ ਨਿਰਪੱਖਤਾ ਨਾਲ ਵੇਖਣ ਲਈ ਇਕ ਐਡਵਾਈਜ਼ਰੀ ਕਮੇਟੀ ਬਣਾਈ ਗਈ ਹੈ ਜਿਸ ਨੇ ਕਿ ਹਾਲੇ ਤੱਕ 44 ਆਦਮੀ ਛੱਡੇ ਵੀ ਹਨ ਅਤੇ ਹਾਈਕੋਰਟ ਨੇ ਵੀ ਕਈ ਰਿਹਾ ਕੀਤੇ ਹਨ। ਪਰ ਹਰ ਇਕ ਕ੍ਰਿਮੀਨਲ ਮੁਕਦਮੇਂ ਤੇ ਕਮੇਟੀ ਨਹੀਂ ਬਣਾਈ ਜਾ ਸਕਦੀ ।

ਕਾਮਰੇਡ ਅੱਛਰਾ ਸਿੰਘ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਦੋਂ ਸਮਗਲਿੰਗ ਦੇ ਦੋਸ਼ ਵਿਚ ਕਈ ਸਾਹਿਬਾਨ ਫੜੇ ਗਏ ਸੀ, ਉਦੋਂ ਅਖਬਾਰਾਂ ਵਿਚ ਦੋ ਵਜ਼ੀਰ ਸਾਹਿਬਾਨ ਦੀ ਵੀ ਇਨ੍ਹਾਂ ਨਾਲ ਸਬੰਧ ਰਖਣ ਦੀ ਚਰਚਾ ਸੀ। ਕੀ ਮਾਨਯੋਗ ਮੁੱਖ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਕੀ ਉਨ੍ਹਾਂ ਦੀ ਨਜ਼ਰ ਦੇ ਵਿਚ ਆਇਆ ਹੈ ਕਿ ਉਹ ਵਜ਼ੀਰ ਸਾਹਿਬਾਨ ਕੌਣ ਕੌਣ ਹਨ ।

ਮੁੱਖ ਮੰਤਰੀ : ਜਿਹੜੀਆਂ ਖਬਰਾਂ ਅਖਬਾਰਾਂ ਵਿਚ ਆਈਆਂ ਹਨ, ਉਨ੍ਹਾਂ ਦੀ ਮੈਨੂੰ ਵੀ ਜਾਣਕਾਰੀ ਹੈ । ਮੈਂ ਆਨਰੇਬਲ ਮੈਂਬਰਜ਼ ਦੀ ਗਿਆਤ ਲਈ ਹਾਊਸ ਵਿਚ ਇਹ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਨੂੰ ਵੀ ਨਾਂ ਤਾਂ ਮੰਦ ਭਾਵਨਾ ਨਾਲ ਪਕੜਿਆ ਜਾਵੇਗਾ ਅਤੇ ਨਾ ਹੀ ਕਿਸੇ ਦਾ ਲਿਹਾਜ਼ ਕਰਕੇ ਛਡਿਆ ਹੀ ਜਾਵੇਗਾ, ਭਾਵੇਂ ਕੋਈ ਕਿਤਨਾ ਵੀ ਵੱਡਾ ਬੰਦਾ ਕਿਉਂ ਨਾ ਹੋਵੇ ।

ਜ਼ਿਲ੍ਹਾ ਫਿਰੋਜ਼ਪੁਰ ਵਿਚ ਆਲਮਗੜ੍ਹ ਕਾਂਡ ਸਬੰਧੀ ਕੀਤੀ ਗਈ ਜਾਂਚ ਪੜਤਾਲ ਦੀ ਰਿਪੋਟ

*2888 ਕਾਮਰੇਡ ਸੱਤਪਾਲ ਡਾਂਗ
ਕਾਮਰੇਡ ਦਾਨਾ ਰਾਮ } ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਆਲਮਗੜ੍ਹ (ਜ਼ਿਲ੍ਹਾ ਫਿਰੋਜ਼ਪੁਰ) ਕਾਂਡ ਸਬੰਧੀ ਸੀ.ਆਈ.ਡੀ. ਦੀ ਜਾਂਚ ਪੜਤਾਲ ਮੁਕੰਮਲ ਹੋ ਚੁਕੀ ਹੈ ;

(ਅ) ਕੀ ਉਕਤ ਜਾਂਚ ਪੜਤਾਲ ਦੀ ਰਿਪੋਟ ਸਰਕਾਰ ਨੂੰ ਮਿਲ ਗਈ ਹੈ ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕੱਤਰ) : (ੳ) ਹਾਂ ਜੀ ।

(ਅ) ਹਾਂ ਜੀ ।

ਪਰੰਤੂ ਸੀ.ਆਈ.ਡੀ. ਦੁਆਰਾ ਜਾਂਚ ਪੜਤਾਲ ਦੀ ਰਿਪੋਟ ਦੀ ਕਾਪੀ ਇਸ ਸਦਨ ਦੀ ਮੇਜ਼ ਤੇ ਰੱਖਣਾ ਉਚਿਤ ਨਹੀਂ ਕਿਉਂਕਿ ਨਜਾਇਜ਼ ਅਸਲਾ ਰੱਖਣ ਦੇ ਮੁਕਦਮੇਂ ਅਦਾਲਤ ਵਿਚ ਚਲ ਰਹੇ ਹਨ ਅਤੇ ਮਾਮਲਾ ਸਬਜੁਡਿਸ ਹੈ । ਵੈਸੇ ਭੀ ਸੀ.ਆਈ.ਡੀ. ਦੀ ਰਿਪੋਟ ਖੁਫੀਆ ਹੋਣ ਕਾਰਨ ਸਦਨ ਦੀ ਮੇਜ਼ ਉਤੇ ਰੱਖਣਾ ਲੋਕ ਹਿੱਤ ਵਿਚ ਨਹੀਂ ।

ਕਾਮਰੇਡ ਸੱਤ ਪਾਲ ਡਾਂਗ : ਮੈਂ ਪਾਰਲੀਮੈਂਟਰੀ ਸਕੱਤਰ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਕਿ ਅਸੀਂ ਸਾਰੇ ਹੀ ਜਾਣੂ ਹਾਂ ਕਿ ਲਾਲ ਕੁੜਤੀ ਵਾਲੇ ਸਾਧੂਆਂ ਦਾ ਜੋ ਕੇਸ ਸੀ ਇਹ ਇਕ ਬਹੁਤ ਹੀ ਭਿਆਨਕ ਵਾਕਾ ਪੰਜਾਬ ਦੀ ਹਿਸਟਰੀ ਦੇ ਵਿਚ ਹੋਇਆ ਹੈ । ਜੇ ਯੂ.ਪੀ. ਦਾ ਚੀਫ਼ ਮਨਿਸਟਰ ਇਕ ਸਕੈਂਡਲ ਦੇ ਸਿਲਸਿਲੇ ਵਿਚ ਜਿਸ ਵਿਚ ਕਿ ਉਥੋਂ ਦਾ ਸਾਬਕ ਚੀਫ਼ ਮਨਿਸਟਰ ਇਨਵਾਲਵਡ ਸੀ, ਸੀਰੀਅਸ ਐਲੀਗੇਸ਼ਨਜ਼ ਨੂੰ ਮੱਦੇ ਨਜ਼ਰ ਰੱਖ ਕੇ ਸੀ.ਆਈ.ਡੀ. ਦਾ ਰਿਕਾਰਡ ਹਾਊਸ ਦੀ ਮੇਜ਼ ਤੇ ਰੱਖ ਸਕਦਾ ਹੈ ਤਾਂ ਸਰਕਾਰ ਸੀ.ਆਈ.ਡੀ. ਦੀਆਂ ਫਾਈਲਾਂ ਆਪੋਜ਼ੀਸ਼ਨ ਦੇ ਲੀਡਰ ਆਫ਼ ਦੀ ਗਰੁਪਸ ਨੂੰ ਵਿਖਾਉਣ ਲਈ ਕਿਉਂ ਤਿਆਰ ਨਹੀਂ ?

ਮੁੱਖ ਸੰਸਦੀ ਸਕੱਤਰ : ਮੈਂ ਆਨਰੇਬਲ ਮੈਂਬਰ ਸਾਹਿਬ ਦੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਰਿਵਾਇਤ ਅਨੁਸਾਰ ਅਸੀਂ ਧਾਰਮਕ ਅਦਾਰਿਆਂ ਵਿਚ ਛੇਤੀ ਛੇਤੀ ਦਖਲ ਨਹੀਂ ਦੇਂਦੇ । ਜਦੋਂ ਇਸ ਗੱਲ ਦੀ ਤਸਦੀਕ ਹੋ ਗਈ ਕਿ ਆਦਮੀ ਮਾੜੇ ਹਨ, ਤਾਂ ਉਨ੍ਹਾਂ ਦੀ ਇਨਕੁਆਇਰੀ ਹੋਈ, 145 ਆਦਮੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦਾ ਚਾਲਾਣ ਕੀਤਾ ਗਿਆ । ਉਨ੍ਹਾਂ ਨੂੰ ਸਜ਼ਾ ਕੋਰਟ ਰਾਹੀਂ ਦਿੱਤੀ ਜਾ ਰਹੀ ਹੈ । ਇਨਕੁਆਇਰੀ ਤੋਂ ਇਹ ਸਿੱਧ ਹੋ ਗਿਆ ਹੈ ਕਿ ਇਸ ਵਿਚ ਅਫਸਰਾਂ ਦਾ ਕੋਈ ਦੋਸ਼ ਨਹੀਂ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਮੁੱਖ ਸੰਸਦੀ ਸਕੱਤਰ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਵੇਂ ਕਿ ਅਖਬਾਰਾਂ ਵਿਚ ਵੀ ਚਰਚਾ ਹੋਈ ਕਿ ਪੁਲਿਸ ਇਨ੍ਹਾਂ ਸਾਧੂਆਂ ਨਾਲ ਰਲੀ ਹੋਈ ਸੀ ਅਤੇ ਇਨ੍ਹਾਂ ਨਾਲ ਰਲ ਕੇ ਪੁਲਿਸ ਆਫੀਸਰ ਸਮੱਗਲਿੰਗ ਵੀ ਕਰਦੇ ਸੀ । ਕੀ ਉਹ ਦੱਸਣਗੇ ਕਿ ਕੌਣ ਕੌਣ ਜ਼ਿੰਮੇਵਾਰ ਅਫ਼ਸਰ ਇਨਵਾਲਵਡ ਸਨ ?

ਮੁੱਖ ਸੰਸਦੀ ਸਕੱਤਰ : ਮੈਂ ਆਨਰੇਬਲ ਮੈਂਬਰਜ਼ ਦੀ ਵਾਕਫੀਅਤ ਲਈ ਦੱਸਣਾ ਚਾਹੁੰਦਾ ਹਾਂ ਕਿ

ਕੋਈ ਜ਼ਿੰਮੇਵਾਰ ਅਫ਼ਸਰ ਇਨਵਾਲਵਡ ਨਹੀਂ ਸੀ । ਇਹ ਗਲ ਠੀਕ ਹੈ ਕਿ ਇਹ ਪੁਲਿਸ ਦੀ ਵੀ ਗਲਤੀ ਹੈ ਕਿ ਉਨ੍ਹਾਂ ਨੂੰ ਵਿਜੀਲੈਂਟ ਰਹਿਣਾ ਚਾਹੀਦਾ ਸੀ । ਪਰ ਸਰਕਾਰ ਧਾਰਮਿਕ ਅਦਾਰਿਆਂ ਦੇ ਵਿਚ ਦਖਲ ਦੇਣਾ ਮੁਨਾਸਿਬ ਨਹੀਂ ਸਮਝਦੀ ਇਸ ਲਈ ਇਤਨਾ ਖਿਆਲ ਵੀ ਨਹੀਂ ਕੀਤਾ ਗਿਆ ।

ਚੌਧਰੀ ਦਰਸ਼ਨ ਸਿੰਘ: ਮੈਂ ਮੁੱਖ ਸੰਸਦੀ ਸਕੱਤਰ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਦਰੁਸਤ ਹੈ ਕਿ ਜਿਨ੍ਹਾਂ ਅਫਸਰਾਂ ਨੇ ਐਨਕਾਊਂਟਰ ਵਿਚ ਹਿੱਸਾ ਲਿਆ ਇਹ ਕੇਸ ਵਿਚ ਉਨ੍ਹਾਂ ਨੂੰ ਕਮੈਂਡ ਕੀਤਾ, ਇਨਾਮ ਦਿੱਤੇ ਅਤੇ ਐਪਰੀਸ਼ੀਏਸ਼ਨ ਸਰਟੀਫਿਕੇਟ ਵੀ ਦਿੱਤੇ ਗਏ । ਮੈਂ ਉਨ੍ਹਾਂ ਤੋਂ ਇਹ ਜਾਣਕਾਰੀ ਚਾਹੁੰਦਾ ਹਾਂ ਕਿ ਜਿਨ੍ਹਾਂ ਅਫ਼ਸਰਾਂ ਨੇ ਇਨ੍ਹਾਂ ਦੇ ਨਾਉਂ ਰਿਕੁਮੈਂਡ ਕੀਤੇ ਸੀ ਕੀ ਸਰਕਾਰ ਨੇ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਹਾਊਸ ਦੀ ਵਾਕਫੀਅਤ ਲਈ ਦਸ ਦੇਵਾਂ ਕਿ ਇਸ ਕੇਸ ਤੋਂ ਬਾਅਦ ਇਸ ਵੇਲੇ ਤੱਕ ਕੋਈ 44 ਮੁਕੱਦਮੇਂ ਚਲ ਰਹੇ ਹਨ । ਇਸ ਲਈ ਇਸ ਦੇ ਬਾਰੇ ਕੋਈ ਬਹੁਤੀ ਚਰਚਾ ਕਰਨੀ ਮੁਨਾਸਿਬ ਨਹੀਂ ਹੋਵੇਗੀ ਜਿਹੜੀ ਇਸ ਕੇਸ ਦੇ ਲਈ ਨੁਕਸਾਨ ਦੇਹ ਸਾਬਤ ਹੋ ਸਕਦੀ ਹੈ, ਕਿਸੇ ਤਰ੍ਹਾਂ ਦੀ ਕੋਈ ਇਨਫਰਮੇਸ਼ਨ ਦੇਣੀ ਮੇਰੇ ਲਈ ਵੀ ਠੀਕ ਨਹੀਂ ਹੋਵੇਗੀ । ਇਸ ਨਾਲ ਸਬੰਧਤ ਹੈਡ ਕਾਂਸਟੇਬਲ, ਛੋਟਾ ਥਾਨੇਦਾਰ, ਵੱਡਾ ਥਾਣੇਦਾਰ. ਐਸ.ਪੀ.ਸਾਰੇ ਉਥੋਂ ਬਦਲ ਦਿੱਤੇ ਗਏ ਸੀ । ਧਾਰਮਿਕ ਅਸਥਾਨ ਹੋਣ ਕਰਕੇ ਜ਼ਿਲ੍ਹੇ ਦੇ ਆਫੀਸਰਜ਼ ਨੇ ਉਥੇ ਪੁਲਿਸ ਭੇਜਣੀ ਮੁਨਾਸਿਬ ਨਹੀਂ ਸਮਝੀ । ਜਿਥੋਂ ਤੱਕ ਚੌਧਰੀ ਦਰਸ਼ਨ ਸਿੰਘ ਹੋਰਾਂ ਨੇ ਗਲਤ ਰਿਕੁਮੈਂਡੇਸ਼ਨ ਦਾ ਸਵਾਲ ਉਠਾਇਆ ਹੈ ਮੈਂ ਉਨ੍ਹਾਂ ਦੀ ਵਾਕਫੀਅਤ ਲਈ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਪੁਲਿਸ ਆਫੀਸਰਜ਼ ਨੇ ਬਹਾਦਰੀ ਵਿਖਾਈ ਸੀ ਉਨ੍ਹਾਂ ਨੂੰ ਕੁਮੈਂਡੇਸ਼ਨ ਸਰਟੀਫਿਕੇਟ ਦਿਤੇ ਗਏ ਸੀ ਅਤੇ ਜਿਨ੍ਹਾਂ ਅਫਸਰਾਂ ਨੇ ਕਿਸੇ ਦੀ ਕੋਈ ਗਲਤ ਰਿਕੁਮੈਂਡੇਸ਼ਨ ਕੀਤੀ ਸੀ ਉਨ੍ਹਾਂ ਨੂੰ ਸਜ਼ਾ ਵੀ ਦਿੱਤੀ ਗਈ ਹੈ । 44 ਮੁਕੱਦਮੇਂ ਇਸ ਵਕਤ ਚਲ ਰਹੇ ਹਨ । ਕੇਸ ਸਬਜੂਡਿਸ ਹੈ, ਇਸ ਲਈ ਕੋਈ ਬਹੁਤੀ ਗਲ ਕਰਨੀ ਮੁਨਾਸਿਬ ਨਹੀਂ ਹੋਵੇਗੀ ।

ਇਸ ਵੇਲੇ ਬਹੁਤ ਸਾਰੇ ਮੈਂਬਰ ਖੜੇ ਹੋਏ ।

Mr. Speaker : The case is subjudice. Next question. No supplementary please.

ਉਦਯੋਗਿਕ ਕਾਮਿਆਂ ਦੀਆਂ ਉਜਰਤਾਂ ਵਿਚ ਤਦ-ਅਰਥ ਵਾਧੇ ਲਈ ਤ੍ਰੈ-ਪੱਖੀ ਕਮੇਟੀ ਦੀ ਰਿਪੋਰਟ

*2886 ਕਾਮਰੇਡ ਸੱਤ ਪਾਲ ਡਾਂਗ
ਕਾਮਰੇਡ ਦਾਨਾ ਰਾਮ } ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਤ੍ਰੈ-ਪੱਖੀ ਕਮੇਟੀ ਨੇ ਉਦਯੋਗਿਕ ਕਾਮਿਆਂ ਦੀਆਂ ਉਜਰਤਾਂ ਵਿਚ ਤਦ-ਅਰਥ ਵਾਧੇ ਅਤੇ ਉਸ ਨੂੰ ਨਿਰਬਾਹ ਸੂਚੀ ਦੀ ਲਾਗਤ ਨਾਲ ਮੇਲਣ ਲਈ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਉਹ ਕਿਸ ਤਰੀਕ ਨੂੰ ਪੇਸ਼ ਕੀਤੀ ਗਈ ;

(ਅ) ਉਕਤ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਅਤੇ ਉਨ੍ਹਾਂ ਤੇ ਸਰਕਾਰ ਦੁਆਰਾ ਕੀਤੇ ਗਏ ਫੈਸਲਿਆਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਵੇ ;

(ੲ) ਉਕਤ ਕਮੇਟੀ ਨੇ ਕੁਲ ਕਿੰਨੀਆਂ ਮੀਟਿੰਗਾਂ ਕੀਤੀਆਂ ਅਤੇ ਇਹ ਮੀਟਿੰਗਾਂ ਕਿਹੜੀ ਕਿਹੜੀ ਤਰੀਕ ਨੂੰ ਕੀਤੀਆਂ ਗਈਆਂ ?

ਸ੍ਰੀ ਹੰਸ ਰਾਜ ਸ਼ਰਮਾ : (ੳ) ਹਾਂ ਜੀ, ਮਿਤੀ 20 ਜੂਨ, 1974 ਨੂੰ ।

(ਅ) ਕਮੇਟੀ ਕਿਸੇ ਫੈਸਲੇ ਤੇ ਨਹੀਂ ਪਹੁੰਚ ਸਕੀ ਸੀ । ਕਮੇਟੀ ਦੀ ਰਿਪੋਰਟ ਅਤੇ ਇਸ ਸਬੰਧ ਵਿਚ ਸਰਕਾਰ ਦੁਆਰਾ ਕੀਤੇ ਗਏ ਫੈਸਲਿਆਂ ਦੀਆਂ ਨਕਲਾਂ ਸਦਨ ਦੀ ਮੇਜ਼ ਤੇ ਰਖੀਆਂ ਜਾਂਦੀਆਂ ਹਨ ।

(ੲ) ਕਮੇਟੀ ਨੇ ਕੁੱਲ 7 ਮੀਟਿੰਗਾਂ, ਮਿਤੀ 25 ਜੁਲਾਈ,1973, 17 ਅਗਸਤ,1973 ,22 ਅਕਤੂਬਰ,1973 1 ਦਸੰਬਰ,1973 15 ਮਾਰਚ,1974, 10 ਅਪਰੈਲ,1974 ਅਤੇ 3 ਮਈ,1974 ਨੂੰ ਕੀਤੀਆਂ ।

Report of the Tripartite Committee appointed by Punjab Government on the 25th June, 1973, for (i) grant if adhoc increase in wages to workers not covered under the Minimum Wages Act, 1948 and (ii) application of linkage Scheme to those workers whose wages are not already linked with consumer price index numbers.

The Punjab Government constituted a Tripartite Committee *vide* its notification No. 19680 dated 25th June, 1973 to consider the (i) grant of *adhoc* increase in wages to workers not covered under the Minimum Wages Act, 1948 and (ii) application of linkage scheme to those workers whose wages are not already linked with consumer price index numbers, and to give its recommendations on the same . The Committee consisted of the following members :—

Independent Members (Government Nominees)

1. Labour Commissioner, Punjab .. Chairman
2. Director of Industries, Punjab or his representative .. Member
3. Economic and Statistical Adviser Punjab or his represen tative .. Member
4. Assistant Labour Commissioner, Punjab .. Member

Workers Representatives

1. INTUC, Punjab Branch .. One representative
2. AITUC, Punjab Branch .. Ditto
3. BMS, Punjab Branch .. Ditto
4. HMS, Punjab Branch .. Ditto
5. CITU, Punjab Branch .. Ditto

Employers Representatives

1. Textile Manufacturers Association, Amritsar .. One representative
2. Punjab, Haryana and Delhi Chamber of Commerce, Industry, New Delhi .. Ditto
3. Punjab Factory Owners Association, Jullundur .. Ditto
4. Chamber of Industrial and Commercial Undertaking, Ludhiana .. Ditto
5. Punjab Pradesh Beopar Mandal, Patiala .. Ditto

The term of the Committee in the first instance was two months i.e. upto 24th August, 1973. However, as this period was found to be inadequate it was further got extended upto 31st March, 1974 *vide* Government Notification dated 4th March, 1974, and thereafter upto 30th April, 1974 *vide* notification dated 27th April, 1974. The Government have again been requested to extend the life upto 31st May, 1974 to enable the committee to finalise its report.

2. The Committee held seven meetings in all on 25th July, 1973, 17th August, 1973, 22nd October, 1973, 1st December, 1973, 15th March, 1974, 10th April, 1974 and 3rd May, 1974. A copy each of the minutes of these meetings are enclosed as annexures 'A' to 'G' respectively.

3. The following is the gist of important matters discussed and decisions taken by the Committee in its various meetings.

(a) **Meeting dated 25th July, 1973**

(i) It was decided that a note should be circulated among the members on the matter under consideration of the Committee incorporating the decisions and recommendations of the varoius committees etc. Such a note was circulated *vide* this office letter No. dated 9th August, 1973 among the members.

(ii) That on the spot survey should be made regarding the non enforcement of Minimum Wages Act in various employments and about the actual wage rates prevailing in factories/establishments covered under the Minimum Wages Act.

(b) **Meeting held on 17th August, 1973**

(i) It was decided that the discussion on the notes circulated by the Labour Commissioner, Punjab be postponed for the next meeting as the workers representatives wanted to get circulate their point of view also.

(ii) Holding further discussion on the terms of reference was postponed till survey being done by the Department was completed.

(iii) The objection raised by the employers representatives that the survey should not include collecting information on certain matter otherwise remotely connected with the terms of references was considered and rejected.

(iv) It was decided that it would not be feasible to associate employers and the workers representatives with the survey.

(v) Due to financial stringency it was decided not to send members of the Committee to other States.

(c) **Meeting dated 22nd October, 1973**

In view of the fact that the survey being conducted by the Department had not been completed and as the workers representatives Shri H.S. Bawa had not been able to prepare a note, the discussions were postponed to the next meeting.

(d) **Meeting dated 1st December, 1973**

(i) The report of the survey done by the Department was circulated among all the members.

(ii) The contents of the notes prepared and circulated by the representative of the AITUC were explained by the Chairman.

(iii) The employers representatives stated that it was not possilbe to give "need based" wages as per the formula prepared by Dr. Adroyed as total production in country was far less than the things required to give the minimum nutrition units as proposed by Dr. Adroyed. They also stated as the Government had increased wages by 25% recently, therefore, there was no justification for any further increase.

(iv) It was decided that Shri B.P. Gupta representative of the employers and Shri H.S. Bawa representative of the employees should themselves circulate their notes to members to enable the Committee to hold discussion on the same.

(c) **Meeting dated 15th March, 1974**

(i) The members present were satisfied with the report of the survey prepared by the Statistical Section of the Labour Department which report had been circulated among the members in the earlier meeting.

[Finance Minister]

(ii) The employers representatives stated, that, it was no use holding further discussions, as the workers representatives were not showing any interest and were not attending the meetings. The Chairman, however, stated that the matter could be discussed on merits even if workers representatives were absent.

(iii) The employers representatives did not agree to the suggestion that the existing minimum rates of wage should be split into basic wages and D.A. and that D.A. should be linked to consumer price index numbers.

(iv) It was suggested by the employers representatives that more and more employments may be covered by the Minimum Wages Act, 1948.

(v) The employers representatives felt that no further meeting of the Committee be held. The Chairman, however, felt that in order to understand the views of the workers properly, further discussion might be necessary.

Note :—No representative of workers attended this meetings.

(f) **Meeting dated 10th April, 1974**

As no representative from the workers side attended the meeting, no discussions could be held. The employers representatives stated that no further adjournment should be made as the workers representatives did not show any interest.

5. *NOTE*—Later on an informal discussion was held by the Labour Commissioner, Punjab, with the workers representatives to understand their views and to persuade them to attend any further meeting if called. They agreed. It was also decided to depute the Assistant Labour Commissioner to survey two Industrial units at Ludhiana to see the enforcement of the Minimum Wages Act. Shri Didi offered to join. The next meeting was decided to be held on 3rd May, 1974.

(g) **Meeting dated 3rd May, 1974**

(i) The representatives of the employers stated that they were attending the meeting under protest as they felt that there was no need to call this meeting when the workers representatives continued to remain absent during the previous two meetings.

(ii) The result of survey made by the Assistant Labour Commissioner, Punjab of two factories at Ludhiana on 27th April, 1974 and 2nd May, 1974 was brought to the notice of the Committee. One was a Textile Unit and the other was an Engineering Unit. Shri Didi the workers representative who was to accompany to the Assistant Labour Commissioner, Punjab could not do so. The Committee was informed that according to this survey the unskilled workers were getting minimum wages fixed by Government. That the semi-skilled and skilled workers were getting wages higher than those fixed under the Minimum Wages Act. 1948. In most of these cases the wages being paid to such workers were higher than the minimum wage rates plus the linkage benefit due to the workers.

(iii) The Committee also discussed the survey made by the Statistical Section of the Labour Department. It was noticed as a result of this survey that 25% workers were getting minimum rates of wages as fixed by Government. 69.6% workers were getting more than the minimum wage rates and about 5.4% workers were getting less than minimum rates of wages did not get benefit linkage. The employers representatives stated that such workers were getting increments from time to time which enhanced their real wages.

(iv) Regarding *adhoc* increase in wages the employers representatives opposed this proposal. It was felt that unless any basic wage rates were first fixed and to fix basic wage rates it was not possible to give any *adhoc* increase in wages·it would be necessary to bring out a Special Legislation. The Chairman suggested that the problem could be overcome by bringing in more and more employment under the Minimum Wages Act. Both the parties did not show any interest in this proposal.

(v) The workers representatives did not agree that the wages should be split up into basic wages and D.A. separately and that D.A. should be linked up with cost of living index. The workers representatives wanted that existing consolidated wages should be declared to be basic wages and an additional amount should be added as D.A. The employers representatives did not agree to this proposal.

4. From the foregoing it will be observed that the workers and the employers representatives could not make any agreed recommendations on the terms of reference, made to the Committee. They also did not agree to the various suggestions made by the Chairman. Under the circumstances it is proposed that the Government may consider the issues at their own level to take any decision on the terms of reference made to the Committee if it considered necessary.

5. Copies of the notice circulated by the representative of the AITUC and of Punjab, Haryana and Delhi Chamber of Commerce and Industry are also enclosed herewith as annexure 'H' and 'I' for reference.

Sd/-

Dated Chandigarh, the 31st May, 1974.

Labour Commissioner, Punjab & Chairman of the Committee.

Decisions of Government

From

The Secretary to Government, Punjab,
Labour and Employment Departments,

To

The Labour Commissioner, Punjab,
Chandigarh.

Memo No. 8223-2L&E-74/25124
Dated Chandigarh, the 9th October, 1974.

Subject :—Report of the Tripartite Committee appointed by Punjab Government on the 25th June, 1973, for (i) Grant of *adhoc* increase in wages to workers not covered under the Minimum Wages Act, 1948, and (ii) application of linkage scheme to those workers whose wages are not already linked with Consumer Price Index Numbers.

Continuation of Punjab Government Memo No. 8110-2L&E-74/21945 dated the 6th September, 1974. on the subject noted above.

2. With a view to giving some relief to low paid workers in current inflationary situation Government have decided to implement the following measures :—

(i) All employments as per list enclosed should be covered under the Minimum Wages Act. Government have also decided that employments in which 500 or more workers are employed in the State should also be covered by the Act. Necessary proposals in this regard may please be sent early.

(ii) The minimum wages in all employments where they are at present not linked with the Consumer Price Index should be so linked at the time of revision. including price rates and daily wages.

(iii) The amount of linkage with the Consumer Price Index at the time of fixing or revising minimum wages in all employments should be fixed in further at a level which would provide for approximately 100% neutralisation for unskilled workers.

(iv) The adjustment on account of increase or decrease in the Consumer Price Index should be allowed on quarterly basis instead of half yearly basis at the time of fixing or revising minimum wages in future.

[Finance Minister]

3. You are requested to take immediate action for the implementation of these decisions.

Sd/-
Section Officer, Labour,
for Secretary to Government, Punjab,
Labour and Employment Department

List of employments which are under proposal to aid in the Schedule

Sr. No.	Name of Industry	Approximate number of workers employed
1.	Auto Mobile Repair Shops and Service Stations (not attached with any Public Motor Transport Company)	.. 1,000
2.	Milk Processing and milk products Mfg. establishment	.. 1,826
3.	Soap Making and Silicate Mfg. establishments.	.. 950
4.	Ice Factories and Cold storages	... 1,000
5.	Bakeries and Biscuit Making Units	.. 1,688
6.	Vegetable Ghee Mfg. Establishments	.. 1,200

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ, ਇਹ ਗਲ ਦਸਣਗੇ ਕਿ ਘਟ ਤੋਂ ਘਟ ਤਨਖਾਹਾਂ ਹਾਸਲ ਕਰਨ ਵਾਲਿਆਂ ਨੂੰ ਇਮਦਾਦ ਦੇਣ ਵਾਸਤੇ ਜਿਹੜੀ ਕਮੇਟੀ ਬਣਾਈ ਸੀ ਉਸ ਦਾ ਫਾਇਦਾ ਉਨ੍ਹਾਂ ਨੂੰ ਹੋਇਆ ਹੈ ਜਿਹੜੇ ਪਹਿਲਾਂ ਹੀ ਬਹੁਤੀਆਂ ਤਨਖਾਹਾਂ ਲੈ ਰਹੇ ਸੀ ? ਛੋਟੀ ਕੈਟੇਗਰੀ ਦੇ ਵਰਕਰਾਂ ਦੇ ਫਾਇਦੇ ਲਈ ਇਹ ਕਮੇਟੀ ਬਣਾਈ ਸੀ । ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਨਣੀ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਕਮੇਟੀ ਨੇ ਸਰਬ ਸੰਮਤੀ ਨਾਲ ਆਪਣੀ ਕੋਈ ਰਿਪੋਰਟ ਨਹੀਂ ਦਿੱਤੀ ? ਕੀ ਸਰਕਾਰ ਨੇ ਕੋਈ ਐਸਾ ਫੈਸਲਾ ਕੀਤਾ ਹੈ ਜਾਂ ਇਹ ਮੁਆਮਲਾ ਸਰਕਾਰ ਦੇ ਜ਼ੇਰੇ ਗੌਰ ਹੈ ਕਿ ਕੋਈ ਨਵਾਂ ਕਾਨੂੰਨ ਬਣਾ ਕੇ ਉਨ੍ਹਾਂ ਦੀ ਇਮਦਾਦ ਲਈ ਸਰਕਾਰ ਕੋਈ ਨੋਟੀਫਿਕੇਸ਼ਨ ਜਾਰੀ ਕਰੇਗੀ ?

ਮੰਤਰੀ: ਜਿਥੋਂ ਤਕ ਮਿਨੀਮਮ ਵੇਜਿਜ਼ ਮੁਕੱਰਰ ਕਰਨ ਦਾ ਤੁਅੱਲਕ ਹੈ ਮੈਂ ਇਹ ਗਲ ਡਾਂਗ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਜੋ ਵੇਜਿਜ਼ ਅਸੀਂ ਫਿਕਸ ਕੀਤੀਆਂ ਹਨ ਉਹ ਸਾਰੀਆਂ ਸਟੇਟਾਂ ਦੀ ਨਿਸਬਤ ਸਾਡੇ ਸੂਬੇ ਦੀਆਂ ਅੱਛੀਆਂ ਹਨ । ਇਕ ਗਲ ਹੋਰ ਵੀ ਅਸੀਂ ਕੀਤੀ ਹੈ ਕਿ ਅਸੀਂ ਉਨ੍ਹਾਂ ਨੂੰ ਕਾਸਟ ਆਫ ਲਿਵਿੰਗ ਇੰਡੈਕਸ ਦੇ ਨਾਲ ਜੋੜ ਦਿਤਾ ਹੈ । ਅਸੀਂ ਇਕ ਕਦਮ ਇਹ ਵੀ ਉਠਾਇਆ ਹੈ ਕਿ ਕਿਸੇ ਵੀ ਅਨਸਕਿਲਡ ਵਰਕਰ ਦੀ 166.50 ਰੁਪਏ ਤੋਂ ਘਟ ਮਿਨੀਮਮ ਵੇਜ ਨਹੀਂ ਹੋਵੇਗੀ ।

ਔਰ ਇਹ ਵੇਜ ਅਸੀਂ 1 ਜੁਲਾਈ 1974 ਤੋਂ ਕਾਸਟ ਆਫ ਲਿਵਿੰਗ ਨਾਲ ਲਿੰਕ ਕਰ ਦਿਤੀ ਹੈ । ਇਹ ਵੇਜਿਜ਼ ਪੀਸ ਰੇਟਿਡ ਵਰਕਰਾਂ ਤੇ ਵੀ ਲਾਗੂ ਕਰ ਦਿਤੇ ਗਏ ਹਨ । ਫਿਰ ਸਪੀਕਰ ਸਾਹਿਬ, ਇਹ ਸਿਰਫ ਅਨਸਕਿਲਡ ਔਰ ਸੈਮੀ ਸਕਿਲਡ ਵਰਕਰਾਂ ਤੇ ਹੀ ਲਾਗੂ ਹੋਣਗੇ, ਸਕਿਲਡ ਵਰਕਰਾਂ ਦੇ ਵੇਜਿਜ਼ ਰੀਵਾਈਜ਼ ਨਹੀਂ ਕੀਤੇ ਗਏ । ਡਾਂਗ ਸਾਹਿਬ ਨੇ ਕਿਹਾ ਹੈ ਕਿ ਜਿਨ੍ਹਾਂ ਦੀ 15,15 ਸਾਲ ਦੀ ਸਰਵਿਸ ਹੋ ਗਈ ਹੈ, ਉਨ੍ਹਾਂ ਨੂੰ ਕੋਈ ਰਾਹਿਤ ਨਹੀਂ ਦਿਤੀ ਗਈ । ਸਪੀਕਰ ਸਾਹਿਬ, ਇਹ ਉਨ੍ਹਾਂ ਨੂੰ ਗਲਤ ਫਹਿਮੀ ਹੋਈ ਹੈ । ਉਹ ਤਾਂ 15 ਸਾਲਾਂ ਵਿਚ ਇਨਕਰੀਮੈਂਟਸ਼ ਲੈ ਲੈ ਕੇ ਉਪਰ ਚਲੇ ਗਏ ਹਨ ।

ਬਾਕੀ ਸਟੇਟਾਂ ਵਿਚ ਵੀ ਉਪਰਲੀ ਸਤਹ ਵਾਲਿਆਂ ਦੀਆਂ ਵੇਜਿਜ਼ ਰੀਵਾਈਜ਼ ਨਹੀਂ ਕੀਤੀਆਂ ਗਈਆਂ। ਜੇ ਅਸੀਂ ਇਸ ਤਰ੍ਹਾਂ ਕਰੀਏ ਤਾਂ ਇਹ ਸਾਡੀ ਸਟੇਟ ਦੇ ਡਿਸਐਡਵੈਂਟੇਜ ਵਿਚ ਜਾਵੇਗਾ । ਇਹ ਰੀਵੀਜ਼ਨ 600 ਔਰ 700 ਵਾਲਿਆਂ ਨੂੰ ਤਾਂ ਬੈਨੀਫਿਟ ਪਹੁੰਚਾਏਗੀ ਪਰ ਜਿਹੜੇ 1,000 ਰੁਪਏ ਲੈਂਦੇ ਹਨ, ਇਹ ਉਨ੍ਹਾਂ ਨੂੰ ਟੱਚ ਨਹੀਂ ਕਰਦੀ । ਉਹ ਤਾਂ ਇਨਕਰੀਮੈਂਟਸ ਹੀ ਇਤਨੀਆਂ ਲੈ ਚੁਕੇ ਹੁੰਦੇ ਹਨ ਕਿ ਉਨ੍ਹਾਂ ਦੀ ਇਨਕਮ ਕਾਫੀ ਹੁੰਦੀ ਹੈ ।

ਦੂਜੀ ਚੀਜ਼ ਤਾਂ ਮੈਂ ਦਸ ਹੀ ਦਿੱਤੀ ਹੈ ਕਿ ਅਸੀਂ ਇਸ ਨੂੰ ਕਾਸਟ ਆਫ ਲਿਵਿੰਗ ਇੰਡੈਕਸ ਨਾਲ ਲਿੰਕ ਕਰ ਦਿੱਤਾ ਹੈ। ਤੀਜੀ ਚੀਜ਼ ਇਹ ਕੀਤੀ ਹੈ ਕਿ 50 ਪੈਸੇ ਪਰ ਪੁਆਇੰਟ ਦੀ ਥਾਂ ਤੇ 75 ਪੈਸੇ ਪਰ ਪੁਆਇੰਟ ਕਰ ਦਿਤਾ ਹੈ । ਚੌਥੀ ਚੀਜ਼ ਇਹ ਕੀਤੀ ਹੈ ਕਿ ਹੁਣ ਹਰ 3 ਮਹੀਨੇ ਬਾਅਦ ਹਿਸਾਬ ਲਾਇਆ ਕਰਾਂਗੇ ਜਦੋਂ ਕਿ ਪਹਿਲਾਂ ਇਹ 6 ਮਹੀਨੇ ਬਾਅਦ ਲਾਉਂਦੇ ਸੀ । ਇਸ ਤਰ੍ਹਾਂ ਬਹੁਤ ਸਾਰੇ ਇੰਡਸਟਰੀ ਵਰਕਰਾਂ ਨੂੰ ਜਿਹੜੀ ਹਾਰਡਸ਼ਿਪ ਫੇਸ ਕਰਨੀ ਪੈਂਦੀ ਸੀ, ਉਹ ਹੁਣ ਨਹੀਂ ਕਰਨੀ ਪਏਗੀ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਹੁਣੇ ਵਿੱਤ ਮੰਤਰੀ ਜੀ ਨੇ ਮੰਨਿਆਂ ਹੈ ਕਿ ਪੁਰਾਣੇ ਵਰਕਰਾਂ ਨੂੰ ਕੋਈ ਬੈਨੀਫਿਟ ਨਹੀਂ ਹੁੰਦਾ ਕਿਉਂਕਿ ਉਹ ਇਨਕਰੀਮੈਂਟਸ ਅਰਨ ਕਰ ਲੈਂਦੇ ਹਨ । ਪਰਵੀਜ਼ਨ ਬਾਰੇ ਸਰਕਾਰ ਦੇ ਸਪੈਸ਼ਲ ਰੂਲਜ਼ ਹਨ ਕਿ ਜੋ ਪੁਰਾਣੇ ਇੰਪਲਾਈਜ਼ ਹਨ ਉਨ੍ਹਾਂ ਨੂੰ ਸਰਵਿਸ ਬੈਨੀਫਿਟ ਮਿਲੇ । ਕੀ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਕੋਈ ਅਜਿਹੇ ਕਦਮ ਚੁਕੇਗੀ ਕਿ ਜਿਨ੍ਹਾਂ ਦੀ ਸਰਵਿਸ ਜ਼ਿਆਦਾ ਹੈ ਉਨ੍ਹਾਂ ਨੂੰ ਇੰਕਰੀਮੈਂਟਸ ਤੋਂ ਇਲਾਵਾ ਕੋਈ ਬੈਨੀਫਿਟ ਮਿਲੇ ?

ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਦੀ ਸਰਵਿਸ 15,15 ਸਾਲ ਹੋ ਚੁਕੀ ਹੈ ਜੇ ਉਨ੍ਹਾਂ ਨੂੰ ਵੀ ਇਹ ਬੈਨੀਫਿਟ ਦੇਈਏ ਤਾਂ ਸਾਨੂੰ ਕੰਪੀਟੀਸ਼ਨ ਵਿਚ ਪੈਣਾ ਪਵੇਗਾ, ਦੂਜੀਆਂ ਸਟੇਟਾਂ ਨਾਲ ਵੀ ਕੰਪੀਟੀਸ਼ਨ ਹੋਵੇਗਾ । ਦੂਜੀਆਂ ਸਟੇਟਾਂ ਵੀ ਸਰਵਿਸ ਬੈਨਿਫਿਟ ਨਹੀਂ ਦੇਂਦੀਆਂ। ਸਪੀਕਰ ਸਾਹਿਬ, ਮਜ਼ਦੂਰਾਂ ਕੋਲ ਬੜੀ ਬਾਰਗੇਨਿੰਗ ਸ਼ਕਤੀ ਹੈ ਉਹ ਆਪਣੀਆਂ ਵੇਜਿਜ਼ ਮਨਵਾਂ ਲੈਂਦੇ ਹਨ। ਇਸ ਵਿਚ ਮਜ਼ਦੂਰ, ਮਾਲਕ ਅਤੇ ਸਰਕਾਰ ਨੇ ਫੈਸਲਾ ਯੁਨਾਨੀਮਸਲੀ ਕਰਨਾ ਹੰਦਾ ਹੈ ਜੇਕਰ ਯੂਨਾਨੀਮਿਟੀ ਨਾ ਹੋਵੇ ਤਾਂ ਅਸੀਂ ਕੋਈ ਫ਼ੈਸਲਾ ਕਿਸੇ ਤੇ ਫੋਰਸ ਨਹੀਂ ਕਰ ਸਕਦੇ ।

ਕਾਮਰੇਡ ਸੱਤ ਪਾਲ ਡਾਂਗ: ਵਿੱਤ ਮੰਤਰੀ ਨੇ ਕਈ ਗੱਲਾਂ ਦੱਸੀਆਂ ਹਨ (ਵਿਘਨ) ਮੈਂ ਇਹ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ 1,000 ਰੁਪਏ ਵਾਲਿਆਂ ਨੂੰ ਇਨਕਰੀਮੈਂਟਸ ਮਿਲਦੀਆਂ ਹਨ ਔਰ ਦੂਜੇ ਸੂਬਿਆਂ ਵਿਚ ਵੀ ਉਨ੍ਹਾਂ ਨੂੰ ਕੋਈ ਬੈਨੀਫਿਟ ਨਹੀਂ ਦਿੱਤਾ ਜਾਂਦਾ ਕੀ ਉਨ੍ਹਾਂ ਦੇ ਇਲਮ ਵਿਚ ਇਹ ਗਲ ਵੀ ਹੈ ਕਿ ਦੂਜੇ ਸੂਬਿਆਂ ਵਿਚ ਮਿਨੀਮਮ ਵੇਜਿਜ਼ ਹੋਣ ਦੇ ਨਾਲ ਨਾਲ ਵੇਜ਼ ਬੋਰਡ ਵੀ ਬਣੇ ਹੋਏ ਹਨ । ਕੀ ਸਰਕਾਰ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਰੈਗੂਲਰ ਇਨਕਰੀਮੈਂਟਸ ਨਹੀਂ ਮਿਲਦੀਆਂ, ਕੋਈ ਬੈਨੀਫਿਟ ਦੇਣ ਵਾਸਤੇ ਵੇਜ਼ ਬੋਰਡ ਬਣਾਏਗੀ ? ਫਿਰ ਇਨ੍ਹਾਂ ਨੇ ਕਿਹਾ ਹੈ ਕਿ ਸਰਬ ਸੰਮਤੀ ਹੋਣੀ ਚਾਹਿਦੀ ਹੈ । ਪਰ ਸਰਕਾਰ ਨੇ ਅਗੇ ਵੀ ਕਈ ਅਜਿਹੀਆਂ ਸਿਫਾਰਸ਼ਾਂ ਕੀਤੀਆਂ ਹਨ ਜਿਨ੍ਹਾਂ ਬਾਰੇ ਸਰਬ ਸੰਮਤੀ ਨਹੀਂ ਸੀ। ਇਹ ਇਕ ਹਕੀਕਤ ਹੈ । ਇਸ ਲਈ ਕੀ ਸਰਕਾਰ 1,000 ਰੁਪਏ ਲੈਣ ਵਾਲਿਆਂ ਨੂੰ ਬੈਨੀਫਿਟ ਦੇਣ ਲਈ ਟਰੇਡ ਯੂਨੀਅਨਜ਼ ਦੇ ਨਾਲ ਗੱਲ ਬਾਤ ਕਰਕੇ ਕੋਈ ਕਦਮ ਚੁਕਣ ਲਈ ਤਿਆਰ ਹੈ ?

ਮੰਤਰੀ : ਇਹ ਮੰਨਦੇ ਹਾਂ ਕਿ ਮਹਿੰਗਾਈ ਕਰਕੇ ਹਾਰਡਸ਼ਿਪ ਹੈ, ਇਸ ਲਈ ਅਸੀਂ ਮਜ਼ਦੂਰਾਂ ਅਤੇ ਮਾਲਕਾਂ ਦੇ ਨੁਮਾਇੰਦਿਆਂ ਨਾਲ ਮਿਲਕੇ ਆਪਣੀ ਕੋਸ਼ਿਸ਼ ਜਾਰੀ ਰੱਖਾਂਗੇ ਕਿ ਉਨ੍ਹਾਂ ਨੂੰ ਵੀ ਰਾਹਤ ਮਿਲੇ ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਵਜ਼ੀਰ ਸਾਹਿਬ, ਕੋਈ ਐਸਾ ਪ੍ਰਬੰਧ ਕਰਨਗੇ ਕਿ ਉਹ ਅਨਸਕਿਲਡ ਸੈਮੀਸਕਿਲਡ ਅਤੇ ਸਕਿਲਡ ਵਰਕਰਾਂ ਦੀਆਂ ਗ੍ਰੇਡ ਵਾਈਜ਼ ਅਤੇ ਨਗਰ ਵਾਈਜ਼ ਸੂਚੀਆਂ ਤਿਆਰ ਕਰਵਾ ਕੇ ਮਜ਼ਦੂਰ ਜਥੇਬੰਦੀਆਂ ਨੂੰ ਸੂਚਿਤ ਕਰਨਗੇ ਅਤੇ ਜਿਸ ਤਰ੍ਹਾਂ ਵੇਜ ਬੋਰਡ ਦੂਜਿਆਂ ਸੂਬਿਆਂ ਵਿਚ ਬਣੇ ਹੋਏ ਹਨ ਇਥੇ ਵੀ ਬਣਾਉਣਗੇ ?

ਵਿੱਤ ਮੰਤਰੀ : ਸਪੀਕਰ ਸਾਹਿਬ, ਮਿਨੀਮਮ ਵੇਜਿਜ਼ ਫਿਕਸ ਕਰਨ ਲਈ ਕਮੇਟੀਆਂ ਬਣੀਆਂ ਹੋਈਆਂ ਸਟੇਟ ਕਮੇਟੀ ਦੀ ਨੋਟੀਫਿਕੇਸ਼ਨ ਵੀ ਹੁੰਦੀ ਹੈ। ਬਾਕੀ ਮੈਂ ਅਰਜ਼ ਕਰਦਾ ਹਾਂ ਕਿ ਮਜ਼ਦੂਰ ਜਥੇਬੰਦੀਆਂ ਬੜੀਆਂ ਚੁਕੰਨੀਆਂ ਹਨ, ਉਹ ਆਪਣੀਆਂ ਗਲਾਂ ਮੰਨਵਾ ਲੈਂਦੀਆਂ ਹਨ, ਇਸ ਲਈ ਆਚਾਰਿਆ ਜੀ ਨੂੰ ਉਨ੍ਹਾਂ ਦੀ ਫਿਕਰ ਕਰਨ ਦੀ ਕੋਈ ਲੋੜ ਨਹੀਂ ਹੋਣੀ ਚਾਹੀਦੀ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਅਜ ਪੰਜਾਬ ਦੇ ਦਿਹਾਤਾਂ ਵਿਚ ਐਗਰੀਕਲਚਰ ਵਰਕਰ ਦੀ ਲੇਬਰ 8 ਤੋਂ 10 ਰੁਪਏ ਦਿਹਾੜੀ ਹੈ । ਕੀ ਵਜ਼ੀਰ ਸਾਹਿਬ ਕੋਈ ਅਜਿਹੇ ਕਦਮ ਚੁਕਣਗੇ ਕਿ ਇੰਡਸਟਰੀਜ਼ ਦੇ ਵਰਕਰ ਦੀ ਵੀ ਮਿਨੀਮਮ ਵੇਜਿਜ਼ ਇਤਨੀ ਹੋ ਜਾਵੇ ।

ਮੰਤਰੀ : ਸਪੀਕਰ ਸਾਹਿਬ, ਜੇ ਐਗਰੀਕਲਚਰ ਰੈਵੋਲਿਊਸ਼ਨ ਦੀ ਤਰ੍ਹਾਂ ਇੰਡਸਟਰੀਅਲ ਰੈਵੋਲਿਊਸ਼ਨ ਆ ਗਿਆ ਤਾਂ ਉਨ੍ਹਾਂ ਦੀ ਵੀ ਮਿਨੀਮਮ ਵੇਜ ਇਤਨੀ ਹੋ ਜਾਵੇਗੀ ।

ਇਕ ਮਾਨਯੋਗ ਮੈਂਬਰ : ਹੁਣ ਤਾਂ ਐਗਰੀਕਲਚਰਲ ਰੈਵੋਲਿਊਸ਼ਨ ਵੀ ਖ਼ਤਮ ਹੋ ਗਿਆ ਹੈ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਪ੍ਰਾਈਵੇਟ ਟ੍ਰਾਂਸਪੋਰਟ ਓਪਰੇਟਰ ਜੋ ਹਨ ਉਨ੍ਹਾਂ ਦੀ ਲੇਬਰ ਦੇ ਰੋਜ਼ ਝਗੜੇ ਹੁੰਦੇ ਹੀ ਰਹਿੰਦੇ ਹਨ, ਹੁਣ ਜਦੋਂ ਇਹ ਟਰਾਂਸਪੋਰਟ ਨੂੰ ਪ੍ਰੋਵਿੰਸ਼ਲਾਈਜ਼ ਕਰਨ ਲਗੇ ਹਨ ਤਾਂ ਕੀ........ (ਵਿਘਨ)

ਸ੍ਰੀ ਸਪੀਕਰ : ਇਹ ਇਸ ਨਾਲ ਸਬੰਧ ਨਹੀਂ ਰਖਦਾ। ਇਹ ਅਲਾਊਡ ਨਹੀਂ ਹੈ, ਤੁਸੀਂ ਬੈਠ ਜਾਵੋ ।

(This supplementary does not arise out of this question It is not allowed. Please resume your seat.)

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਇਹ ਇਕ ਬਹੁਤ ਹੀ ਜ਼ਰੂਰੀ ਸਵਾਲ ਹੈ ।(ਵਿਘਨ)

ਉਦਯੋਗਿਕ ਕਾਮਿਆਂ ਦੇ ਉਚੇਰੀ ਤਕਨੀਕੀ ਸਿਖਿਆ ਆਦਿ ਹਾਸਲ ਕਰ ਰਹੇ ਬੱਚਿਆਂ ਨੂੰ ਸਟਾਈਪੰਡਜ਼ ਦੇਣ ਲਈ ਕਿਰਤ ਭਲਾਈ ਬੋਰਡ ਦੁਆਰਾ ਬਣਾਈ ਗਈ ਸਕੀਮ

*2894 **ਕਾਮਰੇਡ ਸਘੜ ਸਿੰਘ**
ਕਾਮਰੇਡ ਸੱਤ ਪਾਲ ਡਾਂਗ } ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਉਦਯੋਗਿਕ ਕਾਮਿਆਂ ਦੇ ਉਚੇਰੀ ਤਕਨੀਕੀ ਸਿਖਿਆ ਹਾਸਲ ਕਰ ਰਹੇ ਜਾਂ 9ਵੀਂ, 10ਵੀਂ ਅਤੇ 11ਵੀਂ ਵਿਚ ਪੜ੍ਹ ਰਹੇ ਬੱਚਿਆਂ ਨੂੰ ਸਟਾਈਪੰਡਜ਼ ਦੇਣ ਲਈ ਕਿਰਤ ਭਲਾਈ ਬੋਰਡ ਨੇ ਕੋਈ ਸਕੀਮ ਬਣਾਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਕੇਂਦਰ ਵਾਰ ਅਜਿਹੇ ਕਿੰਨੇ ਸਟਾਈਪਿੰਡਜ਼ ਪਹਿਲਾਂ ਮਨਜ਼ੂਰ ਕੀਤੇ ਗਏ ਹਨ?

ਸ੍ਰੀ ਹੰਸ ਰਾਜ ਸ਼ਰਮਾ : (ੳ) ਹਾਂ ਜੀ । ਸਕੀਮਾਂ ਦੀਆਂ ਕਾਪੀਆਂ ਨਾਲ ਨੱਥੀ ਹਨ ।

(ਅ) 10 ਵਿਦਿਆਰਥੀਆਂ ਨੂੰ ਨਿਮਨ ਲਿਖਿਤ ਜ਼ਿਲ੍ਹਿਆਂ ਵਿਚ 50 ਰੁਪਏ ਪ੍ਰਤੀ ਮਾਸਕ ਵਜ਼ੀਫੇ 1 ਅਕਤੂਬਰ, 1974 ਤੋਂ ਦੇਣੇ ਪਰਵਾਨ ਕੀਤੇ ਗਏ ਹਨ:—

ਜ਼ਿਲ੍ਹੇ ਦਾ ਨਾਂ		ਵਿਦਿਆਰਥੀਆਂ ਦੀ ਗਿਣਤੀ
1. ਰੋਪੜ	..	4
2. ਜਲੰਧਰ	..	2
3. ਗੁਰਦਾਸਪੁਰ	..	2
4. ਲੁਧਿਆਣਾ	..	1
5. ਅੰਮ੍ਰਿਤਸਰ	..	1
ਕੁਲ :—	..	10

Scheme for Grant of Stipends to the Children of Industrial Workers for Higher Technical Education for the years 1974-75 and 1975-76

The Board decided to grant 200 stipends of Rs. 50 P.M. each to the Children of Industrial Workers and are desirous of prosecuting higher studies in technical subjects e.g. Diploma Courses in I.T.I.'s Polytechnics, engineering .etc. The stipends will be admissible to those students only the monthly income of whose parents does not exceed Rs. 500/- and who have notbeen granted any other type of stipend/scholarship from University, State Government or any other Organisation. The financial assistance thus provided to the children of low paid industrial workers will not only enable them to achieve the desire of promoting higher studies but also afford larger opportunities for them to raise the status and standard of their families after completing their studies. The total expenditure involved on this scheme during the current financial year would be about Rs. 1,00,000/-' The Scheme has also been sanctioned for 1975-76.

Schemes for the Grant of Stipends to Children of Low Paid Industrial Workers Studying in 9th, 10th and 11th Classes during the Financial year 1975-76

The Punjab Labour Welfare Board in its meeting held on 11th November, 1974 approved the scheme for grant of 1000 stipends @ Rs. 20 P.M. each to children of low paid industrial workers studying in 9th, 10th and 11th classes and the total emoluments of whose parents do not exceed Rs. 350/- P.M. A sum of Rs. 2.5 lacs has been kept for this scheme in the Budget of the Board for 1975-76.

The stipends will be payable to those students only who have not received similar stipends etc. from any other institution, Education Board or University. Normally, only those students will get the stipends who are studying in the Punjab State but an exception would be made in cases where children of industrial workers of the State get technical or para-medical education outside the State.

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦੇ ਇਲਮ ਵਿਚ ਇਹ ਗਲ ਹੈ ਕਿ ਇਨ੍ਹਾਂ ਨੇ ਜੋ ਇਹ ਸਕਾਲਰਸ਼ਿਪ ਦੇਣ ਦਾ ਇਕ ਚੰਗਾ ਫੈਸਲਾ ਕੀਤਾ ਹੈ ਕਿ ਮਜ਼ਦੂਰਾਂ ਦੇ ਜਿਹੜੇ ਬਚੇ 10ਵੀਂ ਪਾਸ ਕਰਨ ਤੋਂ ਬਾਅਦ ਪੋਲੀਟੈਕਨੀਕਲ ਕਾਲਜ ਵਿਚ ਪੜ੍ਹਨਗੇ ਉਨ੍ਹਾਂ ਨੂੰ 50/- ਰੁਪਏ ਮਹੀਨਾ ਵਜ਼ੀਫਾ ਮਿਲੇਗਾ । ਪਰ ਪਿਛਲੇ ਸਾਲ ਇਹ ਫੈਸਲਾ ਲੇਟ ਕੀਤਾ ਗਿਆ ਸੀ ਅਤੇ ਇਸ ਸਾਲ ਵੀ ਬਹੁਤ ਸਾਰੇ ਮਜ਼ਦੂਰਾਂ ਔਰ ਉਨ੍ਹਾਂ ਦੇ ਬਚਿਆਂ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੈ? ਕੀ ਸਰਕਾਰ ਕੋਈ ਅਜਿਹੇ ਕਦਮ ਚੁਕੇਗੀ ਕਿ ਮਜ਼ਦੂਰ ਜਥੇਬੰਦੀਆਂ ਦੇ ਰਾਹੀਂ ਅਤੇ ਪੋਲੀਟੈਕਨੀਕਲ ਦੇ ਪ੍ਰਿੰਸੀਪਲਾਂ ਦੇ ਰਾਹੀਂ ਮਜ਼ਦੂਰਾਂ ਦੇ ਬਚਿਆਂ ਨੂੰ ਇਸ ਦੀ ਇਤਲਾਹ ਦਿਤੀ ਜਾਵੇ ਤਾਂ ਕਿ ਉਹ ਪੂਰਾ ਫਾਇਦਾ ਉਠਾ ਸਕਣ ? ਇਸ ਦੇ ਨਾਲ ਹੀ ਸਰਕਾਰ ਨੇ ਇਹ ਫੈਸਲਾ ਵੀ ਕੀਤਾ ਹੈ ਕਿ ਇਹ 50/- ਰੁਪਏ ਦਾ ਵਜ਼ੀਫਾ ਉਸ ਬਚੇ ਨੂੰ ਮਿਲੇਗਾ ਜਿਸ ਨੂੰ ਕਿਸੇ ਹੋਰ ਪਾਸੇ ਤੋਂ ਵਜ਼ੀਫਾ ਨਹੀਂ ਮਿਲ ਰਿਹਾ । ਕੀ ਸਰਕਾਰ ਇਸ ਚੀਜ਼ ਤੇ ਗੌਰ ਕਰੇਗੀ ਕਿ ਜਿਸ ਬਚੇ ਨੂੰ ਸਰਕਾਰ ਵਲੋਂ ਜਾਂ ਯੂਨੀਵਰਸਿਟੀ ਵਲੋਂ ਪਹਿਲਾਂ ਹੀ 20/- ਜਾਂ 25/- ਰੁਪਏ ਮਹੀਨਾਂ ਵਜ਼ੀਫਾ ਮਿਲਦਾ ਹੈ ਉਸ ਨੂੰ 50 ਰੁਪਏ ਵਿਚੋਂ 20/- ਰੁਪਏ ਕਢ ਕੇ 30/- ਰੁਪਏ ਦਿਤੇ ਜਾਣ ? ਕੀ ਸਰਕਾਰ ਇਸ ਤਰ੍ਹਾਂ ਦੀ ਤਰਮੀਮ ਕਰਨ ਨੂੰ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਨਈ ਸਕੀਮ ਬਣਾਈ ਸੀ ਇਹਦੇ ਵਿਚ 200 ਸਟਾਈਪੈਂਡ ਰਖੇ ਸੀ—ਇਹਦੀ ਪਬਲੀਸਿਟੀ ਕਰ ਦਿੱਤੀ ਗਈ ਸੀ ਅਤੇ ਹੁਣ ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਇਹਦੀ ਪਬਲੀਸਿਟੀ ਹੋਰ ਵੀ ਜ਼ਿਆਦਾ ਕਰ ਦਿਆਂਗੇ । ਜਿਥੋਂ ਤਕ 60 % ਮਾਰਕਸ ਦੀ ਸ਼ਰਤ ਸੀ ਉਹਦੇ ਨਾਲ ਐਪ੍ਲੀਕੇਸ਼ਨਜ਼ ਬਹੁਤ ਘੱਟ ਆਈਆਂ ਸੀ ਇਸ ਸ਼ਰਤ ਬਾਰੇ ਬੋਰਡ ਨੇ ਫੈਸਲਾ ਕੀਤਾ ਸੀ ਕਿ ਜੇ 20/- ਜਾਂ 25/- ਰੁਪਏ ਕਿਸੇ ਹੋਰ ਜਗਾਹ ਤੋਂ ਮਿਲਦੇ ਹੋਣਗੇ ਔਰ ਅਗਰ ਉਹ ਬਰੀਲੀਐਂਟ ਸਟੂਡੈਂਟ ਹੋਏਗਾ ਤਾਂ ਬੋਰਡ ਕੋਲ ਮੈਂ ਸੁਜੈਸ਼ਨ ਕਰ ਦਿਆਂਗਾ ਕਿ ਬੋਰਡ ਉਸ ਕੇਸ ਤੇ ਗੌਰ ਕਰ ਲਵੇ । ਇਕ ਹੋਰ ਸਕੀਮ ਬਣਾਈ ਸੀ । ਇਸ ਅਧੀਨ 1,000 ਸਟਾਈਪੈਂਡਜ਼ ਰਖੇ ਸਨ 20 ਰੁਪਏ ਮਹੀਨੇ ਦੇ ਹਿਸਾਬ ਨਾਲ ਇਹ ਸਟਾਈਪੈਂਡਜ਼ ਹਾਇਰ ਟੈਕਨੀਕਲ ਐਜੂਕੇਸ਼ਨ ਵਾਸਤੇ 9ਵੀ, 10ਵੀਂ ਅਤੇ 11ਵੀਂ ਕਲਾਸਿਜ਼ ਦੇ ਸਟੂਡੈਂਟਸ ਵਾਸਤੇ ਸੀ ਜਿਨ੍ਹਾਂ ਦੇ ਵਾਲਦੈਨ ਦੀ ਇਨਕਮ 350/- ਰੁਪਏ ਮਹੀਨੇ ਤੋਂ ਘੱਟ ਹੋਵੇ ਇਹ ਸਕੀਮ ਉਨ੍ਹਾਂ ਵਾਸਤੇ ਸੀ । ਇਸ ਵਾਸਤੇ ਢਾਈ ਲੱਖ ਰੁਪਿਆ ਈਅਰ ਮਾਰਕ ਕੀਤਾ ਗਿਆ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ: ਇਨ੍ਹਾਂ ਨੇ ਹੁਸ਼ਿਆਰਪੁਰ, ਜਲੰਧਰ ਆਦਿ ਜ਼ਿਲ੍ਹਿਆਂ ਵਿਚ ਸਟੂਡੈਂਟਸ ਨੂੰ ਇਹ ਸਟਾਈਪੈਂਡਜ਼ ਦਿਤੇ ਹਨ, ਕੀ ਵਜ਼ੀਰ ਸਾਹਿਬ ਇਹ ਦਸਣਗੇ ਗਿ ਜ਼ਿਲ੍ਹਾ ਪਟਿਆਲਾ ਸੰਗਰੂਰ, ਬਠਿੰਡਾ ਫਿਰੋਜ਼ਪੁਰ ਅਤੇ ਫਰੀਦਕੋਟ ਤੋਂ ਵੀ ਇਸ ਬਾਰੇ ਸਟੂਡੈਂਟਸ ਦੀਆਂ ਅਰਜ਼ੀਆਂ ਆਈਆਂ; ਜੇ ਆਈਆਂ ਤਾਂ ਉਨ੍ਹਾਂ ਨੂੰ ਕਿਉਂ ਨਹੀਂ ਸਟਾਈਪੈਂਡਜ਼ ਦਿਤੇ ਗਏ ?

ਮੰਤਰੀ : ਜਿਥੋਂ ਵੀ ਕੋਈ ਅਰਜ਼ੀ ਆਏਗੀ ਉਸ ਤੇ ਗੌਰ ਕਰਾਂਗੇ ।

आचार्य पृथ्वी सिंह आज़ाद : वजीर साहब ने फ़रमाया है कि एक तरफ तो वज़ीफ़े की राशि 50/- रु० है और दूसरी तरफ़ यह 20/- रु० है ; क्या इस अन्तर को दूर करके दोनों तरफ़ एक जैसी ही रकम रखी जाएगी ?

ਮੰਤਰੀ : ਇਹ ਦੋਹਾਂ ਲਈ ਇਕੋ ਰਕਮ ਰਖੀ ਨਹੀਂ ਜਾ ਸਕਦੀ । ਟੈਕਨੀਕਲ ਸਕੂਲਾਂ ਵਿਚ ਫੀਸ ਘੱਟ ਹੈ ।

ਕਾਮਰੇਡ ਸੱਤ ਪਾਲ ਡਾਂਗ: ਮਨਿਸਟਰ ਸਾਹਿਬ ਨੇ ਹੁਣੇ ਹੀ ਫਰਮਾਇਆ ਹੈ ਕਿ ਬਰੀਲੀਐਂਟ ਸਟੂਡੈਂਟਸ ਹੋਣ ਦੀ ਸੂਰਤ ਵਿਚ ਮੈਂ ਬੋਰਡ ਕੋਲ ਸੁਜੈਸਟ ਕਰਾਂਗਾ। ਪਰ ਜੇ ਰੂਲਜ਼ ਦੇ ਮੁਤਾਬਕ ਪਾਲੀਟੈਕਨਿਕ ਇਸਟੀਚਿਊਸ਼ਨਜ਼ ਵਿਚ ਮਜ਼ਦੂਰਾਂ ਦੇ ਬੱਚੇ ਪੜ੍ਹਦੇ ਹਨ ਅਤੇ ਉਨ੍ਹਾਂ ਦੇ ਵਾਲਦੇਨ ਦੀ ਆਮਦਨ 500/- ਤੋਂ ਘੱਟ ਹੈ ਤਾਂ ਉਨ੍ਹਾਂ ਨੂੰ 50/- ਰੁਪਏ ਸਕਾਲਰਸ਼ਿਪ ਨਹੀਂ ਮਿਲਦਾ ਕਿਉਂਕਿ ਉਸ ਨੂੰ ਯੂਨੀਵਰਸਿਟੀ ਤੋਂ 25/- ਰੁਪਏ ਮਿਲਦੇ ਹਨ ਕਿਉਂਕਿ ਉਸ ਨੇ ਸੱਚ ਬੋਲ ਦਿਤਾ ਹੈ, ਇਸ ਲਈ ਉਸ ਨੂੰ ਇਹ ਸਟਾਈਪੈਂਡ ਨਹੀਂ ਮਿਲਦਾ ਹੈ ਚਾਹੇ ਬਰੀਲੀਐਂਟ ਹੋਵੇ ਜਾਂ ਨਾ ਹੋਵੇ। ਜੇ ਉਸ ਨੂੰ 25/- ਰੁਪਏ ਨਹੀਂ ਮਿਲਦੇ ਤਾਂ 50/- ਉਸ ਨੂੰ ਮਿਲ ਜਾਣੇ ਸੀ। ਕੀ ਇਸ ਗੱਲ ਦਾ ਫੈਸਲਾ ਕਰਾਉਣ ਦਾ ਯਤਨ ਕੀਤਾ ਜਾਏਗਾ ਕਿ ਜਿਸ ਨੂੰ ਪਹਿਲਾਂ 25/- ਰੁਪਏ ਮਿਲਦੇ ਹਨ ਉਸ ਨੂੰ 25/- ਰੁਪਏ ਹੋਰ ਦਵਾ ਦਿਤੇ ਜਾਣ ?

ਮੰਤਰੀ: ਬੋਰਡ ਦੀ ਇਜ਼ਤ ਰਖੀ ਦੀ ਹੈ। ਕਰਨ ਦੀ ਤਾਂ ਇਸ ਤਰ੍ਹਾਂ ਹੀ ਕੋਸ਼ਿਸ਼ ਕੀਤੀ ਜਾਂਦੀ ਹੈ (ਵਿਘਨ)

STARRED QUESTION NO. 2946*

Mr. Speaker: Extension has been asked for in respect of Starred Question No. 2946.

ਮਿਲਾਵਟ ਵਾਲੀਆਂ ਖਾਦਾਂ ਦੇ ਕੇਸ

*2915. **ਸਰਦਾਰ ਪ੍ਰਹਿਲਾਦ ਸਿੰਘ**: ਕੀ ਖੇਤੀ ਬਾੜੀ ਅਤੇ ਜੰਗਲਾਤ ਦੇ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਕੀ 1 ਜਨਵਰੀ, 1974 ਤੋਂ 31 ਦਸੰਬਰ, 1974 ਦੇ ਸਮੇਂ ਦੌਰਾਨ ਰਾਜ ਵਿਚ ਕਾਸ਼ਤ-ਕਾਰਾਂ ਨੂੰ ਜ਼ਰਾਇਤੀ ਪੈਦਾਵਾਰ ਲਈ ਵੇਚੀਆਂ ਗਈਆਂ ਖਾਦਾਂ ਵਿਚ ਕਿਸੇ ਕੇਸਿਜ਼ ਵਿਚ ਮਿਲਾਵਟ ਕੀਤੀ ਫੜੀ ਗਈ, ਜੇਕਰ ਅਜਿਹਾ ਹੋਵੇ ਤਾਂ, ਇਨ੍ਹਾਂ ਕੇਸਿਜ਼ ਦਾ ਜ਼ਿਲ੍ਹਾਵਾਰ ਅਤੇ ਡਵੀਜ਼ਨ ਵਾਰ ਵੇਰਵਾ ਕੀ ਹੈ ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਿਜ਼ ਵਿਚੋਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਜ਼ਿਲ੍ਹਿਆਂ ਵਿਚ ਮਿਲਾਵਟ ਕੀਤੀ ਗਈ ਸਿੱਧ ਹੋਈ ਅਤੇ ਹਰ ਇਕ ਕੇਸ ਵਿਚ ਦੋਸ਼ੀਆਂ ਨੂੰ ਦਿਤੀਆਂ ਗਈਆਂ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਸਜ਼ਾਵਾਂ ਦਾ ਵੇਰਵਾ ਕੀ ਹੈ ?

ਸਰਦਾਰ ਗੁਰਬੰਤਾ ਸਿੰਘ: (ੳ) ਸਾਲ 1974 ਦੇ ਦੌਰਾਨ ਫਰਟੇਲਾਈਜ਼ਰ ਡੀਲਰਾਂ ਕੋਲੋਂ ਕੁਲ ਮਿਲਾਵਟੀ ਖਾਦ ਵੇਚਣ ਸਬੰਧੀ 71 ਕੇਸ ਸਰਕਾਰ ਦੇ ਨੋਟਿਸ ਵਿਚ ਆਏ ਹਨ ਇਨ੍ਹਾਂ ਦਾ ਜ਼ਿਲ੍ਹਾ-ਵਾਰ ਡਵੀਜ਼ਨ-ਵਾਰ ਵੇਰਵਾ ਅੰਤਕਾ (ੳ) ਤੇ ਨਾਲ ਨੱਥੀ ਕੀਤਾ ਜਾਂਦਾ ਹੈ।

(ਅ) ਦੋਸ਼ੀਆਂ ਵਿਰੁਧ ਕੇਸ ਪੁਲਿਸ ਨੂੰ ਦਿਤੇ ਹੋਏ ਹਨ ਅਤੇ ਉਹ ਉਨ੍ਹਾਂ ਤੇ ਕਾਰਵਾਈ ਕਰ ਰਹੀ ਹੈ।

---

*For answer to starred question No. 2946 see debate dated 22nd January 1975.

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਅੰਤਕਾ 'ੳ'

ਮਿਲਾਵਟੀ ਖਾਦ ਵੇਚਣ ਵਾਲੇ ਫਰਟੇਲਾਈਜ਼ਰ ਡੀਲਰਾਂ ਵਿਰੁੱਧ ਦਰਜ ਕੀਤੇ ਗਏ ਕੇਸਾਂ ਦਾ ਜ਼ਿਲ੍ਹਾ-ਵਾਰ/ਡਵੀਜ਼ਨ-ਵਾਰ ਵੇਰਵਾ

ਜ਼ਿਲ੍ਹਾ	ਡਵੀਜ਼ਨ	ਮਿਲਾਵਟੀ ਖਾਦ ਦੇ ਕੇਸਾਂ ਦਾ ਵੇਰਵਾ ।	ਜੋੜ
ਜਲੰਧਰ	ਜਲੰਧਰ	—	29
ਅੰਮ੍ਰਿਤਸਰ		9	
ਗੁਰਦਾਸਪੁਰ		8	
ਹੁਸ਼ਿਆਰਪੁਰ		8	
ਕਪੂਰਥਲਾ		4	
ਪਟਿਆਲਾ	ਪਟਿਆਲਾ	11	36
ਸੰਗਰੂਰ		6	
ਰੋਪੜ		3	
ਲੁਧਿਆਣਾ		16	
ਫਿਰੋਜ਼ਪੁਰ	ਫਿਰੋਜ਼ਪੁਰ	3	6
ਫਰੀਦਕੋਟ		3	
ਬਠਿੰਡਾ		—	

ਸਰਦਾਰ ਪ੍ਰਹਿਲਾਦ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਏਜੰਸੀਆਂ ਨੇ ਖਾਦ ਵਿਚ ਮਿਲਾਵਟ ਕੀਤੀ ਹੈ ਔਰ ਉਸ ਨਾਲ ਪੰਜਾਬ ਦੇ ਕਿਸਾਨਾਂ ਦਾ ਨੁਕਸਾਨ ਹੋਇਆ ਹੈ, ਕੀ ਉਨ੍ਹਾਂ ਏਜੰਸੀਆਂ ਨੂੰ ਕੈਂਸਲ ਕਰਨ ਬਾਰੇ ਕੋਈ ਉਪਾਏ ਕੀਤੇ ਗਏ ਹਨ ?

ਮੰਤਰੀ: ਜਿਸ ਵੇਲੇ ਕੋਈ ਆਦਮੀ ਫੜਿਆ ਜਾਵੇ ਜਿਸ ਦੀ ਖਾਦ ਖਰਾਬ ਨਿਕਲੇ ਉਹ ਕੇਸ ਪੁਲਿਸ ਨੂੰ ਦਿੰਦੇ ਹਾਂ ਅਤੇ ਉਹ ਏਜੰਸੀਆਂ ਸਸਪੈਂਡ ਕਰ ਦਿੰਦੇ ਹਾਂ, ਕੈਂਸਲ ਨਹੀਂ ਕਰਦੇ । ਜਿਹੜੀ ਖਾਦ ਵਿਚ ਮਿਲਾਵਟ ਹੋਵੇ ਅਤੇ ਫੜੀ ਜਾਵੇ ਉਹੀ ਸਸਪੈਂਡ ਕਰਦੇ ਹਾਂ ਦੂਜੀ ਨਹੀਂ ।

ਸਰਦਾਰ ਪ੍ਰਹਿਲਾਦ ਸਿੰਘ : ਇਹ ਝੂਠੀ ਇਨਫਰਮੇਸ਼ਨ ਦੇ ਰਹੇ ਹਨ । ਮੈਨੂੰ ਸਮਰਾਲੇ ਦੇ ਕੇਸ ਬਾਰੇ ਪਤਾ ਹੈ । (ਵਿਘਨ)

ਸ੍ਰੀ ਸਪੀਕਰ: ਤੁਸੀਂ ਸਵਾਲ ਕਰੋ ।(Please put your supplementary question.)

ਸਰਦਾਰ ਪ੍ਰਹਿਲਾਦ ਸਿੰਘ: ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਜਿਹੜਾ ਕੇਸ ਫੜਿਆ ਜਾਂਦਾ ਹੈ ਉਹ ਪੁਲਿਸ ਨੂੰ ਦੇ ਦਿਤਾ ਜਾਂਦਾ ਹੈ । ਪਰ ਅਜਿਹੀਆਂ ਏਜੰਸੀਆਂ ਪੁਲਿਸ ਨਾਲ ਮਿਲ ਜਾਂਦੀਆਂ ਹਨ ਕੀ ਕੋਈ ਅਜਿਹੀ ਏਜੰਸੀ ਕਾਇਮ ਕਰਨ ਨੂੰ ਤਿਆਰ ਹਨ ਜਿਹੜੀ ਕਿ ਅਜਿਹੇ ਕੇਸਾਂ ਨੂੰ ਫੜੇ ਅਤੇ ਐਕਸ਼ਨ ਲਵੇ

ਮੰਤਰੀ : ਜਿੱਥੇ ਜਿੱਥੇ ਵੀ ਫਰਟੇਲਾਈਜ਼ਰ ਖਰਾਬ ਨਿਕਲੀ ਹੈ ਉਥੇ ਫੌਰਨ ਐਕਸ਼ਨ ਲਿਆ ਗਿਆ ਹੈ ਅਤੇ ਕੇਸ ਪੁਲਿਸ ਵਿਚ ਦਰਜ ਕਰਾ ਦਿਤਾ ਗਿਆ ਹੈ ।

ਕੈਪਟਨ ਰਤਨ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਕੀ ਮਾਰਕਿਟਿਗ ਸੋਸਾਇਟੀਜ਼ ਵੀ ਇਨ੍ਹਾਂ ਵਿਚ ਹੀ ਆਉਂਦੀਆਂ ਹਨ ਜਾਂ ਇਹ ਕੋਈ ਸਪੈਸ਼ਲ ਕੈਟੇਗਰੀ ਵਿਚ ਹਨ ?

ਮੰਤਰੀ : ਮਾਰਕਿਟਿੰਗ ਸੋਸਾਇਟੀਜ਼ ਜਿਹੜੀਆਂ ਖਾਦ ਵੇਚਦੀਆਂ ਹਨ ਉਹ ਵੀ ਇਨ੍ਹਾਂ ਵਿਚ ਹੀ ਆਉਂਦੀਆਂ ਹਨ ।

ਸਰਦਾਰ ਪਰਕਾਸ਼ ਸਿੰਘ ਬਾਦਲ: ਮਨਿਸਟਰ ਸਾਹਿਬ, ਨੇ ਫੁਰਮਾਇਆ ਹੈ ਕਿ ਜਿਸ ਦੀ ਖਾਦ ਮਿਲਾਵਟ ਵਾਲੀ ਨਿਕਲਦੀ ਹੈ ਉਹਦਾ ਲਾਈਸੈਂਸ ਸਸਪੈਂਡ ਕਰ ਦਿੰਦੇ ਹਾਂ ਪਰ ਕੈਂਸਲ ਨਹੀਂ ਕਰ ਸਕਦੇ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤੋਂ ਕੋਈ ਆਡਲਟਰੇਟਿਡ ਖਾਦ ਨਿਕਲੇ ਉਸਦਾ ਲਾਈਸੈਂਸ ਕੈਂਸਲ ਹੋਣਾ ਚਾਹੀਦਾ ਹੈ ਕਿ ਇਸ ਬਾਰੇ ਕੋਈ ਐਕਸ਼ਨ ਨਹੀਂ ਲਿਆ ਜਾ ਸਕਦਾ ?

ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਕਈ ਏਜੰਸੀਆਂ ਅਜਿਹੀਆਂ ਹਨ ਜਿਹੜੀਆਂ ਦੋ-ਤਿੰਨ ਕਿਸਮ ਦੀਆਂ ਖਾਦਾਂ ਵੇਚਦੇ ਹਨ । ਜਿਹੜੀ ਖਾਦ ਸਬ-ਸਟੈਂਡਰਡ ਨਿਕਲਦੀ ਹੈ ਉਹ ਸੀਲ ਕਰ ਦਿਤੀ ਜਾਂਦੀ ਹੈ ਪਰ ਉਹਦਾ ਲਾਈਸੈਂਸ ਕੈਂਸਲ ਨਹੀਂ ਕਰ ਸਕਦੇ ਅਤੇ ਸਸਪੈਂਡ ਕਰ ਸਕਦੇ ਹਾਂ। ਕਈ ਵੇਰੀ ਬਿਜਾਈ ਦਾ ਸੀਜ਼ਨ ਹੁੰਦਾ ਹੈ ਅਤੇ ਜੇ ਉਹਦਾ ਲਾਈਸੈਂਸ ਕੈਂਸਲ ਕਰ ਦੇਈਏ ਤਾਂ ਇਸ ਨਾਲ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ ਕਿਉਂਕਿ ਡੀਲਰ ਹੋਰ ਕੋਈ ਵੀ ਲਾਈਸੈਂਸ ਕੈਂਸਲ ਹੋਣ ਨਾਲ ਖਾਦ ਵੇਚ ਨਹੀਂ ਸਕੇਗਾ। ਜਿਹੜਾ ਵੀ ਖਾਦ ਸਬ-ਸਟੈਂਡਰਡ ਪਾਇਆ ਗਿਆ ਹੈ ਉਹ ਸੀਲ ਕਰ ਦਿਤਾ ਗਿਆ ਹੈ ਉਹਨੂੰ ਉਹ ਵੇਚ ਨਹੀਂ ਸਕਦਾ । ਉਹਦਾ ਲਾਈਸੈਂਸ ਸਸਪੈਂਡ ਕਰਨ ਦੀ ਸਿਫਾਰਸ਼ ਕੀਤੀ ਗਈ ਹੈ । ਜਿਹੜਾ ਵੀ ਖਰਾਬ ਖਾਦ ਵੇਚਦਾ ਹੈ ਸਰਕਾਰ ਉਹਦੀ ਰਿਆਇਤ ਨਹੀਂ ਕਰਦੀ ।

आचार्य पृथ्वी सिंह आज़ाद : क्या मन्त्री महोदय यह बताने की कृपा करेंगे कि जिन कोआप्रेटिव अदारों को जिन में मार्कफैड भी शामिल है और कोआप्रेटिव अदारे जो सरकार की प्रोटैक्शन से चलते हैं, क्या इस सम्बंध में इस के खिलाफ़ भी कोई कदम उठाए गए हैं ?

ਮੰਤਰੀ : ਇਹ ਜਿਹੜੇ ਸਬ-ਸਟੈਂਡਰਡ ਖਾਦ ਦੇ ਕੇਸ ਫੜੇ ਗਏ ਹਨ ,ਔਰ ਪੁਲਿਸ ਨੂੰ ਕੇਸ ਦਿੱਤੇ ਗਏ ਹਨ ਇਹਦੇ ਵਿਚ ਮਾਰਕਫੈਡ ਏਜੰਸੀਆ ਔਰ ਕੋ-ਆਪਰੇਟਿਵ ਸੋਸਾਇਟੀਆਂ ਵੀ ਆਉਂਦੀਆਂ ਹਨ ਉਹਨਾਂ ਦੇ ਕੇਸ ਵੀ ਪੁਲਿਸ ਨੂੰ ਦਿਤੇ ਗਏ ਹਨ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਮੈ ਖੇਤੀ ਬਾੜੀ ਮੰਤਰੀ ਤੋਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਪ੍ਰਾਈਵੇਟ ਏਜੰਸੀਆਂ ਵੀ ਕਈ ਅਜਿਹੀਆਂ ਹਨ ਜਿਹਨਾਂ ਨੂੰ ਐਡਲਟਰੇਟਿਡ ਖਾਦ ਵੇਚਣ ਵਿਚੋਂ ਦੋਸ਼ੀ ਠਹਿਰਾਇਆ ਗਇਆ ਹੈ ਕੀ ਇਸ ਗੱਲ ਦੇ ਪੇਸ਼ੇ ਨਜ਼ਰ ਇਹਨਾਂ ਪ੍ਰਾਈਵੇਟ ਏਜੰਸੀਆਂ ਰਾਹੀਂ ਖਾਦ ਵੇਚਣ ਤੇ ਪਾਬੰਦੀ ਲਗਾਉਣ ਬਾਰੇ ਸਰਕਾਰ ਵਿਚਾਰ ਕਰ ਰਹੀ ਹੈ ?

ਮੰਤਰੀ : ਇਹ ਜੋ ਪ੍ਰਾਈਵੇਟ ਏਜੈਂਸੀਆਂ ਦੀ ਗਲ ਕੀਤੀ ਗਈ ਹੈ , ਇਹ ਮਿੱਲਾਂ ਵਾਲਿਆਂ ਨੂੰ ਕੁਝ ਪਰਸੈਂਟੇਜ ਤਕ ਫਰਟੇਲਾਈਜ਼ਰ ਵੇਚਣ ਦੀ ਹਿੰਦ ਸਰਕਾਰ ਤੋਂ ਇਜਾਜ਼ਤ ਲਈ ਹੋਈ ਹੈ । ਮੈਂ ਦੋ ਤਿੰਨ ਦਫਾ ਸਰਕਾਰ ਨੂੰ ਕਿਹਾ ਹੈ ਕਿ ਇਨ੍ਹਾਂ ਰਾਹੀਂ ਸੇਲ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਸਾਨੂੰ ਆਪਣੇ ਕੋਆਪਰੇਟਿਵ ਦੇ ਰਾਹੀਂ ਹੀ ਵੇਚਣੀ ਚਾਹੀਦੀ ਹੈ । ਪਰ ਹਿੰਦ ਸਰਕਾਰ ਇਸ ਗਲ ਦੀ ਇਜਾਜ਼ਤ ਨਹੀਂ ਦਿੰਦੀ ।(ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਜ਼ਿਲ੍ਹਾ ਫਿਰੋਜ਼ਪੁਰ ਵਿਚ ਤਲਵੰਡੀ ਭਾਈ ਕੀ ਵਿਚ ਡੀ. ਸੀ. ਫਿਰੋਜ਼ਪੁਰ ਨੇ ਛਾਪਾ ਮਾਰ ਕੇ ਉਥੋਂ 200 ਬੋਰੀ ਖਾਦ ਦੀ ਫੜੀ । ਗਿਆਨ ਸਿੰਘ ਡੀਲਰ ਦੇ ਖਿਲਾਫ ਪਰਚਾ ਹੋਏ ਨੂੰ ਇਕ ਸਾਲ ਹੋ ਗਿਆ ਹੈ । ਸੀ. ਐਮ. ਸਾਹਿਬ ਨੇ ਫਾਈਲ ਮੰਗਵਾਈ ਹੈ ਪਰ ਉਸਨੂੰ ਕੋਈ ਸਜ਼ਾ ਨਹੀਂ ਦਿੱਤੀ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਉਸ ਨੂੰ ਹਾਲਾਂ ਤਕ ਕੋਈ ਸਜ਼ਾ ਨਹੀਂ ਦਿੱਤੀ ਗਈ ਜਦ ਕਿ ਫਾਈਲ ਵੀ ਮੰਗਵਾਈ ਗਈ ਹੈ ?

ਮੰਤਰੀ : ਇਹ ਮਿਲਾਵਟ ਦਾ ਕੇਸ ਨਹੀਂ ਹੈ । ਇਹ ਖਾਦ ਫੜਨ ਦਾ ਕੇਸ ਹੈ । ਤੁਸੀਂ ਇਸ ਬਾਰੇ ਨੋਟਿਸ ਦੇ ਦਿਓ ਮੈਂ ਦੱਸ ਦਿਆਂਗਾ ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਹੁਣੇ ਹੁਣੇ ਐਗਰੀਕਲਚਰ ਮਨਿਸਟਰ ਸਾਹਿਬ ਨੇ ਮੇਰੇ ਸਪਲੀਮੈਂਟਰੀ ਦੇ ਜਵਾਬ ਵਿਚ ਕਿਹਾ ਸੀ ਕਿ ਜਿਹੜੇ ਕੋਆਪਰੇਟਿਵ ਅਦਾਰੇ ਹਨ ਉਹ ਵੀ ਉਨ੍ਹਾਂ ਵਿਚ ਆਉਂਦੇ ਹਨ । ਕੀ ਮਨਿਸਟਰ ਸਾਹਿਬ, ਇਸ ਸਦਨ ਨੂੰ ਇਕ ਕੇਸ ਵੀ ਦੱਸਣਗੇ ਕਿ ਜਿਸ ਕੋਆਪ-ਰੇਟਿਵ ਅਦਾਰੇ ਨੇ ਗੜਬੜ ਕੀਤੀ ਹੈ ਅਤੇ ਉਸ ਦੇ ਅਫ਼ਸਰਾਂ ਨੂੰ , ਉਸ ਦੇ ਪਰੇਜ਼ੀਡੈਂਟ ਨੂੰ ਜਾਂ ਉਸ ਦੀ ਜਿਹੜੀ ਐਗਜ਼ੇਕਟਿਵ ਕਮੇਟੀ ਹੈ, ਉਨ੍ਹਾਂ ਤੇ ਕੋਈ ਐਕਸ਼ਨ ਲਿਆ ਹੋਵੇ ?

ਮੰਤਰੀ : ਜਿਹੜੇ ਪੁਲਿਸ ਨੇ ਖਾਦ ਵਿਚ ਮਿਲਾਵਟ ਕਰਨ ਦੇ ਚਲਾਨ ਕੀਤੇ ਹਨ, ਉਨ੍ਹਾਂ ਵਿਚ 23 ਚਲਾਨ ਕੋਆਪਰੇਟਿਵ ਅਦਾਰਿਆਂ ਦੇ ਹਨ ।

ਸਰਦਾਰ ਬਸੰਤ ਸਿੰਘ ਖਾਲਸਾ: ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਮਿਲਾਵਟ ਦਾ ਕੇਸ ਜ਼ਿਲ੍ਹਾ ਲੁਧਿਆਣਾ ਵਿਚ ਜਿਹੜਾ ਫੜਿਆ ਗਿਆ ਸੀ ਉਸ ਦੇ ਖਿਲਾਫ ਜਿਹੜਾ ਕੇਸ ਰਜਿਸਟਰ ਹੋਇਆ ਸੀ ਉਹ ਕੇਸ ਵਿਦਡਰਾ ਕਰ ਲਿਆ ਹੈ ?

ਮੰਤਰੀ : ਇਸ ਬਾਰੇ ਨੋਟਿਸ ਦਿਓ । ਮੈਂ ਨਹੀਂ ਕਹਿ ਸਕਦਾ ਕਿ ਕੇਸ ਵਾਪਸ ਹੋਇਆ । ਮੈਨੂੰ ਕੋਈ ਇਲਮ ਨਹੀਂ ਹੈ । ਤੁਸੀਂ ਪਹਿਲਾਂ ਇਸ ਬਾਰੇ ਨੋਟਿਸ ਦਿਓ ਕਿ ਕੇਸ ਰਜਿਸਟਰ ਹੋਇਆ ਸੀ ਅਤੇ ਉਸ ਦੇ ਵਾਪਸ ਲੈਣ ਆਦਿ ਬਾਰੇ ਪੂਰਾ ਨੋਟਿਸ ਦਿਓ ਫਿਰ ਮੈਂ ਜਵਾਬ ਦੇ ਦਿਆਂਗਾ । (ਵਿਘਨ) (ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁਦਾ ਹਾਂ ਕਿ ਜ਼ਿਮੀਦਾਰਾਂ ਨੂੰ ਜਿਹੜੀ ਮਿਕਸਡ ਖਾਦ ਵੇਚੀ ਗਈ ਹੈ ਉਨ੍ਹਾਂ ਜ਼ਿਮੀਂਦਾਰਾਂ ਦਾ ਕੋਈ ਕਸੂਰ ਨਹੀਂ ਹੈ । ਇਸ ਲਈ ਕੀ

ਸਰਕਾਰ ਉਨ੍ਹਾਂ ਜ਼ਿਮੀਂਦਾਰਾਂ ਨੂੰ ਕੋਈ ਮੁਆਵਜ਼ਾ ਦੇਣ ਲਈ ਵਿਚਾਰ ਕਰੇਗੀ। ਉਨ੍ਹਾਂ ਵਿਚਾਰੇ ਜ਼ਿਮੀਦਾਰਾਂ ਨੂੰ ਵੀ ਕੁਝ ਦਿਓ ਜਿਨ੍ਹਾਂ ਨੇ ਐਨੀ ਮਹਿੰਗੀ ਖਾਦ ਪਾਈ ਪਰ ਉਨ੍ਹਾਂ ਦਾ ਐਨਾ ਨੁਕਸਾਨ ਹੋਇਆ। ਇਸ ਲਈ ਕੀ ਸਰਕਾਰ ਉਨ੍ਹਾਂ ਨੂੰ ਮੁਆਵਜ਼ਾ ਦੇਣ ਲਈ ਵਿਚਾਰ ਕਰੇਗੀ ?

ਮੰਤਰੀ : ਕਲਕਟ ਜੀ ਦਾ ਬੜਾ ਚੰਗਾ ਸਵਾਲ ਹੈ ਕਿ ਜਿਹੜੀ ਖਾਦ ਜ਼ਿਮੀਂਦਾਰਾਂ ਨੂੰ ਵੇਚੀ ਗਈ ਹੈ ਉਹ ਖਰਾਬ ਵੇਚੀ ਗਈ ਅਤੇ ਕੀ ਸਰਕਾਰ ਉਨ੍ਹਾਂ ਨੂੰ ਕੋਈ ਮੁਆਵਜ਼ਾ ਦੇਵੇਗੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਬੜੀ ਵੱਡੀ ਕੰਪਨੀ ਫੜੀ ਗਈ ਹੈ ਜਿਹੜੀ ਇਸ ਤਰ੍ਹਾਂ ਦੀ ਖਾਦ ਵੇਚਦੀ ਹੈ। ਉਨ੍ਹਾਂ ਦੇ ਸਾਰੇ ਡਿਪੋ ਅਸੀਂ ਸੀਲ ਕਰ ਦਿੱਤੇ ਹਨ। ਹੁਣ ਉਹ ਕਹਿੰਦੇ ਹਨ ਕਿ ਸਾਨੂੰ ਛੱਡ ਦਿਓ ਅਤੇ ਅਸੀਂ ਜ਼ਿਮੀਂਦਾਰਾਂ ਨੂੰ ਜਿਹੜੀ ਖਾਦ ਵੇਚੀ ਹੈ ਉਸਦਾ ਮੁਆਵਜ਼ਾ ਦੇਣ ਲਈ ਤਿਆਰ ਹਾਂ ਲੇਕਿਨ ਅਸੀਂ ਕਹਿੰਦੇ ਹਾਂ ਕਿ ਪਹਿਲਾਂ ਤੁਸੀਂ ਕੋਰਟ ਵਿਚ ਕੇਸ ਭੁਗਤੋ ਫਿਰ ਮੁਆਵਜ਼ਾ ਲਵਾਂਗੇ। ਜਿਸ ਨੇ ਖਾਦ ਜ਼ਿਮੀਦਾਰਾਂ ਨੂੰ ਮਿਲਾਵਟ ਵਾਲੀ ਵੇਚੀ ਹੈ ਉਸ ਕੋਲੋਂ ਮੁਆਵਜ਼ਾ ਜ਼ਰੂਰ ਲੈਣਾ ਚਾਹੀਦਾ ਹੈ ਅਤੇ ਮੇਰਾ ਖਿਆਲ ਹੈ ਕਿ ਅਸੀਂ ਜ਼ਰੂਰ ਲੈ ਕੇ ਛੱਡਾਂਗੇ।

ਚੌਧਰੀ ਦਰਸ਼ਨ ਸਿੰਘ : ਬੜੀ ਅੱਛੀ ਗੱਲ ਹੈ ਕਿ ਇਕ ਬੜੀ ਵੱਡੀ ਕੰਪਨੀ ਫੜੀ ਗਈ ਹੈ। ਕੀ ਖੇਤੀ ਬਾੜੀ ਮੰਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੀ ਖਾਦ ਦੀ ਓਵਰਨਾਈਟ ਪ੍ਰਾਈਸ ਡਬਲ ਹੋ ਗਈ ਅਤੇ ਇਸ ਨਾਲ ਮਾਰਕਫੈਡ ਅਤੇ ਐਗਰੋਇੰਡਸਟਰੀ ਦੇ ਅਦਾਰਿਆਂ ਨੂੰ ਬਹੁਤ ਫਾਇਦਾ ਹੋਇਆ। ਸਰਕਾਰ ਨੇ ਉਸ ਵੇਲੇ ਵੀ ਐਲਾਨ ਕੀਤਾ ਸੀ ਕਿ ਅਸੀਂ ਖਾਦ ਉਸੇ ਕੀਮਤ ਤੇ ਦਿਆਂਗੇ। ਇਸ ਤਰ੍ਹਾਂ ਮਾਰਕਫੈਡ ਨੂੰ 6 ਕਰੋੜ ਰੁਪਏ ਦਾ ਫਾਇਦਾ ਹੋਇਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਾਰਕਫੈਡ ਕੋਲੋਂ 6 ਕਰੋੜ ਰੁਪਿਆ ਜਿਹੜਾ ਉਨ੍ਹਾਂ ਨੇ ਫਾਇਦਾ ਉਠਾਇਆ ਹੈ ਉਹ ਜ਼ਿਮੀਦਾਰਾਂ ਨੂੰ ਲੈ ਕੇ ਸਬਸੇਡਾਈਜ਼ਡ ਸ਼ਕਲ ਵਿਚ ਦੇਣਗੇ ? (ਵਿਘਨ)

ਮੰਤਰੀ : ਚੌਧਰੀ ਸਾਹਿਬ ਦਾ ਇਹ ਜਿਹੜਾ ਸਵਾਲ ਹੈ ਇਹ ਇਸ ਵਿਚੋਂ ਸਵਾਲ ਬਣਦਾ ਤਾਂ ਨਹੀਂ ਹੈ। (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਉਸ ਵੇਲੇ ਵੀ ਐਲਾਨ ਕੀਤਾ ਸੀ ਅਤੇ ਸਰਕਾਰ ਹੁਣ ਵੀ ਇਸ ਗੱਲ ਤੇ ਪਾਬੰਦ ਹੈ ਕਿ ਜਿਹੜਾ ਮਾਰਕਫੈਡ ਨੇ 5 ਕਰੋੜ ਰੁਪਿਆ ਅਤੇ ਐਗਰੋ–ਇੰਡਸਟਰੀ ਨੇ ਜਿਹੜਾ 1 ਕਰੋੜ ਰੁਪਿਆ ਉਸ ਖਾਦ ਦਾ ਵੱਧ ਵੱਟਿਆ ਹੈ ਅਤੇ ਪਹਿਲੀ ਕੀਮਤ ਨਾਲੋਂ ਪਿੱਛੋਂ ਡੱਬਲ ਕੀਮਤ ਤੇ ਜੋ ਖਾਦ ਵੇਚੀ ਗਈ ਹੈ, ਇਸ ਤਰ੍ਹਾਂ ਜਿਹੜਾ ਇਹ 6 ਕਰੋੜ ਰੁਪਿਆ ਉਨ੍ਹਾਂ ਨੇ ਵੱਧ ਵੱਟਿਆ ਹੈ ਸਰਕਾਰ ਇਸ ਗੱਲ ਤੇ ਵਿਚਾਰ ਕਰ ਰਹੀ ਹੈ। ਉਨ੍ਹਾਂ ਜ਼ਿਮੀਂਦਾਰਾਂ ਦੇ ਫਾਇਦੇ ਲਈ ਕਾਰਖਾਨੇ ਲਗਾਏ ਜਾਣ ਅਤੇ ਉਸ ਵਿਚ ਜ਼ਿਮੀਂਦਾਰਾਂ ਦਾ ਹਿੱਸਾ ਹੋਵੇ (ਵਿਘਨ) (ਸ਼ੋਰ)

ਸਰਦਾਰ ਪਰਕਾਸ਼ ਸਿੰਘ ਬਾਦਲ : ਇਸ ਗਲ ਨੂੰ ਸਾਹਮਣੇ ਰਖਦੇ ਹੋਏ ਕਿ ਕਿਸਾਨਾਂ ਦਾ ਬਿਲਕੁਲ ਇਤਬਾਰ ਉਠ ਚੁਕਾ ਹੈ ਕਿਉਂਕਿ ਉਨ੍ਹਾਂ ਨੂੰ ਪਿਉਰ ਖਾਦ ਨਹੀਂ ਮਿਲ ਰਹੀ, ਇਸ ਲਈ ਕੀ ਸਰਕਾਰ ਕਿਸਾਨਾਂ ਦਾ ਇਹ ਇਤਬਾਰ ਜਿੱਤਣ ਲਈ ਕੋਈ ਐਸਾ ਪ੍ਰਬੰਧ ਕਰੇਗੀ ਕਿ ਜਦ ਖਾਦ ਦਿੱਤੀ ਜਾਵੇ ਤਾਂ ਇਹ ਸਰਟੀਫਾਈ ਕੀਤਾ ਜਾਵੇ ਕਿ ਇਹ ਖਾਦ ਪਿਉਰ ਹੈ। ਕੀ ਅਜਿਹਾ ਸਰਕਾਰ ਪ੍ਰਬੰਧ ਕਰੇਗੀ ?

ਮੰਤਰੀ : ਅਸੀਂ ਪ੍ਰਬੰਧ ਕੀਤਾ ਹੋਇਆ ਹੈ। ਖਾਦ ਵੇਚਦੇ ਸਮੇਂ ਥੈਲਿਆਂ ਵਿਚ ਪਾਕੇ ਮੁਹਰ ਲਾਕੇ ਵੇਚਦੇ ਹਨ ਅਤੇ ਜਿਸ ਨੂੰ ਵੀ ਅਵੱਗਿਆ ਕਰਦੇ ਹੋਏ ਫੜਿਆ ਜਾਂਦਾ ਹੈ ਉਸ ਨੂੰ ਜੇਲ੍ਹ ਵਿਚ ਦਿੱਤਾ ਜਾ ਸਕਦਾ ਹੈ ਕਾਨੂੰਨੀ ਕਾਰਵਾਈ ਨਾਲ (ਵਿਘਨ) (ਸ਼ੋਰ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ)

ਜੱਥੇਦਾਰ ਗੁਰਬਚਨ ਸਿੰਘ (ਲਖਮੀਰਵਾਲਾ) *

ਸ੍ਰੀ ਸਪੀਕਰ: ਇਹ ਜੋ ਕੁਝ ਬਿਨਾ ਆਗਿਆ ਦੇ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying without the permission of the Chair, should not be recorded.)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਇਥੇ ਦੱਸਿਆ ਗਿਆ ਹੈ ਕਿ ਇਕ ਬੜੀ ਵੱਡੀ ਕੰਪਨੀ ਮਿਲਾਵਟ ਕਰਕੇ ਖਾਦ ਵੇਚਦੀ ਫੜੀ ਗਈ ਹੈ। ਇਥੇ ਇਹ ਵੀ ਕਿਹਾ ਗਿਆ ਹੈ ਕਿ ਉਸ ਕੰਪਨੀ ਕੋਲੋਂ ਮੁਆਵਜ਼ਾ ਲੈਕੇ ਜ਼ਿਮੀਂਦਾਰਾਂ ਨੂੰ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਹ ਡੈਫੀਨਿਟ ਜੁਆਬ ਦੇਣ ਕਿ ਉਨ੍ਹਾਂ ਕੋਲੋਂ ਮੁਆਵਜ਼ਾ ਲੈ ਕੇ ਜ਼ਿਮੀਂਦਾਰਾਂ ਨੂੰ ਦਿੱਤਾ ਜਾਵੇਗਾ ?

ਮੰਤਰੀ : ਉਨ੍ਹਾਂ ਦੇ ਕੇਸ ਅਦਾਲਤ ਵਿਚ ਜਾਣਗੇ। ਅਦਾਲਤ ਉਨ੍ਹਾਂ ਨੂੰ ਦੋਸ਼ੀ ਕਰਾਰ ਦੇਵੇਗੀ। ਅਦਾਲਤ ਦੇ ਫੈਸਲੇ ਦੇ ਬਾਅਦ ਹੀ ਅਸੀਂ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈ ਸਕਦੇ ਹਾਂ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮਿਲਾਵਟ ਦੇ ਕੇਸ ਫੜੇ ਜਾਂਦੇ ਹਨ ਉਨ੍ਹਾਂ ਨੂੰ ਤੁਸੀਂ ਸੀਲ ਬੰਦ ਕਰ ਦਿੰਦੇ ਹੋ, ਭਾਵੇਂ ਉਹ ਕੋਈ ਅਦਾਰਾ ਹੋਵੇ ਪਰ ਉਨ੍ਹਾਂ ਨੂੰ ਸਸਪੈਂਡ ਨਹੀਂ ਕਰਦੇ। ਇਸ ਲਈ ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਜਿੱਥੇ ਅਜਿਹੇ ਮਿਲਾਵਟ ਦੇ ਕੇਸ ਫੜੇ ਜਾਣ ਉਸ ਸੋਸਾਇਟੀ ਨੂੰ ਜਾਂ ਅਦਾਰੇ ਨੂੰ ਸਸਪੈਂਡ ਕਰਕੇ ਉਥੇ ਅਵਾਮੀ ਕਮੇਟੀ ਬਣਾਕੇ ਇਹ ਖਾਦ ਵੰਡਣ ਵਾਸਤੇ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਇਹ ਸਵਾਲ ਆਇਆ ਸੀ। ਜਿਹੜੇ ਬਲੈਕ ਮਾਰਕਿਟ ਕਰਨ ਜਾਂ ਖਾਦ ਵੰਡਣ ਵਿਚ ਕੁਤਾਹੀ ਕਰਦੇ ਸਨ ਐਗਰੀਕਲਚਰ ਡਿਪਾਰਟਮੈਂਟ ਨੇ ਉਸ ਬਾਰੇ ਫੈਸਲਾ ਕੀਤਾ ਸੀ ਅਤੇ ਉਥੋਂ ਦੇ ਐਮ. ਐਲ. ਏਜ਼. ਨੂੰ ਅਤੇ ਉਥੇ ਦੇ ਲੋਕਲ ਪ੍ਰਾਈਵੇਟ ਆਦਮੀਆਂ ਨੂੰ ਕਿਹਾ ਸੀ ਕਿ ਤੁਸੀਂ ਡਿਪੂਆਂ ਤੇ ਜਾ ਕੇ ਦੇਖੋ ਕਿ ਖਾਦ ਠੀਕ ਡਿਸਟਰੀਬਿਊਟ ਹੋ ਰਹੀ ਹੈ। ਉਸਦਾ ਨਤੀਜਾ ਇਹ ਹੋਇਆ ਕਿ ਉਹ ਆਪ ਹੀ ਖਾਦ ਲੈ ਕੇ ਆ ਜਾਂਦੇ ਸਨ ਪਰ ਉਥੇ ਕਿਸੇ ਨੇ ਬੈਠਣ ਦੀ ਕੋਸ਼ਿਸ਼ ਨਹੀਂ ਕੀਤੀ। ਲੇਕਿਨ ਮੈਂ ਫਿਰ ਦੁਹਰਾਉਂਦਾ ਹਾਂ ਕਿ ਜਿਹੜਾ ਡਿਪੋ ਮਿਲਾਵਟ ਵਾਲੀ ਖਾਦ ਵੇਚਦਾ ਹੈ ਉਸ ਬਾਰੇ ਸਾਡੇ ਕੋਲ ਫਰਟੇਲਾਈਜ਼ਰ ਕੰਟਰੋਲ ਆਰਡਰ ਹੈ। ਉਸ ਦੁਆਰਾ ਅਸੀਂ ਉਸ ਦਾ ਡਿਪੋ ਸਸਪੈਂਡ ਕਰ ਸਕਦੇ ਹਾਂ। ਉਸ ਦਾ ਲਾਈਸੈਂਸ ਕੈਂਸਲ ਕਰ ਸਕਦੇ ਹਾਂ। ਕੇਸ ਕੋਰਟ ਵਿਚ ਗਏ ਹਨ। ਕੋਰਟ ਦੇ ਫੈਸਲੇ ਤੋਂ ਬਾਅਦ ਅਸੀਂ ਉਨ੍ਹਾਂ ਦੇ ਡਿਪੋ ਵੀ ਕੈਂਸਲ ਕਰਾਂਗੇ, ਉਨ੍ਹਾਂ ਦੇ ਲਾਈਸੈਂਸ ਵੀ ਕੈਂਸਲ ਕਰਾਂਗੇ। ਪੰਜਾਬ ਸਰਕਾਰ ਉਨ੍ਹਾਂ ਦੇ ਡਿਪੋ ਕੈਂਸਲ ਕਰ ਸਕਦੀ ਹੈ ਅਤੇ ਉਨ੍ਹਾਂ ਦੇ ਲਾਈਸੈਂਸ ਵੀ ਕੈਂਸਲ ਕਰ ਸਕਦੀ ਹੈ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਹੁਣੇ ਹੀ ਹਾਊਸ ਵਿਚ ਵਜ਼ੀਰ ਸਾਹਿਬ ਨੇ ਯਕੀਨ ਦਿਵਾਇਆ ਹੈ ਕਿ ਉਹ 6 ਕਰੋੜ ਰੁਪਿਆ ਜ਼ਿਮੀਦਾਰਾਂ ਦੇ ਭਲੇ ਵਾਸਤੇ ਕੋਈ ਕਾਰਖਾਨੇ ਵਗੈਰਾ ਲਾ ਕੇ ਸਰਕਾਰ ਦੇ ਦੇਵੇਗੀ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹਦਾ ਹਾਂ ਕਿ ਇਕ ਛੋਟਾ ਜਿਹਾ ਪਰੋਜੈਕਟ ਪਾਣੀ ਦੀ ਸਪਲਾਈ ਵਾਸਤੇ ਸ਼ਾਹਪੁਰ ਕੰਢੀ ਦੇ ਇਲਾਕੇ ਵਿਚ ਉਸ 6 ਕਰੋੜ ਰੁਪਏ ਨਾਲ ਲਗ ਸਕਦਾ ਹੈ ਅਤੇ ਇਸ ਨਾਲ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਇਲਾਕਿਆਂ ਨੂੰ ਪਾਣੀ ਦੀ ਸਪਲਾਈ ਹੋ ਸਕਦੀ ਹੈ। ਥੀਨ ਡੈਮ ਵਾਸਤੇ ਤਾਂ ਸੈਂਟਰ ਸਰਕਾਰ ਦੀ ਮਨਜ਼ੂਰੀ ਲੈਣ ਦੀ ਲੋੜ ਹੈ ਪਰ ਸ਼ਾਹ ਪੁਰ ਕੰਢੀ ਵਾਸਤੇ

**Not recorded as ordered by the Chair.

ਕਿਸੇ ਮੰਨਜ਼ੂਰੀ ਦੀ ਵੀ ਲੋੜ ਨਹੀਂ, ਇਸ ਲਈ ਕੀ ਇਸ ਤੇ ਕੋਈ ਗੌਰ ਕਰਨਗੇ ਅਤੇ ਕੀ ਇਹ 6 ਕਰੋੜ ਰੁਪਿਆ ਇਧਰ ਡਾਇਵਰਟ ਕਰ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਰੰਧਾਵਾ ਸਾਹਿਬ ਦੀ ਜਿਹੜੀ ਤਜਵੀਜ਼ ਹੈ ਇਸ ਤੇ ਅਸੀਂ ਗੌਰ ਜ਼ਰੂਰ ਕਰਾਂਗੇ ਲੇਕਿਨ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮਾਰਕਫੈਡ ਨੂੰ ਜਿਹੜੀ ਪੁਰਾਣੀ ਖਾਦ ਤੋਂ ਨਫ਼ਾ ਹੋਇਆ ਸੀ ਉਸ ਦੇ ਸਬੰਧ ਵਿਚ ਪੂਰੀ ਗੌਰ ਕੀਤੀ ਗਈ ਅਤੇ ਇਹ ਫੈਸਲਾ ਕੀਤਾ ਗਿਆ ਕਿ ਜਿਨ੍ਹਾਂ ਲੋਕਾਂ ਨੇ ਖਰੀਦੀ ਹੈ ਉਨ੍ਹਾਂ ਨੂੰ ਹੀ ਇਸ ਖਾਦ ਦਾ ਬੈਨੀਫਿਟ ਮਿਲ ਜਾਵੇ । ਇਸ ਲਈ ਇਹ ਤਜਵੀਜ਼ ਕੀਤੀ ਸੀ ਕਿ 5 ਕਰੋੜ ਰੁਪਿਆ ਇਹ ਪਾ ਕੇ ਅਤੇ 15 ਕਰੋੜ ਰੁਪਿਆ ਇਸ ਦੇ ਵਿਚ ਹੋਰ ਸ਼ਾਮਲ ਕਰਕੇ 20 ਕਰੋੜ ਰੁਪਏ ਦੇ ਐਸੇ ਕਾਰਖਾਨੇ ਲਾਏ ਜਾਣ ਜਿਨ੍ਹਾਂ ਕਾਰਖਾਨਿਆਂ ਵਿਚ ਇਹ ਬੈਨੀਫਿਟ ਪ੍ਰਾਪਤ ਕਰਨ ਵਾਲਿਆਂ ਦੇ ਹਿੱਸੇ ਪਾ ਦਿਤੇ ਜਾਣ । ਇਹ ਕਾਰਖਾਨੇ ਉਹੀ ਹੋਣਗੇ ਜਿਹੜੇ ਐਗਰੀਕਲਚਰ ਪਰਪਜ਼ ਵਾਸਤੇ ਹੋਣਗੇ (ਥੰਪਿੰਗ) ਮਗਰ ਸਪੀਕਰ ਸਾਹਿਬ, ਜਿਹੜੀ ਰੰਧਾਵਾ ਸਾਹਿਬ ਨੇ ਤਜਵੀਜ਼ ਦਿੱਤੀ ਹੈ ਉਸ ਤੇ ਵੀ ਅਸੀਂ ਗੌਰ ਕਰ ਲਵਾਂਗੇ । ਸਾਥ ਦੀ ਸਾਥ ਇਹ ਵੀ ਧਿਆਨ ਦੇਣ ਦੀ ਲੋੜ ਹੈ ਕਿ ਜਿਹੜੀ ਬਿਜਲੀ ਦੇ ਜਾਂ ਪਾਣੀ ਦੇ ਪ੍ਰਾਜੈਕਟ ਹੁੰਦੇ ਹਨ ਉਸ ਦੇ ਵਿਚ ਅਸੀਂ ਸੈਂਟਰਲ ਗੌਰਮਿੰਟ ਤੋਂ ਅਸਿਸਟੈਂਸ ਲੈਂਦੇ ਹਾਂ । ਜੇ ਅਸੀਂ ਆਪਣੀ ਰਕਮ ਹੀ ਲਗਾਈ ਜਾਈਏ ਤਾਂ ਉਨ੍ਹਾਂ ਨੂੰ ਫਿਰ ਬਹਾਨਾ ਮਿਲ ਜਾਂਦਾ ਹੈ ਅਤੇ ਸਾਡੀ ਜਿਹੜੀ ਉਹ ਮਦਦ ਕਰਦੇ ਹਨ ਉਹ ਵਿਦਡਰਾ ਕਰ ਸਕਦੇ ਹਨ । (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਹੁਣੇ ਹੀ ਵਜ਼ੀਰ ਸਾਹਿਬ ਨੇ ਫੁਰਮਾਇਆ ਹੈ ਕਿ ਜੋ ਪੁਰਾਣੀ ਖਾਦ ਪਈ ਸੀ ਉਸ ਦੇ ਉਤੇ ਮਾਰਕਫੈਡ ਨੇ ਜਾਂ ਬਾਕੀ ਦੀਆਂ ਏਜੰਸੀਆਂ ਨੇ ਮੁਨਾਫਾ ਕਮਾਇਆ ਹੈ ਉਹ ਕਿਸਾਨਾਂ ਦੇ ਭਲੇ ਤੇ ਲਗਾ ਦਿਤਾ ਜਾਵੇਗਾ । ਕੀ ਵਜ਼ੀਰ ਸਾਹਿਬ ਇਹ ਵੀ ਦੱਸਣਗੇ ਕਿ ਪਿਛਲੇ ਹਾਊਸ ਵਿਚ ਇਹ ਵਾਇਦਾ ਕੀਤਾ ਗਿਆ ਸੀ ਕਿ ਕਣਕ ਜਿਹੜੀ ਸਸਤੀ ਖਰੀਦੀ ਗਈ ਸੀ, ਕਣਕ ਦਾ ਬੋਨਸ ਜ਼ਿਮੀਦਾਰਾਂ ਨੂੰ ਦੇਣਾ ਹੈ, ਕੀ ਉਸ ਦਾ ਹਿਸਾ ਵੀ ਵਿਚ ਪਾਇਆ ਜਾਵੇਗਾ ਅਤੇ ਇਸ ਗਲ ਦਾ ਇਸ ਹਾਊਸ ਵਿਚ ਯਕੀਨ ਦੁਆਉਣਗੇ ਠੀਕ ਮਾਲ ਅਤੇ ਠੀਕ ਖਾਦ ਵਗੈਰਾ ਕਿਸਾਨਾਂ ਨੂੰ ਮਿਲੇਗੀ ?

ਮੰਤਰੀ : ਸਪੀਕਰ ਸਾਹਿਬ , ਇਹ ਤਾਂ ਇਸ ਸਵਾਲ ਵਿਚੋਂ ਪੈਦਾ ਨਹੀਂ ਹੁੰਦਾ ਜੀ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਤਕਰੀਬਨ ਜਿੰਨੇ ਨਮੂਨੇ ਖਾਦ ਦੇ ਲਏ ਹਨ ਉਹ ਮਾਰਕਫੈਡ ਦੇ ਹਨ ਅਤੇ ਉਹ ਸਾਰੇ ਦੇ ਸਾਰੇ ਅਡੱਲਟਰੇਟਿਡ ਹਨ । ਜਿੰਨੀ ਮਾਤਰਾ ਉਸ ਦੇ ਵਿਚ ਚਾਹੀਦੀ ਸੀ ਉਸ ਤੋਂ ਬਹੁਤ ਘੱਟ ਹੈ । ਕਿਸਾਨਾਂ ਨੂੰ ਲੁੱਟਿਆ ਗਿਆ ਹੈ, ਬੜੀ ਦਲੇਰੀ ਨਾਲ ਸਰਕਾਰੀ ਅਤੇ ਗੈਰ-ਸਰਕਾਰੀ ਏਜੰਸੀਆਂ ਵਲੋਂ ਕਿਸਾਨਾਂ ਨੂੰ ਲੁੱਟਿਆ ਗਿਆ ਹੈ । ਕੀ ਸਰਕਾਰ ਪ੍ਰਾਈਵੇਟ ਅਦਾਰਿਆਂ ਤੋਂ ਖਾਦ ਆਪਣੇ ਕਬਜ਼ੇ ਵਿਚ ਲੈ ਕੇ ਅਤੇ ਪੜਤਾਲ ਕਰਕੇ ਜਿੰਨੀ ਜਿੰਨੀ ਖਾਦ ਦੀ ਮਾਤਰਾ ਉਸ ਦੇ ਵਿਚ ਹੈ ਉਸੇ ਕੀਮਤ ਤੇ ਵੰਡਣ ਦੀ ਕੋਸ਼ਿਸ਼ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਜੋ ਇਹ ਗਲ ਕਹੀ ਹੈ ਕਿ ਜਿੰਨੇ ਨਮੂਨੇ ਲਏ ਗਏ ਹਨ ਉਹ ਸਾਰੇ ਦੇ ਸਾਰੇ ਫੇਲ੍ਹ ਹੋ ਗਏ ਹਨ, ਇਹ ਗਲ ਠੀਕ ਨਹੀਂ ਹੈ । 567 ਨਮੂਨੇ ਲਏ ਗਏ ਸੀ ਅਤੇ ਇਨ੍ਹਾਂ 567 ਦੇ ਵਿਚੋਂ 71 ਨਮੂਨੇ ਫੇਲ੍ਹ ਹੋਏ ਹਨ । ਇਹ ਜਿਹੜੇ 71 ਨਮੂਨੇ ਫੇਲ੍ਹ ਹੋਏ ਹਨ ਇਨ੍ਹਾਂ ਵਿਚੋਂ 23 ਮਾਰਕ ਫੈਡ ਦੇ ਫੇਲ੍ਹ ਹੋਏ ਹਨ ਅਤੇ 17 ਪ੍ਰਾਈਵੇਟ ਏਜੰਸੀਆਂ ਦੇ ਫੇਲ੍ਹ ਹੋਏ ਹਨ । ਇਸ ਕਰਕੇ ਮੈਂਬਰ ਸਾਹਿਬ ਦਾ ਇਹ ਕਹਿਣਾ ਬਿਲਕੁਲ ਵਾਜਬ ਨਹੀਂ ਹੈ ਕਿ ਸਾਰੇ ਦੇ

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਸਾਰੇ ਨਮੂਨੇ ਫੇਲ੍ਹ ਹੋਏ ਹਨ। ਫਿਰ ਸਪੀਕਰ ਸਾਹਿਬ, ਇਹ ਜਿਹੜੇ 71 ਨਮੂਨੇ ਫੇਲ੍ਹ ਹੋਏ ਹਨ ਉਨ੍ਹਾਂ 71 ਵਿਚੋਂ 8 ਨਮੂਨੇ ਐਸੇ ਹਨ ਜਿਸ ਦੇ ਲਈ ਇਹ ਦਰਖਾਸਤਾਂ ਆਈਆਂ ਸਨ ਕਿ ਸਾਡੀ ਖਾਦ ਪਾਣੀ ਨਾਲ ਖਰਾਬ ਹੋ ਗਈ ਹੈ ਅਤੇ ਇਸ ਦੀ ਕੀਮਤ ਘੱਟ ਕੀਤੀ ਜਾਵੇ। 12 ਨਮੂਨੇ ਐਸੇ ਹਨ ਜਿਨ੍ਹਾਂ ਦੇ 2-2, 3-3 ਵਾਰ ਨਮੂਨੇ ਫੇਲ੍ਹ ਹੋਏ ਹਨ। ਇਨ੍ਹਾਂ 71 ਨਮੂਨਿਆਂ ਵਿਚੋਂ ਅਸੀਂ 40 ਕੇਸ ਚਲਾਨ ਲਈ ਭੇਜੇ ਹਨ ਅਤੇ ਪੁਲਿਸ ਨੂੰ ਦਿਤੇ ਹਨ। ਕਿਸੇ ਨਾਲ ਕੋਈ ਰਿਆਇਤ ਨਹੀਂ ਕੀਤੀ ਕਿਸੇ ਨਾਲ ਕੋਈ ਲਿਹਾਜ਼ ਨਹੀਂ ਕੀਤਾ। ਜਿਸ ਨੇ ਮਾੜੀ ਖਾਦ ਵੇਚੀ ਹੈ ਉਸ ਦੀ ਅਸੀਂ ਰੱਪਟ ਕੀਤੀ ਹੈ ਅਤੇ ਪੁਲਿਸ ਦੇ ਹਵਾਲੇ ਕੀਤਾ ਹੈ।

ਸਰਦਾਰ ਸੁਖਦੇਵ ਸਿੰਘ ਢਿਲੋਂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੌੜ ਮੰਡੀ ਵਿਚ 250 ਬੋਰੀ ਖਾਦ ਦੇ ਕੇਸ ਵਿਚ, ਇਕ ਪੁਲਿਸ ਦਾ ਆਦਮੀ ਕੋਆਪਰੇਟਿਵ ਡਿਪਾਰਟਮੈਂਟ ਨਾਲ ਮਿਲ ਕੇ ਫੜਿਆ ਗਿਆ ਸੀ। ਉਸ ਦਾ ਡੇਢ ਸਾਲ ਤਕ ਚਲਾਨ ਨਹੀਂ ਪੇਸ਼ ਕੀਤਾ ਅਤੇ ਜਦੋਂ ਪੇਸ਼ ਕੀਤਾ ਤਾਂ ਸਾਰਾ ਕੇਸ ਖੁਰਦ ਬੁਰਦ ਕਰਕੇ ਸਿਰਫ ਵਾਰਨਿੰਗ ਹੀ ਦਿਵਾਈ। ਕੀ ਵਜ਼ੀਰ ਸਾਹਿਬ ਇਸ ਕੇਸ ਵਿਚ ਕੋਈ ਇਨਕੁਆਇਰੀ ਕਰਾਉਣ ਲਈ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਦੇ ਦੇਣ, ਅਸੀਂ ਜਵਾਬ ਦੇ ਦੇਵਾਂਗੇ।

ਸਰਦਾਰ ਸੁਖਦੇਵ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੈਂ ਤਾਂ ਇਨਕੁਆਇਰੀ ਦੀ ਗਲ ਕਰ ਰਿਹਾ ਹਾਂ। (ਵਿਘਨ)

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਐਗਰੀਕਲਚਰ ਮਨਿਸਟਰ ਸਾਹਿਬ ਨੇ ਹੁਣੇ ਹੀ ਫੁਰਮਾਇਆ ਹੈ ਕਿ ਜਿਹੜੇ ਖਾਦ ਦੇ ਨਮੂਨੇ ਫੇਲ੍ਹ ਹੋਏ ਹਨ ਉਨ੍ਹਾਂ 40 ਨਮੂਨਿਆਂ ਵਿਚੋਂ 23 ਨਮੂਨੇ ਮਾਰਕਫੈਡ ਦੇ ਸਨ। ਪਿਛਲੇ ਸਾਲ ਇਨ੍ਹਾਂ ਨੇ ਦੱਸਿਆ ਸੀ ਕਿ ਖਾਦ ਵਿਚ ਮਿਲਾਵਟ ਬੰਬਈ ਤੋਂ ਹੀ ਹੋ ਕੇ ਆਈ ਹੈ। ਹੁਣ ਇਹ ਅਨੰਦਪੁਰ, ਲੁਧਿਆਣਾ ਅਤੇ ਧੂਰੀ ਵਿਚ ਮਿਲਾਵਟ ਹੋਈ ਦਸਦੇ ਹਨ ਜਿਹੜੀਆਂ ਫੈਕਟਰੀਆਂ ਪੰਜਾਬ ਵਿਚ ਚਲਦੀਆਂ ਹਨ ਉਨ੍ਹਾਂ ਵਿਚ ਇਹ ਮਿਲਾਵਟ ਕਿਵੇਂ ਹੋ ਗਈ ? ਕੀ ਗੌਰਮਿੰਟ ਦਾ ਉਥੇ ਕੋਈ ਕੰਟਰੋਲ ਨਹੀਂ ਹੈ ?

ਮੰਤਰੀ : ਸਪੀਕਰ ਸਾਹਿਬ, ਪਿਛਲੇ ਸਾਲ ਜਿਹੜੀ ਅਸੀਂ ਗਲ ਕੀਤੀ ਸੀ ਉਸ ਦੇ ਵਿਚ ਬੰਬਈ ਤੋਂ ਹੀ ਖਾਦ ਵਿਚ ਮਿਲਾਵਟ ਹੋ ਕੇ ਆਈ ਸੀ। ਮਾਰਕਫੈਡ ਜਿਹੜੀ ਆਪ ਖਾਦ ਵੇਚਦੀ ਹੈ ਸਾਰੀ ਇਨ੍ਹਾਂ ਕਾਰਖਾਨਿਆਂ ਵਿਚ ਨਹੀਂ ਬਣਦੀ, ਬਾਹਰੋਂ ਵੀ ਆਉਂਦੀ ਹੈ। ਮੈਨੂੰ ਇਹ ਕਿਸੇ ਨੇ ਨਹੀਂ ਪੁੱਛਿਆ ਕਿ ਕਿਹੜੀ ਖਾਦ ਦੇ ਨਮੂਨੇ ਫੇਲ੍ਹ ਹੋਏ ਹਨ। ਜੇ ਇਹ, ਇਹ ਗਲ ਪੁਛਣਗੇ ਤਾਂ ਮੈਂ ਦੱਸ ਦੇਵਾਂਗਾ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇਕ ਸਪੱਸ਼ਟ ਸਵਾਲ ਪੁਛਣਾ ਚਾਹੁੰਦਾ ਹਾਂ, ਵਜ਼ੀਰ ਸਾਹਿਬ ਨੇ ਫੁਰਮਾਇਆ ਹੈ ਕਿ ਜਿਨ੍ਹਾਂ ਕਿਸਾਨਾਂ ਨੇ ਖਾਦ ਮਹਿੰਗੇ ਮੁਲ ਤੇ ਲੈ ਕੇ ਪਾਈ ਅਤੇ ਉਸ ਖਾਦ ਨਾਲ ਉਨ੍ਹਾਂ ਦਾ ਨੁਕਸਾਨ ਹੋਇਆ ਹੈ ਉਸ ਦੇ ਲਈ ਕੰਪਨੀ ਉਨ੍ਹਾਂ ਨੂੰ ਕੰਪੈਨਸੇਸ਼ਨ ਦੇਵੇਗੀ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਪੰਜਾਬ ਗੌਰਮਿੰਟ ਦੇ ਖਜ਼ਾਨੇ ਵਿਚੋਂ ਉਨ੍ਹਾਂ ਜ਼ਿਮੀਦਾਰਾਂ ਨੂੰ ਕੰਪੈਨਸੇਸ਼ਨ ਦੇ ਦੇਣਗੇ ਜਿਨ੍ਹਾਂ ਨੂੰ ਮਿਲਾਵਟ ਵਾਲੀ ਖਾਦ ਮਿਲੀ ਹੈ ਅਤੇ ਬਾਅਦ ਵਿਚ ਕੰਪਨੀ ਤੋਂ ਫਿਰ ਆਪੇ ਲੈ ਲੈਣ ?

ਮੰਤਰੀ : ਸਪੀਕਰ ਸਾਹਿਬ, ਮੈਂ ਇਹ ਨਹੀਂ ਕਿਹਾ ਕਿ ਸਰਕਾਰ ਉਨ੍ਹਾਂ ਨੂੰ ਕੰਪੇਨਸੇਸ਼ਨ ਦੇਵੇਗੀ ਮੈਂ ਤਾਂ ਇਹ ਕਿਹਾ ਸੀ ਕਿ ਇਕ ਕੰਪਨੀ ਦੀ ਖਾਦ ਫੜ੍ਹੀ ਗਈ ਸੀ ਅਤੇ ਉਹ ਇਹ ਕਹਿੰਦੀ ਸੀ ਕਿ ਮੇਰਾ ਤੁਸੀਂ ਚਲਾਨ ਨਾ ਕਰੋ, ਅਸੀਂ ਸਾਰਾ ਮੁਆਵਜ਼ਾ ਦੇਣ ਨੂੰ ਤਿਆਰ ਹਾਂ। ਜਿਤਨੀ ਖਾਦ ਮੈਂ ਵੇਚੀ ਹੈ ਉਹਦੇ ਵਿਚ ਜਿੰਨੇ ਫੀਸਦੀ ਮਿਲਾਵਟ ਹੈ ਅਤੇ ਜਿੰਨੇ ਜ਼ਿਮੀਦਾਰਾਂ ਨੇ ਇਹ ਖਾਦ ਖਰੀਦੀ ਹੈ ਮੈਂ ਉਤਨੇ ਪਰਸੈਂਟ ਕੰਪੇਨਸੇਸ਼ਨ ਦੇ ਦਿੰਦਾ ਹਾਂ

ਲੇਕਿਨ ਸਪੀਕਰ ਸਾਹਿਬ, ਜਿੰਨਾ ਚਿਰ ਇਹ ਕੇਸ ਅਦਾਲਤ ਵਿਚ ਸੇਟਲ ਨਾ ਹੋ ਜਾਵੇ ਅਸੀਂ ਕੋਈ ਫ਼ੈਸਲਾ ਨਹੀਂ ਕਰ ਸਕਦੇ ਨਾ ਕੰਪਨੀ ਨਾਲ ਅਤੇ ਨਾ ਹੋਰ ਕਿਸੇ ਨਾਲ। ਜੇਕਰ ਕੰਪਨੀ ਚਾਹੇਗੀ ਤਾਂ ਕੰਪੇਨਸ਼ੇਸ਼ਨ ਦੇ ਦੇਵੇਗੀ ਨਹੀਂ ਤਾਂ ਨਾ ਸਹੀ।

Mr. Speaker : Question Hour is over. The remaining questions shall be deemed to have been answered under Rule 38 of the Rules of Procedure.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

STARRED QUESTION NO. 2878

(Extension has been asked for in respect of Starred Question No. 2878)

STARRED QUESTION NO. 2914

(Extension has been asked for in respect of starred Question No. 2914.)

ਪਿੰਡ ਬਾਠ, ਜ਼ਿਲ੍ਹਾ ਅੰਮ੍ਰਿਤਸਰ ਵਿਚ ਜ਼ਮੀਨ ਮਾਲਕਾਂ ਵੱਲੋਂ ਮਾਰੇ ਗਏ/ਜ਼ਖਮੀ ਕੀਤੇ ਹਰੀਜਨ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਲਈ ਮੰਨਜ਼ੂਰ ਕੀਤੀ ਗਈ ਮਾਲੀ ਸਹਾਇਤਾ

***2890. ਕਾਮਰੇਡ ਦਾਨਾ ਰਾਮ, ਕਾਮਰੇਡ ਸੱਤਪਾਲ ਡਾਂਗ** } ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਉਨ੍ਹਾਂ ਨੇ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ਦੇ ਨੇੜੇ ਪਿੰਡ ਬਾਠ ਦੇ ਉਨ੍ਹਾਂ ਹਰੀਜਨ ਖੇਤ ਮਜ਼ਦੂਰਾਂ, ਜਿਹੜੇ ਸਤੰਬਰ, 1974 ਵਿਚ (ਜਾਂ ਇਸ ਦੇ ਨੇੜੇ ਤੇੜੇ) ਉਸੇ ਪਿੰਡ ਦੇ ਜ਼ਮੀਨ ਮਾਲਕਾਂ ਵਲੋਂ ਉਨ੍ਹਾਂ ਤੇ ਘਾਤਕ ਹਮਲੇ ਦੇ ਦੌਰਾਨ ਮਾਰੇ ਗਏ ਅਤੇ ਜ਼ਖ਼ਮੀ ਹੋਏ ਸਨ, ਦੇ ਪਰਵਾਰਾਂ ਲਈ ਕੋਈ ਮਾਲੀ ਸਹਾਇਤਾ ਮੰਨਜ਼ੂਰ ਕੀਤੀ ਸੀ ;

(ਅ) ਜੇਕਰ ਉਪਰੋਕਤ (ੳ) ਦਾ ਉਤਰ 'ਹਾਂ' ਵਿਚ ਹੋਵੇ ਤਾਂ ਉਨ੍ਹਾਂ ਵਿਅਕਤੀਆਂ ਦੇ ਨਾਂ ਆਦਿ ਕੀ ਕੀ ਹਨ ਜਿਨ੍ਹਾਂ ਨੂੰ ਵਿੱਤੀ ਸਹਾਇਤਾ ਮੰਨਜ਼ੂਰ ਕੀਤੀ ਗਈ ਅਤੇ ਹਰ ਇਕ ਕੇਸ ਵਿਚ ਠੀਕ ਕਿੰਨੀ ਕਿੰਨੀ ਰਕਮ ਮੰਨਜ਼ੂਰ ਕੀਤੀ ਗਈ ;

(ੲ) ਕੀ ਉਕਤ ਵਿਅਕਤੀਆਂ ਨੂੰ ਰਕਮ ਅਸਲ ਵਿਚ ਵੰਡੀ ਗਈ ਹੈ ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ ।

(ਅ) ਸਰਕਾਰ ਵਲੋਂ ਵਿੱਤੀ ਸਹਾਇਤਾ ਇਸ ਪ੍ਰਕਾਰ ਮੰਨਜ਼ੂਰ ਕੀਤੀ ਗਈ ਹੈ :—

(1)	ਦੋ ਕਮਾਊ (ਬਰੈਡ ਵਿਨਰ) ਸੁਰਗਵਾਸੀਆਂ ਦੇ ਪਰਿਵਾਰਾਂ ਨੂੰ 5,000 ਰੁਪਏ ਪ੍ਰਤੀ ਪਰਿਵਾਰ ਦੇ ਹਿਸਾਬ ਨਾਲ ..	10,000
(2)	ਨਿਰਭਰ ਸੁਰਗਵਾਸੀਆਂ ਦੇ ਪਰਿਵਾਰਾਂ ਨੂੰ 2,000 ਰੁਪਏ ਪ੍ਰਤੀ ਪਰਿਵਾਰ ਦੇ ਹਿਸਾਬ ਨਾਲ ..	4,000
(3)	17 ਜ਼ਖਮੀ ਹੋਏ ਵਿਅਕਤੀਆਂ ਨੂੰ 5,00 ਰੁਪਏ ਪ੍ਰਤੀ ਵਿਅਕਤੀ ਦੀ ਦਰ ਨਾਲ ..	8,500
		22,500

ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਸੁਰਗਵਾਸੀਆਂ ਦੇ ਪਰਿਵਾਰਾਂ ਅਤੇ ਜ਼ਖਮੀਆਂ ਦੇ ਨਾਵਾਂ ਦੀ ਤਸਦੀਕ ਕਰਨ ਉਪਰੰਤ ਮੰਨਜ਼ੂਰ ਕੀਤੀ ਰਕਮ ਅਦਾ ਕਰੇ ।

(ੲ) ਨਹੀਂ ਜੀ—ਮਹਾਂਲੇਖਾਕਾਰ ਪੰਜਾਬ ਵੱਲੋਂ ਖਜ਼ਾਨੇ ਵਿਚੋਂ ਰੁਪਏ ਕਢਵਾਉਣ ਲਈ ਅਥਾਰਟੀ ਅਜੇ ਜਾਰੀ ਨਹੀਂ ਹੋਈ ।

29-10-74 ਨੂੰ ਚਲਾਨ ਹੋਈਆਂ ਬੱਸਾਂ/ਟਰੱਕ

*2906. **ਸਰਦਾਰ ਧੰਨਾ ਸਿੰਘ ਗੁਲਸ਼ਨ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :—

(ੳ) 29 ਅਕਤੂਬਰ, 1974 ਨੂੰ ਪੁਲਿਸ ਦੁਆਰਾ ਟ੍ਰੈਫਿਕ ਕਾਨੂੰਨ/ਰੂਲਜ਼ ਭੰਗ ਕਰਨ ਕਰਕੇ ਜ਼ਿਲ੍ਹਾਵਾਰ ਕਿੰਨੀਆਂ ਬੱਸਾਂ ਅਤੇ ਟਰੱਕਾਂ ਦੇ ਚਲਾਨ ਕੀਤੇ ਗਏ ;

(ਅ) ਉਕਤ ਚਲਾਨਾਂ ਦੇ ਸਬੰਧ ਵਿੱਚ ਅਦਾਲਤਾਂ ਦੁਆਰਾ ਕੀਤੇ ਗਏ ਜੁਰਮਾਨੇ ਜਾਂ ਦਿੱਤੀ ਗਈ ਸਜ਼ਾ ਦਾ ਵੇਰਵਾ ਕੀ ਹੈ ?

ਸਰਦਾਰ ਦਿਲਬਾਗ ਸਿੰਘ ਡਾਲੇਕੇ (ਰਾਜ ਮੰਤਰੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ): (ੳ) ਮਿਤੀ 29 ਅਕਤੂਬਰ, 1974 ਨੂੰ ਰਾਜ ਵਿੱਚ 39 ਚਲਾਨ ਬੱਸਾਂ ਅਤੇ 27 ਚਲਾਨ ਟਰੱਕਾਂ ਦੇ ਟਰੈਫਿਕ ਕਾਨੂੰਨ/ਰੂਲਜ਼ ਭੰਗ ਕਰਨ ਕਰਕੇ ਕੀਤੇ ਗਏ । ਜ਼ਿਲ੍ਹੇਵਾਰ ਅੰਕੜੇ ਨਾਲ ਨੱਥੀ ਸੂਚੀ ਵਿਚ ਹਨ ।

(ਅ) ਉਪਰੋਕਤ ਦੱਸੀ ਗਿਣਤੀ ਵਿਚੋਂ 5 ਬੱਸਾਂ ਵਾਲਿਆਂ ਨੂੰ 365/- ਰੁਪਏ ਜੁਰਮਾਨਾ ਹੋਇਆ ਅਤੇ 12 ਟਰੱਕਾਂ ਵਾਲਿਆਂ ਨੂੰ 615/- ਰੁਪਏ ਜੁਰਮਾਨਾ ਹੋਇਆ । ਵੇਰਵਾ ਸਦਨ ਦੀ ਮੇਜ਼ ਉਤੇ ਰਖਿਆ ਜਾਂਦਾ ਹੈ ।

29–10–74 ਨੂੰ ਚਲਾਨ ਹੋਈਆਂ ਬੱਸਾਂ/ਟਰੱਕਾਂ ਦੀ ਸੂਚੀ/ਵੇਰਵਾ

(ੳ)	ਜ਼ਿਲ੍ਹਾ		ਬੱਸ	ਟਰੱਕ
(1)	ਜਲੰਧਰ	..	26	1
(2)	ਪਟਿਆਲਾ	..	—	—
(3)	ਫ਼ਿਰੋਜ਼ਪੁਰ	..	3	4
(4)	ਅੰਮ੍ਰਿਤਸਰ	..	—	9
(5)	ਗੁਰਦਾਸਪੁਰ	..	—	4
(6)	ਲੁਧਿਆਣਾ	..	—	5
(7)	ਬਠਿੰਡਾ	..	5	2
(8)	ਫਰੀਦਕੋਟ	..	—	—
(9)	ਰੋਪੜ	..	3	1
(10)	ਸੰਗਰੂਰ	..	1	—
(11)	ਹੁਸ਼ਿਆਰਪੁਰ	..	1	1
(12)	ਕਪੂਰਥਲਾ	..	—	—
	ਜੋੜ		39	27

(ਅ)	ਜ਼ਿਲ੍ਹਾ		ਬੱਸਾਂ ਦੇ ਨਿਪਟਾਏ ਗਏ ਚਲਾਨਾਂ ਵਿੱਚ ਜੁਰਮਾਨਾ/ਸਜ਼ਾ		ਟਰੱਕਾਂ ਦੇ ਨਿਪਟਾਏ ਗਏ ਚਲਾਨਾਂ ਵਿੱਚ ਜੁਰਮਾਨਾ/ਸਜ਼ਾ	
			ਬੱਸ	ਜੁਰਮਾਨਾ	ਟਰੱਕ	ਜੁਰਮਾਨਾ
				ਰੁਪਏ		ਰੁਪਏ
(1)	ਜਲੰਧਰ	..	—	—	—	—
(2)	ਪਟਿਆਲਾ	..	—	—	—	—
(3)	ਫ਼ਿਰੋਜ਼ਪੁਰ	..	—	—	—	—
(4)	ਅੰਮ੍ਰਿਤਸਰ	..	—	—	5	230
(5)	ਗੁਰਦਾਸਪੁਰ	..	—	—	3	145
(6)	ਲੁਧਿਆਣਾ	..	—	—	—	—
(7)	ਬਠਿੰਡਾ	..	5	365	2	170
(8)	ਫਰੀਦਕੋਟ	..	—	—	—	—
(9)	ਰੋਪੜ	..	—	—	1	40
(10)	ਸੰਗਰੂਰ	..	—	—	—	—
(11)	ਹੁਸ਼ਿਆਰਪੁਰ	..	—	—	1	30
(12)	ਕਪੂਰਥਲਾ	..	—	—	—	—
	ਜੋੜ		5	365	12	615

ਜ਼ਿਲ੍ਹਾ ਲੁਧਿਆਣਾ ਵਿੱਚ ਜੈਯੰਤੀ ਪਿੰਡ ਸਕੀਮ ਅਧੀਨ ਚੁਣੇ ਗਏ ਪਿੰਡ

*2913. **ਸਰਦਾਰ ਪ੍ਰਹਿਲਾਦ** ਸਿੰਘ : ਕੀ ਵਿਕਾਸ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਜ਼ਿਲ੍ਹਾ ਲੁਧਿਆਣਾ ਵਿਚ ਜੈਯੰਤੀ ਪਿੰਡ ਸਕੀਮ ਅਧੀਨ ਚੁਣੇ ਗਏ ਪਿੰਡਾਂ ਦੀ ਬਲਾਕ ਵਾਰ ਗਿਣਤੀ ਅਤੇ ਨਾਂ ਕੀ ਕੀ ਹਨ ਜਿਵੇਂ ਕਿ 31 ਦਸੰਬਰ, 1974 ਨੂੰ ਸਨ;

(ਅ) ਉਨ੍ਹਾਂ ਪਿੰਡਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਉਕਤ ਸਕੀਮ ਅਧੀਨ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) 25ਵੀਂ ਸੁਤੰਤਰਤਾ ਜੈਯੰਤੀ ਪਿਡ ਸਕੀਮ ਅਧੀਨ ਰਾਜ ਦੇ ਇਕ ਬਲਾਕ ਵਿਚੋਂ ਇਕ ਇਕ ਪਿੰਡ ਬਤੌਰ ਜੈਯੰਤੀ ਪਿੰਡ ਚੁਣਿਆ ਜਾਣਾ ਸੀ। ਇਸ ਅਨੁਸਾਰ ਜ਼ਿਲ੍ਹਾ ਲੁਧਿਆਣਾ ਵਿੱਚ ਬਲਾਕਵਾਰ ਚੁਣੇ ਗਏ ਜੈਯੰਤੀ ਪਿੰਡ ਜਿਵੇਂ ਕਿ 31 ਦਸੰਬਰ, 1974 ਨੂੰ ਸਨ, ਦੇ ਨਾਂ ਹੇਠਾਂ ਲਿਖੇ ਅਨੁਸਾਰ ਹਨ :—

ਲੜੀ ਨੰ:	ਬਲਾਕ ਦਾ ਨਾਂ	ਜੈਯੰਤੀ ਪਿੰਡ ਦਾ ਨਾਂ
1.	ਦੋਰਾਹਾ	ਮੰਗੋਵਾਲ
2.	ਸਿਧਵਾਂ ਬੇਟ	ਗੁਰਸੀਆਂ ਕਾਦਰ ਬਖ਼ਸ਼
3.	ਲੁਧਿਆਣਾ	ਬਰੀਕੇ
4.	ਸਮਰਾਲਾ	ਮੱਲਮਾਜਰਾ
5.	ਮਾਛੀਵਾੜਾ	ਖੇੜੀ ਨੌਧ ਸਿੰਘ
6.	ਡੇਹਲੋਂ	ਖੇੜੀ ਭੰਡੇਰ
7.	ਸੁਧਾਰ	ਬੋਪਾਰਾਏ
8.	ਜਗਰਾਉਂ	ਕਾਉਂਕੇ ਕਲਾਂ
9.	ਮਾਂਗਟ	ਬੋਰਾ
10.	ਪੱਖੋਵਾਲ	ਬੁਰਜ ਲਿੱਟਾਂ

(ਅ) ਜੈਯੰਤੀ ਪਿੰਡ ਸਕੀਮ ਅਧੀਨ ਜਿਹੜੀਆਂ ਸਹੂਲਤਾਂ ਪਹੁੰਚਾਈਆਂ ਜਾਣੀਆਂ ਸਨ, ਉਹ ਸਬੰਧਤ ਵਿਭਾਗਾਂ ਵਲੋਂ ਉਨ੍ਹਾਂ ਦੇ ਆਪਣੇ ਵਿਭਾਗੀ ਬਜਟ ਵਿਚੋਂ ਪਹੁੰਚਾਈਆਂ ਜਾਣੀਆਂ ਸਨ। ਸਬੰਧਤ ਵਿਭਾਗਾਂ ਕੋਲੋਂ ਇਸ ਵਿਭਾਗ ਵਿਚ ਪ੍ਰਾਪਤ ਹੋਈ ਸੂਚਨਾ ਅਨੁਸਾਰ ਜ਼ਿਲ੍ਹਾ ਲੁਧਿਆਣਾ ਦੇ ਉਪਰੋਕਤ ਪਿੰਡਾਂ ਵਿਚ ਜਿਹੜੇ ਕੰਮ ਇਸ ਸਕੀਮ ਅਧੀਨ ਸ਼ੁਰੂ ਕੀਤੇ ਗਏ ਸਨ, ਉਨ੍ਹਾਂ ਦਾ ਵੇਰਵਾ ਅਨੁਲਗ 'ੳ' ਤੇ ਦਿੱਤਾ ਜਾਂਦਾ ਹੈ।

ਅਨੁਲਗ 'ੳ'

ਲੜੀ ਨੰ:	ਬਲਾਕ ਦਾ ਨਾਂ	ਜੈਯੰਤੀ ਪਿੰਡ ਦਾ ਨਾਂ	ਕੰਮ/ਸਹੂਲਤਾਂ ਜਿਹੜੀਆਂ ਪਹਿਲਾਂ ਮੌਜੂਦ ਹਨ	ਸਹੂਲਤਾਂ ਜਿਹੜੀਆਂ ਜੈਯੰਤੀ ਪਿੰਡ ਸਕੀਮ ਚਾਲੂ ਹੋਣ ਪਿਛੋਂ ਪਹੁੰਚਾਈਆਂ ਗਈਆਂ	ਕੰਮ ਜੋ ਕਰਾਏ ਜਾ ਰਹੇ ਹਨ ਜਾਂ ਕਰਾਏ ਜਾਣੇ ਹਨ
1	2	3	4	5	6
1.	ਦੋਰਾਹਾ	ਮੰਗੋਵਾਲ	1. ਸਕੂਲ 2. ਸੜਕ 3. ਬਿਜਲੀ	—	1. ਪੀਣ ਵਾਲੇ ਪਾਣੀ ਦੀ ਸਹੂਲਤ 2. ਕਮਜ਼ੋਰ ਜ਼ਾਤੀਆਂ ਲਈ ਸੁਧਰੇ ਮਕਾਨ 3. ਵੈਟਰਨਰੀ ਡਿਸਪੈਂਸਰੀ 4. ਪੰਚਾਇਤ ਘਰ 5. ਖੇਡਾਂ ਦਾ ਸਮਾਨ 6. ਸਿਵਲ ਡਿਸਪੈਂਸਰੀ 7. ਹਰੀਜਨ ਧਰਮਸ਼ਾਲਾ 8. ਗਲੀਆਂ ਨਾਲੀਆਂ ਪੱਕੀਆਂ ਕਰਨ ਲਈ 50,000/– ਰੁਪਏ ਦੀ ਗ੍ਰਾਂਟ ਦੇ ਦਿੱਤੀ ਗਈ ਹੈ। ਹਰੀਜਨ ਬਸਤੀ ਦੇ ਸੁਧਾਰ ਲਈ ਡਾਇਰੈਕਟਰ ਸਮਾਜ ਭਲਾਈ ਵਲੋਂ 20,173/– ਰੁਪਏ ਪ੍ਰਵਾਨ ਕੀਤੇ ਗਏ ਹਨ।
2.	ਸ੍ਰਿਧਵਾਂ ਬੇਟ	ਗੁਰਸੀਆਂ ਕਾਦਰਬਖਸ਼	1. ਸੜਕ	1. ਹਰੀਜਨ ਧਰਮਸ਼ਾਲਾ ਲਈ ਡਾਇਰੈਕਟਰ ਸਮਾਜ ਭਲਾਈ ਵਲੋਂ 5,500/–ਰੁਪਏ ਦੀ ਗ੍ਰਾਂਟ ਪ੍ਰਵਾਨ ਕਰ ਦਿੱਤੀ ਗਈ ਹੈ।	1. ਪੀਣ ਵਾਲੇ ਪਾਣੀ ਦੀ ਸਹੂਲਤ। 2. ਗਲੀਆਂ ਨਾਲੀਆਂ ਪੱਕੀਆਂ ਕਰਨਾ 3. ਬਿਜਲੀ 4. ਪਸ਼ੂ ਡਿਸਪੈਂਸਰੀ

[ਵਿਕਾਸ ਦੇ ਰਾਜ ਮੰਤਰੀ]

1	2	3	4	5	6
			2. ਕਮਜ਼ੋਰ ਜ਼ਾਤੀਆਂ ਨੂੰ ਪਲਾਟ ਦੇ ਦਿਤੇ ਗਏ ਹਨ 3. ਸਕੂਲ ਖੋਲ੍ਹਿਆ ਗਿਆ	5. ਪੰਚਾਇਤ ਘਰ 6. ਖੇਡਾਂ ਦਾ ਸਾਮਾਨ 7. ਸਿਵਲ ਡਿਸਪੈਂਸਰੀ	
3. ਲੁਧਿਆਣਾ	ਥਰੀਕੇ	1. ਸਕੂਲ 2. ਸੜਕ 3. ਬਿਜਲੀ 4. ਹਰੀਜਨ ਧਰਮਸ਼ਾਲਾ	—	1. ਪੀਣ ਵਾਲੇ ਪਾਣੀਦੀ ਸਹੂਲਤ 2. ਕਮਜ਼ੋਰ ਜ਼ਾਤੀਆਂ ਲਈ ਸੁਧਰੇ ਮਕਾਨ 3. ਹਰੀਜਨ ਬਸਤੀ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਲਈ ਡਾਇਰੈਕਟਰ ਸਮਾਜ ਭਲਾਈ ਵੱਲੋਂ 51,248/— ਰੁਪਏ ਪ੍ਰਵਾਨ ਕੀਤੇ ਗਏ । 4. ਪਸ਼ੂ ਡਿਸਪੈਂਸਰੀ 5. ਪੰਚਾਇਤ ਘਰ 6. ਖੇਡਾਂ ਦਾ ਸਮਾਨ 7. ਸਿਵਲ ਡਿਸਪੈਂਸਰੀ	
41. ਸਮਰਾਲਾ	ਮੱਲਮਾਜਰਾ	1. ਸਕੂਲ 2. ਸੜਕ 3. ਬਿਜਲੀ	—	1. ਪੀਣ ਵਾਲੇ ਪਾਣੀ ਦੀ ਸਹੂਲਤ 2. ਕਮਜ਼ੋਰ ਜਾਤੀਆਂ ਲਈ ਸੁਧਰੇ ਮਕਾਨ । 3. ਹਰੀਜਨ ਬਸਤੀ ਦੇ ਸੁਧਾਰ ਲਈ ਡਾਇ-ਰੈਕਟਰ ਸਮਾਜ ਭਲਾਈ ਵਲੋਂ 44,704/—ਰੁਪਏ ਪ੍ਰਵਾਨ ਕੀਤੇ ਗਏ ਹਨ । 4. ਪਸ਼ੂ ਡਿਸਪੈਂਸਰੀ 5. ਪੰਚਾਇਤ ਘਰ	

1	2	3	4	5	6
					6. ਖੇਡਾਂ ਦਾ ਸਾਮਾਨ 7. ਸਿਵਲ ਡਿਸਪੈਂਸਰੀ 8. ਹਰੀਜਨ ਧਰਮਸ਼ਾਲਾ
5.	ਮਾਛੀਵਾੜਾ	ਖੇੜੀ ਨੌਧ ਸਿੰਘ	1. ਸਕੂਲ 2. ਸੜਕ 3. ਆਯੁਰਵੈਦਿਕ ਡਿਸਪੈਂਸਰੀ 4. ਬਿਜਲੀ 5. ਹਰੀਜਨ ਧਰਮਸ਼ਾਲਾ	—	1. ਪੀਣ ਵਾਲੇ ਪਾਣੀ ਦੀ ਸਹੂਲਤ 2. ਕਮਜ਼ੋਰ ਜ਼ਾਤੀਆਂ ਲਈ ਸੁਧਰੇ ਮਕਾਨ 3. ਹਰੀਜਨ ਬਸਤੀ ਦੇ ਸੁਧਾਰ ਲਈ ਡਾਇ–ਰੈਕਟਰ ਸਮਾਜ ਭਲਾਈ ਵੱਲੋਂ 26,978/-ਰੁਪਏ ਪ੍ਰਵਾਨ ਕੀਤੇ ਗਏ ਹਨ । 4. ਪਸ਼ੂ ਡਿਸਪੈਂਸਰੀ 5. ਪੰਚਾਇਤ ਘਰ 6. ਖੇਡਾਂ ਦਾ ਸਾਮਾਨ
6.	ਪੱਖੋਵਾਲ	ਬੁਰਜ ਲਿੱਟਾਂ	1. ਸਕੂਲ 2. ਸੜਕ 3. ਬਿਜਲੀ 4. ਹਰੀਜਨ ਧਰਮਸ਼ਾਲਾ	1. ਕਮਜ਼ੋਰ ਜ਼ਾਤੀਆਂ ਨੂੰ ਪਲਾਟ ਦੇ ਦਿੱਤੇ ਗਏ	1. ਪੀਣ ਵਾਲੇ ਪਾਣੀ ਦੀ ਸਹੂਲਤ 2. ਹਰੀਜਨ ਬਸਤੀ ਦੇ ਸੁਧਾਰ ਲਈ ਡਾਇ–ਰੈਕਟਰ ਸਮਾਜ ਭਲਾਈ ਵਲੋਂ 96,331 ਰੁਪਏ ਪ੍ਰਵਾਨ ਕੀਤੇ ਗਏ ਹਨ । 3. ਪਸ਼ੂ ਡਿਸਪੈਂਸਰੀ 4. ਪੰਚਾਇਤ ਘਰ 5. ਖੇਡਾਂ ਦਾ ਸਾਮਾਨ 6. ਸਿਵਲ ਡਿਸਪੈਂਸਰੀ
7.	ਡੇਹਲੋਂ	ਖੇੜੀ ਭੰਡੇਰ	1. ਸਕੂਲ 2. ਸੜਕ 3. ਹੈਲਥ ਸਬ–ਸੈਂਟਰ 4. ਹਰੀਜਨ ਧਰਮਸ਼ਾਲਾ	—	1. ਪੀਣ ਵਾਲੇ ਪਾਣੀ ਦੀ ਸਹੂਲਤ 2. ਕਮਜ਼ੋਰ ਜ਼ਾਤੀਆਂ ਲਈ ਸੁਧਰੇ ਮਕਾਨ 3. ਹਰੀਜਨ ਬਸਤੀ ਦੇ ਸੁਧਾਰ ਲਈ

[ਵਿਕਾਸ ਦੇ ਰਾਜ ਮੰਤਰੀ]

1	2	3	4	5	6
					ਡਾਇਰੈਕਟਰ ਸਮਾਜ ਭਲਾਈ ਵਲੋਂ 63,036/– ਰੁਪਏ ਪ੍ਰਵਾਨ ਕੀਤੇ ਗਏ ਹਨ 4. ਬਿਜਲੀ 5. ਪਸ਼ੂ ਡਿਸਪੈਂਸਰੀ 6. ਪੰਚਾਇਤ ਘਰ 7. ਖੇਡਾਂ ਦਾ ਸਾਮਾਨ
8.	ਸੁਧਾਰ	ਬੋਪਾਰਾਇ	1. ਸਕੂਲ 2. ਸੜਕ 3. ਬਿਜਲੀ 4. ਹਰੀਜਨ ਧਰਮਸ਼ਾਲਾ	1. ਆਯੁਰਵੈਦਿਕ ਡਿਸਪੈਂਸਰੀ 2. ਕਮਜ਼ੋਰ ਜ਼ਾਤੀਆਂ ਲਈ ਪਲਾਟ ਦਿੱਤੇ ਗਏ	1. ਪੀਣ ਵਾਲੇ ਪਾਣੀ ਦੀ ਸਹੂਲਤ 2. ਹਰੀਜਨ ਬਸਤੀ ਦੇ ਸੁਧਾਰ ਦਾ ਕੰਮ ਚਲ ਰਿਹਾ ਹੈ । 3. ਵੈਟਰਨਰੀ ਡਿਸਪੈਂਸਰੀ 4. ਪੰਚਾਇਤ ਘਰ 5. ਖੇਡਾਂ ਦਾ ਸਾਮਾਨ
9.	ਜਗਰਾਓਂ	ਕਾਉਂਕਿ ਕਲਾਂ	1. ਸਕੂਲ 2. ਸੜਕ 3. ਬਿਜਲੀ 4. ਆਯੁਰ– ਵੈਦਿਕ ਡਿਸਪੈਂਸਰੀ 5. ਹਰੀਜਨ ਧਰਮਸ਼ਾਲਾ 6. ਪੰਚਾਇਤ ਘਰ	1. ਪਸ਼ੂ ਸੈਂਟਰ ਖੋਲ ਦਿੱਤਾ ਗਿਆ ਹੈ । 2. ਕਮਜ਼ੋਰ ਜਾਤੀਆਂ ਨੂੰ ਪਲਾਟ ਦਿੱਤੇ ਗਏ	1. ਪੀਣ ਵਾਲੇ ਪਾਣੀ ਦੀ ਸਹੂਲਤ 2. ਗਲੀਆਂ ਨਾਲੀਆਂ ਪੱਕੀਆਂ ਕਰਨ ਲਈ 50,000/– ਰੁਪਏ ਦੀ ਗ੍ਰਾਂਟ ਪ੍ਰਵਾਨ ਕਰ ਦਿੱਤੀ ਗਈ ਹੈ । 3. ਖੇਡਾਂ ਦਾ ਸਾਮਾਨ
10.	ਮਾਂਗਟ	ਬੌਰਾ	1. ਸਕੂਲ 2. ਸੜਕ 3. ਬਿਜਲੀ 4. ਵੈਟਰਨਰੀ ਡਿਸਪੈਂਸਰੀ	1. ਕਮਜ਼ੋਰ ਜ਼ਾਤੀਆਂ ਨੂੰ ਪਲਾਟ ਦਿੱਤੇ ਗਏ । 2. ਹਰੀਜਨ ਧਰਮਸ਼ਾਲਾ ਲਈ ਡਾਇਰੈਕਟਰ ਸਮਾਜ ਭਲਾਈ ਵਲੋਂ	1 ਪੀਣ ਵਾਲੇ ਪਾਣੀ ਦੀ ਸਹੂਲਤ 2. ਪੰਚਾਇਤ ਘਰ 3. ਖੇਡਾਂ ਦਾ ਸਾਮਾਨ 4. ਸਿਵਲ ਡਿਸਪੈਂਸਰੀ

1	2	3	4	5	6
				5,500/–ਰੁਪਏ ਦੀ ਗ੍ਰਾਂਟ ਦਿੱਤੀ ਗਈ	5. ਹਰੀਜਨ ਬਸਤੀ ਦੇ ਸੁਧਾਰ ਲਈ ਡਾਇ–ਰੈਕਟਰ, ਸਮਾਜ ਭਲਾਈ ਵਲੋਂ 67,364/– ਰੁਪਏ ਦੀ ਗ੍ਰਾਂਟ ਪ੍ਰਵਾਨ ਕੀਤੀ ਗਈ ।

(a) Under the Jayanti Village Scheme one village was to be selected from each block for development as Jayanti Village . The Block wise names of the Jayanti Villages selected from Ludhiana District as on 31st December, 1974 are as follows:—

S.No.	Name of the Block	Name of the Jayanti Village
1.	Doraha	Mangowal
2.	Sidhwan Bet	Gursian Kadar Baksh
3.	Ludhiana	Tharekee
4.	Samrala	Malmajra
5.	Machhiwara	Kheri NodhSingh
6.	Pakhowal	Burj Littan
7.	Dehlon	Kheri Bhander
8.	Sudhar	Bopa Rai
9.	Jagraon	Kaunkekalan
10.	Mangat	Bora

(b) The facilities under the Jayanti Village schemes were to be provided by the concerned departments out of their own departmental Budget provisions. According to the informtion received from concerned departments the detail of works started in those Jayanti Villages of Ludhiana District is given in Annexure "A".

[ਵਿਕਾਸ ਦੇ ਰਾਜ ਮੰਤਰੀ]

ANNEXURE "A"

Sr. No.	Name of the Block	Name of the Jayanti Village	Name of the facilities which were already available in the village	Name of the facilities provided after the inception of Jayanti Village scheme	Name of the facilities yet to be provided
1.	Doraha	Mangowal	1. School 2. Road 3. Electrification	nil	1. Drinking water supply. 2. Improved Houses for weaker section. 3. Veterinary Dispensary. 4. Panchayat Ghar. 5. Sports Equipment. 6. Civil Dispensary. 7. Harijan Dharamsala. 8. Rs. 50,000/- has been sanctioned under the C.D Plan scheme for pavement of streets but the work is yet to be started. Rs. 20,173/- has been sanctioned by the Director, Social Welfare for improvement of Harijan Dharamsala.
2.	Sidhwan Bet	Gursian Kadar Baksh	1. Road	1. Rs. 5,500/- has been sanctioned by the Director, Social Welfare for Harijan Dharamsala 2. Plots have been allotted to landless workers 3. School opened	1. Drinking water supply. 2. Pavement of Streets. 3. Electrification. 4. Veterinary Dispensary 5. Panchayat Ghar. 6. Sports Equipment 7. Civil Dispensary.
3.	Ludhiana	Tharekee	1. School 2. Road 3. Electrification 4. Harijan Dharamsala	..	1. Drinking water supply. 2. Improved Houses for weaker sections. 3. Veterinary Dispensary.

			4. Panchayat Ghar. 5. Sports Equipments. 6. Civil Dispensary. 7. Pavement of streets for improvement of Harijan Basti Rs. 51,248/- sanctioned by Director, Social Wefare Department.
4. Samrala	Malmajra	1. School 2. Road 3. Electrification	1. Drinking water supply. 2. Improved Houses for weaker sections. 3. Veterinary Dispensary. 4. Panchayat Ghar. 5. Sports Equipment. 6. Civil Dispensary. 7. Harijan Dharamsala 8. Pavement of streets for Improvement of Harijan Bastis, Rs. 44,704/- has been sanctioned by Director, Social Welfare.
5. Machhiwara	Kheri Nodh Singh	1. School 2. Road 3. Ayurvedic Dispensary 4. Electrification. 5. Harijan Dharamsala	1. Drinking water supply. 2. Improved Houses for weaker sections. 3. Panchayat Ghar. 4. Veterinary Dispensary. 5. Sports Equipment. 6. Pavement of Streets (for improvement of Harijan Bastis Rs. 26,971/-has been sanctioned by the Director, Social Welfare Department.

1	2	3	4	5	6
6.	Pakhowal	Burj Littan	1. School 2. Road 3. Electrification 4. Harijan Dharamsala	1. Plots allotted to landless workers	1. Drinking water supply. 2. Veterinary Dispensary. 3. Panchayat Ghar. 4. Sports equipment. 5. Civil Dispensary. 6. Pavement of streets by Rs. 96,331/- has sanctioned by the Director, Social Welfare department for improvement of Harijan Bastis.
7.	Dehlon	Kheri Bhander	1. School 2. Road 3. Health Sub-Centre 4. Harijan Dharamsala		1. Drinking water supply 2. Improved Houses for weaker sections. 3. Electrification. 4. Veterinary Dispensary. 5. Panchayat Ghar. 6. Sports Equipment. 7. Pavement of streets for Harijan Bastis Rs. 63,936/- has been sanctioned by the Director, Social Welfare Department.
8.	Sudhar	Bopa Rai	1. School 2. Road 3. Electrification 4. Harijan Dharamsala	1. Ayurvedic dispensary opened 2. Plots have been allotted to landless workers	1. Drinking water supply. 2. Veterinary Dispensary. 3. Panchayat Ghar. 4. Sports Equipment. 5. Pavement of street. (The work regarding pavement of streets of Harijan Basti is under execution.

9. Jagraon	Kaunkekalan	1. School 2. Road 3. Electrification 4. Ayurvedic Dispensary 5. Harijan Dharamsala 6. Panchayat Ghar	1. Veterinary Dispensary 2. Key Village Unit 3. Plots have been allotted to the landless workers:	1. Drinking water supply. 2. Sports Equipment. 3. Rs.50,000/- has been sanctioned under C.D. Plan scheme for pavement of streets and construction of drinking.
10. Mangat	Bora	1. School 2. Road 3. Electrification 4. Veterninary Dispensary	1. Plots have been alloted to the land less workers 2. Rs. 5,500/-sanctioned by the Director, Social Welfare Department for Harijan Dharamsala	1. Drinking water supply. 2. Panchayat Ghar. 3. Sports Equipment. 4. Civil Dispensary. 5. Pavement of streets, for improvement of Harijan Bastis Rs. 67,334/- sanctioned by the Director Welfare Department.

ਬੁਢਾਪਾ ਅਤੇ ਵਿਧਵਾ ਪੈਨਸ਼ਨਾਂ

*2885. **ਗਿਆਨੀ ਕੁੰਦਨ ਸਿੰਘ ਪਤੰਗ:** ਕੀ ਸਮਾਜ ਕਲਿਆਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਗੱਲ ਸਰਕਾਰ ਦੇ ਨੋਟਿਸ ਵਿੱਚ ਆਈ ਹੈ ਕਿ ਪੈਨਸ਼ਨਰਾਂ ਨੂੰ ਤਿਮਾਹੀ ਬੁਢਾਪਾ ਪੈਨਸ਼ਨਾਂ ਅਤੇ ਵਿਧਵਾ ਪੈਨਸ਼ਨ ਦੀ ਅਦਾਇਗੀ ਬਹੁਤ ਦੇਰ ਨਾਲ ਕੀਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਾਰਣ;

(ਅ) ਅਨੁਸੂਚਿਤ ਜਾਂਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਅਕਤੀਆਂ ਦੋਵੇਂ ਮਰਦਾਂ ਅਤੇ ਔਰਤਾਂ, ਜੋ ਇਸ ਸਮੇਂ ਬੁਢਾਪਾ/ਵਿਧਵਾ ਪੈਨਸ਼ਨ ਲੈ ਰਹੇ ਹਨ, ਦੀ ਗਿਣਤੀ ਕਿੰਨੀ ਹੈ ;

(ੲ) ਅਕਤੂਬਰ, 1974 ਤੱਕ ਉਕਤ ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਲੈ ਰਹੇ ਵਿਅਕਤੀਆਂ ਦੀ ਕੁੱਲ ਗਿਣਤੀ ਕਿਤਨੀ ਹੈ?

ਕੁਮਾਰੀ ਸਰਲਾ ਪਰਾਸ਼ਰ: (ੳ) ਨਹੀਂ ਜੀ। ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਦੀਆਂ ਅਦਾਇਗੀਆਂ ਹਰ ਤਿਮਾਹੀ ਖਤਮ ਹੋਣ ਤੋਂ ਬਾਦ ਮਨੀਆਰਡਰਾਂ ਰਾਹੀਂ ਕੀਤੀਆਂ ਜਾਂਦੀਆਂ ਹਨ ।

(ਅ) ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਬਾਰੇ ਕੋਈ ਵੱਖਰਾ ਰਿਕਾਰਡ ਨਹੀਂ ਰੱਖਿਆ ਜਾਂਦਾ ।

(ੲ) ਅਕਤੂਬਰ, 1974 ਤੱਕ ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਲੈਣ ਵਾਲਿਆਂ ਦੀ ਗਿਣਤੀ ਨਿਮਨਲਿਖਤ ਅਨੁਸਾਰ ਹੈ:—

ਬੁਢਾਪਾ ਪੈਨਸ਼ਨ	..	22,311
ਵਿਧਵਾ ਪੈਨਸ਼ਨ	..	2,321

ਵਿਧਾਇਕਾਂ ਨੂੰ ਰਾਖਵੀਂ ਕੀਮਤ ਤੇ ਪਲਾਟ ਦੇਣ ਲਈ ਇੰਮਪਰੂਵਮੈਂਟ ਟਰੱਸਟ ਅਮ੍ਰਿਤਸਰ ਦਾ ਫੈਸਲਾ

*2892 **ਕਾਮਰੇਡ ਸੱਘੜ ਸਿੰਘ, ਕਾਮਰੇਡ ਸੱਤ ਪਾਲ ਡਾਂਗ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇੰਮਪਰੂਵਮੈਂਟ ਟਰੱਸਟ, ਅੰਮ੍ਰਿਤਸਰ ਨੇ ਦਸੰਬਰ, 1973 ਵਿਚ ਕਿਸੇ ਵਿਧਾਇਕਾਂ ਨੂੰ ਰਾਖਵੀਂ ਕੀਮਤ ਤੇ ਅਤੇ ਨਿਲਾਮੀ ਤੋਂ ਬਿਨ੍ਹਾਂ ਰਿਹਾਇਸ਼ੀ ਜਾਂ ਵਪਾਰਕ ਪਲਾਟ ਦੇਣ ਦਾ ਫੈਸਲਾ ਕੀਤਾ ਸੀ, ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਵਿਧਾਇਕਾਂ ਦੇ ਨਾਂ ਅਤੇ ਹਰ ਇਕ ਕੇਸ ਵਿਚ ਉਨ੍ਹਾਂ ਪਲਾਟਾਂ ਦੀ ਕਿਸਮ. ਰਕਬਾ, ਸਥਾਨ ਅਤੇ ਕੀਮਤ ਕੀ ਹੈ;

(ਅ) ਕੀ ਇਹ ਪਲਾਟ ਦੇਣ ਦਾ (ਦੇ) ਫੈਸਲਾ (ਫੈਸਲੇ) ਟਰੱਸਟ ਦੇ ਜ਼ਮੀਨ ਦੇ ਨਿਪਟਾਰੇ ਸਬੰਧੀ ਨਿਯਮਾਂ ਅਨੁਸਾਰ ਸੀ (ਸਨ);

(ੲ) ਕੀ ਉਕਤ ਫੈਸ਼ਲੇ (ਫੈਸਲਿਆਂ) ਨੂੰ ਅਮਲ ਵਿਚ ਲਿਆਂਦਾ ਗਿਆ ਹੈ?

ਸ੍ਰੀ ਹੰਸ ਰਾਜ ਸ਼ਰਮਾ : (ੳ) ਇੰਪਰੂਵਮੈਂਟ ਟਰੱਸਟ, ਅੰਮ੍ਰਿਤਸਰ ਨੇ ਰਿਪੋਰਟ ਕੀਤੀ ਹੈ ਕਿ ਦਸੰਬਰ, 1973 ਵਿਚ ਕਿਸੇ ਵਿਧਾਨ ਸਭਾ ਦੇ ਮੈਂਬਰ ਨੂੰ ਰਿਜ਼ਰਵ ਕੀਮਤ ਤੇ ਪਲਾਟ ਅਲਾਟ ਕਰਨ ਦਾ ਕੋਈ ਫੈਸਲਾ ਨਹੀਂ ਕੀਤਾ ਗਿਆ ਸੀ ।

(ਅ) ਤੇ (ੲ) ਸਵਾਲ ਪੈਦਾ ਨਹੀਂ ਹੁੰਦਾ ।

ਰਾਜ ਵਿਚ ਮਿਊਂਸਪਲ ਹੱਦਾਂ ਅੰਦਰ ਸਥਿਤ ਹਾਊਸ ਟੈਕਸ ਤੋਂ ਛੋਟ ਦਿੱਤੀ ਗਈ ਕੇਂਦਰੀ ਸਰਕਾਰ ਦੀ ਜਾਇਦਾਦ ।

***2893 ਕਾਮਰੇਡ ਸੱਘੜ ਸਿੰਘ**
ਕਾਮਰੇਡ ਸੱਤਪਾਲ ਡਾਂਗ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਰਾਜ ਵਿੱਚ ਵੱਖ ਵੱਖ ਮਿਊਂਸਪਲ ਕਮੇਟੀਆਂ ਦੀਆਂ ਮਿਊਂਸਪਲ ਹੱਦਾਂ ਅੰਦਰ ਸਥਿਤ ਕੇਂਦਰੀ ਸਰਕਾਰ ਦੀ ਜਾਇਦਾਦ ਨੂੰ ਰਾਜ ਸਰਕਾਰ ਨੇ ਹਾਊਸ ਟੈਕਸ ਦੀ ਅਦਾਇਗੀ ਤੋਂ ਛੋਟ ਦਿੱਤੀ ਹੈ;

(ਅ) ਕੀ ਉਕਤ ਜਾਇਦਾਦਾਂ ਦੀ ਛੋਟ ਕੇਂਦਰੀ ਸਰਕਾਰ ਦੇ ਕੋਈ ਹੁਕਮਾਂ ਅਧੀਨ ਦਿਤੀ ਗਈ ਹੈ;

(ੲ) ਉਕਤ ਛੋਟ ਦੇ ਕੀ ਕਾਰਨ ਹਨ;

(ਸ) ਕੀ ਭਾਰਤ ਸਰਕਾਰ ਦੇ ਸਬੰਧਤ ਵਿਭਾਗਾਂ ਨੂੰ ਮਿਊਂਸਪਲ ਹੱਦਾਂ ਦੇ ਅੰਦਰ ਸਥਿਤ ਉਨ੍ਹਾਂ ਦੀਆਂ ਜਾਇਦਾਦਾਂ ਸਬੰਧੀ ਕੋਈ ਸਰਵਿਸ ਚਾਰਜਿਜ਼ ਅਦਾ ਕਰਨੇ ਪੈਂਦੇ ਹਨ, ਜੇਕਰ ਅਜਿਹਾ ਹੋਵੇ, ਤਾਂ ਉਹ ਕਿਸ ਤਰ੍ਹਾਂ ਦੇ ਹਨ ਅਤੇ ਉਨ੍ਹਾਂ ਦਾ ਵੇਰਵਾ ਕੀ ਹੈ?

ਸ੍ਰੀ ਹੰਸ ਰਾਜ ਸ਼ਰਮਾ : (ੳ),(ਅ) ਤੇ (ੲ) ਕੇਂਦਰੀ ਸਰਕਾਰ ਦੀਆਂ ਜਾਇਦਾਦਾਂ ਭਾਰਤੀ ਸੰਵਿਧਾਨ ਦੇ ਅਨੁਛੇਦ 285 (1) ਅਧੀਨ ਰਾਜ ਸਰਕਾਰ ਵਲੋਂ ਜਾਂ ਰਾਜ ਸਰਕਾਰ ਦੇ ਅਧੀਨ ਕਿਸੇ ਅਥਾਰਿਟੀ ਵਲੋਂ ਲਾਏ ਗਏ ਟੈਕਸਾਂ ਤੋਂ ਮੁਕਤ ਹਨ ।

(ਸ) ਹਾਂ ਜੀ । ਜ ਸਹੂਲਤਾਂ ਸਥਾਨਕ ਪ੍ਰਸ਼ਾਸਣ ਵਲੋਂ ਭਾਰਤ ਸਰਕਾਰ ਦੀਆਂ ਜਾਇਦਾਦਾਂ ਲਈ ਦਿੱਤੀਆਂ ਗਈਆਂ ਹਨ; ਜਿਵੇਂ ਕਿ ਪਾਣੀ ਦਾ ਪ੍ਰਬੰਧ, ਬਿਜਲੀ ਦਾ ਪ੍ਰਬੰਧ, ਸਫਾਈ ਆਦਿ, ਉਨ੍ਹਾਂ ਦੇ ਬਦਲੇ ਭਾਰਤ ਸਰਕਾਰ ਦੇ ਸਬੰਧਤ ਮਹਿਕਮੇ ਨੂੰ ਸਰਵਿਸ ਚਾਰਜ ਅਦਾ ਕਰਨੇ ਪੈਂਦੇ ਹਨ । ਸਰਵਿਸ ਚਾਰਜ ਲਗਾਉਣ ਬਾਰੇ ਜੋ ਪ੍ਰਣਾਲੀ ਅਪਨਾਈ ਗਈ ਹੈ ਉਹ ਭਾਰਤ ਸਰਕਾਰ ਦੇ ਇਕ ਪੱਤਰ ਵਿਚ ਦੱਸੀ ਗਈ ਹੈ ਜਿਸ ਦੀ ਨਕਲ ਨਾਲ ਨੱਥੀ ਕੀਤੀ ਜਾਂਦੀ ਹੈ ।

Copy of letter No. P.6-17/68-LSG dated 6th August, 1968 from the Under Secretary, Government of India, Ministry of Health, Family Planning and Urban Development (Department of Health and U.D) New Delhi to the Secretary to the Government, Punjab, Chandigarh.

Subject —Levy of Property Tax on Central Government properties.

I am directed to refer to your letter No. 758-C II-68/-27697, dated the 24th July, 1968, on the subject mentioned above and to say that in pursuance of the Taxation Enquiry Commission etc. the Government of India have already issued orders for

(Finance Minister)
the payment of service charges on Central Government properties with effect from April, 1954. As regards the taxation of Commercial properties on the same basis as private properties, the matter is under active consideration of the Government of India The Government of Punjab will be informed as soon as a decision is reached in the matter

Copy of letter No. 4(7)-P/65, dated the 29th March, 1967 from the Ministry of Finance (Department of Coordination) to the Chief Secretaries of all the State Governments and all Ministries of the Government of India etc. etc. regarding Payment of service charges to local bodies in respect of Central Government properties.

I am directed to refer to this Ministry's letter No. 14(1) P/52-1, dated the 10th May, 1954 and the Ministry of Works, Housing and supply letter No. Cont. 23(13)59, dated the 4th August, 1961 on the subject cited above.

2. The procedure for arriving at the quantum of service charges payable to the local bodies has been further examined by the Government of India and it has now been decided that the service charges should be calculated in the following manner—

(i) In respect of isolated Central Government properties where all services are availed of by the Central Government in the same manner as in respect of private properties, the Central Government will pay service charges equivalent to 75% of the property tax realised from private individvals.

(ii) In the case of large and compact colonies which are self sufficient with regard to services or where some of the services are being provided by the Central Government Departments themselves, the service charges will be calculated in the following manner :—

(a) In the case of colonies which do not directly avail of civic services within the area and are self-sufficient in all respects the payment of service charges will be restricted to 33—1/3% of the normal rate of property tax applicable to private properties.

(b) In respect of colonies where only a partial use of the services is made, service charges will be paid as 50% of the normal property tax rate.

(c) In respect of colonies where all the services normally provided by the municipal body to the residents of other areas within its limits are being availed of, service charges will be paid as 75% of the property tax rate realised from private individuals.

(iii) The net rateable value/annual value for the purposes of these instructions shall be 9% of the 'capital value' of the property concerned, both in respect of residential and non-residential properties. The 'Capital value' shall include the cost of acquiring or constructing the building including the cost of site, its preparation and any other capital expenditure incurred after acquisition or construction or when this is not known, the present value of the building including the value of site, as borne on C.P.W.D., records or those of the Department concerned.

(iv) The existing arrangements arrived at between the Railways authorities or any Central Government Departments and local bodies in respect of property tax/service charges including the arrangements envisaged regarding Central Government properties in Calcutta and as regards the properties in Delhi will not be disturbed by this decision.

3. I am to request that the decision of the Government of India conveyed in this letter may kindly be intimated to the Local authorities within your State.

STARRED QUESTION NO. 2880

*(Extension has been asked for in respect of Starred Question No. 2880.)

---

*For Starred Question No. 2880 and reply thereto please see appendix to the Debate.

ਪੰਜਾਬ ਰੋਡਵੇਜ਼ ਵਿਚ ਕਥਿਤ ਭੈੜੇ ਪ੍ਰਬੰਧ ਸਬੰਧੀ ਯਾਦ-ਪੱਤਰ

*2882. ਕਾਮਰੇਡ ਦਾਨਾ ਰਾਮ,
ਕਾਮਰੇਡ ਸੱਤ ਪਾਲ ਡਾਂਗ : ਕੀ ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬ ਰੋਡਵੇਜ਼ ਦੇ ਕਰਮਚਾਰੀਆਂ ਦੀ ਕਿਸੇ ਯੂਨੀਅਨ ਨੇ 6 ਨਵੰਬਰ, 74 ਨੂੰ ਜਾਂ ਇਸ ਦੇ ਨੇੜੇ ਤੇੜੇ ਪੰਜਾਬ ਰੋਡਵੇਜ਼ ਵਿਚ ਕਥਿਤ ਭੈੜੇ ਪ੍ਰਬੰਧ (ਯੂਨੀਅਨ ਦੇ ਜਨਰਲ ਸਕੱਤਰ ਸ਼੍ਰੀ ਜਸਵੰਤ ਸਿੰਘ ਸਮਰਾ ਜਾਂ ਯੂਨੀਅਨ ਦੇ ਕਿਸੇ ਹੋਰ ਅਹੁਦੇਦਾਰ ਦੁਆਰਾ ਦਸਖ਼ਤ ਕੀਤਾ ਹੋਇਆ) ਕੋਈ ਯਾਦ-ਪੱਤਰ ਮੁੱਖ ਮੰਤਰੀ ਨੂੰ ਦਿਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਯਾਦ-ਪੱਤਰ ਦੀ ਇਕ ਨਕਲ ਸਦਨ ਦੀ ਮੇਜ਼ ਦੇ ਰੱਖੀ ਜਾਵੇ;

(ਅ) ਸਰਕਾਰ ਦੁਆਰਾ ਉਕਤ ਯਾਦ-ਪੱਤਰ ਵਿਚ ਲਗਾਏ ਗਏ ਹਰੇਕ ਦੋਸ਼ ਅਤੇ ਦਿੱਤੇ ਗਏ ਹਰੇਕ ਸੁਝਾਅ ਤੇ ਕੀ ਕਾਰਵਾਈ ਕੀਤੀ ਗਈ?

ਸਰਦਾਰ ਦਿਲਬਾਗ ਸਿੰਘ ਡਾਲੇਕੇ: (ੳ) ਪੰਜਾਬ ਰੋਡਵੇਜ਼ ਦੇ ਪਜਾਬ ਗੌਰਮੈਂਟ ਨੈਸ਼ਨਲ ਮੋਟਰ ਟਰਾਂਸਪੋਰਟ ਵਰਕਰਜ਼ ਯੂਨੀਅਨ ਵਲੋਂ ਪੱਤਰ ਨੰ: 420—30/74 ਮਿਤੀ 3 ਨਵੰਬਰ, 74 ਦੇ ਨਾਲ ਯੂਨੀਅਨ ਦੇ ਜਨਰਲ ਸਕੱਤਰ, ਸ਼੍ਰੀ ਜਸਵੰਤ ਸਿੰਘ ਸਮਰਾ ਵਲੋਂ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ, ਪੰਜਾਬ ਨੂੰ ਸੰਬੋਧਤ ਪੱਤਰ ਨੰ: ਜ/401—15/74 ਮਿਤੀ 31 ਅਕਤੂਬਰ, 1974 ਦੀ ਇਕ ਕਾਪੀ ਇਸ ਵਿਭਾਗ ਵਿਚ ਮਿਤੀ 4 ਨਵੰਬਰ, 1974 ਨੂੰ ਪ੍ਰਾਪਤ ਹੋਈ ਸੀ । ਇਸ ਪੱਤਰ ਦੀ ਕਾਪੀ ਸਭਾ/ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਏ ।

(ਅ) ਪ੍ਰਧਾਨ ਮੰਤਰੀ/ਮੁੱਖ ਮੰਤਰੀ, ਪੰਜਾਬ ਜੀ ਨੂੰ ਸੰਬੋਧਨ ਹੋਏ ਪੱਤਰ ਵਿਚ ਵਿਭਾਗ ਦੇ ਕਾਰ-ਵਿਵਹਾਰ ਵਿਚ ਤਰੁਟੀਆਂ ਦੱਸੀਆਂ ਗਈਆਂ ਸਨ, ਪਰੰਤੂ ਇਹਨਾਂ ਤਰੁਟੀਆਂ ਬਾਰੇ ਕੋਈ ਸੁਝਾਓ ਨਹੀ ਸੀ ਦਿੱਤੇ ਗਏ । ਇਸ ਲਈ ਇਹਨਾਂ ਸੁਝਾਵਾਂ ਉਤੇ ਕਿਸੇ ਕਾਰਵਾਈ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

PUNJAB GOVERNMENT NATIONAL MOTOR TRANSPORT WORKERS UNION
(REGISTERED AND RECOGNISED)

G.T. Road, Jullundur City
Ref. No. J/401-15/74
Dated 31st October, 1974.

OPEN LETTER TO

(1) Mrs. Indira Gandhi, Prime Minister of India, New Delhi

(2) Gyani Zail Singh,
Chief Minister, Punjab, Chandigarh

Subject :— Demand for removal of Shri Dilbagh Singh Daleke, from the Portfolio of Transport Minister.

Respected Sir,

I am offering sentiments of the workers of Punjab Roadways to your honour

[State Minister for Transport and Civil Aviation]

and with great regret place their grievances against the activities of Shri Dilbagh Singh Daleke, State Transport Minister, for favour of your consideration :—

1. Although during the tenure last year, Department could not show adequate profits, as it should have shown normally. But during the current financial year from 1st April to 31st August, the position is hopelessly miserable, as per details given below:—

Depot		Profit earned		Mileage missed in Kms.	
		Rs.			
Jullundur	..	16,84,000	(Profit)	82,000	(Excess)
Amritsar	..	6,45,000	(Loss)	11,24,000	(Missed)
Chandigarh	..	2,24,000	(Profit)	8,50,000	(Missed)
Ludhiana	..	1,45,000	(Profit)	12,50,000	(Missed)
Pathankot	..	6,25,000	(Profit)	92,000	(Excess)
Hoshiarpur	..	7,42,000	(Profit)	2,64,000	(Missed)
Moga	..	32,000	(Loss)	10,59,000	(Missed)
Ferozepur	..	4,48,000	(Profit)	8,47,000	(Missed)
Batala	..	96,000	(Profit)	10,32,000	(Missed)
		Total missed mileage as shown in the records :		64,41,000 Kms.	

But actual mileage missed by the Punjab Roadways buses at all depots is not less than 75,00,000 Kms. On account of missing of this mileage the Transport Department has been put to a loss of Rs. 37,50,000/- during this period of 5 months only.

Similarly, the same amount has been lost by the Excise & Taxation Department by way of loss as Passenger Tax. Thus, the State Exchequer has lost near about Rs. 75 lacs during these five months simply on account of missing of mileage.

This loss has been caused entirely on account of carelessness and negligence on the part of the Department authorities and Transport Minister being incharge, the responsibility goes to him directly.

2. The condition of the buses has considerably deteriorated during all this period. Even at present, from 300 to 400 buses of the Punjab Roadways are lying in the Workshop at various Depots, entirely on account of shortage of spareparts etc. etc.

3. At Moga, Ferozepore, Batala and Ludhiana, no arrangements have been made for regular workshops and offices. No arrangements have been made for the shelter of workers at these depots from rains, summer and winter. At several depots no arrangements have been made for washing of the vehicles.

4. Vide Agreement of 1st July, 1969, routes of Public and Private Sectors were changed from 50/50 to 60.40 (60 for Punjab Roadways and 40 for Private buses). Thus Private operators had surrendered 10% to Punjab Roadways. But the Department, with a view to favour the Private Operators, have given additional mileage from 10% to 15% and their position has considerably improved as compared to the position prior to 1st July, 1969 by the special favours of the Department.

5. 20 vehicles, 'DODGE' (Hindustan) have been purchased for Chandigarh Depot. Almost all of these are lying in the Workshop and are not properly working on account of their inferior quality. Thus, Government has wasted about Rs. 30 lakhs on these Dodge Buses during this Ministry period.

6. With a view to please the private operators, 25% increase has been made in the fares and 10% in the passenger tax, thus a burden of 35% has been put on the general public. In case mileage has not been missed by Department so miserably, there would have occurred no necessity of increasing the fares rather much more income could have accrued.

7. Corrupt, wrong and low-educated persons have been promoted to key-posts with a view to create their touts by the Department, in the workshop and at other important places. No encouragement is given to efficient, honest and loyal workers, who are on the contrary, discouraged.

8. Corrupt elements appointed at keyposts compel their subordinates (especially conductors) for indulging into corruption at their support ,for their own personal gain. Transport Minister particularly takes interest of posting of such persons at such key posts, for the reasons best known to him.

9. Inspite of repeated requests by the Union to remove corruption from the Department at all levels and to improve service conditions of the buses, no attention has been given by the Department. To the contrary, to deteriorate service conditions, touts are being created by giving them undue advantages, facilities, support etc. etc. In case Union brings such instances to the notice of the high authorities , no attention is paid to their complaints.

10. Large number of workers involved in corruption etc. cases have been rein-stated, without any proper enquiry and without following the procedure. Still 1200/1300 such other cases are pending with the Department of various Depots.

AT BATALA DEPOT, some of those workers who were involved in ticket scandal fraud cases (*self- printed bogus tickets*), are openly playing on routes. At Jullundur, the accuses of the same F.I.R. cases are under suspension.

11. That honest and efficient workers of the Union are being harrassed in various ways. Whatever suggestion. Union places before the authorities concerned for the improvement of the service conditions, is thrown in the waste-paper basket.

12. That no attention is being given for solving problems of the Workers and for redressing their grievances. So much so, their long conceded demands have not been practically implemented, thus causing great harrassment. anxeity and resentment to the workers.

13. Since the taking over the charge of the Transport Department by Shri Dilbagh Singh Daleke, two Directors of the State Transport have already been changed and now is the third Director appointed by the Government. Shri C.D. Khanna, I.A.S. predecessor of Shri Harbail Singh, was most honest and worked very efficiently and speedily for the improvement of transport service of the Punjab Roadways. I am confident that if the present Director does not become the tool of the present Transport Minister, he can also improve the service conditions of the Transport Department. But on the other hand, State Transport Commissioner with whom, the Transporters operators are linked, he has not been changed continuously for the last four years.

In view of the submissions made above, Union demands that for the broader benefit of this most important public-sector Industry, and to save it from unnecessary losses, for better service conditions of Punjab Roadways buses, and for the general bublic benefit, that Transport Department may kindly be withdrawn from Shri Daleke, at the earliest. This is now an *open demand* of workers of Punjab Roadways which deserve your immediate consideration and I am confident you will listen to the voice of the workers timely. This will also avoid further labour complications in the Department.

Thanking you.

Yours faithfully,

(JASWANT SINGH SAMRA)

General Secretary (Centre)

ਜਲਾਲਾਬਾਦ ਚੋਣ ਹਲਕੇ ਵਿਚ ਖੋਲ੍ਹੀਆਂ ਗਈਆਂ ਨਵੀਆਂ ਡਿਸਪੈਂਸਰੀਆਂ

*2879. ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜਲਾਲਾਬਾਦ ਵਿਧਾਨ ਸਭਾ ਚੋਣ ਹਲਕੇ ਵਿਚ ਸਾਲਾਂ 1972, 1973 ਅਤੇ 1974 ਦੇ ਦੌਰਾਨ ਸਰਕਾਰ ਦੁਆਰਾ ਕਿੰਨੀਆਂ ਨਵੀਆਂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਅਤੇ ਇਹ ਕਿਹੜੇ ਕਿਹੜੇ ਪਿੰਡਾਂ ਵਿਚ ਖੋਲ੍ਹੀਆਂ ਗਈਆਂ ;

(ਅ) ਜੇਕਰ ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਉਕਤ ਚੋਣ ਹਲਕੇ ਵਿਚ ਕੋਈ ਵੀ ਡਿਸਪੈਂਸਰੀ ਨਹੀਂ ਖੋਲ੍ਹੀ ਗਈ ਤਾਂ ਉਸ ਦੇ ਕੀ ਕਾਰਨ ਹਨ ?

ਸਰਦਾਰ ਬਲਬੀਰ ਸਿੰਘ : (ੳ) ਵੇਰਵਾ ਹੇਠ ਦਿਤਾ ਜਾਂਦਾ ਹੈ :—

ਸਾਲ	ਡਿਸਪੈਂਸਰੀ ਦੀ ਗਿਣਤੀ	ਥਾਂ ਦਾ ਨਾਂ
ਐਲੋਪੈਥਿਕ ਡਿਸਪੈਂਸਰੀਆਂ		
1972	.. —	—
1973	.. 1	ਇਸਲਾਮ ਵਾਲਾ ।
1974	.. 1	ਕੈਰੀਆਂ ਵਾਲੀ ।
ਆਯੁਰਵੈਦਿਕ ਡਿਸਪੈਂਸਰੀਆਂ ।		
1972	.. 1	ਚੱਕ ਜਾਨੀਸਰ ।
1973	.. 2	1. ਚੱਕ ਕੱਲੇਵਾਲ । 2. ਕਟਿਆਂ ਵਾਲੀਆਂ ਜੱਟੀਆਂ
1974	.. 2	1. ਸ਼ਾਮਾ ਖਨਕ । 2. ਮਾਉਆਣਾ ਬੋਦਲਾ

(ਅ) ਉਪਰ (ੳ) ਵਿਚ ਦਿਤੇ ਉਤਰ ਨੂੰ ਵੇਖਦੇ ਹੋਏ ਪ੍ਰਸ਼ਨ ਨਹੀਂ ਉਠਦਾ ਜੀ ।

ਈ. ਐਸ. ਆਈ. ਸਕੀਮ ਅਧੀਨ ਜ਼ਿਲ੍ਹਾ ਕਮੇਟੀਆਂ ਦੇ ਪੁਨਰ-ਗਠਨ ਲਈ ਕਿਰਤ ਸਲਾਹਕਾਰ ਬੋਰਡ ਦੀ ਸਿਫਾਰਸ਼ !

*2887 ਕਾਮਰੇਡ ਸੱਤ ਪਾਲ ਡਾਂਗ }
ਕਾਮਰੇਡ ਦਾਨਾ ਰਾਮ } : ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਕਿਰਤ ਸਲਾਹਕਾਰ ਬੋਰਡ ਨੇ 19 ਸਤੰਬਰ, 1974 ਨੂੰ ਹੋਈ ਆਪਣੀ ਮੀਟਿੰਗ ਵਿਚ ਈ. ਐਸ. ਆਈ ਸਕੀਮ ਅਧੀਨ ਜ਼ਿਲ੍ਹਾ ਕਮੇਟੀਆਂ ਦੇ ਪੁਨਰਗਠਨ ਸਬੰਧੀ ਸਰਕਾਰ ਨੂੰ ਕੋਈ ਸਿਫਾਰਸ਼ ਕਰਨ ਦਾ ਫੈਸਲਾ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਤਰ੍ਹਾਂ ਅਸਲ ਵਿਚ ਕੀ ਸਿਫਾਰਸ਼ ਕੀਤੀ ਗਈ ;

(ਅ) ਇਸ ਸਬੰਧੀ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਸਰਦਾਰ ਬਲਬੀਰ ਸਿੰਘ : (ੳ) ਜੀ ਹਾਂ, ਕਿਰਤ ਸਲਾਹਕਾਰ ਬੋਰਡ ਨੇ ਆਪਣੀ 19 ਸਤੰਬਰ 1974 ਨੂੰ ਹੋਈ ਮੀਟਿੰਗ ਵਿਚ ਲੋਕਲ ਕਮੇਟੀਆਂ ਦੇ ਪੁਨਰਗਠਨ ਸਬੰਧੀ ਹੇਠ ਲਿਖੀ ਸਿਫਾਰਸ਼ ਕੀਤੀ :—

It was decided that District Committees under ESI Scheme for Ludhiana and Amritsar Districts should be formed within a fortnight and those for other Districts within three months-

(ਅ) ਕਿਉਂਕਿ ਇਹ ਵਿਸ਼ਾ ਈ. ਐਸ. ਆਈ ਕਾਰਪੋਰੇਸ਼ਨ ਨਾਲ ਸਬੰਧ ਰਖਦਾ ਹੈ ਇਸ ਲਈ ਉਪਰੋਕਤ ਮੀਟਿੰਗ ਦੇ ਮਿੰਟਸ ਦੀ ਕਾਪੀ ਰੀਜਨਲ ਡਾਇਰੈਕਟਰ ਈ. ਐਸ. ਆਈ ਕਾਰਪੋਰੇਸ਼ਨ, ਚੰਡੀਗੜ੍ਹ ਨੂੰ ਲੋੜੀਂਦੀ ਕਾਰਵਾਈ ਲਈ ਭੇਜੀ ਗਈ ।

ਥੀਨ ਡੈਮ ਪਰਾਜਕਟ

*2925. ਚੌਧਰੀ ਰਾਮ ਸਿੰਘ : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਥੀਨ ਡੈਮ ਬਣਾਉਣ ਲਈ ਪਰਾਜੈਕਟ ਦੀ ਤਾਜਾ ਸਥਿਤੀ ਕੀ ਹੈ;

(ਅ) ਕੀ ਭਾਰਤ ਸਰਕਾਰ ਤੋਂ ਲੋੜੀਂਦੀ ਪਰਵਾਨਗੀ ਪ੍ਰਾਪਤ ਹੋ ਗਈ ਹੈ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : (ੳ) ਅਤੇ (ਅ) ਥੀਨ ਡੈਮ ਪਰਾਜੈਕਟ ਐਸਟੀਮੇਟ ਭਾਰਤ ਸਰਕਾਰ ਨੇ ਭੇਜਿਆ ਹੈ । ਉਸਾਰੀ ਤੋਂ ਮੁਢਲੇ ਪਲਾਨਿੰਗ ਅਤੇ ਡੀਜ਼ਾਇਨ ਦੇ ਕੰਮ ਪਹਿਲਾਂ ਹੀ ਹੱਥ ਵਿਚ ਲਏ ਜਾ ਚੁਕੇ ਹਨ ਅਤੇ ਜ਼ਰੂਰੀ ਮੁਢਲੇ ਕੰਮ ਤੁਰੰਤ ਜਾਰੀ ਕੀਤੇ ਜਾ ਸਕਦੇ ਹਨ । ਮਾਮਲਾ ਅਜੇ ਤਕ ਭਾਰਤ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਉਨ੍ਹਾਂ ਦੀ ਪਰਵਾਨਗੀ ਦੀ ਉਡੀਕ ਕੀਤੀ ਜਾ ਰਹੀ ਹੈ ।

STARRED QUESTION NO. 2905**

(Extension has been asked for in respect of starred Question No. 2905.)

STARRED QUESTION NO. 2907**

(Extension has been asked for in respect of starred Question No. 2907.)

ਕੋਠੀ ਕੱਚਾ ਪੱਕਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬਿਠਾਈ ਗਈ ਪੁਲਿਸ ਚੌਕੀ

*2911 ਡਾਕਟਰ ਬਲਦੇਵ ਪ੍ਰਕਾਸ਼ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:—

(ੳ) ਕੋਠੀ ਕੱਚਾ ਪੱਕਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪੁਲਿਸ ਚੌਕੀ ਕਿਸ ਤਰੀਕ ਤੋਂ ਬਿਠਾਈ ਗਈ ਹੈ;

(ਅ) ਕੀ ਜਿਸ ਇਮਾਰਤ ਵਿੱਚ ਉਕਤ ਚੌਕੀ ਦੀ ਪੁਲਿਸ ਰਹਿ ਰਹੀ ਹੈ, ਸਰਕਾਰ ਦੀ ਹੈ; ਜੇਕਰ ਨਹੀਂ ਤਾਂ ਉਕਤ ਇਮਾਰਤ ਦੇ ਮਾਲਕ ਦਾ ਨਾਂ ਕੀ ਹੈ;

**For starred Questions No. 2905, 2907 and reply thereto please see appendix to this debate

[ਡਾਕਟਰ ਬਲਦੇਵ ਪ੍ਰਕਾਸ਼]

(ੲ) ਕੀ ਸਰਕਾਰ ਮਾਲਕ ਨੂੰ ਕੋਈ ਕਿਰਾਇਆ ਦੇਂਦੀ ਰਹੀ/ਦੇ ਰਹੀ ਹੈ;

(ਸ) ਜੇਕਰ ਉਪਰੋਕਤ ਭਾਗ (ੲ) ਦਾ ਉਤਰ ਨਾਂਹ ਵਿਚ ਹੋਵੇ, ਤਾਂ ਪੁਲਿਸ ਕਾਨੂੰਨ ਦੇ ਕਿਸ ਉਪਬੰਧ ਹੇਠ ਉਕਤ ਇਮਾਰਤ ਤੇ ਕਬਜ਼ਾ ਕਰੀ ਬੈਠੀ ਹੈ;

(ਹ) ਕੀ ਉਕਤ ਇਮਾਰਤ ਦੀ ਦੇਖ ਭਾਲ, ਮੁਰੰਮਤ ਅਤੇ ਸਫ਼ਾਈ ਕਰਾਉਣ ਅਤੇ ਪਾਣੀ ਦੇਣ ਤੇ ਸਰਕਾਰ ਨੇ ਕਦੀ ਕੋਈ ਰਕਮ ਖਰਚ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਉਥੇ ਚੌਕੀ ਬਿਠਾਉਣ ਤੋਂ ਬਾਅਦ ਇਸ ਤਰ੍ਹਾਂ ਕਿੰਨੀ ਰਕਮ ਖਰਚ ਕੀਤੀ ਗਈ;

(ਕ) ਜੇਕਰ ਉਪਰੋਕਤ ਭਾਗ (ੲ) ਦਾ ਉੱਤਰ ਨਾਂਹ ਵਿਚ ਹੋਵੇ, ਤਾਂ ਮੁਰੰਮਤ ਆਦਿ ਤੇ ਹੋਇਆ ਖਰਚ ਕਰਨ ਵਾਲੇ ਵਿਅਕਤੀ/ਅਧਿਕਾਰੀ ਦਾ ਨਾਂ ਕੀ ਹੈ ਅਤੇ ਇਹ ਕਿਸ ਜ਼ਰੀਏ ਤੋਂ ਕੀਤਾ ਗਿਆ;

(ਖ) ਕੀ ਇਨਸਪੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਨੂੰ ਸ੍ਰੀ ਸੱਜਨ ਸਿੰਘ ਮਰਗਿੰਦਪੁਰੀ, ਸਾਬਕਾ ਸੰਸਦੀ ਸੱਕਤਰ ਵਲੋਂ ਉਕਤ ਇਮਾਰਤ ਦੀ ਮੁਰੰਮਤ ਸਬੰਧੀ ਪੁਲਿਸ ਦੁਆਰਾ ਅਪਣਾਏ ਗਏ ਢੰਗਾਂ ਦੇ ਵਿਸ਼ੇ ਤੇ ਕੋਈ ਸ਼ਿਕਾਇਤ ਨੰ: 2069 ਮਿਤੀ 30 ਸਤੰਬਰ, 1974 ਰਜਿਸਟਰੀ ਰਾਹੀਂ ਡਾਕ ਪ੍ਰਾਪਤੀ ਰਸੀਦ ਮਿਤੀ 7 ਅਕਤੂਬਰ, 1974 ਪ੍ਰਾਪਤ ਹੋਈ; ਜੇਕਰ ਅਜਿਹਾ ਹੋਵੇ ਤਾਂ ਉਸ ਵਿੱਚ ਕਿਸ ਕਿਸਮ ਦੇ ਦੋਸ਼ ਲਗਾਏ ਸਨ;

(ਗ) ਕੀ ਮਾਮਲੇ ਦੀ ਪੜਤਾਲ ਲਈ ਕੋਈ ਹੁਕਮ ਦਿੱਤਾ ਗਿਆ; ਜੇਕਰ ਅਜਿਹਾ ਹੋਵੇ ਤਾਂ ਪੜਤਾਲ ਕਰਨ ਵਾਲੇ ਵਿਅਕਤੀ ਦਾ ਨਾਂ ਕੀ ਹੈ;

(ਘ) ਕੀ ਸ੍ਰੀ ਸੱਜਨ ਸਿੰਘ ਨੂੰ ਦੋਸ਼ਾਂ ਨੂੰ ਸਿੱਧ ਕਰਨ ਦਾ ਕੋਈ ਮੌਕਾ ਦਿੱਤਾ ਗਿਆ ;

(ਙ) ਇਸ ਮਾਮਲੇ ਵਿੱਚ ਸਰਕਾਰ ਦਆਰਾ ਜੇਕਰ ਕੋਈ ਅੰਤਮ ਫੈਸਲਾ ਕੀਤਾ ਗਿਆ ਹੈ, ਤਾਂ ਕੀ?

ਗਿਆਨੀ ਜ਼ੈਲ ਸਿੰਘ : (ੳ) ਪੁਲਿਸ ਚੌਕੀ ਕੱਚਾ ਪੱਕਾ ਮਿਤੀ 2 ਜੂਨ, 1957 ਨੂੰ ਸਥਾਪਿਤ ਕੀਤੀ ਗਈ ਸੀ ।

(ਅ) ਇਸ ਪੁਲਿਸ ਚੋਕੀ ਦੀ ਇਮਾਰਤ ਪੱਟੀ ਸਬ–ਡਵੀਜ਼ਨ ਦੇ ਵਸਨੀਕਾਂ ਵਲੋਂ ਸਰਦਾਰ ਹਰਦੀਪ ਸਿੰਘ ਉਦੋਂ ਦੇ ਪ੍ਰਧਾਨ ਕਾਂਗਰਸ ਕਮੇਟੀ, ਪੱਟੀ ਨੇ ਪੁਲਿਸ ਨੂੰ ਦਾਨ ਕੀਤੀ ਸੀ ।

(ੲ) ਕਿਰਾਇਆ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

(ਸ) ਇਸਦਾ ਉਤਰ ਭਾਗ (ਅ) ਦੇ ਜਵਾਬ ਵਿੱਚ ਆ ਗਿਆ ਹੈ ਜੀ ।

(ਹ) ਅਤੇ (ਕ) ਉਕਤ ਪੁਲਿਸ ਚੌਕੀ ਵਿੱਚ ਹੈਂਡ ਪੰਪ ਲਗਿਆ ਹੋਇਆ ਹੈ ਇਸ ਕਰਕੇ ਪਾਣੀ ਤੇ ਕੋਈ ਖਰਚ ਨਹੀਂ ਆਉਂਦਾ । ਇਮਾਰਤ ਦੀ ਹਾਲਤ ਠੀਕ ਹੋਣ ਕਾਰਣ ਮੁਰੰਮਤ ਦੀ ਲੋੜ ਨਹੀਂ ਪਈ ।

(ਖ) ਹਾਂ ਜੀ। ਇਸ ਦਰਖਾਸਤ ਵਿੱਚ ਇਮਾਰਤ ਦੀ ਮੁਰੰਮਤ ਅਨਉਚਿਤ ਸਾਧਨਾਂ ਅਤੇ ਬੇਗਾਰ ਦੁਆਰਾ ਕਰਵਾਉਣ ਦਾ ਸਵਾਲ ਉਠਾਇਆ ਸੀ।

(ਗ) ਹਾਂ ਜੀ। ਇਹ ਦਰਖਾਸਤ ਆਈ. ਜੀ. ਪੁਲਿਸ ਪੰਜਾਬ, ਦੇ ਦਫ਼ਤਰ ਵਿੱਚ ਮੌਸੂਲ ਹੋਈ ਸੀ, ਜਿਹੜੀ ਕਿ ਸੀਨੀਆਰ. ਸੁਪਰਡੰਟ ਪੁਲਿਸ, ਅੰਮ੍ਰਿਤਸਰ ਨੂੰ ਭੇਜੀ ਗਈ ਸੀ ਜਿਨ੍ਹਾਂ ਨੇ ਸ੍ਰੀ ਕੁੰਦਨ ਸਿੰਘ ਡੀ. ਐਸ. ਪੀ. ਪੱਟੀ ਨੂੰ ਪੜਤਾਲ ਹਿੱਤ ਨਿਯੁਕਤ ਕੀਤਾ ਸੀ।

(ਘ) ਹਾਂ ਜੀ। ਸ੍ਰੀ ਸੱਜਨ ਸਿੰਘ ਨੂੰ ਸ਼ਾਮਲ ਪੜਤਾਲ ਕਰਵਾਉਣ ਲਈ ਬੁਲਾਇਆ ਸੀ ਪਰ ਉਹ ਮਿਲ ਨਹੀਂ ਸਕੇ ਸਨ।

(ਙ) ਇਸ ਪੁਲੀਸ ਚੌਕੀ ਨੂੰ ਪੱਕਾ ਕਰਨ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

STARRED QUESTION No. 2904

(Extension has been asked for in respect of Starred Question No. 2904.)

ਜ. ਪ. ਪਾਂਡੇ

ਅ: ਸ: ਪੱਤਰ ਨੰ: 174 (ਵਿ:ਸ)—ਵਸ2 (1)—74/
ਰਾਜ ਮੰਤਰੀ ਲੋਕ ਨਿਰਮਾਣ, ਪੰਜਾਬ।
ਮਿਤੀ ਚੰਡੀਗੜ੍ਹ 7 ਜਨਵਰੀ, 1975।

ਵਿਸ਼ਾ:—ਸਟਾਰਡ ਸਵਾਲ ਨੰ: *2904 ਵਲੋਂ ਗਿਆਨੀ ਕੁੰਦਨ ਸਿੰਘ ਪਤੰਗ ਐਮ. ਐਲ. ਏ.

ਪਿਆਰੇ ਕੇਵਲ ਕ੍ਰਿਸ਼ਨ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: *2904 ਜੋ ਮਿਤੀ 8 ਜਨਵਰੀ, 1975 ਲਈ ਸਵਾਲਾਂ ਦੀ ਸੂਚੀ ਵਿਚ ਗਿਆਨੀ ਕੁੰਦਨ ਸਿੰਘ ਪਤੰਗ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ 20 ਜਨਵਰੀ, 1975 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤੂ,
ਸਹੀ/-
(ਜ: ਪ: ਪਾਂਡੇ)

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਸਤੰਤਰਤਾ ਸੰਗਰਾਮੀਆਂ ਨੂੰ ਦਿੱਤੀਆਂ ਗਈਆਂ ਪੈਨਸ਼ਨਾਂ

*2884 **ਗਿਆਨੀ ਕੁੰਦਨ ਸਿੰਘ ਪਤੰਗ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਪੰਜਾਬ ਸਰਕਾਰ ਦੁਆਰਾ ਨਵੰਬਰ, 1974 ਤਕ ਕੁੱਲ ਕਿੰਨੇ ਸੁਤੰਤਰਤਾ ਸੰਗਰਾਮੀਆਂ, ਦੋਵੇਂ ਮਰਦਾਂ ਅਤੇ ਔਰਤਾਂ, ਨੂੰ ਪੈਨਸ਼ਨਾਂ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਦੇ ਨਾਂ ਅਤੇ ਪਤੇ ਕੀ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਅਨੁਸੂਚਿਤ ਜਾਤੀਆਂ ਅਤੇ ਅਨੁ-ਸੂਚਿਤ ਕਬੀਲਿਆਂ ਦੇ ਵਿਅੱਕਤੀਆਂ, ਦੋਵੇਂ ਮਰਦ ਅਤੇ ਔਰਤਾਂ, ਜੋ ਇਸ ਸਮੇਂ ਪੈਨਸ਼ਨ ਲੈ ਰਹੇ ਹਨ, ਦੀ ਗਿਣਤੀ, ਨਾਂ ਅਤੇ ਪਤੇ ਕੀ ਕੀ ਹਨ ਅਤੇ ਉਨ੍ਹਾਂ ਵਿਚੋਂ ਕਿੰਨਿਆਂ ਨੂੰ ਤਾਮਰ ਪੱਤਰ ਦਿੱਤੇ ਗਏ ਹਨ ?

ਗਿਆਨੀ ਜ਼ੈਲ ਸਿੰਘ: (ੳ) ਪੰਜਾਬ ਦੇਸ਼ ਭਗਤ ਸਹਾਇਤਾ ਫੰਡ ਵਿਚੋਂ ਸੁਤੰਤਰਤਾ ਸੰਗਰਾਮੀਆਂ ਜਾਂ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਵਿੱਤੀ ਸਹਾਇਤਾ (ਪੈਨਸ਼ਨ) ਦੇਣ ਦੀ ਸਕੀਮ 1951 ਤੋਂ ਚਲ ਰਹੀ ਹੈ। ਇਸ ਲੰਮੇ ਸਮੇਂ ਦੇ ਦੌਰਾਨ ਜਿਨ੍ਹਾਂ ਸੁਤੰਤਰਤਾ ਸੰਗਰਾਮੀਆਂ ਨੂੰ ਸਮੇਂ ਸਮੇਂ ਤੇ ਪੈਨਸ਼ਨ ਦਿੱਤੀ ਗਈ ਹੈ, ਦੀ ਗਿਣਤੀ ਅਤੇ ਉਨ੍ਹਾਂ ਦੇ ਨਾਂ ਅਤੇ ਪਤੇ ਦੇਣਾ ਬਹੁਤ ਕਠਿਨ ਹੈ ਕਿਉਂਕਿ ਲਿਸਟ ਬਹੁਤ ਲੰਬੀ ਹੈ ਤੇ ਸਮੇਂ ਸਮੇਂ ਸਿਰ ਬਦਲਦੀ ਸਥਿਤੀ ਅਨੁਸਾਰ ਬਦਲਦੀ ਰਹੀ ਹੈ। ਇਸ ਸਮੇਂ ਜੋ ਸੁਤੰਤਰਤਾ ਸਗਰਾਮੀਏਂ ਇਸ ਫੰਡ ਵਿਚੋਂ ਵਿੱਤੀ ਸਹਾਇਤਾ ਲੈ ਰਹੇ ਹਨ, ਉਨ੍ਹਾਂ ਦੀ ਗਿਣਤੀ 4179 ਹੈ।

(ਅ) ਮਾਲੀ ਸਹਾਇਤਾ ਤੇ ਤਾਮਰ ਪੱਤਰ ਪਰਾਪਤ ਕਰਨ ਵਾਲੇ ਸੁਤੰਤਰਤਾ ਸੰਗਰਾਮੀਆਂ ਬਾਰੇ ਸਰਕਾਰੀ ਰਿਕਾਰਡ ਵਿਚ ਉਨ੍ਹਾਂ ਦੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਹੋਣ ਬਾਰੇ ਕੋਈ ਵੇਰਵਾ ਨਹੀਂ ਰਖਿਆ ਗਿਆ। ਇਸ ਲਈ ਇਹ ਸੂਚਨਾ ਦੇਣੀ ਸੰਭਵ ਨਹੀਂ।

ਰਾਸ਼ਟਰੀ ਸ਼ਹੀਦਾਂ ਦੇ ਨਿਕਟ ਸਬੰਧੀਆਂ ਲਈ ਮਾਲੀ ਸਹਾਇਤਾ

*2912. **ਡਾਕਟਰ ਬਲਦੇਵ ਪ੍ਰਕਾਸ਼** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਰਾਜ ਸਰਕਾਰ ਨੇ ਰਾਸ਼ਟਰੀ ਸ਼ਹੀਦਾਂ ਦੇ ਨਿਕਟ ਸਬੰਧੀਆਂ ਨੂੰ ਮਾਲੀ ਸਹਾਇਤਾ ਦੇਣ ਲਈ ਕੋਈ ਫੈਸਲਾ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਫੈਸਲੇ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਕੀ ਉਕਤ ਫੈਸਲੇ ਦੀ ਰੋਸ਼ਨੀ ਵਿਚ, ਪਿੰਡ ਠੀਕਰੀਵਾਲਾ, ਜ਼ਿਲ੍ਹਾ ਪਟਿਆਲਾ ਦੇ ਉਘੇ ਸ਼ਹੀਦ ਸ੍ਰੀ ਸੇਵਾ ਸਿੰਘ ਦੀ ਭੈਣ ਸਮੇਤ ਉਕਤ ਸ਼ਹੀਦਾਂ ਦੇ ਸਬੰਧੀਆਂ ਨੂੰ ਹੁਣ ਤਕ ਕੋਈ ਮਾਲੀ ਸਹਾਇਤਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਪੂਰੇ ਪਤਿਆਂ ਸਮੇਤ ਹਰ ਇਕ ਕੇਸ ਵਿਚ ਪ੍ਰਤੀ ਮਹੀਨਾ ਮਨਜ਼ੂਰ ਕੀਤੀ ਗਈ ਰਕਮ ਦਰਸਾਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ੲ) ਕੀ ਉਪਰੋਕਤ ਭਾਗ (ੳ) ਵਿਚ ਹਵਾਲਾ ਦਿੱਤੇ ਫੈਸਲੇ ਦੀ ਰੋਸ਼ਨੀ ਵਿਚ ਪਿੰਡ ਦਤੂਕੇ, ਤਹਿਸੀਲ ਤਰਨਤਾਰਨ ਦੀ ਸ੍ਰੀਮਤੀ ਗੁਰਬਚਨ ਕੌਰ, ਪਿੰਡ ਵਾਂ, ਤਹਿਸੀਲ ਪੱਟੀ ਦੀ ਸ੍ਰੀਮਤੀ ਈਸੋ; ਪਿੰਡ ਖੇੜੇ, ਤਹਿਸੀਲ ਤਰਨਤਾਰਨ ਦੇ

ਸ੍ਰੀ ਗੁਰਮੇਜ ਸਿੰਘ ,ਪਿੰਡ ਮੰਜੂ ਖੇੜਾ, ਜ਼ਿਲ੍ਹਾ ਹਿਸਾਰ ਦੇ ਸ੍ਰੀ ਪੂਰਨ ਸਿੰਘ, ਪਿੰਡ ਰੂੜੀਵਾਲਾ, ਤਹਿਸੀਲ ਤਰਨ ਤਾਰਨ ਦੇ ਸ੍ਰੀ ਗੰਗਾ ਸਿੰਘ ਅਤੇ ਸ੍ਰੀ ਕੁੰਦਨ ਸਿੰਘ, ਪਿੰਡ ਠਠੀ ਖਾਰਾ, ਤਹਿਸੀਲ ਤਰਨ ਤਾਰਨ ਦੇ ਸ੍ਰੀ ਤੇਜਾ ਸਿੰਘ ਅਤੇ ਸ੍ਰੀ ਚੰਨਣ ਸਿੰਘ ਅਤੇ ਪਿੰਡ ਸ਼ਾਹਬਾਜ਼ਪੁਰ, ਤਹਿਸੀਲ ਤਰਨ ਤਾਰਨ ਦੇ ਸ੍ਰੀ ਕਪੂਰ ਸਿੰਘ ਤੋਂ ਮਾਲੀ ਸਹਾਇਤਾ ਮਨਜ਼ੂਰ ਕਰਨ ਲਈ 25 ਅਕਤੂਬਰ,1974 ਤੋਂ 3 ਦਸੰਬਰ,1974 ਦੇ ਦੌਰਾਨ ਰਜਿਸਟਰੀ ਡਾਕ ਰਾਹੀਂ ਕੋਈ ਪ੍ਰਤੀ ਬੇਨਤੀਆਂ ਸਰਕਾਰ ਨੂੰ ਪ੍ਰਾਪਤ ਹੋਈਆਂ; ਜੇਕਰ ਅਜਿਹਾ ਹੋਵੇ ਤਾਂ ਹਰ ਇਕ ਕੇਸ ਵਿਚ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ;

(ਸ) ਕੀ ਉਪਰੋਕਤ ਫੈਸਲੇ ਨੂੰ ਲਾਗੂ ਕਰਨ ਲਈ ਸਰਕਾਰ ਨੇ ਕੋਈ ਨਿਯਮ ਬਣਾਏ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

ਗਿਆਨੀ ਜ਼ੈਲ ਸਿੰਘ (ੳ) ਰਾਜ ਸਰਕਾਰ ਨੇ ਰਾਸ਼ਟਰੀ ਸ਼ਹੀਦਾਂ ਦੇ ਨਿਕਟ ਸਬੰਧੀਆਂ ਨੂੰ ਮਾਲੀ ਸਹਾਇਤਾ ਦੇਣ ਲਈ ਕੋਈ ਜਨਰਲ ਪਾਲਿਸੀ/ਫ਼ੈਸਲਾ ਨਹੀਂ ਕੀਤਾ । ਕੇਵਲ ਕੁਝ ਵਿਅਕਤੀਗਤ ਕੇਸਿਜ਼ ਵਿਚ ਉਘੇ ਸ਼ਹੀਦਾਂ ਦੇ ਨਿਕਟ ਸਬੰਧੀਆਂ ਨੂੰ ਮਾਲੀ ਸਹਾਇਤਾ ਮਨਜ਼ੂਰ ਕੀਤੀ ਗਈ ਹੈ।

2. ਦੇਸ਼ਭਗਤ (ਸਹਾਇਤਾ ਤੇ ਪੁਨਰਵਾਸ) ਬੋਰਡ ਦੁਆਰਾ ਬਣਾਏ ਗਏ ਨਿਯਮਾਂ ਅਨੁਸਾਰ ਸੁਤੰਤਰਤਾ ਸੰਗਰਾਮੀ ਦੇ ਸਵਰਗਵਾਸ ਹੋਣ ਪਿਛੋਂ ਉਸ ਦੀ ਮਾਲੀ ਸਹਾਇਤਾ ਕੇਵਲ ਉਸ ਦੀ ਵਿਧਵਾ ਦੇ ਨਾਂ ਤਬਦੀਲ ਕੀਤੀ ਜਾਂਦੀ ਹੈ ।

(ਅ) ਲੋੜੀਂਦੀ ਸੂਚੀ ਸਦਨ ਦੀ ਮੇਜ਼ ਉਤੇ ਰਖੀ ਜਾਂਦੀ ਹੈ ਪਰ ਇਸ ਵਿਚ ਸ੍ਰੀ ਸੇਵਾ ਸਿੰਘ ਠੀਕਰੀਵਾਲੇ ਜੀ ਦੀ ਭੈਣ ਦਾ ਨਾਂ ਨਹੀਂ ਹੈ ।

(ੲ) ਸ੍ਰੀ ਕਪੂਰ ਸਿੰਘ, ਪਿੰਡ ਸ਼ਾਹਬਾਜ਼ਪੁਰਾ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਅਤੇ ਸ੍ਰੀ ਪੂਰਨ ਸਿੰਘ, ਪਿੰਡ ਮੰਜੂਕੇ, ਜ਼ਿਲਾ ਹਿਸਾਰ ਨੂੰ ਛੱਡਕੇ ਬਾਕੀ ਸਾਰੇ ਵਿਅਕਤੀਆਂ ਦੀਆਂ ਅਰਜ਼ੀਆਂ ਸਰਕਾਰ ਪਾਸ ਪੁੱਜੀਆਂ ਹਨ, ਜਿਨ੍ਹਾਂ ਉਤੇ ਵਿਚਾਰ ਕੀਤਾ ਜਾ ਰਿਹਾ ਹੈ ।

(ਸ) ਉਪਰੋਕਤ (ੳ) ਨੂੰ ਧਿਆਨ ਵਿਚ ਰਖਦਿਆਂ ਸਵਾਲ ਹੀ ਪੈਦਾ ਨਹੀਂ ਹੁੰਦਾ ।

ਜੰਗੇ ਆਜ਼ਾਦੀ ਦੇ ਸ਼ਹੀਦਾਂ ਦੇ ਨਿਕਟ ਸਬੰਧੀਆਂ ਦੀ ਸੂਚੀ, ਜਿਨ੍ਹਾਂ ਨੂੰ ਮਾਲੀ ਸਹਾਇਤਾ ਮਨਜ਼ੂਰ ਕੀਤੀ ਗਈ :—

ਲੜੀ ਨੰ:	ਰਾਸ਼ਟਰੀ ਸ਼ਹੀਦ ਦਾ ਨਾਂ	ਜਿਸ ਨੂੰ ਮਾਲੀ ਸਹਾਇਤਾ ਮਨਜ਼ੂਰ ਕੀਤੀ	ਸ਼ਹੀਦ ਨਾਲ ਰਿਸ਼ਤਾ	ਰਕਮ
1.	2.	3.	4.	5.
1.	ਸ਼ਹੀਦੇਆਜ਼ਮ ਭਗਤ ਸਿੰਘ	ਸ੍ਰੀਮਤੀ ਵਿਦਿਆਵਤੀ ਮਾਤਾ ਸ਼ਹੀਦੇਆਜ਼ਮ ਭਗਤ ਸਿੰਘ ਭਗਤ ਨਿਵਾਸ, ਪ੍ਰਦਮਨ ਨਗਰ, ਸਹਾਰਨਪੁਰ (ਯੂ.ਪੀ)	(ਮਾਤਾ)	1180 ਰੁਪਏ (180 ਰਪਏ ਉਹ ਪਹਿਲਾਂ ਹੀ ਮਾਲੀ ਸਹਾਇਤਾ ਵਸੂਲ ਕਰਦੇ ਸਨ ਅਤੇ 1000 ਰੁਪਏ ਮਾਸਕ ਉਨ੍ਹਾਂ ਨੂੰ ਰਾਜ ਮਾਤਾ ਸਵੀਕਾਰ ਕਰਨ ਪਿਛੋਂ ਮਨਜ਼ੂਰ ਕੀਤੇ ਗਏ ਹਨ ।

[ਮੁੱਖ ਮੰਤਰੀ]

1	2	3	4	5
2.	ਸ਼ਹੀਦੇਆਜ਼ਮ ਭਗਤ ਸਿੰਘ	ਬੀਬੀ ਅਮਰ ਕੌਰ ਪੁੱਤਰੀ ਸ੍ਰੀ ਕਿਸ਼ਨ ਸਿੰਘ ਪਿੰਡ ਤੇ ਡਾਕਘਰ ਦਿਆਲਪੁਰਾ ਨਜ਼ਦੀਕ ਹਮੀਰਾ, ਜ਼ਿਲ੍ਹਾ ਕਪੂਰਥਲਾ ।	(ਭੈਣ)	80/—ਰੁਪਏ ਮਾਸਕ
3.	ਸ਼ਹੀਦ ਊਧਮ ਸਿੰਘ	ਸ੍ਰੀਮਤੀ ਆਸ ਕੌਰ ਸੁਨਾਮ, ਜ਼ਿਲ੍ਹਾ ਸੰਗਰੂਰ ।	(ਭੈਣ)	250 ਰੁਪਏ ਮਾਸਕ
4.	ਸ਼ਹੀਦ ਕਰਨੈਲ ਸਿੰਘ	ਚਰਨਜੀਤ ਕੌਰ, ਪਿੰਡ ਤੇ ਡਾਕਘਰ ਈਸੜੂ, ਜ਼ਿਲ੍ਹਾ ਲੁਧਿਆਣਾ ।	(ਵਿਧਵਾ)	250 ਰੁਪਏ ਮਾਸਕ
5.	ਸ਼ਹੀਦ ਕਰਨੈਲ ਸਿੰਘ	ਸ੍ਰੀਮਤੀ ਹਰਨਾਮ ਕੌਰ ਪਿੰਡ ਤੇ ਡਾਕਘਰ ਈਸੜੂ, ਜ਼ਿਲਾ ਲੁਧਿਆਣਾ	(ਮਾਤਾ)	250 ਰੁਪਏ ਮਾਸਕ
6.	ਸ਼ਹੀਦ ਸੇਵਾ ਸਿੰਘ ਠੀਕਰੀਵਾਲਾ	ਭਗਵਾਨ ਕੌਰ, ਪਿੰਡ ਤੇ ਤੇ ਡਾਕਘਰ ਠੀਕਰੀਵਾਲਾ, ਜ਼ਿਲਾ ਸੰਗਰੂਰ ।	(ਵਿਧਵਾ)	200 ਰੁਪਏ ਮਾਸਕ

UNSTARRED QUESTIONS AND ANSWERS

ਅੰਮ੍ਰਿਤਸਰ ਜ਼ਿਲ੍ਹੇ ਵਿਚ ਪੁਲਿਸ ਦੁਆਰਾ ਫੜੀਆਂ ਗਈਆਂ ਚੋਰੀ ਹੋਈਆਂ ਨਵੀਆਂ ਕਾਰਾਂ

905. **ਕਾਮਰੇਡ ਸੱਤ ਪਾਲ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਾਲ 1974 ਦੇ ਪਹਿਲੇ ਸੱਤ ਮਹੀਨਿਆਂ ਵਿਚ ਚੋਰੀ ਹੋਈਆਂ ਕੋਈ ਨਵੀਆਂ ਕਾਰਾਂ ਪੁਲਿਸ ਦੁਆਰਾ ਫੜੀਆਂ ਗਈਆਂ ਸਨ, ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਸੀ ਅਤੇ ਉਹ ਕਿਨ੍ਹਾਂ ਕਿਨ੍ਹਾਂ ਤਰੀਕਾਂ ਨੂੰ ਅਤੇ ਕਿਨ੍ਹਾਂ ਕਿਨ੍ਹਾਂ ਥਾਵਾਂ ਤੋਂ ਫੜੀਆਂ ਗਈਆਂ ;

(ਅ) ਉਕਤ ਕੇਸਾਂ ਵਿਚ ਪੁਲਿਸ ਦੁਆਰਾ ਹੁਣ ਤੱਕ ਫੜੇ ਗਏ ਉਨ੍ਹਾਂ ਦੋਸ਼ੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ ਜੋ ਪੁਲਿਸ ਦੁਆਰਾ ਫੜ ਲਏ ਗਏ ਹਨ ਅਤੇ ਫੜੇ ਜਾਣੇ ਹਨ ?

ਗਿਆਨੀ ਜ਼ੈਲ ਸਿੰਘ (ੳ) ਹਾਂ ਜੀ। ਸਾਲ ਦੇ ਪਹਿਲੇ 7 ਮਹੀਨਿਆਂ ਵਿਚ ਜ਼ਿਲ੍ਹਾ ਪੁਲਿਸ ਅੰਮ੍ਰਿਤਸਰ ਦੁਆਰਾ ਚੋਰੀ ਹੋਈਆਂ 19 ਕਾਰਾਂ ਫੜੀਆਂ ਗਈਆਂ ਸਨ । ਉਨ੍ਹਾਂ ਦੇ ਫੜੇ ਜਾਣ ਦੀ ਤਰੀਕ ਅਤੇ ਥਾਵਾਂ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ ।

ਮਿਤੀ		ਥਾਂ ਦਾ ਵੇਰਵਾ
1. 22 ਅਪ੍ਰੈਲ, 1974	..	ਪਿੰਡ ਕੈਲੇ, ਥਾਣਾ ਸਦਰ, ਅੰਮ੍ਰਿਤਸਰ
2. 27 ਮਈ, 1974	..	ਬਟਾਲਾ ਸਿਟੀ
3. 17 ਮਈ, 1974	..	ਝਬਾਲ
4. 16 ਮਈ, 1974	..	ਪੰਡੋਰੀ ਸਿਧਵਾਂ
5. 25 ਮਈ, 1974	..	ਥਾਂਦੇ, ਥਾਣਾ ਕਥੂਨੰਗਲ
6. 15 ਮਈ, 1974	..	ਤਰਨ ਤਾਰਨ ਸਿਟੀ
7. 26 ਮਈ, 1974	..	ਜਵਾਹਰ ਨਗਰ, ਜਲੰਧਰ
8. 25 ਮਈ, 1974	..	ਨਕੋਦਰ, ਜਲੰਧਰ ।
9. 23 ਮਈ, 1974	..	ਜੀ.ਟੀ. ਰੋਡ, ਛੇਹਰਟਾ
10. 27 ਮਈ, 1974	..	ਬੱਚੀਵਿੰਡ
11. 25 ਜੂਨ, 1974	..	ਰਾਮ ਬਾਗ
12. 1 ਜੂਨ, 1974	..	ਰਾਮ ਬਾਗ
13. 25 ਜੂਨ, 1974	..	ਗਾਂਧੀ ਮਾਰਕੀਟ
14. 20 ਜੂਨ, 1974	..	ਫਤਿਹਬਾਦ
15. 12 ਜੂਨ, 1974	..	ਪੁਰਾਨੀ ਮਾਲ ਮੰਡੀ, ਅੰਮ੍ਰਿਤਸਰ
16. 12 ਜੂਨ, 1974	..	ਜੀ. ਟੀ. ਰੋਡ, ਤਰਨ ਤਾਰਨ
17. 1 ਜੁਲਾਈ, 1974	..	ਪਿੰਡ ਵਰਪਾਲ, ਥਾਣਾ ਜੰਡਿਆਲਾ
18. 20 ਜੁਲਾਈ, 1974	..	ਕੈਰੋਂ
19. 20 ਜੁਲਾਈ, 1974	..	ਚੂਹੜ ਬੈਰੀ (ਅੰਮ੍ਰਿਤਸਰ)

(ਅ) ਫੜੇ ਗਏ ਦੋਸ਼ੀਆਂ ਦੇ ਨਾਂ ਅਤੇ ਪਤੇ ਹੇਠ ਦਿਤੇ ਜਾਂਦੇ ਹਨ:—

(1) ਕੁਲਵਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ, ਜਟ ਵਾਸੀ ਗੰਗੋਮਲ, ਥਾਣਾ ਰਾਮਦਾਸ ।

(2) ਗੁਰਬਖਸ਼ ਸਿੰਘ ਅਤੇ ਬਾਜ ਸਿੰਘ ਪੁੱਤਰ ਮੇਹਰ ਸਿੰਘ ਜੱਟ, ਵਾਸੀ ਬਚੀਵਿੰਡ, ਥਾਣਾ ਲੋਪੋਕੇ ।

(3) ਸਰਵਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਸੁਨਿਆਰਾ ਅਤੇ ਚੰਚਲ ਸਿੰਘ ਪੁੱਤਰ ਮੋਹਨ ਸਿੰਘ ਜਟ, ਵਾਸੀ ਕੈਰੋਂ, ਥਾਣਾ ਸਰਹਾਲੀ ।

(4) ਰਣਜੀਤ ਸਿੰਘ ਅਤੇ ਕਾਕਾ ਸਿੰਘ ਪੁੱਤਰ ਸਰਵਦੀਪ ਸਿੰਘ, ਚੌਂਕ ਅਰੋੜੀ, ਅੰਮ੍ਰਿਤਸਰ ।

(5) ਸੇਵਾ ਸਿੰਘ ਪੁੱਤਰ ਬਲਵੰਤ ਸਿੰਘ ਜੱਟ, ਵਾਸੀ ਪੁਰਾਨੀ ਮਾਲ ਮੰਡੀ, ਅੰਮ੍ਰਿਤਸਰ ।

(6) ਸੁਰਜੀਤ ਸਿਘ ਪੁੱਤਰ ਭਗਤ ਸਿੰਘ, ਵਾਸੀ ਪਲਾਸੌਰ, ਥਾਣਾ ਤਰਨ ਤਾਰਨ ।

(7) ਚਰਨ ਸਿੰਘ ਪੁੱਤਰ ਗੋਪਾਲ ਸਿੰਘ, ਵਾਸੀ ਪੰਡੋਰੀ ਸਿਧਵਾਂ

(8) ਅਮਰ ਸਿੰਘ ਪੁੱਤਰ ਸੋਹਨ ਸਿੰਘ ਜੱਟ, ਵਾਸੀ ਪੰਡੋਰੀ ਸਿਧਵਾਂ ।

(9) ਕੁਲਦੀਪ ਸਿੰਘ ਪੁੱਤਰ ਹਰਬੰਸ ਸਿੰਘ, ਵਾਸੀ ਬੁੱਚੜਕਲਾਂ, ਝਬਾਲ ।

(10) ਲੈਹਣ ਸਿੰਘ ਪੁੱਤਰ ਕਰਨੈਲ ਸਿੰਘ, ਵਾਸੀ ਧਾਂਦੀ, ਥਾਣਾ ਕਥੂਨੰਗਲ

[ਮੁੱਖ ਮੰਤਰੀ]

(11) ਕੁਲਦੀਪ ਸਿੰਘ ਪੁੱਤਰ ਚਰਨ ਸਿੰਘ, ਵਾਸੀ ਕਾਲੇ, ਥਾਣਾ ਸਦਰ, ਅੰਮ੍ਰਿਤਸਰ ।

(12) ਤੇਜਵੀਰ ਸਿੰਘ ਪੁੱਤਰ ਅਮਰ ਸਿੰਘ, ਵਾਸੀ ਜਵਾਹਰ ਨਗਰ, ਜਲੰਧਰ ।

(13) ਜਤਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ, ਵਾਸੀ ਨਕੋਦਰ, ਜਲੰਧਰ ।

(14) ਕਸ਼ਮੀਰਾ ਸਿੰਘ ਪੁੱਤਰ ਹਰਭਜਨ ਸਿੰਘ, ਵਾਸੀ ਦੋਸਾਂਝ ।

(15) ਰਣਜੀਤ ਸਿੰਘ ਅਤੇ ਕਾਕਾ ਸਿੰਘ ਪੁਤਰਾਨ ਸਰਵਦੀਪ ਸਿੰਘ ਸੰਧੂ,ਵਾਸੀ ਚੌਕ ਅਰੋੜੀ ਅੰਮ੍ਰਿਤਸਰ ।

(16) ਗੁਰਦਿਆਲ ਸਿੰਘ ਪੁੱਤਰ ਬੁਧ ਸਿੰਘ ਜੱਟ, ਵਾਸੀ ਵਰਪਾਲ, ਥਾਣਾ ਜੰਡਿਆਲਾ ·

(17) ਸਰਵਦੀਪ ਸਿੰਘ ਅਤੇ ਛੀਬਾ ਪੁੱਤਰ ਮੁਹਿੰਦਰ ਸਿੰਘ ਸੁਨਾਰ, ਵਾਸੀ ਕੈਰੋਂ

ਚਾਰ ਕੇਸਾਂ ਵਿਚ ਅਜੇ ਦੋਸ਼ੀ ਨਾਮਾਲੂਮ ਹਨ ।

UNSTARRED QUESTION No. 906

(Extension has been asked for in respect of Unstarred Question No. 906.)

ਕਮਿਸ਼ਨਰ ਫਿਰੋਜ਼ਪੁਰ ਡਵੀਜ਼ਨ ਦੇ ਦਫਤਰ ਵਿਚ ਸਹਾਇਕਾਂ ਦੀਆਂ ਅਸਾਮੀਆਂ

907 **ਕਾਮਰੇਡ ਸੱਤ ਪਾਲ ਡਾਂਗ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਫਿਰੋਜ਼ਪੁਰ ਵਿੱਚ ਕਮਿਸ਼ਨਰ ਦਾ ਦਫ਼ਤਰ ਕਿਸ ਤਰੀਕ ਨੂੰ ਸਥਾਪਤ ਕੀਤਾ ਗਿਆ;

(ਅ) ਉਕਤ ਦਫ਼ਤਰ ਵਿੱਚ ਹੁਣ ਤੱਕ ਸਹਾਇਕਾਂ ਦੀਆਂ ਕਿੰਨੀਆਂ ਅਸਾਮੀਆਂ ਸਿਰਜਤ ਕੀਤੀਆਂ ਗਈਆਂ ਅਤੇ ਹੁਣ ਤੱਕ ਅਜਿਹੀਆਂ ਕਿੰਨੀਆਂ ਅਸਾਮੀਆਂ ਭਰੀਆਂ ਗਈਆਂ ਹਨ ;

(ੲ) ਕੀ ਉਕਤ ਆਸਾਮੀਆਂ ਸਿੱਧੀ ਭਰਤੀ ਦੁਆਰਾ ਭਰੀਆਂ ਗਈਆਂ ਹਨ ਜਾਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿੱਚ ਕੰਮ ਕਰਦੇ ਸਹਾਇਕਾਂ ਜਾਂ ਕਿਸੇ ਹੋਰ ਸ਼੍ਰੇਣੀ ਦੇ ਕਰਮ—ਚਾਰੀਆਂ ਨੂੰ ਤਰੱਕੀ ਦੇ ਕੇ ਭਰੀਆਂ ਗਈਆਂ ਹਨ;

(ਸ) ਕੀ ਕਮਿਸ਼ਨਰ ਫਿਰੋਜ਼ਪੁਰ ਡਵੀਜ਼ਨ ਦੇ ਦਫ਼ਤਰ ਵਿੱਚ ਨਿਯੁਕਤ ਕੀਤੇ/ਤਰੱਕੀ ਦਿੱਤੇ ਗਏ ਸਹਾਇਕਾਂ ਵਿਚੋਂ ਕੋਈ ਅਨੁਸੂਚਿਤ ਜਾਤੀਆਂ ਨਾਲ ਸਬੰਧ ਰਖਦਾ ਹੈ; ਜੇ ਨਹੀਂ ਤਾਂ ਉਸ ਦੇ ਕੀ ਕਾਰਨ ਹਨ;

(ਹ) ਉਕਤ ਦਫ਼ਤਰ ਵਿੱਚ ਸਹਾਇਕਾਂ ਦੀਆਂ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਇਸ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਨੂੰ ਲੱਗ ਭੱਗ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

For Unstarred Question No. 906 and reply thereto please see appendix to this Debate.

ਸਰਦਾਰ ਉਮਰਾਓ ਸਿੰਘ : (ੳ) ਫਿਰੋਜ਼ਪੁਰ ਮੰਡਲ ਦਾ ਦਫ਼ਤਰ ਮਿਤੀ 15 ਅਗਸਤ, 1973 ਨੂੰ ਸਥਾਪਤ ਹੋਇਆ ।

(ਅ) ਉਕਤ ਦਫ਼ਤਰ ਵਿੱਚ ਹੁਣ ਤੱਕ ਸਹਾਇਕ ਦੀਆਂ 8 ਆਸਾਮੀਆਂ ਸਿਰਜਤ ਕੀਤੀਅ ਗਈਆਂ ਹਨ, ਜੋ ਸਾਰੀਆਂ ਹੀ ਹੁਣ ਤੱਕ ਭਰੀਆਂ ਜਾ ਚੁਕੀਆਂ ਹਨ ।

(ੲ) ਉਕਤ ਆਸਾਮੀਆਂ ਡਿਪਟੀ ਕਮਿਸ਼ਨਰ/ਕਮਿਸ਼ਨਰ ਦੇ ਦਫ਼ਤਹ ਦੇ ਸਹਾਇਕਾਂ/ਕਲੱਰਕਾਂ ਵਿਚੋਂ ਸਲੈਕਸ਼ਨ ਰਾਹੀਂ ਭਰੀਆਂ ਗਈਆਂ ਹਨ ।

(ਸ) ਜੀ ਹਾਂ। ਦੋ ਸਹਾਇਕ ਅਨੁਸੂਚਿਤ ਜਾਤੀਆਂ ਨਾਲ ਸਬੰਧ ਰਖਦੇ ਹਨ ।

(ਹ) ਉਕਤ ਦਫ਼ਤਰ ਵਿਖੇ ਸਹਾਇਕ ਦੀ ਕੋਈ ਆਸਾਮੀ ਖਾਲੀ ਨਹੀਂ ਹੈ ।

UNSTARRED QUESTION NO. 908

(Extension has been asked for in respect of Unstarred Question No. 908.)

ਵਿਸ਼ਾ: ਵਿਧਾਨ ਸਭਾ ਅਨਸਟਾਰਡ ਸਵਾਲ ਨੰ: 908 ਵਲੋਂ ਕਾਮਰੇਡ ਸੱਤਪਾਲ ਡਾਂਗ ਐਮ.ਐਲ. ਏ. ਬਾਬਤ ਜ਼ਿਲ੍ਹਾ ਪੱਧਰ ਅਤੇ ਉਪ-ਮੰਡਲ ਪੱਧਰ ਭੂਮੀ ਸੁਧਾਰ ਸਲਾਹਕਾਰ ਕਮੇਟੀਆਂ ।

ਸਭਾ ਦੇ ਅਨਸਟਾਰਡ ਸਵਾਲ ਨੰ: 908, ਜੋ ਕਿ ਮਿਤੀ 8 ਜਨਵਰੀ, 1975 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਨੰ: 908 ਤੇ ਸ੍ਰੀ ਸੱਤਪਾਲ ਡਾਂਗ ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ। ਮਾਲ ਮੰਤਰੀ, ਪੰਜਾਬ

ਸਕੱਤਰ
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗੈ: ਸ: ਪੱ: ਨੰ: 2—ਭ.ਸ.3—75/761, ਚੰਡੀਗੜ੍ਹ, ਮਿਤੀ 7 ਜਨਵਰੀ, 1975 ।

UNSTARRED QUESTION NO. 909

(Extension has been asked for in respect of Unstarred Question No. 909)

ਵਿਸ਼ਾ: ਪੰਜਾਬ ਵਿਧਾਨ ਸਭਾ ਅਨਸਟਾਰਡ ਸਵਾਲ ਨੰ: 909 ਵਲੋਂ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ.—ਵਿਦਿਆ ਵਿਭਾਗ ਵਿਚ ਅਨੁਸੂਚਿਤ ਜਾਤੀਆਂ ਦੇ ਕਰਮਚਾਰੀ ।

ਸਭਾ ਦੇ ਸਵਾਲ ਨੰ: 909 ਜੋ ਮਿੱਤੀ 8 ਜਨਵਰੀ, 1975 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿੱਚ ਕਾਮਰੇਡ ਸੱਤ ਪਾਲ ਡਾਂਗ ਐਮ. ਐਲ. ਏ. ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ।

(ਸਿਖਿਆ ਮੰਤਰੀ)

2 ਸਬੰਧਤ ਸੂਚਨਾ ਇੱਕਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

ਸਹੀ।
ਗੁਰਮੇਲ ਸਿੰਘ
ਸਿੱਖਿਆ ਮੰਤਰੀ, ਪੰਜਾਬ

ਸੇਵਾ ਵਿਖੇ

ਸਕੱਤਰ, ਪੰਜਾਬ ਵਿਧਾਨ ਸਭਾ।

ਗ:ਸ:ਪੱ: ਨੰ: 186–ਸਿ2(4 ਸ)–75, ਮਿਤੀ ਚੰਡੀਗੜ੍ਹ, 7 ਜਨਵਰੀ, 1975।

ਸਥਾਨਕ ਸ਼ਾਸਨ ਵਿਭਾਗ ਵਿਚ ਅਨੁਸੂਚਿਤ ਜਾਤੀਆਂ ਦੇ ਕਰਮਚਾਰੀ

910. **ਕਾਮਰੇਡ ਸੱਤਪਾਲ ਡਾਂਗ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਸਥਾਨਕ ਸ਼ਾਸਨ ਵਿਭਾਗ ਵਿਚ ਹਰ ਇਕ ਕਾਡਰ/ਸ਼੍ਰੇਣੀ ਵਿਚ ਕੁਲ ਕਿੰਨੇ ਕਰਮਚਾਰੀ ਹਨ;

(ਅ) ਉਕਤ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਦੇ ਹਰ ਇਕ ਕਾਡਰ/ਸ਼੍ਰੇਣੀ ਵਿਚ ਜਾਤੀ–ਵਾਰ ਅਨੁਸੂਚਿਤ ਜਾਤੀਆਂ ਦੇ ਕੁਲ ਕਿੰਨੇ ਕਿੰਨੇ ਕਰਮਚਾਰੀ ਹਨ?

ਸ੍ਰੀ ਹੰਸ ਰਾਜ ਸ਼ਰਮਾ: ਡਾਇਰੈਕਟੋਰੇਟ ਸਥਾਨਕ ਸਰਕਾਰ ਵਿਭਾਗ ਦੇ ਹੈਡ ਕੁਆਟਰ ਅਤੇ ਅਧੀਨ ਦਫ਼ਤਰਾਂ ਸਬੰਧੀ ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ:—

ਲੜੀ ਨੰ:	ਇਸ ਸਮੇਂ ਸਥਾਨਕ ਸ਼ਾਸਨ ਵਿਭਾਗ ਵਿਚ ਹਰ ਇਕ ਕਾਡਰ/ਸ਼੍ਰੇਣੀ ਵਿਚ ਕੁਲ ਕਿੰਨੇ ਕਰਮਚਾਰੀ ਹਨ।		ਉਕਤ ਵਿਭਾਗ ਵਿਚ ਵਰਣਿਤ ਕਰਮਚਾਰੀਆਂ ਦੇ ਹਰ ਇਕ ਕਾਡਰ/ਸ਼੍ਰੇਣੀ ਵਿਚ ਜਾਤੀ–ਵਾਰ ਅਨੁਸੂਚਿਤ ਜਾਤੀਆਂ ਦੇ ਕੁੱਲ ਕਿੰਨੇ ਕਿੰਨੇ ਕਰਮਚਾਰੀ ਹਨ।	ਰਿਮਾਰਕਸ
1	2		3	4
	ਡਾਇਰੈਕਟੋਰੇਟ ਹੈਡ–ਕੁਆਟਰਜ਼			
1.	ਡਾਇਰੈਕਟਰ	1	—	(ਆਈ.ਏ.ਐਸ. ਕਾਡਰ ਦੇ)

1	2	3	4	5
	ਡਾਇਰੈਕਟੋਰੇਟ ਹੈਡ ਕੁਆਟਰਜ਼—ਸਮਾਪਤ			
2.	ਸੰਯੁਕਤ ਡਾਇਰੈਕਟਰ	1	—	(ਉਹੀ)
3.	ਡਿਪਟੀ ਡਾਇਰੈਕਟਰ (ਹੈਡ ਕੁਆਟਰਜ਼)	1	—	—
4.	ਡਿਪਟੀ ਡਾਇਰੈਕਟਰ (ਰੂਲਜ਼)	1	—	—
5.	ਕਾਨੂੰਨੀ ਅਫ਼ਸਰ	1	1 (ਸੀਕਲੀਗਰ)	
6.	ਸੁਪਰਡੈਂਟ	1	—	—
7.	ਕਾਨੂੰਨੀ ਸਹਾਇਕ	1	—	—
8.	ਸਹਾਇਕ ਇਨਚਾਰਜ	1	—	—
9.	ਸਹਾਇਕ	7	2 (ਦੋਵੇਂ ਰਾਮਦਾਸੀਏ)	ਇਕ ਆਸਾਮੀ ਖਾਲੀ ਹੈ।
10.	ਕਲਰਕ	10	1 (ਰਾਮਦਾਸੀਆ)	4 ਆਸਾਮੀਆਂ ਖਾਲੀ ਹਨ
11.	ਸੀਨੀਅਰ-ਸਕੇਲ ਸਟੈਨੋਗਰਾਫ਼ਰ	2	1 (ਬਾਲਮੀਕੀ)	ਇਕ ਆਸਾਮੀ ਹੈਲਡ-ਇਨ-ਅਬੈਂਸ ਹੈ।
12.	ਜੂਨੀਅਰ-ਸਕੇਲ ਸਟੈਨੋਗਰਾਫਰ	1	—	—
13.	ਸਟੈਨੋ-ਟਾਈਪਿਸਟ	1	—	—
14.	ਡਰਾਈਵਰ	1	—	—
15.	ਰਿਸਟੋਰਰ	1	1 (ਬਾਲਮੀਕੀ)	—
16.	ਜਮਾਂਦਾਰ	1	1 (ਰਾਮਦਾਸੀਆ)	—
17.	ਸੇਵਾਦਾਰ	7	2 (ਬਾਲਮੀਕੀ 1 ਚਮਾਰ—1)	-
18.	ਚੌਕੀਦਾਰ-ਕਮ-ਮਾਲੀ	1	—	—
19.	ਸਵੀਪਰ	1	1 (ਬਾਲਮੀਕੀ)	—
	ਕੁਲ	41		

ਸਲੱਮ-ਇੰਮਪਰੂਵਮੈਂਟ ਸੈੱਲ

1	2	3	4	5
1.	ਉਪ-ਮੰਡਲ ਅਫ਼ਸਰ	2	—	ਇਹ ਆਸਾਮੀਆਂ ਖਾਲੀ ਹਨ।
2.	ਸਹਾਇਕ ਟਾਊਨ ਪਲੈਨਰ	1	—	
3.	ਸੈਕਸ਼ਨਲ ਅਫ਼ਸਰ	10	—	
4.	ਉਪ-ਮੰਡਲ ਕਲਰਕ	2	—	
5.	ਹੈਡ ਕਲਰਕ	1	—	
6.	ਅਕਾਉਂਟਸ ਕਲਰਕ	1	—	
7.	ਸਟੈਨੋ-ਟਾਈਪਿਸਟ	1	—	
8.	ਕਲਰਕ	6	—	
9.	ਸਹਾਇਕ ਡਰਾਫ਼ਟਸਮੈਨ	2	—	
10.	ਜੂਨੀਅਰ ਡਰਾਫ਼ਟਸਮੈਨ	1	—	
11.	ਪਟਵਾਰੀ	1	—	
12.	ਫੀਲਡ ਇਨਵੈਸਟੀਗੇਟਰ	1	—	

1	2	3	4	5
13.	ਸੇਵਾਦਾਰ	6	—	ਇਹ ਅਸਾਮੀਆਂ ਖਾਲੀ ਹਨ ।
14.	ਚੌਕੀਦਾਰ	2	—	
15.	ਸਵੀਪਰ	2	—	
16.	ਸਵੀਪਰ–ਕਮ-ਚੌਕੀਦਾਰ	1	—	
	ਕੁਲ	42		

ਰੀਜਨਲ ਦਫ਼ਤਰ

1	2	3	4	5
1.	ਰੀਜਨਲ ਡਿਪਟੀ ਡਾਇਰੈਕਟਰ	5	2	ਇਹ ਆਸਾਮੀਆਂ ਪੀ.ਸੀ.ਐਸ. ਕਾਡਰ ਵਿਚੋਂ ਭਰੀਆਂ ਜਾਂਦੀਆਂ ਹਨ
2.	ਮੁੱਖ ਸਹਾਇਕ	5	—	ਰੀਜਨਲ ਦਫ਼ਤਰਾਂ ਦੀਆਂ ਆਸਾਮੀਆਂ ਤੇ ਲੱਗੇ ਕਰਮਚਾਰੀਆਂ ਦੀ ਜਾਤੀਵਾਰ ਸੂਚਨਾ ਉਪ-ਲਭਦ ਹੋਣ ਤੇ ਸੰਕਲਤ ਰੂਪ ਵਿਚ ਬਾਅਦ ਵਿਚ ਦਿੱਤੀ ਜਾਵੇਗੀ ।
3.	ਸਹਾਇਕ	11	2	
4.	ਕਲਰਕ	11	(3 ਆਸਾਮੀਆਂ ਖਾਲੀ ਹਨ)	
5.	ਜੂਨੀਅਰ ਸਕੇਲ ਸਟੈਨੋਗਰਾਫ਼ਰ	5	2 (ਇਕ ਆਸਾਮੀ ਖਾਲੀ ਹੈ)	
6.	ਸੇਵਾਦਾਰ	10	3	
7.	ਸਵੀਪਰ–ਕਮ-ਚੌਕੀਦਾਰ	4	3	
	ਕੁਲ	51		

ਮਿਊਂਸਪਲ ਚੋਣ ਦਫ਼ਤਰ

1	2	3	4	5
1.	ਸਹਾਇਕ ਡਾਇਰੈਕਟਰ	1	—	
2.	ਸੁਪਰਡੰਟ	1	—	
3.	ਸਹਾਇਕ	6	3 (ਆਧਰਮੀ 2 ਅਤੇ ਰਾਮਦਾਸੀਆ 1)	
4.	ਡਰਾਫਟਸਮੈਨ	1	1 (ਬਾਲਮੀਕੀ)	
5.	ਕੈਂਪ–ਕਲਰਕ	1	—	
6.	ਕਲਰਕ	10	4 (ਆਧਰਮੀ 1 ਅਤੇ ਰਾਮਦਾਸੀਏ 3)	
7.	ਮੁਹਰੱਰ	1	—	94 ਹੋਰ ਆਸਾਮੀਆਂ ਆਰਜ਼ੀ ਤੌਰ ਤੇ ਚੋਣਾਂ ਦੇ ਕੰਮ ਲਈ ਜੋ ਰਚੀਆਂ ਹਨ ਉਹ 23–1–1975 ਨੂੰ ਭਰੀਆਂ ਜਾ ਰਹੀਆਂ ਹਨ ।
8.	ਰਜਿਸਟਰੇਸ਼ਨ ਇਨਸਪੈਕਟਰ/ ਕਲਰਕ	43	10 (ਆਧਰਮੀ 5 ਅਤੇ ਰਾਮਦਾਸੀਏ 5)	
9.	ਓਪਰੇਟਰ	1	—	

1	2	3	4	5
10.	ਰੈਸਟੋਰਰ	1	—	
11.	ਦਫਤਰੀ	1	1 (ਚਮਾਰ)	
12.	ਸੇਵਾਦਾਰ	3	1 (ਰਾਮਦਾਸੀਆ)	
13.	ਚੌਕੀਦਾਰ	1	—	
	ਕੁਲ	71		

ਫਾਇਰ ਦਫਤਰ

1.	ਫਾਇਰ ਅਫਸਰ	1	—	ਆਸਾਮੀ ਖਾਲੀ ਹੈ ।
2.	ਸਹਾਇਕ ਫਾਇਰ ਅਫਸਰ	1	—	
3.	ਡੀਪੂ ਮੈਨੇਜਰ	1	—	
4.	ਕਲਰਕ	1	—	
5.	ਸਹਾਇਕ	1	—	
6.	ਸਟੋਰਕੀਪਰ	1	—	ਆਸਾਮੀ ਖ਼ਾਲੀ ਹੈ ।
7.	ਸਟੈਨੋ- ਟਾਈਪਿਸਟ	1	—	ਆਸਾਮੀ ਖ਼ਾਲੀ ਹੈ ।
8.	ਅਕਾਊਂਟੈਂਟ	1	—	
9.	ਮਕੈਨੀਕਲ ਫੋਰਮੈਨ	1	—	ਆਸਾਮੀ ਖਾਲੀ ਹੈ ।
10.	ਸੇਵਾਦਾਰ	2	—	
11.	ਸਵੀਪਰ–ਕਮ–ਚੌਕੀਦਾਰ	1	1 (ਬਾਲਮੀਕੀ)	
	ਕੁਲ	12		

ਅਨੁਸੂਚਿਤ ਜ਼ਾਤੀਆਂ ਦੇ ਆਈ.ਏ.ਐਸ. ਅਤੇ ਪੀ.ਸੀ.ਐਸ. ਅਫਸਰ

911. **ਕਾਮਰੇਡ ਸੱਤ ਪਾਲ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਇਸ ਸਮੇਂ ਪੰਜਾਬ ਵਿਚ ਕੁੱਲ ਕਿੰਨੇ ਵੱਖ ਵੱਖ ਆਈ. ਏ. ਐਸ. ਅਤੇ ਪੀ. ਸੀ.ਐਸ. ਅਫ਼ਸਰ ਹਨ;

(ਅ) ਉਕਤ ਭਾਗ (ੳ) ਵਿੱਚ ਹਵਾਲਾ ਦਿਤੇ ਗਏ ਅਫ਼ਸਰਾਂ ਵਿੱਚ ਜਾਤੀ–ਵਾਰ ਅਨੁਸੂਚਿਤ ਜਾਤੀਆਂ ਦੇ ਕੁੱਲ ਕਿੰਨੇ ਵੱਖ ਵੱਖ ਆਈ. ਏ. ਐਸ. ਅਤੇ ਪੀ. ਸੀ. ਐਸ. ਅਫ਼ਸਰ ਹਨ ?

ਗਿਆਨੀ ਜ਼ੈਲ ਸਿੰਘ : (ੳ) ਇਸ ਸਮੇਂ ਪੰਜਾਬ ਵਿਚ 120 ਆਈ. ਏ. ਐਸ. ਅਤੇ 189 ਪੀ. ਸੀ. ਐਸ. (ਕਾਰਜਕਾਰੀ ਸ਼ਾਖਾ) ਦੇ ਅਧਿਕਾਰੀ ਹਨ ।

(ਅ) ਆਈ. ਏ. ਐਸ.		ਪੀ. ਸੀ. ਐਸ.	
ਆਦਿ ਧਰਮੀ	6	ਆਦਿ ਧਰਮੀ	3

ਆਈ. ਏ. ਐਸ.		ਪੀ. ਸੀ. ਐਸ.	
ਰਾਮਦਾਸੀਏ	5	ਰਾਮਦਾਸੀਏ	13
ਰਵੀਦਾਸੀ	1	ਰਵੀਦਾਸੀ	1
ਕਬੀਰਪੰਥੀ	1	ਬਾਲਮੀਕੀ	1
ਜਾਤਵ (ਯੂ.ਪੀ)	1	ਚਮਾਰ	3
ਪਾਸੀ (ਯੂ.ਪੀ.)	1	ਮਜ਼ਬੀ	2
		ਮੇਘ	4
ਕੁੱਲ	15	ਕੁੱਲ	27

ਕਿਰਤ ਸਲਾਹਕਾਰ ਬੋਰਡ ਦੁਆਰਾ 19-9-74 ਨੂੰ ਹੋਈ ਇਸ ਦੀ ਮੀਟਿੰਗ ਵਿਚ ਕੀਤੇ ਗਏ ਕੁਝ ਫੈਸਲੇ

912. **ਕਾਮਰੇਡ ਸੱਤ ਪਾਲ ਡਾਂਗ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਕਿਰਤ ਸਲਾਹਕਾਰ ਬੋਰਡ ਨੇ ਆਪਣੀ 19 ਸਤੰਬਰ, 1974 ਨੂੰ ਹੋਈ ਮੀਟਿੰਗ ਵਿਚ ਸਰਕਾਰ ਨੂੰ ਹਾਈ ਕੋਰਟ ਵਿਚ ਪੈਂਡਿੰਗ ਪਏ ਕਿਰਤ ਕੇਸਾਂ ਦੇ ਜਲਦੀ ਫੈਸਲੇ ਕਰਨ ਲਈ ਹਾਈ ਕੋਰਟ ਨੂੰ ਬੇਨਤੀ ਕਰਨ ਲਈ ਕੋਈ ਸਿਫ਼ਾਰਸ਼ ਕੀਤੀ ਸੀ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਬੋਰਡ ਦੁਆਰਾ ਕੀ ਸਿਫ਼ਾਰਸ਼ ਕੀਤੀ ਗਈ ਸੀ;

(ਅ) ਇਸ ਸਬੰਧੀ ਸਰਕਾਰ ਦੁਆਰਾ ਕੀ ਫੈਸਲਾ ਕੀਤਾ ਗਿਆ ?

ਸ੍ਰੀ ਹੰਸ ਰਾਜ ਸ਼ਰਮਾ : (ੳ) ਕਿਰਤ ਸਲਾਹਕਾਰ ਬੋਰਡ ਨੇ ਹੇਠ ਲਿਖੀ ਸਿਫਾਰਸ਼ ਕੀਤੀ ਸੀ:—

"ਕੁੱਝ ਲੇਬਰ ਯੂਨੀਅਨਾਂ ਦੇ ਨੁਮਾਇੰਦਿਆਂ ਨੇ ਇਹ ਸੁਝਾਅ ਦਿੱਤਾ ਕਿ ਹਾਈ ਕੋਰਟ ਵਿਚ ਇਕ ਵੱਖਰਾ ਬੈਂਚ ਕਿਰਤ ਕਾਨੂੰਨਾਂ ਅਧੀਨ ਚਲ ਰਹੇ ਕੇਸਾਂ ਦੇ ਨਿਪਟਾਰੇ ਲਈ ਸਥਾਪਿਤ ਕੀਤਾ ਜਾਵੇ। ਇਹ ਵਿਚਾਰ ਕੀਤਾ ਗਿਆ ਕਿ ਹਾਈ ਕੋਰਟ ਵਿਚ ਪੈਂਡਿੰਗ ਕੇਸਾਂ ਦੀ ਗਿਣਤੀ ਦੇ ਆਧਾਰ ਤੇ ਇਹ ਕਾਫੀ ਹੋਵੇਗਾ ਜੇਕਰ ਕਿਰਤ ਕਾਨੂੰਨਾਂ ਅਧੀਨ ਚਲ ਰਹੇ ਕੇਸਾਂ ਦੇ ਨਿਪਟਾਰੇ ਲਈ ਹਾਈ ਕੋਰਟ ਹਫਤੇ ਵਿਚ ਇਕ ਜਾਂ ਦੋ ਦਿਨ ਨਿਸਚਿਤ ਕਰ ਦੇਵੇ । ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਬੇਨਤੀ ਕੀਤੀ ਗਈ ਕਿ ਉਹ ਹਾਈ ਕੋਰਟ ਵਿਚ ਪੈਂਡਿੰਗ ਕੇਸਾਂ ਦੀਆਂ ਲਿਸਟਾਂ ਅਤੇ ਜਿਸ ਮਿਤੀ ਤੋਂ ਇਹ ਕੇਸ ਪੈਂਡਿੰਗ ਹਨ, ਦਰਸਾਂਦੀਆਂ ਲਿਸਟਾਂ ਭੇਜਣ ਤਾਕਿ ਹਾਈ ਕੋਰਟ ਨਾਲ ਪੱਤਰ-ਵਿਹਾਰ ਕੀਤਾ ਜਾਵੇ ।

ਲੇਬਰ ਯੂਨੀਅਨਾਂ ਪਾਸੋਂ ਅਜੇ ਲਿਸਟਾਂ ਨਹੀਂ ਆਈਆਂ । ਇਹ ਲਿਸਟਾਂ ਆਉਣ ਤੇ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ ।

[(a) The Labour Advisory Board recommended as under :—

"Some of the representatives of Labour Unions suggested that a separate bench in the High Court should be constituted for labour cases. It was considered that on the basis of number of cases pending it may be adequate if one or two days in a week were fixed in the High Court for disposing of cases relating to labour laws. The representatives of Labour Unions were requested to send a list of cases which are at present pending with the High Court indicating dates since when those are pending so that the matter may be taken up with the High Court'.

(b) Lists have not so far been received from the Labour Unions. Further action will be taken on receipt of these lists.]

1972-73 ਅਤੇ 1974 ਵਿਚ ਆਤਮਘਾਤ ਅਤੇ ਆਤਮਘਾਤਾਂ ਦੀ ਕੋਸ਼ਿਸ਼ ਕਰਨ ਦੇ ਅਸਫਲ ਕਸ

913. **ਕਾਮਰੇਡ ਸੱਤ ਪਾਲ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ 1974 ਵਿਚ ਮਹੀਨੇਵਾਰ ਅਤੇ 1972 ਅਤੇ 1973 ਦੇ ਇਨ੍ਹਾਂ ਹੀ ਮਹੀਨਿਆਂ ਵਿਚ ਵਾਪਰੇ ਆਤਮਘਾਤ ਅਤੇ ਆਤਮਘਾਤਾਂ ਦੀ ਕੋਸ਼ਿਸ਼ ਕਰਨ ਦੇ ਅਸਫਲ ਕੇਸਾਂ ਦੀ ਗਿਣਤੀ ਕਿੰਨੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਦੇ ਮੁੱਖ ਕਾਰਨ ਕੀ ਹਨ ?

ਗਿਆਨੀ ਜ਼ੈਲ ਸਿੰਘ : (ੳ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਇਹ ਆਤਮਘਾਤ ਅਤੇ ਆਤਮਘਾਤਾਂ ਕਰਨ ਦੇ ਯਤਨਾਂ ਦੇ ਅਸਫਲ ਕੇਸਾਂ ਦੇ ਕਾਰਨ ਮੁਢਲੇ ਤੌਰ ਤੇ ਘਰੇਲੂ ਸਮਸਿਆਵਾਂ ਅਤੇ ਝਗੜੇ, ਬੀਮਾਰੀ ਤੋਂ ਤੰਗੀ, ਨਜਾਇਜ਼ ਜਿਨਸੀ ਤੁਅਲਕਾਤ, ਪਰੀਖਿਆ ਵਿਚੋਂ ਫੇਲ੍ਹ ਹੋਣਾ, ਮਾਨਸਕ ਚਿੰਤਾਵਾਂ ਆਦਿ ਹਨ ।

ਰਾਜ ਵਿਚ 1972–1973 ਅਤੇ 1974 ਵਿੱਚ ਆਤਮਘਾਤ ਅਤੇ ਆਤਮਘਾਤਾਂ ਦੀ ਕੋਸ਼ਿਸ਼ ਕਰਨ ਦੇ ਅਸਫ਼ਲ ਕੇਸਾਂ ਦੀ ਮਹੀਨਾਵਾਰ ਸੂਚੀ

	1972		1973		1974	
ਮਹੀਨਾ ..	ਆਤਮਘਾਤ ਦੇ ਕੇਸ	ਆਤਮਘਾਤਾਂ ਦੀ ਕੋਸ਼ਿਸ਼ ਕਰਨ ਦੇ ਅਸਫ਼ਲ ਕੇਸ	ਆਤਮਘਾਤ ਦੇ ਕੇਸ	ਆਤਮਘਾਤਾਂ ਦੀ ਕੋਸ਼ਿਸ਼ ਕਰਨ ਦੇ ਅਸਫਲ ਕੇਸ	ਆਤਮਘਾਤ ਦੇ ਕੇਸ	ਆਤਮਘਾਤਾਂ ਦੀ ਕੋਸ਼ਿਸ਼ ਕਰਨ ਦੇ ਅਸਫ਼ਲ ਕੇਸ
ਜਨਵਰੀ	11	2	5	1	4	3
ਫਰਵਰੀ	9	1	9	—	15	5

ਮੁੱਖ ਮੰਤਰੀ]

ਮਹੀਨਾ		1972 ਆਤਮਘਾਤ ਦੇ ਕੇਸ	1972 ਆਤਮਘਾਤਾਂ ਦੀ ਕੋਸ਼ਿਸ਼ ਕਰਨ ਦੇ ਅਸਫਲ ਕੇਸ	1973 ਆਤਮਘਾਤ ਦੇ ਕੇਸ	1973 ਆਤਮਘਾਤਾਂ ਦੀ ਕੋਸ਼ਿਸ਼ ਕਰਨ ਦੇ ਅਸਫਲ ਕੇਸ	1974 ਆਤਮਘਾਤ ਦੇ ਕੇਸ	1974 ਆਤਮਘਾਤਾਂ ਦੀ ਕੋਸ਼ਿਸ਼ ਕਰਨ ਦੇ ਅਸਫਲ ਕੇਸ
ਮਾਰਚ	..	11	—	8	4	11	2
ਅਪਰੈਲ	..	6	2	11	—	5	2
ਮਈ	..	15	3	7	3	7	3
ਜੂਨ	..	8	1	12	3	9	6
ਜੁਲਾਈ	..	5	2	5	3	5	2
ਅਗਸਤ	..	14	2	12	—	4	2
ਸਤੰਬਰ	..	10	4	6	2	8	1
ਅਕਤੂਬਰ	..	11	1	8	4	3	1
ਨਵੰਬਰ	..	5	1	8	2	5	1
ਦਸੰਬਰ	..	5	2	4	1	—	—
ਜੋੜ		110	21	95	23	76	28

UNSTARRED QUESTION NO. 914

(Extension has been asked for in respect of Unstarred Question No.914)

ਵਿਧਾਨ ਸਭਾ ਦੇ ਬਿਨਾ ਤਾਰੇ ਤੋਂ ਸਵਾਲ ਨੰ: 914 ਜੋ ਮਿਤੀ 8 ਜਨਵਰੀ, 1975 ਲਈ ਸੁਆਲਾਂ ਦੀ ਸੂਚੀ ਵਿਚ ਗਿਆਨੀ ਕੁੰਦਨ ਸਿੰਘ ਪਤੰਗ ਐਮ. ਐਲ. ਏ, ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ, ਕਿਉਂਕਿ ਵਿਧਾਨ ਸਭਾ ਸਕੱਤਰੇਤ ਵਲੋਂ ਇਸ ਦਾ ਨੋਟਿਸ ਬਹੁਤ ਦੇਰੀ ਨਾਲ ਮਿਤੀ 30 ਦਸੰਬਰ, 1974 ਨੂੰ ਪ੍ਰਾਪਤ ਹੋਇਆ ਹੈ।

ਲੋੜੀਂਦੀ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ, ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਦਿੱਤਾ ਜਾਵੇਗਾ।

ਸਹੀ/
ਰਾਜ ਮੰਤਰੀ ਲੋਕ ਨਿਰਮਾਣ, ਪੰਜਾਬ।

ਸੇਵਾ ਵਿਖੇ

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗੈ.ਸ. ਨੰ: 176 (ਵਿ.ਸ) ਇਸ2 (1)74, ਮਿਤੀ ਚੰਡੀਗੜ੍ਹ 7–1–75.

ਰਾਜ ਵਿਚ ਸਾਬਕਾ ਫੌਜੀਆਂ, ਮਿਲਟਰੀ ਕਰਮਚਾਰੀਆਂ, ਸੁਤੰਤਰਤਾ ਸੰਗਰਾਮੀਆਂ ਅਤੇ ਕੌਮੀ ਸ਼ਹੀਦਾਂ ਦੇ ਬੱਚਿਆਂ ਨੂੰ ਮੁਹੱਈਆ ਕੀਤੀਆਂ ਗਈਆਂ ਸਹੂਲਤਾਂ

915. **ਡਾਕਟਰ ਬਲਦੇਵ ਪ੍ਰਕਾਸ਼ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਸਰਕਾਰ ਨੇ ਵਿਦਿਆ ਵਿਭਾਗ ਵਿਚ ਸਾਬਕਾ ਫੌਜੀਆਂ ਅਤੇ ਮਿਲਟਰੀ ਕਰਮਚਾਰੀਆਂ, ਜਿਨਾਂ ਨੇ ਲੜਾਈ ਦੇ ਮੈਦਾਨ ਵਿਚ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਹਨ, ਦੇ ਬੱਚਿਆਂ ਨੂੰ ਕੋਈ ਸਹੂਲਤਾਂ ਮੁਹੱਈਆਂ ਕੀਤੀਆਂ ਹਨ ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਹੁਣ ਤਕ ਬਣਾਏ ਗਏ ਨਿਯਮਾਂ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਕੀ ਸੁਤੰਤਰਤਾ ਸੰਗਰਾਮੀਆਂ ਅਤੇ ਕੌਮੀ ਸ਼ਹੀਦਾਂ, ਜਿਨ੍ਹਾਂ ਨੇ ਆਜ਼ਾਦੀ ਦੇ ਅੰਦੋਲਨਾਂ ਵਿਚ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ, ਦੇ ਬੱਚਿਆਂ ਨੂੰ ਵੀ ਕੋਈ ਸਹੂਲਤਾਂ ਦਿਤੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਹੁਣ ਤਕ ਬਣਾਏ ਗਏ ਨਿਯਮਾਂ ਦੀ ਨਕਲ ਸਦਨ ਦੀ ਮੇਜ਼ ਤੇ ਰਖੀ ਜਾਵੇ;

(ੲ) ਕੀ ਉਪਰੋਕਤ ਭਾਗਾਂ (ੳ) ਅਤੇ (ਅ) ਵਿਚ ਵਰਣਿਤ ਸਹੂਲਤਾਂ ਵਿਚਕਾਰ ਕੋਈ ਅੰਤਰ ਹੈ; ਜੇਕਰ ਅਜਿਹਾ ਹੋਵੇ ਤਾਂ ਕਿਸ ਹੱਦ ਤੱਕ ;

(ਸ) ਕੀ ਸਰਕਾਰ ਉਪਰੋਕਤ ਭਾਗਾਂ (ੳ) ਅਤੇ (ਅ) ਵਿਚ ਵਰਣਿਤ ਸਹੂਲਤਾਂ ਵਿਚ ਸਮਾਨਤਾ ਲਿਆਉਣ ਦਾ ਵਿਚਾਰ ਰਖਦੀ ਹੈ , ਜੇਕਰ ਨਹੀਂ ਤਾਂ ਉਸ ਦੇ ਕਾਰਨ ਕੀ ਹਨ ?

ਸ੍ਰੀ ਗੁਰਮੇਲ ਸਿੰਘ (ੳ) ਜੀ ਹਾਂ। ਸਿੱਖਿਆ ਸਹੂਲਤਾਂ ਸਬੰਧੀ ਨਿਯਮਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਜੀ ਹਾਂ। ਵਿਦਿਅਕ ਸਹੂਲਤਾਂ ਦੀ ਦਰਾਂ ਸਬੰਧੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੲ) ਜੀ ਹਾਂ । ਦੋਨਾ ਸ਼੍ਰੇਣੀਆਂ ਦੇ ਬੱਚਿਆਂ ਨੂੰ ਪ੍ਰਾਇਮਰੀ , ਮਿਡਲ, ਹਾਈ ਅਤੇ ਉਚ ਸਿਖਿਆ ਸਟੇਜ ਤੇ ਮਿਲਣ ਵਾਲੀ ਮਾਲੀ ਸਹਾਇਤਾ ਦੀਆਂ ਦਰਾਂ ਆਪਸ ਵਿਚ ਮੇਲ ਨਹੀਂ ਖਾਂਦੀਆਂ ।

(ਸ) ਨਹੀਂ ਜੀ। ਇਹ ਦੋਵੇਂ ਬਿਲਕੁਲ ਅੱਡ ਅੱਡ ਕੈਟੇਗਰੀਜ਼ ਹਨ ਅਤੇ ਇਨ੍ਹਾਂ ਦੇ ਬੱਚਿਆਂ ਨੂੰ ਮਿਲਣ ਵਾਲੀਆਂ ਸਿਖਿਅਕ ਸਹੂਲਤਾਂ ਵਿਚ ਸਮਾਨਤਾ ਲਿਆਉਣਾ ਯੋਗ ਨਹੀਂ ਹੋਵੇਗਾ ।

ਜੰਗ ਵਿਚ ਸ਼ਹੀਦ/ਨਕਾਰਾ ਹੋਏ ਫੌਜੀਆਂ ਦੇ ਬੱਚਿਆਂ ਨੂੰ ਦਿੱਤੀਆਂ ਜਾਂਦੀਆਂ ਵਿਦਿਅਕ ਸਹੂਲਤਾਂ ਦਾ ਵੇਰਵਾ ।

ਫੀਸਾਂ ਨਾ ਲੈਣ ਤੋਂ ਇਲਾਵਾ, ਪੰਜਾਬ ਸਰਕਾਰ ਦੇ ਸਿਖਿਆ ਵਿਭਾਗ ਵਿਚ ਲੜਾਈ ਵਿਚ ਸ਼ਹੀਦ/ ਨਕਾਰਾ ਹੋਏ ਹਥਿਆਰਬੰਦ ਫੌਜੀਆਂ,ਬਾਰਡਰ ਸਿਕਿਉਰਿਟੀ ਫੋਰਸ ਹੋਮ ਗਾਰਡਜ਼ ਆਰਗੇਨਾਈਜ਼ੇਸ਼ਨ ਅਤੇ ਸੈਂਟਰਲ ਰਿਜ਼ਰਵ ਪੁਲਿਸ ਦੇ ਕਰਮਚਾਰੀਆਂ ਦੇ ਸਕੂਲਾਂ/ਕਾਲਜਾਂ ਅਤੇ ਪੇਸ਼ਾਵਾਰਾਨਾ ਸੰਸਥਾਵਾਂ ਵਿਚ

(ਸਿਖਿਆ ਮੰਤਰੀ)

ਪੜ੍ਹ ਰਹੇ ਬੱਚਿਆਂ ਨੂੰ ਹੇਠ ਲਿਖਿਆਂ ਦਰਾਂ ਤੇ ਸਿਖਿਅਕ ਭੱਤੇ ਦਿੱਤੇ ਜਾਂਦੇ ਹਨ :—

(1)	ਪ੍ਰਾਇਮਰੀ ਪੱਧਰ ਤੇ	.. 10/— ਰੁ: ਪ੍ਰਤੀ ਮਹੀਨਾ
(2)	ਸੈਕੰਡਰੀ ਪੱਧਰ ਤੇ	.. 25/— ਰੁ: ਪ੍ਰਤੀ ਮਹੀਨਾ
(3)	ਕਾਲਜ/ਆਰਟਸ ਅਤੇ ਸਾਇੰਸ ਸਿਖਿਆ ਲਈ	.. 50/— ਰੁ: ਪ੍ਰਤੀ ਮਹੀਨਾ
(4)	ਤਕਨੀਕੀ ਸਿਖਿਆ ਅਤੇ ਪੇਸ਼ਾਵਾਰਾਨਾ ਸਿਖਿਆ ਲਈ	.. 75/— ਰੁ: ਪ੍ਰਤੀ ਮਹੀਨਾ
(5)	ਬਾਹਰਲੇ ਦੇਸ਼ਾਂ ਵਿਚ ਉੱਚੀ ਸਿਖਿਆ ਲਈ (ਇਹ ਭੱਤਾ ਚੀਨ ਦੀ ਲੜਾਈ ਦੇ ਕੇਸਾਂ ਵਿਚ ਲਾਗੂ ਨਹੀਂ)	.. 350/— ਰੁ: ਪ੍ਰਤੀ ਮਹੀਨਾ

ਇਹ ਸਿਖਿਅਕ ਭੱਤੇ [ਸਿਵਾਏ ਉਪਰ ਲੜੀ ਨੰ: (5) ਤੇ ਦੱਸੇ ਭੱਤੇ ਤੋਂ] 1962 ਦੇ ਚੀਨ ਦੇ ਹਮਲੇ ਦੇ ਦੌਰਾਨ ਫੌਜੀਆਂ/ਕਰਮਚਾਰੀਆਂ ਦੇ ਸ਼ਹੀਦ ਹੋਣ ਦੀ ਮਿਤੀ ਤੋਂ ਮਿਲਦੇ ਹਨ। ਇਸ ਤੋਂ ਬਾਅਦ ਦੀਆਂ ਲੜਾਈਆਂ ਦੇ ਦੌਰਾਨ ਸ਼ਹੀਦ ਹੋਏ ਫੌਜੀਆਂ/ਕਰਮਚਾਰੀਆਂ ਦੇ ਕੇਸਾਂ ਵਿਚ ਇਹ ਭੱਤੇ ਉਨ੍ਹਾਂ ਦੀ ਕੈਜ਼ੂਅਲਟੀ ਦੀ ਮਿਤੀ ਤੋਂ 7 ਸਾਲ ਦੇ ਸਮੇਂ ਤੋਂ ਬਾਅਦ ਉਨਾਂ ਦੇ ਅਜਿਹੇ ਬੱਚਿਆਂ ਨੂੰ ਦਿੱਤੇ ਜਾਂਦੇ ਹਨ, ਜਿਨ੍ਹਾਂ ਨੇ ਕਿ ਪੜ੍ਹਾਈ ਮੁਕੰਮਲ ਨਹੀਂ ਕੀਤੀ ਅਤੇ 7 ਸਾਲ ਦੇ ਅਰਸੇ ਤੋਂ ਬਾਅਦ ਵੀ ਚਲਦੀ ਰਹਿੰਦੀ ਹੈ। (ਇਹ ਇਸ ਕਰਕੇ ਹੈ ਕਿਉਂਕਿ ਭਾਰਤ ਸਰਕਾਰ ਫੌਜੀ ਅਫਸਰਾਂ ਦੇ ਕੇਸ ਵਿਚ 7 ਸਾਲ ਤਕ ਉਨ੍ਹਾਂ ਦੀ ਆਖਰੀ ਤਨਖਾਹ ਦੇ 3/4 ਹਿਸੇ ਦੇ ਬਰਾਬਰ ਅਤੇ ਹੋਰਾਂ ਦੇ ਕੇਸਾਂ ਵਿਚ ਉਨਾਂ ਦੀ ਆਖਰੀ ਤਨਖਾਹ ਦੇ ਬਰਾਬਰ ਫੈਮਿਲੀ ਪੈਨਸ਼ਨ ਦਿੰਦੀ ਹੈ।)

2. ਸੂਚਨਾ ਲਈ ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਉਪਰ ਦੱਸੀਆਂ ਸਹੂਲਤਾਂ ਤੋਂ ਇਲਾਵਾ ਅਜਿਹੇ ਫੌਜੀਆਂ/ਕਰਮਚਾਰੀਆਂ ਦੇ ਬੱਚਿਆਂ ਨੂੰ ਪੰਜਾਬ ਡਿਫੈਂਸ ਅਤੇ ਸਿਕਿਉਰਟੀ ਰਲੀਫ ਫੰਡ ਵਿਚੋਂ ਵੀ ਹੇਠਾਂ ਲਿਖੀਆਂ ਦਰਾਂ ਤੇ ਸਿਖਿਅਕ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਸਹੂਲਤਾਂ ਦੇ ਕੇਸ ਵਿਚ ਉਪਰ ਜ਼ਿਕਰ ਕੀਤੀ 7 ਸਾਲ ਵਾਲੀ ਸ਼ਰਤ ਲਾਗੂ ਨਹੀਂ ਹੈ।

ਪਹਿਲੀ ਤੋਂ ਪੰਜਵੀਂ ਸ਼ਰੇਣੀ ਤੱਕ	.. 25/— ਰੁ: ਪ੍ਰਤੀ ਸਾਲ ਪੁਸਤਕਾਂ ਵਾਸਤੇ ਅਤੇ 15/— ਰੁ: ਪ੍ਰਤੀ ਮਹੀਨਾ ਫੀਸਾਂ ਵਾਸਤੇ
ਛੇਵੀਂ ਤੋਂ ਅੱਠਵੀਂ ਸ਼ਰੇਣੀ ਤਕ	.. 50/— ਰੁ: ਪ੍ਰਤੀ ਸਾਲ ਪੁਸਤਕਾਂ ਵਾਸਤੇ ਅਤੇ 20/— ਰੁ: ਪ੍ਰਤੀ ਮਹੀਨਾ ਫੀਸਾਂ ਵਾਸਤੇ
ਨੌਵੀਂ ਤੋਂ ਗਿਆਰਵੀਂ ਸ਼ਰੇਣੀ ਤਕ	.. 200/— ਰੁ: ਪ੍ਰਤੀ ਸਾਲ ਪੁਸਤਕਾਂ ਵਾਸਤੇ ਅਤੇ 25/— ਰੁਪਏ ਪ੍ਰਤੀ ਮਹੀਨਾ ਫੀਸਾਂ ਵਾਸਤੇ
ਬੀ.ਏ. (ਟੀ.ਡੀ. ਸੀ. 1, 2 ਅਤੇ 3)	.. 300/— ਰੁ: ਪ੍ਰਤੀ ਸਾਲ ਪੁਸਤਕਾਂ ਵਾਸਤੇ ਅਤੇ 50/— ਰੁ: ਪ੍ਰਤੀ ਮਹੀਨਾ ਫੀਸਾਂ ਵਾਸਤੇ
ਐਮ.ਏ., ਐਮ.ਐਸ.ਸੀ., ਐਲ. ਐਲ.ਬੀ., ਮੈਡੀਕਲ ਅਤੇ ਇੰਜੀਨਅਰਿੰਗ ਵੀ ਸ਼ਾਮਲ ਹਨ	.. 500/— ਰੁ. ਪ੍ਰਤੀ ਸਾਲ ਪੁਸਤਕਾਂ ਵਾਸਤੇ ਅਤੇ 100/— ਰੁ: ਪ੍ਰਤੀ ਮਹੀਨਾ ਫੀਸਾਂ ਵਾਸਤੇ

ਰਾਜਸੀ ਪੀੜਤਾਂ ਦੇ ਬਚਿਆਂ ਲਈ ਵਿਦਿਅਕ ਸਹੂਲਤਾਂ ਦੀਆਂ ਪਰਵਾਨ ਕੀਤੀਆਂ ਦਰਾਂ

ਵਰਗ	ਸ਼੍ਰੇਣੀ ਦਾ ਨਾਂ	ਵਜ਼ੀਫਾ	ਪੁਸਤਕ ਗ੍ਰਾਂਟ	ਹੋਸਟਲ ਫੀਸ
1	2	3	4	5
1.	ਪ੍ਰਾਇਮਰੀ (ਪਹਿਲੀ ਤੋਂ ਪੰਜਵੀਂ) ..	5 ਰੁ: ਮਾਸਕ	10 ਰੁ: ਸਾਲਾਨਾ	1 ਰੁ: ਮਾਸਕ
2.	ਮਿਡਲ (ਛੇਵੀਂ ਤੋਂ ਅੱਠਵੀਂ) ..	10 ਰੁ: ਮਾਸਕ	20 ਰੁ: ਸਾਲਾਨਾ	1 ਰੁ: ਮਾਸਕ
3.	(1) ਮੈਟਰਿਕ (ਨੌਵੀਂ ਤੇ ਦਸਵੀਂ)			
	(2) ਉਦਯੋਗਿਕ ਸਕੂਲ (ਡਿਪਲੋਮਾ)			
	(3) ਉਦਯੋਗਿਕ ਸਿਖਲਾਈ ਸੰਸਥਾ	15 ਰੁ: ਮਾਸਕ	30 ਰੁ: ਸਾਲਾਨਾ	2.50 ਰੁ: ਮਾਸਕ
	(4) ਪਰਾਜਨਾ ਸ਼੍ਰੇਣੀ			
	(5) ਪਰਵੇਸ਼ਕਾ ਸ਼੍ਰੇਣੀ			
4.	ਹਾਇਰ ਸੈਕੰਡਰੀ (ਨੌਵੀਂ ਤੋਂ ਗਿਆਰਵੀਂ) ..	15 ਰੁ: ਮਾਸਕ	50 ਰੁ: ਸਾਲਾਨਾ	3 ਰੁ: ਮਾਸਕ
5.	(1) ਪ੍ਰੈਪ, ਤੇ ਐਫ.ਏ. ਤੇ ਐਫ.ਐਸ.ਸੀ.			
	(2) ਗੌਰਮਿੰਟ ਸਰੀਰਕ ਸਿਖਿਆ, ਪਟਿਆਲਾ			
	(3) ਜੇ. ਬੀ. ਟੀ.			
	(4) ਪੋਲੀਟੈਕਨਿਕ ਸੰਸਥਾਵਾਂ (ਓਵਰ-ਸੀਅਰ ਆਦਿ)			
	(5) ਦਰੋਗਾ ਸ਼ਹਿਰ ਸਫਾਈ ਸ਼੍ਰੇਣੀਆਂ	20 ਰੁ: ਮਾਸਕ	50 ਰੁ: ਸਾਲਾਨਾ	5 ਰੁ: ਮਾਸਕ
	(6) ਨਰਸਾਂ ਦੀ ਸਿਖਲਾਈ			
	(7) ਵਿਸ਼ਾਰਦ ਸ਼੍ਰੇਣੀ			
	(8) ਕਲਾ ਤੇ ਦਸਤਕਾਰੀ ਅਧਿਆਪਕ ਸਿਖਲਾਈ ਸੰਸਥਾਵਾਂ			
	(9) ਗੌਰਮਿੰਟ ਜੂਨੀਅਰ ਟੈਕਨੀਕਲ ਸਕੂਲ			
6.	ਬੀ.ਏ. ਅਤੇ ਬੀ. ਐਸ. ਸੀ. ..	20 ਰੁ: ਮਾਸਕ	75 ਰੁ: ਸਾਲਾਨਾ	8 ਰੁ. ਮਾਸਕ
7.	(1) ਐਮ.ਏ. ਅਤੇ ਐਮ.ਐਸ.ਸੀ.			
	(2) ਐਲ.ਐਲ.ਬੀ.			
	(3) ਬੀ ਟੀ. ਅਤੇ ਬੀ. ਐਡ.			
	(4) ਡਾਕਟਰੀ ਐਲ.ਐਸ. ਐਮ. ਐਫ. ਤੇ ਐਮ. ਬੀ. ਬੀ. ਐਸ.	25 ਰ: ਮਾਸਕ	75 ਰੁ. ਸਾਲਾਨਾ	10.50 ਰੁ: ਮਾਸਕ
	(5) ਆਯੁਰਵੈਦਿਕ ਕਾਲਜ			
	(6) ਫਾਰਮੇਸੀ ਵਿਚ ਡਿਪਲੋਮਾ			
	(7) ਖੇਤੀਬਾੜੀ ਕਾਲਜ			
	(8) ਇੰਜਨੀਅਰਿੰਗ ਕਾਲਜ (ਰਸਾਇਣਿਕ) ਇੰਜੀਨੀਅਰਿੰਗ ਤੇ ਟੈਕਨੋਲੋਜੀ ਉਤਪਾਦਨ, ਐਰੋਨੌਟੀਕਲ, ਸਿਵਿਲ ਇਲੈਕਟਰੀਕਲ ਤੇ ਮਕੈਨੀਕਲ ਇੰਜੀਨੀਅਰਿੰਗ			
8.	ਜੇ.ਟੀ. ਅਤੇ ਐਸ.ਟੀ.	..	50 ਰੁ: ਸਾਲਾਨਾ	...

ਸਰਕਾਰ ਦੁਆਰਾ ਪਿੰਡ ਖਾਲੜਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਕਣਕ ਸਟੋਰ ਕਰਨ ਲਈ ਕਿਰਾਏ ਤੇ ਲਈਆਂ ਗਈਆਂ ਇਮਾਰਤਾਂ

916. **ਡਾਕਟਰ ਬਲਦੇਵ ਪ੍ਰਕਾਸ਼** : ਕੀ ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ —

(ੳ) ਕੀ ਸਰਕਾਰ ਨੇ 1 ਜਨਵਰੀ, 1970 ਅਤੇ 31 ਮਾਰਚ, 1973 ਦੇ ਸਮੇਂ ਵਿਚਕਾਰ ਕਣਕ ਸਟੋਰ ਕਰਨ ਲਈ ਖਾਲੜਾ ਵਿਚ ਭਾਰਤ ਸੇਵਾ ਆਸ਼ਰਮ ਦੀ ਇਮਾਰਤ ਸਮੇਤ ਪਿੰਡ ਖਾਲੜਾ, ਜ਼ਿਲਾ ਅੰਮ੍ਰਿਤਸਰ ਵਿਚ ਕੋਈ ਇਮਾਰਤਾਂ ਕਿਰਾਏ ਤੇ ਲਈਆਂ ਸਨ ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਬਿਲਡਿੰਗਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਉਕਤ ਹਰ ਇਕ ਬਿਲਡਿੰਗ ਲਈ, ਪ੍ਰਤੀ ਮਹੀਨਾ ਕਿੰਨਾ ਕਿਰਾਇਆ ਨਿਸ਼ਚਿਤ ਕੀਤਾ ਗਿਆ;

(ੲ) ਸਰਕਾਰ ਨੇ ਇਹ ਬਿਲਡਿੰਗਾਂ ਕਿੰਨੇ ਸਮੇਂ ਲਈ ਆਪਣੇ ਪਾਸ ਰੱਖੀਆਂ ਅਤੇ ਹਰ ਇਕ ਕੇਸ ਵਿਚ ਕਿਰਾਏ ਦੀ ਕੁਲ ਕਿੰਨੀ ਰਕਮ ਅਦਾ ਕੀਤੀ ਗਈ;

(ਸ) ਉਨ੍ਹਾਂ ਵਿਅਕਤੀਆਂ ਦੇ ਨਾਮ ਕੀ ਹਨ ਜਿਨ੍ਹਾਂ ਨੂੰ ਉਕਤ ਬਿਲਡਿੰਗਾਂ ਦਾ ਕਿਰਾਇਆ ਅਦਾ ਕੀਤਾ ਗਿਆ ਅਤੇ ਵੱਖ ਵੱਖ ਤੌਰ ਤੇ ਹਰ ਇਕ ਕੇਸ ਵਿਚ ਹਰ ਮਹੀਨੇ ਕਿਰਾਏ ਦੀ ਅਦਾਇਗੀ ਕਿਸ ਕਿਸ ਤਰੀਖ ਨੂੰ ਕੀਤੀ ?

ਸਰਦਾਰ ਗੁਰਦਰਸ਼ਨ ਸਿੰਘ : (ੳ) ਸਰਕਾਰ ਨੇ 1 ਜਨਵਰੀ, 1970 ਅਤੇ 31 ਮਾਰਚ 1973 ਦੇ ਸਮੇਂ ਵਿਚਕਾਰ ਕਣਕ ਸਟੋਰ ਕਰਨ ਲਈ ਪਿੰਡ ਖਾਲੜਾ, ਜ਼ਿਲਾ ਅੰਮ੍ਰਿਤਸਰ ਵਿਖੇ ਇਮਾਰਤਾਂ ਕਿਰਾਏ ਤੇ ਲਈਆਂ ਸਨ ਪ੍ਰੰਤੂ ਭਾਰਤ ਸੇਵਾ ਆਸ਼ਰਮ ਦੀ ਕੋਈ ਇਮਾਰਤ ਇਸ ਸਮੇਂ ਦੇ ਦੌਰਾਨ ਸਰਕਾਰੀ ਕਣਕ ਭੰਡਾਰ ਕਰਨ ਲਈ ਕਿਰਾਏ ਤੇ ਨਹੀਂ ਲਈ ਸੀ । ਜੋ ਇਮਾਰਤਾਂ ਕਿਰਾਏ ਤੇ ਲਈਆਂ ਗਈਆਂ ਸਨ ਉਨ੍ਹਾਂ ਦੀ ਸੂਚੀ ਅਨੈਕਸਚਰ 'ੳ' ਤੇ (ਕਾਲਮ ਨੰ 2) ਤੇ ਦਿੱਤੀ ਹੈ ।

(ਅ) ਕਿਰਾਏ ਦਾ ਵੇਰਵਾ ਅਨੈਕਸਚਰ "ੳ" ਦੇ ਕਾਲਮ ਨੰ: 3 ਵਿਚ ਦਰਜ ਹੈ ਜੀ ।

(ੲ) ਲੋੜੀਂਦਾ ਵੇਰਵਾ ਅਨੈਕਸਚਰ "ੳ" ਤੇ ਕਾਲਮ ਨੰ: 4 ਅਤੇ 5 ਵਿਚ ਦਰਜ ਹੈ ਜੀ ।

(ਸ) ਲੋੜੀਂਦਾ ਵੇਰਵਾ ਅਨੈਕਸਚਰ "ੳ" ਦੇ ਕਾਲਮ ਨੰ: 6 ਅਤੇ 7 ਵਿਚ ਦਿੱਤਾ ਗਿਆ ਹੈ ਜੀ ।

ਕ੍ਰਮ ਨੰ:	ਇਮਾਰਤ ਦਾ ਨਾਂ ਗੁਦਾਮ ਨੰ:	ਕਿਰਾਇਆ ਪ੍ਰਤੀ ਮਹੀਨਾ	ਸਮਾਂ ਕਿਰਾਏ ਤੇ ਰਖਣ ਦਾ	ਕਿਰਾਏ ਦੀ ਕੁਲ ਅਦਾਇਗੀ	ਇਮਾਰਤ ਦੇ ਮਾਲਕ ਦਾ ਨਾਂ	ਕਿਰਾਇਆ ਦੇਣ ਦੀ ਮਿਤੀ ਸਮਾਂ	ਅਦਾਇਗੀ ਦੀ ਮਿਤੀ
1	2	3	4	5	6	7	8
		ਰੁ. ਪੈ.		ਰੁ. ਪੈ.			
1.	1	52.30	1–1–70 ਤੋਂ 1–3–71	762.56	ਸ੍ਰੀ ਤੀਰਥ ਰਾਮ-ਕਿਧਾਰ ਨਾਥ	1–1–70 ਤੋਂ 28–2–70	4–3–70
						1–3–70 ਤੋਂ 30–11–70	8–3–71
						1–12–70 ਤੋਂ 28–2–71	8–3-71
						1–5–71 ਤੋਂ 16–3–71	26-8–71
2.	16	11.40	1–1–70 ਤੋ 30–9–72	376.20	ਸ੍ਰੀ ਕਾਹਨ ਚੰਦ	1–1–70 ਤੋਂ 28–2–70	4–3-70
						1–3–70 ਤੋਂ 30–11–70	15–12–70
						1–12–70 ਤੋਂ 28–2–71	9–3–71
						1–3–71 ਤੋਂ 31–7–71	26–8–71
						1–8–71 ਤੋਂ 29–2–72	14–3–72
						1–3–72 ਤੋਂ 31–5–72	24–8–72
						1–6–72 ਤੋਂ 31–7–72	24–8–72
						1–8–72 ਤੋਂ 30–9–72	19–10–72

1	2	3	4	5		6	7
3.	4	12.00	1–1–70 ਤੋਂ 28–2–70	24.00	ਸ੍ਰੀ ਤੇਜਾ ਸਿੰਘ	1–1–70 ਤੋਂ 28–2–70	17–3–70
			1–3–70 ਤੋਂ 31–5–72	324.00	ਸ੍ਰੀ ਰਾਮ ਸਿੰਘ	1–3–70 ਤੋਂ 28–2–71	26–8–71
						1–3–71 ਤੋਂ 31–5–72	5–5–73
4.	6	27.85	1–1–70 ਤੋਂ 19–9–70	240.43	ਸ੍ਰੀ ਪਿਸ਼ੌਰੀ ਲਾਲ	1–1–70 ਤੋਂ 28–2–70	4–3–70
						1–3–70 ਤੋਂ 19–9–70	15–12–70
5.	9	25.00	1–1–70 ਤੋਂ 28–2–70	25.00	ਸ੍ਰੀ ਤੇਜਾ ਸਿੰਘ	1–1–70 ਤੋਂ 28–2–70	7–10–70
6.	9	25.00	1–3–70 ਤੋਂ 31–5–72	675.00	ਸ੍ਰੀ ਰਾਮ ਸਿੰਘ	1–3–70 ਤੋਂ 31–12–70	22–1–71
						1–1–71 ਤੋਂ 28–2–71	15–5–71
						1–3–71 ਤੋਂ 31–3–71	15–10–71
						1–4–71 ਤੋਂ 30–11–71	15–2–72
						1–12–71 ਤੋਂ 29–2–72	18–5–72
						1–3–72 ਤੋਂ 31–5–72	24–8–72
7.	11	30.00	1–1–70 ਤੋਂ 29–9–70	260.00	ਸ੍ਰੀ ਸਤਪਾਲ	1–1–70 ਤੋਂ 28–2–70	4–3–70
						1–3–70 ਤੋਂ 29–9–70	15–12–70
8.	12	30.00	1–1–70 ਤੋਂ 19–9–70	259.00	ਸ੍ਰੀ ਪਿਸ਼ੌਰੀ ਲਾਲ	1–1–70 ਤੋਂ 28–2–70	4–3–70
						1–3–70 ਤੋਂ 19–9–70	15–12 70

9.	13	25.09	1–1–70 ਤੋਂ 31–5–72	725.00	ਸ੍ਰੀ ਅਨੋਲਕ ਰਾਮ	1–1–70 ਤੋਂ 28–2–70	[illegible]–3–70
						1–3–70 ਤੋਂ 31–12–70	8–1–71
						1–1–71 ਤੋਂ 28–2–71	9–3–71
						1–3–71 ਤੋਂ 30–9–71	13–10–71
						1–10–71 ਤੋਂ 29–2–72	14–3–72
						1–3–72 ਤੋਂ 31–5–72	24–8–72
10.	14	19.20	1–1–70 ਤੋਂ 29–9–70	172.16	ਸ੍ਰੀ ਲਾਲ ਚੰਦ	1–1–70 ਤੋਂ 28–2–70	4–3–70
						1–3–70 ਤੋਂ 29–9–70	15–12–70
11.	15	9.00	1–1–70 ਤੋਂ 31–10–70	90.00	ਸ੍ਰੀ ਲਾਲ ਚੰਦ	1–1–70 ਤੋਂ 28–2–70	4–3–70
						1–3–70 ਤੋਂ 31–10–70	15–12–70
12.	5	15.00	1–1–70 ਤੋਂ 28–2–70	30.00	ਸ੍ਰੀ ਦਿਲਬਾਗ ਰਾਏ	1–1–70 ਤੋਂ 28–2–70	4–3–70
13.	5	15.00	1–3–70 ਤੋਂ 31–5–72	405.00	ਸ੍ਰੀ ਅਨੰਤ ਰਾਮ	1–3–70 ਤੋਂ 30–11–70	15–12–70
						1–12–70 ਤੋਂ 29–2–71	9–3–71
						1–3–71 ਤੋਂ 30–6–71	26–8–71
						1–7–71 ਤੋਂ 29–2–72	14–3–72
						1–3–72 ਤੋਂ 31–5–72	21–7–72
14.	8	13.20	1–1–70 ਤੋਂ 29–2–72	343.20	ਸ੍ਰੀ ਪੂਰਨ ਚੰਦ	1–1–70 ਤੋਂ 28–2–70	4–3–70
						1–3–70 ਤੋਂ 30–11–70	15–12–70
						1–12–70 ਤੋਂ 29–2–71	9–3–71

(ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ)

1	2	3	4	5	6	7	8
						1-3-71 ਤੋਂ 31-7-71	26-8-71
						1-8-71 ਤੋਂ 29-2-72	14-3-72
15.	2	46.70	1-1-70 ਤੋਂ 31-5-72	1,356.04	ਸ਼੍ਰੀ ਸਾਲਗ ਰਾਮ	1-1-70 ਤੋਂ 28-2-70	4-3-70
						1-3-70 ਤੋਂ 30-11-70	15-12-70
						1-12-70 ਤੋਂ 29-2-71	9-3-71
						1-3-71 ਤੋਂ 30-9-71	13-10-71
						1-10-71 ਤੋਂ 29-2-72	28-3-72
						1-3-72 ਤੋਂ 31-5-72	24-8-72
16.	3	8.19	1-1-70 ਤੋਂ 31-5-72	237.51	ਸ਼੍ਰੀ ਮੱਖਣ ਸਿੰਘ	1-1-70 ਤੋਂ 31-1-70	12-2-70
						1-2-70 ਤੋਂ 28-2-70	4-3-70
						1-3-70 ਤੋਂ 30-11-70	15-12-70
						1-12-70 ਤੋਂ 29-2-71	9-3-71
						1-3-71 ਤੋਂ 30-9-71	14-10-71
						1-10-71 ਤੋਂ 29-2-72	14-3-72
						1-3-72 ਤੋਂ 31-5-72	24-8-72
17.	7	9.90	1-1-70 ਤੋਂ 29-2-72	356.40	ਸ਼੍ਰੀ ਸਾਂਈ ਦਾਸ	1-1-70 ਤੋਂ 31-1-70	12-2-70
			1-3-72 ਤੋਂ 31-5-72	29.70	ਸ਼੍ਰੀ ਸਾਂਈਂ ਦਾਸ	1-2-70 ਤੋਂ 28-2-70	4-3-70

						1–3–70 ਤੋਂ 31–11–70	15–12–70
						1–12–70 ਤੋਂ 31–12–70	8–1–70
						1–1–71 ਤੋਂ 29–2–71	9–3–71
						1–3–71 ਤੋਂ 31–7–71	26–8–71
						1–8–71 ਤੋਂ 29–2–72	14–3–72
						1–3–72 ਤੋਂ 31–5–72	15–9–72
18.	10	17.92	1–1–70 ਤੋਂ 31–5–72	519.68	ਸ੍ਰੀ ਸਾਂਈ ਦਾਸ	1–1–70 ਤੋਂ 31–1–70	12–2–70
						1–2–70 ਤੋਂ 28–2–70	4–3–70
						1–3–70 ਤੋਂ 31–12–70	8–1–71
						1–1–71 ਤੋਂ 28–2–71	9–3–71
						1–3–71 ਤੋਂ 31–7–71	28–8–71
						1–8–71 ਤੋਂ 29–2–72	14–3–72
						1–3–72 ਤੋਂ 31–5–72	15–9–72
19.	18	51.20	1–5–71 ਤੋਂ 31–5–72	665.60	ਸ੍ਰੀ ਲੇਖ ਰਾਜ ਧਵਨ	1–5–71 ਤੋਂ 29–2–72	12–4–72
			1–5–73 ਤੋਂ 31–7–73	153.60	ਸ੍ਰੀ ਲੇਖ ਰਾਜ ਧਵਨ	1–3–72 ਤੋਂ 31–5–72	24–8–72
						1–5–73 ਤੋਂ 31–7–73	12–11–73
20.	19	90.00	11–4–71 ਤੋਂ 31–5–72	1,230.00	ਸ੍ਰੀ ਤੀਰਥ ਰਾਮ ਸ਼ਰਮਾ	11–4–71 ਤੋਂ 29–2–72	30–3–72
						1–3–72 ਤੋਂ 31–5–72	24–8–72

(ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ

1	2	3	4	5	6	7	8
21.	17	60.00	16–4–71 ਤੋਂ 31–5–72	810.00	ਸ੍ਰੀ ਗੁਰਬਚਨ ਦਾਸ ਮਾਰਫਤ ਬਾਲਮੁਕੰਦ ਐਂਡ ਸਨਜ਼	16–4–71 ਤੋਂ 29–2–72 1–3–72 ਤੋਂ 31–5–72	28–3-72 24–8–72
22.	20	83.51	7–6–71 ਤੋਂ 10–7–71	93.75	ਟਰਸਟ ਕਾਂਗਰਸ ਹਾਲ ਰਾਹੀਂ ਸ੍ਰੀ ਹਰਬੰਸ ਲਾਲ ਕਮਿਸ਼ਨ ਏਜੰਟ	7–6–71 ਤੋਂ 10–7–71	14-3–72
23.	25	20.00	1–7–71 ਤੋਂ 31–5–72	220.00	ਸ੍ਰੀ ਸਤਪਾਲ ਧਵਨ	1–7–71 ਤੋਂ 30–11–72 1–12–71 ਤੋਂ 29–2–72 1–3–72 ਤੋਂ 31–5–72	24-8–72 24–8–72 24–8–72

ਪੰਜਾਬ ਲੇਬਰ ਵੈਲਫੇਅਰ ਬੋਰਡ

917. **ਕਾਮਰੇਡ ਸੱਤ ਪਾਲ ਡਾਂਗ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਦਸੰਬਰ, 1974 ਨੂੰ ਪੰਜਾਬ ਲੇਬਰ ਵੈਲ ਫੇਅਰ ਬੋਰਡ ਪਾਸ ਕੁੱਲ ਕਿੰਨਾ ਫੰਡ ਸੀ ?

ਸ੍ਰੀ ਹੰਸ ਰਾਜ ਸ਼ਰਮਾ : 5,79,030.95 ਰੁਪਏ (ਸਣੇ 4,50,000/– ਰੁਪਏ ਦੀ ਸਰਕਾਰ ਵੱਲੋਂ ਦਿੱਤੀ ਗਰਾਂਟ ਦੇ)।

ਅਪਰ ਬਾਰੀ ਦੋਆਬ ਕੇਨਾਲ ਸਰਕਲ, ਅੰਮ੍ਰਿਤਸਰ ਦੀ ਹਰ ਇਕ ਨਹਿਰ ਦਾ ਰੋਟੇਸ਼ਨ ਪ੍ਰੋਗਰਾਮ

918. **ਡਾਕਟਰ ਬਲਦੇਵ ਪ੍ਰਕਾਸ਼ :** ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਸੌਣੀ ਅਤੇ ਹਾੜ੍ਹੀ ਦੀਆਂ ਫਸਲਾਂ ਲਈ ਅੰਗਰੇਜ਼ੀ ਰਾਜ ਦੇ ਦੌਰਾਨ ਅਪਰ ਬਾਰੀ ਦੋਆਬ ਕੇਨਾਲ ਸਰਕਲ, ਅੰਮ੍ਰਿਤਸਰ ਵਿਚ ਹਰ ਇਕ ਨਹਿਰ ਦੇ ਮਨਜ਼ੂਰ ਸ਼ੁਦਾ ਰੋਟੇਸ਼ਨ ਪ੍ਰੋਗਰਾਮ ਸਬੰਧੀ ਵਾਹੀਕਾਰਾਂ ਵਿਚਕਾਰ ਦਸਤੀ ਇਸ਼ਤਿਹਾਰ ਛਾਪੇ ਅਤੇ ਮੁਫਤ ਵੰਡੇ ਜਾਇਆ ਕਰਦੇ ਸਨ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਕਿਸੇ ਦਸਤੀ ਇਸ਼ਤਿਹਾਰ ਦੀ ਨਕਲ, ਜੇਕਰ ਸਰਕਾਰ ਪਾਸ ਮੌਜੂਦ ਹੋਵੇ, ਸਦਨ ਤੀ ਮੇਜ਼ ਤੇ ਰੱਖੀ ਜਾਵੇ;

(ਅ) ਕੀ ਉਪਰੋਕਤ ਪ੍ਰਥਾ ਜਾਰੀ ਰੱਖੀ ਜਾ ਰਹੀ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ;

(ੲ) ਕੀ ਹਾੜ੍ਹੀ ਅਤੇ ਸੌਣੀ ਦੀਆਂ ਫਸਲਾਂ ਦੇ ਦੌਰਾਨ ਉਪਰੋਕਤ ਨਹਿਰਾਂ ਦੇ ਰੋਟੇਸ਼ਨ ਪ੍ਰੋਗਰਾਮ ਬਾਰੇ ਦੱਸਣ ਲਈ ਕੋਈ ਹੋਰ ਤਰੀਕਾ ਅਖ਼ਤਿਆਰ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : (ੳ) ਹਾਂ ਜੀ,ਠੀਕ ਹੈ। ਅੰਗਰੇਜ਼ੀ ਰਾਜ ਵਿਚ ਰੋਟੇਸ਼ਨ ਪਰੋਗਰਾਮ ਜ਼ਿਮੀਂਦਾਰਾਂ ਵਿਚ ਦਸਤੀ ਇਸ਼ਤਿਹਾਰ ਛਾਪ ਕੇ ਵੰਡਿਆ ਜਾਂਦਾ ਸੀ ਜਿਹੜਾ ਕਿ ਕੇਵਲ ਹਾੜ੍ਹੀ ਦੀ ਫਸਲ ਲਈ ਹੁੰਦਾ ਸੀ। 1946–47 ਵਿਚ ਵੰਡੇ ਗਏ ਇਸ਼ਤਿਹਾਰ ਦੀ ਇਕ ਨਕਲ ਨਾਲ ਲਾਈ ਜਾਂਦੀ ਹੈ।

(ਅ) ਜ਼ਿਮੀਂਦਾਰਾਂ ਨੂੰ ਸੂਚਿਤ ਕਰਨ ਦੀ ਪ੍ਰਥਾ ਅਜੇ ਵੀ ਕਾਇਮ ਹੈ।

(ੲ) ਇਨ੍ਹਾਂ ਦਿਨਾਂ ਵਿਚ ਅਸੀਂ ਜਿਹੜੀ ਪ੍ਰਥਾ ਕਾਇਮ ਰੱਖੀ ਹੈ, ਉਹ ਇਹ ਹੈ ਕਿ ਜ਼ਿਮੀਂਦਾਰਾਂ ਨੂੰ ਰੈਵੀਨਿਊ ਅਮਲੇ ਰਾਹੀਂ ਸੂਚਿਤ ਕਰ ਦਿੱਤਾ ਜਾਂਦਾ ਹੈ ਬਜਾਏ ਕਿ ਇਸ਼ਤਿਹਾਰਾਂ ਰਾਹੀਂ ਸੂਚਿਤ ਕਰਨ ਦੇ ਜਿਵੇਂ ਕਿ ਅੰਗਰੇਜ਼ੀ ਰਾਜ ਵਿਚ ਪ੍ਰਥਾ ਸੀ।

گوشوارہ پروگرام واریاں نہر ابرپاری حساب بابت سال 1946-47

میں لائی نمبر	لائی نمبر 2	لائی نمبر 1	تعداد ایام	ختم وقت	ختم تاریخ	شروع وقت	شروع تاریخ
		(1) وقت آبپاشی فصل خریف					
پہلی	دوسری واری	تیسری واری	8 دن	8 بجے صبح	17.9.46	8 بجے صبح	9.9.46
پہلی	تیسری	دوسری "	8 دن	8 بجے صبح	25.9.46	8 بجے صبح	17.9.46
تیسری	پہلی	دوسری "	8 دن	8 بجے صبح	3.10.46	8 بجے صبح	25.9.46
تیسری	دوسری	پہلی "	8 دن	8 بجے صبح	11.10.46	8 بجے صبح	3.10.46
پہلی	دوسری	تیسری	8 دن	8 بجے صبح	19.10.46	8 بجے صبح	11.10.46
پہلی	تیسری	دوسری	8 دن	8 بجے صبح	27.10.46	8 بجے صبح	19.10.46
تیسری	پہلی	دوسری	8 دن	8 بجے صبح	4.11.46	8 بجے صبح	27.10.46
تیسری	دوسری	پہلی	8 دن	8 بجے صبح	12.11.46	8 بجے صبح	4.11.46
	وقت	لقایا	8 دن	8 بجے صبح	2.11.46	8 بجے صبح	12.11.46

۲ - وقت آبپاشی کور (ربیع آبپاشی)

پہلی	دوسری	تیسری	8 دن	8 بجے صبح	28.11.46	8 بجے صبح	20.11.46
پہلی	تیسری	دوسری	" 8	" " 8	6.12.46	" " 8	28.11.46
تیسری	پہلی	دوسری	" 8	" " 8	14.12.46	" " 8	6.12.46
تیسری	دوسری	پہلی	" 8	" " 8	22.12.46	" " 8	14.12.46
پہلی	دوسری	تیسری	" 8	" " 8	30.12.46	" " 8	22.12.46
پہلی	تیسری	دوسری	" 8	" " 8	7.1.47	" " 8	30.12.46
تیسری	پہلی	دوسری	" 8	" " 8	15.1.47	" " 8	7.1.47
تیسری	دوسری	پہلی	" 8	" " 8	23.1.47	" " 8	15.1.47
	وقت	لقایا	" 8	" " 8	31.1.47	" " 8	23.1.47
نہر	بندی	سالانہ	" 14	" " 8	14.2.47	" " 8	31.1.47

۳ - وقت پختگی فصل

پہلی	دوسری	تیسری	10 دن	8 بجے صبح	24.2.47	8 بجے صبح	14.2.47
پہلی	تیسری	دوسری	8 دن	" 8	4.3.47	" " 8	24.2.47
تیسری	پہلی	دوسری	" 8	" 8	12.3.47	" " 8	4.3.47
تیسری	دوسری	پہلی	" 8	" 8	20.3.47	" " 8	12.3.47
		لقایا	" 8	" 8	28.3.47	" " 8	20.3.47

نوٹ - جناب صاحب بہادر سپرنٹنڈنگ انجینئر [illegible] حساب کو حق حاصل ہے کہ وہ [illegible] وقت ضرورت واریاں [illegible] پروگرام [illegible] بندی کی تاریخ میں [illegible] کے حوالہ [illegible] پانی کی [illegible] تقسیم میں تبدیلی کریں۔ [illegible] صاحب بہادر سپرنٹنڈنگ انجینئر [illegible]

UNSTARRED QUESTION NO. 919

(Extension has been asked for in respect of Unstarred Question No. 919)

ਵਿਧਾਨ ਸਭਾ ਦੇ ਬਿਨਾਂ ਤਾਰੇ ਦੇ ਸਵਾਲ ਨੰ: 919 ਜੋ ਮਿਤੀ 8 ਜਨਵਰੀ, 1975 ਲਈ ਸੁਆਲਾਂ ਦੀ ਸੂਚੀ ਵਿਚ ਗਿਆਨੀ ਕੁੰਦਨ ਸਿੰਘ ਪਤੰਗ, ਐਮ.ਐਲ.ਏ., ਦੇ ਨਾਂ ਹੇਠ ਦਰਜ਼ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋਇਆ, ਕਿਉਂਕਿ ਵਿਧਾਨ ਸਭਾ ਸਕੱਤਰੇਤ ਵੱਲੋਂ ਇਸ ਦਾ ਨੋਟਿਸ ਬਹੁਤ ਦੇਰੀ ਨਾਲ, ਮਿਤੀ 30 ਦਸੰਬਰ, 1974 ਨੂੰ ਪ੍ਰਾਪਤ ਹੋਇਆ ਹੈ।

ਲੋੜੀਂਦੀ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ, ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

ਰਾਜ ਮੰਤਰੀ, ਲੋਕ ਨਿਰਮਾਣ, ਪੰਜਾਬ।

ਸੇਵਾ ਵਿਖੇ,

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗੈ: ਸ: ਨੰ: 177 (ਵਿ.ਸ.) ਦਸ 2(1) 74, ਮਿਤੀ ਚੰਡੀਗੜ੍ਹ 7 ਜਨਵਰੀ, 1975

UNSTARRED QUESTION NO. 920

Hans Raj Sharma

(Extension has been asked for in respect of Unstarred Question No. 920.)

ਪਿਆਰੇ ਡਾਕਟਰ ਕੇਵਲ ਕ੍ਰਿਸ਼ਨ ਜੀ,

D.O. No. 15717-2C 2-74/
Minister,
Finance Department, Punjab,
Chandigarh.

ਮਿਤੀ 7 ਜਨਵਰੀ, 1975

ਪੰਜਾਬ ਵਿਧਾਨ ਸਭਾ ਦੇ ਅਨਸਟਾਰਡ ਸੁਆਲ ਨੰ: 920 ਜੋ ਮਿਤੀ 8 ਜਨਵਰੀ, 1975 ਲਈ ਸੁਆਲਾਂ ਦੀ ਸੂਚੀ ਵਿਚ ਸਰਦਾਰ ਪ੍ਰੇਮ ਸਿੰਘ ਪ੍ਰੇਮ, ਐਮ. ਐਲ., ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਮਿਤੀ 18 ਜਨਵਰੀ, 1975 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ।

ਆਪ ਜੀ ਦਾ ਵਿਸ਼ਵਾਸਪਾਤਰ,

ਸਹੀ/—
(ਹੰਸ ਰਾਜ ਸ਼ਰਮਾ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

ਸਾਲਾਂ 1973–74 ਅਤੇ 1974–75 ਦੇ ਦੌਰਾਨ ਮਿਊਂਸਪਲ ਕਮੇਟੀ, ਜਲੰਧਰ ਲਈ ਮਨਜ਼ੂਰ ਕੀਤਾ ਗਿਆ ਕਰਜ਼ਾ ਅਤੇ ਗਰਾਂਟ

921. **ਸ਼੍ਰੀ ਗੁਰਦਿਆਲ ਸੈਣੀ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਾਲ 1973–74 ਦੇ ਦੌਰਾਨ ਸਰਕਾਰ ਦੁਆਰਾ ਮਿਊਂਸਪਲ ਕਮੇਟੀ, ਜਲੰਧਰ ਲਈ ਵੱਖ ਵੱਖ ਕਰਜ਼ੇ ਅਤੇ ਗਰਾਂਟ ਦੀ ਕਿੰਨੀ ਰਕਮ ਮਨਜ਼ੂਰ ਕੀਤੀ ਗਈ ਅਤੇ ਇਸ ਰਕਮ ਵਿੱਚੋਂ ਕਿੰਨੀ ਰਕਮ ਦਿੱਤੀ ਜਾ ਚੁਕੀ ਹੈ ;

(ਅ) ਚਾਲੂ ਮਾਲੀ ਸਾਲ 1974–75 ਦੇ ਦੌਰਾਨ ਉਕਤ ਕਮੇਟੀ ਲਈ ਕਰਜ਼ੇ/ਗਰਾਂਟ ਦੀ ਕਿੰਨੀ ਰਕਮ ਮਨਜ਼ੂਰ ਕੀਤੀ ਜਾ ਰਹੀ ਹੈ ਅਤੇ ਉਸ ਵਿਚੋਂ ਕਿੰਨੀ ਰਕਮ ਦਿੱਤੀ ਜਾ ਰਹੀ ਹੈ ਅਤੇ ਕਦੋਂ ?

ਸ਼੍ਰੀ ਹੰਸ ਰਾਜ ਸ਼ਰਮਾ : (ੳ) ਨਗਰਪਾਲਕਾ, ਜਲੰਧਰ ਨੂੰ ਸਾਲ 1973–74 ਦੌਰਾਨ ਹੇਠ ਲਿਖੀਆਂ ਰਕਮਾਂ ਬਤੌਰ ਕਰਜ਼ਾ ਅਤੇ ਗਰਾਂਟ ਮਨਜ਼ੂਰ ਕੀਤੀਆਂ ਗਈਆਂ ਸਨ ਅਤੇ ਇਹ ਸਾਰੀਆਂ 1973–74 ਦੌਰਾਨ ਹੀ ਦਿੱਤੀਆਂ ਜਾ ਚੁੱਕੀਆਂ ਹਨ :—

ਸੀ. ਨੂੰ:	ਸਕੀਮ ਦਾ ਨਾਂ	ਕਰਜ਼ਾ (ਰੁਪਏ)	ਗਰਾਂਟ (ਰੁਪਏ)
1.	ਇੰਟੈਗਰੇਟਿਡ ਸਿਟੀ ਡਿਵੈਲਪਮੈਂਟ, ਪਰੋਗਰਾਮ (ਚੌਕਾਂ ਦਾ ਵਿਕਾਸ)	1,20,000.00	1,20,000.00
2.	ਸਿਵਿਕ ਅਮੈਨਟੀਜ਼ ਸਕੀਮ (ਯੂਰੀਨਲ/ਲੈਟਰੀਨਾਂ ਲਈ) ..	80,000.00	40,000,00
3.	ਅਰਬਨ ਡਿਵੈਲਪਮੈਂਟ ਸਕੀਮ (ਡਰੇਨਜ ਅਤੇ ਸੀਵਰੇਜ ਮੁਹੱਲਾ ਕੋਟ ਕਿਸ਼ਨ ਚੰਦ) ..	5,00,000.00	1,00,000.00
4.	ਸਲੱਮ ਕਲੀਅਰੈਂਸ/ਸਲੱਮ ਇੰਪਰੂਵਮੈਂਟ ਸਕੀਮ (ਸੀਵਰੇਜ ਸਕੀਮ ਭਾਰਗੋ ਕੈਂਪ, ਜਲੰਧਰ) ..	1,44,000.00	1,08,000.00
5.	ਵਾਟਰ ਸਪਲਾਈ/ਸੀਵਰੇਜ ਸਕੀਮ (ਮੁਹੱਲਾ ਬੂਟਾਂ ਮੰਡੀ) ..	99,000,00	—
6.	ਪਰੋਵਾਈਡਿੰਗ ਐਡੀਸ਼ਨਲ ਟੈਂਪਰੇਰੀ, ਸੱਲੇਜ ਪੰਪਿੰਗ ਸਟੇਸ਼ਨ ਗੜ੍ਹਾ ਡਿਸਪੋਜ਼ਲ ਵਰਕਸ, ਜਲੰਧਰ ..	—	1,01,000,00
7.	ਅਪਰੇਟਿੰਗ ਕੈਟਲ ਪਾਊਂਡ	—	1,316.00
8.	ਲੌਸ ਆਫ ਇਨਕਮ ਫਰਾਮ ਦੀ ਮੈਜਿਸਟਰੀਅਲ ਫਾਈਨਜ਼ ਅੰਡਰ ਸਰਟਨ ਐਕਟਸ ..	—	744.50
9.	ਪ੍ਰੋਵਿੰਸ਼ਲਾਈਜ਼ਡ ਟੀਚਰਾਂ ਨੂੰ ਤਨਖਾਹ ਦਾ ਏਰੀਅਰ ਦੇਣ ਬਾਰੇ	—	239.00
	ਕੁਲ	9,43,000	4,71,299.50

(ਅ) ਮਾਮਲਾ ਵਿਚਾਰ ਅਧੀਨ ਹੈ ।

ਸ਼ਹਿਰੀ ਇਲਾਕਿਆਂ ਵਿਚ ਹਰੀਜਨਾਂ ਨੂੰ ਘਰਾਂ ਦੀ ਅਲਾਟਮੈਂਟ

922. **ਸ਼੍ਰੀ ਗੁਰਦਿਆਲ ਸੈਣੀ :** ਕੀ ਮਾਲ ਅਤੇ ਚੋਣ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬ ਵਿਚ ਸ਼ਹਿਰੀ ਇਲਾਕਿਆਂ ਵਿਚ ਰਹਿ ਰਹੇ ਹਰੀਜਨਾਂ ਨੂੰ ਪੱਕੇ ਤੌਰ ਤੇ ਘਰਾਂ ਦੀ ਅਲਾਟਮੈਂਟ ਲਈ ਮੁੜ ਵਸਾਊ ਵਿਭਾਗ ਅਧੀਨ ਕੋਈ ਸਕੀਮ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਮਕਸਦ ਲਈ ਕਿਹੜੀ ਪ੍ਰਣਾਲੀ ਅਪਣਾਈ ਗਈ ਹੈ;

(ਅ) ਕੀ ਸ਼ਹਿਰੀ ਇਲਾਕਿਆਂ ਵਿਚ ਉਕਤ ਸਕੀਮ ਅਧੀਨ ਕੋਈ ਹਰੀਜਨਾਂ ਨੂੰ ਅੱਜ ਤੱਕ ਪੱਕੇ ਤੌਰ ਤੇ ਘਰਾਂ ਦੀ ਕੋਈ ਅਲਾਟਮੈਂਟ ਕੀਤੀ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਕਿੰਨੇ ਵਿਅਕਤੀਆਂ ਨੂੰ ਇਹ ਅਲਾਟਮੈਂਟ ਕੀਤੀ ਗਈ ਹੈ ?

ਸਰਦਾਰ ਉਮਰਾਓ ਸਿੰਘ : (ੳ) ਜੀ ਨਹੀਂ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

ਰਾਜ ਵਿਚ ਆਏ ਕੋਇਲੇ/ਕੋਕ ਰੈਕਸ

923. **ਸ਼੍ਰੀ ਗੁਰਦਿਆਲ ਸੈਣੀ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਪਿਛਲੇ 6 ਮਹੀਨਿਆਂ ਦੇ ਦੌਰਾਨ ਵੰਡ ਦੇ ਮੁਕਾਬਲੇ ਰਾਜ ਵਿਚ ਕਿੰਨੇ ਕੋਇਲੇ/ ਕੋਕ ਰੈਕਸ ਆਏ;

(ਅ) ਕੀ ਕੋਈ ਉਕਤ ਰੈਕਸ ਪੰਜਾਬ ਰਾਜ ਛੋਟੇ ਪੈਮਾਨੇ ਦੇ ਉਦਯੋਗ ਕਾਰਪੋਰੇਸ਼ਨ ਰਾਹੀਂ ਆਏ ਜਾਂ ਸਾਰੇ ਰੈਕਸ ਪ੍ਰਾਈਵੇਟ ਪਾਰਟੀਆਂ ਰਾਹੀਂ ਆਏ ਸਨ ?

ਗਿਆਨੀ ਜ਼ੈਲ ਸਿੰਘ : (ੳ) ਸਟੀਮ ਕੋਲ ਦੇ ਰੈਕਸ ਦੀ ਮੂਵਮੈਂਟ ਦਾ ਵੇਰਵਾ ਡਾਇਰੈਕਟਰ ਰੇਲ ਮੂਵਮੈਂਟ ਕਲਕੱਤਾ ਵੱਲੋਂ ਉਦਯੋਗ ਵਿਭਾਗ, ਪੰਜਾਬ ਨੂੰ ਨਹੀਂ ਭੇਜਿਆ ਜਾਂਦਾ । ਜੁਲਾਈ ਤੋਂ ਸਤੰਬਰ, 1974 ਦੇ ਸਮੇਂ ਵਿਚ ਹਾਰਡ ਕੋਕ ਦੀ ਮੂਵਮੈਂਟ 1332 ਵੈਗਨਾ ਦੀ ਵੰਡ ਦੇ ਮੁਕਾਬਲੇ, 1744 ਵੈਗਨਾਂ ਦੀ ਹੋਈ । ਅਗਲੇ 3 ਮਹੀਨਿਆਂ ਦਾ ਹਿਸਾਬ ਅਜੇ ਤੱਕ ਕੋਲ ਕੰਟਰੋਲਰ, ਕਲਕੱਤਾ ਪਾਸੋਂ ਪ੍ਰਾਪਤ ਨਹੀਂ ਹੋਇਆ ।

(ਅ) ਨਹੀਂ ਜੀ । ਉਕਤ ਕੋਲ/ਕੋਕ ਸਬੰਧਤ ਉਦਯੋਗਪਤੀਆਂ ਨੇ ਸਿੱਧੇ ਹੀ ਪ੍ਰਾਪਤ ਕੀਤਾ ।

ਮਿਲਕ ਪਲਾਂਟ ਜਲੰਧਰ

924. **ਸ਼੍ਰੀ ਗੁਰਦਿਆਲ ਸੈਣੀ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਮਿਲਕ ਪਲਾਂਟ ਜਲੰਧਰ ਦਾ ਨੀਂਹ ਪੱਥਰ ਕਿਸ ਤਾਰੀਕ ਨੂੰ ਰੱਖਿਆ ਗਿਆ;

(ਅ) ਸਰਕਾਰ ਦੁਆਰਾ ਇਸ ਸਕੀਮ ਲਈ ਕੁਲ ਕਿੰਨੀ ਰਕਮ ਮਨਜ਼ੂਰ ਕੀਤੀ ਗਈ ਅਤੇ ਇਸ ਉਪਰ ਹੁਣ ਤੱਕ ਕਿੰਨੀ ਰਕਮ ਖ਼ਰਚ ਕੀਤੀ ਗਈ ਹੈ ?

ਗਿਆਨੀ ਜ਼ੈਲ ਸਿੰਘ; (ਮੁੱਖ ਮੰਤਰੀ) : (ੳ) ਮਿਤੀ 12 ਜੂਨ, 1973

(ਅ) ਸਰਕਾਰ ਵੱਲੋਂ ਹਾਲੇ ਤੀਕ ਮਿਲਕ ਪਲਾਂਟ ਜਲੰਧਰ ਲਈ 15.90 ਲੱਖ ਰੁਪਏ ਬਤੌਰ ਸਰਕਾਰੀ ਹਿੱਸਾ ਪੂੰਜੀ ਦਿੱਤਾ ਗਿਆ ਹੈ ਅਤੇ ਇਸ ਦੀ ਉਸਾਰੀ ਤੇ ਨਵੰਬਰ, 1974 ਤੱਕ 9,11,142 ਰੁਪਏ ਖਰਚ ਆਇਆ ਹੈ ।

ਜਲੰਧਰ ਵਿਚ ਮਨਜ਼ੂਰ ਕੀਤਾ ਗਿਆ ਉਦਯੋਗਾਂ ਲਈ ਫੋਕਲ ਪੁਆਇੰਟ

925. **ਸ੍ਰੀ ਗੁਰਦਿਆਲ ਸੈਣੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਜਲੰਧਰ ਵਿਚ ਉਦਯੋਗਾਂ ਲਈ ਇਕ ਫੋਕਲ ਪੁਆਇੰਟ ਮੰਜ਼ੂਰ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਹ ਕਿਸ ਜਗ੍ਹਾਂ ਹੈ;

(ਅ) ਕੀ ਇਸ ਮੰਤਵ ਲਈ ਕੋਈ ਜ਼ਮੀਨ ਪ੍ਰਾਪਤ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਕਿੰਨੀ;

(ੲ) ਉਕਤ ਫੋਕਲ ਪੁਆਇੰਟ ਵਿਚ ਕਿੰਨੇ ਪਲਾਟ ਕੱਟੇ ਜਾਣੇ ਤਜਵੀਜ਼ ਹੋਏ ਹਨ ਅਤੇ ਉਨ੍ਹਾਂ ਦਾ ਆਕਾਰ ਕੀ ਕੀ ਹੈ ;

(ਸ) ਉਕਤ ਪਲਾਟ ਕਦੋਂ ਤੱਕ ਕੱਟੇ ਜਾਣ ਦੀ ਤਜਵੀਜ਼ ਹੈ ?

ਗਿਆਨੀ ਜ਼ੈਲ ਸਿੰਘ : (ੳ) ਜੀ ਹਾਂ। ਠੀਕ ਜਗ੍ਹਾ ਦਾ ਅਜੇ ਫੈਸਲਾ ਨਹੀਂ ਹੋਇਆ।

(ਅ) ਜੀ ਨਹੀਂ ।

(ੲ) ਉਕਤ (ਅ) ਨੂੰ ਮੁੱਖ ਰੱਖਦੇ ਹੋਏ ਸੁਆਲ ਨਹੀਂ ਉਠਦਾ।

(ਸ) ਸਾਲ 1975 ਦੇ ਅੰਤ ਤੋਂ ਪਹਿਲਾਂ।

UNSTARRED QUESTION NO 926

(Extension has been asked for in respect of Unstarred Question No. 926.)

Hans Raj Sharma

D.O. No. 28-6C-2-75/
Minister,
Finance Department Punjab,
Chandigarh.
Dated the 7.1.75.

ਪਿਆਰੇ ਕੇਵਲ ਕ੍ਰਿਸ਼ਨ ਜੀ,

ਪੰਜਾਬ ਵਿਧਾਨ ਸਭਾ ਦੇ ਅਨਸਟਾਰਡ ਪ੍ਰਸ਼ਨ ਨੰ: 926 ਜੋ ਮਿਤੀ 8 ਜਨਵਰੀ, 1975 ਲਈ ਸੁਆਲਾਂ ਦੀ ਸੂਚੀ ਵਿਚ ਚੌਧਰੀ ਰਾਮ ਸਿੰਘ ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਮਿਤੀ 18 ਜਨਵਰੀ, 1975 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਆਪ ਜੀ ਦਾ ਵਿਸ਼ਵਾਸਪਾਤਰ,
ਸਹੀ/—
(ਹੰਸ ਰਾਜ ਸ਼ਰਮਾ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ ।

UNSTARRED QUESTION No. 927

(Extension has been asked for in respect of Unstarred Question No. 927)

Hans Raj Sharma

D.O. No. 29-2 C 2-75/
Minister, Finance Department,
Punjab Chandigarh.
Dated the 7th January, 1975

ਪਿਆਰੇ ਕੇਵਲ ਕ੍ਰਿਸ਼ਨ ਜੀ,

ਪੰਜਾਬ ਵਿਧਾਨ ਸਭਾ ਦੇ ਅਨ ਸਟਾਰਡ ਪ੍ਰਸ਼ਨ ਨੰ: 927 ਜੋ ਮਿਤੀ 8 ਜਨਵਰੀ, 1975 ਲਈ ਸੁਆਲਾਂ ਦੀ ਸੂਚੀ ਵਿਚ ਚੌਧਰੀ ਰਾਮ ਸਿੰਘ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਮਿਤੀ 18 ਜਨਵਰੀ, 1975 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ।

ਆਪ ਜੀ ਦਾ ਵਿਸ਼ਵਾਸ ਪਾਤਰ,
ਸਹੀ/—
(ਹੰਸ ਰਾਜ ਸ਼ਰਮਾ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਝੁਨੀਰ ਬਲਾਕ ਵਿਚ ਅਪ-ਗਰੇਡ ਕੀਤੇ ਗਏ ਪ੍ਰਾਇਮਰੀ/ਮਿਡਲ ਸਕੂਲ

928. ਸਰਦਾਰ ਬਲਵਿੰਦਰ ਸਿੰਘ ਭੂੰਦੜ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 1974—75 ਦੇ ਦੌਰਾਨ ਹੁਣ ਤੱਕ ਝੁਨੀਰ ਬਲਾਕ, ਜ਼ਿਲ੍ਹਾ ਬਠਿੰਡਾ ਵਿਚ ਕੋਈ ਪ੍ਰਾਇਮਰੀ ਜਾਂ ਮਿਡਲ ਸਕੂਲ ਅਪ—ਗਰੇਡ ਕੀਤਾ ਗਿਆ ਹੈ; ਜੇਕਰ ਨਹੀਂ; ਤਾਂ ਇਸ ਦੇ ਕੀ ਕਾਰਨ ਹਨ ?

ਸ੍ਰੀ ਗੁਰਮੇਲ ਸਿੰਘ : ਨਹੀਂ ਜੀ। ਸਕੂਲਾਂ ਦਾ ਪੱਧਰ ਇਲਾਕੇ ਦੀਆਂ ਵਿਦਿਅਕ ਲੋੜਾਂ ਨੂੰ ਮੁੱਖ ਰੱਖਦਿਆਂ ਹੋਇਆਂ ਉੱਚਾ ਕੀਤਾ ਜਾਂਦਾ ਹੈ ਨਾ ਕਿ ਬਲਾਕਾਂ ਅਨੁਸਾਰ।

ਰਾਜ ਵਿਚ ਪੁਲਿਸ ਲਾਈਨਾਂ ਵਿਚ ਮੁਹੱਈਆ ਕੀਤੇ ਗਏ ਬਿਜਲੀ ਦੇ ਪੱਖੇ

929. ਸਰਦਾਰ ਬਲਵਿੰਦਰ ਸਿੰਘ ਭੂੰਦੜ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਸਰਕਾਰ ਪੰਜਾਬ ਰਾਜ ਦੀਆਂ ਪੁਲਿਸ ਲਾਈਨਾਂ ਵਿਚ ਬਿਜਲੀ ਦੇ ਪੱਖੇ ਮੁਹੱਈਆ ਕਰਨ ਦਾ ਵਿਚਾਰ ਰੱਖਦੀ ਹੈ ;

(ਅ) ਰਾਜ ਵਿਚ ਅਜਿਹੀਆਂ ਕਿੰਨੀਆਂ ਪੁਲਿਸ ਲਾਈਨਾਂ ਹਨ ਜਿਥੇ ਹੁਣ ਤੱਕ ਬਿਜਲੀ ਦੇ ਪੱਖੇ ਮੁਹੱਈਆ ਕੀਤੇ ਗਏ ਹਨ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ ।

(ਅ) ਪੁਲਿਸ ਲਾਈਨ ਕਪੂਰਥਲਾ, ਬਠਿੰਡਾ, ਪਟਿਆਲਾ, ਫਿਰੋਜ਼ਪੁਰ, ਫਰੀਦਕੋਟ ਅਤੇ ਰੋਪੜ ਵਿਚ ਹੁਣ ਤਕ ਪੱਖੇ ਮੁਹੱਈਆ ਕੀਤੇ ਜਾ ਚੁਕੇ ਹਨ ।

UNSTARRED QUESTION No. 930*

(Extension has been asked for in respect of Unstarred Question No. 930)

Sardar Jaswinder Singh Brar : On apoint of order, Sir.

Mr. Speaker : Please resume your seat.

QUESTIONS OF PRIVILEGE

Mr. Speaker : Comrade Raj Kumar, M.L.A., has given notice of a Privilege Motion wherein he has stated that on the 28th December, 1974, he and several tubewell operators belonging to Dhariwal and Gurdaspur Assembly Constituencies were made to wait for the Irrigation and Power Minister, Punjab for 5 hours in village Bakshiwal and dispersed disappointedly when the Minister did not come in spite of his promise to the hon. Member.

I have examined the matter. I do not understand how a question of privilege has arisen in this case. The hon. Member was not obstructed in any manner in the performance of his duties as a Member. Possibly, the hon. Minister could not reach there due to some other pressing engagement. I, therefore, do not give my consent to the question of privilege being raised.

I would, however, suggest that where the Ministers are unable to attend such engagements, particularly with Legislators, they may please inform the hon. Members and Officers concerned well in time so that they are not put to unnecessary inconvenience.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰੀ ਸੱਬਮਿਸ਼ਨ ਹੈ ਕਿ ਸਾਡੇ ਇਕ ਆਨਰੇਬਲ ਮੈਂਬਰ ਵੱਲੋਂ ਇਕ ਪ੍ਰਿਵਿਲਜ ਮੋਸ਼ਨ ਦਿਤੀ ਗਈ ਸੀ ਜਿਸਦਾ ਜਨਾਬ ਨੇ ਜਵਾਬ ਨਹੀਂ ਦਿੱਤਾ । ਤੁਸੀਂ ਆਪ ਰਿਗਰੇਟ ਕੀਤਾ ਸੀ ਕਿ ਤੁਹਾਨੂੰ ਬਾਜਵਾ ਸਾਹਿਬ ਦੀ ਅਰੇਸਟ ਬਾਰੇ ਨਹੀਂ ਦਸਿਆ ਗਿਆ ...

ਸ੍ਰੀ ਸਪੀਕਰ : ਮੈਂ ਜਲਦੀ ਰੂਲਿੰਗ ਦੇ ਦਿਆਂਗਾ... (ਵਿਘਨ) (I will give my ruling soon.....(*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਇਕ ਆਨਰੇਬਲ ਮੈਂਬਰ ਸਾਹਿਬ ਨੂੰ ਘੜੀਸਿਆ ਗਿਆ । ਪੁਲਿਸ ਦੇ ਬੰਦਿਆਂ ਨੇ ਉਨ੍ਹਾਂ ਦੀ ਬੇਇੱਜ਼ਤੀ ਕੀਤੀ । (ਵਿਘਨ)

ਸ੍ਰੀ ਸਪੀਕਰ : ਮੈਂ ਐਗਜ਼ਾਮਿਨ ਕਰ ਰਿਹਾ ਹਾਂ, ਤੁਸੀਂ ਤਸ਼ਰੀਫ ਰੱਖੋ । (ਵਿਘਨ) (I am examining the matter. Please resume your seat.)

---

*For Unstarred Question No. 930 and reply there to please see appendix to this Debate.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਕੁਝ ਕਰਮਚਾਰੀਆਂ ਨੇ ਉਨ੍ਹਾਂ ਨੂੰ ਘੜੀਸਿਆ (ਵਿਘਨ) ਜਾਣ ਬੁਝ ਕੇ ਇਹ ਡਰਾਮਾ ਕੀਤਾ ਗਿਆ ਅਤੇ ਆਪੋਜ਼ੀਸ਼ਨ ਦੇ ਮੈਂਬਰ ਦੀ ਬੇਇਜ਼ਤੀ ਕੀਤੀ... (ਵਿਘਨ) ਅਸੀਂ ਇਸ ਚੀਜ਼ ਨੂੰ ਸਟਰੌਂਗਲੀ ਕੰਡੈਮ ਕਰਦੇ ਹਾਂ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਆਨਸਰ ਬੁਕ ਵੇਖੀ ਹੈ, ਉਸ ਦੇ ਵਿਚ ਸਾਰੇ ਜਵਾਬ ਪੰਜਾਬੀ ਵਿਚ ਸਨ ਭਾਵੇਂ ਕੁਐਸਚਨ ਅੰਗਰੇਜ਼ੀ ਵਿਚ ਸੀ। ਅੱਗੇ ਜਵਾਬ ਅੰਗਰੇਜ਼ੀ ਔਰ ਪੰਜਾਬੀ ਦੋਨਾਂ ਵਿਚ ਦਿਤੇ ਜਾਂਦੇ ਸਨ...... (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਕੀ ਲੈਣਾ ਹੈ ਅੰਗਰੇਜ਼ੀ ਤੋਂ.........

ਚੌਧਰੀ ਦਰਸ਼ਨ ਸਿੰਘ : ਜਰਮਨ ਵੀ ਸਿਖਣੀ ਚਾਹੀਦੀ ਹੈ ਅਤੇ ਫ਼ਰੈਂਚ ਵੀ। ਇਨ੍ਹਾਂ ਨਾਲ ਗਿਆਨ ਵਿਚ ਵਾਧਾ ਹੁੰਦਾ ਹੈ।

ਜਿਹੜੀ ਸਾਡੀ ਰੂਲ ਬੁਕ ਹੈ ਇਸ ਦੇ ਰੂਲ 70 ਥੱਲੇ ਦਿੱਤਾ ਹੋਇਆ ਹੈ ਕਿ ਕਾਪੀ ਅੰਗਰੇਜ਼ੀ ਵਿਚ ਵੀ ਸਪਲਾਈ ਕੀਤੀ ਜਾਵੇ ਅਤੇ ਕੰਸਟੀਚਿਊਸ਼ਨ ਦਾ ਆਰਟੀਕਲ 210 ਵੀ ਇਹੀ ਕਹਿੰਦਾ ਹੈ ਕਿ ਅੰਗਰੇਜ਼ੀ ਵਿਚ ਵੀ ਸਪਲਾਈ ਹੋਣੀ ਚਾਹੀਦੀ ਹੈ। ਮੇਰੀ ਅਰਜ਼ ਹੈ ਕਿ ਇਹ ਫ਼ੈਸਲਾ ਹੀ ਕਰ ਦਿਓ ਕਿ ਅਗਰ ਕੋਈ ਚੀਜ਼ ਅੰਗਰੇਜ਼ੀ ਵਿਚ ਟੇਬਲ ਕਰਨਾ ਚਾਹੇ ਤਾਂ ਨਹੀਂ ਕਰਨ ਦੇਣੀ ਅਤੇ ਜਾਂ ਪੰਜਾਬ ਸਰਕਾਰ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਵਿਚ ਉਲਥਾ ਕਰਕੇ ਵੀ ਦੇਵੇ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਪੰਜਾਬੀ ਸੂਬਾ ਬੜੀਆਂ ਕੁਰਬਾਨੀਆਂ ਨਾਲ ਅਤੇ ਲਹੂ ਵਹਾ ਕੇ ਬਣਿਆ ਹੈ ਅਤੇ ਪੰਜਾਬੀ ਜ਼ਬਾਨ ਨੂੰ ਰਾਜ ਸਿੰਘਾਸਨ ਤੇ ਬਿਠਾਇਆ ਹੈ। ਇਸ ਲਈ ਪੰਜਾਬੀ ਜ਼ਬਾਨ ਵਿਚ ਜੋ ਜਵਾਬ ਆ ਰਹੇ ਹਨ ਠੀਕ ਹਨ। ਇਸ ਦਾ ਸਤਿਕਾਰ ਇਸ ਤੋਂ ਹੋਰ ਵੀ ਵੱਧ ਹੋਣਾ ਚਾਹੀਦਾ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਬਰਾੜ ਸਾਹਿਬ ਨੇ ਸਰਦਾਰ ਸਤਨਾਮ ਸਿੰਘ ਬਾਜਵਾ ਦੀ ਅਰੈਸਟ ਦੇ ਸਿਲਸਿਲੇ ਵਿਚ ਸਾਡੀ ਪਾਰਟੀ ਵਲੋਂ ਪੇਸ਼ ਕੀਤੀ ਗਈ ਪ੍ਰਿਵਿਲੇਜ ਮੋਸ਼ਨ ਦਾ ਜ਼ਿਕਰ ਕੀਤਾ ਕਿ ਸਰਦਾਰ ਸਤਨਾਮ ਸਿੰਘ ਬਾਜਵਾ ਦੀ ਅਰੈਸਟ ਬਿਲਕੁਲ ਪੁਲੀਟੀਕਲੀ ਮੋਟੀਵੇਟਿਡ ਹੈ। ਇਹ ਜੋ ਅਰੈਸਟ ਹੋਈ ਹੈ ਠੀਕ ਉਸ ਸਮੇਂ ਹੋਈ ਜਦੋਂ ਉਹ ਹੋਸਟਲ ਵਿਚ ਆਏ ਸਨ......... (ਵਿਘਨ)

ਸ੍ਰੀ ਸਪੀਕਰ : ਤੁਸੀਂ ਡਿਸਕਸ ਨਹੀਂ ਕਰ ਸਕਦੇ....(You cannot discuss it....)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਕਿਸੇ ਕਿਸਮ ਦੀ ਕੋਈ ਇਤਲਾਹ ਤਕ ਨਹੀਂ ਦਿੱਤੀ ਗਈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹਵਾਂਗਾ ....

ਸ੍ਰੀ ਸਪੀਕਰ : ਤੁਹਾਡੀ ਮੋਸ਼ਨ ਆ ਗਈ ਹੈ, ਮੈਂ ਰੂਲਿੰਗ ਦੇ ਦਿੰਦਾ ਹਾਂ। (I have received your Motion and I am going to give my ruling thereon.)

Mr. Speaker : I have received another notice of a privilege motion from Sardar Harbans Singh Jalal, M.L.A. regarding the arrest of Sardar Satnam Singh Bajwa, M.L.A., on 7th January, 1975 from the M.L.A.s' Hostel at Chandigarh.

The hon'ble Members stated that arrest of Sardar Satnam Singh Bajwa, shortly before the commencement of the sitting of the Assembly on the 7th January, 1975, constitutes a breach of privilege.

Privileges of Parliament/Legislature do not place a Member on a footing different from that of an ordinary citizen in criminal cases. It is now a well settled point of Parliamentary Privilege that freedom from arrest does not extend to criminal offences. Nor can freedom from arrest in respect of preventive detention be claimed by Member.

Sardar Satnam Singh Bajwa was arrested on 7th January, 1975 in the M.L.As' Hostel under the Conservation of Foreign Exchange and Prevention of Smuggling Activities Act, 1974 and nescessary intimation was given to me, as required under Rule 263 of the Rules of Procedure and Conduct of Business in the Punjab Legislative Assembly and the House was informed as required under Rule 265 *ibid*. As such no breach of privilege is involved and, therefore, I do not give my consent to the question of privilege being raised.

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਸਪੀਕਰ : ਸੀ. ਐਮ. ਸਾਹਿਬ ਕੁਝ ਕਹਿਣਾ ਚਾਹੁੰਦੇ ਹਨ । ਉਨ੍ਹਾਂ ਨੂੰ ਪਹਿਲਾਂ ਕਹਿ ਲੈਣ ਦਿਓ । (Hon. Chief Minister wants to say something. Please let him speak first.)

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਕੱਲ ਤੁਸੀਂ ਵੀ ਰਿਗਰੇਟ ਕੀਤਾ ਹੈ ਕਿ ਜਿਹੜਾ ਸਤਨਾਮ ਸਿੰਘ ਬਾਜਵਾ ਨੂੰ ਫੜਿਆ ਹੈ ਇਹ ਠੀਕ ਨਹੀਂ ।

ਸ਼੍ਰੀ ਸਪੀਕਰ : ਮੈਂ ਰਿਗਰੇਟ ਨਹੀਂ ਕੀਤਾ । ਇਸ ਬਾਰੇ ਕੋਈ ਡਿਸਕਸ਼ਨ ਨਹੀਂ ਹੋ ਸਕਦੀ । (I have not shown regret. I would not allow any discussion in this connection.)

ਸਰਦਾਰ ਜਸਵਿੰਦਰ ਸਿੰਘ ਬਰਾੜ : * × × ×

ਸ਼੍ਰੀ ਸਪੀਕਰ : ਇਹ ਜੋ ਕੁਝ ਬਰਾੜ ਸਾਹਿਬ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (Whatever Mr. Brar is saying, should not be recorded).

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਸਾਡੇ ਹਾਊਸ ਦੀਆਂ ਜੋ ਕਨਵੈਨਸ਼ਨਜ਼ ਹਨ ਉਨ੍ਹਾਂ ਦੇ ਮੁਤਾਬਿਕ ਐਮ. ਐਲ. ਏ. ਹੋਸਟਲ ਨੂੰ ਹਾਊਸ ਦਾ ਹਿੱਸਾ ਸਮਝਿਆ ਜਾਂਦਾ ਹੈ ।

---

*Not recorded as ordered by the Chair.

ਸ੍ਰੀ ਸਪੀਕਰ : ਮੈਂ ਇਸ ਤੇ ਡਿਸਕਸ਼ਨ ਅਲਾਓ ਨਹੀਂ ਕਰ ਸਕਦਾ। (I cannot allow any discussion on it.)

ਸਰਦਾਰ ਜਸਦੇਵ ਸਿੰਘ ਸੰਧੂ : × × ×*

Mr. Speaker : Please resume your seat. ਇਹ ਕੋਈ ਪੁਆਇੰਟ ਆਫ ਰਡਰ ਨਹੀਂ ਹੈ। (Please resume your seat now. This is no point of order.)

ਸਰਦਾਰ ਜਸਦੇਵ ਸਿੰਘ ਸੰਧੂ : *× × × × ×*

ਸ੍ਰੀ ਸਪੀਕਰ : ਇਹ ਜੋ ਕੁਝ ਸੰਧੂ ਸਾਹਿਬ ਚੇਅਰ ਦੀ ਪਰਮਿਸ਼ਨ ਤੋਂ ਬਿਨਾ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। (Whatever Sardar Jasdev Singh Sandhu is saying without the permission of the Chair, should not be recorded.)

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਾਡੀ ਸੈਂਟਰ ਦੀ ਸਰਕਾਰ ਫੁਲ ਪਰੋਟੈਕਸ਼ਨ ਦੇ ਰਹੀ ਹੈ। ਇਥੇ ਫਿਰ ਵੀ ਕੋਈ ਅਜਿਹਾ ਨਾਹਰਾ ਲਾਉਣਾ ਮੈਂ ਸਮਝਦਾ ਹਾਂ ਕਿ ਸਭ ਤੋਂ ਵੱਡੀ ਸ਼ਰਮਨਾਕ ਗੱਲ ਹੈ। (ਸ਼ੋਰ) (ਵਿਘਨ) ਇਹ ਕੁੱਤੀ ਬਾਣੀ ਬੋਲਦੇ ਹਨ। ਅਸੀਂ ਪ੍ਰਾਈਮ ਮਨਿਸਟਰ ਦੀ ਸਟੇਟਮੈਂਟ ਦੀ ਪੁਰਜ਼ੋਰ ਹਮਾਇਤ ਕਰਾਂਗੇ। ਸਾਡੀ ਸਰਕਾਰ ਵੈਲ ਅਲੈਕਟਿਡ ਹੈ ਕਾਨੂੰਨੀ ਤੌਰ ਤੇ ਅਲੈਕਟਿਡ ਹੈ। (ਵਿਘਨ)

(ਇਸ ਸਮੇਂ ਸਰਦਾਰ ਧੰਨਾ ਸਿੰਘ ਗੁਲਸ਼ਨ ਨੇ ਡਾਕਟਰ ਅਮੀਰ ਸਿੰਘ ਕਲਕਟ ਨੂੰ ਨੂੰ ਜੁੱਤੀ ਵਿਖਾਈ)

ਸਪੀਕਰ ਸਾਹਿਬ, ਇਨ੍ਹਾਂ ਆਪੋਜ਼ੀਸ਼ਨ ਦੀਆਂ ਪਾਰਟੀਆਂ ਨੇ ਰਿਹਰਸਲ ਕੀਤੀ ਹੈ। (ਵਿਘਨ)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਨੋਟਿਸ ਨੰਬਰ 41 ਸ੍ਰੀ ਸਰਦਾਰੀ ਲਾਲ ਕਪੂਰ। (Call Attention Notice No. 41 by Shri Sardari Lal Kapur)

(ਇਸ ਸਮੇਂ ਕਈ ਆਨਰੇਬਲ ਮੈਂਬਰ ਪੁਆਇੰਟ ਆਫ ਆਰਡਰ ਦੀ ਮੰਗ ਲਈ ਆਪਣੀਆਂ ਸੀਟਾਂ ਤੇ ਖੜੇ ਸਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਮੈਂ ਆਪਣੀ ਐਡਜਰਨਮੈਂਟ ਮੋਸ਼ਨ ਦੇ ਬਾਰੇ ਗਲ ਕਰਨੀ ਹੈ।

ਸ੍ਰੀ ਸਪੀਕਰ : ਉਹ ਤਾਂ ਰਿਜੈਕਟ ਹੋ ਗਈ ਹੈ। (That has been rejected)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਇਹੀ ਤਾਂ ਪੁੱਛਣਾ ਹੈ ਕਿ ਉਹ ਕਿਉਂ ਰਿਜੈਕਟ ਕੀਤੀ ਗਈ ਹੈ। ਮੈਨੂੰ ਇਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ।

*Expunged/Not recorded as ordered by the Chair.

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਆਨ ਏ ਪੁਆਇੰਟ ਆਫ ਆਰਡਰ, ਸਰ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਆਜ਼ਾਦ ਸਾਹਿਬ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ? (Azad Sahib, what is your point of order?)

आचार्य पृथ्वी सिंह आज़ाद : स्पीकर साहिब, जिस समय डा० अमीर सिंह कलकट अपना प्वायंट आफ आर्डर उठा रहे थे उस वक्त इस हाउस के एक ज़िम्मेदार मैंबर श्री धन्ना सिंह गुलशन ने हाउस में जूता लहरा कर हाउस का अपमान किया है। (विघ्न)

ਸ੍ਰੀ ਸਪੀਕਰ : ਅਗਰ ਗੁਲਸ਼ਨ ਜੀ ਨੇ ਇਹੋ ਜਿਹੀ ਗਲ ਕੀਤੀ ਹੈ ਤਾਂ ਮੈਂ ਕਹਾਂਗਾ ਕਿ ਉਹ ਰਿਗਰੇਟ ਕਰਨ। (If Shri Gulshan has done such a thing he should show regrets.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਆਪਣੀ ਐਡਜਰਨਮੈਂਟ ਮੋਸ਼ਨ ਬਾਰੇ ਮੈਂ ਕਹਿਣਾ ਹੈ।

ਸ੍ਰੀ ਸਪੀਕਰ : ਤੁਹਾਡੀ ਐਡਜਰਨਮੈਂਟ ਮੋਸ਼ਨ 7.10 ਵਜੇ ਆਈ ਸੀ। ਇਸ ਲਈ ਕੱਲ ਟੇਕ-ਅਪ ਹੋਵੇਗੀ। ਇਹ ਜਿਹੜਾ ਆਜ਼ਾਦ ਸਾਹਿਬ ਨੇ ਪੁਆਇੰਟ ਉਠਾਇਆ ਹੈ ਇਹ ਬੜਾ ਸੀਰੀਅਸ ਪੁਆਇੰਟ ਹੈ। ਅਗਰ ਗੁਲਸ਼ਨ ਜੀ ਨੇ ਕੋਈ ਇਸ ਤਰ੍ਹਾਂ ਦੀ ਹਰਕਤ ਕੀਤੀ ਹੈ ਤਾਂ ਉਨ੍ਹਾਂ ਨੂੰ ਇਸ ਦਾ ਰਿਗਰੇਟ ਕਰਨਾ ਚਾਹੀਦਾ ਹੈ। ਇਹ ਕੰਟੈਂਪਟ ਆਫ ਦੀ ਹਾਊਸ ਹੈ। (ਸ਼ੋਰ) (Your Adjournment Motion came at 7.10 A.M. It will be taken up tomorrow The point raised by Azad Sahib is a very serious one. If Shri Gulshan has done such a thing he should show regret for it because it is a contempt of the House.) (Noise).

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਡਾਕਟਰ ਅਮੀਰ ਸਿੰਘ ਨੇ ਕਈ ਕਿਸਮ ਦੇ ਜ਼ਾਤੀ ਇਲਜ਼ਾਮ ਮੇਰੀ ਪਾਰਟੀ ਤੇ ਲਾਏ ਹਨ ਜਿਹੜੇ ਕਿ ਸਾਰੇ ਉਨ੍ਹਾਂ ਤੇ ਹੀ ਢੁਕਦੇ ਹਨ। ਮੈਂ ਜੁੱਤੀ ਉਨ੍ਹਾਂ ਨੂੰ ਨਹੀਂ ਵਿਖਾਈ। ਮੇਰੇ ਪੈਰ ਵਿੱਚ ਮੇਖ ਚੁਭਦੀ ਸੀ ਇਸ ਲਈ ਮੈਂ ਪੈਰ ਵਿਚੋਂ ਜੁੱਤੀ ਕੱਢੀ ਸੀ। (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਆਨ ਏ ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਜੋਸ਼ ਸਾਹਿਬ, ਪੁਆਇੰਟ ਆਫ ਆਰਡਰ ਤੇ ਹਨ। (Mr. Josh is on a point of order.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰੀ ਪਾਰਟੀ ਵਲੋਂ ਇੱਕ ਕੰਮ ਰੋਕੂ ਮਤੇ ਦਾ ਨੋਟਿਸ ਦਿੱਤਾ ਗਿਆ ਸੀ ਕਿ ਪੰਜਾਬ ਸਰਕਾਰ ਨੇ ਜਿਹੜਾ ਆਰਬਿਟਰੇਰੀਲੀ ਆਬਿਆਨਾ ਪੰਜਾਬ ਦੇ ਕਿਸਾਨਾਂ ਉਤੇ ਦੁਗਣਾ ਕੀਤਾ ਹੈ ਇਹ ਠੀਕ ਨਹੀਂ। ਪਹਿਲਾਂ ਮਾਲੀਆ ਵਧਾਇਆ। ਫਿਰ

ਟਿਊਬਵੈਲਾਂ ਦਾ ਫਲੈਟ ਰੇਟ ਵਧਾਇਆ। ਹੁਣ ਇਰੀਗੇਸ਼ਨ ਦੇ ਰੇਟਸ ਵੀ ਵਧਾ ਦਿੱਤੇ ਹਨ। ਇਸ ਦੇ ਨਾਲ ਤਮਾਮ ਪੰਜਾਬ ਦੇ ਕਿਸਾਨਾਂ ਵਿਚ ਬੜੀ ਬੇਚੈਨੀ ਹੈ। ਉਨ੍ਹਾਂ ਦੀਆਂ ਫਸਲਾਂ ਦਾ ਲਾਭਕਾਰੀ ਭਾਅ ਨਹੀਂ ਮਿਲਦਾ ਸਗੋਂ ਉਨ੍ਹਾਂ ਤੇ ਹੋਰ ਬੋਝ ਪਾਇਆ ਜਾ ਰਿਹਾ ਹੈ।

ਸ੍ਰੀ ਸਪੀਕਰ : ਇਹ 7.10 ਵਜੇ ਆਈ ਸੀ। ਦੋ ਘੰਟੇ ਪਹਿਲਾਂ ਨੋਟਿਸ ਚਾਹੀਦਾ ਹੈ। (The notice of the motion was received at 7.10 a.m. while notice of an Adjournment Motion should be given two hours in advance.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨਾਲ ਬੜਾ ਵੱਡਾ ਧੱਕਾ ਕੀਤਾ ਹੈ। ਤੁਹਾਨੂੰ ਸਾਡਾ ਇਹ ਨੋਟਿਸ ਜ਼ਰੂਰ ਮਨਜ਼ੂਰ ਕਰਨਾ ਚਾਹੀਦ ਹੈ ਅਤੇ ਗੌਰਮਿੰਟ ਨੂੰ ਇਸ ਸਿਲਸਿਲੇ ਵਿਚ ਕੋਈ ਸਟੇਟਮੈਂਟ ਦੇਣੀ ਚਾਹੀਦੀ ਹੈ।

ਕਾਮਰੇਡ ਜੰਗੀਰ ਸਿੰਘ ਜੋਗਾ : * * * *

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ ....

ਸ੍ਰੀ ਸਪੀਕਰ : ਇਹ ਜੋ ਕੁਝ ਜੋਗਾ ਸਾਹਿਬ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। ਸਰਦਾਰ ਪ੍ਰੇਮ ਸਿੰਘ ਪ੍ਰੇਮ ਇਜ਼ ਆਨ ਏ ਪੁਆਇੰਟ ਆਫ ਆਰਡਰ। (Whatever Comrade Jangir Singh Joga is saying without the permission of the Chair, should not be recorded. Sardar Prem Singh Prem is on a point of order.)

(ਇਸ ਸਮੇਂ ਕਮਿਊਨਿਸਟ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਖੜ੍ਹੇ ਹੋ ਗਏ ਅਤੇ ਕੁਝ ਕਹਿਣ ਲਗ ਪਏ। * * * *)

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਵਲ ਮੈਂਬਰਜ਼ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਉਹ, ਰਿਕਾਰਡ ਨਾ ਕੀਤਾ ਜਾਵੇ। (Whatever the hon. Members are saying without the permission of the Chair, should not be recorded.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ ਜਿਹੜੀ ਕਿ ਤੁਸੀਂ ਰੀਜੈਕਟ ਕਰ ਦਿੱਤੀ ਹੈ।...

ਸ੍ਰੀ ਸਪੀਕਰ : ਰਾਜ ਕੁਮਾਰ ਜੀ, ਮੇਰੀ ਗਲ ਪਹਿਲਾਂ ਸੁਣ ਲਓ। ਇਹ ਵੈਲ-ਐਸਟਬਲਿਸ਼ਡ ਕਨਵੈਨਸ਼ਨ ਹੈ ਕਿ ਬਜਟ ਸੈਸ਼ਨ ਵਿਚ ਐਡਜਰਨਮੈਂਟ ਮੋਸ਼ਨਜ਼ ਐਡਮਿਟ ਨਹੀਂ ਹੁੰਦੀਆਂ। ਤੁਹਾਡੇ ਪਾਸ ਕਾਫੀ ਟਾਈਮ ਹੈ। ਗਵਰਨਰ ਸਾਹਿਬ ਦੇ ਐਡਰੈਸ ਉਪਰ ਬਹਿਸ ਦੇ ਦੌਰਾਨ ਇਹ ਗਲ ਕਹਿ ਲੈਣਾ ਫਿਰ ਬਜਟ ਤੇ ਵੀ ਟਾਈਮ ਹੋਵੇਗਾ, ਸਪਲੀਮੈਂਟਰੀ ਗਰਾਂਟਸ ਤੇ ਵੀ ਕਾਫੀ ਟਾਈਮ ਹੋਵੇਗਾ। ਪਰ ਕਈ ਸਾਲਾਂ ਤੋਂ ਬਜਟ ਸੈਸ਼ਨ ਦੇ ਦੌਰਾਨ ਕੋਈ ਐਡਜਰਨਮੈਂਟ ਮੋਸ਼ਨ ਸਵੀਕਾਰ ਨਹੀਂ ਕੀਤੀ ਗਈ। So please, no discussion. (Raj Kumar Ji, please listen to me first. This is a well-established convention that

*Not recorded as ordered by the Chair.

[Mr. Speaker]

during the Budget Session, Adjournment Motions are not admitted. You have got ample time. You may have your say during the discussion on the Governor's Address. You will also have time when the House will discuss the Budget or Supplementary Grants. But no Adjournment Motion has been admitted during the Budget Sessions of so many previous years. So please, no discussion.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਓ।...

Mr. Speaker: Please resume your seat. ਰਾਜ ਕੁਮਾਰ ਜੀ ਤੁਸੀਂ ਉਸ ਸਮੇਂ ਆਪਣੀ ਗੱਲ ਕਹਿ ਲੈਣਾ। (Please resume your seat. Raj Kumar Ji you may have your say during the discussion on the budget.)

ਕਾਮਰੇਡ ਰਾਜ ਕੁਮਾਰ : ਤੁਸੀਂ ਐਡਜਰਨਮੈਂਟ ਮੋਸ਼ਨ ਨੂੰ ਕਮ-ਅਜ਼-ਕਮ ਕਾਲ-ਅਟੈਂਸ਼ਨ ਵਿਚ ਤਬਦੀਲ ਕਰ ਦਿਓ ।

ਸ੍ਰੀ ਸਪੀਕਰ : ਤੁਸੀਂ ਕਾਲ-ਅਟੈਂਸ਼ਨ ਦੇ ਦਿਓ ਮੈਂ ਐਡਮਿਟ ਕਰ ਲਵਾਂਗਾ। (You may give Notice of a Call-Attention Motion, I will admit it)

आचार्य पृथवी सिंह आज़ाद : स्पीकर साहिब, मैंने एक आनरेबल मैंम्बर के उपर सीरीअस इलजाम लगाया है ।

श्री स्पीकर : वह तो बात खतम हो गई है । (That matter has been disposed of.)

Acharya Prithvi Singh Azad: No Sir.

ਸ੍ਰੀ ਸਪੀਕਰ : ਉਨ੍ਹਾਂ ਨੇ ਰਿਗਰੈਟ ਵੀ ਕੀਤਾ ਹੈ। ਉਹ ਕਹਿੰਦੇ ਸਨ ਕਿ ਮਿਸਅੰਡਰਸਟੈਂਡਿੰਗ ਹੋ ਗਈ ਸੀ। ਤੁਸੀਂ ਤਸ਼ਰੀਫ ਰੱਖੋ। ਮਿਸਟਰ ਬਰਾੜ ਇਜ਼ ਆਨ ਏ ਪੁਆਇੰਟ ਆਫ ਆਰਡਰ। (He has regretted. He said that there was a misunderstanding. You may please resume your seat. Mr. Brar is on a point of order.)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਖੜੇ ਹੋਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

Mr. Speaker: Mr. Brar is already on a point of order.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਇਹ ਹੈ ਕਿ ਸੰਨ 1952 ਤੋਂ ਸੰਨ 1957 ਤੱਕ ਸਰਦਾਰ ਜਗੀਰ ਸਿੰਘ, ਸਰਦਾਰ ਪਰਤਾਪ ਸਿੰਘ ਕੈਰੋਂ ਦੀ ਵਜ਼ਾਰਤ ਵਿਚ ਐਮ. ਐਲ. ਏ. ਰਿਹਾ ਹੈ....

ਸ੍ਰੀ ਸਪੀਕਰ : ਬਰਾੜ ਸਾਹਿਬ, ਤੁਸੀਂ ਫਿਰ ਉਹ ਹੀ ਗੱਲ ਸ਼ੁਰੂ ਕਰ ਦਿੱਤੀ। (Brar Sahib, you are again referring to the same matter.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਤੁਸੀਂ ਸੁਣ ਤਾਂ ਲਓ ।

ਸਪੀਕਰ ਸਾਹਿਬ, ਉਨ੍ਹਾਂ ਨੂੰ ਅਰੈਸਟ ਨਹੀਂ ਸੀ ਹੋਣ ਦਿੱਤਾ ਗਿਆ ਬਲਕਿ ਏ. ਐਸ. ਆਈ. ਨੂੰ ਮੁਆਫੀ ਮੰਗਣੀ ਪਈ ਸੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਕੱਲ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ। ਉਸ ਦਾ ਕੀ ਬਣਿਆ ਹੈ ?

ਸ੍ਰੀ ਸਪੀਕਰ : ਉਹ 7 ਵਜਕੇ 10 ਮਿੰਟ ਤੇ ਆਈ ਸੀ। ਉਸ ਦਾ ਕੱਲ੍ਹ ਨੂੰ ਫੈਸਲਾ ਕਰਾਂਗੇ। (That was received at 7.10 a.m. A decision will be taken on it tomorrow.)

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਜੀ ਭੂੰਦੜ ਬੋਲ ਰਹੇ ਸਨ * * *

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying, should not be recorded.)

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਜੀ ਭੂੰਦੜ ਅਖਬਾਰ ਲੈ ਕੇ ਉਸ ਨੂੰ ਉਪਰ ਨੂੰ ਲਹਿਰਾ ਰਹੇ ਸਨ ਅਤੇ ਨਾਲ ਹੀ ਬੋਲ ਰਹੇ ਸਨ। (ਸ਼ੋਰ) * * * * *)

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ। (Whatever the hon'ble Member is saying, should not be recorded.)

Sardar Balwinder Singh Bhunder : * * *

Mr. Speaker : Whatever the hon'ble member is saying should not be recorded. I am sorry, you are obstructing the proceedings of the House.

(ਇਸ ਸਮੇਂ ਵਿਰੋਧੀ ਧਿਰ ਵਲੋਂ ਨਾਹਰੇ ਲੱਗ ਰਹੇ ਸਨ। * * *)

ਸ੍ਰੀ ਸਪੀਕਰ : ਜੋ ਵੀ ਨਾਹਰੇ ਆਨਰੇਬਲ ਮੈਂਬਰ ਸਾਹਿਬਾਨ ਲਗਾ ਰਹੇ ਹਨ. ਰਿਕਾਰਡ ਨਾ ਕੀਤੇ ਜਾਣ। (The slogans being raised by the hon. Members should not be recorded.)

(ਇਸ ਸਮੇਂ ਕਾਮਰੇਡ ਸੱਤ ਪਾਲ ਡਾਂਗ ਜੀ ਨੇ ਖੜ੍ਹੇ ਹੋਕੇ ਪੁਆਇੰਟ ਆਫ ਆਰਡਰ ਦੀ ਮੰਗ ਕੀਤੀ।)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਅਸੀਂ ਹਾਊਸ ਦੀ ਕਾਰਵਾਈ ਨਹੀਂ ਚੱਲਣ ਦੇਵਾਂਗੇ ਜਦੋਂ ਤਕ ਇਸ ਗੱਲ ਦਾ ਫੈਸਲਾ ਨਹੀਂ ਹੁੰਦਾ।

Mr. Speaker: Mr. Dang is on a point of order.

(ਇਸ ਸਮੇਂ ਅਕਾਲੀ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਖੜੇ ਹੋਕੇ ਬੋਲਣ ਲੱਗ ਪਏ। * *)

ਸ੍ਰੀ ਸਪੀਕਰ : ਜੋ ਕੁਝ ਵੀ ਮੈਂਬਰ ਸਾਹਿਬਾਨ ਚੇਅਰ ਦੀ ਇਜਾਜ਼ਤ ਤੋਂ ਬਿਨਾ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ। (Whatever the hon'ble Members are saying without the permission of the Chair, should not be recorded.)

---

*Not recorded as ordered by the Chair.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਬਾਦਲ ਸਾਹਿਬ ਨੂੰ ਕਹੋ ਕਿ ਇਨ੍ਹਾਂ ਨੂੰ ਰੋਕਣ, ਨਹੀਂ ਤਾਂ ਅਸੀਂ ਵੀ ਰੌਲਾ ਪਾਵਾਂਗੇ। (ਅਕਾਲੀ ਪਾਰਟੀ ਦੇ ਮੈਂਬਰ ਸਾਹਿਬਾਨ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਮੈਨੂੰ ਗੱਲ ਤਾਂ ਕਰ ਲੈਣ ਦਿਓ। ਕਮਾਲ ਹੈ ਯਾਰ। (ਸ਼ੋਰ)

Mr. Speaker : Yes please, Mr. Dang is on a point of order. (*Interruption*)

Mr. Speaker : I have called upon Mr. Dang. Yes, Dang Sahib.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਆਬੀਆਨਾ ਇਕ ਬਹੁਤ ਹੀ ਵਾਈਟਲ ਮਸਲਾ ਹੈ ਜਿਹੜਾ ਕਿ ਪੰਜਾਬ ਦੇ ਕਿਸਾਨਾਂ ਨਾਲ ਸਬੰਧ ਰੱਖਦਾ ਹੈ। ਐਗਜ਼ੈਕਟਿਵ ਆਰਡਰ ਦੇ ਰਾਹੀਂ ਇਸ ਤਰ੍ਹਾਂ ਕੀਤਾ ਗਿਆ ਹੈ। ਦਰਮਿਆਨੇ ਤੇ ਛੋਟੇ ਕਿਸਾਨ ਨੂੰ ਵੀ ਕੋਈ ਐਗਜ਼ੈਮਪਸ਼ਨ ਨਹੀਂ ਦਿਤੀ ਗਈ। ਅਬਿਆਨਾ ਦੋ ਗੁਣਾ ਕਰ ਦਿਤਾ ਗਿਆ ਹੈ। ਸਾਰੇ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਹੈ ਔਰ ਘੱਟੋ ਘੱਟ ਇਹ ਪੰਦਰਾਂ ਏਕੜ ਵਾਲੇ ਨੂੰ ਤਾਂ ਛੱਡ ਦਿੰਦੇ, ਵੱਡਿਆਂ ਦਾ ਵਧਾ ਦਿੰਦੇ ਤਾਂ ਤੇ ਗੱਲ ਠੀਕ ਸੀ। ਸਪੀਕਰ ਸਾਹਿਬ, ਤੁਸੀਂ ਟੈਕਨੀਕਲ ਗ਼ੱਲ ਨਾ ਕਰੋ ਕਿ ਇਹ ਬਜਟ ਸ਼ੈਸ਼ਨ ਹੈ, ਤੁਸੀਂ ਆਪਣੀ ਤਕਰੀਰ ਵਿਚ ਜੋ ਕਹਿਣਾ ਹੈ ਕਹਿ ਲੈਣਾ। ਸਪੀਕਰ ਸਾਹਿਬ, ਜਾਂ ਤਾਂ ਚੀਫ਼ ਮਨਿਸਟਰ ਸਾਹਿਬ ਹੁਣ ਦੱਸ ਦੇਣ ਕਿ ਘੱਟੋ ਘੱਟ 15 ਏਕੜ ਵਾਲੇ ਜ਼ਿਮੀਦਾਰ ਨੂੰ ਇਸ ਤੋਂ ਐਗਜ਼ੈਮਪਸ਼ਨ ਮਿਲੇਗੀ ?

ਸ਼੍ਰੀ ਸਪੀਕਰ : ਮੈਂ ਕਾਲ-ਅਟੈਂਸ਼ਨ ਐਡਮਿਟ ਕਰ ਲਵਾਂਗਾਂ। ਤੁਸੀਂ ਕਾਲ-ਅਟੈਨਸ਼ਨ ਦੇ ਦਿਓ। (I will admit Call-Attention Notice. You may give a notice of it.)

ਕਾਮਰੇਡ ਸੱਤ ਪਾਲ ਡਾਂਗ : ਨਹੀਂ ਜੀ, ਐਡਜਰਨਮੈਂਟ ਮੋਸ਼ਨ ਹੀ ਐਡਮਿਟ ਕਰ ਲਵੋ।

ਸ਼੍ਰੀ ਸਪੀਕਰ : ਐਡਜਰਨਮੈਂਟ ਮੋਸ਼ਨ ਬਜਟ ਸੈਸ਼ਨ ਵਿਚ ਐਡਮਿਟ ਨਹੀਂ ਹੁੰਦੀ। (Adjournment Motion is not admitted during the Budget Session.)

ਕਾਮਰੇਡ ਸੱਤ ਪਾਲ ਡਾਂਗ : ਤਾਂ ਫਿਰ ਚੀਫ ਮਨਿਸਟਰ ਸਾਹਿਬ ਬਿਆਨ ਦੇਣ ਨਹੀਂ ਤਾਂ ਅਸੀਂ ਇਹ ਗੱਲ ਨਹੀਂ ਛੱਡਣੀ।

ਸ਼੍ਰੀ ਸਪੀਕਰ: ਡਾਂਗ ਸਾਹਿਬ, ਸੈਸ਼ਨ ਚਲ ਰਿਹਾ ਹੈ, ਤੁਸੀਂ ਕਾਲ-ਅਟੈਂਸ਼ਨ ਨੋਟਿਸ ਦੇ ਦਿਓ। (Dang Sahib, Session is on. You may give a Call-Attention Notice.)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਜਿਤਨਾਂ ਚਿਰ ਬਜਟ ਸੈਸ਼ਨ ਚਲਦਾ ਹੈ ਉਤਨਾ ਚਿਰ ਜਿਹੜਾ ਦੋ ਗੁਣਾ ਅਬਿਆਨਾ ਵਧਾਇਆ ਹੈ ਉਸ ਦੀ ਉਗਰਾਹੀ ਹੀ ਬੰਦ ਕਰਵਾ ਦਿਓ।

ਸ਼੍ਰੀ ਸਪੀਕਰ : ਗੌਰਮਿੰਟ ਇਸ ਦੇ ਬਾਰੇ ਤਾਂ ਸ਼ਾਇਦ ਬਿਆਨ ਦੇ ਸਕੇਗੀ। (Perhaps the Government may make a statement in this respect.) (*Interruptions*)

WALK-OUTS

Comrade Satya Pal Dang : As a protest we walk out.

(ਇਸ ਸਮੇਂ ਸਦਨ ਵਿਚ ਹਾਜ਼ਰ ਸਾਰੇ ਕਮਿਊਨਿਸਟ ਪਾਰਟੀ ਦੇ ਮੈਂਬਰ ਵਾਕ-ਆਊਟ ਕਰ ਗਏ। ਜਾਂਦੇ ਜਾਂਦੇ ਮੈਂਬਰ ਸਾਹਿਬਾਨ ਨਾਹਰੇ ਲਗਾ ਰਹੇ ਸਨ ਪਰ ਹਾਊਸ ਵਿਚ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਦਿਤਾ।)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜੋ ਇਸ ਹਾਊਸ ਵਿਚ ਮਸਲਾ ਰਖਿਆ ਹੈ, ਮੇਰੀ ਪਾਰਟੀ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਅੱਜ ਕਿਸਾਨਾਂ ਨੂੰ ਪਾਣੀ ਨਹੀਂ ਮਿਲ ਰਿਹਾ। ਕਿਸਾਨਾਂ ਨੂੰ ਬਿਜਲੀ ਨਹੀਂ ਮਿਲ ਰਹੀ। ਮੀਟਿੰਗ ਕਰਕੇ ਅਸੀਂ ਇਹ ਫੈਸਲਾ ਕਰ ਲਿਆ ਹੈ ਕਿ ਅਸੀਂ ਇਹ ਮਸਲਾ ਡਿਸਕਸ ਕਰਨਾ ਹੈ....

ਸ੍ਰੀ ਸਪੀਕਰ : ਇਹ ਮਸਲਾ ਵੈਸੇ ਹੀ ਡਿਸਕਸ ਹੋ ਜਾਣਾ ਹੈ। ਤੁਸੀਂ ਤਸ਼ਰੀਫ ਰੱਖੋ, ਐਡਜਰਨਮੈਂਟ ਮੋਸ਼ਨ ਬਜਟ ਸੈਸ਼ਨ ਵਿਚ ਐਡਮਿਟ ਨਹੀਂ ਹੁੰਦੀ। ਇਹ ਹਾਊਸ ਦੀ ਕਨਵੈਨਸ਼ਨ ਹੈ। (This matter is going to be discussed even otherwise. You may please resume your seat. Adjournment Motion is not admitted during the Budget Session. This is the convention of the House.)

ਸਰਦਾਰ ਪਰਕਾਸ਼ ਸਿੰਘ ਬਾਦਲ : ਜੇਕਰ ਕਨਵੈਨਸ਼ਨ ਹੈ ਤਾਂ ਰੂਲ ਤਾਂ ਨਹੀਂ ਹੈ। ਜੇਕਰ ਕਨਸਟੀਚਿਊਸ਼ਨ ਨੂੰ ਬਦਲਿਆ ਜਾ ਸਕਦਾ ਹੈ ਤਾਂ ਕਨਵੈਨਸ਼ਨ ਨੂੰ ਕਿਉਂ ਨਹੀਂ ਬਦਲਿਆ ਜਾ ਸਕਦਾ ?

ਸ੍ਰੀ ਸਪੀਕਰ : ਸੋਰੀ, ਐਡਜਰਨਮੈਂਟ ਮੋਸ਼ਨ ਐਡਮਿਟ ਨਹੀਂ ਹੋ ਸਕਦੀ। I would request the Government to consider this matter. (Sorry, Adjournment Motion cannot be admitted, I would request the Government to consider the matter raised in the House.)

(ਇਸ ਸਮੇਂ ਮਾਸਟਰ ਚੰਦ ਸਿੰਘ ਬੈਂਚ ਤੇ ਖੜ੍ਹੇ ਹੋ ਕੇ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਇਜ਼ਾਜ਼ਤ ਨਾ ਮਿਲਣ ਤੇ ਹਾਊਸ ਵਿਚੋਂ ਵਾਕ-ਆਊਟ ਕਰ ਗਏ)

(ਇਸ ਵਕਤ ਆਪੋਜ਼ੀਸ਼ਨ ਦੇ ਹੋਰ ਵੀ ਬਹੁਤ ਸਾਰੇ ਮੈਂਬਰ ਆਪਣੀਆਂ ਜਗ੍ਹਾਂ ਤੇ ਖੜ੍ਹੇ ਸਨ। ਸਰਦਾਰ ਹਰਬੰਸ ਸਿੰਘ ਜਲਾਲ ਟੇਬਲ ਤੇ ਖੜ੍ਹੇ ਸਨ ਅਤੇ ਸਪੀਕਰ ਸਾਹਿਬ ਕੋਲੋਂ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

ਸ੍ਰੀ ਸਪੀਕਰ : ਤੁਸੀਂ ਹਾਊਸ ਦੀ ਪ੍ਰੋਸੀਡਿੰਗਜ਼ ਆਬਸਟ੍ਰਕਟ ਨਾ ਕਰੋ, ਬੈਠ ਜਾਵੋ। (Please do not obstruct the Proceedings of the House. Please resume your seats.)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ, ਸਪੀਕਰ ਸਾਹਿਬ, ਸਰਦਾਰ ਸਤਨਾਮ ਸਿੰਘ ਬਾਜਵਾ ਦੀ ਅਰੈਸਟ ਦੇ ਸਿਲਸਿਲੇ ਵਿਚ ਹਾਊਸ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪੋਲੀਟੀਕਲੀ ਮੋਟੀਵੇਟਿਡ ਹੈ।....

ਸ੍ਰੀ ਸਪੀਕਰ : ਬਾਦਲ ਸਾਹਿਬ, ਬਜਟ ਅਤੇ ਗਵਰਨਰ ਸਾਹਿਬ ਦੇ ਐਡਰੈਸ ਤੇ ਜਦੋਂ ਡਿਸਕਸ਼ਨ ਹੋਵੇਗੀ ਤਾਂ ਉਸ ਵੇਲੇ ਇਸ ਬਾਰੇ ਗੱਲ ਕਰ ਲੈਣਾ। ਇਸ ਵੇਲੇ ਹਾਊਸ ਦੀ ਕਾਰਵਾਈ ਚਲਣ ਦੇਵੋ। (Badal Sahib, you may speak about this matter during the discussion on the Governor's Address and Budget. Now, let the House proceed with its business.)

ਸਰਦਾਰ ਪਰਕਾਸ਼ ਸਿੰਘ ਬਾਦਲ : ਨਹੀਂ ਚੱਲਣ ਦੇਵਾਂਗੇ। ਹਾਊਸ ਦਾ ਕੰਮ ਨਹੀਂ ਚੱਲਣ ਦੇਣਾ।

ਸ੍ਰੀ ਸਪੀਕਰ : ਉਸ ਵੇਲੇ ਤੁਸੀਂ ਆਪਣੇ ਵਿਊਜ਼ ਬੜੇ ਜ਼ੋਰ ਨਾਲ ਦੇਣਾ, ਪਰ ਹਾਊਸ ਦੀ ਕਾਰਵਾਈ ਨੂੰ ਚੱਲਣ ਦੇਵੋ। (At that time, you may put forth your views forcefully, but let the House proceed with its business now.)

ਸਰਦਾਰ ਪਰਕਾਸ਼ ਸਿੰਘ ਬਾਦਲ : ਦੋ ਮਹੀਨੇ ਪਹਿਲਾਂ ਸਰਦਾਰ ਸਤਨਾਮ ਸਿੰਘ ਬਾਜਵਾ ਦੇ ਭਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ......

ਸ੍ਰੀ ਸਪੀਕਰ : ਤੁਸੀਂ ਬੈਠੋ ਜੀ। ਤੁਸੀਂ ਬਜਟ ਤੇ ਡਿਸਕਸ਼ਨ ਵੇਲੇ ਅਤੇ ਗਵਰਨਰ ਸਾਹਿਬ ਦੇ ਐਡਰੈਸ ਤੇ ਡਿਸਕਸ਼ਨ ਵੇਲੇ ਕਹਿ ਲੈਣਾ। (You please resume your seat, you may speak during discussion on the Budget and the Governor's Address.)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਸਾਬਤ ਕਰਨਾ ਹੈ ਕਿ ਸਰਦਾਰ ਬਾਜਵਾ ਦੀ ਗ੍ਰਿਫਤਾਰੀ ਪੋਲੀਟੀਕਲੀ ਮੋਟਿਵੇਟਿਡ ਹੈ ......

ਸ੍ਰੀ ਸਪੀਕਰ : ਗਵਰਨਰ ਐਡਰੈਸ ਅਤੇ ਬਜਟ ਤੇ ਡਿਸਕਸ਼ਨ ਵੇਲੇ ਕਹਿ ਲੈਣਾ। (You may do so during the discussion on Governor's Address and Budget.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਕ ਪਾਰਟੀ ਦਾ ਮੈਂਬਰ ਅਰੈਸਟ ਹੁੰਦਾ ਹੈ ਤਾਂ ਤੁਸੀਂ ਬੋਲਣ ਦੀ ਇਜਾਜ਼ਤ ਨਹੀਂ ਦੇਂਦੇ

ਸ੍ਰੀ ਸਪੀਕਰ : ਤੁਸੀਂ ਗਵਰਨਰ ਸਾਹਿਬ ਦੇ ਐਡਰੈਸ ਜਾਂ ਬਜਟ ਤੇ ਡਿਸਕਸ਼ਨ ਵੇਲੇ ਕਹਿ ਲੈਣਾ। ਤੁਸੀਂ ਆਪਣੀ ਪਾਰਟੀ ਦੇ ਕਿਸੇ ਸਪੋਕਸਮੈਨ ਤੋਂ ਕਹਾ ਲੈਣਾ। (You may raise the issue during discussion on the Governor's Address and Budget. You can ask any spokesman of your party to do so.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਮੇਰੀ ਗੱਲ ਤਾਂ ਸੁਣੋ ...

ਸ੍ਰੀ ਸਪੀਕਰ : ਮੈਂ ਇਸ ਬਾਰੇ ਰੂਲਿੰਗ ਦੇ ਚੁੱਕਾ ਹਾਂ, ਪਰ ਚੀਫ ਮਨਿਸਟਰ ਸਾਹਿਬ ਆਪਣੇ ਵਿਊਜ਼ ਦੱਸਣਾ ਚਾਹੁੰਦੇ ਹਨ, ਉਹ ਦੱਸ ਦੇਣ। (I have already given my ruling about this matter. If the hon. Chief Minister wants to express his views he may do so.)

STATEMENT MADE BY THE CHIEF MINISTER REGARDING THE ARREST OF SARDAR SATNAM SINGH BAJWA, M.L.A. AND ALLEGED INVOLVEMENT OF SOME RELATIVES OF A MINISTER IN SMUGGLING

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): ਮੇਰਾ ਅੰਦਾਜ਼ਾ ਸੀ ਕਿ ਪਾਰਲੀਆਮੈਂਟਰੀ ਰਵਾਇਤਾਂ ਨੂੰ ਕਾਇਮ ਰੱਖਦਿਆਂ ਹੋਇਆਂ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਮੋਸ਼ਨ ਦੀ ਰਿਜੈਕਸ਼ਨ ਤੋਂ ਬਾਅਦ ਫਿਰ ਕੋਈ ਸਟੇਟਮੈਂਟ ਨਹੀਂ ਦੇਣਗੇ ਅਤੇ ਨਹੀਂ ਬੋਲਣਗੇ ਔਰ ਇਸ ਤਰ੍ਹਾਂ ਦੀ ਜ਼ਿੰਮੇਦਾਰੀ ਅਤੇ ਪੋਜ਼ੀਸ਼ਨ ਦੇ ਹੁੰਦਿਆਂ ਹੋਇਆਂ ਇਹ ਗੱਲ ਕਹਿਣੀ ਕਿ ਹਾਊਸ ਨੂੰ ਨਹੀਂ ਚੱਲਣ ਦੇਵਾਂਗੇ, ਬੜੀ ਅਫਸੋਸਨਾਕ ਗੱਲ ਹੈ ਅਤੇ ਇਸ ਤਰ੍ਹਾਂ ਇਨ੍ਹਾਂ ਨੂੰ ਨਹੀਂ ਸੀ ਕਰਨਾ ਚਾਹੀਦਾ । ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਜੇ ਕਿਸੇ ਨਾਲ ਵੀ ਬੇਇਨਸਾਫੀ ਹੋਵੇ ਤਾਂ ਉਸ ਬੇਇਨਸਾਫੀ ਨੂੰ ਰੋਕਣ ਵਾਸਤੇ ਵੀ ਹਰ ਮੁਮਕਿਨ ਤਰੀਕੇ ਨਾਲ ਯਤਨ ਕਰਨਾ ਚਾਹੀਦਾ ਹੈ ਔਰ ਇਹ ਵੀ ਸਾਰਿਆਂ ਦਾ ਫਰਜ਼ ਹੈ ਕਿ ਕੋਈ ਆਦਮੀ ਕਿੰਨਾ ਵੀ ਵੱਡਾ ਹੋਵੇ, ਅਗਰ ਉਸ ਦੇ ਖਿਲਾਫ਼ ਕੋਈ ਕਾਰਵਾਈ ਹੈ ਤਾਂ ਉਸ ਨੂੰ ਨਿਧੜਕਤਾ ਨਾਲ ਕੀਤਾ ਜਾਣਾ ਚਾਹੀਦਾ ਹੈ । (ਵਿਘਨ)

ਸ੍ਰੀ ਸਪੀਕਰ : ਨੋ ਇੰਟਰੱਪਸ਼ਨ । ਬਾਦਲ ਸਾਹਿਬ, ਤੁਸੀਂ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਇਸ ਤਰ੍ਹਾਂ ਇੰਟਰੱਪਟ ਕਰਨ ਤੋਂ ਰੋਕੋ ਜੀ । (No interruption, Badal Sahib, please ask your party members not be interrupt like this.)

ਮੁੱਖ ਮੰਤਰੀ : ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੂੰ ਕਹੋ ਜੀ ਕਿ ਅਸੀਂ ਉਨ੍ਹਾਂ ਦੀ ਗੱਲ ਬੜੀ ਸ਼ਾਂਤੀ ਨਾਲ ਸੁਣੀ ਹੈ, ਉਹ ਵੀ ਸਾਨੂੰ ਸੁਣਨ । ਕੁਝ ਅਖਬਾਰਾਂ ਦੀਆਂ ਖਬਰਾਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਸਰਦਾਰ ਉਮਰਾਓ ਸਿੰਘ ਦੇ ਰਿਸ਼ਤੇਦਾਰ ਜਿਹੜੇ ਹਨ, ਉਹ ਸਮੱਗਲਿੰਗ ਵਿਚ ਸ਼ਾਮਲ ਹਨ । ਇਕ ਲਾਲੀ ਗਰੁੱਪ ਦਾ ਜ਼ਿਕਰ ਕੀਤਾ ਗਿਆ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹਨ੍ਹਾਂ ਦੇ ਕੁੱਝ ਬੰਦੇ ਪਕੜ ਲਏ ਹਨ ਅਤੇ ਕੁਝ ਨੱਸ ਗਏ ਹਨ ਔਰ ਜੋ ਨੱਸ ਗਏ ਹਨ, ਉਨ੍ਹਾਂ ਦੇ ਭੱਜਣ ਦੀ ਤਹਿਕੀਕਾਤ ਕਰ ਰਹੇ ਹਾਂ । ਮੈਂ ਹਾਊਸ ਨੂੰ ਯਕੀਨ ਦਵਾਉਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਬੰਦਿਆਂ ਨੂੰ ਭਜਾਉਣ ਵਿਚ ਗਿਆਨੀ ਜ਼ੈਲ ਸਿੰਘ ਦਾ ਵੀ ਹੱਥ ਹੋਵੇ ਤਾਂ ਮੇਰੀ ਸਰਕਾਰ ਗਿਆਨੀ ਜ਼ੈਲ ਸਿੰਘ ਨੂੰ ਵੀ ਗ੍ਰਿਫ਼ਤਾਰ ਕਰੇਗੀ । (ਟਰੈਜ਼ਰੀ ਬੈਂਚਾਂ ਵਲੋਂ ਥੰਪਿੰਗ) ਸਪੀਕਰ ਸਾਹਿਬ, ਮੈਂ ਆਪਣਾ ਨਾਂ ਇਸ ਕਰਕੇ ਲਿਆ ਹੈ ਕਿ ਮੇਰੇ ਕੋਲੀਗ ਦੇ ਖਿਆਫ਼ ਐਲੀਗੇਸ਼ਨ ਲਗਾਇਆ ਜਾ ਰਿਹਾ ਹੈ । ਇਸ ਲਈ ਜੇ ਮੇਰੇ ਕਿਸੇ ਕੋਲੀਗ ਤੇ ਕੋਈ ਕੇਸ ਹੋਵੇ ਜਾਂ ਕਿਸੇ ਸਮੱਗਲਰ ਦੀ ਹਿਮਾਇਤ ਕੀਤੀ ਹੋਵੇ ਅਤੇ ਜੇ ਕਿਸੇ ਨੂੰ ਨਾਜਾਇਜ਼ ਤੌਰ ਤੇ ਭਜਾਉਣ ਦਾ ਯਤਨ ਕੀਤਾ ਹੋਵੇ ਅਤੇ ਜਾਂ ਉਸ ਦਾ ਕੋਈ ਇਸ ਕੰਮ ਵਿਚ ਹਿੱਸਾ ਹੋਵੇ ਤਾਂ ਐਕਸ਼ਨ ਲਿਆ ਜਾਵੇਗਾ । ਇਸ ਤੋਂ ਇਲਾਵਾ ਬਾਦਲ ਸਾਹਿਬ ਨੇ ਖੁਦ ਫਰਮਾਇਆ ਸੀ ਕਿ ਉਹ 2–3 ਵਾਰੀ ਮੈਨੂੰ ਮਿਲੇ ਸਨ । ਮੈਂ ਨਹੀਂ ਸੀ ਚਾਹੁੰਦਾ ਕਿ ਮੈਂ ਦੱਸਾਂ । ਜਿਸ ਦਿਨ ਸੰਧੂ ਸਾਹਿਬ ਦੀ ਡੈਥ ਦਾ ਭੋਗ ਸੀ, ਉਸ ਦਿਨ ਸਰਦਾਰ ਬਾਦਲ ਸਾਹਿਬ ਤੇ ਸਰਦਾਰ ਸਤਨਾਮ ਸਿੰਘ ਬਾਜਵਾ ਮੈਨੂੰ ਮਿਲੇ ਅਤੇ ਉਨ੍ਹਾਂ ਨੇ ਕਿਹਾ ਕਿ ਸਾਨੂੰ ਸ਼ੱਕ ਹੈ ਕਿ ਬਾਜਵਾ ਸਾਹਿਬ ਦੇ ਖਿਲਾਫ਼ ਸਮੱਗਲਿੰਗ ਦਾ ਕੋਈ ਕੇਸ ਤੁਹਾਡੇ ਨੋਟਿਸ ਵਿਚ ਹੈ, ਤੁਸੀਂ ਇਨ੍ਹਾਂ ਨੂੰ ਗ੍ਰਿਫ਼ਤਾਰ ਨਾ ਕਰੋ । ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਜੇ ਕੋਈ ਕੇਸ ਨਹੀਂ ਅਤੇ ਕੋਈ ਸਮੱਗਲਿੰਗ ਦਾ ਚਾਰਜ ਨਹੀਂ ਤਾਂ ਕੋਈ ਐਕਸ਼ਨ ਨਹੀਂ ਲਿਆ ਜਾਵੇਗਾ । ਉਸ ਤੋਂ ਬਾਅਦ ਫਿਰ ਬਾਜਵਾ ਸਾਹਿਬ ਮੈਨੂੰ ਮਿਲੇ ਅਤੇ ਹੋਰ ਵੀ ਕਈ ਦੋਸਤ ਮਿਲੇ । ਬਾਜਵਾ ਸਾਹਿਬ ਨਾਲ ਮੈਨੂੰ ਬੜਾ ਹਿੱਤ ਤੇ ਪਿਆਰ ਹੈ । ਸਾਰੀ ਅਕਾਲੀ

[ਮੁੱਖ ਮੰਤਰੀ]

ਪਾਰਟੀ ਵਿਚੋਂ ਬਾਜਵਾ ਸਾਹਿਬ ਨਾਲ ਮੇਰੇ ਬਹੁਤ ਅੱਛੇ ਤਾਅਲੁਕਾਤ ਹਨ ਔਰ ਬਾਜਵਾ ਸਾਹਿਬ ਬਹੁਤ ਚਿਰ ਪਹਿਲਾਂ ਕਾਂਗਰਸ ਦੇ ਵੀ ਮੈਂਬਰ ਰਹੇ ਹਨ । ਨਾਲ ਡਾਕਟਰ ਬਲਦੇਵ ਪ੍ਰਕਾਸ਼ ਜੀ ਇਸ ਗੱਲ ਦੀ ਸ਼ਹਾਦਤ ਦੇਣਗੇ ਕਿ ਸਰਦਾਰ ਬਾਜਵਾ ਸਾਹਿਬ ਜਦੋਂ ਇਨ੍ਹਾਂ ਬੈਂਚਾਂ ਤੇ ਬੈਠੇ ਸਨ ਤਾਂ ਉਨ੍ਹਾਂ ਬੈਂਚਾਂ ਤੋਂ ਆਵਾਜ਼ ਆਈ ਸੀ ਕਿ ਇਹ ਜਿਹੜੇ ਸਮੱਗਲਰ ਹਨ, ਇਹ ਪਕੜੇ ਨਹੀਂ ਜਾਂਦੇ । ਮੈਂ ਡਿਪਟੀ ਕਮਿਸ਼ਨਰ, ਐਸ. ਪੀ. ਅਤੇ ਆਈ. ਜੀ. ਸਾਹਿਬ ਨੂੰ ਕਿਹਾ ਕਿ ਕੋਈ ਐਸੀ ਗੱਲ ਤਾਂ ਨਹੀਂ ਹੋ ਰਹੀ ਹੈ ਕਿ ਉਨ੍ਹਾਂ ਦੇ ਖਿਲਾਫ ਕੋਈ ਝੂਠਾ ਮੁਕੱਦਮਾ ਬਣਾਇਆ ਜਾ ਰਿਹਾ ਹੋਵੇ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਪੁਲਿਸ ਬੜੀ ਈਮਾਨਦਾਰੀ ਅਤੇ ਨਿਰਪੱਖਤਾ ਨਾਲ ਕੰਮ ਕਰਦੀ ਹੈ । ਉਨ੍ਹਾਂ ਨੇ ਕਿਹਾ ਹੈ ਕਿ ਸ਼ਿਕਾਇਤਾਂ ਹਨ ਅਤੇ ਜਦੋਂ ਤਕ ਸਾਡੇ ਕੋਲ ਕੋਈ ਸ਼ਿਕਾਇਤ ਅਤੇ ਉਸ ਦਾ ਸਬੂਤ ਨਾ ਹੋਵੇ ਤਾਂ ਉਸ ਵੇਲੇ ਤਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ ।

ਸ਼ਿਕਾਇਤਾਂ ਤਾਂ ਕਈ ਬੰਦਿਆਂ ਦੀਆਂ ਹੋ ਸਕਦੀਆਂ ਹਨ । ਅਸੀਂ ਉਨ੍ਹਾਂ ਤੇ ਗੌਰ ਕਰਦੇ ਹਾਂ ਜਿਨ੍ਹਾਂ ਦੀ ਪਹਿਲਾਂ ਸਾਨੂੰ ਇਤਲਾਹ ਆਈ ਹੋਵੇ ਅਤੇ ਕੋਈ ਉਸ ਦਾ ਸਬੂਤ ਹੋਵੇ । ਸਪੀਕਰ ਸਾਹਿਬ, ਮੈਂ ਕਿਹਾ ਸੀ ਕਿ ਅਗਰ ਕੋਈ ਸਰਦਾਰ ਸਤਨਾਮ ਸਿੰਘ ਬਾਜਵਾ ਦੇ ਖਿਲਾਫ਼ ਕੋਈ ਸ਼ਿਕਾਇਤ ਆਈ ਅਤੇ ਕੋਈ ਉਸ ਦਾ ਸਬੂਤ ਹੋਇਆ ਤਾਂ ਅਸੀਂ ਉਸ ਤੇ ਜ਼ਰੂਰ ਐਕਸ਼ਨ ਲਵਾਂਗੇ ਅਤੇ ਇਸ ਬਾਰੇ ਇਨਫਾਰਮ ਵੀ ਕੀਤਾ ਜਾਵੇਗਾ । ਲੇਕਿਨ ਕੋਈ ਸਬੂਤ ਨਾ ਆਇਆ । ਉਨ੍ਹਾਂ ਦੇ ਭਾਈ ਸਾਹਿਬ ਸਮੱਗਲਿੰਗ ਵਿਚ ਹਨ ਅਤੇ ਉਨ੍ਹਾਂ ਨੂੰ ਗਰਿਫਤਾਰ ਕੀਤਾ ਗਿਆ । ਸਪੀਕਰ ਸਾਹਿਬ, ਉਸ ਵੇਲੇ ਮੀਸਾ ਸੀ ਅਤੇ ਮੀਸਾ ਦੇ ਅਧੀਨ ਮੈਜਿਸਟ੍ਰੇਟ ਕਿਸੇ ਨੂੰ ਨਹੀਂ ਸੀ ਪੁੱਛਦਾ ਅਤੇ ਨਾ ਹੀ ਉਸ ਨੂੰ ਪੁੱਛਣ ਦੀ ਲੋੜ ਸੀ । ਲੇਕਿਨ ਹੁਣ ਜਿਹੜਾ ਨਵਾਂ ਐਕਟ ਬਣਿਆ ਇਸ ਦੇ ਅਧੀਨ ਉਸ ਨੂੰ ਗਰਿਫਤਾਰ ਕਰਨ ਤੋਂ ਪਹਿਲਾਂ ਪੁੱਛਣਾ ਪੈਂਦਾ ਹੈ ਗੌਰਮਿੰਟ ਦੀ ਮਨਜ਼ੂਰੀ ਲੈਣੀ ਪੈਂਦੀ ਹੈ ਫਿਰ ਗਰਿਫਤਾਰ ਕੀਤਾ ਜਾਂਦਾ ਹੈ ।

ਸਪੀਕਰ ਸਾਹਿਬ, ਸਾਡੇ ਪਾਸ 4 ਤਾਰੀਖ ਨੂੰ ਡਿਪਟੀ ਕਮਿਸ਼ਨਰ ਨੇ ਰਿਪੋਰਟ ਭੇਜੀ ਜਿਹੜੀ ਕਿ ਪੰਜਾਬ ਸਰਕਾਰ ਨੂੰ 5 ਤਾਰੀਖ ਨੂੰ ਮਿਲੀ । ਉਨ੍ਹਾਂ ਨੇ ਕਿਹਾ ਕਿ ਇਹ ਕੇਸ ਕਲੀਅਰ ਕੱਟ ਹੈ ਜੇ ਇਸ ਕੇਸ ਵਿਚ ਗਰਿਫਤਾਰ ਨਾ ਕੀਤਾ ਗਿਆ ਤਾਂ ਪਬਲਿਕ ਇਹ ਕਹੇਗੀ ਕਿ ਸਰਕਾਰ ਗਰੀਬਾਂ ਨੂੰ ਪਕੜਦੀ ਹੈ ਜਿਨ੍ਹਾਂ ਦੀ ਕੋਈ ਸਿਫਾਰਸ਼ ਨਹੀਂ ਹੁੰਦੀ ਅਤੇ ਵੱਡੇ ਆਦਮੀਆਂ ਨੂੰ ਨਹੀਂ ਪਕੜਦੀ, ਇਸ ਵਾਸਤੇ ਮਨਜ਼ੂਰੀ ਦਿੱਤੀ ਜਾਵੇ ਕਿ ਗਰਿਫਤਾਰ ਕੀਤਾ ਜਾਵੇ । 5 ਤਾਰੀਖ ਨੂੰ ਉਹ ਰਿਪੋਰਟ ਸਾਡੇ ਪਾਸ ਪੁੱਜੀ ਉਸ ਨੂੰ ਐਗਜ਼ਾਮਿਨ ਕੀਤਾ ਗਿਆ, ਲਾਅਸੈਕਟਰੀ ਨੂੰ ਵਿਖਾਇਆ ਗਿਆ ਅਤੇ ਜੋ ਪਰੋਸੀਜਰ ਸੀ ਉਸ ਦੇ ਮੁਤਾਬਕ 6 ਤਾਰੀਖ ਨੂੰ ਉਨ੍ਹਾਂ ਨੂੰ ਗਰਿਫਤਾਰ ਕਰਨ ਦਾ ਹੁਕਮ ਦਿੱਤਾ ਗਿਆ ਕਿ ਤੁਸੀਂ ਉਨ੍ਹਾਂ ਨੂੰ ਗਰਿਫਤਾਰ ਕਰ ਸਕਦੇ ਹੋ । ਪੰਜਾਬ ਪੁਲਿਸ ਉਨ੍ਹਾਂ ਨੂੰ ਉਨ੍ਹਾਂ ਦੀ ਰਿਹਾਇਸ਼ ਤੇ ਲੱਭਦੀ ਰਹੀ ਅੰਮ੍ਰਿਤਸਰ ਲੱਭਦੀ ਰਹੀ, ਪਰ ਉਹ ਇਥੇ ਆ ਕੇ ਮਿਲੇ । ਸਪੀਕਰ ਸਾਹਿਬ, ਹਾਊਸ ਦੇ ਪਰਿਵਿਲੇਜ ਨੂੰ ਐਮ. ਐਲ, ਏ. ਹੋਸਟਲ ਨਾਲ ਨਹੀਂ ਜੋੜਿਆ ਜਾ ਸਕਦਾ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਪੁਲੀਟੀਕਲ ਮੋਟਿਵ ਨਾਲ ਗਰਿਫਤਾਰ ਕੀਤਾ ਗਿਆ ਹੈ, ਨਾ ਸਾਡੇ ਮਨ ਵਿਚ ਇਹੋ ਜਿਹੀ ਭਾਵਨਾ ਕਦੇ ਆਈ ਅਤੇ ਨਾ ਹੀ ਆਏਗੀ । ਆਪੋਜ਼ੀਸ਼ਨ ਦੇ ਲੀਡਰ ਨੇ ਇਹ ਕਿਹਾ ਕਿ ਇਹ ਬਦਲੇ ਦੀ ਭਾਵਨਾ ਨਾਲ ਕੀਤਾ ਹੈ ਪਰ ਸਪੀਕਰ ਸਾਹਿਬ, ਮੈਂ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਵਿਚ ਕੋਈ ਕਿਸੇ ਕਿਸਮ ਦੀ ਬਦਲੇ ਦੀ ਭਾਵਨਾ ਨਹੀਂ ਹੈ ਅਤੇ ਨਾ ਹੀ ਆ ਸਕਦੀ ਹੈ । ਸਪੀਕਰ ਸਾਹਿਬ ਨਾ ਅਕਾਲੀ ਪਾਰਟੀ ਸਮੱਗਲਰ ਹੈ ਅਤੇ ਨਾ ਹੀ ਕਮਿਊਨਿਸਟ ਪਾਰਟੀ ਸਮੱਗਲਰ ਹੈ ਅਤੇ ਨਾ ਹੀ ਕਾਂਗਰਸ

ਪਾਰਟੀ ਸਮੱਗਲਰ ਹੈ ਕੋਈ ਵੀ ਪਾਰਟੀ ਸਮੱਗਲਰ ਨਹੀਂ। ਪਰ ਜੇ ਕਿਸੇ ਪਾਰਟੀ ਦਾ ਕੋਈ ਬੰਦਾ ਸਮੱਗਲਿੰਗ ਕਰਦਾ ਹੈ ਤਾਂ ਇਸ ਨਾਲ ਸਾਰੀ ਪਾਰਟੀ ਸਮੱਗਲਰ ਨਹੀਂ ਹੋ ਜਾਂਦੀ । ਕੋਈ ਪਾਰਟੀ ਸਮਝੇ ਇਹ ਸਾਰੀ ਦੀ ਸਾਰੀ ਪਾਰਟੀ ਸਮਗਲਰ ਦੇ ਨਾਲ ਹੈ ਇਹ ਗਲਤ ਹੈ ਅਤੇ ਉਨ੍ਹਾਂ ਦਾ ਲੀਡਰ ਕਹੇ ਕਿ ਮੈਂ ਗਿਰਫਤਾਰ ਹੋਵਾਂਗਾ ਅਤੇ ਉਸ ਨੂੰ ਰਿਹਾ ਕਰਾਵਾਂਗਾ, ਇਹ ਠੀਕ ਨਹੀਂ । ਹਾਲੇ ਤੱਕ ਐਡਵਾਈਜ਼ਰੀ ਕਮੇਟੀ ਨੇ ਸਿਰਫ 44 ਆਦਮੀ ਛੱਡੇ ਹਨ, ਹਾਈਕੋਰਟ ਨੇ ਵੀ ਕਈ ਸਮੱਗਲਰ ਛੱਡੇ ਹਨ । ਇਹ ਕੇਸ ਹਾਈਕੋਰਟ ਵਿਚ ਵੀ ਜਾਵੇਗਾ, ਐਡਵਾਈਜ਼ਰੀ ਕਮੇਟੀ ਕੋਲ ਵੀ ਇਹ ਮੁਕਦਮਾ ਜਾਵੇਗਾ, ਇਹ ਪਬਲਿਕ ਪਰਾਪਰਟੀ ਹੈ ਔਰ ਸਾਮ੍ਹਣੇ ਆਵੇਗੀ। ਮੈਂ ਸਮਝਦਾ ਹਾਂ ਕਿ ਅਕਾਲੀ ਪਾਰਟੀ ਦੇ ਨੇਤਾਵਾਂ ਨੂੰ ਹੌਸਲੇ ਨਾਲ ਕਦਮ ਚੁੱਕਣਾ ਚਾਹੀਦਾ ਹੈ । ਅਸੀਂ ਮੁਕੱਦਮਾ ਲੜਾਂਗੇ, ਮੁਕੱਦਮਾ ਸਾਬਤ ਕਰੇਗਾ, ਮੈਨੂੰ ਖੁਸ਼ੀ ਹੋਵੇਗੀ ਕਿ ਅਗਰ ਉਹ ਰਿਹਾਅ ਹੋ ਜਾਣ । ਮੈਨੂੰ ਇਸ ਵਿਚ ਕੋਈ ਔਖ ਨਹੀਂ ਹੋਵੇਗੀ। ਸਪੀਕਰ ਸਾਹਿਬ, ਮੈਂ ਪ੍ਰਾਰਥਨਾ ਕਰਾਂਗਾ ਕਿ ਇਹੋ ਜਿਹੀ ਗੱਲ ਤੇ ਪਬਲਿਕ ਲਾਈਫ ਨੂੰ ਨੀਵਾਂ ਨਾ ਕਰਨ ਬਲਕਿ ਪਬਲਿਕ ਲਾਈਫ ਨੂੰ ਉੱਚਾ ਬਣਾਉਣ । ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਮੈਂ ਗਵਰਨਰ ਸਾਹਿਬ ਦੇ ਕਸਮ ਖਾਧੀ ਹੈ ਕਿ ਮੈਂ ਵਿਦਆਊਟ ਫੇਵਰ ਐਂਡ ਫੀਅਰ ਫੈਸਲੇ ਕਰਨੇ ਹਨ ਅਤੇ ਮੈਂ ਇਸ ਕਸਮ ਨੂੰ ਪੂਰਾ ਕਰਾਂਗਾ। ਮੈਂ ਇਹ ਫੈਸਲਾ ਕੀਤਾ ਹੈ ਕਿ ਨਾ ਮੈਂ ਕਿਸੇ ਪਾਰਟੀ ਨਾਲ ਕੋਈ ਰੰਜਸ਼ ਕਰਾਂਗਾ ਅਤੇ ਨਾ ਹੀ ਕੋਈ ਕਿਸੇ ਵੀ ਆਦਮੀ ਨਾਲ ਫੇਵਰ ਕਰਾਂਗਾ । ਮੈਂ ਹਾਊਸ ਨੂੰ ਫਿਰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਨਾ ਤਾਂ ਕਿਸੇ ਬਦਲੇ ਦੀ ਭਾਵਨਾ ਨਾਲ ਅਤੇ ਨਾ ਹੀ ਕਿਸੇ ਪੋਲੀਟੀਕਲ ਮੋਟਿਵ ਨਾਲ ਉਨ੍ਹਾਂ ਨੂੰ ਗਰਿਫਤਾਰ ਕੀਤਾ ਹੈ । ਮੈਂ ਪੰਜਾਬ ਪੁਲਿਸ ਨੂੰ ਗਰਿਫਤਾਰੀ ਦਾ ਹੁਕਮ ਦਿੱਤਾ ਕਿਉਂਕਿ ਮੇਰੇ ਪਾਸ ਡਿਪਟੀ ਕਮਿਸ਼ਨਰ ਦੀ ਰਿਪੋਰਟ ਆਈ ਸੀ ਅਤੇ ਉਸ ਰਿਪੋਰਟ ਨੂੰ ਐਗਜ਼ਾਮਿਨ ਕਰਨ ਤੋਂ ਬਾਅਦ ਇਹ ਇਜਾਜ਼ਤ ਦਿੱਤੀ ਗਈ ।

ਦੂਜੀ ਗੱਲ ਇਹ ਕਿ ਉਨ੍ਹਾਂ ਨੂੰ ਡਰੈਗ ਨਹੀਂ ਕੀਤਾ ਗਿਆ । ਉਨ੍ਹਾਂ ਨੂੰ ਲੋੜੀਂਦੀਆਂ ਚੀਜ਼ਾਂ ਕਪੜੇ ਆਦਿ ਲੈਣ ਲਈ ਆਗਿਆ ਦਿੱਤੀ ਗਈ । ਇਹ ਵੀ ਕਿਹਾ ਗਿਆ ਕਿ ਉਹ ਦਿਲ ਦੀ ਬਿਮਾਰੀ ਦੇ ਮਰੀਜ਼ ਹਨ, ਵੈਸੇ ਤਾਂ ਸਾਰੇ ਹੀ ਸਮੱਗਲਰ ਦਿਲ ਦੀ ਬਿਮਾਰੀ ਦੇ ਮਰੀਜ਼ ਹੁੰਦੇ ਹਨ ਇਸ ਲਈ ਡਾਕਟਰਾਂ ਨੂੰ ਸਪੈਸ਼ਲ ਤੌਰ ਤੇ ਕਿਹਾ ਕਿ ਉਨ੍ਹਾਂ ਦਾ ਪੂਰਾ ਪੂਰਾ ਧਿਆਨ ਕੀਤਾ ਜਾਵੇ । ਉਨ੍ਹਾਂ ਨੂੰ ਡਾਕਟਰੀ ਸਹੂਲਤਾਂ ਪੂਰੀਆਂ ਦਿੱਤੀਆਂ ਜਾਣਗੀਆਂ । ਕਿਸੇ ਕਿਸਮ ਦੀ ਉਨ੍ਹਾਂ ਨਾਲ ਜਿਸਮਾਨੀ ਤੌਰ ਤੇ ਸਖ਼ਤੀ ਨਹੀਂ ਕੀਤੀ ਜਾਵੇਗੀ ।

ਸਪੀਕਰ ਸਾਹਿਬ, ਮੈਂ ਹਾਊਸ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਇਹੋ ਜਿਹੇ ਭੈੜੇ ਕੰਮਾਂ ਨੂੰ ਖ਼ਤਮ ਕਰਨ ਵਾਸਤੇ ਸਾਡੀ ਮੱਦਦ ਕਰੋ । ਇਹ ਜਿਹੜੇ ਸਮੱਗਲਰ ਹੁੰਦੇ ਹਨ, ਰਿਸ਼ਵਤ ਖੋਰ ਹੁੰਦੇ ਹਨ, ਹੋਰਡਰਜ਼ ਹੁੰਦੇ ਹਨ, ਬਲੈਕੀਏ ਹੁੰਦੇ ਹਨ, ਜੇ ਇਹ ਸਾਰੇ ਇੱਕਠੇ ਕੀਤੇ ਜਾਣ ਤਾਂ ਬਹੁਤ ਭਾਰੀ ਤਾਦਾਦ ਵਿਚ ਹੋ ਸਕਦੇ ਹਨ ਅਤੇ ਇਨ੍ਹਾਂ ਪਾਸ ਪੈਸਾ ਵੀ ਬਹੁਤ ਹੁੰਦਾ ਹੈ ਉਹ ਇਸ ਪੈਸੇ ਨਾਲ ਅਫ਼ਸਰਾਂ ਨੂੰ ਖਰੀਦ ਲੈਂਦੇ ਹਨ । ਕਮਿਊਨਿਸਟ ਪਾਰਟੀ ਦੇ ਲੀਡਰ ਨੇ ਇਥੇ ਕਿਹਾ ਸੀ ਕਿ ਕਈ ਸਮੱਗਲਰ ਅਫ਼ਸਰਾਂ ਨੂੰ ਖਰੀਦ ਲੈਂਦੇ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਡਾਊਟ ਬਿਲਕੁਲ ਠੀਕ ਹੈ, ਕਿਉਂਕਿ ਇਨ੍ਹਾਂ ਪਾਸ ਮਿਹਨਤ ਦਾ ਪੈਸਾ ਨਹੀਂ ਹੁੰਦਾ, ਇਨ੍ਹਾਂ ਨੇ ਬੜੇ ਸੌਖੇ ਢੰਗ ਨਾਲ ਪੈਸਾ ਬਣਾਇਆ ਹੁੰਦਾ ਹੈ ਅਤੇ ਸੌਖੇ ਢੰਗ ਨਾਲ ਬਣਾਇਆ ਪੈਸਾ ਸੌਖਾ ਹੀ ਖ਼ਰਚ ਕੀਤਾ ਜਾ ਸਕਦਾ ਹੈ, ਇਸ ਲਈ ਇਸ ਬਾਰੇ ਸੈਂਟਰਲ ਲੈਵਲ ਤੇ ਇਸ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਮੈਂ ਵੀ ਇਸ ਹਾਊਸ ਦੇ ਮੈਂਬਰਾਂ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਆਨੈਸਟੀ ਨਾਲ, ਈਮਾਨਦਾਰੀ ਨਾਲ ਸਾਡੀ ਮੱਦਦ ਕਰਨ ਤਾਕਿ ਅਸੀਂ ਇਹੋ ਜਿਹੀਆਂ ਬੁਰਾਈਆਂ ਨੂੰ ਖ਼ਤਮ ਕਰ ਸਕੀਏ, ਇਤਨਾ ਕਹਿ ਕੇ ਮੈਂ ਬੈਠਦਾ ਹਾਂ ।

Mr. Speaker: Call Attention Notice No. 5 by Shri Sardari Lal Kapoor.

(ਆਪੋਜ਼ੀਸ਼ਨ ਵਲੋਂ ਵਿਘਨ)

ਸ੍ਰੀ ਸਪੀਕਰ : ਮੈਂ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਹੁਣੇ ਹੀ ਗਵਰਨਰ ਸਾਹਿਬ ਦੇ ਐਡਰਸ ਤੇ ਬਹਿਸ ਸ਼ੁਰੂ ਹੋ ਜਾਣੀ ਹੈ, ਉਸ ਤੇ ਕਾਫੀ ਟਾਈਮ ਮਿਲ ਜਾਵੇਗਾ, ਉਸ ਵਿਚ ਸਾਰੀਆਂ ਪਾਰਟੀਆਂ ਨੇ ਹਿੱਸਾ ਲੈਣਾ ਹੈ, ਉਸ ਵਿਚ ਕੋਈ ਵੀ ਗੱਲ ਕਹੀ ਜਾ ਸਕਦੀ ਹੈ, ਇਸ ਲਈ ਮੈਂ ਰਿਕੁਐਸਟ ਕਰਾਂਗਾ ਕਿ ਉਹ ਹਾਊਸ ਦੀ ਕਾਰਵਾਈ ਚੱਲਣ ਦੇਣ 15-20 ਮਿਟਾਂ ਵਿਚ ਡਿਸ਼ਕਸ਼ਨ ਸ਼ੁਰ ਹੋ ਜਾਣੀ ਹੈ। (I would request the hon. Members that discussion on the Governor's address will start soon. Then they will have sufficient time. Every party will participate in this discussion and anything can be said at that time. I would, therefore, request the hon. Members to let the House proceed further. The discussion on Governor's Address will start within 15-20 minutes.)

PERSONAL EXPLANATION BY SARDAR PARKASH SINGH BADAL

ਸਰਦਾਰ ਪਰਕਾਸ਼ ਸਿੰਘ ਬਾਦਲ : ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਕਿਉਂਕਿ ਗਿਆਨੀ ਜੀ ਨੇ ਬੋਲਦੇ ਹੋਏ ਮੇਰਾ ਨਾਂ ਲਿਆ, ਮੈਂ ਉਸ ਸਿਲਸਿਲੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਦੋ ਢਾਈ ਮਹੀਨੇ ਪਹਿਲੇ ਇਤਲਾਹ ਮਿਲੀ ਸੀ ਅਤੇ ਅਖ਼ਬਾਰਾਂ ਵਿਚ ਵੀ ਆਇਆ ਸੀ ਕਿ ਸਰਦਾਰ ਸਤਨਾਮ ਸਿੰਘ ਜੀ ਬਾਜਵਾ ਨੂੰ ਗਰਿਫਤਾਰ ਕਰਨਾ ਚਾਹੁੰਦੇ ਹਨ। (ਵਿਘਨ)

ਸ੍ਰੀ ਸਪੀਕਰ : ਤੁਸੀਂ ਪਰਸਨਲ ਐਕਸਪਲੇਨੇਸ਼ਨ ਦੱਸੋ। (Please give your personal explanation.)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਪਰਸਨਲ ਐਕਸਪਲੇਨੇਸ਼ਨ ਹੀ ਦੱਸ ਰਿਹਾ ਹਾਂ ਕਿ ਸਰਦਾਰ ਸਤਨਾਮ ਸਿੰਘ ਬਾਜਵਾ ਨੂੰ ਗਰਿਫਤਾਰ ਕਰਾਉਣ ਵਿਚ ਕਾਂਗਰਸ ਪਾਰਟੀ ਜ਼ਿੰਮੇਵਾਰ ਹੈ....

ਸ੍ਰੀ ਸਪੀਕਰ : ਇਸ ਦਾ ਤੁਹਾਡੀ ਜ਼ਾਤ ਨਾਲ ਤਾਂ ਕੋਈ ਸਬੰਧ ਨਹੀਂ। (It does not relate to you personally.)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਐਕਸਪਲੇਨ ਕਰਦਾ ਹਾਂ ਜੀ। ਕਾਂਗਰਸ ਪਾਰਟੀ ਦੇ ਮੈਂਬਰਾਂ ਨੇ ਸਾਜ਼ਸ਼ਾਂ ਕਰਕੇ ਇਹ ਕਿਹਾ ਕਿ ਗਿਆਨੀ ਜੀ ਜੇ ਤੁਸੀਂ ਇਹ ਕੰਮ ਕਰਵਾ ਦਿਓ ਤਾਂ ਅੱਗੋਂ ਪਾਰਲੀ-ਮੈਂਟ ਦੀਆਂ ਇਲੈਕਸ਼ਨਾਂ ਆ ਰਹੀਆਂ ਹਨ (ਸ਼ੋਰ)

ਸ੍ਰੀ ਸਪੀਕਰ : ਤੁਸੀਂ ਬੀਯੌਂਡ ਸਕੋਪ ਜਾ ਰਹੇ ਹੋ। (You are going beyond the scope of a personal explanation.)

ਸਰਦਾਰ ਪਰਕਾਸ਼ ਸਿੰਘ ਬਾਦਲ : ਉਨ੍ਹਾਂ ਨੇ ਕਿਹਾ ਸੀ ਕਿ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਆ ਰਹੀਆਂ ਹਨ ਅਤੇ ਇਸ ਨਾਲ ਅਸੀਂ 2, 3 ਸੀਟਾਂ ਜਿੱਤ ਜਾਵਾਂਗੇ। ਮੈਂ ਗਿਆਨੀ ਜੀ ਨੂੰ ਕਿਹਾ ਸੀ...

ਸ੍ਰੀ ਸਪੀਕਰ : ਤੁਸੀਂ ਡਿਸਕਸ਼ਨ ਕਰਨ ਲੱਗ ਪਏ ਹੋ। (You have started a discussion.)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਗਿਆਨੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਸਿਆਸੀ ਆਦਮੀ ਨੂੰ ਗਰਿਫਤਾਰ ਕਰਨ ਤੋਂ ਪਹਿਲਾਂ ਮੈਨੂੰ ਤਾਂ ਇਹ ਕਾਨਫੀਡੈਂਸ ਵਿਚ ਲੈ ਲੈਂਦੇ, ਘੱਟੋ ਘੱਟ ਮੈਨੂੰ ਇਹ ਜ਼ਰੂਰ ਪੁੱਛ ਲੈਂਦੇ ਕਿ ਸਰਦਾਰ ਸਤਨਾਮ ਸਿੰਘ ਬਾਜਵਾ ਦੇ ਖਿਲਾਫ ਇਹ ਗੱਲਾਂ ਹਨ। ਜੇ ਕੋਈ ਗੱਲ ਹੁੰਦੀ ਤਾਂ ਮੈਂ ਆਪ ਹੀ ਇਨ੍ਹਾਂ ਨਾਲ ਸਹਿਮਤ ਹੋ ਜਾਂਦਾ।

ਇਨ੍ਹਾਂ ਨੇ ਮੈਨੂੰ ਇਸ ਗੱਲ ਦਾ ਯਕੀਨ ਦਿਵਾਇਆ ਸੀ ਕਿ ਜੇ ਕੋਈ ਐਸੀ ਗੱਲ ਨਿਕਲੀ ਤਾਂ ਮੈਂ ਸਾਰਿਆਂ ਦੇ ਨੋਟਿਸ ਦੇ ਵਿਚ ਲਿਆਵਾਂਗਾ। ਇਸੇ ਲਈ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਤੁਸੀਂ ਇਸ ਹਾਊਸ ਦੇ ਬੰਦਿਆਂ ਦੀ ਇਕ ਕਮੇਟੀ ਬਣਾ ਦਿਓ ਤਾਂ ਹੋਰ ਵੀ ਠੀਕ ਹੋਵੇਗਾ।

ਸ੍ਰੀ ਸਪੀਕਰ : ਇਹ ਕੋਈ ਪਰਸਨਲ ਐਕਸਪਲੇਨੇਸ਼ਨ ਨਹੀਂ ਹੈ। (This is no personal explanation.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸਮੱਗਲਿੰਗ ਨੇ ਸਾਡੇ ਦੇਸ਼ ਦੇ ਆਰਥਕ ਢਾਂਚੇ ਨੂੰ ਤਬਾਹ ਕੀਤਾ ਹੈ, ਫਾਰਨ ਐਕਸਚੇਂਜ ਦੀ ਹਾਲਤ ਨੂੰ ਤਬਾਹ ਕੀਤਾ ਹੈ ਅਤੇ ਮੁਲਕ ਵਿਚ ਚੀਜ਼ਾਂ ਦੀਆਂ ਕੀਮਤਾਂ ਵਧਾ ਕੇ ਸਾਡੇ ਆਰਥਕ ਢਾਂਚੇ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ। ਪਿਛਲੇ ਦਿਨਾਂ ਵਿਚ ਹਿੰਦੁਸਤਾਨ ਵਿਚ ਚੋਟੀ ਦੇ ਸਮੱਗਲਰ ਫੜੇ ਗਏ। ਇਨ੍ਹਾਂ ਵਿਚ ਇਕ ਹਾਜੀ ਮਸਤਾਨ ਸੀ ਜਿਹੜਾ ਇੰਡੀਵਿਜੂਅਲ ਤੌਰ ਤੇ ਸਮੱਗਲਿੰਗ ਕਰਦਾ ਸੀ। ਇਹ ਠੀਕ ਹੈ ਕਿ ਇਕ ਇੰਡੀਵਿਜੂਅਲੀ ਡੀਲ ਕਰਨ ਵਾਲੇ ਸਮੱਗਲਰ ਨੂੰ ਸਰਕਾਰ ਨੇ ਫੜਿਆ ਹੈ ਪਰ ਜਿਹੜੇ ਮਨਾਪਲਿਸਟ ਸਨ ਉਨ੍ਹਾਂ ਨੂੰ ਇਸ ਸਰਕਾਰ ਨੇ ਹੱਥ ਨਹੀਂ ਪਾਇਆ। ਇਕ ਗੱਲ ਹੋਰ ਧਿਆਨ ਦੇਣ ਵਾਲੀ ਹੈ ਕਿ ਇਹ ਸਮੱਗਲਿੰਗ ਹਰਗਿਜ਼ ਨਹੀਂ ਸੀ ਹੋਣੀ ਜੇ ਸਮੱਗਲਰਾਂ ਦੇ ਨਾਲ ਨਾਲ ਵੱਡੇ ਵੱਡੇ ਅਫਸਰਾਂ ਦਾ ਸਾਥ ਨਾ ਹੁੰਦਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਦੂਸਰੀ ਕੈਟੇਗਰੀ ਦੇ ਸਮੱਗਲਰਾਂ ਨੂੰ ਵੀ ਫੜਨਾ ਚਾਹੀਦਾ ਹੈ। ਮੈਂ ਉਨ੍ਹਾਂ ਦਾ ਧਿਆਨ ਖਾਸਤੌਰ ਉਨ੍ਹਾਂ ਅਫਸਰਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਹੜੇ ਬਾਰਡਰ ਦੇ ਇਲਾਕੇ ਵਿਚ ਥੋੜ੍ਹੇ ਚਿਰ ਵਾਸਤੇ ਲੱਗੇ ਰਹੇ ਅਤੇ ਹੀਰਿਆਂ ਦੀਆਂ ਅੰਗੂਠੀਆਂ ਪਾਈ ਫਿਰਦੇ ਹਨ। ਹਾਲੇ ਵੀ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਸਮੱਗਲਰਾਂ ਦੀ ਇਮਦਾਦ ਕਰਦੇ ਹਨ। ਇਕ ਇਹ ਵੀ ਅਵਾਇਡ ਹੋਣਾ ਚਾਹੀਦਾ ਹੈ ਕਿ ਕਿਸੇ ਦੀ ਹੋਸਟਲ ਦੇ ਵਿਚ ਗਰਿਫਤਾਰੀ ਨਹੀਂ ਹੋਣੀ ਚਾਹੀਦੀ ਪਰ ਅਜਿਹੇ ਅਨਸਰ ਨੂੰ ਜਿਹੜਾ ਕਿਸੇ ਤਰ੍ਹਾਂ ਵੀ ਸਮੱਗਲਰਜ਼ ਦੇ ਨਾਲ ਸਬੰਧ ਰੱਖਦਾ ਹੈ ਕਿਸੇ ਤਰ੍ਹਾਂ ਦੀ ਵੀ ਕੋਈ ਰੂ ਰਿਆਇਤ ਨਾ ਕੀਤੀ ਜਾਵੇ ਅਤੇ ਉਸ ਨੂੰ ਫੜ ਕੇ ਅੰਦਰ ਕੀਤਾ ਜਾਵੇ।

STATEMENT BY THE CHIEF MINISTER REGARDING THE ARREST OF SARDAR SATNAM SINGH BAJWA M.L.A. AND THE ALLEGED INVOLVEMENT OF SOME RELATIVES OF A MINISTER IN SMUGGLING (*Resumption*)

ਮੁੱਖ ਮੰਤਰੀ : ਆਨਰੇਬਲ ਮੈਂਬਰ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਕਾਮਰੇਡ ਸੱਤ ਪਾਲ ਡਾਂਗ ਦੇ ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਇਸ ਮਸਲੇ ਤੇ ਵਿਚਾਰ ਆਏ ਹਨ ਮੈਂ ਉਨ੍ਹਾਂ ਦੀ ਪਾਰਟੀ ਤੇ ਕਿਸੇ ਤਰ੍ਹਾਂ ਦਾ ਕੋਈ ਇਲਜ਼ਾਮ ਨਹੀਂ ਲਾਉਂਦਾ। ਪਰ ਮੈਂ ਬਾਦਲ ਸਾਹਿਬ, ਨੂੰ ਇਕ ਗੱਲ ਕਹਿਣੀ ਚਾਹੁੰਦਾ ਹਾਂ, ਕਿ ਜਦੋਂ ਅਖ਼ਬਾਰ ਦੇ ਵਿਚ ਇਹ ਗੱਲ ਨਿਕਲੀ ਸੀ ਕਿ ਇਕ ਮਨਿਸਟਰ ਅਤੇ ਉਸ ਦੇ ਕੁਝ ਰਿਸ਼ਤੇਦਾਰ ਸਮੱਗਲਿੰਗ ਕਰਦੇ ਹਨ, ਮੈਂ ਉਸ ਮਨਿਸਟਰ ਤੋਂ ਅਸਤੀਫਾ ਲੈ ਕੇ ਆਪਣੀ ਜੇਬ ਵਿਚ ਪਾ ਲਿਆ। ਇਹ ਹਨ ਸਰਦਾਰ ਉਮਰਾਓ ਸਿੰਘ ਅਤੇ ਇਸ ਬਾਰੇ ਪੂਰੀ ਜਾਣਕਾਰੀ ਲਈ ਮੈਂ

[ਮੁੱਖ ਮੰਤਰੀ]

ਇਨਕੁਆਇਰੀ ਕਰਵਾ ਰਿਹਾ ਹਾਂ । ਮੈਂ ਸਮਝਦਾ ਹਾਂ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਵੀ ਬਾਜਵਾ ਸਾਹਿਬ ਦਾ ਅਸਤੀਫਾ ਲੈ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਾਰੇ ਮੁਆਮਲੇ ਬਾਰੇ ਆਪਣੇ ਪਾਰਟੀ ਦੇ ਮੈਂਬਰ ਦੀ ਪੂਰੀ ਜਾਣਕਾਰੀ ਕਰਨੀ ਚਾਹੀਦੀ ਹੈ । (ਹਾਸਾ)

ਦੂਸਰੀ ਗੱਲ ਸਪੀਕਰ ਸਾਹਿਬ, ਇਹ ਵੀ ਹੈ ਕਿ ਜਿਥੋਂ ਤੱਕ ਸਮੱਗਲਿੰਗ ਦੇ ਕੇਸਿਜ਼ ਦਾ ਸਬੰਧ ਹੈ, ਇਹ ਮੇਰੀ ਡਿਊਟੀ ਬਣ ਜਾਂਦੀ ਹੈ ਕਿ ਇਨ੍ਹਾਂ ਬਾਰੇ ਪੂਰੀ ਪੂਰੀ ਸੀਕਰੇਸੀ ਕਾਇਮ ਕੀਤੀ ਜਾਵੇ ਤਾਂ ਜੋ ਕੋਈ ਕਿਸੇ ਢੰਗ ਨਾਲ ਬਚ ਨਾ ਨਿਕਲੇ । ਮੀਸਾ ਦੇ ਲਾਗੂ ਹੋਣ ਨਾਲ ਨਾ ਇਸ ਤਰਾਂ ਦੇ ਮੁਆ– ਮਲੇ ਵਿੱਚ ਕੋਈ ਢਿੱਲ ਹੀ ਕਰ ਸਕਦਾ ਹੈ ਅਤੇ ਨਾ ਹੀ ਕੋਈ ਰੁਕਾਵਟ ਹੀ ਪਾ ਸਕਦਾ ਹੈ । ਬਾਦਲ ਸਾਹਿਬ ਨੇ ਆਪਣੀ ਤਕਰੀਰ ਦੇ ਵਿਚ ਕਿਹਾ ਕਿ ਮੈਂ ਦੋ ਮਹੀਨਿਆਂ ਤੋਂ ਰੌਲਾ ਪਾ ਰਿਹਾ ਹਾਂ ਪਰ ਇਹ ਗੱਲ ਦਾ ਭਾਵੇਂ ਮੈਨੂੰ ਵੀ ਪਤਾ ਸੀ ਪਰ ਮੇਰੀ ਵੀ ਕੁਝ ਜ਼ਿੰਮੇਵਾਰੀ ਹੈ, ਮੈਂ ਵੀ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਦੱਸ ਦੇਵਾਂ ਕਿ ਉਨ੍ਹਾਂ ਦੀ ਪਾਰਟੀ ਵਿਚ ਇਸ ਤਰ੍ਹਾਂ ਦੇ ਬੰਦੇ ਹਨ । ਮੈਂ ਇਸ ਬਾਰੇ ਜ਼ਿਆਦਾ ਨਾ ਕਹਿੰਦਾ ਹੋਇਆ ਉਨ੍ਹਾਂ ਨੂੰ ਇਹੋ ਕਹਾਂਗਾ ਕਿ ਸਮੱਗਲਰਜ਼ ਦਾ ਬੜਾ ਰਸੂਖ ਹੈ, ਇਨ੍ਹਾਂ ਦੀਆਂ ਬੜੀਆਂ ਲੰਮੀਆਂ ਬਾਹਾਂ ਹਨ ਇਸ ਸਬੰਧ ਵਿਚ ਜਿਤਨੀ ਸੀਕਰੇਸੀ ਰਹੇ ਉਹ ਥੋੜ੍ਹੀ ਹੈ ।

ਜਿਥੋਂ ਤੱਕ ਡਾਂਗ ਸਾਹਿਬ ਦਾ ਕਹਿਣਾ ਹੈ ਕਿ ਇਸਤਰ੍ਹਾਂ ਦੇ ਲੋਕਾਂ ਨੂੰ ਕੋਈ ਰੂ ਰਿਆਇਤ ਨਹੀਂ ਹੋਣੀ ਚਾਹੀਦੀ, ਇਸਦੇ ਲਈ ਮੇਰਾ ਇਹੋ ਜਵਾਬ ਹੈ ਕਿ ਇਹਦੇ ਲਈ ਤਾਂ ਅਦਾਲਤਾਂ ਦੇ ਬੂਹੇ ਖੁਲ੍ਹੇ ਹਨ ਕੋਰਟਾਂ ਨੇ ਹੀ ਇਨ੍ਹਾਂ ਨੂੰ ਸਜ਼ਾਵਾਂ ਦੇਣੀਆਂ ਹਨ । ਜੋ ਵੀ ਕਾਨੂੰਨੀ ਤੌਰਤੇ ਸਜ਼ਾ ਬਣਨੀ ਹੈ ਉਹੀ ਉਨ੍ਹਾਂ ਨੂੰ ਮਿਲਣੀ ਹੈ । ਮੈਂ ਉਨ੍ਹਾਂ ਨੂੰ ਇਹ ਵੀ ਕਹਾਂਗਾ ਕਿ ਐਸਾ ਵਿਧਾਨ ਬਣਨਾ ਚਾਹੀਦਾ ਹੈ ਜਿਸ ਰਾਹੀਂ ਸਾਡੇ ਹੱਥ ਮਜ਼ਬੂਤ ਹੋਣ । ਮੈਂ ਸੀ. ਪੀ. ਆਈ. ਵਾਲਿਆਂ ਨੂੰ ਵੀ ਕਹਿੰਦਾ ਹਾਂ ਕਿ ਤੁਹਾਡੀ ਪਾਰਟੀ ਵਿਚ ਵੀ ਜੇ ਕੋਈ ਐਸਾ ਆਦਮੀ ਹੋਵੇ ਤੁਹਾਨੂੰ ਵੀ ਕੋਈ ਰੂ ਰਿਆਇਤ ਨਹੀਂ ਕਰਨੀ ਚਾਹੀਦੀ। ਇਸ ਮੁਲਕ ਵਿਚ 2–4 ਖਰਾਬੀਆਂ ਹਨ ਜਿਹੜੀਆਂ ਇਸ ਮੁਲਕ ਨੂੰ ਖਰਾਬ ਕਰ ਰਹੀਆਂ ਹਨ । ਜਿਵੇਂ ਕਿ ਸਮੱਗਲਿੰਗ ,ਹੋਰਡਿੰਗ, ਐਡੱਲਟਰੇਸ਼ਨ ਅਤੇ ਰਿਸ਼ਵਤਖੋਰੀ । ਕਾਨੂੰਨੀ ਤੌਰ ਤੇ ਸਾਡੇ ਤੇ ਇਤਨੀ ਜ਼ਿੰਮੇਵਾਰੀ ਹੈ ਕਿ ਅਸੀਂ ਇਕ ਮਿੰਟ ਵੀ ਇਸ ਮੁਆਮਲੇ ਵਿਚ ਢਿੱਲ੍ਹ ਨਹੀਂ ਕਰ ਸਕਦੇ । ਸਾਨੂੰ ਸਾਰਾ ਕੰਮ ਕਾਇਦੇ ਅੰਦਰ ਹੀ ਰਹਿ ਕੇ ਕਰਨਾ ਪੈਂਦਾ ਹੈ, ਇਹਦੇ ਵਿਚ ਇੰਤਜ਼ਾਰ ਕਰਨ ਦੀ ਗੁੰਜਾਇਸ਼ ਹੀ ਕੋਈ ਨਹੀਂ । ਸਰਕਾਰ ਵਲੋਂ ਹੁਣ ਤੱਕ ਜੋ ਕਦਮ ਉਠਾਏ ਗਏ ਹਨ, ਤੁਹਾਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ । ਮੈਂ ਡਾਂਗ ਸਾਹਿਬ, ਨੂੰ ਵੀ ਬੇਨਤੀ ਕਰਾਂਗਾ ਕਿ ਕੱਲ ਨੂੰ ਜੇ ਤੁਹਾਡੀ ਪਾਰਟੀ ਦਾ ਕੋਈ ਬੰਦਾ ਫੜਿਆ ਜਾਂਦਾ ਹੈ, ਕਿਉਂਕਿ ਉਨ੍ਹਾਂ ਕਦੇ ਹੱਥ ਕਰਕੇ ਕਾਂਗਰਸ ਪਾਰਟੀ ਵੱਲ ਕਿਹਾ ਕਦੇ ਅਕਾਲੀ ਪਾਰਟੀ ਵੱਲ ਪਰ ਆਪਣੀ ਪਾਰਟੀ ਵਲ ਕੋਈ ਇਸ਼ਾਰਾ ਨਹੀਂ ਕੀਤਾ, ਉਨ੍ਹਾਂ ਨੂੰ ਆਪਣੀ ਪਾਰਟੀ ਦਾ ਵੀ ਕੋਈ ਲਿਹਾਜ਼ ਨਹੀਂ ਕਰਨਾ ਚਾਹੀਦਾ । ਇਸ ਤਰ੍ਹਾਂ ਦੀ ਖਰਾਬੀ ਹਰ ਪਾਰਟੀ ਦੇ ਵਿਚ ਹੋ ਸਕਦੀ ਹੈ । ਰਿਸ਼ਵਤ ਖੋਰੀ, ਐਡੱਲਟਰੇਸ਼ਨ ਜਾਂ ਸਮੱਗਲਿੰਗ ਕਰਨ ਵਾਲਾ ਕੋਈ ਵੀ ਬੰਦਾ ਕਿਸੇ ਵੀ ਪਾਰਟੀ ਵਿਚੋਂ ਹੋ ਸਕਦਾ ਹੈ । ਸਾਡੀ ਪਾਰਟੀ ਦਾ ਇਕ ਇਮਪਾਰਟੈਂਟ ਬੰਦਾ ਪਕੜਿਆ ਗਿਆ ਹੈ ਪਰ ਇਹ ਪਾਰਟੀ ਦੀ ਇਕ ਆਵਾਜ਼ ਹੈ, ਉਹ ਇਕਠੇ ਹਨ ਅਤੇ ਕਹਿੰਦੇ ਹਨ ਕਿ ਇਨਸਾਫ ਹੋਣਾ ਚਾਹੀਦਾ ਹੈ । ਇਸੇ ਤਰ੍ਹਾਂ ਜੇ ਸਤਨਾਮ ਸਿੰਘ ਦਾ ਕੇਸ ਜਾਂਦਾ ਹੈ ਤੁਸੀਂ ਇਹ ਕਿਉਂ ਨਹੀਂ ਕਹਿੰਦੇ ਕਿ ਭਾਵੇਂ ਕੋਈ ਹੈ, ਇਨਸਾਫ ਮਿਲਣਾ ਚਾਹੀਦਾ ਹੈ । ਪਰ ਅਕਾਲੀ ਪਾਰਟੀ ਰੌਲਾ ਪਾਉਂਦੀ ਹੈ । (ਸ਼ੋਰ)

PERSONAL EXPLANATIONS

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ): ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਇਥੇ ਕੁੱਝ ਅਖ਼ਬਾਰਾ ਦਾ ਜ਼ਿਕਰ ਕੀਤਾ ਗਿਆ ਹੈ ਔਰ ਮੇਰਾ ਨਾਮ ਵੀ ਲਿਆ ਗਿਆ ਹੈ। ਸਪੀਕਰ ਸਾਹਿਬ, ਅੱਜ ਤੋਂ ਤਕਰੀਬਨ ਢਾਈ ਮਹੀਨੇ ਪਹਿਲਾਂ ਵੀ ਕਈ ਅਖਬਾਰਾਂ ਵਿਚ ਮੇਰਾ ਨਾਂ ਲਏ ਬਗੈਰ ਅਤੇ ਇਕ ਅੱਧੀ ਅਖ਼ਬਾਰ ਵਿਚ ਮੇਰਾ ਨਾਂ ਲੈ ਕੇ ਵੀ ਇਲਜ਼ਾਮ ਲਗਾਏ ਗਏ। ਜਦੋਂ ਅਖ਼ਬਾਰਾਂ ਵਿਚ ਇਹ ਗੱਲ ਛਪੀ ਤਾਂ ਮੈਂ ਮੁੱਖ ਮੰਤਰੀ ਜੀ ਨੂੰ ਉਸੇ ਵੇਲੇ ਲਿਖ ਕੇ ਭੇਜ ਦਿਤਾ ਕਿ ਜੇ ਮੇਰਾ ਕਿਸੇ ਵੀ ਕੇਸ ਨਾਲ ਕੋਈ ਵੀ ਤੁਆਲਕ ਹੋਵੇ, ਕਿਸੇ ਵੀ ਕੇਸ ਵਿਚ ਮੈਂ ਇਨਵਾਲਵਡ ਸਿੱਧ ਹੋਵਾਂ ਤਾਂ ਮੇਰਾ ਅਸਤੀਫਾ ਮਨਜ਼ੂਰ ਕਰ ਲਿਆ ਜਾਵੇ। ਜੋ ਕੁਝ ਮੈਂ ਚੀਫ਼ ਮਨਿਸਟਰ ਸਾਹਿਬ, ਨੂੰ ਲਿਖ ਕੇ ਦਿਤਾ ਸੀ ਉਹ ਹੀ ਗੱਲ ਅੱਜ ਮੈਂ ਫਿਰ ਹਾਊਸ ਵਿਚ ਦੁਹਰਾਉਂਦਾ ਹਾਂ। ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਤੁਹਾਨੂੰ ਅਰਜ਼ ਕਰਦਾ ਹਾਂ ਕਿ ਤੁਸੀਂ ਇਸ ਹਾਊਸ ਦੇ ਔਰ ਹਾਊਸ ਦੇ ਮੈਂਬਰਾਂ ਦੇ ਕਸਟੋਡੀਅਨ ਹੋ, ਇਸ ਲਈ ਜੇ ਕਿਸੇ ਤੇ ਕੋਈ ਗਲਤ ਇਲਜ਼ਾਮ ਲਗਦਾ ਹੈ ਤਾਂ (ਵਿਘਨ) (ਸ਼ੋਰ)

(ਇਸ ਸਮੇਂ ਜਥੇਦਾਰ ਗੁਰਬਚਨ ਸਿੰਘ ਖੜ੍ਹੇ ਹੋਕੇ ਕੁਝ ਬੋਲ ਰਹੇ ਸੀ, ਪਰ ਸਪੀਕਰ ਸਾਹਿਬ ਨੇ ਰਿਕਾਰਡ ਨਾ ਕਰਨ ਦਾ ਹੁਕਮ ਦਿਤਾ ****)

Mr. Speaker : Order order (*Interruption*) (*Noise*)

ਮਾਲ ਮੰਤਰੀ : ਸਪਕੀਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜੇ ਇਥੇ ਕਿਸੇ ਤੇ ਕੋਈ ਗਲਤ ਇਲਜ਼ਾਮ ਲਗਦਾ ਹੈ ਤਾਂ ਉਸ ਦਾ ਹੱਕ ਹੈ ਕਿ ਉਹ ਤੁਹਾਡੇ ਤੋਂ ਪ੍ਰੋਟੈਕਸ਼ਨ ਸੀਕ ਕਰੇ। (ਸ਼ੋਰ) ਸਪੀਕਰ ਸਾਹਿਬ, ਇਹ ਇਕ ਪਵਿੱਤਰ ਸੀਟ ਹੈ ਜਿਸ ਤੇ ਪੰਜਾਬ ਦੇ ਲੋਕਾਂ ਨੇ ਅਤੇ ਮੁੱਖ ਮੰਤਰੀ ਜੀ ਨੇ ਮੈਨੂੰ ਬਿਠਾਇਆ ਹੈ, ਇਸ ਉਤੇ ਮੈਂ ਇਕ ਮਿੰਟ ਲਈ ਵੀ ਬੈਠਣ ਨੂੰ ਤਿਆਰ ਨਹੀਂ ਜੇਕਰ ਮੇਰਾ ਤੁਅਲਕ ਕਿਸੇ ਵੀ ਅਜਿਹੀ ਗੱਲ ਨਾਲ ਹੋਵੇ ਜਿਸ ਨਾਲ ਮੇਰੇ ਉਤੇ ਕਾਨੂੰਨ ਦੇ ਮੁਤਾਬਕ ਕੋਈ ਵੀ ਹਰਫ਼ ਆਉਂਦਾ ਹੋਵੇ। (ਵਿਘਨ) ਫਿਰ ਸਪੀਕਰ ਸਾਹਿਬ, ਜੇ ਅਖ਼ਬਾਰਾਂ ਦੀਆਂ ਗੱਲਾਂ ਤੇ ਪਾਰਟੀ ਬਾਰੇ ਅਜਿਹੀਆਂ ਗੱਲਾਂ ਲਿਖੀਆਂ ਜਾਈਏ ਤਾਂ ਅਖ਼ਬਾਰਾਂ ਵਿਚ ਇਨ੍ਹਾਂ ਬਾਰੇ ਅਤੇ ਇਨ੍ਹਾਂ ਦੀ ਪਾਰਟੀ ਗਲ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਇਹ ਵੀ ਸ਼ਰਮਾਂਦੇ ਹੋਣਗੇ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਰਿਸ਼ਤੇਦਾਰ ਫੜੇ ਗਏ। ਮੈਂ ਅਰਜ਼ ਕਰਦਾ ਹਾਂ ਕਿ ਇਸ ਗੱਲ ਕਰਕੇ ਤਾਂ ਸਾਡੀ ਪ੍ਰਸ਼ੰਸਾ ਹੋਣੀ ਚਾਹੀਦੀ ਹੈ ਕਿ ਅਸੀਂ ਆਪ ਦੇ ਰਿਸ਼ਤੇਦਾਰਾਂ ਦਾ ਵੀ ਲਿਹਾਜ਼ ਨਹੀਂ ਕੀਤਾ। (ਥੰਪਿੰਗ) (ਵਿਘਨ) ਬੇਸ਼ਕ ਉਹ ਏਡੇ ਦੂਰ ਦੇ ਰਿਸ਼ਤੇ-ਦਾਰ ਹਨ ਜਿਨ੍ਹਾਂ ਨਾਲ ਕੋਈ ਮੇਲ ਮਿਲਾਪ ਨਹੀਂ ਇਨ੍ਹਾਂ ਦੀ ਪਾਰਟੀ ਦਾ ਤਾਂ ਅਜੇ ਇਕ ਮੈਂਬਰ ਹੀ ਫੜਿਆ ਗਿਆ ਹੈ ਅਤੇ ਇਹ ਉਤਾਵਲੇ ਹੋ ਗਏ ਹਨ, ਮੈਂ ਸਮਝਦਾ ਹਾਂ, ਸਾਡੀ ਸਰਕਾਰ ਨੂੰ ਅਤੇ ਮੁੱਖ ਮੰਤਰੀ ਜੀ ਨੂੰ ਇਹ ਕਰੈਡਿਟ ਮਿਲਣਾ ਚਾਹੀਦਾ ਹੈ ਕਿ ਇਨ੍ਹਾਂ ਨੇ ਰਿਸ਼ਤੇਦਾਰਾਂ ਦਾ ਵੀ ਲਿਹਾਜ਼ ਨਹੀਂ ਕੀਤਾ। (ਵਿਘਨ) ਫਿਰ ਸਪੀਕਰ ਸਾਹਿਬ, ਮੇਰੇ ਤੇ ਇਹ ਇਲਾਜ਼ਮ ਲਗਾਇਆ ਗਿਆ ਕਿ ਮੈਂ ਆਪਣੇ ਰਿਸ਼ਤੇਦਾਰਾਂ ਨੂੰ ਬਚਾਇਆ ਹੈ। ਸਪੀਕਰ ਸਾਹਿਬ, ਇਹ ਬਚਾਉਣ ਦੀ ਗੱਲ ਕਰਦੇ ਹਨ, ਮੈਂ ਕਹਿੰਦਾ ਹਾਂ ਕਿ ਜੇ ਇਹ ਸਾਬਤ ਹੋ ਜਾਵੇ ਕਿ ਉਹ ਪੌਣੇ ਦੋ ਸਾਲਾਂ ਤੋਂ ਇਸ ਦੇਸ਼ ਵਿਚ ਹਾਜ਼ਰ ਵੀ ਸਨ ਤਾਂ ਜਿਹੜੀ ਸਜ਼ਾ ਵੀ ਮੁੱਖ ਮੰਤਰੀ ਸਾਹਿਬ ਅਤੇ ਸਪੀਕਰ ਸਾਹਿਬ, ਤੁਸੀਂ ਦਿਓਗੇ, ਉਹ ਮੈਂ ਝੱਲਣ ਨੂੰ ਤਿਆਰ ਹਾਂ। (ਵਿਘਨ) ਇਸ ਤਰੀਕੇ ਨਾਲ ਸਪੀਕਰ ਸਾਹਿਬ (ਵਿਘਨ)

(ਇਸ ਸਮੇਂ ਕੁਈ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸੀ, ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

---

*Not recorded as ordered by the Chair.

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਜ਼ਰਾ ਬਰੀਫ਼ ਹੋਵੋ । (Sardar Umrao Singh ji please be brief.)

ਮਾਲ ਮੰਤਰੀ : ਸਪੀਕਰ ਸਾਹਿਬ ਇਨ੍ਹਾਂ ਦਾ ਤਾਂ ਉਹ ਹਾਲ ਹੈ ਕਿ ਰੋਂਦੀ ਯਾਰਾਂ ਨੂੰ ਲੈ ਲੈ ਕੇ ਨਾਂ ਭਰਾਵਾਂ ਦਾ.........(ਬਹੁਤ ਸ਼ੋਰ) ਅਸਲ ਵਿਚ ਇਨ੍ਹਾਂ ਨੂੰ ਫ਼ਿਕਰ ਛੰਗਾਨੀ ਕਮਿਸ਼ਨ ਦਾ ਹੈ ਜਿਸ ਨਾਲ ਇਨ੍ਹਾਂ ਦੇ ਕਾਰਨਾਮੇ ਸਾਹਮਣੇ ਆ ਰਹੇ ਹਨ । ਉਸ ਕਮਿਸ਼ਨ ਦੀ ਰਿਪੋਰਟ ਜਲਦੀ ਹੀ ਆਉਣ ਵਾਲੀ ਹੈ। ਫ਼ਿਰ ਪਤਾ ਲੱਗੇਗਾ ਕਿ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਕਿੰਨਾ ਖ਼ੂਨ ਚੂਸਿਆ ਹੈ । (ਵਿਘਨ) ਇਸ ਦੇ ਨਾਲ ਹੀ ਸਪੀਕਰ ਸਾਹਿਬ, ਤੁਹਾਨੂੰ ਅਰਜ਼ ਕਰਦਾ ਹਾਂ ਕਿ ਜੇ ਕਿਸੇ ਵੀ ਮੈਂਬਰ ਤੇ ਇਸ ਕਿਸਮ ਦੇ ਵਾਈਲਡ ਐਲੀਗੇਸ਼ਨ ਲੱਗਣ ਤਾਂ ਤੁਸੀਂ ਉਸ ਦੀ ਇਜਾਜ਼ਤ ਨਾ ਦਿਓ ।

ਡਾਕਟਰ ਬਲਦੇਵ ਪਰਕਾਸ਼ : * * *

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਹਾਡਾ ਪੁਆਇੰਟ ਆਫ਼ ਆਰਡਰ ਕੀ ਹੈ? (Doctor Sahib, what is your point of order.)

ਡਾਕਟਰ ਬਲਦੇਵ ਪਰਕਾਸ਼ : ਸਪੀਕਰ ਸਾਹਿਬ, ਤੁਸੀਂ ਸੁਣੋਂ ਤਾਂ ਸਹੀ। (ਵਿਘਨ) ਸਪੀਕਰ ਸਾਹਿਬ ਚੀਫ਼ ਮਨਿਸਟਰ ਸਾਹਿਬ ਨੇ ਜੋ ਬੈਕ ਗਰਾਓਂਡ ਦੱਸਣ ਵਿਚ ਸਮਾਂ ਲਿਆ ਹੈ ਮੈਂ ਤਾਂ ਉਸ ਤੋਂ ਦੱਸਵਾਂ ਹਿੱਸਾ ਵੀ ਨਹੀਂ ਲੈ ਰਿਹਾ । (ਵਿਘਨ)

ਸ੍ਰੀ ਸਪੀਕਰ : ਪਰ ਉਹ ਪੁਆਇੰਟ ਆਫ਼ ਆਰਡਰ ਤੇ ਨਹੀਂ ਸੀ ਬੋਲ ਰਹੇ । (ਵਿਘਨ) (But he was not speaking on a point of order.) (*Interruption*)

ਡਾਕਟਰ ਬਲਦੇਵ ਪਰਕਾਸ਼ : * * * * (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (ਵਿਘਨ) (This is no point of order.) (*Interruption*)

ਡਾਕਟਰ ਬਲਦੇਵ ਪਰਕਾਸ਼ : ਸਪੀਕਰ ਸਾਹਿਬ, ਮੈਂ ਇਹ ਗੱਲ ਜ਼ਰੂਰ ਕਹਿਣੀ ਹੈ । ਇਥੇ ਹੁਣੇ ਗਿਆਨੀ ਜੀ ਨੇ ਕਿਹਾ ਹੈ ਕਿ ਬਾਜਵਾ ਸਾਹਿਬ ਦੇ ਖਿਲਾਫ਼ ਕੋਈ ਚੀਜ਼ ਨਹੀਂ ਸੀ..(ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਇਹ ਗਲ ਸਪਸ਼ਟ ਕਰ ਦਿਆਂ ਕਿ ਜਦੋਂ ਬਾਦਲ ਸਾਹਿਬ ਮੈਨੂੰ ਮਿਲੇ ਸੀ ਤਾਂ ਮੈਂ ਕਿਹਾ ਸੀ ਕਿ ਮੇਰੀ ਜਾਣਕਾਰੀ ਵਿਚ ਇਹ ਚੀਜ਼ ਨਹੀਂ ਆਈ, ਮੈਂ ਜਾਣਕਾਰੀ ਲੈ ਲਵਾਂਗਾ । ਇਹ ਗੱਲ ਤਾਂ ਬਾਦਲ ਸਾਹਿਬ ਅਤੇ ਬਾਜਵਾ ਸਾਹਿਬ ਨੇ ਆਪ ਮੈਨੂੰ ਦੱਸੀ ਸੀ ਕਿ ਇਹ ਗੱਲ ਬਣ ਰਹੀ ਹੈ । ਇਸ ਬਾਰੇ ਕੋਈ ਮਿਸਅੰਡਰਸਟੈਂਡਿੰਗ ਨਹੀਂ ਹੋਣੀ ਚਾਹੀਦੀ । ਸਪੀਕਰ ਸਾਹਿਬ, ਮੈਨੂੰ ਆਪ ਅਫਸੋਸ ਹੈ ਕਿ ਢਿੱਲ ਹੋਈ ਹੈ । ਜਿਹੜੀ ਢਿੱਲ ਹੋਈ ਹੈ ਇਹ ਵੀ ਨਹੀਂ ਸੀ ਹੋਣੀ ਚਾਹੀਦੀ । (ਥੰਪਿੰਗ)

ਡਾਕਟਰ ਬਲਦੇਵ ਪਰਕਾਸ਼ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਮਸਲਾ ਇਤਨਾ ਗੰਭੀਰਤਾ ਵਾਲਾ ਹੈ ਕਿ ਮੈਂ ਬਾਦਲ ਸਾਹਿਬ ਨੂੰ ਜਿਹੜੀ ਗੱਲ ਕੀਤੀ ਹੈ ਉਸ ਨਾਲ ਸਹਿਮਤ

---

*Expunged as ordered by the Chair,

ਹਾਂ ਕਿ ਹਾਊਸ ਦੀ ਇਕ ਕਮੇਟੀ ਬਣਾ ਦਿਤੀ ਜਾਵੇ ਜਿਹੜੀ ਅਜਿਹੀਆਂ ਗੱਲਾਂ ਦੀ ਪੜਤਾਲ ਕਰੇ (ਵਿਘਨ) (ਸ਼ੋਰ) ਮੇਰੀ ਆਪਣੀ ਬਾਈ ਇਲੈਕਸ਼ਨ ਵਿਚ ਇਨ੍ਹਾਂ ਦੀ ਪਾਰਟੀ ਨੇ ਇਕ ਲੱਖ ਰੁਪਿਆ ਲਿਆ। (ਵਿਘਨ) (ਬਹੁਤ ਸ਼ੋਰ)

ਸ੍ਰੀ ਸਪੀਕਰ : ਹੁਣ ਤੁਸੀਂ ਬੈਠ ਜਾਓ ।(Please resume your seat now)

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਸਮੱਗਲਿੰਗ ਦੇ ਖਿਲਾਫ਼ ਸਾਡੇ ਦੇਸ਼ ਵਿਚ ਪ੍ਰਧਾਨ ਮੰਤਰੀ ਜੀ ਦੀ ਅਗਵਾਈ ਹੇਠ ਜੋ ਵੱਡਾ ਜਹਾਦ ਸ਼ੁਰੂ ਹੋਇਆ ਹੈ, ਮੈਂ ਸਿਰਫ਼ ਉਸ ਦੀ ਪ੍ਰਸ਼ੰਸਾ ਹੀ ਨਹੀਂ ਕਰਦਾ (ਵਿਘਨ) ਪ੍ਰੋੜ੍ਹਤਾ ਵੀ ਕਰਦਾ ਹਾਂ । ਔਰ ਸਾਡੀ ਸਰਕਾਰ ਨੇ ਵੀ ਇਸ ਪਾਸੇ ਜੋ ਕਦਮ ਚੁਕੇ ਹਨ (ਵਿਘਨ) ਉਹ ਵੀ ਭਰਪਰ ਸ਼ਲਾਘਾ ਯੋਗ ਹਨ । ਜਿਹੜੇ ਵਿਚਾਰ ਡਾਂਗ ਸਾਹਿਬ ਅਤੇ ਦੂਜੇ ਮੈਂਬਰਾਂ ਨੇ ਪ੍ਰਗਟ ਕੀਤੇ ਹਨ ਮੈਂ ਹਾਊਸ ਦਾ ਧਿਆਨ ਉਧਰ ਦਿਵਾਉਣਾ ਚਾਹੁੰਦਾ ਹਾਂ । ਸਪੀਕਰ ਸਾਹਿਬ ਇਹ ਹਾਊਸ ਲੋਕਾਂ ਦਾ ਵਿਸ਼ਵਾਸ਼ ਤਾਂ ਹੀ ਜਮਹੂਰੀਅਤ ਵਿਚ ਪੱਕਾ ਕਰ ਸਕੇਗਾ ਜੇ ਲੋਕਾਂ ਦਾ ਵਿਸ਼ਵਾਸ਼ ਇਥੇ ਬੈਠੇ ਹੋਏ ਮੈਂਬਰਾਂ ਵਿਚ ਪੱਕਾ ਹੋਵੇਗਾ । (ਵਿਘਨ) (ਇਕ ਅਵਾਜ਼: ਲੈਂਡ ਗਰੈਬਿੰਗ ਦੀ ਗੱਲ ਵੀ ਕਰ ਦਿਓ ।) ਮੈਂ ਲੈਂਡ ਗਰੈਬਿੰਗ ਬਾਰੇ ਵੀ ਗੱਲ ਕਰਾਂਗਾ । (ਵਿਘਨ)

ਸ੍ਰੀ ਸਪੀਕਰ : ਇਸ ਵਿਚ ਪੁਆਇੰਟ ਆਫ ਆਰਡਰ ਕੀ ਹੈ ? (What is the point of order in it.)

ਸਰਦਾਰ ਦਰਬਾਰਾ ਸਿੰਘ : ਡਾਂਗ ਸਾਹਿਬ ਨੇ ਆਪਣੀ ਗੱਲ ਕਰਦੇ ਹੋਏ ਉਧਰ ਵੀ ਹੱਥ ਕੀਤਾ ਸੀ ਅਤੇ ਇਧਰ ਵੀ ਹੱਥ ਕੀਤਾ ਸੀ । ਜਿਸ ਤੋਂ ਇਹ ਸ਼ੱਕ ਹੁੰਦਾ ਹੈ ਕਿ ਇਧਰ ਬੈਠੇ ਹੋਏ ਮੈਂਬਰਾਂ ਦਾ ਵੀ ਕੁਝ ਹੱਥ ਹੈ ਸਮੱਗਲਿਗ ਵਿਚ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜੇ ਲੋਕਾਂ ਦਾ ਵਿਸ਼-ਵਾਸ ਇਸ ਹਾਊਸ ਵਿਚ ਕਾਇਮ ਰਖਣਾ ਹੈ ਤਾਂ ਇਸ ਹਾਊਸ ਦੀ ਇਕ ਉਚਪੱਧਰੀ ਕਮੇਟੀ ਬਣਾ ਦਿਤੀ ਜਾਵੇ । (ਥੰਪਿੰਗ) ਇਥੇ ਵਜ਼ੀਰ ਸਾਹਿਬ ਦੀ ਗੱਲ ਕੀਤੀ ਗਈ ਹੈ, ਜਿਹੜੇ ਦੋਸ਼ ਲਗੇ ਹਨ ਉਹ ਸੱਚੇ ਹਨ (ਥੰਪਿੰਗ) ਉਹ ਨੰਬਰ ਦੋ ਦੇ ਵਜ਼ੀਰ ਹਨ । ਉਹ ਕਹਿੰਦੇ ਹਨ ਕਿ ਰਿਸ਼ਤੇਦਾਰ ਫੜੇ ਹਨ, ਉਨ੍ਹਾਂ ਨੂੰ ਕੀ ਪਤਾ ਸੀ ਕਿ ਉਹ ਕੀ ਕਰਦੇ ਹਨ । ਸਪੀਕਰ ਸਾਹਿਬ, ਲਾਲੀ ਪਰਿਵਾਰ ਬੜੀ ਮਸ਼ਹੂਰ ਹੈ। ਜਿਸ ਵਿਚ ਇਨ੍ਹਾਂ ਨੇ ਆਪਣੀ ਬੇਟੀ ਦਿਤੀ ਹੈ । ਪੰਜਾਬ ਵਿਚ ਤਾਂ ਪਰਿਵਾਰ ਵਿਚ ਬੇਟੀ ਦਾ ਵਿਆਹ ਕਰਨਾ ਹੋਵੇ ਉਸ ਦੀਆਂ 7 ਪੁਸ਼ਤਾਂ ਦੇਖੀਆਂ ਜਾਂਦੀਆਂ ਹਨ ਔਰ ਇਨ੍ਹਾਂ ਨੇ ਉਸ ਪਰਿਵਾਰ ਵਿਚ ਆਪਣੀ ਬੇਟੀ ਦਾ ਵਿਆਹ ਕੀਤਾ ਹੈ ਜਿਹੜਾ ਸਮੱਗਲਿੰਗ ਕਰਦਾ ਹੈ ।

ਮੈਨੂੰ ਸਮਝ ਨਹੀਂ ਆਉਂਦੀ ਐਸੇ ਲੋਕਾਂ ਦੇ ਖਿਲਾਫ ਕੀ ਐਕਸ਼ਨ ਲੈਂਦੇ ਰਹਾਂਗੇ । ਮੈਂ ਬੇਨਤੀ ਕਰਾਂਗਾ ਚੀਫ ਮਨਿਸਟਰ ਸਾਹਿਬ ਨੂੰ ਕਿ ਕਿਸੇ ਕਿਸਮ ਦਾ ਤੌਖਲਾ ਨਹੀਂ ਰਖਣਾ ਚਾਹੀਦਾ (ਵਿਘਨ) ਇਹ ਜਿੰਨਾ ਚਿਰ ਤਕੜੇ ਹੋ ਕੇ ਚਾਹੇ ਸਾਡੇ ਵੱਲ ਬੈਠੇ ਹੋਣ ਚਾਹੇ ਕਿਸੇ ਹੋਰ ਬੈਂਚਾਂ ਤੇ ਹੋਣ ਇਨ੍ਹਾਂ ਲੋਕਾਂ ਨੂੰ ਹੱਥ ਨਹੀਂ ਪਾਉਂਦੇ ਉਨਾਂ ਚਿਰ ਕੁਝ ਨਹੀਂ ਬਣਨਾ (ਵਿਘਨ) ਹੁਣ ਮੈਂ ਸਪੀਕਰ ਸਾਹਿਬ, ਆਪਣਾ ਪਰਸਨਲ ਐਕਸਪਲੈਨੇਸ਼ਨ ਦੇਣਾ ਚਾਹੁੰਦਾ ਹਾਂ ।

ਅਕਾਲੀ ਬੈਂਚਾਂ ਵਲੋਂ ਅਵਾਜ਼ਾਂ : ਸਰ ਗਿਆ, ਹੁਣ ਸਰ ਗਿਆ ਹੈ (ਵਿਘਨ)

ਸ੍ਰੀ ਸਪੀਕਰ : ਸਰਦਾਰ ਦਰਬਾਰਾ ਸਿੰਘ ਜੀ ਬੈਠੋ । (Sardar Darbara Singh ji, please resume your seat.)

ਸਰਦਾਰ ਦਰਬਾਰਾ ਸਿੰਘ : ਸਰ, ਮੈਂ ਪਰਸਨਲ ਐਕਸਪਲੈਨੇਸ਼ਨ ਤੇ ਹਾਂ । (ਸ਼ੋਰ)

ਸ੍ਰੀ ਸਪੀਕਰ : ਕਈ ਵਾਰੀ ਸਫਾਈ ਹੋ ਚੁੱਕੀ ਹੈ । ਆਰਡਰ, ਆਰਡਰ ਪਲੀਜ਼ । (This point has already been clarified many a time, order order, please.)

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ ,ਸਰ । ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਵਾਲਾ ਕਿੱਸਾ ਹਾਲੇ ਚਲਦਾ ਸੀ । ਉਹਦੇ ਬਾਰੇ ਅਰਜ਼ ਇਹ ਹੈ ਕਿ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਆਈ । ਫੇਰ ਫਾਲੋ ਅੱਪ ਐਕਸ਼ਨ ਵਿਚ ਮੇਰੇ ਉਤੇ 8 ਅਕਤੂਬਰ ਨੂੰ ਸਰਦਾਰ ਉਮਰਾਓ ਸਿੰਘ ਦੀ ਸਰਕਾਰ ਨੇ ਕੁਲੈਕਟਰ ਦੀ ਅਦਾਲਤ ਵਿਚ ਮੇਰੇ ਤੇ ਕੇਸ ਕੀਤਾ ਸੀ। ਉਸ ਕੇਸ ਵਿਚ ਪਹਿਲਾਂ ਵੀ ਲਿਖਿਆ ਸੀ ਕਿ ਇਸ ਨੇ ਕੋਈ ਗਲਤੀ ਨਹੀਂ ਕੀਤੀ ਅਤੇ ਹੁਣ ਵੀ ਕੋਈ ਨਾਜਾਇਜ਼ ਜ਼ਮੀਨ ਇਸ ਕੋਲ ਨਹੀਂ ਹੈ ਅਤੇ ਨਾ ਹੀਂ ਇਸ ਨੇ ਕਿਸੇ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ । ਉਹ ਕੇਸ 8 ਅਕਤੂਬਰ ਤੋਂ ਕੁਲੈਕਟਰ ਦੀ ਅਦਾਲਤ ਵਿਚ ਚਲਦਾ ਸੀ ਅਤੇ 31 ਦਸੰਬਰ ਨੂੰ ਇਹ ਕੇਸ ਉਥੋਂ ਖਾਰਜ ਕਰ ਦਿਤਾ ਗਿਆ ਹੈ । ਮੇਰੇ ਉਤੇ ਕੋਈ ਕੇਸ ਸਾਬਤ ਨਹੀਂ ਹੋ ਸਕਿਆ ਹੈ। ਮੇਰੇ ਖਿਲਾਫ਼ ਜੋ ਇਲਜ਼ਾਮ ਸੀ ਉਹ ਅਦਾਲਤ ਨੇ ਝੂਠੇ ਸਾਬਤ ਕਰ ਦਿੱਤੇ ਹਨ । (ਸ਼ੋਰ)

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ ।

Mr. Speaker: Chaudhri Darshan Singh is on a point of order.

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਆਪੋਜ਼ੀਸ਼ਨ ਵਲੋਂ ਡੀਮਾਂਡ ਆਈ ਸੀ ਕਿ ਹਾਊਸ ਦੀ ਕਮੇਟੀ ਬਣਨੀ ਚਾਹੀਦੀ ਹੈ । ਆਨਰੇਬਲ ਸਰਦਾਰ ਉਮਰਾਓ ਸਿੰਘ ਐਰ ਕਾਮਰੇਡ ਡਾਂਗ ਸਾਹਿਬ ਨੇ ਇਸ ਨੂੰ ਸਪੋਰਟ ਕੀਤਾ (ਵਿਘਨ) ਸਪੀਕਰ ਸਾਹਿਬ ਕੋਈ ਰੌਲੇ ਵਾਲੀ ਗੱਲ ਨਹੀਂ । ਪਹਿਲੀ ਗੱਲ ਤਾਂ ਇਹ ਹੈ ਕਿ ਪਬਲਿਕ ਕਾਂਫੀਡੈਂਸ ਇਜ਼ ਏ ਮਸਟ ਅਤੇ ਦੂਜੇ ਜਿਸ ਬੰਦੇ ਨੂੰ ਫੜਿਆ ਜਾਵੇ 90% ਇਨ੍ਹਾਂ ਵਿਚੋਂ ਹਰ ਬੰਦੇ ਦਾ ਇਹੀ ਰਿਪਲਾਈ ਹੋਵੇਗਾ ਕਿ ਇਹ ਪੁਲੀਟੀਕਲ ਮੋਟੀਵੇਟਿਡ ਹੈ । ਉਹ ਆਪਣੇ ਜਵਾਬ ਵਿਚ ਇਹ ਹੀ ਕਹਿਣਗੇ ਕਿ ਇਹ ਸਿਆਸੀ ਦੁਸ਼ਮਣੀ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ । ਸਪੀਕਰ ਸਾਹਿਬ, ਸੈਂਟਰ ਦੇ ਬਣੇ ਹੋਏ ਇਸ ਐਕਟ ਵਿਚ ਪ੍ਰੋਵੀਜ਼ਨ ਹੈ ਕਿ ਲਿਮਿਟਡ ਟਾਈਮ ਡੈਟੇਨੀਉ ਜਿਹੜਾ ਹੈ ਉਸ ਨੂੰ ਐਡਵਾਈਜ਼ਰੀ ਬੋਰਡ ਦੇ ਸਾਹਮਣੇ ਅਪੀਅਰ ਹੋਣਾ ਪੈਂਦਾ ਹੈ । ਲੇਕਿਨ ਹਾਊਸ ਵਿਚ ਮੰਗ ਹੋਈ ਹੈ ਕਿ ਹਾਊਸ ਦੀ ਕਮੇਟੀ ਬਣਾਈ ਜਾਵੇ ।

Supposing this House Committee decides that a Particular man is innocent and the Advisory Board decides that this man is guilty, what shall be the fate. So I want to say that there should be no clash between these two.

ਮੇਰੀ ਗੁਜ਼ਾਰਿਸ਼ ਹੈ ਕਿ ਇਸ ਹਾਊਸ ਦੀ ਕਮੇਟੀ ਐਡਵਾਇਜ਼ਰੀ ਬੋਰਡ ਤੋਂ ਸੁਪਰੀਮ ਨਹੀਂ ਹੋ ਸਕਦੀ । ਐਡਵਾਇਜ਼ਰੀ ਬੋਰਡ ਦਾ ਪ੍ਰਧਾਨ ਜੱਜ ਆਫ ਹਾਈ ਕੋਰਟ ਹੈ । ਉਸ ਦੇ ਸਾਹਮਣੇ ਐਵੀਡੈਂਸ ਜਾਂਦਾ ਹੈ । ਉਥੇ ਗਰਾਂਉਂਡਜ਼ ਪਰਾਪਤ ਤੌਰ ਤੇ ਸਪਲਾਈ ਕੀਤੀਆਂ ਜਾਂਦੀਆਂ ਹਨ, ਜਸਟਿਸ ਤਾਂ ਉਥੋਂ ਹੋਣਾ ਹੈ ਜੇ ਹਾਊਸ ਦੀ ਕਮੇਟੀ ਬਣਾਈ ਗਈ ਤਾਂ ਉਹਦੇ ਵਿਚ ਕੁੱਝ ਮੈਂਬਰ ਕਾਂਗਰਸ ਪਾਰਟੀ ਦੇ ਹੋਣਗੇ ਕੁਝ ਸੀ.ਪੀ.ਆਈ. ਦੇ ਹੋਣਗੇ ਅਤੇ ਕੁਝ ਅਕਾਲੀ ਪਾਰਟੀ ਦੇ ਹੋਣਗੇ ।

(ਵਿਘਨ) ਜੇ ਕੋਈ ਕੇਸ ਇਨ੍ਹਾਂ ਦੇ ਸਾਹਮਣੇ ਜਾਵੇਗਾ ਤਾਂ ਇਹ ਠੀਕ ਤਰ੍ਹਾਂ ਨਾਲ ਉਸਦਾ ਫੈਸਲਾ ਨਹੀਂ ਦੇ ਸਕਣਗੇ (ਵਿਘਨ)

The Akali Member shall support the case of Akali Member and the Congress Member shall support the case of Congress Member. So I would request that the demand of formation of a Committee of this House should be turned down outright.

ਦੂਸਰੀ, ਗੱਲ ਇਹ ਆਖੀ ਗਈ ਹੈ ਡਾਂਗ ਸਾਹਿਬ ਅਤੇ ਡਾਕਟਰ ਬਲਦੇਵ ਪ੍ਰਕਾਸ਼ ਨੇ ਕਿ ਉਹ ਅਰੈਸਟ ਹੋਇਆ ਹੈ ਹੋਸਟਲ ਵਿਚੋਂ ।

It is settled convention that hostel is not a part of the House.

1959 ਵਿਚ ਕਾਮਰੇਡ ਜੰਗੀਰ ਸਿੰਘ ਜੋਗਾ ਦੇ 107—51 ਦੇ ਵਾਰੰਟ ਲੈ ਕੇ ਆ ਗਏ ਸੀ ਉਹਨੂੰ ਅਸੀਂ ਗਿਰਫਤਾਰ ਕਰਨਾ ਚਾਹੁੰਦੇ ਹਾਂ ।(ਵਿਘਨ)

ਸ੍ਰੀ ਸ਼ਪੀਕਰ : ਇਸ ਪੁਆਇੰਟ ਨੂੰ ਨਾ ਲਉ । (Please do not touch this point.)

ਚੌਧਰੀ ਦਰਸ਼ਨ ਸਿੰਘ : Hostel is not a part of the House ਇਸ ਚੀਜ਼ ਦਾ ਫੈਸਲਾ ਹੋ ਚੁਕਾ ਹੈ । ਇਸ ਬਾਰੇ ਸਾਨੂੰ ਟੱਚੀ ਨਹੀਂ ਹੋਣਾ ਚਾਹੀਦਾ । ਇਸ ਕਰਕੇ ਹੋਸਟਲ ਵਿਚ ਉਸਦੀ ਗਿਰਫਤਾਰੀ ਨਜਾਇਜ਼ ਗਿਰਫਤਾਰੀ ਨਹੀਂ ਹੈ । ਬਾਕੀ ਉਸਦਾ ਐਵੀਡੈਂਸ ਐਡਵਾਇਜ਼ਰੀ ਕਮੇਟੀ ਦੇ ਸਾਹਮਣੇ ਪੇਸ਼ ਹੋਣਾ ਹੈ । ਇਹ ਕਹਿ ਦੇਣਾ ਕਿ ਇਸਦਾ ਐਵੀਡੈਂਸ ਹਾਊਸ ਦੀ ਕਮੇਟੀ ਦੇ ਸਾਹਮਣੇ ਪੇਸ਼ ਹੋਵੇ ,ਇਹ ਠੀਕ ਨਹੀਂ ਹੈ । ਇਸ ਕਰਕੇ ਹਾਊਸ ਦੀ ਕਮੇਟੀ ਦੀ ਡੀਮਾਂਡ ਆਊਟਰਾਈਟ ਟਰਨ ਡਾਊਨ ਹੋਣੀ ਚਾਹੀਦੀ ਹੈ ।

ਸਰਦਾਰ ਪਰਕਾਸ਼ ਸਿੰਘ **ਬਾਦਲ**: ਇਸ ਬਹਿਸ ਵਿਚ ਦੋ ਤਿੰਨ ਗੱਲਾਂ ਬੜੀਆਂ ਜ਼ਰੂਰੀ ਆਈਆਂ ਹਨ । ਇਕ ਤਾਂ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਜੋ ਸਮਗਲਿੰਗ ਹੁੰਦੀ ਹੈ ਉਹ ਬਗੈਰ ਅਫਸਰਾਂ ਦੀ ਮਦਦ ਦੇ ਅਤੇ ਬਗੈਰ ਪਾਲੀਟੀਸ਼ਨਾਂ ਦੀ ਮਦਦ ਦੇ ਨਹੀਂ ਹੋ ਸਕਦੀ । ਸਮਗਲਿੰਗ ਦੇ ਜ਼ਿੰਮੇਵਾਰ ਵੱਡੇ ਅਫਸਰ ਅਤੇ ਪਾਲੀਟੀਸ਼ਨਜ਼ ਹਨ । ਇਹ ਦੋਵੇਂ ਕੈਟੇਗਰੀਜ਼ ਦੇ ਲੋਕ ਸਮਗਲਿੰਗ ਦੇ ਚਾਰਜਿਜ਼ ਤੋਂ ਸੁਰਖਰੂ ਨਹੀਂ ਹੋ ਸਕਦੇ । ਇਸ ਲਈ ਹਾਊਸ ਦੀ ਕਮੇਟੀ ਬਣਾਉਣੀ ਚਾਹੀਦੀ ਹੈ ਜੋ ਕਿ ਇਨ੍ਹਾਂ ਵੱਡੇ ਅਫਸਰਾਂ ਦੇ ਪਾਲੀਟੀਸ਼ਨਜ਼ ਦੇ ਕੰਡਕਟ ਨੂੰ ਵੇਖੇ (ਥੰਪਿੰਗ) ਇਹ ਹਾਊਸ ਦੀ ਕਮੇਟੀ ਅੱਗੇ ਨੂੰ ਵੀ ਜੋ ਅਜਿਹੇ ਦੋਸ਼ ਲੱਗਣ ਉਹਦੀ ਵੀ ਪੜਤਾਲ ਕਰੇ । ਇਥੇ ਕਿਹਾ ਗਿਆ ਹੈ ਕਿ ਹਾਊਸ ਦੀ ਕਮੇਟੀ ਬਣਾ ਦਿੱਤੀ ਗਈ ਤਾਂ ਜਿਹੜੇ ਉਹਦੇ ਮੈਂਬਰ ਹੋਣਗੇ ਉਹ ਆਪੋ ਆਪਣੀ ਪਾਰਟੀ ਦੇ ਬੰਦਿਆਂ ਦੀ ਸਪੋਰਟ ਕਰਨਗੇ । ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਕੋਲ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਹੈ । ਇਹ ਯੂਨਾਨੀਮਸ ਰਿਪੋਰਟ ਆਈ ਹੈ। ਸਾਰੀਆਂ ਪਾਰਟੀਆਂ ਦੇ ਮੈਂਬਰ ਉਸ ਕਮੇਟੀ ਦੇ ਵਿਚ ਸਨ । ਸਰਦਾਰ ਹਰਚੰਦ ਸਿੰਘ ਵਰਗੇ ਨੇਕ ਅਤੇ ਆਨੈਸਟ ਆਦਮੀ ਇਸ ਕਮੇਟੀ ਵਿਚ ਲਏ ਜਾ ਸਕਦੇ ਹਨ ਜੋ ਠੀਕ ਇਨਸਾਫ ਕਰ ਸਕਦੇ ਹਨ । ਇਸ ਲਈ ਹਾਊਸ ਦੀ ਕਮੇਟੀ ਬਣਾ ਦੇਣੀ ਚਾਹੀਦੀ ਹੈ । ਇਸ ਕਮੇਟੀ ਦੇ ਮੈਂਬਰਾਂ ਦੇ ਨਾਉਂ ਸਪੀਕਰ ਸਾਹਿਬ, ਤੁਸੀਂ ਆਪ ਦਿਉ । ਕਮੇਟੀ ਜ਼ਰੂਰ ਬਣਾ ਦੇਣੀ ਚਾਹੀਦੀ ਹੈ । ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਗਿਆਨੀ ਜੀ ਨੇ ਫਰਮਾਇਆ ਸੀ ਕਿ ਸਰਦਾਰ ਬਾਜਵਾ ਸਾਹਿਬ ਨੂੰ ਕੋਈ ਮਿਸਹੈਂਡਲ ਨਹੀਂ ਕੀਤਾ ਗਿਆ । ਉਹ ਆਪਣੇ ਕਾਗਜ਼ ਪੱਤਰ, ਬਿਸਤਰਾ ਆਦਿ ਸਭ ਕੁਝ ਆਪਣੇ ਨਾਲ ਲੈਕੇ ਗਏ ਹਨ । ਜਦੋਂ ਪੁਲਿਸ ਉਥੇ ਆਈ ਹੈ ਉਦੋਂ ਹੀ ਮੈਨੂੰ ਟੈਲੀਫੋਨ ਕੀਤਾ ਗਿਆ ਅਤੇ ਡੇਢ ਮਿੰਟ ਵਿਚ ਹੀ ਮੈਂ ਉਥੇ ਚਲਾ ਗਿਆ । ਉਸ ਉਪਰੰਤ

[ਸਰਦਾਰ ਪਰਕਾਸ਼ ਸਿੰਘ ਬਾਦਲ]

ਮੈਂ ਉਨ੍ਹਾਂ ਦਾ ਸਮਾਨ ਬਿਸਤਰਾ ਆਦਿ ਉਨ੍ਹਾਂ ਨੂੰ ਭਿਜਵਾਇਆ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਦੀ ਕਮੇਟੀ ਜ਼ਰੂਰ ਬਣਾਉਣੀ ਚਾਹੀਦੀ ਹੈ ਜਿਹੜੀ ਵੱਡੇ ਅਫਸਰਾਂ ਅਤੇ ਪਾਲੀਟੀਸ਼ਨਾਂ ਦੇ ਕੰਡਕਟ ਦੀ ਘੋਖ ਕਰੇ । ਇਸ ਤਰ੍ਹਾਂ ਕਰਕੇ ਹੀ ਸਮਗਲਿੰਗ ਦੂਰ ਹੋ ਸਕਦੀ ਹੈ ਅਤੇ ਪੰਜਾਬ ਦੀ ਸਹੀ ਮਹਨਿਆਂ ਵਿਚ ਸੇਵਾ ਹੋ ਸਕਦੀ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਆਨ ਏ ਪੁਆਇੰਟ ਆਫ ਪਰਸਨਲ ਐਕਸਪਲਾਨੇਸ਼ਨ, ਸਰ ।

ਸ਼੍ਰੀ ਸਪੀਕਰ : ਜੋਸ਼ ਸਾਹਿਬ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ ।

ਸਰਦਾਰ ਕਰਨੈਲ ਸਿੰਘ ਮਰੜ੍ਹੀ: ਪੁਆਇੰਟ ਆਫ਼ ਆਰਡਰ, ਸਰ । (ਵਿਘਨ) (ਸ਼ੋਰ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ ।)

(ਸਰਦਾਰ ਕਰਨੈਲ ਸਿੰਘ ਮਰੜ੍ਹੀ ਆਪਣੀ ਟੇਬਲ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਹਾਊਸ ਵਿਚ ਕਾਫੀ ਸ਼ੋਰ ਸੀ ਜਿਸ ਕਰਕੇ ਕੁਝ ਵੀ ਸੁਣਾਈ ਨਹੀਂ ਦਿੱਤਾ ।)

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਇਹ ਤੁਹਾਡੀ ਕਮਜ਼ੋਰੀ ਹੈ । (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ । ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਕ ਬਹੁਤ ਜ਼ਰੂਰੀ ਇਸ਼ੂ ਹਾਊਸ ਦੇ ਸਾਹਮਣੇ ਹੈ ਜੋ ਕਿ ਇਕ ਆਨਰੇਬਲ ਮੈਂਬਰ ਦੇ ਸਮਗਲਿੰਗ ਦੇ ਸਿਲਸਿਲੇ ਵਿਚ ਗ੍ਰਿਫਤਾਰੀ ਦੇ ਸਬੰਧ ਵਿਚ ਹੈ । ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਾਰਟੀਜ਼ ਨੂੰ ਕੋਡ ਆਫ ਕੰਡਕਟ ਬਣਾਉਣਾ ਚਾਹੀਦਾ ਹੈ । (ਵਿਘਨ) ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਇਸ ਗੱਲ ਦੀ ਇਨਕੁਆਇਰੀ ਕਰਾਈ ਜਾਵੇ ਅਗਰ ਸਾਡੀ ਪਾਰਟੀ ਦੇ ਮੈਂਬਰਾਂ ਵਿਚੋਂ ਇਕ ਮੈਂਬਰ ਵੀ ਕੋਈ ਇਸ ਦੋਸ਼ ਵਿਚ ਸਾਬਤ ਹੋ ਜਾਵੇ ਤਾਂ ਅਸੀਂ ਸਾਰੇ 10 ਦੇ 10 ਮੈਂਬਰ ਸਿਆਸਤ ਛੱਡਣ ਲਈ ਤਿਆਰ ਹੋ ਜਾਵਾਂਗੇ, ਮੈਂਬਰੀ ਛੱਡਣੀ ਤਾਂ ਇਕ ਪਾਸੇ ਰਹੀ । ਬਾਦਲ ਸਾਹਿਬ ਅਤੇ ਸੀ. ਐਮ. ਸਾਹਿਬ ਤਾਂ ਆਪਣੀ ਪਾਰਟੀ ਦੀ ਕੀ ਜ਼ਿਮੇਵਾਰੀ ਦੇ ਸਕਦੇ ਹਨ । (ਵਿਘਨ) ਮੈਂ ਕਹਿ ਸਕਦਾ ਹਾਂ ਕਿ ਜਿਹੜੀ ਡਿਮਾਂਡ ਇਥੇ ਸਰਦਾਰ ਦਰਬਾਰਾ ਸਿੰਘ ਨੇ ਅਤੇ ਹੋਰ ਮੈਂਬਰਜ਼ ਨੇ ਵੀ ਕੀਤੀ ਹੈ ਕਿ ਹਾਊਸ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਇਸ ਹਾਊਸ ਦੇ ਮੈਂਬਰਜ਼ ਦੇ ਕੰਡਕਟ ਨੂੰ ਇਸ ਸਿਲਸਿਲੇ ਵਿਚ ਦੇਖੇ । ਠੀਕ ਹੈ ਹਾਊਸ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ । ਚੌਧਰੀ ਦਰਸ਼ਨ ਸਿੰਘ ਨੇ ਕਿਹਾ ਕਿ ਕੋਰਟ ਕਿਸ ਵਾਸਤੇ ਹੈ? ਠੀਕ ਹੈ ਕੋਰਟ ਹੈ ਪਰ ਕੋਰਟ ਕ੍ਰਿਮੀਨਲ ਕੇਸਿਜ਼ ਵਾਸਤੇ ਹੈ । ਲੇਕਿਨ ਜਿਹੜਾ ਕੰਮ ਐਜ਼ ਏ ਮੈਂਬਰ ਸਾਨੂੰ ਨਹੀਂ ਕਰਨਾ ਚਾਹੀਦਾ ਪਰ ਅਸੀਂ ਉਹ ਕਰਦੇ ਹਾਂ ਤਾਂ ਇਸ ਚੀਜ਼ ਨੂੰ ਦੇਖਣ ਵਾਸਤੇ ਇਸ ਹਾਊਸ ਦੀ ਇਕ ਕਮੇਟੀ ਹੋਣੀ ਚਾਹੀਦੀ ਹੈ । ਇਹ ਚੀਜ਼ ਇਸ ਕਮੇਟੀ ਦੇ ਘੇਰੇ ਵਿਚ ਹੈ । ਇਸ ਕਮੇਟੀ ਤੋਂ ਕਿਸੇ ਨੂੰ ਡਰਨਾ ਨਹੀਂ ਚਾਹੀਦਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਦੀ ਕਮੇਟੀ ਬਣਨੀ ਚਾਹੀਦੀ ਹੈ। (ਆਪੋਜ਼ੀਸ਼ਨ ਵੱਲੋਂ ਤਾੜੀਆਂ) ਸਰਦਾਰ ਦਰਬਾਰਾ ਸਿੰਘ ਨੇ ਸਰਦਾਰ ਉਮਰਾਓ

ਸਿੰਘ ਦੇ ਸਬੰਧ ਵਿਚ ਕਿਹਾ ਕਿ ਉਨ੍ਹਾਂ ਦੇ ਰਿਸ਼ਤੇਦਾਰ ਸਮਗਲਿੰਗ ਵਿਚ ਇਨਵਾਲਵਡ ਹਨ । ਇਸ ਹਾਊਸ ਦੇ ਪਿਛਲੇ ਸੈਸ਼ਨ ਵਿਚ ਸਰਦਾਰ ਉਮਰਾਓ ਸਿੰਘ ਤੇ ਇਲਜ਼ਾਮ ਲੱਗਿਆ ਕਿ ਵਿਦੇਸ਼ਾਂ ਵਿਚ ਉਨ੍ਹਾਂ ਦਾ ਕੋਈ ਰਿਸ਼ਤੇਦਾਰ ਹੈ, ਉਸ ਦਾ ਸਮਗਲਿੰਗ ਵਿਚ ਹੱਥ ਹੈ । ਅਖਬਾਰਾਂ ਵਿਚ ਵੀ ਇਹ ਆਇਆ । (ਵਿਘਨ) ਉਹ ਇਨ੍ਹਾਂ ਦਾ ਨਜ਼ਦੀਕੀ ਰਿਸ਼ਤੇਦਾਰ ਹੈ । ਇਸ ਲਈ ਇਨ੍ਹਾਂ ਨੂੰ ਰਿਜ਼ਾਈਨ ਕਰਨਾ ਚਾਹੀਦਾ ਹੈ । (ਆਪੋਜ਼ੀਸ਼ਨ ਵੱਲੋਂ ਤਾੜੀਆਂ) ਇਨ੍ਹਾਂ ਨੂੰ ਇਸ ਹਾਊਸ ਵਿਚ ਨਹੀਂ ਬੈਠਣਾ ਚਾਹੀਦਾ।

ਸ੍ਰੀ ਸਪੀਕਰ : ਜੋਸ਼ ਜੀ, ਤੁਸੀਂ ਹੁਣ ਬੈਠੋ । (Josh ji, please resume your seat now.)

ਸਰਦਾਰ ਕਰਨੈਲ ਸਿੰਘ **ਮਰੜੀ**: ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਪਾਰਟੀ ਬਾਜ਼ੀ ਵਿਚ ਨਹੀਂ ਪੈਣਾ ਚਾਹੁੰਦਾ। ਮੈਂ ਪਿਛਲੇ ਹਾਊਸ ਦੀ ਗੱਲ ਤੁਹਾਡੇ ਰਾਹੀਂ ਕਰਨਾ ਚਾਹੁੰਦਾ ਹਾਂ । ਪਿਛਲੇ ਸੈਸ਼ਨ ਵਿਚ ਕੁਝ ਵਜ਼ੀਰਾਂ ਤੇ ਜ਼ਮੀਨਾਂ ਦੇ ਦੋਸ਼ ਲੱਗੇ ਸਨ ਅਤੇ ਉਨ੍ਹਾਂ ਨੂੰ ਵਜ਼ਾਰਤ ਵਿਚੋਂ ਕੱਢਕੇ ਇਸ ਪਾਸੇ ਬਿਠਾ ਦਿੱਤਾ ਹੈ । (ਵਿਘਨ) ਇਸ ਕਰਕੇ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜੱਦ ਪਿਛਲੇ ਸੈਸ਼ਨ ਵਿਚ ਚੀਫ ਮਨਿਸਟਰ ਸਾਹਿਬ ਨੇ ਫੈਸਲਾ ਕੀਤਾ ਸੀ ਕਿ ਜਿਸ ਵਜ਼ੀਰ ਤੇ ਦੋਸ਼ ਹੋਵੇਗਾ ਉਸ ਦਾ ਅਸਤੀਫਾ ਲੈ ਲਿਆ ਜਾਵੇਗਾ । ਸਰਦਾਰ ਉਮਰਾਓ ਸਿੰਘ ਦਾ ਅਸਤੀਫਾ ਚੀਫ ਮਨਿਸਟਰ ਦੀ ਜੇਬ ਵਿਚ ਹੈ ਉਹ ਉਨ੍ਹਾਂ ਨੂੰ ਕੱਢਕੇ ਤੁਹਾਨੂੰ ਦੇਣਾ ਚਾਹੀਦਾ ਹੈ ਅਤੇ ਤੁਹਾਨੂੰ ਉਹ ਪ੍ਰਵਾਨ ਕਰਨਾ ਚਾਹੀਦਾ ਹੈ । (ਵਿਘਨ) (ਸ਼ੋਰ)

(ਇਸ ਸਮੇਂ ਸੀ. ਐਮ. ਸਾਹਿਬ ਬੋਲਣ ਵਾਸਤੇ ਖੜ੍ਹੇ ਹੋਏ ।)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਬੋਲਣ ਲਈ ਖੜ੍ਹਾ ਹੋਇਆ ਹਾਂ । ਮੈਨੂੰ ਟਾਈਮ ਨਹੀਂ ਦਿੱਤਾ ਗਿਆ । ਮੈਂ ਆਲ ਇੰਡੀਆਂ ਪਾਰਟੀ ਦਾ ਨੁਮਾਇੰਦਾ ਹਾਂ ।

Mr. Speaker : Please resume your seat. You are obstructing the proceedings of the House.

ਮਾਸਟਰ ਚੰਦ ਸਿੰਘ : ਮੈਂ ਬੋਲਣਾ ਚਾਹੁੰਦਾ ਹਾਂ । ਤੁਸੀਂ ਬੋਲਣ ਹੀ ਨਹੀਂ ਦਿੰਦੇ । ਮੈਂ ਆਲ ਇੰਡੀਆਂ ਪਾਰਟੀ ਦਾ ਨੁਮਾਇੰਦਾ ਹਾਂ । ਇਹ ਜਿਹੜਾ ਸਮਗਲਿੰਗ ਦਾ ਰੌਲਾ ਪੈ ਰਿਹਾ ਹੈ, ਇਸ ਦਾ ਫੈਸਲਾ ਹੋਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਤੁਸੀਂ ਬੈਠੋ । (Please resume your seat.)

(ਇਸ ਸਮੇਂ ਮਾਸਟਰ ਚੰਦ ਸਿੰਘ ਮੇਜ਼ ਤੇ ਖੜ੍ਹੇ ਹੋ ਕੇ ਬੋਲਣ ਲੱਗੇ ।)

ਸ੍ਰੀ ਸਪੀਕਰ : ਚੋਪੜਾ ਜੀ ,ਤੁਸੀਂ ਦੋ ਮਿੰਟ ਲਈ ਬੋਲੋ । (Chopra ji, please speak for two minutes only.)

ਮਾਸਟਰ ਚੰਦ ਸਿੰਘ : * * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਤਾਂ ਨਹੀਂ ਹੈ । (This is not a point of order.)

---

*Expunged as orderd by the Chair.

ਮਾਸਟਰ ਚੰਦ ਸਿੰਘ : * * * * * *

ਸ਼੍ਰੀ ਸਪੀਕਰ : ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ । (It should not form part of the proceedings.)

STATEMENT MADE BY THE CHIEF MINISTER REGARDING THE ARREST OF SARDAR SATNAM SINGH BAJWA M.L.A. AND THE ALLEGED INVOLVEMENT OF SOME RELATIVES OF A MINISTER IN SMUGGLING (*Resumption*)

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰਜ਼ ਨੂੰ ਤਾਂ ਇਸ ਗੱਲ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਸੀ ,ਕਿ ਇਕ ਆਦਮੀ ਦੇ ਖਿਆਫ ਕੋਈ ਇਲਜ਼ਾਮ ਲੱਗਦਾ ਹੈ, ਕੋਈ ਸਟੇਟਮੈਂਟ ਦੇ ਦਿੰਦਾ ਹੈ ਤਾਂ ਬਹੁਤ ਵਾਰੀ ਤਾਂ ਉਹ ਗੱਲ ਝੂਠੀ ਸਾਬਤ ਹੁੰਦੀ ਹੈ ਪਰ ਕਈ ਵਾਰੀ ਸਾਬਤ ਵੀ ਹੋ ਜਾਂਦੀ ਹੈ । ਸਾਡੇ ਦੇਸ਼ ਦੀ ਜੁਡੀਸ਼ਰੀ ਦਾ ਸਿਸਟਮ ਵੱਖ ਹੈ ਅਤੇ ਐਗਜ਼ੈਕਟਿਵ ਦਾ ਸਿਸਟਮ ਵੱਖ ਹੈ ਅਤੇ ਹਾਊਸ ਦਾ ਵੱਖਰਾ ਸਿਸਟਮ ਹੈ। ਇਕ ਵਜ਼ੀਰ ਦੇ ਖਿਲਾਫ ਖ਼ਬਰ ਨਿਕਲੀ ਕਿ ਉਸ ਨੇ ਸ਼ਰਾਫਤ ਨਾਲ ਅਸਤੀਫਾ ਦਿੱਤਾ ਮੇਰਾ ਖਿਆਲ ਹੈ ਕਿ ਇਹ ਖ਼ਬਰ ਗਲਤ ਹੈ । ਮੈਂ ਉਸ ਦੀ ਜਾਣਕਾਰੀ ਕਰਵਾ ਰਿਹਾ ਹਾਂ। ਹੁਣ ਤੱਕ ਮੇਰੇ ਪਾਸ ਕੋਈ ਸਬੂਤ ਨਹੀਂ ਆਇਆ । ਮੇਰੇ ਪਾਸ ਜੇ ਕੋਈ ਸਬੂਤ ਦੇਣਾ ਚਾਹੇ ਤਾਂ ਮੈਂ ਆਨਰੇਬਲ ਮੈਂਬਰਜ਼ ਨੂੰ ਕਹਾਂਗਾ ਕਿ ਉਹ ਸਬੂਤ ਦੇ ਦੇਣ। (ਵਿਘਨ) ਆਨਰੇਬਲ ਮੈਂਬਰ ਜੋਸ਼ ਜੀ ਨੇ ਇਥੇ ਕਿਹਾ ਕਿ ਸਾਡੀ ਪਾਰਟੀ ਵਿਚ ਜੇ ਕੋਈ ਅਜਿਹਾ ਹੋਇਆ ਤਾਂ ਅਸੀਂ ਸਾਰੇ ਅਸਤੀਫੇ ਦੇ ਦਿਆਂਗੇ । ਇਹ ਉਨ੍ਹਾਂ ਦੀ ਬੜੀ ਬਹਾਦਰੀ ਹੈ । ਜੇ ਕੋਈ ਵੀ ਪਾਰਟੀ ਵਿਚੋਂ ਨਿਕਲ ਆਇਆ ਤਾਂ ਫਿਰ। ਇਸ ਲਈ ਰੱਬ ਤੋਂ ਡਰੋ । ਕੋਈ ਨਾ ਕੋਈ ਛੁਪਿਆ ਹੋਇਆ ਆਦਮੀ ਹੋ ਸਕਦਾ ਹੈ। ਅਸੀਂ ਪਾਰਟੀਆਂ ਵਾਲੇ ਅਸਮਾਨ ਤੋਂ ਨਹੀਂ ਆਏ ਅਸੀਂ ਆਵਾਮ ਵਿਚੋਂ ਆਏ ਹਾਂ । ਸਾਡੇ ਵਿਚ ਚੰਗੇ ਵੀ ਹਨ ਅਤੇ ਮਾੜੇ ਵੀ ਹਨ । ਬਾਦਲ ਸਾਹਿਬ ਦੀ ਇਹ ਜਿਹੜੀ ਦਲੀਲ ਹੈ ਕਿ ਸਮਗਲਿੰਗ ਅਫਸਰਾਂ ਅਤੇ ਪਾਲਿਟੀਸ਼ਨਜ਼ ਦੀ ਮੱਦਦ ਤੋਂ ਬਗੈਰ ਨਹੀਂ ਹੋ ਸਕਦੀ। ਮੈਂ ਉਨ੍ਹਾਂ ਨਾਲ ਸੈਂਟ ਪਰਸੈਂਟ ਐਗਰੀ ਕਰਦਾ ਹਾਂ । ਪਰ ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਇਸ ਹਾਊਸ ਦੀ ਕਮੇਟੀ ਕਿਹੜੀ ਪਾਲਿਟਿਕਸ ਤੋਂ ਰਹਿਤ ਹੋਵੇਗੀ ? ਫਿਰ ਇਹ ਉਨ੍ਹਾਂ ਨੂੰ ਸਜ਼ਾ ਕਿਸ ਤਰ੍ਹਾਂ ਦੇਣਗੇ ਜਦ ਕਿ ਅਫਸਰ ਅਫਸਰਾਂ ਨੂੰ ਸਜ਼ਾ ਦੇਣ ਵਾਸਤੇ ਤਿਆਰ ਨਹੀਂ ਹੁੰਦੇ । (ਵਿਘਨ) ਇਹੋ ਜਿਹੀਆਂ ਗਲਤ ਰਿਵਾਇਤਾਂ ਨਹੀਂ ਪਾਉਣੀਆਂ ਚਾਹੀਦੀਆਂ ਜਿਹੜੀਆਂ ਡੈਮੋਕਰੇਸੀ ਦੇ ਖਿਲਾਫ ਰਿਵਾਇਤਾਂ ਹਨ । ਇਸ ਕਮੇਟੀ ਦਾ ਹੋਰ ਵੀ ਨੁਕਸਾਨ ਹੋਵੇਗਾ ਕਿਉਂਕਿ ਇਕ ਪਾਰਟੀ ਦੂਜੀ ਨੂੰ ਕਸੂਰਵਾਰ ਕਹੇਗੀ ਅਤੇ ਦੂਸਰੀ ਉਸ ਨੂੰ ਕਸੂਰਵਾਰ ਕਹੇਗੀ । ਇਸ ਲਈ ਡੈਮੋਕਰੇਸੀ ਦੀ ਸ਼ਾਨਦਾਰ ਰਵਾਇਤ ਨੂੰ ਕਾਇਮ ਰੱਖਦੇ ਹੋਏ ਜੋ ਗੱਲਤ ਗੱਲ ਹੈ ਉਸ ਨੂੰ ਦੂਰ ਕਰੋ । ਜਿਸ ਵਜ਼ੀਰ ਸਾਹਿਬ ਨੇ ਅਖ਼ਬਾਰ ਦੀ ਖ਼ਬਰ ਦੀ ਬਿਨਾ ਤੇ ਅਸਤੀਫਾ ਦੇ ਦਿੱਤਾ ਹੈ ਕੀ ਮੈਂ ਉਸ ਦਾ ਅਸਤੀਫਾ ਐਂਵੇ ਹੀ ਮਨਜ਼ੂਰ ਕਰ ਲਵਾਂ? ਇਸ ਤਰ੍ਹਾਂ ਧੱਕਾ ਹੋਵੇਗਾ। ਮੈਂ ਇਸ ਦੀ ਜਾਣਕਾਰੀ ਕਰਵਾ ਰਿਹਾ ਹਾਂ । ਤੁਹਾਡੇ ਪਾਸ ਕੋਈ ਗੱਲ ਹੋਵੇ ਉਹ ਤੁਸੀਂ ਸਾਨੂੰ ਦਿਉ ਤਾਂਕਿ ਅਸੀਂ ਉਸ ਨੂੰ ਦੇਖ ਸਕੀਏ । (ਵਿਘਨ) ਮੈਂ ਬੇਨਤੀ ਕਰਾਂਗਾ ਕਿ ਗਵਰਨਰ ਸਾਹਿਬ ਦੇ ਐਡਰੈਸ ਉਤੇ ਬਹਿਸ ਹੋਣੀ ਹੈ ਅਤੇ ਉਹ ਬੜੀ ਜ਼ਰੂਰੀ ਹੈ। ਸਾਰੇ ਪੰਜਾਬ ਦੇ ਲੋਕਾਂ ਦੀਆਂ ਅੱਖਾਂ ਇਸ ਪਾਸੇ ਹਨ ਕਿ ਸਾਡੇ ਪ੍ਰਤਿਨਿਧ ਆਉਣ ਵਾਲੇ ਸਾਲ ਵਿਚ ਇਸ ਬਾਰੇ ਆਪਣੀ ਕੀ ਰਾਏ ਦਿੰਦੇ ਹਨ । ਹਾਊਸ ਦਾ ਟਾਈਮ ਇਸ ਤਰ੍ਹਾਂ ਜ਼ਾਇਆ ਨਹੀਂ ਕਰਨਾ ਚਾਹੀਦਾ ਔਰ ਇਸ ਮਾਮਲੇ ਨੂੰ ਇਥੇ ਹੀ ਠਪ ਕਰ ਦੇਣਾ ਚਾਹੀਦਾ ਹੈ ।

---

*Expunged as ordered by the Chair.

ਸ੍ਰੀ ਸਪੀਕਰ : ਮੈਂ ਹਾਊਸ ਅਗੇ ਬੇਨਤੀ ਕਰਾਂਗਾ (ਵਿਘਨ) ਆਰਡਰ, ਆਰਡਰ ਮੈਂ ਆਨਰੇਬਲ ਮੈਂਬਰਜ਼ ਨੂੰ ਇਹ ਬੇਨਤੀ ਕਰਾਂਗਾ ਕਿ ਇਕ ਇਸ਼ੂ ਹਾਊਸ ਦੇ ਸਾਹਮਣੇ ਆਇਆ ਸੀ ਅਤੇ ਹਾਊਸ ਦੇ ਮੈਂਬਰ ਸਾਹਿਬਾਨ ਵੱਲੋਂ ਇਹ ਮੰਗ ਆਈ ਸੀ ਕਿ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ । ਲੀਡਰ ਆਫ ਦੀ ਹਾਊਸ ਨੇ ਇਸ ਨੂੰ ਟਰਨ ਡਾਊਨ ਕਰ ਦਿੱਤਾ ਹੈ ਇਸ ਬਿਨਾ ਤੇ ਕਿ ਹੋ ਸਕਦਾ ਹੈ ਮੈਜਾਰਿਟੀ ਪਾਰਟੀ ਦੇ ਮੈਂਬਰ ਇਸ ਦੇ ਵਿਚ ਜ਼ਿਆਦਾ ਮੈਂਬਰ ਹੋ ਜਾਣ ਅਤੇ ਉਸ ਨਾਲ ਕਿਸੇ ਦਾ ਨੁਕਸਾਨ ਹੋ ਜਾਵੇ । ਫਿਰ ਮਾਮਲਾ ਕੁਝ ਸਬ ਜੁਡਿਸ ਹੈ ਅਤੇ ਉਸ ਨੂੰ ਕਿਸ ਤਰ੍ਹਾਂ ਇਥੇ ਕੀਤਾ ਜਾ ਸਕਦਾ ਹੈ । ਮੈਂ ਤਾਂ ਇਸ ਹਾਊਸ ਦਾ ਸਰਵੈਂਟ ਹਾਂ । ਅਗਰ ਲੀਡਰ ਆਫ ਦੀ ਹਾਊਸ ਨੇ ਇਹ ਕਿਹਾ ਹੈ ਕਿ ਕਮੇਟੀ ਨਹੀਂ ਬਣ ਸਕਦੀ ਤਾਂ ਮੈਂ ਸਮਝਦਾ ਹਾਂ ਕਿ ਸਾਰੇ ਹਾਊਸ ਨੂੰ ਇਹ ਗੱਲ ਮੰਨਣੀ ਚਾਹੀਦੀ ਹੈ । (I would request the House.... (*Interruption*) Order, order. I would request the hon. Members that an issue was raised in the House and the hon. Members have demanded that a Committee of the House be constituted. The Leader of the House has turned down this demand on the plea that it is just possible that it may have more Members from the majority Party and thus harm the others. Secondly it is a subjudice matter and this cannot be taken up here by a Committee of the House. I am a servant of the House. If the Leader of the House is of the view that this Committee cannot be constituted, I think the House should agree to it.)

ਕੁਝ ਆਵਾਜ਼ਾਂ : ਨੋ ਨੋ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਂ ਹਾਊਸ ਦੀ ਮਰਜ਼ੀ ਨਾਲ ਇਸ ਮੰਗ ਨੂੰ ਟਰਨ ਡਾਊਨ ਕਰਦਾ ਹਾਂ ਹੁਣ ਇਸ ਇਸ਼ੂ ਨੂੰ ਕਲੋਜ਼ ਕੀਤਾ ਜਾਂਦਾ ਹੈ । ਕਾਲ ਅਟੈਨਸ਼ਨ ਨੋਟਿਸ ਨੰ: 5 । (I, therefore, turn down this demand with the consent of the House. This matter should be closed now. Call Attention Notice No. 5.)

(ਇਸ ਵਕਤ ਅਕਾਲੀ ਪਾਰਟੀ ਦੇ ਕੁਝ ਮਾਨਯੋਗ ਮੈਂਬਰ ਸਾਹਿਬਾਨ ਬੋਲ ਰਹੇ ਸਨ * *)

ਸ੍ਰੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰਜ਼ ਬਗੈਰ ਪ੍ਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying without the permission of the Chair, that should not be recorded.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ : ਜੇ ਤਾਂ ਤੁਸੀਂ ਕਮੇਟੀ ਫਰੇਮ ਕਰਨ ਦੇ ਬਾਰੇ ਗੱਲ ਕਰਨੀ ਹੈ ਤਾਂ ਇਜਾਜ਼ਤ ਨਹੀਂ ਹੈ । (If you want to say anything about the constitution of the Committee then you are not allowed.)

---

*Not recorded as ordered by the Chair.

ਸਰਦਾਰ ਪ੍ਰੇਮ ਸਿੰਘ ਪ੍ਰੇਮ: ਨਹੀਂ ਜੀ, ਮੈਂ ਕਮੇਟੀ ਦੇ ਬਾਰੇ ਗੱਲ ਨਹੀਂ ਕਰਨੀ । (ਵਿਘਨ) ਸਪੀਕਰ ਸਾਹਿਬ, ਇਥੇ ਜੋ ਕਮੇਟੀ ਬਣਾਉਣ ਦੇ ਬਾਰੇ ਗੱਲਾਂ ਹੋਈਆਂ ਹਨ ਉਨ੍ਹਾਂ ਨੂੰ ਛੱਡ ਦਿੰਦਾ ਹਾਂ ਲੇਕਿਨ ਉਸ ਦੇ ਵਿਚੋਂ ਇਕ ਗੱਲ ਜਿਹੜੀ ਨਿਕਲੀ ਹੈ ਉਹ ਮੈਂ ਕਰਨਾ ਚਾਹੁੰਦਾ ਹਾਂ । ਬਾਦਲ ਸਾਹਿਬ ਨੇ ਜਦੋਂ ਆਪਣੀ ਤਕਰੀਰ ਕੀਤੀ ਤਾਂ ਇਹ ਕਿਹਾ ਕਿ ਅਫ਼ਸਰਾਂ ਅਤੇ ਪਾਲਿਟੀਸ਼ਨਾਂ ਦੀ ਮਦਦ ਤੋਂ ਬਗੈਰ ਕੋਈ ਸਮੱਗਲਿੰਗ ਨਹੀਂ ਕਰ ਸਕਦਾ । ਫਿਰ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਮੈਂ ਬਾਦਲ ਸਾਹਿਬ ਨਾਲ ਸੈਂਟ ਪਰ ਸੈਂਟ ਐਗਰੀ ਕਰਦਾ ਹਾਂ । ਮੈਂ ਇਸ ਗੱਲ ਨੂੰ ਰਿਕਾਰਡ ਤੇ ਲਿਆ-ਉਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਕਨਡੈਮਨੇਸ਼ਨ ਨਾ ਅਫ਼ਸਰਾਂ ਦੀ ਅਤੇ ਨਾ ਪਾਲਿਟੀਸ਼ਨਾਂ ਦੀ ਹੋਣੀ ਚਾਹੀਦੀ ਹੈ। ਅਸੀਂ ਵੀ ਇਥੇ ਬੈਠੇ ਹਾਂ । ਜਿਸ ਤਰ੍ਹਾਂ ਲੋਕਾਂ ਵਿਚ ਕਾਲੀਆਂ ਭੇਡਾਂ ਹੁੰਦੀਆਂ ਹਨ, ਅਫ਼ਸਰਾਂ ਵਿਚ ਵੀ ਹੋਣਗੀਆਂ ਅਤੇ ਸ਼ਾਇਦ ਪਾਲਿਟੀਸ਼ਨਾਂ ਵਿਚ ਵੀ ਹੋਣ ਪਰ ਸਾਰੇ ਇਕੋ ਜਿਹੇ ਨਹੀਂ ਹੋ ਸਕਦੇ । ਇਸ ਲਈ ਮੈਂ ਇਹ ਪ੍ਰੋਟੈਸਟ ਕਰਦਾ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਇਥੇ ਬੜੇ ਚੰਗੇ ਚੰਗੇ ਪਾਲਿਟੀਸ਼ਨਜ਼ ਹਨ ਅਤੇ ਜਿਨ੍ਹਾਂ ਦਾ ਬੜਾ ਚੰਗਾ ਰਿਕਾਰਡ ਹੈ । ਇਸ ਲਈ ਇਹ ਗੱਲ ਨਹੀਂ ਕਹਿਣੀ ਚਾਹੀਦੀ । ਇਸ ਗੱਲ ਦਾ ਮੈਂ ਪ੍ਰੋਟੈਸਟ ਕਰਦਾ ਹਾਂ ।

ਚੌਧਰੀ ਸੁੰਦਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਜੋ ਖਿਆਲਤ ਦੱਸੇ ਹਨ ਉਨ੍ਹਾਂ ਦੇ ਬਾਰੇ ਮੈਂ ਵੀ ਕੁਝ ਕਹਿਣਾ ਚਾਹੁੰਦਾ ਹਾਂ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕਈ * * * * * ਦੂਸਰੇ ਵੀ ਕਰੱਪਟ ਸਾਬਤ ਹੋਏ । * * * * * ਸੀ. ਐਮ. ਸਾਹਿਬ ਨੇ ਜਿਹੜੀ ਗੱਲ ਕਹੀ ਕਿ ਕਮੇਟੀ ਨਹੀਂ ਬਣਨੀ ਚਾਹੀਦੀ ਮੈਂ ਵੀ ਕਹਿੰਦਾ ਹਾਂ ਕਿ ਕਮੇਟੀ ਨਹੀਂ ਬਣਨੀ ਚਾਹੀਦੀ। ਕਮੇਟੀ ਬਣਨੀ ਕਿਸ ਦੀ ਚਾਹੀਦੀ ਹੈ? (ਵਿਘਨ)

ਸ੍ਰੀ ਸਪੀਕਰ : ਚੌਧਰੀ ਸਾਹਿਬ, ਕਮੇਟੀ ਦੀ ਗੱਲ ਖ਼ਤਮ ਹੋ ਗਈ ਹੈ । (ਵਿਘਨ) (Chaudhri Sahib, the matter regarding the constitution of a Committee has been closed.) (*Interruption*)

ਚੌਧਰੀ ਸੁੰਦਰ ਸਿੰਘ: ਮੈਂ ਕਹਿੰਦਾ ਹਾਂ ਕਿ ਪਾਲਿਟੀਸ਼ਨਜ਼ ਦੀ ਕਮੇਟੀ ਬਿਲਕੁਲ ਨਹੀਂ ਬਣਨੀ ਚਾਹੀਦੀ ਮੈਨੂੰ ਮਾਲੂਮ ਨਹੀਂ ਹੁੰਦਾ ਕਿ * * * * (ਹਾਸਾ) (ਵਿਘਨ) ਬਿਲਕੁਲ ਇਹ ਕਮੇਟੀ ਨਹੀਂ ਬਣਨੀ ਚਾਹੀਦੀ । (ਵਿਘਨ)

ਸ੍ਰੀ ਸਪੀਕਰ : ਚੌਧਰੀ ਸੁੰਦਰ ਸਿੰਘ ਨੇ ਜੋ ਕਿਹਾ ਹੈ ਕਿ * * * ਇਹ ਰਿਕਾਰਡ ਨਾ ਕੀਤਾ ਜਾਵੇ। Chaudhri Sahib, please resume your seat. (ਵਿਘਨ) ਇਹ ਮੈਂਬਰਾਂ ਤੇ ਐਸਪਰਸ਼ਨ ਹੈ, ਇਹ ਐਕਸਪੰਜ ਕਰ ਦਿੱਤਾ ਜਾਵੇ। (The remarks of Chaudhri Sunder Singh that*** should not be recorded Chaudhri Sahib, please resume your seat. (*Interruption*) This is an aspersion on the Members, it should be expunged.)

ਚੌਧਰੀ ਸੁੰਦਰ ਸਿੰਘ : ਪਾਲੀਟੀਸ਼ਨਜ਼ ਦਾ ਇੱਕਲਾ ਨਾਮ ਨਾ ਲਵੇ । (ਵਿਘਨ) ਇਹ ਕਮੇਟੀ ਨਹੀਂ ਬਣਨੀ ਚਾਹੀਦੀ । (ਵਿਘਨ)

Mr. Speaker : Chaudhri Sahib, please resume your seat.

ਗਿਆਨੀ ਕੁੰਦਨ ਸਿੰਘ ਪਤੰਗ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਜਿਹੜੇ ਆਦਮੀ ਪਾਲਿਟੀਸ਼ਨਜ਼ ਹਨ, ਜੇ ਉਨ੍ਹਾਂ ਦੀ ਕਮੇਟੀ ਬਣਾ ਦੇਈਏ ਤਾਂ ਉਹ ਸਜ਼ਾ ਕਿਸ ਨੂੰ ਦੇਵੇਗੀ? ਅਫ਼ਸਰ ਅਫ਼ਸਰ ਨੂੰ ਸਜ਼ਾ ਨਹੀਂ ਦਿੰਦਾ ਤਾਂ ਪਾਲਿਟੀਸ਼ਨ ਪਾਲਿਟੀਸ਼ਨ ਨੂੰ ਕਿਵੇ ਸ਼ਜਾ ਦੇ ਦੇਵਗਾ? ਕੀ ਇਨ੍ਹਾਂ ਦੇ ਸਾਹਮਣੇ ਸਰਦਾਰ ਹਰਚੰਦ ਸਿੰਘ ਕਮੇਟੀ ਦੀ ਮਿਸਾਲ ਨਹੀਂ ਹੈ ? ਜਿਨ੍ਹਾਂ ਨੇ ਗੱਦੀਆਂ ਤੋਂ ਥਲੇ ਲਾਹ ਦਿਤੇ । (ਵਿਘਨ)

---

*Expunged as ordered by the Chair.

Mr. Speaker : Please resume your seat now. Call Attention Notice No. 4 by Shri Sardari Lal Kapur.

CALL ATTENTION NOTICES UNDER RULE 66

(Serial No. 4)

Shri Sardari Lal Kapur : Sir, I beg to draw the attention of the Government towards a matter of urgent public importance, namely, that in the year 1974 the Punjab Brewries Ltd. painted large advertisements throughout the State on the walls of big buildings in cities and towns, depicting there in a "new river of Punjab" comprising of liquor coming out of a Matka, thus giving encouragement to the people of this State to drink more liquor because of the flood of beer being manufactured by the Punjab Breweries Ltd. As a result of my protest the painting was changed a bit, but the Matka and liquor following from it is still there in the modified painting. Such paintings advertisements spoil the impressionable minds of the younger generation thereby leading them to resort to drinking.

This is, therefore, a fit matter on which the Minister for Excise should make a statement on the floor of the House, as to what the Government proposes to do in the matter of stopping the issue of such like posters.

Mr. Speaker : Admitted. The Minister concerned to please make a statement.

(Serial No. 5)

Shri Sardari Lal Kapur : Sir, I beg to draw the attention of the Government towards a matter of urgent public importance, namely, for the last three months no construction work is being done by the P.W.D. (B&R) in this State on the plea that there are no funds with the Department. This has resulted in unemployment, on a very large scale, of work-charged and other temporary staff of this Department. It would result in further unemployment of the X.E. N.s and S.D. O's as well.

This is, therefore, a fit matter on which the Government should make a statement, on the floor of the House, as to the reasons which have prompted the Government to stop the activities of the P.W.D. (B&R)

Mr. Speaker : Admitted. The Minister concerned to please make a statement.

ਸਰਦਾਰ ਪਰਕਾਸ਼ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਕ ਹੋਰ ਮਸਲਾ ਤੁਹਾਡੇ ਸਾਹਮਣੇ ਲਿਆਉਣਾ ਹੈ । (ਵਿਘਨ)

ਸ਼੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨਜ਼ ਤੋਂ ਬਾਅਦ ਕਰ ਲੈਣਾ । (You may raise your point after the Call Attention Notices)

ਸਰਦਾਰ ਪਰਕਾਸ਼ ਸਿੰਘ ਬਾਦਲ : ਕਾਲ ਅਟੈਨਸ਼ਨ ਮੋਸ਼ਨਜ਼ ਤੋਂ ਬਾਅਦ ਨਹੀਂ ਹੋ ਸਕਦਾ ਜੀ । (ਵਿਘਨ)

(Serial No. 8)

Comrade Satya Pal Dang
Comrade Dana Ram } Sir, I beg to draw the attention of the Government towards a matter of urgent public importance namely, teachers of the aided Colleges in the State have not yet been given the grades recommended by the University Grants Commission. The long delay in deciding the matter has resulted in acute discontentment among the college teachers in the State and they are planning to resort to direct action.

In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned to please make a statement.

(Serial No. 9)

Comrade Satya Pal Dang
Comrade Dana Ram } Sir, I beg to draw the attention of the Government towards a matter of urgent public importance, namely, whereas all sections of people and entire economy of the State has been hit hard by power shortage, thousands and thousands of industrial workers have been facing virtual starvation. A very big section of the industrial workers of the State are employed in small factories and industrial units who legally are not required to pay any lay off compensation at all and in big units lay off compensation is very inadequate.

This has resulted in extreme hardship and suffering for almost all sections of the industrial workers. They have been demanding grants to help them to tide over the difficult position. As the Government have not taken any decision, there is acute discontentment in the entire working class.

In view of the obvious and urgent importance of the matter, the Government may please be asked to make a statement in the House.

ਸ਼੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The hon. Minister concerned may please make a statement.)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਜਨਾਬ ਦੇ ਕਾਲ ਅਟੈਨਸ਼ਨ ਮੋਸ਼ਨਾਂ ਦਿੱਤੀਆਂ ਸਨ ਪਰ ਮੈਨੂੰ ਉਸ ਦਾ ਕੋਈ ਨੋਟਿਸ ਨਹੀਂ ਮਿਲਿਆ ਹਿੰਦ ਸਮਾਚਾਰ ਦੀ ਜੋ ਬਿਜਲੀ......(ਵਿਘਨ)

ਸ਼੍ਰੀ ਸਪੀਕਰ : ਬਰਾੜ ਸਾਹਿਬ, ਤੁਸੀਂ ਕਾਲ ਅਟੈਨਸ਼ਨ ਮੋਸ਼ਨ ਕਦੋਂ ਦਿੱਤੀ ਸੀ? Brar Sahib, when did you give notice of the Call Attention Motion)?

ਸਰਦਾਰ ਜਸਵਿੰਦਰ ਸਿੰਘ ਬਰਾੜ : ਕਲ ਦਿੱਤੀ ਸੀ ਜੀ।

ਸ਼੍ਰੀ ਸਪੀਕਰ:— ਕਾਲ ਅਟੈਨਸ਼ਨ ਮੋਸ਼ਨ ਵਾਸਤੇ 24 ਘੰਟੇ ਦਾ ਨੋਟਿਸ ਚਾਹੀਦਾ ਹੈ। ਉਹ ਕੱਲ ਆਵੇਗੀ। (Twenty four hours' notice is required in the case of a Call Attention Motion. That will be taken up tomorrow.)

(Serial No. 10)

Comrade Raj Kumar : Sir, I beg to draw the attention of the Government towards a matter of urgent public importance namely, on 24th December as also earlier night service buses in the State have been stopped at night by high-way robbers/miscreants with the intention of committing robbery and causing damage to the public vehicles and endangering the life of the crew and passengers. Fire arms for night service crew for protection of life and property of crew and passengers have been publicly demanded. A failure on the part of the Government to take suitable measures has sent a sense of insecurity among night travelling public in the State.

In view of the obvious importance of the matter, the Government may be asked to make a statement in the House.

Mr. Speaker : Admitted. The Ministers concerned to please make a statement.

ANNOUNCEMENT BY THE SPEAKER REGARDING GOVERNOR'S ADDRESS

Mr. Speaker : In pursuance of Rule 18 of the Rules of Procedure and Conduct of Business in the Punjab Legislative Assembly, I have to report that the Governor was pleased to address the Punjab Vidhan Sabha on the 7th January, 1975, under Article 176(1) of the Constitution.

A copy of the Address is laid on the Table of the House.

ਪੰਜਾਬ ਦੇ ਰਾਜਪਾਲ, ਸ੍ਰੀ ਮਹੇਂਦਰਾ ਮੋਹਨ ਚੌਧੁਰੀ ਦੁਆਰਾ ਪੰਜਾਬ ਵਿਧਾਨ ਸਭਾ ਦੇ ਸਮਾਗਮ ਵਿਚ ਮੰਗਲਵਾਰ, 7 ਜਨਵਰੀ, 1975, ਨੂੰ ਦਿਤਾ ਗਿਆ ਭਾਸ਼ਣ

ਦੋਸਤੋ,

ਇਸ ਸਾਲ ਵਿਧਾਨ ਸਭਾ ਦੇ ਪਹਿਲੇ ਇਜਲਾਸ ਵਿਚ ਆਉਣ ਤੇ ਮੈਂ ਆਪ ਜੀ ਨੂੰ 'ਜੀ ਆਇਆਂ' ਕਹਿਣ ਵਿਚ ਬਹੁਤ ਖੁਸ਼ੀ ਮਹਿਸੂਸ ਕਰਦਾ ਹਾਂ।

ਸ੍ਰੀ ਲਲਿਤ ਨਰਾਇਣ ਮਿਸ਼ਰਾ, ਜਿਨ੍ਹਾਂ ਨੇ ਅਥਾਹ ਲਗਨ ਅਤੇ ਦ੍ਰਿੜ ਨਿਸ਼ਚੇ ਨਾਲ ਦੇਸ਼ ਦੀ ਸੇਵਾ ਕੀਤੀ। ਉਨ੍ਹਾਂ ਦੀ ਭਿਆਨਕ ਹੱਤਿਆ ਕਾਰਨ ਸਮੁੱਚੀ ਕੌਮ ਨੂੰ ਸਦਮਾ ਪੰਹੁਚਿਆ ਹੈ ਅਤੇ ਮੈਨੂੰ ਯਕੀਨ ਹੈ ਕਿ ਇਸ ਮਹਾਨ ਸਦਨ ਵਿਚ ਆਪ ਸਾਰੇ ਇਸ ਦੁਖਾਂਤ ਤੇ ਅਫ਼ਸੋਸ ਪ੍ਰਗਟ ਕਰਨ ਅਤੇ ਇਸ ਅਤਿਆਚਾਰ ਦੀ ਨਖੇਧੀ ਕਰਨ ਵਿਚ ਨਿਰਸੰਕੋਚ ਮੇਰਾ ਸਾਥ ਦੇਵੋਗੇ। ਲੋਕ ਰਾਜ ਦੇ ਜਨਤਕ ਜੀਵਨ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਅਤੇ ਜਿਹੜੇ ਵੀ ਲੋਕੀ ਹਿੰਸਾ ਦੀ ਸਾਜਸ਼ ਕਰਦੇ ਹਨ ਜਾਂ ਉਸ ਵਿਚ ਸ਼ਾਮਲ ਹੁੰਦੇ ਹਨ, ਉਨ੍ਹਾਂ ਨੂੰ ਆਪਣੇ ਮਨਾਂ ਅੰਦਰ ਝਾਤੀ ਮਾਰ ਕੇ ਵੇਖਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਅਜਿਹੀਆਂ ਕਾਰਵਾਈਆਂ ਕਾਰਨ ਕੌਮ ਨੂੰ ਕਿੰਨਾ ਨੁਕਸਾਨ ਪਹੁੰਚੇਗਾ।

[Mr. Speaker]

2. ਪਿਛਲੇ ਸਾਲ ਦੇ ਇਜਲਾਸ ਮਗਰੋਂ ਸਾਡੇ ਰਾਜ ਨੂੰ ਸ੍ਰੀ ਯਾਦਵਿੰਦਰਾ ਸਿੰਘ, ਗਿਆਨੀ ਕਰਤਾਰ ਸਿੰਘ, ਸ਼੍ਰੀਮਤੀ ਸੀਤਾ ਦੇਵੀ, ਮਾਸਟਰ ਕਾਬਲ ਸਿੰਘ, ਸਰਵਸ੍ਰੀ ਜੰਗੀਰ ਸਿੰਘ ਫਗੂਵਾਲੀਆ, ਓਮ ਪ੍ਰਕਾਸ਼ ਅਗਨੀਹੋਤਰੀ, ਖਰੈਤੀ ਰਾਮ ਸਰੀਨ, ਕੁੰਦਨ ਲਾਲ ਭੰਡਾਰੀ ,ਬਿਸ਼ਨ ਨਾਥ, ਚੰਦਨ ਲਾਲ ਜੌੜਾ, ਸਤਪਾਲ ਸਿੰਘ ਰੰਧਾਵਾ, ਅਜਾਇਬ ਸਿੰਘ ਸੰਧੂ, ਤੇਜਾ ਸਿੰਘ ਨਾਮਧਾਰੀ, ਵਰਿਆਮ ਸਿੰਘ ਅਤੇ ਇਕਬਾਲ ਸਿੰਘ ਦੀ ਦੁਖਦਾਈ ਮੌਤ ਦਾ ਸਦਮਾ ਬਰਦਾਸ਼ਤ ਕਰਨਾ ਪਿਆ ਜਿਹੜੇ ਕਿ ਰਾਜ ਦੇ ਉੱਘੇ ਵਿਧਾਇਕ ਸਨ । ਉਨ੍ਹਾਂ ਨੇ ਆਪਣਾ ਜੀਵਨ ਜਨਤਾ ਦੀ ਸੇਵਾ ਲਈ ਅਰਪਣ ਕੀਤਾ ਹੋਇਆ ਸੀ ਅਤੇ ਉਨ੍ਹਾਂ ਨੇ ਆਪਣੇ ਕਰਤੱਵ ਦੀ ਪਾਲਣਾ ਬੜੀ ਲਗਨ ਅਤੇ ਗੰਭੀਰਤਾ ਨਾਲ ਕੀਤੀ ਸੀ । ਉਨ੍ਹਾਂ ਦੀ ਯਾਦ ਸਦਾ ਲਈ ਸਾਡੇ ਦਿਲ ਵਿਚ ਬਣੀ ਰਹੇਗੀ । ਮੈਨੂੰ ਯਕੀਨ ਹੈ ਕਿ ਆਪ ਉਨ੍ਹਾਂ ਦੀ ਇਸ ਦੁਖਦਾਈ ਮੌਤ ਉਤੇ ਅਫ਼ਸੋਸ ਪ੍ਰਗਟ ਕਰਨ ਵਿਚ ਮੇਰੇ ਨਾਲ ਸ਼ਾਮਲ ਹੋਵੋਗੇ ।

3. ਅਸੀਂ ਆਪਣੇ ਰਾਜ ਦੇ ਮਹਾਨ ਸ਼ਹੀਦ ਸਰਦਾਰ ਊਧਮ ਸਿੰਘ ਉਤੇ ਜਿਨ੍ਹਾਂ ਮਾਣ ਕਰੀਏ ਥੋੜਾ ਹੈ । ਜਿਨ੍ਹਾਂ ਨੇ ਜਲ੍ਹਿਆਂ ਵਾਲਾ ਬਾਗ ਦੇ ਵਹਿਸ਼ਿਆਨਾ ਕਤਲਿਆਮ ਦਾ ਬਦਲਾ ਲੈਣ ਲਈ ਭਾਰਤ ਮਾਤਾ ਉਤੇ ਆਪਣੀ ਜਾਨ ਵਾਰ ਦਿੱਤੀ ਸੀ । ਮੈਨੂੰ ਖੁਸ਼ੀ ਹੈ ਕਿ ਮੇਰੀ ਸਰਕਾਰ ਨੇ ਇਸ ਮਹਾਨ ਸ਼ਹੀਦ ਦੀਆਂ ਅਸਥੀਆਂ ਇੰਗਲੈਂਡ ਦੀ ਸਰਕਾਰ ਤੋਂ ਪ੍ਰਾਪਤ ਕਰਕੇ ਵਾਪਸ ਮਾਤ-ਭੂਮੀ ਵਿਚ ਲਿਆਉਣ ਦਾ ਉਦਮ ਕੀਤਾ । ਇਨ੍ਹਾਂ ਅਸਥੀਆਂ ਦੇ ਦਰਸ਼ਨ, ਜਲੂਸ ਦੀ ਸ਼ਕਲ ਵਿਚ ਰਾਜ ਦੇ ਪ੍ਰਸਿੱਧ ਸ਼ਹਿਰਾਂ ਵਿਚ ਲੋਕਾ ਨੂੰ ਕਰਵਾਏ ਗਏ ਤਾਂ ਜੋ ਉਹ ਪੰਜਾਬ ਦੇ ਇਸ ਮਹਾਨ ਸਪੂਤ ਪ੍ਰਤੀ ਆਪਣੀ ਸ਼ਰਧਾ ਅਤੇ ਮਾਣ ਦਰਸਾ ਸਕਣ । ਇਸ ਨਾਲ ਨਾ ਕੇਵਲ ਰਾਜ ਵਿੱਚ ਹੀ, ਸਗੋਂ ਸਾਰੇ ਦੇਸ਼ ਵਿਚ ਦੇਸ਼—ਭਗਤੀ ਅਤੇ ਕੁਰਬਾਨੀ ਦੀ ਭਾਵਨਾ ਮੁੜ ਜਾਗ੍ਰਤ ਹੋਈ ਹੈ ।

ਮੇਰੀ ਸਰਕਾਰ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਵੱਲ ਪੂਰਾ ਪੂਰਾ ਧਿਆਨ ਦੇ ਰਹੀ ਹੈ ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀਂ ਸੁਖ ਮਾਣ ਰਹੇ ਹਾਂ । ਰਾਜ ਦੀ ਆਮਦਨ ਵਿਚੋਂ ਦਿੱਤੀ ਗਈ ਸਹਾਇਤਾ ਤੋਂ ਇਲਾਵਾ ਕੇਂਦਰੀ ਸਰਕਾਰੀ ਸਕੀਮ ਅਧੀਨ, ਪੰਜਾਬ ਦੇ ਲਗਭਗ 7,000 ਸੁਤੰਤਰਤਾ ਸੰਗਰਾਮੀਆਂ ਨੂੰ ਪੈਨਸ਼ਨਾਂ ਦੇ ਦਿੱਤੀਆਂ ਗਈਆਂ ।

4. 1974 ਦਾ ਸਾਲ ਨਾ ਕੇਵਲ ਭਾਰਤ ਲਈ ਸਗੋਂ ਸਮੁੱਚੇ ਵਿਸ਼ਵ ਲਈ ਔਕੜਾਂ ਭਰਿਆ ਰਿਹਾ ਹੈ ਕਿਉਂਜੋ ਇਨਫਲੇਸ਼ਨ ਦੇ ਦਬਾਉ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਬਹੁਤ ਵਾਧੇ ਕਾਰਣ ਸਾਡੇ ਆਰਥਿਕਤਾ ਦੇ ਸਾਰੇ ਪਹਿਲੂਆਂ ਤੇ ਅਸਰ ਪੈਂਦਾ ਹੈ । ਇਸ ਸਥਿਤੀ ਨਾਲ ਪੈਦਾ ਹੋਈਆਂ ਮੁਸ਼ਕਲਾਂ ਤੋਂ ਅਸੀਂ ਵੀ ਨਹੀਂ ਬੱਚ ਸਕੇ । ਦੇਸ਼ ਦੇ ਵਧੇਰੇ ਭਾਗਾਂ ਵਿਚ ਸੋਕੇ ਨਾਲ ਦੇਸ਼ ਦੀ ਆਰਥਿਕਤਾ ਤੇ ਹੋਰ ਭਾਰ ਪਿਆ ਅਤੇ ਨਾਲ ਹੀ ਜਨਤਕ ਵੰਡ ਪ੍ਰਣਾਲੀ ਦੀ ਮੰਗ ਨੂੰ ਪੂਰਾ ਕਰਨ ਲਈ ਕੇਂਦਰ ਨੂੰ ਵਧੇਰੇ ਅਨਾਜ ਦੇਣ ਬਾਰੇ ਵੀ ਸਾਡੀ ਜ਼ਿੰਮੇਵਾਰੀ ਵਿੱਚ ਵਾਧਾ ਹੋਇਆ । ਬਾਰਸ਼ਾਂ ਘੱਟ ਹੋਣ ਕਾਰਣ ਅਤੇ ਇਸ ਦੇ ਸਿੱਟੇ ਵਜੋਂ ਘਟ ਬਿਜਲੀ ਪੈਦਾ ਹੋਣ ਕਾਰਨ ਪੇਸ਼ ਆਈਆਂ ਰੁਕਾਵਟਾਂ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੇ ਇਸ ਵੰਗਾਰ ਦਾ ਟਾਕਰਾ ਕੀਤਾ । ਮੇਰੀ ਸਰਕਾਰ ਨੇ ਜ਼ਰਾਇਤੀ ਉਪਜ ਦੀ ਉਚੇਰੀ ਪੱਧਰ ਕਾਇਮ ਰੱਖਣ ਲਈ ਲੋਕਾਂ ਦੀ ਹਰ ਸੰਭਵ ਸਹਾਇਤਾ ਕੀਤੀ ।

5. ਮੇਰੀ ਸਰਕਾਰ ਨੇ ਰਾਜ ਦੀ ਸਮੁੱਚੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਲਈ ਪੰਜਵੀ ਪੰਜ ਸਾਲਾ ਯੋਜਨਾਂ ਦੇ ਪਹਿਲੇ ਸਾਲ ਦੇ 126.58 ਕਰੋੜ ਰੁਪਏ ਦੇ ਯੋਜਨਾਗਤ ਖਰਚੇ ਨੂੰ ਵਧਾ ਕੇ ਦੂਜੇ ਸਾਲ ਲਈ 163.30 ਕਰੋੜ ਕਰ ਦਿੱਤਾ ਹੈ । ਅੰਦਰੂਨੀ ਵਸੀਲਿਆਂ ਨੂੰ ਵਧ ਤੋਂ ਵਧ

ਵਰਤਣ ਅਤੇ ਵਿਕਾਸੀ ਕਾਰਜਾਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਖਰਚੇ ਵਿਚ ਹਰ ਸੰਭਵ ਬਚਤ ਕਰਕੇ ਅਜਿਹਾ ਵਾਧਾ ਕੀਤਾ ਗਿਆ ਹੈ ।

1975–76 ਦੀ ਸਾਲਾਨਾ ਯੋਜਨਾ ਤਿਆਰ ਕਰਨ ਵਿਚ ਬੁਨਿਆਦੀ ਅਸੂਲ ਇਹ ਅਪਣਾਇਆ ਗਿਆ ਹੈ ਕਿ ਸਿੰਜਾਈ ਅਤੇ ਬਿਜਲੀ ਪੈਦਾ ਕਰਨ ਵਿਚ ਪਰੋਗਰਾਮਾਂ ਨੂੰ ਅਤੇ ਸਨਅਤੀ ਪੈਦਾਵਾਰ ਨੂੰ ਵਧਾਉਣ ਵਲ ਸਭ ਤੋਂ ਵਧ ਧਿਆਨ ਦਿਤਾ ਜਾਵੇ । ਉਨ੍ਹਾਂ ਸਕੀਮਾਂ ਵਲ ਉਚੇਚਾ ਧਿਆਨ ਦਿੱਤਾ ਗਿਆ ਹੈ ਜਿਨ੍ਹਾਂ ਦਾ ਲਾਭ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਪਹੁੰਚਦਾ ਹੈ । ਜਿਹੜੀਆਂ ਸਕੀਮਾਂ ਦੀ ਵੰਡ ਇਲਾਕੇਵਾਰ ਕੀਤੀ ਗਈ ਹੈ ਉਨ੍ਹਾਂ ਵਿਚੋਂ ਰਾਜ ਦੇ ਨੀਮ ਪਹਾੜੀ ,ਸਰਹੱਦੀ ,ਬੇਟ ਦੇ ਇਲਾਕੇ ਅਤੇ ਦੂਸਰੇ ਪੱਛੜੇ ਇਲਾਕਿਆਂ ਲਈ 40 ਫੀ ਸਦੀ ਖਰਚਾ ਕੀਤਾ ਜਾਵੇਗਾ ।

6. ਮੈਨੂੰ ਇਹ ਕਹਿਣ ਵਿਚ ਮਾਣ ਹੈ ਕਿ ਮੌਸਮ ਕਰਕੇ ਪੈਦਾ ਹੋਈਆਂ ਔਕੜਾਂ, ਉਸ ਦੇ ਫਲਸਰੂਪ ਘੱਟ ਬਿਜਲੀ ਪੈਦਾ ਹੋਣ ਅਤੇ ਖਾਦਾਂ ਦੀਆਂ ਕੀਮਤਾਂ ਵਿਚ ਵਾਧੇ ਦੇ ਬਾਵਜੂਦ ਪੰਜਾਬ ਨੇ ਦੇਸ਼ ਦਾ ਅੰਨ-ਭੰਡਾਰ ਹੋਣ ਦੇ ਆਪਣੇ ਉੱਘੇ ਨਾਂ ਨੂੰ ਕਾਇਮ ਰਖਿਆ ਅਤੇ ਜ਼ਰਾਇਤੀ ਪੈਦਾਵਾਰ ਦੀ ਉਚੇਰੀ ਪੱਧਰ ਨੂੰ ਬਰਕਰਾਰ ਰਖਿਆ । ਦੇਸ਼ ਦੇ ਸਮੁੱਚੇ ਹਿੱਤਾਂ ਨੂੰ ਮੁੱਖ ਰਖਦੇ ਹੋਏ ਖੇਤੀ ਬਾੜੀ ਕਾਰਜਾਂ ਲਈ ਵੱਧ ਤੋਂ ਵੱਧ ਬਿਜਲੀ ਦੀ ਸਪਲਾਈ ਕਰਕੇ ਇਥੋਂ ਤਕ ਕਿ ਦੂਜੇ ਉਪਭੋਗੀਆਂ ਨੂੰ ਇਸ ਤੋਂ ਲਗਭਗ ਵਾਂਝਿਆ ਰਖਕੇ,ਅਜਿਹਾ ਸੰਭਵ ਹੋ ਸਕਿਆ ਹੈ । 1974 ਦੀ ਖਰੀਫ਼ ਦੀ ਫਸਲ ਲਗਭਗ 21.5 ਲੱਖ ਮੀਟਰਿਕ ਟਨ ਹੋਣ ਦੀ ਆਸ ਹੈ ਜਦ ਕਿ 1973 ਦੀ ਖਰੀਫ ਦੀ ਫਸਲ ਵਿਚ ਇਹ ਪੈਦਾਵਾਰ 20.5 ਲੱਖ ਮੀਟਰਿਕ ਟਨ ਸੀ । ਖਰੀਫ਼ ਦੀ ਇਹ ਪੈਦਾਵਾਰ ਹੁਣ ਤਕ ਦੇ ਕੀਤੇ ਉਤਪਾਦਨ ਨਾਲੋਂ ਸਭ ਤੋਂ ਵੱਧ ਹੈ । ਇਹ ਪ੍ਰਾਪਤੀ ਪੰਜਾਬ ਦੇ ਮਿਹਨਤੀ ਅਤੇ ਨਰੋਏ ਕਿਸਾਨਾਂ ਦੀ ਸਖਤ ਮੁਸ਼ੱਕਤ ਸਦਕਾ ਅਤੇ ਮੇਰੀ ਸਰਕਾਰ ਦੁਆਰਾ ਪਾਣੀ ਅਤੇ ਬਿਜਲੀ ਦੀ ਕਮੀ ਨੂੰ ਪੂਰਾ ਕਰਨ ਲਈ, ਪਿਛਲੇ ਸਾਲ ਨਾਲੋਂ ,1974 ਦੀ ਖਰੀਫ ਦੇ ਸਮੇਂ ਦੌਰਾਨ ਲਗਭਗ ਦੁਗਣਾ ਡੀਜ਼ਲ ਪ੍ਰਾਪਤ ਕਰਨ ਸਦਕਾ ਹੋਈ ਹੈ । ਮੇਰੀ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਪੈਦਾਵਾਰ ਲਈ ਮੁਨਾਸਬ ਅਤੇ ਲਾਭਦਾਇਕ ਕੀਮਤਾਂ ਦੇਣ ਦਾ ਲਗਾਤਾਰ ਯਤਨ ਕਰਦੀ ਰਹੀ ਹੈ । ਸਾਡੇ ਲਈ ਇਹ ਬੜੇ ਮਾਣ ਦੀ ਗੱਲ ਹੈ ਕਿ ਦੇਸ਼ ਦੇ ਕੇਂਦਰੀ ਭੰਡਾਰ ਵਿਚ ਸਾਡੇ ਰਾਜ ਦਾ ਹਿੱਸਾ ,ਕਣਕ 55 ਪ੍ਰਤੀਸ਼ਤ ਅਤੇ ਚਾਵਲ 40 ਪ੍ਰਤੀਸ਼ਤ ਰਿਹਾ ਹੈ । ਦੋਵੇਂ ਪਬਲਿਕ ਸੈਕਟਰ ਏਜੰਸੀਆਂ ਅਰਥਾਤ ਪੰਜਾਬ ਸਿਵਲ ਸਪਲਾਈ ਕਾਰਪੋਰੇਸ਼ਨ ਅਤੇ ਮਾਰਕਫੈਡ ਕੰਮ ਕਰ ਰਹੀਆਂ ਹਨ ,ਤਾਂ ਜੋ ਉਤਪਾਦਕਾਂ ਅਤੇ ਖਪਤਕਾਰਾਂ ਦੇ ਹਿੱਤਾਂ ਅਤੇ ਘਾਟੇ ਵਾਲੇ ਪ੍ਰਾਂਤਾਂ ਉਤੇ ਬੁਰਾ ਅਸਰ ਨਾ ਪਵੇ ਅਤੇ ਪ੍ਰਾਈਵੇਟ ਵਪਾਰੀ ਇਸ ਸਥਿਤੀ ਨੂੰ ਨਜਾਇਜ਼ ਨਿਜੀ ਲਾਭ ਲਈ ਨਾ ਵਰਤਣ ।

7 ਖਪਤਕਾਰਾਂ ਨੂੰ ਵਾਜਬ ਦਰਾਂ ਉਤੇ ਜ਼ਰੂਰੀ ਚੀਜ਼ਾਂ ਲਗਾਤਾਰ ਮੁਹਈਆ ਕਰਨ ਲਈ ਸਰਕਾਰ ਨੇ ਇਕ ਅਸਰਦਾਰ ਸਗੰਠਨ ਕਾਇਮ ਕੀਤਾ ਹੈ । ਜਨਤਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਰਾਜ ਭਰ ਵਿਚ 10,560 ਵਾਜਬ ਕੀਮਤਾਂ ਦੀਆਂ ਦੁਕਾਨਾਂ ਅਤੇ ਸਹਿਕਾਰੀ ਕਨਜ਼ਿਊਮਰ ਸਟੋਰਾਂ ਦਾ ਜਾਲ ਵਿਛਾ ਦਿਤਾ ਹੈ । ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ ਨੇ ਕਣਕ, ਕਣਕ ਦੇ ਆਟੇ, ਲੇਵੀ ਚੀਨੀ, ਬਨਾਸਪਤੀ ਅਤੇ ਦਾਲਾਂ ਵਰਗੀਆਂ ਜ਼ਰੂਰੀ ਚੀਜ਼ਾਂ ਦੀ ਵੰਡ ,ਵਾਜਬ ਕੀਮਤਾਂ ਦੀਆਂ ਦੁਕਾਨਾਂ ਅਤੇ ਡਿਪੂਆਂ ਰਾਹੀ ਕਰਨੀ ਸ਼ੁਰੂ ਕਰ ਦਿਤੀ ਹੈ । ਸਾਰੀਆਂ ਜ਼ਰੂਰੀ ਵਸਤਾਂ ਦੀ ਬਕਾਇਦਾ ਸਪਲਾਈ ਅਤੇ ਬਰਾਬਰ ਵੰਡ ਲਈ ਲਗਾਤਾਰ ਯਤਨ ਕੀਤੇ ਜਾਂਦੇ ਰਹੇ ਹਨ, ਅਤੇ ਮੌਜੂਦਾ ਜ਼ਖੀਰਾ–ਅੰਦੋਜ਼ੀ, ਮੁਨਾਫਾਖੋਰੀ ਅਤੇ ਕਾਲੇ ਧੰਦੇ ਨੂੰ ਰੋਕਣ ਲਈ ਅਸਰਦਾਰ ਢੰਗ ਅਪਣਾਏ ਗਏ ਹਨ ।

[Mr. Speaker]

8. ਸਾਡੇ ਵਰਗੀ ਦਿਹਾਤੀ ਆਰਥਿਕਤਾ ਵਿਚ, ਕਿਸਾਨਾਂ ਦੀ ਖੁਸ਼ਹਾਲੀ ਵਧਾਉਣ ਲਈ ਖੇਤੀ ਬਾੜੀ ਅਤੇ ਪਸ਼ੂ ਧਨ ਇਕੋ ਜਿਹੀ ਮਹੱਤਤਾ ਰੱਖਦੇ ਹਨ । ਰਾਜ ਵਿਚ ਪਸ਼ੂ ਧਨ ਦਾ ਸੁਧਾਰ ਕਰਨ ਲਈ ਇਕ ਵੱਡਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ । ਵਿਗਿਆਨਕ ਲੀਹਾਂ ਉਤੇ ਨਸਲਕਸ਼ੀ ਦੇ ਪ੍ਰੋਗਰਾਮ ਨੂੰ ਅਪਣਾਇਆ ਗਿਆ ਹੈ ਅਤੇ ਸਾਲ ਦੇ ਦੌਰਾਨ 89,000 ਪਸ਼ੂਆਂ ਨੂੰ ਮਸਨੂਈ ਵੀਰਜ ਟੀਕੇ ਲਾਏ ਗਏ ਸਨ । ਇਹ ਬੜੇ ਮਾਣ ਵਾਲੀ ਗੱਲ ਹੈ ਕਿ ਦਿੱਲੀ ਵਿਖੇ ਹੋਈ ਅੰਤਰ ਰਾਸ਼ਟਰੀ ਡੇਰੀ ਕਾਂਗਰਸ ਵਿਚ ਪੰਜਾਬ ਦੇ ਪਸ਼ੂਆਂ ਨੇ 44 ਇਨਾਮ ਪ੍ਰਾਪਤ ਕੀਤੇ ਜਿਨ੍ਹਾਂ ਵਿਚੋਂ 22 ਪਹਿਲੇ ਦਰਜ਼ੇ ਦੇ ਸਨ । ਪਸ਼ੂ ਧਨ ਨਰੋਆ ਰੱਖਣ ਲਈ ਸਾਲ ਦੇ ਦੌਰਾਨ 33 ਨਵੀਆਂ ਪਸ਼ੂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ ।

ਮੇਰੀ ਸਰਕਾਰ ਨੇ ਬਠਿੰਡਾ ਅਤੇ ਲੁਧਿਆਣਾ ਵਿਖੇ ਆਧੁਨਿਕ ਡੇਰੀ ਪਲਾਂਟ ਦੀ ਸਥਾਪਨਾਂ ਸਬੰਧੀ ਕੰਮ ਨੂੰ ਸਫਲਤਾ ਨਾਲ ਪੂਰਾ ਕੀਤਾ ਹੈ । ਸੰਗਰੂਰ, ਗੁਰਦਾਸਪੁਰ,ਜਲੰਧਰ ਅਤੇ ਹੁਸ਼ਿਆਰਪੁਰ ਵਿਖੇ ਨਵੇਂ ਮਿਲਕ ਪਲਾਂਟ ਵੀ ਸਥਾਪਤ ਕੀਤੇ ਜਾ ਰਹੇ ਹਨ । ਇਸ ਸਾਲ ਦੇ ਦੌਰਾਨ ਭਟੀਆਂ, ਜਿਲ੍ਹਾ ਲੁਧਿਆਣਾ ਵਿਖੇ 100 ਮੀਟਰਿਕ ਟਨ ਰੋਜ਼ਾਨਾ ਸਮਰਥਾ ਵਾਲੀ ਪਸ਼ੂ ਚਾਰਾ ਬਨਾਉਣ ਦੀ ਇਕ ਫੈਕਟਰੀ ਵੀ ਸ਼ੁਰੂ ਕੀਤੀ ਗਈ ਹੈ ।

9. ਮੇਰੀ ਸਰਕਾਰ,ਭੋਂ ਸੁਧਾਰ ਦੇ ਢੰਗਾਂ ਨੂੰ ਲਾਗੂ ਕਰਨ ਅਤੇ ਮੁਜ਼ਾਰਿਆਂ ਨੂੰ ਸ਼ੋਸ਼ਨ ਤੋਂ ਬਚਾਉਣ ਲਈ ਉਤਾਵਲੀ ਹੈ । ਅਸੀਂ ਇਸ ਪਾਸੇ ਕੀਤੇ ਯਤਨਾਂ ਵਿਚ ਇੰਨੀ ਤੇਜ਼ੀ ਨਾਲ ਸਫਲਤਾ ਪ੍ਰਾਪਤ ਨਹੀਂ ਕਰ ਸਕੇ ਜਿੰਨੀ ਤੇਜ਼ੀ ਨਾਲ ਸਫਲਤਾ ਦੀ ਤੁਸੀਂ ਉਮੀਦ ਕਰਦੇ ਸੀ । ਇਸ ਦਾ ਕਾਰਣ ਕੁਝ ਇਕ ਕਾਨੂੰਨੀ ਅੜਚਨਾਂ ਹਨ । ਭੋਂ ਸੁਧਾਰ ਪਰੋਗਰਾਮਾਂ ਨੂੰ ਲਾਗੂ ਕਰਨ ਸਬੰਧੀ ਦੇਖ ਭਾਲ ਕਰਨ ਲਈ, ਰਾਜ,ਜ਼ਿਲ੍ਹਿਆਂ ਅਤੇ ਸਬਡਵੀਜ਼ਨਾਂ ਦੇ ਪੱਧਰ ਤੇ ਭੂਮੀਸੁਧਾਰ ਕਮੇਟੀਆਂ ਸਥਾਪਤ ਕੀਤੀਆਂ ਗਈਆਂ ਹਨ। ਪੁਰਾਣੇ ਪੰਜਾਬ ਅਤੇ ਪੈਪਸੂ ਭੋਂ ਸੁਧਾਰ ਕਾਨੂੰਨਾਂ ਦੇ ਅਧੀਨ ਵਾਧੂ ਰਕਬਾ ਮਾਰਚ,1975 ਦੇ ਅੰਤ ਤੱਕ ਵੰਡ ਦਿਤਾ ਜਾਵੇਗਾ ।

ਭੋਂ ਮਾਲਕਾਂ ਦੀ ਮਦੱਦ ਲਈ, ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨਾਲ ਉਨ੍ਹਾਂ ਦੇ ਲੈਣ ਦੇਣ ਨੂੰ ਹੋਰ ਆਸਾਨ ਬਨਾਉਣ ਦੇ ਖਿਆਲ ਨਾਲ ਮੇਰੀ ਸਰਕਾਰ ਨੇ ਨਵਾਂ ਸ਼ਹਿਰ, ਅਜਨਾਲਾ ,ਮੋਗਾ, ਮਲੇਰਕੋਟਲਾ ਅਤੇ ਨਾਭਾ ਦੀਆਂ ਪੰਜ ਤਸੀਲਾਂ ਵਿਚ ਤਜਰਬੇ ਦੇ ਤੌਰ ਤੇ ਪਾਸ ਬੁੱਕ ਸਕੀਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ । ਇਨ੍ਹਾਂ ਪਾਸ ਬੁਕਾਂ ਵਿਚ ਮਾਲਕੀ ਅਤੇ ਇੰਤਕਾਲ ਆਦਿ ਦੇ ਹੱਕਾਂ ਦੇ ਨਾਲ ਨਾਲ ਸਰਕਾਰ ਅਤੇ ਬੈਂਕਾਂ ਆਦਿ ਪਾਸੋਂ ਲਏ ਗਏ ਕ਼ਰਜ਼ਿਆਂ ਸਬੰਧੀ ਇੰਦਰਾਜ ਕੀਤਾ ਜਾਵੇਗਾ । ਲੋਕਾਂ ਦੀਆਂ ਸਹੂਲਤਾਂ ਲਈ ਗੁਰੂਹਰਸਹਾਏ, ਤਲਵਾੜਾ,ਅਤੇ ਸਰਦੂਲਗੜ੍ਹ ਵਿਚ ਵੀ ਸਬ-ਤਸੀਲਾਂ ਕਾਇਮ ਕੀਤੀਆਂ ਗਈਆਂ ਹਨ ।

10. ਮੇਰੀ ਸਰਕਾਰ ਜਾਣਦੀ ਹੈ ਕਿ ਦਿਹਾਤੀ ਵਿਕਾਸ ਲਈ, ਪੰਚਾਇਤੀ ਰਾਜ ਲਹਿਰ ਰੀੜ੍ਹ ਦੀ ਹੱਡੀ ਦੀ ਹੈਸੀਅਤ ਰੱਖਦੀ ਹੈ ਅਤੇ ਪੇਂਡੂ ਵਸੋਂ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਨਾਉਣ ਲਈ ਲੋਕਤੰਤਰ ਦੀਆਂ ਬੁਨਿਆਦਾਂ ਪਕੀਆਂ ਕਰਨ ਦੀ ਹਮੇਸ਼ਾ ਚਾਹਵਾਨ ਰਹੀ ਹੈ। ਇਸ ਲਈ ਇਸ ਮਕਸਦ ਦੀ ਪ੍ਰਾਪਤੀ ਲਈ ਪੰਚਾਇਤੀ ਰਾਜ ਅਤੇ ਸਮੂਹਿਕ ਵਿਕਾਸ ਦਾ ਇਕ ਵੱਖਰਾ ਡਾਇਰੈਕਟੋਰੇਟ ਸਥਾਪਤ ਕੀਤਾ ਹੈ ।

ਪੰਚਾਇਤਾਂ ਨੂੰ ਆਮਦਨੀ ਵਾਲੀਆਂ ਸਕੀਮਾਂ ਹੱਥ ਵਿਚ ਲੈਣ ਦੇ ਯੋਗ ਬਣਾਉਣ ਲਈ 9.40 ਲੱਖ ਰੁਪਏ ਦਾ ਉਪਬੰਧ ਚਾਲੂ ਸਾਲ ਦੀ ਯੋਜਨਾ ਵਿਚ ਕੀਤਾ ਗਿਆ ਹੈ । ਸ਼ਾਮਲਾਤ ਜ਼ਮੀਨ ਤੋਂ ਪੰਚਾਇਤਾਂ ਦੀ ਆਮਦਨ ਵਧਾਉਣ ਲਈ ਠੋਸ ਯਤਨ ਕੀਤੇ ਗਏ ਹਨ। ਚਾਲੂ ਸਾਲ ਦੇ ਦੌਰਾਨ ਇਨ੍ਹਾਂ ਸਾਧਨਾਂ ਤੋਂ 2.5 ਕਰੋੜ ਤੋਂ ਵੱਧ ਆਮਦਨ ਹੋਈ ਅਤੇ ਇਸ ਨੂੰ 5 ਕਰੋੜ ਰੁਪਏ ਤੱਕ ਵਧਾਉਣ ਦੇ ਯਤਨ ਕੀਤੇ ਜਾ ਰਹੇ ਹਨ ।

11. ਪੰਜਾਬ ਦੀਆਂ ਸਹਿਕਾਰੀ ਸਭਾਵਾਂ ਨੇ ਜ਼ਰਾਇੱਤੀ ਉਪਜ ਨੂੰ ਵਧਾਉਣ ਅਤੇ ਪਿੰਡ-ਅਰਥ-ਵਿਵਸਥਾ ਦੇ ਵਿਕਾਸ ਵਿਚ ਉਘਾ ਹਿੱਸਾ ਪਾਇਆ ਹੈ । ਸਹਿਕਾਰੀ ਸਭਾਵਾਂ ਦੇ ਕਿਸਾਨ ਮੈਂਬਰਾਂ ਦੀਆਂ ਵੱਧ ਕਰਜ਼ੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਧਾਰ ਲੈਣ ਦੀ ਹੱਦ 6,000 ਰੁਪਏ ਤੋਂ ਵਧਾ ਕੇ 9,000 ਰੁਪਏ ਕਰ ਦਿੱਤੀ ਗਈ ਹੈ । ਸਾਲ 1973—74 ਦੇ ਦੌਰਾਨ ਸਹਿਕਾਰੀ ਸੇਵਾ ਸਭਾਵਾਂ ਨੇ ਉਪਜ ਵਧਾਉਣ ਸਬੰਧੀ 60·02 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਜਿਹੜਾ ਕਿ ਚਾਲੂ ਸਾਲ ਦੇ ਦੌਰਾਨ ਵੱਧ ਕੇ 95 ਕਰੋੜ ਰੁਪਏ ਅਤੇ ਸਾਲ 1975—76 ਦੇ ਦੌਰਾਨ 105 ਕਰੋੜ ਤੱਕ ਵੱਧ ਜਾਣ ਦੀ ਸੰਭਾਵਨਾਂ ਹੈ। ਇਸ ਵਿਚੋਂ 30 ਫੀ ਸਦੀ ਰਕਮ ਉਨ੍ਹਾਂ ਮੈਂਬਰਾਂ ਨੂੰ ਕਰਜ਼ੇ ਵਜੋਂ ਦਿੱਤੀ ਜਾਵੇਗੀ ਜਿਨ੍ਹਾਂ ਪਾਸ 7½ ਏਕੜ ਤੋਂ ਘਟ ਜ਼ਮੀਨ ਹੈ , ਜਾਂ 7½ ਏਕੜ ਤੋਂ ਘਟ ਜ਼ਮੀਨ ਤੇ ਆਪ ਕਾਸ਼ਤ ਕਰਦੇ ਹਨ । ਭੋਂ ਸੁਧਾਰ, ਛੋਟੀ ਸਿੰਜਾਈ ਅਤੇ ਟਰੈਕਟਰ ਸਬੰਧੀ ਜ਼ਿਮੀਂਦਾਰਾਂ ਦੀਆਂ ਤਤਕਾਲੀ ਅਤੇ ਦੀਰਘ ਕਾਲੀ ਲੋੜਾਂ ਪੂਰੀਆਂ ਕਰਨ ਲਈ ਲੱਗ ਭੱਗ 10 ਕਰੋੜ ਰੁਪਏ ਦਾ ਕਰਜ਼ਾ ਦਿਤਾ ਗਿਆ ਹੈ ।

ਸਾਲ 1974—75 ਦੇ ਦੌਰਾਨ 4·95 ਲੱਖ ਮੀਟਰਿਕ ਟਨ ਕਣਕ ਦੀ ਵਸੂਲੀ ਵਿਚ ਸਹਿਕਾਰੀ ਸਭਾਵਾਂ ਨੇ ਵੀ ਕਾਫੀ ਹਿੱਸਾ ਪਾਇਆ ਹੈ । ਗਿਦੜਬਾਹਾ ਵਿਚ 1 ਕਰੋੜ ਰੁਪਏ ਦੀ ਲਾਗਤ ਨਾਲ ਇਕ ਬਿਨੌਲਾ ਪਲਾਂਟ ਲਗਾਇਆ ਜਾ ਰਿਹਾ ਹੈ । ਜਲੰਧਰ ਵਿਖੇ ਇਕ ਕੈਨਰੀ ਅਤੇ ਫਰੂਟ ਜੂਸ ਪਲਾਂਟ ਲਗਾਇਆ ਗਿਆ ਹੈ ਅਤੇ ਅਬੋਹਰ ਦੇ ਫਰੂਟ ਪੈਦਾ ਕਰਨ ਵਾਲੇ ਇਲਾਕੇ ਵਿਚ ਫਰੂਟ ਦਾ ਜੂਸ ਕੱਢਣ ਵਾਲਾ ਪਲਾਂਟ ਲਗਾਉਣ ਦੀ ਵੀ ਤਜਵੀਜ਼ ਹੈ । ਇਹ ਤਜਵੀਜ਼ ਵੀ ਰੱਖੀ ਗਈ ਹੈ ਕਿ ਸਹਿਕਾਰੀ ਖੇਤਰ ਵਿਚ ਇਕ ਕਤਾਈ ਮਿੱਲ, ਇਕ ਮੂੰਗਫਲੀ ਦੇ ਤੇਲ ਦੀ ਮਿੱਲ ਅਤੇ ਦੋ ਕਪਾਹ ਵੇਲਣ ਦੇ ਕਾਰਖਾਨੇ ਲਗਾਏ ਜਾਣ ।

ਇਸ ਆਸ਼ੇ ਨੂੰ ਮੁੱਖ ਰੱਖਦੇ ਹੋਏ ਕਿ ਕਪਾਹ ਉਤਪਾਦਕ ਕਪਾਹ ਦੀ ਲਾਹੇਵੰਦ ਕੀਮਤ ਪ੍ਰਾਪਤ ਕਰ ਸਕਣ, ਰਾਜ ਸਰਕਾਰ ਨੇ ਸਹਿਕਾਰੀ ਸੰਗਠਨ ਨੂੰ ਹੁਣ ਦੀ ਫ਼ਸਲ ਦੇ ਸਮੇਂ ਦੇ ਦੌਰਾਨ ਮੰਡੀ ਵਿਚ ਆਉਣ ਅਤੇ ਕਪਾਹ ਖਰੀਦਣ ਦੀ ਹਦਾਇਤ ਕੀਤੀ ਹੈ ਜਿਵੇਂ ਕਿ ਭਾਰਤ ਦੀ ਕਪਾਹ ਕਾਰਪੋਰੇਸ਼ਨ ਨੇ ਪਿਛਲੇ ਸਾਲ ਕਪਾਹ ਦੀ ਖਰੀਦ ਕੀਤੀ ਸੀ ।

ਸਹਿਕਾਰੀ ਸਭਾਵਾਂ ਨੇ ਰਾਜ ਵਿਚ ਮਕਾਨ ਉਸਾਰੀ ਦਾ ਇਕ ਵੱਡਾ ਪਰੋਗਰਾਮ ਵੀ ਸ਼ੁਰੂ ਕੀਤਾ ਹੋਇਆ ਹੈ ਅਤੇ ਇਕ ਸਹਿਕਾਰੀ ਮਕਾਨ ਉਸਾਰੀ ਫੈਡਰੇਸ਼ਨ ਵੀ ਰਜਿਸਟਰ ਕੀਤੀ ਗਈ ਹੈ । ਸਰਕਾਰ ਨੇ ਫੈਡਰੇਸ਼ਨ ਦੀ ਹਿੱਸਾ ਪੂੰਜੀ ਵਿਚ 1·10 ਕਰੋੜ ਰੁਪਏ ਦੀ ਰਕਮ ਦਿੱਤੀ ਹੈ।

12. ਅਨਾਜ ਦੀ ਉਪਜ ਵਧਾਉਣ ਲਈ ਵਿਸ਼ੇਸ਼ ਧਿਆਨ ਵੱਧ ਤੋਂ ਵੱਧ ਸਿੰਜਾਈ ਸਹੂਲਤਾਂ ਦੇਣ ਵੱਲ ਦਿੱਤਾ ਜਾ ਰਿਹਾ ਹੈ । ਆਸ ਹੈ ਕਿ ਨਹਿਰ ਦੁਆਰਾ ਸਿੰਜਿਆ ਰਕਬਾ ਵੱਧ ਕੇ 61.40 ਏਕੜ ਅਤੇ ਪੰਜਵੀ ਯੋਜਨਾਂ ਦੇ ਅੰਤ ਤੱਕ 68.72 ਲੱਖ ਏਕੜ ਹੋ ਜਾਵੇਗਾ । ਇਸ ਤੋਂ ਇਲਾਵਾ ,ਪਾਣੀ ਦੇ ਸਿੰਮਣ ਨੂੰ ਰੋਕਣ ਲਈ, ਚਾਲੂ ਸਾਲ ਦੇ ਦੌਰਾਨ 250 ਕਿਲੋਮੀਟਰ ਅਤੇ ਸਾਲ 1975—76 ਦੇ ਦੌਰਾਨ 500 ਕਿਲੋ ਮੀਟਰ ਪਾਣੀ ਦੀਆਂ ਖਾਲਾਂ ਨੂੰ ਪਕਿਆਂ ਕੀਤੇ ਜਾਣ ਦੀ ਆਸ ਹੈ ।

[Mr. Speaker]

ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਨੇ ਸਾਲ 1974-75 ਦੇ ਦੌਰਾਨ 350 ਟਿਊਬਵੈਲ ਲਗਾਉਣ ਦਾ ਕੰਮ ਹੱਥ ਵਿਚ ਲਿਆ ਹੈ ਅਤੇ ਇਹ ਤਜਵੀਜ਼ ਰਖੀ ਗਈ ਕਿ ਇੰਨੀ ਹੀ ਗਿਣਤੀ ਦੇ ਟਿਊਬਵੈਲ ਸਾਲ 1975—76 ਦੇ ਦੌਰਾਨ ਲਗਾਏ ਜਾਣ ।

ਜ਼ਰਾਇਤ ਅਤੇ ਉਦਯੋਗ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ,ਮੇਰੀ ਸਰਕਾਰ ਬਿਜਲੀ ਪੈਦਾ ਕਰਨ ਵੱਲ ਵਿਸ਼ੇਸ਼ ਧਿਆਨ ਦਿੰਦੀ ਹੈ । ਗੁਰੂ ਨਾਨਕ ਥਰਮਲ ਪਲਾਂਟ ਦਾ ਪਹਿਲਾ ਯੂਨਿਟ ਚਾਲੂ ਹੋ ਚੁਕਿਆ ਹੈ ਅਤੇ ਆਸ ਹੈ ਕਿ ਦੂਜਾ ਯੂਨਿਟ ਜੁਲਾਈ, 1975 ਤੱਕ ਚਾਲੂ ਹੋ ਜਾਵੇਗਾ । ਸਾਲ 1975—76 ਦੇ ਦੌਰਾਨ 12,000 ਟਿਊਬਵੈਲਾਂ ਨੂੰ ਬਿਜਲੀ ਦਿੱਤੇ ਜਾਣ ਦੀ ਆਸ ਹੈ । ਸ਼ਾਹ ਨਹਿਰ ਬੰਨ੍ਹ ਦਾ ਕੰਮ ਪਹਿਲਾਂ ਹੀ ਹੱਥ ਵਿਚ ਲਿਆ ਜਾ ਚੁਕਿਆ ਹੈ ।

13. ਮੇਰੀ ਸਰਕਾਰ ਨੇ ਨਵੇਂ ਉਦਯੋਗਿਕ ਯੂਨਿਟ ਕਾਇਮ ਕਰਨ ਨੂੰ ਸੱਭ ਤੋਂ ਵੱਧ ਪਹਿਲ ਦਿਤੀ ਹੈ । ਭਾਰਤ ਸਰਕਾਰ ਨੇ ਸਾਲ ਦੇ ਪਹਿਲੇ 8 ਮਹੀਨਿਆਂ ਦੇ ਦੌਰਾਨ ਰਾਜ ਵਿਚ ਨਵੇਂ ਉਦਯੋਗ ਯੂਨਿਟ ਕਾਇਮ ਕਰਨ ਲਈ 68 ਆਸ਼ਾ ਪੱਤਰ ਜਾਂ ਲਸੰਸ ਦਿੱਤੇ ਹਨ । ਇਨ੍ਹਾਂ ਉਤੇ 191 ਕਰੋੜ ਰੁਪ ਦੀ ਲਾਗਤ ਆਵੇਗੀ ਅਤੇ 14,000 ਵਿਅਕਤੀ ਕੰਮ ਤੇ ਲਗ ਸਕਣਗੇ । ਪੰਜਾਬ ਰਾਜ ਉਦਯੋਗਿਕਏ ਵਿਕਾਸ ਕਾਰਪੋਰੇਸ਼ਨ ਨੇ 61 ਕਰੋੜ ਦੀ ਪੂੰਜੀ ਲਗਾ ਕੇ 12 ਨਵੇਂ ਮੁੱਖ ਪ੍ਰਾਜੈਕਟਾਂ ਨੂੰ ਸਿਰੇ ਚਾੜ੍ਹਨ ਲਈ ਪੁਰ ਅਸਰ ਕਾਰਵਾਈਆਂ ਕੀਤੀਆਂ ਹਨ । ਸਹਕਾਰੀ ਖੇਤਰ ਵਿਚ ਇਕ ਵੱਡਾ ਖਾਦ ਪ੍ਰਾਜੈਕਟ 108 ਕਰੋੜ ਰੁਪਏ ਦੀ ਲਾਗਤ ਨਾਲ ਬਠਿੰਡੇ ਵਿਚ ਕਾਇਮ ਕੀਤਾ ਜਾਵੇਗਾ । ਇਸ ਲਈ ਜ਼ਮੀਨ ਪ੍ਰਾਪਤ ਕਰਨ ਅਤੇ ਹੋਰ ਸਹੂਲਤਾਂ ਦੇਣ ਲਈ ਕਾਰਵਾਈਆਂ ਪਹਿਲਾਂ ਹੀ ਕੀਤੀਆਂ ਜਾ ਚੁਕਿਆਂ ਹਨ । ਇਸ ਤੋਂ ਇਲਾਵਾ 5.25 ਕਰੋੜ ਰੁਪਏ ਦੇ ਖਰਚ ਦਾ ਇਕ ਵੱਡਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਦਾ ਮਨੋਰਥ ਅਨੇਕ ਪ੍ਰਕਾਰ ਦੀਆਂ ਸਹੂਲਤਾਂ ਮੁਹੱਈਆ ਕਰਨਾ ਹੈ ।ਇਨ੍ਹਾਂ ਸਹੂਲਤਾਂ ਵਿਚ ਉਦਯੋਗਿਕ ਫੋਕਲ ਪੁਆਇੰਟਾਂ ਵਿਖੇ ਭੋਂ ਪ੍ਰਾਪਤ ਕਰਨਾ ਅਤੇ ਬਸਤੀਆਂ ਆਬਾਦ ਕਰਨਾ ਸ਼ਾਮਲ ਹੈ ।

ਬਿਜਲੀ ਦੀ ਕਮੀਂ ਕਾਰਨ ਆਉਣ ਵਾਲੀਆਂ ਮੁਸ਼ਕਲਾਂ ਨੂੰ ਘੱਟ ਕਰਨ ਲਈ, ਸਰਕਾਰ ਨੇ ਰਾਜ ਵਿਚ ਜਨਰੇਟਿੰਗ ਸੈਟਾਂ ਦੀ ਖਰੀਦ ਲਈ 20 ਪ੍ਰਤੀਸ਼ਤ ਸਹਾਇਤਾ ਦੇਣ ਦੀ ਮਨਜ਼ੂਰੀ ਦੇ ਦਿੱਤੀ ਹੈ । ਇਸ ਗੱਲ ਨੂੰ ਯਕੀਨੀ ਬਣਾਉਣ ਲਈ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਕਿ ਪੰਜਾਬ ਦੇ ਉਦਯੋਗਾਂ ਨੂੰ ਉਚਿਤ ਮਾਤਰਾ ਵਿਚ ਕੱਚਾ ਮਾਲ ਪ੍ਰਾਪਤ ਹੋ ਸਕੇ ਅਤੇ ਕੋਲੇ, ਅਸਪਾਤ,ਕੱਚੇ ਲੋਹੇ ਅਤੇ ਹੋਰ ਕਚੇ ਮਾਲ ਦੇ ਟਿਕਣ, ਇਕ ਥਾਂ ਤੋਂ ਦੂਜੇ ਥਾਂ ਲਿਜਾਣ ਅਤੇ ਸਪਲਾਈ ਦੇ ਕੰਮ ਨੂੰ ਸਿਰੇ ਚਾੜ੍ਹਨ ਲਈ ਕਲਕਤੇ ਵਿਖੇ ਇਕ ਸੰਪਰਕ ਦਫਤਰ ਖੋਲ੍ਹਿਆ ਗਿਆ ਹੈ ।

14. ਮੇਰੀ ਸਰਕਾਰ ਨੇ ਮਜ਼ਦੂਰ ਸ਼ਰੇਣੀ ਨਾਲ ਨਿਆਂ-ਪੂਰਨ ਸਲੂਕ ਕਰਨ ਲਈ ਅਗਾਂਹ ਵਧੂ ਨੀਤੀ ਅਪਣਾਈ ਹੈ । ਇਸ ਉਦੇਸ਼ ਨੂੰ ਸਾਹਮਣੇ ਰੱਖਦੇ ਹੋਏ ਘੱਟੋ ਘੱਟ ਮਜ਼ਦੂਰੀ ਐਕਟ ਅਧੀਨ ਨੌਕਰੀਆਂ ਉਪਰ ਕੰਮ ਕਰਨ ਵਾਲੇ ਗੈਰ-ਸਿਖਿਅਤ ਵਰਕਰਾਂ ਦੀ ਘੱਟੋ ਘੱਟ ਉਜਰਤ ਵਧਾ ਕੇ 166.50 ਰੁਪਏ ਮਾਸਕ ਕਰਨ ਦਾ ਫੈਸਲਾ ਕੀਤਾ ਗਿਆ ਹੈ ਅਤੇ ਉਜਰਤ ਨੂੰ 1 ਜੁਲਾਈ, 1974 ਦੇ ਕੀਮਤ ਸੂਚਕ ਅੰਕ ਨਾਲ ਜੋੜ ਦਿੱਤਾ ਗਿਆ ਹੈ । ਤਿੰਨਾ ਮਹੀਨਿਆਂ ਵਿਚ ਕੀਮਤ ਸੂਚਕ ਅੰਕ ਵਿਚ ਹਰ ਇਕ ਪੁਆਇੰਟ ਦੇ ਵੱਧ ਜਾਣ ਨਾਲ, ਘੱਟ ਤੋਂ ਘੱਟ ਉਜਰਤ ਵਿਚ 0.75 ਪੈਸੇ ਪ੍ਰਤੀ ਮਹੀਨੇ ਦਾ ਵਾਧਾ ਕੀਤਾ ਜਾਵੇਗਾ । ਰਾਜ ਵਿਚ ਉਦਯੋਗਿਕ ਸਬੰਧਾਂ ਵਿਚ ਸੁਧਾਰ ਕਰਨ ਲਈ ਵੱਖ ਵੱਖ ਕਦਮ ਚੁਕੇ ਗਏ ਸੀ। ਉਦਯੋਗਿਕ ਵਰਕਰਾਂ ਦੇ ਕੇਸਾਂ ਨੂੰ ਛੇਤੀ ਨਾਲ ਨਿਪਟਾਉਣ ਲਈ ਪਟਿਆਲਾ ਵਿਖੇ

ਇਕ ਐਡੀਸ਼ਨਲ ਜ਼ਿਲਾ ਅਦਾਲਤ ਕਾਇਮ ਕੀਤੀ ਗਈ ਹੈ ਅਤੇ ਇਕ ਹੋਰ ਅੰਮ੍ਰਿਤਸਰ ਵਿਖੇ ਕਾਇਮ ਕੀਤੀ ਜਾਵੇਗੀ ।

15. ਆਬਕਾਰੀ ਅਤੇ ਕਰ, ਰਾਜ ਲਈ ਆਮਦਨ ਦਾ ਮੁੱਖ ਸਾਧਨ ਬਣਿਆ ਹੋਇਆ ਹੈ । ਇਕ ਉੱਚ ਪੱਧਰ ਦੀ ਕਮੇਟੀ ਕਾਇਮ ਕੀਤੀ ਗਈ ਹੈ । ਇਸ ਵਿਚ ਵਪਾਰ ਤੇ ਉਦਿਯੋਗ ਦੇ ਪ੍ਰਤਿਨਿਧ ਹਨ, ਇਹ ਵਪਾਰ ਅਤੇ ਉਦਯੋਗ ਦੇ ਕੰਮ ਦੇ ਸੁਧਾਰ ਸਬੰਧੀ ਹੈ । ਟੈਕਸ ਦੀ ਚੋਰੀ ਰੋਕਣ ਵਾਲੇ ਅਮਲੇ ਦੀ ਕਾਰਜ ਕੁਸ਼ਲਤਾ ਵਧਾਉਣ ਲਈ ਠੋਸ ਕਾਰਵਾਈ ਵੀ ਕੀਤੀ ਗਈ ਹੈ ਅਤੇ ਟੈਕਸ ਵਸੂਲ ਕਰਨ ਵਾਲੇ ਅਮਲੇ ਦੀਆਂ ਖਾਮੀਆਂ ਪਕੜਨ ਅਤੇ ਦੂਰ ਕੀਤੇ ਜਾਣ ਲਈ ਇਕ ਵੱਖਰਾ ਸੈਲ ਕਾਇਮ ਕੀਤਾ ਗਿਆ ਹੈ । ਲੋਕਾਂ ਦੀ ਸ਼ਰਾਬ ਪੀਣ ਦੀ ਆਦਤ ਨੂੰ ਘਟਾਉਣ ਲਈ ਇਕ ਸਕੀਮ ਤਿਆਰ ਕੀਤੀ ਗਈ ਹੈ ਅਤੇ ਇਸ ਸਬੰਧੀ ਖਾਸ ਮੁਹਿੰਮ ਜਲਦੀ ਚਲਾਈ ਜਾਵੇਗੀ ।

16. ਮੇਰੀ ਸਰਕਾਰ ਇਸ ਗੱਲ ਤੋਂ ਚੰਗੀ ਤਰ੍ਹਾਂ ਸੁਚੇਤ ਹੈ ਕਿ ਵਿਦਿਆ ਲੋਕਾਂ ਦੀਆਂ ਲੋੜਾਂ ਅਨੁਸਾਰ ਹੋਣੀ ਚਾਹੀਦੀ ਹੈ । ਇਸ ਦਾ ਪ੍ਰਸਾਰ, ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ ਕਿ ਜਿਹੜਾ ਵੀ ਕਮਜ਼ੋਰ ਵਰਗ ਹੁਣ ਤੱਕ ਪਛੜਿਆ ਰਹਿ ਗਿਆ ਹੈ, ਉਹ ਇਸ ਤੋਂ ਲਾਭ ਪ੍ਰਾਪਤ ਕਰ ਸਕੇ । ਵਿਦਿਆ ਦੇ ਪੱਧਰ ਵਿਚ ਵੀ ਸੁਧਾਰ ਦੀ ਲੋੜ ਹੈ । ਸਾਡੇ ਵਿਦਿਅਕ ਪ੍ਰੋਗਰਾਮ ਦਾ ਮੁੱਖ ਆਧਾਰ 6–11 ਸਾਲ ਦੀ ਉਮਰ ਦੇ ਬੱਚਿਆਂ ਨੂੰ ਲਾਜ਼ਮੀ ਵਿਦਿਆ ਦੇਣਾ ਹੈ । ਚਾਲੂ ਸਾਲ ਦੇ ਦੌਰਾਨ 500 ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ,200 ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਦੀ ਪੱਧਰ ਦਾ ਕਰ ਦਿੱਤਾ ਗਿਆ ਹੈ ਅਤੇ 25 ਮਿਡਲ ਸਕੂਲਾਂ ਦਾ ਦਰਜਾ ਵਧਾ ਕੇ ਹਾਈ ਸਕੂਲ ਕਰ ਦਿੱਤਾ ਗਿਆ ਹੈ । ਚੌਥੀ ਪੰਜ ਸਾਲਾ ਯੋਜਨਾ ਦੇ ਅੰਤ ਤੱਕ ਅਸੀਂ 6-11 ਸਾਲ ਦੀ ਉਮਰ ਦੇ 93 ਫ਼ੀ ਸਦੀ ਬੱਚਿਆਂ ਨੂੰ ਲਾਜ਼ਮੀ ਵਿਦਿਆ ਦੇ ਘੇਰੇ ਵਿਚ ਲਿਆਂਦਾ ਸੀ । ਇਸ ਤਰ੍ਹਾਂ ਦੇ ਨਾਲ 85 ਫੀ ਸਦੀ ਦੇ ਕੌਮੀ ਪੱਧਰ ਅਤੇ ਚੌਥੀ ਯੋਜਨਾ ਦੇ ਟੀਚੇ ਨੂੰ ਵੀ ਪਾਰ ਕਰ ਗਏ ਸੀ । ਮੇਰੀ ਸਰਕਾਰ ਨੇ ਇਸ ਰਫਤਾਰ ਨੂੰ ਕਾਇਮ ਰੱਖਣ ਦਾ ਮਨ ਬਣਾਇਆ ਹੋਇਆ ਹੈ ਕਿ ਜਿਥੇ ਵੀ ਪ੍ਰਾਇਮਰੀ ਸਕੂਲ ਦੀ ਲੋੜ ਹੋਵੇ, ਖੋਲ੍ਹ ਦਿੱਤਾ ਜਾਂਦਾ ਹੈ ਅਤੇ ਸਾਲ 1975–76 ਦੇ ਦੌਰਾਨ 200 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਬਣਾ ਦਿਤਾ ਜਾਵੇਗਾ । ਵਿਦਿਆ ਦੇ ਪਸਾਰ ਸਮੇਂ, ਹਾਈ ਸਕੂਲਾਂ ਦੀ ਮੰਗ ਕਾਫ਼ੀ ਕੀਤੀ ਜਾਂਦੀ ਹੈ । ਮੇਰੀ ਸਰਕਾਰ ਨੇ ਇਸ ਖੇਤਰ ਵਿਚ ਆਪਣੀਆਂ ਕੋਸ਼ਿਸ਼ਾਂ ਦੁੱਗਣੀਆਂ ਕਰਨ ਦਾ ਮਨ ਬਣਾਇਆ ਹੈ ਅਤੇ 50 ਮਿਡਲ ਸਕੂਲਾਂ ਦਾ ਦਰਜ਼ਾ ਵਧਾ ਕੇ ਹਾਈ ਸਕੂਲ ਕਰ ਦੇਣ ਦੀ ਤਜਵੀਜ਼ ਹੈ । ਉਨ੍ਹਾਂ ਲੋਕਾਂ ਨੂੰ ਵਿਦਿਆ ਦੇਣ ਦਾ ਪ੍ਰਬੰਧ ਕਰਨ ਵੱਲ ਵੀ ਪੂਰਾ ਖਿਆਲ ਹੈ ਜਿਹੜੇ ਸਕੂਲ ਜਾਣ ਦੀ ਉਮਰ ਤੋਂ ਵਧ ਉਮਰ ਦੇ ਹੋ ਚੁੱਕੇ ਹਨ । ਗੈਰ ਰਸਮੀ ਵਿਦਿਆ ਦੀ ਸਕੀਮ ਇਕ ਜ਼ਿਲ੍ਹੇ ਵਿਚ ਪਾਇਲਟ ਪ੍ਰਾਜੈਕਟ ਦੇ ਤੌਰ ਤੇ ਚਾਲੂ ਕੀਤੀ ਜਾ ਰਹੀ ਹੈ ।

ਮੇਰੀ ਸਰਕਾਰ, ਲੋਕਾਂ ਨੂੰ ਉਚੇਰੀ ਵਿਦਿਆ ਦੇਣ ਦੀ ਲੋੜ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੈ । ਇਹ ਗੱਲ ਇਸ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਅਜਨਾਲਾ ਵਿਖੇ ਨਵਾਂ ਗੌਰਮਿੰਟ ਕਾਲਜ ਖੁਲ੍ਹ ਗਿਆ ਹੈ, ਦੂਜਾ ਕਾਲਜ ਡੇਰਾ ਬਸੀ ਵਿਖੇ ਬਣਾਇਆ ਜਾ ਰਿਹਾ ਹੈ ਅਤੇ ਪ੍ਰਾਈਵੇਟ ਪ੍ਰਬੰਧ ਹੇਠਲੇ ਤਿੰਨ ਕਾਲਜ ਅਰਥਾਤ ਤਰਨ ਤਾਰਨ, ਕਾਲਾ ਅਫਗਾਨਾ ਅਤੇ ਸੁਨਾਮ, ਸਰਕਾਰ ਨੇ ਆਪਣੇ ਹੱਥਾਂ ਵਿਚ ਲੈ ਲਏ ਹਨ । ਸਠਿਆਲਾ ਅਤੇ ਨਿਆਲ (ਪਾਤੜਾਂ) ਦੇ ਕਾਲਜਾਂ ਨੂੰ ਸਰਕਾਰ ਆਪਣੇ ਪ੍ਰਬੰਧ ਅਧੀਨ ਲਿਆਉਣ ਲਈ ਲੋੜੀਂਦੀ ਕਾਰਵਾਈ ਕਰ ਰਹੀ ਹੈ ।

[Mr. Speaker]

ਵਿਦਿਆ ਨੂੰ ਵਧੇਰੇ ਲਾਹੇਵੰਦ ਬਣਾਉਣ ਲਈ ਇਕ ਬਹੁਤ ਜ਼ਰੂਰੀ ਕਾਰਵਾਈ ਇਹ ਹੈ ਕਿ ਵਿਦਿਆ ਨੂੰ ਪੇਸ਼ਾਵਰਾਨਾ ਬਣਾਇਆ ਜਾਵੇ ਅਤੇ ਸਮਾਜ ਦੀਆਂ ਲੋੜਾਂ ਨਾਲ ਜੋੜਿਆ ਜਾਵੇ । ਇਹ ਤਜਵੀਜ਼ ਕੀਤਾ ਗਿਆ ਹੈ ਕਿ ਪੇਸ਼ਾਵਰਾਨਾ ਪ੍ਰੋਗਰਾਮ 100 ਮਿਡਲ ਸਕੂਲਾਂ ਅਤੇ 50 ਹਾਇਰ ਸੈਕੰਡਰੀ ਸਕੂਲਾਂ ਵਿਚ ਚਾਲੂ ਕੀਤਾ ਜਾਵੇ ਅਤੇ ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਪੇਸ਼ਾਵਰਾਨਾ ਸਿਖਲਾਈ ਲਾਜ਼ਮੀ ਤੌਰ ਤੇ ਦਿੱਤੀ ਜਾਵੇ । ਇਹ ਸਕੀਮ ਤਜਰਬੇ ਦੇ ਤੌਰ ਤੇ ਸ਼ੁਰੂ ਕੀਤੀ ਜਾ ਰਹੀ ਹੈ । ਇਸ ਵੱਲ ਪੂਰਾ ਧਿਆਨ ਦਿੱਤਾ ਜਾਵੇਗਾ ਅਤੇ ਇਸ ਤਜਰਬੇ ਦੇ ਸਿੱਟੇ ਵੇਖ ਕੇ ਇਹ ਸਕੀਮ ਹੋਰਨਾਂ ਸਕੂਲਾਂ ਵਿਚ ਚਾਲੂ ਕਰ ਦਿੱਤੀ ਜਾਵੇਗੀ ।

ਜਿਥੋਂ ਤੱਕ ਸਾਡੀ ਮਾਲੀ ਹਾਲਤ ਸਾਨੂੰ ਇਜਾਜ਼ਤ ਦਿੰਦੀ ਹੈ, ਪ੍ਰਾਈਵੇਟ ਪ੍ਰਬੰਧ ਹੇਠਲੀਆਂ ਵਿਦਿਅਕ ਸੰਸਥਾਵਾਂ ਦੀਆਂ ਲੋੜਾਂ ਵੱਲ ਉਚਿਤ ਧਿਆਨ ਦਿੱਤਾ ਜਾ ਰਿਹਾ ਹੈ, ਇਸ ਤਰ੍ਹਾਂ ਅਧਿਆਪਕਾਂ ਦੀ ਨੌਕਰੀ ਸੁਰੱਖਿਅਤ ਰਹਿੰਦੀ ਹੈ ਅਤੇ ਕੀਮਤਾਂ ਦੇ ਵਾਧੇ ਕਾਰਣ ਉਨ੍ਹਾਂ ਨੂੰ ਪੇਸ਼ ਆ ਰਹੀਆਂ ਦਿਕੱਤਾਂ ਕਾਫੀ ਹੱਦ ਤੱਕ ਘੱਟ ਜਾਂਦੀਆਂ ਹਨ । ਵਿਧਾਨ ਸਭਾ ਦੇ ਪਿਛਲੇ ਇਜਲਾਸ ਵਿਚ ਕਾਲਜ ਅਧਿਆਪਕਾਂ ਦੀਆਂ ਨੌਕਰੀਆਂ ਸੁਰਖਿੱਅਤ ਕਰਨ ਲਈ ਬਿੱਲ ਪਾਸ ਕੀਤਾ ਗਿਆ ਸੀ ਅਤੇ ਉਸ ਉਤੇ ਪੂਰਾ ਪੂਰਾ ਅਮਲ ਹੋ ਰਿਹਾ ਹੈ ।

ਮੇਰੀ ਸਰਕਾਰ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾ ਅਤੇ ਉਮੰਗਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ। ਇਸ ਮਾਮਲੇ ਸਬੰਧੀ ਮੇਰੀ ਸਰਕਾਰ ਨੇ ਹੁਣ ਕੁਝ ਮਹੱਤਵ ਪੂਰਨ ਕਾਰਵਾਈਆਂ ਕੀਤੀਆਂ ਹਨ ਜਿਵੇਂ ਕਿ ਬੱਸ ਦੇ ਕਿਰਾਏ ਵਿਚ ਰਿਆਇਤ, ਕਾਪੀਆਂ ਅਤੇ ਹੋਰ ਜ਼ਰੂਰੀ ਵਸਤਾਂ ਕੰਟਰੋਲ ਰੇਟ ਤੇ ਦੇਣ ਦਾ ਪ੍ਰਬੰਧ ਕੀਤਾ ਹੈ ।

17. ਮੇਰੀ ਸਰਕਾਰ ਨੇ ਖੇਡਾਂ ਦੇ ਪਸਾਰ ਦਾ ਕੰਮ ਦਿਲਚਸਪੀ ਲੈ ਕੇ ਪੂਰੀ ਲਗਨ ਨਾਲ ਕੀਤਾ ਹੈ । ਇਹ ਫੈਸਲਾ ਕੀਤਾ ਗਿਆ ਹੈ ਕਿ ਖੇਡ-ਮੈਦਾਨ ਜ਼ਿਲ੍ਹਾ ਪੱਧਰ ਤੇ ਬਣਾਏ ਜਾਣ ਤਾਂ ਜੋ ਵਿਦਿਆ-ਰਥੀਆਂ ਅਤੇ ਹੋਰਨਾਂ ਨੌਜਵਾਨਾਂ ਦੀ ਖੇਡਾਂ ਵਿਚ ਰੁਚੀ ਬਣਾਏ ਰੱਖਣ ਲਈ ਪੂਰਾ ਪ੍ਰਬੰਧ ਕੀਤਾ ਜਾਵੇ । ਅਸੀਂ ਖੇਡਾਂ ਦੇ ਮਜ਼ਮੂਨ ਨੂੰ ਸਕੂਲ ਪੱਧਰ ਤੱਕ ਲਾਜ਼ਮੀ ਬਣਾ ਦਿੱਤਾ ਹੈ । ਇਸ ਲਈ ਸਕੂਲਾਂ ਅਤੇ ਕਾਲਜਾਂ ਵਿਚ ਖੇਡ ਵਿੰਗ ਕਾਇਮ ਕਰ ਦਿੱਤੇ ਹਨ ।

ਮੇਰੀ ਸਰਕਾਰ ਨੇ ਰਾਸ਼ਟਰੀ ਹਾਕੀ ਟੀਮ ਦੀ ਸਿਖਲਾਈ ਦੇ ਪ੍ਰਬੰਧ ਕਰਨ ਦੀ ਪੇਸ਼ਕਸ਼ ਕੀਤੀ । ਇਸ ਮੰਤਵ ਦੀ ਪ੍ਰਾਪਤੀ ਲਈ ਇਹ ਵਿਸ਼ੇਸ਼ ਸਿਖਲਾਈ ਕੈਂਪ ਸੱਭ ਤੋਂ ਵੱਧੀਆ ਸਾਬਤ ਹੋਇਆ ਹੈ ।

18. ਮੇਰੀ ਸਰਕਾਰ ਨੂੰ ਲੋਕਾਂ ਦੀ ਸਿਹਤ ਨਰੋਈ ਰੱਖਣ ਦਾ ਬਹੁਤ ਖਿਆਲ ਹੈ, ਮੈਡੀਕਲ ਅਦਾਰੇ ਕਾਫੀ ਗਿਣਤੀ ਵਿਚ ਖੋਲ੍ਹੇ ਗਏ ਹਨ। ਚਾਲੂ ਸਾਲ ਵਿਚ ਅੰਗਰੇਜ਼ੀ ਦਵਾਈਆਂ ਦੀਆਂ 48 ਡਿਸਪੈਂਸਰੀਆਂ ਅਤੇ 28 ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹੀਆਂ ਜਾ ਚੁਕੀਆਂ ਹਨ ਅਤੇ ਅਗਲੇ ਸਾਲ 40 ਅੰਗਰੇਜ਼ੀ ਦਵਾਈਆਂ ਦੀਆਂ ਅਤੇ ਆਯੁਰਵੈਦਿਕ ਦੀਆਂ 17 ਹੋਰ ਡਿਸਪੈਂਸਰੀਆਂ ਖੋਲਣ ਦਾ ਵਿਚਾਰ ਹੈ । 9 ਦੰਦ ਕਲਿਨਿਕ ਪਹਿਲੀ ਵਾਰ ਦਿਹਾਤੀ ਇਲਾਕਿਆਂ ਵਿਚ ਸਾਲ 1973—74 ਵਿਚ ਖੋਲ੍ਹੇ ਗਏ ਸਨ । ਇਸ ਸਾਲ ਵੀ ਇਸ ਤਰ੍ਹਾਂ ਦੇ 20 ਹੋਰ ਕਲਿਨਿਕ ਖੋਲ੍ਹ ਦਿੱਤੇ ਗਏ ਹਨ ।

ਮੈਡੀਕਲ ਮੰਥਨ ਦਾ ਪ੍ਰੋਗਰਾਮ ਸਾਲ ਦੇ ਦੌਰਾਨ ਕੀਤਾ ਜਾਂਦਾ ਰਿਹਾ ਹੈ । ਅਜਿਹੇ 9 ਮੈਡੀਕਲ ਮੰਥਨ ਪ੍ਰੋਗਰਾਮਾਂ ਸਮੇਂ 35 ਲੱਖ ਲੋਕਾਂ ਦਾ ਮੁਆਇਨਾਂ ਕੀਤਾ ਗਿਆ ਅਤੇ 5.4 ਲੱਖ ਲੋਕਾਂ ਨੂੰ ਮੌਕੇ ਤੇ ਹੀ ਦਵਾਈਆਂ ਦਿਤੀਆਂ ਗਈਆਂ । ਭਾਰਤ ਸਰਕਾਰ ਨੇ ਇਸ ਕੰਮ ਦੀ ਸ਼ਲਾਘਾ ਕੀਤੀ ਹੈ ਅਤੇ ਹੋਰ ਰਾਜਾਂ ਨੂੰ ਇਹ ਸਕੀਮ ਅਪਣਾਉਣ ਲਈ ਸਿਫਾਰਸ਼ ਕੀਤੀ ਹੈ ।

ਖ਼ੁਰਾਕ ਵਿਚ ਮਿਲਾਵਟ ਨੂੰ ਅਸਰਦਾਰ ਢੰਗ ਨਾਲ ਰੋਕਣ ਦੇ ਖਿਆਲ ਨਾਲ ਪੂਰੇ ਸੂਬੇ ਲਈ ਇਕ ਸਿਵਿਕ ਮੰਥਨ ਪ੍ਰੋਗਰਾਮ, ਲੁਧਿਆਣਾ ਵਿਖੇ ਸ਼ੁਰੂ ਕੀਤਾ ਸੀ । ਜਲ ਸਪਲਾਈ ਸਕੀਮਾਂ ਤੇ ਵੀ ਕਾਫੀ ਜ਼ੋਰ ਦਿਤਾ ਗਿਆ ਹੈ । 150 ਪਿੰਡਾਂ ਵਿਚ ਪਾਈਪਾਂ ਵਿਛਾ ਕੇ ਜਲ ਸਪਲਾਈ ਦਾ ਪ੍ਰਬੰਧ ਕਰ ਦਿਤਾ ਗਿਆ ਹੈ ਅਤੇ ਸਾਲ 1975-76 ਦੇ ਦੌਰਾਨ ਹੋਰ 100 ਪਿੰਡਾਂ ਵਿਚ ਇਹ ਪ੍ਰਬੰਧ ਕਰ ਦਿਤਾ ਜਾਵੇਗਾ ।

19. ਸਰਬ ਪੱਖੀ ਆਰਥਿਕ ਤਰੱਕੀ ਲਈ ਹੋਰ ਸੜਕਾਂ ਤਿਆਰ ਕਰਨਾ ਬਹੁਤ ਜ਼ਰੂਰੀ ਹੈ । ਮੈਨੂੰ ਖ਼ੁਸ਼ੀ ਹੈ ਕਿ ਕੋਲੇ ਅਤੇ ਇੱਟਾਂ ਦੀ ਕਮੀ ਦੇ ਬਾਵਜੂਦ ਕੁੱਲ 12,188 ਪਿੰਡਾਂ ਵਿਚੋਂ 11,325 ਪਿੰਡਾਂ ਨੂੰ ਮਾਰਚ, 1975 ਤੱਕ ਪੱਕੀਆਂ ਸੜਕਾਂ ਨਾਲ ਮਿਲਾ ਦਿੱਤਾ ਜਾਵੇਗਾ । ਬਾਕੀ ਦੇ ਪਿੰਡਾਂ ਨੂੰ ਸਾਲ 1975-76 ਦੇ ਦੌਰਾਨ ਪੱਕੀਆਂ ਸੜਕਾਂ ਨਾਲ ਮਿਲਾ ਦਿੱਤਾ ਜਾਵੇਗਾ ।

ਮੇਰੀ ਸਰਕਾਰ ਨੇ ਟਰਾਂਸਪੋਰਟ ਸਿਸਟਮ ਵਿਚ ਵੀ ਅਹਿਮ ਸੁਧਾਰ ਕੀਤੇ ਹਨ । ਚਾਲੂ ਸਾਲ ਦੇ ਦੌਰਾਨ 130 ਹੋਰ ਨਵੀਆਂ ਬੱਸਾਂ ਰਲਾ ਕੇ ਪੰਜਾਬ ਰੋਡਵੇਜ਼ ਕੋਲ ਕੁੱਲ 1,826 ਬੱਸਾਂ ਹੋ ਜਾਣਗੀਆਂ । ਸਾਲ 1975-76 ਦੇ ਦੌਰਾਨ 136 ਹੋਰ ਨਵੀਆਂ ਬੱਸਾਂ ਦਾ ਪ੍ਰਬੰਧ ਕਰਨ ਦੀ ਵੀ ਤਜਵੀਜ਼ ਹੈ । ਇਸੇ ਤਰ੍ਹਾਂ ਸਾਲ ਦੇ ਅਖੀਰ ਤੱਕ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਦੀ ਗਿਣਤੀ ਵੀ ਵੱਧ ਕੇ 792 ਹੋ ਜਾਵੇਗੀ ।

20. ਮੇਰੀ ਸਰਕਾਰ ਪਿੰਡਾਂ ਦੇ ਬੇਘਰ ਲੋਕਾਂ ਨੂੰ ਮਕਾਨਾਂ ਲਈ ਮੁਫਤ ਪਲਾਟ ਦੇਣ ਬਾਰੇ ਪੂਰੀ ਤਰ੍ਹਾਂ ਵਚਨ-ਬੱਧ ਹੈ । 1.84 ਲੱਖ ਲੋਕਾਂ, ਜਿਨ੍ਹਾਂ ਨੂੰ ਸਾਲ 1973-74 ਦੇ ਦੌਰਾਨ ਪਲਾਟ ਅਲਾਟ ਕੀਤੇ ਗਏ ਸਨ, ਉਨ੍ਹਾਂ ਨੂੰ ਚਾਲੂ ਸਾਲ ਦੇ ਦੌਰਾਨ ਅਲਾਟ ਕੀਤੇ ਪਲਾਟਾਂ ਦਾ ਕਬਜ਼ਾ ਦਿਵਾ ਦਿਤਾ ਗਿਆ ਹੈ । ਇਸ ਤੋਂ ਇਲਾਵਾ 80 ਹਜ਼ਾਰ ਹੋਰ ਬੇਘਰ ਲੋਕਾਂ ਨੂੰ ਪਲਾਟ ਦੇਣ ਲਈ ਚਾਲੂ ਸਾਲ ਦੇ ਦੌਰਾਨ 1.86 ਕਰੋੜ ਰੁਪਏ ਜ਼ਮੀਨ ਦੀ ਖਰੀਦ ਕਰਨ ਤੇ ਖਰਚ ਕੀਤੇ ਜਾ ਰਹੇ ਹਨ । ਉਨ੍ਹਾਂ ਨੂੰ ਅਜਿਹੇ ਮਕਾਨ ਉਸਾਰਨ ਲਈ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਰਾਹੀਂ ਕਰਜ਼ੇ ਦਿਤੇ ਜਾ ਰਹੇ ਹਨ ਅਤੇ ਆਸ ਹੈ ਕਿ ਸਾਲ ਦੇ ਅੰਤ ਤੱਕ ਘੱਟੋ ਘੱਟ 50 ਲੱਖ ਰੁਪਏ ਇਸ ਕੰਮ ਲਈ ਵੰਡੇ ਜਾਣਗੇ ।

ਮੇਰੀ ਸਰਕਾਰ ਸ਼ਹਿਰੀ ਇਲਾਕਿਆਂ ਵਿਚ ਮਕਾਨਾਂ ਦੀਆਂ ਸਹੂਲਤਾਂ ਵਿਚ ਸੁਧਾਰ ਲਿਆਉਣ ਦੇ ਕੰਮ-ਸਬੰਧੀ ਵਿਸ਼ੇਸ਼ ਧਿਆਨ ਦੇ ਰਹੀ ਹੈ। ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਲੋਕਾਂ ਲਈ ਮੁਹਾਲੀ ਵਿਖੇ ਇਕ ਕਾਲੋਨੀ ਬਣਾਉਣ ਦਾ ਕੰਮ, ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਦੁਆਰਾ ਪਹਿਲਾਂ ਹੀ ਮੁਕੰਮਲ ਕੀਤਾ ਜਾ ਚੁਕਿਆ ਹੈ ਅਤੇ ਇਸ ਸਾਲ ਦੇ ਅੰਤ ਤੱਕ ਅਜਿਹੀਆਂ ਦੋ ਹੋਰ ਕਾਲੋਨੀਆਂ ਮੁਕੰਮਲ ਹੋ ਜਾਣ ਦੀ ਆਸ ਹੈ । ਇਸ ਤੋਂ ਇਲਾਵਾ ਬੋਰਡ ਨੇ ਵਿਸ਼ੇਸ਼ ਤੌਰ ਤੇ ਘਟ ਆਮਦਨ ਗਰੁੱਪ ਦੇ ਲੋਕਾਂ ਲਈ ਰਾਜ ਦੀਆਂ ਵੱਖ ਵੱਖ ਥਾਵਾਂ ਤੇ ਅਜਿਹੇ ਮਕਾਨ ਉਸਾਰਨ ਲਈ ਇਕ ਵਿਸ਼ਾਲ ਪਰੋਗਰਾਮ ਸ਼ੁਰੂ ਕਰ ਦਿੱਤਾ ਹੈ ।

[Mr. Speaker]

ਯੋਜਨਾਂ ਬੱਧ ਸ਼ਹਿਰੀ ਮਿਲਖਾਂ ਕਾਇਮ ਕਰਨ ਦੀ ਸਕੀਮ ਨੂੰ ਬੜੀ ਅਹਿਮੀਅਤ ਦਿੱਤੀ ਗਈ ਹੈ ਅਤੇ 3,000 ਹੋਰ ਰਿਹਾਇਸ਼ੀ ਪਲਾਟ ਇਸ ਸਾਲ ਦੇ ਦੌਰਾਨ ਅਲਾਟ ਕੀਤੇ ਜਾ ਰਹੇ ਹਨ । ਸ਼ਹਿਰ ਦੀ ਕੀਮਤੀ ਜ਼ਮੀਨ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਘੱਟ ਆਮਦਨ ਗਰੁਪ ਦੇ ਲੋਕਾਂ ਨੂੰ ਆਪਣੇ ਸਾਧਨਾਂ ਤੇ ਲੋੜਾਂ ਅਨੁਸਾਰ ਰਿਹਾਇਸ਼ੀ ਪਲਾਟ ਪ੍ਰਾਪਤ ਕਰਨ ਦੇ ਕੰਮ ਨੂੰ ਤਸੱਲੀ ਬਖਸ਼ ਬਣਾਉਣ ਲਈ ਮੇਰੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਕਿਸੇ ਵੀ ਰਿਹਾਇਸ਼ੀ ਮਿਲਖ ਵਿਚਲਾ ਕੋਈ ਵੀ ਪਲਾਟ 500 ਵਰਗ ਗਜ਼ ਤੋਂ ਵੱਧ ਨਹੀਂ ਹੋਵੇਗਾ ।

21. ਮੇਰੀ ਸਰਕਾਰ ਅਨੁਸੂਚਿਤ ਜਾਤੀਆਂ ਦੀ ਪੜ੍ਹਾਈ ਅਤੇ ਉਨ੍ਹਾਂ ਦੇ ਸਮਾਜਿਕ ਅਤੇ ਆਰਥਿਕ ਸੁਧਾਰ ਵੱਲ ਖਾਸ ਧਿਆਨ ਦੇ ਰਹੀ ਹੈ । ਉਨ੍ਹਾਂ ਦੀ ਭਲਾਈ ਨੂੰ ਧਿਆਨ ਵਿਚ ਰਖਦੇ ਹੋਏ ਮੇਰੀ ਸਰਕਾਰ ਨੇ ਪਿੰਡਾਂ ਵਿਚ ਧਰਮਸ਼ਾਲਾਵਾਂ ਅਤੇ ਚੌਪਾਲਾਂ ਬਣਾਉਣ ਦਾ ਇਕ ਵੱਡਾ ਪਰੋਗਰਾਮ ਸ਼ੁਰੂ ਕੀਤਾ ਹੈ । ਆਸ ਹੈ ਕਿ ਮਾਰਚ, 1976 ਤੱਕ ਲਗਭਗ 9,600 ਪਿੰਡ ਇਸ ਸਕੀਮ ਅਧੀਨ ਆ ਜਾਣਗੇ ।

1972—73 ਵਿਚ 'ਹਰੀਜਨ ਬਸਤੀਆਂ ਦਾ ਚੌਗਿਰਦਾ ਸੁਧਾਰ' ਨਾਂ ਦੀ ਇਕ ਸਕੀਮ ਸ਼ੁਰੂ ਕੀਤੀ ਗਈ ਸੀ । ਇਸ ਸਾਲ ਦੇ ਦੌਰਾਨ 132 ਹਰੀਜਨ ਬਸਤੀਆਂ ਵਿਚ ਗਲੀਆਂ ਪੱਕੀਆਂ ਕਰਨ, ਖੁਲ੍ਹੀਆਂ ਨਾਲੀਆਂ ਬਣਾਉਣ ਅਤੇ ਪਾਣੀ ਸਪਲਾਈ ਕਰਨ ਤੇ 90 ਲੱਖ ਰੁਪਏ ਖਰਚ ਕੀਤੇ ਜਾਣਗੇ । ਗੰਦੀਆਂ ਬਸਤੀਆਂ ਦੇ ਸੁਧਾਰ ਲਈ 50 ਲੱਖ ਰੁਪਏ ਦੀ ਇਕ ਹੋਰ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ ।

ਸੇਵਾਵਾਂ ਵਿਚ ਸਿੱਧੀ ਭਰਤੀ ਦੇ ਕੇਸਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਲਈ ਰਾਖਵੀਆਂ ਸੀਟਾਂ ਦੀ ਗਿਣਤੀ ਕ੍ਰਮਵਾਰ ਵਧਾ ਕੇ 25 ਫੀਸਦੀ ਅਤੇ 5 ਫੀਸਦੀ ਕਰ ਦਿਤੀ ਗਈ ਹੈ । ਮਿਤੀ 6 ਮਾਰਚ, 1974 ਤੋਂ ਸ਼੍ਰੇਣੀ I ਅਤੇ ਸ਼੍ਰੇਣੀ II ਦੀਆਂ ਪਦਵੀਆਂ ਤੇ ਤਰੱਕੀ ਲਈ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਕ੍ਰਮਵਾਰ 14 ਫੀਸਦੀ ਅਤੇ 2 ਫਸਦੀ ਦੇ ਹਿਸਾਬ ਨਾਲ ਸੇਵਾਵਾਂ ਰਾਖਵੀਆਂ ਰਖਣ ਦਾ ਉਪਬੰਧ ਵੀ ਕੀਤਾ ਗਿਆ ਹੈ ।

ਐਮ.ਬੀ.ਬੀ.ਐਸ./ਬੀ.ਡੀ.ਐਸ. ਅਤੇ ਪੈਰਾ ਮੈਡੀਕਲ ਕੋਰਸਾਂ ਵਿਚ ਦਾਖਲੇ ਲਈ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਵਾਸਤੇ ਰਾਖਵੀਆਂ ਸੀਟਾਂ ਵਧਾ ਕੇ ਕ੍ਰਮਵਾਰ 25 ਫੀਸਦੀ ਅਤੇ 5 ਫੀਸਦੀ ਕਰ ਦਿਤੀਆਂ ਗਈਆਂ ਹਨ । ਰਾਜ ਪਾਸੋਂ ਸਹਾਇਤਾ ਪ੍ਰਾਪਤ ਕਰਦੇ ਮੈਡੀਕਲ ਕਾਲਜਾਂ ਨੂੰ ਵੀ ਇਹ ਲੀਹ ਅਪਣਾਉਣ ਲਈ ਪਰੇਰਿਆ ਗਿਆ ਹੈ । ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦੀ ਸੂਰਤ ਵਿਚ ਐਮ.ਬੀ.ਬੀ.ਐਸ. ਕੋਰਸ ਵਿਚ ਦਾਖਲੇ ਲਈ ਘੱਟੋ ਘੱਟ ਪਾਤਰਤਾ ਨੰਬਰ 50 ਫੀਸਦੀ ਤੋਂ ਘਟਾ ਕੇ 45 ਫੀਸਦੀ ਕਰ ਦਿਤੇ ਗਏ ਹਨ ।

22. ਮੇਰੀ ਸਰਕਾਰ ਨੇ ਬੁੱਢਿਆਂ ਲਈ ਸਮਾਜ ਭਲਾਈ ਦੇ ਕਾਰਜਾਂ ਵੱਲ ਵੀ ਕਾਫੀ ਧਿਆਨ ਦਿੱਤਾ ਹੈ । ਬੁਢਾਪਾ ਪੈਨਸ਼ਨਾਂ ਦੇਣ ਲਈ ਇਕ ਕਰੈਸ਼ ਪਰੋਗਰਾਮ ਸ਼ੁਰੂ ਕੀਤਾ ਗਿਆ ਹੈ । ਇਸ ਸਕੀਮ ਅਧੀਨ ਅਰਜ਼ੀਆਂ ਦੀ ਜਾਂਚ ਮੌਕੇ ਤੇ ਹੀ ਕੀਤੀ ਜਾਂਦੀ ਹੈ । ਆਸ ਕੀਤੀ ਜਾਂਦੀ ਹੈ ਕਿ ਬੁਢਾਪਾ ਪੈਨਸ਼ਨ ਤੋਂ ਲਗਭਗ 15 ਹਜ਼ਾਰ ਹੋਰ ਵਿਅਕਤੀ ਲਾਭ ਉਠਾ ਸਕਣਗੇ ।

23. ਅਸੀ ਸਰਹੱਦੀ ਇਲਾਕਿਆਂ ਦੇ ਯੁੱਧ-ਪੀੜਤ ਲੋਕਾਂ ਦੀਆਂ ਲੋੜਾਂ ਵਲ ਪੂਰਾ ਧਿਆਨ ਦਿਤਾ ਹੈ । ਉਨ੍ਹਾਂ ਨੂੰ ਆਪਣੇ ਪਿੰਡਾਂ ਵਿਚ ਵਾਪਸ ਆਉਣ ਉਪਰੰਤ ਮੁੜ ਆਬਾਦ ਹੋਣ ਲਈ ਐਕਸ -

ਗਰੇਸ਼ੀਆ ਸਹਾਇਤਾ ਦਿੱਤੀ ਗਈ ਹੈ । ਇਸ ਵਿੱਤੀ ਸਾਲ ਦੇ ਅੰਤ ਤੱਕ ਉਨ੍ਹਾਂ ਨੂੰ 20 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ । ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਬਹਾਦਰ ਪੰਜਾਬੀਆਂ ਨੇ ਸਰਹੱਦਾਂ ਤੇ ਆਪਣਾ ਆਮ ਜੀਵਨ ਮੁੜ ਆਰੰਭ ਕਰ ਦਿਤਾ ਹੈ, ਅਤੇ ਅੰਤਰ-ਰਾਸ਼ਟਰੀ ਸਰਹੱਦ ਤੱਕ ਜ਼ਮੀਨ ਦੇ ਚੱਪੇ ਚੱਪੇ ਨੂੰ ਕਾਸ਼ਤ ਅਧੀਨ ਲਿਆਂਦਾ ਹੈ ।

24. ਮੇਰੀ ਸਰਕਾਰ ਫੌਜੀਆਂ ਦੀ ਭਲਾਈ ਸਬੰਧੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਵੀ ਚੰਗੀ ਤਰ੍ਹਾਂ ਚੇਤੰਨ ਹੈ ਅਤੇ ਇਹ ਸਦਾ ਹੀ ਧਰਤੀ ਦੇ ਉਨ੍ਹਾਂ ਵੀਰ ਸਪੂਤਾਂ ਦਾ ਹੌਂਸਲਾ ਵਧਾਉਂਦੀ ਰਹਿੰਦੀ ਹੈ ਜੋ ਆਪਣੀ ਬਹਾਦਰੀ ਦੇ ਕਾਰਨਾਮੇ ਵਿਖਾਉਂਦੇ ਹਨ । ਇਸ ਵਿਚਾਰ ਨੂੰ ਧਿਆਨ ਵਿਚ ਰਖਦੇ ਹੋਏ ਮੇਰੀ ਸਰਕਾਰ ਨੇ ਪੱਕੇ ਤੌਰ ਤੇ ਨਾਕਾਰਾ ਫੌਜੀਆਂ ਵਾਂਗ ਆਰਜ਼ੀ ਤੌਰ ਤੇ ਨਾਕਾਰਾ ਹੋਏ ਫੌਜੀਆਂ ਨੂੰ ਐਕਸ-ਗਰੇਸ਼ੀਆ ਗਰਾਟਾਂ ਦੇਣ ਦਾ ਫੈਸਲਾ ਕੀਤਾ ਹੈ, ਇਸ ਤੋਂ ਇਲਾਵਾ ਅਸੀਂ ਹੇਠ ਦਰਜ ਬਹਾਦਰੀ ਦੇ ਤਗਮੇ ਪ੍ਰਾਪਤ ਕਰਨ ਵਾਲਿਆਂ ਨੂੰ ਨਕਦ ਇਨਾਮ ਦੇਣ ਦਾ ਵੀ ਫੈਸਲਾ ਕੀਤਾ ਹੈ :—

ਤਗਮੇ		ਰੁਪਏ
ਅਸ਼ੋਕ ਚੱਕਰ	...	12,000
ਕੀਰਤੀ ਚੱਕਰ	...	5,000
ਸ਼ੌਰੀਯਾ ਚੱਕਰ	...	3,500
ਸੈਨਾ/ਵਾਯੂਸੈਨਾ-ਨੌਸੈਨਾ ਮੈਡਲ	...	3,000
ਡਿਸਪੈਚਾਂ ਵਿੱਚ ਵਰਣਿਤ	...	2,000

ਉਪਰੋਕਤ ਤਗਮੇ ਪ੍ਰਾਪਤ ਕਰਨ ਵਾਲੇ ਗੈਰ-ਫੌਜੀ ਵਿਅਕਤੀ ਵੀ ਇਨ੍ਹਾਂ ਇਨਾਮਾਂ ਦੇ ਹੱਕਦਾਰ ਹੋਣਗੇ ।

25. ਰਾਜ ਵਿਚ ਕਾਨੂੰਨ ਅਤੇ ਵਿਵਸਥਾ ਪੂਰੀ ਤਰ੍ਹਾਂ ਕੰਟਰੋਲ ਅਧੀਨ ਰਹੀ ਹੈ ਅਤੇ ਅਪਰਾਧਾਂ ਵਿਚ ਸ਼ਲਾਘਾਯੋਗ ਕਮੀ ਵੇਖਣ ਵਿਚ ਆਈ ਹੈ । ਸੰਗੀਨ ਕਿਸਮ ਦੇ ਅਪਰਾਧਾਂ ਵਿਚ ਤਾਂ ਭਾਰੀ ਕਮੀ ਆਈ ਹੈ । ਮੇਰੀ ਸਰਕਾਰ ਨੇ ਸਮਾਜ ਦੇ ਕਮਜ਼ੋਰ ਤਬਕਿਆਂ ਅਰਥਾਤ ਹਰੀਜਨਾਂ ਅਤੇ ਇਸਤਰੀਆਂ ਦੀ ਸੁਰੱਖਿਆ ਲਈ ਜ਼ੋਰਦਾਰ ਉਪਾਅ ਕੀਤੇ ਹਨ ।

ਅੰਦਰੂਨੀ ਸੁਰੱਖਿਆ ਬਹਾਲੀ ਐਕਟ, 1974 ਤਰਮੀਮ ਸਬੰਧੀ ਭਾਰਤ ਸਰਕਾਰ ਦੁਆਰਾ ਸਤੰਬਰ, 1974 ਵਿਚ ਜਾਰੀ ਹੋਏ ਆਰਡੀਨੈਂਸ ਅਧੀਨ ਮਿਲੇ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਲਗਭਗ 15 ਦਿਨਾਂ ਦੇ ਸਮੇਂ ਦੇ ਅੰਦਰ ਅੰਦਰ ਹੀ 103 ਵਿਅਕਤੀਆਂ ਨੂੰ ਨਜ਼ਰਬੰਦ ਕਰਨ ਲਈ ਫੌਰੀ ਕਾਰਵਾਈ ਕੀਤੀ ਗਈ । ਇਸ ਨਾਲ ਸਮਗਲਰਾਂ ਅਤੇ ਉਨ੍ਹਾਂ ਦੇ ਸਾਥੀਆਂ ਤੇ ਕਰੜਾ ਅਸਰ ਪਿਆ । ਵਿਦੇਸ਼ੀ ਮੁਦਰਾ ਦੀ ਸੰਭਾਲ, ਸਮਗਲਿੰਗ ਸਰਗਰਮੀਆਂ ਰੋਕ ਥਾਮ, ਐਕਟ 1974, ਦੇ ਮਿਤੀ 19 ਦਸੰਬਰ,1974 ਤੋਂ ਲਾਗੂ ਹੋ ਜਾਣ ਨਾਲ, ਮੇਰੀ ਸਰਕਾਰ ਨੇ ਸਾਰੇ ਹਾਲਾਤ ਦਾ ਤੁਰੰਤ ਜਾਇਜ਼ਾ ਲਿਆ ਅਤੇ 48 ਸਮਗਲਰਾਂ ਅਤੇ ਵਿਦੇਸ਼ੀ ਮੁਦਰਾ ਦੇ ਮੁਜਰਮਾਂ ਨੂੰ ਹਿਰਾਸਤ ਵਿਚ ਲੈ ਲਿਆ ।

[Mr. Speaker]

26. ਮੇਰੀ ਸਰਕਾਰ ਪ੍ਰਸ਼ਾਸਨ ਵਿਚੋਂ ਭ੍ਰਿਸ਼ਟਾਚਾਰ ਖਤਮ ਕਰਨ ਵੱਲ, ਬਹੁਤ ਧਿਆਨ ਦੇ ਰਹੀ ਹੈ । ਜਨਵਰੀ ਤੋਂ ਨਬਵੰਰ, 1974 ਦੇ ਵਿਚਕਾਰ, ਰਿਸ਼ਵਤ ਲੈਣ ਦੇ ਕੇਸ ਵਿਚ 79 ਮੁਲਾਜ਼ਮਾਂ ਨੂੰ ਰੰਗੇ ਹੱਥੀਂ ਗਰਿਫਤਾਰ ਕੀਤਾ ਗਿਆ ਸੀ । ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਵੱਖ ਵੱਖ ਅਦਾਲਤਾਂ ਵਲੋਂ 35 ਮੁਲਾਜ਼ਮਾਂ ਨੂੰ ਸਜ਼ਾ ਹੋਈ ਸੀ ਅਤੇ 99 ਮੁਲਾਜ਼ਮਾਂ ਨੂੰ ਵਿਭਾਗੀ ਤੌਰ ਤੇ ਸਜ਼ਾ ਦਿਤੀ ਗਈ ਸੀ ।

27. ਮੇਰੀ ਸਰਕਾਰ ਆਪਣੇ ਮੁਲਾਜ਼ਮਾਂ, ਖਾਸ ਕਰਕੇ ਘੱਟ ਆਮਦਨ ਵਾਲੇ ਮੁਲਾਜ਼ਮਾਂ ਨੂੰ ਵੱਧ ਰਹੀਆਂ ਕੀਮਤਾਂ ਕਾਰਣ ਪੇਸ਼ ਆਉਣ ਵਾਲੀਆਂ ਦਿੱਕਤਾਂ ਤੋਂ ਭਲੀ ਪ੍ਰਕਾਰ ਜਾਣੂ ਹੈ । ਉਨ੍ਹਾਂ ਦੀ ਦਿੱਕਤ ਨੂੰ ਮੁੱਖ ਰਖਦੇ ਹੋਏ ,ਕੇਂਦਰੀ ਸਰਕਾਰ ਵਲੋਂ ਵਧਾਏ ਗਏ ਮਹਿੰਗਾਈ ਭੱਤੇ ਦੇ ਦਰ ਮਿਤੀ ਪਹਿਲੀ ਜਨਵਰੀ, ਪਹਿਲੀ ਫਰਵਰੀ,ਪਹਿਲੀ ਅਪਰੈਲ, 1974 ਤੋਂ ਦਿਤੇ ਗਏ ਹਨ । ਰਾਜਧਾਨੀ ਮੁਆਵਜ਼ਾ ਭੱਤਾ ਵੀ ਸਾਰੇ ਮੁਲਾਜ਼ਮਾਂ ਨੂੰ ਮਿਤੀ 1 ਜੁਲਾਈ 1974 ਤੋਂ ਦੇ ਦਿਤਾ ਗਿਆ ਹੈ । 40 ਰੁਪਏ ਤੋਂ 200 ਰੁਪਏ ਮਹੀਨਾ ਪੈਨਸ਼ਨ ਲੈਣ ਵਾਲੇ ਪੈਨਸ਼ਨਰਾਂ ਨੂੰ 10 ਰੁਪਏ ਮਹੀਨਾ ਹੋਰ ਵਧਾ ਦਿੱਤਾ ਗਿਆ ਹੈ । ਇਹ ਲਾਭ ਉਨ੍ਹਾਂ ਵਿਅਕਤੀਆਂ ਨੂੰ ਵੀ ਦਿਤਾ ਗਿਆ ਹੈ ਜਿਨ੍ਹਾਂ ਨੂੰ ਪਰਵਾਰ ਪੈਨਸ਼ਨ, ਵਜ਼ੀਫਾ ਭੱਤਾ ਜਾਂ ਗੁਜ਼ਾਰਾ ਪੈਨਸ਼ਨ ਦੀ ਰਕਮ ਮਿਲਦੀ ਹੈ । ਪੁਲਿਸ ਕੰਸਟੇਬਲਾਂ ਅਤੇ ਹੈਡ ਕੰਸਟੇਬਲਾਂ ਨੂੰ 10 ਰੁਪਏ ਮਹੀਨਾ ਸਵਾਰੀ ਭੱਤਾ ਦਿਤਾ ਗਿਆ ਹੈ, ਪੁਲਿਸ ਵਿਭਾਗ ਦੇ ਮੁਲਾਜ਼ਮਾਂ ਦਾ ਕਿੱਟ ਭੱਤਾ ਵਧਾ ਕੇ 7.50 ਰੁਪਏ ਕਰ ਦਿਤਾ ਗਿਆ ਹੈ । ਇਸ ਤਰ੍ਹਾਂ ਦੀਆਂ ਸਹੂਲਤਾਂ ਦੇਣ ਨਾਲ ਸਾਲ 1974—75 ਵਿਚ 6.44 ਕਰੋੜ ਅਤੇ ਸਾਲ 1975-76 ਵਿਚ 6.82 ਕਰੋੜ ਦਾ ਹੋਰ ਖਰਚ ਵੱਧ ਗਿਆ ਹੈ ।

ਸੰਖੇਪ ਵਿਚ ਮੈਂ ਇਥੇ ਵਿਕਾਸ ਸਬੰਧੀ ਉਨ੍ਹਾਂ ਸਮਾਜਕ ਆਰਥਕ ਕਾਰਵਾਈਆਂ ਅਤੇ ਸਰਗਰਮੀਆਂ ਦਾ ਜ਼ਿਕਰ ਕੀਤਾ ਹੈ ਜਿਹੜੀਆਂ ਕਿ ਮੇਰੀ ਸਰਕਾਰ ਨੇ ਸਮਾਜਕ ਨਿਆਂ ਦੀ ਪ੍ਰਾਪਤੀ ਦੇ ਨਜ਼ਰੀਏ ਨਾਲ ਰਾਜ ਦੀ ਬਿਹਤਰੀ ਅਤੇ ਆਰਥਕ ਖੁਸ਼ਹਾਲੀ ਲਈ ਕੀਤੀਆਂ ਹਨ ਜਾਂ ਕਰ ਰਹੀ ਹੈ । ਵਿਧਾਨ ਸਭਾ ਦੇ ਮੈਂਬਰਾਂ ਅਤੇ ਰਾਜ ਸਰਕਾਰ ਨੇ ਪੰਜਾਬ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਅਹਿਮ ਕੰਮ ਕਰਨਾ ਹੈ । ਮੈਨੂੰ ਯਕੀਨ ਹੈ ਕਿ ਇਸ ਮਹਾਨ ਸਦਨ ਵਿਚ ਤੁਹਾਡੇ ਸਰਗਰਮ ਸਹਿਯੋਗ ਅਤੇ ਉਸਾਰੂ ਵਿਚਾਰ-ਵਿਟਾਂਦਰੇ ਸਦਕਾ ਸਾਡਾ ਰਾਜ, ਦੇਸ਼ ਵਿਚ ਆਪਣਾ ਉੱਘਾ ਨਾਂ ਕਾਇਮ ਰੱਖੇਗਾ ।

ਮੈਂ ਆਪ ਸਾਰਿਆਂ ਅਤੇ ਰਾਜ ਦੇ ਸਾਰੇ ਲੋਕਾਂ ਲਈ ਖੁਸ਼ੀ ਅਤੇ ਖੁਸ਼ਹਾਲੀ ਦੀ ਕਾਮਨਾਂ ਕਰਦਾ ਹਾਂ ।

———

ਜੈ ਹਿੰਦ

PANEL OF CHAIRMEN

Mr. Speaker : Under rule 13(1) of the Rules of Procedure and Conduct of Business in the Punjab Legislative Assembly, I nominate the following Members to serve on the Panel of Chairmen :—

1. Acharya Prithvi Singh Azad.
2. Chaudhri Darshan Singh.
3. Giani Arjan Singh Litt.
4. Comrade Raj Kumar.

———

FIRST REPORT OF THE BUSINESS ADVISORY COMMITTEE

Mr. Speaker : I have to report the programme of the Punjab Vidhan Sabha from 8th January to 23rd January, 1975, as contained in the First Report of the Business Advisory Committee. The Report reads :—

After some discussion, it was decided that the following business be transacted at the sittings from 8th January, 1975 to 23rd January, 1975 :—

Wednesday, the 8th January, 1975.	(i) Laying of the copy of the Governor's Address. (ii) Papers to be laid on the Table of th House. (iii) Discussion on Governor's Address.
Thursday, the 9th January, 1975. (Morning)	Non-official Business.
Friday, the 10th January, 1975. (Morning)	Resumption of the discussion on Governor's Address.
Saturday, the 11th January, 1975. (Morning)	(i) Question left over from the list of Questions for 10th January, 1975. (ii) Resumption of the discussion on Governor's Address and voting on the motion of Thanks.
Sunday, the 12th January, 1975.	Holiday.
Monday, the 13th January, 1975.	Off-day.
Tuesday, the 14th January, 1975.	Off-day.
Wednesday, the 15th January, 1975. (1.30 P.M.)	Presentation of Budget Estimates for 1975-76.
Thursday, the 16th January, 1975. (Morning)	(i) Presentation of Supplementary Estimates for 1974-75. (Second Instalment) (ii) Non-official Business.
Friday, the 17th January, 1975	Off-day.
Saturday, the 18th January, 1975.	Off-day.
Sunday, the 19th January, 1975.	Holiday.
Monday, the 20th January, 1975. (Afternoon)	General discussion on the Budget for 1975-76.
Tuesday, the 21st January, 1975. (Morning)	Resumption of general discussion on the Budget for 1975-76.
Wednesday, the 22nd January, 1975. (Morning)	Resumption of general discussion on the Budget for 1975-76.
*Thursday, the 23rd January, 1975. (Morning)	Discussion and voting on Demands for Grants in connection with the Budget Estimates for 1975-76.

*(To this extent Rule 30 of the Rules of Procedure be suspended for this sitting).

Revenue and Election Minister Sardar Umrao Singh: Sir, I beg to move—

That this House agrees with the recommendations contained in the First Report of the Business Advisory Committee.

Mr. Speaker : Motion moved—

That this House agrees with the recommendations contained in the First Report of the Business Advisory Committee.

ਸਰਦਾਰ ਕਰਨੈਲ ਸਿੰਘ ਮੜ੍ਹਰੀ : * * * * (ਵਿਘਨ)

ਸ੍ਰੀ ਸਪੀਕਰ: ਮੜ੍ਹਰੀ ਸਾਹਿਬ, ਜੋ ਕੁਝ ਕਹਿ ਰਹੇ ਹਨ ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ। (Whatever Marhari Sahib is saying should be expunged.)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ 11 ਤਾਰੀਖ਼ ਨੂੰ ਛੁੱਟੀ ਸੀ ਪਰ ਇਸ ਪ੍ਰੋਗਰਾਮ ਦੇ ਮੁਤਾਬਕ 11 ਤਾਰੀਖ ਦਾ ਦਿਨ ਵਰਕਿੰਗ ਡੇ ਹੈ। 11 ਤਾਰੀਖ਼ ਨੂੰ ਪੰਜਾਬ ਸਰਕਾਰ ਦੇ ਆਫ਼ਿਸ ਕਲੋਜ਼ਡ ਹਨ ਅਤੇ ਅੱਗੇ ਇਹ ਕੰਨਵੈਨਸ਼ਨ ਹੈ ਕਿ ਜਿਸ ਦਿਨ ਛੁੱਟੀ ਹੁੰਦੀ ਸੀ ਉਸ ਦਿਨ ਹਾਊਸ ਮੀਟ ਨਹੀਂ ਸੀ ਕਰਿਆ ਕਰਦਾ, ਅਗਰ ਕੋਈ ਬਹੁਤ ਹੀ ਐਮਰਜੈਂਸੀ ਹੋ ਜਾਵੇ ਤਾਂ ਹਾਊਸ ਮੀਟ ਕਰ ਸਕਦਾ ਸੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਕੋਈ ਕਾਹਲੀ ਨਹੀਂ ਔਰ 11 ਤਾਰੀਖ਼ ਨੂੰ ਹਾਲੀਡੇ ਹੈ ਅਤੇ ਹਾਊਸ ਮੀਟ ਨਹੀਂ ਕਰਨਾ ਚਾਹੀਦਾ। ਗੌਰਮੈਂਟ ਦੀ ਤਜਵੀਜ਼ ਇਹ ਹੈ ਕਿ ਚੂੰਕਿ 15 ਤਾਰੀਖ਼ ਨੂੰ ਬਜੱਟ ਆਉਣਾ ਹੈ ਇਸ ਲਈ 11 ਤਾਰੀਖ਼ ਨੂੰ ਹਾਊਸ ਮੀਟ ਕਰੇਗਾ। ਮੇਰੀ ਇਹ ਤਜਵੀਜ਼ ਹੈ ਕਿ 15 ਨੂੰ ਬਜੱਟ ਪੇਸ਼ ਕਰ ਦਿੱਤਾ ਜਾਏ ਅਤੇ ਉਸ ਤੋਂ ਅਗਲੇ ਦਿਨ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋ ਜਾਵੇ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰੀ ਵੀ ਇਹ ਰਾਏ ਹੈ ਕਿ ਹਾਊਸ ਸੈਚਰਡੇ ਵਾਲੇ ਦਿਨ ਮੀਟ ਨਾ ਕਰੇ।

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, 13 ਦੀ ਰੈਸਟ੍ਰਿਕਟਿਡ ਛੁੱਟੀ ਹੈ ਅਤੇ 14 ਨੂੰ ਕੋਈ ਛੁੱਟੀ ਨਹੀਂ, ਪਰ ਬਰਨਾਲਾ ਜੀ ਨੇ ਕਿਹਾ ਸੀ ਕਿ 14 ਨੂੰ ਮਾਘੀ ਹੈ ਅਤੇ ਆਨ-ਰੇਬਲ ਮੈਂਬਰ ਸਾਹਿਬ ਉਸ ਦਿਨ ਮੁਕਤਸਰ ਸਾਹਿਬ ਜਾਣਗੇ ਅਤੇ ਸ਼ਾਇਦ ਸਾਡੇ ਵੀ ਜਾਣ, ਅਤੇ ਇਸ ਲਈ 14 ਨੂੰ ਹਾਊਸ ਨੇ ਮੀਟ ਨਹੀਂ ਕਰਨਾ। ਹੁਣ ਚੂੰਕਿ 15 ਤਾਰੀਖ਼ ਨੂੰ ਬਜੱਟ ਹੈ ਅਤੇ ਬਜੱਟ ਦੀ ਤਾਰੀਖ਼ ਗਵਰਨਰ ਸਾਹਿਬ ਤੋਂ ਅਪਰੂਵਡ ਹੈ। ਇਸ ਲਈ ਅਸੀਂ ਉਸ ਤੋਂ ਪਹਿਲਾਂ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਮੁਕਾਉਣਾ ਚਾਹੁੰਦੇ ਹਾਂ ਅਤੇ ਸਾਰੀਆਂ ਪਾਰਟੀਆਂ ਨੇ ਐਗਰੀ ਕੀਤਾ ਸੀ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਹੋਣ ਦਿਉ ਸਾਰਿਆ ਦੀ ਸਲਾਹ ਨਾਲ ਹੋਇਆ ਹੈ। (Chaudhri Sahib let it be as it has been done with the consent of all the parties).

Mr. Speaker : Question is—

That this House agrees with the recommendation contained in the First Report of the Business Advisory Committee.

The motion was carried.

---

*Expunged as ordered by the Chair.

PAPERS RE-LAID/LAID ON THE TABLE

Chief Parliamentary Secretary (Sardar Gurcharan Singh Nihalsinghwala) : Sir, I beg to—

(i) re-lay on the Table the Punjab Scheduled Castes Land Development and Finance Corporation (General) Rules, 1974, as required under Section 35(3) of the Punjab Scheduled Castes Land Development and Finance Corporation Act, 1970.

(ii) lay on the Table the 21st Annual Report of the Punjab Financial Corporation for the year ended 31st March, 1974, as required under Section 38(3) of the State Financial Corporation Act, 1951.

(iii) lay on the Table the 7th Annual Report of the Punjab State Industrial Development Corporation Limited for the year 1972-73, as required under Section 619-A of the Companies Act, 1956.

(iv) lay on the Table the Audit Report on the working of the Punjab Financial Corporation for the year 1972-73, as required under Section 37(7) of the Financial Corporation Act, 1951.

(v) lay on the Table the Punjab Homoeopathic Practitioners (Recognition of Institutions) Regulations, 1974, as required under Section 55 of the Punjab Homoeopathic Practitioners Act, 1965.

(vi) lay on the Table the Punjab Contingency Fund (Second Amendment) Ordinance, 1974, (Punjab Ordinance No. 10 of 1974) and the Punjab Panchayat Samitis and Zila Parishads (Amendment) Ordinance, 1974 (Punjab Ordinance No. 11 of 1974).

(vii) lay on the Table the Constitution (Thirty-Sixth Amendment) Bill, 1974, as passed by the Houses of Parliament.

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਕੋਲੋਂ ਪਹਿਲਾਂ ਵਕਤ ਮੰਗਿਆ ਸੀ । ਮੈਂ ਇੱਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ । ਇਹ ਥੀਨ ਡੈਮ ਦੇ ਸਿਲਸਿਲੇ ਵਿੱਚ ਸੀ ।

ਸ਼੍ਰੀ ਸਪੀਕਰ : ਤੁਸੀਂ ਇਸ ਬਾਰੇ ਗਵਰਨਰ ਦੇ ਐਡਰੈਸ ਤੇ ਡਿਸਕਸ਼ਨ ਕਰਦੇ ਹੋਏ ਬੋਲ ਲੈਣਾ। (You may speak on the Thein Dam during discussion on Governor's address.)

ਸਰਦਾਰ ਪਰਕਾਸ਼ ਸਿੰਘ ਬਾਦਲ : ਤੁਸੀਂ ਜਿਹੜੇ ਰੀਜ਼ਨ ਇਸ ਐਡਜਰਨਮੈਂਟ ਮੋਸ਼ਨ ਨੂੰ ਰਿਜੈਕਟ ਕਰਨ ਦੇ ਦਿੱਤੇ ਉਹ ਗਲਤ ਹਨ । ਤੁਸੀਂ ਪਹਿਲਾ ਰੀਜ਼ਨ ਦਿੱਤਾ ਹੈ : This matter has not cropped up suddenly, it was raised in the earlier Session also. ਸਪੀਕਰ ਸਾਹਿਬ, ਸਾਨੂੰ ਇਹ ਐਡਜਰਨਮੈਂਟ ਮੋਸ਼ਨ ਦੇਣ ਦੀ ਜ਼ਰੂਰਤ ਇਸ ਕਰਕੇ ਮਹਿਸੂਸ ਹੋਈ ਹੈ ਕਿ ਅੱਜ ਪੰਜਾਬ ਵਿੱਚ ਸਭ ਤੋਂ ਵੱਡਾ ਮਸਲਾ ਬਿਜਲੀ ਦਾ ਹੈ ਜਿਸ ਕਾਰਣ ਪੰਜਾਬ ਦੇ ਕਾਰਖਾਨੇ ਬੰਦ ਹਨ। ਮੈਂ ਸਮਝਦਾ ਸੀ ਕਿ ਸਰਕਾਰ ਇਸ ਚੀਜ਼ ਦੀ ਮਹਾਨਤਾ ਨੂੰ ਸਾਮਣੇ ਰੱਖਦੇ ਹੋਏ ਥੀਨ ਡੈਮ ਦਾ ਜ਼ਿਕਰ ਗਵਰਨਰਜ਼ ਐਡਰੈਸ ਵਿੱਚ ਜ਼ਰੂਰ ਕਰੇਗੀ । ਇਹ ਬੜਾ ਅਰਜੈਂਟ ਮੈਟਰ ਹੈ । ਕਲ੍ਹ ਹੀ ਗਵਰਨਰਜ਼ ਐਡਰੈਸ ਇਥੇ ਪੇਸ਼ ਕੀਤਾ ਗਿਆ । ਇਸ ਦੇ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ ਹੈ । ਦੂਸਰਾ ਰੀਜ਼ਨ ਤੁਸੀਂ ਇਹ ਦਿੱਤਾ ਹੈ :—

Stopping the water of river Ravi to Pakistan is the responsibility of the Government of India.

[ਸਰਦਾਰ ਪਰਕਾਸ਼ ਸਿੰਘ ਬਾਦਲ]

ਮੈਂ ਸਮਝਦਾ ਹਾਂ ਕਿ ਇਹ ਸਟੇਟ ਗੌਰਮਿੰਟ ਦੀ ਵੀ ਰਿਸਪਾਂਸੀਬਿਲਟੀ ਹੈ । ਇਹ ਡੈਫੀਨਿਟ ਗੱਲ ਹੈ । ਸਾਡੀ ਸਰਕਾਰ ਨੂੰ ਥੀਨ ਡੈਮ ਬਣਾਉਣ ਦੇ ਅਖਤਿਆਰਾਤ ਹਨ । ਇਹ ਡੈਮ ਬਣਾ ਸਕਦੇ ਹਨ ਤੁਸੀਂ ਇਹ ਜਿਹੜੇ ਰੀਜ਼ਨ ਦਿੱਤੇ ਹਨ ਇਹ ਠੀਕ ਨਹੀਂ ।

ਸ੍ਰੀ ਸਪੀਕਰ : ਇਹ ਜਿਹੜਾ ਤੁਸੀਂ ਕਿਹਾ ਹੈ ਕਿ ਇਸ ਐਡਜਰਨਮੈਂਟ ਮੋਸ਼ਨ ਨੂੰ ਰਿਜੈਕਟ ਕਰਨ ਦੇ ਰੀਜ਼ਨ ਗਲਤ ਹਨ, ਇਹ ਚੇਅਰ ਤੇ ਅਸਪਰਸ਼ਨ ਹੈ । (Your saying that the reasons given for rejecting this Adjournment Motion are wrong is an aspersion on the Chair.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਅੱਜ ਪੰਜਾਬ ਦਾ ਸਭ ਤੋਂ ਵੱਡਾ ਮਸਲਾ ਬਿਜਲੀ ਅਤੇ ਪਾਣੀ ਦਾ ਹੈ । ਜਦੋਂ ਤੱਕ ਥੀਨ ਡੈਮ ਕੰਪਲੀਟ ਨਹੀਂ ਹੋ ਜਾਂਦਾ ਇਹ ਮਸਲਾ ਹੱਲ ਨਹੀਂ ਹੋ ਸਕਦਾ । ਸੂਬੇ ਦੀ ਸਰਕਾਰ ਇਸ ਸਬੰਧ ਵਿਚ ਬੜੀ ਦੇਰ ਤੋਂ ਅਣਗਹਿਲੀ ਕਰ ਰਹੀ ਹੈ । ਅਸੀਂ ਚਾਹੁੰਦੇ ਹਾਂ ਕਿ ਇਸ ਲਈ ਬਜਟ ਵਿੱਚ ਡੈਫੀਨਿਟ ਪ੍ਰੋਵੀਜ਼ਨ ਹੋਵੇ । ਸਰਕਾਰ ਅਸ਼ੋਰੈਂਸ ਦੇਵੇ ਕਿ ਅਸੀਂ ਇਸ ਸਾਲ ਦੇ ਬਜਟ ਵਿੱਚ ਥੀਨ ਡੈਮ ਲਈ ਪ੍ਰੋਵੀਜ਼ਨ ਰਖਾਂਗੇ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ ਸਰ ।

ਸ੍ਰੀ ਸਪੀਕਰ : ਸਰਦਾਰੀ ਲਾਲ ਕਪੂਰ ਜੀ ਤੁਸੀਂ ਮੂਵ ਕਰੋ । (Sardari Lal Kapoor Ji, please move your motion.)

ਸਰਦਾਰ ਜਸਵਿੰਦਰ ਸਿੰਘ ਬਰਾੜ : * * * * * *

ਸ੍ਰੀ ਸਪੀਕਰ : ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ । (Whatever the hon. member is saying without the permission of the Chair should not be recorded.)

Sardar Jaswinder Singh Brar : * *

Mr. Speaker : Brar Sahib, you are obstructing the proceedings of the House. I cannot tolerate this. This should not be recorded.

DISCUSSION ON GOVERNOR'S ADDRESS

Shri Sardari Lal Kapoor (Ludhiana, North) : I beg to move that an Address be presented to the Governor in the following terms—

> "That the Members of this House assembled in this Session are deeply grateful to the Governor for the Address which he has been pleased to deliver to the House on the 7th January, 1975."

(*Interruptions and Noise in the House*)

---

*Not recorded as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : ਇਹ ਐਸ਼ੋਰੈਂਸ ਦੇਣ ਕਿ ਪੰਜਾਬ ਸਰਕਾਰ ਥੀਨ ਡੈਮ ਆਪਣੇ ਆਪ ਬਣਾਵੇਗੀ ।

ਸ੍ਰੀ ਸਪੀਕਰ: ਤੁਹਾਡਾ ਬੀਹੇਵੀਅਰ ਡਿਸਆਰਡਰਲੀ ਹੈ । (Your behaviour is disorderly).

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਹਾਊਸ ਦੇ ਸਾਹਮਣੇ ਇੱਕ ਡਾਕੂਮੈਂਟ ਪੇਸ਼ ਕਰਨਾ ਚਾਹੁਦਾ ਹਾਂ। ਮੈਂ ਤੁਹਾਡੀ ਅਤੇ ਹਾਊਸ ਦੀ ਬੜੀ ਇਜ਼ਤ ਕਰਦਾ ਹਾਂ । ਮੈਨੂੰ ਇਜਾਜ਼ਤ ਦਿਉ ।

ਸ੍ਰੀ ਸਪੀਕਰ : ਤੁਸੀਂ ਡਾਕੂਮੈਂਟ ਪੇਸ਼ ਨਹੀਂ ਕਰ ਸਕਦੇ । (You can't lay the document on the Table of the House.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਗਵਰਨਰ ਐਡਰੈਸ 1973 ਦੀ ਕਾਪੀ ਪੇਸ਼ ਕਰਦਾ ਹਾਂ। ਪੰਜਾਬ ਦੀ ਜਨਤਾ ਨਾਲ ਬੜਾ ਧੱਕਾ ਕੀਤਾ ਗਿਆ ਹੈ। ਮੇਰੀ ਗੱਲ ਸੁਣ ਲਉ ।

ਸ੍ਰੀ ਸਪੀਕਰ : ਪਹਿਲਾਂ ਗਵਰਨਰ ਐਡਰੈਸ ਤੇ ਮੋਸ਼ਨ ਤਾਂ ਮੂਵ ਕਰ ਲੈਣ ਦਿਉ । (Please let the motion on Governor's Address be moved first.)

ਸਰਦਾਰ ਬਲਵਿੰਦਰ ਸਿੰਘ ਭੂੰਦੜ । ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਉ ।

Mr. Speaker : I am very sorry. You are obstructing the proceedings of the House and your behaviour is very disorderly. This is not the proper way. Zero Hour is over and we are now taking the next item on the List of Business viz. the Discussion on Governor's Address.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਪੰਜਾਬ, ਸਰਕਾਰ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ । ਇਨ੍ਹਾਂ ਨੂੰ ਥੀਨ ਡੈਮ ਦੀ ਮਨਜ਼ੂਰੀ ਮਿਲੀ । ਇਸ ਦੇ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ।

ਸ੍ਰੀ ਸਪੀਕਰ: ਤੁਸੀਂ ਹੁਣ ਬੈਠ ਜਾਉ । ਮੈਨੂੰ ਤੁਹਾਨੂੰ ਨੇਮ ਕਰਨਾ ਪਵੇਗਾ । ਬਾਦਲ ਸਾਹਿਬ ਨੇ ਗੱਲ ਪਹਿਲਾਂ ਕਹਿ ਹੀ ਲਈ ਹੈ । (Please resume your seat now. I will have to name you. Badal Sahib has already made a mention about it.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, 1973 ਦੇ ਗਵਰਨਰ ਐਡਰੈਸ ਵਿੱਚ ਕਿਹਾ ਗਿਆ ਸੀ ਕਿ ਥੀਨ ਡੈਮ ਦੇ ਪ੍ਰਜੈਕਟ ਦੀ ਪ੍ਰਵਾਨਗੀ ਜਿਹੜੀ ਕਿ ਕਈ ਸਾਲਾਂ ਤੋਂ ਰੁਕੀ ਪਈ ਸੀ, ਕਈ ਪੱਧਰ ਤੇ ਸਰਕਾਰ ਦੁਆਰਾ ਯਤਨ ਕਾਰਨ ਮਿਲ ਗਈ ਹੈ । ਹੁਣ ਇਹ ਮੁਕੱਰ ਰਹੇ ਹਨ ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਪਹਿਲੇ ਗਵਰਨਰਜ਼ ਐਡਰੈਸ ਵਿੱਚ ਆਇਆ ਸੀ ਕਿ ਥੀਨ ਡੈਮ ਦੀ ਮਨਜ਼ੂਰੀ ਮਿਲ ਗਈ ਹੈ । ਬਾਦਲ ਸਾਹਿਬ ਨੇ

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਐਡਜਰਨਮੈਂਟ ਮੋਸ਼ਨ ਦਿੱਤੀ ਸੀ । ਇਹ ਐਡਮਿਟ ਹੋਣੀ ਚਾਹੀਦੀ ਸੀ । ਜੇ ਹੁਣ ਅਸੀਂ ਇਸ ਬਾਰੇ ਨਹੀਂ ਬੋਲ ਲੈਂਦੇ ਤਾਂ ਗਵਰਨਰ ਐਡਰੈਸ ਤੇ ਡਿਸ਼ਕਸ਼ਨ ਕਰਦੇ ਹੋਏ ਸਾਡਾ ਟਾਈਮ ਇਸ ਪਾਸੇ ਲੱਗ ਜਾਣਾ ਹੈ । ਜਿਹੜੇ ਤੁਸੀਂ ਐਡਜਰਨਮੈਂਟ ਮੋਸ਼ਨ ਨੂੰ ਰਿਜੈਕਟ ਕਰਨ ਦੇ * * * *

ਸ੍ਰੀ ਸਪੀਕਰ : ਇਹ ਚੇਅਰ ਤੇ ਐਸਪਰਸ਼ਨ ਹੈ । ਇਹ ਰਿਕਾਰਡ ਨਾ ਕੀਤੀ ਜਾਵੇ । (This is an aspersion on the Chair and should not be recorded.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਸਾਡੇ ਹੱਥ ਕਮਜ਼ੋਰ ਨਹੀਂ । ਪਾਣੀ ਪਾਕਿਸਤਾਨ ਨੂੰ ਜਾਵੇ ਅਤੇ ਅਸੀਂ ਕਿਨਾਰੇ ਤੇ ਖੜ੍ਹੇ ਦੇਖਦੇ ਰਹੀਏ ਕਿ ਸੈਂਟਰ ਦੀ ਸਰਕਾਰ ਇਸ ਨੂੰ ਬੰਦ ਕਰੇਗੀ ।

ਸ੍ਰੀ ਸਰਦਾਰੀ ਲਾਲ ਕਪੂਰ : ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

ਸ੍ਰੀ ਸਪੀਕਰ : ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair should not be recorded.)

ਸਰਦਾਰ ਬਲਵਿੰਦਰ ਸਿੰਘ ਭੂੰਦੜ : * * * *

ਸ੍ਰੀ ਸਪੀਕਰ : ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. member is saying without the permission of the Chair should not be recorded).

ਸਰਦਾਰ ਪਰਕਾਸ਼ ਸਿੰਘ ਬਾਦਲ : ਇਹ ਅਸ਼ੋਰੈਂਸ ਦੇਣ । ਇਹ ਜਵਾਬ ਦੇਣ ।

ਸ੍ਰੀ ਸਪੀਕਰ : ਮੈਂ ਇਨ੍ਹਾਂ ਨੂੰ ਅਸ਼ੋਰੈਂਸ ਦੇਣ ਲਈ ਫੋਰਸ ਨਹੀਂ ਕਰ ਸਕਦਾ । ਡਿਬੇਟ ਖਤਮ ਹੋਣ ਤੋਂ ਬਾਦ ਜ਼ਰੂਰ ਜਵਾਬ ਦੇ ਦੇਣਗੇ । (I can't force the Government to give an assurance. They will give a reply after the conclusion of the Debate.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਅਸ਼ੋਰੈਂਸ ਦੇਣ ਕਿ ਅਸੀਂ ਬਜੱਟ ਵਿੱਚ ਪ੍ਰੋਵੀਜ਼ਨ ਰਖਾਂਗੇ । ਇਹ ਪੰਜਾਬ ਸਾਹਮਣੇ ਅੱਜ ਬੜਾ ਮਸਲਾ ਹੈ ।

ਸ੍ਰੀ ਸਪੀਕਰ : ਤੁਸੀਂ ਲੀਡਰ ਆਫ ਦੀ ਆਪੋਜ਼ੀਸ਼ਨ ਹੋ । ਤੁਹਾਨੂੰ ਪਤਾ ਹੈ ਕਿ ਪੁਆਇੰਟ ਆਫ ਆਰਡਰ ਕੀ ਹੁੰਦਾ ਹੈ । ਤੁਸੀਂ ਤਾਂ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਆਬਸਟਰਕਟ ਕਰ ਰਹੇ ਹੋ । ਤੁਸੀਂ ਪੁਆਇੰਟ ਆਫ ਆਰਡਰ ਰੇਜ਼ ਨਹੀਂ ਕਰ ਰਹੇ । ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ

---

*Not recorded as ordered by the Chair.

ਕਿ ਜਿਸ ਵੇਲੇ ਉਹ ਡਿਬੇਟ ਕਲੋਜ਼ ਕਰਨਗੇ ਤਾਂ ਉਸ ਵੇਲੇ ਥੀਨ ਡੈਮ ਬਾਰੇ ਜ਼ਰੂਰ ਰੋਸ਼ਨੀ ਪਾਉਣ । (You are Leader of the Opposition. You know what a point of order is. You are just obstructing the proceedings of the House. You are not raising a point of order. I would request the Chief Minister to say some thing about the Thein Dam while concluding the Debate.)

ਸਰਦਾਰ ਪਰਕਾਸ਼ ਸਿੰਘ ਬਾਦਲ : ਅਸੀਂ ਤਾਂ ਇਸ ਸਾਲ ਦੇ ਬਜਟ ਵਿੱਚ ਪੈਸੇ ਰਖਵਾਉਣੇ ਹਨ ।

WALK-OUT

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਐਜ਼ ਏ ਪ੍ਰੋਟੈਸਟ ਅਸੀਂ ਵਾਕ ਆਊਟ ਕਰਦੇ ਹਾਂ । ਅਸੀਂ ਤਿੰਨਾਂ ਗੱਲਾਂ ਤੇ ਵਾਕ ਆਊਟ ਕਰਦੇ ਹਾਂ । ਇਕ ਤਾਂ ਥੀਨ ਡੈਮ ਦੇ ਮਸਲੇ ਤੇ, ਦੂਸਰਾ ਇਹ ਕਿ ਇਸ ਹਾਊਸ ਦੇ ਕੁਝ ਕਾਂਗਰਸੀ ਮੈਂਬਰਜ਼ ਨੇ ਔਰ ਅਸੀਂ ਔਰ ਕਮਿਊਨਿਸਟ ਮੈਂਬਰਜ਼ ਨੇ ਵੀ ਇਹ ਗੱਲ ਕਹੀ ਸੀ ਕਿ ਜਿਨ੍ਹਾਂ ਸਿਆਸਤਦਾਨਾਂ, ਮੈਂਬਰਾਂ ਔਰ ਅਫ਼ਸਰਾਂ ਦੇ ਖਿਲਾਫ ਸਮੱਗਲਿੰਗ ਦੇ ਇਲਜ਼ਾਮ ਹੋਣ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣ ਲਈ ਇਸ ਹਾਊਸ ਦੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਜਿਹੜੀ ਕਿ ਨਹੀਂ ਬਣਾਈ ਗਈ । ਤੀਸਰਾ ਇਹ ਕਿ ਪੰਜਾਬ ਦੀ ਸਰਕਾਰ ਨੇ ਜਿਹੜਾ ਕਿਸਾਨਾਂ ਤੇ ਆਬਿਆਨਾਂ ਵਧਾ ਦਿੱਤਾ ਹੈ । ਇਨ੍ਹਾਂ ਤਿੰਨਾਂ ਵਜੂਹਾਤ ਕਰਕੇ ਅਸੀਂ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਮਾਸਟਰ ਚੰਦ ਸਿੰਘ ਤੋਂ ਬਿਨਾਂ ਸਦਨ ਵਿਚ ਹਾਜ਼ਰ ਸਾਰੇ ਹੀ ਵਿਰੋਧੀ ਧਿਰ ਵਾਲੇ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ । ਮੈਂਬਰ ਸਾਹਿਬਾਨ ਜਾਂਦੇ ਜਾਂਦੇ ਨਾਹਰੇ ਲਗਾ ਰਹੇ ਸਨ।

* * * *

Mr. Speaker : Slogans being raised by the hon'ble Members should not be recorded.

ਕਾਮਰੇਡ ਸੱਤ ਪਾਲ ਡਾਂਗ : * * * *

ਸ੍ਰੀ ਸਪੀਕਰ : ਤੁਹਾਡਾ ਇਹ ਪੁਆਇੰਟ ਆਫ ਆਰਡਰ ਤਾਂ ਬਣਦਾ ਨਹੀਂ ਹੈ । (This is not a point of order.)

DISCUSSION ON GOVERNOR'S ADDRESS
(Resumption)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਨ ਲਈ ਖੜ੍ਹਾ ਹੋਇਆ ਹਾਂ । ਗਵਰਨਰ ਸਾਹਿਬ ਦਾ ਭਾਸ਼ਣ ਜਿਹੜਾ ਹੁੰਦਾ ਹੈ ਉਸ ਵਿਚ ਗੌਰਮਿੰਟ ਦੀ ਇਕ ਤਸਵੀਰ ਪੇਸ਼ ਕੀਤੀ ਹੁੰਦੀ ਹੈ । ਉਸ ਵਿਚ ਪਿੱਛੇ ਜਿਹੇ ਜੋ ਕੁਝ ਕੀਤਾ ਹੁੰਦਾ ਹੈ, ਔਰ ਅੱਗੇ ਜੋ ਕਰਨਾ ਹੁੰਦਾ ਹੈ ਉਸ ਦੀ ਤਸਵੀਰ ਹੁੰਦੀ ਹੈ । (ਇਸ ਸਮੇਂ ਕਈ ਮੈਂਬਰ ਸਾਹਿਬਾਨ ਆਪਸ ਵਿਚ ਬੈਠੇ ਬੈਠੇ ਗੱਲਾਂ ਕਰ ਰਹੇ ਸਨ ।)

*Not recorded/Expunged as ordered by the Chair.

Mr. Speaker : Order please.

ਸ੍ਰੀ ਸਰਦਾਰੀ ਲਾਲ ਕਪੂਰ : ਸੰਨ 1973 ਜਿਹੜਾ ਗੁਜ਼ਰਿਆ ਹੈ ਇਹ ਮੁਸ਼ਕਲਾਤਾਂ ਦਾ ਸਾਲ ਗੁਜ਼ਰਿਆ ਹੈ। ਪਰ ਮੁਸ਼ਕਲਾਤਾਂ ਹੋਣ ਦੇ ਬਾਵਜੂਦ ਵੀ ਸੂਬੇ ਨੇ ਤਰੱਕੀ ਕੀਤੀ ਹੈ। ਜਿਨ੍ਹਾਂ ਲੋਕਾਂ ਨੂੰ ਬਹੁਤ ਹੀ ਦੇਰ ਤੋਂ ਵਿਸਾਰਿਆ ਹੋਇਆ ਸੀ ਭੁਲਾਇਆ ਹੋਇਆ ਸੀ, ਜਿਨ੍ਹਾਂ ਲੋਕਾਂ ਨੇ ਆਜ਼ਾਦੀ ਦੀ ਲੜਾਈ ਵਿਚ ਆਪਣੀਆਂ ਜ਼ਿੰਦਗੀਆਂ ਜੇਲ੍ਹਾਂ ਵਿਚ ਗੁਜ਼ਾਰੀਆਂ, ਕਾਫੀ ਕੁਰਬਾਨੀਆਂ ਕੀਤੀਆਂ, ਉਨ੍ਹਾਂ ਨੂੰ ਪੰਜਾਬ ਦੀ ਸਰਕਾਰ ਨੇ ਸੈਂਟਰ ਗੌਰਮਿੰਟ ਦੀ ਜਿਹੜੀ ਸਕੀਮ ਸੀ ਉਸ ਦੇ ਤਹਿਤ 7 ਹਜ਼ਾਰ ਫਰੀਡਮ ਫਾਈਟਰਜ਼ ਨੂੰ ਪੈਸੇ ਦਿਤੇ ਹਨ। ਇਹ ਸ਼ਲਾਘਾਯੋਗ ਗੱਲ ਹੈ। ਉਨ੍ਹਾਂ ਵਿਚੋਂ ਕਈਆਂ ਵਿਚਾਰਿਆ ਦੀ ਹਾਲਤ ਤਾਂ ਇਸ ਤਰ੍ਹਾਂ ਦੀ ਸੀ ਕਿ ਨਾ ਤਾਂ ਉਹ ਕੰਮ ਹੀ ਕਰਨ ਜੋਗੇ ਸਨ ਔਰ ਨਾ ਹੀ ਉਨ੍ਹਾਂ ਦੀ ਆਮਦਨ ਦਾ ਹੋਰ ਕੋਈ ਜ਼ਰੀਆ ਸੀ। ਉਨ੍ਹਾਂ ਨੂੰ ਦੋ ਦੋ ਸੌ ਰੁਪਏ ਮਿਲੇ, ਜਾਂ ਕੁਝ ਘੱਟ ਮਿਲੇ ਪਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਵਿਚ ਉਹ ਵੀ ਲੋਕ ਸਨ ਜਿਨ੍ਹਾਂ ਲੋਕਾਂ ਨੇ ਗੁਰੂ ਕੇ ਬਾਗ਼ ਵਿਚ ਜਾਂ ਹੋਰ ਤਕਲੀਫਾਂ ਸਹੀਆਂ ਤੇ ਜੇਲ੍ਹਾਂ ਕੱਟੀਆਂ।

12-00 Noon (ਇਸ ਸਮੇਂ ਡਿਪਟੀ ਸਪੀਕਰ ਸਾਹਿਬ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਪੰਜਾਬ ਨੇ ਆਸਾਮ ਨੂੰ ਦੋ ਲੱਖ ਰੁਪਏ ਦਿਤੇ। ਅਨਾਜ ਵੀ ਦਿੱਤਾ, ਕੱਪੜੇ ਵੀ ਦਿੱਤੇ। ਮੈਂ ਲੁਧਿਆਣੇ ਵਿਚ ਸੀ, ਇਹ ਚੀਜ਼ ਮੈਂ ਆਪ ਵੇਖੀ ਹੈ। ਭਾਵੇਂ ਦੋ ਲੱਖ ਰੁਪਏ ਥੋੜ੍ਹੇ ਹਨ ਪਰ ਇਹ ਗੱਲ ਜ਼ਰੂਰ ਹੈ ਕਿ ਪੰਜਾਬ ਦੀ ਦੂਜਿਆਂ ਸੂਬਿਆਂ ਨਾਲ ਸਹਾਨੂਭੂਤੀ ਜ਼ਰੂਰ ਜ਼ਾਹਰ ਕਰਦੀ ਹੈ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਸਾਨੂੰ ਦੂਸਰਿਆਂ ਸੂਬਿਆਂ ਦੇ ਲੋਕਾਂ ਨੂੰ ਜਿਨ੍ਹਾਂ ਨੂੰ ਕੋਈ ਤਕਲੀਫ ਹੁੰਦੀ ਹੈ, ਉਨ੍ਹਾਂ ਨਾਲ ਹਮਦਰਦੀ ਹੈ। ਭਾਵੇਂ ਦੋ ਲੱਖ ਰੁਪਏ ਕੁਝ ਵੀ ਨਹੀਂ ਹਨ। ਫਿਰ ਸਰਕਾਰ ਨੇ ਜਿਹੜੀ ਪਲਾਨਿੰਗ ਬਣਾਈ ਹੈ ਉਸ ਵਿਚ ਨਿਰਾਲੀ ਗੱਲ ਇਹ ਹੋਈ ਹੈ ਜੋ ਕਿ ਮੈਂ ਸਮਝਦਾ ਹਾਂ ਕਿ......

(ਇਸ ਸਮੇਂ ਹੁਕਮਰਾਨ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਆਪਸ ਵਿਚ ਇਕ ਦੂਸਰੇ ਦੀ ਸੀਟ ਉਪਰ ਬੈਠੇ ਗਲਾਂ ਕਰ ਰਹੇ ਸਨ।)

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਹੜੇ ਮੈਂਬਰ ਸਾਹਿਬਾਨ ਆਪਸ ਵਿੱਚ ਗੱਲਾਂ ਕਰਦੇ ਹਨ ਉਨ੍ਹਾਂ ਨੂੰ ਜਾਂ ਤਾਂ ਬਾਹਰ ਭੇਜ ਦਿਓ, ਜਾਂ ਉਨ੍ਹਾਂ ਨੂੰ ਕਹੋ ਕਿ ਉਹ ਗੱਲਾਂ ਨਾ ਕਰਨ।

ਸ੍ਰੀ ਡਿਪਟੀ ਸਪੀਕਰ: (ਚੌਧਰੀ ਸੁੰਦਰ ਸਿੰਘ ਜੀ ਨੂੰ ਸੰਬੋਧਨ ਕਰਦੇ ਹੋਏ।) ਚੌਧਰੀ ਸਾਹਿਬ, ਤੁਸੀਂ ਆਪਣੀ ਸੀਟ ਤੇ ਚੱਲੋ। ਸਰਦਾਰ ਉਮਰਾਓ ਸਿੰਘ ਜੀ ਤੁਸੀਂ ਵੀ ਗਲਾਂ ਨਾ ਕਰੋ। (Chaudhri Sahib, you may please go to your seat. Sardar Umrao Singh Ji, you may also please stop talking.)

ਸ੍ਰੀ ਸਰਦਾਰੀ ਲਾਲ ਕਪੂਰ : ਇਸ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਪੰਜਾਬ ਦੀ ਸਰਕਾਰ ਨੇ ਪੰਜਵੀਂ ਪੰਜ ਸਾਲਾ ਯੋਜਨਾਂ ਦੇ ਪਹਿਲੇ ਸਾਲ ਦੇ 126.58 ਕਰੋੜ ਰੁਪਏ ਦੇ ਯੋਜਨਾਗਤ ਖਰਚੇ ਨੂੰ ਵੱਧਾ ਕੇ ਦੂਜੇ ਸਾਲ ਲਈ 163.30 ਕਰੋੜ ਕਰ ਦਿਤਾ ਹੈ। ਮੈਂ ਸਮਝਦਾ ਹਾਂ ਕਿ ਇਤਨੀਆਂ ਮੁਸ਼ਕਲਾਤ ਦੇ ਬਾਵਜੂਦ ਵੀ ਇਤਨਾਂ ਵਾਧਾ ਕਰਨਾ ਮਹਿਨੇ ਰੱਖਦਾ ਹੈ। ਇਹ ਵਾਧਾ ਐਵੇਂ ਹੀ ਨਹੀਂ ਹੋ ਗਿਆ। ਕੁਝ ਖਰਚਾ ਘਟਾਇਆ ਹੈ ਔਰ ਫਿਰ ਜਿਹੜੀ ਕੋਈ ਥੋੜ੍ਹੀ ਬਹੁਤੀ ਲੀਕੇਜ਼ ਸੀ ਟੈਕਸਿਜ਼ ਵਿਚ ਉਹ ਹਟਾਈ ਗਈ। (ਥੰਪਿੰਗ)

ਸੱਭ ਤੋਂ ਜ਼ਿਆਦਾ ਸ਼ਲਾਘਾਯੋਗ ਗਲ ਇਹ ਕੀਤੀ ਹੈ ਕਿ ਜਿਹੜੇ ਪੱਛੜੇ ਹੋਏ ਇਲਾਕੇ ਸੀ, ਜਿਨ੍ਹਾਂ ਵਿਚ ਸਬਮਾਨਟੇਨੀਅਸ ਏਰੀਆਜ਼ ਹਨ, ਬੈਕਵਰਡ ਏਰੀਆਜ਼ ਹਨ ਉਨ੍ਹਾਂ ਵਿਚ 40% ਰੁਪਏ ਖਰਚ ਕੀਤੇ ਜਾਣਗੇ । ਇਹ ਪੱਛੜੇ ਹੋਏ ਲੋਕ ਹਨ ।

ਇਸੇ ਤਰ੍ਹਾਂ ਹੀ ਇਕ ਹੋਰ ਬੜੀ ਅੱਛੀ ਗਲ ਕੀਤੀ ਹੈ । ਮੈਂ ਸਮਝਦਾ ਹਾਂ ਕਿ ਪੈਸਾ ਘੱਟ ਤਾਂ ਜ਼ਰੂਰ ਰਖਿਆ ਹੈ, ਦੋ ਲੱਖ ਰੁਪਿਆ ਰਖਿਆ ਹੈ ਉਨ੍ਹਾਂ ਨੌਜਵਾਨ ਲੜਕਿਆਂ ਲਈ ਜਿਹੜੇ ਕਿ ਪੜ੍ਹੇ ਲਿਖੇ ਹਨ । ਇਹ ਰੁਪਿਆ ਜ਼ਰੂਰ ਥੋੜ੍ਹਾ ਹੈ, ਜ਼ਿਆਦਾ ਹੋਣਾ ਚਾਹੀਦਾ ਸੀ ਕਿਉਂਕਿ ਇਹ ਲੋਕ ਜਦੋਂ ਪੜ੍ਹ ਲਿਖ ਜਾਂਦੇ ਹਨ, ਘਰ ਵਾਲਿਆਂ ਦਾ ਇਨ੍ਹਾਂ ਉੱਪਰ ਕਾਫੀ ਖਰਚ ਹੋਇਆ ਹੁੰਦਾ ਹੈ ਪਰ ਨੌਕਰੀ ਨਹੀਂ ਮਿਲਦੀ ਤਾਂ ਉਹ ਵਿਚਾਰੇ ਬੜੇ ਹੀ ਪ੍ਰੇਸ਼ਾਨ ਹੁੰਦੇ ਹਨ । ਉਨ੍ਹਾਂ ਨੂੰ ਲਾਜ਼ਮੀਂ ਤੌਰ ਤੇ ਇੰਪਲਾਇਮੈਂਟ ਦੇਣੀ ਚਾਹੀਦੀ ਹੈ । ਗੌਰਮਿੰਟ ਨੂੰ ਉਨ੍ਹਾਂ ਦਾ ਖਿਆਲ ਰਖਣਾ ਚਾਹੀਦਾ ਹੈ ।

ਇਕ ਸਕੀਮ ਜਿਹੜੀ ਡੇਹੀ ਡਿਵੈਲਪਮੈਂਟ ਦੀ ਪੰਜਾਬ ਦੀ ਸਰਕਾਰ ਨੇ ਬਣਾਈ ਹੈ ਇਹ ਵੀ ਬੜੀ ਚੰਗੀ ਸਕੀਮ ਹੈ । ਇਸ ਤਰ੍ਹਾਂ ਨਾਲ ਐਗਰੀਕਲਚਰ ਦੇ ਵਿਚ ਤਰੱਕੀ ਕੀਤੀ ਹੈ । ਮੈਂ ਅਰਜ਼ ਕਰਾਂਗਾ ਕਿ ਖਰੀਫ਼ ਦੀ ਫਸਲ ਦੇ ਵਿਚ 21 ਲੱਖ ਟੰਨ ਦੇ ਕਰੀਬ ਇਸ ਦੇ ਵਿਚ ਇਜ਼ਾਫਾ ਕੀਤਾ ਹੈ । ਇਤਨਾਂ ਅਗੇ ਕਦੇ ਨਹੀਂ ਕੀਤਾ ।

ਡਿਪਟੀ ਸਪੀਕਰ ਸਾਹਿਬ, ਸੱਭ ਤੋਂ ਜ਼ਿਆਦਾ ਜੋ ਸ਼ਲਾਘਾ ਵਾਲੀ ਗੱਲ ਇਸ ਵਿਚ ਦੱਸੀ ਹੈ ਉਹ ਇਹ ਹੈ ਕਿ ਸਾਰੇ ਹਿੰਦੋਸਤਾਨ ਨੇ ਸੈਂਟਰਲ ਪੂਲ ਨੂੰ ਜਿਹੜਾ ਅਨਾਜ ਦਿਤਾ ਹੈ, ਪੰਜਾਬ ਨੇ ਉਸ ਦਾ 55% ਦਿਤਾ ਹੈ ਔਰ ਦੂਸਰਿਆਂ ਸਾਰਿਆਂ ਸੂਬਿਆਂ ਨੇ ਰਲ ਮਿਲ ਕੇ 45% ਦਿਤਾ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਨੇ ਕਾਫੀ ਹਿੱਸਾ ਦਿਤਾ ਹੈ । ਪੰਜਾਬ ਨੇ ਕਾਫੀ ਮਿਹਨਤ ਕੀਤੀ ਹੈ । ਇਹ ਸਭ ਕੁਝ ਇਸ ਕਰਕੇ ਹੋਇਆ ਹੈ ਕਿ ਪੰਜਾਬ ਦਾ ਕਿਸਾਨ, ਜ਼ਿਮੀਂਦਾਰ, ਜਿਹੜਾ ਹੈ, ਉਹ ਬੜਾ ਮਿਹਨਤੀ ਹੈ ਅਤੇ ਉਨ੍ਹਾਂ ਨੇ ਬਿਜਲੀ ਅਤੇ ਪਾਣੀ ਦੀ ਘਾਟ ਦੇ ਬਾਵਜੂਦ ਇਸ ਪੰਜਾਬ ਨੂੰ ਇਸ ਤਰੀਕੇ ਦੇ ਨਾਲ ਅਗੇ ਲੈ ਆਂਦਾ ਹੈ ।

ਇਕ ਗਲ ਮੈਂ ਐਗਰੀਕਲਚਰ ਦੇ ਸਿਲਸਿਲੇ ਵਿਚ ਕਹਿਣਾ ਚਾਹੁੰਦਾ ਹਾਂ ਜਿਸ ਦਾ ਜ਼ਿਕਰ ਗਵਰਨਰ ਸਾਹਿਬ ਦੇ ਭਾਸ਼ਨ ਵਿਚ ਆਇਆ ਹੈ ਕਿ 80 ਨਵੀਆਂ ਮਾਰਕਿਟਸ ਪਲੈਨ ਕੀਤੀਆਂ ਗਈਆਂ ਹਨ, ਜਿਸ ਦੇ ਨਾਲ ਕਿਸਾਨ ਨੂੰ ਬੜੀ ਆਸਾਨੀ ਹੋਵੇਗੀ, ਉਸ ਨੂੰ ਬਾਹਰ ਨਹੀਂ ਜਾਣਾ ਪਵੇਗਾ, ਉਸ ਦੇ ਕੋਲ ਹੀ ਮਾਰਕਿਟ ਹੋਵੇਗੀ, ਉਸ ਦੇ ਪੈਸੇ ਵੀ ਜ਼ਿਆਦਾ ਖਰਚ ਨਹੀਂ ਹੋਣਗੇ ਅਤੇ ਆਰਾਮ ਵੀ ਰਹੇਗਾ ਅਤੇ ਆਪਣੇ ਪੈਸੇ ਲੈਕੇ ਆਰਾਮ ਨਾਲ ਜਾ ਸਕੇਗਾ ।

ਪੰਜਾਬ ਗੌਰਮਿੰਟ ਨੇ ਇਕ ਹੋਰ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ ਕਿ ਜਿਹੜਾ ਸਾਡਾ ਦੁੱਧ ਜ਼ਾਇਆ ਹੁੰਦਾ ਸੀ, ਉਸ ਦੇ ਵਾਸਤੇ ਸਰਕਾਰ ਨੇ ਡੇਹੀ ਪਲਾਂਟ ਲਗਾਉਣ ਦਾ ਪ੍ਰੋਗਰਾਮ ਬਣਾਇਆ ਹੈ, ਇਕ ਲੁਧਿਆਣਾਂ ਵਿਚ ਅਤੇ ਇਕ ਬਠਿੰਡਾ ਵਿਚ ਇਹ ਪਲਾਂਟਸ ਲਗਾਏ ਗਏ ਹਨ । ਅਬੋਹਰ ਮਲੋਟ, ਮੁਕਤਸਰ ਅਤੇ ਫਾਜ਼ਿਲਕਾ ਵਿਚ ਵੀ ਇਹ ਡੇਹੀਜ਼ ਬਣਾਈਆਂ ਜਾਣਗੀਆਂ । ਮਿਲਕ ਪ੍ਰੋਡਕਸ਼ਨ ਜਿਹੜੀ ਹੈ, ਉਹ 57 ਲੱਖ ਲਿਟਰ ਤੋਂ ਹੋਰ 7% ਇਨਕਰੀਜ਼ ਕਰ ਚੁੱਕੀ ਹੈ । ਮੈਂ ਸਮਝਦਾ ਹਾਂ ਕਿ ਜੇ ਅੱਛੇ ਜਾਨਵਰ ਹੋਣਗੇ ਤਾਂ ਹੋਰ ਵੀ ਪ੍ਰੋਡਕਸ਼ਨ ਵਧੇਗੀ ।

ਇਸ ਦੇ ਨਾਲ ਮਾਡਲ ਡੇਹੀ ਪਲਾਂਟਸ ਬਣਾਉਣ ਤੋਂ ਇਲਾਵਾ ਕੈਟਲ ਫੀਡ ਫੈਕਟਰੀ ਜਿਹੜੀ ਬਣੀ ਹੈ । ਉਹ ਸਾਡੇ ਲੁਧਿਆਣੇ ਜ਼ਿਲ੍ਹੇ ਵਿਚ ਬਣੀ ਹੈ । ਮੈਂ ਸਮਝਦਾ ਹਾਂ ਕਿ ਜਿਹੜੀਆਂ 100

[ਸ੍ਰੀ ਸਰਦਾਰੀ ਲਾਲ ਕਪੂਰ]

ਮੀਟ੍ਰਿਕ ਟਨ ਰੋਜ਼ਾਨਾ ਦੀ ਸਮਰੱਥਾ ਵਾਲੀਆਂ ਪਸ਼ੂ ਚਾਰਾ ਬਣਾਉਣ ਦੀਆਂ ਫੈਕਟਰੀਆਂ ਬਣਾਈਆਂ ਜਾਣ, ਇਹ ਸਾਰੇ ਜ਼ਿਲ੍ਹੇ ਵਿਚ ਬਣਾਈਆਂ ਜਾਣ, ਕਿਉਂਕਿ ਜੇ ਜਾਨਵਰਾਂ ਨੂੰ ਚੰਗਾ ਚਾਰਾ ਮਿਲੇ ਤਾਂ ਦੁੱਧ ਹੋਰ ਵਧੇਗਾ ਅਤੇ ਪੰਜਾਬ ਨੂੰ ਫਾਇਦਾ ਹੋਵੇਗਾ ।

ਮਿਲਕ ਚਿਲਿੰਗ ਪਲਾਂਟਸ ਵੀ ਬਣਾਏ ਗਏ ਹਨ। ਇਸ ਸਿਲਸਿਲੇ ਵਿਚ ਮੈਂ ਇਕ ਗੱਲ ਵਾਸਤੇ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦੇਂਦਾ ਹਾਂ ਕਿ ਪੰਜਾਬ ਨੇ 44 ਪ੍ਰਾਈਜਿਜ਼ ਵਿਚੋਂ 22 ਫਸਟ ਪਰਾਈਜ਼ ਹਾਸਲ ਕੀਤੇ ਹਨ ਕੈਟਲ ਸ਼ੋ ਵਿਚ ਅਤੇ ਪੰਜਾਬ ਇਸ ਸਿਲਸਿਲੇ ਵਿਚ ਫਸਟ ਰਿਹਾ ਹੈ ।

ਇਸ ਦੇ ਨਾਲ 33 ਨਵੀਆਂ ਵੈਟਰਨਰੀ ਡਿਸਪੈਂਸਰੀਆਂ ਕਾਇਮ ਕੀਤੀਆਂ ਗਈਆਂ ਹਨ, ਜਿਨ੍ਹਾਂ ਦੇ ਰਾਹੀਂ ਲੋਕਾਂ ਨੂੰ ਆਪਣੇ ਪਸ਼ੂਆਂ ਦੀਆਂ ਬੀਮਾਰੀਆਂ ਦੇ ਮੁਤਾਲਿਕ ਪਤਾ ਲਗ ਸਕੇਗਾ ਅਤੇ ਇਸ ਦਾ ਨਤੀਜਾ ਇਹ ਹੋਵੇਗਾ ਕਿ ਪਸ਼ੂਆਂ ਦਾ ਦੁੱਧ ਵਧੇਗਾ ਅਤੇ ਸਾਨੂੰ ਫਾਇਦਾ ਹੋਵੇਗਾ ।

ਇਕ ਗੱਲ ਹੋਰ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਵ੍ਹੀਟ ਪ੍ਰਾਈਸ ਪਹਿਲਾਂ 76 ਰੁਪਏ ਕੁਇੰਟਲ ਸੀ, ਉਸ ਸਿਲਸਿਲੇ ਵਿਚ ਚੀਫ ਮਨਿਸਟਰ ਸਾਹਿਬ ਨੂੰ ਮੈਂ ਮੁਬਾਰਕਬਾਦ ਦੇਂਦਾ ਹਾਂ ਕਿ ਉਨ੍ਹਾਂ ਨੇ ਸੈਂਟਰ ਦੇ ਨਾਲ ਲੜਾਈ ਲੜ ਕੇ 105 ਰੁਪਏ ਕੁਇੰਟਲ ਕੀਮਤ ਫਿਕਸ ਕਰਵਾ ਦਿਤੀ ਹੈ । ਇਸ ਬਾਰੇ ਮੈਂ ਇਕ ਗਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਜੇ ਪਿਛਲੇ ਸਾਲ ਦੀ ਤਰ੍ਹਾਂ ਸਟੇਟ ਟਰੇਡਿੰਗ ਹੁੰਦੀ ਤਾਂ ਕਿਸਾਨ ਦਾ ਵੀ ਫਾਇਦਾ ਹੁੰਦਾ ਅਤੇ ਪੰਜਾਬ ਗਵਰਮੈਂਟ ਨੂੰ ਵੀ ਫਾਇਦਾ ਹੁੰਦਾ। ਲੇਕਿਨ ਸਾਨੂੰ ਤਾਂ ਸੈਂਟਰ ਦੇ ਹੁਕਮ ਦੇ ਮੁਤਾਬਿਕ ਚਲਣਾ ਪਿਆ । ਰਾਈਸ ਦੀ ਕੀਮਤ ਕਿਸਾਨਾਂ ਨੂੰ ਬਹੁਤ ਘੱਟ ਮਿਲਦੀ ਸੀ ਅਤੇ ਉਨ੍ਹਾਂ ਦਾ ਖਰਚ ਜ਼ਿਆਦਾ ਆਉਂਦਾ ਸੀ । ਹੁਣ ਇਹ 70 ਰੁਪਏ ਕੁਇੰਟਲ ਤੋਂ ਵੱਧਾ ਕੇ 76 ਰੁਪਏ ਕੀਤੀ ਗਈ ਹੈ ਅਤੇ ਇਸ ਗਲ ਲਈ ਮੈਂ ਪੰਜਾਬ ਗਵਰਮੈਂਟ ਨੂੰ ਮੁਬਾਰਕਬਾਦ ਦੇਂਦਾ ਹਾਂ । ਮੈਂ ਅਗੇ ਦੱਸ ਚੁਕਾ ਹਾਂ ਕਿ ਪੰਜਾਬ ਵਲੋਂ 55% ਸੈਂਟਰ ਨੂੰ ਦਿਤਾ ਗਿਆ ਹੈ । ਇਸ ਦੇ ਨਾਲ ਕਿਉਂਕਿ ਪੰਜਾਬ ਦੇ ਵਿਚ ਵੀ ਚੀਜਾਂ ਦੀ ਕਮੀ ਸੀ ਅਤੇ ਇਸ ਗਲ ਨੂੰ ਮੁੱਖ ਰਖਦਿਆਂ ਹੋਇਆਂ ਕਿ ਕਿਤੇ ਲੋਕ ਕੀਮਤਾਂ ਵੱਧਾ ਨਾ ਦੇਣ, 10560 ਡਿਪੋ ਇਸ ਕਿਸਮ ਦੇ ਬਣਾਏ ਗਏ ਜਿਨ੍ਹਾਂ ਦੇ ਵਿਚ ਲੋਕਾਂ ਨੂੰ ਕੰਟਰੋਲਡ ਪ੍ਰਾਈਸ ਤੇ ਖਾਣ ਪੀਣ ਦੀਆਂ ਚੀਜ਼ਾਂ ਮਿਲ ਸਕਣ । ਮੈਨੂੰ ਉਮੀਦ ਹੈ ਕਿ ਹੋਰ ਪਿੰਡਾਂ ਵਿਚ ਵੀ ਜਿਥੇ ਲੋਕੀਂ ਗਰੀਬ ਹਨ ਅਤੇ ਮਹਿੰਗੇ ਭਾਅ ਤੇ ਕੋਈ ਚੀਜ਼ ਖਰੀਦ ਨਹੀਂ ਸਕਦੇ, ਉਥੇ ਵੀ ਇਸ ਕਿਸਮ ਦੇ ਡਿਪੋ ਬਣਾਏ ਜਾਣਗੇ ।

ਫਿਰ ਅਗੇ ਨਾਲੋਂ ਤਹਿਸੀਲਾਂ ਜ਼ਿਆਦਾ ਬਣਾਈਆਂ ਗਈਆਂ ਹਨ । ਇਸ ਚੀਜ਼ ਨਾਲ ਲੋਕਾਂ ਨੂੰ ਆਰਾਮ ਹੋ ਗਿਆ ਕਿ ਉਨ੍ਹਾਂ ਨੂੰ ਡਿਸਟ੍ਰਿਕਟ ਵਿਚ ਜਾਣ ਤੋਂ ਬਗੈਰ ਤਹਿਸੀਲ ਵਿਚ ਹੀ ਸਹੂਲੀਅਤ ਹੋ ਜਾਵੇਗੀ ਅਤੇ ਉਨ੍ਹਾਂ ਦਾ ਉਥੇ ਹੀ ਕੰਮ ਹੋ ਜਾਇਆ ਕਰੇਗਾ, ਉਨ੍ਹਾਂ ਦੇ ਪੈਸੇ ਵੀ ਘੱਟ ਖਰਚ ਹੋਣਗੇ ਅਤੇ ਉਨ੍ਹਾਂ ਨੂੰ ਇਨਸਾਫ ਵੀ ਜਲਦੀ ਮਿਲੇਗਾ ।

ਜਿਹੜਾ ਕੋਆਪਰੇਟਿਵ ਡਿਪਾਰਟਮੈਂਟ ਹੈ, ਇਸ ਬਾਰੇ ਮੈਂ ਇਹ ਕਹਾਂਗਾ ਕਿ ਇਹ ਚੰਗੀ ਗਲ ਕੀਤੀ ਹੈ ਕਿ ਕਿਸਾਨ ਜਿਹੜਾ ਪਹਿਲਾਂ 6,000 ਰੁਪਏ ਬਾਰੋ ਕਰ ਸਕਦਾ ਸੀ, ਹੁਣ ਇਸ ਦੀ ਲਿਮਿਟ 9,000 ਰੁਪਏ ਕਰ ਦਿਤੀ ਗਈ ਹੈ । ਇਸ ਤਰ੍ਹਾਂ ਕਰਕੇ ਕਿਸਾਨਾਂ ਨੂੰ ਫਾਇਦਾ ਹੋਇਆ ਹੈ । ਇਕ ਗੱਲ ਮੈਂ ਇਥੇ ਜ਼ਰੂਰ ਕਹਾਂਗਾ ਕਿ ਪਿਛਲੇ ਦਿਨੀਂ ਇਕ ਰਿਪੋਰਟ ਆਈ ਸੀ ਕਿ ਇਸ ਕੰਮ ਵਿਚ ਕਾਫੀ ਬੰਗਲਿੰਗ ਹੋਈ ਅਕਾਲੀ ਰਾਜ ਵਿਚ । ਕਾਫੀ ਜ਼ਿਆਦਾ ਪੈਸੇ ਇਸ ਕੰਮ ਵਿਚੋਂ ਹੜੱਪ ਕੀਤੇ ਗਏ ਸਨ ।

ਚਾਲੂ ਸਾਲ ਦੇ ਦੌਰਾਨ ਸਹਿਕਾਰੀ ਸੇਵਾ ਸਭਾਵਾਂ ਨੇ ਉਪਜ ਵਧਾਉਣ ਲਈ 95 ਕਰੋੜ ਰੁਪਿਆ ਦਿਤਾ ਅਤੇ 1975-76 ਵਾਸਤੇ ਇਹ ਰੁਪਿਆ 105 ਕਰੋੜ ਦਿਤਾ ਜਾਵੇਗਾ। ਇਸ ਤਰ੍ਹਾਂ ਨਾਲ ਲੋਕਾਂ ਨੂੰ ਆਪਣੀ ਉਪਜ ਚੰਗੀ ਕਰਨ ਵਿਚ ਹੋਰ ਮਦੱਦ ਮਿਲੇਗੀ। ਇਹ ਜਿਹੜਾ ਅਗਲੇ ਸਾਲ 105 ਕਰੋੜ ਰੁਪਿਆ ਕਰ ਦਿਤਾ ਜਾਵੇਗਾ, ਇਸ ਵਿਚੋਂ 30% ਰੁਪਿਆ ਉਨ੍ਹਾਂ ਨੂੰ ਦਿਤਾ ਜਾਵੇਗਾ ਜਿਹੜੇ ਲੈਂਡ ਓਨਰਜ਼ ਹਨ, ਕਲਟੀਵੇਟਰਜ਼ ਹਨ ਅਤੇ ਸਾਢੇ ਸੱਤ ਏਕੜ ਤੋਂ ਘੱਟ ਜ਼ਮੀਨ ਹੈ ਤਾਂਕਿ ਜਿਸ ਦੇ ਕੋਲ ਜ਼ਮੀਨ ਹੋਵੇਗੀ, ਉਸ ਨੂੰ ਫਾਇਦਾ ਹੋਵੇਗਾ ਅਤੇ ਉਹ ਆਪਣੀ ਉੱਪਜ ਵਧਾ ਸਕੇਗਾ।

ਇਕ ਗਲ ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਕਾਟਨ ਦੀ ਪ੍ਰਾਈਸ ਕਿਸਾਨ ਨੂੰ ਪੂਰੀ ਨਹੀਂ ਮਿਲਦੀ ਸੀ ਅਤੇ ਪੰਜਾਬ ਸਰਕਾਰ ਨੇ ਇਹ ਗਲ ਸੱਭ ਤੋਂ ਪਹਿਲਾਂ ਸ਼ੁਰੂ ਕੀਤੀ ਕਿ ਉਨ੍ਹਾਂ ਨੂੰ ਪੂਰੀ ਪ੍ਰਾਈਸ ਦੇ ਕੇ ਕਾਟਨ ਖਰੀਦੀ ਗਈ। ਇਸ ਦੇ ਨਾਲ ਹੀ ਇਕ ਕਾਟਨ ਸੀਡ ਪਲਾਂਟ ਵੀ 1 ਕਰੋੜ ਰੁਪਏ ਦੀ ਲਾਗਤ ਨਾਲ ਗਿਦੜਬਾਹਾ ਵਿਚ ਲਗਾਇਆ ਜਾ ਰਿਹਾ ਹੈ।

ਜਿਹੜੇ ਪੰਜਾਬ ਗਵਰਨਮੈਂਟ ਨੂੰ ਗਵਰਮੈਂਟ ਆਫ ਇੰਡੀਆਂ ਤੋਂ ਇੰਡਸਟਰੀਜ਼ ਵਾਸਤੇ ਲਾਈਸੈਂਸ ਮਿਲੇ, ਉਸ ਦੇ ਮੁਤਾਲਿਕ ਅਰਜ਼ ਇਹ ਹੈ 1973-74 ਵਿਚ 44 ਮਿਲੇ ਸਨ, ਉਹ ਹੁਣ ਵਧ ਕੇ ਹੋਰ ਜ਼ਿਆਦਾ ਹੋ ਗਏ ਹਨ। ਇਸ ਦੇ ਬਾਰੇ ਇਕ ਗਲ ਇਹ ਹੈ ਕਿ ਲੁਧਿਆਣਾ ਦੇ ਵਿਚ ਦੋ ਪਲਾਂਟ ਇਸ ਕਿਸਮ ਦੇ ਲਗਣਗੇ ਜਿਨ੍ਹਾਂ ਦੇ ਵਿਚੋਂ ਇਕ ਡਾਈਂਗ ਐਂਡ ਫਿਨਿਸ਼ਿੰਗ ਵਾਸਤੇ ਅਤੇ ਦੂਜਾ ਟੂਲਜ਼ ਬਣਾਉਣ ਵਾਸਤੇ। ਇਨ੍ਹਾਂ ਤੇ 2-2 ਕਰੋੜ ਰੁਪਿਆ ਲਗੇਗਾ। ਬਿਲਡਿੰਗਜ਼ ਦਾ ਖਰਚ ਪੰਜਾਬ ਗਵਰ-ਮੈਂਟ ਨੇ ਦੇਣਾ ਹੈ ਅਤੇ ਬਾਕੀ ਰੁਪਿਆ ਸੈਂਟਰ ਨੇ ਆਪਣੇ ਕੋਲੋਂ ਖਰਚ ਕਰਨਾ ਹੈ।

ਬਿਜਲੀ ਦੀ ਕਮੀ ਕਰਕੇ ਜਿਹੜੀ ਇੰਡਸਟਰੀਅਲਿਸਟਸ ਨੂੰ ਤਕਲੀਫ ਸੀ, ਇਸ ਸਿਲਸਿਲੇ ਵਿਚ ਇਹ ਕਿਹਾ ਗਿਆ ਕਿ ਉਹ ਜੈਨਰੇਟਿੰਗ-ਸੈਟ ਲਗਾ ਲੈਣ ਤਾਂ ਜੋ ਇੰਡਸਟਰੀ ਨੂੰ ਤਕਵੀਅਤ ਮਿਲੇ, ਤਰੱਕੀ ਹੋਵੇ ਅਤੇ ਇਸ ਸਿਲਸਿਲੇ ਵਿਚ 20% ਖਰਚ ਗਵਰਮੈਂਟ ਨੇ ਆਪਣੇ ਕੋਲੋਂ ਉਨ੍ਹਾਂ ਨੂੰ ਰਿਲੀਫ ਦਿੱਤਾ ਹੈ, ਸਬਸਿਡੀ ਦਿਤੀ ਹੈ। ਇਸ ਦੇ ਨਾਲ ਹੀ ਮੈਨੂੰ ਇਸ ਗੱਲ ਦੀ ਵੀ ਬੜੀ ਖੁਸ਼ੀ ਹੈ ਕਿ ਬਿਜਲੀ ਦੀ ਘਾਟ ਹੋਣ ਦੇ ਬਾਵਜੂਦ ਵੀ ਪੰਜਾਬ ਦੀ ਇੰਡਸਟਰੀ ਨੇ ਤਰੱਕੀ ਕੀਤੀ ਹੈ। ਸਿਰਫ ਲੁਧਿਆਣੇ ਦੇ ਵਿਚੋਂ ਤਕਰੀਬਨ 20 ਕਰੋੜ ਰੁਪਏ ਦੇ ਆਰਡਰਜ਼ ਸਿਰਫ ਹੌਜ਼ਰੀ ਦੇ ਰਸ਼ੀਆ ਵਲੋਂ ਮਿਲੇ ਹਨ। ਦੂਜੇ ਸਾਈਕਲ ਪਾਰਟਸ, ਸਿਊਂਗ ਮਸ਼ੀਨਜ਼ ਵਗੈਰਾ ਦੇ ਸਿਲਸਿਲੇ ਵਿਚ ਵੀ ਕਾਫੀ ਤਰੱਕੀ ਹੋਈ ਹੈ ਅਤੇ ਕਾਫੀ ਮਾਲ ਦੂਜਿਆਂ ਸੂਬਿਆਂ ਅਤੇ ਬਾਹਰ ਦੇ ਮੁਲਕਾਂ ਨੂੰ ਭੇਜਿਆ ਗਿਆ ਹੈ।

ਇਕ ਹੋਰ ਗਲ ਲਈ ਮੈਂ ਪੰਜਾਬ ਗਵਰਮੈਂਟ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਕ ਲੇਬਰ ਕਾਲੋਨੀ ਫਾਰ ਪ੍ਰੈਸ ਵਰਕਰਜ਼ ਬਣੇਗੀ, ਇਹ ਬੜੀ ਚੰਗੀ ਗੱਲ ਹੈ ਅਤੇ ਬੜੀ ਦੇਰ ਤੋਂ ਉਨ੍ਹਾਂ ਲੋਕਾਂ ਦੀ ਇਹ ਮੰਗ ਸੀ। ਇਸ ਤੇ 20 ਕਰੋੜ ਰੁਪਿਆ ਖਰਚ ਕਰਨਾ ਹੈ। ਫਿਰ 11,325 ਜਿਹੜੇ ਗਾਂਵ ਹਨ, ਉਨ੍ਹਾਂ ਨੂੰ ਲਿੰਕ ਰੋਡਜ਼ ਦੇ ਨਾਲ ਅਗਲੇ ਸਾਲ ਵਿਚ ਮਿਲਾਉਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਸਾਡੇ ਸੂਬੇ ਦੇ ਵਿਚ ਕੋਈ ਪਿੰਡ ਅਜਿਹਾ ਨਹੀਂ ਰਹੇਗਾ ਜਿਸ ਨੂੰ ਮੇਨ ਰੋਡ ਨਾਲ ਨਹੀਂ ਮਿਲਾ ਦਿਤਾ ਜਾਵੇਗਾ।

ਫਿਰ 12,000 ਟਿਊਬਵੈਲਜ਼ ਵੀ ਅਗਲੇ ਸਾਲ ਵਾਸਤੇ ਰਖੇ ਗਏ ਹਨ, ਇਹ ਵੀ ਸ਼ਲਾਘਾ-ਯੋਗ ਕੰਮ ਹੈ (ਟਰੇਜ਼ਰੀ ਬੈਂਚਾਂ ਵਲੋਂ ਥੰਪਿੰਗ) ਟਿਊਬਵੈਲਜ਼ ਜੇ ਹੋਣਗੇ ਤਾਂ ਖੇਤੀ ਨੂੰ ਮਦਦ ਮਿਲੇਗੀ।

[ਸ੍ਰੀ ਸਰਦਾਰੀ ਲਾਲ ਕਪੂਰ]

ਹੁਣ ਮੈਂ ਗੁਰੂ ਨਾਨਕ ਥਰਮਲ ਪਲਾਂਟ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਦਾ ਇਕ ਯੂਨਿਟ ਚਾਲੂ ਹੋ ਗਿਆ ਹੈ ਅਤੇ ਦੂਜਾ 1975 ਵਿਚ ਚਾਲੂ ਹੋਵੇਗਾ। ਪਰ ਮੈਂ ਸਮਝਦਾ ਹਾਂ ਕਿ ਜਦੋਂ ਪਿਛਲੇ ਦਿਨੀਂ ਇਹ ਥਰਮਲ ਪਲਾਂਟ ਚਲਾਇਆ ਗਿਆ ਤਾਂ ਇਸ ਦੇ ਵਿਚ ਕਈ ਦਫਾ ਖਰਾਬੀ ਆਈ ਅਤੇ ਬਾਰ ਬਾਰ ਬੰਦ ਹੋਇਆ। ਲੋਕਾਂ ਨੂੰ ਤਾਂ ਉਮੀਦ ਸੀ ਕਿ ਇਹ ਚਲਦਾ ਰਹੇਗਾ। ਇਸ ਲਈ ਮੈਂ ਇਹ ਪ੍ਰਾਰਥਨਾ ਕਰਾਂਗਾ ਕਿ ਗਵਰਨਮੈਂਟ ਕੋਲ ਚੰਗੇ ਅਤੇ ਕਾਬਲ ਇੰਜੀਨੀਅਰਜ਼ ਹਨ, ਉਨ੍ਹਾਂ ਕੋਲੋਂ ਇਸ ਗਲ ਦੀ ਜਾਂਚ ਕਰਾਵੇ ਤਾਂ ਜੋ ਇਹ ਚਲਦਾ ਰਹੇ ਅਤੇ ਇਸ ਤਰ੍ਹਾਂ ਬੰਦ ਨਾ ਹੋਵੇ। ਇਸ ਤੇ ਕਰੋੜਾਂ ਰੁਪਿਆ ਲਗਾ ਹੋਇਆ ਹੈ ਅਤੇ ਜੇ ਇਹ ਨਾ ਚਲੇ ਤਾਂ ਚੰਗੀ ਗਲ ਨਹੀਂ ਹੈ। ਜੇ ਇਹ ਨਾ ਚਲੇਗਾ ਤਾਂ ਬਿਜਲੀ ਦੀ ਵੀ ਘਾਟ ਰਹੇਗੀ। ਜਿਹੜੀ ਇੰਡਸਟਰੀ ਹੈ ਉਸ ਨੂੰ ਹਰ ਵੇਲੇ ਪੂਰੀ ਬਿਜਲੀ ਮਿਲਣੀ ਚਾਹੀਦੀ ਹੈ। ਜੇ 10, 15 ਦਿਨ ਬਿਜਲੀ ਨਾ ਮਿਲੇ ਤਾਂ ਜਿਹੜੇ ਪਿੰਡਾਂ ਵਿਚ ਕੰਮ ਕਰਨ ਵਾਲੇ ਹਨ ਉਨ੍ਹਾਂ ਨੂੰ ਬਹੁਤ ਮੁਸ਼ਕਲ ਹੁਦੀ ਹੈ। ਕਈ ਵਾਰੀ ਉਨ੍ਹਾਂ ਨੂੰ 2, 2 ਘੰਟੇ ਖੇਤ ਤੇ ਹੀ ਵੇਟ ਕਰਨੀ ਪੈਂਦੀ ਹੈ। ਥਰਮਲ ਪਲਾਂਟ ਖਰਾਬ ਹੋ ਜਾਣ ਨਾਲ ਬਿਜਲੀ ਨਹੀਂ ਮਿਲੀ ਜਿਸ ਨਾਲ ਉਨ੍ਹਾਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਇਸ ਲਈ ਸਾਡੀ ਸਰਕਾਰ ਨੂੰ ਕੋਈ ਨਾ ਕੋਈ ਐਸਾ ਅਰੇਂਜਮੈਂਟ ਕਰਨਾ ਚਾਹੀਦਾ ਹੈ ਜਿਸ ਨਾਲ ਕਿ ਬਕਾਇਦਾ ਤੌਰ ਤੇ ਇਹ ਪਲਾਂਟ ਚਲਦਾ ਰਹੇ ਤਾਕਿ ਬਿਜਲੀ ਦੀ ਜਿਹੜੀ ਕਮੀ ਹੈ ਉਹ ਨਾ ਰਹੇ।

ਇਕ ਗੱਲ ਮੈਂ ਸਤਲੁਜ ਅਤੇ ਬਿਆਸ ਲਿੰਕ ਦੇ ਬਾਰੇ ਵੀ ਕਰਨਾ ਚਾਹੁੰਦਾ ਹਾਂ। ਇਸ ਦੀ ਕਨਸ-ਟਰਕਸ਼ਨ ਪੂਰੀ ਹੋ ਰਹੀ ਹੈ ਅਤੇ ਇਸ ਦੇ ਪੂਰੇ ਹੋ ਜਾਣ ਤੋਂ ਬਾਅਦ ਜਿਹੜੀ ਪਾਣੀ ਦੀ ਘਾਟ ਹੈ ਅਤੇ ਗੋਬਿੰਦ ਸਾਗਰ ਵਿਚ ਪਾਣੀ ਦੀ ਕਮੀ ਹੋ ਰਹੀ ਹੈ, ਉਹ ਘਾਟ ਪੂਰੀ ਹੋ ਜਾਵੇਗੀ।

ਇਕ ਗਲ ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਪੰਜਾਬ ਵਿਚ ਐਜੂਕੇਸ਼ਨ ਵਿਚ ਬਹੁਤ ਤਰੱਕੀ ਹੋਈ ਹੈ। 1975 ਵਿਚ ਕੋਈ ਵੀ ਪਿੰਡ ਪੰਜਾਬ ਵਿਚ ਐਸਾ ਨਹੀਂ ਹੋਵੇਗਾ ਜਿਥੇ ਕਿ ਪ੍ਰਾਇਮਰੀ ਸਕੂਲ ਨਾ ਹੋਵੇ। ਇਸ ਵਿਚ ਸ਼ੱਕ ਨਹੀਂ ਕਿ ਪਿੰਡਾ ਦੇ ਜਿਹੜੇ ਬੱਚੇ ਹਨ ਉਨ੍ਹਾਂ ਨੂੰ ਬਹੁਤ ਦੂਰ ਨਹੀਂ ਜਾਣਾ ਪਵੇਗਾ। ਪੰਜਾਬ ਸਰਕਾਰ ਨੇ ਕਈ ਪ੍ਰਾਇਮਰੀ ਸਕੂਲਾਂ ਨੂੰ, ਮਿਡਲ ਅਤੇ ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾ ਦਿਤਾ ਹੈ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਨਾਲ ਹੀ ਇਹ ਵੀ ਅਰਜ਼ ਕਰਾਂਗਾ ਕਿ ਜਿਹੜੇ ਹੋਰ ਵੀ ਛੋਟੇ ਸਕੂਲ ਹਨ ਉਨ੍ਹਾਂ ਨੂੰ ਅਪਗਰੇਡ ਕਰਨਾ ਚਾਹੀਦਾ ਹੈ।

ਇਕ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਾਂ ਐਜੂਕੇਸ਼ਨ ਦੇ ਸਿਲਸਿਲੇ ਵਿਚ ਕਿ ਅਜਕਲ ਜੋ ਬੱਚੇ ਕਾਲਜਾਂ ਜਾਂ ਸਕੂਲਾਂ ਵਿਚੋਂ ਪੜ੍ਹ ਕੇ ਨਿਕਲਦੇ ਹਨ ਉਹ ਫਾਈਨੈਂਸ਼ਿਅਲ ਕੰਡੀਸ਼ਨ ਕਮਜ਼ੋਰ ਹੋਣ ਕਾਰਣ ਅਗੇ ਨਹੀਂ ਵਧ ਸਕਦੇ। ਇਸ ਲਈ, ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪੜ੍ਹਾਈ ਇਸ ਕਿਸਮ ਦੀ ਹੋਣੀ ਚਾਹੀਦੀ ਹੈ ਕਿ ਜਦੋਂ ਵੀ ਕੋਈ ਬੱਚਾ ਪੜ੍ਹ ਕੇ ਨਿਕਲੇ ਉਹ ਆਪਣੀ ਰੋਟੀ ਜ਼ਰੂਰ ਕਮਾ ਸਕੇ ਉਸ ਨੂੰ ਰੋਟੀ ਜ਼ਰੂਰ ਮਿਲ ਜਾਵੇ, ਇਹ ਨਾ ਹੋਵੇ ਕਿ ਉਹ ਸੜਕਾਂ ਤੇ ਹੀ ਫਿਰਦਾ ਰਹੇ, ਇਸ ਨਾਲ ਲਾਜ਼ਮੀ ਤੌਰ ਤੇ ਦੇਸ਼ ਨੂੰ ਨੁਕਸਾਨ ਹੋਵੇਗਾ। ਅੱਜ ਕੱਲ ਜਿਹੜੀਆਂ ਸਟੂਡੈਂਟਸ ਐਜੀਟੇਸ਼ਨਜ਼ ਹੁੰਦੀਆਂ ਹਨ, ਉਹ ਇਸੇ ਕਾਰਣ ਹਨ ਕਿ ਸਾਡਾ ਪੜ੍ਹਾਈ ਦਾ ਢਾਂਚਾ ਠੀਕ ਨਹੀਂ। ਇਹ ਠੀਕ ਹੈ ਕਿ ਕਈ ਵਾਰੀ ਦੂਸਰੀਆਂ ਪਾਰਟੀਆਂ ਵੀ ਉਨ੍ਹਾਂ ਨੂੰ ਚੁਕਦੀਆਂ ਹਨ। ਪਰ ਫਿਰ-ਵੀ ਮੈਂ ਕਹਾਂਗਾ ਕਿ ਉਨ੍ਹਾਂ ਦੀ ਇਕਨਾਮਿਕ ਕੰਡੀਸ਼ਨ ਠੀਕ ਹੋਣੀ ਚਾਹੀਦੀ ਹੈ। ਉਨ੍ਹਾਂ ਦੀ ਪੜ੍ਹਾਈ ਇਸ ਤਰ੍ਹਾਂ ਦੀ ਜ਼ਰੂਰ ਹੋਵੇ ਕਿ ਪੜ੍ਹਨ ਤੋਂ ਬਾਅਦ ਘਟੋ ਘੱਟ ਉਨ੍ਹਾਂ ਨੂੰ ਰੋਟੀ ਜ਼ਰੂਰ ਮਿਲ ਜਾਵੇ, ਇਹ ਨਾ ਹੋਵੇ ਕਿ ਉਹ ਸੜਕਾਂ ਤੇ ਫਿਰਦੇ ਰਹਿਣ। ਸਾਡਾ ਪੜ੍ਹਾਈ ਦਾ ਤਰੀਕਾ ਜ਼ਰੂਰ ਠੀਕ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਪ੍ਰਾਈਮ ਮਨਿਸਟਰ ਵੀ ਆਪਣੀ ਤਕਰੀਰ

ਵਿਚ ਇਹ ਕਹਿੰਦੀ ਹੈ ਕਿ ਸਾਡੇ ਦੇਸ਼ ਦੀ ਪੜ੍ਹਾਈ ਵਿਚ ਕਸਰ ਹੈ, ਹੋਰ ਸਟੇਟਾਂ ਦੇ ਮਨਿਸਟਰ ਵੀ ਇਹ ਕਹਿੰਦੇ ਹਨ ਕਿ ਪੜ੍ਹਾਈ ਵਿਚ ਕਸਰ ਹੈ, ਸਾਡੇ ਚੀਫ ਮਨਿਸਟਰ ਸਾਹਿਬ ਵੀ ਇਹ ਕਹਿੰਦੇ ਹਨ ਕਿ ਪੜ੍ਹਾਈ ਵਿਚ ਕਸਰ ਹੈ, ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਵੀ ਆਪਣੀ ਤਕਰੀਰ ਵਿਚ ਇਹ ਕਹਿੰਦੇ ਹਨ ਕਿ ਪੜ੍ਹਾਈ ਵਿਚ ਕਸਰ ਹੈ। ਪਰ ਬਿੱਲੀ ਦੇ ਗਲ ਘੰਟੀ ਕੌਣ ਪਾਵੇ ? ਇਸ ਵਾਸਤੇ ਇਸ ਪੜ੍ਹਾਈ ਦੇ ਢਾਂਚੇ ਨੂੰ ਲਾਜ਼ਮੀ ਤੌਰ ਤੇ ਬਦਲਣਾ ਚਾਹੀਦਾ ਹੈ। ਪੜ੍ਹਾਈ ਇਸ ਕਿਸਮ ਦੀ ਹੋਵੇ ਕਿ ਜਦੋਂ ਕਿ ਬਚਾ ਪੜ੍ਹ ਕੇ ਨਿਕਲੇ ਉਸ ਨੂੰ ਆਪਣੀ ਰੋਟੀ ਲਾਜ਼ਮੀ ਤੌਰ ਤੇ ਮਿਲ ਜਾਵੇ।

ਡਿਪਟੀ ਸਪੀਕਰ ਸਾਹਿਬ, ਇਕ ਮੈਂ ਅਰਜ਼ ਕਰਾਂਗਾ ਕਿ ਹੈਲਥ ਡਿਪਾਰਟਮੈਂਟ ਨੇ ਪਿਛਲੇ ਦਿਨਾਂ ਵਿਚ ਕਈ ਜਗ੍ਹਾ ਮੈਡੀਕਲ ਮੰਥਨ ਕੀਤਾ, ਇਸ ਨਾਲ ਕਾਫੀ ਫਾਇਦਾ ਹੋਇਆ ਹੈ ਜਿਹੜੇ ਲੋਕ ਬਿਲਕੁਲ ਅਣਜਾਨ ਸਨ ਅਤੇ ਹਸਪਤਾਲਾਂ ਤਕ ਵੀ ਨਹੀਂ ਜਾ ਸਕਦੇ ਅਤੇ ਕਈ ਲੋਕ ਤਾਂ ਐਸੇ ਸਨ ਜਿਨ੍ਹਾਂ ਨੂੰ ਆਪਣੀ ਬਿਮਾਰੀ ਦਾ ਵੀ ਪਤਾ ਨਹੀਂ ਸੀ, ਉਨ੍ਹਾਂ ਨੂੰ ਇਸ ਮੈਡੀਕਲ ਮੰਥਨ ਨਾਲ ਕਾਫੀ ਲਾਭ ਹੋਇਆ। ਉਨ੍ਹਾਂ ਦੀਆਂ ਬਿਮਾਰੀਆਂ ਦਾ ਉਥੇ ਬੈਠ ਕੇ ਇਲਾਜ ਕੀਤਾ ਗਿਆ, ਸਪਾਟ ਤੇ ਟਰੀਟਮੈਂਟ ਕੀਤਾ ਗਿਆ 5 ਲੱਖ 4 ਹਜ਼ਾਰ ਐਸੇ ਬੱਚੇ ਹਨ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੂੰ ਇਨ੍ਹਾਂ ਮੈਡੀਕਲ ਮੰਥਨਾਂ ਰਾਹੀਂ ਇਨ੍ਹਾਂ ਬਿਮਾਰੀਆਂ ਨੂੰ ਐਗਜ਼ਾਮਨ ਕਰਨ ਵਾਸਤੇ ਰੈਗੂਲਰ ਰਹਿਣਾ ਚਾਹੀਦਾ ਹੈ ਇਨ ਟੱਚ ਰਹਿਣਾ ਚਾਹੀਦਾ ਹੈ ਤਾਕਿ ਇਸ ਕਿਸਮ ਦੀਆਂ ਬਿਮਾਰੀਆਂ ਨਾ ਹੋਣ।

ਇਕ ਗਲ ਮੈਂ ਕਹਾਂਗਾ ਕਿ ਜਿਹੜੀ ਮੈਡੀਕਲ ਮੰਥਨ ਨਾਲ ਮੈਡੀਕਲ ਡਿਪਾਰਟਮੈਂਟ ਨੇ ਰਿਪੋਰਟ ਦਿੱਤੀ ਹੈ ਉਸ ਤੋਂ ਪਤਾ ਲਗਦਾ ਹੈ ਕਿ 53 ਪ੍ਰਤੀਸ਼ਤ ਐਸੇ ਬੱਚੇ ਹਨ ਜਿਹੜੇ ਕਿ ਬਿਮਾਰ ਹਨ 20 ਫੀਸਦੀ ਉਹ ਬੱਚੇ ਹਨ ਜਿਨ੍ਹਾ ਨੂੰ ਅਨੀਮੀਆਂ ਦੀ ਬੀਮਾਰੀ ਹੈ ਅਤੇ 57 ਫੀਸਦੀ ਐਸੇ ਹਨ ਜਿਨ੍ਹਾਂ ਨੂੰ ਟ੍ਰਿਕੋਮਾ ਦੀ ਬਿਮਾਰੀ ਹੈ ਅਤੇ ਇਹ ਬਿਮਾਰੀ ਤਾਂ ਇਤਨੀ ਖਤਰਨਾਕ ਹੈ ਕਿ ਜਦ ਉਹ ਬਚੇ ਵੱਡੇ ਹੋ ਜਾਂਦੇ ਹਨ ਜਾਂ ਬਜ਼ੁਰਗ ਹੋ ਜਾਂਦੇ ਹਨ ਤਾਂ ਉਹ ਇਸ ਬਿਮਾਰੀ ਦੀ ਵਜ੍ਹਾ ਨਾਲ ਅੰਨ੍ਹੇ ਹੋ ਜਾਂਦੇ ਹਨ। ਮੈਂ ਪੰਜਾਬ ਸਰਕਾਰ ਦਾ ਬਹੁਤ ਧੰਨਵਾਦੀ ਹਾਂ ਕਿ ਇਸ ਨੇ ਮੈਡੀਕਲ ਮੰਥਨ ਨਾਲ ਇਨ੍ਹਾਂ ਬਿਮਾਰੀਆਂ ਨੂੰ ਰੋਕਣ ਲਈ ਕਦਮ ਉਠਾਇਆ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜੇ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਹਨ ਉਨ੍ਹਾਂ ਵਿਚ ਕਈ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਤਾਂ ਕਿਰਾਏ ਤੇ ਲਈਆਂ ਹੋਈਆਂ ਹਨ ਅਤੇ ਕਈ ਆਪਣੀਆਂ ਹਨ, ਪਰ ਉਨ੍ਹਾਂ ਦੀ ਹਾਲਤ ਇਤਨੀ ਖਰਾਬ ਹੈ ਕਿ ਉਨ੍ਹਾਂ ਦੇ ਗਿਰਨ ਦਾ ਹਰ ਵੇਲੇ ਡਰ ਹੀ ਲਗਿਆ ਰਹਿੰਦਾ ਹੈ। ਮੈਂ ਦੱਸਦਾ ਹਾਂ ਕਿ ਪਿੱਛੇ ਇਕ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਗਿਰ ਗਈ ਜਿਸ ਨਾਲ ਕਿ 5,6 ਬੱਚੇ ਮਰ ਗਏ। ਇਸ ਲਈ ਇਹੋ ਜਿਹੀ ਹਾਲਤ ਵਿਚ ਇਹੋ ਜਿਹੀਆਂ ਬਿਲਡਿੰਗਾਂ ਦੀ ਲਾਜ਼ਮੀ ਤੌਰ ਤੇ ਮੁਰੰਮਤ ਹੋਣੀ ਚਾਹੀਦੀ ਹੈ। ਇਨ੍ਹਾਂ ਵਲ ਪੂਰਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਮਹਿੰਗਾਈ ਦੇ ਜ਼ਮਾਨੇ ਵਿਚ ਗਰੀਬ ਬੱਚੇ ਪੜ੍ਹ ਨਹੀਂ ਸਕਦੇ ਉਨ੍ਹਾਂ ਦੀ ਨਰਿਸ਼ਮੈਂਟ ਨਹੀਂ ਹੋ ਸਕਦੀ ਕਿਉਂਕਿ ਉਨ੍ਹਾਂ ਪਾਸ ਇਤਨੇ ਪੈਸੇ ਨਹੀਂ ਹਨ। ਇਸ ਲਈ ਮੈਂ ਇਕ ਅਰਜ਼ ਪੰਜਾਬ ਗੌਰਮਿੰਟ ਨੂੰ ਕਰਨੀ ਚਾਹੁੰਦਾ ਹਾਂ ਕਿ ਸਕੂਲਾਂ ਵਿਚ ਬਚਿਆਂ ਨੂੰ ਦੁਪਹਿਰ ਦੀ ਰੋਟੀ ਦਿਤੀ ਜਾਵੇ, ਫਲ ਦਿਤੇ ਜਾਣ, ਦੁੱਧ ਦਿਤਾ ਜਾਵੇ ਤਾਕਿ ਉਨ੍ਹਾਂ ਦੀ ਨਰਿਸ਼ਮੈਂਟ ਠੀਕ ਤਰ੍ਹਾਂ ਨਾਲ ਹੋ ਸਕੇ।

[ਸ੍ਰੀ ਸਰਦਾਰੀ ਲਾਲ ਕਪੂਰ]

ਇਕ ਗਲ ਲਈ ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਸ ਸਰਕਾਰ ਨੇ 1 ਲੱਖ 84 ਹਜ਼ਾਰ ਲੋਕਾਂ ਨੂੰ ਆਪਣੇ ਮਕਾਨ ਬਣਾਉਣ ਵਾਸਤੇ ਜਗ੍ਹਾਂ ਦਿਤੀ ਹੈ ਇਹ ਬਹੁਤ ਸ਼ਲਾਘਾਯੋਗ ਕਦਮ ਹੈ (ਥੰਪਿੰਗ) ਹਾਲੇ ਤਕ ਹੋਰ ਕਿਸੇ ਸੂਬੇ ਨੇ ਇਤਨੀ ਜਗ੍ਹਾ ਨਹੀਂ ਦਿਤੀ ਸਿਵਾਏ ਕੇਰਲ ਦੇ। ਕੇਰਲ ਇਕ ਐਸੀ ਸਟੇਟ ਹੈ ਜਿਸ ਨੇ ਲੋਕਾਂ ਨੂੰ ਮਕਾਨ ਵੀ ਬਣਾ ਕੇ ਦਿਤੇ ਹਨ ਸਿਰਫ ਜਗ੍ਹਾ ਹੀ ਨਹੀਂ ਦਿਤੀ, ਮਕਾਨ ਆਪ ਹੀ ਬਣਾ ਕੇ ਦਿਤੇ ਹਨ। ਮੈਂ ਪੰਜਾਬ ਗੌਰਮਿੰਟ ਨੂੰ ਪ੍ਰਾਰਥਨਾ ਕਰਾਂਗਾ ਕਿ ਕੇਰਲ ਸਟੇਟ ਦੀ ਤਰ੍ਹਾਂ ਇਹ ਵੀ ਕਰਨ ਤਾਂ ਚੰਗਾ ਹੋਵੇਗਾ। ਮਕਾਨ ਬਣਾ ਕੇ ਦੇਣ ਸਿਰਫ਼ ਸਾਈਟ ਹੀ ਨਾ ਦੇਣ ਕਿਉਂਕਿ ਜੋ ਗਰੀਬ ਲੋਕ ਹਨ, ਉਨ੍ਹਾਂ ਪਾਸ ਇਤਨਾ ਪੈਸਾ ਨਹੀਂ ਹੁੰਦਾ ਕਿ ਉਹ ਮਕਾਨ ਬਣਾ ਸਕਣ। ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ ਤਾਕਿ ਉਨ੍ਹਾਂ ਨੂੰ ਕੋਈ ਮੁਸ਼ਕਲ ਨਾ ਰਹੇ।

ਸਰਦਾਰ ਹਰਬੰਸ ਸਿੰਘ ਜਲਾਲ : * * * *

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸ੍ਰੀ ਸਰਦਾਰੀ ਲਾਲ ਕਪੂਰ : ਇਹ ਜਿਹੜਆਂ ਜ਼ਮੀਨਾਂ ਪੰਜਾਬ ਸਰਕਾਰ ਨੇ ਹਾਸਲ ਕੀਤੀਆਂ ਹਨ ਇਸ ਤੇ 1 ਕਰੋੜ 80 ਲੱਖ ਰੁਪਿਆ ਖਰਚ ਆਇਆ ਹੈ। ਇਸ ਬਾਰੇ ਮੈਂ ਇਕ ਪ੍ਰਾਰਥਨਾ ਕਰਾਂਗਾ ਆਪਣੇ ਲੋਕਲ ਸੈਲਫ ਗੌਰਮਿੰਟ ਦੇ ਮਨਿਸਟਰ ਸਾਹਿਬ ਨੂੰ ਕਿ ਇਨ੍ਹਾਂ ਲੋਕਾਂ ਨੂੰ ਪੂਰੀ ਸਹੂਲਤ ਦੇਣੀ ਚਾਹੀਦੀ ਹੈ। ਪਿੱਛੇ ਇਕ ਇਸ਼ਤਿਹਾਰ ਛੱਪਿਆ ਸੀ ਜਿਸ ਵਿਚ ਇਹ ਲਿਖਿਆ ਸੀ ਕਿ ਲੋਕਾਂ ਨੂੰ ਇਹ ਜ਼ਮੀਨ ਲੀਜ਼ ਤੇ ਦਿੱਤੀ ਜਾਵੇਗੀ। ਉਸ ਵਿਚ ਇਹ ਸੀ ਕਿ 250 ਰੁਪਏ ਜਿਸ ਵੇਲੇ ਰਜਿਸਟਰੇਸ਼ਨ ਹੋਵੇ ਉਸ ਵੇਲੇ ਜਮ੍ਹਾਂ ਕਰਾਉਣ ਅਤੇ ਜਿਸ ਵੇਲੇ ਇਹ ਅਲਾਟਮੈਂਟ ਹੋਵੇ ਉਸ ਵੇਲੇ 250 ਰੁਪਏ ਹੋਰ ਜਮ੍ਹਾ ਕਰਾਉਣ, ਫਿਰ ਕਿਹਾ ਕਿ ਲੀਜ਼ ਤੇ ਜਗ੍ਹਾ ਮਿਲੇਗੀ ਮਲਕੀਅਤ ਨਹੀ ਹੋਵੇਗੀ। ਫਿਰ ਇਨ੍ਹਾਂ ਨੇ ਕਿਹਾ ਕਿ ਪਹਿਲੇ 10 ਸਾਲ 20 ਰੁਪਏ ਮਹੀਨਾ ਦੇਣੇ ਪੈਣਗੇ ਅਤੇ ਫਿਰ ਅਗਲੇ ਦੱਸ ਸਾਲਾਂ ਵਿਚ 35 ਰੁਪਏ ਮਹੀਨਾ ਦੇਣੇ ਪੈਣਗੇ ਫਿਰ ਅਗਲੇ 10 ਸਾਲ ਵਿਚ 50 ਰੁਪਏ ਦੇਣੇ ਹਨ ਅਤੇ ਇਸ ਤੋਂ ਮਗਰੋਂ ਫਿਰ ਸੋਚਿਆ ਜਾਵੇਗਾ ਕਿ ਹੋਰ ਕਿਸ ਤਰ੍ਹਾਂ ਲਿਆ ਜਾਵੇਗਾ। ਜੇ ਇਸ ਤਰ੍ਹਾਂ ਅਸੀਂ 99 ਸਾਲਾਂ ਦਾ ਹਿਸਾਬ ਲਾਈਏ ਤਾਂ ਪਤਾ ਲਗਦਾ ਹੈ ਕਿ 55 ਹਜ਼ਾਰ ਰੁਪਏ ਨਾਲ ਲੀਜ਼ ਤੇ ਜ਼ਮੀਨ ਮਿਲੀ। ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਸ ਵਿਚ ਕੋਈ ਮੋਡੀਫੀ-ਕੇਸ਼ਨ ਕਰਨੀ ਚਾਹੀਦੀ ਹੈ। ਜਿਸ ਨਾਲ ਕਿ ਗਰੀਬ ਲੋਕਾਂ ਨੂੰ ਪੂਰੀ ਸਹੂਲਤ ਮਿਲ ਸਕੇ। ਇਹ ਜ਼ਮੀਨ ਲੀਜ਼ ਤੇ ਦਿਤੀ ਜਾਣੀ ਹੈ, ਇਹ ਜ਼ਮੀਨ ਉਸ ਦੀ ਨਹੀਂ ਹੈ। ਇਸ ਲਈ ਉਹ ਇਸ ਤੇ ਉਸਾਰੀ ਕਿਵੇਂ ਕਰੇਗਾ। ਮੈਂ ਦੱਸਦਾ ਹਾਂ ਕਿ ਇਕਨਾਮਿਕ ਕੰਡੀਸ਼ਨ ਲੋਕਾਂ ਦੀ ਬਹੁਤ ਵੀਕ ਹੈ ਇਸ ਲਈ ਐਸੀ ਕੋਈ ਮਾਡੀਫੀਕੇਸ਼ਨ ਕਰਨੀ ਚਾਹੀਦੀ ਹੈ ਜਿਸ ਨਾਲ ਕਿ ਉਹ ਗਰੀਬ ਆਦਮੀ 100 ਮੁਰੱਬਾ ਗਜ਼ ਜ਼ਮੀਨ ਦਾ ਮਾਲਕ ਬਣ ਸਕੇ। ਅਜ ਤੁਸੀਂ ਉਨ੍ਹਾਂ ਲੋਕਾਂ ਨੂੰ ਮਾਲਕ ਬਣਾਇਆ ਹੈ 100 ਮੁਰੱਬਾ ਗਜ਼ ਦੇ ਪਲਾਟ ਲੀਜ਼ ਤੇ ਦੇ ਕੇ। ਫੇਰ ਉਸ ਨੂੰ ਮਕਾਨ ਬਣਾਉਣ ਵਾਸਤੇ ਪੈਸਾ ਵੀ ਦਿਤਾ ਹੈ, ਪਰ ਉਸ ਨੂੰ ਸੀਮਿੰਟ ਮਿਲਦਾ ਨਹੀਂ। ਫੇਰ ਕਿਵੇਂ ਉਹ ਮਕਾਨ ਬਣਾਵੇਗਾ। ਉਸਨੂੰ ਸਾਰੀਆਂ ਫੈਸਿਲਟੀਜ਼ ਮਿਲਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ 20 ਪ੍ਰਤੀਸ਼ਤ ਤੋਂ ਵੱਧ ਉਨ੍ਹਾਂ ਗਰੀਬ ਲੋਕਾਂ ਤੋਂ ਕਰਾਇਆ ਨਾ ਲਿਆ ਜਾਵੇ ਜਿਨ੍ਹਾਂ ਨੂੰ ਤੁਸੀਂ ਆਪ ਮਕਾਨ ਬਣਾ ਕੇ ਦੇਂਦੇ ਹੋ, ਕਿਉਂਕਿ ਇਕ ਗਰੀਬ ਕਲਰਕ ਜਾਂ ਮਜ਼ਦੂਰ ਇਸ ਤੋਂ ਵੱਧ ਮਾਹਵਾਰ ਪੈਸੇ ਵੀ ਨਹੀਂ ਦੇ ਸਕਦਾ।

---

*Expunged as ordered by the Chair.

ਫੇਰ ਪੰਜਾਬ ਸਰਕਾਰ ਨੇ ਸੋਸ਼ਲ ਵੈਲਫੇਅਰ ਦਾ ਵੀ ਬੜਾ ਕੰਮ ਕੀਤਾ ਹੈ, ਮੈਂ ਇਸ ਦੇ ਲਈ ਵੀ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ, ਸਰਕਾਰ ਨੇ ਪੰਜਾਬ ਦੇ ਪਿੰਡਾਂ ਵਿਚ ਧਰਮਸ਼ਾਲਾਵਾਂ ਬਣਾਉਣ ਦਾ ਫੈਸਲਾ ਕੀਤਾ ਹੈ, ਕੁਝ ਤਿਆਰ ਹੋ ਚੁਕੀਆਂ ਹਨ ਅਤੇ ਕੁਝ ਨੂੰ ਪੈਸਾ ਦਿੱਤਾ ਜਾ ਚੁਕਾ ਹੈ। ਪਰ ਕੁਝ ਧਰਮਸ਼ਾਲਾਵਾਂ ਇਸ ਕਰਕੇ ਨਹੀਂ ਬਣ ਰਹੀਆਂ ਭਾਵੇਂ ਉਨ੍ਹਾਂ ਦੇ ਪਾਸ ਪੈਸਾ ਹੈ ਪਰ ਮਹਿੰਗਾਈ ਇਤਨੀ ਹੋ ਗਈ ਹੈ ਕਿ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਕਿਸ ਤਰ੍ਹਾਂ ਧਰਮਸ਼ਾਲਾਵਾਂ ਤਿਆਰ ਕਰਨ। ਉਨ੍ਹਾਂ ਨੂੰ ਪੈਸਾ ਹਾਸਲ ਕੀਤਿਆਂ ਵੀ 2 ਸਾਲ ਹੋ ਗਏ ਹਨ ਪਰ ਉਹ ਅਜੇ ਤੱਕ ਤਿਆਰ ਹੀ ਨਹੀਂ ਕਰ ਸਕੇ। ਇਸ ਤਰ੍ਹਾਂ ਦਾ ਕੋਈ ਤਰੀਕਾ ਇਖਤਿਆਰ ਕਰਨਾ ਚਾਹੀਦਾ ਹੈ ਤਾਂ ਜੋ ਪਰਾਇਰਟੀ ਦੇ ਕੇ ਉਹ ਧਰਮਸ਼ਾਲਾਵਾਂ ਤਿਆਰ ਕਰ ਸਕਣ।

ਹਰੀਜਨਾਂ ਵਲ ਵੀ ਜਿਹੜਾ ਪੰਜਾਬ ਸਰਕਾਰ ਨੇ ਧਿਆਨ ਦਿੱਤਾ ਹੈ ਮੈਂ ਇਸ ਦੇ ਲਈ ਵੀ ਸਰਕਾਰ ਨੂੰ ਮੁਬਾਰਕਬਾਦ ਦੇਂਦਾ ਹਾਂ। ਸਰਕਾਰ ਨੇ 80 ਲੱਖ ਰੁਪਿਆ ਹਰੀਜਨ ਬਸਤੀਆਂ ਨੂੰ ਇੰਪਰੂਵ ਕਰਨ ਵਾਸਤੇ ਲਗਾਇਆ ਹੈ। ਇਥੇ ਮੈਂ ਇਕ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਜਿਹੜਾ ਸਲੱਮ ਏਰੀਆਜ਼ ਦੇ ਕਲੀਅਰ ਕਰਨ ਵਾਸਤੇ ਪੈਸਾ ਲਾਇਆ ਹੈ ਉਹ ਲੁਧਿਆਣੇ ਵਾਸਤੇ ਮੈਂ ਕਹਿ ਸਕਦਾ ਹਾਂ ਕਿ ਸਲੱਮ ਕਲੀਅਰ ਕਰਨ ਵਾਸਤੇ ਤਾਂ ਖਰਚ ਨਹੀਂ ਹੋਇਆ ਉਹ ਸਾਰਾ ਰੁਪਿਆ ਤਾਂ ਮਾਰਕਿਟ ਬਣਾਉਣ ਦੇ ਵਿਚ ਹੀ ਲਗਾ ਦਿੱਤਾ ਗਿਆ। ਇਹ ਪੈਸਾ ਸਲੱਮਜ਼ ਦੀ ਕਲੀਅਰੈਂਸ ਵਾਸਤੇ ਖਰਚ ਹੋਣਾ ਚਾਹੀਦਾ ਸੀ। ਅਗੇ ਨੂੰ ਇਹ ਪੈਸਾ ਮਿਊਂਸਪੈਲਟੀ ਤੋਂ ਲੈ ਕੇ ਖਰਚ ਹੋਣਾ ਚਾਹੀਦਾ ਹੈ।

ਇਸ ਗਲ ਲਈ ਵੀ ਮੈਂ ਸਰਕਾਰ ਨੂੰ ਵਧਾਈ ਦੇਂਦਾ ਹਾਂ ਕਿ ਮੈਡੀਕਲ ਕਾਲਜ ਦੇ ਵਿਚ ਦਾਖਲੇ ਲਈ ਅਗੇ ਹਰੀਜਨ ਬਚਿਆਂ ਨੂੰ 50 ਫੀਸਦੀ ਮਾਰਕਸ ਹਾਸਲ ਕਰਨੇ ਪੈਂਦੇ ਸਨ ਪਰ ਹੁਣ ਇਨ੍ਹਾਂ ਲਈ ਰਿਆਇਤ ਕਰਕੇ 45 ਫੀਸਦੀ ਦੀ ਹੱਦ ਕਰ ਦਿੱਤੀ ਗਈ ਹੈ। ਇਹ ਸਰਕਾਰ ਨੇ ਬੜਾ ਚੰਗਾ ਕੰਮ ਕੀਤਾ ਹੈ ਹੁਣ ਪਛੜੇ ਹੋਏ ਬੱਚਿਆਂ ਲਈ ਵੀ ਦਾਖਲੇ ਦੀ ਆਸਾਨੀ ਹੋ ਗਈ ਹੈ।

ਪੰਜਾਬ ਸਰਕਾਰ ਦਾ ਧਿਆਨ ਮੈਂ ਇਸ ਵਲ ਜ਼ਰੂਰ ਦਿਵਾਵਾਂਗਾ ਕਿ ਪੰਜਾਬ ਸਰਕਾਰ ਨੇ ਜਿਹੜਾ ਬਜ਼ੁਰਗ ਲੋਕਾਂ ਦੀਆਂ ਪੈਨਸ਼ਨਾਂ ਦੇਣ ਦਾ ਫੈਸਲਾ ਕੀਤਾ ਸੀ ਅਤੇ ਗਵਰਨਰ ਸਾਹਿਬ ਨੇ ਵੀ ਕਿਹਾ ਸੀ ਕਿ ਐਟ ਦੀ ਸਪਾਟ ਉਨ੍ਹਾਂ ਨੂੰ ਪੈਨਸ਼ਨਾਂ ਦਿੱਤੀਆਂ ਜਾਇਆ ਕਰਨਗੀਆਂ ਅਜੇ ਤੱਕ ਵੇਖਣ ਵਿਚ ਤਾਂ ਆਇਆ ਨਹੀਂ ਕਿ ਕਿਸੇ ਨੂੰ ਦਿੱਤੀਆਂ ਹੋਣ। ਕਈ ਬੁੱਢਿਆਂ ਦੇ ਕਾਗਜ਼ ਲੈਕੇ ਫਾੜ ਦਿਤੇ ਗਏ ਹਨ। ਮੈਨੂੰ ਇਥੋਂ ਤੱਕ ਇਤਲਾਹ ਹੈ ਕਿ ਜਿਨ੍ਹਾਂ ਬੁਢਿਆ ਨੇ ਡਾਇਰੈਕਟਰ ਵੈਲਫੇਅਰ ਜਾਂ ਮਨਿਸਟਰ ਸਾਹਿਬ ਨੂੰ ਪੈਨਸ਼ਨ ਲਈ ਅਰਜ਼ੀਆ ਦਿੱਤੀਆਂ ਸਨ ਉਨ੍ਹਾਂ ਵਿਚੋਂ 34 ਫੀਸਦੀ ਤਾਂ ਮਰ ਵੀ ਚੁਕੇ ਹਨ, ਉਨ੍ਹਾਂ ਦੀ ਪੈਨਸ਼ਨ ਤਾਂ ਹੁਣ ਮਰਘਟ ਖਾਨੇ ਹੀ ਪਹੁੰਚਾਣੀ ਪੈਣੀ ਹੈ। ਇਸ ਮੁਆਮਲੇ ਦੀ ਜਲਦੀ ਤੋਂ ਜਲਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਇਕ ਅਧਿਕਾਰੀ ਨੇ ਕੋਈ 2000 ਕਾਗਜ਼ ਫਾੜ ਕੇ ਸੁੱਟੇ ਹਨ। ਇਨ੍ਹਾਂ ਲੋਕਾਂ ਵਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ 2—3 ਸਾਲ ਬਾਅਦ ਤਾਂ ਇਨ੍ਹਾਂ ਨੇ ਮਰ ਹੀ ਜਾਣਾ ਹੈ। ਇਨ੍ਹਾਂ ਦੇ ਮੁਆਮਲੇ ਵਿਚ ਜ਼ਿਆਦਾ ਦੇਰ ਨਹੀਂ ਲਾਉਣੀ ਚਾਹੀਦੀ। ਇਨ੍ਹਾਂ ਬਜ਼ੁਰਗਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਫੇਰ ਪੈਨਸ਼ਨ ਹਾਸਲ ਕਰਨ ਵਾਸਤੇ ਪਹਿਲਾਂ ਇਸ ਨੂੰ ਕਾਗਜ਼ ਭਰ ਕੇ ਤਹਿਸੀਲ ਵਿਚ ਦਸਤਖਤ ਕਰਾਉਣੇ ਪੈਂਦੇ ਹਨ, ਫੇਰ ਡੀ. ਸੀ. ਤੋਂ ਅਤੇ ਇਸ ਤੋਂ ਬਾਅਦ ਐਮ.ਐਲ.ਏ. ਤੋਂ ਕਰਾਉਣੇ ਪੈਂਦੇ ਹਨ। ਜੇ ਐਮ. ਐਲ. ਏ. ਤੇ ਇਤਬਾਰ ਹੀ ਨਹੀਂ ਤਾਂ ਇਸ ਦੇ ਦਸਤਖਤ ਕਰਾਉਣ ਦੀ ਲੋੜ ਹੀ ਨਹੀਂ। ਮੈਂ ਕਹਾਂਗਾ ਕਿ ਜੇ ਇਨ੍ਹਾਂ ਬੁੱਢਿਆਂ ਦੀ ਇਮਦਾਦ ਕਰਨੀ ਹੈ ਤਾਂ ਕੋਈ ਸੁਖਾਲਾ ਤਰੀਕਾ ਅਪਨਾਉਣਾ ਚਾਹੀਦਾ ਹੈ।

[ਸ੍ਰੀ ਸਰਦਾਰੀ ਲਾਲ ਕਪੂਰ]

ਇਕ ਗਲ ਦੇ ਲਈ ਜੋ ਮੈਂ ਆਪਣੀ ਸਰਕਾਰ ਨੂੰ ਮੁਬਾਰਕਬਾਦ ਦੇਣੀ ਜ਼ਰੂਰੀ ਸਮਝਦਾ ਹਾਂ, ਖਾਸ ਤੌਰ ਤੇ ਸ਼ਰਮਾ ਜੀ ਨੂੰ, ਉਹ ਇਹ ਹੈ ਕਿ ਉਨ੍ਹਾਂ ਨੇ ਓਲਡ ਸਕੂਲ ਟੀਚਰਾਂ ਨੂੰ ਜਿਹੜੇ ਪ੍ਰਾਵਿੰ-ਸ਼ਲਾਈਜ਼ਡ ਕੇਡਰ ਵਿਚ ਆ ਗਏ ਹਨ ਪੈਨਸ਼ਨਾਂ ਦੇਣ ਦਾ ਐਲਾਨ ਕਰਕੇ ਇਕ ਸ਼ਲਾਘਾਯੋਗ ਉੱਦਮ ਕੀਤਾ ਹੈ। ਇਸ ਤਰ੍ਹਾਂ 1,100 ਦੇ ਕਰੀਬ ਲੋਕਾਂ ਨੂੰ ਬੜਾ ਫਾਇਦਾ ਹੋਇਆ ਹੈ।

ਇਕ ਪ੍ਰਾਰਥਨਾ ਮੈਂ ਰੋਡਵੇਜ਼ ਦੇ ਨੈਸ਼ਨੇਲਾਈਜ਼ ਕਰਨ ਬਾਰੇ ਵੀ ਕਰਨੀ ਚਾਹੁੰਦਾ ਹਾਂ ਇਹ ਫੈਸਲਾ ਜ਼ਰੂਰ ਕੀਤਾ ਗਿਆ ਕਿ ਰੋਡਵੇਜ਼ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇਗਾ ਪਰ ਅਜੇ ਤੱਕ ਹੋਇਆ ਕੁਝ ਨਹੀਂ। ਮੈਂ ਕਹਾਂਗਾ ਕਿ ਪੰਜਾਬ ਰੋਡਵੇਜ਼ ਦੀ ਹਾਲਤ ਇਤਨੀ ਖਰਾਬ ਹੈ ਕਿ ਤੁਸੀਂ ਕਿਸੇ ਵੀ ਸੜਕ ਤੇ ਕਿਉਂ ਨਾ ਸਫਰ ਕਰਦੇ ਹੋਵੋ ਰੋਡਵੇਜ਼ ਦੀ ਗੱਡੀ ਖੜੀ ਹੋਈ ਹੀ ਤੁਹਾਨੂੰ ਮਿਲੇਗੀ ਇਸ ਤੋਂ ਪ੍ਰਾਈਵੇਟ ਗਡੀਆਂ ਵਾਲੇ ਫਾਇਦਾ ਉਠਾ ਜਾਂਦੇ ਹਨ। ਇਹ ਆਮ ਲੋਕਾਂ ਦੀ ਡਿਮਾਂਡ ਹੈ ਕਿ ਰੋਡਵੇਜ਼ ਨੂੰ ਜਲਦੀ ਤੋਂ ਜਲਦੀ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਸਿਨਮਾ ਨੈਸ਼ਨੇਲਾਈਜ਼ ਕਰਨ ਦੀ ਗਲ ਚਲੀ ਸੀ ਉਹ ਵੀ ਅਜੇ ਤੱਕ ਉਸੇ ਤਰ੍ਹਾਂ ਹੀ ਹੈ। ਪੰਜਾਬ ਸਰਕਾਰ ਨੂੰ ਇਸ ਪਾਸੇ ਛੇਤੀ ਤੋਂ ਛੇਤੀ ਧਿਆਨ ਦੇਣਾ ਚਾਹੀਦਾ ਹੈ। 1947 ਤੋਂ ਲੈਕੇ ਹਰ ਕੰਮ ਵਿਚ ਪੰਜਾਬ ਸੱਭ ਤੋਂ ਅੱਗੇ ਲਗਦਾ ਹੈ, ਜੇ ਲੜਾਈ ਹੋਵੇ ਤਾਂ ਪੰਜਾਬ ਅੱਗੇ ਹੈ, ਜੇ ਅਨਾਜ ਦੀ ਘਾਟ ਪੂਰੀ ਕਰਨੀ ਹੋਵੇ ਤਾਂ ਪੰਜਾਬ ਅੱਗੇ ਹੈ। ਇਸ ਲਈ ਸੈਂਟਰ ਦੀ ਸਰਕਾਰ ਨੂੰ ਵੀ ਪੰਜਾਬ ਦਾ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਇਹੋ ਲੋਕੀ ਹਨ ਜਿਹੜੇ ਭਾਰਤ ਨੂੰ ਬਚਾਉਣ ਵਾਲੇ ਹਨ।

ਜਿਥੋਂ ਤਕ ਕਰਾਈਮਜ਼ ਦਾ ਸਵਾਲ ਹੈ ਦੂਸਰਿਆਂ ਸੂਬਿਆਂ ਦੀ ਨਿਸਬਤ ਪੰਜਾਬ ਵਿਚ ਕਰਾਈਮਜ਼ ਦਾ ਨੰਬਰ ਬਹੁਤ ਘੱਟ ਹੈ। ਐਤਕੀ ਵੀ ਪਿਛਲੇ ਸਾਲ ਨਾਲੋਂ ਕਰਾਈਮ ਘੱਟ ਹੈ। ਪੰਜਾਬੀ ਲੜਾਈ ਹੀ ਲੜਨਾ ਨਹੀਂ ਜਾਣਦਾ ਉਹ ਕਮਾ ਕੇ ਵੀ ਖਾਣਾ ਜਾਣਦਾ ਹੈ। ਪੰਜਾਬ ਸਰਕਾਰ ਨੂੰ ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਸਾਡੇ ਸ਼ਹਿਰਾਂ ਵਿਚ ਥਾਣਿਆਂ ਵਿਚ ਇਸ ਤਰ੍ਹਾਂ ਦੇ ਲੋਕ ਬੈਠੇ ਹਨ ਜਿਹੜੇ 9,10,11 ਸਾਲ ਤੱਕ ਦੇ ਬੱਚਿਆਂ ਤੇ ਝੂਠੇ ਕੇਸ ਬਣਾਉਂਦੇ ਹਨ। ਉਨ੍ਹਾਂ ਦੇ ਸਿਰ ਉਪਰ ਜਿਹੜੇ ਬੰਦੇ ਹੁੰਦੇ ਹਨ ਉਨ੍ਹਾਂ ਨੂੰ ਕੋਈ ਨਹੀਂ ਫੜਦਾ ਕਿਉਂਕਿ ਉਹ ਉਪਰ ਰਲੇ ਹੋਏ ਹੁੰਦੇ ਹਨ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਸਰਕਾਰ ਨੂੰ ਇਸ ਲਈ ਇਕ ਖਾਸ 'ਸੈਲ' ਬਣਾਉਣਾ ਚਾਹੀਦਾ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗਲ ਅਰਜ਼ ਕਰਾਂਗਾ ਜਿਸ ਬਾਰੇ ਅੱਜ ਹੀ ਹਾਊਸ ਵਿਚ ਬਹੁਤ ਬਹਿਸ ਹੋਈ ਹੈ। ਉਹ ਹੈ ਸਮਗਲਿੰਗ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸੈਂਟਰ ਦੀ ਸਰਕਾਰ ਨੇ ਇਸ ਪਾਸੇ ਧਿਆਨ ਦੇ ਕੇ ਸਾਰੇ ਦੇਸ਼ ਦੀ ਮੁਬਾਰਕਬਾਦ ਲਈ ਹੈ। ਅਵਾਮ ਇਹ ਸਮਝਦੇ ਹਨ ਕਿ ਚਲੋ ਬੇਸ਼ਕ ਦੇਰ ਨਾਲ ਇਸ ਗੱਲ ਵਲ ਧਿਆਨ ਗਿਆ, ਪਰ ਗਿਆ ਤਾਂ ਸੀ। ਸਾਡੇ ਦੇਸ਼ ਦੀ ਇਕੋਨੌਮੀ ਨੂੰ ਫੇਲ੍ਹ ਕਰਨ ਵਾਲੇ ਇਹ ਸਮਗਲਿੰਗ ਕਰਨ ਵਾਲੇ ਹਨ। ਪਰ ਹੁਣ ਵੱਡੇ ਵੱਡੇ ਆਦਮੀ ਫੜ ਲਏ ਗਏ ਹਨ, ਜਿਨ੍ਹਾਂ ਕੋਲ ਜਹਾਜ਼ ਸਨ, ਜਿਨ੍ਹਾਂ ਕੋਲ ਇਤਨੀਆਂ ਵੱਡੀਆਂ ਵੱਡੀਆਂ ਕਿਸ਼ਤੀਆਂ ਸਨ ਕਿ ਉਹ ਇਕੋ ਵਾਰ ਹੀ ਲੱਖਾਂ ਰੁਪਏ ਦੀ ਸਮਗਲਿੰਗ ਕਰ ਲੈਂਦੇ ਸਨ। ਉਨ੍ਹਾਂ ਨੂੰ ਵੀ ਫੜ ਲਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਤਨੀ ਜ਼ਿਆਦਾ ਸਮਗਲਿੰਗ ਉਹ ਇਕੱਲੇ ਨਹੀਂ ਸੀ ਕਰ ਸਕਦੇ। ਵੱਡੇ ਵੱਡੇ ਅਫਸਰ ਵੀ ਉਨ੍ਹਾਂ ਨਾਲ ਰਲੇ ਹੋਏ ਸਨ। ਮੈਂ ਸਮਝਦਾ ਹਾਂ ਕਿ ਸੈਂਟਰ ਦੀ ਗੌਰਮਿੰਟ ਅਤੇ ਪੰਜਾਬ ਗੌਰਮਿੰਟ ਉਨ੍ਹਾਂ ਲੋਕਾਂ ਨੂੰ ਕਦੇ ਵੀ ਮਾਫ ਨਹੀਂ ਕਰੇਗੀ ਭਾਵੇਂ ਕਿ ਉਹ ਕਿਤਨੇ ਵੀ ਵਡੇ ਆਦਮੀ ਕਿਉਂ ਨਾ ਹੋਣ। ਭਾਵੇਂ ਉਹ ਪੋਲੀਟੀਕਲ ਆਦਮੀ ਕਿਉਂ ਨਾ ਹੋਣ। ਇਥੇ ਗਿਆਨੀ ਜੀ ਨੇ ਇਹ ਕਰਕੇ ਵਿਖਾਇਆ ਹੈ, ਇਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਹੈ।

ਮੈਂ ਇਨ੍ਹਾਂ ਨੂੰ ਫਿਰ ਵੀ ਅਰਜ਼ ਕਰਾਂਗਾ ਕਿ ਸਮਗਲਰ ਭਾਵੇਂ ਆਪਣੇ ਹੋਣ ਜਾਂ ਪਰਾਏ ਹੋਣ, ਉਨ੍ਹਾਂ ਨੂੰ ਮਾਫ ਨਾ ਕਰਨ, ਪੰਜਾਬ ਇਕ ਬਾਰਡਰ ਦਾ ਸੂਬਾ ਹੈ ਅਤੇ ਇਥੇ ਸੋਨਾ ਅਤੇ ਅਫੀਮ ਬਹੁਤ ਸਮਗਲ ਹੁੰਦੀ ਹੈ। ਅਫ਼ੀਮ ਦੀ ਮਿਹਰਬਾਨੀ ਕਰਕੇ ਤਾਂ ਜੋ ਸਾਡੇ ਨੌਜਵਾਨ ਹਨ, ਵੀਰ ਹਨ. ਉਨ੍ਹਾਂ ਦਾ ਜੀਵਨ ਬੜਾ ਸੁੰਗੜ ਕੇ ਰਹਿ ਗਿਆ ਹੈ, ਬੜਾ ਕਮਜ਼ੋਰ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਅਫ਼ੀਮ ਤਾਂ ਪਾਕਿਸਤਾਨ ਜਾਣ ਬੁਝ ਕੇ ਇਧਰ ਸਮਗਲ ਕਰਾਉਂਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਪੰਜਾਬੀ ਬਹਾਦੁਰ ਹੈ, ਵੀਰ ਹੈ, ਇਸ ਲਈ ਇਸ ਨੂੰ ਅਫ਼ੀਮ ਦੇ ਆਦੀ ਬਣਾ ਕੇ ਕਮਜ਼ੋਰ ਕਰ ਦਿਓ। ਮੈਂ ਸਰਕਾਰ ਨੂੰ ਕਹਾਂਗਾ ਕਿ ਉਸ ਨੂੰ ਇਕ ਸਪੈਸ਼ਲ ਸੈਲ ਇਸ ਵਾਸਤੇ ਵੀ ਬਣਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਜਿਹੜੇ ਲੋਕ ਕਰੰਸੀ ਸਮਗਲ ਕਰਕੇ ਦੇਸ਼ ਨੂੰ ਤਬਾਹ ਕਰ ਰਹੇ ਹਨ ਉਨ੍ਹਾਂ ਨੂੰ ਵੀ ਮਾਫ ਨਹੀਂ ਕਰਨਾ ਚਾਹੀਦਾ।

ਡਿਪਟੀ ਸਪੀਕਰ ਸਾਹਿਬ, ਮੈਂ ਅਖੀਰ ਵਿਚ ਇਕ ਹੋਰ ਗਲ ਕਹਾਂਗਾ ਅਤੇ ਉਹ ਇਹ ਕਿ ਸਾਡੀ ਇਕ ਬੜੀ ਹੋਣਹਾਰ ਅਤੇ ਵੱਡੀ ਹਸਤੀ ਦਾ ਕਤਲ ਹੋ ਗਿਆ ਹੈ। ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਇਸ ਚੀਜ਼ ਦਾ ਜ਼ਿਕਰ ਵੀ ਕੀਤਾ ਹੈ। ਅਤੇ ਨਾਲ ਹੀ ਇਹ ਗਲ ਵੀ ਕਹੀ ਹੈ ਕਿ ਜੇ ਇਹ ਸਿਲਸਿਲਾ ਇਸ ਤਰ੍ਹਾਂ ਹੀ ਰਿਹਾ ਤਾਂ ਡੈਮੋਕ੍ਰੇਸੀ ਨਹੀਂ ਚਲ ਸਕੇਗੀ। ਡੈਮੋਕ੍ਰੇਸੀ ਬੈਂਕਰਪਟ ਹੋ ਜਾਵੇਗੀ। ਹਰ ਇਕ ਨੂੰ ਡੈਮੋਕ੍ਰੇਸੀ ਵਿਚ ਆਪਣੇ ਖਿਆਲਾਤ ਪ੍ਰਗਟ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਜੀਓ ਅਤੇ ਜੀਣ ਦਿਓ ਦਾ ਅਸੂਲ ਡੈਮੋਕ੍ਰੇਸੀ ਵਿਚ ਚਲ ਸਕਦਾ ਹੈ ਅਤੇ ਹਰ ਇਕ ਨੂੰ ਆਪਣੇ ਖਿਆਲਾਤ ਪ੍ਰਗਟ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਪਰ ਇਹ ਜੋ ਮਰਡਰ ਹੋਇਆ ਹੈ ਇਹ ਇਕ ਘਟੀਆਪਨ ਹੈ। ਪਰ ਮੈਂ ਸਮਝਦਾ ਹਾਂ ਕਿ ਦੇਸ਼ ਵਿਚ ਇਸ ਕਿਸਮ ਦੇ ਹਾਲਾਤ ਪੈਦਾ ਕਰ ਦਿਤੇ ਗਏ, ਇਸ ਕਿਸਮ ਦਾ ਵਾਤਾਵਰਣ ਪੈਦਾ ਕਰ ਦਿਤਾ ਗਿਆ ਜਿਸ ਕਰਕੇ ਸ੍ਰੀ ਮਿਸ਼ਰਾ ਦਾ ਕਤਲ ਹੋਇਆ। ਇਹ ਕੋਈ ਐਵੇਂ ਨਹੀਂ ਹੋ ਗਿਆ। ਮੈਂ ਤਾਂ ਇਥੋਂ ਤੱਕ ਸਮਝਦਾ ਹਾਂ ਕਿ ਇਸ ਕਿਸਮ ਦੇ ਹਾਲਾਤ ਪੈਦਾ ਕਰਨ ਵਿਚ ਸਿਰਫ ਹਿੰਦੁਸਤਾਨ ਦੇ ਰਹਿਣ ਵਾਲੇ ਲੋਕਾਂ ਦਾ ਹੀ ਹਥ ਨਹੀਂ ਸਗੋਂ ਦੂਜੇ ਮੁਲਕਾਂ ਵਿਚ ਰਹਿਣ ਵਾਲੇ ਲੋਕਾਂ ਦਾ ਵੀ ਹੱਥ ਹੈ। ਉਹ ਹਿੰਦੁਸਤਾਨ ਨੂੰ ਤਬਾਹ ਕਰਨਾ ਚਾਹੁੰਦੇ ਹਨ। ਇਸ ਲਈ ਮੈਂ ਸਾਰਿਆਂ ਨੂੰ ਕਹਾਂਗਾ ਭਾਵੇਂ ਉਹ ਆਪੋਜ਼ੀਸ਼ਨ ਬੈਂਚਾਂ ਤੇ ਹਨ ਤੇ ਭਾਵੇਂ ਉਹ ਟ੍ਰੈਜ਼ਰੀ ਬੈਂਚਾਂ ਤੇ, ਜੇ ਅੱਜ ਇਹ ਟਰੈਜ਼ਰੀ ਬੈਂਚਾਂ ਤੇ ਹਨ ਤਾਂ ਕਲ੍ਹ ਨੂੰ ਉਹ ਵੀ ਇਧਰ ਆ ਸਕਦੇ ਹਨ, ਇਸ ਲਈ ਮੈਂ ਸਾਰਿਆਂ ਨੂੰ ਕਹਾਂਗਾ ਕਿ ਉਹ ਇਸ ਗਲ ਵਲ ਧਿਆਨ ਦੇਣ। ਬਾਕੀ ਜਿਹੜੇ ਆਪਣੀ ਜਾਨ ਹਥੇਲੀ ਤੇ ਰਖੀ ਫਿਰਦੇ ਹੋਣ ਉਨ੍ਹਾਂ ਨੂੰ ਅਜਿਹੀਆਂ ਗਲਾਂ ਦੀ ਕੋਈ ਪਰਵਾਹ ਨਹੀਂ ਹੁੰਦੀ। ਦੱਸਿਆ ਜਾਂਦਾ ਹੈ ਕਿ ਜਦੋਂ ਸ੍ਰੀ ਮਿਸ਼ਰਾ ਨੂੰ ਇਹ ਕਿਹਾ ਗਿਆ ਕਿ ਤੁਸੀਂ ਉਥੇ ਨਾ ਜਾਉ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਜ਼ਰੂਰ ਜਾਵਾਂਗਾ ਅਤੇ ਦੇਖਾਂਗਾ ਕਿ ਉਥੇ ਉਹ ਕੀ ਕਰ ਲੈਂਦੇ ਹਨ। ਇਸ ਤਰ੍ਹਾਂ ਜਿਹੜੇ ਲੋਕ ਆਪਣੀਆਂ ਜਾਨਾਂ ਹਥੇਲੀ ਤੇ ਰੱਖ ਕੇ ਫਿਰਦੇ ਹੋਣ ਉਹ ਅਜਿਹੀਆਂ ਗਲਾਂ ਤੋਂ ਨਹੀਂ ਡਰਦੇ, ਉਹ ਨਾ ਪਾਰਲੀਮੈਂਟ ਵਿਚ ਕੀਤੀਆਂ ਗਈਆਂ ਤਕਰੀਰਾਂ ਤੋਂ ਡਰਦੇ ਹਨ ਅਤੇ ਨਾ ਹੀ ਬਾਹਰ ਕੀਤੀਆਂ ਹੋਈਆਂ ਗਲਾਂ ਤੋਂ।

ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ।

ਚੌਧਰੀ ਜਗਤ ਰਾਮ (ਬੰਗਾ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਜਿਹੜਾ ਭਾਸ਼ਣ ਦਿਤਾ ਹੈ ਅਤੇ ਕਪੂਰ ਸਾਹਿਬ ਨੇ ਉਸ ਬਾਰੇ ਜਿਹੜਾ ਮਤਾ ਰਖਿਆ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜਾ ਹੋਇਆ ਹਾਂ।

[ਚੌਧਰੀ ਜਗਤ ਰਾਮ]

ਡਿਪਟੀ ਸਪੀਕਰ ਸਾਹਿਬ, ਸੱਚਮੁਚ ਅਸੀਂ ਜੋ ਜਮਹੂਰੀਅਤ ਕਾਇਮ ਹੋਣ ਤੋਂ ਬਾਅਦ ਚਾਹੁੰਦੇ ਸਾਂ ਹੁਣ ਹੋ ਰਿਹਾ ਹੈ । ਅਸੀਂ ਚਾਹੁੰਦੇ ਸਾਂ ਕਿ ਪੁਰਾਣੇ ਸਮੇਂ ਦੀਆਂ ਕੁਝ ਕਹਾਵਤਾਂ ਬਦਲ ਦਿਤੀਆਂ ਜਾਣ ਜਿਨ੍ਹਾਂ ਦੇ ਬਦਲਣ ਦੇ ਨਾਲ ਪਿਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਸੁਖ ਦਾ ਸਾਹ ਆਵੇ। ਪਰ ਇਹ ਕਹਾਵਤਾਂ ਨਹੀਂ ਬਦਲੀਆਂ ਜਾ ਸਕੀਆਂ। ਅਸੀਂ ਇਸ ਲਈ ਲੜਦੇ ਰਹੇ ਪਰ ਸਾਡੀ ਕੋਈ ਸੁਣਵਾਈ ਨਹੀਂ ਹੋ ਸਕੀ। ਇਥੇ ਹੋਰ ਸਰਕਾਰਾਂ ਵੀ ਰਹੀਆਂ ਪਰ ਇਹ ਗਿਆਨੀ ਸਰਕਾਰ ਹੈ ਜਿਸ ਨੇ ਕਿ ਇਨ੍ਹਾਂ ਕਹਾਵਤਾਂ ਨੂੰ ਬਦਲਿਆ। ਅਸੀਂ ਪਹਿਲੀਆਂ ਸਰਕਾਰਾਂ ਵਲੋਂ ਟਰੈਜ਼ਰੀ ਬੈਂਚਾਂ ਤੇ ਬੈਠੇ ਹੋਏ ਹੋਣ ਦੇ ਬਾਵਜੂਦ ਉਹ ਗਲ ਨਹੀਂ ਕਰਵਾ ਸਕੇ, ਸਾਹਮਣੇ ਬੈਠੇ ਵੀਰਾਂ ਦੀ ਵੀ ਸਰਕਾਰ ਰਹੀ ਪਰ ਉਹ ਵੀ ਇਹ ਕੰਮ ਨਹੀਂ ਕਰਵਾ ਸਕੇ, ਪਰ ਇਸ ਗਿਆਨੀ ਸਰਕਾਰ ਨੇ ਉਹ ਕੰਮ ਕਰ ਦਿਤਾ ਹੈ ਅਤੇ ਉਹ ਕੰਮ ਹੈ ਕਲਾਸ ਵਨ ਅਤੇ ਕਲਾਸ ਟੂ ਵਿਚ ਰਿਜ਼ਰਵੇਸ਼ਨ। ਹੁਣ ਇਨ੍ਹਾਂ ਕਲਾਸਾਂ ਵਿਚ 14 ਫੀਸਦੀ ਅਤੇ 2 ਫੀਸਦੀ ਰਿਜ਼ਰਵੇਸ਼ਨ ਕਰ ਦਿਤੀ ਗਈ ਹੈ। ਅਤੇ ਬੈਕਵਰਡ ਕਲਾਸਾਂ ਲਈ ਵੀ ਰਿਜ਼ਰਵੇਸ਼ਨ ਰਖੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਰੰਗਰੇਟੇ ਗੁਰੂ ਕੇ ਬੇਟੇ ਇਧਰ ਵੀ ਬੈਠੇ ਹਨ ਅਤੇ ਰੰਗਰੇਟੇ ਗੁਰੂ ਕੇ ਬੇਟੇ ਉਧਰ ਵੀ ਬੈਠੇ ਹਨ ਪਰ ਮੈਂ ਦਸੱਦਾ ਹਾਂ ਕਿ ਜਦੋਂ ਕੋਈ ਸਿਪਾਹੀ ਆ ਜਾਂਦਾ ਸੀ ਤਾਂ ਪਿਛੜੀਆਂ ਸ਼੍ਰੇਣੀਆਂ ਦੇ ਲੋਕ ਡਰ ਦੇ ਮਾਰੇ ਅੰਦਰ ਵੜ ਜਾਂਦੇ ਸੀ ਪਰ ਹੁਣ ਇਸ ਗਿਆਨੀ ਸਰਕਾਰ ਨੇ ਪੁਲੀਸ ਦੀ ਭਰਤੀ ਵਿਚ ਵੀ 50 ਫੀਸਦੀ ਰਿਜ਼ਰਵੇਸ਼ਨ ਕਰ ਦਿਤੀ ਹੈ। (ਥੰਪਿੰਗ) ਕਾਨੂੰਨ ਦੇ ਮੁਤਾਬਕ ਇਹ ਇਸ ਤੋਂ ਵੱਧ ਕਰ ਨਹੀਂ ਸੀ ਸਕਦੇ। ਨਹੀਂ ਤਾਂ ਗਿਆਨੀ ਜੀ ਸਾਡੇ ਤੇ ਫਿਦਾ ਹੋਏ ਪਏ ਹਨ ਇਹ ਜ਼ਰੂਰ ਵੱਧ ਕਰ ਦਿੰਦੇ। (ਹਾਸਾ) ਫਿਰ, ਡਿਪਟੀ ਸਪੀਕਰ ਸਾਹਿਬ, ਪਟਵਾਰੀ ਅਸਲ ਵਿਚ ਦੇਸ਼ ਦਾ ਹੁਕਮਰਾਨ ਹੁੰਦਾ ਹੈ। ਭਾਵੇਂ ਕੋਈ ਕਿੰਨਾ ਹੀ ਵੱਡਾ ਕਿਉਂ ਨਾ ਹੋ ਜਾਵੇ, ਭਾਵੇਂ ਉਹ ਆਈ.ਏ.ਐਸ. ਬਣ ਜਾਵੇ ਜਦੋਂ ਪਿੰਡ ਜਾਂਦਾ ਹੈ ਤਾਂ ਪਟਵਾਰੀ ਪੁੱਛਦਾ ਹੈ ਸੁਣਾ ਭਈ ਕਦੋਂ ਆਇਆ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਬਾਰੇ ਇਕ ਗਲ ਯਾਦ ਆ ਗਈ। ਇਕ ਤਸੀਲਦਾਰ ਇਕ ਵਾਰ ਇਕ ਪਿੰਡ ਗਿਆ। ਉਥੇ ਇਕ ਕਿਸਾਨ ਹਲ ਵਾਹ ਰਿਹਾ ਸੀ। ਉਸ ਨੇ ਵੇਖਿਆ ਕਿ ਇਕ ਅਫ਼ਸਰ ਆਇਆ ਹੈ ਤਾਂ ਉਸ ਨੇ ਮੰਜੀ ਡਾਹ ਦਿਤੀ। ਉਸ ਨੇ ਕਿਹਾ ਕਿ ਪਾਣੀ ਪੀਣਾ ਹੈ। ਕਿਸਾਨ ਨੇ ਪਾਣੀ ਪਿਲਾਇਆ ਅਤੇ ਪੁੱਛਿਆ ਜਨਾਬ ਤੁਸੀਂ ਤਾਂ ਕੋਈ ਅਫ਼ਸਰ ਲਗਦੇ ਹੋ। ਉਸ ਨੇ ਜੁਆਬ ਦਿਤਾ ਕਿ ਹਾਂ ਮੈਂ ਤਸੀਲਦਾਰ ਹਾਂ, ਕਿਸਾਨ ਨੇ ਪੁੱਛਿਆ ਕਿ ਤੁਹਾਡੇ ਤੋਂ ਵਡਾ ਕੌਣ ਹੈ, ਉਸ ਨੇ ਜਵਾਬ ਦਿਤਾ ਮਾਲ ਅਫ਼ਸਰ। ਕਿਸਾਨ ਨੇ ਫਿਰ ਪੁੱਛਿਆ ਉਸ ਤੋਂ ਵੱਡਾ, ਤਾਂ ਉਸ ਨੇ ਜਵਾਬ ਦਿਤਾ ਡੀ.ਸੀ.। ਕਿਸਾਨ ਨੇ ਫਿਰ ਪੁੱਛਿਆ ਉਸ ਤੋਂ ਵਡਾ ਅਤੇ ਇਸ ਤਰ੍ਹਾਂ ਕਰਦੇ ਹੋਏ ਉਹ ਬਾਦਸ਼ਾਹ ਤਕ ਪਹੁੰਚ ਗਏ। ਕਿਸਾਨ ਨੇ ਫਿਰ ਪੁੱਛਿਆ ਕਿ ਬਾਦਸ਼ਾਹ ਤੋਂ ਵਡਾ ਕੌਣ ਹੈ ਤਾਂ ਉਸ ਨੇ ਜਵਾਬ ਦਿਤਾ ਕਿ ਬਾਦਸ਼ਾਹ ਤੋਂ ਵੱਡਾ ਤਾਂ ਭਗਵਾਨ ਹੀ ਹੈ। ਕਿਸਾਨ ਨੇ ਫਿਰ ਪੁੱਛਿਆ ਕਿ ਭਗਵਾਨ ਤੋਂ ਵੱਡਾ ਕੌਣ ਹੈ, ਤਸੀਲਦਾਰ ਨੇ ਜਵਾਬ ਦਿਤਾ ਕਿ ਉਸ ਤੋਂ ਵਡਾ ਹੋਰ ਕੋਈ ਨਹੀਂ ਹੈ। ਕਿਸਾਨ ਨੇ ਕਿਹਾ ਕਿ ਨਹੀਂ ਹੈ। ਉਸ ਨੇ ਪੁੱਛਿਆ ਕੌਣ ਤਾਂ ਕਿਸਾਨ ਨੇ ਜਵਾਬ ਦਿਤਾ ਕਿ ਪਟਵਾਰੀ। ਤਸੀਲਦਾਰ ਨੇ ਪੁੱਛਿਆ ਉਹ ਕਿਸ ਤਰ੍ਹਾਂ ਤਾਂ ਕਿਸਾਨ ਬੋਲਿਆ ਕਿ ਭਗਵਾਨ ਨੇ ਤਾਂ ਇਕ ਵਾਰੀ ਜ਼ਮੀਨ ਬਣਾ ਦਿਤੀ ਪਰ ਪਟਵਾਰੀ ਤਾਂ ਕਦੇ ਉਸਨੂੰ ਘਟਾ ਦਿੰਦਾ ਹੈ ਅਤੇ ਕਦੇ ਵਧਾ ਦਿੰਦਾ ਹੈ। (ਹਾਸਾ)

ਇਹ ਜਿਹੜਾ ਅਹੁਦਾ ਹੈ ਭਾਵੇਂ ਛੋਟਾ ਹੈ ਪਰ ਇਹਦੇ ਵਿਚ 50 ਫੀਸਦੀ ਰਿਜ਼ਰਵੇਸ਼ਨ ਦਿੱਤੀ ਗਈ ਹੈ। ਇਸ ਵਾਸਤੇ ਗਿਆਨੀ ਜੀ ਦੀ ਸਰਕਾਰ ਸੱਚਮੁਚ ਹੀ ਮੁਬਾਰਕਬਾਦ ਦੀ ਮੁਸਤਹਿਕ ਹੈ।

ਮੇਰੀ ਸਰਕਾਰ ਨੇ, ਗਿਆਨੀ ਜੀ ਦੀ ਸਰਕਾਰ ਨੇ, ਇਹ ਜਿਹੜੀਆਂ ਕਿਸਾਨਾਂ ਨੂੰ ਪਾਸ-ਬੁੱਕਾਂ

ਦੇ ਦਿਤੀਆਂ ਹਨ, ਇਹ ਬਹੁਤ ਚੰਗਾ ਕੰਮ ਕੀਤਾ ਹੈ। ਇਹ ਪਾਸ ਬੁਕ ਦਿਖਾ ਕੇ ਜ਼ਿਮੀਂਦਾਰ ਕਰਜ਼ਾ ਲੈ ਸਕਦੇ ਹਨ (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਜਿਸ ਵੇਲੇ ਕਣਕ ਵੇਚ ਕੇ ਜ਼ਿਮੀਂਦਾਰ, ਸਰਦਾਰ ਬਾਦਲ ਵਰਗੇ, ਸ਼ਾਇਦ ਇਹਦੇ ਵਿਚ ਮੈਂ ਵੀ ਆ ਜਾਵਾਂ, ਜਦੋਂ ਘੁਟ ਪੀ ਲੈਂਦੇ ਸਨ ਤਾਂ ਹੋਟਲ ਤੇ ਬੈਠ ਜਾਂਦੇ ਸਨ, ਉਸ ਵੇਲੇ ਪੁਲਿਸ ਵਾਲੇ ਇਨ੍ਹਾਂ ਨੂੰ ਪਕੜ ਲੈਂਦੇ ਸੀ ਪਰ ਹੁਣ ਇਹ ਕਾਪੀ ਦਿਖਾ ਕੇ ਉਹ ਛੁੱਟ ਕੇ ਘਰ ਆ ਜਾਇਆ ਕਰਨਗੇ। ਇਕ ਐਕੜ ਆਵੇਗੀ। ਮੈਂ ਅਰਜ਼ ਕਰਾਂਗਾ, ਗਿਆਨੀ ਜੀ ਦੀ ਸਰਕਾਰ ਨੂੰ। ਸਾਨੂੰ ਖੁਸ਼ੀ ਹੋਵੇਗੀ ਕਿ ਬੜੇ ਬੜੇ ਲੈਂਡ ਲਾਰਡਜ਼ ਨੇ ਜਦੋਂ ਸੀਲਿੰਗ ਦਾ ਖਤਰਾ ਪਿਆ ਤਾਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕੁੱਤਿਆਂ ਬਿੱਲਿਆਂ ਦੇ ਨਾਉਂ ਆਪਣੀ ਜ਼ਮੀਨ ਕਰਾ ਦਿਤੀ। ਪਰ ਜਦੋਂ ਹੁਣ ਪਾਸ ਬੁੱਕਾਂ ਵਿਚ ਫੋਟੋਆਂ ਲਗਣਗੀਆਂ ਤਾਂ ਹੁਣ ਇਹ ਉਥੇ ਕਿਹੜੇ ਕੁੱਤੇ ਬਿਲਿਆਂ ਦੀਆਂ ਫੋਟੋਆਂ ਲਗਾਉਣਗੇ।

ਇਕ ਆਵਾਜ਼ : * * * * *

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਇਹ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਏ। (Whatever the hon. Member has said without the permission of the Chair, should not be recorded.)

ਚੌਧਰੀ ਜਗਤ ਰਾਮ : ਮੈਂ ਵਧਾਈ ਦਿੰਦਾ ਹਾਂ ਹੁਣ ਦੀ ਸਰਕਾਰ ਨੂੰ, ਗਿਆਨੀ ਜੀ ਦੀ ਸਰਕਾਰ ਨੂੰ, ਜਿਸ ਨੇ ਕਿ ਆਪਣਾ ਮਨ ਬਣਾਇਆ ਹੈ ਕਿ ਪੁਰਾਣੇ ਜ਼ਮਾਨੇ ਦੀਆਂ ਕਹਾਵਤਾਂ, ਕਹਾਵਤਾਂ, ਹੀ ਰਹਿ ਜਾਣਗੀਆਂ। (ਵਿਘਨ) ਪੁਰਾਣੇ ਜ਼ਮਾਨੇ ਵਿਚ ਇਹ ਗਲ ਕਹੀ ਗਈ ਸੀ। ਘੋੜਾ, ਨਾਰੀ, ਸ਼ੂਦਰ ਸਭ ਤਾੜਨ ਦੇ ਅਧਿਕਾਰੀ। ਇਹ ਸਾਡੇ ਤੇ ਢੁਕਦਾ ਸੀ। ਪਰ ਗਿਆਨੀ ਜੀ ਨੇ ਸਾਬਤ ਕਰਕੇ ਦਿਖਾ ਦਿਤਾ ਹੈ ਕਿ ਨਾਰੀ ਤਾੜਨ ਦੀ ਅਧਿਕਾਰੀ ਨਹੀਂ। (ਵਿਘਨ) ਹਿੰਦੁਸਤਾਨ ਵਿਚ ਨਜ਼ਰ ਮਾਰੋ ਤੁਹਾਨੂੰ ਪਤਾ ਲਗ ਜਾਏਗਾ ਕਿ ਕਿਵੇਂ ਇਥੇ ਨਾਰੀ ਨੇ ਚਾਈਨਾ ਅਤੇ ਅਮਰੀਕਾ ਦਾ ਗਰੂਰ ਤੋੜਿਆ ਹੈ। (ਥੰਪਿੰਗ) ਕਲ ਇਨ੍ਹਾਂ ਦੇ ਲੀਡਰ ਜੋ ਕਿ ਇਸ ਵੇਲੇ ਇਥੇ ਹਾਊਸ ਵਿਚ ਹਾਜ਼ਰ ਨਹੀਂ ਹਨ ਇਸ ਲਈ ਮੈਂ ਇਨ੍ਹਾਂ ਦਾ ਨਾਂ ਨਹੀਂ ਲੈਂਦਾ ਪਰ ਅਕਾਲੀ ਪੱਤ੍ਰਿਕਾ ਪੜ੍ਹੋ, ਉਸ ਵਿਚ ਸਪਸ਼ਟ ਲਿਖਿਆ ਹੋਇਆ ਹੈ (ਵਿਘਨ) ਇਹ ਗਿਆਨੀ ਜੀ ਦੀ ਸਰਕਾਰ ਨੇ ਨਹੀਂ ਰਹਿਣ ਦੇਣਾ ਹੈ। ਇਸ ਚੀਜ਼ ਨੂੰ ਇਹ ਸਰਕਾਰ ਖਤਮ ਕਰਕੇ ਹੀ ਹਟੇਗੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਗਿਆਨੀ ਜੀ ਦੀ ਸਰਕਾਰ ਨੂੰ ਇਹ ਕਹਿੰਦੇ ਹਨ ਕਿ ਇਹ ਸਰਕਾਰ ਕੁਰੱਪਟ ਹੈ। ਜੋ ਕੁਝ ਇਹ ਕਹਿੰਦੇ ਹਨ, ਇਹ ਆਪੋਜ਼ੀਸ਼ਨ ਦਾ ਹੱਕ ਹੈ। ਲੇਕਿਨ ਇਕ ਗਲ ਮੈਂ ਦਸ ਦਿਆਂ ਕਿ ਜਿਸ ਦੇਸ਼ ਦੀ ਆਪੋਜ਼ੀਸ਼ਨ ਤਕੜੀ ਔਰ ਸੁਲਝੀ ਹੋਈ ਹੋਵੇਗੀ ਉਥੇ ਸਰਕਾਰ ਸੁਲਝੀ ਹੋਈ ਹੋਏਗੀ। ਪਰ ਮੈਂ ਇਸ ਗਲ ਦੀ ਵੀ ਗਿਆਨੀ ਜੀ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਇਲੈਕਸ਼ਨ ਇਸ ਤਰੀਕੇ ਨਾਲ ਲੜੇ ਕਿ ਇਥੇ ਸੁਲਝੀ ਹੋਈ ਆਪੋਜ਼ੀਸ਼ਨ ਨਹੀਂ ਆ ਸਕੀ। ਮੈਂ ਮੰਨਦਾ ਹਾਂ ਕਿ ਤੁਸੀਂ ਸਿਆਣੇ ਹੋਵੋਗੇ ਜੇਕਰ ਤੁਸੀਂ ਚੰਗੇ ਢੰਗ ਨਾਲ ਸਰਕਾਰ ਨੂੰ ਸਲਾਹ ਦਿਉ। ਜੇ ਸਰਕਾਰ ਤੁਹਾਡੀ ਗਲ ਨਹੀਂ ਮੰਨੇਗੀ ਤਾਂ ਵੀ ਅਸੀਂ ਇਨ੍ਹਾਂ ਤੋਂ ਮਨਾਵਾਂਗੇ। ਪਰ ਤੁਹਾਡੀ ਜੋ ਸਲਾਹ ਹੁੰਦੀ ਹੈ, ਉਹ ਠੀਕ ਨਹੀਂ ਹੁੰਦੀ। ਗਿਆਨੀ ਜੀ ਦੀ ਸਰਕਾਰ ਸੱਚ ਮੁੱਚ ਸਹੀ ਮਹਿਨਿਆਂ ਵਿਚ ਗੁਰੂਆਂ ਦੇ ਹੁਕਮ ਮੁਤਾਬਿਕ ਚਲਦੀ ਹੈ। (ਵਿਘਨ)

ਇਕ ਆਵਾਜ਼ : ਵਜ਼ੀਰੀ ਤੈਨੂੰ ਨਹੀਂ ਮਿਲਣੀ।

*Not recorded as ordered by the Chair.

ਚੌਧਰੀ ਜਗਤ ਰਾਮ : ਕੋਈ ਨਹੀਂ । ਜੇ ਮੈਂ ਪਗ ਰੰਗ ਲੈਂਦਾ ਤਾਂ ਬਾਦਲ ਸਾਹਿਬ ਕਦੋ ਦੇ ਮੈਨੂੰ ਲੈ ਲੈਂਦੇ ਵਜ਼ੀਰੀ ਵਿਚ ।

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਗੱਲ ਬਿਲਕੁਲ ਉਲਟ ਆਖੀ ਹੈ । ਇਨ੍ਹਾਂ ਨੇ ਕਈ ਵਾਰੀ ਮੈਨੂੰ ਆਖਿਆ ਸੀ ਪਰ ਮੈਂ ਇਨ੍ਹਾਂ ਨੂੰ ਨਹੀਂ ਲਿਆ ਵਜ਼ੀਰੀ ਵਿਚ ।

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਕਿਹਾ ਸੀ ਕਿ ਜੇ ਪੱਗ ਰੰਗ ਲੈਂਦਾ, ਤਾਂ ਮੇਰੀ ਗੱਲ ਬਣ ਜਾਂਦੀ। ਉਸ ਤੇ ਆਨਰੇਬਲ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਹਾ ਕਿ ਆਨਰੇਬਲ ਮੈਂਬਰ ਨੇ ਕਈ ਵਾਰੀ ਆਖਿਆ.ਸੀ ਪਰ ਉਨ੍ਹਾਂ ਨੇ ਨਹੀਂ ਲਿਆ। ਇਸ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੂੰ ਤਾਂ ਕੋਈ ਬੰਦਾ ਲੈਣ ਦੀ ਲੋੜ ਹੀ ਨਹੀਂ ਪਈ। ਜਦੋਂ ਇਨ੍ਹਾਂ ਦੀ ਸਰਕਾਰ ਡਿੱਗਣ ਲੱਗੀ ਅਸੀਂ ਸਾਰੇ ਮੈਂਬਰ ਇਨ੍ਹਾਂ ਦੇ ਨਾਲ ਸੀ। ਇਨ੍ਹਾਂ ਨੇ ਤਾਂ ਆਪਣੀ ਸਰਕਾਰ ਆਪ ਹੀ ਗਿਰਾ ਦਿੱਤੀ।

ਚੌਧਰੀ ਜਗਤ ਰਾਮ : ਗਿਆਨੀ ਜੀ ਦੀ ਸਰਕਾਰ ਤਾਂ ਕੇਵਲ ਗੁਰੂਆਂ ਦੇ ਹੁਕਮ ਮੁਤਾਬਕ ਹੀ ਕੰਮ ਕਰ ਰਹੀ ਹੈ। ਜਦੋਂ ਤੁਹਾਡੀ ਸਰਕਾਰ ਸੀ ਤੁਸੀਂ ਗੁਰੂ ਗੋਬਿਦ ਸਿੰਘ ਦੇ ਸਿੱਖ ਕਹਾਉਣ ਵਾਲੇ ਗੁਰੂ ਗੋਬਿੰਦ ਸਿੰਘ ਮਾਰਗ ਨਾ ਬਣਾ ਸਕੇ। ਇਹ ਕੰਮ ਕਰਨ ਦੀ ਮੁਬਾਰਕਬਾਦ ਗਿਆਨੀ ਜੀ ਨੂੰ ਹੀ ਮਿਲੀ। ਗਿਆਨੀ ਜੀ ਦੀ ਸਰਕਾਰ ਨੇ ਇਕ ਫੈਸਲਾ ਹੋਰ ਕੀਤਾ। ਨਥਾਵਿਆਂ ਨੂੰ ਥਾਂ ਦਿੱਤੀ । ਇਸ ਲਈ ਵੀ ਗਿਆਨੀ ਜੀ ਦੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ। ਇਨ੍ਹਾਂ ਦੀ ਸਰਕਾਰ ਨੇ ਨਿਆਸਰਿਆਂ ਨੂੰ ਆਸਰਾ ਦਿਤਾ। ਓਲਡ-ਏਜ਼ ਪੈਨਸ਼ਨ ਦੇਕੇ ਇਨ੍ਹਾਂ ਦੀ ਸਰਕਾਰ ਨੇ ਬੜਾ ਅੱਛਾ ਕੰਮ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਕਿਹੜੀ ਕਿਹੜੀ ਗੱਲ ਦਾ ਜ਼ਿਕਰ ਕਰਾਂ। ਮੈਂ ਐਜ਼ ਐਨ ਐਮ. ਐਲ. ਏ. ਬੋਲ ਰਿਹਾ ਹਾਂ, ਮੈਂ ਫਖਰ ਨਾਲ ਕਹਿੰਦਾ ਹਾਂ ਕਿ ਮੈਂ ਰੰਗਰੇਟਾ ਗੁਰੂ ਦਾ ਬੇਟਾ ਬੋਲ ਰਿਹਾ ਹਾਂ। ਜਦੋਂ ਚਮਕੌਰ ਦੀ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਘੇਰੇ ਵਿਚ ਆ ਗਏ ਤਾਂ ਉਥੇ ਬੈਠੇ ਫੰਨੇ ਖਾਂ ਦਾ ਪੁੱਤਰ ਇਕ ਵੀ ਨਾ ਲੱਭਿਆ ਅਤੇ ਉਥੇ ਰੰਗਰੇਟੇ ਗੁਰੂ ਕੇ ਬੇਟੇ ਸਿਰਫ ਦੋ ਹੀ ਸਨ।

ਡਿਪਟੀ ਸਪੀਕਰ ਸਾਹਿਬ, ਸਰਦਾਰ ਅਜਾਇਬ ਸਿੰਘ ਸੰਧੂ ਇਨ੍ਹਾਂ ਦੀ ਪਾਰਟੀ ਦੇ ਡਿਪਟੀ ਲੀਡਰ ਸਨ, ਇਹ ਉਨ੍ਹਾਂ ਦੀ ਜਗ੍ਹਾਂ ਤੇ ਖਾਲਸਾ ਜੀ ਨੂੰ ਬਿਠਾ ਦਿੰਦੇ, ਗੁਲਸ਼ਨ ਜੀ ਨੂੰ ਬਿਠਾ ਦਿੰਦੇ, ਜਾਂ ਪਤੰਗ ਹੋਰਾਂ ਨੂੰ ਬਿਠਾ ਦਿੰਦੇ। ਪਰ ਇਨ੍ਹਾਂ ਨੇ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਸੰਧੂ ਜੀ ਦੀ ਜਗ੍ਹਾ ਤੇ ਨਹੀਂ ਬਿਠਾਇਆ। ਗੁਲਸ਼ਨ ਜੀ ਐਮ. ਪੀ. ਰਹੇ ਹਨ। ਉਨ੍ਹਾਂ ਨੂੰ ਉਥੇ ਬਿਠਾ ਦਿੰਦੇ ।

ਡਿਪਟੀ ਸਪੀਕਰ ਸਾਹਿਬ, ਮੈਂ ਫਖਰ ਨਾਲ ਕਹਾਂਗਾ ਕਿ.........

ਯੂੰ ਹੀ ਜੋ ਕਿ ਫਿਰਤੇ ਹੈਂ ਬੇ ਇਲਮੋ ਜਾਹਿਲ,
ਬਹੁਤ ਇਨ ਮੇਂ ਹੈਂ ਜਿਨ ਕੇ ਜੌਹਰ ਹੈਂ ਕਾਬਿਲ।

(ਤਾੜੀਆਂ)

ਡਿਪਟੀ ਸਪੀਕਰ ਸਾਹਿਬ, ਸਾਡੇ ਤੇ ਇਨ੍ਹਾਂ ਨੇ ਬੈਨ ਲਗਾ ਦਿਤਾ ਅਤੇ ਸਾਨੂੰ ਗਰੀਬ ਹਰੀਜਨ ਬਣਾ ਦਿਤਾ ।

ਗੁਰੂ ਗੋਬਿੰਦ ਸਿੰਘ ਜੀ ਨੇ ਟੈਸਟ ਲੈਣਾ ਸੀ । ਉਨ੍ਹਾਂ ਕਿਹਾ ਕਿ ਮੈਂ ਟੈਸਟ ਲੈਣਾ ਹੈ ਅਤੇ ਮੇਰੇ ਕੋਲ ਰਾਈਫਲ ਹੈ ਅਤੇ ਆਓ ਕੋਈ ਮੈਦਾਨ ਵਿਚ । ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਇਹ ਜਿਹੜੇ ਫੰਨੇ ਖਾਂ ਬਣੇ ਫਿਰਦੇ ਹਨ ਇਹ ਸੱਭ ਲੁਕ ਗਏ। ਕੋਈ ਸਾਹਮਣੇ ਨਹੀਂ ਆਇਆ । ਉਸ ਵੇਲੇ ਵੀ ਗਰੀਬ ਹੀ ਸਾਹਮਣੇ ਆਏ।

ਕਲ੍ਹ ਇਥੇ ਮਿਸ਼ਰਾ ਜੀ ਦੀ ਮੌਤ ਤੇ ਬੜਾ ਰੌਲਾ ਪਾਇਆ ਗਿਆ। ਅਜਿਹੀਆਂ ਵਾਰਦਾਤਾਂ ਕਰਾਉਣ ਵਾਲੇ ਕੌਣ ਹਨ ? ਉਨ੍ਹਾਂ ਦੇ ਗੋਲੀ ਵੀ ਅਮੀਰਾਂ ਨੇ ਹੀ ਮਾਰੀ ਹੈ । ਅਮੀਰ ਹੀ ਅਜਿਹਾ ਕੰਮ ਕਰਦੇ ਹਨ। (ਵਿਘਨ) ਬਾਦਲ ਸਾਹਿਬ ਗੱਦੀ ਤੇ ਬੈਠੇ ਤਾਂ ਉਨ੍ਹਾਂ ਨੂੰ ਹਰੀਜਨਾਂ ਦਾ ਖਿਆਲ ਨਹੀਂ ਆਇਆ। ਉਨ੍ਹਾਂ ਨੇ ਇਹ ਖਿਆਲ ਨਾ ਕੀਤਾ ਕਿ ਹਰੀਜਨ ਰੀੜ੍ਹ ਦੀ ਹੱਡੀ ਸਨ । ਮੈਂ ਇਹ ਗੱਲ ਪੁਲਿਟੀਕਲੀ ਨਹੀਂ ਕਹਿਣਾ ਚਾਹੁੰਦਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਸਾਨੂੰ ਕਦੇ ਥਾਂ ਨਹੀਂ ਦੇ ਸਕਦੇ। ਤੁਸੀਂ ਸਾਨੂੰ ਕਿਸੇ ਗੱਲ ਵਿਚ ਸ਼ਾਮਲ ਨਹੀਂ ਕੀਤਾ।

ਜਦ ਗੁਰੂ ਗੋਬਿੰਦ ਸਿੰਘ ਜੀ ਵੇਲੇ ਬੇਦਾਵੇ ਦੀ ਗੱਲ ਹੋਈ ਤਾਂ ਵੀ ਉਦੋਂ ਫੰਨੇ ਖਾਂ ਦੇ ਮੁੰਡੇ ਸਭ ਚਲੇ ਗਏ। ਅਖੀਰ ਵਿਚ ਗਰੀਬ ਹੀ ਰਹਿ ਗਏ। (ਵਿਘਨ) ਡਿਪਟੀ ਸਪੀਕਰ ਸਾਹਿਬ, ਸੋਸ਼ਲਿਜ਼ਮ ਨੂੰ ਸਿਖਇਜ਼ਮ ਨੇ ਜਨਮ ਦਿਤਾ ਹੈ। ਪਰ ਇਹ ਅਮਲ ਨਹੀਂ ਕਰਨਾ ਜਾਣਦੇ। ਜਦ ਗੁਰੂ ਜੀ ਨੇ ਕਿਹਾ "ਰੰਗਰੇਟੇ ਗੁਰੂ ਕੇ ਬੇਟੇ"। ਇਸ ਕੰਮ ਵਿਚ ਵੀ ਹਰੀਜਨ ਅੱਗੇ ਆਏ। "ਅੱਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸੱਭ ਬੰਦੇ" ਇਸ ਵਿਚ ਗੁਰੂ ਜੀ ਨੇ ਸਭ ਨੂੰ ਇਕੋ ਜਿਹਾ ਦੱਸਿਆ ਹੈ। ਪਰ ਇਹ ਜਿਹੜੇ ਧਰਮ ਦੇ ਠੇਕੇਦਾਰ ਬਣੀ ਫਿਰਦੇ ਹਨ, ਇਹ ਇਸ ਗੱਲ ਨੂੰ ਭੁੱਲ ਗਏ। ਫਿਰ ਸ੍ਰੀ ਰਾਮ ਜੀ ਆਏ। ਜੂਠੇ ਬੇਰਾਂ ਦਾ ਖਾਇਆ ਜਾਣਾ.. ..

Acharya Prithvi Singh Azad : On a point of order Sir.

Mr. Deputy Speaker : What is your point of order ?

Acharya Prithvi Singh Azad : Sir, my point of order is that it is the Governor's Address which is being discussed and not the Sikh history. My second objection is that I would like to know, through you, what does the hon. Member mean from "Fanne Khaan"?.

ਚੌਧਰੀ ਜਗਤ ਰਾਮ : ਮੇਰੀ ਬੇਨਤੀ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਹੈ ਕਿ ਇਹ ਜਿਹੜੇ ਤਿੰਨ ਬਜ਼ੁਰਗ ਬੈਠੇ ਹਨ ਇਹ ਮੇਰੇ ਬਾਪ ਹਨ। (ਵਿਘਨ) (ਸ਼ੋਰ) ਇਨ੍ਹਾਂ ਨੂੰ ਮੈਂ ਇਕ ਗੱਲ ਪੁੱਛਣੀ ਚਾਹੁੰਦਾ ਹਾਂ ... (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਚੌਧਰੀ ਜਗਤ ਰਾਮ : ਕਿਸੇ ਕੋਲ ਸਰਟੀਫੀਕੇਟ ਨਹੀਂ ਹੈ ਇਕ ਬਾਪੂ ਦਾ। ਇਨ੍ਹਾਂ ਕੋਲ ਇਸ ਬਾਰੇ ਕੋਈ ਸਰਟੀਫੀਕੇਟ ਨਹੀਂ ਹੈ। ਇਨ੍ਹਾਂ ਨੂੰ ਆਪਣਾ ਕੋਈ ਪਤਾ ਨਹੀਂ ਹੈ ਕਿ ਇਨ੍ਹਾਂ ਦੇ ਬਾਪੂ ਕਿੰਨੇ ਹਨ।

ਸਰਦਾਰ ਬਲਵਿੰਦਰ ਸਿੰਘ ਭੂੰਦੜ : * * * * ।

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : * * * *

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇਟ ਆਫ਼ ਆਰਡਰ ਨਹੀਂ ਹੈ। (This is no point of order.)

*Expunged as ordered by the Chair.

ਚੌਧਰੀ ਜਗਤ ਰਾਮ : ਮੇਰੇ ਦੋਸਤ, ਮੇਰੇ ਬਜ਼ੁਰਗ ਜਦੋਂ ਕੋਈ ਗੱਲ ਹੁੰਦੀ ਹੋਵੇ ਅੰਗਰੇਜ਼ੀ ਜਾਂ ਹਿੰਦੀ ਦੀ ਉਹ ਕਹਿੰਦੇ ਹਨ ਕਿ ਅਸੀਂ ਪੰਜਾਬੀ ਦੇ ਹਾਮੀ ਹਾਂ ਅਤੇ ਆਚਾਰੀਆ ਜੀ ਕਹਿੰਦੇ ਹਨ ਕਿ ਮੈਂ ਤਾਂ ਹਿੰਦੀ ਦਾ ਹਾਮੀ ਹਾਂ। ਉਸ ਵੇਲੇ ਹਿੰਦੀ ਦਾ ਅਤੇ ਪੰਜਾਬੀ ਦਾ ਟਕਰਾਓ ਹੁੰਦਾ ਹੈ। ਆਚਾਰਿਆ ਜੀ ਹੁਣੇ ਹੀ ਇੰਗਲੈਂਡ ਤੋਂ ਆਏ ਹਨ ਕੀ ਉਹ ਉਥੋਂ ਇੱਕਲੀ ਅੰਗਰੇਜ਼ੀ ਹੀ ਲੈ ਕੇ ਆਏ ਹਨ ਜਾਂ ਕੁਝ ਹੋਰ ਵੀ ਲੈ ਕੇ ਆਏ ਹਨ ? (ਹਾਸਾ) ਗਿਆਨੀ ਜੀ ਦੀ ਸਰਕਾਰ ਇਸ ਗੱਲ ਦੀ ਵਧਾਈ ਦੀ ਪਾਤਰ ਹੈ ਕਿ ਉਸ ਨੇ ਬਿਲਕੁਲ ਚੰਗੇ ਢੰਗ ਨਾਲ ਗਰੀਬਾਂ ਦੀ ਹੈਲਪ ਕਰਨੀ ਹੈ। ਗਿਆਨੀ ਜੀ ਦੀ ਸਰਕਾਰ ਨੇ 4-4 ਹਜ਼ਾਰ ਰੁਪਏ ਵਿਚ ਜ਼ਮੀਨ ਦੇ ਕੇ ਗਰੀਬਾਂ ਚੋ ਮਕਾਨ ਬਣਾ ਕੇ ਦੇਣੇ ਹਨ। ਗਰੀਬ ਹਰੀਜਨਾਂ ਨੂੰ ਐਜੂਕੇਸ਼ਨ ਚੰਗੇ ਢੰਗ ਨਾਲ ਦੇਣੀ ਹੈ। ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਲਈ ਐਮ. ਬੀ. ਬੀ. ਐਸ. ਕੋਰਸ ਵਿਚ ਦਾਖਲੇ ਲਈ ਘੱਟੋ ਘੱਟ ਨੰਬਰ 50% ਤੋਂ ਘਟਾ ਕੇ 45% ਕਰ ਦਿਤੇ ਗਏ ਹਨ। ਇਸ ਲਈ ਮੈਂ ਕਹਾਂਗਾ ਕਿ ਜਿਸ ਪਾਰਟੀ ਦਾ ਆਗੂ ਤਕੜਾ ਹੈ ਉਹ ਪਾਰਟੀ ਤਕੜੀ ਹੈ। ਜਿਸ ਪਾਰਟੀ ਦਾ ਆਗੂ ਸੋਚ ਵਾਲਾ ਹੈ ਉਸ ਦੀ ਪਾਰਟੀ ਸੋਚ ਵਾਲੀ ਹੈ। ਜਿਸ ਕੌਮ ਦਾ ਲੀਡਰ ਚੰਗਾ ਹੈ ਉਹ ਕੌਮ ਚੰਗੀ ਹੈ। ਪਰ ਇਸ ਦੇ ਉਲਟ ਜਿਸ ਪਾਰਟੀ ਦੇ ਆਗੂ ਦੀ ਸੋਚ ਮਰੀ ਹੋਈ ਹੋਵੇ ਭਾਵੇਂ ਉਸ ਵਿਚ ਜਿੰਨੀ ਮਰਜ਼ੀ ਪਾਰਟੀਆਂ ਇੱਕਠੀਆਂ ਕਰ ਲਵੋ ਉਨ੍ਹਾਂ ਦੀ ਪਾਰਟੀ ਮਰ ਗਈ। ਇਸ ਸਰਕਾਰ ਨੇ ਗਰੀਬ ਹਰੀਜਨਾਂ ਨੂੰ ਐਜੂਕੇਸ਼ਨ ਬੜੇ ਚੰਗੇ ਢੰਗ ਨਾਲ ਦੇਣੀ ਹੈ। ਇਸ ਲਈ ਇਹ ਵਧਾਈ ਦੀ ਪਾਤਰ ਹੈ। ਰਾਮਾਇਣ ਲਿਖਣ ਵਾਲਾ ਵੀ ਤਾਂ ਬਾਲਮੀਕ ਹੀ ਸੀ। ਉਸ ਨੇ ਕਿੰਨੇ ਸਾਲ ਪਹਿਲਾਂ ਰਾਮਾਇਣ ਲਿਖ ਦਿੱਤੀ। ਪਰ ਇਨ੍ਹਾਂ ਨੇ ਸਾਡੀ ਉਸ ਤੇ ਵੀ ਪਾਬੰਦੀ ਲਗਾ ਦਿਤੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਚਾਹੇ ਅਸੀਂ ਇਧਰ ਹਾਂ ਜਾਂ ਉਧਰ ਹਾਂ ਆਉਣ ਵਾਲੇ ਨੌਜਵਾਨ ਬੱਚੇ, ਪੜ੍ਹੇ ਲਿਖੇ ਬੱਚੇ ਸਾਡੇ ਸਿਵਿਆਂ ਤੇ ਛਿੱਤਰ ਮਾਰਨਗੇ। (ਵਿਘਨ) ਕਿਉਂਕਿ ਕਿਸੇ ਪਾਰਟੀ ਨੇ ਅੱਜ ਤੱਕ ਭੁੱਖ ਹੜਤਾਲ ਨਹੀਂ ਕੀਤੀ ਕਿ ਮੇਰਾ ਘਰ ਛੋਟਾ ਕਰ ਦਿਉ। ਫਿਰ ਤੁਸੀਂ ਕਿਵੇਂ ਬਖਸ਼ੇ ਜਾਵੋਗੇ ? ਇਨ੍ਹਾਂ ਨੇ ਕਿਹਾ ਕਿ ਪੰਜਾਬੀ ਸੂਬਾ ਲੈ ਕੇ ਰਹਾਂਗੇ। 'ਖਿੜਿਆ ਫੁੱਲ ਗੁਲਾਬ ਦਾ, ਚੰਡੀਗੜ੍ਹ ਪੰਜਾਬ ਦਾ'। ਇਨ੍ਹਾਂ ਨੇ ਕਿਹਾ ਕਿ ਅਬਹੋਰ ਬੇਸ਼ੱਕ ਚਲਾ ਜਾਏ ਪਰ ਚੰਡੀਗੜ੍ਹ ਦਿਉ ਅਤੇ ਰਾਤ ਨੂੰ ਦੀਪਮਾਲਾ ਕਰ ਦਿਉ ਅਤੇ ਦੀਪਮਾਲਾ ਕੀਤੀ ਗਈ। ਦੋ ਛੁਟੀਆਂ ਕਰ ਦਿੱਤੀਆਂ। (ਵਿਘਨ) ਮੈਂ ਸਮਝਦਾ ਹਾਂ ਕਿ ਮੈਂ ਇਸ ਦੇਸ਼ ਦਾ ਸਹੀ ਮਾਅਨਿਆਂ ਵਿਚ ਪੁਜਾਰੀ ਹਾਂ ਨਾ ਕਿ ਬਿਉਪਾਰੀ ਹਾਂ। (ਤਾੜੀਆਂ) ਸੋ ਇਸ ਕਰਕੇ ਇਨ੍ਹਾਂ ਨੇ ਵਪਾਰ ਕੀਤਾ ਔਰ ਵਪਾਰ ਕਰਕੇ ......(ਵਿਘਨ)

ਜੱਥੇਦਾਰ ਗੁਰਬਚਨ ਸਿੰਘ : ਇਸ ਤੋਂ ਇਹ ਪਤਾ ਕਰ ਲਓ, ਡਿਪਟੀ ਸਪੀਕਰ ਸਾਹਿਬ, ਪੰਜਾਬੀ ਸੂਬੇ ਨਾਲ ਧਰਮ ਦਾ ਕੀ ਕੰਮ ਹੈ? (ਵਿਘਨ)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਮੱਝ ਵੇਚ ਕੇ ਘੋੜੀ ਲੈ ਲਈ (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : * * * * * ।

Mr. Deputy Speaker : This is no point of order. This should not form part of the proceedings.

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਜਿਹੜੀ ਰਿਜ਼ਰਵੇਸ਼ਨ ਰੱਖੀ ਹੈ ਉਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਹਰੀਜਨ ਬਹੁਤ ਤਰੱਕੀ ਕਰ ਜਾਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੇਰੇ

*Expunged as ordered by the chair.

ਹਲਕੇ ਵਿਚ ਇਕ ਜਲਸਾ ਹੋਇਆ ਹੈ ਅਤੇ ਉਥੇ ਦੇਖਿਆ ਕਿ ਉਥੇ ਦਾ ਡੀ.ਸੀ. ਵੀ ਹਰੀਜਨ, ਉਥੇ ਦਾ ਐਸ.ਡੀ.ਐਮ. ਵੀ ਹਰੀਜਨ, ਉਥੇ ਦਾ ਬੀ.ਡੀ.ਓ. ਵੀ ਹਰੀਜਨ, ਉਥੇ ਦਾ ਪੰਚਾਇਤ ਅਫ਼ਸਰ ਵੀ ਹਰੀਜਨ ਅਤੇ ਉਥੇ ਦਾ ਐਮ. ਐਲ.ਏ. ਵੀ ਹਰੀਜਨ । ਉਹ ਸਾਰੇ ਗੱਲਾਂ ਕਰਨ ਕਿ ਕਿਧਰੇ ਨਜ਼ਰ ਹੀ ਨਾ ਲੱਗ ਜਾਵੇ। ਮੈਂ ਕਿਹਾ ਕਿ ਕੋਈ ਫਿਕਰ ਨਾ ਕਰੋ ਨਜ਼ਰ ਨਹੀਂ ਲਗਦੀ । ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਇਸੇ ਤਰ੍ਹਾਂ ਹੀ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਤੁਰਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਹਰੀਜਨਾਂ ਨੇ ਬਹੁਤ ਕੁਝ ਬਣ ਜਾਣਾ ਹੈ । ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਕ ਗੱਲ ਕੀਤੀ ਸੀ ਕਿ ਹਰ ਇਕ ਪਿੰਡ ਵਿਚੋਂ 5–5 ਛੋਟੇ ਕਿਸਾਨ ਕੱਢ ਲਓ ਅਤੇ ਬੜੇ ਸੁਚੱਜੇ ਢੰਗ ਨਾਲ, ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਦੇ ਦਿਉ ਤਾਂ ਕਿ ਇਹ ਵੱਡੇ ਜ਼ਿਮੀਦਾਰਾਂ ਦੇ ਬਰਾਬਰ ਹੋ ਜਾਣ । ਉਹ ਬਰਾਬਰ ਕਿਵੇਂ ਹੋ ਜਾਣਗੇ ਇਸ ਤਰ੍ਹਾਂ? ਪਰ ਉਹ ਬਰਾਬਰ ਹੋਣਗੇ ਕਿਉਂਕਿ ਇਹ ਜ਼ਮਾਨੇ ਦਾ ਪਲਟਾ ਹੈ । ਸੋ ਮੈਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ । (ਵਿਘਨ)

ਇਕ ਆਵਾਜ਼ : 10 ਵਾਰੀ ਤਾਂ ਮੁਬਾਰਕਬਾਦ ਦੇ ਚੁੱਕਾ ਹੈ । (ਵਿਘਨ)

ਚੌਧਰੀ ਜਗਤ ਰਾਮ : ਮੁਬਾਰਕਬਾਦ ਤਾਂ ਮੁਕੱਣੀ ਹੀ ਨਹੀਂ । (ਵਿਘਨ)

ਅੱਗੇ ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੀ ਗੱਲ ਹੈ । ਦੋ ਚੀਜ਼ਾਂ ਹਨ ਸੋਚਣ ਵਾਲੀਆਂ ਉਹ ਦੋਨੋਂ ਚੀਜ਼ਾਂ ਇੰਡਸਟਰੀ ਅਤੇ ਖੇਤੀ ਬਾੜੀ ਹਨ । ਖੇਤੀਬਾੜੀ ਵਿਚ ਤਾਂ ਇਸ ਸਰਕਾਰ ਨੇ ਬੜੇ ਤਗੜੇ ਹੋ ਕੇ ਕੰਮ ਕੀਤਾ ਹੈ । (ਵਿਘਨ) (ਇਕ ਆਵਾਜ਼: ਖੇਤੀਬਾੜੀ ਦਾ ਪੁਆਇੰਟ ਤਾਂ ਬਹੁਤ ਵਧੀਆ ਹੈ ਜੀ) ਇਨ੍ਹਾਂ ਨੇ ਅੱਠ ਹਜ਼ਾਰ ਏਕੜ ਜ਼ਮੀਨ ਮੁਜ਼ਾਰਿਆਂ ਵਿਚ ਤਕਸੀਮ ਕਰ ਦਿਤੀ ਹੈ । ਇਹ ਗੱਲ ਸਾਰਿਆਂ ਨੂੰ ਪਤਾ ਹੈ ਕਿ ਪੰਜਾਬ ਵਿਚ ਐਤਕੀ ਬਾਰਸ਼ ਨਹੀਂ ਹੋਈ। ਇਹ ਰਿਕਾਰਡ ਹੈ ਕਿ ਐਤਕੀ ਬਾਰਸ਼ ਨਹੀਂ ਹੋਈ । ਇਹ ਤਾਂ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਪੜ੍ਹੇ ਲਿਖੇ ਹਨ ਇਸ ਲਈ ਮੈਂ ਤਾਂ ਰਿਕਾਰਡ ਦੀ ਗੱਲ ਕਰਦਾ ਹਾਂ ਔਰ ਇਹ ਸੋਚ ਸਕਦੇ ਹਨ । ਜੇ ਨਹੀਂ ਸੋਚਦੇ ਤਾਂ ਪਤਾ ਨਹੀਂ ਕਿਸ ਤਰ੍ਹਾਂ ਦੇ ਪੜ੍ਹੇ ਲਿਖੇ ਹਨ? ਜਾਂ ਇਹ ਸੋਚਦੇ ਨਹੀਂ ਤੇ ਜਾਂ ਇਹ ਜਾਣ ਬੁੱਝ ਕੇ ਸ਼ਰਾਰਤ ਕਰਦੇ ਹਨ । ਪਿਛਲੇ ਸਾਲਾਂ ਵਿਚ ਬਾਰਸ਼ ਇਤਨੀ ਕਦੇ ਘੱਟ ਨਹੀਂ ਹੋਈ ਜਿਤਨੀ ਇਸ ਵਾਰ ਘੱਟ ਹੋਈ ਹੈ ਲੇਕਿਨ ਇਸ ਕਮੀ ਨੂੰ ਲੋਕਾਂ ਨੂੰ ਮਹਿਸੂਸ ਨਹੀਂ ਹੋਣ ਦਿਤਾ ਅਤੇ ਲੱਗ ਭੱਗ ਦੁਗਣਾ ਡੀਜ਼ਲ ਪ੍ਰਾਪਤ ਕਰਕੇ ਪੈਦਾਵਾਰ ਦੇ ਉਤਪਾਦਨ ਵਿਚ ਕੋਈ ਰੁਕਾਵਟ ਨਹੀਂ ਆਉਣ ਦਿਤੀ । ਇਸ ਕਮੀ ਨੂੰ ਕਿਸ ਤਰ੍ਹਾਂ ਸੁਚੱਜੇ ਢੰਗ ਨਾਲ ਪੂਰਾ ਕੀਤਾ ਹੈ ਅਤੇ ਪੰਜਾਬ ਦਾ ਸਿਰ ਸੈਂਟਰ ਦੇ ਸਾਹਮਣੇ ਉੱਚਾ ਕੀਤਾ ਹੈ। ਇਤਨੀਆਂ ਮੁਸ਼ਕਲਾਂ ਦੇ ਬਾਵਜੂਦ ਪੰਜਾਬ ਦੀ ਸਰਕਾਰ ਨੇ ਪੰਜਾਬ ਨੂੰ ਦੇਸ਼ ਦਾ ਅੰਨ–ਭੰਡਾਰ ਹੋਣ ਦੇ ਆਪਣੇ ਉੱਘੇ ਨਾਮ ਨੂੰ ਕਾਇਮ ਰੱਖਿਆ ਅਤੇ ਜ਼ਰਾ–ਇਤੀ ਪੈਦਾਵਾਰ ਦੀ ਉਚੇਰੀ ਪੱਧਰ ਨੂੰ ਬਰਕਰਾਰ ਰੱਖਿਆ ਹੈ । ਇਸ ਦੇ ਲਈ ਵੀ ਮੈਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਇਹ ਵੀ (ਅਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਮਨਿਸਟਰ ਰਹੇ ਹਨ, ਚੀਫ ਮਨਿਸਟਰ ਬਾਦਲ ਸਾਹਿਬ ਰਹੇ ਹਨ ਲੇਕਿਨ ਇਨ੍ਹਾਂ ਨੇ ਕਦੇ ਗੰਦਮ ਦੇ ਭਾਅ, ਚੌਲਾਂ ਦਾ ਭਾਅ, ਜੀਰੀ ਦਾ ਭਾਅ ਵਧਾਉਣ ਲਈ ਕਦੇ ਫਾਈਟ ਨਹੀਂ ਕੀਤਾ ਜਿਤਨਾ ਇਸ ਸਰਕਾਰ ਦੇ ਚੀਫ ਮਨਿਸਟਰ ਗਿਆਨੀ ਜ਼ੈਲ ਸਿੰਘ ਜੀ ਨੇ ਕੀਤਾ ਹੈ। ਇਹ ਹੁਣ ਚਿੜਦੇ ਹਨ ਕਿ ਇਸ ਤਰ੍ਹਾਂ ਕਿਉਂ ਕਰ ਰਹੇ ਹਨ? ਇਨ੍ਹਾਂ ਨੂੰ ਚਿੜੀ ਜਾਣ ਦਿਉ ਪਰ ਮੈਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਇਹ ਕਹਾਂਗਾ ਕਿ ਉਹ ਪੰਜਾਬ ਦੀ ਤਰੱਕੀ ਵਾਸਤੇ ਕੰਮ ਕਰੀ ਜਾਣ ।

[ਚੌਧਰੀ ਜਗਤ ਰਾਮ]

ਫਿਰ, ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੀ ਗੱਲ ਕਹਿਣੀ ਚਾਹੁੰਦਾ ਹਾਂ :—

'ਬੀ.ਏ. ਚੁਮਾਰ ਹੋਏ, ਐਮ. ਏ. ਲੁਹਾਰ ਹੋਏ, ਫਿਰ ਦੇਖੋ ਮੁਲਕ ਮੇਂ ਕੈਸੀ ਬਹਾਰ ਹੋਏ।'

ਇਕ ਆਵਾਜ਼ : ਮੁੱਕਰਰ, ਮੁਕੱਰਰ। ਇਕ ਵਾਰੀ ਫਿਰ ਹੋ ਜਾਏ।

ਚੌਧਰੀ ਜਗਤ ਰਾਮ : ਲਓ ਜੀ, ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇਕ ਵਾਰੀ ਫਿਰ ਹੋ ਜਾਏ :

'ਬੀ.ਏ. ਚਮਾਰ ਹੋਏ, ਐਮ. ਏ. ਲੁਹਾਰ ਹੋਏ, ਫਿਰ ਦੇਖੋ ਮੁਲਕ ਮੇਂ ਕੈਸੀ ਬਹਾਰ ਹੋਏ'।

ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਇਕ ਐਸੀ ਚੀਜ਼ ਹੈ ਜਿਸ ਤੇ ਸਾਰਾ ਦਾਰੋ ਮਦਾਰ ਹੈ। ਇੰਡ-ਸਟਰੀ ਅਗਰ ਦੇਸ਼ ਵਿਚ ਤਰੱਕੀ ਨਾ ਕਰੇ ਤਾਂ ਮੁਲਕ ਤਰੱਕੀ ਨਹੀਂ ਕਰ ਸਕਦਾ। ਇਹ ਮੇਰੇ ਦੋਸਤ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਜਿਹੜੇ ਵੱਡੇ ਵੱਡੇ ਲੈਂਡ ਲਾਰਡ ਹਨ ਇਹ ਕੁੱਝ ਵੀ ਨਹੀਂ ਕਰ ਸਕਦੇ। ਇਹ ਹਲ ਨਹੀਂ ਚਲਾ ਸਕਦੇ, ਦਾਤੀ ਰੰਬਾ ਨਹੀਂ ਬਣਾ ਸਕਦੇ। ਖੇਤੀ ਦਾ ਕੋਈ ਕੰਮ ਨਹੀਂ ਕਰ ਸਕਦੇ। (ਵਿਘਨ) ਖੇਤੀ ਵਿਚ ਕੁੱਝ ਨਹੀਂ ਹੋ ਸਕਦਾ, ਹਰੀਜਨਾਂ ਲਈ ਕੁਝ ਨਹੀਂ ਹੋ ਸਕਦਾ, ਕੋਈ ਮੰਡੀ ਨਹੀਂ ਹੋ ਸਕਦੀ ਅਤੇ ਕੋਈ ਹੋਰ ਚੀਜ਼ ਨਹੀਂ ਹੋ ਸਕਦੀ ਜੇ ਇੰਡਸਟਰੀ ਨਾ ਹੋਵੇ। ਇੰਡਸਟਰੀ ਲਈ ਪਲਾਟ ਦਿਤੇ, ਇਹ ਪਲਾਟ ਹਰੀਜਨਾਂ ਨੂੰ ਵੀ ਦਿਤੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ (ਅਪੋਜ਼ੀਸ਼ਨ ਵੱਲ ਇਸ਼ਾਰਾ) ਵੇਲੇ, ਜਦੋਂ ਬਾਦਲ ਸਾਹਿਬ ਚੀਫ਼ ਮਨਿਸਟਰ ਸਨ ਤਾਂ ਉਸ ਵੇਲੇ ਹਰੀਜਨ ਵਿਚਾਰੇ ਤਰਲੇ ਲੈਂਦੇ ਸੀ ਪਰ ਜੋ ਇਹ ਕਹਿੰਦੇ ਸੀ ਉਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਮੇਰੇ ਪਾਸ ਇਨ੍ਹਾਂ ਦਾ ਜਵਾਬ ਹੈ, ਮੇਰੇ ਕੋਲ ਇਹ ਰਿਕਾਰਡ ਹੈ ਜਿਸ ਦੇ ਵਿਚ ਇਨ੍ਹਾਂ ਨੇ ਕਿਹਾ ਕਿ ਨਹੀਂ ਹਰੀਜਨਾਂ ਨੂੰ ਕੋਈ ਤਜਰਬਾ ਨਹੀਂ, ਇਨ੍ਹਾਂ ਨੇ ਇੰਡਸਟਰੀ ਲੈ ਕੇ ਕੀ ਕਰਨੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੀ ਜ਼ਮੀਨ ਇਨ੍ਹਾਂ ਦੀ ਕਸਟਡੀ ਵਿਚ ਸੀ। ਜਿਹੜੀ ਜ਼ਮੀਨ ਹਰੀਜਨਾਂ ਨੂੰ ਮਿਲਣੀ ਚਾਹੀਦੀ ਸੀ ਉਹ ਇਨ੍ਹਾਂ ਦੀ ਸਰਕਾਰ ਵੇਲੇ ਜੰਗਲਾਤ ਨੂੰ ਵੇਚ ਦਿਤੀ। ਉਸ ਵੇਲੇ ਹਰੀਜਨਾਂ ਦਾ ਖਿਆਲ ਇਨ੍ਹਾਂ ਨੂੰ ਕਿਉਂ ਨਹੀਂ ਆਇਆ? ਹੁਣ ਗਿਆਨੀ ਜੀ ਦੀ ਸਰਕਾਰ ਨੇ ਇਸ ਚੀਜ਼ ਨੂੰ ਆਪਣੇ ਖਿਆਲ ਵਿਚ ਲਿਆਂਦਾ ਅਤੇ ਸਾਰੀ ਦੀ ਸਾਰੀ ਜ਼ਮੀਨ ਜੰਗਲਾਤ ਤੋਂ ਲੈ ਕੇ ਹਰੀਜਨਾਂ ਨੂੰ ਦਿਵਾਣੀ ਸ਼ੁਰੂ ਕਰ ਦਿਤੀ ਹੈ। ਇਹ ਮੁਬਾਰਕਬਾਦ ਦੀ ਗੱਲ ਨਹੀਂ ਤਾਂ ਹੋਰ ਕੀ ਹੈ?

Sardar Dhanna Singh Gulshan : * * * *

Mr. Deputy Speaker : Whatever the hon. Member is saying that should not be recorded.

(At this stage Sardar Dhanna Singh Gulshan came to the Table of the House for placing thereon a telegram.)

Mr. Deputy Speaker : Gulshan Ji, I do not allow this. You are obstructing the proceedings of the House.

---

* Not recorded as ordered by the Chair.

ਸਰਦਾਰ ਬਸੰਤ ਸਿੰਘ ਖਾਲਸਾ : ਆਨ ਏ ਪੁਆਇੰਟ ਆਫ਼ ਇਨਫਰਮੇਸ਼ਨ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਤੋਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ । ਬੜੀ ਖੁਸ਼ੀ ਦੀ ਗੱਲ ਹੈ ਕਿ ਇਹ ਹਰੀਜਨਾਂ ਦੇ ਬਾਰੇ ਗੱਲ ਕਰਦੇ ਹਨ । ਕੀ ਕਿਸੇ ਵਿਧਾਨ ਸਭਾ ਵਿਚ ਮੁੱਖ ਮੰਤਰੀ ਸਾਹਿਬ ਨੇ ਇਹ ਗੱਲ ਕਹੀ ਸੀ ਕਿ ਜਿੰਨੀ ਵੀ ਨਿਕਾਸੀ ਜ਼ਮੀਨ ਹੈ ਉਹ ਹਰੀਜਨਾਂ ਨੂੰ ਦਿਤੀ ਜਾਵੇਗੀ? ਕੀ ਮੈਂਬਰ ਸਾਹਿਬ ਦੇ ਇਹ ਗਿਆਤ ਵਿਚ ਹੈ ਕਿ ਨਵੀਂ ਨੋਟੀਫ਼ੀਕੇਸ਼ਨ ਹੋ ਕੇ ਉਹ ਜ਼ਮੀਨ ਹਰੀਜਨਾਂ ਨੂੰ ਵਾਂਝਿਆਂ ਕਰਕੇ ਦੂਜਿਆਂ ਵਿਚ ਵੰਡੀ ਜਾ ਰਹੀ ਹੈ?

ਸ੍ਰੀ ਗੁਰਦਿਆਲ ਸੈਣੀ: ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜੀ ਗੁਲਸ਼ਨ ਜੀ ਨੇ ਤਾਰ ਵਿਖਾਈ ਹੈ ਇਹ ਮੇਰੇ ਇਲਾਕੇ ਦਾ ਵਾਕਿਆ ਹੈ ਇਸ ਦਾ ਫ਼ੈਸਲਾ ਕੱਲ੍ਹ ਕਰਾ ਦਿਤਾ ਗਿਆ ਹੈ । ਇਹ ਜਿਹੜੀ ਗੱਲ ਕਹਿੰਦੇ ਹਨ ਇਹ ਬੇਸਲੈਸ ਹੈ ।

ਸ੍ਰੀ ਡਿਪਟੀ ਸਪੀਕਰ : ਉਹ ਤਾਰ ਰਿਕਾਰਡ ਵਿਚ ਨਹੀਂ ਆਈ, ਤੁਸੀਂ ਤਸ਼ਰੀਫ਼ ਰੱਖੋ । (That telegram has not come on the record, please resume your seat.)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਗੁਲਸ਼ਨ ਜੀ ਨੇ ਕਿਹਾ ਹੈ ਕਿ ਮੈਨੂੰ ਤਾਰ ਆਈ ਹੈ, ਮੈਂ ਕਹਿੰਦਾ ਹਾਂ ਕਿ ਗੁਲਸ਼ਨ ਜੀ ਨੂੰ ਤਾਰ ਉਦੋਂ ਆਵੇਗੀ ਜਦੋਂ ਇਹ ਚੀਫ਼ ਮਨਿਸਟਰ ਬਣਨਗੇ, ਹੁਣ ਤਾਂ ਹੋ ਸਕਦਾ ਹੈ ਕਿ ਆਪ ਹੀ ਪਾ ਦਿਤੀ ਹੋਵੇ । ਜੇ ਕਰ ਕੋਈ ਤਾਰ ਆਉਣੀ ਸੀ ਤਾਂ ਕਿਸੇ ਜਲੰਧਰ ਦੇ ਐਮ. ਐਲ.ਏ. ਕੋਲ ਆਉਣੀ ਸੀ ਇਨ੍ਹਾਂ ਕੋਲ ਨਹੀਂ ਸੀ ਆਉਣੀ।

ਬਾਕੀ ਗੱਲ ਰਹਿ ਗਈ ਖ਼ਾਲਸਾ ਜੀ ਦੀ। ਖ਼ਾਲਸਾ ਜੀ ਮੇਰਾ ਤੁਹਾਡੇ ਨਾਲ ਗਿਲਾ ਹੈ, ਤੁਸੀਂ ਪਹਿਲਾਂ ਸੰਧੂ ਸਾਹਿਬ ਦੀ ਜਗ੍ਹਾ ਤੇ ਆ ਜਾਵੋ ਫਿਰ ਗੱਲ ਕਰਨਾ ।

ਸੋ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਇੰਡ-ਸਟਰੀਅਲ ਪਲਾਟ ਦਿਤੇ ਗਏ ਹਨ ਇਨ੍ਹਾਂ ਵਿਚੋਂ ਕੁੱਝ ਪਲਾਟ ਰਿਜ਼ਰਵ ਕੀਤੇ ਗਏ ਹਨ ਜਿਹੜੇ ਕਿ ਹਰੀਜਨਾਂ ਨੂੰ ਵੀ ਦਿਤੇ ਗਏ ਹਨ, ਇਹ ਮੈਨੂੰ ਪਤਾ ਲੱਗਾ ਹੈ ।

ਗਿਆਨੀ ਕੁੰਦਨ ਸਿੰਘ ਪਤੰਗ : ਕਿੱਥੇ ਦਿਤੇ ਗਏ ਹਨ?

ਚੌਧਰੀ ਜਗਤ ਰਾਮ : ਉਹ ਮੁਹਾਲੀ ਅਤੇ ਲੁਧਿਆਣਾ ਵਿਚ ਦਿਤੇ ਗਏ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਜਿਥੇ ਕਮੀ ਹੈ ਉਹ ਤਕੜੇ ਢੰਗ ਨਾਲ ਪੂਰੀ ਕਰਨੀ ਚਾਹੀਦੀ ਹੈ ।

ਇਕ ਗੱਲ ਮੈਂ ਟਰਾਂਸਪੋਰਟ ਦੇ ਬਾਰੇ ਕਹਾਂਗਾ । ਟਰਾਂਸਪੋਰਟ ਨੇ ਅੱਗੇ ਨਾਲੋਂ ਜ਼ਿਆਦਾ ਬੱਸਾਂ ਚਲਾ ਦਿਤੀਆਂ ਹਨ । ਇਹ ਠੀਕ ਹੈ ਕਿ ਬੱਸਾਂ ਜ਼ਿਆਦਾ ਚਲਾ ਦਿਤੀਆਂ ਗਈਆਂ ਹਨ ਪਰ ਅਜ ਹਾਲਤ ਇਹ ਹੈ ਕਿ ਸਾਨੂੰ ਕੁੱਝ ਇਸ ਢੰਗ ਨਾਲ ਬਣਾ ਦਿਤਾ ਹੈ ਕਿ ਹਰ ਬੰਦਾ ਚਾਹੁੰਦਾ ਹੈ ਕਿ ਉਹ ਇਕ ਮੀਲ ਵੀ ਪੈਦਲ ਨਾ ਚਲੇ । ਪਹਿਲਾਂ ਇਹ ਹੁੰਦਾ ਸੀ ਕਿ ਭਾਵੇਂ ਸਾਡੇ ਬਜ਼ੁਰਗ ਸਨ, ਭਾਵੇਂ ਬਾਦਲ ਸਾਹਿਬ ਦੇ ਅਤੇ ਭਾਵੇਂ ਪਤੰਗ ਸਾਹਿਬ ਦੇ, ਉਹ 10-10 ਮੀਲ ਪੈਦਲ ਤੁਰ ਪੈਂਦੇ ਸਨ । ਹੁਣ ਜਦ ਸਾਨੂੰ ਇਸ ਤਰ੍ਹਾਂ ਬਣਾ ਦਿਤਾ ਹੈ ਤਾਂ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ 5-5 ਮਿੰਟਾਂ ਬਾਅਦ ਬੱਸ ਚਲੇ । ਗਿਆਨੀ ਜੀ, ਅਸੀਂ ਹੁਣ ਪਹਿਲੇ ਵਾਲੇ ਨਹੀਂ ਰਹੇ । (ਵਿਘਨ) 5-5 ਮਿੰਟ ਕੀ ਮੈਂ ਤਾਂ

[ਚੌਧਰੀ ਜਗਤ ਰਾਮ]

ਇਹ ਕਹਾਂਗਾ ਕਿ 3–3 ਮਿੰਟ ਬਾਅਦ ਬੱਸ ਅੱਡੇ ਤੇ ਖੜ੍ਹੀ ਹੋਵੇ, ਅਤੇ ਹਰ ਸ਼ਹਿਰ ਨੂੰ ਚੱਲੇ । ਡਿਪਟੀ ਸਪੀਕਰ ਸਾਹਿਬ, ਮੇਰੇ ਬੰਗਾ ਹਲਕੇ ਵਿਚ 40 ਬੱਸਾਂ ਇਕ ਚਲਦੀਆਂ ਹਨ ਅਤੇ 20 ਪੰਜਾਬ ਰੋਡਵੇਜ਼ ਦੀਆਂ ਹੋਰ ਚਲਦੀਆਂ ਹਨ, ਪਰ ਉਹ ਵੀ ਥੋੜ੍ਹੀਆਂ ਰਹਿੰਦੀਆਂ ਹਨ । ਮੈਂ ਕਹਾਂਗਾ ਕਿ ਉਥੋਂ ਹੋਰ ਬੱਸਾਂ ਚਲਾਵੋ । ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਟਰਾਂਸਪੋਰਟ ਦੇ ਵਰਕਰ ਹਨ ਉਨ੍ਹਾਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਤਨਖਾਹ ਮਿਲਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਹ ਗੱਲਾਂ ਸੱਚ ਮੁਚ ਮੇਰੇ ਆਪਣੇ ਢਿੱਡ ਵਿਚੋਂ ਫੁੱਟਦੀਆਂ ਹਨ । ਮੈਂ ਹੁਣ ਡਿਪੂਆਂ ਬਾਰੇ ਅਰਜ਼ ਕਰਾਂਗਾ । ਇਹ ਸਾਡੀ ਸਰਕਾਰ ਨੇ ਹਰੀਜਨਾਂ, ਇਸਤ੍ਰੀ ਜਾਤੀ, ਫ਼ੌਜੀ ਅਤੇ ਜਿਹੜੇ 1947 ਤੋਂ ਪਹਿਲਾਂ ਆਜ਼ਾਦੀ ਦੇ ਘੋਲ ਵਿਚ ਕੈਦ ਹੋਏ ਸਨ, ਇਨ੍ਹਾਂ ਚਾਰਾਂ ਨੂੰ ਡਿੱਪੂ ਦਿਤੇ ਹਨ । ਇਹ ਕੋਈ 30% ਡਿੱਪੂ ਦਿਤੇ ਹਨ । ਬਾਦਲ ਸਾਹਿਬ ਤੁਸੀਂ ਵੀ ਕਦੀ ਹਰੀਜਨਾਂ ਨੂੰ ਡਿਪੂ ਦਿਤੇ ਸੀ ? ਤੁਹਾਡੇ ਵੇਲੇ ਤਾਂ ਹਰੀਜਨਾਂ ਦਾ ਇਹ ਕੰਮ ਸੀ ਕਿ ਨੱਕੇ ਬੰਨ੍ਹ ਦਿਉ, ਘੋੜੀ ਦੀ ਬਾਗ਼ ਫੜ ਲਵੋ । ਮੈਂ ਕਹਿੰਦਾ ਹਾਂ ਕਿ ਹੁਣ ਯੁੱਗ ਬਦਲਿਆ ਹੈ, ਟਾਈਮ ਬਦਲਿਆ ਹੈ ਅਤੇ ਇਹ ਡਿਪੂ ਸ਼ਹਿਰਾਂ ਅਤੇ ਪਿੰਡਾਂ ਵਿਚ ਹਰੀਜਨਾਂ ਨੂੰ ਦਿਤੇ ਗਏ ਹਨ ।

ਇਕ ਆਵਾਜ਼ : ਬਿਲਕੁਲ ਗਲਤ ਗੱਲ ਹੈ ।

ਚੌਧਰੀ ਜਗਤ ਰਾਮ : 30% ਹਿੱਸਾ ਰੱਖਿਆ ਹੈ ਹਰੀਜਨਾਂ ਵਾਸਤੇ । ਮੈਂ ਕਹਿੰਦਾ ਹਾਂ ਕਿ ਤੁਸੀਂ ਮੇਰੇ ਨਾਲ ਸਹਿਮਤ ਹੋ ਕੇ ਸਰਕਾਰ ਨੂੰ ਰਿਕੁਐਸਟ ਕਰੋ ਕਿ ਹਰੀਜਨਾਂ ਨੂੰ ਵੱਧ ਡਿਪੂ ਦਿਉ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਗਿਆਨੀ ਜੀ ਦੀ ਸਰਕਾਰ ਨੂੰ ਅਤੇ ਉਸ ਨੌਜਵਾਨ ਨੂੰ ਜਿਹੜਾ ਮੁੱਛਾਂ ਨੂੰ ਵੱਟ ਦੇ ਕੇ ਬੈਠਾ ਹੈ, ਬੇਨਤੀ ਕਰਾਂਗਾ ਕਿ 70% ਡਿਪੂ ਹਰੀਜਨਾਂ ਨੂੰ ਦਿਓ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਇਹ ਸਾਡੀ ਪਰਸਨਲ ਬੇਇਜ਼ਤੀ ਕਰਦਾ ਹੈ । ਉਨ੍ਹਾਂ ਬਜ਼ੁਰਗਾਂ ਦੀ ਉਮਰ 60–62 ਸਾਲ ਦੀ ਹੈ ਅਤੇ ਇਹ ਨੌਜਵਾਨ ਦੱਸਦੇ ਹਨ ਇਸ ਦਾ ਮਤਲਬ ਹੈ ਕਿ ਅਸੀਂ ਪੈਦਾ ਹੀ ਨਹੀਂ ਹੋਏ .. .. (ਵਿਘਨ)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਪਤਾ ਨਹੀਂ ਇਹ ਕਿਥੋਂ ਡਿੱਗੇ ਹਨ , ਮੈਂ ਕੁੱਝ ਨਹੀਂ ਕਹਿੰਦਾ । ਮੈਂ ਇਕ ਗੱਲ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਕਹਾਵਤ ਪੁਰਾਣੀ ਸੀ ਉਸ ਦੇ ਮੁਤਾਬਕ ਹੋਰ ਤਕੜੇ ਹੋ ਕੇ ਕੰਮ ਕਰੋ । ਮੇਰੇ ਆਪੋਜ਼ੀਸ਼ਨ ਦੇ ਦੋਸਤੋ ਸਾਡੇ ਨਾਲ ਰਹੋ ਅਸੀਂ ਤੁਹਾਡੇ ਨਾਲ ਰਹਾਂਗੇ ਪਰ ਇਥੇ ਗਲਤ ਵਕਾਲਤ ਨਾ ਕਰੋ ਔਰ ਗਲਤ ਬਿਆਨੀ ਨਾ ਕਰੋ । ਮੈਂ ਜਿਵੇਂ ਪਹਿਲਾਂ ਅਰਜ਼ ਕਰ ਚੁੱਕਾ ਹਾਂ ਕਿ :—

"ਸ਼ੂਦਰ, ਢੋਲ, ਪਸ਼ੂ ਔਰ ਨਾਰੀ, ਯੇਹ ਸਭ ਤਾੜਨ ਕੇ ਅਧਿਕਾਰੀ "

ਹੁਣ ਤਕੜੇ ਹੋ ਕੇ ਹੱਥ ਪਾਓ ਸਮੱਗਲਰਾਂ ਨੂੰ । ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ । ਜੇ ਸੌਂਹ ਚੁੱਕੀ ਹੈ ਤਕੜੇ ਹੋ ਕੇ ਪੈ ਜਾਵੋ, ਚਾਹੇ ਕੋਈ ਰਿਸ਼ਤੇਦਾਰ ਹੈ, ਚਾਹੇ ਕੋਈ ਦੋਸਤ ਹੈ, ਅਗਰ ਕੋਈ ਗ਼ਲਤ ਕੰਮ ਕਰਦਾ ਹੈ, ਉਸ ਨੂੰ ਪੈ ਜਾਵੋ । ਮੈਂ ਆਪੋਜ਼ੀਸ਼ਨ ਵਾਲਿਆਂ ਨੂੰ ਕਹਾਂਗਾ ਕਿ ਗਰੀਬਾਂ ਦੇ ਨਾਮ ਤੇ ਨਾ ਨਹਾਓ । ਅਗਰ ਇਸ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ ਤਾਂ ਜ਼ਿੰਮੇਵਾਰੀ ਤੁਹਾਡੇ ਤੇ ਆਵੇਗੀ । ਅਸੀਂ ਵੋਟਾਂ ਪਰਦੇ ਵਿਚ ਪੁਆ ਦਿਤੀਆਂ ਕਿਉਂਕਿ ਅੱਗੇ ਬਾਦਲ ਸਾਹਿਬ ਵਰਗੇ ਗਰੀਬਾਂ ਨੂੰ ਡਰਾ ਕੇ ਵੋਟਾਂ

ਪੁਆ ਲੈਂਦੇ ਸਨ । ਹੁਣ ਜਦ ਫੈਸਲਾ ਹੀ ਕਰ ਲਿਆ ਹੈ ਕਿ ਵੋਟਾਂ ਪਰਦੇ ਵਿਚ ਪਾਉਣੀਆਂ ਹਨ ਤਾਂ ਹੁਣ ਰੌਲਾ ਕਾਹਦਾ । ਹੁਣ ਗਰੀਬ ਆਜ਼ਾਦੀ ਨਾਲ ਆਪਣੀ ਵੋਟ ਪਾ ਸਕਦਾ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ: ਕਿਹੜੀਆਂ ਕਿਹੜੀਆਂ ਚੀਜ਼ਾਂ ਪਰਦੇ ਵਿਚ ਹਨ ।

ਚੌਧਰੀ ਜਗਤ ਰਾਮ : ਬਰਾੜ ਸਾਹਿਬ ਨਾਲ ਤਾਂ ਮੈਂ ਦਿੱਤੋਂ ਨਰਾਜ਼ ਹਾਂ ਕਿਉਂਕਿ ਇਹ ਸਾਡੀ ਸੀਟ ਤੇ ਬੈਠੇ ਹਨ ਇਨ੍ਹਾਂ ਨੇ ਕਿਸੇ ਹਰੀਜਨ ਦੇ ਘਰ ਜਨਮ ਨਹੀਂ ਲਿਆ । ਵੈਸੇ ਇਕ ਗੱਲ ਨਾਲ ਮੈਂ ਸਹਿਮਤ ਹਾਂ ਕਿ ਬਾਲਮੀਕੀ ਹਰੀਜਨਾਂ ਨਾਲ ਇਨ੍ਹਾਂ ਦਾ ਰੰਗ ਜ਼ਰੂਰ ਮਿਲਦਾ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲਾਨੇਸ਼ਨ । ਮੈਂ ਉਨ੍ਹਾਂ ਦੀ ਇਸ ਗੱਲ ਉਤੇ ਅਫ਼ਸੋਸ ਨਹੀਂ ਕਰਦਾ, ਮੈਂ ਚੌਧਰੀ ਜਗਤ ਰਾਮ ਦਾ ਮਸ਼ਕੂਰ ਹਾਂ ਅਤੇ ਮੁਬਾਰਕਵਾਦ ਦਿੰਦਾ ਹਾਂ ।

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਗਿਆਨੀ ਜੀ ਨੂੰ ਇਕ ਗੱਲ ਕਹਾਂਗਾ ਕਿ ਧਿਆਨ ਰੱਖਣ, ਜਿਸ ਤਰ੍ਹਾਂ ਐਮ.ਬੀ.ਬੀ.ਐਸ. ਵਿਚ ਦਾਖਲ ਹੋਣ ਵਾਸਤੇ ਸਵਰਨ ਜਾਤੀਆਂ ਵਾਲਿਆਂ ਨੇ ਗਲਤ ਸਰਟੀਫਿਕੇਟ ਪ੍ਰੋਡਿਊਸ ਕਰਕੇ ਦਾਖ਼ਲੇ ਲਏ ਇਹ ਨਾ ਕਿਤੇ ਦਾਖ਼ਲ ਹੋ ਜਾਣ । (ਹਾਸਾ)।

Mr. Deputy Speaker: The House stands adjourned till 9.00 A. M. on Thursday, the 9th January, 1975.

1.30 P.M. | *The Sabha then adjourned till 9.00 A.M. on Thursday, the 9th January, 1975.*

1428—27-5-75—286—Govt Press, Patiala

[illegible]

[illegible]

[illegible]

[illegible]

[illegible]

(ਤਾੜੀਆਂ)।

Mr. Deputy Speaker: The House stands adjourned till 9.00 A. M. on Thursday, the 9th January, 1975.

1.20 P.M. | *The Sabha then adjourned till 9.00 A.M. on Thursday, the 9th January, 1975.*

APPENDIX

TO

PUNJAB VIDHAN SABHA DEBATES

Vol. I—No. 2

Dated the 8th January, 1975

STARRED QUESTIONS AND ANSWERS

ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਨੌਕੇਰੀਆਂ ਨੂੰ ਬਿਜਲੀ ਦੇਣਾ

* 2880. **ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** : ਕੀ ਲੋਕ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਨੌਕੇਰੀਆਂ (ਜਲਾਲਬਾਦ ਵਿਧਾਨ ਸਭਾ ਚੋਣ ਹਲਕਾ) ਵਿਚ ਟਰਾਂਸਫਾਰਮਰ ਲਗਾਇਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੋਂ;

(ਅ) ਕੀ ਉਕਤ ਪਿੰਡ ਨੂੰ ਅਸਲ ਵਿਚ ਬਿਜਲੀ ਦਿਤੀ ਗਈ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ ?

ਸ੍ਰੀ ਸੋਹਨ ਸਿੰਘ ਜਲਾਲਉਸਮਾਨ : (ੳ) ਜੀ ਹਾਂ। ਬਿਨਾ ਲੋਡ ਟਰਾਂਸਫਾਰਮਰ ਮਾਰਚ, 1974 ਵਿਚ ਸਥਾਪਤ ਕਰ ਦਿਤਾ ਗਿਆ ਸੀ ।

(ਅ) ਜੀ ਨਹੀਂ । ਕਿਉਂਕਿ ਵੱਖ ਵੱਖ ਆਕਾਰ ਦੀਆਂ ਪੀ.ਵੀ.ਸੀ. ਤਾਰਾਂ ਜਿਹਾ ਸਾਜ਼ ਸਾਮਾਨ ਨਹੀਂ ਮਿਲ ਸਕਿਆ ।

[(a) Yes, Sir. Transformer had been installed on 'No load' in March, 1974.

(b) No, Sir, Because of the non-availability of material such as PVC of different sizes.]

ਕੋਟਲਾ ਸ਼ਾਖਾ ਨਹਿਰ ਵਿਚ ਦਰਾੜਾਂ

*2905. **ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ.—

(ੳ) ਕੀ ਇਹ ਸੱਚ ਹੈ ਕਿ ਨਵੰਬਰ, 1974 ਦੇ ਦੂਜੇ ਹਫ਼ਤੇ ਕੋਟਲਾ ਸ਼ਾਖਾ ਨਹਿਰ ਵਿਚ ਦਰਾੜ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉੱਕਤ ਦਰਾੜ ਨੂੰ ਬੰਦ ਕਰਨ ਲਈ ਕਿੰਨੇ ਦਿਨ ਲੱਗੇ ;

(ੲ) ਕੀ ਉਕਤ ਦਰਾੜ ਦੇ ਸਮੇਂ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਕਿਸਾਨਾਂ ਨੂੰ ਪਾਣੀ ਦੀ ਘੱਟ ਸਪਲਾਈ ਨੂੰ ਬਾਅਦ ਵਿਚ ਪੂਰਾ ਕਰ ਦਿਤਾ ਗਿਆ ਸੀ;

(ਸ) ਜੇਕਰ ਉਪਰੋਕਤ ਭਾਗ (ੲ) ਦਾ ਉੱਤਰ ਨਹੀਂ ਵਿਚ ਹੈ ਤਾਂ ਪਾਣੀ ਦੀ ਉਕਤ ਘੱਟ ਸਪਲਾਈ ਦੇ ਸਿੱਟੇ ਵਜੋਂ ਕਿੰਨੇ ਏਕੜ ਭੂਮੀ ਅਣਸਿੰਜੀ ਰਹੀ ;

(ਹ) ਕੀ ਸਰਕਾਰ ਭਾਗ (ੲ) ਵਿਚ ਵਰਣਿਤ ਕਿਸਾਨਾਂ ਨੂੰ ਉਕਤ ਦਰਾੜ ਦੇ ਸਮੇਂ ਦੇ ਦੌਰਾਨ ਉਹਨਾਂ ਦੀ ਭੂਮੀ ਅਣਸਿੰਜੀ ਰਹਿਣ ਕਰਕੇ ਉਹਨਾਂ ਨੂੰ ਹੋਏ ਨੁਕਸਾਨ ਲਈ ਮੁਆਵਜ਼ਾ ਦੇਣ ਦਾ ਵਿਚਾਰ ਰੱਖਦੀ ਹੈ ?

ਸਰਦਾਰ ਗੁਰਬਖਸ਼ ਸਿੰਘ ਸੀਬੀਆ : (ੳ) ਹਾਂ ਜੀ ।

(ਅ) ਇਕ ਦਿਨ ।

(ੲ) ਨਹੀਂ ਜੀ ।

(ਸ) ਲੱਗ ਭੱਗ 28,000 ਏਕੜ ਰਕਬਾ ।

(ਹ) ਨਹੀਂ ਜੀ ।

[(a) Yes, Sir.

(b) One day.

(c) No. Sir.

(d) Approximately 28,000 acres area.

(e) No. Sir.]

ਸਤੰਬਰ-ਅਕਤੂਬਰ 1974 ਦੇ ਦੌਰਾਨ ਸਮਗਲਰਾਂ ਅਤੇ ਚੋਰ ਬਜ਼ਾਰੀ ਕਰਨ ਵਾਲਿਆਂ ਆਦਿ ਤੇ ਮਾਰੇ ਗਏ ਛਾਪੇ

*2907 **ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਕੀ ਇਹ ਠੀਕ ਹੈ ਕਿ ਸਤੰਬਰ-ਅਕਤੂਬਰ 1974 ਦੇ ਦੌਰਾਨ ਰਾਜ ਵਿਚ ਪੁਲਿਸ ਦੁਆਰਾ ਸਮਗਲਰਾਂ, ਚੋਰ ਬਾਜ਼ਾਰੀ ਕਰਨ ਵਾਲਿਆਂ ਅਤੇ ਜ਼ਖੀਰੇਬਾਜਾਂ ਤੇ ਉਚ ਪੱਧਰ ਤੇ ਛਾਪੇ ਮਾਰੇ ਗਏ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉੱਕਤ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫਤਾਰ ਕੀਤੇ ਗਏ ਅਜਿਹੇ ਸਮਾਜ ਵਿਰੋਧੀ ਅਨਸਰਾਂ ਦੀ ਜ਼ਿਲ੍ਹਾਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ ;

(ੲ) ਅਜਿਹੇ ਵਿਅੱਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਰੁਧ ਕੇਸ ਕਾਨੂੰਨੀ ਅਦਾਲਤਾਂ ਵਿਚ ਸਾਬਤ ਹੋ ਚੁਕੇ ਹਨ ;

(ਸ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਅੱਕਤੀਆਂ ਕੋਲੋਂ ਫੜੀਆਂ ਗਈਆਂ ਚੀਜ਼ਾਂ ਦੀ ਕੀਮਤ ਦਾ ਵੇਰਵਾ ਕੀ ਹੈ ;

(ਹ) ਉਕਤ ਫੜੀਆਂ ਗਈਆਂ ਚੀਜ਼ਾਂ ਕਿੰਨਾ ਸਥਾਨਾਂ ਤੇ ਰੱਖੀਆਂ ਗਈਆਂ ਸਨ ?

ਗਿਆਨੀ ਜ਼ੈਲ ਸਿੰਘ:— (ੳ) ਹਾਂ ਜੀ ।

(ਅ) ਸੂਚੀ ਸਦਨ ਦੀ ਮੇਜ਼ ਤੇ ਪੇਸ਼ ਹੈ ਜੀ ।

(ੲ) 13

(ਸ) ਸੂਚੀ ਸਦਨ ਦੀ ਮੇਜ਼ ਤੇ ਪੇਸ਼ ਹੈ ਜੀ ।

(ਹ) ਫੜੀਆਂ ਗਈਆਂ ਚੀਜ਼ਾਂ ਦੁਕਾਨਾਂ,ਗੁਦਾਮਾਂ,ਘਰਾਂ,ਰੇਲਵੇ ਸਟੇਸ਼ਨਾਂ, ਅਤੇ ਚੈਕ ਬੈਰੀਅਰਾਂ ਤੋਂ ਬਰਾਮਦ ਹੋਈਆਂ ਹਨ ।

ਸੂਚੀ (ਅ)

ਗੁਰਦਾਸਪੁਰ —

ਅੰਮ੍ਰਿਤਸਰ —

ਜਲੰਧਰ

1. ਗੁਰਬਖਸ਼ ਸਿੰਘ ਪੁੱਤਰ ਚੱਤਰ ਸਿੰਘ
2. ਹੰਸ ਰਾਜ ਪੁੱਤਰ ਗਿਆਨ ਚੰਦ
3. ਚਰਨ ਸਿੰਘ ਪੁੱਤਰ ਪਾਲ ਸਿੰਘ
4. ਮੈਸ: ਚੋਪੜਾ ਫਲੋਰ ਮਿਲਜ਼ ਸੈਂਟਰਲ ਟਾਊਨ, ਜਲੰਧਰ
5. ਸੁਰਿੰਦਰ ਕੁਮਾਰ ਪੁੱਤਰ ਤਿਲਕ ਰਾਜ
6. ਗੁਰਮੀਤ ਸਿੰਘ ਪੁੱਤਰ ਦਰਸ਼ਨ ਸਿੰਘ

ਹੁਸ਼ਿਆਰਪੁਰ

1. ਪਰਸਾ ਪੁੱਤਰ ਹੀਰਾ ਲਾਲ
2. ਜੋਧ ਸਿੰਘ ਪੁੱਤਰ ਬਸੰਤ ਸਿੰਘ
3. ਖੁਸ਼ੀ ਰਾਮ ਪੁੱਤਰ ਮੰਗਤ ਰਾਮ
4. ਸੁਭਾਸ਼ ਪੁੱਤਰ ਨਾ ਮਾਲੂਮ
5. ਰਮੇਸ਼ ਕੁਮਾਰ ਅਤੇ ਕੈਲਾਸ਼ ਚੰਦਰ ਪੁੱਤਰਾਨ ਰੋਸ਼ਨ ਲਾਲ
6. ਤਰਸੇਮ ਲਾਲ ਪੁੱਤਰ ਖੁਸ਼ੀ ਰਾਮ
7. ਤਰਸੇਮ ਲਾਲ ਪੁੱਤਰ ਲਭੂ ਰਾਮ
8. ਧਰਮ ਸਿੰਘ ਪੁੱਤਰ ਅਮੀ ਚੰਦ
9. ਹੇਮ ਰਾਜ ਪੁੱਤਰ ਦੇਵ ਰਾਜ
10. ਰਾਜ ਕੁਮਾਰ ਪੁੱਤਰ ਮੁਲਖ ਰਾਜ
11. ਗੁਰਬਚਨ ਸਿੰਘ ਪੁੱਤਰ ਆਤਮਾ ਸਿੰਘ

ਕਪੂਰਥਲਾ

1. ਸ਼ਤੀਸ਼ ਚੰਦਰ ਪੁੱਤਰ ਇੰਦਰਜੀਤ
2. ਜਸਵੰਤ ਰਾਏ ਪੁੱਤਰ ਸੋਹਨ ਲਾਲ
3. ਸੋਹਨ ਲਾਲ ਪੁੱਤਰ ਉਜਾਗਰ ਰਾਮ

ਲੁਧਿਆਣਾ

1. ਕਰਤਾਰ ਸਿੰਘ ਪੁੱਤਰ ਦੇਸ ਰਾਜ
2. ਕੇਵਲ ਕ੍ਰਿਸ਼ਨ ਪੁੱਤਰ ਦੇਸ ਰਾਜ
3. ਓਮ ਪ੍ਰਕਾਸ਼ ਪੁੱਤਰ ਬਿਸ਼ਨ ਦਾਸ
4. ਹੰਸ ਰਾਜ ਪੁੱਤਰ ਮੰਗਲ ਸੈਨ
5. ਫਕੀਰ ਚੰਦ ਪੁੱਤਰ ਸੁੰਦਰ ਦਾਸ
6. ਮੋਹਨ ਲਾਲ ਪੁੱਤਰ ਮੇਲਾ ਰਾਮ
7. ਕੰਵਰ ਲਾਲ ਪੁੱਤਰ ਬਨਾਰਸੀ ਲਾਲ
8. ਦੌਲਤ ਰਾਮ ਪੁੱਤਰ ਮੁਲਖ ਰਾਜ
9. ਪ੍ਰਧਾਨ ਸਿੰਘ ਪੁਤਰ ਸੋਹਨ ਸਿੰਘ
10. ਅਸ਼ੋਕ ਕੁਮਾਰ ਪੁਤਰ ਬਾਲ ਕ੍ਰਿਸ਼ਨ
11. ਸੰਤੋਖ ਸਿੰਘ ਪੁੱਤਰ ਪਿਆਰਾ ਸਿੰਘ

ਲੁਧਿਆਣਾ

12. ਜੋਤ ਦਾਸ ਪੁੱਤਰ ਸੰਤ ਲਾਲ
13. ਰਘਬੀਰ ਸਿੰਘ ਪੁੱਤਰ ਗੁਰਦਾਸ ਮੱਲ
14. ਜਵਾਲਾ ਰਾਮ ਪੁੱਤਰ ਰਾਮ ਚੰਦ
15. ਸੁੰਦਰ ਦਾਸ ਪੁੱਤਰ ਲਾਲ ਚੰਦ
16. ਓਮ ਪ੍ਰਕਾਸ਼ ਪੁੱਤਰ ਸੁਰੇਸ਼ ਕੁਮਾਰ
17. ਰੱਖਾ ਰਾਮ ਪੁੱਤਰ ਨਾ ਮਾਲੂਮ
18. ਦਿਲਬਾਗ ਸਿੰਘ ਪੁੱਤਰ ਨਾ ਮਾਲੂਮ
19. ਪਰਸ਼ੋਤਮ ਲਾਲ ਪੁੱਤਰ ਸ਼ਿਵ ਰਾਮ
20. ਅੱਤਰ ਸਿੰਘ ਪੁੱਤਰ ਕਿਸ਼ਨ ਸਿੰਘ
21. ਸਾਦੀ ਰਾਮ ਪੁੱਤਰ ਬਾਬੂ ਰਾਮ
22. ਅਸ਼ੋਕ ਕੁਮਾਰ ਪੁੱਤਰ ਪਿਆਰੇ ਲਾਲ
23. ਨਾਹਰ ਸਿੰਘ ਦਾਸ ਪੁੱਤਰ ਬਾਲਕੀ ਰਾਮ
24. ਜੋਗੋਪਾਲ ਪੁੱਤਰ ਦੀਵਾਨ ਚੰਦ
25. ਬਾਲਕੀ ਰਾਮ ਪੁੱਤਰ ਪਿਆਰਾ
26. ਤਰਸੇਮ ਲਾਲ ਪੁੱਤਰ ਮੋਹਨ ਲਾਲ
27. ਰਾਮ ਸਰੂਪ ਪੁੱਤਰ ਕੁੰਦਨ ਲਾਲ
28. ਸੰਤੋਖ ਸਿੰਘ ਪੁੱਤਰ ਅਮਰ ਸਿੰਘ
29. ਜੋਗਿੰਦਰ ਸਿੰਘ ਪੁੱਤਰ ਸੰਤੋਖ ਸਿੰਘ
30. ਇਕਬਾਲ ਸਿੰਘ ਪੁੱਤਰ ਸੰਤੋਖ ਸਿੰਘ
31. ਦਲਜੀਤ ਸਿੰਘ ਪੁੱਤਰ ਮਹਿੰਦਰ ਸਿੰਘ
32. ਸਰਦਾਰਾ ਸਿੰਘ ਪੁੱਤਰ ਸੰਤੋਖ ਸਿੰਘ
33. ਹਰਬੰਸ ਲਾਲ ਪੁੱਤਰ ਭਗਵਾਨ ਸਿੰਘ
34. ਸੰਤੋਖ ਸਿੰਘ ਪੁੱਤਰ ਸ਼ੇਰ ਸਿੰਘ
35. ਮਨਸੁਖ ਰਾਏ ਪੁੱਤਰ ਚਾਨਣ ਰਾਮ
36. ਬਲਦੇਵ ਕੁਮਾਰ ਪੁੱਤਰ ਗੁਲਜ਼ਾਰੀ ਲਾਲ
37. ਅਸ਼ੋਕ ਕੁਮਾਰ ਪੁੱਤਰ ਜਗਤ ਲਾਲ
38. ਰਾਮ ਜੀ ਦਾਸ ਪੁੱਤਰ ਸਾਂਈਂ ਦਿਤਾ
39. ਸੁਸ਼ੀਲ ਕੁਮਾਰ ਪੁੱਤਰ ਨਾ ਮਾਲੂਮ
40. ਸੰਤੋਖ ਸਿੰਘ ਪੁੱਤਰ ਸ਼ੇਰ ਸਿੰਘ
41. ਪਰਕਾਸ਼ ਸਿੰਘ ਪੁੱਤਰ ਸਰਵਣ ਸਿੰਘ
42. ਕਿਦਾਰ ਨਾਥ ਪੁੱਤਰ ਬਾਬੂ ਰਾਮ
43. ਪਰੇਮ ਨਾਥ ਪੁੱਤਰ ਮੁੰਸ਼ੀ ਰਾਮ
44. ਕਮਲ ਕਿਸ਼ੋਰ ਪੁੱਤਰ ਨਾ ਮਾਲੂਮ
45. ਦਰਸ਼ਨ ਕੁਮਾਰ ਪੁੱਤਰ ਮਹਿੰਦਰ ਪਾਲ
46. ਰਾਮ ਮੂਰਤੀ ਪੁੱਤਰ ਰਾਮ ਦਾਸ
47. ਪ੍ਰੀਤਮ ਸਿੰਘ ਪੁੱਤਰ ਸਾਧੂ ਰਾਮ
48. ਪਰੇਮ ਨਾਥ ਪੁੱਤਰ ਬਨਾਰਸੀ ਦਾਸ
49. ਰਜੇਸ਼ ਗੁਪਤਾ ਪੁੱਤਰ ਕੇਸਰ ਮੱਲ
50. ਸੁਰਿੰਦਰ ਕੁਮਾਰ ਅਤੇ ਸਤਪਾਲ ਪੁੱਤਰ ਨਾ ਮਾਲੂਮ
51. ਸੁਰੇਸ਼ ਕੁਮਾਰ ਪੁੱਤਰ ਨਾ ਮਾਲੂਮ
52. ਰਾਜਾ ਰਾਮ ਪੁੱਤਰ ਨਾ ਮਾਲੂਮ
53. ਮੈ: ਰਾਮ ਸਿੰਘ ਗੁਰਚਰਨ ਸਿੰਘ
54. ਸਤੀਸ਼ ਚੰਦਰ ਅਤੇ ਓਮ ਪ੍ਰਕਾਸ਼
55. ਅਸ਼ੋਕ ਕੁਮਾਰ ਪੁੱਤਰ ਈਸ਼ਰ ਦਾਸ
56. ਸੂਰਤ ਚੰਦ ਪੁੱਤਰ ਵੇਦ ਪ੍ਰਕਾਸ਼
57. ਪ੍ਰਕਾਸ਼ ਚੰਦ ਪੁੱਤਰ ਹਰੀਰਾਮ
58. ਸੁਦਰਸ਼ਨ ਕੁਮਾਰ ਪੁੱਤਰ ਫਕੀਰ ਚੰਦ
59. ਗੁਰਦੀਪ ਸਿੰਘ ਪੁੱਤਰ ਪੰਜਾਬ ਸਿੰਘ
60. ਕੁਲਭੂਸ਼ਨ ਪੁੱਤਰ ਜਗਦੀਸ਼ ਚੰਦ
61. ਗੌਰੀ ਸ਼ੰਕਰ ਪੁੱਤਰ ਰਾਮ ਲਾਲ
62. ਛਜੂ ਰਾਮ ਪੁੱਤਰ ਪਰਸ ਰਾਮ
63. ਹਰੀ ਚੰਦ ਪੁੱਤਰ ਧਰਮਵੀਰ
64. ਮਨਮੋਹਨ ਲਾਲ ਪੁੱਤਰ ਧਰਮਵੀਰ ਸਿੰਘ
65. ਬੂਟਾ ਰਾਮ ਪੁੱਤਰ ਜੀਵਨ ਲਾਲ
66. ਨੰਦ ਲਾਲ ਪੁੱਤਰ ਤੂਲਾ ਰਾਮ
67. ਸਰਵਣ ਕੁਮਾਰ ਪੁੱਤਰ ਮਸਤ ਰਾਮ
68. ਤੀਰਥ ਰਾਮ ਪੁੱਤਰ ਰਮੇਸ਼ ਦਾਸ
69. ਉਜਲ ਸਿੰਘ ਪੁੱਤਰ ਹਰਮਿੰਦਰ ਸਿੰਘ
70. ਮੋਹਨ ਸਿੰਘ ਪੁੱਤਰ ਰੂਪ ਸਿੰਘ
71. ਵਿਜੈ ਕੁਮਾਰ ਅਤੇ ਅਸ਼ੋਕ ਕੁਮਾਰ
72. ਕੁਲਭੂਸ਼ਨ ਰਾਏ ਅਤੇ ਜਗਦੀਸ਼ ਰਾਮ
73. ਹਰਕਿਸ਼ਨ ਸਿੰਘ ਪੁੱਤਰ ਨਾ ਮਾਲੂਮ
74. ਸੁਭਾਸ਼ ਚੰਦਰ ਪੁੱਤਰ ਨਾ ਮਾਲੂਮ
75. ਹਰਬੰਸ ਲਾਲ ਪੁੱਤਰ ਦੇਵੀ ਲਾਲ
76. ਕਰਮ ਪੁੱਤਰ ਛੋਟੇ ਬਰਾਹਮਣ
77. ਬਜਰੰਗ ਦਾਸ ਪੁੱਤਰ ਛੱਜੂ ਰਾਮ
78. ਚਿਮਨ ਲਾਲ ਪੁੱਤਰ ਸ਼ਾਂਤੀ ਸਰੂਪ
79. ਕੇਵਲ ਕ੍ਰਿਸ਼ਨ ਪੁੱਤਰ ਬਨਾਰਸੀ ਦਾਸ
80. ਸਤੀਸ਼ ਕੁਮਾਰ ਪੁੱਤਰ ਹੰਸ ਰਾਜ
81. ਗਿਆਨ ਚੰਦ ਪੁੱਤਰ ਨਾ ਮਾਲੂਮ

ਫਿਰੋਜ਼ਪੁਰ

1. ਗੋਬਿੰਦ ਰਾਮ ਪੁੱਤਰ ਲੇਖ ਰਾਜ
2. ਗੁਰਦੇਵ ਸਿੰਘ ਪੁੱਤਰ ਸੰਤਾ ਸਿੰਘ
3. ਓਮ ਪ੍ਰਕਾਸ਼ ਪੁੱਤਰ ਚਮਨ ਲਾਲ
4. ਬਿਰਜ ਲਾਲ ਪੁੱਤਰ ਚਮਨ ਲਾਲ
5. ਸੋਹਨ ਲਾਲ ਪੁੱਤਰ ਗਨਪਤ ਰਾਏ
6. ਹੰਸ ਰਾਜ ਅਰੋੜਾ ਪੁੱਤਰ ਨਾ ਮਾਲੂਮ
7. ਤਰਲੋਕ ਸਿੰਘ ਪੁੱਤਰ ਸੇਵਾ ਸਿੰਘ
8. ਤੁਲਸੀ ਰਾਮ ਪੁੱਤਰ ਦੁਨੀ ਚੰਦ
9. ਪਿਰਥੀ ਸਿੰਘ ਪੁੱਤਰ ਹੀਰਾ ਸਿੰਘ
10. ਬਨਵਾਰੀ ਲਾਲ ਪੁੱਤਰ ਬਲੂ ਰਾਮ
11. ਖੁਸ਼ੀ ਰਾਮ ਪੁੱਤਰ ਤੁਲਸੀ ਰਾਮ
12. ਵਲੈਤੀ ਰਾਮ ਪੁੱਤਰ ਮੋਤਨ ਲਾਲ
13. ਬਨਾਰਸੀ ਦਾਸ ਪੁੱਤਰ ਨਾ ਮਾਲੂਮ
14. ਕਰਮ ਸਿੰਘ ਪੁੱਤਰ ਬੰਤਾ ਸਿੰਘ
15. ਸਵਰਨ ਸਿੰਘ ਪੁੱਤਰ ਨਾ ਮਾਲੂਮ
16. ਹਾਕਮ ਰਾਏ ਪੁੱਤਰ ਨਾ ਮਾਲੂਮ
17. ਮਹਿੰਦਰ ਸਿੰਘ ਪੁੱਤਰ ਸੁਲੱਖਣ ਸਿੰਘ
18. ਮਹਿੰਦਰ ਸਿੰਘ ਪੁੱਤਰ ਸਰੈਣ ਸਿੰਘ
19. ਧਰਮ ਸਿੰਘ ਪੁੱਤਰ ਕਰਤਾਰ ਸਿੰਘ
20. ਗਿਆਨ ਚੰਦ ਪੁੱਤਰ ਕਾਂਸ਼ੀ ਰਾਮ
21. ਬਲਬੀਰ ਚੰਦ ਪੁੱਤਰ ਪਰਮਾ ਨੰਦ
22. ਹਰਬੰਸ ਲਾਲ ਪੁੱਤਰ ਸਾਈਂ ਦਾਸ
23. ਰਾਮ ਸਿੰਘ ਪੁੱਤਰ ਬਹਾਦਰ ਲਾਲ
24. ਪਰਤਾਪ ਸਿੰਘ ਪੁਤਰ ਦਿਆਲ ਸਿੰਘ
25. ਅਸ਼ੋਕ ਕੁਮਾਰ ਪੁੱਤਰ ਹਰਬੰਸ ਲਾਲ
26. ਵਿਜੈ ਕੁਮਾਰ ਪੁੱਤਰ ਨਾ ਮਾਲੂਮ
27. ਬਲਦੇਵ ਸਿੰਘ ਪੁੱਤਰ ਜਾਗੀਰ ਸਿਘ
28. ਇੰਦਰ ਦੇਵ ਪੁੱਤਰ ਜੈ ਨਰਾਇਣ
29. ਰਵੀ ਕੁਮਾਰ ਪੁੱਤਰ ਰਾਮ ਨਾਥ
30. ਰੂੜ ਸਿੰਘ ਪੁੱਤਰ ਪੰਜਾ ਸਿੰਘ
31. ਖਰੈਤੀ ਲਾਲ ਪੁੱਤਰ ਬਿਹਾਰੀ ਲਾਲ
32. ਲਭੂ ਰਾਮ ਪੁੱਤਰ ਬਹਾਦਰ ਮੱਲ
33. ਸੁਰਿੰਦਰ ਕੁਮਾਰ ਪੁੱਤਰ ਸੋਹਨ ਲਾਲ
34. ਦਿਲਾਵਰ ਸਿੰਘ ਟਰੱਕ ਡਰਾਇਵਰ
35. ਗੁਰਦੇਵ ਸਿੰਘ ਪੁੱਤਰ ਜਾਗਰ ਸਿੰਘ
36. ਲਾਲ ਚੰਦ ਪੁੱਤਰ ਹਰੀ ਚੰਦ
37. ਪਰਸ਼ੋਤਮ ਕੁਮਾਰ ਪੁੱਤਰ ਬਿਹਾਰੀ ਲਾਲ
38. ਮੁਲਖ ਰਾਜ ਪੁੱਤਰ ਮੁਨਸ਼ੀ ਰਾਮ
39. ਗੁਰਬਚਨ ਸਿੰਘ ਪੁੱਤਰ ਮੀਹਾਂ ਸਿੰਘ
40. ਬਾਬੂ ਸਿੰਘ ਪੁੱਤਰ ਨਾ ਮਾਲੂਮ
41. ਮੱਲ ਸਿੰਘ ਪੁੱਤਰ ਪਰਮ ਸਿੰਘ
42. ਬਲਵੰਤ ਸਿੰਘ ਪੁੱਤਰ ਪਰੇਮ ਸਿੰਘ
43. ਬਨਵਾਰੀ ਲਾਲ ਪੁੱਤਰ ਲੱਛਮਣ ਦਾਸ
44. ਤਾਰਾ ਚੰਦ ਪੁੱਤਰ ਗੋਪੀ ਰਾਮ
45. ਕਿਸ਼ਨ ਲਾਲ ਪੁੱਤਰ ਖੇਤਾ ਰਾਮ
46. ਰਾਮ ਸਰੂਪ ਪੁੱਤਰ ਲਾਲਾ ਰਾਮ
47. ਨਿਹਾਲ ਪੁੱਤਰ ਲਹੌਰਾ ਸਿੰਘ
48. ਸਤੀਸ਼ ਕੁਮਾਰ ਪੁੱਤਰ ਓਮ ਪ੍ਰਕਾਸ਼

ਪਟਿਆਲਾ

1. ਬਦਰੀ ਰਾਮ ਪੁੱਤਰ ਬਾਬੂ ਰਾਮ
2. ਗਰੀਬੂ ਪੁੱਤਰ ਛੋਟਾ
3. ਜੰਗੀਰ ਪੁੱਤਰ ਛਜੂ
4. ਲਛੱਮਣ ਦਾਸ ਪੁੱਤਰ ਦੌਲਤ ਰਾਮ
5. ਰਾਮ ਦਾਸ ਪੁੱਤਰ ਰਲੋਕੂ ਰਾਮ
6. ਬਾਬੂ ਰਾਮ ਪੁੱਤਰ ਜਾਨਕੀ ਰਾਮ
7. ਸੁੰਦਰ ਦਾਸ ਪੁੱਤਰ ਬਸਾਖੂ ਰਾਮ
8. ਬਲਦੇਵ ਸਿੰਘ ਪੁੱਤਰ ਜੀਵਾ ਸਿੰਘ
9. ਗੁਰਦੇਵ ਸਿੰਘ ਪੁੱਤਰ ਆਤਮਾ ਸਿੰਘ
10. ਬਲਵੰਤ ਸਿੰਘ ਪੁੱਤਰ ਨੌਰੰਗ ਸਿੰਘ
11. ਦਵਿੰਦਰ ਕੁਮਾਰ ਪੁੱਤਰ ਉਤਮ ਚੰਦ
12. ਜੰਗੀਰ ਸਿੰਘ ਪੁੱਤਰ ਨੰਦ ਸਿੰਘ
13. ਹਾਕਮ ਸਿੰਘ ਪੁੱਤਰ ਅਜਮੇਰ ਸਿੰਘ
14. .ਗੁਰਦੀਪ ਸਿੰਘ ਪੁੱਤਰ ਸਾਧੂ ਸਿੰਘ
15. ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ
16. ਕਰਮ ਚੰਦ ਪੁੱਤਰ ਗੰਗਾ ਰਾਮ
17. ਗੁਰਦਿਤਾ ਰਾਮ ਪੁੱਤਰ ਮੰਗਾ ਰਾਮ
18. ਦਿਉਤੀ ਰਾਮ ਪੁੱਤਰ ਦੌਲਤ ਰਾਮ
19. ਵੀਰਭਾਨ ਪੁੱਤਰ ਦਾਤੂ ਰਾਮ
20. ਦੇਸ ਰਾਜ ਪੁੱਤਰ ਬੀਰਬਲ ਦਾਸ
21. ਸੋਹਨ ਲਾਲ ਪੁੱਤਰ ਰੌਣਕ ਰਾਮ

22. ਬਿਰਜ ਰਾਮ ਪੁੱਤਰ ਰੌਣਕ ਰਾਮ
23. ਫੂਲ ਚੰਦ ਪੁੱਤਰ ਠਾਕਰ ਦਾਸ
24. ਰਾਮ ਕਰਨ ਪੁਤਰ ਮੁਕੰਦੀ ਲਾਲ
25. ਮੁਸਤਾਵਨ ਰਾਮ ਪੁੱਤਰ ਨੰਦ ਕਿਸ਼ੋਰ
26. ਦੇਵੀ ਦਿਆਲ ਪੁੱਤਰ ਨਾ ਮਾਲੂਮ
27. ਅਸ਼ੋਕ ਕੁਮਾਰ ਪੁੱਤਰ ਰਵੀ ਦੱਤ
28. ਪਰੇਮ ਚੰਦ ਪੁੱਤਰ ਨਾ ਮਾਲੂਮ
29. ਅਸ਼ੋਕ ਕੁਮਾਰ ਪੁੱਤਰ ਨਾ ਮਾਲੂਮ
30. ਬਿਰਜ ਲਾਲ ਪੁੱਤਰ ਬਨਾਰਸੀ ਦਾਸ
31. ਹੇਮ ਰਾਜ ਪੁੱਤਰ ਮੁਕੰਦੀ ਲਾਲ
32. ਪ੍ਰੀਤਮ ਸਿੰਘ ਪੁੱਤਰ ਛੱਜਾ ਸਿੰਘ
33. ਬਲਬੀਰ ਸਿੰਘ ਪੁੱਤਰ ਸੁੱਚਾ ਸਿੰਘ
34. ਸ਼ਿੰਦਰ ਸਿੰਘ ਪੁੱਤਰ ਅੱਤਰ ਸਿੰਘ
35. ਹਰਨੇਸ਼ ਸਿੰਘ ਪੁਤਰ ਨਰੈਣ ਸਿੰਘ
36. ਅਰਜਨ ਦਾਸ ਪੁੱਤਰ ਦਾਨ ਮੱਲ
37. ਦਾਨ ਮੱਲ ਪੁੱਤਰ ਨਾ ਮਾਲੂਮ
38. ਰਾਜ ਕੁਮਾਰ ਪੁੱਤਰ ਸੁਤੰਤਰ ਕੁਮਾਰ
39. ਓਮ ਪ੍ਰਕਾਸ਼ ਲਾਂਬਾ ਪੁੱਤਰ ਦੀਵਾਨ ਚੰਦ
40. ਬਾਬੂ ਰਾਮ ਪੁੱਤਰ ਚਾਨਣ ਰਾਮ
41. ਵਲੈਤੀ ਰਾਮ ਪੁੱਤਰ ਸੰਤ ਰਾਮ
42. ਪਰਕਾਸ਼ ਚੰਦ ਪੁੱਤਰ ਵਲੈਤੀ ਰਾਮ
43. ਰਿਸ਼ੀ ਕੁਮਾਰ ਪੁੱਤਰ ਰਾਮ ਪਰਤਾਪ
44. ਹਾਕਮ ਸਿੰਘ ਪੁੱਤਰ ਕਰਨੈਲ ਸਿੰਘ
45. ਸੰਤੋਖ ਸਿੰਘ ਪੁੱਤਰ ਗੋਪਾਲ ਸਿੰਘ
46. ਹਰਬੰਸ ਸਿੰਘ ਪੁੱਤਰ ਬਲੀ ਰਾਮ
47. ਫੌਜਾ ਸਿੰਘ ਪੁੱਤਰ ਬੂਟਾ ਸਿੰਘ
48. ਭਗਵੰਤ ਸਿੰਘ ਪੁੱਤਰ ਇੰਦਰ ਸਿੰਘ
49. ਦਰਬਾਰਾ ਸਿੰਘ ਪੁੱਤਰ ਨਾ ਮਾਲੂਮ
50. ਜੋਗਿੰਦਰ ਸਿੰਘ ਪੁੱਤਰ ਨਾ ਮਾਲੂਮ
51. ਮਹਿੰਦਰ ਸਿੰਘ ਪੁੱਤਰ ਨਾ ਮਾਲੂਮ
52. ਸ਼ਿਵ ਨੰਦ ਪੁੱਤਰ ਨਾ ਮਾਲੂਮ
53. ਪਵਨ ਕੁਮਾਰ ਪੁੱਤਰ ਨਾ ਮਾਲੂਮ
54. ਅਜੀਤ ਰਾਏ ਪੁਤਰ ਭਗਵਾਨ ਦਾਸ
55. ਭਾਗਮਲ ਪੁਤਰ ਰਾਮ ਪਰਤਾਪ
56. ਨਰਾਤਾ ਰਾਮ ਪੁੱਤਰ ਵਲੈਤੀ ਰਾਮ
57. ਵਲੈਤੀ ਰਾਮ ਪੁੱਤਰ ਰਾਧਾ ਰਾਮ
58. ਨੰਦ ਲਾਲ ਪੁੱਤਰ ਰਾਜਾ ਰਾਮ
59. ਤਰਸੇਮ ਲਾਲ ਪੁਤਰ ਨੰਦ ਰਾਮ
60. ਨਰੇਸ਼ ਕੁਮਾਰ ਪੁੱਤਰ ਦੇਵੀ ਦਿਆਲ
61. ਰਾਜਿੰਦਰਪਾਲ ਪੁੱਤਰ ਦੇਵੀ ਦਿਆਲ
62. ਵਿਦਿਆਵਤੀ ਪਤਨੀ ਦੇਵੀ ਦਿਆਲ
63. ਇੰਦਰਾ ਦੇਵੀ ਪਤਨੀ ਨਰਿੰਦਰ ਸਿੰਘ
64. ਪਵਨ ਕੁਮਾਰ ਪੁੱਤਰ ਕ੍ਰਿਸ਼ਨ ਕੁਮਾਰ
65. ਅੱਛਰੂ ਰਾਮ ਪੁੱਤਰ ਬਿਰਜ ਲਾਲ
66. ਸ਼ਿਵ ਰਾਮ ਪੁੱਤਰ ਬਿਰਜ ਲਾਲ
67. ਕਸਤੂਰੀ ਲਾਲ ਪੁੱਤਰ ਗੋਕਲ ਚੰਦ
68. ਪਰਸ ਰਾਮ ਪੁੱਤਰ ਵਲੈਤੀ ਰਾਮ
69. ਹੰਸ ਰਾਜ ਪੁੱਤਰ ਭੋਲਾ ਰਾਮ
70. ਦੇਵੀ ਦਿਆਲ ਪੁੱਤਰ ਹੰਸ ਰਾਜ
71. ਸੋਹਨ ਲਾਲ ਪੁੱਤਰ ਬਾਬੂ ਰਾਮ
72. ਪਵਨ ਕੁਮਾਰ ਪੁਤਰ ਭਗਤ ਰਾਮ
73. ਛੱਜੂ ਰਾਮ ਪੁੱਤਰ ਦੇਵੀ ਰਾਮ
74. ਸਤਪਾਲ ਪੁੱਤਰ ਬਾਬੂ ਰਾਮ
75. ਕੇਸ਼ੋ ਰਾਮ ਪੁੱਤਰ ਬਾਬੂ ਰਾਮ
76. ਨਸੀਬ ਪੁੱਤਰ ਸੰਸਾਦ ਅਲੀ
77. ਸਤੀਸ਼ ਕੁਮਾਰ ਪੁੱਤਰ ਹਮੀਦ ਚੰਦ

ਸੰਗਰੂਰ

1. ਓਮ ਪ੍ਰਕਾਸ਼ ਪੁੱਤਰ ਕਰਤਾ ਰਾਮ
2. ਕਰਤਾ ਰਾਮ ਪੁੱਤਰ ਬੁੱਧ ਰਾਮ
3. ਮੋਹਨ ਲਾਲ ਪੁੱਤਰ ਕਰਤਾ ਰਾਮ
4. ਕਿਸ਼ਨ ਲਾਲ ਪੁੱਤਰ ਸੋਹਨ ਲਾਲ
5. ਲਭੂ ਰਾਮ ਪੁੱਤਰ ਜਨਕ ਰਾਜ
6. ਤਿਲਕ ਰਾਮ ਪੁੱਤਰ ਗਣੇਸ਼ ਰਾਮ
7. ਦੇਸ ਰਾਜ ਪੁੱਤਰ ਰਾਮ ਚੰਦ
8. ਓਮਪ੍ਰਕਾਸ਼ ਪੁੱਤਰ ਨਾ ਮਾਲੂਮ
9. ਦੇਵੀ ਸ਼ਰਨ ਪੁੱਤਰ ਨਾ ਮਾਲੂਮ
10. ਸੁਭਾਸ਼ ਚੰਦਰ ਪੁੱਤਰ ਲੱਛਮਣ ਦਾਸ
11. ਸੰਸਾਰੀ ਲਾਲ ਪੁੱਤਰ ਨਾਹਰ ਚੰਦ
12. ਸੱਤ ਪਾਲ ਪੁਤਰ ਬਨਾਰਸੀ ਦਾਸ
13. ਸੁਰਿੰਦਰ ਕੁਮਾਰ ਪੁੱਤਰ ਰਾਜਾ ਰਾਮ
14. ਕੇਵਲ ਕ੍ਰਿਸ਼ਨ ਪੁੱਤਰ ਸ਼ਿਵ ਜੀ ਰਾਮ

15. ਆਤਮਾ ਰਾਮ ਪੁੱਤਰ ਨਾ ਮਾਲੂਮ
16. ਰਾਮ ਲਾਲ ਪੁੱਤਰ ਕਿਸ਼ੋਰ ਚੰਦ
17. ਗਿਆਨ ਚੰਦ ਪੁੱਤਰ ਪਿਆਰਾ ਲਾਲ
18. ਮਦਨ ਲਾਲ ਪੁੱਤਰ ਨਾ ਮਾਲੂਮ
19. ਰਾਮ ਕ੍ਰਿਸ਼ਨ ਪੁੱਤਰ ਨਾਹਰ ਚੰਦ
20. ਰੁਲਦੂ ਰਾਮ ਪੁੱਤਰ ਰੇਲੂ ਰਾਮ
21. ਮੱਘਰ ਸਿੰਘ ਪੁੱਤਰ ਬਚਨ ਸਿੰਘ
22. ਲਾਲ ਚੰਦ ਪੁੱਤਰ ਰੌਣਕ ਰਾਮ
23. ਰਾਧੇ ਸ਼ਾਮ ਪੁੱਤਰ ਲਾਲ ਚੰਦ
24. ਅਵਤਾਰ ਸਿੰਘ ਪੁੱਤਰ ਅਰਜਣ ਸਿੰਘ
25. ਸੁਸ਼ੀਲ ਕੁਮਾਰ ਪੁੱਤਰ ਚੰਬਾ ਰਾਮ
26. ਜਗਦੀਸ਼ ਰਾਏ ਪੁੱਤਰ ਬਨਾਰਸੀ ਦਾਸ
27. ਵੇਦ ਪ੍ਰਕਾਸ਼ ਪੁੱਤਰ ਨਾ ਮਾਲੂਮ
28. ਸੱਤ ਪਾਲ ਪੁੱਤਰ ਨਾ ਮਾਲੂਮ
29. ਰਾਧਾ ਰਾਮ ਪੁੱਤਰ ਨਾ ਮਾਲੂਮ
30. ਮਨੋਹਰ ਲਾਲ ਪੁੱਤਰ ਨਾ ਮਾਲੂਮ

ਬਠਿੰਡਾ

1. ਜਗਨ ਨਾਮ ਪੁੱਤਰ ਗੁਰਬਖਸ਼ ਮੱਲ
2. ਸੱਤਪਾਲ ਪੁੱਤਰ ਕਿਸ਼ੋਰੀ ਲਾਲ
3. ਹਰਦੇਵ ਸਿੰਘ ਪੁਤਰ ਮਿਲਖਾ ਸਿੰਘ
4. ਜਗਨ ਨਾਥ ਪੁੱਤਰ ਅਧੂ ਰਾਮ
5. ਬਲਦੇਵ ਰਾਜ ਪੁੱਤਰ ਸੀਤਲ ਦਾਸੂ
6. ਅਮਰ ਨਾਥ ਪੁੱਤਰ ਪੌਲਰ ਰਾਮ
7. ਸੁੰਦਰ ਸਿੰਘ ਪੁੱਤਰ ਖੇਤਾ ਸਿੰਘ
8. ਬਲਬੀਰ ਸਿੰਘ ਪੁਤਰ ਗੁਲਾਬ ਸਿੰਘ
9. ਜਗਦੀਸ਼ ਲਾਲ ਪੁਤਰ ਹਜ਼ੂਰਾ ਰਾਮ
10. ਹੰਸ ਰਾਜ ਪੁੱਤਰ ਰਾਜ ਕੁਮਾਰ
11. ਕੁੰਦਨ ਲਾਲ ਪੁੱਤਰ ਨਾ ਮਾਲੂਮ
12. ਮੋਹਨ ਲਾਲ ਪੁਤਰ ਨਾ ਮਾਲੂਮ
13. ਬਿਹਾਰੀ ਲਾਲ ਪੁੱਤਰ ਨਾ ਮਾਲੂਮ
14. ਮੋਹਰ ਚੰਦ ਪੁੱਤਰ ਨਾ ਮਾਲੂਮ
15. ਸੋਹਨ ਲਾਲ ਪੁੱਤਰ ਵਲੈਤੀ ਰਾਮ
16. ਸ਼ੇਰ ਸਿੰਘ ਪੁੱਤਰ ਚਾਂਦਗੀ
17. ਧਰਮਪਾਲ ਪੁੱਤਰ ਸ਼ਾਦੀ ਰਾਮ
18. ਚਨਣ ਰਾਮ ਪੁਤਰ ਰੂੜਾ ਰਾਮ
19. ਅਜੈਬ ਸਿੰਘ ਪੁਤਰ ਗੋਬਿੰਦ ਸਿੰਘ
20. ਚਰੰਜੀ ਲਾਲ ਪੁਤਰ ਬਾਲਾ ਮੱਲ
21. ਅਛਰੂ ਰਾਮ ਪੁੱਤਰ ਚਾਨਣ ਰਾਮ
22. ਮੋਹਨ ਲਾਲ ਪੁੱਤਰ ਲਭੂ ਰਾਮ
23. ਲਭੂ ਰਾਮ ਪੁੱਤਰ ਬੰਤਾ ਰਾਮ
24. ਹੇਮ ਰਾਜ ਪੁੱਤਰ ਕੀਮਤ ਰਾਏ
25. ਸਤ ਨਰੈਣ ਪੁੱਤਰ ਪੂਰਨ ਚੰਦ
26. ਰਮੇਸ਼ ਪੁੱਤਰ ਪੂਰਨ ਚੰਦ
27. ਸੋਮਨਾਥ ਪੁੱਤਰ ਕਾਂਸ਼ੀ ਰਾਮ
28. ਭੁਪਿੰਦਰ ਸਿੰਘ ਪੁੱਤਰ ਸੰਤ ਸਿੰਘ
29. ਗੁਰਚਰਨ ਸਿੰਘ ਪੁੱਤਰ ਸੰਤ ਸਿੰਘ
30. ਕਸ਼ਮੀਰ ਸਿੰਘ ਪੁੱਤਰ ਨਾ ਮਲੂਮ
31. ਰੂਪ ਚੰਦ ਪੁੱਤਰ ਬਿਸ਼ਨ
32. ਪਿਰਥੀ ਚੰਦ ਪੁੱਤਰ ਗੰਡਾ ਰਾਮ
33. ਲਾਭ ਸਿੰਘ ਪੁੱਤਰ ਗੰਡਾ ਸਿੰਘ
34. ਬਲਦੇਵ ਸਿੰਘ ਪੁੱਤਰ ਚੰਨਣ ਸਿੰਘ
35. ਮਿੱਠੂ ਰਾਮ ਪੁੱਤਰ ਨਾਂ ਮਾਲੂਮ
36. ਬਾਬੂ ਰਾਮ ਪੁੱਤਰ ਨਾ ਮਾਲੂਮ
37. ਹੁਕਮ ਸਿੰਘ ਪੁੱਤਰ ਨਾ ਮਾਲੂਮ
38. ਹਰਬੰਸ ਸਿੰਘ ਪੁੱਤਰ ਹੁਕਮ ਸਿੰਘ
39. ਬਿਲਾਸ ਸਿੰਘ ਪੁੱਤਰ ਕਾਕੀ ਰਾਮ
40. ਸੂਰਜਭਾਨ ਪੁੱਤਰ ਨਾ ਮਾਲੂਮ
41. ਦੀਵਾਨ ਚੰਦ ਪੁੱਤਰ ਨਾ ਮਾਲੂਮ
42. ਸੋਮ ਪ੍ਰਕਾਸ਼ ਪੁੱਤਰ ਨਾ ਮਾਲੂਮ
43. ਹਰਨੇਕ ਸਿੰਘ ਪੁੱਤਰ ਨਾ ਮਾਲੂਮ
44. ਬਚਨ ਸਿੰਘ ਪੁੱਤਰ ਸੰਤਾ ਸਿੰਘ
45. ਆਸਾ ਸਿੰਘ ਪੁਤਰ ਸੰਤਾ ਸਿੰਘ
46. ਸੁਖਦੇਵ ਸਿੰਘ ਪੁਤਰ ਦੇਵਾ ਸਿੰਘ
47. ਹਰਨਾਮ ਸਿੰਘ ਪੁਤਰ ਸੇਵਾ ਸਿੰਘ
48. ਮਹਾਂਦੇਵ ਪੁਤਰ ਮੰਗਲ ਰਾਮ
49. ਚੁਰੰਜੀ ਲਾਲ ਪੁੱਤਰ ਹੀਰਾ ਮੱਲ
50. ਸੁਰਜੀਤ ਸਿੰਘ ਪੁੱਤਰ ਪੂਰਨ ਸਿੰਘ
51. ਚੇਤ ਰਾਮ ਪੁੱਤਰ ਸ੍ਰੀ ਰਾਮ
52. ਬਿਹਾਰੀ ਲਾਲ ਪੁੱਤਰ ਕਾਕਾ ਰਾਮ
53. ਗਵਰਧਨ ਦਾਸ ਪੁੱਤਰ ਨਗੀਨਾ ਰਾਮ
54. ਮਿੱਡਾ ਮੱਲ ਪੁੱਤਰ ਰਾਮ ਚੰਦ
55 ਪਰਕਾਸ਼ ਚੰਦ ਪੁੱਤਰ ਕਾਕਾ ਰਾਮ
56. ਕਸਤੂਰੀ ਲਾਲ ਪੁੱਤਰ ਪਰਕਾਸ਼ ਚੰਦ

57. ਰੌਸ਼ਨ ਲਾਲ ਪੁੱਤਰ ਮੁਨਸ਼ੀ ਰਾਮ
58. ਮਹਿੰਦਰ ਸਿੰਘ ਪੁੱਤਰ ਦਸੌਂਦਾ ਸਿੰਘ
59. ਮਲਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ
60. ਬਲਦੇਵ ਰਾਜ ਪੁੱਤਰ ਰੱਲਾ ਰਾਮ
61. ਬਨਾਰਸੀ ਦਾਸ ਪੁੱਤਰ ਰਾਮ ਲਾਲ
62. ਸੁਖਦੇਵ ਸਿੰਘ ਪੁੱਤਰ ਬੂਟਾ ਸਿੰਘ
63. ਸੰਤੋਖ ਸਿੰਘ ਪੁੱਤਰ ਭਾਂਤਰ ਸਿੰਘ
64. ਗੁਰਬਚਨ ਸਿੰਘ ਪੁੱਤਰ ਨਾ ਮਾਲੂਮ
65. ਲੱਛਮਣ ਦਾਸ ਪੁੱਤਰ ਕਾਂਸ਼ੀ ਰਾਮ
66. ਕੁਲਦੀਪ ਸਿੰਘ ਪੁੱਤਰ ਸੰਤ ਸਿੰਘ

ਫਰੀਦਕੋਟ

1. ਰੂਪ ਲਾਲ ਪੁੱਤਰ ਭਗਤ ਰਾਮ
2. ਵਿਜੇ ਕੁਮਾਰ ਪੁੱਤਰ ਸ਼ਿਵਸ਼ਰਨ ਦਾਸ
3. ਮਥਰਾ ਦਾਸ ਪੁੱਤਰ ਚਰਨ ਦਾਸ
4. ਮੁੰਨੀ ਲਾਲ ਪੁੱਤਰ ਚਰਨ ਦਾਸ
5. ਤਾਰਾ ਚੰਦ ਪੁਤਰ ਸਾਧੂ ਰਾਮ
6. ਗਿਆਨ ਚੰਦ ਪੁੱਤਰ ਸਾਧੂ ਰਾਮ
7. ਹਰੀ ਦੇਵ ਪੁੱਤਰ ਰਿਖੀ ਰਾਮ
8. ਮੰਗਤ ਰਾਏ ਪੁੱਤਰ ਲੇਖ ਰਾਜ
9. ਸੁਸ਼ੀਲ ਕੁਮਾਰ ਪੁੱਤਰ ਮਥਰਾ ਦਾਸ
10. ਬਲਵੰਤ ਰਾਏ ਪੁੱਤਰ ਲਾਲ ਚੰਦ
11. ਪ੍ਰੀਤਮ ਸਿੰਘ ਪੁੱਤਰ ਇਸ਼ਰ ਸਿੰਘ

ਸੂਚੀ (ਸ)

ਫੜੀਆਂ ਗਈਆਂ ਚੀਜ਼ਾਂ ਦੀ ਕੀਮਤ ਦਾ ਵੇਰਵਾ ਇਸ ਪ੍ਰਕਾਰ ਹੈ :—

			ਰੁਪਏ
1.	ਕਣਕ	..	1,08,855.55
2.	ਆਟਾ	..	1,798.00
3.	ਮੈਦਾ	..	11,008.80
4.	ਸੂਜੀ	..	32.00
5.	ਚਾਵਲ	..	8,04,833.92
6.	ਝੋਨਾ	..	1,020.00
7.	ਮਕਈ	..	49,169.70
8.	ਛੋਲੇ	..	9,369.25
9.	ਬਾਜਰਾ	..	10,650.00
10.	ਸੀਮੈਂਟ	..	17,214.00
11.	ਘਿਓ	..	12,516.40
12.	ਡੀਜ਼ਲ ਤੇਲ	..	20,793.60
13.	ਕਾਲਾ ਤੇਲ	..	13,143.90
14.	ਮਿਟੀ ਦਾ ਤੇਲ	..	3,974.00

			ਰੁਪਏ
15.	ਸੋਨਾ	..	13,79,500.00
16.	ਚਾਂਦੀ	..	37,920.00
17.	ਸਪਿਰਟ	..	2,500.00
18.	ਖਾਦ	..	70,847.00
19.	ਖੰਡ	..	5,380.00
20.	ਗੁੜ	..	2,900.00
21.	ਸ਼ਿਸ਼ੂ ਆਹਾਰ	..	200.00
22.	ਸੋਡਾ	..	203.20
23.	ਟੇਪ ਰਿਕਾਰਡ	..	1,000.00
24.	ਰੇਡੀਓ	..	200.00
25.	ਹੀਟਰ	..	30.00
26.	ਬਲੇਡ ਸ਼ਾਰਪਨਰ	..	20.00
27.	ਘੜੀਆਂ	..	3,000.00
28.	ਟਾਇਰ	..	88. 0
29.	ਕੋਲਾ	..	15.00

UNSTARRED QUESTIONS AND ANSWERS

ਪ੍ਰਾਈਵੇਟ ਟਰਾਂਸਪੋਰਟ ਉਪਰੇਟਰਾਂ ਨੂੰ ਦਿਤੇ ਗਏ ਰੂਟ ਪਰਮਿੱਟ

906. **ਕਾਮਰੇਡ ਸੱਤ ਪਾਲ ਡਾਂਗ** : ਕੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲ 1974 ਦੇ ਪਹਿਲੇ ਸੱਤ ਮਹੀਨਿਆਂ ਵਿਚ ਕਿਸੇ ਪ੍ਰਾਈਵੇਟ ਟਰਾਂਸਪੋਰਟ ਉਪਰੇਟਰਾਂ ਨੂੰ ਕੋਈ ਰੂਟ ਪਰਮਿਟ ਦਿਤੇ ਗਏ ਸਨ, ਜਿਨ੍ਹਾਂ ਤੇ ਪਹਿਲਾਂ ਪੰਜਾਬ ਰੋਡਵੇਜ਼ ਜਾਂ ਪੈਪਸੂ ਰੋਡ ਟਰਾਂਸਪੋਰਟ ਦੀ ਇਜਾਰਾਦਾਰੀ ਸੀ; ਜੇਕਰ ਅਜਿਹਾ ਹੋਵੇ ਤਾਂ ਰੂਟਾਂ ਦਾ ਵੇਰਵਾ ਅਤੇ ਵਿਅੱਕਤੀ ਅਤੇ ਫਰਮਾਂ ਜਿਨ੍ਹਾਂ ਨੂੰ ਅਜਿਹੇ ਰੂਟ ਦਿਤੇ ਗਏ, ਦਰਸਾਉਂਦਾ ਬਿਆਨ ਸਦਨ ਦੀ ਮੇਜ਼ ਤੇ ਰਖਿਆ ਜਾਵੇ ?

ਸਰਦਾਰ ਦਿਲਬਾਗ ਸਿੰਘ ਡਾਲੇਕੇ (ਰਾਜ ਮੰਤਰੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ): ਨਹੀਂ ਜੀ।

ਇਸ ਸਮੇਂ ਪ੍ਰਵਾਣਿਤ 60:40 ਸਕੀਮ ਅਧੀਨ ਦੋ ਰੂਟ ਜਲੰਧਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਫਾਜ਼ਿਲਕਾ—ਪੰਜਾਬ ਰੋਡਵੇਜ਼ ਦੇ (Monopoly) ਇਜਾਰਾਦਾਰੀ ਰੂਟ ਨਿਰਧਾਰਿਤ ਕੀਤੇ ਹੋਏ

ਹਨ । ਇਨ੍ਹਾਂ ਰੂਟਾਂ ਤੇ ਜਨਵਰੀ, 1974 ਤੋਂ ਜੁਲਾਈ, 1974 ਤਕ ਕਿਸੇ ਪ੍ਰਾਈਵੇਟ ਟਰਾਂਸਪੋਰਟ ਕੰਪਨੀ ਨੂੰ ਕੋਈ ਸਟੇਜ ਕੈਰਿਜ ਪਰਮਿਟ ਨਹੀਂ ਸੀ ਦਿਤਾ ਗਿਆ ਪਰ 60:40 ਸਕੀਮ ਅਧੀਨ ਅੰਮ੍ਰਿਤਸਰ-ਆਨੰਦਪੁਰ ਸਾਹਿਬ ਰੂਟ ਤੇ ਦੋ ਸਟੇਜ ਕੈਰਿਜ ਪਰਮਿਟ (ਇਕ ਵਾਪਸੀ ਫੇਰੇ ਵਾਸਤੇ) ਰੋਹਤਕ ਜ਼ਿਲ੍ਹਾ ਟਰਾਂਸਪੋਰਟ ਸੋਸਾਇਟੀ ਲਿਮਟਿਡ, ਅੰਮ੍ਰਿਤਸਰ ਨੂੰ ਅਤੇ ਚਾਰ ਪਰਮਿਟ (ਦੋ ਵਾਪਸੀ ਫੇਰਿਆਂ ਵਾਸਤੇ) ਪੰਜਾਬ ਰੋਡਵੇਜ਼ ਜਲੰਧਰ ਨੂੰ ਦਿਤੇ ਗਏ ਹਨ ,ਜੋ ਅੰਮ੍ਰਿਤਸਰ-ਜਲੰਧਰ ਰੂਟ ਨੂੰ ਉਵਰਲੈਪ ਕਰਦੇ ਹਨ ।

———

ਦਰਿਆ ਘੱਗਰ ਤੋਂ ਪੰਪਾਂ ਰਾਹੀਂ ਸਿੰਚਾਈ ਮੰਤਵ ਲਈ ਪਾਣੀ ਵਰਤਦੇ ਕਿਸਾਨਾਂ ਤੋਂ ਲਏ ਗਏ ਮਾਲੀਏ ਦਾ ਦਰ

930. **ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਸਰਕਾਰ ਦੁਆਰਾ ਉਹਨਾਂ ਕਿਸਾਨਾਂ ਤੋਂ ਲਏ ਜਾਂਦੇ ਮਾਲੀਏ ਦਾ ਦਰ ਕੀ ਹੈ ਜੋ ਘੱਗਰ ਦਰਿਆ ਤੋਂ ਪੰਪਾਂ ਰਾਹੀਂ ਸਿੰਜਾਈ ਮੰਤਵ ਲਈ ਪਾਣੀ ਵਰਤਦੇ ਹਨ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ (ਰਾਜ ਮੰਤਰੀ ਸਿੰਜਾਈ ਅਤੇ ਬਿਜਲੀ): ਲੋੜੀਂਦੇ ਮਾਲੀਏ ਦਾ ਦਰ ਹੇਠ ਲਿਖੇ ਅਨੁਸਾਰ ਹੈ:—

ਲੜੀ ਨੰਬਰ	ਫਸਲ ਦਾ ਨਾਂ		ਮਾਲੀਆ
1.	ਇਖ (ਕਮਾਦ)	..	16.50
2.	ਚਾਵਲ (ਝੋਨਾ)	..	9.75
3.	ਮਿਰਚ ਮਸਾਲੇ	..	8.25
4.	ਕਪਾਹ	..	6.75
5.	ਬਾਗ	..	10.31
6.	ਸਬਜ਼ੀ	..	8.25
7.	ਜੌਂ , ਜਵੀ	..	6.37
8.	ਕਣਕ	..	5.84
9.	ਸਰੋਂ, ਤਾਰਾ ਮੀਰਾ ਤੋਰੀਆ	..	6.37
10.	ਸਨ, ਖਰਬੂਜ਼ਾ	..	7.50
11.	ਛੋਲੇ	..	4.47
12.	ਬਾਜਰਾ, ਦਾਲਾਂ	..	4.87
13.	ਚਾਰਾ	..	3.75

1428—27-5-75—286—Punjab Govt. Press, Patiala

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

9th January, 1975

Vol. I—No. 3

OFFICIAL REPORT

CONTENTS

Thursday, the 9th January, 1975

Punjab Vidhan Sabha Secretariat, Chandigarh.

Price Rs. 23.75

PUNJAB VIDHAN SABHA

Thursday, the 9th January, 1975

The Vidhan Sabha met in the Punjab Vidhan Sabha Hall of the Vidhan Bhavan, Sector-1, Chandigarh, at 9.00 a. m. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

STARRED QUESTION No. 2966**

Mr. Speaker : Extension has been asked for in respect of Starred Question No. 2966.

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਤੁਸੀਂ ਕਲ੍ਹ ਫਰਟੇਲਾਈਜ਼ਰ ਦੇ ਕੁਐਸ਼ਚਨ ਤੇ ਸਪਲੀਮੈਂਟਰੀ ਅੱਜ ਕਰਨ ਲਈ ਕਿਹਾ ਸੀ ।

ਸ਼੍ਰੀ ਸਪੀਕਰ : ਇਹ ਤਾਂ ਨਹੀਂ ਕਿਹਾ ਸੀ । (I did not say that.)

ਰਾਜ ਜ਼ਮੀਨ ਸੁਧਾਰ ਸਲਾਹਕਾਰ ਕਮੇਟੀ ਦੇ ਮੈਂਬਰਾਂ ਵੱਲੋਂ ਪੱਤਰ

*2889. **ਕਾਮਰੇਡ ਸ਼ੱਘੜ ਸਿੰਘ**
ਕਾਮਰੇਡ ਸਤ ਪਾਲ ਡਾਂਗ } : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰ ਕੇ ਦਸਣਗੇ ਕਿ—

(ੳ) ਕੀ ਰਾਜ ਜ਼ਮੀਨ ਸੁਧਾਰ ਸਲਾਹਕਾਰ ਕਮੇਟੀ ਦੇ ਕਿਸੇ ਮੈਂਬਰ ਨੇ ਉਨ੍ਹਾਂ ਨੂੰ ਇਕ ਪੱਤਰ ਮਿਤੀ 26 ਨਵੰਬਰ, 1974 ਨੂੰ ਲਿਖਿਆ ਜਿਸ ਵਿਚ ਜ਼ਿਲ੍ਹਾ ਅਤੇ ਉਪਮੰਡਲ ਪੱਧਰ ਤੇ ਜ਼ਮੀਨ ਸੁਧਾਰ ਸਲਾਹਕਾਰ ਕਮੇਟੀ ਦੇ ਗੈਰ ਤਸੱਲੀਬਖਸ਼ ਕੰਮ ਕਾਜ ਸਬੰਧੀ ਸ਼ਕਾਇਤ ਕੀਤੀ ਗਈ ਸੀ ਅਤੇ ਉਕਤ ਕਮੇਟੀਆਂ ਆਦਿ ਦੇ ਮੈਂਬਰਾਂ ਨੂੰ ਵਿਸਤਰਿਤ ਡੈਟਾ (ਅਤੇ ਇਨ੍ਹਾਂ ਕਮੇਟੀਆਂ ਦੇ ਕੰਮ ਕਾਜ ਸਬੰਧੀ ਹੋਰ ਨੁਕਤੇ) ਸਪਲਾਈ ਕਰਨ ਲਈ ਬੇਨਤੀ ਵੀ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਪੱਤਰ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਉਕਤ ਪੱਤਰ ਵਿਚ ਉਠਾਏ ਗਏ ਹਰ ਇਕ ਨੁਕਤੇ ਤੇ ਸਰਕਾਰ ਦੁਆਰਾ ਕੀਤੀ ਕਾਰਵਾਈ ਦਾ ਵੇਰਵਾ ਵੀ ਸਦਨ ਦੀ ਮੇਜ਼ ਤੇ ਰੱਖਿਆ ਜਾਵੇ?

ਸਰਦਾਰ ਉਮਰਾਓ ਸਿੰਘ : (ੳ) ਹਾਂ ਜੀ । ਸ੍ਰੀ ਅਵਤਾਰ ਸਿੰਘ ਮਲਹੋਤਰਾ, ਅਤੇ ਮਾਸਟਰ ਹਰੀ ਸਿੰਘ, ਮੈਂਬਰਜ਼ ਪੰਜਾਬ ਸਟੇਟ ਲੈਂਡ ਰੀਫਾਰਮਜ਼ ਐਡਵਾਈਜ਼ਰੀ ਕਮੇਟੀ, ਵਲੋਂ ਆਏ ਪੱਤਰ ਮਿਤੀ 26 ਨਵੰਬਰ, 1974, ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । (ਅਨੁਲਗ 'ੲ')

(ਅ) ਸਰਕਾਰ ਵਲੋਂ ਨੁਕਤੇਵਾਰ ਕੀਤੀ ਗਈ ਕਾਰਵਾਈ ਦਾ ਵੇਰਵਾ ਅਨੁਲਗ 'ਬੀ' ਰਾਹੀ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

**For Starred Question No. 2966 and reply thereto please see Punjab Vidhan Sabha Debate dated 20th January, 1975.

ANNEXURE 'A'

Punjab State Council

Communist Party of India

345, Sector 21-A,

Chandigarh.

Ref. No. CPI—II/Pb.—Gt./44720

Dated 26-11-1974

The Minister for Land Revenue.

Punjab, Chandigarh.

Shriman Ji,

We have gone through proceedings of 3 Divisionwise meetings of Revenue Officers held by you at Patiala, Jullundur, and Ferozepur in connection with implementation of Land Reforms on 12th October, 19th October, and 4th November, 1974, respectively.

1. We have noted the self-critical remarks made by you and the Secretary Revenue to the effect that pace of implementation of land reforms has been slow and owning up the Government's responsibility in the matter, and further adding that Government is sincere in the matter of implementation and that serious notice would be taken of any default on the part of officers in the discharge of their responsibilities.

2. But while the question of distribution of immediately available surplus lands has been revived and decisions taken in the matter, there was unfortunately no review of disposal of applications under section 15 of the Act and grant of allottee status under para one of the Scheme to tenants already re-settled on surplus lands. If proceedings in respect thereof have been held up due to any legal hitch that too should have been clarified.

3. Regarding distribution of immediately available surplus land, the target date for completion of this work was 15th August, 1974, but precious little was done by Collectors to carry out Government instructions in the matter. No valid explanation for this failure is to be found in the proceedings.

It is distressing that almost half the available surplus area of 48000 St. acres shown in earlier Progress Reports has gone under litigation due to writ petitions and due to stay orders and will not now be available for distribution just now.

We are more convinced than ever that land reforms cannot be implemented unless jurisdiction of Civil Courts is completely barred.

4, We note with appreciation that the meeting at Patiala took the correct decision that physical possession of surplus land should in the first place be taken over by the Government and it is only after this that the land would be allotted to eligible persons. This is the only correct procedure for which we had struggled for more than a year. This decision was taken despite vacillation on the part of the Secretary for Revenue.

But having accepted this correct procedure at Patiala, similar instructions were not given by you to Collectors in Jullundur & Ferozepur Divisions. We would like to be clarified whether the Revenue Deptt. has any reservations on this point.

5. **Functioning of land Advisory Committees** :—The Deputy Commissioners and S.D.Os. are reported to have stated in the meetings that they were functioning the Land Reforms Advisory Committees regularly. Many of them have made such statements to save their skins. We have off and on made complaints to you about non-functioning of these committees. The officers should have been confronted with our complaints and answers solicited in concrete cases.

Com. Avtar Singh Malhotra received a letter dated 19th November, 1974 to attend meeting of Fazilka Sub-Divisional Committee to be held on 21st November, 1974. He received the letter on the very day of meeting. M. Hari Singh has never received a letter to attend a meeting of Hoshiarpur Sub-Divisional Committee.

Com. Beant Lal of Budha Bar received an invitation to attend meeting of Dasuya Sub-Divisional Committee on 1st November, 1974 the very day on which the meeting was to be held.

The Deputy Commissioners and S.D.O.s should be asked to submit reports of meetings held by them giving details regarding dates, place, attendance and decisions taken.

6 **Data to be supplied to the Sub-Divisional Committees** :—In Jullundur meeting, Deputy Commissioner of that district had raised the pertinent question of supplying concrete information to members of the District and Sub-Divisional Committees. But the Secretary Revenue evaded giving a positive answer.

We have again and again demanded that concrete data be supplied to members of the Committees so that they might play some useful role. For instance they should be supplied village wise details of surplus area available and tenants to whom land is allotted. They should be supplied names of landlords who had filed returns so that they might help point out if any body had not filed his return etc. Refusal on the part of Revenue Deptt. to supply such information is to render the Committees farcical. If they are to be treated in this contemptuous manner, it is better to dissolve them.

We urge, therefore, that detailed data be supplied to members of the Committees to enable them to discharge their responsibilities.

7. Action under Section 15 of the Act and Para 13 of the Scheme is held up due to legal lacuna. There is undue delay in amending relevant provision of the Act. It was also agreed that ceiling provision should be amended on Kerala pattern to protect it from High Court Judgement. There is unjustified delay and dithering in this respect too.

We shall soon be writing to you a Note on the entire subject of implementation of land reforms in this State.

Yours faithfully,

Sd/—

(Avtar Singh Malhotra)

Secretary, Pb. State Council, CPI

Sd/—(Master Hari Singh)
Member,
State Land Reform Advisory,
Committee.

ANNEXURE 'B'

Itemwise details of the action taken on the letter dated 26th November, 1974 from Shri Avtar Singh Malhotra, Secretary, Punjab State Council Communist Party of India, and Master Hari Singh, Member, Punjab State Land Reforms Advisory Committee,

Para 1 : No action was required to be taken.

[ਮਾਲ ਅਤੇ ਚੋਣ ਮੰਤਰੀ]

Para 2 All the relevant matters were discussed in the Divisional level meetings of the S. D. O.s(C)/D. C.s As per the information received from the S.D.O.s (C) 559 applications under section 15 have been disposed of, and action has been taken in 41 cases under para 13 of the Scheme. Thus, action has not been held up on these matters.

Para 3 : The S.D.O.s (C) were asked in the Divisional level meetings to allot the surplus area available under the old Acts, immediately. The State level target date for completion of this work is 31st March, 1975.

Necessary provision already exists under section 21 of the Punjab Land Reforms Act, 1972, that the validity of any proceedings or order taken or made under this Act, shall not be called in question in any court or before any other authority and that no Civil Court shall have any jurisdiction to entertain any suit for specific performance of a contract for transfer of land which affects the right of the State Government to the surplus area under this Act.

Para 4 : A copy of proceeding of the Divisional level meetings of the S.D.O.s(C) and D.C.s of Patiala Division held on 12th October, 1974, was sent to all the S.D.O.s(C) and the Deputy Commissioners in the State for information and necessary action.

Instructions had already been issued to all the S.D.O.s (C) in the State regarding mutation of surplus land in favour of State Government in the first instance. Besides in the Punjab Utilisation of Surplus Area Scheme, 1973, the following proviso has been added to sub paragraph (1) of paragraph 9 :—

"Provided that where the circumstances of the case so require, the Collector may, for reasons to be recorded, pass an order for delivering possession of the land to him or to an officer authorised by him in that behalf and on the issue of such an order the landowner, the tenant or any other person in possession of such land shall deliver possession accordingly."

Para 5 : Specific complaints regarding the non-functioning of certain Sub-Divisional Land Reforms Advisory Committees are being looked into and reports have been called for from the S.D.O.s (C) concerned.

The Deputy Commissioners and the S.D.O.s(C) had already been instructed to hold early meetings of the District Land Reforms Advisory Committees and Sub-Divisional Land Reforms Advisory Committees respectively and to send the copies of the proceedings to the Headquarters. They have been reminded to follow these instructions in letter and spirit.

Instructions have been issued to all the Deputy Commissioners and the S.D.O.s(C) to give atleast ten days clear notice to the members concerned when a meeting is convened, to enable them to attend the meeting conveniently.

A report has also been called for from the S.D.O.(C) Hoshiarpur as to why Master Hari Singh has never been invited to attend the meetings of the Sub-Divisional Land Reforms Advisory Committee, Hoshiarpur.

Para 6 : A specific *proforma* for supplying information to the members of the District and Sub Divisional Land Reforms Advisory Committees has been prescribed and instructions in this behalf have already been issued to the D.C.s and the S. D. O.s(C) to supply the information to the members in the prescribed *proforma*.

Para 7 The matter is under active consideration of the Government. There is no delay in this behalf.

STARRED QUESTION No. 2910

Mr. Speaker : Extension has been asked for in respect of Starred Question No. 2910

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ ਕਈ ਸਾਲਾਂ ਤੋਂ ਕਿਸਾਨਾਂ ਦੀ ਜ਼ਮੀਨ ਛਾਉਣੀ ਵਿਚ ਅਕਵਾਇਰ ਕੀਤੀ ਹੋਈ ਹੈ । ਇਹ ਬਹੁਤ ਪੁਰਾਣੀ ਗੱਲ ਹੈ । ਇਹ ਇਸ ਦਾ ਜਵਾਬ ਕਿਉਂ ਨਹੀਂ ਦੇ ਰਹੇ ।

ਰਾਮਪੁਰਾ ਫੂਲ ਜ਼ਿਲ੍ਹਾ ਬਠਿੰਡਾ ਵਿਚ ਸਰਕਾਰੀ ਖਜ਼ਾਨੇ ਦੀ ਇਮਾਰਤ

*ਸਰਦਾਰ ਧੰਨਾ ਸਿੰਘ ਗੁਲਸ਼ਨ : ਕੀ ਵਿਤ ਮੰਤਰੀ ਕਿਰਪਾ ਕਰ ਕੇ ਦਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਮਪੁਰਾਫੂਲ, ਜ਼ਿਲ੍ਹਾ ਬਠਿੰਡਾ ਵਿਖੇ ਸਰਕਾਰੀ ਉਪ-ਖਜ਼ਾਨਾ ਇਕ ਪੁਰਾਣੇ ਅਤੇ ਖਸਤਾ ਕਿਲ੍ਹੇ ਦੇ ਦਰਵਾਜ਼ੇ ਵਿਚ ਸਥਿਤ ਹੈ, ਜਿਥੇ ਹਵਾ, ਰੋਸ਼ਨੀ ਅਤੇ ਬੈਠਣ ਆਦਿ ਲਈ ਕੋਈ ਯੋਗ ਪ੍ਰਬੰਧ ਨਹੀ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਉਕਤ ਇਮਾਰਤ ਦੀ ਹਾਲਤ ਸੁਧਾਰਨ ਜਾਂ ਉਕਤ ਦਫਤਰ ਲਈ ਨਵੀਂ ਇਮਾਰਤ ਉਸਾਰਨ ਦਾ ਇਰਾਦਾ ਰਖਦੀ ਹੈ ?

ਸ੍ਰੀ ਹੰਸ ਰਾਜ ਸ਼ਰਮਾ : (ੳ) ਇਹ ਗੱਲ ਠੀਕ ਹੈ ਕਿ ਉਪ-ਖਜ਼ਾਨਾ ਦੀ ਇਮਾਰਤ ਕਿਲ੍ਹੇ ਦੇ ਦਰਵਾਜ਼ੇ ਵਿਚ ਸਥਿਤ ਹੈ ਅਤੇ ਇਹ ਇਕ ਪੁਰਾਣੀ ਇਮਾਰਤ ਹੈ । ਰਾਮਪੁਰਾ ਫੂਲ ਸਬ-ਤਹਿਸੀਲ 1 ਅਪਰੈਲ, 1970 ਤੋਂ ਤਹਿਸੀਲ ਬਣਾਈ ਗਈ ਸੀ । ਇਥੋਂ ਦਾ ਮੌਸਮੀ ਉਪ-ਖਜ਼ਾਨਾ ਜਿਹੜਾ ਕਿ 30 ਅਕਤੂਬਰ, 1962 ਤੋਂ ਹਫਤੇ ਵਿਚ ਦੋ ਦਿਨ ਕੰਮ ਕਰਦਾ ਸੀ, ਨੂੰ ਮਿਤੀ 25 ਅਗਸਤ, 1970 ਤੋਂ ਰੈਗੂਲਰ ਉਪ-ਖਜ਼ਾਨਾ ਬਣਾ ਦਿਤਾ ਗਿਆ ਸੀ । ਇਹ ਉਪ-ਖਜ਼ਾਨਾ ਉਸੇ ਸਥਾਨ ਤੇ ਸਥਿਤ ਹੈ ਜਿਥੇ ਕਿ ਨਾਭਾ ਸਟੇਟ ਵੇਲੇ ਖਜ਼ਾਨੇ ਦਾ ਕੰਮ ਹੁੰਦਾ ਸੀ ਅਤੇ ਜਿਥੇ ਕਿ ਨਕਦੀ ਅਤੇ ਇਸ਼ਟਾਮ ਆਦਿ ਰਖਣ ਦਾ ਸੁਰਖਿਅਤ ਪ੍ਰਬੰਧ ਸੀ ।

(ਅ) ਪੰਜਾਬ ਸਰਕਾਰ (ਮਾਲ ਵਿਭਾਗ) ਵਲੋਂ ਰਾਮ ਪੁਰਾ ਫੂਲ ਵਿਖੇ ਤਹਿਸੀਲ ਨੂੰ ਕੰਪਲੈਕਸ ਬਣਾਉਣ ਦੀ ਮਨਜ਼ੂਰੀ ਦੇ ਦਿਤੀ ਗਈ ਹੈ । ਇਸ ਕੰਪਲੈਕਸ ਵਿਚ ਉਪ-ਖਜ਼ਾਨਾ ਦੀ ਇਮਾਰਤ ਵੀ ਸ਼ਾਮਲ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਰਾਮਪੁਰਾਫੂਲ ਜਿਹੜੀ ਇਨ੍ਹਾਂ ਨੇ ਤਹਿਸੀਲ ਬਣਾਈ ਹੈ ਇਸ ਤੇ ਕੰਮ 1970 ਤੋਂ ਸ਼ੁਰੂ ਹੋਇਆ ਸੀ । ਅਜੇ ਤਕ ਉਸੇ ਤਰ੍ਹਾਂ ਇੱਟਾਂ ਪਈਆਂ ਹਨ । ਇਕ ਕਮਰਾ ਹੀ ਬਣਾਇਆ ਹੈ । ਬਾਕੀ ਸਾਰਾ ਕੰਮ ਠੱਪ ਹੈ । ਰਾਮਪੁਰਾ ਫੂਲ ਦਾ ਇਹ ਉਪ-ਖਜ਼ਾਨਾ ਮਹਾਰਾਜਾ ਨਾਭੇ ਦੇ ਵੇਲੇ ਦੇ ਕੱਚੇ ਕਿਲ੍ਹੇ ਵਿਚ ਹੈ । ਕਿਸੇ ਵੇਲੇ ਵੀ ਇਹ ਢਹਿ ਸਕਦੀ ਹੈ ਅਤੇ ਸਾਰਾ ਸਟਾਫ ਅਤੇ ਜਿਹੜੇ ਲੋਕ ਉਥੇ ਪੈਸੇ ਜਮ੍ਹਾਂ ਕਰਾਉਣ ਲਈ ਜਾਂਦੇ ਹਨ ਉਹ ਇਸ ਦੇ ਹੇਠਾਂ ਆ ਸਕਦੇ ਹਨ । ਮੈਂ ਵਜ਼ੀਰ ਸਾਹਬ ਤੋਂ ਤੁਹਾਡੇ ਰਾਹੀਂ ਪੁਛਣਾ ਚਾਹਾਂਗਾ ਕਿ ਇਸ ਨੂੰ ਕਦੋਂ ਤਕ ਕੰਪਲੀਟ ਕਰ ਦੇਣਗੇ ?

*For starred question 2910 and reply thereto, please see Punjab Vidhan Sabha Debate dated 20th January, 1975.

ਮੰਤਰੀ : ਮੈਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਇਸ ਨੂੰ ਜਲਦੀ ਤੋਂ ਜਲਦੀ ਬਣਾ ਦਿਤਾ ਜਾਵੇਗਾ ਕਿਉਂਕਿ ਇਸ ਦੀ ਮਨਜ਼ੂਰੀ ਮਿਲ ਗਈ ਹੈ ਅਤੇ ਰਾਮਪੁਰਾ ਫੂਲ ਤਹਿਸੀਲ ਬਣ ਗਈ ਹੈ। ਤਹਿਸੀਲ ਦੀ ਬਿਲਡਿੰਗ ਬਣਾਉਣੀ ਹੈ ਇਸ ਦੇ ਨਾਲ ਹੀ ਸਬ-ਟਰੇਜ਼ਰੀ ਵੀ ਬਣ ਜਾਵੇਗੀ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਜਲਦੀ ਤੋਂ ਜਲਦੀ ਬਣਾ ਦੇਵਾਂਗੇ । ਮੈਂ ਕਹਿੰਦਾ ਹਾਂ ਕਿ ਕੋਈ ਟਾਇਮ ਨਿਸ਼ਚਿਤ ਕਰਨ ਅਤੇ ਅਸ਼ੋਰੈਂਸ਼ ਦੇਣ ਕਿ ਇਹ ਇਸ ਸਮੇਂ ਤੋਂ ਪਹਿਲਾਂ ਬਣਾ ਦਿਤੀ ਜਾਵੇਗੀ ।

ਮੰਤਰੀ : ਟਾਈਮ ਤਾਂ ਕੋਈ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ । ਮੈਂ ਪਹਿਲਾਂ ਹੀ ਦਸ ਚੁਕਿਆ ਹਾਂ ਕਿ ਮਨਜ਼ੂਰੀ ਮਿਲ ਗਈ ਹੈ ਇਸ ਦਾ ਮਤਲਬ ਹੈ ਕਿ ਜਲਦੀ ਹੀ ਬਣ ਜਾਵੇਗੀ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਕ੍ਰਿਪਾ ਕਰਕੇ ਦਸਣਗੇ ਕਿ ਪੰਜਾਬ ਦਾ ਖਜ਼ਾਨਾ ਤਾਂ ਪਹਿਲਾਂ ਹੀ ਖਾਲੀ ਹੈ । ਇਨ੍ਹਾਂ ਨੇ ਇਸ ਬਿਲਡਿੰਗ ਤੋਂ ਲੈਣਾ ਕੀ ਹੈ?

ਮੰਤਰੀ : ਮੈਂਬਰ ਸਾਹਿਬ ਨੂੰ ਇਤਨਾ ਨਾਨ-ਸੀਰੀਅਸ ਨਹੀਂ ਹੋਣਾ ਚਾਹੀਦਾ । ਮੈਂ ਬਾਕੀ ਦੇ ਸੂਬਿਆਂ ਨਾਲ ਮੁਕਾਬਲਾ ਨਹੀਂ ਕਰਨਾ ਚਾਹੁੰਦਾ ਪਰ ਫਿਰ ਵੀ ਪੰਜਾਬ ਦੀ ਫਾਇਨਾਂਨਸ਼ਲ ਪੋਜ਼ੀਸ਼ਨ ਬੜੀ ਸਾਊਂਡ ਹੈ ।

ਗਰੈਚੂਅਟੀ ਦੀ ਅਦਾਇਗੀ ਐਕਟ, 1972 ਦੇ ਉਪਬੰਧਾਂ ਨੂੰ ਮਿਉਂਸਿਪਲ ਕਮੇਟੀਆਂ ਤੇ ਲਾਗੂ ਕਰਨ ਦੀ ਤਜਵੀਜ਼

*2891. **ਕਾਮਰੇਡ ਦਾਨਾ ਰਾਮ**
ਕਾਮਰੇਡ ਸਤ ਪਾਲ ਡਾਂਗ : ਕੀ ਵਿਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਗਰੈਚੂਅਟੀ ਦੀ ਅਦਾਇਗੀ ਐਕਟ, 1972 ਕੇਂਦਰੀ ਨੂੰ ਰਾਜ ਦੀਆਂ ਮਿਉਂਸਿਪਲ ਕਮੇਟੀਆਂ ਤੇ ਲਾਗੂ ਕਰਨ ਲਈ ਭਾਰਤ ਸਰਕਾਰ ਨੂੰ ਸਿਫਾਰਸ਼ ਕਰਨ ਦੀ ਕੋਈ ਤਜਵੀਜ਼ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਕੀ ਇਸ ਸਬੰਧੀ ਭਾਰਤ ਸਰਕਾਰ ਨੂੰ ਪਹਿਲਾਂ ਵੀ ਕੋਈ ਸਿਫਾਰਸ਼ ਕੀਤੀ ਗਈ ਹੈ; ਜੇਕਰ ਨਹੀਂ ਤਾਂ ਇਹ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ?

ਸ੍ਰੀ ਹੰਸ ਰਾਜ ਸ਼ਰਮਾ : (ੳ) ਹਾਂ ਜੀ ।

(ਅ) ਨਹੀਂ ਜੀ । ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ । ਨਗਰਪਾਲਕਾਵਾਂ ਦੀ ਟਿੱਪਣੀ ਆਉਣ ਤੇ ਯੋਗ ਕਾਰਵਾਈ ਕੀਤੀ ਜਾਵੇਗੀ ।

ਬਿਜਲੀ ਵਿਚ ਕਟੌਤੀ ਦੇ ਕਾਰਣ ਉਦਯੋਗਿਕ ਕਾਮਿਆਂ ਨੂੰ ਗ੍ਰਾਂਟਾਂ/ਮੁਆਵਜ਼ਾ ਮਨਜ਼ੂਰ ਕਰਨ ਲਈ ਇਕ ਵਿਧਾਨਕਾਰ ਵੱਲੋਂ ਪੱਤਰ

*2896. **ਕਾਮਰੇਡ ਸੱਤਪਾਲ ਡਾਂਗ**
ਕਾਮਰੇਡ ਦਾਨਾ ਰਾਮ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਉਨ੍ਹਾਂ ਨੂੰ ਕਿਸੇ ਵਿਧਾਨਕਾਰ ਨੇ ਨਵੰਬਰ, 1974 ਦੇ ਮਹੀਨੇ ਵਿਚ ਕੋਈ ਪੱਤਰ ਲਿਖਿਆ ਜਿਸ ਵਿਚ ਬੇਨਤੀ ਕੀਤੀ ਗਈ ਸੀ ਕਿ ਰਾਜ ਵਿਚ ਉਦਯੋਗਿਕ

ਕਾਮਿਆਂ ਨੂੰ, ਉਦਯੋਗਾਂ ਲਈ ਬਿਜਲੀ ਦੀ ਸਪਲਾਈ ਵਿਚ ਕਟੌਤੀ ਦੇ ਕਾਰਨ ਉਨ੍ਹਾਂ ਦੁਆਰਾ ਉਠਾਏ ਗਏ ਨੁਕਸਾਨ ਲਈ, ਗ੍ਰਾਂਟਾਂ/ਮੁਆਵਜ਼ਾ ਮਨਜ਼ੂਰ ਕੀਤਾ ਜਾਵੇ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਸਰਕਾਰ ਦੁਆਰਾ ਇਸ ਸਬੰਧ ਵਿਚ ਕੀ ਕਾਰਵਾਈ ਕੀਤੀ ਗਈ ?

ਸ੍ਰੀ ਹੰਸ ਰਾਜ ਸ਼ਰਮਾ: (ੳ) ਹਾਂ ਜੀ। ਪੱਤਰ ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਅ) ਵਿੱਤੀ ਔਕੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਕਾਮਿਆਂ ਨੂੰ ਪੱਤਰ ਵਿਚ ਮੰਗੀ ਗਈ ਲੀਹਾਂ ਤੇ ਮਾਲੀ ਸਹਾਇਤਾ ਦੇਣ ਤੋਂ ਅਸਮਰਥ ਹੈ।

COPY OF LETTER

Satya Pal Dang, M.L.A

Ekta Bhavan,
Chheharta,
Dated the 12th November, 1974.

My dear Sharma Ji,

You know the position about supply of power to industry in Amritsar and else-where. For three days in the week there is no power supply and for 3 days power supply to the industry is only for 4 hours a day. As a result of this thousands of workers have become unemployed or almost unemployed and face hunger and starvation. I would strongly urge upon you and upon the entire Government through you to sanction grants/compensation for the industrial workers against the losses suffered by them and also regular grants/compensation for the losses they would suffer in the months to come. It should not be necessary to point out that this demand is absolutely justified from every view point.

Very early action and reply are requested.

With regards.

Yours sincerely,
Sd/—
(Satyapal Dang)

Shri Hans Raj Sharma,
Minister of Finance and Labour,
Punjab, Chandigarh.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਸ ਹਕੀਕਤ ਦੇ ਪੇਸ਼ੇਨਜ਼ਰ ਕਿ ਸਾਰੇ ਸੂਬੇ ਹਜ਼ਾਰਾਂ ਦੀ ਤਾਦਾਦ ਵਿਚ ਵਰਕਰਜ਼ ਨੂੰ ਲੇ ਆਫ਼ ਕਰ ਦਿਤਾ ਗਿਆ ਹੈ ਜਾਂ ਉਨ੍ਹਾਂ ਨੂੰ ਰਿਟਰੈਂਚਮੈਂਟ ਸਫਰ ਕਰਨੀ ਪਈ ਹੈ ਅਤੇ ਇਹ ਪ੍ਰੈਸੀਡੈਂਟ ਹੈ ਕਿ ਗੌਰਮਿੰਟ ਉਨ੍ਹਾਂ ਨੂੰ ਕੰਪਨਸੇਟ ਕਰਦੀ ਰਹੀ ਹੈ। ਕੀ ਸਰਕਾਰ ਇਨ੍ਹਾਂ ਵਰਕਰਜ਼ ਨੂੰ ਜਿਹੜੇ ਕਿ ਇਸ ਵਜ੍ਹਾ ਕਰਕੇ ਕਾਫੀ ਵੇਜਿਜ਼ ਦਾ ਨੁਕਸਾਨ ਸਫਰ ਕਰ ਚੁਕੇ ਹਨ ਬਾਈ ਵੇ ਆਫ ਗਰਾਂਟ ਜਾਂ ਬਾਈ ਵੇ ਆਫ ਇੰਟਰਸਟ ਫਰੀ ਲੋਨ੍ਹ ਦੇਣ ਵਾਸਤੇ ਸੋਚ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਬਿਜਲੀ ਦੀ ਸ਼ਾਰਟੇਜ ਕਾਰਣ ਕਈ ਦਫਾ ਫੈਕਟਰੀਆਂ ਬੰਦ ਹੋ ਜਾਂਦੀਆਂ ਹਨ । ਬਾਰਸ਼ ਨਾ ਹੋਣ ਕਾਰਣ ਜਿਸ ਵੇਲੇ ਭਾਖੜੇ ਵਿਚ ਪਾਣੀ ਦਾ ਲੈਵਲ ਡਾਊਨ ਹੋ ਜਾਂਦਾ ਹੈ ਤਾਂ ਉਥੇ ਵੀ ਬਿਜਲੀ ਪੈਦਾ ਹੋਣੀ ਬੰਦ ਹੋ ਜਾਂਦੀ ਹੈ । ਇੰਡਸਟਰੀਅਲ ਡਿਸਪਿਊਟ ਐਕਟ ਦੇ ਮਾਤਹਿਤ ਲੇ ਆਫ ਦੇ ਲਈ ਜਿਹੜਾ ਕੰਪਨਸੇਸ਼ਨ ਮਿਲਦਾ ਹੈ ਉਹ ਅਸੀਂ ਲਾਗੂ ਕੀਤਾ ਹੈ ਅਤੇ ਜਿਸ ਫੈਕਟਰੀ ਵਿਚ ਵੀ ਵਰਕਰਜ਼ 50 ਤੋਂ ਵਧ ਹਨ ਉਥੇ ਇਹ ਰਾਹਤ ਮਿਲ ਜਾਂਦੀ ਹੈ । ਪਰ ਜਿਥੇ 50 ਤੋਂ ਘੱਟ ਵਰਕਰਜ਼ ਫੈਕਟਰੀ ਵਿਚ ਕੰਮ ਕਰਦੇ ਹਨ ਉਨ੍ਹਾਂ ਨੂੰ ਇਹ ਸਹੂਲਤ ਨਹੀਂ ਮਿਲਦੀ । ਬਿਜਲੀ ਦੀ ਸ਼ਾਰਟੇਜ ਕਾਰਣ ਫੈਕਟਰੀਆਂ ਬੰਦ ਹੋ ਜਾਂਦੀਆਂ ਹਨ । ਇਸ ਨਾਲ ਇੰਡਸਟਰੀਜ਼ ਨੂੰ ਵੀ ਲਾਸ ਹੁੰਦਾ ਹੈ ਅਤੇ ਲੇਬਰ ਨੂੰ ਵੀ ਕੁਰਬਾਨੀ ਕਰਨੀ ਪੈਂਦੀ ਹੈ । ਜਿਸ ਵੇਲੇ ਕਾਰਖਾਨੇ ਬੰਦ ਹੁੰਦੇ ਹਨ ਤਾਂ ਐਕਸਾਈਜ਼ ਡਿਊਟੀ ਜਾਂ ਸੇਲਜ਼ ਟੈਕਸ ਦੀ ਆਮਦਨ ਜਿਹੜੀ ਸਰਕਾਰ ਨੂੰ ਆਉਂਦੀ ਹੈ ਉਹ ਵੀ ਘੱਟ ਜਾਂਦੀ ਹੈ । ਇਸ ਦਾ ਅਸਲ ਇਲਾਜ ਇਹ ਨਹੀਂ ਕਿ ਲੇਬਰ ਨੂੰ ਅਸੀਂ ਗਰਾਂਟ ਦੇਈਏ । ਕੱਲ੍ਹ ਨੂੰ ਜ਼ਿਮੀਦਾਰਾਂ ਨੂੰ ਬਿਜਲੀ ਨਾ ਮਿਲੇ ਤਾਂ ਉਹ ਵੀ ਕਹਿਣਗੇ ਕਿ ਸਾਨੂੰ ਗਰਾਂਟ ਦਿਓ । ਇਸੇ ਤਰ੍ਹਾਂ ਹੋਰ ਵੀ ਤਬਕਾ ਕੋਈ ਮੰਗ ਕਰੇਗਾ । ਇਸ ਦਾ ਹੱਲ ਇਹ ਹੈ ਕਿ ਬਿਜਲੀ ਜ਼ਿਆਦਾ ਪੈਦਾ ਕਰੀਏ । ਇਸ ਵਾਸਤੇ ਅਸੀਂ ਬਠਿੰਡਾ ਥਰਮਲ ਪਲਾਂਟ ਨੂੰ ਜ਼ਿਆਦਾ ਤੋਂ ਜ਼ਿਆਦਾ ਪੈਸੇ ਦਿੱਤੇ ਹਨ । ਇਸ ਕਰੰਟ ਈਅਰ ਵਿਚ ਸਤਲੁਜ ਬਿਆਸ ਲਿੰਕ ਵਾਸਤੇ ਵੀ ਅਸੀਂ ਕਾਫੀ ਪੈਸੇ ਰੱਖੇ ਹਨ । ਥਰਮਲ ਪਲਾਂਟ ਵੀ ਚਾਲੂ ਹੋ ਗਿਆ ਹੈ । ਇਸ ਨਾਲ ਸਾਡੀ ਮੁਸ਼ਕਲ ਕੁਝ ਆਸਾਨ ਹੋ ਜਾਵੇਗੀ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਤਾਂ ਇਹ ਸਵਾਲ ਪੁਛਿਆ ਸੀ ਕਿ ਜਿਹੜੀ ਅਨਪਰੈਸੀਡੈਂਟਿਡ ਪਾਵਰ ਕੱਟ ਹੋਈ ਹੈ ਸਟੇਟ ਵਿਚ ਅਤੇ ਸਟੀਮ ਕੋਲ ਦੀ ਸ਼ਾਰਟੇਜ਼ ਹੈ ਇਸ ਵਿਚ ਨਾ ਮੈਨੇਜਮੈਂਟ ਦਾ ਕਸੂਰ ਹੈ ਅਤੇ ਨਾ ਹੀ ਵਰਕਰਜ਼ ਦਾ ਕਸੂਰ ਹੈ । ਇਸ ਕਾਰਣ ਅਨਪਰੈਸੀਡੈਂਟਿਡ ਅਨਇੰਪਲਾਇਮੈਂਟ ਹੋਈ ਹੈ । ਇਸ ਕਾਰਣ ਜਿਹੜੀ ਲੇਬਰ ਨੂੰ ਮੁਸ਼ਕਲ ਆਈ ਹੈ ਉਸਨੂੰ ਮਿਟੀਗੇਟ ਕਰਨ ਲਈ ਕੀ ਸਰਕਾਰ ਉਨ੍ਹਾਂ ਨੂੰ ਗਰਾਂਟ-ਇਨ-ਏਡ ਜਾਂ ਇੰਟਰੈਸਟ ਫਰੀ ਲੋਨ ਦੇਣ ਵਾਸਤੇ ਤਿਆਰ ਹੈ । ਲੇ ਆਫ ਲਈ ਕੰਪਨਸੇਸ਼ਨ ਤਾਂ ਮਿਲ ਦੇ ਮਾਲਕਾਂ ਨੇ ਦੇਣੀ ਹੈ ।

ਮੰਤਰੀ : ਸਪੀਕਰ ਸਾਹਿਬ, ਪਿਛੇ ਜਦੋਂ ਭਾਰਤ ਪਾਕ ਜੰਗ ਹੋਈ ਸੀ ਤਾਂ ਬਾਰਡਰ ਦੇ ਡਿਸ-ਟ੍ਰਿਕਟ ਵਿਚ ਲੋਕਾਂ ਨੂੰ ਅਸੀਂ ਕੁਝ ਲੋਨ ਦਿਤੇ ਸਨ ਜਿਹੜੇ ਕਿ ਬਾਅਦ ਵਿਚ ਗਰਾਂਟ ਦੀ ਸ਼ਕਲ ਵਿਚ ਤਬਦੀਲ ਕਰ ਦਿਤੇ ਸਨ । ਜੇ ਬਿਜਲੀ ਦੀ ਕਟ ਲਗ ਜਾਏ ਤਾਂ ਸਾਡੇ ਕੋਲ ਇਤਨਾ ਪੈਸਾ ਨਹੀਂ ਕਿ ਕਿ ਅਸੀਂ ਹਰ ਇਕ ਨੂੰ ਲੋਨ ਜਾਂ ਗਰਾਂਟ ਦਈ ਜਾਈਏ । ਬਿਜਲੀ ਦਾ ਸੰਕਟ ਸਾਰਿਆਂ ਲਈ ਹੈ । ਇਸ ਨੂੰ ਹਲ ਕਰਨ ਦੀ ਅਸੀਂ ਕੋਸ਼ਿਸ਼ ਕਰ ਰਹੇ ਹਾਂ ।

ਸ਼੍ਰੀ ਵਿਸ਼ਵਾ ਮਿਤਰ ਸੇਖੜੀ : ਸਪੀਕਰ ਸਾਹਿਬ, ਕੀ ਵਿਤ ਮੰਤਰੀ ਜੀ, ਇਹ ਦਸਣਗੇ ਕਿ ਬਿਜਲੀ ਦੀ ਕਮੀ ਕਾਰਣ ਧਾਰੀਵਾਲ ਮਿਲ ਵਿਚ ਕਾਫੀ ਵਰਕਰ ਕੱਢ ਦਿਤੇ ਗਏ ਹਨ । ਉਨ੍ਹਾਂ ਨੂੰ ਜੇ ਸਟੀਮ ਕੋਲ ਦਿਤਾ ਜਾਵੇ ਤਾਂ ਮਿਲ ਚਲ ਸਕਦੀ ਹੈ। ਕੀ ਸਰਕਾਰ ਇਹ ਇੰਤਜ਼ਾਮ ਕਰਾਏਗੀ ਤਾਂ ਕਿ ਮਿਲ ਚਲ ਪਵੇ ਅਤੇ ਮਜ਼ਦੂਰਾਂ ਨੂੰ ਨੌਕਰੀ ਮਿਲੇ ?

ਮੰਤਰੀ : ਇਸ ਬਾਰੇ ਜ਼ਰੂਰ ਲਿਖਾਂਗੇ ਜੀ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੋ ਮੰਤਰੀ ਸਾਹਿਬ ਨੇ ਜਵਾਬ ਦਿਤਾ ਹੈ ਉਹ ਫਾਰਮਲ ਜਵਾਬ ਹੈ ।

ਸ੍ਰੀ ਸਪੀਕਰ : ਫਾਰਮਲ ਹੀ ਹੋਣਾ ਚਾਹੀਦਾ ਹੈ । ਇਨਫਾਰਮਲ ਜਵਾਬ ਉਨ੍ਹਾਂ ਦੇ ਚੈਂਬਰ ਵਿਚ ਜਾ ਕੇ ਪੁੱਛ ਲਿਆ ਜੇ । (Reply should be a formal one. If you want to have informal reply then you may go to the chamber of the Minister.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਇਹ ਵੀ ਨਾਲ ਸਵਾਲ ਪੁੱਟ ਕਰਦਾ ਹਾਂ ਕਿਉਂਕਿ ਫੈਕਟਰੀਜ਼ ਕੋਲ ਰੀਜ਼ਰਵ ਫੰਡ ਹੁੰਦਾ ਹੈ । ਉਸ ਵਿਚੋਂ ਹੀ ਉਹ ਮਸ਼ੀਨਰੀ ਨੂੰ ਰੈਨੋਵੇਟ ਕਰਦੇ ਹਨ । ਆਇਆ ਇਹੋ ਜਿਹੀ ਐਕਸੀਜੈਨਸੀ ਨੂੰ ਮੀਟ ਕਰਨ ਦੇ ਵਾਸਤੇ ਸਰਕਾਰ ਉਨ੍ਹਾਂ ਨੂੰ ਕਹੇਗੀ ਕਿ ਉਹ ਉਸ ਫੰਡ ਵਿਚੋਂ ਮੀਟ ਕਰ ਲਿਆ ਕਰਨ ?

ਵਿੱਤ ਮੰਤਰੀ : ਇਸ ਬਾਰੇ ਫੈਕਟਰੀ ਵਾਲਿਆਂ ਨਾਲ ਗੱਲ ਬਾਤ ਕਰਾਂਗੇ ।

ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਜ਼ਿਲ੍ਹਾ ਸੰਗਰੂਰ ਲਈ ਸਰਕਾਰੀ ਗ੍ਰਾਂਟ

*2953. **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਸਾਲ 1974 ਦੇ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ ਨੂੰ ਸਰਕਾਰ ਵਲੋਂ ਕੋਈ ਗਰਾਂਟ ਦਿਤੀ ਗਈ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਨਹੀਂ ਵਿਚ ਹੈ ਤਾਂ ਇਸ ਦੇ ਕੀ ਕਾਰਨ ਹਨ ?

ਸ੍ਰੀ ਗੁਰਮੇਲ ਸਿੰਘ : (ੳ) ਪ੍ਰਾਈਵੇਟ ਕਾਲਜਾਂ ਨੂੰ ਗਰਾਂਟਾਂ ਵਿੱਤੀ ਸਾਲ ਮੁਤਾਬਿਕ ਦਿਤੀਆਂ ਜਾਂਦੀਆਂ ਹਨ । ਇਸ ਕਾਲਜ ਨੂੰ ਸਾਲ 1973—74 ਲਈ ਗਰਾਂਟ ਦੇ ਦਿਤੀ ਗਈ ਹੈ ਅਤੇ ਸਾਲ 1974—75 ਲਈ ਦਿਤੀ ਜਾ ਰਹੀ ਹੈ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਸੰਨ 1972 ਵਿਚ ਵੀ ਇਨ੍ਹਾਂ ਨੇ ਕੋਈ ਗਰਾਂਟ ਦਿਤੀ ਹੈ?

ਸ੍ਰੀ ਸਪੀਕਰ : ਸੰਨ 1972 ਤੋਂ ਤੁਹਾਡਾ ਕੀ ਭਾਵ ਹੈ ਸੰਨ 1972—73? (By referring to 1972 do you mean the year 1972-73 ?)

ਗਿਆਨੀ ਕੁੰਦਨ ਸਿੰਘ ਪਤੰਗ : ਹਾਂ ਜੀ ।

ਮੰਤਰੀ : ਇਨ੍ਹਾਂ ਨੇ ਸਵਾਲ ਵਿਚ ਤਾਂ ਜੀ 1973 ਦੇ ਬਾਰੇ ਪੁਛਿਆ ਸੀ । ਅਸੀਂ 1973—74 ਬਾਰੇ ਇਨ੍ਹਾਂ ਨੂੰ ਜਵਾਬ ਦੇ ਦਿਤਾ ਹੈ । ਸੰਨ 1972—73 ਦਾ ਤਾਂ ਇਨ੍ਹਾਂ ਨੇ ਹੁਣ ਜ਼ਿਕਰ ਕੀਤਾ ਹੈ। ਸੰਨ 1973—74 ਵਿਚ 4 ਹਜ਼ਾਰ 300 ਰੁਪਏ ਦਿਤੇ ਹਨ ।

ਸਰਦਾਰ ਸੁਰਜੀਤ ਸਿੰਘ : ਸਪੀਕਰ ਸਾਹਿਬ ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਗਰਾਂਟ ਦੇਣ ਦਾ ਕੀ ਕਰਾਈਟੇਰੀਆ ਹੈ ?

ਮੰਤਰੀ : ਇਸ ਲਈ ਫਿਕਸਡ ਅਮਾਊਂਟ ਹੁੰਦੀ ਹੈ । ਵੋਮੈੱਨ ਕਾਲਿਜ ਲਈ 3,000 ਰੁਪਏ ਔਰ ਰੂਰਲ ਏਰੀਆਜ਼ ਲਈ ਵੀ 3,000 ਰੁਪਏ । ਜਿਤਨੀ ਰਕਮ ਘੱਟ ਹੁੰਦੀ ਹੈ ਉਹ ਅਸੀਂ ਆਖੀਰ ਵਿਚ ਵੰਡ ਕੇ ਭੇਜ ਦਿੰਦੇ ਹਾਂ । ਅਸੀਂ ਜਿਤਨੇ ਸਾਡੇ ਪਾਸ ਪੈਸੇ ਹੁੰਦੇ ਹਨ ਉਸ ਦੇ ਅਨੁਸਾਰ ਹੀ ਗਰਾਂਟ ਦਿੰਦੇ ਹਾਂ ।

ਗਿਆਨੀ ਕੁੰਦਨ ਸਿੰਘ ਪਤੰਗ : ਕੀ ਐਸ.ਡੀ. ਕਾਲਿਜ ਬਰਨਾਲਾ ਅਤੇ ਲਾਲ ਬਹਾਦੁਰ ਸ਼ਾਸਤਰੀ ਕਾਲਜ ਨੂੰ ਦਸ ਸਕਦੇ ਹੋ ਕਿ ਕਿਤਨੀ ਕਿਤਨੀ ਗਰਾਂਟ ਦਿਤੀ ਹੈ ?

ਮੰਤਰੀ : ਇਹ ਨੋਟਿਸ ਦੇ ਦੇਣ ਕਿ ਕਿਸ ਕਾਲਿਜ ਨੂੰ ਕਿਤਨੀ ਰਕਮ ਦਿਤੀ ਗਈ ਹੈ, ਮੈਂ ਇਹ ਇਨਫਰਮੇਸ਼ਨ ਦੇ ਦਿਆਂਗਾ । ਜੇਕਰ ਇਨ੍ਹਾਂ ਨੇ ਸੰਨ 1972—73 ਵਾਲੀ ਜਿਹੜੀ ਇਨਫਰ-ਮਸ਼ਨ ਮੰਗਦੇ ਹਨ ਉਹ ਵੀ ਲੈਣੀ ਹੋਵੇ ਜਾਂ ਤਾਂ ਇਹ ਲਿਖ ਕੇ ਭੇਜ ਦੇਣ ਨਹੀਂ ਤਾਂ ਮੈਨੂੰ ਮਿਲ ਲੈਣ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ ਇਕ ਕਾਲਿਜ ਦਾ ਜ਼ਿਕਰ ਆਇਆ ਹੈ ਕਿ ਉਸ ਨੂੰ 4,000 ਰੁਪਏ ਦਿਤੇ ਗਏ ਹਨ। ਹੋ ਸਕਦਾ ਹੈ ਕਿ ਉਸ ਕਾਲਜ ਨੂੰ 50/60 ਹਜ਼ਾਰ ਰੁਪਏ ਦਾ ਘਾਟਾ ਪੈਂਦਾ ਹੋਵੇ । ਕਿਉਂਕਿ ਉਨ੍ਹਾਂ ਕਾਲਜਾਂ ਦੀ ਫਾਈਨੈਂਸ਼ੀਅਲ ਪੁਜ਼ੀਸ਼ਨ ਚੰਗੀ ਨਹੀਂ ਹੁੰਦੀ ਇਸ ਲਈ ਉਹ ਸਟਾਫ ਨੂੰ ਸਰਕਾਰੀ ਕਾਲਜਾਂ ਦੇ ਸਟਾਫ ਵਾਲੇ ਗਰੇਡਜ਼ ਨਹੀਂ ਦਿੰਦੇ । ਕੀ ਸਰਕਾਰ ਇਸ ਗਲ ਤੇ ਵਿਚਾਰ ਕਰੇਗੀ ਕਿ ਜਿਹੜੇ ਇਸ ਤਰ੍ਹਾਂ ਦੇ ਕਾਲਜ ਹਨ ਉਨ੍ਹਾਂ ਦੇ ਡਿਫਿਸਟ ਦਾ 95% ਉਨ੍ਹਾਂ ਨੂੰ ਦਿਤਾ ਜਾਵੇ ਜਿਸ ਤਰ੍ਹਾਂ ਕਿ ਪ੍ਰਾਈਵੇਟਲੀ ਮੈਨੇਜਡ ਸਕੂਲਾਂ ਲਈ ਸਰਕਾਰ ਨੇ ਕੀਤਾ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਵਿੱਤੀ ਗਰਾਂਟ ਦੀ ਗੱਲ ਹੈ । ਬਾਕੀ ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ, ਉਸ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੰਦਿਆਂ ਕਿਹਾ ਸੀ ਕਿ ਇਤਨੀ ਇਤਨੀ ਗਰਾਂਟ ਦਿਤੀ ਹੈ । ਇਸ ਉਪਰ ਇਹ ਸਪਲੀਮੈਂਟਰੀ ਬਣਦਾ ਹੈ ਔਰ ਜਿਸ ਤਰ੍ਹਾਂ ਜੋਸ਼ ਜੀ ਨੇ ਵੀ ਕਿਹਾ ਹੈ ਕਿ 31 ਦਸੰਬਰ, 1966 ਤਕ ਹੀ ਪ੍ਰਾਈਵੇਟ ਕਾਲਜਾਂ ਦੇ ਡਿਫਿਸਿਟ ਦਾ 90% ਗੌਰਮਿੰਟ ਮੀਟ ਕਰਦੀ ਹੈ ਪਰ ਉਸ ਤੋਂ ਮਗਰੋਂ ਜਿਤਨੇ ਕਾਲਜ ਬਣੇ ਹਨ ਉਨ੍ਹਾਂ ਨਾਲ ਡਿਸਕ੍ਰੀਮੀਨੇਸ਼ਨ ਕੀਤਾ ਜਾਂਦਾ ਹੈ । ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕੋਈ ਗਰਾਂਟ ਨਹੀਂ ਦਿਤੀ ਜਾਂਦੀ । ਇਸ ਗਲ ਦੇ ਮਦੇਨਜ਼ਰ ਕਿ ਪਿੰਡਾਂ ਵਿਚ ਬਹੁਤ ਸਾਰੇ ਇਨਸਟੀਚਿਊਸ਼ਨ ਪੰਜਾਬ ਵਿਚ ਸੰਨ 1966 ਤੋਂ ਬਾਅਦ ਹੀ ਬਣੇ ਹਨ ਕੀ ਉਨ੍ਹਾਂ ਦਾ ਘਾਟਾ ਸਰਕਾਰ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਬੜਾ ਚੰਗਾ ਪੁਆਇੰਟ ਹੈ ਜਿਹੜਾ ਕਿ ਸਰਦਾਰ ਸਾਹਿਬ ਨੇ ਉਠਾਇਆ ਹੈ, ਸਰਕਾਰ ਇਸ ਨੂੰ ਐਗਜ਼ਾਮਿਨ ਕਰੇਗੀ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਲੋਕਾਂ ਨੇ ਆਪਣੀ ਮੇਹਨਤ ਨਾਲ ਪਿੰਡਾਂ ਵਿਚ ਜਾਂ ਕਸਬਿਆਂ ਵਿਚ ਕਾਲਜ ਖੋਲ੍ਹੇ ਹਨ, ਉਨ੍ਹਾਂ ਦੀ ਫਾਈਨੈਨਸ਼ੀਅਲ ਪੁਜ਼ੀਸ਼ਨ ਵੀ ਮਾੜੀ ਹੈ । ਇਸ ਲਈ ਕੀ ਸਰਕਾਰ ਸਾਰੇ ਦੇ ਸਾਰੇ ਪ੍ਰਾਈਵੇਟ ਕਾਲਜਾਂ ਨੂੰ ਨੈਸ਼ਨੇਲਾਈਜ਼ ਕਰਨ ਦਾ ਵਿਚਾਰ ਰਖਦੀ ਹੈ ?

ਮੰਤਰੀ: ਸਪੀਕਰ ਸਾਹਿਬ ਮੇਰਾ ਖਿਆਲ ਹੈ ਕਿ ਅਸੀਂ ਇਹ ਗੱਲ ਨਹੀਂ ਕਰ ਸਕਾਂਗੇ । ਸੁਪਰੀਮ ਕੋਰਟ ਦਾ ਫੈਸਲਾ ਵੀ ਹੈ । ਇਹ ਖਾਸ ਅੜਚਨ ਹੈ । ਜਦ ਤਕ ਉਹ ਲਿਖ ਕੇ ਨਾ ਦੇਣ ਸਰਕਾਰ ਨੈਸ਼ਨੇਲਾਈਜ਼ ਨਹੀਂ ਕਰ ਸਕਦੀ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਕਾਲਜ ਲਿਖ ਕੇ ਦੇ ਦੇਣ ਕੀ ਸਰਕਾਰ ਉਨ੍ਹਾਂ ਨੂੰ ਲੈ ਲਵੇਗੀ ?

ਮੰਤਰੀ : ਜੇ ਕਰ ਕਾਲਜ ਵਾਲੇ ਲਿਖ ਕੇ ਦੇਣਗੇ ਤਾਂ ਅਸੀਂ ਆਪਣੀ ਸਟੇਟ ਦੇ ਫਾਈਨੈਂਸਿਜ਼ ਨੂੰ ਵੇਖਕੇ ਹੀ ਫੈਸਲਾ ਕਰਾਂਗੇ । ਕਿਉਂਕਿ ਇਸ ਵਿਚ ਫਾਈਨੈਂਸਿਜ਼ ਦੀ ਅੜਚਨ ਆਉਂਦੀ ਹੈ ।

ਬਲਾਚੌਰ ਵਿਧਾਨ ਸਭਾ ਚੋਣ ਹਲਕੇ ਦੇ ਕੁਝ ਬਲਾਕਾਂ ਵਿਚ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਅਮਲੇ ਦੀ ਥੁੜ

*2958. ਮਾਸਟਰ ਦਲੀਪ ਚੰਦ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਇਸ ਸਮੇਂ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਦੇ ਬਲਾਚੌਰ ਅਤੇ ਬਲਾਕ ਸੜੋਆ ਵਿਚ ਆਉਂਦੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਅਮਲੇ ਦੀ ਕੋਈ ਥੁੜ ਹੈ; ਜੇਕਰ ਅਜਿਹਾ ਹੋਵੇ ਤਾਂ ਹਰ ਇਕ ਸਕੂਲ ਵਿਚ ਥੁੜ ਕਿਸ ਹਦ ਤਕ ਹੈ ?

ਸ੍ਰੀ ਗੁਰਮੇਲ ਸਿੰਘ : (ੳ) ਨਹੀਂ ਜੀ ।

(ਅ) ਸਿਰਫ 9 ਸਕੂਲਾਂ ਵਿੱਚ ਵਾਧੂ ਅਧਿਆਪਕਾਂ ਦੀ ਹੋਰ ਲੋੜ ਹੈ । ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

[(a) No. Sir.

(b) Additional teachers are required in only nine Schools. Detail is placed on the table of the House.]

ਬਲਾਚੌਰ ਚੋਣ ਹਲਕਾ ਵਿਖੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਅਮਲੇ ਦੀ ਥੁੜ ਸਬੰਧੀ ਸੂਚੀ

1. ਜੀਤਪੁਰ
2. ਬਛੀਆ
3. ਉਧਨਵਾਲਾ
4. ਆਸੋਰੋਂ
5. ਪਿਨਆਲੀ ਕਲਾਂ
6. ਕਾਠ ਗੜ੍ਹ
7. ਫਿਰਨੀ ਮਾਜਰਾ
8. ਛਦੌੜੀ
9. ਆਇਲ ਮਾਜਰਾ

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਜਿਨ੍ਹਾਂ ਸਕੂਲਾਂ ਵਿਚ ਅਧਿਆਪਕਾਂ ਦੀ ਕਮੀਂ ਦਸੀ ਗਈ ਹੈ, ਉਨ੍ਹਾਂ ਸਕੂਲਾਂ ਵਿਚ ਦੋ ਸਾਲਾਂ ਤੋਂ ਇਹ ਕਮੀ ਚਲੀ ਆ ਰਹੀ ਹੈ । ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਕਮੀਂ ਕਦ ਤਕ ਪੂਰੀ ਕੀਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਕੁਝ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਬਾਰੇ ਮਾਸਟਰ ਜੀ ਨੇ ਮੇਰੇ ਨੋਟਿਸ ਵਿਚ ਲਿਆਂਦਾ ਸੀ, ਉਹ ਤਾਂ ਪੂਰੀ ਕਰ ਦਿਤੀ ਹੈ । ਹੁਣ ਸਵਾਲ ਉਨ੍ਹਾਂ ਨੇ ਸਾਰੇ ਬਲਾਕ ਦਾ ਦਿਤਾ ਹੈ । ਉਸ ਬਾਰੇ ਪੁਜ਼ੀਸ਼ਨ ਇਹ ਹੈ ਕਿ ਸਿਰਫ 9 ਸਕੂਲਾਂ ਵਿਚ ਅਧਿਆਪਕਾਂ ਦੀ ਕਮੀ ਹੈ ਉਹ ਵੀ ਅਸੀਂ 5,000 ਅਧਿਆਪਕ 31 ਮਾਰਚ, 1975 ਤੋਂ ਪਹਿਲਾਂ ਪਹਿਲਾਂ ਅਪੁਆਇੰਟ ਕਰਾਂਗੇ । ਸੰਨ 1972 ਵਿਚ ਪੋਸਟਾਂ ਐਡਵਰਟਾਈਜ਼ ਹੋਈਆਂ ਸਨ । ਅਸੀਂ ਹੁਣ 31 ਮਾਰਚ, 1975 ਤੋਂ ਪਹਿਲਾਂ ਪਹਿਲਾਂ ਐਪੁਆਇੰਟਮੈਂਟ ਆਰਡਰ ਦੇ ਦੇਣੇ ਹਨ । ਇਨ੍ਹਾਂ ਦੇ ਇਲਾਕੇ ਦਾ ਧਿਆਨ ਰਖਾਂਗੇ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮਨਿਸਟਰ ਜੀ ਨੇ ਕਿਹਾ ਹੈ ਕਿ ਦੋ ਦੋ ਸਾਲਾਂ ਤੋਂ ਮਾਸਟਰਾਂ ਦੀ ਕਮੀ ਹੈ ਪਰ ਧਾਰ ਬਲਾਕ ਵਿਚ ਤਾਂ ਟੀਚਰਾਂ ਦੀ ਬਹੁਤ ਹੀ ਕਮੀ ਹੈ । ਕੀ ਵਜ਼ੀਰ ਸਾਹਿਬ ਉਸ ਕਮੀ ਨੂੰ ਵੀ ਪੂਰਾ ਕਰਨਗੇ?

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਹ ਤਾਂ ਸਵਾਲ ਬਲਾਚੌਰ ਬਲਾਕ ਦਾ ਹੈ । (Chaudhri Sahib, this question relates to Balachaur Block.)

ਚੌਧਰੀ ਰਾਮ ਸਿੰਘ : ਇਹ ਇਕੋ ਹੀ ਗੱਲ ਹੈ ਜੀ । ਉਹ ਵੀ ਸੱਬਮਾਂਟੇਨੀਅਸ ਏਰੀਆ ਹੈ ਔਰ ਇਹ ਵੀ । ਤੁਹਾਡਾ ਵੀ ਏਰੀਆ ਇਸ ਵਿਚ ਹੀ ਆ ਜਾਂਦਾ ਹੈ । ਮੇਰਾ ਮਤਲਬ ਹੈ ਕਿ ਉਥੇ ਟੀਚਰਜ਼ ਨੂੰ ਕੋਈ ਇਨਸੈਂਨਟਿਵ ਦਿਓ ਤਾਂ ਕਿ ਉਥੇ ਉਹ ਜਾਣ ।

ਮੰਤਰੀ : ਅਸੀਂ ਸਪੀਕਰ ਸਾਹਿਬ, ਇਹ ਪ੍ਰਬੰਧ ਕਰਾਂਗੇ ਟੀਚਰਾਂ ਦਾ । ਇਹ ਵੀ ਸਾਡੀ ਮਦਦ ਕਰਨ । ਅਸੀਂ ਵੀ ਯਤਨ ਕਰਾਂਗੇ ਕਿ ਉਨ੍ਹਾਂ ਇਲਾਕਿਆਂ ਵਿਚ ਟੀਚਰ ਜਾਣ ।

ਡਾਕਟਰ ਅਮੀਰ ਸਿੰਘ ਕਪੂਰਟ : ਸਪੀਕਰ ਸਾਹਿਬ, ਅਧਿਆਪਕਾਂ ਦੀ ਕਮੀ ਪਿੰਡਾਂ ਵਿਚ ਇਸ ਕਰਕੇ ਹੈ ਕਿਉਂਕਿ ਉਨ੍ਹਾਂ ਨੂੰ ਅੱਛੇ ਮਕਾਨ ਨਹੀਂ ਮਿਲਦੇ, ਕੋਈ ਸਹੂਲਤ ਨਹੀਂ ਹੈ । ਆਇਆ ਸਰਕਾਰ ਇਸ ਗੱਲ ਤੇ ਵਿਚਾਰ ਕਰੇਗੀ ਕਿ ਜਿਹੜੇ ਬੈਕਵਰਡ ਏਰੀਆਜ਼ ਹਨ, ਉਥੇ ਸਕੂਲਾਂ ਦੇ ਨਾਲ ਹੀ ਰੈਜ਼ੀ— ਡੈਂਸ਼ੀਅਲ ਕੁਆਰਟਰਜ਼ ਬਣਾ ਦਿਤੇ ਜਾਣ ?

ਸ੍ਰੀ ਸਪੀਕਰ : ਵਜ਼ੀਰ ਸਾਹਿਬ, ਇਹ ਸਜੈਸ਼ਨ ਆਈ ਹੈ । (*Addressing the Education Minister*: Here is a suggestion from the hon. Member.)

ਮੰਤਰੀ : ਸਪੀਕਰ ਸਾਹਿਬ ਸਜੈਸ਼ਨ ਚੰਗੀ ਹੈ ਪਰ ਇਸ ਵਿਚ ਫਾਈਨੈਂਸਿਜ਼ ਦੀ ਅੜਚਨ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਜਿਥੇ ਅਧਿਆਪਕ ਨਹੀਂ ਹਨ ਸਰਕਾਰ ਪੂਰਾ ਪੂਰਾ ਯਤਨ ਕਰੇਗੀ ਔਰ ਉਥੇ ਟੀਚਰਜ਼ ਭੇਜਣ ਦੇ ਯਤਨ ਕਰਾਂਗੇ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਹ ਸਵਾਲ ਬਲਾਚੌਰ ਬਲਾਕ ਦਾ ਹੀ ਹੈ । ਪਰ ਪੰਜਾਬ ਵਿਚ ਸੈਂਕੜੇ ਪੋਸਟਾਂ ਕਈਆਂ ਸਾਲਾਂ ਤੋਂ ਖਾਲੀ ਪਈਆਂ ਹਨ, ਕੀ ਮਨਿਸਟਰ ਸਾਹਿਬ ਇਸ ਤੋਂ ਗ਼ਫ਼ਲਤ ਤਾਂ ਨਹੀਂ ਕਰਦੇ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸ ਬੈਠਾ ਹਾਂ ਕਿ ਅਸੀਂ ਪੰਜ ਹਜ਼ਾਰ ਪੋਸਟਾਂ 31 ਮਾਰਚ, ਤੋਂ ਪਹਿਲਾਂ ਪਹਿਲਾਂ ਭਰ ਦੇਣੀਆਂ ਹਨ ।

ਸ੍ਰੀ ਪ੍ਰਤਾਪ ਚੰਦ ਭੰਡਾਰੀ : ਜਿਹੜੇ ਬਾਰਡਰ ਦੇ ਉਤੇ ਸਕੂਲ ਹਨ, ਕੀ ਸਰਕਾਰ ਇਸ ਗੱਲ ਤੇ ਵਿਚਾਰ ਕਰੇਗੀ ਕਿ ਉਥੇ ਰਹਿਣ ਵਾਲਿਆਂ ਲੋਕਾਂ ਦੀ ਐਂਪਲਾਏਮੈਂਟ ਹਾਸਲ ਕਰਨ ਵਾਸਤੇ ਉਨ੍ਹਾਂ ਦੀ ਰਜਿਸਟਰੇਸ਼ਨ ਐਂਪਲਾਏਮੈਂਟ ਐਕਸਚੇਂਜ ਵਿਚ ਨਾ ਕੀਤੀ ਜਾਵੇ ਅਤੇ ਜਦੋਂ ਉਨ੍ਹਾਂ ਨੂੰ ਲਗਾਉਣਾ ਹੋਵੇ ਤਾਂ ਬਗੈਰ ਐਂਪਲਾਏਮੈਂਟ ਐਕਸਚੇਂਜ ਦੇ ਹੀ ਲਗਾ ਲਿਆ ਜਾਵੇ ਤਾਂ ਜੋ ਉਹ ਉਥੇ ਪੜ੍ਹਾ ਸਕਣ ?

ਮੰਤਰੀ : ਇਹ ਗੱਲ ਨਹੀਂ ਬਣੇਗੀ । ਇਸ ਦੇ ਵਾਸਤੇ ਅੜਚਨ ਆਉਂਦੀ ਹੈ ਕਿਉਂਕਿ ਸਟੇਟ ਦੇ ਟੀਚਰਾਂ ਲਈ ਇਕੋ ਹੀ ਕਾਇਦਾ ਕਾਨੂੰਨ ਲਾਗੂ ਹੁੰਦਾ ਹੈ । ਪਰ ਇਹ ਵੀ ਯਤਨ ਕਰਨ, ਮੈਂ ਵੀ ਕਰਦਾ ਹਾਂ ਤਾਂ ਕਿ ਉਥੇ ਪੋਸਟਾਂ ਖਾਲੀ ਨਾ ਰਹਿਣ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿਚ ਸਕੂਲ ਹਨ, ਉਥੇ ਜਿਹੜੇ 5ਵੀਂ ਤਕ ਛੋਟੇ ਬੱਚੇ ਪੜ੍ਹਦੇ ਹਨ, ਉਹ ਘਰੋਂ ਆਪਣੀਆਂ ਬੋਰੀਆਂ ਬੈਠਣ ਵਾਸਤੇ ਲੈ ਕੇ ਜਾਂਦੇ ਹਨ। ਕੀ ਸਰਕਾਰ ਉਨ੍ਹਾਂ ਵਾਸਤੇ ਤਪੜਾਂ ਦਾ ਪ੍ਰਬੰਧ ਕਰੇਗੀ?

ਮੰਤਰੀ : ਜੇ ਮਰੜ੍ਹੀ ਸਾਹਿਬ ਦੇ ਨੋਟਿਸ ਵਿਚ ਕੋਈ ਅਜਿਹਾ ਸਕੂਲ ਹੈ ਤਾਂ ਮੈਨੂੰ ਦਸਣ ਅਸੀਂ ਇਸ ਬਾਰੇ ਪ੍ਰਬੰਧ ਕਰਾਂਗੇ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ......

ਸ੍ਰੀ ਸਪੀਕਰ : ਮਰੜ੍ਹੀ ਸਾਹਿਬ, ਕਾਫੀ ਹੋ ਗਿਆ ਹੈ । ਜਿਥੇ ਕਿਤੇ ਤਪੜ ਨਹੀਂ ਹੋਣਗੇ ਉਥੇ ਪ੍ਰਬੰਧ ਕਰ ਦਿਤਾ ਜਾਵੇਗਾ, ਤੁਸੀਂ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆ ਦੇਵੋ । (Marhari Sahib, there has been much discussion on this question. If there is no arrangement of 'Tats' in any school please bring it to the notice of the hon. Minister and the arrangement will be made.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜੇ ਕੋਈ ਅਜਿਹਾ ਸਕੂਲ ਮੇਰੇ ਨੋਟਿਸ ਵਿਚ ਹੈ ਤਾਂ ਮੈਂ ਉਨ੍ਹਾਂ ਦੇ ਨੋਟਿਸ ਵਿਚ ਲਿਆਵਾਂ । ਇਸ ਬਾਰੇ ਮੈਂ ਇਹ ਕਹਿਣਾ ਚਾਹੁਦਾ ਹਾਂ ਕਿ ਕੀ ਸਰਕਾਰ ਕੋਲ ਜਿਨੀ ਸੀ.ਆਈ.ਡੀ. ਹੈ, ਉਹ ਕੀ ਸਕੂਲਾਂ ਦਾ ਪਤਾ ਨਹੀਂ ਕਰ ਸਕਦੀ ?

ਸ੍ਰੀ ਸਪੀਕਰ : ਇਹ ਸਵਾਲ ਨਹੀਂ ਅਰਾਈਜ਼ ਹੁੰਦਾ । (This question does not arise.)

ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਬਲਾਕ ਪੱਧਰ ਤੇ ਟੂਰਨਾਮੈਂਟ ਕਰਵਾਉਣ ਲਈ ਪ੍ਰਸਤਾਵ

*2959. **ਮਾਸਟਰ ਦਲੀਪ ਚੰਦ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਰਾਜ ਵਿਚ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਬਲਾਕ ਪੱਧਰ ਤੇ ਟੂਰਨਾਮੈਂਟ ਕਰਵਾਉਣ ਲਈ ਵਿਚਾਰ ਰਖਦੀ ਹੈ, ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤਕ ਕੀਤੇ ਜਾਣ ਦਾ ਵਿਚਾਰ ਹੈ?

ਸ੍ਰੀ ਗੁਰਮੇਲ ਸਿੰਘ : ਨਹੀਂ ਜੀ । (No Sir)

ਮਾਸਟਰ ਦਲੀਪ ਚੰਦ : ਪ੍ਰਾਇਮਰੀ ਸਕੂਲਾਂ ਵਿਚ ਬੱਚਿਆਂ ਵਾਸਤੇ ਖੇਲ੍ਹਾਂ ਦੇ ਟੂਰਨਾਮੈਂਟ ਹੋਣੇ ਚਾਹੀਦੇ ਹਨ ਅਤੇ ਕੀ ਸਰਕਾਰ ਇਨ੍ਹਾਂ ਨੂੰ ਸ਼ੁਰੂ ਕਰਨ ਦਾ ਕੋਈ ਪ੍ਰਬੰਧ ਕਰੇਗੀ?

ਮੰਤਰੀ : ਇਕ ਸਪੋਰਟਸ ਕਮੇਟੀ ਬਣਾਈ ਹੈ ਸਕੂਲਾਂ ਦੇ ਬਾਰੇ, ਉਸ ਨੂੰ ਅਸੀ ਇਹ ਮਸਲਾ ਰੈਫਰ ਕਰ ਦਿਆਂਗੇ, ਅਤੇ ਉਹ ਐਗਜ਼ਾਮਿਨ ਕਰ ਕੇ ਜੋ ਦਸੇਗੀ, ਉਸ ਤੇ ਸਰਕਾਰ ਫਿਰ ਵਿਚਾਰ ਕਰੇਗੀ ।

ਚੋਧਰੀ ਦਰਸ਼ਨ ਸਿੰਘ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਲੱਖਾਂ ਰੁਪਏ ਦਾ ਖੇਲ੍ਹਾਂ ਦਾ ਸਾਮਾਨ ਸਕੂਲਾਂ ਵਿਚ ਸਪਲਾਈ ਹੋਇਆ। ਹੰਡਰਡ ਐਂਡ ਵਨ ਕੰਪਲੇਂਟਸ ਇਸ ਬਾਰੇ ਵਿਚ ਹੋਈਆਂ ਕਿ ਸਾਮਾਨ ਸਪਲਾਈ ਨਹੀਂ ਕੀਤਾ ਗਿਆ ਅਤੇ ਇਧਰ ਉਧਰ ਹੋ ਗਿਆ । ਕੀ ਵਜ਼ੀਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਵਾਉਣਗੇ ਕਿ ਉਹ ਸਾਮਾਨ ਕਿਥੇ ਗਿਆ ।?

ਮੰਤਰੀ : ਜੇ ਚੋਧਰੀ ਸਾਹਿਬ ਮੇਰੇ ਨੋਟਿਸ ਵਿਚ ਲਿਆ ਦੇਣ ਕਿ ਸਾਮਾਨ ਕਿਥੇ ਪਿਆ ਹੈ, ਜਾਂ ਕਿਸ ਨੇ ਖਰੀਦਿਆ ਹੈ ਤੇ ਕਿਉਂ ਸਪਲਾਈ ਨਹੀਂ ਹੋਇਆ, ਤਾਂ ਇਸ ਗੱਲ ਦਾ ਪਤਾ ਕਰ ਲਵਾਂਗੇ।

ਸ੍ਰੀ ਪ੍ਰੇਮ ਗੁਪਤਾ : ਪਿਛਲੇ ਸੈਸ਼ਨ ਵਿਚ ਦੋ ਡੀ.ਈ.ਓਜ਼. ਬਠਿੰਡਾ ਅਤੇ ਫਰੀਦਕੋਟ ਦੇ ਖਿਲਾਫ ਐਲੀਗੇਸ਼ਨ ਲਗੇ ਸਨ......

ਸ੍ਰੀ ਸਪੀਕਰ : ਇਹ ਤਾਂ ਟੂਰਨਾਮੈਂਟ ਦੇ ਬਾਰੇ ਸਵਾਲ ਹੈ । (This question relates to tournaments.)

ਸ੍ਰੀ ਪ੍ਰੇਮ ਗੁਪਤਾ : ਇਕ ਇਕ ਰੁਪਏ ਦੀ ਫਿੰਡ 9—9 ਰੁਪਏ ਵਿਚ ਲੈਂਦੇ ਹਨ । ਵਜ਼ੀਰ ਸਾਹਿਬ ਨੇ ਇਨਕੁਆਇਰੀ ਕਰਨ ਦਾ ਵਾਇਦਾ ਕੀਤਾ ਸੀ । ਮੈਂ ਇਹ ਪੁਛਣਾ ਹੈ ਕਿ ਕੀ ਐਕਸ਼ਨ ਲਿਆ ਗਿਆ ਹੈ ?

ਮੰਤਰੀ : ਮੈਨੂੰ ਪਤਾ ਹੈ ਕਿ ਡੀ.ਈ.ਓ. ਬਠਿੰਡਾ ਤਾਂ ਸਸਪੈਂਡ ਹੋ ਚੁਕਾ ਹੈ । ਜੇ ਦੂਜੇ ਦੇ ਖਿਲਾਫ ਵੀ ਕੋਈ ਚੀਜ਼ ਹੋਈ ਅਤੇ ਉਸ ਦਾ ਕਸੂਰ ਹੋਇਆ ਤਾਂ ਵੇਖ ਲਵਾਂਗੇ ਅਤੇ ਐਕਸ਼ਨ ਲਵਾਂਗੇ । ਜਿਸ ਦੇ ਖਿਲਾਫ ਕੋਈ ਐਲੀਗੇਸ਼ਨ ਹੋਵੇਗਾ, ਅਗਰ ਉਹ ਸਾਬਤ ਹੋ ਜਾਵੇ ਤਾਂ ਜ਼ਰੂਰ ਐਕਸ਼ਨ ਲਿਆ ਜਾਵੇਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੁਝ ਐਮ.ਐਲ.ਏਜ਼. ਸਾਹਿਬਾਨ ਨੇ ਇਹ ਗੱਲ ਕਹੀ ਸੀ ਕਿ ਡੀ.ਈ.ਓ. ਬਠਿੰਡਾ ਨੂੰ ਇਸ ਕਰਕੇ ਸਸਪੈਂਡ ਕੀਤਾ ਗਿਆ ਕਿ ਕਿਉਂਕਿ ਵਜ਼ੀਰ ਸਾਹਿਬ ਨੇ ਉਸ ਨੂੰ ਕਿਹਾ ਸੀ ਕਿ ਉਸ ਨੇ ਇਲੈਕਸ਼ਨਾਂ ਵਿਚ ਮਦਦ ਨਹੀਂ ਸੀ ਕੀਤੀ ਇਸ ਕਰਕੇ ਉਨ੍ਹਾਂ ਨੂੰ ਸਸਪੈਂਡ ਕੀਤਾ ਜਾਵੇਗਾ ।

ਸ੍ਰੀ ਸਪੀਕਰ : ਇਹ ਕੋਈ ਸਵਾਲ ਨਹੀਂ । (This is no supplementary.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਇਸ ਦਾ ਜਵਾਬ ਤਾਂ ਦੇਣ ਅਤੇ ਜੇ ਇਸ ਤਰ੍ਹਾਂ ਇਨ੍ਹਾਂ ਨੇ ਨਹੀਂ ਕੀਤਾ ਤਾਂ ਦਸਣ ।

ਸ੍ਰੀ ਸਪੀਕਰ : ਇਹ ਸਵਾਲ ਅਰਾਈਜ਼ ਨਹੀਂ ਹੁੰਦਾ । (This supplementary does not arise out of this question.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਸ ਦਾ ਸਬੰਧ ਹੈ, ਵਜ਼ੀਰ ਸਾਹਿਬ ਇਸ ਦਾ ਜਵਾਬ ਦੇਣ ।

ਸ੍ਰੀ ਸਪੀਕਰ : ਵਜ਼ੀਰ ਸਾਹਿਬ, ਤੁਸੀ ਕੋਈ ਜਵਾਬ ਦੇਣਾ ਹੈ । (Minister Sahib, would you like to give a reply to this supplementary ?)

ਮੰਤਰੀ : ਸਪੀਕਰ ਸਾਹਿਬ, ਜੋ ਕੁਝ ਖਾਲਸਾ ਜੀ ਨੇ ਕਿਹਾ ਹੈ ਇਹ ਇਲਜ਼ਾਮ ਬਿਲਕੁਲ ਗਲਤ ਤੇ ਬੇਬੁਨਿਆਦ ਹੈ ।

(ਅਕਾਲੀ ਮੈਂਬਰਾਂ ਵਲੋਂ ਵਿਘਨ)

Mr. Speaker : Order please. Next question.

STARRED QUESTION No. 2942**

ਸ੍ਰੀ ਸਪੀਕਰ : ਪਾਂਡੇ ਸਾਹਿਬ, ਇਸ ਸਵਾਲ ਦੀ ਐਕਸਟੈਨਸ਼ਨ ਬਾਰੇ ਵਿਧਾਨ ਸਕੱਤਰੇਤ ਨੂੰ ਕੋਈ ਚਿਠੀ ਨਹੀਂ ਆਈ ਅਤੇ ਨਾ ਹੀ ਕੋਈ ਜਵਾਬ ਆਇਆ ਹੈ । (Pandey Sahib, neither any intimation for seeking extension in respect of this question nor any reply thereto has been received in this Secretariat.)

ਰਾਜ ਮੰਤਰੀ : ਇਸ ਦੀ ਐਕਸਟੈਨਸ਼ਨ ਬਾਰੇ, ਸਪੀਕਰ ਸਾਹਿਬ, ਕਲ੍ਹ ਲਿਖ ਕੇ ਭੇਜ ਦਿਤਾ ਸੀ ।

ਸ੍ਰੀ ਸਪੀਕਰ : ਮੇਰੇ ਕੋਲ ਕੋਈ ਇਨਫਰਮੇਸ਼ਨ ਨਹੀਂ ਆਈ ਜੀ । ਇਸ ਗਲ ਦਾ ਖਿਆਲ ਰਖਿਆ ਜਾਵੇ ਕਿ ਵਕਤ ਤੇ ਇੰਟੀਮੇਸ਼ਨ ਆ ਜਾਇਆ ਕਰੇ । (I have received no information. In future, it may be ensured that intimation reaches well in time.)

ਸਰਦਾਰ ਧੰਨਾ ਸਿੰਘ ਗੁਲਸ਼ਨ : * * *

ਸ੍ਰੀ ਸਪੀਕਰ : ਜੋ ਕੁਝ ਮੈਂਬਰ ਸਾਹਿਬ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । ਗੁਲਸ਼ਨ ਜੀ, ਬੈਠੋ । ਇਹ ਕੋਈ ਡਿਬੇਟ ਤਾਂ ਨਹੀਂ ਹੋ ਰਹੀ, ਕੁਐਸ਼ਚਨ ਆਵਰ ਹੈ ਤੁਸੀਂ ਤਸ਼ਰੀਫ ਰਖੋ ਤੁਸੀਂ ਤਾਂ ਪਾਰਲੀਆਮੈਂਟ ਦੇ ਮੈਂਬਰ ਰਹੇ ਹੋ । (Whatever the hon. Member is saying should not be recorded. Gulshan Ji, no debate is in progress. This is Question Hour. You have been a member of the Parliament and you know the procedure. Please resume your seat.)

ਸਰਦਾਰ ਧੰਨਾ ਸਿੰਘ ਗੁਲਸ਼ਨ : * * * *

ਸ੍ਰੀ ਸਪੀਕਰ ; ਜੋ ਕੁਝ ਮੈਂਬਰ ਸਾਹਿਬ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying should not be recorded.)

---

* Not recorded as ordered by the Chair.

** For Starred Question No. 2942 and reply thereto please *see* Punjab Vidhan Sabha Debate dated 27th January, 1975.

ਪੰਚਾਇਤਾਂ, ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀ ਚੋਣ

*2962. ਗਿਆਨੀ ਕੁੰਦਨ ਸਿੰਘ ਪਤੰਗ : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਰਾਜ ਵਿੱਚ ਪੰਚਾਇਤਾਂ, ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀਆਂ ਚੋਣਾਂ ਕਿਸ ਮਹੀਨੇ ਦੇ ਦੌਰਾਨ ਹੋਣੀਆਂ ਹਨ ;

(ਅ) ਅਜਿਹੀਆਂ ਚੋਣਾਂ ਕਰਵਾਉਣ ਵਿਚ ਦੇਰੀ ਦੇ ਕੀ ਕਾਰਣ ਹਨ ?

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ): (ੳ) ਰਾਜ ਵਿਚ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਉਹਨਾਂ ਸਾਹਮਣੇ ਲਿਖੇ ਮਹੀਨਿਆਂ ਵਿਚ ਹੋਣਗੀਆਂ :—

(1)	ਪੰਚਾਇਤਾਂ	... ਜੁਲਾਈ, 1977
(2)	ਪੰਚਾਇਤ ਸਮਿਤੀਆਂ	... ਫਰਵਰੀ, 1975
(3)	ਜ਼ਿਲ੍ਹਾ ਪ੍ਰੀਸ਼ਦਾਂ	... ਮਾਰਚ, 1975

(ਅ) (1) ਪੰਚਾਇਤਾਂ ਦੀਆਂ ਚੋਣਾਂ ਜੂਨ, 1972, ਵਿਚ ਹੋਈਆਂ ਸਨ ਅਤੇ ਅਗਲੀਆਂ ਚੋਣਾਂ ਪੰਜ ਸਾਲਾਂ ਪਿਛੋਂ ਕਰਵਾਉਣੀਆਂ ਹੋਣਗੀਆਂ ।

(2) ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ 1970 ਵਿਚ ਹੋਣੀਆਂ ਸਨ ਪਰੰਤੂ ਉਹ ਪੰਚਾਇਤਾਂ ਦੀਆਂ ਚੋਣਾਂ ਨਾ ਹੋਣ ਅਤੇ ਉਸ ਉਪਰੰਤ ਪੰਚਾਇਤ ਰਾਜ ਪ੍ਰਣਾਲੀ ਦੀ ਨਵੀਂ ਬਣਤਰ, ਸਰਕਾਰ ਵਲੋਂ ਇਸ ਮੰਤਵ ਲਈ ਨਿਯੁਕਤ ਕੀਤੀਆਂ ਕਮੇਟੀਆਂ ਦੇ, ਵਿਚਾਰ ਅਧੀਨ ਹੋਣ ਕਾਰਨ ਨਹੀਂ ਕਰਵਾਈਆਂ ਜਾ ਸਕੀਆਂ । ਦੇਰੀ ਨੂੰ ਮੁੱਖ ਰਖਦਿਆਂ ਇਹ ਚੋਣਾਂ ਪਹਿਲੇ ਜੂਨ, 1973 ਵਿਚ ਕਰਵਾਉਣੀਆਂ ਨਿਯਤ ਕੀਤੀਆਂ ਗਈਆਂ ਸਨ ਪਰੰਤੂ ਕਈ ਪ੍ਰਬੰਧਕੀ ਕਾਰਨਾਂ ਅਤੇ ਕਾਨੂੰਨੀ ਅੜਚਨਾਂ ਕਾਰਨ ਮੁਲਤਵੀ ਕਰਨੀਆਂ ਪਈਆਂ । ਫਿਰ ਚੋਣਾਂ ਨਵੰਬਰ, ਦਸੰਬਰ, 1974 ਵਿਚ ਕਰਵਾਉਣ ਲਈ ਪ੍ਰੋਗਰਾਮ ਬਣਾਇਆ ਗਿਆ ਪਰੰਤੂ ਬਿਜਾਈ ਦਾ ਸਮਾਂ ਹੋਣ ਕਾਰਨ ਅਗੇ ਪਾਉਣੀਆਂ ਪਈਆਂ । ਹੁਣ ਇਹ ਚੋਣਾਂ ਫਰਵਰੀ ਤੋਂ ਅਪਰੈਲ, 1975 ਤੱਕ ਕਰਵਾਉਣ ਦਾ ਪ੍ਰੋਗਰਾਮ ਹੈ ।

[(a) Elections to Panchayats, Panchayat Samities and Zila Parishads will be held in the months noted against each :—

(i)	Panchayats	.. July, 1977
(ii)	Panchayat Samitis	.. February, 1975
(iii)	Zila Parishads	.. March, 1975

(b) (i) Elections of Panchayats were held in June, 1972 and next elections thereof will become due after five years.

(ii) Elections to Panchayat Samitis and Zila Parishads were due in the year 1970 but the elections of Panchayats having not been held and thereafter the new Panchayati Raj System as recommended by various Committees appointed by Government for the purpose, being under consideration, those could not be held. In view of delay already occurred the holding of these elections was firstly fixed in June, 1973 but due to certain administrative and legal complications the

elections had to be postponed. After that programme for holding these elections in November-December, 1974 was chalked out but due to receipt of representations from villagers that the month of November-December, 1974 being the sowing season of Hari Crops the elections should be postponed, the elections had to be postponed. Now these elections, according to the programme are to be held from February to April, 1975.)

ਸਰਦਾਰ ਜਸਵਿੰਦਰ ਸਿੰਘ ਬਰਾੜ : ਦੋ-ਤਿੰਨ ਵਾਰੀ ਇਹ ਇਲੈਕਸ਼ਨ ਪੋਸਟਪੋਨ ਕੀਤੇ ਗਏ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਕੋਈ ਤਾਰੀਖ ਦਸਣਗੇ, ਜਿਸ ਤਕ ਸਾਰੇ ਇਲੈਕਸ਼ਨ ਹੋ ਜਾਣਗੇ ?

ਵਿੱਤ ਮੰਤਰੀ : ਪੰਚਾਇਤ ਸੰਮਿਤਆਂ ... ਫਰਵਰੀ, 1975.
ਜ਼ਿਲ੍ਹਾ ਪ੍ਰੀਸ਼ਦਾਂ ... ਮਾਰਚ, 1975.

ਸਰਦਾਰ ਜਸਵਿੰਦਰ ਸਿੰਘ ਬਰਾੜ : ਕੋਈ ਡੇਟ ਸੈਟਲ ਹੋ ਗਈ ਹੈ, ਡੈਫਿਨਿਟ ਗਲ ਦਸਣ ।

ਮੰਤਰੀ : ਨੋਟੀਫਿਕੇਸ਼ਨ ਇਸ਼ੂ ਹੋ ਗਈ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਹੁਣ ਤਕ ਦੇਰੀ ਦਾ ਕੀ ਕਾਰਣ ਸੀ ?

ਮੰਤਰੀ : ਇਸ ਬਾਰੇ ਮੈਂ ਕਹਿਣਾ ਨਹੀਂ ਚਾਹੁੰਦਾ, ਪਰ ਇਨ੍ਹਾਂ ਦੀ ਹੀ ਮਿਹਰਬਾਨੀ ਹੈ ਕਿ 7 ਸਾਲ ਇਲੈਕਸ਼ਨ ਨਹੀਂ ਕਰਵਾਏ ਗਏ ।

(ਅਕਾਲੀ ਮੈਂਬਰਾਂ ਵਲੋਂ ਵਿਘਨ ਤੇ ਸ਼ੋਰ)

Mr. Speaker : Order please.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਪੰਚਾਇਤ ਦੀਆਂ ਇਲੈਕਸ਼ਨਾਂ ਬਾਰੇ ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਇਸ ਦੇ ਬਾਰੇ ਸਰਕਾਰ ਨੇ ਇਕ ਕਮੇਟੀ ਨਿਯੁਕਤ ਕੀਤੀ ਸੀ । ਅਤੇ ਉਸ ਨੇ ਆਪਣਾ ਵਿਚਾਰ ਪੂਰਾ ਨਹੀਂ ਕੀਤਾ ਸੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਹੁਣ ਉਸ ਕਮੇਟੀ ਨੇ ਆਪਣੀ ਰਿਪੋਰਟ ਦੇ ਦਿਤੀ ਹੈ ਸਰਕਾਰ ਨੂੰ ਅਤੇ ਆਪਣਾ ਵਿਚਾਰ ਪੂਰਾ ਕਰ ਲਿਆ ਹੈ ਅਤੇ ਰਿਕਮੈਂਡੇਸ਼ਨਜ਼ ਕੀਤੀਆਂ ਹਨ ਅਤੇ ਸਰਕਾਰ ਹੁਣ ਚੋਣਾਂ ਕਰਵਾਉਣ ਦੀ ਗਲ ਕਰ ਰਹੀ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਇਲੈਕਸ਼ਨ ਉਸ ਕਮੇਟੀ ਦੀਆਂ ਰਿਕਮੈਂਡੇਸ਼ਨਜ਼ ਦੇ ਅਧਾਰ ਤੇ ਹੋਣਗੀਆਂ ਜਾਂ ਪੁਰਾਣੇ ਐਕਟ ਦੇ ਮੁਤਾਬਿਕ ਹੋਣਗੀਆਂ?

ਵਿੱਤ ਮੰਤਰੀ : ਜਿਹੜੀਆਂ ਇਸ ਕਮੇਟੀ ਨੇ ਰਿਕਮੈਂਡੇਸ਼ਨਜ਼ ਕੀਤੀਆਂ ਹਨ, ਉਨ੍ਹਾਂ ਦੀਆਂ ਬੜੀਆਂ ਵਾਈਡਰ ਇੰਪਲੀਕੇਸ਼ਨਜ਼ ਹਨ ਅਤੇ ਕੈਬਨਿਟ ਸਬ-ਕਮੇਟੀ ਨੇ 4-5 ਮੀਟਿੰਗਜ਼ ਇਸ ਬਾਰੇ ਕੀਤੀਆਂ, ਪਰ ਮਹਿਸੂਸ ਇਹ ਕੀਤਾ ਗਿਆ ਉਨ੍ਹਾਂ ਸਾਰੀਆਂ ਰਿਕਮੈਂਡੇਸ਼ਨਜ਼ ਨੂੰ ਅਮਲ ਵਿਚ ਲਿਆਉਣ ਵਿਚ ਫਿਰ ਇਕ ਲੰਮਾ-ਚੌੜਾ ਕੰਮ ਪੈ ਜਾਵੇਗਾ ਅਤੇ ਫਿਰ ਇਹ ਇਸ ਤਰ੍ਹਾਂ ਨਾਲ ਤਾਂ ਇਲੈਕਸ਼ਨ ਹੋਣਗੇ ਹੀ ਨਹੀਂ । ਇਸ ਕਰਕੇ ਇਹ ਕੀਤਾ ਗਿਆ ਕਿ ਇਲੈਕਸ਼ਨਾਂ ਪੁਰਾਣੇ ਐਕਟ ਦੇ ਮੁਤਾਬਕ ਕਰਵਾ ਦਿਤੀਆਂ ਜਾਣ ਅਤੇ ਉਸ ਤੋਂ ਬਾਅਦ ਕੈਬਨਿਟ ਦੀ ਸਬ-ਕਮੇਟੀ ਉਸ ਕਮੇਟੀ ਦੀਆਂ ਰਿਕਮੈਂਡੇਸ਼ਨਜ਼, ਜਿਹੜੀਆਂ ਚੇਂਜਿਜ਼ ਅਤੇ ਸੁਜੈਸ਼ਨਜ਼ ਹਨ, ਉਨ੍ਹਾਂ ਨੂੰ ਆਨ ਮੈਰਿਟ ਕਨਸਿਡਰ ਕਰਕੇ ਅਮੈਂਡਮੈਂਟ ਵਗੈਰਾ ਕੀਤੀ ਜਾਵੇ ।

ਚੌਧਰੀ ਦਰਸ਼ਨ ਸਿੰਘ : ਉਸ ਕਮੇਟੀ ਨੇ ਸਰਕਾਰ ਨੂੰ ਕਦੋਂ ਰਿਪੋਟ ਦਿਤੀ ਸੀ? ਜੇ ਸਰਕਾਰ ਨੇ, ਐਜ਼ ਇਟ ਇਜ਼, ਇਲੈਕਸ਼ਨਜ਼ ਕਰਵਾਉਣ ਦਾ ਫੈਸਲਾ ਕਰ ਲਿਆ ਅਤੇ ਕਮੇਟੀ ਦੀਆਂ ਰਿਕਮੈਂਡੇਸ਼ਨਜ਼ ਦੇ ਮੁਤਾਬਿਕ ਨਹੀਂ ਕੀਤਾ , ਤਾਂ ਫਿਰ ਇਲੈਕਸ਼ਨ ਕਰਵਾਉਣ ਵਿਚ ਦੇਰ ਕਰਨ ਦੀ ਕੀ ਲੋੜ ਸੀ?

ਮੰਤਰੀ : ਜਵਾਬ ਦੇ ਚੁੱਕਾ ਹਾਂ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੇ ਇਲੈਕਸ਼ਨ 1975 ਵਿਚ ਕਰਾਉਣ ਲਈ ਦੱਸੇ ਹਨ ਅਤੇ ਪੰਚਾਇਤਾਂ ਦੇ ਇਲੈਕਸ਼ਨ ਇਸ ਤੋਂ ਬਾਅਦ ਹੋਣੇ ਹਨ, ਇਸ ਨਾਲ ਉਨ੍ਹਾਂ ਦਾ ਆਪਸ ਵਿਚ ਤਾਲ ਮੇਲ ਕਿਸ ਤਰ੍ਹਾਂ ਰਹੇਗਾ । ਕੀ ਇਨ੍ਹਾਂ ਨੇ ਉਨ੍ਹਾਂ ਦਾ ਤਾਲਮੇਲ ਰਖਣ ਵਾਸਤੇ ਕੋਈ ਤਰੀਕਾ ਰਖਿਆ ਹੈ ?

ਮੰਤਰੀ : ਪੰਚਾਇਤਾਂ ਦੇ ਇਲੈਕਸ਼ਨ ਪਿਛੇ ਹੋ ਵੀ ਚੁਕੇ ਹਨ ਅਤੇ ਹੁਣ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੇ ਇਲੈਕਸ਼ਨ ਹੋਣੇ ਹਨ, ਇਸ ਨਾਲ ਉਨ੍ਹਾਂ ਦੇ ਤਾਲਮੇਲ ਵਿਚ ਕੋਈ ਫਰਕ ਤਾਂ ਨਹੀਂ ਪੈਣਾ ਜੀ ।

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦ ਹਾਂ ਕਿ ਜਿਹੜੀ ਕਮੇਟੀ ਬਣਾਈ ਗਈ ਸੀ ਇਸ ਤੇ ਲੱਖ 2 ਲੱਖ ਰੁਪਿਆ ਵੀ ਖਰਚ ਕੀਤਾ ਸੀ ਪਰ ਜੇ ਇਨ੍ਹਾਂ ਨੇ ਪੁਰਾਣਾ ਢਾਂਚਾ ਹੀ ਕਾਇਮ ਰੱਖਣਾ ਸੀ ਤਾਂ ਫਿਰ ਇਸ ਕਮੇਟੀ ਦਾ ਕੀ ਫਾਇਦਾ ਸੀ ? ਫਿਰ ਤਾਂ ਪੈਸਾ ਹੀ ਖਰਾਬ ਕਰਨਾ ਸੀ ?

ਮੰਤਰੀ : ਸਪੀਕਰ ਸਾਹਿਬ, ਇਸ ਕਮੇਟੀ ਦੀਆਂ ਰੀਕਮੈਂਡੇਸ਼ਨਾਂ ਨੂੰ ਨਿਹਾਇਤ ਸੰਜੀਦਗੀ ਨਾਲ ਵਿਚਾਰਿਆ ਜਾ ਰਿਹਾ ਹੈ ਅਤੇ ਜਿਹੜੀਆਂ ਹੁਣੇ ਹੀ ਯੂਜ਼ਫੁਲ ਹੋ ਸਕਦੀਆਂ ਸਨ ਉਨ੍ਹਾਂ ਨੂੰ ਹੁਣੇ ਹੀ ਲੈ ਲਿਆ ਅਤੇ ਬਾਕੀ ਰਿਕਮੈਂਡੇਸ਼ਨਜ਼ ਤੇ ਚੰਗੀ ਤਰ੍ਹਾਂ ਵਿਚਾਰ ਕੀਤਾ ਜਾ ਰਿਹਾ ਹੈ । ਇਸ ਲਈ ਇਹ ਕਹਿਣਾ ਕਿ ਪੈਸਾ ਜ਼ਾਇਆ ਕੀਤਾ ਗਿਆ ਹੈ ਇਹ ਠੀਕ ਨਹੀਂ ਹੈ ।

ਚੌਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ, ਇਹ ਦਸਣ ਦੀ ਖੇਚਲ ਕਰਨਗੇ ਕਿ ਜੂਨ 1972 ਵਿਚ ਪੰਚਾਇਤਾਂ ਦੇ ਇਲੈਕਸ਼ਨ ਹੋਏ ਅਤੇ ਹੁਣ ਫਰਵਰੀ 1975 ਵਿਚ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੇ ਇਲੈਕਸ਼ਨ ਹੋ ਰਹੇ ਹਨ ਅਤੇ ਇਸ ਵਿਚ 3 ਵਰ੍ਹੇ ਹੋ ਗਏ ਹਨ, 5 ਵਰ੍ਹੇ ਪੰਚਾਇਤ ਦਾ ਪੀਰੀਅਡ ਹੈ ਅਤੇ ਫਿਰ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੇ ਇਲੈਕਸ਼ਨ 5 ਸਾਲ ਬਾਅਦ ਹੋਣਗੇ ਕੀ ਇਸ ਨਾਲ ਡਿਫੀਕਲਟੀ ਅਰਾਈਜ਼ ਨਹੀਂ ਹੋਵੇਗੀ ?

ਮੰਤਰੀ : ਨਹੀਂ ਸਪੀਕਰ ਸਾਹਿਬ ਕਾਨੂੰਨੀ ਰਾਏ ਲੈ ਲਈ ਗਈ ਸੀ ।

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਗਲ ਪੁਛਣੀ ਚਾਹੁੰਦਾ ਹਾਂ ਕਿ ਇਹ ਜਿਹੜੇ ਇਲੈਕਸ਼ਨ ਹੋ ਰਹੇ ਹਨ ਉਨ੍ਹਾਂ ਵਿਚ ਮਾਰਕੀਟਿੰਗ ਕਮੇਟੀ ਦੇ ਮੈਂਬਰ ਵੀ ਆਇਆ ਕਰਦੇ ਹਨ, ਕੀ ਮਾਰਕੀਟਿੰਗ ਕਮੇਟੀ ਦੀ ਇਲੈਕਸ਼ਨ ਉਸ ਤੋਂ ਪਹਿਲਾਂ ਕਰਵਾ ਲੈਣਗੇ ?

ਮੰਤਰੀ: ਸਪੀਕਰ ਸਾਹਿਬ, ਪਹਿਲੇ ਇਹ ਉਲਝਣ ਸੀ ਕਿ ਮਾਰਕੀਟਿੰਗ ਕਮੇਟੀ ਦੇ ਇਲੈਕਸ਼ਨ ਕਰਵਾਏ ਬਗੈਰ ਇਲੈਕਸ਼ਨ ਨਹੀਂ ਸੀ ਹੋ ਸਕਦੇ ਪਰ ਹੁਣ ਸੁਪ੍ਰੀਮ ਕੋਰਟ ਦੇ ਫੈਸਲੇ ਦੇ ਅਨੁਸਾਰ ਇਹ ਉਲਝਣ ਹਲ ਹੋ ਗਈ ਹੈ ਹੁਣ ਅਸੀਂ ਇਲੈਕਸ਼ਨ ਕਰਵਾ ਸਕਦੇ ਹਾਂ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਖਜ਼ਾਨਾ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਜਿਹੜੇ ਕਿ ਅੱਜ ਡਿਵੈਲਪਮੈਂਟ ਮਨਿਸਟਰ ਦੀ ਜਗ੍ਹਾ ਤੇ ਜਵਾਬ ਦੇ ਰਹੇ ਹਨ ਕੀ ਉਹ ਇਸ ਹਕੀਕਤ ਤੋਂ ਇਨਕਾਰ ਕਰਨਗੇ ਕਿ ਜੋ ਕਮੇਟੀ ਬਣਾਈ ਗਈ ਸੀ ਉਸ ਵਿਚ ਪੰਚਾਇਤ ਅਤੇ ਡਿਵੈਲਪਮੈਂਟ ਮਨਿਸਟਰ ਵੀ ਸ਼ਾਮਿਲ ਸਨ ਅਤੇ ਉਸ ਕਮੇਟੀ ਦੀ ਰਿਕਮੈਂਡੇਸ਼ਨ ਤੇ ਪੰਚਾਇਤ ਮਨਿਸਟਰ ਵੀ ਯੂਨਾਨੀਮਸ ਸਨ ਤਾਂ ਫਿਰ ਹੁਣ ਉਨ੍ਹਾਂ ਰਿਕਮੈਂਡੇਸ਼ਨਜ਼ ਤੇ ਤਿਖੇ ਮਤ ਭੇਦ ਪੈਦਾ ਹੋ ਗਏ ਹਨ? ਕੀ ਹੁਣ ਉਨ੍ਹਾਂ ਰਿਕਮੈਂਡੇਸ਼ਨਜ਼ ਤੇ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਡਿਵੈਲਪਮੈਂਟ ਮਨਿਸਟਰ ਦੀਆਂ ਸਿਫਾਰਸ਼ਾਂ ਨੂੰ ਮੰਨਣ ਲਈ ਵੀ ਤਿਆਰ ਨਹੀਂ ਹਨ?

ਸ੍ਰੀ ਸਪੀਕਰ: ਤੁਸੀਂ ਸਵਾਲ ਕਰੋ । (Please put your question.)

ਕਾਮਰੇਡ ਰਾਜ ਕੁਮਾਰ : ਮੈਂ ਸਵਾਲ ਕਰ ਰਿਹਾ ਹਾਂ, ਸਪੀਕਰ ਸਾਹਿਬ, ਸਵਾਲ ਦੇ ਦੋ ਹਿਸੇ ਹਨ ਪਹਿਲੀ ਗਲ ਤਾਂ ਇਹ ਕਿ ਰਿਕਮੈਂਡੇਸ਼ਨ ਤੇ ਤਿਖੇ ਮਤਭਦ ਪੈਦਾ ਹੋ ਗਏ ਅਤੇ ਦੂਜੀ ਗਲ ਇਹ ਕਿ ਡਿਵੈਲਪਮੈਂਟ ਅਤੇ ਪੰਚਾਇਤ ਮਨਿਸਟਰ ਦੀ ਸਿਫਾਰਸ਼ ਵੀ ਨਹੀਂ ਮੰਨੀ ਗਈ । (ਸ਼ੋਰ)

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੀ ਸੀ.ਆਈ.ਡੀ. ਦੀ ਰਿਪੋਰਟ ਗਲਤ ਹੈ । ਰਿਕਮੈਂਡੇਸ਼ਨ ਤੇ ਚੰਗੀ ਤਰ੍ਹਾਂ ਵਿਚਾਰ ਕੀਤਾ ਜਾ ਰਿਹਾ ਹੈ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕਮੇਟੀ ਦੀ ਰਿਕਮੈਂਡੇਸ਼ਨ ਤੇ ਨਵੀਂ ਨੋਟੀਫਿਕੇਸ਼ਨ ਕੀਤੀ ਹੈ, ਇਸ ਰਾਹੀਂ ਸਰਕਾਰ ਨੇ ਹਰੀਜਨਾਂ ਦੀ ਕੋਆਪਸ਼ਨ ਆਪਣੇ ਹਥਾਂ ਵਿਚ ਤਾਂ ਨਹੀਂ ਲੈ ਲਈ, ਪਹਿਲੇ ਤਾਂ ਹਰੀਜਨਾਂ ਨੂੰ ਪੂਰਾ ਹਿਸਾ ਮਿਲਦਾ ਸੀ ?

ਮੰਤਰੀ : ਨਹੀਂ ਜੀ, ਬਿਲਕੁਲ ਪਹਿਲੇ ਵਾਲਾ ਹੀ ਸਿਸਟਮ ਹੈ ।

ਸਰਦਾਰ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੰਚਾਇਤਾਂ ਦੀ ਮਿਆਦ ਡੇਢ ਸਾਲ ਨੂੰ ਖਤਮ ਹੋ ਜਾਣੀ ਹੈ ਕੀ ਨਵੀਆਂ ਪੰਚਾਇਤਾਂ ਵਿਚੋਂ ਪੰਚਾਇਤ ਸੰਮਤੀਆਂ ਲਈ ਜਿਹੜੇ ਰਿਪਰੇਜ਼ੈਂਟਟਿਵ ਰਖਣੇ ਹਨ , ਰਖਣਗੇ ?

ਮੰਤਰੀ : ਕਾਨੂੰਨੀ ਮਸ਼ਵਰਾ ਲੈ ਲਿਆ ਗਿਆ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਕਿ ਜਿਹੜੀ ਇਨ੍ਹਾਂ ਨੇ ਪੰਚਾਇਤ ਰਾਜ ਐਕਟ ਸੋਧ ਕਮੇਟੀ ਬਣਾਈ ਸੀ ਅਤੇ ਉਸ ਨੇ ਪੰਚਾਇਤਾਂ ਦਾ ਖਰਚ ਘੱਟ ਕਰਨ ਵਾਸਤੇ ਬਲਾਕ ਸੰਮਤੀਆਂ ਨੂੰ ਜੋ ਤੋੜਨ ਦੀ ਸਿਫਾਰਸ਼ ਕੀਤੀ ਸੀ ਅਤੇ ਜ਼ਿਲ੍ਹਾ ਪਰਿਸ਼ਦ ਦੇ ਮੈਂਬਰ ਅਤੇ ਉਨ੍ਹਾਂ ਵਿਚ ਇਲੈਕਟਿਡ ਮੈਂਬਰ, ਹਰੀਜਨ ਮੈਂਬਰ ਕੋਆਪਟ ਕੀਤੇ ਜਾਣਗੇ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਨੇ ਉਨ੍ਹਾਂ ਸਿਫਾਰਸ਼ਾਂ ਨੂੰ ਪਰਵਾਨ ਕੀਤਾ ਹੈ ਜਾਂ ਬਦਲ ਲਿਆ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਸਿਫਾਰਸ਼ਾਂ ਜ਼ੇਰੇ ਗੌਰ ਹਨ ਅਤੇ ਅਸੀਂ ਇਲੈਕਸ਼ਨ ਤਾਂ ਕਰਵਾ ਰਹੇ ਹਾਂ ਅਤੇ ਜੋ ਅਸੀਂ ਸੋਧਾਂ ਕੀਤੀਆਂ ਹਨ ਉਹ ਹਾਊਸ ਦੇ ਸਾਹਮਣੇ ਆ ਜਾਣਗੀਆਂ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਲੈਕਸ਼ਨਾਂ ਦਾ ਮਾਮਲਾ ਇਥੇ ਹਾਊਸ ਵਿਚ ਆ ਗਿਆ ਹੈ ਕੀ ਹੁਣ ਇਹ ਗੁਰਦੁਆਰਿਆਂ ਦੀ ਵੀ ਇਲੈਕਸ਼ਨਜ਼ ਕਰਾਉਣ ਨੂੰ ਤਿਆਰ ਹਨ? (ਹਾਸਾ)

ਸ੍ਰੀ ਸਪੀਕਰ: ਮਰੜ੍ਹੀ ਸਾਹਿਬ ਤੁਸੀਂ ਕਿਨ੍ਹਾਂ ਗਲਾ ਵਿਚ ਪੈ ਗਏ ਹੋ । (Mararhi Sahib, you have started discussing side issues.)

ਚੌਧਰੀ ਜਗਤ ਰਾਮ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੰਚਾਇਤਾਂ ਦੇ ਜਿਹੜੇ ਇਲੈਕਸ਼ਨਜ਼ ਕਰਾਉਣੇ ਹਨ, ਉਸ ਵਿਚ ਹੁਣ ਪਾਪੂਲੇਸ਼ਨ ਦੇ ਹਿਸਾਬ ਨਾਲ ਹਰੀਜਨਾਂ ਦੀ ਆਬਾਦੀ ਵਧ ਗਈ ਹੈ, ਕੀ ਹੁਣ ਇਹ ਉਸੇ ਮੁਤਾਬਿਕ ਹਰੀਜਨਾਂ ਦੀ ਰਿਜ਼ਰਵੇਸ਼ਨ ਸੀ ਵਧਾ ਦੇਣਗੇ ?

ਸ੍ਰੀ ਸਪੀਕਰ : ਤੁਸੀਂ ਤਾਂ ਆਬਾਦੀ ਦੀ ਹੀ ਗਲ ਕਰਦੇ ਰਹਿੰਦੇ ਹੋ । (You always speak about the population.)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਸਾਡੇ ਕੋਲ ਹੋਰ ਹੈ ਹੀ ਕੀ, ਸਿਵਾਏ ਆਬਾਦੀ ਦੇ । ਇਨ੍ਹਾਂ ਕੋਲ ਤਾਂ ਹੋਰ ਕਈ ਸ਼ੁਗਲ ਹਨ ਕਰਨ ਨੂੰ, ਪਰ ਸਾਡੇ ਕੋਲ ਤਾਂ ਸਿਰਫ ਆਬਾਦੀ ਦਾ ਸ਼ੁਗਲ ਹੈ । ਦੂਜੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜੇ ਇਹ ਵਕਤ ਟਪਾਊ ਹੀ ਜਵਾਬ ਦਿੰਦੇ ਹਨ ਤਾਂ ਇਨ੍ਹਾਂ ਦਾ ਵੀ ਉਹੀ ਹਾਲ ਹੋਣਾ ਹੈ ਜੋ ਇਸ ਵੇਲੇ ਉਧਰ ਬੈਠੇ ਹੋਇਆਂ ਦਾ ਹੈ ।

ਮੰਤਰੀ : ਸਪੀਕਰ ਸਾਹਿਬ, ਅਸੀਂ ਤਾਂ ਬਿਲਕੁਲ ਠੀਕ ਜਵਾਬ ਦਿੰਦੇ ਹਾਂ ਅਤੇ ਇਲੈਕਸ਼ਨ ਦੀ ਤਾਰੀਖ ਮੁਕੱਰਰ ਕਰ ਦਿਤੀ ਹੈ ।

Mr. Speaker : Sardar Darbara Singh (*Noise*)

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ 20% ਤੋਂ 25% ਰਿਜ਼ਰਵੇਸ਼ਨ ਕਰਨ ਦਾ ਐਲਾਨ ਤਾਂ ਕਰ ਦਿਤਾ ਸੀ ਪਰ ਹਾਲੇ ਤਕ........(ਸ਼ੋਰ)

Mr. Speaker : Please resume your seat, Sardar Darbara Singh.

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਗੱਲ ਨੂੰ ਮੁੱਖ ਰਖਦਿਆਂ ਹੋਇਆਂ ਜਿਹੜੀ ਸੀਨੀਅਰ ਲੈਜਿਸਲੇਟਰਜ਼ ਦੀ ਕਮੇਟੀ ਬਣਾਈ ਸੀ ਪੁਰਾਣੇ ਸਿਸਟਮ ਵਿਚ ਸੋਧ ਕਰਨ ਲਈ, ਇਨ੍ਹਾਂ ਨੇ ਉਸ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਬੜਾ ਖਤਰਨਾਕ, ਵਾਈਡ ਅਤੇ ਗੰਭੀਰ ਕਰਕੇ ਦਸਿਆ ਹੈ, ਕੀ ਉਸ ਦੀ ਇੰਪਲੀਕੇਸ਼ਨ....

ਮੰਤਰੀ : ਸਪੀਕਰ ਸਾਹਿਬ, ਮੈਂ ਖਤਰਨਾਕ ਤਾਂ ਕਿਹਾ ਹੀ ਨਹੀਂ ।

ਸਰਦਾਰ ਦਰਬਾਰਾ ਸਿੰਘ : ਜੇ ਖਤਰਨਾਕ ਨਹੀਂ ਤਾਂ ਵਾਈਡ ਹੀ ਦਸ ਦਿਉ । (ਸ਼ੋਰ)

Mr. Speaker : Order please.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਕੀ ਵਜ਼ੀਰ ਸਾਹਿਬ, ਇਹ ਦਸਣ ਦੀ ਖੇਚਲ ਕਰਨਗੇ ਜਿਸ ਤਰ੍ਹਾਂ ਉਨ੍ਹਾਂ ਨੇ ਹੁਣ ਹੁਣੇ ਇਹ ਜਵਾਬ ਦਿਤਾ ਸੀ ਕਿ ਐਲ.ਆਰ.ਦੀ ਰਿਪੋਰਟ ਲੈ ਲਈ ਹੈ ਅਲੈਕਸ਼ਨਾਂ ਕਰਾਉਣ ਬਾਰੇ, ਕੀ ਉਹ ਦਸਣਗੇ ਕਿ ਕੀ ਇਸ ਤਰ੍ਹਾਂ ਮਾਰਕਿਟ ਕਮੇਟੀਆਂ ਦੀ ਹੋਂਦ ਖਤਮ ਕਰ ਦਿਤੀ ਗਈ ਹੈ, ਜਾਂ ਉਨ੍ਹਾਂ ਨੂੰ ਬਾਅਦ ਵਿਚ ਨੁਮਾਇੰਦਗੀ ਦਿਤੀ ਜਾਵੇਗੀ ।

ਮੰਤਰੀ : ਬਾਅਦ ਵਿਚ ਨੁਮਾਇੰਦਗੀ ਦਿਤੀ ਜਾਵੇਗੀ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਕਿ 1½ ਸਾਲ ਤਕ ਪੰਚਾਇਤਾਂ ਦੀ ਇਲੈਕਸ਼ਨ ਹੋ ਜਾਣੀ ਹੈ, ਮੈਂ ਜਾਨਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਸ ਵੇਲੇ ਜ਼ਿਲ੍ਹਾ ਪਰੀਸ਼ਦਾਂ ਜਾਂ ਬਲਾਕ ਸਮਤੀਆਂ ਕੰਮ ਕਰ ਰਹੀਆਂ ਹਨ, ਉਨ੍ਹਾਂ ਦੀ ਲੀਗਲ ਪੁਜ਼ੀਸ਼ਨ ਕੀ ਹੋਵੇਗੀ?

ਸ੍ਰੀ ਸਪੀਕਰ : ਇਹ ਉਨ੍ਹਾਂ ਨੇ ਕਿਹਾ ਹੈ ਕਿ ਸਾਰੀ ਪੁਜ਼ੀਸ਼ਨ ਐਗਜ਼ਾਮਿਨ ਕੀਤੀ ਜਾ ਰਹੀ ਹੈ। (He has said that the whole position is being examined).

ਚੌਧਰੀ ਦਰਸ਼ਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਜਾਨਣੀ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਪੰਚਾਇਤ ਰਾਜ ਪਰਨਾਲੀ ਦੇ ਵਿਚ ਸੋਧ ਕਰਨ ਬਾਰੇ ਭਿੰਨ ਕਮੇਟੀਆਂ ਦੀਆਂ ਰਿਪੋਰਟਾਂ-ਮਹਾਰਾਸ਼ਟਰ ਪੰਚਾਇਤ ਕਮੇਟੀ, ਰਾਜ ਕਮੇਟੀ ਅਤੇ ਰੰਧਾਵਾ ਕਮੇਟੀ ਦੀਆਂ ਸਿਫਾਰਸ਼ਾਂ ਤੇ ਵਿਚਾਰ ਕਰਦੇ ਹੋਏ ਹਰੀਜਨਾਂ ਨੂੰ ਵਧੇਰੇ ਅਧਿਕਾਰ ਦੇਣੇ ਸੀ ਪਰ ਇਨ੍ਹਾਂ ਦੀ ਰਿਪਰੈਜ਼ੈਂਟੇਸ਼ਨ 25% ਦੀ ਬਜਾਏ ਹੁਣ 20% ਹੀ ਰਖੀ ਹੈ ਇਸ ਤਰ੍ਹਾਂ ਕਿਉਂ ਕੀਤਾ ਹੈ ?

ਮੰਤਰੀ : ਡਿਫਰੈਂਟ ਕਮੇਟੀਆਂ ਦੀਆਂ ਸਿਫਾਰਸ਼ਾਂ ਮੁਖਤਲਿਫ ਹਨ, ਇਸ ਲਈ ਅਸੀਂ ਉਨ੍ਹਾਂ ਸਾਰੀਆਂ ਸੁਜੈਸ਼ਨਜ਼ ਤੇ ਅਜੇ ਵਿਚਾਰ ਕਰ ਰਹੇ ਹਾਂ ।

STARRED QUESTION NO. 2881**

Mr. Speaker : Extension has been asked for in respect of Starred Question No. 2881.

ਪੇਸ਼ਾਵਰਾਨਾ ਕਾਲਜਾਂ ਵਿਚ ਦਾਖਲੇ ਲੈਣ ਅਤੇ ਨੌਕਰੀਆਂ ਲੈਣ ਵਾਲੇ ਨਾਨ-ਹਰੀਜਨਾਂ ਦੇ ਕੇਸ

*2973. ਚੌਧਰੀ ਦਰਸ਼ਨ ਸਿੰਘ : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਭਲਾਈ ਵਿਭਾਗ ਵਿਚ ਸਰਕਾਰ ਦੇ ਧਿਆਨ ਵਿਚ ਕੋਈ ਕੇਸ ਆਏ ਹਨ ਕਿ ਕੁਝ ਨਾਨ-ਹਰੀਜਨ ਆਪਣੇ ਆਪ ਨੂੰ ਅਨੁਸੂਚਿਤ ਜਾਤੀਆਂ ਦੇ ਵਿਅਕਤੀ ਕਹਿ ਕੇ ਜਾਅਲੀ ਸਰਟੀਫਿਕੇਟ ਲੈ ਕੇ ਪੇਸ਼ਾਵਰਾਨਾ ਕਾਲਜਾਂ ਵਿਚ ਦਾਖਲਾ ਅਤੇ ਨੌਕਰੀਆਂ ਲੈ ਰਹੇ ਹਨ, ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ;

**For Starred Question No. 2881 and reply thereto please *see* Punjab Vidhan Sabha Debate dated 22nd January, 1975.

[ਚੌਧਰੀ ਦਰਸ਼ਨ ਸਿੰਘ]

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਸਰਕਾਰ ਨੇ ਉਨ੍ਹਾਂ ਅਧਿਕਾਰੀਆਂ ਜਿਨ੍ਹਾਂ ਨੇ ਅਜਿਹੇ ਸਰਟੀਫਿਕੇਟ ਜਾਰੀ ਕੀਤੇ ਹਨ ਅਤੇ ਜਿਨ੍ਹਾਂ ਵਿਅਕਤੀਆਂ ਨੂੰ ਇਹ ਜਾਰੀ ਕੀਤੇ ਗਏ ਹਨ; ਵਿਰੁਧ ਕੀ ਕਾਰਵਾਈ ਕੀਤੀ ਹੈ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ 'ਨਾਂ' ਵਿਚ ਹੋਵੇ ਤਾਂ ਕੀ ਸਰਕਾਰ ਅਜਿਹੇ ਕੇਸਾਂ ਦੀ ਜਾਂਚ ਪੜਤਾਲ ਕਰਨ ਲਈ ਕੋਈ ਕਮੇਟੀ ਨਿਯੁਕਤ ਕਰਨ ਦਾ ਵਿਚਾਰ ਰਖਦੀ ਹੈ ?

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ) : (ੳ) ਹਾਂ ਜੀ । ਸੂਚੀ ਨੱਥੀ ਹੈ ।

(ਅ) ਸਰਕਾਰ ਦੇ ਨੋਟਿਸ ਵਿਚ ਹੁਣ ਤਕ 25 ਕੇਸ ਆਏ ਹਨ । ਜਿਨ੍ਹਾਂ ਵਿਚ ਨਾਨ-ਹਰੀਜਨ ਵਿਅਕਤੀਆਂ ਨੇ ਜਾਅਲੀ ਸਰਟੀਫਿਕੇਟ ਦੇ ਕੇ ਪੇਸ਼ਾਵਰਾਨਾ ਕਾਲਜਾਂ ਵਿਚ ਦਾਖਲਾ ਪ੍ਰਾਪਤ ਕੀਤਾ। ਇਨ੍ਹਾਂ ਵਿਚੋਂ 12 ਕੇਸਾਂ ਵਿਚ ਸਬੰਧਤ ਵਿਅਕਤੀ ਦੇ ਵਿਰੁਧ ਕੇਸ ਪੁਲਿਸ ਕੋਲ ਰਜਿਸਟਰ ਕੀਤੇ ਜਾ ਚੁਕੇ ਹਨ । ਬਾਕੀ 13 ਕੇਸ ਪੁਲਿਸ ਕੋਲ ਰਜਿਸਟਰ ਕਰਵਾਉਣੇ ਰਹਿੰਦੇ ਹਨ । ਉਨ੍ਹਾਂ ਅਧਿਕਾਰੀਆਂ ਜਿਨ੍ਹਾਂ ਨੇ ਜਾਲ੍ਹੀ ਸਰਟੀਫਿਕੇਟ ਜਾਰੀ ਕੀਤੇ ਹਨ, ਦੇ ਵਿਰੁਧ ਕਾਰਵਾਈ ਸਰਕਾਰ ਦੇ ਵਿਚਾਰ ਅਧੀਨ ਹੈ । ਬਾਕੀ 17 ਕੇਸ ਪੜਤਾਲ ਅਧੀਨ ਹਨ ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ ।

ਗੈਰ-ਅਨੁਸੂਚਿਤ ਜਾਤੀਆਂ ਦੇ ਵਿਅਕਤੀ ਜਿਨ੍ਹਾਂ ਨੇ ਜਾਅਲੀ ਅਨੁਸੂਚਿਤ ਜਾਤੀ ਹੋਣ ਦੇ ਸਰਟੀਫਿਕੇਟ ਪ੍ਰਾਪਤ ਕੀਤੇ ਹਨ, ਦੀ ਸੂਚੀ

ਲੜੀ ਨੰ:	ਨਾਂ, ਪਿਤਾ ਦਾ ਨਾਂ ਅਤੇ ਪਤਾ	ਦਰਸਾਈ ਜਾਤੀ	ਪੜਤਾਲ ਉਪਰੰਤ ਅਸਲ ਜਾਤੀ	ਵਿਸ਼ੇਸ਼ ਕਥਨ
1.	ਸ੍ਰੀ ਸ਼ਿਵ ਕੁਮਾਰ ਪੁਤਰ ਸ੍ਰੀ ਸ਼ਾਂਤੀ ਸਰੂਪ, ਆਹਲੋਵਾਲੀ ਗਲੀ, ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ।	ਸਰੇੜਾ	ਨਾਈ	ਕੇਸ ਪੁਲਿਸ ਕੋਲ ਰਜਿਸਟਰ ਹੋ ਚੁਕਾ ਹੈ ।
2.	ਸ੍ਰੀ ਰੇਸ਼ਮ ਸਿੰਘ ਪੁਤਰ ਸ੍ਰੀ ਨਿਰਵੈਰ ਸਿੰਘ, ਪਿੰਡ ਜ਼ੀਆ ਨੱਥਾ, ਮਕਾਨ ਨੰ: 2, ਡਾਕਖਾਨਾ ਖੁਡਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ।	ਰਾਮਦਾਸੀਆ	ਸੈਣੀ	—ਉਹੀ—
3.	ਸ੍ਰੀ ਜਗਤਾਰ ਸਿੰਘ, ਪੁੱਤਰ ਸ੍ਰੀ ਗੁਰਨਾਮ ਸਿੰਘ, ਪਿੰਡ ਠੱਠੀ ਖੇੜਾ, ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ।	ਮਜ਼ਬੀ ਸਿੱਖ	ਜੱਟ ਢਿਲੋਂ	,,

1	2	3	4
4.	ਮਿਸ ਦਲਬੀਰ ਕੌਰ, ਪੁੱਤਰੀ ਸ੍ਰੀ ਕਸ਼ਮੀਰ ਸਿੰਘ, ਪਿੰਡ ਤੇ ਡਾਕਖਾਨਾ ਕਸੇਲ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ । ਚਮਾਰ	ਜੱਟ	ਕੇਸ ਪੁਲਿਸ ਕੋਲ ਰਜਿਸਟਰ ਹੋ ਚੁਕਾ ਹੈ ।
5.	ਮਿਸ ਸੁਰੇਂਦਰ ਕੌਰ, ਪੁੱਤਰੀ ਸ੍ਰੀ ਆਤਮਾ ਸਿੰਘ, ਪਿੰਡ ਖੁਨ ਖੁਨ ਕਲਾਂ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ । ਅਧਰਮੀ	ਸੈਣੀ	,,
6.	ਸ੍ਰੀ ਰਸਾਲ ਸਿੰਘ, ਪੁੱਤਰ ਸ੍ਰੀ ਗੁਰ-ਬਖਸ਼ ਸਿੰਘ, ਪਿੰਡ ਆਦਲੀਵਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ । ਕਬੀਰ ਪੰਥੀ	ਜੱਟ	,,
7.	ਸ੍ਰੀ ਹਰਇੰਦਰਪਾਲ ਸਿੰਘ, ਪੁੱਤਰ ਸ੍ਰੀ ਬਚਨ ਸਿੰਘ, ਪਿੰਡ ਖੋਖਰਖੁਰਦ, ਤਹਿਸੀਲ ਮਾਨਸਾ, ਜ਼ਿਲ੍ਹਾ ਬਠਿੰਡਾ । ਮਜਹਬੀ ਸਿੱਖ	ਜੱਟ	,,
8.	ਸ੍ਰੀ ਮਾਨ ਸਿੰਘ, ਪੁੱਤਰ ਸ੍ਰੀ ਗੁਰਬਖਸ਼ ਸਿੰਘ, ਪਿੰਡ ਛਤੇਆਣਾ, ਡਾਕਖਾਨਾ ਆਬਲੂ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ । ਚਮਾਰ	ਜੱਟ	,,
9.	ਸ੍ਰੀ ਮਲਕੀਅਤ ਸਿੰਘ, ਪੁੱਤਰ ਸ੍ਰੀ ਬਲਬੀਰ ਸਿੰਘ, ਪਿੰਡ ਸਾਰਾਵਾ ਬੋਦਲਾ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ । ਮਜ਼ਹਬੀ ਸਿੱਖ	ਘੁਮਾਰ	ਕੇਸ ਪੁਲੀਸ ਨੂੰ ਭੇਜਿਆ ਹੋਇਆ ਹੈ ।
10.	ਸ੍ਰੀ ਅਸ਼ੋਕ ਕੁਮਾਰ, ਪੁੱਤਰ ਸ੍ਰੀ ਬੰਸੀ ਲਾਲ, ਪਿੰਡ ਸ਼ੇਖੂਪੁਰਾ, ਜ਼ਿਲ੍ਹਾ ਕਪੂਰਥਲਾ । ਰਾਮਦਾਸੀਆ	ਮਹਾਜਨ	,,
11.	ਸ੍ਰੀ ਗੁਰਮੇਲ ਸਿੰਘ, ਪੁੱਤਰ ਸ੍ਰੀ ਬਚਨ ਸਿੰਘ, ਪਿੰਡ ਕਾਲੇਵਾਲ, ਡਾਕਖਾਨਾ ਮੰਘੋਲ ਜ਼ਿਲ੍ਹਾ, ਲੁਧਿਆਣਾ । ਰਾਮਦਾਸੀਆ	—	ਪੜਤਾਲ ਅਧੀਨ
12.	ਸ੍ਰੀ ਪਰਵੀਨ ਕੁਮਾਰ, ਪੁੱਤਰ ਸ੍ਰੀ ਅਸ਼ਵਨੀ ਕੁਮਾਰ, ਮਕਾਨ ਨੰ: 380/3 ਗਲੀ ਨ: 8, ਜਨਕ ਪੁਰੀ, ਇਨਡ-ਸਟਰੀਅਲ ਏਰੀਆ, ਲੁਧਿਆਣਾ । ਰਾਮਦਾਸੀਆ		ਪੜਤਾਲ ਅਧੀਨ

1	2	3	4	5
	ਸਰਵਸ੍ਰੀ			
13.	ਬਲਬਿੰਦਰ ਸਿੰਘ, ਪੁੱਤਰ ਸ੍ਰੀ ਗੁਰਬਚਨ ਸਿੰਘ, ਪਿੰਡ ਲਖਣਪਾਲ, ਡਾਕਖਾਨਾ ਗਾਜੀਕੋਟ, ਜ਼ਿਲ੍ਹਾ ਗੁਰਦਾਸਪੁਰ।	ਰਾਮਦਾਸੀਆ	ਜੱਟ	ਕਾਰਵਾਈ ਵਿਚਾਰ ਅਧੀਨ ।
14.	ਮਿਸ ਮਨਜਿੰਦਰ ਕੌਰ, ਪੁੱਤਰੀ ਸ੍ਰੀ ਸਰੂਪ ਸਿੰਘ, ਮਾਰਫਤ ਮੈਸ: ਵਲਾਇਤੀ ਰਾਮ ਰਾਈਸ ਮਿਲਜ਼, ਸਰਹਿੰਦ ਰੋਡ, ਨਿਯੂ ਯਾਦਵਿੰਦਰਾ ਕਾਲੋਨੀ, ਪਟਿਆਲਾ ।	ਦੁਲਾਹਾ		ਪੜਤਾਲ ਅਧੀਨ
15.	ਮਹਾਂਵੀਰ ਸਿੰਘ, ਪੁੱਤਰ ਸ੍ਰੀ ਮੁਖਤਿਆਰ ਸਿੰਘ, ਪਿੰਡ ਭੁੱਲਰ, ਡਾਕਖਾਨਾ ਬਾਠ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ।	ਮਜ਼ਹਬੀ	ਜੱਟ	ਕਾਰਵਾਈ ਵਿਚਾਰ ਅਧੀਨ ।
16.	ਤਰਲੋਕ ਸਿੰਘ, ਪੁੱਤਰ ਸ੍ਰੀ ਆਸਾ ਸਿੰਘ, ਮਕਾਨ ਨੰ: 34 ਜੇਲ੍ਹ ਰੋਡ, ਫਰੀਦਕੋਟ ।	ਚਮਾਰ	ਜੱਟ	ਕੇਸ ਪੁਲਿਸ ਕਪਤਾਨ ਫਰੀਦਕੋਟ ਨੂੰ ਰਜਿਸਟਰ ਕਰਨ ਲਈ ਭੇਜਿਆ ਹੋਇਆ ਹੈ ।
17.	ਨਰਿੰਦਰ ਸਿੰਘ, ਪੁੱਤਰ ਸ੍ਰੀ ਜਾਗੀਰ ਸਿੰਘ, ਪਿੰਡ ਸ਼ਾਮ ਨਗਰ, ਡਾਕਖਾਨਾ ਸ਼ਾਮਨਗਰ, ਜ਼ਿਲ੍ਹਾ ਅੰਮ੍ਰਿਤਸਰ ।	ਰਾਮਦਾਸੀਆ	ਜੱਟ	ਕਾਰਵਾਈ ਵਿਚਾਰ ਅਧੀਨ ।
18.	ਵਿਰੇਂਦਰ ਕੁਮਾਰ, ਪੁੱਤਰ ਸ੍ਰੀ ਰਾਜ ਕੁਮਾਰ, ਮਕਾਨ ਨੰ: 1128/6, ਗਲੀ ਦੁਖਲੋਂ ਵਾਲੀ, ਜੰਡਿਆਲਾ ਗੁਰੂ ਪੋਸਟ ਆਫਿਸ, ਜ਼ਿਲ੍ਹਾ ਅੰਮ੍ਰਿਤਸਰ ।	ਚਮਾਰ		ਪੜਤਾਲ ਅਧੀਨ
19.	ਗੁਰਮੀਤ ਸਿੰਘ, ਪੁੱਤਰ ਸ੍ਰੀ ਗੋਪਾਲ ਸਿੰਘ, ਪਿੰਡ ਤਲਵੰਡੀ ਦਸੌਂਧਾ ਸਿੰਘ, ਡਾਕਖਾਨਾ ਕਥੂਨੰਗਲ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ।	ਮਜ਼ਹਬੀ	ਜੱਟ	ਕਾਰਵਾਈ ਵਿਚਾਰ ਅਧੀਨ ।
20.	ਸੁਖਜਿੰਦਰ ਸਿੰਘ, ਪੁੱਤਰ ਸ੍ਰੀ ਦਲਬੀਰ ਸਿੰਘ, ਪਿੰਡ ਸੰਧਵਾਂ ਕਲਾਂ ਡਾਕਖਾਨਾ ਲੱਡਾ ਮੁੰਡਾ, ਵਾਇਆ ਘੁਮਾਨ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ।	ਮਜ਼ਹਬੀ ਸਿੱਖ	ਜੱਟ	,,

1	2	3	4	5
	ਸਰਵ ਸ੍ਰੀ			
21.	ਹਰਭਜਨ ਸਿੰਘ, ਪੁੱਤਰ ਸ੍ਰੀ ਜੈਮਲ ਸਿੰਘ, ਪਿੰਡ ਅਤੇ ਡਾਕਖਾਨਾ ਤੂਤਵਾਲਾ, ਜ਼ਿਲ੍ਹਾ ਫਿਰੋਜ਼ਪੁਰ ।	ਮਜ਼ਹਬੀ ਸਿਖ	ਘੁਮਾਰ	ਕਾਰਵਾਈ ਵਿਚਾਰ ਅਧੀਨ ।
22.	ਜਸਵਿੰਦਰ ਸਿੰਘ, ਪੁੱਤਰ ਸ੍ਰੀ ਜਗਤਾਰ ਸਿੰਘ, ਮਾਰਫਤ ਸ੍ਰੀ ਤਾਰਾ ਚੰਦ, ਮੁਹੱਲਾ ਗੋਗੋਆਣੀ, ਗੁਰਦੁਆਰਾ ਰੋਡ, ਜ਼ੀਰਾ ।	ਮਜ਼ਹਬੀ ਸਿੰਘ	ਜੱਟ (ਕੰਬੋਜ)	ਕੇਸ ਪੁਲਿਸ ਨੂੰ ਭੇਜਿਆ ਜਾ ਚੁਕਿਆ ਹੈ ।
23.	ਦਲਬੀਰ ਸਿੰਘ ਪੁੱਤਰ ਸ੍ਰੀ ਪਿਆਰਾ ਸਿੰਘ, ਪਿੰਡ ਕੋਟ ਖਜ਼ਾਨਾ, ਡਾਕਖਾਨਾ ਕਾਲਾ ਅਫਗਾਨ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ।	ਮਜ਼ਹਬੀ ਸਿੱਖ	ਗੈਰਮਜ਼ਹਬੀ ਸਿੱਖ	ਕਾਰਵਾਈ ਵਿਚਾਰ ਅਧੀਨ ।
24.	ਮਿਸ ਸ਼ਾਮਾ ਸ਼ਰਮਾ, ਪੁੱਤਰੀ ਸ੍ਰੀ ਵਿਦਿਆ ਰਤਨ, ਪਿੰਡ ਮਾਛੀਕੇ, ਡਾਕ-ਖਾਨਾ ਮੋਗਾ, ਜ਼ਿਲ੍ਹਾ ਫਰੀਦਕੋਟ ।	ਰਾਮਦਾਸੀਆ	ਬਰਾਹਮਣ	,,
25.	ਮਿਸ ਸਵਰਨਜੀਤ ਕੌਰ, ਪੁੱਤਰੀ ਸ੍ਰੀ ਜਸਵੰਤ ਸਿੰਘ, ਪਿੰਡ ਘੁਗਸ਼ੋਰ, ਡਾਕਖਾਨਾ ਕਰਤਾਰਪੁਰ, ਜ਼ਿਲ੍ਹਾ ਜਾਲੰਧਰ ।	ਅਧਰਮੀ	ਜੱਟ ਸਿੱਖ	,,
26.	ਸੁਖ ਚੈਣ ਸਿੰਘ, ਪੁੱਤਰ ਸ੍ਰੀ ਗੁਰ-ਦਿਆਲ ਸਿੰਘ, ਪਿੰਡ ਸਰਾਂ, ਡਾਕ-ਖਾਨਾ ਤਰਸਿੱਕਾ, ਜ਼ਿਲ੍ਹਾ ਅੰਮ੍ਰਿਤਸਰ।	ਮਜ਼੍ਹਬੀ	ਜੱਟ	,,
27.	ਰਣਜੀਤ ਸਿੰਘ, ਪੁੱਤਰ ਸ੍ਰੀ ਹਜ਼ੂਰ ਸਿੰਘ, ਪਿੰਡ ਭੁੱਲਰ, ਡਾਕਖਾਨਾ ਭੁੱਲਰ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ ।	ਚਮਾਰ	ਜੱਟ	,,
28.	ਰਣਧੀਰ ਸਿੰਘ, ਪੁੱਤਰ ਸ੍ਰੀ ਮਹਿੰਗਾ ਸਿੰਘ, ਪਿੰਡ ਅਤੇ ਡਾਕਖਾਨਾ ਕਾਦੀਆਂ ਮਕਾਨ ਨੰ: ਬੀ—1/229, ਮੁਹੱਲਾ ਧਰਮਪੁਰਾ, ਜ਼ਿਲ੍ਹਾ ਗੁਰਦਾਸਪੁਰ ।	ਮੇਘ	ਘੁਮਾਰ	,,
29.	ਹਰਚੰਦ ਸਿੰਘ, ਪੁੱਤਰ ਸ੍ਰੀ ਬਲਵੰਤ ਸਿੰਘ, ਪਿੰਡ ਤੇ ਡਾਕਖਾਨਾ ਦੌਧਰ, ਤਹਿਸੀਲ ਮੋਗਾ, (ਫਰੀਦਕੋਟ) ।	ਰਾਮਦਾਸੀਆ	—	ਪੜਤਾਲ ਅਧੀਨ ।

[ਵਿੱਤ ਮੰਤਰੀ]

1	2	3	4	5
	ਸਰਵ ਸ੍ਰੀ			
30.	ਸੁਰਿੰਦਰ ਸਿੰਘ, ਪੁੱਤਰ ਸ੍ਰੀ ਜੋਗਿੰਦਰ ਸਿੰਘ, ਪਿੰਡ ਤੇ ਡਾਕਖਾਨਾ ਪੂਡਣ, ਤਹਿਸੀਲ ਜਗਰਾਵਾਂ, ਜ਼ਿਲ੍ਹਾ ਲੁਧਿਆਣਾ ।	ਰਾਮਦਾਸੀਆ ਸਿੱਖ		ਪੜਤਾਲ ਅਧੀਨ ।
31.	ਜੋਗਿੰਦਰ ਸਿੰਘ, ਪੁੱਤਰ ਸ੍ਰੀ ਅਰਜਨ ਸਿੰਘ, ਪਿੰਡ ਬੀੜ ਭਮਾਰਸੀ, ਡਾਕਖਾਨਾ ਅਮਲੋਹ, ਜ਼ਿਲ੍ਹਾ ਪਟਿਆਲਾ	ਮਜ਼ਬੀ ਸਿੱਖ		,,
32.	ਸ੍ਰੀ ਨਰਿੰਦਰ ਸਿੰਘ, ਪੁੱਤਰ ਸ੍ਰੀ ਦਲੀਪ ਸਿੰਘ, ਪਿੰਡ ਕੋਟਲੀ ਡੰਡੀਆਂ, ਡਾਕ-ਖਾਨਾ, ਪਾਰੋਵਾਲ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸ ਪੁਰ ।	ਸਾਂਸੀ		,,
33.	ਦਰਸ਼ਨ ਸਿੰਘ ਪੁੱਤਰ ਸ੍ਰੀ ਨਰਿੰਜਨ ਸਿੰਘ ਮਾਰਫਤ ਮਹਿੰਦਰ ਸਿੰਘ , ਦੋਧੀ ਪਿੰਡ ਤੇ ਡਾਕਖਾਨਾ, ਸਰਾਗੜ੍ਹਾਂ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ	ਮਜ਼ਬੀ ਸਿੱਖ		,,
34.	ਅਵਤਾਰ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ ਪਿੰਡ ਤੇ ਡਾਕਖਾਨਾ ਜਥੋਵਾਲ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ।	ਮਜ਼ਬੀ ਸਿੱਖ		,,
35.	ਜਸਪਾਲ ਸਿੰਘ, ਪੁੱਤਰ ਸ੍ਰੀ ਜਬਰ-ਜੰਗ ਸਿੰਘ, ਮਕਾਨ ਨੰਬਰ 4075, ਦਸ਼ਮੇਸ਼ ਨਗਰ, ਗਲੀ ਨੰਬਰ, 1 ਮੁਕਤਸਰ, ਜ਼ਿਲ੍ਹਾ ਫਰੀਦਕੋਟ ।	ਚਮਾਰ		,,
36.	ਗੁਰਪਰੀਤ ਸਿੰਘ, ਪੁੱਤਰ ਸ੍ਰੀ ਚਰਨ ਸਿੰਘ, ਮਕਾਨ ਨੰਬਰ 3026/14. ਗਲੀ ਨੰਬਰ, 5, ਜਵਾਲਾ ਫਲੋਰ ਮਿਲ, ਹਰੀਪੁਰਾ, ਅੰਮ੍ਰਿਤਸਰ ।	ਕਬੀਰਪੰਥੀ	ਨਾਈ	ਕਾਰਵਾਈ ਵਿਚਾਰ ਅਧੀਨ ।
37.	ਜਸਬਿੰਦਰ ਸਿੰਘ ਪੁੱਤਰ ਸ੍ਰੀ ਪੂਰਨ ਸਿੰਘ, ਪਿੰਡ ਭੈਣੀ ਪਸਵਾਲ, ਡਾਕ-ਖਾਨਾ ਜਾਗੂਵਾਲ ਬੇਟ, ਜ਼ਿਲ੍ਹਾ ਗੁਰਦਾਸਪੁਰ ।	ਰਾਮਦਾਸੀਆ		ਪੜਤਾਲ ਅਧੀਨ

1	2	3	4	5
	ਸਰਵ ਸ੍ਰੀ			
38.	ਬਲਬਿੰਦਰ ਸਿੰਘ, ਪੁਤਰ ਸ੍ਰੀ ਅਜਮੇਰ ਸਿੰਘ, ਪਿੰਡ ਸਿਹਕੇ, ਤਹਿਸੀਲ ਮਲੇਰ ਕੋਟਲਾ, ਜ਼ਿਲ੍ਹਾ ਸੰਗਰੂਰ।	ਰਾਮਦਾਸੀਆ	—	ਪੜਤਾਲ ਅਧੀਨ
39.	ਮਨਮੋਹਨ ਸਿੰਘ, ਬਿਸਲਾ, ਪੁਤਰ ਸ੍ਰੀ ਊਧਮ ਸਿੰਘ ਬਿਸਲਾ ਪਿੰਡ ਤੇ ਡਾਕਖਾਨਾ ਅਪਰਾ, ਜ਼ਿਲ੍ਹਾ ਜਾਲੰਧਰ ।	ਅਨੁਸੂਚਿਤ ਜਾਤੀ	ਜੱਟ	ਕਾਰਵਾਈ ਵਿਚਾਰ ਅਧੀਨ ।
40.	ਸਤਪਾਲ ਸਿੰਘ ਪੁਤਰ ਸ੍ਰੀ ਗੁਰੂ ਬਖਸ਼ ਸਿੰਘ, ਪਿੰਡ ਮਹਿਸਨਪੁਰ, ਡਾਕਖਾਨਾ ਕੋਟਬਾਦਲਖਾਨ ਜ਼ਿਲ੍ਹਾ ਜਾਲੰਧਰ ।	ਮਜ਼ਬੀ	ਅਰੋੜਾ ਸਿੱਖ	ਪੜਤਾਲ ਅਧੀਨ
41.	ਹਰੀ ਸਿੰਘ ਤਾਂਘੀ, ਪੁਤਰ ਸ੍ਰੀ ਚਤਰ ਸਿੰਘ, ਪਿੰਡ ਅਲੋਅਰਖ, ਜ਼ਿਲ੍ਹਾ ਸੰਗਰੂਰ ।	ਹੇੜੀ		ਪੜਤਾਲ ਅਧੀਨ
42.	ਹਰਜਿੰਦਰ ਸਿੰਘ, ਪੁਤਰ ਸ੍ਰੀ ਅਜੀਤ ਸਿੰਘ, ਪਿੰਡ ਫਤਿਹ ਨੰਗਲ, ਜ਼ਿਲ੍ਹਾ ਗੁਰਦਾਸਪੁਰ ।	ਰਾਮਦਾਸੀਆ	ਲੁਹਾਰ	ਪੜਤਾਲ ਅਧੀਨ

ਚੌਧਰੀ ਦਰਸ਼ਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਜਾਣਨੀ ਚਾਹੁੰਦਾ ਹਾਂ ਕਿ ਜਦੋਂ ਸਰਕਾਰ ਦੇ ਨੋਟਿਸ ਵਿਚ 25 ਕੇਸ ਆਏ ਸੀ ਤਾਂ ਇਹ 42 ਕੇਸਿਜ਼ ਦੀ ਲਿਸਟ ਮੇਰੇ ਪਾਸ ਕਿਸ ਤਰ੍ਹਾਂ ਆ ਗਈ ਮੈਨੂੰ ਪਹਿਲਾਂ ਇਸ ਗਲ ਦਾ ਜਵਾਬ ਦਿਤਾ ਜਾਵੇ ?

ਵਿੱਤ ਮੰਤਰੀ : ਇਹ 42 ਕੇਸਿਜ਼ ਉਨ੍ਹਾਂ ਹਰੀਜਨ ਸਟੂਡੈਂਟਸ ਦੇ ਹਨ ਜਿਨ੍ਹਾਂ ਨੂੰ ਆਫਸਿਰਜ਼ ਨੇ ਗਲਤ ਸਰਟੀਫਿਕੇਟ ਦਿਤੇ ਅਤੇ ਉਨ੍ਹਾਂ ਨੇ ਕਾਲਜਿਜ਼ ਦੇ ਵਿਚ ਐਡਮਿਸ਼ਨ ਸੀਕ ਕਰ ਲਈ। ਇਸ ਬਾਰੇ ਸੋਸ਼ਲ ਵੈਲਫੇਅਰ ਡੀਪਾਰਟਮੈਂਟ ਨੇ ਵੇਰੀਫਿਕੇਸ਼ਨ ਕੀਤੀ ਹੈ । ਉਨ੍ਹਾਂ ਦੀ ਰਿਪੋਰਟ ਦੇ ਅਨੁਸਾਰ 12 ਕੇਸਿਜ਼ ਰਜਿਸਟਰ ਹੋ ਗਏ ਹਨ, ਬਾਕੀ ਕੇਸਿਜ਼ ਦੀ ਵੈਰੀਫਿਕੇਸ਼ਨ ਫੀਲਡ ਆਫੀਸਰਜ਼ ਕਰ ਰਹੇ ਹਨ । ਉਨ੍ਹਾਂ ਦੀ ਰਿਪੋਰਟ ਆਉਣ ਤੇ ਅਗਲੀ ਕਾਰਵਾਈ ਕੀਤੀ ਜਾਵੇਗੀ ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਹ 8–8 ਸਾਲ ਦੇ ਪੁਰਾਣੇ ਕੇਸਿਜ ਹਨ, ਇਥੋਂ ਤਕ ਉਨ੍ਹਾਂ ਨੂੰ ਲਗਿਆਂ ਹੋਇਆਂ ਵੀ 7–7 ਸਾਲ ਹੋ ਗਏ ਹਨ did you dismiss them, turn them out of service ?

ਮੰਤਰੀ : ਉਨ੍ਹਾਂ ਦੇ ਖਿਲਾਫ ਮੈਂ ਅਰਜ਼ ਕੀਤੀ ਹੈ ਕਿ ਕੇਸਿਜ਼ ਰਜਿਸਟਰ ਹੋ ਗਏ ਹਨ ਅਤੇ ਉਨ੍ਹਾਂ ਨੂੰ ਖ਼ਾਤਰ ਖ਼ੁਆਹ ਸਜ਼ਾ ਦਿਤੀ ਜਾਵੇਗੀ ।

ਸ੍ਰੀ ਸਰਦਾਰੀ ਲਾਲ ਕਪੂਰ : ਜਿਸ ਤਰ੍ਹਾਂ ਮਨਿਸਟਰ ਸਾਹਿਬ ਨੇ ਦਸਿਆ ਕਿ ਝੂਠੇ ਸਰਟੀਫਿਕੇਟ ਦਾਖਲ ਕੀਤੇ ਗਏ ਅਤੇ ਉਨ੍ਹਾਂ ਦੇ ਖਿਲਾਫ ਕੀ ਐਕਸ਼ਨ ਹੁਣ ਤਕ ਲਿਆ, ਫੇਰ ਜਿਹੜੇ ਲੋਕ ਝੂਠੇ ਸਰਟੀਫਿਕੇਟ ਦੇ ਕੇ ਅੱਜ ਪੀ. ਸੀ. ਐਸ. ਅਫਸਰ ਬਣੇ ਹੋਏ ਹਨ, ਉਨ੍ਹਾਂ ਦਾ ਤੁਸੀਂ ਕੀ ਕਰੋਗੇ ?

ਮੰਤਰੀ : ਇਨਕੁਆਇਰੀ ਮੁਕੰਮਲ ਹੋਣ ਤੇ ਉਨ੍ਹਾਂ ਦੇ ਖਿਲਾਫ ਮੁਨਾਸਿਬ ਐਕਸ਼ਨ ਲਿਆ ਜਾਵੇਗਾ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਪੜਤਾਲ ਸੋਸ਼ਲ ਵੈਲਫੇਅਰ ਡਿਪਾਰਮੈਂਟ ਦੇ ਫੀਲਡ ਆਫੀਸਰ ਕਰ ਰਹੇ ਹਨ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਸਰਟੀਫਿਕੇਟ ਪੀ.ਸੀ.ਐਸ. ਆਫੀਸਰਜ਼ ਜਾਂ ਆਈ.ਏ.ਐਸ. ਆਫੀਸਰਜ਼ ਨੇ ਦਿਤੇ ਹਨ ਜਿਹੜੇ ਕਿ ਝੂਠੇ ਹਨ , ਉਨ੍ਹਾਂ ਦੀ ਪੜਤਾਲ ਇਹ ਪੈਟੀ ਫੀਲਡ ਆਫੀਸਰਜ਼ ਕਿਵੇਂ ਕਰ ਸਕਦੇ ਹਨ ? ਕੀ ਸਰਕਾਰ ਇਸ ਹਾਲਤ ਵਿਚ ਇਨਕੁਆਇਰੀ ਕਮਿਸ਼ਨਰਜ਼ ਨੂੰ ਸੌਂਪਣ ਲਈ ਤਿਆਰ ਹੈ ?

ਮੰਤਰੀ : ਇਸ ਵਿਚ ਵੀ ਕੋਈ ਬਹੁਤਾ ਫਰਕ ਨਹੀਂ ਪੈਣਾ, ਇਸ ਰਿਪੋਰਟ ਨੂੰ ਫਿਰ ਸੈਕਟਰੀ ਸੋਸ਼ਲ ਵੈਲਫੇਅਰ ਡੀਪਾਰਟਮੈਂਟ ਅਤੇ ਮਨਿਸਟਰ ਇਨਚਾਰਜ ਨੇ ਡੀਲ ਕਰਨਾ ਹੈ, ਚੀਫ ਸੈਕਟਰੀ ਨੂੰ ਆਲਰੈਡੀ ਸਾਰੀ ਇਨਫਰਮੇਸ਼ਨ ਹਾਸਲ ਕਰਨ ਲਈ ਹਦਾਇਤ ਕੀਤੀ ਗਈ ਹੈ, ਸਰਕਾਰ ਇਸ ਪਾਸੇ ਕੋਈ ਵੀ ਕਿਸੇ ਤਰ੍ਹਾਂ ਦੀ ਢਿਲ ਨਹੀਂ ਕਰੇਗੀ ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਤਾਂ ਰਖਾਂਗਾ ਜੇ ਆਨਰੇਬਲ ਮੈਂਬਰਜ਼ ਦੀ ਮਦਦ ਕਰੋ । ਪਰ ਅਸੀਂ ਸਮਝਦੇ ਹਾਂ ਕਿ ਤੁਸੀਂ * * * ।

Mr. Speaker : This is an aspersion on the Chair, It should not come on record. I am helping the Members.

ਕੈਪਟਨ ਰਤਨ ਸਿੰਘ : ਮੇਰਾ ਸਪਲੀਮੈਂਟਰੀ ਇਹੋ ਹੈ ਕਿ ਖਜ਼ਾਨਾ ਮੰਤਰੀ ਨੇ ਕਿ ਹਾ ਹੈ ਕਿ ਇਨਕੁਆਇਰੀ ਹੋ ਰਹੀ ਹੈ ਅਤੇ ਇਹ ਇਨਕੁਆਇਰੀ ਸੋਸ਼ਲ ਵੈਲਫੇਅਰ ਡੀਪਾਰਟਮੈਂਟ ਦੇ ਫੀਲਡ ਆਫੀਸਰ ਕਰ ਰਹੇ ਹਨ । ਪਰ ਇਕ ਜੂਨੀਅਰ ਅਫਸਰ ਆਪਣੇ ਸੀਨੀਅਰ ਦੀ ਇਨਕੁਆਇਰੀ ਕਿਵੇਂ ਕਰ ਸਕਦਾ ਹੈ? ਕਿਸੇ ਸੀਨੀਅਰ ਅਫਸਰ ਤੋਂ ਕਿਉਂ ਨਹੀਂ ਕਰਵਾਈ ਜਾਂਦੀ ? ਇਸ ਲਈ ਇਹ ਕਲੀਅਰਕਟ ਗੱਲ ਹੋਣੀ ਚਾਹੀਦੀ ਹੈ ਕਿ ਸਰਕਾਰ ਨੂੰ ਕੀ ਤਕਲੀਫ ਹੈ ਕੋਈ ਸੀਨੀਅਰ ਅਫਸਰ ਇਨਕੁਆਇਰੀ ਵਾਸਤੇ ਮੁਕਰੱਰ ਕਰਨ ਵਿਚ ਫਿਰ ਇਸ ਵਾਸਤੇ ਟਾਈਮ ਲਿਮਿਟ ਵੀ ਫਿਕਸ ਹੋਣੀ ਚਾਹੀਦੀ ਹੈ । ਔਰ ਜਿਨ੍ਹਾਂ ਨੇ ਝੂਠੇ ਸਰਟੀਫਿਕੇਟ ਦਿਤੇ ਹਨ ਉਹ ਡਿਸਮਿਸ ਹੋਣੇ ਚਾਹੀਦੇ ਹਨ ।

(ਥੰਪਿੰਗ)

ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਨੇ ਇਨਕੁਆਇਰੀ ਕਰਕੇ ਕੇਸ ਪੁਲਿਸ ਕੋਲ ਰਜਿਸਟਰ ਕਰਵਾਏ ਹਨ । ਇਸ ਕੰਮ ਲਈ ਫੀਲਡ ਅਫਸਰ ਐਪੁਆਇੰਟ ਕੀਤੇ ਗਏ ਹਨ । ਫਿਰ ਉਹ ਇਨਕੁਆਇਰੀ ਦੀ ਰਿਪੋਰਟ ਸੈਕਟਰੀ ਸੋਸ਼ਲ ਵੈਲਫੇਅਰ ਅਤੇ ਮਨਿਸਟਰ ਵੈਲਫੇਅਰ, ਚੀਫ ਸੈਕਟਰੀ ਕੋਲ ਜ਼ਰੂਰੀ ਕਾਰਵਾਈ ਲਈ ਭੇਜਦੇ ਹਨ । ਫਿਰ ਚੀਫ ਸੈਕਟਰੀ ਐਕਸ਼ਨ ਲੈਂਦਾ ਹੈ । ਕੁਝ ਕੇਸ ਮੁਕੰਮਲ ਹੋਕੇ ਚੀਫ ਸੈਕਟਰੀ ਨੂੰ ਜਾ ਚੁਕੇ ਹਨ । ਦੂਜੇ ਜਦੋਂ ਮੁਕੰਮਲ ਹੋ ਗਏ ਇਸੇ ਚੈਨਲ ਰਾਹੀਂ ਜਾਣਗੇ । ਡਾਇਰੈਕਟ ਕੋਈ ਕੇਸ ਨਹੀਂ ਜਾਂਦਾ (ਵਿਘਨ) ਸਪੀਕਰ ਸਾਹਿਬ, ਮੈਂ ਸਵਾਲਾਂ ਦੇ ਜਵਾਬਾਂ ਨੂੰ ਅਵਾਇਡ ਨਹੀਂ ਕਰ ਰਿਹਾ । (ਵਿਘਨ)

(ਇਸ ਸਮੇਂ ਚੌਧਰੀ ਜਗਤ ਰਾਮ ਕੁਝ ਬੋਲੇ ਜੋ ਸੁਣਾਈ ਨਹੀਂ ਦਿਤਾ)

*Not recorded as ordered by the Chair.

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ, ਹਾਂ ਕਿ ਜਿਹੜੇ 43 ਜਾਹਲੀ ਸਰਟੀਫਿਕੇਟ ਇਸ਼ੂ ਹੋਏ ਹਨ, ਉਹ ਕਿਹੜੇ ਕਿਹੜੇ ਅਫਸਰਾਂ ਨੇ ਇਸ਼ੂ ਕੀਤੇ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਨੋਟਿਸ ਦੇ ਦੇਣ ਮੈਂ ਪਤਾ ਕਰਕੇ ਲਿਸਟ ਇਨ੍ਹਾਂ ਨੂੰ ਦਸ ਦਿਆਂਗਾ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਅਧਾ ਜਵਾਬ ਦਿੰਦੇ ਹਨ । ਮੈਂ ਇਨ੍ਹਾਂ ਤੋਂ ਇਹ ਗਲ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਸਰਟੀਫਿਕੇਟ ਗਲਤ ਸਾਬਤ ਹੋ ਗਏ, ਐਡਮਿਸ਼ਨਾਂ ਕੈਂਸਲ ਕਰ ਦਿਤੀਆਂ ਗਈਆਂ (ਸ਼ੋਰ) ਪੁਲਿਸ ਕੋਲ ਕੇਸ ਚਲੇ ਗਏ ਤਾਂ ਫਿਰ ਉਸ ਤੋਂ ਬਾਅਦ ਫਿਰ ਕਾਹਦੀ ਇਨਕੁਆਇਰੀ ਕਰਨ ਦੀ ਲੋੜ ਰਹਿ ਜਾਂਦੀ ਹੈ (ਵਿਘਨ) (ਬੈਂਗਿੰਗ) (ਸ਼ੋਰ) ਜਿਹੜੇ ਅਫਸਰਾਂ ਨੇ ਗਲਤ ਸਰਟੀਫਿਕੇਟ ਦਿਤੇ ਹਨ ਉਨ੍ਹਾਂ ਤੇ ਐਕਸ਼ਨ ਕਿਉਂ ਨਹੀਂ ਲੈਂਦੇ ?(ਵਿਘਨ) ਉਨ੍ਹਾਂ ਤੇ ਐਕਸ਼ਨ ਲੈਣ ਵਿਚ ਕਿੰਨਾ ਸਮਾਂ ਲਓਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਕਾਲਜਾਂ ਵਿਚੋਂ ਮੁੰਡੇ ਕਢ ਦਿਤੇ ਗਏ ਹਨ । ਜਿਨ੍ਹਾਂ ਅਫਸਰਾਂ ਨੇ ਗਲਤ ਸਰਟੀਫਿਕੇਟ ਇਸ਼ੂ ਕੀਤੇ ਮਹਿਕਮਾ ਉਨ੍ਹਾਂ ਦੇ ਕੇਸ ਮੁਕੰਮਲ ਕਰਕੇ ਚੀਫ ਸੈਕਟਰੀ ਕੋਲ ਭੇਜ ਰਿਹਾ ਹੈ । ਜੇ ਕੋਈ ਫਰਦਰ ਇਨਫਰਮੇਸ਼ਨ ਲੈਣੀ ਹੋਵੇ ਤਾਂ ਲੈ ਸਕਦੇ ਹਨ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਟਾਇਮ ਲਿਮਟ ਫਿਕਸ ਕਰ ਦਿਓ ।(ਵਿਘਨ) (ਸ਼ੋਰ)

ਸ੍ਰੀ ਸਪੀਕਰ : ਉਹ ਕਹਿੰਦੇ ਹਨ ਕਿ ਜਲਦੀ ਹੀ ਕਰ ਦਿਆਂਗੇ (ਵਿਘਨ))ਮੈਂ ਟਾਇਮ ਲਿਮਟ ਫਿਕਸ ਨਹੀਂ ਕਰ ਸਕਦਾ ।(ਵਿਘਨ) (The hon. Minister says that the action on such cases would be taken soon. (*Interruption*) I am not in a position to fix the time limit.) (*Interruption*)

ਸ੍ਰੀ ਪ੍ਰੇਮ ਗੁਪਤਾ : ਕੀ ਇਸ 20ਵੀਂ ਸਦੀ ਵਿਚ ਐਕਸ਼ਨ ਲੈ ਲਿਆ ਜਾਏਗਾ ? (ਸ਼ੋਰ)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਸਰਕਾਰ ਦੇ ਨੋਟਿਸ ਵਿਚ ਕੋਈ ਅਜਿਹਾ ਕੇਸ ਵੀ ਆਇਆ ਹੈ ਕਿ ਕੋਈ ਆਦਮੀ ਝੂਠਾ ਸਰਟੀਫਿਕੇਟ ਲੈ ਕੇ ਪੀ.ਸੀ.ਐਸ. ਵੀ ਲਗਾ ਹੋਵੇ ?

ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ ਦਾ ਇਕ ਕੇਸ ਵੀ ਸਰਕਾਰ ਨੇ ਡਿਟੈਕਟ ਕੀਤਾ ਹੈ । ਮੈਂਬਰਾਂ ਨੂੰ ਇਸ ਗਲ ਦੀ ਕਦਰ ਕਰਨੀ ਚਾਹੀਦੀ ਹੈ ਕਿ ਇਸ ਸਰਕਾਰ ਨੇ ਇਹ ਪਤਾ ਲਗਾਇਆ ਹੈ ਕਿ ਲੋਕ ਬੋਗਸ ਸਰਟੀਫਿਕੇਟ ਲੈ ਕੇ ਐਡਮਿਸ਼ਨਾਂ ਲੈਂਦੇ ਹਨ । ਸਪੀਕਰ ਸਾਹਿਬ, ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਹੁਣ ਸਰਕਾਰ ਪਤਾ ਲਗਾ ਰਹੀ ਹੈ ਕਿ ਬੀ. ਐਡ. ਇੰਜੀਨੀਅਰਿੰਗ ਔਰ ਪੋਲੀ-ਟੈਕਨਿਕ ਵਿਚ ਵੀ ਅਜਿਹੇ ਬੋਗਸ ਸਰਟੀਫਿਕੇਟ ਵਾਲੇ ਕਿੰਨੇ ਹਨ । (ਵਿਘਨ) (ਇਸ ਵੇਲੇ ਸਰਦਾਰ ਦਰਬਾਰਾ ਸਿੰਘ, ਚੌਧਰੀ ਦਰਸ਼ਨ ਸਿੰਘ, ਸਰਦਾਰ ਦਰਸ਼ਨ ਸਿੰਘ ਕੇ. ਪੀ. ਚੌਧਰੀ ਜਗਤ ਰਾਮ, ਚੌਧਰੀ ਰਾਮ ਸਿੰਘ, ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ, ਸ੍ਰੀ ਪ੍ਰੇਮ ਗੁਪਤਾ, ਆਦਿ ਬਹੁਤ ਸਾਰੇ ਮੈਂਬਰ ਖੜੇ ਹੋ ਕੇ ਬੋਲ ਰਹੇ ਸੀ, ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ)

ਸ੍ਰੀ ਸਪੀਕਰ : ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜੇ ਉਹ ਸਾਰੇ ਸਵਾਲਾਂ ਦਾ ਜਵਾਬ ਅਜ ਨਹੀਂ ਦੇ ਸਕਦੇ ਤਾਂ ਇਸ ਸਵਾਲ ਨੂੰ ਕਿਸੇ ਹੋਰ ਦਿਨ ਲਈ ਰਖ ਲੈਂਦੇ ਹਾਂ ।(ਵਿਘਨ) (ਬਹੁਤ ਸ਼ੋਰ) (I would request the hon'ble Minister that in case he is not in a position to give replies to all the supplementaries to-day, then this question can be postponed for some other day.) (*Interruption*)

ਮੰਤਰੀ : ਸਪੀਕਰ ਸਾਹਿਬ, ਅਜ ਸੋਸ਼ਲ ਵੈਲਫੇਅਰ ਮਨਿਸਟਰ . . . (ਵਿਘਨ)

(ਇਸ ਸਮੇਂ ਸਰਦਾਰ ਦਰਸ਼ਨ ਸਿੰਘ ਕੇ.ਪੀ. ਕੁੱਝ ਬੋਲ ਰਹੇ ਸੀ ਜੋ ਸ਼ੋਰ ਕਾਰਣ ਸੁਣਾਈ ਨਹੀਂ ਦਿਤਾ ।)

ਸ੍ਰੀ ਸਪੀਕਰ : ਮੈਂਬਰ ਸਾਹਿਬਾਨ ਦੀ ਐਂਗਜ਼ਾਇਟੀ ਨੂੰ ਦੇਖਦੇ ਹੋਏ ਇਹ ਸਵਾਲ ਪੋਸਟਪੋਨ ਕੀਤਾ ਜਾਂਦਾ ਹੈ । ਇਸ ਤੇ ਸਪਲੀਮੈਂਟਰੀਜ਼ ਦੋ ਦਿਨਾਂ ਬਾਅਦ (ਵਿਘਨ) ਇਸੇ ਸੈਸ਼ਨ ਵਿਚ ਪੁਛੇ ਜਾਣਗੇ । (ਥੰਪਿੰਗ) (ਬਹੁਤ ਸ਼ੋਰ) (In view of the anxiety shown by the hon'ble Members, this question is postponed. Supplementaries to this question would be asked after two days in this very Session.) (*Thumping*) *too much* (*noise*)

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ, ਕਈ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸੀ ।)

Mr. Speaker : Next question by Comrade Shamsher Singh Josh.

(ਇਸ ਸਮੇਂ ਹਾਊਸ ਵਿਚ ਨਾਅਰੇ ਲਗ ਰਹੇ ਸੀ ਜਿਨ੍ਹਾਂ ਨੂੰ ਸ੍ਰੀ ਸਪੀਕਰ ਨੇ ਰਿਕਾਰਡ ਨਾ ਕਰਨ ਦਾ ਹੁਕਮ ਦਿੱਤਾ ।)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : * * * *

ਵਿਦਿਆ ਮੰਤਰੀ : ਜੋ ਲਫ਼ਜ਼ ਆਜ਼ਾਦ ਸਾਹਿਬ ਨੇ ਕਹੇ ਹਨ ਉਹ ਐਕਸਪੰਜ ਕਰ ਦੇਣੇ ਚਾਹੀਦੇ ਹਨ ।(ਵਿਘਨ)

ਸ੍ਰੀ ਸਪੀਕਰ : ਜੋ ਕੁੱਝ ਆਚਾਰਿਆ ਜੀ ਨੇ ਆਨਰੇਬਲ ਮੈਂਬਰ ਦੀ ਇਜ਼ਤ ਨੂੰ ਡੀਫੇਮ ਕਰਦੇ ਹੋਏ ਕਹੇ ਹਨ, ਇਹ ਬੀਇੰਗ ਡੈਰੋਗੇਟਰੀ ,ਐਕਸਪੰਜ ਕਰ ਦਿਤੇ ਜਾਣ । । (Whatever Acharya ji has said defaming the hon. Member, the same being derogatory, should be expunged.)

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਸਵਾਲ ਹਾਊਸ ਦੇ ਸਾਹਮਣੇ ਹੈ ਇਤਫਾਕ ਨਾਲ ਉਸ ਦੇ ਮਨਿਸਟਰ ਇਨਚਾਰਜ ਇਥੇ ਨਹੀਂ ਸਨ ਔਰ ਮਨਿਸਟਰ ਇਨਚਾਰਜ ਦੂਸਰੇ ਮਨਿਸਟਰ ਨੂੰ ਉਨ੍ਹਾਂ ਦੇ ਸਵਾਲ ਦੇ ਜਵਾਬ ਦੇਣ ਲਈ ਕਹਿ ਗਏ । ਇਸ ਸਵਾਲ ਦਾ ਤਾਲੁਕ ਬਹੁਤ ਪੁਰਾਣਾ ਹੈ ਔਰ ਪੁਰਾਣੀਆਂ ਚੀਜ਼ਾਂ ਬਾਹਰ ਕੱਢੀਆਂ ਸਰਕਾਰ ਦੇ ਅਫਸਰਾਂ ਨੇ । ਕੁਝ ਸਰਕਾਰੀ ਅਫਸਰਾਂ ਨੇ ਸ਼ਰਾਰਤ ਕੀਤੀ

*Expunged as ordered by the Chair.

ਹੋਵੇਗੀ, ਗਲਤ ਸਰਟੀਫਿਕੇਟ ਦਿਤੇ ਹੋਣਗੇ । ਕਈਆਂ ਨੇ ਉਪਕਾਰ ਕੀਤਾ, ਗਲਤ ਚੀਜ਼ਾਂ ਨੂੰ ਬਾਹਰ ਕਢਣ ਵਿਚ ਮਦਦ ਦਿਤੀ ਹੈ । ਇਕ ਆਲ੍ਹਾ ਅਫਸਰ ਛੋਟੇ ਅਫਸਰਾਂ ਦੀ ਤਹਿਕੀਕਾਤ ਕਰ ਸਕਦਾ ਹੋਵ, ਕੰਪੀਟੈਂਟ ਹੋਵੇ, ਉਸ ਦੀ ਡਿਊਟੀ ਲਗਾ ਦਿਆਂਗੇ (ਥੰਪਿੰਗ) ਕਿਸੇ ਕਿਸਮ ਦਾ ਕੋਈ ਲਿਹਾਜ਼ ਨਹੀਂ ਕੀਤਾ ਜਾਏਗਾ ।(ਸ਼ੋਰ)

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਲੋਕ ਸਿਹਤ ਅੰਮ੍ਰਿਤਸਰ ਦੇ ਐਕਸ. ਈ. ਐਨ. ਵਿਰੁੱਧ ਮੇਜਰਨਾਮਾ

*2935 **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਕੀ ਲੋਕ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਪੰਜਾਬ ਸਰਕਾਰ ਮਕੈਨੀਕਲ ਵਰਕਰਜ਼ ਯੂਨੀਅਨ (ਲੋਕ ਕਾਰਜ ਵਿਭਾਗ, ਭਵਨ ਤੇ ਸੜਕਾਂ) ਦੇ ਜਨਰਲ ਸਕੱਤਰ, ਸ੍ਰੀ ਸੋਮ ਨਾਥ, ਮਾਰਫਤ ਸਰਕਾਰੀ ਲਾਂਡਰੀ, ਵੀ.ਜੇ. ਹਸਪਤਾਲ, ਅੰਮ੍ਰਿਤਸਰ ਨੇ 22 ਜੁਲਾਈ, 1974 ਨੂੰ ਚੀਫ ਇੰਜੀਨੀਅਰ, ਪੰਜਾਬ, (ਲੋਕ ਕਾਰਜ ਵਿਭਾਗ) ਲੋਕ ਸਿਹਤ ਸ਼ਾਖਾ, ਪਟਿਆਲਾ ਪਾਸ ਲੋਕ ਸਿਹਤ, ਅੰਮ੍ਰਿਤਸਰ ਦੇ ਐਕਸ.ਈ.ਐਨ. ਵਿਰੁਧ ਕੋਈ ਸ਼ਿਕਾਇਤ ਕੀਤੀ ਸੀ, ਜੇਕਰ ਅਜਿਹਾ ਹੋਵੇ ਤਾਂ ਉਕਤ ਸ਼ਕਾਇਤ ਦਾ ਵਿਸ਼ਾ-ਵਸਤੂ ਸਦਨ ਦੀ ਮੇਜ਼ ਤੇ ਰਖਿਆ ਜਾਵੇ;

(ਅ) ਕੀ ਮੁੱਖ ਚੌਕਸੀ ਅਫਸਰ (ਲੋਕ ਕਾਰਜ ਵਿਭਾਗ), ਲੋਕ ਸਿਹਤ ਸ਼ਾਖਾ, ਪਟਿਆਲਾ ਨੇ ਉਕਤ ਸ਼ਕਾਇਤ ਵਿਚ ਲਗਾਏ ਗਏ ਦੋਸ਼ਾਂ ਦੀ ਕੋਈ ਪੁਛ ਪੜਤਾਲ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਪੜਤਾਲੀਆ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ੲ) ਕੀ ਸਰਕਾਰ ਦੁਆਰਾ ਉਕਤ ਰਿਪੋਰਟ ਤੇ ਹੁਣ ਤੱਕ ਕੋਈ ਕਾਰਵਾਈ ਕੀਤੀ ਗਈ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

ਸਰਦਾਰ ਸੋਹਨ ਸਿੰਘ ਜਲਾਲ ਉਸਮਾਨ : (ੳ) ਹਾਂ ਜੀ। ਸ਼ਿਕਾਇਤ ਦੀ ਨਕਲ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਹਾਂ ਜੀ । ਮੁੱਖ ਚੌਕਸੀ ਅਫਸਰ, ਲੋਕ ਨਿਰਮਾਣ ਵਿਭਾਗ, ਜਨ ਸਿਹਤ ਸ਼ਾਖਾ, ਪਟਿਆਲਾ ਵਲੋਂ ਕੀਤੀ ਗਈ ਪੜਤਾਲ ਦੀ ਰਿਪੋਟ ਦੀ ਨਕਲ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ੲ) ਹਾਂ ਜੀ । ਪੜਤਾਲ ਰਪੋਟ ਵਿਚ ਕਾਰਜਕਾਰੀ ਇੰਜੀਨੀਅਰ, ਜਨ ਸਿਹਤ, ਅੰਮ੍ਰਿਤਸਰ ਜਿਸ ਵਿਰੁਧ ਇਹ ਸ਼ਕਾਇਤ ਕੀਤੀ ਗਈ ਸੀ, ਬਾਰੇ ਕੋਈ ਦੋਸ਼ ਨਹੀਂ ਪਾਇਆ ਗਿਆ । ਉਪ ਮੰਡਲ ਇੰਜੀਨੀਅਰ ਅਤੇ ਭਾਗ ਅਫਸਰ ਦੋਸ਼ੀ ਪਾਏ ਗਏ ਹਨ । ਇਨ੍ਹਾਂ ਦੋਹਾਂ ਵਿਰੁਧ ਪੰਜਾਬ ਸਿਵਲ ਸੇਵਾਵਾਂ

[ਲੋਕ ਸਿਹਤ ਦੇ ਕਾਜ ਮੰਤਰੀ]

(ਸਜ਼ਾਵਾਂ ਅਤੇ ਅਪੀਲ) ਰੂਲਜ਼, 1970 ਅਧੀਨ ਕਾਰਵਾਈ ਕਰਨ ਲਈ ਮੁੱਖ ਇੰਜੀਨੀਅਰ ਨੇ ਇਨ੍ਹਾਂ ਦੇ ਬਿਆਨ ਮੰਗੇ ਹਨ ।

PB. GOVT MECHANICAL WORKER's UNION P.W.D. B & R
PUBLIC HEALTH AND IRRIGATION

(Registered and Recognised)

Head Office, Patiala — Branch Amritsar

Ref. No. 246 — Date 22-7-74

ਸੇਵਾ ਵਿਖੇ

ਸ਼੍ਰੀ ਡੀ.ਆਰ.ਸਿਗਲ ਸਾਹਿਬ ਜੀ,

ਸ੍ਰੀਮਾਨ ਜੀ,

ਸਤਿਕਾਰ ਸਹਿਤ ਅਸੀਂ ਬੇਨਤੀ ਕਰਦੇ ਹਾਂ ਕਿ ਅੰਮ੍ਰਿਤਸਰ ਡਵੀਜ਼ਨ ਵਿਚ ਬੜੀ ਹਨੇਰ ਗਰਦੀ ਮਚੀ ਹੋਈ ਹੈ । ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ ਅਤੇ ਇਉਂ ਜਾਪਦਾ ਹੈ ਕਿ ਬਾਹਰੋਂ ਡਾਕੂ ਮੰਗਵਾਏ ਹੋਏ ਹਨ । ਪਹਿਲਾਂ ਡਾਕਾ ਉਨ੍ਹਾਂ ਨੇ ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਏਅਰ ਕੰਡੀਸ਼ਨ ਨੂੰ ਠੀਕ ਕਰਨ ਦਾ ਬਹਾਨਾ ਬਣਾ ਕੇ ਮਾਰਿਆ ਸੀ । ਉਨ੍ਹਾਂ ਵਿਚੋਂ 2,400—2,400 ਦੇ ਪਾਰਟ (ਪੁਰਜੇ) ਪਾਏ ਦਸੇ ਹਨ ਜਿਹੜੇ ਕਿ ਅਸਲ ਵਿਚ ਨਹੀਂ ਪਾਏ ਗਏ । ਸਿਰਫ ਬੋਗਸ (Bogus) ਪੇਮਿੰਟ ਹੀ ਕੀਤੀ ਗਈ ਹੈ । ਦੂਸਰੇ ਡੈਡ—ਬਾਡੀ ਦੇ ਏਅਰ ਕੰਡੀਸ਼ਨ ਦਾ ਵੀ ਜੋ ਕੰਮ ਹੋਇਆ ਹੈ ਉਸ ਵਿਚ ਵੀ 5,000/— ਰੁਪਏ ਦੇ ਸਪੇਅਰ ਪਾਰਟਸ ਪਾਏ ਦਸੇ ਗਏ ਹਨ ਜਿਹੜੇ ਕਿ ਬਿਲਕੁਲ ਨਹੀਂ ਲਾਏ ਗਏ । ਇਹ ਕੰਮ ਦਿਲੀ ਦੀ ਇਕ ਫਰਮ, ਜਿਸਦਾ ਨਾਉਂ ਯੂਨਾਇਟਿਡ ਅਜੈਂਸੀ, ਦਿਲੀ ਦਸਿਆ ਜਾਂਦਾ ਹੈ, ਤੋਂ ਕਰਵਾਏ ਗਏ ਹਨ ।

ਨੋਟ:— ਯੂਨੀਅਨ ਦੇ ਮੁੱਖ ਸਕੱਤਰਾਂ ਨੂੰ ਉਪਰੋਕਤ ਲਿਖੇ ਪੱਤਰ ਨੂੰ ਲਿਖਦਿਆਂ ਬੜਾ ਦੁਖ ਹੋਇਆ ਕਿ ਇਕ ਪਾਸੇ ਸਾਡੀ ਗੌਰਮਿੰਟ ਅਖਬਾਰ ਅਤੇ ਰੇਡੀਓ ਵਿਚ ਅਨਾਊਂਸ ਕਰਦੀ ਹੈ ਕਿ ਜਨਤਾ ਕੁਰੱਪਸ਼ਨ ਨੂੰ ਹਟਾਉਣ ਲਈ ਗੌਰਮਿੰਟ ਦਾ ਸਾਥ ਦੇਵੇ ਪਰ ਗੌਰਮਿੰਟ ਦੇ ਹੀ ਅਫਸਰ ਕੁਰਪਸ਼ਨ ਕਰਦੇ ਹਨ ਜਿਸ ਤਰ੍ਹਾਂ ਕਾਰਜਕਾਰੀ ਇੰਜੀਨੀਅਰ , ਅੰਮ੍ਰਿਤਸਰ, ਪਬਲਿਕ ਹੈਲਥ ਮੰਡਲ, ਕਰ ਰਿਹਾ ਹੈ ਅਤੇ ਗਰੀਬ ਮੁਲਾਜ਼ਮ ਮਾਰੂ ਨੀਤੀ ਅਪਨਾਈ ਬੈਠਾ ਹੈ । ਇਹ ਅਫਸਰ ਮਨਮਾਨੀ ਅਤੇ ਸ਼ਰੇਆਮ ਕੁਰੱਪਸ਼ਨ ਕਰ ਰਿਹਾ ਹੈ । ਸਾਡੇ ਪਾਸ ਹੋਰ ਵੀ ਅਜਿਹੇ ਕੇਸ ਹਨ ਜਿਹੜੇ ਕਿ ਅਸੀਂ ਨਹੀਂ ਲਿਖ ਸਕਦੇ ਅਤੇ ਉਹ ਬਾਅਦ ਵਿਚ ਆਪ ਨੂੰ ਸਮੇਂ ਸਿਰ ਲਿਖ ਦੇਵਾਂਗੇ । ਯੂਨੀਅਨ ਦੇ ਮੁੱਖ ਸਕਤਰ, ਪੰਜਾਬ ਸਰਕਾਰ ਨੂੰ ਤੇ ਮਹਿਕਮੇ ਦੇ ਉਚ ਅਧਿਅਕਾਰੀਆਂ ਅਤੇ ਪੁਰਜ਼ੋਰ ਅਪੀਲ ਕਰਦੀ ਹੈ ਕਿ ਉਪਰੋਕਤ ਲਿਖੇ ਕੇਸ ਦੀ ਜਲਦੀ ਤੋਂ ਜਲਦੀ ਇਨਕੁਆਰੀ ਕੀਤੀ ਜਾਵੇ ਅਤੇ ਇਸ ਅਫਸਰ ਦੇ ਖਿਲਾਫ ਸਖ਼ਤ ਐਕਸ਼ਨ ਲਿਆ ਜਾਵੇ ਤਾਂ ਜੋ ਹੋ ਰਹੀ ਕੁਰੱਪਸ਼ਨ ਰੁਕ ਸਕੇ ।

ਇਸ ਦਾ ਇਕ ਉਤਾਰਾ ਸੂਚਨਾ ਲਈ ਹੇਠ ਲਿਖਿਆਂ ਨੂੰ ਘਲਿਆ ਜਾਂਦਾ ਹੈ:—

1. ਚੀਫ ਮਨਿਸਟਰ, ਪੰਜਾਬ, ਚੰਡੀਗੜ੍ਹ ।

2. ਏ.ਜੀ.ਪੰਜਾਬ,ਚੰਡੀਗੜ੍ਹ ।
3. ਚੀਫ ਸੈਕਟਰੀ, ਪੰਜਾਬ, ਚੰਡੀਗੜ੍ਹ ।
4. ਚੀਫ ਇੰਜੀਨੀਅਰ, ਪਬਲਿਕ ਹੈਲਥ, ਪਟਿਆਲਾ ।
5. ਮਨਿਸਟਰ ,ਪੀ.ਡਬਲਯੂ.ਡੀ.ਪਬਲਿਕ ਹੈਲਥ, ਪੰਜਾਬ, ਚੰਡੀਗੜ੍ਹ ।
6. ਹੈਡ ਆਫਿਸ ,ਜਨਰਲ ਸੈਕਟਰੀ, ਪਟਿਆਲਾ ।

ਆਪ ਜੀ ਦਾ
ਸੋਮ ਨਾਥ

(Stamp)

Sd/—
GENERAL SECRETARY
Pb. Govt. Mechanical Worker's Union,
P.W.D. B. and R., Amritsar

CONFIDENTIAL

H. S. Puri
Chief Vigilance Officer

Punjab P. W. D. Public Health Branch
Patiala

To

The Commissioner for Public Works and
Secretary to Government, Punjab,
P W.D. B & R/Public Health Branches,
Chandigarh.

Memo. No. SPL-169-PH/P Dated 18th October, 1974.

Subject :— Complaint regarding corruption in Amritsar Public Health Division.

Kindly refer to your office Memo. No. 295-HSI(2)-74/19892 dated 14th August, 197 .

It is alleged in the complaint that some wrong payments have been made for repairs etc. to the Air Conditioners installed in V. J. Hospital, Amritsar and a Cooling Plant installed in the Dead Body House of Medical College, Amritsar to a firm M/s New United Agencies, Delhi. In this connection I have since visited Amritsar and gone through the records of payments and have also seen the relevant Air Conditioners and the Cooling Plant. To check whether or not any new parts for whose replacements the payments have been made to the said firm have been provided the Executive Engineer, Mechanical Public Health Division, Patiala was deputed by me to Amritsar to examine the machinery.

My report regarding the allegations contained in the complaint is as under :—

Following payments have been made in Amritsar Public Health Division for repairs etc. to the Window Air Conditioners and the Cooling Plant installed in the Dead Body House of Medical College, Amritsar. It is a fact that all these payments have been made to the same firm viz. M/s. New United Agencies, Delhi-6 :—

1.	Voucher No. 22 dated 30th May, 1974	..	Rs. 4,740
2.	Voucher No. 130 dated 12th June, 1974	..	Rs. 6,178
3.	Voucher No. 66 dated 5th July, 1974	..	Rs. 2,493
4.	Voucher No 48 dated 11th July, 1974	..	Rs. 535
5.	Voucher No. 49 dated 11th July, 1974	..	Rs. 1,17[illegible]

6. Voucher No. 121 dated 22nd July, 1974	..	Rs 2,040
7. Voucher No. 122 dated 22nd July, 1974	..	Rs. 2,728
8. Voucher No. 34 dated 4th July, 1974	..	Rs. 641

I Voucher No. 22 Dated 30th May 1974 for Rs. 4,740.

The details of this voucher are as under :—

S. No.	Quantity	Particulars		Amount Rs. P.
	Repairs of compressor at Medical College.			
(i)	Crank Shaft		..	1,074—00
(ii)	Remetalling of Crank Shaft		..	175—00
(iii)	Bush barring		..	68—00
(iv)	Re-beering and putting up of piston sets 3 Nos.		..	220—00
(v)	Compressor Oil		..	60—00
(vi)	Valve Plate		..	440—00
(vii)	Shaft Shell Asmbly Imported		..	375—00
(viii)	Gugen Pins		..	55—00
(ix)	Nuts and Bolts		..	50—00
(x)	Compressor overhauling		..	125—00
(xi)	Gas-cut set		..	50—00
(xii)	Re-frigneter Gas 16 Kg. 28 Rs. Per Kg.		..	448—00
(xiii)	Condenser cleaning deduction of leaking and welding		..	300—00
(xiv)	Gas-cut set		..	60—00
(xv)	Labour charges for 2 mechanic for 5 days 200 per day		..	1,000—00
(xvi)	Fare from Delhi to Amritsar and back		..	240—00
				4,740—00

Against this voucher no tenders have been invited. The Cooling Plant was sent to Delhi through a Pump Driver and when the Plant was brought back to Amritsar for its re-installation by the representatives of M/s. New United Agencies, Delhi, three quotations of the following firms were handed over by the representative of the firm to Shri Makhan Singh, Sub-Divisional Engineer, Ist Public Health Division, Amritsar.

1. M/s New United Agencies,
   3717, Subhash Marg, Delhi-6.

2. M/s Rama Refrigerator,
   Shakti Nagar, Amritsar.

3. M/s Frostaing Pawha Mansion,
   1/11-B, Asaf Ali Road,
   New Delhi-I.

On the basis of the above three quotations handed over to the Sub-Divisional Engineer by the representative of the firm after the work was got executed from the New United Agencies, Delhi, the Sub Divisional Engineer recommended to the Executive Engineer, Public Health Division, Amritsar vide his No. 1395 dated 29th May, 1974 that proper quotations were called from Delhi and the repairs have been got done from the lowest i.e. M/s New United Agencies, Delhi-6. Necessary approval to the rates of M/s New United Agencies, Delhi was accorded by the Executive Engineer, Public Health Division, Amritsar vide his letter No. 7904 dated 30th May, 1974 to the Sub Divisional Engineer. Regarding replacement of parts the Executive Engineer, Mechanical Public Health Division, Patiala has reported that no new Crank Shaft has been provided but it is the same original Crank Shaft Valve Plate has not been replaced but only repaired. It has been further noticed that none of the old parts which are said to have been replaced are available at site.

From the above it is concluded that no tenders had been invited before allotment of the work to M/s New United Agencies, Delhi and therefore the rates paid to the firm are non-competitive and prima-facie on high side. The quotations submitted by the Sub Divisional Engineer to the Executive Engineer are not genuine but effort has been made by the Sub Divisional Engineer to cover up the fact that quotations had not been invited. Since the above non-genuine quotations have been collected through the representative of M/s United Agencies, Delhi, it becomes obvious that the firm has been unduly favoured. During repair and fitting of the pumping Machinery or its installation at site after the repairs no one neither the Sectional Officer not the Sub Divisional Engineer checked whether the parts for which payments were to be made had been replaced nor any verification to this purpose was exercised by them at the time of making payment. New Crank Shaft has not been provided by the firm. There is still the same original Crank Shaft although payment for a Crank Shaft amounting to Rs. 1,074 has been made in the bill. This and also because none of the old parts for whose replacement the payments have been allowed in the bill are available a doubt is created whether or not any of the other parts have been replaced at all.

The quotations received by the Sub-Divisional Egineer have not been entered in any quotation register.

Prima-facie the allegation contained in the complaint in this respect is correct.

II. Voucher No. 130 dated 12th June, 1974 for Rs. 6178

The details of the voucher are given below

S. No.	Quantity	Particulars	Rate	Amount Rs.	np.
1.	Hermetacally sealed 1 ton capacity	Compressor 2 Nos.	2449 each	4898	00
2-	Inermostatic Swith	2 Nos.	144/-each	288	00
3.	Running Capacitor 36 M.F.D.	2 Nos.	140/-each	280	00
4.	Starting Capacitor 6 M.F.D.	2 Nos.	43/-each	86	00
5.	Starting Relay and Over load	2 Nos.	160/-each	212	00
6.	Thermostatic switch knob	2 Nos.	8/-each	16	00
7.	Blower and Condenser Fan	2 Nos.	94/-each	188	00
				5969	00
	Labour charges Rs 210			210	00
				6178	00

[ਲੋਕ ਸਿਹਤ ਦੇ ਰਾਜ ਮੰਤਰੀ]

Quotations were invited by Shri Makhan Singh, Sub-Divisional Engineer, 1st Public Health Sub-Division, Amritsar vide his office letter No. 889—93, dated 25th March, 1974. No due date by which the quotations were to be received has been indicated in the letter addressed to the firms. In response to this the following quotations have been received :—

1. M/s New United Agencies, 1671, Subhash Marg, Darya Ganj, Delhi-6.
2. M/s Prabhat Refrigeration Stores, 1671, Kutcha Dakhni Rai, Daryaganj, Delhi.
3. M/s Kapsons Enterprises, 3717, Subhash Marg, Delhi—6.
4. M/s Frostaire, Pawha Mansion, 1/11—B, Asaf Ali Road, New Delhi-1.

None of the above quotations have been diarised in the Sub Divisional Office nor these have been entered in the quotation register.

It is interesting to note that the address given by M/s Kapson Enterprises viz. 3717 Subhash Marg, Delhi-6 is the same as given by M/s United Agencies in their bill against item No. 1 above and also against this work viz. 3717 Subhash Marg, Delhi-6. Also the telephone number given on the quotation of M/s Kapson Enterprises viz. 273266 in the same as given on the quotation of M/s New United Agencies. Also the address viz. 1671, Subhash Marg, Daryaganj, Delhi, of M/s New United Agencies and the address of M/s Prabhat Refrigeration Stores 1671, Kedha Dakhni Rai, Daryaganj, Delhi appear to be the same. The quotation at serial No. 4 cannot also be relied upon as genuine because as explained in para No. 1 the quotation of the said firm was brought by the represen tative of M/s New United Agencies, Delhi after they (M/s New United Agencies, Delhi) had already carried out the work.

From the above it appears that the three quotations at serial No. 1, 2 & 3 are not genuine separate quotations but the same firm has submitted different quotations under different names. The quotation of serial No. 4 is also not reliable. Obviously no competitive quotations were actually received and work was let out to M/s New United Agencies. The quotations were submitted by the Sub-Divisional Engineer and Executive Engineer,—vide No. 1307 dated 9th May, 1974 and the approval was accorded, vide Executive Engineer No. 7610 dated 23rd May, 1974. The ld parts said to have been replaced are not available except for one compressor Unit which was shown to me in the stores adjoining Circuit House, Amritsar. The Executive Engineer, Mechanical has reported that it is not possible at this stage to check whether or not they have replaced the parts for whose replacements payments have been made. It is, however, a fact that the Sectional Officer as also the Sub-Divisional Engineer never checked during the repairs of the Air-Conditioning Units whether any new parts have been provided by the firm. Under these circumstances prima-facie it is a case of allotment of work to M/s New United Agencies, Delhi on non-genuine quotations and therefore at high rates. Since none of the parts for whose replacement payments have been allowed are available a doubt is created whether or not any parts have been replaced at all.

III (a) Voucher No 66 dated 5th July 1974 for Rs 2,493

The details of the voucher are reproduced below :—

S. No.	Quantity	Particulars	Amount Rs.	np.
1	2	3	4	
Repair of Air Conditioner in Room No 1 Voltas.				
(i)		Condenser Coil	940	00
(ii)		Servicing cleaning and Gas charging	210	00

Room No. 1 1½ ton Electrous

(i) Servicing cleaning	..	125	00
(ii) Pads Painting	..	20	00
Room No 3			
(i) Condenser Coil	..	940	00
(ii) Gas charges and servicing	..	210	00
(iii) Pads	..	20	00
(iv) Selector switch	..	28	00
	..	2493	00

(b) Voucher No. 48 dated 11th July, 1974 for Rs 535

The details of the voucher are reproduced below:

S. No.	Quantity	Particulars	Amount Rs.	np.
	Repair of Voltas Air Conditioner			
	1 Ton at Circuit House Room No. 2.			
	(i) Servicing and Gas charging		210	00
	(ii) Thermostat		180	00
	(iii) Running Capacitor		125	00
	(iv) Filter Pad		20	00
			535	00

Quotations for the above work were invited by Shri Makhan Singh, Sub-Divisional Engineer, 1st Public Health Sub-Division, Amritsar from the following firms, *vide* his letter No. 1215-18 dated 26th April, 1974 :—

1. M/s Bharat Referigeration and Air Conditioning, Amritsar.
2. M/s New United Agency, 3717, Subhash Marg, Delhi—6.
3. M/s Frostaire Air Conditioning and Referigeration, Asf Ali, Road, Delhi
4. M/s Kapson Enterprises, 3717, Subhash Marg, Delhi.

The quotation notice does not appear to have been despatched by post but is said to have been sent through a Sectional Officer. No date by which the quotations were to be received has been mentioned in the quotation notice. In response to the quotation notice the following three quotations have been received :—

1. M/s New United Agencies, 3717, Subhash Marg, Delhi—6.
2. M/s Rama Refrigerator, Plot, No. 20, Shakti Nagar, Amritsar.
3. M/s Frostaire, Pawha Mansion, 1/11-B, Asaf Ali Road, New Delhi—1.

[ਲੋਕ ਨਿਰਮਾਣ ਤੇ ਰਾਜ ਮੰਤਰੀ]

No entry for the quotations received has been made by the Sub-Divisional Engineer in the quotation register. As explained in para I the quotations at Serial No. 1 and 3 can not be relied upon as genuine competitive quotations.

The quotations were submitted to Executive Engineer, Public Health Division, Amritsar vide Sub-Divisional Engineer, Ist Public Health Sub-Division, Amritsar letter No. 1452 dated 13th June, 1974 and approved vide Executive Engineer, Public Health Division, Amritsar letter No. 9484 dated, 5th July, 1974. In this case the old parts said to have been replaced and paid for are not available. However, the Air Conditioners are in working condition. The Executive Engineer, Mechanical has reported that the parts in question being stationary items it is difficult to judge if these are new or old when said to have been replaced are not available. The Section Officer and the Sub-Divisional Engineer have not, during the old item repairs verified if any new parts have been provided nor they have verified the same at the time of making payment.

IV. Voucher No. 49 dated 11th July, 1974 for Rs. 1170.

The details of the voucher are given below :—

Quantity	Particulars	Amount
		Rs. nP.
	Repairs carried out of Electronics Air Conditioner at Room No. 4.	
	(i) Rewinding of Motor ..	215.00
	(ii) Servicing and Gas Charging ..	210.00
	Repairs carried out of Gem Ton Air Conditioner carted from Store	
	(i) Compressor overhauling, servicing, Replacement of defective parts, charging of Gas complete in working order ..	745.00
	..	1,170.00

Quotations have been invited by the Sub-Divisional Engineer, Ist Public Health Sub-Division, Amritsar vide his letter No. 1480-85, dated 14th June, 1974 from the following firms but no date by which the quotations were to be received has been indicated in the quotations notice. The quotation notices are said to have been sent by post.

1. M/s Prabhat Refrigeration Store, 1671, Kucha Dakhni Rai, Delhi.
2. M/s Kapsons Enterprises, 3317, Subash Marg, Delhi—6.
3. M/s Voltas Ltd , Kamla Market, Asaf Ali Road, New Delhi.
4. M/s New United Agencies, 1671, Subash Marg, Delhi—6.
5. M/s Frostaire, 1/11-B, Asaf Ali Road, New Delhi.
6. M/s Kumar Sales, 9 Queen Road, Amritsar.

Following quotations have been received in the Sub-Division :—

1. M/s New United Agencies, 3717—Subash Marg, Delhi—6.
2. M/s Bharat Refrigeration and Air Conditioning Engineers, near Sabzi Mandi, Opp. Tubewell, Ram Bagh, Amritsar.
3. M/s Frostaire, Pawha Mansion 1/11-B, Asaf Ali Road, New Delhi—1.

The quotations have not been entered in the quotations register by the Sub-Divisional Engineer is explained in para I quotations at Serial No. 1 and 3 cannot be relied upon as genuine competitive quotations.

The quotations were submitted to Executive Engineer vide No 585 dated 8th July, 1974 and approved by the Executive Engineer vide No. 9640 dated 9th July, 1974 No. defective parts said to have been replaced were available. Also in the Voucher the details of the parts that have been replaced have not been mentioned without which it is difficult at this stage to say if any parts were actually replaced. The Sectional Officer and the Sub Divisional Engineer have not during repairs verified if any new parts have been provided nor they have verified the same at the time of making payment.

(V) (a) Voucher No. 121 dated 22nd July, 1974 for Rs. 2,040/-

The details of the vouchers are as under:—

Sr. No.	Quantity	Particulars Rate	Amount Rs. p.
	United Engineering Air Conditioner of Recovery Room V.J. Hospital		
1.	Complete overhauling of Air Conditioner with replacement of parts gas charging servicing. One Job	1770/- each.	1770.00
2.	Air conditioner unit for Cistarn of operation theater		
	Complete overhauling servicing gas charging complete in working order guarantee for 12 months.	630/- each	630.00
			2400.00
		less 15 percent	360.00
			2040.00

(b) Voucher No. 122 dated 22nd July, 1974 for Rs 2,728/—

The details of voucher are as under :—

Sr. No.	Quantity	Particulars	Rate	Amount Rs. np.
	Voltas Air Conditioner at Operation Theatre V.J. Hospital.			
1.	Voltas Air Conditioner Repair servicing including replacement of parts which are defective to given in complete working order.		3210/ each	3210.00
				3210.00

[ਲੋਕ ਸਿਹਤ ਤੇ ਕਾਜ ਮੰਤਰੀ]

Quotations have been called by Shri Makhan Singh, Sub Divisional Engineer, 1st Public Health Sub Division, Amritsar vide his letter No. 1474-79 dated 14th June, 1974 but no date by which the quotations were to be received has been specified in the quotation notice. The following quotations are available in the record of the Sub Division.

1. M/s New United Agencies, 3717, Subash Marg, Darya Ganj, Delhi-6.

2. M/s Rama Refrigerator, Plot No. 20, Shakti Nagar, Amritsar.

3. M/s Frostaire, Pawha Mansion, 1/11-B, Asaf Ali Road, New Delhi-1.

No entry of the quotations exists in the quotations register of the Sub Division.

Here again as explained in para 1 the quotations at serial No. 1 & 3 cannot be relied upon as genuine competitive quotations.

Quotations were submitted to Executive Engineer, Public Health Division, Amritsar vide Sub Divisional Engineer 1st Public Health Sub Division, Amritsar letter No. 15;4 dated 8th July, 1974. The approval of th quotation of M/s. New United Agencies was accorded by the Executive Engineer vide his letter No. 9638 dated 9th July, 1974.

It would be seen from the payments made that in case of Voltas/Air-Conditioners at the Operation Theatre. V.J. Hospital, Amritsar a payment of Rs. 3210/- has been allowed where as payment of Rs. 1770/- has been allowed in the case of Air-Conditioner installed in the Recovery room of V.J. Hospital Amritsar although the wording of the work done is practically the same. No details of the parts replaced have been given in either of the two vouchers nor any old parts have been made available to check as to which parts have been replaced. The quotations are obviously non-competitive and therefore prima-facie, excessive rates have been allowed. The Executive Engineer, Mechanical has reported that the Air-Conditioners are in working condition but it is difficult to state at this stage whether any parts have been replaced particularly when no old parts are available. The Sectional Officer and the Sub-Divisional Engineer did not check at the time of repairs or payment whether any old parts have been replaced by the firm with new parts.

VI. Voucher No. 34 dated 4th July, 1974 for Rs. 641

The Sub-Divisional Engineer is said to have submitted three quotations vide his letter No. 1429, dated 5th June, 1974 to the Executive Engineer, Public Health Division, Amritsar alongwith comparative statement. The Original quotations are not available nor any quotation notice by which the quotation has been invited by the Sub-Divisional Engineer is available. In the comparative statement three quotations have been dealt-with :—

1. M/s New United Agencies, 3717—Subash Marg, Delhi—6.

2. M/s Rama Refrigeration, Amritsar.

3. M/s Prabhat Refrigeration Stores, Delhi.

As explained in para II the two firms at Serial No. 1 and 3 are not different but the same firm has submitted quotations in different names. As such the work has not been allotted against genuine competitive quotations. In this case however no replacement of parts has been paid for.

The original complaint as received in this office vide with your reference under reply is returned herewith for reference. A copy of the same has been kept in this office for record.

DA/Complaint in original. Sd/—(H. S. Puri)

Endorsement No. SPL-170 —PH/P Dated 18th October, 1974.

A copy with a copy of the complaint is forwarded to the Chief Engineer Punjab, P.W.D., Public Health Branch, Patiala for information with reference to endorsement No. 295—EBI(2)—74 19363, dated 14th August, 1974 from the Commissioner for Public Works and Secretary to Government, Punjab, P.W.D., B. and R./Public Health Branches, Chandigarh to his address.

Sd/—(H. S. Puri)

Chief Vigilance Officer,

Punjab P.W.D. Public Health Branch, Patiala.

DA/Copy of the Complaint

ਅਕਤੂਬਰ, ਨਵੰਬਰ, 1974 ਵਿੱਚ ਗੌਰਮਿੰਟ ਆਯੁਰਵੈਦਿਕ ਕਾਲਜ ਪਟਿਆਲਾ ਦੇ ਵਿਦਿਆਰਥੀਆਂ ਦੁਆਰਾ ਹੜਤਾਲ

*2897 **ਕਾਮਰੇਡ ਸਤ ਪਾਲ ਡਾਂਗ**
ਕਾਮਰੇਡ ਦਾਨਾ ਰਾਮ : ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਇਹ ਸੱਚ ਹੈ ਕਿ ਅਕਤੂਬਰ ਅਤੇ ਜਾਂ ਨਵੰਬਰ, 1974 ਦੇ ਮਹੀਨੇ ਵਿੱਚ ਗੌਰਮਿੰਟ ਕਾਲਜ, ਪਟਿਆਲਾ ਦੇ ਵਿਦਿਆਰਥੀਆਂ ਨੇ ਹੜਤਾਲ ਕੀਤੀ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਮੰਗਾਂ ਅਤੇ ਸਕਾਇਤਾਂ ਜਿਸ ਕਰਕੇ ਉਨ੍ਹਾਂ ਨੇ ਹੜਤਾਲ ਕੀਤੀ, ਦਾ ਵੇਰਵਾ ਕੀ ਹੈ ?

(ਅ) ਉਕਤ ਹੜਤਾਲ ਕਿਸ ਮਿਤੀ ਨੂੰ ਸ਼ੁਰੂ ਹੋਈ ਅਤੇ ਕਿਸ ਮਿਤੀ ਨੂੰ ਖਤਮ ਹੋਈ ;

(ੲ) ਕੀ ਹੜਤਾਲ ਉਨ੍ਹਾਂ ਦੁਆਰਾ ਦਿਤੇ ਗਏ ਕਿਸੇ ਆਸ਼ਵਾਸ਼ਨ ਦੇ ਅਧਾਰ ਤੇ ਖਤਮ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰਕਾਰ ਦਿਤੇ ਗਏ ਆਸ਼ਵਾਸ਼ਨ ਦਾ ਵੇਰਵਾ ਕੀ ਹੈ ?

(ਸ) ਉਕਤ ਵਿਦਿਆਰਥੀਆਂ ਦੀਆਂ ਮੰਗਾਂ ਦੇ ਸਬੰਧ ਵਿਚ ਸਰਕਾਰ ਦੁਆਰਾਂ ਕੀਤੇ ਗਏ ਫੈਸਲਿਆਂ ਦਾਂ ਵੇਰਵਾ ਕੀ ਹੈ?

ਸਰਦਾਰ ਬਲਬੀਰ ਸਿੰਘ : (ੳ) ਹਾਂ ਜੀ— ਮੰਗਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

1. ਪੂਰੇ ਸਮੇਂ ਲਈ ਪ੍ਰਿੰਸੀਪਲ ਦੀ ਨਿਯੁਕਤੀ ।

2. ਖਾਲੀ ਆਸਾਮੀਆਂ ਨੂੰ ਭਰਨ ਬਾਰੇ ।

3. ਵਿਦਿਆ ਪੀਠ ਨੂੰ ਮਾਨਤਾ ਨਾ ਦੇਣ ਬਾਰੇ ਤੇ ਇਸ ਸੰਸਥਾ ਦੀ ਯੋਗਤਾ ਰਖਣ ਵਾਲੇ ਉਮੀਦਵਾਰਾਂ ਨੂੰ ਪੋਸਟ ਗਰੈਜੂਏਟ ਟਰੇਨਿੰਗ ਕੋਰਸ (ਆਯੁਰਵੈਦਾ) ਵਿਚ ਦਾਖਲਾ ਨਾ ਦੇਣ ਬਾਰੇ ।

4. ਗਰੈਜੂਏਟ ਕੋਰਸ ਦੇ ਸਲੇਬਸ ਦਰਜਾ ਪਹਿਲਾ ਅਤੇ ਦੂਜਾ ਵਿਚ ਤਬਦੀਲੀ ਬਾਰੇ।

5. ਵਿਦਿਆਰਥੀਆਂ ਦੇ ਖਿਲਾਫ ਕੇਸ ਵਾਪਿਸ ਲੈਣ ਬਾਰੇ ।

[ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ]

6. ਡੈਡ ਬਾਡੀ ਦੀ ਸਪਲਾਈ ਕਰਨ ਬਾਰੇ ।

7. ਮੈਡੀਕਲ ਕਾਲਜ ਦੇ ਪ੍ਰੋਫੈਸਰਾਂ ਦੇ ਲੈਕਚਰ ਦਵਾਉਣ ਸਬੰਧੀ ।

8. ਸ਼ੈਲਿਆ ਅਤੇ ਸਲਾਕਿਆ ਦਾ ਵਿਸ਼ਾ ਅੱਡ ਅੱਡ ਕਰਨ ਬਾਰੇ ।

9. ਆਯੁਰਵੈਦਾਂ ਦਾ ਵਖਰਾ ਡਾਇਰੈਕਟੋਰੇਟ ਸਥਾਪਤ ਕਰਨ ਬਾਰੇ ।

10. ਵੈਦਾਂ/ਹਕੀਮਾਂ ਦੇ ਗਰੇਡਾਂ ਵਿਚ ਸੋਧ ਕਰਨ ਬਾਰੇ ।

11. ਹਾਊਸ ਜੌਬ-ਇਨਟਰਨਸ਼ਿਪ ਲਾਗੂ ਕਰਨ ਬਾਰੇ ।

(ਅ) ਵਿਦਿਆਰਥੀਆਂ ਵਲੋਂ ਹੜਤਾਲ ਮਿਤੀ 22-10-74 ਨੂੰ ਸ਼ੁਰੂ ਕੀਤੀ ਗਈ ਅਤੇ ਮਿਤੀ 7-11-74 ਨੂੰ ਖਤਮ ਕੀਤੀ ਗਈ ।

(ੲ) ਹਾਂ ਜੀ। ਵਿਦਿਆਰਥੀਆਂ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਉਨ੍ਹਾਂ ਦੀਆਂ ਮੰਗਾਂ ਤੇ ਹਮਦਰਦੀ ਨਾਲ ਵਿਚਾਰ ਹੋ ਰਿਹਾ ਹੈ।

(ਸ) ਵਿਦਿਆਰਥੀਆਂ ਦੀਆਂ ਮੰਗਾਂ ਬਾਰੇ ਕੀਤੇ ਗਏ ਫੈਸਲਿਆਂ ਦਾ ਵੇਰਵਾ ਨਿਮਨ ਲਿਖਤ ਅਨੁਸਾਰ ਹੈ :—

1. ਪੂਰੇ ਸਮੇਂ ਲਈ ਪ੍ਰਿੰਸੀਪਲ ਦੀ ਨਿਯੁਕਤੀ ਕੀਤੀ ਜਾ ਚੁਕੀ ਹੈ ।

2. ਇਕ ਸਹਾਇਕ ਪ੍ਰੋਫੈਸਰ ਅਤੇ 3 ਜੂਨੀਅਰ ਲੈਕਚਰਾਰ/ਲੈਕਚਰਾਰ ਦੀਆਂ ਅਸਾਮੀਆਂ ਭਰੀਆਂ ਜਾ ਚੁਕੀਆਂ ਹਨ । ਇਕ ਪ੍ਰੋਫੈਸਰ ਦੀ ਨਿਯੁਕਤੀ ਦੇ ਹੁਕਮ ਵੀ ਜਾਰੀ ਕੀਤੇ ਜਾ ਚੁਕੇ ਹਨ ।

3. ਵਿਭਾਗ ਅਧੀਨ ਕੇਵਲ ਸ਼੍ਰੇਣੀ 3 ਦੀ ਆਸਾਮੀਆਂ ਤੇ ਨਿਯੁਕਤੀ ਦੇ ਮੰਤਵਾਂ ਲਈ ਵਿਦਿਆਪੀਠ ਸੰਸਥਾ ਨੂੰ ਹੁਣ ਮਾਨਤਾ ਨਹੀਂ ਹੈ । ਪਰ ਪੰਜਾਬੀ ਯੂਨੀਵਰਸਟੀ ਨੇ ਇਸ ਸੰਸਥਾ ਦੀ ਯੋਗਤਾ ਰਖਣ ਵਾਲੇ ਉਮੀਦਵਾਰ ਨੂੰ ਪੋਸਟ-ਗਰੈਜੂਏਟ ਕੋਰਸ (ਆਯੂਰਵੈਦ) ਵਿਚ ਦਾਖਲਾ ਲੈਣ ਲਈ ਮਾਨਤਾ ਦੇ ਰਖੀ ਹੈ । "ਇੰਡੀਅਨ ਮੈਡੀਸਨ ਸੈਂਟਰਲ ਕੌਂਸਲ ਐਕਟ 1970 ਅਧੀਨ ਇਸ ਸੰਸਥਾ ਨੂੰ ਮਾਨਤਾ ਪ੍ਰਾਪਤ ਹੈ ।"

4. ਇਹ ਮੰਗ ਪੰਜਾਬੀ ਯੂਨੀਵਰਸਟੀ ਵਲੋਂ ਮੰਨ ਲਈ ਗਈ ਹੈ।

5. ਵਿਦਿਆਰਥੀਆਂ ਦੇ ਖਿਲਾਫ ਕੇਸ ਵਾਪਸ ਲੈ ਲਏ ਗਏ ਹਨ ।

6. ਡੈਡ ਬਾਡੀਜ਼ ਦਾ ਪ੍ਰਬੰਧ ਕਰ ਦਿਤਾ ਗਿਆ ਹੈ।

7. ਮੌਡਰਨ ਵਿਸ਼ਿਆਂ ਤੇ ਲੈਕਚਰ ਦਿਵਾਉਣ ਸਬੰਧੀ ਪ੍ਰਬੰਧ ਕਰ ਦਿਤਾ ਗਿਆ ਹੈ ।

8. ਸੈਲਿਆ ਤੇ ਸ਼ਲਾਕਿਆ ਵਿਸ਼ੇ ਅਡ ਅਡ ਕਰ ਦਿਤੇ ਗਏ ਹਨ ।

9. ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

10. ਵੈਦਾਂ ਦੇ ਗਰੇਡਾਂ ਵਿਚ ਅਜੇ ਹੋਰ ਸੋਧ ਕਰਨਾ ਸੰਭਵ ਨਹੀਂ ਹੈ ।

11. ਵਿੱਤੀ ਕਾਰਨਾਂ ਕਰਕੇ ਅਜੇ ਇਨਟਰਨਸ਼ਿਪ ਹਾਊਸ ਜੌਬ ਲਾਗੂ ਕਰਨਾ ਸੰਭਵ ਨਹੀਂ ਹੈ ।

ਪੰਜਾਬ ਰਾਜ ਬਿਜਲੀ ਬੋਰਡ ਵਿਚ ਕਥਿਤ ਬੇਕਾਇਦਗੀ ਸਬੰਧੀ ਵਿੱਤੀ ਸਕੱਤਰ ਪੰਜਾਬ ਸਰਕਾਰ ਦੀ ਰਿਪੋਰਟ

*2895. **ਕਾਮਰੇਡ ਸੱਤ ਪਾਲ ਡਾਂਗ]**
ਕਾਮਰੇਡ ਦਾਨਾ ਰਾਮ] : ਕੀ ਸਿੰਚਾਈ ਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ 1974 ਦੇ ਦੌਰਾਨ ਕਿਸੇ ਸਮੇਂ ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਸਕੱਤਰ ਨੇ ਸਰਕਾਰ ਨੂੰ ਪੰਜਾਬ ਰਾਜ ਬਿਜਲੀ ਬੋਰਡ ਵਿਚ ਕੋਈ ਵਿੱਤੀ ਬੇਕਾਇਦਗੀਆਂ ਦਰਸਾਉਂਦੀ ਕੋਈ ਰਿਪੋਰਟ ਪੇਸ਼ ਕੀਤੀ, ਜੇਕਰ ਅਜਿਹਾ ਹੋਵੇ ਤਾਂ ਅਜਿਹੀ ਰਿਪੋਟ (ਰਪੋਟਾਂ) ਦੀ (ਦੀਆਂ) ਇਕ ਕਾਪੀ (ਕਾਪੀਆਂ) ਸਦਨ ਦੀ ਮੇਜ਼ ਤੇ ਰਖੀ ਜਾਵੇ (ਰਖੀਆਂ ਜਾਣ) ;

(ਅ) ਇਸ ਸਬੰਧੀ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦਾ ਵੇਰਵਾ ਵੀ ਸਦਨ ਦੀ ਮੇਜ਼ ਤੇ ਰਖਿਆ ਜਾਵੇ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : (ੳ) ਜੀ ਨਹੀਂ।

(ਅ) ਸਵਾਲ ਪੈਦਾ ਨਹੀਂ ਹੁੰਦਾ ।

ਟਿਊਬਵੈਲ ਕਾਰਪੋਰੇਸ਼ਨ ਦੁਆਰਾ ਲਗਾਏ ਗਏ ਟਿਊਬਵੈਲਾਂ ਰਾਹੀਂ ਸਿੰਜਾਈ

*2937 **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ:—

(ੳ) ਰਾਜ ਵਿਚ ਟਿਊਬਵੈਲ ਕਾਰਪੋਰੇਸ਼ਨ ਦੁਆਰਾ ਹੁਣ ਤਕ ਕੁਲ ਕਿੰਨੇ ਟਿਊਬਵੈਲ ਲਗਾਏ ਗਏ ਹਨ;

(ਅ) ਅਜਿਹੇ ਟਿਊਬਵੈਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਸਾਲ 1974 ਵਿਚ ਅਸਲ ਵਿਚ ਸਿੰਜਾਈ ਦੇ ਮੰਤਵਾਂ ਲਈ ਪਾਣੀ ਮੁਹੱਈਆ ਕੀਤਾ ;

(ੲ) ਅਜਿਹੇ ਟਿਊਬਵੈਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਇਸ ਤੱਥ ਦੇ ਬਾਵਜੂਦ ਵੀ ਕਿ ਉਹ ਲਗਾਏ ਗਏ ਸਨ, ਕੰਮ ਨਹੀਂ ਕੀਤਾ ਅਤੇ ਇਸ ਦੇ ਕੀ ਕਾਰਨ ਹਨ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : (ੳ) 366.

(ਅ) 130.

[ਸਿੰਚਾਈ ਅਤੇ ਬਿਜਲੀ ਦੇ ਰਾਜ ਮੰਤਰੀ]

(ੲ) 236. ਟਿਊਬਵੈੱਲਾਂ ਵਿਚੋਂ 214 ਕੰਮ ਨਹੀਂ ਕਰ ਰਹੇ ਕਿਉਂਕਿ ਇਨ੍ਹਾਂ ਨੂੰ ਹਾਲੇ ਤਕ ਬਿਜਲੀ ਦੇ ਕੁਨੈਕਸ਼ਨ ਨਹੀਂ ਦਿਤੇ ਗਏ । ਬਾਕੀ ਦੇ 22 ਟਿਊਬਵੈੱਲ ਮਸ਼ੀਨਰੀ ਦੇ ਫੇਲ੍ਹ ਹੋਣ ਕਾਰਣ ਨਹੀਂ ਚਲ ਸਕੇ ।

1975-76 ਦੇ ਦੌਰਾਨ ਸਬਸਿਡਾਈਜ਼ਡ ਇੰਡਸਟ੍ਰੀਅਲ ਹਾਊਸਿੰਗ ਸਕੀਮ ਅਧੀਨ ਬਣਾਏ ਜਾਣ ਵਾਲੇ ਤਜਵੀਜ਼ਤ ਮਕਾਨ

*2951. ਕਾਮਰੇਡ ਸੱਘੜ ਸਿੰਘ
ਕਾਮਰੇਡ ਸੱਤ ਪਾਲ ਡਾਂਗ : ਕੀ ਗ੍ਰਹਿ ਨਿਰਮਾਣ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਸਾਲ 1975—76 ਦੇ ਦੌਰਾਨ ਸਬਸਿਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਅਧੀਨ ਰਾਜ ਦੇ ਵੱਖ ਵੱਖ ਉਦਯੋਗਿਕ ਕੇਂਦਰਾਂ ਤੇ ਕੇਂਦਰਵਾਰ ,ਸਰਕਾਰ ਦੁਆਰਾ ਬਣਾਏ ਜਾਣ ਵਾਲੇ ਤਜਵੀਜ਼ਤ ਮਕਾਨਾਂ ਦੀ ਗਿਣਤੀ ਕਿੰਨੀ ਹੈ ?

ਸਰਦਾਰ ਉਮਰਾਓ ਸਿੰਘ (ਮਾਲ ਮੰਤਰੀ) : ਸਾਲ 1975—76 ਦੇ ਦੌਰਾਨ ਸਬਸੀਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਦੇ ਤਹਿਤ ਵੱਖ ਵੱਖ ਉਦਯੋਗਿਕ ਕੇਂਦਰਾਂ ਵਿਚ ਲਗਭਗ 750 ਮਕਾਨ ਬਨਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

STARRED QUESTION No. *2908

(EXTENSION HAS BEEN ASKED FOR IN RESPECT OF STARRED QUESTION No. 2908)

ਰਾਜ ਵਿਚ ਬੋਗਸ ਉਦਯੋਗਿਕ ਯੂਨਿਟਾਂ

*2931. ਕਾਮਰੇਡ ਸੱਘੜ ਸਿੰਘ
ਕਾਮਰੇਡ ਸੱਤ ਪਾਲ ਡਾਂਗ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਸਮਾਲ ਇੰਡਸਟਰੀਜ਼ ਸਰਵਿਸ ਇੰਸਟੀਚਿਊਟ ਦੁਆਰਾ ਸਾਲ 1974 ਤੇ ਦੌਰਾਨ ਕਿਸ ਸਮੇਂ ਪੰਜਾਬ ਵਿਚ ਬੋਗਸ ਉਦਯੋਗਿਕ ਯੂਨਿਟਾਂ ਦੀ ਗਿਣਤੀ ਪਤਾ ਲਗਾਉਣ ਲਈ ਕੋਈ ਸਰਵੇ ਕੀਤਾ ਗਿਆ ਸੀ; ਜੇ ਕਰ ਅਜਿਹਾ ਹੋਵੇ ਤਾਂ ਇਸ ਤਰ੍ਹਾਂ ਪਤਾ ਲਗਾਈਆਂ ਗਈਆਂ ਬੋਗਸ ਯੂਨਿਟਾਂ ਕਿੰਨੀਆਂ ਹਨ ;

(ਅ) ਦਸਣਗੇ ਕਿ ਜਲੰਧਰ ਵਿਚ ਪਤਾ ਲਗਾਈਆਂ ਗਈਆਂ ਅਜਿਹੀਆਂ ਬੋਗਸ ਯੂਨਿਟਾਂ ਕਿੰਨੀਆਂ ਹਨ ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਸਰਵੇ ਰਿਪੋਟ ਦੀ ਨਕਲ ਸਦਨ ਦੀ ਮੇਜ਼ ਤੇ ਰਖਣਗੇ ?

ਗਿਆਨੀ ਜ਼ੈਲ ਸਿੰਘ : (ੳ) ਨਹੀਂ ਜੀ ।

(ਅ,ਅਤੇ ੲ) ਉਪਰੋਕਤ (ੳ) ਨੂੰ ਮੁੱਖ ਰਖਦੇ ਹੋਏ ਸਵਾਲ ਪੈਦਾ ਹੀ ਨਹੀਂ ਹੁੰਦਾ ।

---

*For Starred Question No. 2908 and reply thereto please see appendix to this Debate.

ਖੇਤ ਮਜ਼ਦੂਰਾਂ ਦੇ ਸਮਾਜਕ ਬਾਈਕਾਟ ਦੇ ਮਾਮਲੇ ਵਿਚ ਕਿਰਤ ਭਲਾਈ ਸਲਾਹਕਾਰ ਬੋਰਡ ਦੁਆਰਾ ਕੀਤੀਆਂ ਗਈਆਂ ਸਿਫਾਰਸ਼ਾਂ

*2954. ਕਾਮਰੇਡ ਦਾਨਾ ਰਾਮ }
ਕਾਮਰੇਡ ਸੱਤ ਪਾਲ ਡਾਂਗ } : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਕੀ ਕਿਰਤ ਸਲਾਹਕਾਰ ਬੋਰਡ ਨੇ 19 ਸਤੰਬਰ, 1974 ਨੂੰ ਹੋਈ ਆਪਣੀ ਮੀਟਿੰਗ ਵਿਚ ਰਾਜ ਵਿਚ ਖੇਤ ਮਜ਼ਦੂਰਾਂ ਦੇ ਸਮਾਜਕ ਬਾਈਕਾਟ ਦੇ ਮਾਮਲੇ ਸਬੰਧੀ ਸਰਕਾਰ ਨੂੰ ਕੋਈ ਸਿਫ਼ਾਰਸ਼ਾਂ ਕੀਤੀਆਂ, ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰਕਾਰ ਕੀਤੀਆਂ ਗਈਆਂ ਯਥਾਰਥ ਸਿਫਾਰਸ਼ਾਂ ਕੀ ਹਨ;

(ਅ) ਉਕਤ ਹਰ ਇਕ ਸਿਫਾਰਸ਼ ਤੇ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਸ੍ਰੀ ਹੰਸ ਰਾਜ ਸ਼ਰਮਾ : (ੳ) ਹਾਂ ਜੀ । ਇਸ ਸਬੰਧ ਵਿਚ ਕਿਰਤ ਸਲਾਹਕਾਰ ਬੋਰਡ ਨੇ ਨਿਮਨ ਲਿਖਤ ਸਿਫਾਰਸ਼ਾਂ ਕੀਤੀਆਂ ਸਨ :—

1. ਸਰਕਾਰ (ਗ੍ਰਹਿ ਵਿਭਾਗ) ਖੇਤ ਮਜ਼ਦੂਰਾਂ ਦੇ ਸੋਸ਼ਲ ਬਾਈਕਾਟ ਨੂੰ ਕਾਨੂੰਨ ਰਾਹੀਂ ਗੈਰ-ਕਾਨੂੰਨੀ ਕਰਾਰ ਦੇ ਦੇਵੇ ।

2. ਜ਼ਿਲ੍ਹਾ ਪੱਧਰ ਤੇ ਕਮੇਟੀਆਂ ਸਥਾਪਤ ਕੀਤੀਆਂ ਜਾਣ ਜਿਨ੍ਹਾਂ ਵਿਚ ਡਿਪਟੀ ਕਮਿਸ਼ਨਰ, ਸੁਪਰਡੈਂਟ ਪੁਲਿਸ, ਕਿਰਤ ਅਫਸਰ ਅਤੇ ਜ਼ਿਲ੍ਹਾ ਵੈਲਫੇਅਰ ਅਫਸਰ ਤੋਂ ਇਲਾਵਾ 2 ਪ੍ਰਤੀਨਿਧ ਖੇਤ ਮਜ਼ਦੂਰਾਂ ਦੇ ਅਤੇ ਖੇਤ ਮਾਲਕਾਂ ਦੇ ਹੋਣ ਜੋ ਕਿ ਸੋਸ਼ਲ ਬਾਈਕਾਟ ਦੀ ਕਿਸੇ ਹੋਈ ਘਟਨਾ ਤੇ ਗੌਰ ਕਰੇ ਅਤੇ ਘਟ ਤੋਂ ਘਟ ਉਜਰਤਾਂ ਨੂੰ ਨਾਂ ਦੇਣ ਸਬੰਧੀ ਅਗਰ ਕੋਈ ਘਟਨਾਂ ਉਨ੍ਹਾਂ ਦੇ ਧਿਆਨ ਵਿਚ ਆਵੇ ਤਾਂ ਪੜਤਾਲ ਕਰੇ । ਐਸੀ ਕਮੇਟੀ ਦਾ ਸਕੱਤਰ ਜ਼ਿਲ੍ਹਾ ਵੈਲਫੇਅਰ ਅਫਸਰ ਬਣਾਇਆ ਜਾ ਸਕਦਾ ਹੈ ।

(ਅ) ਸਿਫਾਰਸ਼ਾਂ ਸਰਕਾਰ ਦੇ ਵਿਚਾਰ ਅਧੀਨ ਹਨ ।

ਮਿਉਂਸਪਲ ਕਮੇਟੀਆਂ ਦੇ ਕਰਮਚਾਰੀਆਂ ਤੋਂ ਨੌਕਰੀਆਂ ਵਿਚ ਰਿਜ਼ਰਵੇਸ਼ਨ ਸਬੰਧੀ ਮੈਜਰਨਾਮੇ

*2947. **ਡਾਕਟਰ ਬਲਦੇਵ ਪ੍ਰਕਾਸ਼**: ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਰਾਜ ਸਰਕਾਰ ਨੂੰ ਮਿਉਂਸਪਲ ਕਮੇਟੀਆਂ ਦੇ ਕਰਮਚਾਰੀਆਂ ਅਤੇ ਪ੍ਰਧਾਨ, ਪੰਜਾਬ ਮਿਉਂਸਪਲ ਕਰਮਚਾਰੀਆਂ ਸੰਘ ਤੋਂ ਕੋਈ ਮੈਜਰਨਾਮੇ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿੱਚ ਇਹ ਦਸਿਆ ਗਿਆ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੇ ਵਿਅਕਤੀਆਂ ਨੂੰ ਮਾਨਸਾ ਅਤੇ ਰਾਜ ਵਿੱਚ ਹੋਰਨਾਂ ਮਿਉਂਸਪਲ ਕਮੇਟੀਆਂ ਵਿਚ ਨੌਕਰੀਆਂ ਵਿਚ ਯੋਗ ਰਿਜ਼ਰਵੇਸ਼ਨ ਨਹੀਂ ਦਿਤੀ ਜਾ ਰਹੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ, ਤਾਂ ਕੀ ਸਰਕਾਰ ਨੇ ਉਕਤ ਸ਼ਕਾਇਤ ਦੀ ਕੋਈ ਪੜਤਾਲ ਕਰਵਾਈ ਹੈ; ਜੇਕਰ ਅਜਿਹਾ ਹੋਵੇ ਤਾਂ ਪੜਤਾਲ ਦਾ ਨਤੀਜਾ ਕੀ ਹੈ ਅਤੇ ਉਸ ਤੇ ਕੀ ਕਾਰਵਾਈ ਕੀਤੀ ਗਈ ?

ਸ੍ਰੀ ਹੰਸ ਰਾਜ ਸ਼ਰਮਾ : (ੳ) ਜੀ ਹਾਂ। ਪ੍ਰਧਾਨ ਸਟੇਟ ਪੰਜਾਬ ਮਿਊਂਸਪਲ ਇਮਪਲਾਈਜ਼ ਯੂਨੀਅਨ, ਬੁਢਲਾਡਾ, ਅਤੇ ਮਿਊਂਸਪਲ ਇਮਪਲਾਈ ਯੂਨੀਅਨ, ਮਾਨਸਾ, ਵਲੋਂ ਇਸ ਸਬੰਧੀ ਮੈਜਰਨਾਮੇ ਪ੍ਰਾਪਤ ਹੋਏ ਸਨ।

(ਅ) ਜੀ ਹਾਂ। ਰੀਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਫਿਰੋਜ਼ਪੁਰ, ਨੂੰ ਇਸ ਬਾਰੇ ਪੜਤਾਲ ਸੌਂਪੀ ਹੋਈ ਹੈ। ਰੀਜ਼ਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਫਿਰੋਜ਼ਪੁਰ ਦੀ ਇਸ ਮਾਮਲੇ ਬਾਰੇ ਰਿਪੋਟ ਪ੍ਰਾਪਤ ਨਹੀਂ ਹੋਈ। ਪੜਤਾਲੀਆ ਰਿਪੋਟ ਆਉਣ ਤੇ ਮਾਮਲੇ ਤੇ ਵਿਚਾਰ ਕੀਤਾ ਜਾਵੇਗਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

[(a) Yes sir, representations from the President, Punjab State Municipal Employees Union, Budhlada and the Municipal Employees Union, Mansa, were received.

(b) Yes Sir, the Regional Deputy Director, Local Government, Ferozepur has been interested with inquiry in this respect. Report from him has not yet been received. The matter will be considered on receipt of enquiry report from the Regional Deputy Director, Local Government, Ferozepur, and further necessary action taken.]

ਨਗਰਪਾਲਕਾਵਾਂ ਦਾ ਉਨ੍ਹਾਂ ਦੇ ਕਰਮਚਾਰੀਆਂ ਦੀ ਭਵਿੱਖ ਨਿੱਧੀ ਵਿਚ ਹਿੱਸਾ

*2955 **ਕਾਮਰੇਡ ਦਾਨਾ ਰਾਮ**
ਕਾਮਰੇਡ ਸੱਤ ਪਾਲ ਡਾਂਗ : ਕੀ ਵਿੱਤ ਮੰਤਰੀ ਕਿਰਪਾ ਕਰਦੇ ਦੱਸਣਗੇ ਕਿ:—

(ੳ) ਰਾਜ ਵਿਚ ਨਗਰਪਾਲਕਾਵਾਂ ਆਪਣੇ ਕਰਮਚਾਰੀਆਂ ਦੀ ਭਵਿੱਖ ਨਿੱਧੀ ਵਿਚ ਕਿਸ ਦਰ ਨਾਲ ਹਿੱਸਾ ਪਾਉਂਦੀਆਂ ਹਨ;

(ਅ) ਕੀ ਇਹ ਦਰ ਵਧਾਉਣ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਹੈ ?

ਸ੍ਰੀ ਹੰਸ ਰਾਜ ਸ਼ਰਮਾ: (ੳ) 8% ਦੇ ਹਿਸਾਬ ਨਾਲ ਨਗਰਪਾਲਕਾਵਾਂ ਹਿੱਸਾ ਪਾਉਂਦੀਆਂ ਹਨ।

(ਅ) ਇਸ ਵੇਲੇ ਨਹੀਂ ਜੀ।

ਵਿੱਤੀ ਸਹਾਇਤਾ ਲੈ ਰਹੇ ਜਾਅਲੀ ਸੁਤੰਤਰਤਾ ਸੰਗਰਾਮੀਆਂ ਦੇ ਕੇਸਾਂ ਦੀ ਪੜਤਾਲ ਕਰਨ ਲਈ ਬਣਾਇਆ ਗਿਆ ਬੋਰਡ

*2936 **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਰਾਜ ਸਰਕਾਰ ਦੁਆਰਾ ਉਨ੍ਹਾਂ ਜਾਅਲੀ ਸੁਤੰਤਰਤਾ ਸੰਗਰਾਮੀਆਂ ਦਾ ਪਤਾ ਲਗਾਉਣ ਲਈ, ਜਿਹੜੇ ਵਿੱਤੀ ਸਹਾਇਤਾ ਜਾਂ ਤਾਮਰ ਪੱਤਰ ਲੈਣ ਦੇ ਯੋਗ ਰਹੇ ਹਨ ਜਿਨ੍ਹਾਂ ਦੇ ਉਹ ਹਕਦਾਰ ਨਹੀਂ ਸਨ, ਕੋਈ ਬੋਰਡ ਕਾਇਮ ਕੀਤਾ ਗਿਆ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ, ਤਾਂ ਕੀ ਉਕਤ ਬੋਰਡ ਨੇ ਇਸ ਸਬੰਧੀ ਕੋਈ ਪੁਛ ਪੜਤਾਲ ਕੀਤੀ ਅਤੇ ਸਰਕਾਰ ਨੂੰ ਕੋਈ ਅੰਤਰਮ ਰਿਪੋਰਟ ਪੇਸ਼ ਕੀਤੀ ਹੈ ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ । ਦੇਸ਼ ਭਗਤ (ਸਹਾਇਤਾ ਅਤੇ ਪੁਨਰਵਾਸ) ਬੋਰਡ ਨੇ ਇਕ ਕਮੇਟੀ ਇਸ ਮੰਤਵ ਲਈ ਬਣਾਈ ਹੈ ।

(ਅ) ਅਜੇ ਤਕ ਕੋਈ ਅੰਤਮ ਰਿਪੋਰਟ ਪੇਸ਼ ਨਹੀਂ ਕੀਤੀ ਗਈ ।

ਕੁਝ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਨੂੰ ਪਛੜੀਆਂ ਸ਼੍ਰੇਣੀਆਂ ਦੇ ਤੌਰ ਤੇ ਕਰਾਰ ਦੇਣ ਦੀ ਤਜਵੀਜ਼

*2957. **ਮਾਸਟਰ ਦਲੀਪ ਚੰਦ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਸ਼੍ਰੇਣੀਆਂ ਨੂੰ ਜੋ ਆਰਥਕ ਤੌਰ ਤੇ ਕਮਜ਼ੋਰ ਹਨ ਅਤੇ ਹੁਣ ਤਕ ਪਛੜੀ ਸ਼੍ਰੇਣੀਆਂ ਦੇ ਤੌਰ ਤੇ ਕਰਾਰ ਨਹੀਂ ਦਿਤੀਆਂ ਗਈਆਂ, ਪਛੜੀਆਂ ਸ਼੍ਰੇਣੀਆਂ ਕਰਾਰ ਦੇਣ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਹੈ ?

ਕੁਮਾਰੀ ਸਰਲਾ ਪਰਾਸ਼ਰ (ਰਾਜ ਮੰਤਰੀ, ਸਮਾਜ ਭਲਾਈ): ਸਰਕਾਰ ਨੇ ਆਰਥਕ ਤੌਰ ਤੇ ਕਮਜ਼ੋਰ ਸ਼੍ਰੇਣੀਆਂ ਨੂੰ ਪਛੜੀ ਸ਼੍ਰੇਣੀ ਦੇ ਤੌਰ ਤੇ ਕਰਾਰ ਦੇਣ ਲਈ ਪੰਜਾਬ ਰਾਜ ਵਿਚ ਉਨ੍ਹਾਂ ਸਾਰਿਆਂ ਵਿਅਕਤੀਆਂ ਨੂੰ ਜਿਨ੍ਹਾਂ ਦੀ ਸਲਾਨਾ ਆਮਦਨ 3,600 ਰੁਪਏ ਤੋਂ ਘਟ ਹੈ, ਪਛੜੀ ਸ਼੍ਰੇਣੀ ਕਰਾਰ ਦਿਤਾ ਹੋਇਆ ਹੈ । ਇਸ ਤੋਂ ਇਲਾਵਾ ਜਦੋਂ ਵੀ ਕੋਈ ਪ੍ਰਤੀ ਬੇਨਤੀ ਕਿਸੇ ਜਾਤੀ ਨੂੰ ਪਛੜੀ ਸ਼੍ਰੇਣੀ ਕਰਾਰ ਦੇਣ ਲਈ ਆਉਂਦੀ ਹੈ ਤੇ ਉਸ ਨੂੰ ਮੈਰਿਟਸ ਤੇ ਵਿਚਾਰਿਆ ਜਾਂਦਾ ਹੈ ।

UNSTARRED QUESTION AND ANSWER

ਰੁਜ਼ਗਾਰ ਕੇਂਦਰਾਂ ਵਿਚ ਰਜਿਸਟਰ ਬੇਰੁਜ਼ਗਾਰ ਵਿਅਕਤੀ

931. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ 31 ਦਸੰਬਰ, 1974 ਤਕ ਸਾਰੇ ਰਾਜ ਵਿਚ ਰੁਜ਼ਗਾਰ ਕੇਂਦਰਾਂ ਵਿਚ ਸ਼੍ਰੇਣੀ-ਵਾਰ ਅਰਥਾਤ ਕਿੰਨੇ ਅੰਡਰ ਮੈਟਰਿਕ, ਮੈਟਰਿਕ, ਗਰੈਜੂਏਟ, ਪੋਸਟਗਰੈਜੂਏਟ ਅਤੇ ਸਿਖਿਅਤ ਬੇਰੁਜ਼ਗਾਰ ਵਿਅਕਤੀ ਰਜਿਸਟਰ ਸਨ ?

ਸ੍ਰੀ ਹੰਸ ਰਾਜ ਸ਼ਰਮਾ : ਪੰਜਾਬ ਰਾਜ ਦੇ ਰੋਜ਼ਗਾਰ ਦਫਤਰਾਂ ਪਾਸੋਂ ਲਾਈਵ ਰਜਿਸਟਰ ਦੀ ਸ਼੍ਰੇਣੀ-ਵੰਡ ਸੂਚਨਾ ਮਿਤੀ 30 ਜੂਨ, ਅਤੇ 31 ਦਸੰਬਰ, ਤਕ ਪ੍ਰਾਪਤ ਕੀਤੀ ਜਾਂਦੀ ਹੈ । ਮਿਤੀ 31 ਦਸੰਬਰ, 1974 ਦੀ ਸੂਚਨਾ ਜਨਵਰੀ, 15 ਤਕ ਉਪਲਭਦ ਹੋਣ ਦੀ ਆਸ ਹੈ । ਮਿਤੀ 30 ਜੂਨ, 1974 ਦੀ ਸੂਚਨਾ ਇਸ ਪ੍ਰਕਾਰ ਹੈ :—

(ੳ) ਅੰਡਰ ਮੈਟ੍ਰਿਕ	1,21,270
(ਅ) ਮੈਟ੍ਰਿਕ, ਹਾਇਰ ਸੈਕੰਡਰੀ ਅਤੇ ਅੰਡਰ ਗਰੈਜੂਏਟ	79,506
(ੲ) ਗਰੈਜੂਏਟ	25,913
(ਸ) ਪੋਸਟ ਗਰੈਜੂਏਟ	5,111
ਕੁਲ ਜੋੜ	2,31,800

(ਵਿੱਤ ਮੰਤਰੀ)

ਉਪਰੋਕਤ ਅੰਕਿੜਆਂ ਵਿਚ ਨਿਮਨ ਲਿਖਤ ਸਿਖਿਅਤ ਬੇ-ਰੁਜ਼ਗਾਰ ਵੀ ਸ਼ਾਮਲ ਹਨ:—

(ੳ)	ਗਰੈਜੂਏਟ ਇੰਜੀਨੀਅਰ	504
(ਅ)	ਆਈ.ਟੀ.ਆਈ.ਕਰਾਫਟਮੈਨ	5,821
(ੲ)	ਬੀ.ਐਡ./ਐਮ.ਐਡ. ਟੀਚਰ	6,768
(ਸ)	ਜੇ.ਬੀ.ਟੀ./ਓ.ਟੀ./ਐਲ.ਟੀ.	5,235
(ਹ)	ਖੇਤੀ ਬਾੜੀ ਗਰੈਜੂਏਟ/ਪੋਸਟ ਗਰੈਜੂਏਟ	275
(ਕ)	ਮੈਡੀਕਲ ਗਰੈਜੂਏਟ (ਐਲੋਪੈਥਿਕ/ਆਯੂਰਵੈਦਿਕ)	276
(ਖ)	ਵੈਟਰਨਰੀ ਸਰਜਨ(ਬੀ.ਈ.ਐਸ.ਸੀ./ਐਮ.ਈ.ਐਸ.ਸੀ.)	22
(ਗ)	ਦੂਸਰੇ (ਡੀ.ਪੀ.ਈ./ਲਾ-ਗਰੈਜੂਏਟ)ਆਦਿ	700

POINTS OF ORDER REGARDING THE EXPUNCTION OF CERTAIN DEFAMATORY REMARKS AGAINST A MINISTER

ਸਰਦਾਰ ਜਸਵਿੰਦਰ ਸਿੰਘ ਬਰਾੜ: * * * *

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਸ਼ੋਰ) (This is no point of order)

ਸਰਦਾਰ ਕਰਨੈਲ ਸਿੰਘ ਮਰੜੀ: * * * *

ਸ੍ਰੀ ਸਪੀਕਰ: ਇਹ ਜੋ ਕੁਝ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon. Member has said without the permission of the Chair, should not be recorded.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: * * * * *

ਸ੍ਰੀ ਸਪੀਕਰ: ਬਗੈਰ ਐਡਵਾਂਸ ਨੋਟਿਸ ਦਿਤੇ ਇਹ ਗਲ ਨਹੀਂ ਕਰਨੀ ਚਾਹੀਦੀ। (ਵਿਘਨ) ਇਹ ਰਿਕਾਰਡ ਨਾ ਕੀਤਾ ਜਾਵੇ। (ਸ਼ੋਰ)

ਮੈਂ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਸਾਡੇ ਰੂਲਜ਼ ਜਿਹੜੇ ਹਨ ਉਹ ਇਸ ਗਲ ਦੀ ਇਜਾਜ਼ਤ ਨਹੀਂ ਦਿੰਦੇ ਕਿ ਇਕ ਦੂਸਰੇ ਮੈਂਬਰ ਤੇ ਇਲਜ਼ਾਮ ਲਗਾਏ। ਅਗਰ ਕੋਈ ਪਰਸਨਲ ਇਲਜ਼ਾਮ ਲਗਾਉਣੇ ਹੋਣ ਤਾਂ ਇਸ ਲਈ ਪ੍ਰੋਵੀਜ਼ਨ ਹੈ ਕਿ ਸਬਸਟਾਂਟਿਵ ਮੋਸ਼ਨ ਲਿਆਉ। ਇਸ ਮੋਸ਼ਨ ਦੀ ਪਹਿਲਾਂ ਕਾਪੀ ਮੈਨੂੰ ਮਿਲਣੀ ਚਾਹੀਦੀ ਹੈ। ਬਿਨਾ ਨੋਟਿਸ ਇਲਜ਼ਾਮ ਨਹੀਂ ਲਗਾਉਣੇ ਚਾਹੀਦੇ। ਇਸ ਗਲ ਦੀ ਸਾਡੇ ਰੂਲਜ਼ ਇਜਾਜ਼ਤ ਨਹੀਂ ਦਿੰਦੇ ਹਨ। ਜੋ ਰੂਲਜ਼ ਪ੍ਰੋਵਾਈਡ ਕਰਦੇ ਹਨ, ਉਸੇ ਤਰ੍ਹਾਂ ਮੋਸ਼ਨ ਲਿਆਉ, ਡਿਸਕਸ਼ਨ ਹੋਵੇ, ਫੇਰ ਸਭ ਕੁਝ ਕਰ ਸਕੋਗੇ।

**Expunged/not recorded as ordered by the Chair.

ਮੈਂ ਬੇਨਤੀ ਕਰਾਂਗਾ ਕਿ ਇਹ ਸਾਰੇ ਆਨਰੇਬਲ ਮੈਂਬਰਜ਼ ਡੇਢ ਕਰੋੜ ਲੋਕਾਂ ਦੇ ਪੰਜਾਬ ਦੇ ਨੁਮਾਇੰਦੇ ਹਨ ਔਰ ਇਥੇ ਆਕੇ ਇਨ੍ਹਾਂ ਨੂੰ ਕੰਸਟ੍ਰਕਟਿਵ ਸਜੈਸ਼ਨਜ਼ ਦੇਣੀਆਂ ਚਾਹੀਦੀਆਂ ਹਨ । ਇਸ ਵੇਲੇ ਬਜਟ ਸੈਸ਼ਨ ਚਲ ਰਿਹਾ ਹੈ, ਤੁਸੀਂ ਕ੍ਰਿਟੀਸਾਈਜ਼ ਕਰ ਸਕਦੇ ਹੋ ਰੂਲਜ਼ ਦੇ ਮੁਤਾਬਕ ਔਰ ਕਾਂਸਟੀਚੂਸ਼ਨ ਦੇ ਮੁਤਾਬਿਕ ਤੁਸੀਂ ਹਲਫ ਲਿਆ ਹੋਇਆ ਹੈ ਕਿ ਕਾਂਸਟੀਚੂਸ਼ਨ ਦੇ ਮੁਤਾਬਿਕ ਹੀ ਚਲਾਂਗੇ । ਸਾਡੇ ਰੂਲਜ਼ ਜਿਹੜੇ ਹਨ, ਕਨਵੈਨਸ਼ਨਜ਼ ਜੋ ਹਨ, ਉਨ੍ਹਾਂ ਨੂੰ ਕਾਇਮ ਰਖਣਾ ਚਾਹੀਦਾ ਹੈ । ਹਾਊਸ ਦੀ ਪਵਿਤਰਤਾ ਨੂੰ, ਡੈਕੋਰਮ ਨੂੰ ਕਾਇਮ ਰਖਿਆ ਜਾਏ ਤਾਂ ਚੰਗੀ ਗਲ ਹੋਏਗੀ । ਮੈਂ ਫਿਰ ਬੇਨਤੀ ਕਰਾਂਗਾ ਕਿ ਕੋਈ ਆਨਰੇਬਲ ਮੈਂਬਰ ਕਿਸੇ ਦੂਸਰੇ ਦੇ ਖਿਲਾਫ ਪਰਸਨਲ ਇਲਜ਼ਾਮਾਤ ਨਾ ਲਗਾਵੇ (ਸ਼ੋਰ)

(The hon. Member should not have said this without giving prior notice. It should not be recorded.(Noise)

(I would request the hon. Members that our Rules of Procedure do not permit us to level allegations against each other. In case it becomes necessary for some hon. Member to do so then he should, under the rules, bring a substantive Motion for this purpose. A copy of this Motion should also be sent to me in advance. No allegations should be levelled without prior notice to me. Our Rules do not permit us to do so. Every move should be made and discussed in accordance with the procedure laid down in the Rules. The hon. Members here are the representatives of about 1½ crores of people of Punjab and they are requested to give conslemetive suggestions in their interest. As provided in the Rules and our Constitution, the hon. Members can make criticism during the discussion that will take place in the current Budget Session. All the hon. Members are under an oath that they would abide by the provisions of the Constitution. Rules and conventions should be adhered to. It would be in the fitness of things if the sanctity and decorum of the House are duly maintained. I would again request that no hon. Member should level personal allegation against any other Member.) (Noise).

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ ।(ਵਿਘਨ)

ਵਿਦਿਆ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ ।(ਵਿਘਨ)

ਸ੍ਰੀ ਸਪੀਕਰ : ਪਹਿਲਾਂ ਮਨਿਸਟਰ ਸਾਹਿਬ ਦਾ ਹੱਕ ਬਣਦਾ ਹੈ। (ਵਿਘਨ) (The hon. Minister has got prior right.)

ਕੈਪਟਨ ਰਤਨ ਸਿੰਘ : ਮੈਂ ਪਹਿਲਾਂ ਹੀ ਪੁਆਇੰਟ ਆਫ ਆਰਡਰ ਤੇ ਖੜਾ ਹਾਂ (ਵਿਘਨ)

ਸ੍ਰੀ ਸਪੀਕਰ : ਮੈਂ ਚੌਧਰੀ ਗੁਰਮੇਲ ਸਿੰਘ ਨੂੰ ਕਾਲ ਅਪਾਨ ਕਰ ਚੁਕਾ ਹਾਂ । (I have already called upon Chaudhri Gurmail Singh.)

ਕੈਪਟਨ ਰਤਨ ਸਿੰਘ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ.... (ਵਿਘਨ)

ਸ੍ਰੀ ਸਪੀਕਰ : ਮੈਂ ਸਿਖਿਆ ਮੰਤਰੀ ਨੂੰ ਬੁਲਾਇਆ ਹੈ ।(ਸ਼ੋਰ) (I have called upon the Education Minister.)

ਵਿਦਿਆ ਮੰਤਰੀ : ਸਪੀਕਰ ਸਾਹਿਬ, ਕੱਲ੍ਹ ਆਪੋਜ਼ੀਸ਼ਨ ਵਲੋਂ ਇਕ ਮਨਿਸਟਰ ਸਾਹਿਬ ਤੇ ਇਲਜ਼ਾਮ ਲਗੇ ਸੀ ਔਰ ਉਸ ਸਬੰਧ ਵਿਚ ਉਨ੍ਹਾਂ ਨੇ ਆਪਣੀ ਸਫਾਈ ਦੇ ਦਿਤੀ ਸੀ। ਇਸ ਤੇ ਉਸ ਇਲਜ਼ਾਮ ਦੇ ਵਰਡਜ਼ ਨੂੰ ਐਕਸਪੰਜ ਕਰਾਇਆ ਗਿਆ ਪਰ ਫਿਰ ਵੀ ਉਹ ਅਖਬਾਰ ਵਿਚ ਆ ਗਿਆ ਹੈ । ਅੱਜ ਜੋਸ਼ ਸਾਹਿਬ ਨੇ ਫੇਰ ਮਨਿਸਟਰ ਸਾਹਿਬ ਦੇ ਲੜਕੇ (ਵਿਘਨ) ਤੇ ਦੋਸ਼ ਲਗਾਏ ਹਨ ।

ਸ੍ਰੀ ਸਪੀਕਰ : ਇਹ ਤਾਂ ਮੈਂ ਅਗੇ ਹੀ ਐਕਸਪੰਜ ਕਰ ਚੁੱਕਾ ਹਾਂ । (ਸ਼ੋਰ) (I have already got it expunged.)

ਵਿਦਿਆ ਮੰਤਰੀ : ਜੇ ਐਕਸਪੰਜ ਕਰ ਚੁਕੇ ਹੋ ਤਾਂ ਫਿਰ ਇਹ ਪ੍ਰੈਸ ਵਿਚ ਕਿਉਂ ਆਉਂਦਾ ਹੈ ।

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । (ਸ਼ੋਰ) ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਹੁਣੇ ਉਠਕੇ ਕਿਹਾ ਹੈ ਕਿ ਹਾਊਸ ਰੂਲਜ਼ ਦੇ ਮੁਤਾਬਕ ਚਲਣਾ ਚਾਹੀਦਾ ਹੈ । ਇਸ ਨਾਲ ਅਸੀਂ ਸਾਰੇ ਮੁਸਤਫਿਕ ਹਾਂ। ਮੈਂ ਤੁਹਾਡੇ ਅੱਗੇ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਨੇ ਤੁਹਾਡੀ ਇਜਾਜ਼ਤ ਨਾਲ ਉਠਕੇ ਕੁਝ ਸ਼ਬਦ ਬੋਲੇ ਸਨ, ਉਸ ਦੇ ਬਾਅਦ ਸ਼ਿਖਿਆ ਮੰਤਰੀ ਨੇ ਕਿਹਾ ਸੀ ਕਿ ਜਾਂ ਤਾਂ ਇਹ ਐਕਸਪੰਜ ਕਰ ਦਿੱਤੇ ਜਾਣ ਜਾਂ ਇਹ ਵਿਦਡਰਾ ਕਰ ਲੈਣ । ਆਜ਼ਾਦ ਸਾਹਿਬ ਨੇ ਵਿਦਡਰਾ ਕਰਨ ਤੋਂ ਇਨਕਾਰ ਕੀਤਾ ਹੈ । ਸਾਨੂੰ ਰੌਲੇ ਵਿਚ ਸੁਣਿਆ ਨਹੀਂ ਕਿ ਆਇਆ ਉਹ ਐਕਸਪੰਜ ਕਰ ਦਿੱਤੇ ਗਏ ਹਨ ਜਾਂ ਉਹ ਵਰਡਜ਼ ਰਿਕਾਰਡ ਤੇ ਹਨ । ਪਹਿਲਾਂ ਜੇ ਇਸ ਬਾਰੇ ਇਨਫਰਮੇਸ਼ਨ ਦਿਤੀ ਜਾਵੇ ਤਾਂ ਮੈਂ ਅਗਲੀ ਗੱਲ ਕਰਾਂ ।

ਸ੍ਰੀ ਸਪੀਕਰ : ਉਹ ਲਫਜ਼ ਡੈਫੇਮੇਟਰੀ ਹੋਣ ਦੇ ਨਾਤੇ ਐਕਸਪੰਜ ਹੋ ਚੁੱਕੇ ਹਨ । (Those words being defamatory have been got expunged).

ਕੈਪਟਨ ਰਤਨ ਸਿੰਘ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੌਲ ਐਂਡ ਸ਼ਕਦਰ ਦੇ ਪੰਨਾ ਨੰ: 851–855 ਤੇ ਐਕਸਪੰਕਸ਼ਨ ਦੀ ਗਲ ਕੀਤੀ ਗਈ ਹੈ । ਮੈਂ ਤੁਹਾਡੇ ਨਾਲ ਮੁਤਫਿਕ ਹਾਂ ਕਿ ਆਜ਼ਾਦ ਸਾਹਿਬ ਨੂੰ ਇਹ ਸ਼ਬਦ ਨਹੀਂ ਕਹਿਣੇ ਚਾਹੀਦੇ ਸੀ ਲੇਕਿਨ ਅੰਡਰ ਦੀ ਰੂਲਜ਼ ਕੋਈ ਸ਼ਬਦ ਐਸੇ ਨਹੀਂ ਕਹੇ ਗਏ ਜਿਹੜੇ ਐਕਸਪੰਜ ਹੋਣ ਦੇ ਕਾਬਲ ਹੋਣ । ਇਹ ਕਹਿਣਾ ਨਹੀਂ ਸੀ ਚਾਹੀਦਾ, ਮੈਂ ਮੁਤਫਿਕ ਹਾਂ । ਇਹ ਨਾ ਕਹਿਣ ਲਈ ਸਾਰਿਆ ਨੂੰ ਇਨ੍ਹਾਂ ਤੇ ਜ਼ੋਰ ਪਾਉਣਾ ਚਾਹੀਦਾ ਸੀ ਕਿ ਉਹ ਵਿਦਡਰਾ ਕਰ ਲੈਣ ਤਾਂ ਤੇ ਇਹ ਠੀਕ ਸੀ। ਪਰ ਤੁਹਾਡੇ ਰੂਲਜ਼ ਇਸ ਗਲ ਦੀ ਇਜਾਜ਼ਤ ਨਹੀਂ ਦਿੰਦੇ ਕਿ ਐਕਸਪੰਜ ਕਰ ਦਿਤਾ ਜਾਵੇ । ਉਨ੍ਹਾਂ ਨੇ ਕੋਈ ਐਸੇ ਲਫਜ਼ ਨਹੀਂ ਕਹੇ ਜਿਹੜੇ ਕਿ ਐਂਟੀ ਨੈਸ਼ਨਲ ਹੋਣ ਜਾਂ ਡੈਫੇਮੇਟਰੀ ਹੋਣ । ਉਨ੍ਹਾਂ ਨੇ ਨਾਅਹਿਲ ਅਤੇ ਇਨਕੰਪੀਟੈਂਟ ਕਿਹਾ ਹੈ । ਇਹ ਜਿਹੜੇ ਦੋ ਸ਼ਬਦ ਹਨ ਇਹ ਅੰਡਰ ਦੀ ਪਾਰਲੀਮੈਂਟਰੀ ਪ੍ਰੈਕਟਿਸ ਆਰ ਅਲਾਉਡ ਆਰ ਆਲਵੇਜ਼ ਯੂਜ਼ਡ । ਇਹ ਮੇਰਾ ਪੁਆਇੰਟ ਹੈ ।

ਸ੍ਰੀ ਸਪੀਕਰ : ਮੈਂ ਤੁਹਾਡੀ ਗਿਆਤ ਲਈ ਰੂਲ 109 ਪੜ੍ਹਦਾ ਹਾਂ :

If the Speaker is of the opinion that a word or words has or have been used in debate which is or are defamatory or indecent or unparliamentary or undignified, he may in his discretion order that such word or words be expunged from the proceedings of the Assembly.

ਮੈਂ ਕਿਹਾ ਹੈ ਕਿ ਆਚਾਰਿਆ ਜੀ ਨੇ ਗੁੱਸੇ ਵਿਚ ਆ ਕੇ ਆਨਰੇਬਲ ਮੈਂਬਰ ਦੇ ਬਾਰੇ ਕਿਹਾ ਹੈ । ਮੇਰੇ ਖਿਆਲ ਦੇ ਮੁਤਾਬਕ ਇਹ ਸ਼ਬਦ ਡੈਫੇਮੇਟਰੀ ਸਨ । ਉਹ ਉਨ੍ਹਾਂ ਨੇ ਜੋਸ਼ ਵਿਚ ਆ ਕੇ ਕਹੇ ਸਨ ਜੋ ਕਿ ਚੰਗੇ ਸ਼ਬਦ ਨਹੀਂ ਹਨ । ਮੈਂ ਕਹਿੰਦਾ ਹਾਂ ਕਿ ਇਹ ਸ਼ਬਦ ਉਨ੍ਹਾਂ ਦੀ ਫੇਮ ਨੂੰ ਡਿਫੇਮ ਵਿਚ ਬਦਲਦੇ ਹਨ ਅਤੇ ਇਸ ਲਈ ਇਹ ਸ਼ਬਦ ਅਨਡਿਜ਼ਾਇਰੇਬਲ ਹਨ । ਇਸ ਕਰਕੇ ਮੈਂ ਉਨ੍ਹਾਂ ਸ਼ਬਦਾਂ ਨੂੰ ਅੰਡਰ ਦੀ ਰੂਲ ਐਕਸਪੰਜ ਕੀਤਾ ਹੈ । (ਵਿਘਨ) (ਸ਼ੋਰ)

(I read rule 109 for your information. "If the Speaker is of the opinion that a word or words has or have been used in debate which is or are defamatory or indecent or unparliamentary or undignified, he may in his discretion order that such word or words be expunged from the proceedings of the Assembly,"

I think Acharya ji said these words about the hon.ble member in a state of anger. In my opinion, these words are defamatory. He uttered these words in excitement. These are not in good taste. I think these words are undesirable because they turn his fame into defame. That is why, I got these words expunged under the rules.)

ਸਰਦਾਰ ਪਰਕਾਸ਼ ਸਿੰਘ ਬਾਦਲ; ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਕੱਲ੍ਹ ਦਾ ਇਕ ਬੜਾ ਗੰਭੀਰ ਮਸਲਾ ਹੈ, ਜਿਸ ਦਾ ਮੇਰਾ ਮਤਲਬ ਹੈ ਕਿ ਸਮਗਲਿੰਗ ਦਾ ਸਿਆਸਤ ਨਾਲ ਸਬੰਧ ਹੈ । ਕੱਲ ਇਕ ਮਨਿਸਟਰ ਤੇ ਬੜੇ ਕਲੀਅਰ ਦੋਸ਼ ਲੱਗੇ । ਇਹ ਦੋਸ਼ ਸਿਰਫ ਆਪੋਜ਼ੀਸ਼ਨ ਅਤੇ ਸੀ.ਪੀ.ਆਈ. ਦੇ ਮੈਂਬਰਜ਼ ਨੇ ਹੀ ਨਹੀਂ ਲਾਏ ਬਲਕਿ ਕਾਂਗਰਸੀ ਬੈਂਚਿਜ਼ ਨੇ ਵੀ ਲਗਾਏ ਹਨ ।

ਸ੍ਰੀ ਸਪੀਕਰ : ਮਨਿਸਟਰ ਦਾ ਕੰਡੱਕਟ ਡਿਸਕਸ ਨਹੀਂ ਹੋਣਾ ਚਾਹੀਦਾ । ਬਗੈਰ ਸਬਸਟਾਂਟਿਵ ਮੋਸ਼ਨ ਦੇ ਤੁਸੀਂ ਉਨ੍ਹਾਂ ਦਾ ਕੰਡਕਟ ਡਿਸਕਸ ਨਹੀਂ ਕਰ ਸਕਦੇ । (ਵਿਘਨ) (ਸ਼ੋਰ) (The conduct of the Minister should not be discussed. You cannot discuss his conduct without bringing a substantive motion in this regard.) (*Interruption*) (*Noise.*)

ਸਰਦਾਰ ਪਰਕਾਸ਼ ਸਿੰਘ ਬਾਦਲ : * * *

Mr. Speaker : This no point of order.

ਸਰਦਾਰ ਪਰਕਾਸ਼ ਸਿੰਘ ਬਾਦਲ : * * *

*Expunged as ordered by this Chair.

Mr. Speaker : This is no point of order.

ਸਰਦਾਰ ਪਰਕਾਸ਼ ਸਿੰਘ ਬਾਦਲ : * * *

Mr. Speaker : This is no point of order.

ਸਰਦਾਰ ਪਰਕਾਸ਼ ਸਿੰਘ ਬਾਦਲ : * * *

ਸ਼੍ਰੀ ਸਪੀਕਰ : ਬਾਦਲ ਸਾਹਿਬ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋਏ)

ਮੈਂ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਰੂਲਜ਼ ਦੇ ਮੁਤਾਬਕ ਹੀ ਪੁਆਇੰਟ ਆਫ ਆਰਡਰ ਰੇਜ਼ ਕੀਤਾ ਜਾਵੇ । [Whatever Mr. Badal is saying, should not be recorded. (At this stage a number of hon'ble Members stood up to speak.) I would request the hon. Members to raise points of order in accordance with the rules only.]

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : * * *

Mr. Speaker : This is no point of order. I have already expunged these words.

ਡਾਕਟਰ ਬਲਦੇਵ ਪ੍ਰਕਾਸ਼ : ਪੁਆਇੰਟ ਆਫ ਆਰਡਰ, ਸਰ । (ਵਿਘਨ)

ਮਾਸਟਰ ਚੰਦ ਸਿੰਘ : ਪੁਆਇੰਟ ਆਫ ਆਰਡਰ, ਸਰ ।

Mr. Speaker : Master ji, please resume your seat.

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਬੋਲਣਾ ਹੈ ਮੈਨੂੰ ਟਾਈਮ ਦਿਓ ।

Mr. Speaker : Please resume your seat.

(ਮਾਸਟਰ ਚੰਦ ਸਿੰਘ ਜੀ ਬੋਲਣ ਵਾਸਤੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

Mr. Speaker : Mr. Chopra, you are obstructing the proceedings of the House. I will name you. Please resume your seat.)

ਡਾਕਟਰ ਬਲਦੇਵ ਪ੍ਰਕਾਸ਼ : ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਪੁਆਇੰਟ ਜੋਸ਼ ਜੀ ਨੇ ਹਾਊਸ ਵਿਚ ਉਠਾਇਆ ਸੀ, ਉਸ ਉਤੇ ਤੁਸੀਂ ਰੂਲਿੰਗ ਦੇ ਦਿਤੀ ਕਿ ਮਨਿਸਟਰ ਦਾ ਕੰਡਕਟ ਸਬਸਟਾਂਟਿਵ ਮੋਸ਼ਨ ਦੇ ਥਰੂ ਹਾਊਸ ਵਿਚ ਡਿਸਕਸ ਹੋ ਸਕਦਾ ਹੈ । ਸਪੀਕਰ ਸਾਹਿਬ, ਜਿਹੜਾ ਜੋਸ਼ ਜੀ ਨੇ ਕਿਹਾ ਸੀ ਉਹ ਡਾਇਰੈਕਟਲੀ ਮਨਿਸਟਰ ਦੇ ਕੰਡਕਟ ਦੇ ਬਾਰੇ ਨਹੀਂ ਸੀ । ਉਹ ਮਨਿਸਟਰ ਦੇ ਰੈਲੇਟਿਵ ,ਮਨਿਸਟਰ ਦੇ ਲੜਕੇ ਬਾਰੇ ਸੀ । (ਵਿਘਨ)

ਸ਼੍ਰੀ ਸਪੀਕਰ : ਇਹ ਕੰਡਕਟ ਵਿਚ ਆ ਜਾਂਦਾ ਹੈ । (It also comes in the conduct of a Minister/Member of the House).

ਡਾਕਟਰ ਬਲਦੇਵ ਪ੍ਰਕਾਸ਼ : * * *

Mr. Speaker : This is no point of order.

ਡਾਕਟਰ ਬਲਦੇਵ ਪ੍ਰਕਾਸ਼ : * * *

*Expunged/not recorded as ordered by the Chair.

Mr. Speaker : Please resume your seat. (*Interruption*).

ਡਾਕਟਰ ਬਲਦੇਵ ਪ੍ਰਕਾਸ਼ : * * *

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying, should not be recorded.)

ਸਰਦਾਰ ਗੁਰਮੇਜ ਸਿੰਘ : ਪੁਆਇੰਟ ਆਫ਼ ਆਰਡਰ ,ਸਰ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋਏ ।)

Mr. Speaker : Order please.

ਸਰਦਾਰ ਗੁਰਮੇਜ ਸਿੰਘ : * * *

Mr. Speaker: This is no point of order.

ਸਰਦਾਰ ਗੁਰਮੇਜ ਸਿੰਘ : * * *

ਸ੍ਰੀ ਸਪੀਕਰ : ਉਨ੍ਹਾਂ ਦੀ ਕੋਈ ਗੱਲ ਰਿਕਾਰਡ ਨਹੀਂ ਕੀਤੀ । Please resume your seat.(ਵਿਘਨ) (ਸ਼ੋਰ) (The point of order raised by Dr. Bladev Prakash has not come on record. Please resume your seat.) (*Interruptions*) (*Noise*).

ਸਰਦਾਰ ਕ੍ਰਿਪਾਲ ਸਿੰਘ ਰੰਧਾਵਾ : ਪੁਆਇੰਟ ਆਫ਼ ਆਰਡਰ, ਸਰ ।(ਵਿਘਨ)

(ਇਸ ਸਮੇਂ ਬਹੁਤ ਸਾਰੇ ਮੈਂਬਰਜ਼ ਬੋਲਣ ਲਈ ਖੜੇ ਹੋਏ ।)

ਸਰਦਾਰ ਗੁਰਮੇਜ ਸਿੰਘ : * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਸਰਦਾਰ ਕ੍ਰਿਪਾਲ ਸਿੰਘ ਰੰਧਾਵਾ : * * *

Mr. Speaker: This is no point of order.

ਸਰਦਾਰ ਗੁਰਮੇਜ ਸਿੰਘ : ਇਹ ਦਸਣ ਕਿ ਉਹ ਕਿਹੜਾ ਜਨਸੰਘੀ ਨੇਤਾ ਹੈ ਜਿਹੜਾ ਫੜਿਆ ਹੈ ?

ਸਰਦਾਰ ਜਸਵਿੰਦਰ ਸਿੰਘ ਬਰਾੜ: * * *

Mr. Speaker: This is no point of order. You cannot make such allegations. Please resume your seat.

(*Interruption and Noise in the House*)

---

*Not recorded/Expunged as ordered by the Chair.

[Mr. Speaker]
ਜੋ ਕੁਝ ਬਰਾੜ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (ਵਿਘਨ) ਤੁਸੀਂ ਸਬਸਟਾਂਟਿਵ ਮੋਸ਼ਨ ਲੈ ਆਓ, ਜੋ ਚਾਰਜ ਲਾਉਣੇ ਹਨ ਲਾ ਕੇ ਭੇਜ ਦਿਉ ਪਰ ਇਹ ਢੰਗ ਠੀਕ ਨਹੀਂ । (ਵਿਘਨ) (ਸ਼ੋਰ) (This is no point of order. You cannot make such allegations. Please resume your seat. (*Interruption and noise in the House*) Whatever the hon. Member Sardar Jaswinder Singh Brar is saying, should not be recorded. (*Interruption*) You may bring a Substantive Motion if you want to level any charge against any Minister but this is not the way to level charges against the Minister.) (*Interruption and Noise in the House*).

ਸ੍ਰੀ ਪ੍ਰੇਮ ਗੁਪਤਾ : ਆਨ ਏ ਪੁਆਇੰਟ ਆਫ ਆਰਡਰ, ਸਰ ।

(ਇਸ ਵਕਤ ਅਕਾਲੀ ਪਾਰਟੀ ਦੇ ਮੈਂਬਰ ਸਾਹਿਬਾਨ ਹਾਊਸ ਵਿਚ ਨਾਅਰੇ ਲਗਾ ਰਹੇ ਸਨ ।)
* * *

ਸ੍ਰੀ ਸਪੀਕਰ: ਇਹ ਜੋ ਕੁਝ ਵੀ ਨਾਅਰੇ ਲਗ ਰਹੇ ਹਨ, ਰਿਕਾਰਡ ਨਾ ਕੀਤੇ ਜਾਣ । (Whatever slogans are being raised, should not be recorded).

ਸ੍ਰੀ ਪ੍ਰੇਮ ਗੁਪਤਾ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਥੇ ਸਮਗਲਿੰਗ ਦੀ ਗਲ ਚਲ ਰਹੀ ਹੈ .... (ਵਿਘਨ)

ਸ੍ਰੀ ਸਪੀਕਰ : ਇਸ ਤੇ ਕੋਈ ਡਿਸਕਸ਼ਨ ਨਹੀਂ ਹੋਣੀ ਚਾਹੀਦੀ, ਗੁਪਤਾ ਸਾਹਿਬ । (ਵਿਘਨ) (Gupta Sahib, there should be no discussion on this subject.)

ਸ੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਸਾਡਾ ਪਹਿਲਾਂ ਹੀ ਕਿਉਂ ਗਲ ਘੁਟਦੇ ਹੋ, ਸਾਨੂੰ ਬੋਲਣ ਤਾਂ ਦਿਉ । (ਵਿਘਨ) (ਸ਼ੋਰ)

(ਇਸ ਵਕਤ ਆਪੋਜ਼ੀਸ਼ਨ ਵਲੋਂ ਆਨਰੇਬਲ ਮੈਂਬਰਜ਼ ਸਾਹਿਬਾਨ ਹਾਊਸ ਵਿਚ ਨਾਅਰੇ ਲਗਾ ਰਹੇ ਸਨ । * * *)

ਸ੍ਰੀ ਸਪੀਕਰ : ਜੋ ਕੁਝ ਵੀ ਨਾਅਰੇ ਲਗਾਏ ਜਾ ਰਹੇ ਹਨ ਰਿਕਾਰਡ ਨਾ ਕੀਤੇ ਜਾਣ । (Whatever slogans are being raised, should not be recorded.)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਡਾਕਟਰ ਬਲਦੇਵ ਪ੍ਰਕਾਸ਼ ਨੇ ਬੜਾ ਸੰਗੀਨ ਇਲਜ਼ਾਮ ਲਗਾਇਆ ਹੈ ਕਿ ਸਰਕਾਰ ਪੁਲੀਟੀਕਲ ਗਰਾਊਂਡਜ਼ ਤੇ ਆਪੋਜ਼ੀਸ਼ਨ ਲੀਡਰਾਂ ਨੂੰ ਫੜਦੀ ਹੈ । ਮੈਂ ਸਮਝਦਾ ਹਾਂ ਕਿ ਇਹ ਬੜੀ ਸੰਗੀਨ ਗਲ ਹੈ ਅਤੇ ਇਸ ਬਾਰੇ ਸਰਕਾਰ ਦਸੇ ਕਿ ਕਿਹੜਾ ਜਨਸੰਘ ਦਾ ਉਹ ਨੇਤਾ ਹੈ ਜਿਸ ਦੇ ਬਾਰੇ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਡਾਕਟਰ ਬਲਦੇਵ ਪ੍ਰਕਾਸ਼ ਨੇ ਕਿਹਾ ਹੈ ਕਿ ਉਸ ਨੂੰ ਸਮਗਲਿੰਗ ਦੇ ਕੇਸ ਵਿਚ ਫੜਿਆ ਗਿਆ

*Not recorded as ordered by the Chair.

ਹੈ । ਸਰਕਾਰ ਸਾਨੂੰ ਹਾਊਸ ਵਿਚ ਇਹ ਗਲ ਦਸੇ ਕਿ ਕਿਹੜਾ ਜਨਸੰਘ ਦਾ ਲੀਡਰ ਹੈ, ਕਿਥੋਂ ਦਾ ਹੈ ਅਤੇ ਕਿਹੜ ਇਲਜ਼ਾਮ ਵਿਚ ਉਹ ਫੜਿਆ ਗਿਆ ਹੈ ।

ਸ੍ਰੀ ਸਪੀਕਰ : ਤੁਸੀਂ ਨੋਟਿਸ ਦੇ ਦਿਉ । (ਵਿਘਨ) (ਸ਼ੋਰ) (You may give a notice.) (*Interruption and Noise in the House*)

Captain Rattan Singh : On a point of order.

Mr. Speaker : Acharya Prithvi Singh Azad has already closed the matter.

Captain Rattan Singh: The House is guided by the Speaker, not by any hon. Member. ਸਪੀਕਰ ਸਾਹਿਬ, ਤੁਸੀਂ ਕੁਝ ਆਬਜ਼ਰਵੇਸ਼ਨਜ਼ ਕੀਤੀਆਂ ਸਨ। ਮੈਂ ਵਿਦ ਆਲ ਹਿਉਮਿਲੀਟੀ ਤੁਹਾਡੀ ਪੂਰੀ ਰਿਸਪੈਕਟ ਕਰਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਤੁਸੀਂ ਕੁਝ ਆਬਜ਼ਰਵੇਸ਼ਨਜ਼ ਕੀਤੀਆਂ ਸਨ ਉਹ ਆਬਜ਼ਰਵੇਸ਼ਨਜ਼ ਤੁਸੀਂ ਹਟਾ ਦਿਉ ਕਿਉਂਕਿ ਔਡਰ ਦੀ ਰੂਲਜ਼ ਉਹ ਤੁਹਾਡੀਆਂ ਆਜ਼ਬਰਵੇਸ਼ਨਜ਼ ਗਲਤ ਹਨ । ਨਾ ਕਾਂਸਟੀਚਿਊਸ਼ਨ ਵਿਚ, ਨਾ ਪਾਰਲੀਮੈਂਟਰੀ ਪ੍ਰੈਕਟਿਸ ਵਿਚ, ਨਾ ਲੋਕ ਸਭਾ ਵਿਚ ਅਤੇ ਨਾ ਹੀ ਹਾਉਸਿਜ਼ ਆਫ ਪਾਰਲੀਮੈਂਟ ਵਿਚ ਕਿਧਰੇ ਇਹ ਚੀਜ਼ ਹੈ ....(ਵਿਘਨ)

ਸ੍ਰੀ ਸਪੀਕਰ : ਉਹ ਡੈਫਮੇਟਰੀ ਸਨ ।(ਵਿਘਨ) (Those words were defamatory.) (*Interruption*)

ਕੈਪਟਨ ਰਤਨ ਸਿੰਘ: Sir, kindly listen to me. ਮੈਨੂੰ ਅੰਗਰੇਜ਼ੀ ਥੋੜ੍ਹੀ ਥੋੜ੍ਹੀ ਆਉਂਦੀ ਹੈ, ਬਹੁਤੀ ਤਾਂ ਨਹੀਂ ਆਉਂਦੀ । (ਵਿਘਨ)

ਸ੍ਰੀ ਸਪੀਕਰ : ਜਿਸ ਗੁਸੇ ਨਾਲ ਕਿਹਾ ਹੈ ਦੈਟ ਵਾਜ਼ ਔਬਜੈਕਸ਼ਨੇਬਲ ।(ਵਿਘਨ). ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ । ਅਸੀਂ ਗੱਲ ਕਰ ਲਵਾਂਗੇ । (ਵਿਘਨ) Please resume your seat now. (The angry tone in which the hon. Member said those words was objectionable. (*Interruption*) You may come to my Chamber and we will discuss it there. (*Interruption*) Please resume your seat now.)

ਕੈਪਟਨ ਰਤਨ ਸਿੰਘ : ਸਰ, ਅਸੀਂ ਤੁਹਾਡੇ ਕੋਲ ਸਬਮਿਸ਼ਨ ਤਾਂ ਕਰਨੀ ਹੀ ਹੈ .... (ਵਿਘਨ)

ਸ੍ਰੀ ਸਪੀਕਰ : ਤੁਸੀਂ ਮੇਰੇ ਪਾਸ ਆ ਜਾਣਾ। I will discuss the matter with you. (You may come to my Chamber, I will discuss the matter with you.)

ਕੈਪਟਨ ਰਤਨ ਸਿੰਘ: ਉਥੇ ਮੈਂ ਡਿਸਕਸ ਨਹੀਂ ਕਰਨਾ । ਮਾਈ ਰਾਈਟ ਐਂਜ ਏ ਮੈਂਬਰ ਇਜ਼ ਫੀਅਰ। ਕਿਸੇ ਦਾ ਧਰਮ ਈਮਾਨ ਹੁੰਦਾ ਹੈ । (ਵਿਘਨ) ਮੈਂ ਤਾਂ ਤੁਹਾਡੇ ਅਗੇ ਬੇਨਤੀ ਕਰਾਂਗਾ ਕਿ ਰੂਲਜ਼ ਦੇ ਮੁਤਾਬਕ ਹਾਊਸ ਨੂੰ ਚਲਾਓ । (ਵਿਘਨ)(ਸ਼ੋਰ) ਹਾਊਸ ਰੂਲਜ਼ ਦੇ ਮੁਤਾਬਕ ਨਹੀਂ ਚਲ ਰਿਹਾ ।(ਸ਼ੋਰ)

Mr. Speaker : I am not going to that extent. Please resume your seat.

WALK OUT

Captain Rattan Singh : I am very sorry, I am walking out because you are not doing the right thing.

(At this stage Captain Rattan Singh staged a walk-out Later Acharya Prithvi Singh Azad also joined the protest-walk-out.)

(ਇਸ ਵਕਤ ਕਈ ਆਨਰੇਬਲ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ।* *)

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਸਾਹਿਬਾਨ ਚੇਅਰ ਦੀ ਪ੍ਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।(ਸ਼ੋਰ) (Whatever the hon. Members are saying without the permission of the Chair, should not be recorded.) (*Noise*)

(ਡਾਕਟਰ ਅਮੀਰ ਸਿੰਘ ਕਲਕਟ ਅਤੇ ਹੋਰ ਕਈ ਮਾਨਯੋਗ ਮੈਂਬਰ ਸਾਹਿਬਾਨ ਇਸ ਵਕਤ ਬੋਲ ਰਹੇ ਸਨ । ਹਾਊਸ ਵਿਚ ਬਹੁਤ ਸ਼ੋਰ ਸੀ * * *)

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ , ਰਿਕਾਰਡ ਨਾ ਕੀਤਾ ਜਾਵੇ । (ਸ਼ੋਰ) (Whatever the hon. Members are saying without the permission of the Chair, should not be recorded) (*Noise in the House*).

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਇਕ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਕੱਲ੍ਹ ਬੜਾ ਸੁਖਾਵਾਂ ਵਾਤਾਵਾਰਣ ਪੈਦਾ ਹੋ ਗਿਆ ਸੀ ਜਦੋਂ ਚੀਫ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਕਿ ਸਾਰਿਆਂ ਨਾਲ ਇਕੋ ਜਿਹਾ ਟਰੀਟਮੈਂਟ ਕੀਤਾ ਜਾਵੇਗਾ । ਇਕ ਆਦਮੀ ਸਾਧੂ ਰਾਮ ਜਿਹੜਾ ਕਿ ਵਿਚਾਰਾ ਖੋਖੇ ਵਿਚ ਰ ਹਿੰਦਾ ਹੈ ਅਤੇ ਜਿਸ ਦੀ ਕੋਈ ਔਕਾਤ ਨਹੀਂ; ਉਸ ਨੂੰ ਜਾਣ ਬੁਝ ਕੇ ਗ੍ਰਿਫਤਾਰ ਕੀਤਾ । ਮੈਂ ਹੁਣ ਵੀ ਬੇਨਤੀ ਕਰਾਂਗਾ ਕਿ ਹਾਊਸ ਦੀ ਇਕ ਕਮੇਟੀ ਬਣਾ ਦਿਉ ਤਾਂ ਕਿ .. .. (ਵਿਘਨ) (ਸ਼ੋਰ)।

ਸ੍ਰੀ ਸਪੀਕਰ : ਇਸ ਗਲ ਤੇ ਐਡਜਰਨਮੈਂਟ ਮੋਸ਼ਨ ਆ ਗਈ ਹੈ ਉਸ ਤੇ ਕੱਲ੍ਹ ਨੂੰ ਰੂਲਿੰਗ ਹੋਵੇਗੀ । (I have received an Adjournment Motion on this subject. I will give my ruling thereon tomorrow.)

---

*Not recorded as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : * * * * *

ਸ੍ਰੀ ਸਪੀਕਰ : ਜੋ ਕੁਝ ਵੀ ਬਰਾੜ ਸਾਹਿਬ ਬਗੈਰ ਪ੍ਰਮਿਸ਼ਨ ਦੇ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member Sardar Jaswinder Singh Brar is saying without the permission of the Chair, should not be recorded.)

CALL ATTENTION NOTICES UNDER RULE 66

Mr. Speaker : Call Attention Notice No. 17. (Member not present.)

(Serial No. 17)

****Chaudhri Sunder Singh**: Sir, I beg to draw the attention of the Government towards a matter of urgent public importance, namely that the Masto Bridge in tehsil Pathankot which was temporarily constructed by the Government for the convenience of the residents of that ilaqa, has recently been washed away. This is causing great inconvenience to the public of that ilaqa. The Government should make a statement in the House.

Mr. Speaker : Admitted. The Minister concerned may please make a statement.

(Serial No. 23)

Comrade Shamsher Singh Josh: Sir, I beg to draw the attention of the Government towards a matter of urgent public importance, namely, great dissatisfaction amongst the sugarcane growers of the State because of non-remunerative price of sugar cane fixed by the State Sugar Cane Control Board. As a result of this dissatisfaction amongst sugarcane growers and their decision not to supply sugercane to the mills sugar industry in the State is bound to be affected.

In view of the obvious importance of the matter, the Government may be asked to make a statement in the House.

Mr. Speaker: Admitted. The hon. Minister concerned may please make a statement.

(Serial No. 25)

Comrade Raj Kumar : Sir, I beg to draw the attention of the Government towards a matter of urgent public importance, namely, Shri Harbans Lal allegedly suspect in some case was declared dead in custody of Mahalpur Police (District Hoshiarpur) on or about 3rd January, 1975. People of the Town disbelieving suicide theory, put forward by S.H.O. went in for demonstrations, hartal in the town

---

*Not recorded as ordered by the Chair.

**[illegible] present in the House. Taken as read.

[Comrade Raj Kumar]

and alleging that it was murder by the police. Hartal is still continuing in Mahalpur. In a period of one month, two persons have been declared dead by S.H.O., Mahalpur in police custody.

It is a cause of great resentment in that area. In view of the urgent importance of the matter, the Government may be asked to make a statement in the House.

Mr. Speaker : Admitted. The hon. Minister concerned may please make a statement.

(Serial No. 27)

Chaudhri Ram Singh : Sir, I beg to draw the attention of the Government towards a matter of urgent public importance, namely, that the thousands of Punjabi workmen engaged in the Pong Dam and Beas Dam are being retrenched with the result that it has created unemployment amongst them. They are feeling insecure and it is causing great resentment among them.

In view of the urgent importance of the matter, the Government is requested to make a statement on the floor of the House as to what steps are being taken to mitigate their hardship and afford them employment.

Mr. Speaker : Admitted. The Minister concerned may please make a statement.

(Interruptions and Noise in the House)

PAPERS LAID ON THE TABLE

Chief Parliamentary Secretary (Sardar Gurcharan Singh Nihalsinghwala) : Sir, I beg to lay on the Table—

(i) the Punjab Public Premises and Land (Eviction and Rent Recovery) Rules, 1974, as required under section 17(3) of the Punjab Public Premises and Land (Eviction and Rent Recovery) Act, 1973 ;

(ii) the Punjab Homoeopathic Practitioners (General) Rules, 1973, as required under section 55 of the Punjab Homoeopathic Practitioners Act, 1965 ; and

(iii) the Advance Report of the Comptroller and Auditor General of India for the year 1972-73 as required by clause (2) of Article 151 of the Constitution.

(Uproar in the House)

Mr. Speaker : I call upon Comrade Saghar Singh to move the resolution.

Comrade Saghar Singh : Sir, I beg to move......

(Interruptions and Noise in the House)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ.,..

(ਇਸ ਸਮੇਂ ਸਰਦਾਰ ਬਸੰਤ ਸਿੰਘ ਖਾਲਸਾ, ਸਰਦਾਰ ਧੰਨਾ ਸਿੰਘ ਗੁਲਸ਼ਨ, ਸਰਦਾਰ ਕਰਨੈਲ ਸਿੰਘ ਮਰੜ੍ਹੀ, ਅਤੇ ਗਿਆਨੀ ਕੁੰਦਨ ਸਿੰਘ ਪਤੰਗ, ਆਪਣੀਆਂ ਸੀਟਾਂ ਤੇ ਖੜੇ ਹੋ ਕੇ ਕੁਝ ਬੋਲ ਰਹੇ ਸੀ ਪਰ ਹਾਊਸ ਵਿਚ ਸ਼ੋਰ ਜ਼ਿਆਦਾ ਹੋਣ ਕਰਕੇ ਕੁਝ ਸੁਣਾਈ ਨਹੀਂ ਦਿਤਾ ।)

ਸ੍ਰੀ ਸਪੀਕਰ : ਤੁਹਾਡਾ ਆਪਣਾ ਲੀਡਰ ਬੋਲ ਰਿਹਾ ਹੈ ਅਤੇ ਤੁਸੀਂ ਸ਼ੋਰ ਪਾਈ ਜਾ ਰਹੇ ਹੋ । ਤੁਹਾਡੀ ਪਾਰਟੀ ਦਾ ਕੋਈ ਡਿਸਿਪਲਨ ਨਹੀਂ । ਤੁਹਾਡਾ ਲੀਡਰ ਖੜਾ ਹੈ ਅਤੇ ਤੁਸੀਂ ਆਪਸ ਵਿਚ ਲੜਦੇ ਹੋ ਹਾਊਸ ਦਾ ਜਲੂਸ ਕਢ ਰਹੇ ਹੋ । (ਵਿਘਨ) ਆਪਣੇ ਲੀਡਰ ਦਾ ਹੁਕਮ ਮੰਨੋ ਅਤੇ ਉਨ੍ਹਾਂ ਦਾ ਆਦਰ ਕਰੋ । (ਵਿਘਨ) (ਸ਼ੋਰ) (Your own leader is speaking and you are making a noise. There is no discipline in your party. Your leader is on his legs and you are interrupting, you are making a mockery of the House. (*Interruptions*) You should obey and respect your leader.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਫਰਮਾਇਆ ਸੀ ਕਿ ਹਾਊਸ ਦੀ ਕਾਰਵਾਈ ਰੂਲਜ਼ ਦੇ ਮੁਤਾਬਕ ਚਲਣੀ ਚਾਹੀਦੀ ਹੈ । ਸਾਡੀ ਨਿਮਰਤਾ ਸਹਿਤ ਬੇਨਤੀ ਹੈ ਕਿ ਤੁਸੀਂ ਹਾਊਸ ਨੂੰ ਰੂਲਜ਼ ਦੇ ਮੁਤਾਬਕ ਗਾਈਡ ਕਰੋ ਅਤੇ ਜੋ ਪਾਰਲੀਮੈਂਟ ਦੀਆਂ ਕਨਵੈਨ-ਸ਼ਨਜ਼ ਹਨ ਉਨ੍ਹਾਂ ਦੇ ਮੁਤਾਬਕ ਚਲਣਾ ਚਾਹੀਦਾ ਹੈ। ਜਿਸ ਤਰ੍ਹਾਂ ਤੁਸੀਂ ਟੱਚੀ ਹੋ ਕੇ ਨਿੱਕੇ ਨਿੱਕੇ ਲਫਜ਼ ਐਕਸਪੰਜ ਕਰਾ ਦਿਤੇ ਹਨ ......

Mr. Speaker : I am not touchy. This is absolutely wrong.

ਸਰਦਾਰ ਜਸਦੇਵ ਸਿੰਘ ਸੰਧੂ : ਜਿਹੜਾ ਵੀ ਤੁਹਾਡਾ ਫੈਸਲਾ ਹੋਣਾ ਚਾਹੀਦਾ ਹੈ ਉਹ ਲੋਕ ਸਭਾ ਦੇ ਪ੍ਰੀਸੀਡੈਂਟ ਅਤੇ ਰੂਲਜ਼ ਦੇ ਮੁਤਾਬਿਕ ਹੋਣਾ ਚਾਹੀਦਾ ਹੈ । ਜਿਹੜੇ ਤੁਸੀਂ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਦੇ ਲਫਜ਼ ਕਟਾਏ ਹਨ ......

Mr. Speaker : That matter has already been closed. I cannot reopen that.

ਸਰਦਾਰ ਜਸਦੇਵ ਸਿੰਘ ਸੰਧੂ: ਦੂਜੀ ਗਲ ਇਹ ਹੈ ਕਿ ਜਿਹੜੇ ਵੀ ਲੋਕਾਂ ਦੇ ਮਾਈਂਡ ਐਜੀਟੇਟ ਕਰਦੇ ਹਨ ਅਸੀਂ ਰੋਸ ਕਰਦੇ ਹਾਂ ...... (ਵਿਘਨ) (ਸ਼ੋਰ)

ਸ੍ਰੀ ਸਪੀਕਰ : ਬਕਾਇਦਾ ਰੂਲਜ਼ ਅਤੇ ਕੰਸਟੀਚਿਊਸ਼ਨ ਦੇ ਮੁਤਾਬਿਕ ਚਲਦੇ ਹਾਂ, ਪਰ ਜੇਕਰ ਤੁਸੀਂ ਸਾਰੀਆਂ ਕਨਵੈਂਸ਼ਨਜ਼ ਅਤੇ ਰੂਲਜ਼ ਨੂੰ ਤੋੜ ਕੇ ਲੰਘੋਗੇ ਤਾਂ ਮੁਸ਼ਕਲ ਪੈਦਾ ਹੋ ਜਾਵੇਗੀ । (ਵਿਘਨ) (I am running the House as provided under the Rules of Procedure, and the Constitution. But if you contravene all the conventions and rules, it will be difficult to proceed.)

ਸਰਦਾਰ ਜਸਦੇਵ ਸਿੰਘ ਸੰਧੂ : * * *(ਸ਼ੋਰ) (ਵਿਘਨ)।

Mr. Speaker : This is no point of order. You cannot raise any point of order haphazardly at any time.

---

*Expunged as ordered by the Chair.

Sardar Jasdev Singh Sandhu : * * *

Mr. Speaker : This should not be recorded.

(Interruptions and Noise in the House)

(At this stage Sardar Jasdev Singh Sandhu, Sardar Basant Singh Khalsa, Sardar Dhanna Singh Gulshan, Dr. Baldev Parkash and some other hon. Members were standing in their seats and were speaking but were not audible.***)

Mr. Speaker : Whatever the hon. Members are saying that should not be recorded.

(Interruptions and Noise in the House)

The Press correspondents should not refer to what is being said without the permission of the Chair.

(At this stage Sardar Basant Singh Khalsa, Sardar Dhanna Singh Gulshan, Sardar Karnail Singh Marhari, Dr. Baldev Prakash, Master Chand Singh Chopra and some other hon. Members were standing in their seats and there was uproar in the House. Nothing was audible.)

Mr. Speaker : I am sorry. You are all obstructing the proceedings of the House Your behaviour is quite disorderly and objectionable. Please resume your seats.

POINTS OF ORDER REGARDING THE POLICY OF THE GOVERNMENT FOR THE ALLOTMENT OF EVACUEE LAND TO HARIJANS

ਸਰਦਾਰ ਬਸੰਤ ਸਿੰਘ ਖਾਲਸਾ : ਅਸੀਂ ਇਸ ਤਰ੍ਹਾਂ ਹਾਊਸ ਨਹੀਂ ਚਲਣ ਦੇਣਾ ।(ਵਿਘਨ) ਤੁਸੀਂ ਸਾਡੀ ਗਲ ਸੁਣੋਂ ।

Mr. Speaker : I will name you, Khalsa Ji because you are obstructing the proceedings of the House, and you will face the consequences.

(ਇਸ ਸਮੇਂ ਸਰਦਾਰ ਬਸੰਤ ਸਿੰਘ ਖਾਲਸਾ ਆਪਣੀ ਬੈਂਚ ਉਤੇ ਖੜ੍ਹੇ ਹੋ ਗਏ ।)

ਸਰਦਾਰ ਬਸੰਤ ਸਿੰਘ ਖਾਲਸਾ: ਇਹ ਹਰੀਜਨਾਂ ਦੇ ਕਾਤਲ ਹਨ ....(ਵਿਘਨ)(ਸ਼ੋਰ)ਹਰੀਜਨਾਂ ਨੂੰ ਜ਼ਮੀਨ ਨਹੀਂ ਦਿੱਤੀ । (ਵਿਘਨ) (ਸ਼ੋਰ) ।

Mr. Speaker : You are committing contempt of the House. This is not the proper way. You do not want to discuss the Resolution which absolutely concerns the Harijans. You are not sympathizers of Harijans. Please resume your seats now.

---

*Not recorded as ordered by the Chair.

(ਇਸ ਸਮੇਂ ਬਹੁਤ ਸਾਰੇ ਆਨਰੇਬਲ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਪੁਆਇੰਟ ਆਫ਼ ਆਰਡਰਜ਼ ਰੇਜ਼ ਕਰ ਰਹੇ ਸਨ, ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ ਜਿਸ ਕਾਰਨ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

ਸ੍ਰੀ ਸਪੀਕਰ : ਉਨ੍ਹਾਂ ਨੂੰ ਮੋਸ਼ਨ ਮੂਵ ਕਰ ਲੈਣ ਦਿਉ , ਫਿਰ ਪੁਆਇੰਟ ਆਫ ਆਰਡਰ ਰੇਜ਼ ਕਰ ਲੈਣਾ। (Please let him move the Motion. You may raise your points of order later on.)

(ਇਸ ਸਮੇਂ ਸਰਦਾਰ ਬਸੰਤ ਸਿੰਘ ਖਾਲਸਾ, ਸਰਦਾਰ ਧੰਨਾ ਸਿੰਘ ਗੁਲਸ਼ਨ, ਸਰਦਾਰ ਕਰਨੈਲ ਸਿੰਘ ਮਰੜ੍ਹੀ, ਗਿਆਨੀ ਕੰਦਨ ਸਿੰਘ ਪਤੰਗ, ਸਰਦਾਰ ਗੁਰਦੇਵ ਸਿੰਘ ਸਿੱਧੂ, ਸਰਦਾਰ ਬਲਵਿੰਦਰ ਸਿੰਘ ਭੂੰਦੜ, ਸਰਦਾਰ ਰਣਧੀਰ ਸਿੰਘ ਚੀਮਾ, ਸਰਦਾਰ ਹਰਬੰਸ ਸਿੰਘ ਜਲਾਲ, ਸਰਦਾਰ ਸੁਰਜੀਤ ਸਿੰਘ, ਸਰਦਾਰ ਜਗਦੇਵ ਸਿੰਘ,ਸਰਦਾਰ ਪ੍ਰਕਾਸ਼ ਸਿੰਘ ਬਾਦਲ, ਜੱਥੇਦਾਰ ਗੁਰਬਚਨ ਸਿੰਘ ਅਤੇ ਹੋਰ ਕਈ ਅਕਾਲੀ ਮੈਂਬਰ ਸਾਹਿਬਾਨ ਅਤੇ ਮਾਸਟਰ ਚੰਦ ਸਿੰਘ, ਆਪਣੀਆਂ ਸੀਟਾਂ ਛੱਡ ਕੇ ਰਿਪੋਰਟਰਜ਼ ਦੀ ਮੇਜ਼ ਕੋਲ ਆ ਗਏ ਅਤੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ।)

SHORT ADJOURNMENT OF THE HOUSE

ਸ੍ਰੀ ਸਪੀਕਰ : ਚੂੰਕਿ ਹਾਊਸ ਰਾਊਡੀ ਹੈ, ਇਸ ਲਈ ਹਾਊਸ ਅੱਧੇ ਘੰਟੇ ਲਈ ਐਡਜਰਨ ਕੀਤਾ ਜਾਂਦਾ ਹੈ।(ਸ਼ੋਰ) (ਵਿਘਨ) (Since the House is rowdy it is adjeurned for half an hour.) *(Noise) (Interruption)*

(The House adjourned at 10.40 A.M. and re-assembled at 11.10 A.M.)

DHARNA BY SOME MEMBERS ON THE FLOOR OF THE HOUSE

(ਇਸ ਸਮੇਂ ਸਰਦਾਰ ਧੰਨਾ ਸਿੰਘ ਗੁਲਸ਼ਨ, ਸਰਦਾਰ ਬਸੰਤ ਸਿੰਘ ਖਾਲਸਾ, ਸਰਦਾਰ ਕਰਨੈਲ ਸਿੰਘ ਮਰੜ੍ਹੀ, ਸਰਦਾਰ ਗੁਰਦੇਵ ਸਿੰਘ ਸਿੱਧੂ, ਸਰਦਾਰ ਗੁਰਦੇਵ ਸਿੰਘ ਬਾਦਲ, ਹਾਊਸ ਵਿਚ ਰਿਪੋਰਟਰਜ਼ ਦੀਆਂ ਸੀਟਾਂ ਦੇ ਨਾਲ ਧਰਨਾ ਮਾਰੀ ਬੈਠੇ ਸਨ।)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੇਰੀ ਗਲ ਸੁਣ ਲਓ।

ਸ੍ਰੀ ਸਪੀਕਰ: ਤੁਸੀਂ ਆਪਣੀ ਸੀਟ ਤੇ ਜਾ ਕੇ ਬੋਲੋ। ਤੁਹਾਡੇ ਲੀਡਰਜ਼ ਨਾਲ ਗਲ ਹੋ ਚੁਕੀ ਹੈ। (Please speak from your own seat. A meeting has been held with party leaders in this connection.)

ਸਰਦਾਰ ਬਸੰਤ ਸਿੰਘ ਖਾਲਸਾ : * * *

ਸ੍ਰੀ ਸਪੀਕਰ: ਇਹ ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying without the permission of the Chair, should not be recorded).

*Not recorded as ordered by the Chair.

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਸਾਡੇ ਨਾਲ ਬੇਇਨਸਾਫੀ ਹੋਈ ਹੈ । ਤੁਸੀਂ ਹਾਊਸ ਦੇ ਰਾਖੇ ਹੋ । ਇਹ ਨੋਟੀਫਿਕੇਸ਼ਨ ਸਰਕਾਰ ਵਾਪਸ ਲਵੇ ।

ਸ੍ਰੀ ਸਪੀਕਰ : ਮੈਂ ਫਿਰ ਆਨਰੇਬਲ ਮੈਂਬਰਜ਼ ਨੂੰ ਰਿਕੁਐਸਟ ਕਰਾਂਗਾ ਕਿ ਉਹ ਆਪਣੀਆਂ ਸੀਟਾਂ ਤੇ ਜਾ ਕੇ ਬੈਠਣ । (I would again request the hon. Members to go to their seats.)

POINTS OF ORDER REGARDING THE POLICY OF GOVERNMENT FOR THE ALLOTMENT OF EVACUEE LAND TO HARIJANS

(Resumption)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਆਜ਼ਾਦੀ ਮਿਲਣ ਤੋਂ ਬਾਅਦ 27—28 ਸਾਲ ਅਸੀਂ ਹਰੀਜਨਾਂ ਨਾਲ ਲਿਪ ਸਿੰਪਥੀ ਕਰਦੇ ਆਏ ਹਾਂ । ਸਰਕਾਰ ਨੇ ਥੋੜੀ ਬਹੁਤ ਰਿਆਇਤ ਹਰੀਜਨਾਂ ਨੂੰ ਦੇਣ ਲਈ ਇਹ ਜ਼ਮੀਨ, ਹਰੀਜਨਾਂ ਨੂੰ ਦੇਣ ਲਈ, ਸਸਤੇ ਭਾਅ ਤੇ ਖਰੀਦੀ ਸੀ । ਸਮੇਂ ਸਮੇਂ ਦੀਆਂ ਸਰਕਾਰਾਂ ਨੇ ਇਸ ਸਬੰਧ ਵਿਚ ਫੈਸਲੇ ਕੀਤੇ । ਸਾਡੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਸਾਰੀ ਜ਼ਮੀਨ ਹਰੀਜਨਾਂ ਨੂੰ ਦਿਤੀ ਜਾਵੇ । ਇਕ ਹਾਈ ਪਾਵਰਡ ਕਮੇਟੀ ਬਣਾਈ ਗਈ ਜਿਸ ਦੇ ਚੀਫ਼ ਮਨਿਸਟਰ ਸਾਹਿਬ ਚੇਅਰਮੈਨ ਹਨ । ਸਾਰੀਆਂ ਪਾਰਟੀਆਂ ਦੇ ਲੈਜਿਸਲੇਟਰਜ਼ ਇਸ ਦੇ ਮੈਂਬਰ ਹਨ । ਤੁਸੀਂ ਉਸ ਕਮੇਟੀ ਦੀਆਂ ਪ੍ਰੋਸੀਡਿੰਗਜ਼ ਵੇਖ ਲਓ । 15 ਨਵੰਬਰ, 1972 ਦੀ ਮੀਟਿੰਗ ਜਿਹੜੀ ਹੋਈ ਸੀ ਉਸ ਵਿਚ ਫੈਸਲਾ ਹੋਇਆ ਸੀ ਕਿ 66,516 ਏਕੜ ਜ਼ਮੀਨ ਹਰੀਜਨਾਂ ਨੂੰ ਤੁਰੰਤ ਦਿਤੀ ਜਾਵੇ। ਮੈਂ ਸਮਝਦਾ ਹਾਂ ਕਿ ਗੌਰਮਿੰਟ ਦੀ ਐਂਟੀ ਹਰੀਜਨ ਪਾਲੀਸੀ ਹੈ । ਉਤੋਂ ਇਹ ਕਹਿੰਦੇ ਹਨ ਕਿ ਅਸੀਂ ਹਰੀਜਨਾਂ ਦੇ ਹਮਦਰਦ ਹਾਂ ਵਿਚੋਂ ਇਹ ਖਿਲਾਫ ਹਨ । ਜੇਕਰ ਇਨ੍ਹਾਂ ਨੂੰ ਥੋੜੀ ਬਹੁਤ ਹਰੀਜਨਾਂ ਨਾਲ ਹਮਦਰਦੀ ਹੈ ਤਾਂ ਉਹ ਨੋਟੀਫਿਕੇਸ਼ਨ ਕੈਂਸਲ ਕਰਨ ਅਤੇ ਹਰੀਜਨਾਂ ਨੂੰ ਜ਼ਮੀਨ ਦਿਤੀ ਜਾਵੇ ।

ਸ੍ਰੀ ਸਪੀਕਰ : ਤੁਹਾਡੇ ਰਿਪਰੇਜ਼ੈਂਟੇਟਿਵਜ਼ ਨਾਲ ਗਲ ਬਾਤ ਹੋਈ ਹੈ । ਉਸ ਗਲ ਬਾਤ ਦੇ ਨਤੀਜੇ ਦੇ ਤੌਰ ਤੇ ਮੈਂ ਮੈਂਬਰਜ਼ ਨੂੰ ਰਿਕੁਐਸਟ ਕਰਾਂਗਾ ਕਿ ਉਹ ਅਪਣੀਆਂ ਸੀਟਾਂ ਤੇ ਜਾ ਕੇ ਬੈਠਣ । (A meeting has been held with your representative. As a result of the decision of that meeting I would request the hon. Members to occupy their seats.)

ਸਰਦਾਰ ਬਸੰਤ ਸਿੰਘ ਖਾਲਸਾ : * * *

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying, should not be recorded.)

ਸਰਦਾਰ ਧੰਨਾ ਸਿੰਘ ਗੁਲਸ਼ਨ : * * *

ਸ੍ਰੀ ਸਪੀਕਰ : ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair, should not be recorded.)

ਸਰਦਾਰ ਗੁਰਦੇਵ ਸਿੰਘ ਬਾਦਲ : * * *

---

*Not recorded as ordered by the Chair.

ਸ੍ਰੀ ਸਪੀਕਰ : ਇਹ ਜੋ ਕੁੱਝ ਆਨਰੇਬਲ ਮੈਂਬਰਜ਼ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । ਅਕਾਲੀ ਪਾਰਟੀ ਦੇ ਮੈਂਬਰ ਆਪਣੇ ਪਾਰਟੀ ਲੀਡਰਜ਼ ਦੀ ਗੱਲ ਬਾਤ ਵੀ ਮੰਨਣ ਲਈ ਤਿਆਰ ਨਹੀਂ ਹਨ। ਅੱਜ ਹਰੀਜਨਾਂ ਦੇ ਮਸਲੇ ਤੇ ਇਸ ਹਾਊਸ ਵਿੱਚ ਰੈਜ਼ੋਲਿਊਸ਼ਨ ਤੇ ਡਿਸਕਸ਼ਨ ਹੋਣੀ ਹੈ । ਜਿਹੜਾ ਮਸਲਾ ਬਾਦਲ ਸਾਹਿਬ ਨੇ ਉਠਾਇਆ ਹੈ, ਇਸ ਬਾਰੇ ਆਨਰੇਬਲ ਮੈਂਬਰਜ਼ ਰੈਜ਼ੋਲਿਊਸ਼ਨ ਤੇ ਬੋਲਦੇ ਹੋਏ ਆਪਣੇ ਵਿਊਜ਼ ਦੇ ਦੇਣ । ਮੈਂ ਮਾਲ ਮੰਤਰੀ ਸਾਹਿਬ ਨੂੰ ਵੀ ਰਿਕੁਐਸਟ ਕਰਾਂਗਾ ਕਿ ਉਹ ਇਸ ਬਾਰੇ ਜ਼ਰੂਰ ਰੋਸ਼ਨੀ ਪਾਉਣ । (Whatever the hon. Member is saying, should not be recorded. The Members of the Akali Party are not ready to obey even their leaders. There will be a discussion on the resolution which relates to the Harijans. The hon. Members can express their view-point while speaking on the issue raised by Mr. Badal. I would also request the Revenue Minister to clarify the position in this respect.)

ਸਰਦਾਰ ਬਸੰਤ ਸਿੰਘ ਖਾਲਸਾ : * * *

ਸ੍ਰੀ ਸਪੀਕਰ : ਇਹ ਜੋ ਕੁੱਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । ਇਸ ਮਸਲੇ ਤੇ ਰੈਜ਼ੋਲਿਊਸ਼ਨ ਦੇ ਨਾਲ ਹੀ ਡਿਸਕਸ਼ਨ ਹੋ ਜਾਵੇਗੀ । ਮਾਲ ਮੰਤਰੀ ਸਾਹਿਬ ਵੀ ਇਸ ਬਾਰੇ ਗੱਲ ਕਹਿ ਲੈਣਗੇ । ਮੈਂ ਆਨਰੇਬਲ ਮੈਬਰਜ਼ ਨੂੰ ਬੇਨਤੀ ਕਰਾਂਗਾ ਕਿ ਹਾਊਸ ਦੀ ਡਿਗਨਟੀ ਦਾ ਖਿਆਲ ਰੱਖਦੇ ਹੋਏ ਉਹ ਆਪਣੀਆਂ ਸੀਟਾਂ ਤੇ ਜਾ ਕੇ ਬੈਠਣ । ਪੰਜਾਬ ਦੇ ਲੋਕਾਂ ਨੇ ਬੜੀ ਆਨਰ ਨਾਲ ਤੁਹਾਨੂੰ ਇਨ੍ਹਾਂ ਸੀਟਾਂ ਤੇ ਬੈਠਣ ਵਾਸਤੇ ਚੁਣਿਆ ਹੈ । (Whatever the hon. Member is saying, should not be recorded: This matter can also be discussed while discussing the Resolution. The Revenue Minister will also speak in this connection. I would request the hon. Members to occupy their seats to maintain the dignity of the House. The people of the Punjab have elected you with great honour to this seat.)

ਸਰਦਾਰ ਬਸੰਤ ਸਿੰਘ ਖਾਲਸਾ ; * * *

ਸਰਦਾਰ ਧੰਨਾ ਸਿੰਘ ਗੁਲਸ਼ਨ * * *

ਸ੍ਰੀ ਸਪੀਕਰ : ਇਹ ਜੋ ਕੁੱਝ ਵੀ ਖਾਲਸਾ ਜੀ ਅਤੇ ਗੁਲਸ਼ਨ ਜੀ ਕਹਿ ਰਹੇ ਹਨ, ਰਿਕਾਰਡ। ਨਾ ਕੀਤਾ ਜਾਵੇ । ਇਹ ਹਾਊਸ ਸ਼ਹੀਦੀਆਂ ਵਾਸਤੇ ਨਹੀਂ ਹੈ ਤੁਸੀਂ ਆਪਣੀ ਕੰਟਰੀਬਿਊਸ਼ਨ ਦਿਉ। (Whatever the hon. Members Mr. Khalsa and Mr. Gulshan are saying, should not be recorded. Sacrifices are not to be made in this House. Please make your contribution.)

ਸਰਦਾਰ ਗੁਰਦੇਵ ਸਿੰਘ ਸਿੱਧੂ : * * *

---

*Not recorded as ordered by the Chair.

ਸ੍ਰੀ ਸਪੀਕਰ : ਇਹ ਜੋ ਕੁੱਝ ਸਿੱਧੂ ਸਾਹਿਬ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ । (Whatever the hon. Member Mr. Sidhu is saying should not be recorded.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ : ਇਸ ਤਰ੍ਹਾਂ ਹਾਊਸ ਦਾ ਡੈਕੋਰਮ ਭੰਗ ਹੋ ਰਿਹਾ ਹੈ । ਪਾਰਟੀ ਲੀਡਰਜ਼ ਨਾਲ ਗਲ ਬਾਤ ਹੋ ਗਈ ਹੈ। ਇਸ ਰੈਜ਼ੋਲਿਊਸ਼ਨ ਤੇ ਡਿਸਕਸ਼ਨ ਕਰਦੇ ਹੋਏ, ਮੈਂਬਰ ਸਾਹਿਬ ਇਸ ਬਾਰੇ ਵੀ ਬੋਲ ਲੈਣ । ਉਸ ਦੇ ਬਾਅਦ ਮਾਲ ਮੰਤਰੀ ਸਾਹਿਬ ਵੀ ਜਵਾਬ ਦੇ ਦੇਣਗੇ । (The decorum of the House is not being maintained properly. A meeting has been held with the Party Leaders. The hon. Members may discuss the matter while discussing the resolution thereafter. The Revenue Minister will also say something in this regard.)

(ਇਸ ਸਮੇਂ ਧਰਨਾ ਮਾਰੇ ਹੋਏ ਅਕਾਲੀ ਪਾਰਟੀ ਮੈਂਬਰਜ਼ ਨਾਹਰੇ ਮਾਰ ਰਹੇ ਸਨ * * *)

ਸ੍ਰੀ ਸਪੀਕਰ : ਇਹ ਜੋ ਕੁੱਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying, should not be recorded.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ : ਮੈਂ ਆਨਰੇਬਲ ਮੈਂਬਰਜ਼ ਨੂੰ ਰਿਕੁਐਸਟ ਕਰਾਂਗਾ ਕਿ ਉਹ ਇਸ ਤਰ੍ਹਾਂ ਧਰਨਾ ਮਾਰ ਕੇ ਹਾਊਸ ਦੀ ਕਾਰਵਾਈ ਵਿੱਚ ਰੁਕਾਵਟ ਨਾ ਬਣਨ । ਆਨਰੇਬਲ ਮੈਂਬਰਜ਼ ਆਪਣੀਆਂ ਸੀਟਾਂ ਤੇ ਜਾ ਕੇ ਬੈਠ ਜਾਣ ਨਹੀਂ ਤਾਂ ਹਾਊਸ ਨੂੰ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਾ ਪਵੇਗਾ। ਪੰਜਾਬ ਦੀ ਡੇਢ ਕਰੋੜ ਜਨਤਾ ਨੇ ਤੁਹਾਨੂੰ ਇਨ੍ਹਾਂ ਸੀਟਾਂ ਤੇ ਬੈਠਣ ਵਾਸਤੇ ਭੇਜਿਆ ਹੈ । (I would request the hon. Members not to obstruct the proceedings of the House by sitting on the floor of the House. The hon. Members should occupy their seats otherwise the House will have to take some action against them. One-and-a-half crore people of Punjab have elected you to these seats).

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਦਰਅਸਲ ਨਿਕਾਸੀ ਜ਼ਮੀਨ ਦੇ ਬਾਰੇ ਸਰਕਾਰ ਨੇ ਜੋ ਪਾਲਿਸੀ ਬਣਾਈ ਹੈ ਉਸ ਦੇ ਬਾਰੇ ਅਕਾਲੀ ਪਾਰਟੀ ਦੇ ਮੈਂਬਰ ਐਜੀਟੇਟਿਡ ਹਨ । ਤੁਸੀਂ ਆਪਣੇ ਚੈਂਬਰ ਵਿੱਚ ਮੀਟਿੰਗ ਬੁਲਾਈ ਜਿਸ ਵਿੱਚ ਅਕਾਲੀ ਪਾਰਟੀ ਵੱਲੋਂ ਸਰਦਾਰ ਜਸਵਿੰਦਰ ਸਿੰਘ ਬਰਾੜ ਅਤੇ ਸਰਦਾਰ ਜਸਦੇਵ ਸਿੰਘ ਸੰਧੂ ਆਏ ਸਨ, ਮੇਰੀ ਪਾਰਟੀ ਵੱਲੋਂ ਮੈਂ ਅਤੇ ਜੋਗਾ ਸਾਹਿਬ ਗਏ ਸੀ ਅਤੇ ਕਾਂਗਰਸ ਪਾਰਟੀ ਵੱਲੋਂ ਸ੍ਰੀ ਹੰਸ ਰਾਜ ਸ਼ਰਮਾ ਅਤੇ ਸਰਦਾਰ ਉਮਰਾਓ ਸਿੰਘ ਅਤੇ ਕੈਪਟਨ ਰਤਨ ਸਿੰਘ ਜੀ ਆਏ ਸਨ । ਉਥੇ ਸਾਰਿਆਂ ਦੀ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਇਸ ਇਸ਼ੂ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਜਿਹੜਾ ਅੱਜ ਨਾਨ-ਆਫੀਸ਼ਲ ਮਤਾ ਹਾਊਸ ਦੇ ਸਾਹਮਣੇ ਪੇਸ਼ ਹੈ, ਇਸ ਦੇ ਨਾਲ

*Not recorded as ordered by the Chair.

ਉਸ ਨੂੰ ਵੀ ਡਿਸਕਸ ਕੀਤਾ ਜਾਵੇ ਅਤੇ ਮੈਂਬਰਾਂ ਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ। ਉਸ ਤੋਂ ਵੀ ਵੱਧ ਮਿਹਨਤ ਦੇ ਨਾਲ ਇਸ ਮਤੇ ਬਾਰੇ ਹਾਊਸ ਦੇ ਅੱਗੇ ਵਿਚਾਰ ਰਖਣ। ਸਾਡੇ ਵੱਲੋਂ ਇਕ ਮੈਂਬਰ ਬੋਲ ਲਵੇ। ਇਕ ਅੱਧਾ ਕਾਂਗਰਸੀ ਬੈਂਚਾਂ ਵੱਲੋਂ ਬੋਲ ਲਵੇ ਔਰ ਸਰਦਾਰ ਉਮਰਾਓ ਸਿੰਘ ਜੀ ਇਸ ਦੇ ਬਾਰੇ ਸਰਕਾਰ ਦੀ ਨੀਤੀ ਦੀ ਵਿਆਖਿਆ ਕਰ ਦੇਣ। ਇਹ ਫੈਸਲਾ ਹੋਇਆ ਸੀ ਔਰ ਮੈਂ ਸਮਝਦਾ ਹਾਂ ਕਿ ਇਹ ਹਾਊਸ ਇਕ ਡੈਮੋਕ੍ਰੇਟਿਕ ਆਰਗਨ ਹੈ। ਇਹ ਹਾਊਸ ਡੇਢ ਦੋ ਕਰੋੜ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਠੀਕ ਹੈ ਕਿ ਪਾਲਿਸੀਆਂ ਲਈ ਪਾਰਟੀਆਂ ਮੋਰਚੇ ਲਾਉਂਦੀਆਂ ਹਨ। ਅਕਾਲੀ ਪਾਰਟੀ ਵੀ ਲਾਉਂਦੀ ਹੈ, ਕਮਿਊਨਿਸਟ ਪਾਰਟੀ ਵੀ ਲਗਾਉਂਦੀ ਹੈ। ਪਾਲਿਸੀਆਂ ਵੀ ਸਰਕਾਰਾਂ ਬਦਲਦੀਆਂ ਆਈਆਂ ਹਨ ਔਰ ਪਾਲਿਸੀਆਂ ਬਦਲੀਆਂ ਵੀ ਜਾ ਸਕਦੀਆਂ ਹਨ। ਕਈ ਪਾਲਿਸੀਆਂ ਇਸ ਤਰ੍ਹਾਂ ਬਦਲੀਆਂ ਵੀ ਹਨ। ਮੈਂ ਬਾਦਲ ਸਾਹਿਬ ਨੂੰ ਇਹ ਹੀ ਬੇਨਤੀ ਕਰਾਂਗਾ ਕਿ ਹਾਊਸ ਨੂੰ ਚੱਲਣ ਵਿੱਚ ਮੱਦਦ ਦੇਣ। ਆਪਣੇ ਮਸਲੇ ਰੱਖਣ ਔਰ ਪੂਰੇ ਜ਼ੋਰ ਨਾਲ ਰੱਖਣ ਲੇਕਿਨ ਕਾਰਵਾਈ ਨਾ ਰੋਕਣ। ਇਹ ਇਨ੍ਹਾਂ ਭਰਾਵਾਂ ਨੂੰ ਕਹਿਣ। ਇਹ ਹੀ ਮੇਰੀ ਸਬਮਿਸ਼ਨ ਹੈ।

(ਇਸ ਸਮੇਂ ਸਰਦਾਰ ਬਸੰਤ ਸਿੰਘ ਖਾਲਸਾ ਜੋ ਕਿ ਕੁੱਝ ਹੋਰ ਮੈਂਬਰ ਸਾਹਿਬਾਨ ਦੇ ਨਾਲ ਸਦਨ ਦੀ ਫਰਸ਼ ਉੱਤੇ ਬੈਠੇ ਸਨ, ਖੜ੍ਹੇ ਹੋ ਕੇ ਬੋਲਣ ਲਗੇ * * *)

ਸ੍ਰੀ ਸਪੀਕਰ ਜੋ ਕੁੱਝ ਵੀ ਖਾਲਸਾ ਜੀ ਕਹਿੰਦੇ ਹਨ ਉਸ ਨੂੰ ਨਾ ਪ੍ਰੈਸ ਰਿਕਾਰਡ ਕਰੇ ਔਰ ਨਾ ਹੀ ਅਸੈਂਬਲੀ ਰਿਪੋਰਟਰਜ਼। (ਸਦਨ ਵਿੱਚ ਕਾਫੀ ਸ਼ੋਰ ਸੀ) (Whatever Khalsa Ji is saying should neither be recorded by the Press Reporters nor by the Assembly Reporters).

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਇਹ ਲੋਕ ਹਰੀਜਨਾਂ ਦਾ ਪ੍ਰਿਵਿਲਿਜਡ ਗਰੁਪ ਹਰੀਜਨਾਂ ਦੇ ਨਾਮ ਉੱਤੇ ਫਾਇਦਾ ਉਠਾਉਣਾ ਚਾਹੁੰਦਾ ਹੈ। ਇਸ ਪੰਜਾਬ ਵਿੱਚ ਗਰੀਬ ਜੱਟ ਵਸਦਾ ਹੈ। ਗਰੀਬ ਬਾਣੀਆਂ ਵੀ ਵਸਦਾ ਹੈ। ਇਹ ਹਰੀਜਨਾਂ ਦੀ ਪ੍ਰਿਵਿਲਿਜਡ ਕਲਾਸ ਹੈ। ਇਹ ਹਰੀਜਨਾਂ ਦੇ ਨਾਮ ਨੂੰ ਸੈਬੋਟੇਜ ਕਰਕੇ ਫਾਇਦਾ ਉਠਾ ਰਹੇ ਹਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਇਹ ਜਿਹੜਾ ਤਰੀਕਾ ਅਖਤਿਆਰ ਕੀਤਾ ਹੈ ਇਹ ਮਜਬੂਰ ਕਰਦਾ ਹੈ ਕਿ ਗਰੀਬ ਜੱਟ ਔਰ ਗਰੀਬ ਬਾਣੀਆਂ ਵੀ ਇੱਥੇ ਬੈਠੇ।

(ਇਸ ਸਮੇਂ ਫਿਰ ਸਰਦਾਰ ਬਸੰਤ ਸਿੰਘ ਖਾਲਸਾ ਖੜ੍ਹੇ ਹੋ ਕੇ ਬੋਲਣ ਲੱਗ ਪਏ। * * * *)

ਸ੍ਰੀ ਸਪੀਕਰ : ਜੋ ਕੁੱਝ ਵੀ ਖਾਲਸਾ ਜੀ ਕਹਿ ਰਹੇ ਹਨ ਬਿਲਕੁਲ ਰਿਕਾਰਡ ਨਾ ਕੀਤਾ ਜਾਵੇ। (Whatever Khalsa Ji is saying, should not be recorded.)

---

*Not recorded as ordered by the Chair.

ਆਚਾਰਿਆ ਪ੍ਰਿਥਵੀ ਸਿੰਘ ਅਜ਼ਾਦ : ਮਿਸਟਰ ਸਪੀਕਰ, ਇਹ ਬੜੇ ਦੁੱਖ ਦੀ ਗੱਲ ਹੈ ਕਿ ਇਕ ਅਜੇਹੇ ਵਿਸ਼ੇ ਨੂੰ ਲੈ ਕੇ ਹਾਊਸ ਦੀ ਕਾਰਵਾਈ ਵਿੱਚ ਬਾਧਾ ਪਾਇਆ ਜਾ ਰਿਹਾ ਹੈ। ਇਹ ਠੀਕ ਗੱਲ ਹੈ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਇਸ ਬਾਰੇ ਫੈਸਲਾ ਕਰਕੇ ਆਈ ਹੈ ਪਰ ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਅਪੀਲ ਕਰਾਂਗਾ ਕਿ ਇਸ ਵਿਸ਼ੇ ਨੂੰ ਨਾ ਤਾਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਤੈਹ ਕਰ ਸਕਦੀ ਹੈ ਔਰ ਨਾ ਇਸ ਹਾਊਸ ਦਾ ਇਸ ਮਸਲੇ ਉੱਪਰ ਬਹੁਤਾ ਵਿਚਾਰ ਕਰਨ ਦਾ ਫੈਸਲਾ ਹੈ ......

ਸ੍ਰੀ ਸਪੀਕਰ : ਆਚਾਰਿਆ ਜੀ ਮੈਂ ਤੁਹਾਡੇ ਗਿਆਤ ਲਈ ਦੱਸ ਦੇਵਾਂ ਕਿ ਇਹ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਨਹੀਂ ਸੀ......(Acharya Ji, I may tell you for your information that it was not a meeting of the Business Advisory Committee.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੈਨੂੰ ਪਹਿਲਾਂ ਗੱਲ ਕਹਿ ਲੈਣ ਦਿਓ।

ਸ੍ਰੀ ਸਪੀਕਰ : ਆਚਾਰਿਆ ਜੀ, ਮੈਂ ਤੁਹਾਡੇ ਗਿਆਤ ਲਈ ਹੀ ਇਹ ਗੱਲ ਦੱਸਣ ਲਗਾ ਹਾਂ ਤਾਂ ਕਿ ਤੁਸੀਂ ਆਪਣੇ ਆਪ ਨੂੰ ਕੁਰਕੈਟ ਕਰ ਲਵੋ ਕਿ ਇਹ ਮੀਟਿੰਗ ਪਾਰਟੀ ਲੀਡਰਜ਼ ਦੀ ਹੋਈ ਸੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਨਹੀਂ ਸੀ। (Acharya Ji, I want to inform you, so that you may correct yourself that this was not a meeting of the Business Advisory Committee but it was a meeting of Party Leaders.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸੋਰੀ,ਸਰ। ਇਹ ਜਿਹੜੀ ਲੀਡਰਜ਼ ਦੀ ਮੀਟਿੰਗ ਹੋਈ ਹੈ ਉਸ ਦਾ ਮਹੱਤਵ ਉਸ ਵਕਤ ਤੱਕ ਕੁੱਝ ਨਹੀਂ ਹੈ ਅਗਰ ਚੀਫ਼ ਮਨਿਸਟਰ ਸਾਹਿਬ ਉਸ ਸਾਰੀ ਪਾਲਿਸੀ ਨੂੰ ਜਿਹੜੀ ਕਿ ਚੀਫ਼ ਮਨਿਸਟਰ ਸਾਹਿਬ ਦੀ ਕੋਸ਼ਿਸ਼ ਤੇ ਹਰੀਜਨਾਂ ਦੇ ਕਲਿਆਣ ਦੇ ਵਾਸਤੇ ਬਣੀ ਸੀ ਔਰ ਜਿਨ੍ਹਾਂ ਨੇ ਫੈਸਲਾ ਕੀਤਾ ਸੀ ਕਿ ਸਾਰੀਆਂ ਜ਼ਮੀਨਾਂ ਹਰੀਜਨਾਂ ਵਿੱਚ ਵੰਡ ਦਿੱਤੀਆਂ ਜਾਣ, ਅਗਰ ਕਿਸੇ ਨੇ ਉਸ ਨੂੰ ਨੋਟੀਫਿਕੇਸ਼ਨ ਰਾਹੀਂ ਬਦਲ ਦਿੱਤਾ ਹੈ ਤਾਂ ਮੈਂ ਸਮਝਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਖੜ੍ਹੇ ਹੋ ਕੇ ਵਿਸ਼ਵਾਸ਼ ਦਿਵਾਉਣ ਕਿ ਸਰਕਾਰ ਆਪਣੀ ਨੀਤੀ ਉੱਪਰ ਵਿਚਾਰ ਕਰੇਗੀ। ਮੈਂ ਇਨ੍ਹਾਂ ਦੋਸਤਾਂ ਨੂੰ ਵੀ ਦਰਖਾਸਤ ਕਰਾਂਗਾ ਕਿ ਉਹ ਵੀ ਆਪਣੀਆਂ ਆਪਣੀਆਂ ਸੀਟਾਂ ਉੱਤੇ ਬੈਠਕੇ ਹਾਊਸ ਦੀ ਕਾਰਵਾਈ ਨੂੰ ਚਲਣ ਦੇਣ। ਆਸ ਹੈ ਕਿ ਹਰੀਜਨਾਂ ਦੇ ਕਲਿਆਣ ਵਾਸਤੇ ਸਰਕਾਰ ਨੇ ਜਿਹੜਾ ਕੰਮ ਕੀਤਾ ਹੈ ਉਸ ਨੂੰ ਉਹ ਹੋਰ ਅੱਗੇ ਲੈ ਜਾਣਗੇ।

ਸ੍ਰੀ ਸਪੀਕਰ : ਮੈਂ ਫਿਰ ਬੇਨਤੀ ਕਰਾਂਗਾ ਕਿ ਆਨਰੇਬਲ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ। ਰੈਵਿਨਿਊ ਮਨਿਸਟਰ ਸਾਹਿਬ ਇਸ ਮਸਲੇ ਉਪਰ ਰੋਸ਼ਨੀ ਪਾਉਣਗੇ। (I will again request the hon'ble Members to resume their seats. Minister for Revenue will throw light on this matter).

(ਇਸ ਸਮੇਂ ਸਰਦਾਰ ਗੁਰਦੇਵ ਸਿੰਘ ਸਿੱਧੂ ਜੋ ਕਿ ਸਦਨ ਦੇ ਫਰਸ਼ ਉੱਪਰ ਬੈਠੇ ਸਨ, ਖੜ੍ਹੇ ਹੋ ਕੇ ਬੋਲਣ ਲੱਗੇ * * * ।) (ਸਦਨ ਵਿਚ ਕਾਫੀ ਸ਼ੋਰ ਪੈਣ ਲਗਾ)

---

*Not recorded as orderded by the Chair.

ਸ਼੍ਰੀ ਸਪੀਕਰ : ਜਿਤਨਾ ਚਿਰ ਤੱਕ ਫਰਸ਼ ਉੱਤੇ ਬੈਠੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਨਹੀਂ ਜਾਂਦੇ, ਜੋ ਕੁੱਝ ਵੀ ਉਹ ਬੋਲਦੇ ਹਨ, ਰਿਕਾਰਡ ਨਾ ਕੀਤਾ ਜਾਵੇ । (Until and unless the hon'ble Members resume their seats, whatever they speak, should not be recorded.)

(ਇਸ ਸਮੇਂ ਕਾਮਰੇਡ ਸੱਘੜ ਸਿੰਘ ਖੜ੍ਹੇ ਹੋਏ । ਸਰਦਾਰ ਗੁਰਦੇਵ ਸਿੰਘ ਸਿੱਧੂ ਕਾਫੀ ਜ਼ੋਰ ਜ਼ੋਰ ਨਾਲ ਬੋਲ ਰਹੇ ਸਨ***।)

ਸ਼੍ਰੀ ਸਪੀਕਰ : ਸਿੱਧੂ ਸਾਹਿਬ, ਜਿਤਨਾ ਚਿਰ ਤੱਕ ਸੀਟਾਂ ਉੱਪਰ ਨਹੀਂ ਜਾਓਗੇ ਉਤਨਾ ਚਿਰ ਤੱਕ ਤੁਹਾਡਾ ਬੋਲਣ ਦਾ ਕੋਈ ਫਾਇਦਾ ਨਹੀਂ ਹੈ । ਸੱਘੜ ਸਿੰਘ ਜੀ ਤੁਸੀਂ ਬੋਲੋ । ਹਾਂ ਜੀ, ਬੋਲੋ । (ਇਸ ਸਮੇਂ ਹਾਊਸ ਵਿੱਚ ਕਾਫੀ ਸ਼ੋਰ ਪੈਣ ਲੱਗਾ) (Sidhu Sahib, there is no use of speaking unless you go to your seats, Saghar Singh Ji, you may Please speak. Yes, please speak.)

RESOLUTION

[RE. MAKING OF NAKABANDI AND BOYCOTT OF HARIJANS (AGRICULTURE LABOURERS) A COGNIZABLE OFFENCE]

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਇਹ ਰੇਜ਼ੋਲਿਊਸ਼ਨ ਮੂਵ ਕਰਦਾ ਹਾਂ ਕਿ, ਇਹ ਸਦਨ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਹਰੀਜਨਾਂ ਜ਼ਰਾਇਤੀ ਕਾਮਿਆਂ ਦੀ ਨਾਕਾਬੰਦੀ ਅਤੇ ਬਾਈਕਾਟ ਨੂੰ ਹੱਥ ਪਾਉਣ ਯੋਗ ਅਪਰਾਧ ਬਣਾਉਣ ਲਈ ਅਤੇ ਉਨ੍ਹਾਂ ਵਿਅਕਤੀਆਂ ਨੂੰ ਜੋ ਅਜਿਹਾ ਕਰਨ ਲਈ ਪ੍ਰਬੰਧ ਕਰਨ, ਸ਼ਹਿ ਦੇਣ ਜਾਂ ਉਕਸਾਉਣ, ਸਖਤ ਸਜ਼ਾ ਦੇਣ ਲਈ ਕਾਰਵਾਈ ਕਰੇ ।

POINTS OF ORDER REGARDING THE POLICY OF THE GOVERNMENT FOR THE ALLOTMENT OF EVACUEE LAND TO HIRIJANS (*Resumption*)

(ਇਸ ਸਮੇਂ ਮੁੜ ਹਾਊਸ ਵਿੱਚ ਸ਼ੋਰ ਪੈਣਾ ਸ਼ੁਰੂ ਹੋ ਗਿਆ । ਸਰਦਾਰ ਬਸੰਤ ਸਿੰਘ ਖਾਲਸਾ ਜੋ ਕਿ ਫਰਸ਼ ਤੇ ਬੈਠੇ ਸਨ, ਖੜ੍ਹੇ ਹੋ ਕੇ ਜ਼ੋਰ ਜ਼ੋਰ ਨਾਲ ਬੋਲਣ ਲੱਗ ਪਏ * * *।)

ਸ਼੍ਰੀ ਸਪੀਕਰ : ਜੋ ਕੁੱਝ ਇਹ ਮੈਂਬਰ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । ਖਾਲਸਾ ਜੀ ਹਾਊਸ ਦੀ ਪਵਿੱਤਰਤਾ ਨੂੰ ਕਾਇਮ ਰੱਖੋ । ਹਾਊਸ ਦੀ ਡਿਗਨਿਟੀ ਔਰ ਡੈਕੋਰਮ ਵਾਸਤੇ ਮੈਂ ਚਾਹਵਾਂਗਾ ਤੁਸੀਂ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਜਾਓ । ਮੈਂ ਮਹਿਸੂਸ ਕਰਦਾ ਹਾਂ ਕਿ ਤੁਸੀਂ ਆਪਣੇ ਲੀਡਰ ਦੀ ਗੱਲ ਨਹੀਂ ਮੰਨੀ । (ਵਿਘਨ) (ਸ਼ੋਰ) ਬੜੇ ਅਫ਼ਸੋਸ ਦੀ ਗਲ ਹੈ ਕਿ ਤੁਸੀਂ ਆਪਣੀਆਂ ਸੀਟਾਂ ਤੇ ਨਹੀਂ ਜਾਂਦੇ । (Whatever the hon'ble Member is saying, should not be recorded. Khalsa Ji, kindly maintain the decorum of the House. For the sake of the dignity and decorum of the House, I want that you may go to

---

***Expunged as ordered by the Chair.

(ਸ਼੍ਰੀ ਸਪੀਕਰ)

your seats. I feel that you have not obeyed your leader. I am sorry that you are not going to your seats.)

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰੜ੍ਹੀ ਜੀ ਜੋ ਕਿ ਸਦਨ ਦੀ ਫਰਸ਼ ਉੱਤੇ ਬੈਠੇ ਸਨ ਖੜ੍ਹੇ ਹੋ ਕੇ ਬੋਲਣ ਲੱਗੇ । ਉਨ੍ਹਾਂ ਦੇ ਨਾਲ ਸਰਦਾਰ ਧੰਨਾ ਸਿੰਘ ਗੁਲਸ਼ਨ ਜੀ ਵੀ ਖੜ੍ਹੇ ਹੋ ਕੇ ਬੋਲਣ ਲੱਗ ਗਏ * * * * ।) (ਸਦਨ ਵਿੱਚ ਕਾਫੀ ਸ਼ੋਰ ਹੋਣ ਲਗਾ।)

ਸ਼੍ਰੀ ਸਪੀਕਰ : ਗੁਲਸ਼ਨ ਜੀ ਤੁਸੀਂ ਪਾਰਲੀਮੈਂਟ ਵਿੱਚ ਰਹੇ ਹੋ । ਕੀ ਤੁਸੀਂ ਉੱਥੇ ਵੀ ਇਸ ਤਰ੍ਹਾਂ ਹੀ ਬੋਲਦੇ ਰਹੇ ਹੋ ? ਬੜੇ ਅਫਸੋਸ ਦੀ ਗੱਲ ਹੈ । You are an old parliamentarian. ਤੁਹਾਡਾ ਜਿਹੜਾ ਬੀਹੇਵੀਅਰ ਹੈ ਇਹ ਤੁਹਾਨੂੰ ਸ਼ੋਭਾ ਨਹੀਂ ਦਿੰਦਾ । ਜੋ ਕੁਝ ਵੀ ਆਨਰੇਬਲ ਮੈਂਬਰਜ਼ ਸਦਨ ਦੇ ਫਰਸ਼ ਤੇ ਖੜ੍ਹੇ ਹੋ ਕੇ ਬੋਲ ਰਹੇ ਹਨ, ਉਹ ਬਿਲਕੁਲ ਰਿਕਾਰਡ ਨਾ ਕੀਤਾ ਜਾਵੇ । (Gulshan Ji, you have been a Member of the Parliament. Did you speak there like this ? It is very sad. You are an old parliamentarian. This behaviour of yours does not behove you. Whatever the hon'ble Members are saying while standing on the Floor of the House, should not be recorded.)

(ਸਰਦਾਰ ਧੰਨਾ ਸਿੰਘ ਗੁਲਸ਼ਨ ਜੀ ਬੋਲੀ ਜਾ ਰਹੇ ਸਨ * * *।)

ਸ਼੍ਰੀ ਸਪੀਕਰ: ਇਹ ਰਿਕਾਰਡ ਨਾ ਕਰਨਾ । ਗੁਲਸ਼ਨ ਜੀ ਲੀਡਰ ਗਲ ਕਰਕੇ ਆਏ ਹਨ । ਤੁਸੀਂ ਆਪਣੇ ਸਾਥੀਆਂ ਉੱਪਰ ਵਿਸ਼ਵਾਸ ਨਹੀਂ ਕੀਤਾ, ਇਹ ਚੰਗੀ ਗੱਲ ਨਹੀਂ ਹੈ । ਕਾਂਸਟੀਚਿਊਸ਼ਨ ਹੈ, ਰੂਲਜ਼ ਹਨ, ਔਰ ਕਨਵੈਨਸ਼ਨਜ਼ ਹਨ ਉਨ੍ਹਾਂ ਦੇ ਮੁਤਾਬਿਕ ਸਭ ਕੁੱਝ ਹੋ ਸਕਦਾ ਹੈ । ਧਰਨਾ ਜਾਂ ਸੱਤਿਆਗ੍ਰਹਿ ਹਾਊਸ ਵਿੱਚ ਨਹੀਂ ਹੋ ਸਕਦੇ । ਇਹ ਹਾਊਸ ਦੀ ਪਵਿੱਤਰਤਾ ਨੂੰ ਨੀਵਾਂ ਕਰਨ ਵਾਲੀ ਗੱਲ ਹੈ । ਮੈਂ ਫਿਰ ਕਹਾਂਗਾ ਕਿ ਤੁਸੀਂ ਸੀਟਾਂ ਤੇ ਜਾ ਕੇ ਆਜ਼ਾਦੀ ਨਾਲ ਬੈਠੋ । (It should not be recorded. Gulshan Ji. the leaders have already discussed this matter. You do not believe your colleagues. This does not look nice. Constitution is there, Rules are there, Conventions are there and matters can be decided according to them. Dharnas or Satyagrahas cannot be staged in the House. This lowers the dignity of the House. I would again request you to go to your seats and sit there freely.)

(ਸਰਦਾਰ ਕਰਨੈਲ ਸਿੰਘ ਮਰੜ੍ਹੀ ਜੀ ਜੋ ਕਿ ਸਦਨ ਦੇ ਫਰਸ਼ ਉੱਪਰ ਬੈਠੇ ਸਨ ਫਿਰ ਖੜ੍ਹੇ ਹੋ ਕੇ ਬੋਲਣ ਲਗੇ * * * * ।) (ਕਾਫੀ ਸ਼ੋਰ ਪੈਣ ਲਗ ਪਿਆ ।)

---

*Not recorded as ordered by the Chair.

ਸ੍ਰੀ ਸਪੀਕਰ : ਜੋ ਕੁੱਝ ਮੈਂਬਰ ਸਾਹਿਬਾਨ ਸਦਨ ਦੀ ਫਰਸ਼ ਉੱਪਰ ਖੜ੍ਹੇ ਹੋ ਕੇ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (ਇਸ ਸਮੇਂ ਵਿੱਤ ਮੰਤਰੀ ਜੀ ਬੋਲਣ ਲਈ ਖੜ੍ਹੇ ਹੋਏ ।) ਐਫ. ਐਮ. ਸਾਹਿਬ ਖੜ੍ਹੇ ਹਨ ਉਨ੍ਹਾ ਨੂੰ ਪਹਿਲਾਂ ਸੁਣ ਲਉ । (Whatever the hon'ble Members are saying while standing on the Floor of the House, should not be recorded. (At this stage Finance Minister rose to speak) Finance Minister is on his legs. Let us hear him first.)

ਵਿੱਤ ਮੰਤਰੀ : ਸਪੀਕਰ ਸਾਹਿਬ, ਜੋ ਤੁਹਾਡੇ ਕਮਰੇ ਵਿੱਚ ਫੈਸਲਾ ਹੋਇਆ ਸੀ ਉਹ ਇਹ ਸੀ ਕਿ ਮੈਂਬਰ ਸਾਹਿਬਾਨ ਇਸ ਮਤੇ ਉੱਤੇ ਆਪਣੇ ਵਿਚਾਰ ਦੇ ਦੇਣ ਅੌਰ ਮਨਿਸਟਰ ਸਾਹਿਬ ਆਪਣੇ ਵਿਚਾਰ ਦੇ ਦੇਣ ਪਰ ਇਹ ਮੈਂਬਰ (ਸਦਨ ਦੇ ਫਰਸ਼ ਉੱਪਰ ਬੈਠੇ ਮੈਂਬਰ ਸਾਹਿਬਾਨ ਵੱਲ ਇਸ਼ਾਰਾ ਕਰਦੇ ਹੋਏ) ਜਦੋਂ ਤੱਕ ਉੱਥੇ ਬੈਠੇ ਹਨ ਕੋਈ ਬਿਆਨ ਨਹੀਂ ਆਏਗਾ । (ਇਸ ਸਮੇਂ ਡਾਕਟਰ ਅਮੀਰ ਸਿੰਘ ਕਲਕਟ ਪੁਆਇੰਟ ਆਫ ਆਰਡਰ ਦੀ, ਖੜ੍ਹੇ ਹੋ ਕੇ, ਮੰਗ ਕਰ ਰਹੇ ਸਨ ।)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਜਿਹੜਾ ਤਮਾਸ਼ਾ ਵੇਖਣ ਵਿੱਚ ਆਇਆ ਹੈ ਇਹ ਇਕ ਅਜੀਬ ਹੈ ਅੌਰ ਇਹ ਇਕ ਨਵਾਂ ਚੈਪਟਰ ਖੋਲ੍ਹ ਰਹੇ ਹਨ । ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਡੈਮੋਕ੍ਰੇਸੀ ਵਿੱਚ ਇਤਬਾਰ ਨਹੀਂ ਹੈ । ਇਹ ਚਾਹੁੰਦੇ ਹਨ ਕਿ ਇਹ ਗੌਰਮਿੰਟ ਫੇਲ੍ਹ ਹੋ ਜਾਵੇ । ਜਿਸ ਤਰ੍ਹਾਂ ਸਿਆਣੇ ਕਹਿੰਦੇ ਹਨ, "ਰੰਦੀ ਯਾਰਾਂ ਨੂੰ ਨਾਮ ਲੈਂ ਲੈ ਭਰਾਵਾਂ ਦੇ" । (ਹਾਸਾ) ਇਹ ਹਰੀਜਨਾਂ ਦੇ ਹਿੱਤੂ ਅਪਣੇ ਆਪ ਨੂੰ ਸਮਝਦੇ ਹਨ ਪਰ ਜਦੋਂ ਉਨ੍ਹਾਂ ਦੀ ਨਾਕਾਬੰਦੀ ਦੀ ਗੱਲ ਆਈ ਕਿ ਉਸ ਨੂੰ ਖ਼ਤਮ ਕੀਤਾ ਜਾਵੇ ਤਾਂ ਇਨ੍ਹਾਂ ਨੇ ਇਹ ਡਰਾਮਾ ਸ਼ੁਰੂ ਕਰ ਦਿਤਾ ।...

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰੜ੍ਹੀ ਜੋ ਕਿ ਸਦਨ ਦੇ ਫਰਸ਼ ਤੇ ਬੈਠੇ ਸਨ ਖੜ੍ਹੇ ਹੋ ਕੇ ਜ਼ੋਰ ਜ਼ੋਰ ਨਾਲ ਬੋਲਣ ਲਗੇ * * *) (ਕਾਫੀ ਸ਼ੋਰ ਪੈ ਰਿਹਾ ਸੀ ਜਿਸ ਕਾਰਨ ਕੁੱਝ ਠੀਕ ਸੁਣਾਈ ਨਾ ਦਿੱਤਾ ।)

ਸ੍ਰੀ ਸਪੀਕਰ : ਜੋ ਕੁੱਝ ਮਰੜ੍ਹੀ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever Marhari Sahib is saying, should not be recorded.)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਰੈਜ਼ੋਲਿਊਸ਼ਨ ਉੱਤੇ ਡਿਸ਼ਕਸ਼ਨ ਕਰਨੀ ਚਾਹੀਦੀ ਹੈ । ਇਨ੍ਹਾਂ ਦਾ ਗਰੀਬ ਹਰੀਜਨਾਂ ਉਪਰ ਰੋਬ੍ਹ ਹੈ । ਮੈਂ ਸਮਝਦਾ ਹਾਂ ਕਿ ਜੋ ਇਸ ਮਤੇ ਦਾ ਮਕਸਦ ਹੈ ਉਸ ਨੂੰ ਇਹ ਫੇਲ੍ਹ ਕਰਨਾ ਚਾਹੁੰਦੇ ਹਨ ।

ਸਰਦਾਰ ਬਸੰਤ ਸਿੰਘ ਖਾਲਸਾ : * * * ।

ਸ੍ਰੀ ਸਪੀਕਰ : ਜੋ ਕੁੱਝ ਜੀ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever Mr. Khalsa is saying should not be recorded.)

(ਇਸ ਵੇਲੇ ਹਾਊਸ ਵਿੱਚ ਬੜਾ ਸ਼ੋਰ ਪੈ ਰਿਹਾ ਸੀ ਤੇ ਨਾਅਰੇ ਲੱਗ ਰਹੇ ਸਨ ।)

---

*Not recorded as ordered by the Chair.

ਡਾਕਟਰ ਅਮੀਰ ਸਿੰਘ ਕਲਕਟ : ਮੈਂ ਸਮੱਝਦਾ ਹਾਂ ਕਿ ਇਹ (ਅਕਾਲੀ ਮੈਂਬਰਾਂ ਵਲ ਇਸ਼ਾਰਾ ਕਰਕੇ) ਇਸ ਰੈਜ਼ੋਲਿਊਸ਼ਨ ਨੂੰ ਪਾਸ ਨਹੀਂ ਹੋਣ ਦੇਣਾ ਚਾਹੁੰਦੇ ਅਤੇ ਇਨ੍ਹਾਂ ਨੂੰ ਹਰੀਜਨਾਂ ਦੇ ਨਾਲ ਕੋਈ ਹਿੱਤ ਨਹੀਂ ਹੈ, ਇਨ੍ਹਾਂ ਦੀ ਨੀਅਤ ਸਾਫ ਨਹੀਂ ਹੈ (ਇਸ ਵੇਲੇ ਹਾਊਸ ਵਿਚ ਬੜਾ ਸ਼ੋਰ ਸੀ ਅਤੇ ਕੁਝ ਸੁਣਾਈ ਨਹੀਂ ਸੀ ਦੇਂਦਾ)

(ਇਸ ਸਮੇਂ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਆਪਣੀ ਸੀਟ ਤੋਂ ਉੱਠ ਕੇ ਉਨ੍ਹਾਂ ਅਕਾਲੀ ਮੈਂਬਰਾਂ ਕੋਲ ਆਏ ਜਿਹੜੇ ਹਾਊਸ ਵਿੱਚ ਫ਼ੁੱਜੇ ਧਰਨਾ ਲਾਈ ਬੈਠੇ ਸਨ ਅਤੇ ਜਲਦੀ ਹੀ ਵਾਪਸ ਚਲੇ ਗਏ ਅਤੇ ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਤੇ ਨਾਅਰੇ ਲਗ ਰਹੇ ਸਨ * * *)

ਸ੍ਰੀ ਸਪੀਕਰ : ਕੋਈ ਵੀ ਚੀਜ਼ ਰਿਕਾਰਡ ਨਾ ਕੀਤੀ ਜਾਵੇ । (Nothing should be recorded).

ਸਰਦਾਰ ਹਰਚੰਦ ਸਿੰਘ: ਆਨ–ਏ–ਪੁਆਇੰਟ ਆਫ ਆਰਡਰ, ਸਰ । ਇਸ ਵੇਲੇ ਹਾਊਸ ਵਿੱਚ ਇਕ ਨਾਖੁਸ਼ਗਵਾਰ ਮਾਹੌਲ ਪੈਦਾ ਹੋ ਗਿਆ ਹੈ ਅਤੇ ਚੀਫ ਮਨਿਸਟਰ ਸਾਹਿਬ ਤੋਂ ਕਿਸੇ ਗੱਲ ਦਾ ਉੱਤਰ ਮੰਗਿਆ ਜਾ ਰਿਹਾ ਹੈ । ਮੇਰੀ ਅਰਜ਼ ਇਹ ਹੈ ਕਿ ਇਹ ਗਲ ਚੀਫ ਮਨਿਸਟਰ ਸਾਹਿਬ ਵਾਸਤੇ ਬੜੀ ਮੁਸ਼ਕਿਲ ਹੈ ਕਿ ਜਦੋਂ ਤਕ ਹਾਊਸ ਵਿਚ ਇੰਨੀ ਜ਼ਿਆਦਾ ਖੱਪ ਪੈਂਦੀ ਰਹੇ, ਉਹ ਜੁਆਬ ਦੇ ਸਕਣ । ਇਸ ਕਰਕੇ ਮਿਹਰਬਾਨੀ ਕਰਕੇ ਆਨਰੇਬਲ ਮੈਂਬਰ ਸਾਹਿਬਾਨ, ਪੇਸ਼ਤਰ ਇਸਦੇ ਕਿ ਚੀਫ ਮਨਿਸਟਰ ਸਾਹਿਬ ਬੋਲਣ, ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਜਾਣ । ਜੇ ਉਹਨਾਂ ਦੀ ਕਿਸੇ ਗਲ ਤੇ ਤਸੱਲੀ ਨਹੀਂ ਹੋਵੇਗੀ ਤਾਂ ਫਿਰ ਧਰਨਾ ਮਾਰ ਲੈਣ, ਕੋਈ ਉਨ੍ਹਾਂ ਨੂੰ ਰੋਕਦਾ ਤਾਂ ਨਹੀਂ ।

(ਅਕਾਲੀ ਮੈਂਬਰਾਂ ਵੱਲੋਂ ਬਹੁਤ ਸ਼ੋਰ) (ਇਸ ਵੇਲੇ ਕਾਮਰੇਡ ਦਾਨਾ ਰਾਮ ਜੀ ਵੀ ਬੋਲਣ ਵਾਸਤੇ ਖੜ੍ਹੇ ਸਨ) (ਵਿਘਨ)

ਸ੍ਰੀ ਸਪੀਕਰ: ਕਾਮਰੇਡ ਦਾਨਾ ਰਾਮ ਜੀ, ਤੁਸੀਂ ਬੈਠੋ,ਬਾਦਲ ਸਾਹਿਬ ਨੂੰ ਬੋਲ ਲੈਣ ਦੇਵੋ (ਵਿਘਨ) (Comrade Dana Ram ji, please resume your seat. Let Badal Sahib speak).

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਸਰਕਾਰ ਨੂੰ ਇਕ ਸੁਜੈਸ਼ਨ ਦੇਣੀ ਚਾਹੁੰਦਾ ਹਾਂ । ਕਿਉਂਕਿ ਇਹ ਮਸਲਾ ਅੱਗੇ ਵੀ ਪੇਸ਼ ਕਰ ਦਿਤਾ ਹੈ ਅਤੇ ਇਸ ਨੂੰ ਦੁਹਰਾਉਣ ਦੀ ਲੋੜ ਨਹੀਂ ਜੋ ਚੀਫ ਮਨਿਸਟਰ ਸਾਹਿਬ ਨੇ ਸਾਰੇ ਹਾਊਸ ਦੇ ਹਰੀਜਨ ਐਮ. ਐਲ. ਏ. ਸਾਹਿਬਾਨ ਦੇ ਸਾਹਮਣੇ ਬੈਠ ਕੇ ਫੈਸਲਾ ਕਰ ਦਿਤਾ ਹੈ ਨਵੀਂ ਸਕੀਮ ਬਣਾਉਣ ਬਾਰੇ ਅਤੇ ਬਾਅਦ ਵਿਚ ਉਸ ਵਿਚ ਚੇਂਜ ਹੋਈ, ਤਾਂ ਅੱਜ ਜਿਸ ਗਲ ਦੇ ਬਾਰੇ ਅਸੀਂ ਵੀ ਹੱਕ ਵਿੱਚ ਹਾਂ, ਹਰੀਜਨ ਐਮ.ਐਲ.ਏਜ਼. ਵੀ ਹੱਕ ਵਿਚ ਹਨ, ਸਾਹਮਣੇ ਬੈਠੇ ਹਰੀਜਨ ਐਮ. ਐਲ. ਏ. ਵੀ ਹਨ ਔਰ ਦੂਜੇ ਪਰੋਗਰੈਸਿਵ ਖਿਆਲਾਂ ਦੇ ਮੈਂਬਰ ਵੀ ਹੱਕ ਵਿਚ ਹਨ —ਭਾਵੇਂ ਉਹ ਪਾਰਟੀ ਡਸਿਪਲਿਨ ਵਿੱਚ ਰਹਿ ਕੇ ਕੁੱਝ ਬੋਲ ਨਹੀਂ ਸਕਦੇ— ਤਾਂ ਇਸ ਗਲ ਦਾ ਫੈਸਲਾ ਹੋ ਜਾਣਾ ਚਾਹੀਦਾ ਹੈ । ਇਸ ਕਰਕੇ ਮੈਂ ਇਹ ਸਜੈਸਟ ਕਰਾਂਗਾ ਕਿ ਇਕ ਕਮੇਟੀ ਬਣਾ ਦਿਤੀ ਜਾਵੇ, ਜਿਸ ਵਿੱਚ ਸਰਦਾਰ ਹਰਚੰਦ ਸਿੰਘ ਜੀ, ਆਜ਼ਾਦ ਸਾਹਿਬ ਸ਼ਾਮਲ ਕਰ ਲਏ ਜਾਣ ਅਤੇ ਇਕ ਦੋ ਮੈਂਬਰ ਸਾਡੀ ਪਾਰਟੀ ਦੇ ਸ਼ਾਮਲ ਕਰ ਲਏ ਜਾਣ, ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਕਰ ਲਏ ਜਾਣ । ਇਸ ਕਮੇਟੀ ਬਾਰੇ ਇਥੇ ਹਾਊਸ ਵਿਚ ਐਲਾਨ ਕਰ ਦਿਤਾ ਜਾਵੇ ਤਾਂ ਹੀ ਇਹ ਮਸਲਾ ਹੱਲ ਹੋ ਸਕਦਾ ਹੈ ।

---

*Not recorded as ordered by the Chair.

ਸ੍ਰੀ ਸਪੀਕਰ: ਬਾਦਲ ਸਾਹਿਬ, ਤੁਸੀਂ ਆਪਣੀ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਆਪਣੀਆਂ ਸੀਟਾਂ ਤੇ ਬੈਠਣ ਵਾਸਤੇ ਤਾਂ ਕਹੋ। ਇਸ ਤਰ੍ਹਾਂ ਭੁੰਜੇ ਧਰਨਾ ਮਾਰ ਕੇ ਬੈਠਣਾ ਤਾਂ ਠੀਕ ਨਹੀਂ। ਇਹ ਪਾਰਲੀਮੈਂਟਰੀ ਰਵਾਇਤਾਂ ਦੇ ਖਿਲਾਫ਼ ਚੀਜ਼ ਹੈ, ਇਸ ਤਰ੍ਹਾਂ ਆਨਰੇਬਲ ਮੈਂਬਰਜ਼ ਨੂੰ ਨਹੀਂ ਕਰਨਾ ਚਾਹੀਦਾ। ਆਨਰੇਬਲ ਮੈਂਬਰਜ਼ ਇਥੇ ਚੰਗੀ ਪਰਫਾਰਮੈਂਸ ਦੇਣ, ਇਹ ਧਰਨਾ ਠੀਕ ਨਹੀਂ ਹੈ। (Badal Sahib, you may please ask your party Members to sit in their seats. This is not proper to sit in "Dharna" like this on the floor of the House. It is against the parliamentary conventions and the hon. Members should not act like this. Hon. Members should give a good performance in the House. To sit in "Dharna" like this is not proper.)

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * ।

ਸ੍ਰੀ ਸਪੀਕਰ : ਮਰੜ੍ਹੀ ਸਾਹਿਬ ਜੋ ਕੁਝ ਕਹਿੰਦੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। ਅਜ ਨਾਨ-ਆਫੀਸ਼ੀਅਲ ਡੇ ਹੈ ਅਤੇ ਹਰੀਜਨਾਂ ਦੇ ਬਾਰੇ ਇੰਪਾਰਟੈਂਟ ਮਸਲਾ ਡਿਸਕਸ ਹੋਣਾ ਹੈ। ਇਸ ਵਿੱਚ ਰੁਕਾਵਟ ਪਾ ਕੇ ਤਾਂ ਉਨ੍ਹਾਂ ਦੇ ਰਾਈਟਸ ਤੇ ਛਾਪਾ ਮਾਰਨ ਵਾਲੀ ਗੱਲ ਹੈ। (ਵਿਘਨ) (Whatever Mr. Mararhi is saying, should not be recorded. Today is the non-official day and an important matter concerning the welfare of Harijans is to be discussed and to obstruct the proceedings of the House is tantamount to depriving them of their rights) (*Interruption*)

(*Interruptions and Noise in the House*)

Mr. Speaker : Since some Akali Members are squatting on the floor, making loud noise and have created grave disorder, it is difficult for the House to proceed with the business. I have, therefore, no other alternative but to adjourn the House till 9.00 A.M, on Friday, the 10th January, 1975.

11-35 A. M. | (*The Sabha then adjourned till 9.00 A.M, on Friday, the 10th January, 1975.*)

---

*Not recorded as ordered by the Chair.

APPENDIX

to

Punjab Vidhan Sabha Debates

Vol. I--No. 3

Dated 9th January, 1975

ਜੁਡੀਸ਼ਲ ਲਾਕ—ਅਪ, ਫੂਲ ਜ਼ਿਲ੍ਹਾ ਬਠਿੰਡਾ ਦੀ ਹਾਲਤ

*2908 **ਸਰਦਾਰ ਧੰਨਾ ਸਿੰਘ ਗੁਲਸ਼ਨ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਜੁਡੀਸ਼ਲ ਲਾਕ-ਅਪ, ਫੂਲ, ਜ਼ਿਲ੍ਹਾ ਬਠਿੰਡਾ ਬਹੁਤ ਪੁਰਾਣਾ ਹੈ ਅਤੇ ਨਾਭਾ ਰਿਆਸਤ ਦੇ ਵੇਲੇ ਤੋਂ ਹੈ ਅਤੇ ਹੁਣ ਬਹੁਤ ਖਸਤਾ ਹਾਲਤ ਵਿੱਚ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਨੇ ਉਕਤ ਲਾਕ-ਅਪ ਦੀ ਹਾਲਤ ਸੁਧਾਰਨ ਲਈ ਕੋਈ ਕਾਰਵਾਈ ਕੀਤੀ ਹੈ; ਜੇਕਰ ਨਹੀਂ ਕੀਤੀ ਤਾਂ ਉਸ ਦੇ ਕੀ ਕਾਰਨ ਹਨ ?

ਸ੍ਰੀ ਯਸ਼ ਪਾਲ (ਆਬਕਾਰੀ ਅਤੇ ਕਰ ਮੰਤਰੀ): (ੳ) ਇਹ ਠੀਕ ਹੈ ਕਿ ਜੁਡੀਸ਼ਲ ਲਾਕ-ਅਪ ਫੂਲ, ਰਿਆਸਤ ਨਾਭਾ ਦੇ ਵਕਤ ਦੀ ਬਣੀ ਹੋਈ ਹੈ ਪਰ ਇਸ ਦੀ ਹਾਲਤ ਖਸਤਾ ਨਹੀਂ ਹੈ ।

(ਅ) ਜੁਡੀਸ਼ਲ ਲਾਕ—ਅਪ ਦੇ ਗੇਟ ਦੀ ਮਾਮੂਲੀ ਮੁਰੰਮਤ ਹੋਣ ਵਾਲੀ ਸੀ ਜਿਹੜੀ ਕਿ ਹੁਣ ਕਰਵਾ ਦਿੱਤੀ ਹੈ ।

[(a) It is a fact that the Judicial Lock-up, Phul dates back to the time of Nabha State. But it is not in a bad condition.

(b) Gate of the Judicial Lock-up needed minor repairs which have since been done.]

———

1396—23-4-75—286—ਪੰਜਾਬ ਸਰਕਾਰ ਪਰੈਸ, ਪਟਿਆਲਾ ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

10th January, 1975

Vol. I—No. 4

OFFICIAL REPORT

CONTENTS

Friday, the 10th January, 1975

Punjab Vidhan Sabha Secretariat, Chandigarh.

Price : Rs. 18.50

PUNJAB VIDHAN SABHA

Friday, the 10th January, 1975

The Vidhan Sabha met in the Punjab Vidhan Sabha Hall, Vidhan Bhavan Sector—1, Chandigarh, 160001, at 9-00 a. m. of the clock. Mr. Speaker (Dr. Kewal Krishan) in the Chair.

STARRED QUESTIONS AND ANSWERS

ਸ਼੍ਰੀ ਸਪੀਕਰ : ਕੁਐਸ਼ਚਨ ਨੰਬਰ 2898 ਵਲੋਂ ਕਾਮਰੇਡ ਸੱਤ ਪਾਲ ਡਾਂਗ ਅਤੇ ਕਾਮਰੇਡ ਦਾਨਾ ਰਾਮ (Starred Question No. 2898 by Comrade Satya Pal Dang and Comrade Dana Ram.)

ਕਾਮਰੇਡ ਰਾਜ ਕੁਮਾਰ : ਸਵਾਲ ਨੰ: 2898.

ਸ਼੍ਰੀ ਸਪੀਕਰ : ਤੁਹਾਡੇ ਕੋਲ ਅਥਾਰਿਟੀ ਹੈ ? (Have you got the authority from the Member concerned ?)

ਕਾਮਰੇਡ ਰਾਜ ਕੁਮਾਰ : ਨਹੀਂ ਜੀ ।

ਸ਼੍ਰੀ ਸਪੀਕਰ : ਤੁਸੀਂ ਨਹੀਂ ਪੜ੍ਹ ਸਕਦੇ, ਰਿਟਨ ਅਥਾਰਿਟੀ ਹੋਣੀ ਚਾਹੀਦੀ ਹੈ । ਪਿਛਲੀ ਦਫਾ ਵੀ ਇਹ ਗੱਲ ਹੋ ਗਈ ਸੀ। Next Question. (You cannot put this question. There should be written authority. Last time also this point came up. Next Question.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਰਿਟਨ ਅਥਾਰਿਟੀ ਮੇਰੇ ਪਾਸ ਹੈ ਜੀ ।

ਸ਼੍ਰੀ ਸਪੀਕਰ : ਉਹ ਮੇਰੇ ਕੋਲ ਭਿਜਵਾ ਦਿਓ । (Please send it to me.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਚੰਗਾ ਜੀ । ਸਵਾਲ ਨੰ: 2898 ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਕਲ੍ਹ ਦੇ ਸਵਾਲ ਤੋਂ ਸਪਲੀਮੈਂਟਰੀਜ਼ ਸ਼ੁਰੂ ਹੋਣੀਆਂ ਹਨ ਜੀ ।

ਸ਼੍ਰੀ ਸਪੀਕਰ : ਉਨ੍ਹਾਂ ਸਪਲੀਮੈਂਟਰੀਜ਼ ਲਈ ਫਿਰ ਡੇਟ ਫਿਕਸ ਕਰਾਂਗੇ । (Another date will be fixed for those supplementary questions.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਵਾਲ ਨੰ: 2898 ।

ਕੇਂਦਰੀ ਸਰਕਾਰ ਦੀ ਬੋਨਸ ਰੀਵਿਊ ਕਮੇਟੀ ਦੀ ਰਿਪੋਰਟ

*2898. ਕਾਮਰੇਡ ਸੱਤਪਾਲ ਡਾਂਗ
ਕਾਮਰੇਡ ਦਾਨਾ ਰਾਮ } (ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਵਲੋਂ ਪੇਸ਼ ਕੀਤਾ ਗਿਆ)—ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਸਰਕਾਰ ਨੂੰ ਭਾਰਤ ਸਰਕਾਰ ਵੱਲੋਂ ਬੋਨਸ ਰੀਵਿਊ ਕਮੇਟੀ ਦੀ ਰਿਪੋਰਟ ਦੀ ਕਾਪੀ ਮਿਲ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਕੀ ਰਾਜ ਸਰਕਾਰ ਨੇ ਭਾਰਤ ਸਰਕਾਰ ਨੂੰ ਇਸ ਬਾਰੇ ਕੋਈ ਵਿਚਾਰ ਭੇਜੇ ਹਨ ; ਜੇਕਰ ਅਜਿਹਾ ਹੋਵੇ ਤਾਂ ਇਸ ਦਾ ਵੇਰਵਾ ਕੀ ਹੈ;

(ੲ) ਕੀ ਸਰਕਾਰ ਨੇ ਕੇਂਦਰੀ ਸਰਕਾਰ ਨੂੰ ਉਕਤ ਵਿਚਾਰ ਭੇਜਣ ਤੋਂ ਪਹਿਲਾਂ ਰਾਜ ਵਿਚ ਮੇਜਰ ਟਰੇਡ ਯੂਨੀਅਨ ਆਰਗੇਨਾਈਜ਼ੇਸ਼ਨਜ਼ ਨਾਲ ਕੋਈ ਸਲਾਹ ਮਸ਼ਵਰਾ ਕੀਤਾ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਹੁਣ ਕੋਈ ਅਜਿਹਾ ਸਲਾਹ-ਮਸ਼ਵਰਾ ਕਰਨ ਦਾ ਵਿਚਾਰ ਰਖਦੀ ਹੈ ;

(ਸ) ਕੀ ਉਨ੍ਹਾਂ ਨੂੰ ਕਿਸੇ ਵਿਧਾਨਕਾਰ ਨੇ 12 ਨਵੰਬਰ, 1974 ਨੂੰ ਇਸ ਸਬੰਧ ਵਿਚ ਕੋਈ ਪੱਤਰ ਲਿਖਿਆ, ਜੇਕਰ ਅਜਿਹਾ ਹੋਵੇ ਤਾਂ ਇਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸ੍ਰੀ ਹੰਸ ਰਾਜ ਸ਼ਰਮਾ : (ੳ) ਹਾਂ ਜੀ । ਬੋਨਸ ਰੀਵਿਊ ਕਮੇਟੀ ਦੀ ਸਥਾਪਨਾ ਕੇਂਦਰ ਸਰਕਾਰ ਵਲੋਂ ਕੀਤੀ ਗਈ ਸੀ ਅਤੇ ਇਹ ਰਿਪੋਰਟ ਵੀ ਕੇਂਦਰ ਸਰਕਾਰ ਨੂੰ ਬੋਨਸ ਰੀਵਿਊ ਕਮੇਟੀ ਵੱਲੋਂ ਪੇਸ਼ ਕੀਤੀ ਗਈ ਸੀ । ਕਿਉਂਕਿ ਇਹ ਪੰਜਾਬ ਸਰਕਾਰ ਵੱਲੋਂ ਸਥਾਪਤ ਕੀਤੀ ਗਈ ਕਮੇਟੀ ਦੀ ਰਿਪੋਟ ਨਹੀਂ ਅਤੇ ਕਿਉਂਕਿ ਕੇਂਦਰ ਸਰਕਾਰ ਵੱਲੋਂ ਇਸ ਰਿਪੋਰਟ ਨੂੰ ਹਾਲ ਦੀ ਘੜੀ ਗੁਪਤ ਟਰੀਟ ਕੀਤਾ ਹੋਇਆ ਹੈ ਇਸ ਲਈ ਇਸ ਨੂੰ ਸਦਨ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ । ਇਸ ਰਿਪੋਰਟ ਨੂੰ ਕੇਂਦਰ ਸਰਕਾਰ, ਸਾਹਿਤ ਆਪਣੇ ਫੈਸਲਿਆਂ ਦੇ ਰੀਲੀਜ਼ ਕਰੇਗੀ ।

(ਅ) ਹਾਂ ਜੀ । 'ੳ' ਨੂੰ ਮੁੱਖ ਰਖਦੇ ਹੋਏ ਇਹ ਪਬਲਿਕ ਹਿੱਤ ਵਿਚ ਨਹੀਂ ਕਿ ਰਾਜ ਸਰਕਾਰ ਦੁਆਰਾ ਭੇਜੇ ਵਿਚਾਰਾਂ ਦਾ ਵੇਰਵਾ ਇਸ ਸਟੇਜ ਤੇ ਦਿੱਤਾ ਜਾਵੇ ।

(ੲ) ਨਹੀਂ ਜੀ ।

(ਸ) ਹਾਂ ਜੀ । ਇਸ ਪੱਤਰ ਦੀ ਨਕਲ ਸਦਨ ਦੀ ਮੇਜ਼ ਤੇ ਪੇਸ਼ ਹੈ ।

Copy of letter dated the 12th November, 1974, from Shri Satyapal Dang, M.L.A., Ekta Bhawan, Chheharta, addressed to Shri Hans Raj Sharma, Finance and Labour Minister, Punjab.

From the Press I find that the Government of India has sent copies of the Report of the Bonus Review Committee to the various State Governments and has asked them to send their views regarding the same to the Government of India.

You must be aware that the working class and various trade union organisations have very strong views about this report and regard it as anti-working class one. I would suggest that before making up its mind and sending its views to the Government of India the State Government should invite the major trade union organisations of the State and hear their view—point regarding this report.

Early action in this respect and reply are requested.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਸ ਹਕੀਕਤ ਦੇ ਪੇਸ਼ੇ ਨਜ਼ਰ ਕਿ ਬੋਨਸ ਰੀਵਿਊ ਕਮੇਟੀ ਦੀ ਰਿਪੋਰਟ ਜੋ ਸਾਰੇ ਹਿੰਦੁਸਤਾਨ ਦੀ ਪ੍ਰੈਸਾਂ ਵਿਚ ਸ਼ਾਇਆ ਹੋ ਚੁੱਕੀ ਹੈ, ਕੀ ਮੰਤਰੀ ਮਹੋਦਯ ਇਹ ਮੁਨਾਸਬ ਗਲ ਨਹੀਂ ਕਰਨਗੇ ਕਿ ਹੁਣ ਪੰਜਾਬ ਦੀਆਂ ਸਾਰੀਆਂ ਮਜ਼ਦੂਰ ਜੱਥੇਬੰਦੀਆਂ ਨੂੰ ਬੁਲਾਇਆ ਜਾਵੇ ਅਤੇ ਉਨ੍ਹਾਂ ਦੇ ਵਿਊਜ਼ ਲਏ ਜਾਣ ਕਿਉਂਕਿ ਇਸ ਰਿਪੋਰਟ ਉਤੇ ਵਰਕਿੰਗ ਕਲਾਸਿਜ਼ ਬਹੁਤ ਰੰਜਸ਼ ਕਰਦੀਆਂ ਹਨ ?

ਮੰਤਰੀ : ਸਪੀਕਰ ਸਾਹਿਬ, ਸੈਂਟਰਲ ਗੌਰਮਿੰਟ ਨੇ ਇਸ ਬਾਰੇ ਸਟੇਟਾਂ ਕੋਲੋਂ ਸਿਰਫ ਕਮੈਂਟਸ ਮੰਗੇ ਸਨ ਅਤੇ ਕਿਹਾ ਸੀ ਕਿ ਇਨ੍ਹਾਂ ਨੂੰ ਕਾਨਫੀਡੈਂਸ਼ਲ ਰਖਿਆ ਜਾਵੇ । ਸੈਂਟਰਲ ਗੌਰਮਿੰਟ ਨੇ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਨੂੰ ਨੈਸ਼ਨਲ ਲੈਵਲ ਤੇ ਕਨਸਲਟ ਕੀਤਾ । ਇਸ ਕਰਕੇ ਅਸੀਂ ਇਸ ਨੂੰ ਮੁੱਖ ਰਖਦੇ ਹੋਏ ਆਪਣੇ ਕੁਮੈਂਟਸ ਹੀ ਦਿੱਤੇ ਸਨ ਜਿਹੜੇ ਕਿ ਪ੍ਰੋਗ੍ਰੈਸਿਵ ਹੋਣੇ ਹਨ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ ਕੇਂਦਰੀ ਸਰਕਾਰ ਨੇ ਕੁਮੈਂਟਸ ਮੰਗੇ ਸਨ ਅਤੇ ਇਨ੍ਹਾਂ ਨੇ ਉਸ ਦੇ ਅਨੁਸਾਰ ਸਿਰਫ ਆਪਣੇ ਵਿਚਾਰ ਹੀ ਦਿੱਤੇ ਸਨ ਜਿਹੜੇ ਕਿ ਕਾਨਫੀਡੈਂਸ਼ਲ ਹਨ । ਮੈਂ ਇਹ ਪੁਛਦਾ ਹਾਂ ਕਿ ਕੀ ਇਹ ਵਿਚਾਰ ਜਿਹੜੇ ਕਿ ਪੰਜਾਬ ਸਰਕਾਰ ਦੁਆਰਾ ਦਿੱਤੇ ਗਏ ਹਨ ਇਹ ਹਾਊਸ ਦੀ ਪਰਾਪਰਟੀ ਨਹੀਂ ਹੈ ਇਨ੍ਹਾਂ ਵਿਚਾਰਾਂ ਨੂੰ ਇਥੇ ਹਾਊਸ ਵਿਚ ਕਿਉਂ ਨਹੀਂ ਰਖਿਆ ਜਾਂਦਾ ?

ਮੰਤਰੀ : ਸਪੀਕਰ ਸਾਹਿਬ, ਸੈਂਟਰਲ ਗੌਰਮਿੰਟ ਨੇ ਜੋ ਵਿਚਾਰ ਮੰਗੇ ਸਨ, ਉਹ ਕਾਨਫੀਡੈਂਸ਼ੀਅਲ ਰਖਣ ਵਾਸਤੇ ਕਿਹਾ ਸੀ । ਸੈਂਟਰਲ ਗੌਰਮਿੰਟ ਨੇ ਮਜ਼ਦੂਰ ਜੱਥੇਬੰਦੀਆਂ ਨਾਲ ਸਲਾਹ ਕੀਤੀ ਸੀ । ਅਸੀਂ ਤਾਂ ਇਸ ਵਿਚ ਆਪਣੇ ਪ੍ਰੋਗ੍ਰੈਸਿਵ ਵਿਊਜ਼ ਦੇਣੇ ਸੀ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਸ ਹਕੀਕਤ ਦੇ ਪੇਸ਼ੇ ਨਜ਼ਰ ਕਿ ਕੇਂਦਰ ਸਰਕਾਰ ਨੇ ਮੇਜਰ ਟ੍ਰੇਡ ਯੂਨੀਅਨ ਆਰਗੇਨਾਈਜ਼ੇਸ਼ਨਜ਼, ਐਚ. ਐਮ. ਐਸ. ਨੂੰ ਕਨਸਲਟ ਕੀਤਾ, ਸਾਡੇ ਖਜ਼ਾਨਾ ਮੰਤਰੀ ਸਾਹਿਬ ਇਹ ਕਹਿ ਰਹੇ ਹਨ ਕਿ ਅਸੀਂ ਰਿਪੋਰਟ ਬਗੈਰ ਜੱਥੇ-ਬੰਦੀਆਂ ਨੂੰ ਕਨਸਲਟ ਕੀਤੇ ਭੇਜ ਦਿੱਤੀ, ਕੀ ਇਹ ਇਸ ਗੱਲ ਦਾ ਪ੍ਰਤੀਕ ਨਹੀਂ ਕਿ ਇਨ੍ਹਾਂ ਨੇ ਪੰਜਾਬ ਦੀਆਂ ਮਜ਼ਦੂਰ ਜੱਥੇਬੰਦੀਆਂ ਨੂੰ ਅੱਖੋਂ ਦੂਰ ਕੀਤਾ ਅਤੇ ਹੁਣ ਉਹ ਰਿਪੋਰਟ ਸਦਨ ਵਿਚ ਰੱਖਣ ਨੂੰ ਤਿਆਰ ਨਹੀਂ ?

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਹੁਣ ਮੈਂ ਕੀ ਕਹਿ ਸਕਦਾ ਹਾਂ ।

आचार्य पृथ्वी सिंह आज़ाद : स्पीकर साहिब, इस सवाल में पूछा गया है कि क्या किसी एम. एल. ए. ने इस सम्बंध में 12 नवम्बर, 1974 को इन को पत्र लिखा ? इस का जवाब नहीं आया ।

ਮੰਤਰੀ : ਪੱਤਰ ਦੀ ਨਕਲ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਸੈਂਟਰ ਨੇ ਸਟੇਟਾਂ ਨੂੰ ਇਹ ਕਿਹਾ ਕਿ ਆਪਣੀ ਰਾਏ ਦੇਵੋ, ਸਟੇਟ ਦੀਆਂ ਜੱਥੇਬੰਦੀਆਂ ਨੂੰ ਕਨਸਲਟ ਨਾ ਕਰੋ ਅਤੇ ਕਾਨਫੀਡੈਂਸ਼ਲ ਰਖੋ । ਪਰ ਜੇ ਸੈਂਟਰ ਇਸ ਮਾਮਲੇ ਵਿਚ ਕਨਸਲਟ ਕਰ ਸਕਦੀ ਹੈ ਤਾਂ ਮੈਂ ਇਹ ਪੁਛਦਾ ਹਾਂ ਕਿ ਇਨ੍ਹਾਂ ਨੂੰ ਜੱਥੇਬੰਦੀਆਂ ਨੂੰ ਕਨਸਲਟ ਕਰਨ ਵਿਚ ਕੀ ਰੁਕਾਵਟ ਸੀ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲੇ ਦਸਿਆ ਹੈ ਕਿ ਉਨ੍ਹਾਂ ਨੇ ਸਾਨੂੰ ਇਹ ਕਿਹਾ ਸੀ ਕਿ ਸਰਕਾਰ ਆਪਣੀ ਰਾਏ ਦੇਵੇ ਅਤੇ ਸੈਂਟਰ ਆਪ ਹੀ ਨੈਸ਼ਨਲ ਲੈਵਲ ਤੇ ਕਨਸਲਟ ਕਰੇਗੀ, ਇਸ ਲਈ ਅਸੀਂ ਸਿਰਫ ਰਾਏ ਦਿੱਤੀ ਹੈ ਅਤੇ ਉਨ੍ਹਾਂ ਦੇ ਕਹਿਣ ਦੇ ਮੁਤਾਬਕ ਉਸ ਨੂੰ ਹਾਲੇ ਕਨਫੀਡੈਂਸ਼ਲ ਰਖਿਆ ਹੈ ।

आचार्य पृथ्वी सिंह आज़ाद : स्पीकर साहिब, मैं आप के द्वारा इन से यह पूछना चाहता हूं कि यदि इन्होंने जत्थेबंदियों को कनसल्ट नहीं करना था तो उस रिपोर्ट के सम्बंध में कौन सा रोल इन्हों ने अदा करना था जिस कारण यह न तो जत्थेबंदियों को कनसल्ट कर सके और न ही उस रिपोर्ट की कापी हाऊस मे रख सके ?

ਮੰਤਰੀ : ਇਹ ਤਾਂ ਇਨ੍ਹਾਂ ਨੇ ਸਵਾਲ ਨੂੰ ਰਪੀਟ ਕੀਤਾ ਹੈ ।

ਸ਼੍ਰੀ ਸਪੀਕਰ : ਇਸ ਦਾ ਜਵਾਬ ਤਾਂ ਦੇ ਦਿੱਤਾ ਹੈ । Next Question. (The reply has been given. Next Question.)

ਮਿਉਂਸਿਪਲ ਕਮੇਟੀ ਅੰਮ੍ਰਿਤਸਰ ਦਾ ਅਧਿਲੰਘਣ

***2967.** ਕਾਮਰੇਡ ਦਾਨਾ ਰਾਮ
ਕਾਮਰੇਡ ਸੱਤ ਪਾਲ ਡਾਂਗ } (ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਵੱਲੋਂ ਪੇਸ਼ ਕੀਤਾ ਗਿਆ)—

ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਮਿਉਂਸਿਪਲ ਕਮੇਟੀ, ਅੰਮ੍ਰਿਤਸਰ ਦਾ ਦਸੰਬਰ, 1974 ਵਿਚ ਸਰਕਾਰ ਦੁਆਰਾ ਅਧਿਲੰਘਣ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ;

(ਅ) ਉਕਤ ਕਮੇਟੀ ਦੀਆਂ ਚੋਣਾਂ ਕਦੋਂ ਤੱਕ ਕਰਾਉਣ ਦੀ ਤਜਵੀਜ਼ ਹੈ ?

ਸ੍ਰੀ ਹੰਸ ਰਾਜ ਸ਼ਰਮਾ : (ੳ) ਨਗਰ ਪਾਲਕਾ, ਅੰਮ੍ਰਿਤਸਰ ਅਧਿਲੰਘਤ ਨਹੀਂ ਕੀਤੀ ਗਈ ਬਲਕਿ ਪੰਜਾਬ ਸਰਕਾਰ ਦੀ ਅਧਿਸੂਚਨਾ ਮਿਤੀ 16 ਦਸੰਬਰ, 1974 ਰਾਹੀਂ ਇਕ ਸਾਲ ਲਈ ਮੁਅੱਤਲ ਕੀਤੀ ਗਈ ਹੈ। ਇਸ ਦੇ ਕਾਰਨ ਅਨੈਕਸਚਰ ਵਿਚ ਦਰਸਾਏ ਗਏ ਹਨ।

(ਅ) ਨਗਰ ਪਾਲਕਾ, ਅੰਮ੍ਰਿਤਸਰ ਮਿਤੀ 16 ਦਸੰਬਰ, 1974 ਨੂੰ ਇਕ ਸਾਲ ਲਈ ਮੁਅੱਤਲ ਕੀਤੀ ਗਈ। ਕਮੇਟੀ ਦੀ ਚੋਣ ਕਰਨ ਦੇ ਸਵਾਲ ਤੇ ਉਚਿਤ ਸਮੇਂ ਤੇ ਵਿਚਾਰ ਕੀਤਾ ਜਾਵੇਗਾ।

ANNEXURE

Reasons for the suspension of Municipal Committee, Amritsar

(1) During the years 1970-71, 1971-72 and 1972-73, Government had advanced a sum of Rs. 84.21 lacs as loan to the Municipal Committee, Amritsar, under the City Development Scheme. The loan was given on the specific condition that the same would be utilised for works under the City Development Scheme. The Municipal Committee, Amritsar, spent a substantial part of the said amount of loan for purposes other than for which it was sanctioned. The Municipal Committee, vide its resolution No. 1121, dated 22nd February, 1974, admitted that it had spent a sum of Rs. 27.50 lacs for purposes other than the works under the City Development Scheme. The Municipal Committee had no right to use any part of the loan money for any purpose other than for which it was sanctioned. Government gives financial assistance to municipal committees to take up development works so that the civic amenities in the city can be improved. Financial assistance is given for specific purposes in order to ensure not only that the money is spent on development works but also on such works for which the loan is given. By misutilising a sum of Rs. 27.50 lacs, the Municipal Committee, Amritsar, not only exceeded its powers, but also made a serious default in performance of its duties and in violating the terms and conditions on which the loan was sanctioned. The fact that the Municipal Committee spent a part of this loan amount on activities other than development works shows that the Municipal Committee utterly disregarded the development needs of the city and failed to utilise the financial assistance given by the Government for the benefit of the city dwellers. The Committee has, therefore, also shown incompetence in the proper performance of its duties.

(2) Government has also been giving grants-in-aid to the Municipal Committee, Amritsar, from time to time for completion of works of urgent public importance. The Municipal Committee, Amritsar, has not only mis-utilised some of the grants, but has also failed to utilise some of the grants in the time limit of three years. The Examiner, Local Fund Accounts, Punjab, has accordingly attached for credit to the Government account sums of Rs. 1.90 lacs and Rs. 0.12 lac in respect of grants which remained un-utilised for three years by the Municipal Committee, Amritsar. By failing to make timely utilisation of Government grants, the Municipal Committee, Amrits ar, has shown itself to be incompetent in the discharge of its duties and obligations in a proper manner and has also seriously defaulted in providing to the citizens of Amritsar facilities and amenities which could have been provided by proper and timely utilisation of Government grants.

[ਵਿੱਤ ਮੰਤਰੀ]

(3) There are about 34,000 water connections in the city of Amritsar, ou of which about 26,500 connections are un-metered. Non-meterisation of connections violates the provisions of bye-law No. 6 of the Water Rate Bye Laws of the Committee. The Examiner, Local Fund Accounts, Punjab, has been raising audit objections about this irregularity but the Municipal Committee, Amritsar, has failed to meter the un-metered connections. It is further necessary for the Municipal Committee, Amritsar, to increase the storage capacity of water because Amritsar City is located on the border. Government has been issuing instructions repeatedly to this effect, but the Municipal Committee, Amritsar, has failed to increase the water storage capacity in the town. The Municipal Committee, Amritsar, has thus defaulted persistently in the performance of its duties.

(4) The Regional Deputy Director, Local Government, Amritsar, sent an Inspection Note, dated 15th November, 1971, to the Municipal Committee, Amritsar, for action, The Examiner, Local Fund Accounts, sent Audit note for 1972-73 to the Municipal Committee, Amritsar, but the Committee had failed to furnish any replies. The present Committee has been in office since July, 1972 and it has failed to finalise action on the Inspection Note in two years.

The audit note for the period ending March, 1973, was received by the Municipal Committee in December, 1973, and the Committee was required to send annotated replies in three months. The Municipal Committee caused considerable delay in sending the reply inspite of the fact that this lapse on the part of the Committee was included in the show cause notice served on the Committee in April, 1974.

The Municipal Committee, Amritsar, has thus shown indifference towards the disposal of pending audit objections and defaulted persistently in this regard.

ਡਾਕਟਰ ਬਲਦੇਵ ਪ੍ਰਕਾਸ਼ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਜਿਹੜੇ ਰੀਜ਼ਨ ਇਨ੍ਹਾਂ ਨੇ ਦਿੱਤੇ ਹਨ ਉਨ੍ਹਾਂ ਵਿਚ 3 ਰੀਜ਼ਨ ਮੇਨ ਇਹ ਦਿੱਤੇ ਗਏ ਹਨ ਕਿ ਜੋ ਗਰਾਂਟ ਮਿਊਂਨਿਸਪਲ ਕਮੇਟੀ ਨੂੰ ਸਿਟੀ ਡਿਵੈਲਪਮੈਂਟ ਸਕੀਮ ਵਾਸਤੇ ਦਿੱਤੀ ਗਈ ਸੀ ਉਹ ਕਿਸੇ ਹੋਰ ਕੰਮ ਤੇ ਖ਼ਰਚ ਕੀਤੀ ਗਈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਰੁਪਿਆ ਉਨ੍ਹਾਂ ਨੇ ਮਿਸਯੂਜ਼ ਕੀਤਾ ਸੀ ਜਾਂ ਕੁਝ ਹੋਰ ਕੰਮਾਂ ਤੇ ਖ਼ਰਚ ਕੀਤਾ ਸੀ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ ਰੀਜ਼ਨ ਦਿੱਤੇ ਹਨ ਸਸਪੈਨਸ਼ਨ ਕਰਨ ਲਈ, ਉਨ੍ਹਾਂ ਨੂੰ ਜਿਹੜੀ ਗਰਾਂਟ ਦਿੱਤੀ ਗਈ ਸੀ ਉਹ ਸਿਟੀ ਦੀ ਡਿਵੈਲਪਮੈਂਟ ਦੇ ਕੰਮਾਂ ਤੇ ਖ਼ਰਚ ਕਰਨ ਲਈ ਦਿੱਤੀ ਗਈ ਸੀ, ਪਰ ਇਹ ਪੈਸਾ ਉਥੇ ਨਾ ਖਰਚ ਕਰਕੇ ਇਸ ਦਾ ਮਿਸਯੂਜ਼ ਕੀਤਾ ਗਿਆ । ਮੈਂ ਜਵਾਬ ਵਿਚ ਦੱਸ ਚੁੱਕਾ ਹਾਂ । ਮੈਂ ਜਵਾਬ ਵਿਚ ਸਾਰੇ ਕਾਰਨ ਦੇ ਚੁੱਕਾ ਹਾਂ ਕਿਉਂਕਿ ਮਿਉਂਸਪਲ ਕਮੇਟੀ ਤੋੜਨੀ ਪਈ । ਮੈਂ ਦਸਿਆ ਹੈ ਕਿ ਉਨ੍ਹਾਂ ਜੋ ਸਟੇਟ ਡੀਵੈਲਪਮੈਂਟ ਗਰਾਂਟ ਜਿਸ ਕੰਮ ਲਈ ਦਿੱਤੀ ਸੀ ਉਹ ਹੋਰ ਕੰਮ ਲਈ ਵਰਤੀ, ਇਸ ਲਈ ਤੋੜਨੀ ਪਈ ।

ਚੌਧਰੀ ਦਰਸ਼ਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾਂ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਇਕ ਸਾਲ ਵਾਸਤੇ ਇਹ ਮਿਊਂਨਸਪਲ ਕਮੇਟੀ ਸਸਪੈਂਡ ਕੀਤੀ ਹੈ ਕੀ ਇਹ ਪੀਰੀਅਡ 1 ਸਾਲ ਵਾਸਤੇ ਮਿਊਂਨਿਸਪਲ ਕਮਿਸ਼ਨਰ ਦਾ ਕੰਡਕਟ ਵਾਚ ਕਰਨ ਲਈ ਮੁਕੱਰਰ ਕੀਤਾ ਹੈ ?

ਮੰਤਰੀ : ਕਮੇਟੀ ਨੂੰ ਸਸਪੈਂਡ ਇਸ ਲਈ ਕੀਤਾ ਸੀ ਕਿ ਉਨ੍ਹਾਂ ਨੇ ਫੰਡਜ਼ ਦਾ ਠੀਕ ਇਸਤੇਮਾਲ ਨਹੀਂ ਕੀਤਾ । ਜਦੋਂ ਇਹ ਸਮਝਿਆ ਕਿ ਉਹ ਠੀਕ ਕੰਮ ਕਰਨ ਲਗ ਪੈਣਗੇ ਤਾਂ ਇਹ ਕਮੇਟੀ ਮੁੜ ਬਹਾਲ ਕਰ ਦਿੱਤੀ ਜਾਵੇਗੀ ।

ਸਰਦਾਰ ਪ੍ਰਿਥੀਪਾਲ ਸਿੰਘ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਅੰਮ੍ਰਿਤਸਰ ਮਿਊਂਨਸਪਲ ਕਮੇਟੀ ਨੇ ਕਿਤਨਾ ਰੁਪਿਆ ਹੋਰ ਕੰਮਾਂ ਲਈ ਖਰਚ ਕੀਤਾ ?

ਮੰਤਰੀ : ਮੈਨੂੰ ਇਤਲਾਹ ਮਿਲੀ ਹੈ ਕਿ ਉਨ੍ਹਾਂ ਨੂੰ ਡੀਵੈਲਪਮੈਂਟ ਗਰਾਂਟ ਵਿਚੋਂ 84 ਲੱਖ ਰੁਪਿਆ ਦਿੱਤਾ ਗਿਆ ਸੀ ਜਿਸ ਵਿਚੋਂ 37 ਲੱਖ ਰੁਪਿਆ ਛੱਡ ਕੇ ਬਾਕੀ ਸਾਰਾ ਰੁਪਿਆ ਉਨ੍ਹਾਂ ਨੇ ਹੋਰ ਕੰਮਾਂ ਦੇ ਵਾਸਤੇ ਖਰਚ ਕੀਤਾ ।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਕੋਈ ਹੋਰ ਮਿਊਂਨਸਪਲ ਕਮੇਟੀ ਵੀ ਹੈ ਜਿਸ ਨੂੰ ਇਸ ਤਰ੍ਹਾਂ ਦੀ ਗਰਾਂਟ ਦਿੱਤੀ ਗਈ ਸੀ ਪਰ ਉਸ ਨੇ ਉਸ ਕੰਮ ਤੇ ਪੈਸਾ ਨਹੀਂ ਖਰਚਿਆ ਜਿਸ ਲਈ ਕਿ ਪੈਸਾ ਦਿੱਤਾ ਗਿਆ ਸੀ ?

ਮੰਤਰੀ : ਇਸ ਤਰ੍ਹਾਂ ਦਾ ਹੋਰ ਕੋਈ ਕੇਸ ਮੇਰੀ ਨਾਲਜ ਵਿਚ ਨਹੀਂ ਹੈ ।

ਚੌਧਰੀ ਰਾਮ ਸਿੰਘ : ਕੀ ਇਹ ਗੱਲ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਆਈ ਹੈ ਕਿ ਜਦੋਂ ਦੀ ਕਮੇਟੀ ਤੋੜ ਕੇ ਐਡਮਨਿਸਟ੍ਰੇਟਰ ਕੰਮ ਕਰ ਰਿਹਾ ਹੈ, ਤੋੜਨ ਤੋਂ 20-25 ਦਿਨ ਬਾਅਦ ਹੀ ਕਮੇਟੀ ਦੇ ਫਾਈਨੈਂਸਿਜ਼ ਦੇ ਵਿਚ ਵਾਧਾ ਹੋਇਆ ਹੈ ਅਤੇ ਅੱਜ ਤਾਈਂ ਕਿਤਨੀ ਅਮਾਊਂਟ ਵੱਧੀ ਹੈ ?

ਮੰਤਰੀ : ਇਸ ਬਾਰੇ ਉਹ ਇਕ ਵੱਖਰਾ ਨੋਟਿਸ ਦੇ ਦੇਣ ਪਤਾ ਕਰਕੇ ਦੱਸ ਦੇਵਾਂਗੇ ।

ਡਾਕਟਰ ਬਲਦੇਵ ਪ੍ਰਕਾਸ਼ : ਕੀ ਵਜ਼ੀਰ ਸਾਹਿਬ ਦਾ ਇਹ ਖਿਆਲ ਹੈ ਕਿ ਸਸਪੈਂਡ ਇਸ ਕਰਕੇ ਕੀਤੀ ਗਈ ਹੈ ਕਿ ਜਿਹੜੇ ਇਕ ਸਾਲ ਦੇ ਕੰਮ ਰਹੇ ਹਨ ਉਹ ਪੂਰੇ ਕਰਨੇ ਹਨ । ਪਰ ਕੰਮ ਕਿਵੇਂ ਪੂਰੇ ਹੋਣਗੇ ਜਦੋਂ ਉਥੇ ਕੋਈ ਐਸ. ਈ. ਜਾਂ ਐਡਮਨਿਸਟ੍ਰੇਟਰ ਕੰਮ ਹੀ ਨਹੀਂ ਕਰ ਰਿਹਾ । ਫੇਰ ਜਿਹੜਾ ਪੈਸਾ ਖਰਚ ਹੀ ਹੋ ਗਿਆ ਉਹ ਕਿਵੇਂ ਵੇਖਣਗੇ ਕਿ ਦੋਬਾਰਾ ਉਹ ਗਰਾਂਟ ਨੂੰ ਡਾਈਵਰਟ ਹੁੰਦਾ ਵੀ ਹੈ ਯਾ ਨਹੀਂ । ਜਦੋਂ ਕਮੇਟੀ ਵਰਕ ਹੀ ਕੋਈ ਨਹੀਂ ਕਰ ਰਹੀ ?

ਮੰਤਰੀ : ਇਹ ਤਾਂ ਉਨ੍ਹਾਂ ਦਾ ਆਪਣਾ ਖਿਆਲ ਹੈ ਕਿ ਕਮੇਟੀ ਵਰਕ ਨਹੀਂ ਕਰ ਰਹੀ । ਮੈਂ ਸਮਝਦਾ ਹਾਂ ਡੀ. ਸੀ. ਜਿਹੜਾ ਕਿ ਐਡਮਨਿਸਟ੍ਰੇਟਰ ਹੈ ਸਾਰੇ ਕੰਮ ਕਰਾ ਰਿਹਾ ਹੈ, ਐਗਜ਼ੈਕਟਿਵ ਆਫ਼ੀਸਰ ਕੰਮ ਕਰ ਰਿਹਾ ਹੈ, ਐਸ. ਈ. ਕੰਮ ਕਰ ਰਿਹਾ ਹੈ । ਜਦੋਂ ਸਾਨੂੰ ਇਸ ਗੱਲ ਦਾ ਮੁਕੰਮਲ ਯਕੀਨ ਹੋ ਗਿਆ ਹੈ ਕਿ ਕੰਮ ਠੀਕ ਢੰਗ ਤੇ ਆ ਗਿਆ ਹੈ ਅਤੇ ਪੁਰਾਣੇ ਕਮਿਸ਼ਨਰਾਂ ਨੂੰ ਜੇ ਕੰਮ ਤੇ ਲਾਇਆ ਤਾਂ ਆਪਣੇ ਆਪ ਕੰਮ ਚਲਦਾ ਰਹੇਗਾ ਤਾਂ ਬਹਾਲ ਕਰ ਦਿਆਂਗੇ, ਜੇ ਉਹ ਹੋਰ ਢੰਗ ਨਾਲ ਚਲਣਗੇ ਤਾਂ ਫੇਰ ਵੀ ਤੋੜੀ ਜਾ ਸਕਦੀ ਹੈ ।

ਕਾਮਰੇਡ ਰਾਜ ਕੁਮਾਰ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਮਿਊਂਸਪਲ ਕਮੇਟੀ ਦੇ ਤੋੜਨ ਦਾ ਮੇਨ ਰੀਜ਼ਨ ਹੀ ਇਹ ਹੈ ਕਿ ਉਥੇ ਦੀ ਕਮੇਟੀ ਨੇ ਫੰਡਜ਼ ਪਰਾਪਰਲੀ ਯੂਟਿਲਾਈਜ਼ ਨਹੀਂ ਕੀਤੇ । ਪਰ ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਤਰੀਕਾਕਾਰ ਸਾਰੀਆਂ ਮਿਊਂਨਸਪਲ ਕਮੇਟੀਆਂ ਦੇ ਵਿਚ ਹੀ ਪਰਚੱਲਤ ਹੈ ਕਿ ਉਹ ਫੰਡਜ਼ ਨੂੰ ਹੋਰ ਕੰਮਾਂ ਤੇ ਖਰਚ ਕਰਦੇ ਹਨ । ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਅੰਮ੍ਰਿਤਸਰ ਦੀ ਮਿਊਂਨਸਪਲ ਕਮੇਟੀ ਨੂੰ ਹੀ ਸਿੰਗਲ ਆਊਟ ਕਰਕੇ ਕਿਹਾ ਕਿ ਇਥੇ ਫੰਡਜ਼ ਪ੍ਰਾਪਰਲੀ ਖਰਚ ਨਹੀਂ ਹੋਏ, ਇਹ ਕਿਥੋਂ ਤੱਕ ਵਾਜਬ ਹੈ ?

ਮੰਤਰੀ : ਇਹ ਤਾਂ ਆਨਰੇਬਲ ਮੈਂਬਰ ਦਾ ਆਪਣਾ ਵਿਚਾਰ ਹੈ ਕਿ ਸਾਰੀਆਂ ਮਿਊਂਨਸਪਲ ਕਮੇਟੀਆਂ ਦੇ ਵਿਚ ਹੀ ਫੰਡਜ਼ ਮਿਸਯੂਟੇਲਾਈਜ਼ ਕਰਨ ਦਾ ਤਰੀਕਾ ਪਰਚੱਲਤ ਹੈ, ਸਾਡੇ ਨੋਟਿਸ ਵਿਚ ਐਸੀ ਹੋਰ ਕੋਈ ਮਿਊਂਨਸਪਲ ਕਮੇਟੀ ਨਹੀਂ ਹੈ । ਜੇ ਹੋਰ ਕੋਈ ਕਮੇਟੀ ਵੀ ਇਸੇ ਤਰ੍ਹਾਂ ਦਾ ਕੰਮ ਕਰੇਗੀ ਜਿਸ ਤਰ੍ਹਾਂ ਕਿ ਅੰਮ੍ਰਿਤਸਰ ਮਿਊਂਨਸਪਲ ਕਮੇਟੀ ਨੇ ਕੀਤਾ ਹੈ ਤਾਂ ਅਸੀਂ ਉਸ ਨੂੰ ਵੀ ਸਸਪੈਂਡ ਕਰਨ ਦੇ ਵਿਚ ਕੋਈ ਢਿਲ ਨਹੀਂ ਕਰਾਂਗੇ ।

ਡਾਕਟਰ ਅਮੀਰ ਸਿੰਘ ਕਲਕਟ : ਮੈਂ ਸਮਝਦਾ ਹਾਂ ਅੰਮ੍ਰਿਤਸਰ ਮਿਊਂਨਸਪਲ ਕਮੇਟੀ ਨੇ ਬਹੁਤ ਜ਼ਿਆਦਾ ਫੰਡਜ਼ ਮਿਸਯੂਟੇਲਾਈਜ਼ ਕੀਤੇ ਹਨ, ਕੀ ਸਰਕਾਰ ਇਸ ਕਮੇਟੀ ਨੂੰ ਸੁਪਰਸੀਡ ਕਰਨ ਦੇ ਲਈ ਤਿਆਰ ਹੈ ?

ਮੰਤਰੀ : ਅਜੇ ਕੋਈ ਐਸਾ ਵਿਚਾਰ ਨਹੀਂ ।

ਸਰਦਾਰ ਬਸੰਤ ਸਿੰਘ ਖਾਲਸਾ : ਵਜ਼ੀਰ ਸਾਹਿਬ ਨੇ ਦਸਿਆ ਕਿ ਅੰਮ੍ਰਿਤਸਰ ਦੀ ਕਮੇਟੀ ਨੇ ਫੰਡਜ਼ ਦੇ ਵਿਚ ਹੇਰਾ-ਫੇਰੀ ਕੀਤੀ ਤਾਂ ਉਸ ਨੂੰ ਸਸਪੈਂਡ ਕਰ ਦਿੱਤਾ । ਕੀ ਸਰਕਾਰ ਲੁਧਿਆਣਾ ਮਿਊਂਨਸਪਲ ਕਮੇਟੀ ਦੀ ਇਨਕੁਆਇਰੀ ਕਰਾਉਣ ਵਾਸਤੇ ਤਿਆਰ ਹੈ ਕਿ ਜਿਹੜਾ 20 ਲੱਖ ਰੁਪਿਆ ਸੈਂਟਰ ਦੀ ਸਰਕਾਰ ਨੇ ਉਨ੍ਹਾਂ ਨੂੰ ਹਰੀਜਨਾਂ ਦੀ ਭਲਾਈ ਵਾਸਤੇ ਦਿੱਤਾ ਸੀ ਉਹ ਹੋਰ ਪਾਸੇ ਕਮੇਟੀ ਨੇ ਲਾ ਦਿੱਤਾ ?

ਮੰਤਰੀ : ਇਹ ਤਾਂ ਇਨ੍ਹਾਂ ਦਾ ਇਲਜ਼ਾਮ ਹੈ ਕੁਐਸਚਨ ਨਹੀਂ ਬਣਦਾ ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਜਿਹੜੇ ਮਿਊਂਨਿਸਪਲ ਕਮੇਟੀ ਨੇ ਫੰਡਜ਼ ਮਿਸ ਯੂਟੇਲਾਈਜ਼ ਕੀਤੇ ਹਨ ਕੀ ਇਹ ਪਾਵਰ ਹਾਊਸ ਦੇ ਚੀਫ ਇੰਨਜੀਨੀਅਰ ਦੇ ਖਿਲਾਫ ਕੋਈ ਇਲਜ਼ਾਮ ਹੈ ? ਜੇ ਹੈ, ਤਾਂ ਉਹ ਕੀ ਹੈ ?

ਮੰਤਰੀ : ਉਹ ਫਰੈਸ਼ ਨੋਟਿਸ ਦੇ ਦੇਣ ਮੈਂ ਦਸ ਦੇਵਾਂਗਾ ।

ਸ੍ਰੀ ਪ੍ਰੇਮ ਗੁਪਤਾ : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਣਨੀ ਚਾਹੁੰਦਾ ਹਾਂ ਕਿ ਪੰਜਾਬ ਮਿਊਂਸਪਲ ਐਕਟ ਹਰ ਏਰੀਆ ਦਾ ਹੈ । ਉਥੇ ਕੁਝ ਮੈਂਬਰਜ਼ ਐਸੇ ਹਨ ਜਿਨ੍ਹਾਂ ਨੇ ਅਸਤੀਫਾ ਦਿੱਤਾ ਹੋਇਆ ਹੈ, ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਦੀਆਂ ਉਥੇ ਕੀ ਪਾਵਰਜ਼ ਹਨ ?

ਮੰਤਰੀ : ਕੋਈ ਪਾਵਰਜ਼ ਨਹੀਂ । (ਹਾਸਾ)

ਸਰਦਾਰ ਜਸਵਿੰਦਰ ਸਿੰਘ ਬਰਾੜ : ਇਹ ਠੀਕ ਹੈ ਕਿ ਅੰਮ੍ਰਿਤਸਰ ਦੀ ਕਮੇਟੀ ਨੇ ਇਕ ਆਡਿਟ ਪੈਰਾ ਨਹੀਂ ਮੰਨਿਆ ਇਸ ਲਈ ਕਮੇਟੀ ਸਸਪੈਂਡ ਕਰ ਦਿੱਤੀ । ਇਸ ਨੂੰ ਬਹਾਲ ਕਰਨ ਦਾ ਕਦੋਂ ਤੱਕ ਵਿਚਾਰ ਹੈ ?

ਮੰਤਰੀ : ਮੈਂ ਜਵਾਬ ਦਿੱਤਾ ਹੈ ਕਿ ਐਪ੍ਰੋਪ੍ਰੀਏਟ ਟਾਈਮ ਤੇ ਇਹ ਬਹਾਲ ਕਰ ਦਿੱਤੀ ਜਾਵੇਗੀ ।

ਰਾਜ ਵਿਚ ਦਿਆਨੰਦ ਯੂਨੀਵਰਸਿਟੀ ਖੋਲ੍ਹਣ ਦੀ ਤਜਵੀਜ਼

*2928. **ਚੌਧਰੀ ਰਾਮ ਸਿੰਘ** : ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ ਕੀ ਰਾਜ ਵਿਚ, ਇਕ ਦਿਆਨੰਦ ਯੂਨੀਵਰਸਿਟੀ ਖੋਲ੍ਹਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ?

ਸ੍ਰੀ ਗੁਰਮੇਲ ਸਿੰਘ : ਨਹੀਂ ਜੀ; ਐਸੀ ਕਿਸੇ ਤਜਵੀਜ਼ ਤੇ ਵਿਚਾਰ ਨਹੀਂ ਹੋ ਰਿਹਾ। ਕਿਉਂਕਿ ਰਾਜ ਵਿਚ ਪਹਿਲਾਂ ਹੀ ਯੂਨੀਵਰਸਿਟੀਆਂ ਲੋੜ ਤੋਂ ਵੱਧ ਜਾਪਦੀਆਂ ਹਨ ।

ਚੌਧਰੀ ਰਾਮ ਸਿੰਘ : ਕੀ ਵਿਦਿਆ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਸ ਤਰ੍ਹਾਂ ਸਾਰੇ ਹੀ ਜਾਣਦੇ ਹਨ ਕਿ ਡੀ. ਏ. ਵੀ. ਕਾਲਜਾਂ ਅਤੇ ਡੀ. ਏ. ਵੀ. ਇਨਸਟੀ-ਚਿਊਸ਼ਨਾਂ ਨੇ ਬੜਾ ਕੰਮ ਕੀਤਾ ਹੈ ਅਤੇ ਬੇਹਤਰੀਨ ਕੰਮ ਕੀਤਾ ਹੈ ਅਤੇ ਹੁਣ ਵੀ ਇਹ ਇਨਸਟੀਚਿਊਸ਼ਨਜ਼ ਬੜਾ ਕੰਮ ਕਰ ਰਹੀਆਂ ਹਨ ਤਾਂ ਕੀ ਸਰਕਾਰ ਕੋਈ ਡੀ. ਏ. ਵੀ. ਯੂਨੀਵਰਸਟੀ ਬਣਾਉਣ ਲਈ ਤਿਆਰ ਹੈ ? ਇਸ ਦੇ ਨਾਲ ਹੀ ਜਿਹੜੀ ਗੁਰੂ ਨਾਨਕ ਯੂਨੀਵਰਸਟੀ ਵਿਚ ਨਕਲ ਚਲਦੀ ਹੈ ਉਹ ਵੀ ਬੰਦ ਹੋ ਜਾਵੇਗੀ । ਜੇ ਉਹ ਨਹੀਂ ਚਾਹੁੰਦੇ ਤਾਂ ਇਸ ਦਾ ਕਾਰਨ ਕੀ ਹੈ ?

ਮੰਤਰੀ : ਚੌਥੀ ਯੂਨੀਵਰਸਿਟੀ ਅਜੇ ਬਣਾਉਣ ਦਾ ਸਾਡਾ ਕੋਈ ਵਿਚਾਰ ਨਹੀਂ ਹੈ । ਪੰਜਾਬ ਇਕ ਛੋਟਾ ਜਿਹਾ ਸੂਬਾ ਹੈ ਅਤੇ ਇਸ ਦੇ ਸਿਰਫ 12 ਜ਼ਿਲ੍ਹੇ ਹਨ ਇਸ ਵਿਚ ਤਿੰਨ ਯੂਨੀਵਰਸਟੀਆਂ ਅੱਗੇ ਹੀ ਹਨ, ਨਵੀਂ ਯੂਨੀਵਰਸਿਟੀ ਦਾ ਸਰਕਾਰ ਹੋਰ ਖਰਚ ਬਰਦਾਸ਼ਤ ਨਹੀਂ ਕਰ ਸਕਦੀ ।

आचार्य पृथ्वी सिंह आज़ाद : अध्यक्ष महोदय, मैं मिनिस्टर साहिब से जानना चाहता हूं कि क्या उन के नोटिस में है कि भारत की आज़ादी की पहली लड़ाई स्वामी दया नन्द जी ने आरम्भ की थी और वे हिन्दुस्तान के धार्मिक, सामाजिक तथा राजनैतिक क्षेत्र में एक माने हुए महा पुरुष थे ? उन को मानने वाले हिन्दू जिन को सुप्रीम कोर्ट में भी मिनारटी माना गया है, उन की भावनाओं को ध्यान में रखते हुए, जब कि दया नन्द शताब्दी मनायी जा रही है, उन के नाम पर एक यूनिवर्सिटी कायम करने पर सरकार विचार करेगी, जैसे कि गुरू नानक देव साहिब के नाम पर यूनिवर्सिटी कायम की गई है ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਆਰੀਆ ਜਗਤ ਵਿਚ ਔਰ ਹਿੰਦੁਸਤਾਨ ਵਿਚ ਸਵਾਮੀ ਦਿਆ ਨੰਦ ਜੀ ਦੀ ਪ੍ਰਸਿਧੀ ਦਾ ਸਵਾਲ ਹੈ, ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਵਾਲ ਹੈ ਅਸੀਂ ਉਨ੍ਹਾਂ ਨਾਲ ਐਗਰੀ ਕਰਦੇ ਹਾਂ (ਵਿਘਨ) ਪੂਰਾ ਅਹਿਤਰਾਮ ਕਰਦੇ ਹਾਂ ਪਰ ਜਿਥੋਂ ਤੱਕ ਉਨ੍ਹਾ ਦੇ ਨਾਂ ਤੇ ਯੂਨੀਵਰਸਿਟੀ ਖੋਹਲਣ ਦਾ ਸਵਾਲ ਹੈ, ਮੈਂ ਬੇਨਤੀ ਕਰਦਾ ਹਾਂ ਕਿ ਅੱਗੇ ਹੀ ਪੰਜਾਬ ਦੇ 12 ਜ਼ਿਲ੍ਹਿਆਂ ਨੂੰ 3 ਯੂਨੀਵਰਸਿਟੀਆਂ ਫੀਡ ਕਰ ਰਹੀਆਂ ਹਨ, ਇਸ ਲਈ ਕਿਸੇ ਨਵੀਂ ਯੂਨੀਵਰਸਿਟੀ ਦੀ ਲੋੜ ਨਹੀਂ ਜਾਪਦੀ ਸਗੋਂ ਪਹਿਲਾਂ ਹੀ ਯੂਨੀਵਰ-ਸਿਟੀਆਂ ਲੋੜ ਤੋਂ ਵੱਧ ਜਾਪਦੀਆਂ ਹਨ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਹੁਣ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਯੂਨੀਵਰਸਿਟੀਆਂ ਲੋੜ ਤੋਂ ਵੱਧ ਹਨ ਤਾਂ ਕੀ ਉਹ ਇਸ ਗੱਲ ਨੂੰ ਸਾਹਮਣੇ ਰਖਦੇ ਹੋਏ ਇਨ੍ਹਾਂ ਯੂਨੀਵਰਸਿਟੀਆਂ ਨੂੰ ਘਟਾਉਣ ਲਈ ਵਿਚਾਰ ਕਰਨਗੇ ? (ਹਾਸਾ)

ਮੰਤਰੀ : ਅਜੇ ਤੱਕ ਅਜਿਹੀ ਕੋਈ ਪ੍ਰੋਪੋਜ਼ਲ ਨਹੀਂ ਹੈ ।

(ਇਸ ਸਮੇਂ ਸ੍ਰੀ ਸਪੀਕਰ ਨੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੂੰ ਸਪਲੀਮੈਂਟਰੀ ਪੁਛਣ ਲਈ ਇਜਾਜ਼ਤ ਦਿੱਤੀ ।)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਕਦੇ ਇਧਰ ਵੀ ਤੁਹਾਡੀ ਉਂਗਲ ਆਉਣੀ ਚਾਹੀਦੀ ਹੈ ।

ਸ੍ਰੀ ਸਪੀਕਰ : ਜ਼ਰੂਰ ਆਵੇਗੀ । (ਵਿਘਨ) ਉਂਗਲ ਆਵੇ ਜਾਂ ਨਾ ਆਵੇ ਅੱਖ ਆਉਣੀ ਚਾਹੀਦੀ ਹੈ । (ਹਾਸਾ) (You will also be called upon to speak. (*Interruption*) My finger may or may not point you out, but you will surely catch my eye.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਹੁਣੇ ਕਿਹਾ ਹੈ ਸਵਾਮੀ ਦਿਆ ਨੰਦ ਦੇ ਨਾਂ ਤੇ ਯੂਨੀਵਰਸਿਟੀ ਕਾਇਮ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਪਹਿਲਾਂ ਹੀ ਕਾਫੀ ਯੂਨੀਵਰਸਿਟੀਆਂ ਹਨ । ਕੀ ਇਸ ਗੱਲ ਨੂੰ ਸਾਹਮਣੇ ਰਖਦੇ ਹੋਏ ਸਰਕਾਰ ਇਸ ਗੱਲ ਤੇ ਵਿਚਾਰ ਕਰੇਗੀ ਕਿ ਗੁਰੂ ਨਾਨਕ ਯੂਨੀਵਰਸਿਟੀ ਨੂੰ ਐਫੀਲੀ-ਏਟਿੰਗ ਯੂਨੀਵਰਸਿਟੀ ਦੀ ਥਾਂ ਤੇ ਰੈਜ਼ੀਡੈਂਸ਼ਲ ਰਿਲਿਜਸ ਯੂਨੀਵਰਸਿਟੀ ਬਣਾ ਦੇਵੇ ਅਤੇ ਪੰਜਾਬ ਅਤੇ ਪੰਜਾਬੀ ਯੂਨੀਵਰਸਿਟੀਆਂ ਹੀ ਐਫੀਲੀਏਟਿੰਗ ਯੂਨੀਵਰਸਿਟੀਆਂ ਰਹਿ ਜਾਣ ?

ਮੰਤਰੀ : ਸਪੀਕਰ ਸਾਹਿਬ, ਜਿਸ ਵੇਲੇ ਸੈਂਟਰ ਦੀ ਸਰਕਾਰ ਸਾਡੀ ਸਰਕਾਰ ਪਾਸੋਂ ਇਸ ਬਾਰੇ ਪੁਛੇਗੀ ਤਾਂ ਪੰਜਾਬ ਸਰਕਾਰ ਪੂਰੀ ਤਰ੍ਹਾਂ ਸੋਚ ਵਿਚਾਰ ਕੇ ਆਪਣੇ ਵਿਚਾਰ ਭੇਜੇਗੀ ।

ਚੌਧਰੀ ਜਗਤ ਰਾਮ : ਕੀ ਮਨਿਸਟਰ ਸਾਹਿਬ ਦਸਣਗੇ ਅਤੇ ਇਸ ਗੱਲ ਦੀ ਖੇਚਲ ਕਰਨਗੇ ਕਿ ਗੁਰੂ ਰਵੀਦਾਸ ਜੀ ਦੇ ਨਾਂ ਤੇ ਜਲੰਧਰ ਵਿਚ ਇਕ ਯੂਨੀਵਰਸਿਟੀ ਕਾਇਮ ਕੀਤੀ ਜਾਵੇ ? (ਹਾਸਾ)

ਮੰਤਰੀ : ਇਹ ਸਪਲੀਮੈਂਟਰੀ ਇਸ ਸਵਾਲ ਨਾਲ ਰਿਲੇਟ ਨਹੀਂ ਕਰਦਾ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਜੋ ਕਿ ਹਰ ਸ਼ੋਭੇ ਵਿਚ ਅੱਗੇ ਹੈ, ਇਹ ਸੈਕੂਲਰਇਜ਼ਮ ਵਿਚ ਵੀ ਅੱਗੇ ਹੋਣਾ ਚਾਹੀਦਾ ਹੈ ਤਾਂ ਕੀ ਇਸ ਲਈ ਸਵਾਮੀ ਦਿਆ ਨੰਦ ਦੇ ਨਾਂ ਤੇ ਯੂਨੀਵਰਸਿਟੀ ਬਣਾਕੇ ਸੈਕੂਲਰਇਜ਼ਮ ਵਿਚ ਵੀ ਨੰਬਰ ਇਕ ਤੇ ਲਿਆਉਣਗੇ ?

ਮੰਤਰੀ : ਸਪੀਕਰ ਸਾਹਿਬ, ਯੂਨੀਵਰਸਿਟੀਆਂ ਵਿਚ ਸੈਕੂਲਰਇਜ਼ਮ ਹੋਣਾ ਚਾਹੀਦਾ ਹੈ । ਯੂਨੀਵਰਸਿਟੀ ਵਿਚ ਤਾਂ ਬਚਿਆਂ ਨੇ ਐਜੂਕੇਸ਼ਨ ਲੈਣੀ ਹੈ । ਗੁਰੂ ਨਾਨਕ ਯੂਨੀਵਰਸਿਟੀ ਅਤੇ ਹੋਰ ਯੂਨੀਵਰਸਿਟੀਆਂ ਵਿਚ ਬਗੈਰ ਕਿਸੇ ਮਜ਼ਹਬ ਜਾਂ ਜ਼ਾਤ ਪਾਤ ਦੇ ਝਗੜੇ ਦੇ ਸਾਰੇ ਵਿਦਿਆਰਥੀ ਵਿਦਿਆ ਪ੍ਰਾਪਤ ਕਰਦੇ ਹਨ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੇ ਵਿਧਾਨ ਦੇ ਨਿਰਮਾਣ ਦਾਤਾ ਅਤੇ ਭਾਰਤ ਦੇ 13-14 ਕਰੋੜ ਅਛੂਤਾਂ ਨੂੰ ਇਨ੍ਹਾਂ ਗੱਦੀਆਂ ਤੇ ਬਿਠਾਣ ਵਾਲੇ ਡਾਕਟਰ ਅੰਬੇਦਕਰ ਦੇ ਨਾਂ ਤੇ ਵੀ ਇਹ ਕੋਈ ਯੂਨੀਵਰਸਿਟੀ ਖੋਹਲਣਗੇ ? (ਹਾਸਾ)

ਮੰਤਰੀ : ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ ।

ਸ੍ਰੀ ਪਰਤਾਪ ਚੰਦ ਭੰਡਾਰੀ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਕਿ ਪੰਜਾਬ ਵਿਚ ਟੈਕਨੀਕਲ ਵਿਦਿਆ ਦੀ ਬਹੁਤ ਲੋੜ ਹੈ, ਇਸ ਲਈ ਪੰਜਾਬ ਵਿਚ ਇਕ ਟੈਕਨੀਕਲ ਐਜੂਕੇਸ਼ਨ ਲਈ ਯੂਨੀਵਰਸਿਟੀ ਸਵਾਮੀ ਦਿਆ ਨੰਦ ਜੀ ਦੇ ਨਾਂ ਤੇ ਖੋਹਲਣ ਲਈ ਸਰਕਾਰ ਵਿਚਾਰ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਵਿਚ ਜਿਹੜੀਆਂ 3 ਯੂਨੀਵਰਸਿਟੀਆਂ ਕੰਮ ਕਰ ਰਹੀਆਂ ਹਨ, ਦੋ ਪੰਜਾਬ ਵਿਚ ਅਤੇ ਇਕ ਸੈਂਟਰ ਦੀ ਚੰਡੀਗੜ੍ਹ ਵਿਚ, ਉਨ੍ਹਾਂ ਵਿਚ ਪਿਛਲੇ ਸਾਲ ਅਸੀਂ ਟੈਕਨੀਕਲ ਐਜੂਕੇਸ਼ਨ ਲਈ 12 ਲੱਖ ਰੁਪਿਆ ਦਿਤਾ ਹੈ । ਐਤਕੀ ਹੋਰ ਦੇ ਰਹੇ ਹਾਂ, ਇਸ ਲਈ ਨਵੀਂ ਯੂਨੀਵਰਸਿਟੀ ਖੋਹਲਣ ਦੀ ਕੋਈ ਲੋੜ ਨਹੀਂ ਹੈ ।

ਡਾਕਟਰ ਬਲਦੇਵ ਪ੍ਰਕਾਸ਼ : ਕੀ ਮੰਤਰੀ ਮਹੋਦੇ ਦਸਣਗੇ ਕਿ 1969 ਵਿਚ ਮੁੱਖ ਮੰਤਰੀ ਸਰਦਾਰ ਗੁਰਨਾਮ ਸਿੰਘ ਨੇ ਪਬਲਿਕਲੀ ਵਾਇਦਾ ਕੀਤਾ ਸੀ ਜਲੰਧਰ ਵਿਚ ਸਵਾਮੀ ਦਿਆ ਨੰਦ ਜੀ ਦੇ ਨਾਂ ਤੇ ਯੂਨੀਵਰਸਿਟੀ ਖੋਹਲਣ ਦਾ, ਕੀ ਇਹ ਚੀਜ਼ ਸਰਕਾਰ ਦੇ ਨੋਟਿਸ ਵਿਚ ਹੈ ? ਕੀ ਜਲੰਧਰ ਵਿਚ ਜੋ ਡੀ. ਏ. ਵੀ. ਕਾਲਜ ਦੀ ਇੰਸਟੀਚੂਸ਼ਨ ਹੈ, ਉਸ ਦੇ ਪਰਿਮਿਸਜ਼ ਨੂੰ ਦੇਖਦੇ ਹੋਏ ਉਸਨੂੰ ਹੀ ਰੈਜ਼ੀਡੈਂਸ਼ਲ ਯੂਨੀਵਰਸਿਟੀ ਵਿਚ ਬਦਲਣ ਵਿਚ ਕੀ ਮੁਸ਼ਕਲ ਹੈ ?

ਮੰਤਰੀ : ਸਪੀਕਰ ਸਾਹਿਬ, ਸਰਦਾਰ ਗੁਰਨਾਮ ਸਿੰਘ ਦਾ ਵਾਇਦਾ ਸਾਡੇ ਕੋਲ ਫਾਈਲ ਵਿਚ ਤਾਂ ਕਿਤੇ ਨਹੀਂ, ਇਨ੍ਹਾਂ ਨੇ ਹੀ ਦਸਿਆ ਹੈ । ਜਿਥੋਂ ਤੱਕ ਪਬਲਿਕਲੀ ਵਾਇਦੇ ਦੀ ਗੱਲ ਹੈ, ਪਤਾ ਨਹੀਂ ਉਨਾਂ ਨੇ ਕਿਹੜੇ ਕਿਹੜੇ ਵਾਇਦੇ ਕੀਤੇ ਅਤੇ ਕਿਹੜੇ ਕਿਹੜੇ ਵਾਇਦੇ ਤੋੜੇ । (ਹਾਸਾ)

(ਇਸ ਸਮੇਂ ਭਗਤ ਗੁਰਾਂ ਦਾਸ ਹੰਸ ਸਪਲੀਮੈਂਟਰੀ ਪੁਛਣ ਲਈ ਖੜ੍ਹੇ ਹੋਏ ।

ਸ੍ਰੀ ਸਪੀਕਰ : ਬਾਲਮੀਕ ਯੂਨੀਵਰਸਿਟੀ ਲਈ ਖੜੇ ਹੋਏ ਹੋ ? (ਹਾਸਾ) (Has the hon. Member stood for the establishment of a Balmik University ?)

ਭਗਤ ਗੁਰਾਂ ਦਾਸ ਹੰਸ : ਸਪੀਕਰ ਸਾਹਿਬ, ਇਥੇ ਆਜ਼ਾਦ ਸਾਹਿਬ ਨੇ ਕਿਹਾ ਕਿ ਅਸੀਂ ਗੁਰੂਆਂ ਦਾ ਬੜਾ ਸਤਿਕਾਰ ਕਰਦੇ ਹਾਂ, ਟੈਕਨੀਕਲ ਵਿਦਿਆ ਦੇ ਗੁਰੂ ਵਿਸ਼ਕਰਮਾਂ ਜੀ ਹੋਏ ਹਨ, ਕੀ ਸਰਕਾਰ ਉਨ੍ਹਾਂ ਦੇ ਨਾਂ ਤੇ ਯੂਨੀਵਰਸਿਟੀ ਕਾਇਮ ਕਰੇਗੀ ? (ਹਾਸਾ)

ਸ੍ਰੀ ਸਪੀਕਰ : ਹੁਣ ਵਜ਼ੀਰ ਸਾਹਿਬ ਸਾਰੇ ਸਪਲੀਮੈਂਟਰੀਜ਼ ਦਾ ਇਕਠਾ ਹੀ ਜਵਾਬ ਦੇ ਦੇਣਗੇ । (ਹਾਸਾ) (The Minister concerned will now give reply to all the supplementary questions).

ਭਗਤ ਗੁਰਾਂ ਦਾਸ ਹੰਸ : ਫਿਰ ਸਪੀਕਰ ਸਾਹਿਬ, ਜੇ ਸਾਰੇ ਗੁਰੂਆਂ ਦਾ ਸਤਿਕਾਰ ਕਰਦੇ ਹਾਂ ਤਾਂ ਕੀ ਸਰਕਾਰ ਬਾਲਮੀਕ ਅਤੇ ਰਵੀਦਾਸ ਜੀ ਦੇ ਨਾਂ ਤੇ ਯੂਨੀਵਰਸਿਟੀਆਂ ਖੋਲ੍ਹੇਗੀ ? (ਹਾਸਾ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਗੁਰੂ ਰਵੀਦਾਸ ਜੀ ਅਤੇ ਹੋਰ ਮਹਾਂ ਪੁਰਸ਼ਾਂ ਦਾ ਇਹਤਰਾਮ ਕਰਦਾ ਹਾਂ । ਪਰ ਮੈਂ ਹੁਣ ਉਸ ਇਕ ਸੈਕਟਰ ਦੀ ਗੱਲ ਕਰਨ ਲਗਾ ਹਾਂ ਜਿਸ ਸੈਕਟਰ ਨੂੰ ਮੈਂ ਬੀਲੌਂਗ ਨਹੀਂ ਕਰਦਾ । ਮੇਰਾ ਮਤਲਬ ਹੈ ਕਿ ਕੀ ਸਰਕਾਰ ਫਰੀਦਕੋਟ ਵਿਚ ਬਾਬਾ ਫ਼ਰੀਦ ਦੇ ਨਾਂ ਤੇ ਯੂਨੀਵਰਸਿਟੀ ਬਣਾਏਗੀ ? (ਬਹੁਤ ਹਾਸਾ)

ਬਲਾਚੌਰ ਵਿਧਾਨ ਸਭਾ ਚੋਣ ਹਲਕੇ ਦੇ ਭਦੀ ਹਾਈ ਸਕੂਲ ਵਿਚ ਮੁੱਖ ਅਧਿਆਪਕ ਦੀ ਨਿਯੁਕਤੀ

*2972 **ਮਾਸਟਰ ਦਲੀਪ ਚੰਦ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ :—

(ੳ) ਕੀ ਇਹ ਠੀਕ ਹੈ ਕਿ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਭੱਦੀ ਹਾਈ ਸਕੂਲ ਨੂੰ 1972 ਵਿਚ ਅਪ ਗਰੇਡ ਕੀਤਾ ਗਿਆ ਸੀ ਜੇਕਰ ਅਜਿਹਾ ਹੋਵੇ ਤਾਂ ਉਸ ਵਿਚ ਹੁਣ ਤੱਕ ਮੁੱਖ ਅਧਿਆਪਕ ਨਾ ਲਗਾਏ ਜਾਣ ਦੇ ਕੀ ਕਾਰਨ ਹਨ ;

(ਅ) ਉਕਤ ਹਾਈ ਸਕੂਲ ਵਿਚ ਕਦੋਂ ਤੱਕ ਮੁੱਖ ਅਧਿਆਪਕ ਨਿਯੁਕਤ ਕੀਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਗੁਰਮੇਲ ਸਿੰਘ : (ੳ) ਹਾਂ, ਇਹ ਠੀਕ ਹੈ ਕਿ ਸਰਕਾਰੀ ਹਾਈ ਸਕੂਲ ਭੱਦੀ (ਹੁਸ਼ਿਆਰਪੁਰ) ਨੂੰ 1972 ਵਿਚ ਅਪਗਰੇਡ ਕੀਤਾ ਸੀ । ਪਰੰਤੂ ਇਸ ਸਕੂਲ ਦੀ ਪ੍ਰਾਗਰੈਸਿਵ ਅਧਾਰ ਤੇ ਅਪ-ਗਰੇਡਿੰਗ ਹੋਣ ਕਰਕੇ ਉਸ ਸਾਲ ਇਸ ਸਕੂਲ ਲਈ ਮੁੱਖ ਅਧਿਆਪਕ ਦੀ ਆਸਾਮੀ ਦੀ ਰਚਨਾ ਨਹੀਂ ਸੀ ਕੀਤੀ ਗਈ । ਇਹੀ ਕਾਰਨ ਹੈ ਇਸ ਸਕੂਲ ਵਿਖੇ ਮੁੱਖ ਅਧਿਆਪਕ ਦੀ ਪੋਸਟਿੰਗ ਨਾ ਹੋਣ ਦਾ ।

(ਅ) 1974 ਵਿਚ ਇਸ ਸਕੂਲ ਲਈ ਮੁੱਖ ਅਧਿਆਪਕ ਦੀ ਆਸਾਮੀ ਦੀ ਰਚਨਾ ਹੋਣ ਤੇ ਇਸ ਸਕੂਲ ਵਿਚ ਮੁੱਖ ਅਧਿਆਪਕ ਪੋਸਟ ਕਰ ਦਿਤਾ ਗਿਆ ਹੈ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ 2 ਸਾਲ ਤੱਕ ਕੋਈ ਹੈਡਮਾਸਟਰ ਉਥੇ ਨਹੀਂ ਆਇਆ । ਜਦੋਂ ਪਿਛਲੇ ਸਾਲ ਅਕਤੂਬਰ,1974 ਵਿਚ ਇਕ ਹੈਡਮਾਸਟਰ ਆਇਆ ਤਾਂ ਉਹ ਜੁਆਇਨ ਕਰਨ ਦੇ ਦੂਜੇ ਦਿਨ ਹੀ ਟਰਾਂਸਫਰ ਕਰਵਾ ਕੇ ਚਲਾ ਗਿਆ। ਫਿਰ ਉਥੇ ਕੋਈ ਹੈਡਮਾਸਟਰ ਨਹੀਂ ਆਇਆ । ਕੀ ਮਨਿਸਟਰ ਸਾਹਿਬ ਕੋਈ ਅਜਿਹਾ ਪ੍ਰਬੰਧ ਕਰਨਗੇ ਕਿ ਉਥੇ ਬਕਾਇਦਾ ਹੈਡਮਾਸਟਰ ਲਾਇਆ ਜਾਵੇ ?

ਮੰਤਰੀ : ਸਪੀਕਰ ਸਾਹਿਬ, ਮੇਰੇ ਕੋਲ ਸਿਰਫ ਇਹ ਹੀ ਇਨਫਰਮੇਸ਼ਨ ਹੈ ਕਿ ਉਥੇ ਹੈਡ ਮਾਸਟਰ ਨੇ ਜੁਆਇਨ ਕਰ ਲਿਆ ਹੈ । ਇਹ ਜਿਹੜਾ ਦਸਦੇ ਹਨ ਕਿ ਉਹ ਉਥੋਂ ਚਲਾ ਗਿਆ ਹੈ, ਇਹ ਮੇਰੇ ਨੋਟਿਸ ਵਿਚ ਨਹੀਂ ਹੈ।

ਸ੍ਰੀ ਸਪੀਕਰ : ਹੁਣ ਉਥੇ ਛੇਤੀ ਲਾ ਦਿਉਗੇ ? (Will you post there a Headmaster soon ?)

ਮੰਤਰੀ : ਐਸਾ ਪ੍ਰਬੰਧ ਕਰਾਂਗੇ ਕਿ ਉਥੇ ਹੈਡਮਾਸਟਰ ਜ਼ਰੂਰ ਭੇਜਿਆ ਜਾਵੇ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਵਿਦਿਆ ਮੰਤਰੀ ਜੀ ਨੇ ਦਸਿਆ ਹੈ ਕਿ 1972 ਵਿਚ ਸਕੂਲ ਅਪਗਰੇਡ ਕੀਤਾ ਗਿਆ ਅਤੇ 1974 ਵਿਚ ਸਟਾਫ ਸਪਲਾਈ ਕੀਤਾ ਗਿਆ । ਆਇਆ ਵਿਦਿਆ ਮੰਤਰੀ ਜੀ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਸਾਰੇ ਪੰਜਾਬ ਦੇ ਸਕੂਲ ਅਪਗਰੇਡ ਕਰਦੇ ਹੋਏ ਕੀ ਇਸ ਗੱਲ ਦਾ ਧਿਆਨ ਨਹੀਂ ਰਖਿਆ ਜਾਂਦਾ ਕਿ ਸਟਾਫ ਦੀ ਵੀ ਪਰੋਵੀਜ਼ਨ ਕੀਤੀ ਜਾਵੇ । ਇਹ ਸਟਾਫ ਦੀ ਪਰੋਵੀਜ਼ਨ ਉਸ ਵੇਲੇ ਨਾ ਕਰਨ ਦੇ ਕੀ ਕਾਰਨ ਹਨ ?

ਮੰਤਰੀ : ਮੇਰੇ ਖਿਆਲ ਵਿਚ ਸ਼ਾਇਦ ਮੈਂਬਰ ਸਾਹਿਬ ਨੇ ਸਵਾਲ ਪੜ੍ਹਿਆ ਨਹੀਂ। ਇਸ ਸਕੂਲ ਨੂੰ ਪ੍ਰੋਗਰੈਸਿਵ ਆਧਾਰ ਤੇ ਅਪਗਰੇਡ ਕੀਤਾ ਗਿਆ ਹੈ । ਦੂਜੇ ਜਿਹੜੇ ਪਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਸਕੂਲ ਅਪਗਰੇਡ ਕੀਤੇ ਜਾਂਦੇ ਹਨ ਇਹ ਉਨ੍ਹਾਂ ਵਿਚੋਂ ਸਕੂਲ ਨਹੀਂ ਹਨ । (ਵਿਘਨ)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਰਾਜ ਵਿਚ ਕਿੰਨੇ ਹਾਈ ਸਕੂਲ ਅਜਿਹੇ ਹਨ ਜਿਥੇ ਹੈਡ-ਮਾਸਟਰਜ਼ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਕਦੋਂ ਤੱਕ ਪੁਰ ਕਰ ਦਿੱਤੀਆਂ ਜਾਣਗੀਆਂ ? (ਵਿਘਨ)

ਸ੍ਰੀ ਸਪੀਕਰ : ਇਹ ਸਵਾਲ ਇਹਦੇ ਵਿਚੋਂ ਅਰਾਈਜ਼ ਨਹੀਂ ਹੁੰਦਾ । ਇਸ ਬਾਰੇ ਇਨ੍ਹਾਂ ਨੂੰ ਨੋਟਿਸ ਦੇ ਦੇਣਾ ਚਾਹੀਦਾ ਹੈ । ਸਾਰੇ ਪੰਜਾਬ ਦੇ ਸਕੂਲਾਂ ਲਈ ਸਵਾਲ ਨਹੀਂ ਹੋ ਸਕਦਾ ਹੈ। (This supplementary does not arise out of this question. A separate notice is required in this respect. A supplementary question regarding all the schools of Punjab does not arise.)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਇਹ ਗੱਲ ਜਾਣਨਾ ਚਾਹੁੰਦਾ ਹਾਂ ਜਿਵੇਂ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਸਕੂਲ ਪ੍ਰੋਗਰੈਸਿਵ ਆਧਾਰ ਤੇ ਅਪ-ਗਰੇਡ ਕੀਤਾ ਗਿਆ ਹੈ; ਸਾਨੂੰ ਤਾਂ ਅਜੇ ਤੱਕ ਇਕੋ ਆਧਾਰ ਦਾ ਪਤਾ ਸੀ । ਹੁਣ 25 ਸਕੂਲ ਅਪਗਰੇਡ ਹੋਏ ਹਨ । ਪਰੋਗਰੈਸਿਵ ਆਧਾਰ ਤੇ ਕਿੰਨੇ ਅਪਗਰੇਡ ਕੀਤੇ ਗਏ ਹਨ ਅਤੇ ਉਨ੍ਹਾਂ ਵਿਚ ਕਿਨਿਆਂ ਸਕੂਲਾਂ ਵਿਚ ਅਜੇ ਤੱਕ ਹੈਡਮਾਸਟਰਜ਼ ਨਹੀਂ ਦਿਤੇ ਗਏ ਹਨ ?

ਮੰਤਰੀ : ਜਿਹੜੇ ਪਰੋਗਰੈਸਿਵ ਆਧਾਰ ਤੇ ਅਪਗਰੇਡ ਕੀਤੇ ਗਏ ਹਨ ਉਥੇ ਹੈਡਮਾਸਟਰਜ਼ ਚਲੇ ਗਏ ਹਨ । ਜੇ ਕਿਤੇ ਇਨ੍ਹਾਂ ਮੈਂਬਰ ਸਾਹਿਬ ਦੇ ਇਲਾਕੇ ਵਿਚ, ਪਟਿਆਲੇ ਜ਼ਿਲ੍ਹੇ ਵਿਚ ਕਿਤੇ ਹੈਡਮਾਸਟਰ ਦੀ ਅਸਾਮੀ ਖਾਲੀ ਪਈ ਹੋਵੇ ਤਾਂ ਇਹ ਮੇਰੇ ਨੋਟਿਸ ਵਿਚ ਲੈ ਆਉਣ ਮੈਂ ਉਥੇ ਹੈਡਮਾਸਟਰ ਭਿਜਵਾਉਣ ਦਾ ਪ੍ਰਬੰਧ ਕਰ ਦਿਆਂਗਾ । ਚੋਪੜਾ ਸਾਹਿਬ ਨੂੰ ਵੀ ਮੈਂ ਬੇਨਤੀ ਕਰਦਾ ਹਾਂ ਕਿ ਉਹ ਵੀ ਇਸ ਬਾਰੇ ਮੇਰੇ ਨੋਟਿਸ ਵਿਚ ਲੈ ਆਉਣ ਅਤੇ ਜਿਥੇ ਹੈਡਮਾਸਟਰ ਦੀ ਪੋਸਟ ਖਾਲੀ ਹੋਏਗੀ ਉਥੇ ਹੈਡਮਾਸਟਰ ਭਿਜਵਾ ਦਿੱਤਾ ਜਾਏਗਾ ।

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਿੰਡ ਪੰਜਗਰਾਂਈਆਂ ਵਿਚ ਵਜ਼ੀਰ ਸਾਹਿਬ ਲੜਕੀਆਂ ਦੇ ਸਕੂਲ ਦਾ ਉਦਘਾਟਨ ਕਰਕੇ ਆਏ ਸਨ (ਵਿਘਨ) ਇਹ ਉਥੇ ਮੁਰਗੇ ਛਕ ਛਕਾ ਕੇ ਆ ਗਏ ਹਨ (ਵਿਘਨ) ਉਥੇ ਹੈਡਮਿਸਟਰੈਸ ਜਿਹੜੀ ਆਈ ਉਹ ਸਕੂਲ ਦਾ ਸਾਰਾ ਸਾਮਾਨ ਲੈਕੇ ਆਈ । ਉਹਨੂੰ ਹੁਸ਼ਿਆਰਪੁਰ ਬਦਲ ਦਿਤਾ । (ਵਿਘਨ)

ਸ਼੍ਰੀ ਸਪੀਕਰ : ਇਹਦੇ ਵਿਚੋਂ ਇਹ ਸਪਲੀਮੈਂਟਰੀ ਅਰਾਈਜ਼ ਨਹੀਂ ਹੁੰਦੀ । (This supplementary does not arise out of this question)

ਮੰਤਰੀ : ਜਿਹੜੇ ਲਫਜ਼ ਇਨ੍ਹਾਂ ਨੇ ਕਹੇ ਹਨ ਉਹ ਐਕਸਪੰਜ ਤਾਂ ਕਰਾ ਦਿਉ ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਰੋਗਰੈਸਿਵ ਸਕੂਲ ਸਟੇਟ ਵਿਚ ਕਿੰਨੇ ਖੋਲ੍ਹੇ ਹਨ ਔਰ ਪਰੋਗਰੈਸਿਵ ਸਕੂਲ ਵਿਚ ਐਜੂਕੇਸ਼ਨ ਦਾ ਕੀ ਤਰੀਕਾ ਹੈ ਅਤੇ ਇਹ ਕਿਸ ਅਧਾਰ ਤੇ ਖੋਲ੍ਹੇ ਜਾਂਦੇ ਹਨ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਦਾ ਸਬੰਧ ਹੈ ਇਹ 1972 ਵਿਚ ਖੋਲ੍ਹੇ ਗਏ ਸੀ, 1973 ਦੇ ਸਾਲ ਵਿਚ ਵੀ ਖੋਲ੍ਹੇ ਗਏ ਸੀ । ਇਹ ਕਿੰਨੇ ਖੋਲ੍ਹੇ ਗਏ ਸੀ ਇਹ ਇਨਫਰਮੇਸ਼ਨ ਇਸ ਵੇਲੇ ਮੇਰੇ ਕੋਲ ਨਹੀਂ ਹੈ ਅਤੇ ਇਹ ਮੈਂ ਲੈ ਕੇ ਇਨ੍ਹਾਂ ਨੂੰ ਦੇ ਦਿਆਂਗਾ । ਜਿਥੋਂ ਤਕ ਇਨ੍ਹਾਂ ਨੇ ਪੁਛਿਆ ਹੈ ਕਿ ਕਿਸ ਆਧਾਰ ਤੇ ਖੋਲ੍ਹੇ ਗਏ ਹਨ ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਕੁਝ ਇਲਾਕਾ ਅਜਿਹਾ ਹੈ ਜਿਥੇ ਜਿਸ ਵੇਲੇ ਸਕੂਲ ਅਪਗਰੇਡ ਕਰਦੇ ਹਾਂ ਔਰ ਸਕੂਲ ਅਪਗਰੇਡ ਕਰਨ ਦੀ ਡੀਮਾਂਡ ਜ਼ਿਆਦਾ ਆਉਂਦੀ ਹੈ ਤਾਂ ਉਨੇ ਸਕੂਲ ਅਪਗਰੇਡ ਕਰ ਨਹੀਂ ਸਕਦੇ ਕਿਉਂਕਿ ਆਪਣੇ ਬਜੱਟ ਦੇ ਮੁਤਾਬਿਕ ਕੰਮ ਕਰਨਾ ਹੁੰਦਾ ਹੈ । ਫੇਰ ਕਿਸੇ ਇਲਾਕੇ ਦੀ ਡੀਮਾਂਡ ਨੂੰ ਵੇਖਕੇ ਉਥੇ ਇਕ ਕਲਾਸ ਦੀ ਇਜਾਜ਼ਤ ਦੇ ਦਿੰਦੇ ਹਾਂ ਅਤੇ ਦੂਜੇ ਸਾਲ ਅਗਲੀ ਕਲਾਸ ਦੀ ਔਰ ਜਿਥੇ ਅਸੀਂ ਮਿਡਲ ਤੋਂ ਹਾਈ ਕਰਨਾ ਹੁੰਦਾ ਹੈ ਜਾਂ ਪਰਾਇਮਰੀ ਤੋਂ ਮਿਡਲ ਕਰਨਾ ਹੁੰਦਾ

ਹੈ ਉਥੇ ਤਿੰਨੇ ਕਲਾਸਿਜ਼ ਅਲਾਉ ਕਰਦੇ ਹਾਂ ਅਤੇ ਅਗਲੇ ਸਾਲ ਲਈ ਅਗਲੀ ਕਲਾਸ ਅਤੇ ਪ੍ਰੋਗਰੈਸਿਵ ਆਧਾਰ ਤੇ ਜਿਥੇ ਅਪਗਰੇਡ ਕਰਦੇ ਹਾਂ ਉਥੇ ਇਸੇ ਤਰ੍ਹਾਂ ਉਸ ਤੋਂ ਅਗਲੇ ਸਾਲ ਲਈ ਉਸ ਤੋਂ ਅਗਲੀ ਕਲਾਸ ਦਿੰਦੇ ਹਾਂ। ਪਹਿਲਾਂ ਕਲਾਸ ਚਾਲੂ ਕਰਨ ਵੇਲੇ ਹੈਡਮਾਸਟਰ ਦੀ ਪੋਸਟ ਨਹੀਂ ਦਿੰਦੇ ਅਤੇ ਇਹ ਪੋਸਟ ਉਸ ਵੇਲੇ ਦਿੰਦੇ ਹਾਂ ਜਿਸ ਵੇਲੇ ਇਹ ਮਹਿਸੂਸ ਕਰਦੇ ਹਾਂ ਕਿ ਉਥੇ ਹੋਰ ਸਟਾਫ ਚਲਾ ਗਿਆ ਹੋਵੇ ਅਤੇ ਬੱਚਿਆਂ ਦੀ ਸਟਰੈਂਗਥ ਐਨੀ ਹੋ ਗਈ ਹੋਵੇ ਕਿ ਹੈਡਮਾਸਟਰ ਦੀ ਪੋਸਟ ਦੀ ਲੋੜ ਹੋਵੇ। ਉਸੀ ਵੇਲੇ ਹੈਡਮਾਸਟਰ ਦੀ ਪੋਸਟ ਸੈਂਕਸ਼ਨ ਕਰ ਦਿੰਦੇ ਹਾਂ। (ਵਿਘਨ)

ਸ੍ਰੀ ਸਪੀਕਰ : ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਆਪਣਾ ਧਿਆਨ ਇਧਰ ਵੀ ਕੀਤਾ ਕਰੋ। ਆਪੋਜ਼ੀਸ਼ਨ ਨੂੰ ਵੀ ਆਪਣਾ ਅਧਿਕਾਰ ਮਿਲਣਾ ਚਾਹੀਦਾ ਹੈ।

आचार्य पृथ्वी सिंह आज़ाद : क्या शिक्षा मंत्री यह बताने की तकलीफ करेंगे कि प्रोग्रेसिवली अपग्रेडिड स्कूल की जो व्याख्या इन्होंने की है क्या उसी तरह से आम स्कूल भी अपग्रेड नहीं किए जाते है, यानी पहले नौवीं, फिर दसवीं और फिर ग्यारवीं कलास तक। अगर सिस्टम दोनों का एक ही है तो अपग्रेड करने में और प्रोग्रैसिवली अपग्रेड करने में अन्तर क्या है ?

ਮੰਤਰੀ : ਇਸ ਅੰਤਰ ਬਾਰੇ ਤਾਂ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ। (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਿਹੜਾ ਸਵਾਲ ਦਾ ਜਵਾਬ ਦਿਤਾ ਹੈ ਉਹ ਗੁੰਡ ਮੁੰਡ ਕਰਕੇ ਦਸਿਆ ਹੈ (ਵਿਘਨ) ਮੇਰਾ ਭਾਵ ਹੈ ਰਲਾ ਮਿਲਾ ਕੇ ਦਸਿਆ ਹੈ। ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਇਨ੍ਹਾਂ ਨੇ ਪਰੋਗਰੈਸਿਵ ਸਕੂਲ ਖੋਲ੍ਹਣ ਬਾਰੇ ਦਸਿਆ ਹੈ, ਇਹ ਪਰੋਗਰੈਸਿਵ ਸਕੂਲ ਖੋਲ੍ਹਣ ਦਾ ਕਰਾਇਟੇਰੀਆ ਕੀ ਹੈ ? ਇਹ ਕਿਸ ਤਰ੍ਹਾਂ ਖੋਲ੍ਹੇ ਜਾਂਦੇ ਹਨ ਅਤੇ ਕਿਹੜੇ ਇਲਾਕੇ ਵਿਚ ਕਿਸ ਤਰ੍ਹਾਂ ਖੋਲ੍ਹੇ ਗਏ ਹਨ।

ਮੰਤਰੀ : ਇਸ ਬਾਰੇ ਮੈਂ ਦਸਦਾ ਹਾਂ ਕਿ ਜਿਨਾ ਮੈਂ ਦੱਸ ਸਕਦਾ ਸੀ ਉਹ ਦਸ ਦਿੱਤਾ ਹੈ। ਜੇ ਮੈਂਬਰ ਸਾਹਿਬ ਦਾ ਧਿਆਨ ਕਿਤੇ ਹੋਰ ਪਾਸੇ ਵਲ ਹੋਵੇ ਤਾਂ ਮੈਂ ਕੀ ਕਰ ਸਕਦਾ ਹਾਂ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਸ ਗਲ ਬਾਰੇ ਜਾਣਨਾ ਚਾਹਾਂਗਾ ਕਿ ਇਸ ਸਾਲ ਮਿਡਲ ਤੋਂ ਹਾਈ 25 ਸਕੂਲ ਅਪਗਰੇਡ ਕੀਤੇ ਹਨ ਇਹ ਅਕਤੂਬਰ, ਨਵੰਬਰ ਵਿਚ ਹੋਏ ਹਨ। ਉਥੇ ਹਾਲੇ ਤੱਕ ਸਟਾਫ ਦੀ ਕਮੀ ਹੈ ਅਤੇ ਬੱਚੇ ਵੀ ਦਾਖਲ ਨਹੀਂ ਹੋ ਸਕੇ ਹਨ। ਕੀ ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਅੱਗੇ ਨੂੰ ਜੋ ਸਕੂਲ ਅਪਗਰੇਡ ਕੀਤੇ ਜਾਣ ਕੀ ਉਹ ਮਾਰਚ-ਅਪਰੈਲ ਵਿਚ ਅਪਗਰੇਡ ਕੀਤੇ ਜਾਣਗੇ ?

ਮੰਤਰੀ : ਇਸ ਗਲ ਦਾ ਪੂਰਾ ਪੂਰਾ ਖਿਆਲ ਰਖਿਆ ਜਾਵੇਗਾ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਪਿਛਲੇ ਦਿਨਾਂ ਵਿਚ ਸਰਦਾਰ ਗੁਰਚਰਨ ਸਿੰਘ, ਚੀਫ਼ ਪਾਰਲੀਮੈਂਟਰੀ ਸਕੱਤਰ ਮੇਰੇ ਹਲਕੇ ਵਿਚ ਆਏ (ਵਿਘਨ) ਲਾਡੂਕਾ ਮੰਡੀ ਵਿਖੇ ਸਕੂਲ ਅਪਗਰੇਡ ਕਰਨ ਬਾਰੇ ਕਿਹਾ ਗਿਆ (ਵਿਘਨ) ਇਹ ਇਲਾਕਾ ਫਾਜ਼ਿਲਕਾ ਪੱਟੀ ਦੇ 90 ਕਿਲੋ ਮੀਟਰ ਦੇ ਲਾਗੇ ਤਾਗੇ ਕੋਈ ਹਾਈ ਸਕੂਲ ਨਹੀਂ ਹੈ । ਕੀ ਉਥੇ ਸਕੂਲ ਨੂੰ ਅਪਗਰੇਡ ਕੀਤਾ ਜਾਏਗਾ ?

ਮੰਤਰੀ : ਜੋ ਜੋ ਇਲਾਕੇ ਦੀ ਡੀਮਾਂਡ ਹੋਵੇਗੀ ਉਸ ਵਲ ਧਿਆਨ ਰਖਾਂਗੇ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਜਿਥੋਂ ਅਕਾਲੀ ਮੈਂਬਰ ਜਿੱਤਕੇ ਆਵੇ ਉਥੇ ਸਕੂਲ ਘੱਟ ਅੱਪਗਰੇਡ ਕੀਤੇ ਜਾਂਦੇ ਹਨ । (ਵਿਘਨ) ਮੇਰੇ ਹਲਕੇ ਜੰਡਿਆਲਾ ਦੇ ਦੋ ਪਿੰਡ ਐਸੇ ਹਨ ਜਿਨ੍ਹਾਂ ਦੀ ਬਹੁਤ ਆਬਾਦੀ ਹੈ ਪਰ ਉਥੇ ਕੋਈ ਸਕੂਲ ਅਪਗਰੇਡ ਨਹੀਂ ਕੀਤਾ ਗਿਆ ਪਰ ਇਸ ਦੇ ਮੁਕਾਬਲੇ ਵਿਚ ਜਿਥੋਂ ਕਾਂਗਰਸੀ ਮੈਂਬਰ ਜਿੱਤਕੇ ਆਇਆ ਹੈ ਉਥੇ ਹੀ ਅਪਗਰੇਡ ਕੀਤੇ ਗਏ ਹਨ । (ਵਿਘਨ) ਸਪੀਕਰ ਸਾਹਿਬ, ਜਿਨ੍ਹਾਂ ਦੋ ਪਿੰਡਾਂ ਬਾਰੇ ਮੈਂ ਦੱਸਿਆ ਹੈ ਇਸ ਬਾਰੇ ਉਥੋਂ ਦੇ ਡੀ. ਈ. ਓ. ਦੇ ਦਫ਼ਤਰ ਵਿਚ ਰਿਕਾਰਡ ਮੌਜੂਦ ਹੈ । ਕੀ ਇਹ ਇਸ ਤਰ੍ਹਾਂ ਜਾਣ ਬੁਝ ਕੇ ਨਹੀਂ ਕਰ ਰਹੇ, ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਪਰ ਫਿਰ ਵੀ ਇਹ ਸਾਡੇ ਹਲਕਿਆਂ ਦੇ ਸਕੂਲਾਂ ਨੂੰ ਅੱਪਗਰੇਡ ਨਹੀਂ ਕਰ ਰਹੇ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਦਾ ਇਲਜ਼ਾਮ ਹੈ, ਇਹ ਗਲਤ ਹੈ । ਇਹ ਜਿਹੜਾ ਇਨ੍ਹਾਂ ਦਾ ਸਵਾਲ ਹੈ ਇਹ ਪੰਜਾਬ ਦੇ ਸਾਰੇ ਸਕੂਲਾਂ ਨੂੰ ਅਪਗਰੇਡ ਕਰਨ ਦੇ ਸਬੰਧ ਵਿਚ ਹੈ, ਇਸ ਲਈ ਇਹ ਇਸ ਸਵਾਲ ਨਾਲ ਰਿਲੇਟ ਨਹੀਂ ਕਰਦਾ । ਇਹ ਸਵਾਲ ਤਾਂ ਬਲਾਚੌਰ ਬਾਰੇ ਹੈ । (ਵਿਘਨ) ਜੇ ਵਾਈਸ-ਚਾਂਸਲਰ ਨੇ (ਸਰਦਾਰ ਕਰਨੈਲ ਸਿੰਘ ਮਰੜ੍ਹੀ ਵੱਲ ਇਸ਼ਾਰਾ ਕਰਦੇ ਹੋਏ) ਕੋਈ ਹੋਰ ਗੱਲ ਪੁੱਛਣੀ ਹੈ ਤਾਂ ਪੁਛ ਲੈਣ । (ਵਿਘਨ) (ਸ਼ੋਰ)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਮਹਿਕਮਾ ਤਾਲੀਮ ਉਨ੍ਹਾਂ ਨੂੰ ਇਤਲਾਹ ਨਹੀਂ ਦਿੰਦਾ ਕਿ ਕਿੰਨੇ ਸਕੂਲਾਂ ਵਿਚ ਟੀਚਰ ਆਦਿ (ਸਟਾਫ) ਪੂਰਾ ਹੈ ਅਤੇ ਕਿੰਨਿਆਂ ਵਿਚ ਨਹੀਂ ਹੈ। (ਵਿਘਨ) ਮੈਂ ਪੁਛਣਾ ਚਾਹੁੰਦਾ ਹਾਂ ਕਿ ਇਸ ਗੌਰਮਿੰਟ ਮਲਟੀਪਰਪਜ਼ ਹਾਇਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਦੀ ਪੋਸਟ ਕਿੰਨੀ ਦੇਰ ਤੋਂ ਖਾਲੀ ਪਈ ਰਹੀ ਹੈ ਅਤੇ ਉਹ ਭਰੀ ਕਿਉਂ ਨਹੀਂ ਗਈ, ਇਸ ਦਾ ਕੀ ਕਾਰਨ ਹੈ ?

ਮੰਤਰੀ : ਇਹ ਜੋ ਇਨ੍ਹਾਂ ਨੇ ਸਵਾਲ ਕੀਤਾ ਹੈ ਕਿ ਮਹਿਕਮਾ ਮੈਨੂੰ ਇਤਲਾਹ ਨਹੀਂ ਦਿੰਦਾ, ਇਹ ਗੱਲ ਬਿਲਕੁਲ ਗਲਤ ਹੈ । ਉਹ ਇਸ ਕਰਕੇ ਗਲਤ ਹੈ ਕਿਉਂਕਿ ਮਹਿਕਮੇ ਨੂੰ ਤਾਂ ਮੈਂ ਹੀ ਪੁਛਣਾ ਹੈ ਅਤੇ ਉਨ੍ਹਾਂ ਨੇ ਮੈਨੂੰ ਜੁਆਬ ਦੇਣਾ ਹੈ । ਮੈਂ ਉਹਨਾਂ ਨੂੰ ਪੁਛ ਸਕਦਾ ਹਾਂ । ਜੇ ਮੈਂ ਪੁਛ ਲਵਾਂ ਤਾਂ ਮਹਿਕਮਾ ਇਨਫਰਮੇਸ਼ਨ ਲੁਕਾ ਨਹੀਂ ਸਕਦਾ । ਜਿਹੜੀ ਇਹਨਾਂ ਨੇ ਮਲਟੀਪਰਪਜ਼ ਸਕੂਲ ਦੀ ਗੱਲ ਕੀਤੀ ਹੈ, ਇਹ ਗਲ ਉਨ੍ਹਾਂ ਨੇ ਮੇਰੇ ਨੋਟਿਸ ਵਿਚ ਲਿਆਂਦੀ ਹੈ, ਮੈਨੂੰ ਇਸ ਵੇਲੇ ਇਸ ਦਾ ਪਤਾ ਨਹੀਂ ਹੈ । ਜੇ ਉਹ ਅੱਜ

ਇਨਫਰਮੇਸ਼ਨ ਚਾਹੁਣ ਤਾਂ ਮੈਂ ਇਕ ਘੰਟੇ ਵਿਚ ਇਨਫਰਮੇਸ਼ਨ ਲੈ ਲਵਾਂਗਾ । ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਉਥੇ ਪੋਸਟ ਖਾਲੀ ਪਈ ਹੈ ਅਤੇ ਭਰਨੀ ਚਾਹੀਦੀ ਹੈ, ਉਹ ਦੇਖ ਲਵਾਂਗੇ ।

ਡਾਕਟਰ ਹਰਭਜਨ ਸਿੰਘ : ਸਪੀਕਰ ਸਾਹਿਬ, 30 ਨਵੰਬਰ, 1967 ਤੋਂ ਦਿੱਲੀ ਪੈਟਰਨ ਤੇ ਜਿੰਨੀ ਪ੍ਰਾਈਵੇਟ ਸਕੂਲਾਂ ਦੀ ਸਟਰੈਂਗਥ ਹੈ ਉਨ੍ਹਾਂ ਨੂੰ 95 % ਗਰਾਂਟ ਮਨਜ਼ੂਰ ਕਰਕੇ ਦੇਣੀ ਸ਼ੁਰੂ ਕੀਤੀ ਹੈ । ਪਰ ਮੈਂ ਇਹ ਪੁਛਣਾ ਚਹੁੰਦਾ ਹਾਂ ਕਿ ਜਿਹੜੇ ਸਕੂਲਾਂ ਵਿਚ ਸਾਇੰਸ ਅਤੇ ਮੈਥੇਮੈਟਿਕਸ ਲਾਗੂ ਨਹੀਂ ਸੀ (ਵਿਘਨ) ਜਿਥੇ ਹੈਡਮਾਸਟਰ ਨਹੀਂ ਹਨ ਕੀ ਉਥੇ ਇਹ ਹੈਡਮਾਸਟਰ ਲਗਾ ਦੇਣਗੇ ? (ਵਿਘਨ) ਸਾਇੰਸ ਅਤੇ ਮੈਥੇਮੈਟਿਕਸ ਕੰਪਲ-ਸਰੀ ਕਰ ਦਿੱਤੇ ਹਨ ਪਰ ਮੈਨੇਜਮੈਂਟ ਪੈਸਾ ਨਹੀਂ ਦੇ ਸਕਦੀਆਂ । ਮੈਂ ਦਸਦਾ ਹਾਂ ਕਿ ਨੈਸ਼ਨਲ ਕਾਲਜ, ਭੋਗਪੁਰ ਵਿਚ ਜਿਹੜੀ ਜਗ੍ਹਾ ਖਾਲੀ ਪਈ ਹੈ ਕੀ ਉਹ ਸਰਕਾਰ ਪੂਰੀ ਕਰੇਗੀ ?

ਮੰਤਰੀ : ਇਹ ਜੋ ਇਨ੍ਹਾਂ ਨੇ ਸਪਲੀਮੈਂਟਰੀ ਕੀਤਾ ਹੈ ਇਹ ਇਸ ਨਾਲ ਰਿਲੇਟ ਨਹੀਂ ਕਰਦਾ। ਗੱਲ ਤਾਂ ਬਲਾਚੌਰ ਦੇ ਸਕੂਲ ਦੀ ਹੈ । ਮਾਨਯੋਗ ਮੈਂਬਰ ਨੇ ਜਿਹੜੀ ਗੱਲ ਮੇਰੇ ਨੋਟਿਸ ਵਿਚ ਲਿਆਂਦੀ ਹੈ, ਉਹ ਸਾਡੇ ਹਾਊਸ ਦੇ ਮੈਂਬਰ ਹਨ, ਜੋ ਮੇਰੇ ਨੋਟਿਸ ਵਿਚ ਗੱਲ ਆਈ ਹੈ, ਉਹ ਮੈਂ ਯਤਨ ਕਰਕੇ ਪੂਰੀ ਕਰਾਂਗਾ ।

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਪੁਛਣਾ ਚਾਹੁੰਦਾ ਹਾਂ ਕਿ 3 ਸਾਲ ਦਾ ਟਾਈਮ ਹੋ ਗਿਆ ਹੈ ਇਸ ਵਜ਼ਾਰਤ ਬਣੀ ਨੂੰ, ਇਸ ਵਜ਼ਾਰਤ ਨੂੰ ਕੁਰਸੀ ਸੰਭਾਲਿਆਂ, ਇਥੇ ਕਾਮਰੇਡ ਮਹਿਤਾਬ ਸਿੰਘ ਨੇ ਵੀ ਗੱਲ ਕੀਤੀ ਹੈ ਕਿ ਉਨ੍ਹਾਂ ਦੇ ਹਲਕੇ ਵਿਚ ਕੋਈ ਸਕੂਲ ਨਹੀਂ ਖੋਲ੍ਹਿਆ ਅਤੇ ਨਾ ਹੀ ਅੱਪਗਰੇਡ ਕੀਤਾ ਹੈ । (ਵਿਘਨ) ਉਨ੍ਹਾਂ ਨੇ ਵੀ ਇਲਜ਼ਾਮ ਲਗਾਇਆ ਹੈ ਕਿ ਫਾਜ਼ਿਲਕਾ ਨੂੰ ਇਸ ਮਾਮਲੇ ਵਿਚ ਨਜ਼ਰਅੰਦਾਜ਼ ਕੀਤਾ ਜਾਂਦਾ ਹੈ । ਇਕ ਸਕੂਲ ਵੀ ਤੁਸੀਂ ਦਿਖਾਉ ਜੋ ਇਸ ਵਜ਼ਾਰਤ ਨੇ ਉਥੇ ਦਿੱਤਾ ਹੋਵੇ....

ਸ੍ਰੀ ਸਪੀਕਰ : ਇਹ ਤਾਂ ਇਨਫਰਮੇਸ਼ਨ ਹੈ । (It is only information).

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਬਾਰਡਰ ਦੇ ਏਰੀਆ ਵਿਚ ਕੋਈ ਸਕੂਲ ਨਹੀਂ ਦਿਤਾ । ਨਾ ਪੱਟੀ ਦੇ ਹਲਕੇ ਵਿਚ ਅਤੇ ਨਾ ਫਾਜ਼ਿਲਕਾ ਦੇ ਹਲਕੇ ਵਿਚ ਕੋਈ ਸਕੂਲ ਦਿੱਤਾ ਹੈ। (ਵਿਘਨ) ਜਦ ਦੀ ਇਹ ਵਜ਼ਾਰਤ ਬਣੀ ਹੈ ਅਗਰ ਮਨਿਸਟਰ ਸਾਹਿਬ ਜਦ ਦੀ ਇਨ੍ਹਾਂ ਦੀ ਵਜ਼ਾਰਤ ਬਣੀ ਹੈ ਉਦੋਂ ਦਾ ਇਕ ਸਕੂਲ ਵੀ ਫ਼ਾਜ਼ਿਲਕਾ ਵਿਚ ਬਣਾਇਆ ਸਾਬਤ ਕਰ ਦੇਣ ਤਾਂ ਜੋ ਤੁਸੀਂ ਕਹੋਗੇ ਅਸੀਂ ਉਹ ਸਜ਼ਾ ਭੁਗਤਣ ਲਈ ਤਿਆਰ ਹਾਂ ।

Mr. Speaker: No supplementary.

ਸਰਦਾਰ ਕਰਨੈਲ ਸਿੰਘ ਮਰੜ੍ਹੀ : ਜਿਹੜੀ ਗਊ ਵੱਛੇ ਨੂੰ ਦੁੱਧ ਨਾ ਦੇਵੇ ਉਸ ਗਊ ਦਾ ਕੀ ਫਾਇਦਾ ਹੈ । (ਹਾਸਾ)

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਬਾਰਡਰ ਏਰੀਆ ਦੀ ਗੱਲ ਹੈ, ਫਾਜ਼ਿਲਕਾ ਏਰੀਆ ਦੀ ਗੱਲ ਹੈ ਜਾਂ ਜ਼ਿਲ੍ਹਾ ਫਿਰੋਜ਼ਪੁਰ, ਜ਼ਿਲ੍ਹਾ ਅਮ੍ਰਿਤਸਰ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਜੋ ਕਿ ਬਾਰਡਰ ਦੇ ਇਲਾਕੇ ਅਤੇ ਕੰਡੀ ਦੇ ਇਲਾਕੇ ਹਨ, ਉਨ੍ਹਾਂ ਦੀ ਜਿਥੋਂ ਤਕ ਗੱਲ ਹੈ ਜਾਂ ਹਿੱਲੀ ਏਰੀਆ ਹੈ ਜਾਂ ਸਬ-ਮਾਉਂਟੇਨੀਅਸ ਏਰੀਆ ਵਿਚ ਸਕੂਲਾਂ ਦੀ ਵੰਡ ਕਰਨ ਦਾ ਸਵਾਲ ਹੈ, ਅਸੀਂ ਇਨ੍ਹਾਂ ਬਾਰਡਰ ਏਰੀਆਜ਼ ਅਤੇ ਹਿੱਲੀ ਏਰੀਆਜ਼ ਨੂੰ ਪਰੈਫਰੈਂਸ ਦਿੱਤੀ ਹੈ। ਸਕੂਲ ਖੋਲ੍ਹਣ ਵਿਚ ਜਿਹੜੀ ਇਨ੍ਹਾਂ ਦੀ ਸ਼ਿਕਾਇਤ ਹੈ, ਉਹ ਦੂਰ ਕਰਾਂਗੇ। ਇਨ੍ਹਾਂ ਨੂੰ ਗਲਤਫਹਿਮੀ ਹੀ ਹੈ ਹੋਰ ਕੋਈ ਐਸੀ ਗੱਲ ਨਹੀਂ ਹੈ। (ਵਿਘਨ) (ਸ਼ੋਰ)

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1973 ਵਿਚ ਪੰਜਾਬ ਦੇ ਮੁੱਖ ਮੰਤਰੀ ਨੇ ਹਰਗੋਬਿੰਦਪੁਰ ਸਕੂਲ ਨੂੰ ਅਪਗਰੇਡ ਕੀਤਾ ਪਰ ਉਥੇ ਹੈਡਮਾਸਟਰ ਦੀ ਜਗ੍ਹਾ ਖਾਲੀ ਹੈ ਅਤੇ ਉਹ ਪੂਰੀ ਨਹੀਂ ਕੀਤੀ। ਕੀ ਉਹ ਹੈਡਮਾਸਟਰ ਦੀ ਜਗ੍ਹਾ ਪੂਰੀ ਕਰਨਗੇ ?

Mr peaker : This supplementary does not arise out of this question.

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਹਲਕੇ ਵਿਚ ਕੋਈ ਸਕੂਲ ਅੱਪਗਰੇਡ ਨਹੀਂ ਕੀਤਾ। (ਵਿਘਨ) ਬਾਰਡਰ ਦੇ ਏਰੀਆ ਵਿਚ ਕੋਈ ਸਕੂਲ ਅੱਪਗਰੇਡ ਨਹੀਂ ਕੀਤਾ। ਸਾਡੇ ਹਲਕਿਆਂ ਵਿਚ ਸਕੂਲ ਨਹੀਂ ਦਿਤੇ। (ਵਿਘਨ) (ਸ਼ੋਰ)

(ਕੋਈ ਜੁਆਬ ਨਹੀਂ ਦਿੱਤਾ ਗਿਆ।)

ਮੋਗਾ ਮੰਡੀ ਵਿਚ ਮੰਡੀ ਫੀਸ ਦੀ ਕਥਿਤ ਚੋਰੀ ਸਬੰਧੀ ਮੈਮੋਰੰਡਮ।

*2900 ਕਾਮਰੇਡ ਸੱਤ ਪਾਲ ਡਾਂਗ, ਕਾਮਰੇਡ ਦਾਨਾ ਰਾਮ } ਕੀ ਖੇਤੀ ਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ 1974 ਦੇ ਦੌਰਾਨ ਕਦੀ ਕਿਸੇ ਵਿਧਾਨਕਾਰ ਨੇ ਮੁੱਖ ਮੰਤਰੀ ਨੂੰ ਕੋਈ ਮੈਮੋਰੰਡਮ ਦਿੱਤਾ ਜਿਸ ਵਿਚ ਇਕੱਲੀ ਮੋਗਾ ਮੰਡੀ ਵਿਚ 8 ਲੱਖ ਰੁਪਏ ਦੀ ਮੰਡੀ ਫੀਸ ਦੀ ਚੋਰੀ ਦਾ ਦੋਸ਼ ਸੀ, ਜੇਕਰ ਅਜਿਹਾ ਹੋਵੇ, ਤਾਂ ਉਕਤ ਮੈਮੋਰੰਡਮ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਸਰਕਾਰ ਦੁਆਰਾ ਇਸ ਸਬੰਧ ਵਿਚ ਕੀ ਕਾਰਵਾਈ ਕੀਤੀ ਗਈ ?

ਮਾਸਟਰ ਗੁਰਬੰਤਾ ਸਿੰਘ : (ੳ) ਨਹੀਂ ਜੀ;

(ਅ) (ੳ) ਨੂੰ ਮੁੱਖ ਰੱਖਦੇ ਹੋਏ ਸਵਾਲ ਪੈਦਾ ਨਹੀਂ ਹੁੰਦਾ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੋਹਾਂ ਪੱਖਾਂ ਦਾ ਜੁਆਬ "ਨਾਂਹ" ਵਿਚ ਦਿਤਾ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਆਇਆ ਇਹ ਗੱਲ ਮਨਿਸਟਰ ਦੇ ਨੋਟਿਸ ਵਿਚ ਹੈ ਜਾਂ ਨਹੀਂ ਕਿ ਮੋਗੇ ਦੀ ਮਾਰਕਿਟ ਕਮੇਟੀ ਦੇ ਵਿਚ ਕੇਵਲ

ਮਾਰਕਿਟ ਫੀਸ ਦਾ 8 ਲੱਖ ਦਾ ਗਬਨ ਹੋਇਆ ਹੈ । ਅਗਰ ਇਨ੍ਹਾਂ ਦੇ ਨੋਟਿਸ ਵਿਚ ਇਹ ਗਲ ਹੈ ਤਾਂ ਫਿਰ ਇਨ੍ਹਾਂ ਨੇ ਹੁਣ ਤਕ ਉਸ ਤੇ ਕੀ ਕੋਈ ਐਕਸ਼ਨ ਲਿਆ ਹੈ ?

ਮੰਤਰੀ : ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਸੀ ਕਿ ਕੋਈ ਮੈਮੋਰੰਡਮ ਚੀਫ਼ ਮਨਿਸਟਰ ਨੂੰ ਦਿੱਤਾ ਸੀ, ਉਸ ਦਾ ਤਾਂ ਮੈਂ ਕਿਹਾ ਹੈ ਕਿ ਨਹੀਂ ਦਿਤਾ। ਜੇ ਮੈਮੋਰੈਂਡਮ ਨਹੀਂ ਦਿੱਤਾ ਤਾਂ ਉਸ ਤੇ ਐਕਸ਼ਨ ਲੈਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ । ਸੋ ਇਹ ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਸੀ, ਉਸ ਦਾ ਤਾਂ ਮੈਂ ਜੁਆਬ ਦੇ ਦਿਤਾ ਹੈ । ਬਾਕੀ ਇਹ ਜਿਹੜਾ ਇਨ੍ਹਾਂ ਨੇ ਸਪਲੀਮੈਂਟਰੀ ਕੀਤਾ ਹੈ ਕਿ ਮੋਗੇ ਦੀ ਮਾਰਕਿਟ ਕਮੇਟੀ ਵਿਚ ਕੋਈ 8 ਲੱਖ ਦਾ ਮਾਰਕਿਟ ਫੀਸ ਦਾ ਗਬਨ ਹੈ । ਪਤਾ ਨਹੀਂ ਲੋਕਾਂ ਨੇ ਦਿੱਤੇ ਜਾਂ ਨਹੀਂ ਦਿੱਤੇ ਅਤੇ ਇਹ ਚੀਜ਼ ਮੇਰੇ ਨੋਟਿਸ ਵਿਚ ਆਈ ਜਾਂ ਨਹੀਂ ਆਈ । (ਵਿਘਨ) ਸਪੀਕਰ ਸਾਹਿਬ, ਇਹ ਜਿਹੜਾ ਮਾਰਕੀਟਿੰਗ ਐਕਟ ਹੈ, ਉਸ ਵਿਚ ਜਿਹੜਾ ਬਾਹਰੋਂ ਗੁੜ ਆਉਂਦਾ ਹੈ, ਸ਼ਕਰ ਆਉਂਦੀ ਹੈ ਅਤੇ ਖੰਡਸਾਰੀ ਆਉਂਦੀ ਹੈ ਅਸੀਂ ਇਨ੍ਹਾਂ ਤੇ ਮਾਰਕਿਟ ਫੀਸ ਲੈਂਦੇ ਹਾਂ । ਲੇਕਿਨ ਮੋਗੇ ਵਿਚ ਹੀ ਨਹੀਂ ਬਲਕਿ ਹੋਰ ਵੀ ਕਈ ਮੰਡੀਆਂ ਵਾਲਿਆਂ ਵਿਉਪਾਰੀਆਂ ਨੇ ਹਾਈਕੋਰਟ ਵਿਚ ਰਿੱਟ ਕੀਤੀ ਕਿ ਇਹ ਇਸ ਮੰਡੀ ਵਿਚ ਨਹੀਂ ਆਉਣੀਆਂ ਚਾਹੀਦੀਆਂ ਕਿਉਂਕਿ ਇਹ ਬਾਹਰਲੇ ਸੂਬਿਆਂ ਤੋਂ ਆਉਂਦੀਆਂ ਹਨ । ਹਾਈ ਕੋਰਟ ਨੇ ਸਾਨੂੰ ਸਟੇ ਦੇ ਦਿੱਤਾ । ਹਾਈ ਕੋਰਟ ਨੇ ਸਾਡੇ ਹੱਕ ਵਿਚ ਫੈਸਲਾ ਕਰ ਦਿੱਤਾ । ਲੇਕਿਨ ਉਹ ਵਿਉਪਾਰੀ ਫਿਰ ਸੁਪਰੀਮ ਕੋਰਟ ਵਿਚ ਚਲੇ ਗਏ ਹਾਈ ਕੋਰਟ ਦੇ ਫੈਸਲੇ ਦੇ ਵਿਰੁਧ । ਜਿਥੋਂ ਤੱਕ ਫੀਸ ਦੇਣ ਦਾ ਸਵਾਲ ਹੈ, ਬਹੁਤ ਸਾਰੀਆਂ ਮੰਡੀਆਂ ਵਿਚੋਂ ਕਿਉਂਕਿ ਵਿਉਪਾਰੀਆਂ ਵਲੋਂ ਹਾਈ ਕੋਰਟ ਵਿਚ ਰਿੱਟ ਕੀਤੀ ਹੋਈ ਹੈ ਇਸ ਕਰਕੇ ਉਨ੍ਹਾਂ ਨੇ ਮਾਰਕਿਟ ਫੀਸ ਨਹੀਂ ਦਿਤੀ । ਇਹ ਸਿਰਫ ਮੋਗੇ ਵਿਚ ਹੀ ਨਹੀਂ ਦਿੱਤੀ ਹੋਰ ਥਾਵਾਂ ਦੀ ਵੀ ਹੈ । ਮੋਗੇ ਦੀ ਮਿਉਂਸਪਲ ਕਮੇਟੀ ਪਾਸੋਂ ਮੈਂ ਦੋ ਤਿੰਨ ਸਾਲਾਂ ਦੀਆਂ ਫਿਗਰਜ਼ ਲਈਆਂ ਹਨ । ਮੈਂ ਮੋਗੇ ਦੀ ਮਿਉਂਸਪਲ ਕਮੇਟੀ ਤੋਂ ਇਸ ਗਲ ਦੀ ਪੜਤਾਲ ਕੀਤੀ ਹੈ ਕਿ ਮੋਗੇ ਦੀ ਮੰਡੀ ਵਿਚ ਗੁੜ, ਸ਼ਕਰ ਅਤੇ ਖੰਡਸਾਰੀ ਕਿੰਨੀ ਆਈ ਹੈ ਅਤੇ ਉਸ ਦੀ ਮਾਰਕਿਟ ਫੀਸ ਕਿੰਨੀ ਬਣਦੀ ਹੈ । ਉਹ ਮੈਂ ਸਾਰੀ ਅਸੈਸਮੈਂਟ ਕਰਵਾਈ ਹੈ ਅਤੇ ਮੇਰੇ ਕੋਲ ਸਾਰੀਆਂ ਫਿਗਰਜ਼ ਹਨ । ਮੈਂ ਬੜੀ ਦੇਰ ਤੋਂ ਮਾਰਕੀਟਿੰਗ ਬੋਰਡ ਦੇ 5-6 ਅਫ਼ਸਰ ਉਥੇ ਭੇਜੇ ਹੋਨ ਅਤੇ ਉਹ ਦੱਸਦੇ ਹਨ ਕਿ ਇਹ ਪੋਜ਼ੀਸ਼ਨ ਹੈ । ਸਪੀਕਰ ਸਾਹਿਬ, 9-10 ਆਦਮੀਆਂ ਨੂੰ ਅਸੀਂ ਨੋਟਿਸ ਦਿੱਤੇ ਹਨ । ਉਹ ਸਾਨੂੰ ਆਪਣਾ ਹਿਸਾਬ ਕਿਤਾਬ ਨਹੀਂ ਦਿਖਾ ਰਹੇ ਸਨ । ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਮਿਉਂਸਪਲ ਕਮੇਟੀ ਦੇ ਰਿਕਾਰਡ ਤੋਂ ਇਹ ਪਤਾ ਲਗਦਾ ਹੈ ਕਿ ਇਤਨੀਆਂ ਇਤਨੀਆਂ ਚੀਜ਼ਾਂ ਆਈਆਂ ਹਨ ਤੁਸੀਂ ਸਾਨੂੰ ਆਪਣਾ ਰਿਕਾਰਡ ਦਿਖਾਉ । ਅਸੀਂ ਕਰੀਬਨ 10 ਆਦਮੀਆਂ ਨੂੰ ਇਸ ਦੇ ਬਾਰੇ ਨੋਟਿਸ ਦਿੱਤਾ ਹੈ ਅਤੇ ਉਨ੍ਹਾਂ ਦਾ ਜਵਾਬ ਜੋ ਆਏਗਾ, ਉਹ ਅਸੀਂ ਦੇਖ ਕੇ ਉਸ ਦੇ ਮੁਤਾਬਕ ਐਕਸ਼ਨ ਲਵਾਂਗੇ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਸਵਾਲ ਦੇ ਭਾਗ 'ੳ' ਦੇ ਜਵਾਬ ਵਿਚ ਕਿਹਾ ਹੈ ਕਿ ਸਾਡੇ ਕੋਲ ਕੋਈ ਮੈਮੋਰੈਂਡਮ ਨਹੀਂ ਆਇਆ । ਮੈਂ ਤੁਹਾਨੂੰ ਉਸ ਦੀ ਕਾਪੀ ਪੇਸ਼ ਕਰ ਸਕਦਾ ਹਾਂ ਜੋ ਸ੍ਰੀ ਰਣਬੀਰ ਸਿੰਘ ਨਾਜ਼ਰ ਨੇ ਗਵਰਨਰ, ਪੰਜਾਬ ਅਤੇ ਚੀਫ਼ ਮਨਿਸਟਰ, ਪੰਜਾਬ ਨੂੰ ਮੈਮੋਰੈਂਡਮ ਭੇਜਿਆ ਹੈ । ਉਸ ਮੈਮੋਰੈਂਡਮ ਵਿਚ ਲਿਖਿਆ ਗਿਆ ਹੈ ਕਿ ਮੋਗੇ ਦੀ ਮਾਰਕਿਟ ਕਮੇਟੀ ਨੇ 1973-74 ਵਿਚ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

5 ਲੱਖ 14 ਹਜ਼ਾਰ ਰੁਪਏ ਦੀ ਮਾਰਕਿਟ ਫੀਸ ਦਾ ਗਬਨ ਕੀਤਾ ਹੈ। ਕੀ ਵਜ਼ੀਰ ਸਾਹਿਬ ਇਸ ਦੇ ਮੁਤਾਬਕ ਉਨ੍ਹਾਂ ਦੇ ਸਾਰੇ ਬੋਰਡ ਤੇ ਐਕਸ਼ਨ ਲੈਣਗੇ ? ਸਪੀਕਰ ਸਾਹਿਬ, ਜਿਸ ਤਰ੍ਹਾਂ ਇਨ੍ਹਾਂ ਨੇ ਮਿਉਂਸਪਲ ਕਮੇਟੀ, ਅੰਮ੍ਰਿਤਸਰ ਨੂੰ ਤੋੜਿਆ ਹੈ। ਕੀ ਇਸੇ ਤਰ੍ਹਾਂ ਇਹ ਮਾਰਕੀਟਿੰਗ ਬੋਰਡ ਨੂੰ ਤੋੜ ਕੇ ਇਸ ਦੀ ਇਨਕੁਆਇਰੀ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਚੀਫ ਮਨਿਸਟਰ ਸਾਹਿਬ ਨੂੰ ਕਿਸੇ ਨੇ ਕੋਈ ਮੈਮੋਰੈਂਡਮ ਦਿਤਾ ਹੈ, ਉਹ ਮੇਰੇ ਰਿਕਾਰਡ ਵਿਚ ਨਹੀਂ ਹੈ ਇਸ ਲਈ ਮੈਂ 'ਨਾਂਹ' ਵਿਚ ਜਵਾਬ ਦਿਤਾ ਹੈ। ਜਿਹੜੀ ਇਨ੍ਹਾਂ ਨੇ ਦੂਸਰੀ ਗੱਲ ਕਹੀ ਹੈ ਕਿ ਮੋਗੇ ਦੀ ਮਾਰਕਿਟ ਕਮੇਟੀ ਵਿਚ ਇਤਨੇ ਰੁਪਏ ਦਾ ਗਬਨ ਹੋਇਆ ਹੈ, ਇਸ ਨੂੰ ਮੈਂ ਗਬਨ ਨਹੀਂ ਕਹਿ ਸਕਦਾ। ਇਸ ਨੂੰ ਮੈਂ ਇਹ ਕਹਿ ਸਕਦਾ ਹਾਂ ਕਿ ਉਨ੍ਹਾਂ ਲੋਕਾਂ ਨੇ ਹਾਈ ਕੋਰਟ ਵਿਚ ਰਿਟ ਕੀਤੀ ਹੋਈ ਹੈ। ਉਨ੍ਹਾਂ ਲੋਕਾਂ ਨੇ ਮਾਰਕਿਟ ਫੀਸ ਨਹੀਂ ਦਿਤੀ। ਮੈਂ ਪਿਛਲੇ ਤਿੰਨ ਸਾਲਾਂ ਦੀ ਮਿਉਂਸਪਲ ਕਮੇਟੀ, ਮੋਗਾ ਤੋਂ ਪੜਤਾਲ ਕਰਵਾਈ ਹੈ ਕਿ ਕਿਤਨੀ ਕਿਤਨੀ ਚੀਜ਼ ਇਥੇ ਆਈ ਹੈ ! ਇਨ੍ਹਾਂ ਨੇ ਪਤਾ ਨਹੀਂ ਇਹ ਫਿਗਰਜ਼ ਕਿਥੋਂ ਲੈ ਲਈਆਂ ਹਨ। ਪਿਛਲੇ ਤਿੰਨ ਸਾਲ ਦੇ ਮਿਉਂਸਪਲ ਕਮੇਟੀ ਦੇ ਰਿਕਾਰਡ ਦੇ ਮੁਤਾਬਕ ਇਹ ਪਤਾ ਲਗਿਆ ਹੈ ਕਿ 1971-72 ਵਿਚ ਕਰੀਬਨ 1 ਲੱਖ 32 ਹਜ਼ਾਰ ਰੁਪਿਆ ਫੀਸ 29 ਦੁਕਾਨਦਾਰਾਂ ਵਲ ਬਣਦੀ ਹੈ ਪਰ ਉਨ੍ਹਾਂ ਨੇ ਜਮ੍ਹਾ ਕਰਵਾਈ ਤਕਰੀਬਨ 4 ਹਜ਼ਾਰ ਰੁਪਏ। ਇਸੇ ਤਰ੍ਹਾਂ 1972-73 ਵਿਚ ਹਿਸਾਬ ਦੇ ਮੁਤਾਬਕ ਤਕਰੀਬਨ 1 ਲੱਖ 66 ਹਜ਼ਾਰ ਰੁਪਿਆ ਮਾਰਕਿਟ ਫੀਸ 35 ਦੁਕਾਨਦਾਰਾਂ ਵਲ ਬਣਦੀ ਹੈ ਪਰ ਉਨ੍ਹਾਂ ਨੇ ਦਿੱਤੀ ਕੁਲ 7 ਹਜ਼ਾਰ ਰੁਪਏ ਦੇ ਕਰੀਬ। ਇਸੇ ਤਰ੍ਹਾਂ 1973-74 ਵਿਚ 24 ਦੁਕਾਨਦਾਰਾਂ ਵੱਲ 4 ਲੱਖ 98 ਹਜ਼ਾਰ ਰੁਪਏ ਫੀਸ ਬਣਦੀ ਹੈ ਪਰ ਉਨ੍ਹਾਂ ਨੇ 13 ਹਜ਼ਾਰ ਰੁਪਏ ਸਿਰਫ ਦਿੱਤੀ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਅਗੇ ਹੀ ਬੇਨਤੀ ਕਰ ਚੁਕਾ ਹਾਂ ਕਿ ਬੋਰਡ ਦੇ 5-6 ਬੜੇ ਸੀਨੀਅਰ ਸਟਾਫ ਦੇ ਬੰਦੇ ਅੱਜ ਨਹੀਂ ਪਿਛਲੇ 5-6 ਮਹੀਨਿਆਂ ਤੋਂ ਭੇਜੇ ਹਨ ਅਤੇ ਉਹ ਮਿਉਂਸਪਲ ਕਮੇਟੀ ਤੋਂ ਇਹ ਹਿਸਾਬ ਦੇਖ ਰਹੇ ਹਨ। ਡਾਇਰੈਕਟਰ, ਲੋਕਲ ਸੈਲਫ ਗੌਰਮਿੰਟ ਤੋਂ ਮਿਉਂਸਿਪਲ ਕਮੇਟੀਜ਼ ਨੂੰ ਚਿਠੀ ਲਿਖਵਾਈ ਹੈ। ਇਕੱਲੇ ਮੋਗੇ ਦੀ ਨਹੀਂ ਬਾਕੀ ਦੀਆਂ ਹੋਰ ਮਿਉਂਸਪਲ ਕਮੇਟੀਆਂ ਤੋਂ ਵੀ ਅਸੀਂ ਇਹ ਸਾਰਾ ਹਿਸਾਬ ਕਿਤਾਬ ਦੇਖ ਰਹੇ ਹਾਂ। ਮੈਂ ਪਹਿਲਾਂ ਹੀ ਅਰਜ਼ ਕਰ ਚੁੱਕਾ ਹਾਂ ਕਿ ਅਸੀਂ ਉਥੇ 10 ਆਦਮੀਆਂ ਨੂੰ ਨੋਟਿਸ ਦਿਤਾ ਹੈ। ਕਿਉਂਕਿ ਹਾਲੀ ਤੱਕ ਉਨ੍ਹਾਂ ਨੇ ਸਾਨੂੰ ਆਪਣੀਆਂ ਵਹੀਆਂ ਵਗੈਰਾ ਨਹੀਂ ਦਿਖਾਈਆਂ। ਅਸੀਂ ਉਨ੍ਹਾਂ ਦੀਆਂ ਵਹੀਆਂ ਵਗੈਰਾ ਦੇਖਾਂਗੇ ਅਤੇ ਜਿਤਨਾ ਰੁਪਿਆ ਉਨ੍ਹਾਂ ਵਲ ਬਣਦਾ ਹੋਇਆ, ਅਸੀਂ ਉਹ ਸਾਰਾ ਰੁਪਿਆ ਵਸੂਲ ਕਰਾਂਗੇ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੇ ਗੁੜ, ਸ਼ਕਰ ਅਤੇ ਖੰਡਸਾਰੀ ਵਿਚ ਮੋਗੇ ਮੰਡੀ ਵਿਚ ਮਾਰਕਿਟ ਫੀਸ ਦੀ ਇਵੇਜ਼ਨ ਹੋਈ ਹੈ, ਉਥੇ ਦੂਸਰੀਆਂ ਮੰਡੀਆਂ ਵਿਚ ਵੀ ਇਸੇ ਤਰ੍ਹਾਂ ਮਾਰਕਿਟ ਫੀਸ ਦੀ ਇਵੇਜ਼ਨ ਹੁੰਦੀ ਹੈ ਅਤੇ ਇਸ ਤੋਂ ਇਲਾਵਾ ਹੋਰ ਚੀਜ਼ਾਂ ਜਿਸ ਤਰ੍ਹਾਂ ਝੋਨਾ ਵਗੈਰਾ ਹੈ ਉਸ ਦੇ ਵਿਚ ਵੀ ਇਵੇਜ਼ਨ ਹੁੰਦੀ ਹੈ। ਜਿਸ ਤਰ੍ਹਾਂ ਝੋਨੇ ਦੀ ਫਸਲ ਪਿਛਲੇ ਸਾਲ ਦੁੱਗਣੀ ਹੋਈ ਸੀ ਲੇਕਿਨ ਗਿਣੀ ਉਤਨੀ ਹੀ ਗਈ ਜਿਤਨੀ ਇਸ ਸਾਲ ਹੋਈ ਹੈ, ਇਸ ਦਾ ਮਤਲਬ ਇਹ ਹੈ ਕਿ ਬਾਕੀ ਦਾ ਝੋਨਾ ਨੰਬਰ 2 ਵਿਚ ਵਿਕਿਆ ਹੈ।

ਕੀ ਵਜ਼ੀਰ ਸਾਹਿਬ ਇਸ ਦੇ ਬਾਰੇ ਕੋਈ ਸਟਰੋਂਗ ਸਟੈਪ ਚੁੱਕਣਗੇ ਤਾਂ ਕਿ ਇਹ ਗੱਲਾਂ ਨਾ ਹੋਣ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਝੋਨੇ ਦੀ ਗੱਲ ਕਹੀ ਹੈ। ਮੈਨੂੰ ਇਸ ਗੱਲ ਦਾ ਪਤਾ ਲਗਿਆ ਹੈ ਕਿ ਸ਼ੈਲਰਜ਼ ਵਾਲੇ ਝੋਨਾ ਜ਼ਿਮੀਦਾਰ ਤੋਂ ਖੇਤਾਂ ਵਿੱਚੋਂ ਹੀ ਖਰੀਦ ਲੈਂਦੇ ਹਨ ਅਤੇ ਜਿਸ ਦੀ ਮਿਉਂਸਪਲ ਕਮੇਟੀ ਜਾਂ ਮਾਰਕਿਟ ਕਮੇਟੀ ਨੂੰ ਕੋਈ ਇਤਲਾਹ ਨਹੀਂ ਹੁੰਦੀ। ਇਸ ਤੇ ਅਸੀਂ ਕੜੀ ਨਿਗਰਾਨੀ ਕਰਦੇ ਹਾਂ ਅਤੇ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਇਸ ਤਰ੍ਹਾਂ ਨਾ ਹੋਵੇ। ਇਹ ਇਕੱਲੀ ਮੋਗੇ ਦੀ ਮਾਰਕਿਟ ਕਮੇਟੀ ਦੀ ਹੀ ਗੱਲ ਨਹੀਂ ਅਸੀਂ ਬਾਕੀਆਂ ਦੀ ਵੀ ਅਸੈਸਮੈਂਟ ਕਰਵਾਈ ਹੈ। ਇਸੇ ਤਰ੍ਹਾਂ ਤੁਸੀਂ, ਸਪੀਕਰ ਸਾਹਿਬ, ਗੁੜ੍ਹ ਨੂੰ ਦੇਖ ਲਉ ਕਿ ਜਿਹੜਾ ਗੁੜ ਲੋਕਲ ਬਣਦਾ ਹੈ ਅਤੇ ਉਹ ਰੇੜ੍ਹਿਆਂ ਵਿਚ ਜਾਂ ਟੋਕਰਿਆਂ ਵਿਚ ਆਉਂਦਾ ਹੈ ਤਾਂ ਉਸ ਦੀ ਤਾਂ ਮਾਰਕਿਟ ਫੀਸ ਅਸੀਂ ਲੈ ਲੈਂਦੇ ਹਾਂ ਲੇਕਿਨ ਜਿਹੜਾ ਗੁੜ ਜਾਂ ਸ਼ਕਰ ਬਾਹਰੋਂ ਆਉਂਦੀ ਹੈ ਉਸ ਦੇ ਵਿਚ ਸਾਨੂੰ ਬੜੀ ਤਕਲੀਫ ਹੁੰਦੀ ਹੈ। ਸਪੀਕਰ ਸਾਹਿਬ, ਤੁਸੀਂ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਅੰਮ੍ਰਿਤਸਰ ਮਿਉਂਸਪਲ ਕਮੇਟੀ ਤੋਂ ਅਸੀਂ ਰਿਕਾਰਡ ਮੰਗਿਆ ਤਾਂ ਪਤਾ ਲਗਿਆ ਕਿ ਅੰਮ੍ਰਿਤਸਰ ਦੇ ਵਿਚ ਲੱਖਾਂ ਕੁਇੰਟਲ ਗੁੜ, ਸ਼ਕਰ ਆਦਿ ਮਹੀਨੇ ਦਾ ਖਰਚ ਹੁੰਦਾ ਹੈ ਲੇਕਿਨ ਅਫਸੋਸ ਦੀ ਗੱਲ ਹੈ ਕਿ ਮਾਰਕਿਟ ਫੀਸ ਇਕ ਸਾਲ ਦੀ ਸਿਰਫ 1,700 ਕੁਇੰਟਲ ਗੁੜ, ਸ਼ਕਰ ਅਤੇ ਖੰਡਸਾਰੀ ਦੀ ਫੀਸ ਆਈ ਹੈ। ਇਸ ਤਰ੍ਹਾਂ ਮੇਰੀ ਅਰਜ਼ ਹੈ ਕਿ ਅਸੀਂ ਬਾਕੀਆਂ ਮਿਉਂਸਪਲ ਕਮੇਟੀਆਂ ਦੇ ਰਿਕਾਰਡ ਤੋਂ ਵੀ ਦੇਖ ਰਹੇ ਹਾਂ ਅਤੇ ਮਾਰਕਿਟ ਕਮੇਟੀਆਂ ਦੀ ਆਮਦ ਦੀ ਤਫਤੀਸ਼ ਕਰਕੇ ਸਾਰਿਆਂ ਤੋਂ ਪੈਸੇ ਵਸੂਲ ਕਰਾਂਗੇ।

ਸਰਦਾਰ ਜਸਦੇਵ ਸਿੰਘ ਸੰਧੂ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਮੋਗੇ ਦੀ ਮਾਰਕਿਟ ਕਮੇਟੀ ਵਿਚ 8 ਲੱਖ ਰੁਪਿਆ ਮਾਰਕਿਟ ਫੀਸ ਦਾ ਗਬਨ ਹੋਇਆ ਹੈ, ਇਸ ਬਾਰੇ ਉਨ੍ਹਾਂ ਦੀ ਸਰਕਾਰ ਦੇ ਮੁੱਖ ਸੰਸਦੀ ਸਕੱਤਰ, ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ ਨੇ ਇਕ ਬਿਆਨ ਦਿੱਤਾ ਹੈ ਕਿ 8 ਲੱਖ ਰੁਪਿਆ ਮਾਰਕਿਟ ਕਮੇਟੀ ਨੇ ਵਪਾਰੀਆਂ ਤੋਂ ਮਾਰਕਿਟ ਫੀਸ ਦਾ ਉਗਰਾਹਿਆ ਹੈ ਲੇਕਿਨ ਉਹ ਮਾਰਕਿਟ ਕਮੇਟੀ ਨੇ ਜਮ੍ਹਾਂ ਨਹੀਂ ਕਰਵਾਇਆ। ਉਸ ਤੇ ਵਜ਼ੀਰ ਸਾਹਿਬ ਨੇ ਕੀ ਐਕਸ਼ਨ ਲਿਆ ਹੈ ?

ਮੰਤਰੀ : ਸਪੀਕਰ ਸਾਹਿਬ, ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ ਨੇ ਮੈਨੂੰ ਇਕ ਨੋਟ ਭੇਜਿਆ ਸੀ ਅਤੇ ਉਸ ਦੇ ਵਿਚ ਇਹ ਗੱਲ ਲਿਖੀ ਸੀ ਕਿ ਉਥੇ ਲੋਕ ਮਾਰਕੀਟਿੰਗ ਫੀਸ ਜਮ੍ਹਾ ਨਹੀਂ ਕਰਵਾਉਂਦੇ, ਮੈਂ ਇਸ ਗੱਲ ਦੀ ਪੜਤਾਲ ਕਰਵਾ ਰਿਹਾ ਹਾਂ। ਉਥੇ ਮੈਂ ਮਾਰਕੀਟਿੰਗ ਬੋਰਡ ਦੇ 6-7 ਸੀਨੀਅਰ ਇਮਪਲਾਈਜ਼ ਭੇਜੇ ਹਨ ਅਤੇ ਉਨ੍ਹਾਂ ਨੇ ਕੁਝ ਇਹ ਫਿਗਰਜ਼ ਦਿੱਤੀਆਂ ਹਨ ਕਿ ਇਤਨੀ ਇਤਨੀ ਮਾਰਕਿਟ ਫੀਸ ਗੁੜ, ਸ਼ਕਰ ਅਤੇ ਖੰਡਸਾਰੀ ਦੀ ਨਹੀਂ ਆਈ। (ਸਰਦਾਰ ਜਸਦੇਵ ਸਿੰਘ ਸੰਧੂ ਵਲੋਂ ਵਿਘਨ) ਸੰਧੂ ਸਾਹਿਬ ਜੇ ਕੋਈ ਅਜਿਹੀ ਗੱਲ ਹੋਈ ਤਾਂ ਉਸ ਦੀ ਤਫਤੀਸ਼ ਕਰਕੇ ਜ਼ਰੂਰ ਲਵਾਂਗੇ। ਮੈਂ 6-7 ਸੀਨੀਅਰ ਮੋਸਟ ਕਰਮਚਾਰੀ ਮਾਰਕੀਟਿੰਗ ਬੋਰਡ ਦੇ ਭੇਜੇ ਹਨ ਅਤੇ ਉਹ ਸਾਰੀ ਅਸਸਮੈਂਟ ਕਰ ਰਹੇ ਹਨ। ਉਸੇ ਅਧਾਰ ਤੇ ਅਸੀਂ 10-11 ਆਦਮੀਆਂ ਨੂੰ ਨੋਟਿਸ ਦਿੱਤੇ ਹਨ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਸਾਲ 1971-72 ਵਿਚ ਹਿਸਾਬ ਦੇ ਮੁਤਾਬਕ 1 ਲੱਖ 32 ਹਜ਼ਾਰ ਰੁਪਿਆ 29 ਦੁਕਾਨਦਾਰਾਂ ਵਲ ਮਾਰਕਿਟ ਫੀਸ ਬਣਦੀ ਹੈ ਅਤੇ ਜਮ੍ਹਾ ਹੋਈ ਉਥੇ ਸਿਰਫ 4 ਹਜ਼ਾਰ ਰੁਪਏ। ਇਸੇ ਤਰ੍ਹਾਂ ਸਾਲ 1972-73 ਵਿਚ 1 ਲੱਖ 66 ਹਜ਼ਾਰ ਰੁਪਏ ਬਣਦੀ ਹੈ 35 ਦੁਕਾਨਦਾਰਾਂ ਵਲ ਪਰ ਉਨ੍ਹਾਂ ਨੇ ਕੁਲ 7 ਹਜ਼ਾਰ ਰੁਪਏ ਦੇ ਕਰੀਬ ਮਾਰਕਿਟ ਫੀਸ ਦਿੱਤੀ ਅਤੇ ਇਸੇ ਤਰ੍ਹਾਂ ਸਾਲ 1973-74 ਵਿਚ 24 ਦੁਕਾਨਦਾਰਾਂ ਵਲ 4 ਲੱਖ 98 ਹਜ਼ਾਰ ਰੁਪਏ ਮਾਰਕਿਟ ਫੀਸ ਬਣਦੀ ਹੈ ਪਰ ਉਨ੍ਹਾਂ ਨੇ ਸਿਰਫ 13 ਹਜ਼ਾਰ ਰੁਪਏ ਹੀ ਦਿਤੀ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮਾਰਕਿਟ ਕਮੇਟੀ ਦੇ ਮੁਲਾਜ਼ਮ ਹਨ ਉਹ ਕੀ ਕੰਮ ਕਰਦੇ ਹਨ, ਉਨ੍ਹਾਂ ਨੇ ਉਨ੍ਹਾਂ ਨੂੰ ਕਿਉਂ ਫੜਿਆ ਨਹੀਂ, ਚਲਾਨ ਕਿਉਂ ਨਹੀਂ ਕੀਤਾ ਜਾਂ ਕੋਈ ਹੋਰ ਜ਼ਰੂਰੀ ਕਾਰਵਾਈ ਕਿਉਂ ਨਹੀਂ ਕੀਤੀ ? ਕੀ ਵਜ਼ੀਰ ਸਾਹਿਬ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ਤਾਂ ਕਿ ਦੂਸਰੀਆਂ ਮਾਰਕਿਟ ਕਮੇਟੀਆਂ ਤੇ ਇਸ ਦਾ ਅੱਛਾ ਅਸਰ ਪਵੇ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਚੌਧਰੀ ਸਾਹਿਬ ਨੇ ਸੁਆਲ ਪੁੱਛਿਆ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਲੋਕਲ ਗੁੜ ਔਰ ਸ਼ਕਰ ਆਦਿ ਆਉਂਦਾ ਸੀ ਉਸ ਦੇ ਪੈਸੇ ਆਉਂਦੇ ਰਹੇ ਪਰ ਜਿਹੜਾ ਮਾਲ ਬਾਹਰੋਂ ਆਉਂਦਾ ਸੀ ਜਿਸ ਤਰ੍ਹਾਂ ਮੈਂ ਪਹਿਲਾਂ ਬੇਨਤੀ ਕਰ ਚੁੱਕਾ ਹਾਂ ਕਿ ਉਹ ਰਿੱਟ ਦਾ ਬਹਾਨਾ ਕਰਕੇ ਸਾਨੂੰ ਪੈਸੇ ਨਹੀਂ ਦਿੰਦੇ ਸਨ। ਇਸ ਵਿਚ ਚੋਰੀ ਨਹੀਂ ਹੋਈ ਉਹ ਜਾਣ ਬੁਝ ਕੇ ਨਹੀਂ ਦਿੰਦੇ ਸੀ। ਮਾਰਕਿਟ ਕਮੇਟੀ ਦੇ ਕਰਮਚਾਰੀ ਇਸ ਕਰਕੇ ਤੰਗ ਨਹੀਂ ਸੀ ਕਰਦੇ ਕਿਉਂਕਿ ਰਿੱਟਾਂ ਹੋਈਆਂ ਹੋਈਆਂ ਸਨ ਅਤੇ ਸਟੇ ਆਰਡਰ ਆਏ ਹੋਏ ਸਨ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਚਾਹੇ ਕਿਤਨਾ ਵੱਡੇ ਤੋਂ ਵੱਡਾ ਅਫਸਰ ਕਿਉਂ ਨਾ ਹੋਵੇ ਜੇਕਰ ਉਹ ਕੋਈ ਕੋਤਾਹੀ ਕਰਦਾ ਹੋਇਆ ਤਾਂ ਉਸ ਦੇ ਖਿਲਾਫ ਜ਼ਰੂਰ ਐਕਸ਼ਨ ਲਿਆ ਜਾਏਗਾ।

Mr. Speaker : The Question Hour is over now. The remaining questions will be taken up tomorrow.

ਕਈ ਮਾਨਯੋਗ ਮੈਂਬਰ : ਸਪੀਕਰ ਸਾਹਿਬ, ਇਹ ਸੁਆਲ ਬਹੁਤ ਜ਼ਰੂਰੀ ਹੈ ਅਤੇ ਇਸ ਤੇ ਸਪਲੀਮੈਂਟਰੀਜ਼ ਕਰ ਲੈਣ ਦਿਓ। (ਵਿਘਨ)

Mr. Speaker. Keeping in view the anxiety of the hon. Members, more supplementary questions will be allowed tomorrow on this question. The remaining questions on today's list of starred questions will be taken up immediately thereafter.

QUESTION OF PRIVILEGE

Mr. Speaker: I have received notice of a Privilege Motion from Sarvshri Sukhdev Singh Dhindsa and Balwinder Singh Bhunder, M.L.As stating that at page 4 in the Address read by the Governor in the House on the 27th February, 1973, it was mentioned that the State Government had obtained clearance of Thein Dam Project by negotiations with other States and the Central Government. Now the Central State Minister, Shri K.C. Pant has made a statement that the project could not be cleared because the concerned States were not agreeable.

I am examining the matter and will give my ruling later on.

STATEMENT BY THE CHIEF MINISTER REGARDING THE DISTRIBUTION OF EVACUEE LAND AND OTHER CONCESSIONS GIVEN TO HARIJANS

ਮੁੱਖ ਮੰਤਰੀ(ਗਿਆਨੀ ਜ਼ੈਲ ਸਿੰਘ):ਸਪੀਕਰ ਸਾਹਿਬ, ਕਲ ਸਾਡੇ ਸਦਨ ਵਿਚ ਕੁਝ ਅਫਸੋਸਨਾਕ ਵਾਕਿਆ ਹੋਇਆ । ਜਦੋਂ ਦੋ ਮੇਰੇ ਆਨਰੇਬਲ ਮੈਂਬਰਜ਼ ਜੋ ਹਰੀਜਨ ਬਰਾਦਰੀ ਨੂੰ ਬਿਲੌਂਗ ਕਰਦੇ ਹਨ, ਸਰਦਾਰ ਧੰਨਾ ਸਿੰਘ ਗੁਲਸ਼ਨ ਆਦਿ, ਹਾਊਸ ਦੇ ਫਲੋਰ ਤੇ ਬੈਠ ਗਏ ਅਤੇ ਉਨ੍ਹਾਂ ਨੇ ਹਾਊਸ ਦੀ ਕਾਰਵਾਈ ਚਲਣ ਤੋਂ ਰੋਕਿਆ । ਮੈਂ ਕਲ ਵੀ ਇਹ ਗਲ ਕਰਨ ਨੂੰ ਤਿਆਰ ਸਾਂ, ਲੇਕਿਨ ਅਫਸੋਸ ਦੀ ਗਲ ਇਹ ਸੀ ਕਿ ਹਾਊਸ ਇਨ-ਆਰਡਰ ਨਹੀਂ ਸੀ ਅਤੇ ਉਹ ਸਤਿਕਾਰਯੋਗ ਮੈਂਬਰਜ਼ ਆਪਣੀਆਂ ਸੀਟਾਂ ਤੇ ਨਹੀਂ ਸੀ ਬੈਠ ਰਹੇ । ਤੁਸੀਂ ਹਾਊਸ ਐਡਜਰਨ ਕਰ ਦਿਤਾ । ਇਸ ਦੇ ਨਾਲ ਇਕ ਐਸਾ ਮੱਤਾ ਜੋ ਹਰੀਜਨਾਂ ਦੀ ਭਲਾਈ ਵਾਸਤੇ ਅਤੇ ਉਨ੍ਹਾਂ ਦੀ ਇਜ਼ਤ ਅਤੇ ਸਨਮਾਨ ਦੀ ਰਖਸ਼ਾ ਵਾਸਤੇ ਆ ਰਿਹਾ ਸੀ ਇਕ ਪ੍ਰਾਈਵੇਟ ਆਨਰੇਬਲ ਮੈਂਬਰ ਵਲੋਂ, ਉਸ ਤੇ ਡਿਸਕਸ਼ਨ ਨਹੀਂ ਹੋ ਸਕੀ । ਮੇਰਾ ਖਿਆਲ ਹੈ ਕਿ ਇਸ ਗਲ ਨਾਲ ਸਾਰੇ ਹੀ ਮੈਂਬਰ ਸਾਹਿਬਾਨ ਸਹਿਮਤ ਹੋਣਗੇ ਕਿ ਸਾਡਾ ਉਹ ਸਮਾਂ ਜ਼ਾਇਆ ਹੋਇਆ ਹੈ । ਸਪੀਕਰ ਸਾਹਿਬ, ਜਿਸ ਮਸਲੇ ਉਤੇ ਸਾਡੇ ਹਰੀਜਨ ਮੈਂਬਰਜ਼ ਨੂੰ ਇਤਰਾਜ਼ ਸੀ ਉਹ ਸਰਦਾਰ ਧੰਨਾ ਸਿੰਘ ਗੁਲਸ਼ਨ ਜੀ ਦੀ ਅਗਵਾਈ ਵਿਚ ਉਸ ਬਾਰੇ ਕੁਝ ਦਿਨ ਪਹਿਲਾਂ ਮੈਨੂੰ ਮਿਲੇ ਸੀ । ਉਨ੍ਹਾਂ ਤੋਂ ਪਹਿਲਾਂ ਚੌਧਰੀ ਸੁੰਦਰ ਸਿੰਘ, ਸਰਦਾਰ ਹਰਚੰਦ ਸਿੰਘ, ਸਰਦਾਰ ਗੁਰਮੇਜ ਸਿੰਘ ਇਤਿਆਦਿ ਹਰੀਜਨ ਮੈਂਬਰਜ਼ ਵੀ ਮੈਨੂੰ ਮਿਲੇ ਸਨ ਔਰ ਸੀ.ਪੀ.ਆਈ. ਨਾਲ ਸਬੰਧ ਰਖਣ ਵਾਲੇ ਮੈਂਬਰਾਂ ਨਾਲ ਵੀ ਮੇਰੀ ਗਲ ਬਾਤ ਹੋਈ ਸੀ । ਇਹ ਮਾਮਲਾ ਮੈਂ ਦੋਬਾਰਾ ਵਿਚਾਰ ਅਧੀਨ ਕਰਨ ਨੂੰ ਤਿਆਰ ਹਾਂ, ਕਿਉਂਕਿ ਜਮਹੂਰੀਅਤ ਦੀਆਂ ਰਵਾਇਤਾਂ ਜਿਹੜੀਆਂ ਹਨ ਉਨ੍ਹਾਂ ਨੂੰ ਬਰਕਰਾਰ ਰੱਖਣ ਵਾਸਤੇ ਜੋ ਆਵਾਜ਼ ਵਿਰੋਧੀ ਦਲ ਤੋਂ ਉੱਠੇ ਜਾਂ ਸਰਕਾਰੀ ਬੈਂਚਾਂ ਤੋਂ ਉੱਠੇ, ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਜੇ ਉਸ ਵਿਚ ਕੋਈ ਸੁਧਾਰ ਕਰਨਾ ਹੋਵੇ ਤਾਂ ਸਰਕਾਰ ਨੂੰ ਫ਼ਰਾਖਦਿਲੀ ਨਾਲ ਕਰਨਾ ਚਾਹੀਦਾ ਹੈ । ਪਰ ਚੂੰਕਿ ਇਹ ਮਸਲਾ ਐਜੀਟੇਟ ਹੋਇਆ ਹੈ ਅਤੇ ਸਾਰੇ ਪੰਜਾਬ ਦੇ ਲੋਕਾਂ ਦੇ ਸਾਹਮਣੇ ਆ ਗਿਆ ਹੈ, ਇਸ ਲਈ ਮੈਂ ਇਸ ਦਾ ਖੁਲਾਸਾ ਤੁਹਾਡੀ ਸੇਵਾ ਵਿਚ ਰਖਾਂਗਾ । ਸਪੀਕਰ ਸਾਹਿਬ, ਸਟੇਟਮੈਂਟ ਦੇਣ ਤੋਂ ਪਹਿਲਾਂ ਮੈਂ ਆਨਰੇਬਲ ਮੈਂਬਰਜ਼ ਨੂੰ ਇਕ ਗਲ ਦੀ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਹਰੀਜਨ ਸੀਟਾਂ ਰਿਜ਼ਰਵ ਜ਼ਰੂਰ ਹਨ ਲੇਕਿਨ ਰੀਜ਼ਰਵੇਸ਼ਨ ਤੋਂ ਬਾਅਦ ਹਰੀਜਨ ਮੈਂਬਰਜ਼ ਇਕੱਲੇ ਹਰੀਜਨਾਂ ਦੀਆਂ ਵੋਟਾਂ ਨਾਲ ਨਹੀਂ ਆਉਂਦੇ, ਦੂਸਰੇ ਲੋਕ ਵੀ ਹਨ ਜਿਹੜੇ ਉਨ੍ਹਾਂ ਨੂੰ ਵੋਟਾਂ ਪਾਉਂਦੇ ਹਨ, ਇਸ ਕਰਕੇ ਜਿੱਥੇ ਹਰੀਜਨਾਂ ਮੈਂਬਰਜ਼ ਨੇ ਆਪਣਾ ਖਿਆਲ ਪੱਖਣਾ ਹੈ ਉੱਥੇ ਦੂਸਰੀਆਂ ਸ਼ਰੇਣੀਆਂ ਦੇ ਲੋਕਾਂ ਦਾ ਵੀ ਖਿਆਲ ਰੱਖਣਾ ਹੈ । ਜਿਹੜੇ ਰਿਜ਼ਰਵ ਤਾਂ ਨਹੀਂ ਆਉਂਦੇ ਉਹ ਵੀ ਕੇਵਲ ਨਾਨ-ਹਰੀਜਨ ਵੋਟਾਂ ਨਾਲ ਨਹੀਂ ਆਉਂਦੇ, ਉਹ ਵੀ ਹਰੀਜਨਾਂ ਦੀਆਂ ਵੋਟਾਂ ਨਾਲ ਆਉਂਦੇ ਹਨ । (ਥੰਪਿੰਗ) ਇਸ ਕਰਕੇ ਉਨ੍ਹਾਂ ਨੂੰ ਵੀ ਹਰੀਜਨਾਂ ਦਾ ਉਤਨਾ ਹੀ ਧਿਆਨ ਰਖਣਾ ਚਾਹੀਦਾ ਹੈ ਜਿਤਨਾ ਕਿ ਉਹ ਨਾਨ-ਹਰੀਜਨਾਂ ਦਾ ਰਖਦੇ ਹਨ । ਕਿਉਂਕਿ ਪਛੜੀਆਂ ਸ਼ਰੇਣੀਆਂ ਨੂੰ ਰਾਜਨੀਤਿਕ ਇਨਸਾਫ ਔਰ ਆਰਥਿਕ ਇਨਸਾਫ ਦੋਨਾਂ ਤੋਂ ਸਦੀਆਂ ਤੋਂ ਲੈ ਕੇ ਹੁਣ ਤਕ ਸਮਾਜ ਨੇ ਦਬਾ ਕੇ ਰਖਿਆ ਹੈ ਅਤੇ ਆਪਣੇ ਪੈਰਾਂ ਥਲੇ ਦਬਾਏ ਹਨ । ਉਨ੍ਹਾ ਨਾਲ ਇਨਸਾਫ ਨਹੀਂ ਹੁੰਦਾ ਰਿਹਾ । ਮੇਰੀ ਸਰਕਾਰ ਦੀ ਇਹ ਨੀਤੀ ਹੈ ਕਿ ਅਸੀਂ ਆਰਥਿਕ ਤੌਰ ਤੇ

[ਮੁਖ ਮੰਤਰੀ]

ਧਾਰਮਿਕ ਤੌਰ ਤੇ, ਸਮਾਜਿਕ ਤੌਰ ਤੇ ਅਤੇ ਰਾਜਨੀਤਕ ਤੌਰ ਤੇ ਉਨ੍ਹਾਂ ਲੋਕਾਂ ਦਾ ਦਲੇਰੀ ਨਾਲ ਧਿਆਨ ਰਖੀਏ। ਜਿਨ੍ਹਾਂ ਲੋਕਾਂ ਨੂੰ ਸਾਡੇ ਵਡੇ ਵਡੇਰਿਆਂ ਨੇ ਅਨਿਆ ਕਰ ਕੇ, ਧੱਕਾ ਕਰਕੇ ਇਨਸਾਨੀਅਤ ਤੋਂ ਘਿਰਨਾ ਯੋਗ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਕੀਤਾ ਸੀ। ਅਸੀਂ ਉਨ੍ਹਾਂ ਨੂੰ ਉਥੋਂ ਕਢੀਏ ਅਤੇ ਨਾਲ ਲੈ ਕੇ ਤੁਰੀਏ। ਮੈਂ ਮਹਿਸੂਸ ਕਰਦਾ ਹਾਂ ਕਿ ਸਾਡੇ ਆਨਰੇਬਲ ਮੈਂਬਰਜ਼ ਹਰੀਜਨ ਬਰਾਦਰੀ ਦੇ ਜਿਹੜੇ ਇਥੇ ਆਏ ਹਨ ਉਨ੍ਹਾਂ ਨੇ ਆਪਣੀ ਹਿੰਮਤ ਨਾਲ ਜਾਂ ਕੁਦਰਤ ਨਾਲ ਜਾਂ ਇਤਫਾਕ ਨਾਲ ਆਪਣੀ ਹਾਲਤ ਨੂੰ ਆਰਥਿਕ ਤੌਰ ਤੇ ਸੁਧਾਰਿਆ ਹੈ ਅਤੇ ਅਸੀਂ ਉਨ੍ਹਾਂ ਲੋਕਾਂ ਨਾਲ ਖੁਲ੍ਹਕੇ ਵਰਤਦੇ ਹਾਂ, ਲੇਕਿਨ ਸਾਡੇ ਹਰੀਜਨ ਅਤੇ ਦੂਸਰੇ ਮੈਂਬਰਾਂ ਦਾ ਇਹ ਫਰਜ਼ ਬਣਦਾ ਹੈ ਕਿ ਜਿਹੜਾ ਤਬਕਾ ਹਰੀਜਨਾਂ ਵਿਚ ਖਾਸ ਕਰਕੇ ਪਿਛੇ ਰਹਿ ਗਿਆ ਹੈ। ਜਿਨਾਂ ਦੀ ਜ਼ਿੰਦਗੀ ਦਾ ਨਿਰਬਾਹ ਬਿਲਕੁਲ ਨਹੀਂ, ਸਮਾਜ ਫਟਕਾਰਦਾ ਹੈ ਅਤੇ ਰਾਜਨੀਤਕ ਤੌਰ ਤੇ ਕੋਈ ਥਾਂ ਨਹੀਂ ਦਿਤੀ ਜਾਂਦੀ, ਉਨ੍ਹਾਂ ਲੋਕਾਂ ਦੀ ਭਲਾਈ ਲਈ ਜੇ ਰੂਲਜ਼ ਅਤੇ ਕਾਨੂੰਨ ਬਦਲਣੇ ਪੈਣ ਤਾਂ ਬਦਲ ਕੇ ਉਨ੍ਹਾਂ ਨਾਲ ਇਨਸਾਫ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਦਾ ਮਸ਼ਕੂਰ ਹਾਂ ਅਤੇ ਸਟੇਟਮੈਂਟ ਦੇਣ ਤੋਂ ਪਹਿਲਾਂ ਖੁਸ਼ੀ ਦਾ ਇਜ਼ਹਾਰ ਕਰਦਾ ਹਾਂ ਕਿ ਉਨ੍ਹਾਂ ਨੇ ਆਖਿਆ ਹੈ ਹਰੀਜਨਾਂ ਨੂੰ ਜ਼ਮੀਨਾਂ ਦਿਓ ਔਰ ਇਧਰਲੇ ਪਾਸਿਉਂ ਵੀ ਆਖਿਆ ਹੈ। ਹੁਣ ਮੈਂ ਅਗੇ ਵਾਸਤੇ ਸਭ ਤੋਂ ਪਹਿਲਾਂ ਆਨਰੇਬਲ ਲੀਡਰ ਆਫ ਦੀ ਆਪੋਜ਼ੀਸ਼ਨ ਦੀ ਸਬ-ਡਿਵੀਜ਼ਨ ਤੋਂ ਇਹ ਕੰਮ ਸ਼ੁਰੂ ਕਰਾਂਗਾ। ਜਿਹੜੀਆਂ ਜ਼ਮੀਨਾਂ ਬੇਨਾਮੀਆਂ ਦਬੀਆਂ ਹਨ ਉਹ ਕਢਕੇ ਹਰੀਜਨਾਂ ਨੂੰ ਦੇਵਾਂਗਾ। ਸਪੀਕਰ ਸਾਹਿਬ ਉਹ ਮੇਰੀ ਸਹਾਇਤਾ ਕਰਨਗੇ। ਆਨਰੇਬਲ ਮੈਂਬਰ ਸਾਹਿਬਾਨ ਦੀ ਗਿਆਤ ਵਾਸਤੇ ਥੋੜੀ ਜਿਹੀ ਹਿਸਟਰੀ ਮੈਂ ਪਿਛਲੀ ਦੱਸਣਾ ਚਾਹੁੰਦਾ ਹਾਂ ਕਿ 1961 ਵਿਚ ਪ੍ਰਦੇਸ਼ਕ ਸਰਕਾਰ ਨੇ ਕੇਂਦਰੀ ਸਰਕਾਰ ਪਾਸੋਂ ਇਕ ਪੈਕੇਜ ਡੀਲ ਰਾਹੀਂ ਸਾਰੀ ਵਾਫਰ ਪੇਂਡੂ ਨਿਕਾਸੀ ਭੋਂ ਜੋ 3,50,000 ਏਕੜ ਦੇ ਲਗ-ਭਗ ਸੀ, 3,40,00,000 ਰੁਪਏ ਦੀ ਖਰੀਦੀ। ਇਸ ਭੋਂ ਦੇ ਨਿਪਟਾਰੇ ਬਾਰੇ ਪ੍ਰਦੇਸ਼ਕ ਸਰਕਾਰਾਂ ਸਮੇਂ ਸਮੇਂ ਸਿਰ ਆਪਣੀਆਂ ਨੀਤੀਆਂ ਬਣਾਉਂਦੀਆਂ ਰਹੀਆਂ। ਪਰ ਕੁਝ ਅਜਿਹੀਆਂ ਅੜਚਨਾਂ ਪੈਦਾ ਹੁੰਦੀਆਂ ਰਹੀਆਂ ਅਤੇ ਇਹ ਸਮਸਿਆ ਹੁਣ ਤੱਕ ਨਿਪਟਾ ਨਹੀਂ ਸਕੇ ਤੇ ਬੇਜ਼ਮੀਨੇ ਵਾਹੀਕਾਰ ਤੇ ਵਾਹੀ ਤੇ ਨਿਰਭਰ ਹਰੀਜਨ ਪਰਵਾਰ ਇਸ ਤੋਂ ਪੂਰਾ ਲਾਭ ਨਹੀਂ ਉਠਾ ਸਕੇ। ਵਰਤਮਾਨ ਸਰਕਾਰ ਨੇ ਪਿਛਲੇ ਸਾਲਾਂ ਵਿਚ ਹੋਈਆਂ ਘਟਨਾਵਾਂ ਨੂੰ ਮੁੱਖ ਰਖਦੇ ਹੋਏ ਇਸ ਸਮਸਿਆ ਦੇ ਹਰ ਪਹਿਲੂ ਦੀ ਚੰਗੀ ਤਰ੍ਹਾਂ ਘੋਖ ਕਰਾ ਕੇ ਮਿਤੀ 21 ਅਗਸਤ, 1974 ਨੂੰ ਨਵੀਂ ਨੀਤੀ ਨਿਰਧਾਰਿਤ ਕੀਤੀ ਅਤੇ ਇਹ ਨੀਤੀ ਨਿਰਧਾਰਿਤ ਕਰਨ ਤੋਂ ਪਹਿਲਾਂ ਹਰੀਜਨ ਮੈਂਬਰਾਂ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਟਿਕਟ ਤੇ ਆਏ ਹਨ, ਉਨ੍ਹਾਂ ਦੇ ਨਾਲ ਮੀਟਿੰਗ ਕਰਨ ਉਪਰੰਤ ਫੈਸਲਾ ਕੀਤਾ ਜਿਸ ਅਧੀਨ ਅਨੁਸੂਚਿਤ ਜਾਤੀ ਅਤੇ ਰਾਏ ਸਿਖ ਕਾਬਜ਼, ਜਿਨ੍ਹਾਂ ਦੇ ਪਾਸ ਪਹਿਲਾਂ ਕਬਜ਼ਾ ਸੀ ਅਤੇ ਆਪਣੇ ਕਬਜ਼ੇ ਵਾਲੀ ਭੋਂ ਜੋ ਸਾਧਾਰਣ 10 ਏਕੜ ਹ ਸਕਦੀ ਹੈ ਜਿਸ ਵਿਚ ਉਨ੍ਹਾਂ ਦੀ ਆਪਣੀ ਮਾਲਕੀ ਭੋਂ ਸ਼ਾਮਿਲ ਹੋਵੇਗੀ, ਰੱਬੀ 1972 ਤੋਂ ਨਿਰੰਤਰ ਤੇ ਨਿਰਵਿਵਾਦ ਕਬਜ਼ੇ ਦੇ ਆਧਾਰ ਤੇ ਨਿਸਚਿਤ ਦਰਾਂ ਤੇ ਮੁੰਤਕਿਲ ਕਰਵਾ ਸਕਦੇ ਹਨ। ਇਸ ਤਰ੍ਹਾਂ ਭੂਮੀਹੀਨ ਵਾਹੀਕਾਰ ਤੇ ਵਾਹੀ ਤੇ ਨਿਰਭਰ ਕਾਮੇ ਵੀ 10 ਸਾਧਾਰਣ ਏਕੜ ਭੋਂ ਦੇ ਕਬਜ਼ੇ ਦੇ ਆਧਾਰ ਤੇ ਖਰੀਦਣ ਦੇ ਪਾਤਰ ਹਨ। ਪਰ ਉਨ੍ਹਾਂ ਵਾਸਤੇ ਬਿਲਕੁਲ ਬੇਜ਼ਮੀਨੇ ਹੋਣਾ ਜ਼ਰੂਰੀ ਹੈ। ਜੇਕਰ ਉਨ੍ਹਾਂ ਦੀ ਇਕ ਮਰਲਾ ਵੀ ਮਾਲਕੀ ਭੋਂ ਹੋਵੇ ਤਾਂ ਉਹ ਨਿਕਾਸੀ

ਭੋਂ ਮੁੰਤਕਿਲ ਕਰਾਉਣ ਦੇ ਪਾਤਰ ਨਹੀਂ ਹਨ । ਬਾਕੀ ਦੀ ਬਚੀ ਕਾਸ਼ਤ, ਬੰਜਰ ਤੇ ਗੈਰ-ਮੁਮਕਿਨ ਭੋਂ ਸੀਮਿਤ ਬੋਲੀ ਦੇ ਰਾਹੀਂ ਕੇਵਲ ਭੂਮੀ ਹੀਨ ਅਨੁਸੂਚਿਤ ਜਾਤੀਆਂ ਦੇ ਪਰਵਾਰਾਂ ਜਿਨ੍ਹਾਂ ਦਾ ਵਾਹੀ ਹੀ ਸਹਾਰਾ ਹੈ ਤੇ ਹੋਰ ਕੋਈ ਜੀਵਿਕਾ ਸਾਧਨ ਨਹੀਂ ਵਿਚ ਵੇਚੀ ਜਾਣੀ ਹੈ । ਇਸ ਨੀਤੀ ਤੇ ਅਮਲ ਹੋ ਰਿਹਾ ਹੈ । ਅਨ-ਅਧਿਕਾਰਤ ਕਾਬਜ਼ਾਂ ਪਾਸੋਂ 31 ਅਕਤੂਬਰ, 1974 ਤਕ ਕੁਲ 20,000 ਬਿਨੈ ਪੱਤਰ ਪਹੁੰਚੇ ਹਨ ਜਿੰਨਾਂ ਵਿਚੋਂ 14,000 ਦੇ ਲਗ ਭਗ ਨਿਪਟਾ ਦਿਤੇ ਗਏ ਹਨ । ਪਿਛਲੇ ਇਕ ਮਹੀਨੇ ਵਿਚ 1,222 ਹਰੀਜਨ ਪਰਵਾਰਾਂ ਨੂੰ ਭੋਂ ਦਿਤੀ ਗਈ ਹੈ । ਇਸੇ ਤਰ੍ਹਾਂ, 1,435 ਰਾਏ ਸਿਖਾਂ ਨੂੰ 729 ਏਕੜ ਭੂਮੀਹੀਨ ਵਾਹੀਕਾਰਾਂ ਤੇ ਵਾਹੀ ਤੇ ਨਿਰਭਰ ਕਾਮਿਆਂ ਨੂੰ ਭੋਂ ਮੁੰਤਕਿਲ ਕੀਤੀ ਗਈ ਹੈ । ਕੁਲ 6,500 ਬਿਨੈ ਪੱਤਰ ਬਾਕੀ ਰਹਿ ਗਏ ਹਨ ਜਿਨ੍ਹਾਂ ਦਾ ਨਿਪਟਾਰਾ ਮੁੜ ਵਿਚਾਰ ਕਰਕੇ ਕੀਤਾ ਜਾਵੇਗਾ । ਜੋ ਭੂਮੀਹੀਨ ਵਾਹੀਕਾਰ ਜਾਂ ਵਾਹੀ ਤੇ ਨਿਰਭਰ ਕਾਮਿਆਂ ਦੇ ਕਬਜ਼ੇ ਅਧੀਨ ਆਉਂਦੀ ਸੀ ਉਹ ਕੋਈ 22,000 ਏਕੜ ਨਿਕਾਸੀ ਭੋਂ ਹੈ ਜਿਸ ਵਿਚੋਂ ਇਨ੍ਹਾਂ ਨੂੰ ਕੇਵਲ 2,500 ਏਕੜ ਭੂਮੀਹੀਨਾਂ ਵਾਸਤੇ ਮੰਤਕਿਲ ਹੋ ਸਕੇਗੀ ਜੋ ਕੁਲ ਕਾਸ਼ਤਯੋਗ ਨਿਕਾਸੀ ਭੋਂ ਦਾ 3 ਫੀ ਸਦੀ ਬਣਦਾ ਹੈ । ਬਾਕੀ ਦੀ ਜੋ ਭੋਂ ਇਨ੍ਹਾਂ ਦੇ ਕਬਜ਼ੇ ਵਿਚ ਹੈ ਉਹ ਕੇਵਲ ਭੂਮੀਹੀਨ ਹਰੀਜਨਾ ਵਿਚ ਹੀ ਵੇਚੀ ਜਾਣੀ ਹੈ । ਇਸ ਤਰ੍ਹਾਂ 40,000 ਸਟੈਂਡਰਡ ਏਕੜ ਕਾਸ਼ਤ ਦੇ ਕਾਬਿਲ, 29,000 ਸਾਧਾਰਣ ਏਕੜ ਬੰਜਰ ਤੇ 69,000 ਸਾਧਾਰਣ ਏਕੜ ਗੈਰ-ਮੁਮਕਿਨ ਜ਼ਮੀਨ ਭੂਮੀਹੀਨ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਵਿਚ ਸੀਮਿਤ ਬੋਲੀ ਦੇ ਰਾਹੀਂ ਵੇਚਣ ਯੋਗ ਹੋਵੇਗੀ ।ਜਿਸ ਦਾ ਲਾਭ ਸਿਰਫ ਹਰੀਜਨਾਂ ਨੂੰ ਜਾਣਾ ਹੈ ਤੇ ਹੋਰ ਕਿਸੇ ਸ਼੍ਰੇਣੀ ਨੂੰ ਨਹੀਂ ਜਾਵੇਗਾ । ਵਰਤਮਾਨ ਨੀਤੀ ਦੇ ਕੁਝ ਮਹੱਤਵਪੂਰਣ ਅੰਸ਼ ਇਹ ਹਨ । ਵਣ ਵਿਭਾਗ ਨੂੰ ਮੁੰਤਕਿਲ ਕੀਤੀ ਹੋਈ 26,000 ਏਕੜ ਦੇ ਲਗ-ਭਗ, ਗੈਰਮੁਮਕਿਨ ਜ਼ਮੀਨ ਭੂਮੀਹੀਨ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਵਿਚ ਵੇਚੀ ਜਾਣੀ ਹੈ ਜਿਹੜੀ ਕਿ ਇਸ ਤੋਂ ਪਹਿਲਾਂ ਵਣ ਵਿਭਾਗ ਨੂੰ ਦਿਤੀ ਗਈ ਸੀ । ਸੀਮਿਤ ਬੋਲੀਆਂ ਵਿਚ ਕੇਵਲ ਉਸ ਪਿੰਡ ਦੇ ਹਰੀਜਨ ਪਰਿਵਾਰ ਹੀ ਬੋਲੀ ਵਿਚ ਭਾਗ ਲੈ ਸਕਣਗੇ ਜਿਸ ਪਿੰਡ ਵਿਚ ਵੇਚਣ ਯੋਗ ਭੋਂ ਸਥਿਤ ਹੈ । ਇੰਜ ਕਰਨ ਨਾਲ ਕੋਈ ਵਿਅਕਤੀ ਬਾਹਰੋਂ ਜਾ ਕੇ ਜ਼ਮੀਨ ਨਹੀਂ ਖਰੀਦ ਸਕੇਗਾ । ਬੋਲੀਆਂ ਵੀ ਹੱਦ ਤੋਂ ਬਾਹਰ ਨਹੀਂ ਜਾਣਗੀਆਂ ਤੇ ਨਾ ਹੀ ਬੇਨਾਮੀ ਸੌਦੇ ਹੋਣਗੇ ਤੇ ਨਾ ਹੀ ਉਹ ਲੋਕ ਕਰਵਾ ਸਕਣਗੇ ਜਿਹੜੇ ਆਪਣਾ ਕੋਈ ਹੋਰ ਕਾਰੋਬਾਰ ਕਰਦੇ ਹਨ ਅਤੇ ਉਨ੍ਹਾਂ ਦਾ ਸਹਾਰਾ ਕੇਵਲ ਖੇਤੀ ਬਾੜੀ ਨਹੀਂ । ਉਹ ਭਾਵੇਂ ਕਿਸੇ ਵੀ ਸ਼੍ਰੇਣੀ ਦੇ ਹੋਣਗੇ ਉਹ ਜ਼ਮੀਨ ਨਹੀਂ ਖਰੀਦ ਸਕਣਗੇ । ਇਸ ਨੀਤੀ ਦਾ ਲਾਭ ਕੇਵਲ ਵਾਹੀਕਾਰ ਜਾਂ ਵਾਹੀ ਤੇ ਨਿਰਭਰ ਹਰੀਜਨ ਪਰੀਵਾਰਾਂ ਨੂੰ ਪਹੁੰਚੇਗਾ, ਕਿਸੇ ਹੋਰ ਨੂੰ ਇਸ ਦਾ ਫਾਇਦਾ ਨਹੀਂ ਪਹੁੰਚੇਗਾ । ਇਸ ਨੀਤੀ ਵਿਚ ਕੁਝ ਅਜਿਹੇ ਅਸੂਲ ਬਣਾਏ ਹਨ, ਜਿਨ੍ਹਾਂ ਕਾਰਨ ਕੋਈ ਸਰਕਾਰੀ ਮੁਲਾਜ਼ਮ ਜਾਂ ਉਸਦਾ ਆਸ਼ਰਿਤ ਜਾਂ ਪਰਭਾਵਸ਼ਾਲੀ ਵਿਅਕਤੀ ਭੋਂ ਨਹੀਂ ਖਰੀਦ ਸਕੇਗਾ । ਜਿੰਨੀ ਭੋਂ ਅਨ-ਅਧਿਕਾਰਤ ਕਬਜ਼ਿਆਂ ਹੇਠਾਂ ਹੈ ਉਹ ਵੀ ਕੇਵਲ ਹਰੀਜਨ ਪਰਿਵਾਰਾਂ ਵਿਚ ਵੇਚੀ ਜਾਣੀ ਹੈ । ਵਰਤਮਾਨ ਜੋ ਨੀਤੀ ਚਾਲੂ ਹੈ ਉਸ ਨੀਤੀ ਉਤੇ ਦੁਬਾਰਾ ਵਿਚਾਰ ਕਰਨ ਲਈ ਮੈਂ ਅਕਾਲੀ ਪਾਰਟੀ ਦੇ, ਕਮਿਊਨਿਸਟ ਪਾਰਟੀ ਦੇ, ਕਾਂਗਰਸ ਦੇ ਲੀਡਰਾਂ ਨਾਲ ਤੇ ਖਾਸ ਤੌਰ ਤੇ ਹਰੀਜਨ ਮੈਂਬਰਾਂ ਦੇ ਨਾਲ ਦੁਬਾਰਾ ਵਿਚਾਰ ਕਰਾਂਗਾ ਔਰ ਇਸ ਦੇ ਵਿਚ ਕੋਈ ਹੋਰ ਇੰਪਰੂਵਮੈਂਟ ਕਰਨ ਦੀ ਜ਼ਰੂਰਤ ਪਈ ਤਾਂ ਉਸ ਦੇ ਵਿਚ ਮੇਰਾ ਕੋਈ ਪ੍ਰੈਸਟਿਜ ਦਾ ਸਵਾਲ ਨਹੀਂ ਹੋਵੇਗਾ । ਮੈਂ ਫਿਰ ਵੀ ਇਸ ਤੇ ਵਿਚਾਰ ਕਰਨ ਲਈ ਤਿਆਰ ਹੋਵਾਂਗਾ । (ਤਾੜੀਆਂ)

[ਮੁੱਖ ਮੰਤਰੀ]

ਸਪੀਕਰ ਸਾਹਿਬ, ਇਹ ਦਸਣਾ ਜ਼ਰੂਰੀ ਹੈ ਕਿ ਸਿਰਫ ਤਰਮੀਮਾਂ ਦਾ ਸਵਾਲ ਹੀ ਨਹੀਂ, ਪੰਜਾਬ ਦੇ ਅੰਦਰ ਬਾਕੀ ਸੂਬਿਆਂ ਨਾਲੋਂ ਹਰੀਜਨਾਂ ਦੀ ਹਾਲਤ ਚੰਗੀ ਹੈ ਲੇਕਿਨ ਬਿਲ-ਮੁਕਾਬਿਲ ਦੂਸਰੀਆਂ ਸ਼ਰੇਣੀਆਂ ਦੇ, ਹਰੀਜਨਾਂ ਦੀ ਹਾਲਤ ਮਾੜੀ ਹੈ । ਸਾਡੇ ਦੇਸ਼ ਦੇ ਵਿਧਾਨ ਨੇ ਜੋ ਰਿਜ਼ਰਵੇਸ਼ਨ ਦਿਤੀ ਹੈ ਉਸ ਤੇ ਤਾਂ ਅਮਲ ਸਾਰੇ ਹਿੰਦੁਸਤਾਨ ਵਿਚ ਹੋ ਰਿਹਾ ਹੈ ਲੇਕਿਨ ਉਸ ਤੋਂ ਵਧੇਰੇ ਜੋ ਪੰਜਾਬ ਦੀ ਸਰਕਾਰ ਨੇ ਇਨ੍ਹਾਂ ਤਿੰਨਾਂ ਸਾਲਾਂ ਵਿਚ ਕੀਤਾ ਹੈ ਉਹ ਵੀ ਮੈਂ ਥੋੜੇ ਮਿੰਟਾਂ ਵਿਚ ਤੁਹਾਡੀ ਸੇਵਾ ਵਿਚ ਰਖਾਂਗਾ ਪਰ ਮੈਂ ਇਸ ਗਲ ਦਾ ਕਲੇਮ ਕਰਦਾ ਹਾਂ ਕਿ ਵਰਤਮਾਨ ਸਰਕਾਰ ਤੋਂ ਪਹਿਲਾਂ ਬਣੀਆਂ ਹੋਈਆਂ ਜੋ ਸਰਕਾਰਾਂ ਸਨ ਭਾਵੇਂ ਉਹ ਕਾਂਗਰਸ ਦੀਆਂ ਸਨ, ਭਾਵੇਂ ਕਿਸੇ ਹੋਰ ਪਾਰਟੀ ਦੀਆਂ ਸਨ, ਭਾਵੇਂ ਉਹ ਸਾਂਝੀਆਂ ਸਰਕਾਰਾਂ ਸਨ ਕਿਸੇ ਦਾ ਵੀ ਮੁਕਾਬਲਾ ਇਨ੍ਹਾਂ ਰਿਆਇਤਾਂ ਨਾਲ ਨਹੀਂ ਹੋ ਸਕੇਗਾ । ਜਿਤਨੀਆਂ ਰਿਆਇਤਾਂ ਇਸ ਸਰਕਾਰ ਨੇ ਦਿਤੀਆਂ ਹਨ ਇਹ ਪੰਜਾਬ ਦੀ ਹਿਸਟਰੀ ਵਿਚ ਪਹਿਲਾ ਹੀ ਮੌਕਾ ਹੈ ਜਦੋਂ ਫੁਲ ਕੈਬਨਿਟ ਦੇ 6 ਵਜ਼ੀਰਾਂ ਵਿਚੋਂ 2 ਵਜ਼ੀਰ ਹਰੀਜਨ ਲਏ ਗਏ ਹਨ । (ਵਿਘਨ)

ਸਪੀਕਰ ਸਾਹਿਬ, ਮਰੜ੍ਹੀ ਸਾਹਿਬ ਦਾ ਮੈਂ ਬੜਾ ਅਦਬ ਕਰਦਾ ਹਾਂ । ਮੈਂ ਇਨ੍ਹਾਂ ਨੂੰ ਇਕੋ ਗਲ ਦਸਣਾ ਚਾਹੁੰਦਾ ਹਾਂ ਕਿ ਵਫ਼ਾਦਾਰੀ ਤੋਂ ਬਗੈਰ ਕੋਈ ਵਜ਼ੀਰ ਨਹੀਂ ਬਣਾਇਆ ਜਾ ਸਕਦਾ । ਉਹ ਖੁਦ ਇਕ ਥਾਂ ਤੇ ਵਫ਼ਾਦਾਰੀ ਤੋੜ ਕੇ ਦੂਜੀ ਥਾਂ ਵਫ਼ਾਦਾਰੀ ਦੇ ਕੇ ਵਜ਼ੀਰ ਬਣੇ ਸੀ । ਕੋਈ ਵੀ ਚੀਫ਼ ਮਨਿਸਟਰ ਮੈਂ ਨਹੀਂ ਦੇਖਿਆ ਜਿਹੜਾ ਕਿ ਅਜਿਹੇ ਆਦਮੀ ਨੂੰ ਵਜ਼ੀਰ ਬਣਾ ਦੇਵੇ ਜਿਹੜਾ ਕਿ ਉਸ ਦਾ ਵਫ਼ਾਦਾਰ ਨਾ ਹੋਵੇ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸ੍ਰੀ ਗੁਰਮੇਲ ਸਿੰਘ ਨੂੰ ਇਨ੍ਹਾਂ ਨੇ ਬਣਾਇਆ ਸੀ । ਉਸ ਨੂੰ ਖੁਡੇ ਲਾ ਦਿਤਾ ਹੈ ।

(ਇਸ ਸਮੇਂ ਸਰਦਾਰ ਬਸੰਤ ਸਿੰਘ ਖਾਲਸਾ ਬੋਲਣ ਲਈ ਖੜੇ ਹੋਏ)

ਮੁੱਖ ਮੰਤਰੀ : ਖਾਲਸਾ ਜੀ ਤੁਸੀਂ ਦੋ ਮਿੰਟ ਬੈਠੋ, ਮਰੜ੍ਹੀ ਸਾਹਿਬ ਨੂੰ ਇਨਫਰਮੇਸ਼ਨ ਦੇ ਦੇਵਾਂ । (ਵਿਘਨ)

ਸਪੀਕਰ ਸਾਹਿਬ, ਮੈਂ ਮਰੜ੍ਹੀ ਸਾਹਿਬ ਨਾਲ ਸਹਿਮਤ ਹਾਂ । ਉਨ੍ਹਾਂ ਦਾ ਇਤਰਾਜ਼ ਸਚਾ ਹੈ । ਜਿਹੜੇ ਹਰੀਜਨ ਹਨ ਪੰਜਾਬ ਦੇ ਉਨ੍ਹਾਂ ਵਿਚ ਵੀ ਦੋ ਤਿੰਨ ਸ਼ਰੇਣੀਆਂ ਹਨ । ਇਕ ਤਾਂ ਉਹ ਹਰੀਜਨ ਹਨ ਜਿਨ੍ਹਾਂ ਨੂੰ ਚਮਾਰ ਕਿਹਾ ਜਾਂਦਾ ਸੀ । ਇਕ ਉਹ ਹਰੀਜਨ ਹਨ ਜਿਨ੍ਹਾਂ ਨੂੰ ਬਾਲਮੀਕੀ ਕਿਹਾ ਜਾਂਦਾ ਹੈ, ਪਹਿਲਾਂ ਇਨ੍ਹਾਂ ਨੂੰ ਕੁਝ ਹੋਰ ਕਿਹਾ ਜਾਂਦਾ ਸੀ । ਇਕ ਮਜ਼੍ਹਬੀ ਹਨ । ਇਹ ਪੁਰਾਣੇ ਲਫਜ਼ ਨਹੀਂ ਵਰਤਣੇ ਚਾਹੀਦੇ । ਸਾਨੂੰ ਉਨ੍ਹਾਂ ਦਾ ਆਦਰ ਕਰਨਾ ਚਾਹੀਦਾ ਹੈ । ਮੈਂ ਮੰਨਦਾ ਹਾਂ ਕਿ ਸਭ ਤੋਂ ਜ਼ਿਆਦਾ ਬਾਲਮੀਕੀ ਹਰੀਜਨ ਜ਼ਰੂਰਤ ਮੰਦ ਹਨ । ਉਨ੍ਹਾਂ ਦਾ ਧਿਆਨ ਰਖਣ ਦੀ ਲੋੜ ਹੈ । ਜੋ ਸਾਡੇ ਵਜ਼ੀਰ ਜਿਹੜੇ ਹਨ ਉਹ ਇਸ ਬਰਾਦਰੀ ਨਾਲ ਤੁਅੱਲਕ ਨਹੀਂ ਰਖਦੇ । ਮੈਂ ਸਮਝਦਾ ਹਾਂ ਕਿ (ਮਰੜ੍ਹੀ ਸਾਹਿਬ ਵਲ ਇਸ਼ਾਰਾ ਕਰਦੇ ਹੋਏ) ਇਹ ਮਜ਼੍ਹਬੀ ਸਿਖ ਜ਼ਿਆਦਾ ਡੀਜ਼ਰਵਿੰਗ ਕੈਂਡੀਡੇਟ ਹਨ । ਲੇਕਿਨ ਮਰੜ੍ਹੀ ਸਾਹਿਬ, ਮੇਰੇ ਹਥ ਬਝੇ ਹੋਏ ਹਨ, ਤੁਸੀਂ ਤਾਂ ਉਸ ਪਾਸੇ ਵਲ ਹੀ ਜਾਂਦੇ ਹੋ ਜਿਸ ਪਾਸੇ ਵਲੋਂ ਕੋਈ ਫਾਇਦਾ ਨਹੀਂ ਹੋਣਾ । ਇਹ ਤੁਸੀਂ ਹੁਣ ਸਰਦਾਰ ਧੰਨਾ ਸਿੰਘ ਜੀ ਨਾਲ ਸਲਾਹ ਕਰੋ ।

ਸਰਦਾਰ ਜਗਦੇਵ ਸਿੰਘ ਤਲਵੰਡੀ : ਕੀ ਪਤਾ ਹੈ ਗਿਆਨੀ ਜੀ ਤੁਹਾਨੂੰ ਵੀ ਇਸ ਪਾਸੇ ਵਲ ਆਉਣਾ ਪਵੇ । (ਹਾਸਾ)

ਮੁੱਖ ਮੰਤਰੀ : ਵੇਖੋ ਤਲਵੰਡੀ ਸਾਹਿਬ, ਇਹ ਨਾ ਹੀ ਕੋਈ ਬੇਇਜ਼ਤੀ ਹੈ ਇਧਰੋਂ ਉਧਰ ਜਾਣ ਵਿਚ ਔਰ ਨਾ ਹੀ ਉਧਰੋਂ ਇਧਰ ਆਉਣ ਵਿਚ ਕੋਈ ਬੁਰੀ ਗਲ ਹੈ । ਇਸ ਪਾਸੇ ਆਉ ਤਾਂ ਕੋਈ ਬੇਇਜ਼ਤੀ ਨਹੀਂ ਹੈ ਪਰ ਜੇਕਰ ਇਹ ਪਗ ਲਾਹ ਕੇ ਆਓ ਤਾਂ ਬੇਇਜ਼ਤੀ ਹੈ । (ਹਾਸਾ)

ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰਜ਼ ਦੀ ਗਿਆਤ ਲਈ ਇਹ ਦਸ ਰਿਹਾ ਹਾਂ ਕਿ ਕਾਨੂੰਨ ਬਣਾ ਦਿਤਾ ਗਿਆ ਹੈ ਕਿ ਹਰ ਨਗਰ ਪਾਲਕਾ ਵਿਚ ਅਨੁਸੂਚਿਤ ਜਾਤੀਆਂ ਵਿਚੋਂ ਪਛੜੀਆਂ ਸ਼ਰੇਣੀਆਂ ਦਾ ਇਕ ਮੈਂਬਰ ਅਤੇ ਇਕ ਮੈਂਬਰ ਬਾਲਮੀਕੀ ਜਾਤੀ ਦਾ, ਸਫਾਈ ਮਜ਼ਦੂਰਾਂ ਨਾਲ ਜਿਹੜਾ ਸਬੰਧਤ ਹੋਵੇਗਾ, ਇਕ ਮੈਂਬਰ ਹੋਣਾ ਲਾਜ਼ਮੀ ਹੈ । ਜੇਕਰ ਅਜੇਹੇ ਮੈਂਬਰ ਚੁਣੇ ਨਾ ਜਾਣ ਤਾਂ ਰਾਜ ਸਰਕਾਰ ਵਲੋਂ ਉਹ ਨਾਮਜ਼ਦ ਕੀਤੇ ਜਾਣਗੇ । ਇਸ ਤਰ੍ਹਾਂ ਰਾਜ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਨਾਲ ਸਬੰਧਤ 200 ਮਿਉਂਸਪਲ ਕਮਿਸ਼ਨਰ ਹਨ । ਕੋਈ ਵੀ ਮਿਉਂਸਪਲ ਕਮੇਟੀ ਉਤਨਾ ਚਿਰ ਤੱਕ ਮੁਕੰਮਲ ਨਹੀਂ ਹੋ ਸਕਦੀ ਜਿਤਨਾ ਚਿਰ ਤਕ ਸਫਾਈ ਮਜ਼ਦੂਰਾਂ ਵਿਚੋਂ ਇਕ ਮੈਂਬਰ ਨਾ ਹੋਵੇ ।

ਸਰਕਾਰ ਨੇ ਇਹ ਵੀ ਕਾਨੂੰਨ ਬਣਾ ਦਿਤਾ ਹੈ ਕਿ ਪੰਚਾਇਤ ਵਿਚ ਹਰੀਜਨ ਮੈਂਬਰ ਵੱਧ ਵੀ ਹੋ ਸਕਦੇ ਹਨ, ਦੋ ਵੀ ਹੋ ਸਕਦੇ ਹਨ, ਤਿੰਨ ਵੀ ਹੋ ਸਕਦੇ ਹਨ ਲੇਕਿਨ ਇਕ ਮੈਂਬਰ ਪੰਚਾਇਤ ਵਿਚ ਹਰੀਜਨ ਬਰਾਦਰੀ ਦਾ ਜ਼ਰੂਰੀ ਹੋਵੇ । ਉਤਨਾਂ ਚਿਰ ਤਕ ਪੰਚਾਇਤ ਮੁਕੰਮਲ ਨਹੀਂ ਹੋ ਸਕਦੀ ।

ਇਕ ਆਵਾਜ਼ : ਇਹ ਤਾਂ ਪਹਿਲਾਂ ਵੀ ਸੀ ।

ਵਿੱਤ ਮੰਤਰੀ : ਉਹ ਵੀ ਤਾਂ ਅਸੀਂ ਹੀ ਕੀਤਾ ਹੈ ।

ਮੁੱਖ ਮੰਤਰੀ : ਇਹ ਜ਼ੈਲ ਸਿੰਘ ਦੀ ਬਾਤ ਨਹੀਂ ਹੈ, ਇਹ ਵੀ ਕਾਂਗਰਸ ਪਾਰਟੀ ਨੇ ਹੀ ਕੀਤਾ ਹੈ । ਇਹ ਕਾਂਗਰਸ ਪਾਰਟੀ ਨੂੰ ਜਿਸ ਦੀ ਕਿ ਹੁਣ ਸਰਕਾਰ ਹੈ ਕਰੈਡਿਟ ਜਾਂਦਾ ਹੈ । ਤੁਹਾਨੂੰ ਅਕਾਲੀਆਂ ਵਲੋਂ ਕਰੈਡਿਟ ਮਿਲੇਗਾ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਤੁਸੀਂ ਵੀ ਤਾਂ ਪਹਿਲਾਂ ਅਕਾਲੀ ਪਾਰਟੀ ਵਿਚ ਸੀ ।

ਸਰਦਾਰ ਕਰਨੈਲ ਸਿੰਘ ਮਰੜੀ : ਸਪੀਕਰ ਸਾਹਿਬ, ਕੀ ਇਹ ਸਟੇਟਮੈਂਟ ਦੇ ਰਹੇ ਹਨ ਜਾਂ ਹਿਟਾਂ ਮਾਰ ਰਹੇ ਹਨ ?

ਸ੍ਰੀ ਸਪੀਕਰ : ਕੀ ਤੁਹਾਡੇ ਵੀ ਕੋਈ ਲਗੀ ਹੈ ਜਾਂ ਨਹੀਂ ? (ਹਾਸਾ) (Did you receive any hit ?)

ਮੁਖ ਮੰਤਰੀ : ਸਪੀਕਰ ਸਾਹਿਬ, ਮਰੜ੍ਹੀ ਸਾਹਿਬ ਸਾਡੇ ਮਿੱਤਰ ਹਨ । ਇਹ ਜੋ ਵੀ ਕਹਿਣ, ਠੀਕ ਹੈ । ਪਰ ਇਕ ਗਲ ਜ਼ਰੂਰ ਹੈ, ਮਨਸੂਰ ਨੂੰ ਲੋਕਾਂ ਨੇ ਇੱਟਾਂ ਮਾਰੀਆਂ ਪਰ ਉਸ ਨੇ ਕੋਈ ਗੁੱਸਾ ਨਹੀਂ ਸੀ ਕੀਤਾ ਪਰ ਜਦੋਂ ਇਕ ਮਿੱਤਰ ਨੇ ਫੂਲ ਮਾਰਿਆ ਤਾਂ ਉਸ ਨੂੰ ਗੁੱਸਾ ਆ ਗਿਆ । ਪੁਛਣ ਤੇ ਉਹ ਕਹਿਣ ਲਗਾ ਕਿ ਮਿੱਤਰ ਦਾ ਫੂਲ ਮਾਰਿਆ ਵੀ ਦੁਖਦਾ ਹੈ । ਇਸ ਲਈ ਤੁਸੀਂ ਨਾ ਕਿਹਾ ਕਰੋ, ਤੁਸੀਂ (ਮਰੜ੍ਹੀ ਜੀ ਵਲ ਇਸ਼ਾਰਾ ਕਰਕੇ) ਤਾਂ ਸਾਡੇ ਮਿੱਤਰ ਹੋ । ਹਾਊਸ ਦੇ ਮੈਂਬਰ ਇਹ ਨਾ ਮਹਿਸੂਸ ਕਰਨ ਕਿ ਮੈਂ ਇਹ ਮਾਰਨਾ ਚਾਹੁੰਦਾ ਹਾਂ । ਮੇਰੇ ਅੰਦਰ ਤੁਹਾਡੇ ਲਈ ਸਤਿਕਾਰ ਹੈ । ਇਨਸਾਨ ਦਾ ਫਰਜ਼ ਹੁੰਦਾ ਹੈ ਆਪਣੇ ਮਿੱਤਰਾਂ ਦਾ ਖਿਆਲ ਰਖੇ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਉਨ੍ਹਾਂ ਮਿੱਤਰਾਂ ਵਿਚ ਪਿਆਰਾ ਰਾਮ ਧੰਨੋਵਾਲੀ ਵੀ ਹੈ । (ਹਾਸਾ)

ਮੁੱਖ ਮੰਤਰੀ : ਹਾਂ, ਉਹ ਵੀ ਹਨ । ਪਰ ਮਿੱਤਰ ਉਹ ਹੀ ਹੁੰਦਾ ਹੈ ਜੋ ਆਪਣੇ ਮਿੱਤਰ ਦਾ ਭੇਦ ਆਪਣੇ ਪਾਸ ਹੀ ਰਖੇ । (ਮਰੜ੍ਹੀ ਸਾਹਿਬ ਵਲ ਇਸ਼ਾਰਾ ਕਰਦੇ ਹੋਏ) ਸਾਡੇ ਨਾਲ ਇਨ੍ਹਾਂ ਦਾ ਕੋਈ ਐਗਰੀਮੈਂਟ ਹੋਵੇ, ਅਸੀਂ ਬਾਦਲ ਸਾਹਿਬ ਨਾਲ, ਬਰਾੜ ਸਾਹਿਬ ਨਾਲ ਵੀ ਸੌ ਗਲਾਂ ਕਹੀਏ ਖੈਰ ਬਰਾੜ ਸਾਹਿਬ ਦਾ ਤੇ ਮੇਰਾ ਪਿੰਡ ਵੀ ਇਕੋ ਹੀ ਹੈ, ਇਸ ਤਰ੍ਹਾਂ ਹੀ ਮੇਰੀਆਂ ਹਰੀਜਨਾਂ ਮੈਂਬਰਾਂ ਨਾਲ ਬਹੁਤ ਗਲਾਂ ਹੋਈਆਂ ਹਨ ਪਰ ਉਨ੍ਹਾਂ ਨੂੰ ਪਾਰਟੀ ਬੇਸਿਜ਼ ਤੇ ਨਹੀਂ ਲੈਣਾ ਚਾਹੀਦਾ । ਮੈਨੂੰ ਭਰੋਸਾ ਹੈ ਕਿ ਉਨ੍ਹਾਂ ਆਪਣੀ ਪਾਰਟੀ ਨਾਲ ਦਗਾ ਨਹੀਂ ਕੀਤਾ ਔਰ ਪਰਮਾਤਮਾਂ ਮੇਹਰ ਕਰੇ ਕਿ ਇਹ ਕੰਮ ਇਸ ਤਰ੍ਹਾਂ ਹੀ ਚਲਦਾ ਰਹੇ । ਨਾ ਕੋਈ ਇਧਰੋਂ ਉਧਰ ਜਾਵੇ ਤੇ ਨਾ ਕੋਈ ਉਧਰੋਂ ਇਧਰ ਆਵੇ । ਇਸ ਤਰ੍ਹਾ ਹੀ ਠੀਕ ਹੈ ।

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰੜ੍ਹੀ ਜੀ ਬੋਲਣ ਲਈ ਖੜੇ ਹੋਏ ।)

ਸ੍ਰੀ ਸਪੀਕਰ : ਮਰੜ੍ਹੀ ਸਾਹਿਬ, ਬਾਰ ਬਾਰ ਉਠਦੇ ਹੋ, ਕੀ ਦਿਲ ਕਰਦਾ ਹੈ ਉਧਰ ਜਾਣ ਨੂੰ ? (ਹਾਸਾ) (Mararhi Sahib, you are rising time and again; do you want to join the Treasury Benches ?)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਸਾਰਿਆਂ ਦਾ ਈਮਾਨ ਕਾਇਮ ਰਹੇ । ਸਾਰੇ ਵੱਧਦੇ ਫੁਲਦੇ ਰਹਿਣ । ਲੇਕਿਨ ਇਕ ਗਲ ਮੈਂ ਦੱਸ ਦੇਵਾਂ ਕਿ ਜੋ ਮੁਲਕ ਦੇ ਹਾਲਾਤ ਬਣਦੇ ਜਾ ਰਹੇ ਹਨ, ਜਿਸ ਪਾਸੇ ਨੂੰ ਲੋਕ ਜਾ ਰਹੇ ਹਨ, ਉਧਰ ਰਹਿਣ ਨਾਲ ਇਹ (ਮਰੜ੍ਹੀ ਸਾਹਿਬ ਵਲ ਇਸ਼ਾਰਾ ਕਰਦੇ ਹੋਏ) ਰਾਜ ਨਹੀਂ ਕਰ ਸਕਦੇ, ਇਧਰ (ਹੁਕਮਰਾਨ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਰਹਿਣ ਨਾਲ ਹੀ ਕਰ ਸਕਦੇ ਹਨ । (ਵਿਘਨ)

Mr. Speaker : Order please.

ਮੁੱਖ ਮੰਤਰੀ : ਸਪੀਕਰ ਸਾਹਿਬ, ਵਰਤਮਾਨ ਕਾਲ ਤੋਂ ਪਹਿਲਾਂ ਕੋਆਪ੍ਰੇਟਿਵ ਸੋਸਾਇਟੀਆਂ ਵਿਚ ਕੋਈ ਇਹ ਸ਼ਰਤ ਨਹੀਂ ਸੀ ਕਿ ਹਰੀਜਨ ਮੈਂਬਰ ਹੋਏ ਲੇਕਿਨ ਹੁਣ ਕਾਨੂੰਨੀ ਤੌਰ ਤੇ ਇਕ ਹਰੀਜਨ ਮੈਂਬਰ ਲਾਜ਼ਮੀ ਹੋਵੇਗਾ । ਇਨ੍ਹਾਂ ਸੰਸਥਾਵਾਂ ਵਿਚ ਹਰੀਜਨ ਮੈਂਬਰਾਂ ਦੀ ਕੁਲ ਗਿਣਤੀ 18,000 ਹੈ ਅਤੇ ਦੂਜੀਆਂ ਸਹਿਕਾਰੀ ਸੰਸਥਾਵਾਂ ਵਿਚ 62,000 ਹੈ । ਇਸ ਤੋਂ

ਇਲਾਵਾ 244 ਵੱਖਰੀਆਂ ਹਰੀਜਨ ਸਹਿਕਾਰੀ ਸੰਸਥਾਵਾਂ ਹਨ । ਇਸ ਖਿਆਲ ਨਾਲ ਕਿ ਉਹ ਆਰਥਕ ਨਿਆਂ ਵੀ ਲੈ ਸਕਣ, ਪੁਲੀਟੀਕਲੀ ਵੀ ਲੈ ਸਕਣ, ਇਸ ਲਈ ਇਹ ਪਹਿਲਾ ਮੌਕਾ ਹੈ ਕਿ ਜੋ ਹਰੀਜਨ ਕਮਿਸ਼ਨਰ ਹੈ ਉਹ ਮੈਂ ਆਪ ਦੇ ਵਿਰੋਧੀ ਦੱਲ ਦੇ ਨੇਤਾ ਦੇ ਡਵੀਜ਼ਨ ਵਿਚ ਲਗਾਇਆ ਹੈ ਕਿਉਂਕਿ ਜ਼ਮੀਨ ਵੀ ਜ਼ਿਆਦਾ ਉਥੋਂ ਹੀ ਨਿਕਲਣੀ ਹੈ ਔਰ ਜ਼ਿਆਦਾ ਅਪੀਲਾਂ ਵੀ ਉਥੋਂ ਹੀ ਆਉਣੀਆਂ ਹਨ । (ਹਾਸਾ) ਇਸ ਲਈ ਹੀ ਉਥੋਂ ਹਰੀਜਨ ਕਮਿਸ਼ਨਰ ਲਗਾਇਆ ਹੈ । ਇਸ ਵੇਲੇ ਦੋ ਐਸ. ਐਸ. ਪੀ. ਜ਼ਿਲ੍ਹਿਆਂ ਵਿਚ ਹਰੀਜਨ ਲਗੇ ਹੋਏ ਹਨ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਕੀ ਉਸ ਕਮਿਸ਼ਨਰ ਦੀ ਆਪਣੀ ਨਿਕਲੀ ਹੋਈ ਜ਼ਮੀਨ ਬਚ ਗਈ ਹੈ, ਜਿਹੜੀ ਕਿ ਹਰਚੰਦ ਸਿੰਘ ਕਮੇਟੀ ਨੇ ਕਢੀ ਸੀ ? (ਹਾਸਾ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ । ਮੇਰੇ ਬੋਲਦਿਆਂ ਜੇਕਰ ਇਹ ਕੋਈ ਸਿੱਧੂ ਸਾਹਿਬ ਗਲ ਕਰਨਾ ਚਾਹੁੰਦੇ ਹਨ ਤਾਂ ਕੋਈ ਇਤਰਾਜ਼ ਨਹੀਂ ਹੈ, ਲੇਕਿਨ ਇਹ ਪਹਿਲਾਂ ਮੇਰੀ ਗਲ ਸੁਣ ਲਿਆ ਕਰਨ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਨੂੰ ਇਕ ਗਲ ਯਾਦ ਆ ਗਈ ਹੈ । ਇਕ ਛੋਟਾ ਜਿਹਾ ਗਾਲਬ ਦਾ ਸ਼ੇਅਰ ਹੈ :

ਨਾ ਛੇੜ ਐ ਬਾਦੇਬਹਾਰੀ ਰਾਹ ਲਗ ਆਪਣੇ,
ਤੁਝੇ ਅਠਖੇਲੀਆਂ ਸੁਝੀ ਹੈਂ ਯਾਂ ਬੇਜ਼ਾਰ ਬੈਠੇ ਹੈਂ ।

ਸ੍ਰੀ ਸਪੀਕਰ : ਪਰ ਤੁਸੀਂ ਤਾਂ ਬੇਜ਼ਾਰ ਨਹੀਂ ਬੈਠੇ । (ਹਾਸਾ) Order please. (But I do not suppose that you are disheartened in any manner (laughter) Order please.)

(ਇਸ ਸਮੇਂ ਸਰਦਾਰ ਦਰਬਾਰਾ ਸਿੰਘ ਅਤੇ ਸਰਦਾਰ ਪ੍ਰੇਮ ਸਿੰਘ ਪ੍ਰੇਮ ਬੋਲਣ ਲਈ ਖੜੇ ਹੋਏ ।)

ਮੁੱਖ ਮੰਤਰੀ : ਸਰਦਾਰ ਦਰਬਾਰਾ ਸਿੰਘ ਜੀ ਤੇ ਸਰਦਾਰ ਪ੍ਰੇਮ ਸਿੰਘ ਜੀ ਤੁਹਾਡੀਆਂ ਬੜੀਆਂ ਕੀਮਤੀ ਗਲਾਂ ਹੁੰਦੀਆਂ ਹਨ, ਇਸ ਲਈ ਤੁਸੀਂ ਫਿਰ ਕਹਿ ਲੈਣਾ ।

ਸ੍ਰੀ ਸਪੀਕਰ : ਉਨ੍ਹਾਂ ਨੂੰ ਵੀ ਸ਼ੇਅਰ ਯਾਦ ਆ ਗਿਆ ਹੈ । (A couplet has also occurred to them.)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੇਰਾ ਇਕ ਛੋਟਾ ਜਿਹਾ ਸ਼ੇਅਰ ਹੈ :-

"ਕਮਰ ਬਾਂਧੇ ਹੁਏ ਯਹਾਂ ਸੱਭ ਯਾਰ ਬੈਠੇ ਹੈਂ,
ਆਪ ਹੋ ਆਗੇ ਸੱਭ ਤਿਆਰ ਬੈਠੇ ਹੈਂ ।" (ਹਾਸਾ)

(ਇਸ ਸਮੇਂ ਸਰਦਾਰ ਪਰੇਮ ਸਿੰਘ ਪਰੇਮ ਜੀ ਬੋਲਣ ਲਈ ਖੜ੍ਹੇ ਹੋਏ)

ਸ੍ਰੀ ਸਪੀਕਰ : ਬਸ ਜੀ ਹੁਣ ।

ਮੁਸ਼ੈਹਰਾ ਬੰਦ ਕਰੋ । ਮੈਂ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਉਹ ਸੀ. ਐਮ. ਸਾਹਿਬ ਦੀ ਸਟੇਟਮੈਂਟ ਪੂਰੀ ਹੋਣ ਦੇਣ ।

ਚੀਫ਼ ਮਨਿਸਟਰ ਸਾਹਿਬ ਦੀ ਸਟੇਟਮੈਂਟ ਨੂੰ ਕੰਮਪਲੀਟ ਹੋ ਲੈਣ ਦੇਵੋ, ਮੈਂਬਰ ਸਾਹਿਬ ਬਾਅਦ ਵਿਚ ਕੋਈ ਗਲ ਕਰ ਲੈਣ । ਮਸਤਾਨਾ ਜੀ ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ? (Please stop this Mushaira. I would request the hon. Members to let the hon. Chief Minister finish his statement. The hon. Members may speak later on. Mastana ji, what is your Point of order).

ਕਾਮਰੇਡ ਅਰਜਨ ਸਿੰਘ ਮਸਤਾਨਾ : * * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order).

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਇਥੇ ਸ਼ੇਅਰ ਪੜ੍ਹਿਆ ਗਿਆ ਸੀ । ਮੈਂ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ "ਸਮਾਂ ਬਦਲ ਬਦਲ ਕੇ ਹੋਰ ਹੋ ਗਿਆ ਅਤੇ ਜਿਹੜੇ ਸਾਧ ਦੋਸਤ ਸਨ, ਉਹ ਅਜ ਚੋਰ ਹੋ ਗਏ "।

ਮੁੱਖ ਮੰਤਰੀ : ਮੈਂ ਬਾਦਲ ਸਾਹਿਬ ਦਾ ਬੜਾ ਮਸ਼ਕੂਰ ਹਾਂ । ਬਾਦਲ ਸਾਹਿਬਾਨ ਇਥੇ ਦੋ ਹਨ । ਇਕ ਬਾਦਲ ਸਾਹਿਬ ਸਾਡੇ ਨੁਮਾਇੰਦੇ, ਸਾਡੇ ਹਲਕੇ ਵਿਚੋਂ ਚੁਣ ਕੇ ਆਏ ਹਨ ਅਤੇ ਇਕ ਲੀਡਰ ਆਫ ਆਪੋਜ਼ੀਸ਼ਨ ਬਾਦਲ ਸਾਹਿਬ ਹਨ ਔਰ ਸਰਦਾਰ ਜਸਵਿੰਦਰ ਸਿੰਘ ਬਰਾੜ ਮੇਰੇ ਪਿੰਡ ਦੇ ਹਨ . . . .

ਕੁਝ ਆਨਰੇਬਲ ਮੈਂਬਰ : ਕਲ ਇਥੇ ਬੜੀ ਗਰਮੀ ਸੀ, ਅਜ ਮਾਹੌਲ ਠੀਕ ਹੈ ।

ਮੁੱਖ ਮੰਤਰੀ : ਇਹ ਬੜੀ ਚੰਗੀ ਗਲ ਹੁੰਦੀ ਹੈ, ਇਸ ਤਰ੍ਹਾਂ ਆਪੋ ਵਿਚ ਗਲ ਬਾਤ ਕਰਕੇ ਗਰਮੀ ਘੱਟ ਜਾਂਦੀ ਹੈ ਅਤੇ ਜੇ ਇਹ ਮਾਹੌਲ ਇਥੇ ਕੱਲ ਹੁੰਦਾ ਤਾਂ ਠੀਕ ਸੀ ।

ਸਰਦਾਰ ਬਸੰਤ ਸਿੰਘ ਖਾਲਸਾ : ਗਰਮੀ ਕੱਲ ਹੀ ਸੀ, ਅੱਜ ਨਹੀਂ ਹੈ ।

ਮੁੱਖ ਮੰਤਰੀ : ਕੱਲ ਇਸ ਤਰ੍ਹਾਂ ਹੀ ਹੁੰਦਾ ਤਾਂ ਠੀਕ ਸੀ । ਮੈਂ ਐਜ਼ ਚੀਫ਼ ਮਨਿਸਟਰ ਹੁਣ ਦੇ ਆਪੋਜ਼ੀਸ਼ਨ ਦੇ ਨੇਤਾ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਸਿਰਫ ਲਿਪ ਸਿੰਪਥੀ ਨਾਲ ਕੁਝ ਨਹੀਂ ਬਣਦਾ, ਤੁਸੀਂ ਹਰੀਜਨਾਂ ਦੇ ਅਹੁਦਿਆਂ ਨੂੰ ਨਾ ਖੋਹਿਆ ਕਰੋ (ਹਾਸਾ)

ਸਰਦਾਰ ਜਸਦੇਵ ਸਿੰਘ ਸੰਧੂ : ਕਮਿਸ਼ਨਰ ਤੁਹਾਡੇ ਘਰ ਵਿਚ ਹੀ ਲਗਾਇਆ ਗਿਆ ਹੈ । (ਵਿਘਨ)

ਮੁੱਖ ਮੰਤਰੀ : ਮੈਨੂੰ ਤਾਂ ਬੜੀ ਖੁਸ਼ੀ ਹੈ ।

---

*Expunged as ordered by the Chair.

ਸਰਦਾਰ ਜਗਦੇਵ ਸਿੰਘ ਤਲਵੰਡੀ : ਬਰਾੜ ਸਾਹਿਬ, ਤੁਹਾਡੇ ਪਿੰਡ ਦੇ ਹਨ, ਪਰ ਹਨ ਸਾਡੀ ਪਾਰਟੀ ਵਿਚ ।

ਮੁੱਖ ਮੰਤਰੀ : ਮੈਂ ਤੇ ਬਰਾੜ ਸਾਹਿਬ ਇਕ ਪਿੰਡ ਦੇ ਹਾਂ, ਆਪੋ ਵਿਚ ਦੋਸਤ ਵੀ ਹਾਂ, ਇਕੋ ਜਿਹਾ ਸੁਭਾਉ ਵੀ ਹੈ, ਫਰਕ ਸਿਰਫ ਇੰਨਾ ਹੈ ਕਿ ਮੈਂ ਕਾਂਗਰਸੀ ਪੱਕਾ ਹਾਂ ਅਤੇ ਉਹ ਅਕਾਲੀ ਪੱਕੇ ਹੋ ਗਏ (ਹਾਸਾ) (ਵਿਘਨ) । ਤਲਵੰਡੀ ਸਾਹਿਬ, ਮੈਂ ਤੁਹਾਨੂੰ ਇਕ ਗਲ ਸੁਣਾਉਣ ਲਗਾ ਹਾਂ ਅਤੇ ਇਹ ਗਲ ਸਾਰੇ ਹਾਊਸ ਵਾਸਤੇ ਬੜੀ ਇੰਟਰੈਸਟਿੰਗ ਹਵੇਗੀ....

ਸਰਦਾਰ ਹਰਚੰਦ ਸਿੰਘ : ਬਰਾੜ ਸਾਹਿਬ ਨੂੰ ਡਿਪਟੀ ਲੀਡਰ ਵੀ ਤੁਹਾਡੀ ਸਲਾਹ ਨਾਲ ਹੀ ਬਣਾਇਆ ਹੋਣਾ ਹੈ (ਹਾਸਾ)

ਮੁੱਖ ਮੰਤਰੀ : ਸਰਦਾਰ ਜਸਵਿੰਦਰ ਸਿੰਘ ਬਰਾੜ ਦੇ ਦਾਦਾ ਜੀ ਤੇ ਮੇਰੇ ਪਿਤਾ ਜੀ ਦੇ ਮੁਕੱਦਮੇ ਚਲਦੇ ਰਹੇ, ਝਗੜੇ ਆਪੋ ਵਿਚ ਹੁੰਦੇ ਰਹੇ । ਉਹ ਕਲੇਮ ਕਰਦੇ ਸੀ ਕਿ ਅਸੀਂ ਸਾਰੇ ਪਿੰਡ ਦੇ ਮਾਲਿਕ ਹਾਂ ਅਤੇ ਸਾਨੂੰ ਮੁਜ਼ਾਰਾ ਸਮਝਦੇ ਸਨ । ਲੇਕਿਨ ਹੁਣ ਸਾਡੀ ਗਲ ਮੁਜ਼ਾਰਿਆਂ ਵਾਲੀ ਨਹੀਂ ਤੇ ਨਾ ਹੀ ਸਰਦਾਰਾਂ ਵਾਲੀ ਗਲ ਰਹੀ ਹੈ । ਜਿਸ ਵੇਲੇ ਸਰਦਾਰ ਜਸਵਿੰਦਰ ਸਿੰਘ ਬਰਾੜ ਨੌਜਵਾਨ ਹੋਏ, ਇਹ ਸ਼ੁਰੂ ਤੋਂ ਹੀ ਬੜੇ ਸ਼ਾਇਨਿੰਗ ਸੀ ਤੇ ਲੋਕਾਂ ਨਾਲ ਬੜਾ ਪ੍ਰੇਮ ਤੇ ਮਿਲਵਰਤਨ ਰਖਦੇ ਸੀ । ਮੇਰੀ ਨਿਯਤ ਸੀ ਕਿ ਇਨ੍ਹਾਂ ਨੂੰ ਰਾਜਨੀਤੀ ਵਿਚ ਲਿਆਇਆ ਜਾਵੇ । ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਉਹ ਸਾਹਮਣੇ ਬੈਠਣਗੇ, ਮੇਰਾ ਖਿਆਲ ਸੀ ਕਿ ਉਹ ਇਧਰ ਬੈਠਣਗੇ । ਪਰ ਇਹ ਕੋਈ ਗਲ ਨਹੀਂ । ਜਿਹੜਾ ਫੈਸਲਾ ਉਨ੍ਹਾਂ ਨੇ ਕਰ ਲਿਆ ਉਹ ਨਿਭਾਉਣਾ ਹੈ । (ਵਿਘਨ) ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : "ਆ ਜਾਏ ਮਜ਼ਾ ਇਨ ਦੋਸਤੋਂ ਕੀ ਸੁਲਾਹ ਹੋ ਜਾਏ ਅਗਰ"

ਮੁੱਖ ਮੰਤਰੀ : ਮੇਰਾ ਖਿਆਲ ਸੀ ਕਿ ਆਜ਼ਾਦ ਸਾਹਿਬ ਘੱਟੋ ਘੱਟ ਲਿਹਾਜ਼ ਰਖਣਗੇ, ਪਰ ਇਹ ਤਾਂ ਆਪਣੇ ਪੁੱਤਰਾਂ ਦਾ ਵੀ ਲਿਹਾਜ਼ ਨਹੀਂ ਰਖਦੇ । ਅਸੀਂ ਆਪੋ ਵਿਚ ਤਾਅਲੁਕਾਤ ਦਾ ਤਾਂ ਲਿਹਾਜ਼ ਰਖਾਂਗੇ । ਨਾਲ ਸਾਨੂੰ ਪਤਾ ਲਗੇਗਾ ਕਿ ਸ਼ੀਤਲ ਦਾਸ ਕੌਣ ਸੀ । ਇਹ ਤਾਂ ਭਾਂਬੜ ਦਾਸ ਹਨ ।

ਸ੍ਰੀ ਸਪੀਕਰ : ਭਾਂਬੜ ਦਾਸ ਦੂਜਿਆਂ ਲਈ ਜਾਂ ਆਪਣੇ ਲਈ । ('Bhambar Dass' for others or for himself ?)

ਮੁੱਖ ਮੰਤਰੀ : ਫਿਰ, ਸਪੀਕਰ ਸਾਹਿਬ, ਸਿੱਧੀ ਭਰਤੀ ਵਿਚ ਪਹਿਲਾਂ ਸਿਰਫ 20% ਰਿਜ਼ਰਵੇਸ਼ਨ ਸੀ, ਉਹ ਅਸੀਂ 25 ਪ੍ਰਤੀਸ਼ਤ ਕਰ ਦਿੱਤੀ ਹੈ ਔਰ ਇਸੇ ਤਰ੍ਹਾਂ ਹੀ ਜਿਹੜੀਆਂ ਪਹਿਲਾਂ ਪ੍ਰਮੋਸ਼ਨਾਂ ਹੁੰਦੀਆਂ ਸਨ, ਉਨ੍ਹਾਂ ਵਿਚ ਰਿਜ਼ਰਵੇਸ਼ਨ ਨਹੀਂ ਸੀ । ਅਸੀਂ ਉਨ੍ਹਾਂ ਦੇ ਵਿਚ ਪਹਿਲੇ ਤੇ ਦੂਜੇ ਦਰਜੇ ਦੀਆਂ ਪ੍ਰੋਮੋਸ਼ਨਾਂ ਵਿਚ 14 ਪ੍ਰਤੀਸ਼ਤ ਰਿਜ਼ਰਵੇਸ਼ਨ ਕਰ ਦਿੱਤੀ ਗਈ ਹੈ । ਪੁਲਿਸ ਕਨਸਟੇਬਲਾਂ ਤੇ ਪਟਵਾਰੀਆਂ ਵਿਚ 50 ਰਿਜ਼ਰਵੇਸ਼ਨ ਉਦੋਂ ਤਕ ਹੁੰਦੀ ਰਹੇਗੀ, ਜਦੋਂ ਤਕ ਘੱਟ ਤੋਂ ਘੱਟ ਉਨ੍ਹਾਂ ਦੀ ਗਿਣਤੀ ਇਨ੍ਹਾਂ ਸਰਵਿਸਿਜ਼ ਵਿਚ 30 ਪ੍ਰਤੀਸ਼ਤ ਨਹੀਂ ਹੋ ਜਾਂਦੀ । ਸਰਕਾਰੀ ਕਾਰਪੋਰੇਸ਼ਨਾਂ ਜਿਹੜੀਆਂ ਬਣਦੀਆਂ ਹਨ, ਜਾਂ ਕੋਆਪਰੇਟਿਵ ਸੋਸਾਇਟੀਆਂ ਹਨ

[ਮੁੱਖ ਮੰਤਰੀ]

ਜਾਂ ਬੋਰਡ ਬਣੇ ਹਨ, ਉਨ੍ਹਾਂ ਦੇ ਵਿਚ, ਜਿਸ ਤਰ੍ਹਾਂ ਸਰਕਾਰ ਦੀ ਰਿਜ਼ਰਵੇਸ਼ਨ ਹੈ, ਉਸੇ ਤਰ੍ਹਾਂ ਦੀ ਰਿਜ਼ਰਵੇਸ਼ਨ ਕੀਤੀ ਹੈ ਅਤੇ ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਨੇ ਕਦੇ ਇਸ ਚੀਜ਼ ਦੀ ਮੰਗ ਨਹੀਂ ਕੀਤੀ ਸੀ, ਫਿਰ ਵੀ ਸਰਕਾਰ ਨੇ ਇਹ ਚੀਜ਼ ਕੀਤੀ ਹੈ ।

ਸਰਦਾਰ ਗੁਰਦੇਵ ਸਿੰਘ ਬਾਦਲ : ਆੱਨ ਏ ਪੁਆਇੰਟ ਆਫ਼ ਇਨਫਰਮੇਸ਼ਨ ਸਰ ।

ਸ੍ਰੀ ਸਪੀਕਰ : ਇਸ ਵੇਲੇ ਕੋਈ ਪੁਆਇੰਟ ਆਫ ਇਨਫਰਮੇਸ਼ਨ ਬਣਦਾ ਨਹੀਂ । (This is not the time to get information.)

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ 1974 ਦੇ ਵਿਚ ਪਟਿਆਲਾ ਡਿਵੀਜ਼ਨ ਪੁਲਿਸ ਰੇਂਜ ਦੇ 62 ਸਬ-ਇੰਨਸਪੈਕਟਰ ਇੰਨਸਪੈਕਟਰ ਬਣਾਏ ਹਨ, ਪਰ ਉਨ੍ਹਾਂ ਵਿਚ ਇਕ ਵੀ ਹਰੀਜਨ ਨਹੀਂ ਹੈ ?

ਮੁੱਖ ਮੰਤਰੀ : ਮੈਂ ਇਸ ਗਲ ਵਾਸਤੇ ਤੁਹਾਡਾ ਬੜਾ ਮਸ਼ਕੂਰ ਹਾਂ । ਜੇ ਇਹ ਗਲ ਹੈ ਤਾਂ ਤੁਸੀਂ ਲਿਖ ਕੇ ਭੇਜ ਦੇਵੋ ਅਤੇ ਜਿਸ ਅਫਸਰ ਨੇ ਕੋਤਾਹੀ ਕੀਤੀ ਹੋਵੇਗੀ ਜਾਂ ਜਿਸ ਕਿਸੇ ਸਾਡੇ ਮਨਿਸਟਰ ਨੇ ਇਸ ਤਰ੍ਹਾਂ ਕੀਤਾ ਹੋਵੇਗਾ, ਤਾਂ ਇਸ ਦੀ ਪੂਰੀ ਇਨਕੁਆਇਰੀ ਕਰਵਾਈ ਜਾਵੇਗੀ ਅਤੇ ਜਿਸ ਕਿਸੇ ਦਾ ਕਸੂਰ ਹੋਵੇਗਾ ਉਸ ਨੂੰ ਸਜ਼ਾ ਦਿਤੀ ਜਾਵੇਗੀ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਆਂਕੜੇ ਦੇ ਕੇ ਦਸ ਸਕਦਾ ਹਾਂ ਕਿ ਨਹਿਰਾਂ ਦੇ ਮਹਿਕਮੇ ਅਤੇ ਐਜੂਕੇਸ਼ਨ ਦੇ ਮਹਿਕਮੇ ਵਿਚ ਹਰੀਜਨ ਨਹੀਂ ਲਏ ਗਏ । ਇਹ ਤਾਂ ਚੰਗੀ ਗਲ ਕੀਤੀ ਹੈ ਕਿ ਪੁਲਿਸ ਅਤੇ ਪਟਵਾਰੀਆਂ ਦੀ ਭਰਤੀ ਵਿਚ 50 ਪ੍ਰਤੀਸ਼ਤ ਦੀ ਰਿਜ਼ਰਵੇਸ਼ਨ ਕਰ ਦਿਤੀ ਹੈ । ਬਾਕੀ ਜਗ੍ਹਾਂ ਵਿਚ ਵੀ ਇਸ ਤਰ੍ਹਾਂ ਹੋਣਾ ਚਾਹੀਦਾ ਹੈ ।

ਮੁੱਖ ਮੰਤਰੀ : ਸਰਦਾਰ ਧੰਨਾ ਸਿੰਘ ਗੁਲਸ਼ਨ ਪੁਰਾਣੇ ਪਾਰਲੀਆਮੈਂਟੇਰੀਅਨ ਹਨ । ਮੈਂ ਉਨ੍ਹਾਂ ਨੂੰ ਇਹ ਬੇਨਤੀ ਕਰਾਂਗਾ ਕਿ ਜੇ ਉਨ੍ਹਾਂ ਨੂੰ ਕਿਸੇ ਗਲ ਦਾ ਪਤਾ ਹੈ ਕਿ ਕਿਸੇ ਮਹਿਕਮੇ ਵਿਚ ਸਰਕਾਰ ਦੇ ਹੋਏ ਫੈਸਲਿਆਂ ਦੇ ਮੁਤਾਬਿਕ ਅਮਲ ਨਹੀਂ ਹੋ ਰਿਹਾ ਤਾਂ ਉਹ ਮੇਰੇ ਕੋਲ ਆਉਣ ਅਤੇ ਜੇ ਮੈਂ ਉਨ੍ਹਾਂ ਦੀ ਤਸੱਲੀ ਨਾ ਕਰਵਾਵਾਂ ਤਾਂ ਇਥੇ ਧਰਨਾ ਮਾਰਨ ਨਹੀਂ ਤਾਂ ਨਾ ਮਾਰਨ ।

ਸ੍ਰੀ ਸਪੀਕਰ : ਧਰਨਾ ਮਾਰਨਾ ਤਾਂ ਹਾਊਸ ਦੀ ਕੰਟੈਂਪਟ ਹੁੰਦੀ ਹੈ, ਧਰਨਾ ਮਾਰਨਾ ਹੀ ਨਹੀਂ ਚਾਹੀਦਾ । (To sit in 'Dharna' is a contempt of the House. There should be no "Dharna" in the House.)

ਮੁੱਖ ਮੰਤਰੀ : ਗੁਲਸ਼ਨ ਜੀ ਨੂੰ ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਜੇ ਧਰਨਾ ਮਾਰਨਾ ਹੈ ਤਾਂ ਮੇਰੀ ਕੋਠੀ ਤੇ ਮਾਰਨ । ਮੇਰੇ ਕੋਲ ਇਥੇ ਸਰਕਾਰੀ ਕੋਠੀ ਹੈ, ਆਪਣੀ ਤਾਂ ਹੈ ਨਹੀਂ । ਉਥੇ ਰੋਟੀ ਵੀ ਮਿਲੇਗੀ, ਪਾਣੀ ਵੀ ਮਿਲੇਗਾ ਅਤੇ ਲੱਸੀ ਵੀ ਮਿਲੇਗੀ ।

ਕੁਝ ਆਵਾਜ਼ਾਂ : ਪਿਛਲੀ ਵਾਰੀ ਧਰਨਾ ਮਾਰਿਆ ਸੀ ਤਾਂ ਉਥੋਂ ਪਾਣੀ ਵੀ ਨਹੀਂ ਮਿਲਿਆ ।

ਸਰਦਾਰ ਪਰਕਾਸ਼ ਸਿੰਘ ਬਾਦਲ : ਅੱਜ ਨਾ ਤਾਂ ਚੀਫ ਮਨਿਸਟਰ ਸਾਹਿਬ ਦਾ ਮੂਡ ਹੈ ਅਤੇ ਨਾ ਹੀ ਹੋਰ ਮੈਂਬਰਜ਼ ਦਾ, ਕਿਤੇ ਸਾਰਾ ਦਿਨ ਸਟੇਟਮੈਂਟ ਦੇਣ ਵਿਚ ਹੀ ਨਾ ਲਗ ਜਾਵੇ, ਇਸ ਗਲ ਦਾ ਧਿਆਨ ਰਖ ਲਵੋ ।

ਸ਼੍ਰੀ ਸਪੀਕਰ : ਤੁਹਾਡੀ ਸਪੀਚ ਜ਼ਰੂਰ ਹੋਵੇਗੀ । (You will definitely get time to speak.)

ਮੁੱਖ ਮੰਤਰੀ : ਮੈਂ ਇਹ ਅਰਜ਼ ਕਰਾਂਗਾ ਕਿ ਕਲ ਵਾਲੀ ਗਲ ਨਾਲੋਂ ਅੱਜ ਚੰਗੀ ਗਲ ਹੈ । ਕਲ ਤੁਹਾਡੇ ਮੈਂਬਰਜ਼ ਤੁਹਾਡੇ ਆਖੇ ਨਹੀਂ ਲਗਦੇ ਸਨ । (ਵਿਘਨ) (ਹਾਸਾ)

Mr. Speaker : Order please.

ਮੁੱਖ ਮੰਤਰੀ : ਸ਼ਡਿਊਲਡ ਕਾਸਟਸ ਦੇ ਵਿਦਿਆਰਥੀਆਂ ਨੂੰ ਨੌਵੀਂ ਤੋਂ ਲੈਕੇ ਐਮ. ਏ. ਤਕ ਵਜ਼ੀਫੇ ਦਿਤੇ ਜਾਂਦੇ ਹਨ । ਵਿਮੁਕਤ ਜਾਤੀਆਂ ਵਾਸਤੇ ਐਮ.. ਏ. ਤਕ ਪਹਿਲੀ ਤੋਂ ਹੀ ਸਾਰੀਆਂ ਸੰਸਥਾਵਾਂ ਵਿਚ ਟਿਊਸ਼ਨ ਫੀਸ ਮੁਆਫ ਹੈ ।

ਸਪੀਕਰ ਸਾਹਿਬ, ਇਮਤਿਹਾਨਾਂ ਦੀਆਂ ਜਿਹੜੀਆਂ ਫੀਸਾਂ ਸਨ ਉਹ ਮੁਆਫ ਕਰ ਦਿੱਤੀਆਂ ਗਈਆਂ ਹਨ ।

ਮਿਲਾਂ ਫੈਕਟਰੀਆਂ ਵਿਚ ਕੰਮ ਕਰਦੇ ਅਨੁਸੂਚਿਤ ਜਾਤੀਆਂ ਆਦਿ ਦੇ ਵਿਅਕਤੀਆਂ ਨੂੰ 45 ਰੁਪਏ ਪ੍ਰਤੀ ਮਹੀਨੇ ਦੀ ਦਰ ਨਾਲ ਸਟਾਈਪੈਂਡ ਦਿੱਤਾ ਜਾਂਦਾ ਹੈ । ਆਈ. ਟੀ. ਆਈਜ਼. ਅਤੇ ਸੀ. ਟੀ. ਆਈਜ਼. ਵਿਚ ਟ੍ਰੇਨਿੰਗ ਲੈ ਰਹੇ ਅਨੁਸੂਚਿਤ ਅਤੇ ਵਿਮੁਕਤ ਜਾਤੀਆਂ ਦੇ ਵਿਦਿਆਰਥੀਆਂ ਲਈ 45 ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਸਟਾਈਪੈਂਡ ਦਿੱਤੇ ਜਾਂਦੇ ਹਨ ।

ਪਛੜੀਆਂ ਸ਼੍ਰੇਣੀਆਂ ਦੇ ਕੇਸ ਵਿਚ ਸਟਾਈਪੈਂਡ/ਵਜ਼ੀਫੇ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਦੀ ਆਮਦਨ ਦੀ ਹੱਦ 3,000 ਰੁਪਏ ਤੋਂ ਵਧਾ ਕੇ 6,000 ਰੁਪਏ ਪ੍ਰਤੀ ਸਾਲ ਕਰ ਦਿੱਤੀ ਗਈ ਹੈ (ਤਾੜੀਆਂ)

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਲੜਕੀਆਂ ਲਈ ਗਰਲਜ਼ ਹੋਸਟਲਾਂ ਵਿਚ ਮੁਫਤ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੈ । ਉਨ੍ਹਾਂ ਨੂੰ ਹੋਸਟਲ ਦਾ ਕੋਈ ਖਰਚ ਨਹੀਂ ਦੇਣਾ ਪੈਂਦਾ । ਸਾਰਾ ਮੁਆਫ ਕਰ ਦਿੱਤਾ ਗਿਆ ਹੈ । ਹਰੀਜਨ ਲੜਕੀਆਂ ਹੋਸਟਲਾਂ ਵਿਚ ਰਹਿ ਕੇ ਪੜ੍ਹਾਈ ਕਰ ਸਕਦੀਆਂ ਹਨ ਉਨ੍ਹਾਂ ਦਾ ਖਰਚ ਸਾਰਾ ਸਰਕਾਰ ਦੇਵੇਗੀ । ਆਈ. ਏ. ਐਸ. ਇਮਤਿਹਾਨਾਂ ਦੇ ਲਈ ਮਨਜ਼ਲ ਕੋਚਿੰਗ ਸੈਂਟਰ, ਪਟਿਆਲਾ, ਰੱਖਿਆ ਗਿਆ ਹੈ । ਇਥੇ ਰਿਹਾਇਸ਼ ਵੀ ਮੁਫਤ ਅਤੇ ਪੜ੍ਹਾਈ ਵੀ ਮੁਫਤ ਕਰਵਾਉਣ ਦਾ ਪ੍ਰਬੰਧ ਕੀਤਾ ਹੈ ਤਾਂਕਿ ਹਰੀਜਨ ਇਸ ਦਾ ਪੂਰਾ ਫਾਇਦਾ ਉਠਾ ਸਕਣ ।

ਪਿੰਡਾਂ ਵਿੱਚ ਹਰੀਜਨਾਂ ਲਈ ਧਰਮਸ਼ਾਲਾਵਾਂ ਚੌਪਾਲਾਂ ਦੀ ਉਸਾਰੀ ਲਈ ਸਾਲ 1972-73 ਅਤੇ 1973-74 ਦੇ 2 ਸਾਲਾਂ ਦੌਰਾਨ 1.72 ਕਰੋੜ ਖਰਚ ਕੀਤਾ ਗਿਆ ਹੈ ਅਤੇ 3,357 ਇਕਾਈਆਂ ਉਸਾਰੀਆਂ ਗਈਆਂ । 1974-75 ਵਿਚ 1.25 ਕਰੋੜ ਇਸ ਮਨੋਰਥ

[ਮੁੱਖ ਮੰਤਰੀ]

ਲਈ ਰਖੇ ਗਏ ਹਨ । ਹਰੀਜਨ ਬਸਤੀਆਂ ਵਿਚ ਬਿਜਲੀ ਪਹੁੰਚਾਉਣ ਲਈ ਅਤੇ ਹਰੀਜਨਾਂ ਦੀਆਂ ਕਾਲੋਨੀਆਂ ਦੇ ਆਲੇ ਦੁਆਲੇ ਦੇ ਸੁਧਾਰ ਵਾਸਤੇ ਜਿਸ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ, ਗਲੀਆਂ, ਨਾਲੀਆਂ ਪੱਕੀਆਂ ਕਰਨੀਆਂ ਆਦਿ ਸ਼ਾਮਲ ਹੈ, ਲਈ ਵਾਧੂ ਫੰਡਾਂ ਦਾ ਪ੍ਰਬੰਧ ਕੀਤਾ ਗਿਆ ਹੈ । ਪੰਜਾਬ ਰਾਜ ਅਨੁਸੂਚਿਤ ਜਾਤੀਆਂ ਅਤੇ ਜ਼ਮੀਨ ਦੇ ਵਿਕਾਸ ਵਾਸਤੇ ਇਕ ਵਿੱਤ ਕਾਰਪੋਰੇਸ਼ਨ ਬਣਾਈ ਗਈ ਹੈ ਜਿਸ ਨਾਲ ਕਿ ਹਰੀਜਨਾਂ ਨੂੰ ਬਹੁਤ ਫਾਇਦਾ ਹੋਇਆ ਹੈ । ਜ਼ਰਾਇਤੀ ਵਿਕਾਸ ਜਿਸ ਵਿਚ ਪੋਲਟਰੀ, ਸੂਰ ਪਾਲਣ, ਡੇਅਰੀ, ਮੰਡੀਕਰਨ, ਵਸਤਾਂ ਤਿਆਰ ਕਰਨਾ, ਛੋਟੀਆਂ ਸੱਨਅਤਾਂ, ਇਮਾਰਤ ਉਸਾਰੀ, ਟਰਾਂਸਪੋਰਟ ਅਤੇ ਜ਼ਮੀਨ ਦੀ ਖਰੀਦ ਵੀ ਸ਼ਾਮਿਲ ਹੈ, ਲਈ ਵਿਆਜ ਦੀਆਂ ਮਾਮੂਲੀ ਦਰਾਂ ਤੇ ਕਰਜ਼ੇ ਦਿੱਤੇ ਜਾਂਦੇ ਹਨ । ਇਸ ਮਨੋਰਥ ਲਈ, ਸਪੀਕਰ ਸਾਹਿਬ, ਅੱਜ ਤਕ ਅਸੀਂ 2.24 ਕਰੋੜ ਰੁਪਏ ਦੇ ਕਰਜ਼ੇ ਦੇ ਚੁਕੇ ਹਾਂ ।

ਵਿਮੁਕਤ ਜਾਤੀਆਂ ਅਤੇ ਮੇਹਤਰਾਂ ਨੂੰ ਇਕ ਕਮਰੇ ਦੇ ਘਰ ਬਨਾਉਣ ਲਈ ਵੀ 900 ਰੁਪਏ ਦੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਹੋਇਆ ਹੈ । (ਸ਼ੋਰ) ਜ਼ਰਾਇਤੀ ਜ਼ਮੀਨਾਂ ਖਰੀਦਣ ਲਈ 5,000 ਰੁਪਏ ਦੀ ਸਹਾਇਤਾ ਵੀ ਦੇਣ ਦਾ ਫੈਸਲਾ ਕੀਤਾ ਹੈ (ਸ਼ੋਰ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, 900 ਰੁਪਏ ਨਾਲ ਤਾਂ 4 ਬਾਲੇ ਵੀ ਨਹੀਂ ਆਉਂਦੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮਰੜ੍ਹੀ ਸਾਹਿਬ ਨੂੰ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਮੇਰੇ ਲਈ ਜਾਂ ਮਰੜ੍ਹੀ ਸਾਹਿਬ ਲਈ ਤਾਂ 4 ਬਾਲੇ ਜਾਂ 8 ਬਾਲੇ ਵੀ ਹੋਣ ਤਾਂ ਕਮਰਾ ਨਹੀਂ ਪਾ ਸਕਦੇ ਪਰ ਗਰੀਬ ਮਜ਼ਦੂਰਾਂ ਲਈ ਤਾਂ ਜਿਹੜੇ ਕਿ ਪਟੜੀਆਂ ਤੇ ਪਏ ਹਨ ਉਨ੍ਹਾਂ ਨੂੰ ਤਾਂ ਹਾਲੇ ਇਹ ਸਹਾਇਤਾ ਬਹੁਤ ਹੈ ਫਿਰ ਆਹਿਸਤਾ ਆਹਿਸਤਾ ਹੋਰ ਵੀ ਕਰਾਂਗੇ । (ਸ਼ੋਰ)

ਸ੍ਰੀ ਸਪੀਕਰ : ਇੰਟਰਪਟ ਨਾ ਕਰੋ । ਸਟੇਟਮੈਂਟ ਕੰਪਲੀਟ ਹੋਣ ਦਿਉ । (Please don't interrupt. Let the hon. Chief Minister finish his statement.)

ਮੁੱਖ ਮੰਤਰੀ : ਸੂਰ ਪਾਲਣ ਲਈ ਵੀ 800 ਰੁਪਏ ਦੀ ਸਹਾਇਤਾ ਦਿੱਤੀ ਹੈ (ਸ਼ੋਰ)

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਂ ਇਹ ਪੁਛਦਾ ਹਾਂ ਕਿ ਕੀ ਸਾਡੇ ਲਈ ਸੂਰ ਹੀ ਪਾਲਣ ਲਈ ਹਨ ਜਾਂ ਝੋਟੀਆਂ ਵੀ ਪਾਲਣ ਲਈ ਦੇਣਗੇ (ਹਾਸਾ)

ਮੁੱਖ ਮੰਤਰੀ : ਝੋਟੀਆਂ ਪਾਲਣ ਲਈ ਵੀ ਦੇਵਾਂਗੇ ।(ਸ਼ੋਰ)

Mr Speaker : Order please. Order please.

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਸਰਕਾਰ ਨੇ ਹਰੀਜਨਾਂ ਦੀ ਭਲਾਈ ਵਾਸਤੇ 1971-72 ਵਿਚ 0.96 ਕਰੋੜ ਰੁਪਏ ਖਰਚ ਕੀਤੇ, 1972-73 ਵਿਚ 2.96 ਕਰੋੜ ਰੁਪਏ ਖਰਚ ਕੀਤੇ ਗਏ, 1973-74 ਵਿਚ 5.10 ਕਰੋੜ ਰੁਪਏ ਖਰਚ ਕੀਤੇ ਗਏ ਅਤੇ 1974-75 ਵਿਚ ਖਰਚ ਕਰਨ ਵਾਸਤੇ 5.30 ਕਰੋੜ ਰੁਪਏ ਰਖੇ ਗਏ ਹਨ ।

ਸਪੀਕਰ ਸਾਹਿਬ, ਮੈਂ ਹਾਊਸ ਦਾ ਵਕਤ ਜ਼ਿਆਦਾ ਨਹੀਂ ਲਵਾਂਗਾ। ਪਰ ਮੈਂ ਹੁਣ ਇਕ ਸਭ ਤੋਂ ਜ਼ਰੂਰੀ ਗਲ ਇਹ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਇੰਪਲੀਮੈਂਟੇਸ਼ਨ ਵਾਸਤੇ ਇਸ ਹਾਊਸ ਵਿਚ ਇਕ ਐਲਾਨ ਕੀਤਾ ਗਿਆ ਸੀ......

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : * * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no Point of order.)

ਮੁੱਖ ਮੰਤਰੀ : ਸਰਦਾਰ ਮਹਿਤਾਬ ਸਿੰਘ ਜੀ ਨੇ ਜੋ ਗਲ ਕਹੀ ਹੈ ਉਹ ਠੀਕ ਹੈ ਇਹ ਆਪਣੀ ਕਲਾਸ ਦੀ ਬੜੀ ਚੰਗੀ ਤਰ੍ਹਾਂ ਨਾਲ ਨੁਮਾਇੰਦਗੀ ਕਰਦੇ ਹਨ। ਪੰਜਾਬ ਵਿਚ ਜਿਨ੍ਹਾਂ ਸ਼੍ਰੇਣੀਆਂ ਦੀ ਰਿਜ਼ਰਵੇਸ਼ਨ ਨਹੀਂ ਅਤੇ ਜਿਨ੍ਹਾਂ ਨੂੰ ਹਾਲੇ ਤਕ ਹਰੀਜਨਾਂ ਨਾਲ ਨਹੀਂ ਜੋੜਿਆ ਉਨ੍ਹਾਂ ਦੀ ਕੀ ਸਮਸਿਆ ਹੈ। ਖਾਸ ਕਰਕੇ ਚੌਧਰੀ ਗੁਰਮੇਲ ਸਿੰਘ ਅਤੇ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਜੋ ਕਿ ਮਾਲੀ ਹਾਲਤ ਅਨੁਸਾਰ ਬਿਲਕੁਲ ਚੰਗੇ ਹਨ। ਹੋਰ ਵੀ ਕੋਈ ਸ਼੍ਰੇਣੀਆਂ ਹਨ ਕੰਬੋਜ, ਸੈਣੀ, ਨਾਈ, ਛੀਂਬਾਂ ਆਦਿ ਜਿਨ੍ਹਾਂ ਲਈ ਰਿਜ਼ਰਵੇਸ਼ਨ ਨਹੀਂ ਕੀਤੀ, ਸਰਦਾਰ ਲਛਮਣ ਸਿੰਘ ਜੀ ਦੀ ਕਲਾਸ ਬਾਰੇ ਵੀ ਕਿਹਾ ਗਿਆ ਹੈ, ਇਨ੍ਹਾਂ ਸਾਰਿਆਂ ਦੀ ਵੀ ਰਿਜ਼ਰਵੇਸ਼ਨ ਹੋ ਸਕਦੀ ਹੈ ਜੇ ਇਹ ਵੀ ਹਰੀਜਨਾਂ ਵਾਂਗ ਕਹਿਣ ਕਿ ਇਨ੍ਹਾਂ ਬਾਕੀਆਂ ਸ਼੍ਰੇਣੀਆਂ ਦੀ ਵੀ ਕਰਨੀ ਚਾਹੀਦੀ ਹੈ (ਸ਼ੋਰ)

आचार्य पृथ्वी सिंह आजाद: स्पीकर साहिब, मैं दो बातें मुख्य मंत्री साहिब से कहना चाहता हूं। एक तो वह ज़मीन के बारे में पालिसी की इम्पलीमैंटेशन के लिए कोई डेट–बाउंड प्रोग्राम का ऐलान कर दें और वह समय उस दिन से शुरू हो जिस दिन से यह इस बारे में ऐलान करें। दूसरा इन्होंने कहा हैं कि आचार्य पृथ्वी सिंह आज़ाद तथा सरदार गुरबंता सिंह हरिजनों में नहीं। मैं इस के बारे में बता दूं कि हम तो उन में से हैं जिन में से ज्ञानी जी भी आए हैं। (शोर)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਆਚਾਰਿਆ ਜੀ ਦਾ ਬੜਾ ਮਸ਼ਕੂਰ ਹਾਂ ਜਿਹੜੇ ਕਿ ਸਿਰਫ ਸਾਡੇ ਨਾਲ ਹੀ ਨਹੀਂ ਬਲਕਿ ਹਰੀਜਨਾਂ ਨਾਲ ਵੀ ਰਹੇ ਹਨ। ਅਸੀਂ ਸਿਰਫ ਹਰੀਜਨਾਂ ਨੂੰ ਹੀ ਨਹੀਂ ਬਾਕੀਆਂ ਦੀ ਵੀ ਰਿਜ਼ਰਵੇਸ਼ਨ ਕਰਨੀ ਹੈ। ਸਰਦਾਰ ਲੱਛਮਣ ਸਿੰਘ ਅਤੇ ਸਰਦਾਰ ਮਹਿਤਾਬ ਸਿੰਘ ਰਾਏ ਸਿੱਖ ਹਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਜ਼ਿਆਦਾ ਗਿਣਤੀ ਕੇਵਲ ਇਕ ਥਾਂ ਰਖੀ ਗਈ ਹੈ ਅਤੇ ਉਹ ਹੈ ਜੇਲ੍ਹਾਂ ਵਿਚ, ਹੋਰ ਕਿਥੇ ਨਹੀਂ ਰਖੀ ਗਈ। ਅਸੀਂ ਇਸ ਨੂੰ ਵੀ ਬਦਲਣਾ ਹੈ। ਸਪੀਕਰ ਸਾਹਿਬ, ਅਸੀਂ 3 ਵਜ਼ੀਰ ਅਤੇ 3 ਐਮ. ਐਲ. ਏਜ਼. ਦੀ ਕਮੇਟੀ ਬਣਾਈ ਹੈ ਜਿਸ ਵਿਚ ਇਕ ਪੀ. ਸੀ. ਐਸ. ਅਫਸਰ ਜਿਹੜਾ ਕਿ ਸ਼ਡਿਊਲਡ ਕਾਸਟ ਨਾਲ ਸਬੰਧ ਰਖਦਾ ਹੈ, ਉਹ ਵੀ ਰਖਿਆ ਹੈ। ਸ੍ਰੀਮਤੀ ਸਰਲਾ ਪਰਾਸ਼ਰ ਜ ਕਿ ਪੰਡਤਾਣੀ ਹੈ, ਉਹ ਵੀ ਇਸ ਕਮੇਟੀ ਵਿਚ ਰਖੀ ਹੈ ਸਿਰਫ ਇਕ ਹੀ ਇਹ ਮੈਂਬਰ ਸ਼ਡੀਊਲਡ ਕਾਸਟ ਤੋਂ ਬਾਹਰ ਇਸ ਕਮੇਟੀ ਵਿਚ ਹੈ, ਬਾਕੀ ਤਾਂ ਇਸ ਕਮੇਟੀ ਦੇ ਸਾਰੇ ਹਰੀਜਨ ਮੈਂਬਰ ਹੀ ਹਨ।

*Expunged as ordered by the Chair.

[ਮੁੱਖ ਮੰਤਰੀ]

ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਸਰਕਾਰ ਹਰੀਜਨਾਂ ਦਾ ਪੂਰਾ ਖਿਆਲ ਕਰਦੀ ਹੈ ਅਤੇ ਕਰਦੀ ਰਹੇਗੀ ਅਤੇ ਮੈਂ ਆਪ ਵੀ ਹਰੀਜਨਾਂ ਦਾ ਪੂਰਾ ਖਿਆਲ ਰਖਦਾ ਹਾਂ ਭਾਵੇਂ ਇਹ ਮੇਰੀ ਡਿਊਟੀ ਹੈ ਕਿ ਸਾਰੇ ਪੰਜਾਬ ਦੇ ਲੋਕਾਂ ਦਾ ਖਿਆਲ ਰਖਾਂ ਪਰ ਫਿਰ ਵੀ ਮੈਂ ਹਰੀਜਨਾਂ ਦਾ ਖਿਆਲ ਰਖਣ ਲਈ ਪਹਿਲ ਦਿੰਦਾ ਹਾਂ (ਤਾੜੀਆਂ) ਅਤੇ ਦੇਵਾਂਗਾ।

ਭਗਤ ਗੁਰਾਂ ਦਾਸ ਹੰਸ : ਮੈਂ ਚੀਫ ਮਨਿਸਟਰ ਸਾਹਿਬ ਦਾ ਜਿਨ੍ਹਾਂ ਨੇ ਗਰੀਬਾਂ ਤੇ ਹਰੀਜਨਾਂ ਦੀਆਂ ਤਿੰਨ ਕੈਟੇਗਰੀਜ਼ ਬਣਾ ਕੇ ਉਨ੍ਹਾਂ ਦੇ ਭਲੇ ਲਈ ਰਿਪੋਰਟ ਦਿੱਤੀ ਹੈ, ਧੰਨਵਾਦ ਕਰਦਾ ਹਾਂ। ਜਿਥੇ ਉਨ੍ਹਾਂ ਨੇ ਵਿਮੁਕਤ ਜਾਤੀਆਂ ਨੂੰ ਵੀ ਰਿਆਇਤਾਂ ਦੇਣ ਦਾ ਜ਼ਿਕਰ ਕੀਤਾ ਮੈਂ ਉਥੇ ਉਨ੍ਹਾਂ ਦਾ ਧਿਆਨ ਸਵੀਪਰ ਜਾਤੀ ਵਲ ਵੀ ਲਿਆਉਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਸ਼ਹਿਰਾਂ ਵਿਚ ਲੋਕਾਂ ਦੀਆਂ ਟੱਟੀਆਂ ਚੁਕਣ ਦਾ ਹੀ ਕੰਮ ਕਰਨਾ ਹੁੰਦਾ ਹੈ। ਕੀ ਸਰਕਾਰ ਸਵੀਪਰਜ਼ ਨੂੰ ਵੀ ਵਿਮੁਕਤ ਜਾਤੀਆਂ ਦੇ ਬਰਾਬਰ ਰਿਆਇਤਾਂ ਦੇਣ ਦੇ ਲਈ ਤਿਆਰ ਹੈ ?

ਸਰਦਾਰ ਬਸੰਤ ਸਿੰਘ ਖਾਲਸਾ : ਜਿਹੜਾ ਮੁੱਖ-ਮੰਤਰੀ ਜੀ ਨੇ ਐਲਾਨ ਕੀਤਾ ਹੈ, ਉਸ ਦੇ ਲਈ ਮੈਂ ਇਨ੍ਹਾਂ ਦਾ ਬੜਾ ਹੀ ਮਸ਼ਕੂਰ ਹਾਂ। ਪਰ ਇਹ ਬਹੁਤਾ ਕਲੀਅਰ ਨਹੀਂ, ਇਕ ਤਾਂ ਮੈਨੂੰ ਇਹ ਦਸਣ ਕਿ ਇਸ ਦੀ ਇਮਪਲੀਮੈਂਟੇਸ਼ਨ ਕਿਵੇਂ ਹੋਵੇਗੀ ? ਪਰ ਜਿਹੜੇ ਫੀਲਡ ਵਿਚ ਇਨ੍ਹਾਂ ਨੇ ਭੇਜੇ ਹਨ ਉਹ ਕਿਵੇਂ ਪਤਾ ਕਰਨਗੇ। ਇਹ ਵੀ ਅਨਾਊਂਸ ਕਰਨ ਕਿ ਕਿਹੜੀ ਕਿਹੜੀ ਕਮੇਟੀ ਬਣੀ ਹੈ। ਫੇਰ ਏਥੇ ਨੈਸ਼ਨਲ ਇੰਟੈਗਰੇਸ਼ਨ ਦਾ ਮੁਆਮਲਾ ਹਾਊਸ ਦੇ ਵਿਚ ਕਈ ਵਾਰ ਆਉਂਦਾ ਹੈ, ਇਥੇ ਜ਼ਿਮੀਂਦਾਰ ਬੈਠੇ ਹਨ ਉਹ ਵੀ ਹਰੀਜਨਾਂ ਦੀਆਂ ਵੋਟਾਂ ਲੈਂਦੇ ਹਨ (ਵਿਘਨ) ਮੁੱਖ ਮੰਤਰੀ ਜੀ ਦੀ ਇਹ ਗਲ ਠੀਕ ਹੈ ਕਿ ਅਸੀਂ ਉਨ੍ਹਾਂ ਦੇ ਨੁਮਾਇੰਦੇ ਬਣ ਕੇ ਆਏ ਹਾਂ ਅਸੀਂ ਉਨ੍ਹਾਂ ਦੇ ਹਿਤਾਂ ਦਾ ਵੀ ਖਿਆਲ ਰਖੀਏ, ਜਿਥੇ ਆਪਣੇ ਲੋਕਾਂ ਨੂੰ ਉਚਾ ਲੈ ਜਾਣ ਦੀਆਂ ਗਲਾਂ ਕਰੀਏ ਉਥੇ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਦੇ ਹਿਤਾਂ ਦਾ ਵੀ ਖਿਆਲ ਰਖੀਏ। ਪਰ ਜਦੋਂ ਕੋਈ ਕਿਸੇ ਦੇ ਹੱਕ ਵਧਾਣ ਦੀ ਗਲ ਆਉਂਦੀ ਹੈ ਤਾਂ ਇਹ ਹੋਰ ਪਾਸੇ ਹੀ ਟਾਲ ਦੇਂਦੇ ਹਨ। ਇਥੇ ਹਰਚੰਦ ਸਿੰਘ ਕਮੇਟੀ ਨੇ ਜ਼ਮੀਨ ਦਸੀ ਜਿਹੜੀ ਕਿ ਸਾਰੀ ਦੀ ਸਾਰੀ ਹਰੀਜਨਾਂ ਨੂੰ ਮਿਲਣੀ ਚਾਹੀਦੀ ਸੀ, ਪਰ ਸਾਨੂੰ ਬੜਾ ਅਫਸੋਸ ਹੁੰਦਾ ਹੈ ਜਦੋਂ ਕਿ ਬਹੁਤ ਬੁਰੀ ਤਰ੍ਹਾਂ ਸਾਡੀਆਂ ਜਾਇਜ਼ ਮੰਗਾਂ ਨੂੰ ਵੀ ਲਤਾੜਿਆਂ ਜਾਂਦਾ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਅਸੀਂ ਧਰਨਾ ਮਾਰਿਆ ਸੀ ਕਿ ਸਾਡੇ ਰਾਈਟਸ ਜਿਹੜੇ ਹੁਣ ਤੱਕ ਮਿਲਣੇ ਚਾਹੀਦੇ ਸਨ ਨਹੀਂ ਮਿਲੇ, ਅਸੀਂ ਕਹਿੰਦੇ ਹਾਂ ਕਿ ਜੋ ਵੀ ਤੁਸੀਂ ਕੋਈ ਹਕ ਦੇਣ ਦੀ ਗਲ ਕਰਨੀ ਹੈ ਉਹ ਡੇਟ-ਬਾਊਂਡ ਹੋਵੇ।

ਮੁੱਖ ਮੰਤਰੀ : ਮੈਂ ਬਿਲਕੁਲ ਕਲੀਅਰ ਗਲ ਕੀਤੀ ਹੈ ਕਿ ਜਿਹੜੀਆਂ ਵੀ ਪਾਰਟੀਆਂ ਹਰੀਜਨਾਂ ਦੇ ਨਾਲ ਸਬੰਧ ਰਖਦੀਆਂ ਹਨ, ਮੈਂ ਇਕੱਲੇ ਇਕੱਲੇ ਨਾਲ ਗਲ ਕਰਨ ਲਈ ਤਿਆਰ ਹਾਂ ਭਾਵੇਂ ਉਹ 20 ਹੋਣ ਜਾਂ 30-40 ਕਿਉਂ ਨਾ ਹੋਣ। ਜਿਥੇ ਤੱਕ ਗਰੀਬੀ ਦੇ ਲੈਵਲ ਦੀ ਗਲ ਹੈ ਭਾਵੇਂ ਉਹ ਕਮਿਊਨਿਸਟ ਪਾਰਟੀ ਦੇ ਹਨ, ਜਾਂ ਅਕਾਲੀ ਪਾਰਟੀ ਦੇ ਹੋਣ ਜਾਂ ਕਿਸੇ ਹੋਰ ਪਾਰਟੀ ਦੇ ਹੋਣ, ਜਿਸ ਪਾਰਟੀ ਨਾਲ ਇਕ ਵੀ ਆਦਮੀ ਹੈ ਮੈਂ ਉਨ੍ਹਾਂ ਦੀ ਰਾਏ ਲੈਣ ਲਈ ਤਿਆਰ ਹਾਂ, ਉਨ੍ਹਾਂ ਦੀ ਇਮਦਾਦ ਲਈ ਜੋ ਵੀ ਕਿਸੇ ਤਰ੍ਹਾਂ ਦੀ ਤਰਮੀਮ ਕਰਨ ਦੀ ਲੋੜ ਹੋਵੇਗੀ ਮੈਨੂੰ ਉਹ ਕਰਨ ਵਿਚ ਕੋਈ ਗੁਰੇਜ਼ ਨਹੀਂ ਹੋਵੇਗਾ। ਜੇ ਸੈਸ਼ਨ

ਦੇ ਦਿਨਾਂ ਦੇ ਵਿੱਚ ਵੀ ਕੁਝ ਨਹੀਂ ਹੋ ਸਕੇਗਾ ਤਾਂ ਇਸ ਤੋਂ ਬਾਅਦ ਇਕ ਹਫਤੇ ਦੇ ਅੰਦਰ ਇਸ ਮਾਮਲੇ ਤੇ ਮੁੜ ਵਿਚਾਰ ਕੀਤੀ ਜਾਵੇਗੀ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਚੀਫ ਮਨਿਸਟਰ ਸਾਹਿਬ ਦਾ ਬੜਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਕਿਹਾ ਕਿ ਮੈਨੂੰ ਲੀਡਰ ਹਰੀਜਨਾਂ ਨੇ ਬਣਾਇਆ ਅਤੇ ਦੂਸਰੀਆਂ ਜਾਤੀਆਂ ਨੇ ਬਣਾਇਆ. ਪਰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਕਦੇ ਵੀ ਕਿਸੇ ਪਾਰਟੀ ਤੋਂ ਲੀਡਰ ਬਨਾਉਣ ਦੀ ਮੰਗ ਨਹੀਂ ਕੀਤੀ । ਮੈਂ ਹਰੀਜਨ ਮੈਂਬਰਾਂ ਦਾ ਮਾਣ ਕਰਦਾ ਹਾਂ, ਕਈ ਮੇਰੇ ਬਜ਼ੁਰਗ ਹਨ ਅਤੇ ਮੇਰੇ ਤੋਂ ਸਿਆਣੇ ਹਨ (ਸ਼ੋਰ) ਮੈਂ ਬੇਨਤੀ ਕਰਦਾ ਹਾਂ ਇਥੇ ਕਾਂਗਰਸੀ ਬੈਂਚਾਂ ਨੇ ਕਿਸੇ ਨੂੰ ਭਾਂਬੜ ਦਸਿਆ ਪਤਾ ਨਹੀਂ ਲਗਿਆ ਕਿਸ ਨੇ ਕਿਸ ਨੂੰ ਆਖਿਆ ਸੀ। (ਸ਼ੋਰ) ਮੈਂ ਆਪਣੀ ਗਲ ਕਰਾਂ ਕਿ ਮੇਰੇ ਦਿਲ ਵਿਚ ਕੋਈ ਲਾਲਸਾ ਨਹੀਂ ਹੈ, ਮੇਰੀ ਇਸ ਸਦਨ ਦੇ ਵਿਚ ਇਹੋ ਅਰਦਾਸ ਹੈ ਕਿ ਕਦੇ ਮੇਰੇ ਦਿਲ ਵਿਚ ਕਿਸੇ ਔਹਦੇ ਲਈ ਲਾਲਸਾ ਨਾ ਆਵੇ। ਮੈਂ ਤਾਂ ਔਹਦਾ ਲੈਣ ਦੀ ਨਿਸਬਤ ਸਦਨ ਵਿਚ ਬਹੁਕਰ ਮਾਰਨਾ ਚੰਗਾ ਸਮਝਦਾ ਹਾਂ (ਇਕ ਮਾਨ ਯੋਗ ਮੈਂਬਰ : ਮੰਗ ਆਈ ਹੈ ਕਿ ਅਸਤੀਫਾ ਦੇਉ) । ਮੇਰੀ ਗੁਜ਼ਾਰਿਸ਼ ਇਹ ਹੈ ਕਿ ਮੈਂ ਇਕ ਕਾਲ-ਅਟੈਨਸ਼ਨ ਮੋਸ਼ਨ ਦਿੱਤੀ ਸੀ ਹਿੰਦ ਸਮਾਚਾਰ ਦੇ ਖਿਲਾਫ ।

ਸ੍ਰੀ ਸਪੀਕਰ : ਇਹ ਸਬਜੁਡਿਸ ਮੈਟਰ ਹੈ, ਏਥੇ ਨਹੀਂ ਆ ਸਕਦੀ । (It is a subjudice matter. It cannot be discussed here.)

ਸਰਦਾਰ ਜਸਵਿੰਦਰ ਸਿੰਘ ਬਰਾੜ : ਇਕ ਮੋਸ਼ਨ ਮੇਰੀ ਚੰਡੀਗੜ੍ਹ ਦਾ ਫੈਸਲਾ ਦੇਣ ਬਾਰੇ ਸੀ.।

ਸ੍ਰੀ ਸਪੀਕਰ : ਇਹ ਵੀ ਸੈਂਟਰਲ ਮੈਟਰ ਹੈ । ਇਥੇ ਡਿਸਕਸ ਨਹੀਂ ਹੋ ਸਕਦਾ । (This matter also concerns the Central Govt. It cannot be discussed here.)

ਸਰਦਾਰ ਦਰਬਾਰਾ ਸਿੰਘ : * * * *

Mr. Speaker : This is no point of order.

ਕਾਮਰੇਡ ਰਾਜ ਕੁਮਾਰ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਜੇ ਤੁਸੀਂ ਕਾਲ-ਅਟੈਨਸ਼ਨ ਐਂਰ ਅਲਾਈਡ ਆਈਟਮਾਂ ਤੋਂ ਪ੍ਰੋਸੀਡ ਕਰਨਾ ਹੋਵੇ ਤਾਂ ਮੈਂ ਪੁਆਇੰਟ ਆਫ ਆਰਡਰ ਕਰਾਂ ।

ਸ੍ਰੀ ਸਪੀਕਰ : ਤਾਂ ਫਿਰ ਬਾਅਦ ਵਿਚ ਕਰ ਲੈਣਾ (You may put your point later on.)

ਕਾਮਰੇਡ ਰਾਜ ਕੁਮਾਰ : ਨਹੀਂ ਜੀ, ਪਹਿਲਾਂ ਕਰਨ ਵਾਲਾ ਹੈ । ਮੈਂ ਇਕ ਮੋਸ਼ਨ ਦਿਤੀ ਸੀ......

---

*Expunged as ordered by the Chair.

ਸ੍ਰੀ ਸਪੀਕਰ : ਉਹ ਅਡਜਰਨਮੈਂਟ ਦੇ ਤੌਰ ਤੇ ਰਿਜੈਕਟ ਕਰਕੇ ਕਾਲ-ਅਟੈਨਸ਼ਨ ਮੋਸ਼ਨ ਐਡਮਿਟ ਕਰ ਲਈ ਹੈ । (An Adjournment Motion on that matter has been rejected while a Call Attention Notice on the subject has been admitted.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੇਰੇ ਕੋਲ ਕਾਲ-ਅਟੈਨਸ਼ਨ ਮੋਸ਼ਨ ਦੀ ਰਿਜੈਕਸ਼ਨ ਵੀ ਆ ਗਈ ਹੈ ।

ਸ੍ਰੀ ਸਪੀਕਰ : ਸਾਡੇ ਸਕੱਤਰੇਤ ਦਾ ਇਕ ਅਫਸਰ ਤੁਹਾਡੇ ਕੋਲ ਆ ਰਿਹਾ ਹੈ। ਉਹ ਸਾਰੀ ਚੀਜ਼ ਸਮਝਾ ਦੇਵੇਗਾ ।(An Officer of this Secretariat is coming to you and he will clarify the position.)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਇਕ ਅਰਜੈਂਟ ਮੋਸ਼ਨ ਦਿਤੀ ਸੀ, ਜਿਸ ਬਾਰੇ ਕਲ ਹਾਊਸ ਵਿਚ ਰੌਲਾ ਪੈਂਦਾ ਰਿਹਾ ਹੈ (ਵਿਘਨ) ਔਰ ਅੱਜ ਮੁੱਖ ਮੰਤਰੀ ਸਾਹਿਬ ਨੇ ਸਟੇਟਮੈਂਟ ਦੇ ਕੇ ਮਾਹੌਲ ਸੁਖਾਵਾਂ ਕਰ ਦਿਤਾ ਹੈ. . . .(ਵਿਘਨ)

ਸ੍ਰੀ ਸਪੀਕਰ : ਤੁਸੀਂ ਹੁਣ ਇਸ ਨੂੰ ਫਿਰ ਖਰਾਬ ਕਰਨਾ ਚਾਹੁੰਦੇ ਹੋ ? (ਵਿਘਨ) ਬਾਦਲ ਸਾਹਿਬ ਆਪੋਜ਼ੀਸ਼ਨ ਦੇ ਲੀਡਰ ਨੇ ਗਵਰਨਰ ਐਡਰੈਸ ਤੇ ਅੱਜ ਬੋਲਣਾ ਹੈ, ਇਸ ਲਈ ਟਾਈਮ ਕਿਉਂ ਵੇਸਟ ਕਰਦੇ ਹੋ ? (Do you want to spoil it again ? (*Interruption*) Leader of the Opposition, Sh. Badal has to speak on the Governor's Address today. Why are you wasting the time ?)

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਮੁੱਖ ਮੰਤਰੀ ਜੀ ਤੋਂ ਸਿਰਫ ਇਹ ਜਾਨਣਾ ਚਾਹੁੰਦਾ ਹਾਂ ਕਿ ਉਹ ਜਿਸ ਗੱਲ ਤੇ ਕਲ ਰੌਲਾ ਪੈਂਦਾ ਰਿਹਾ ਹੈ. . . .ਅਮਲ ਕਦ ਤਕ ਕਰਨਗੇ ?

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕਲ ਇੱਕ ਅਡਜਰਨਮੈਂਟ ਮੋਸ਼ਨ ਦਿਤੀ ਸੀ ਜਿਸ ਬਾਰੇ ਤੁਸੀਂ ਕਿਹਾ ਸੀ ਕਿ ਕਲ ਟੇਕ ਅਪ ਹੋਵੇਗੀ. . . .

ਸ੍ਰੀ ਸਪੀਕਰ : ਉਹ ਸਿੰਪਲ ਲਾਅ ਐਂਡ ਆਰਡਰ ਦਾ ਮਸਲਾ ਹੈ, ਤੁਸੀਂ ਇਥੇ ਡਿਸਕਸ ਨਹੀਂ ਕਰ ਸਕਦੇ । (That relates to a matter of ordinary Law and Order. You cannot discuss it here.)

ਡਾਕਟਰ ਬਲਦੇਵ ਪ੍ਰਕਾਸ਼ : * * * (ਵਿਘਨ)

---

*Expunged as ordered by the Chair.

ਸ੍ਰੀ ਸਪੀਕਰ : ਤੁਸੀਂ ਬੈਠ ਜਾਓ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (Please resume your seat. It is no point of order.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਵਿਘਨ) (It is no point of order.)

ਭਗਤ ਗੁਰਾਂ ਦਾਸ ਹੰਸ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਚੀਫ ਮਨਿਸਟਰ ਸਾਹਿਬ ਤੋਂ ਇਕ ਗੱਲ ਮੈਂ ਪੁਛੀ ਸੀ. . . .

ਸ੍ਰੀ ਸਪੀਕਰ : ਮੈਂ ਉਨ੍ਹਾਂ ਨੂੰ ਫੋਰਸ ਨਹੀਂ ਕਰ ਸਕਦਾ ਕਿ ਉਹ ਜਵਾਬ ਦੇਣ। ਤੁਸੀਂ ਬੈਠ ਜਾਓ । (I cannot force him to give a reply. Please resume your seat.)

ਭਗਤ ਗੁਰਾਂ ਦਾਸ ਹੰਸ : ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਓ. . . .

ਸ੍ਰੀ ਸਪੀਕਰ: ਨਹੀਂ ਤੁਸੀਂ ਮਿਹਰਬਾਨੀ ਕਰਕੇ ਬੈਠ ਜਾਓ । (No please, resume your seat.)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਇਹ 1952 ਦੇ ਮੈਂਬਰ ਚਲੇ ਆ ਰਹੇ ਹਨ, ਅਸੀ ਤਾਂ ਉਦੋਂ ਜੰਮੇ ਵੀ ਨਹੀਂ ਸੀ, ਘਟੋ ਘਟ ਉਨ੍ਹਾਂ ਦੀ ਗੱਲ ਤਾਂ ਸੁਣ ਲਓ । (ਵਿਘਨ)

ਭਗਤ ਗੁਰਾਂ ਦਾਸ ਹੰਸ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਇਥੇ ਦੋ ਕੈਟੇਗਰੀਆਂ ਦਾ ਜ਼ਿਕਰ ਕੀਤਾ ਹੈ ਕਿ ਉਹ ਮਜ਼ਹਬੀ ਸਿੱਖ ਹਨ ਅਤੇ ਉਹ ਬਾਲਮੀਕੀ ਸਵੀਪਰਜ਼ ਹਨ । ਇਸ ਤਰ੍ਹਾਂ ਉਨ੍ਹਾਂ ਨੇ ਸਾਡੇ ਵਿਚ ਫੁਟ ਪਾਉਣ ਦੀ ਕੋਸ਼ਿਸ਼ ਕੀਤੀ ਹੈ ਮੈਂ ਉਨ੍ਹਾਂ ਦੀ ਪੂਰੀ ਇਜ਼ਤ ਕਰਦਾ ਹਾਂ ਪਰ ਮੈਂ ਉਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਵਿਮੁਕਤ ਜਾਤੀਆਂ ਦੀਆਂ ਲੜਕੀਆਂ ਨੂੰ ਜੋ ਹੋਸਟਲਾਂ ਆਦਿ ਵਿਚ ਸਹੂਲਤਾਂ ਦਿਤੀਆਂ ਹਨ, ਉਸ ਨਾਲ ਇਹ ਸਾਡੇ ਵਿਚ ਫੁਟ ਕਿਉਂ ਪਾ ਰਹੇ ਹਨ ? (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜੋ ਮਜ਼ਹਬੀ ਸਿੱਖ ਅਤੇ ਬਾਲਮੀਕੀਆਂ ਦੀ ਗੱਲ ਕੀਤੀ ਗਈ ਹੈ ਰਿਜ਼ਰਵੇਸ਼ਨ ਵਿਚ ਮੈਨੂੰ ਇਹ ਕਰਨ ਦੀ ਕੋਈ ਲੋੜ ਨਹੀਂ ਸੀ। ਇਹ ਤਾਂ ਭਗਤ ਜੀ ਨੇ ਆਪ ਮੰਗ ਕੀਤੀ ਸੀ ਮੇਰੇ ਕੋਲੋਂ ਕਿ ਇਹ ਹਰੀਜਨਾਂ ਵਾਸਤੇ ਜੋ 25% ਰਿਜ਼ਰਵੇਸ਼ਨ ਹੋਣੀ ਹੈ, ਇਸ ਵਿਚੋਂ 12.5% ਮਜ਼ਹਬੀ ਸਿੱਖਾਂ ਅਤੇ ਬਾਲਮੀਕੀਆਂ ਲਈ ਹੋਵੇ । ਮੈਂ ਇਨ੍ਹਾਂ ਦੀ ਗੱਲ ਮੰਨ ਲਈ । ਇਸ ਦੇ ਨਾਲ ਹੀ ਮੈਂ ਆਪਣੀ ਪਾਰਟੀ ਦੇ ਦੂਜੇ ਮੈਂਬਰਾਂ ਅਤੇ ਮਨਿਸਟਰਾਂ, ਜੋ ਹਰੀਜਨ ਹਨ, ਨੂੰ ਵੀ ਇਸ

*Expunged, as ordered by the Chair.

(ਮੁੱਖ ਮੰਤਰੀ)

ਗੱਲ ਦੀ ਵਧਾਈ ਦਿੰਦਾ ਹਾਂ ਕਿ ਜਦੋਂ ਮੈਂ ਉਨ੍ਹਾਂ ਤੋਂ ਇਹ ਗੱਲ ਪੁਛੀ ਤਾਂ ਉਨ੍ਹਾਂ ਸਾਰਿਆਂ ਨੇ ਮੈਨੂੰ ਕਿਹਾ ਕਿ ਇਹ ਜ਼ਰੂਰ ਕਰ ਦਿਓ, ਕਿਉਂਕਿ ਉਹ ਡਿਜ਼ਰਵ ਕਰਦੇ ਹਨ। ਤਾਂ ਮੈਂ 25% ਵਿਚੋਂ 12.50% ਮਜ਼ਹਬੀ ਸਿੱਖਾਂ ਅਤੇ ਬਾਲਮੀਕੀਆਂ ਵਾਸਤੇ ਕੀਤੀ। ਫਿਰ ਭਗਤ ਜੀ ਨੇ ਕਿਹਾ ਕਿ ਮੈਂ ਉਨ੍ਹਾਂ ਵਿਚ ਵਿਖੇੜੇ ਪਾਉਣਾ ਚਾਹੁੰਦਾ ਹਾਂ। ਮੈਂ ਅਰਜ਼ ਕਰਾਂ ਕਿ ਇਹ ਬਿਲਕੁਲ ਗਲਤ ਗੱਲ ਹੈ, ਮੈਂ ਤਾਂ ਸਗੋਂ ਇਹ ਚਾਹੁੰਦਾ ਹਾਂ ਕਿ ਹਰੀਜਨ ਅਤੇ ਗੈਰ ਹਰੀਜਨ ਵਿਚ ਵੀ ਕੋਈ ਫਰਕ ਨਾ ਹੋਵੇ। ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਹਰੀਜਨਾਂ ਨੂੰ ਵੀ ਨਾਨ-ਹਰੀਜਨ ਵਾਲੀਆਂ ਧਰਮਸ਼ਾਲਾਵਾਂ ਵਰਤਣੀਆਂ ਚਾਹੀਦੀਆਂ ਹਨ ਅਤੇ ਵਖਰੀਆਂ ਧਰਮਸ਼ਾਲਾਵਾਂ ਦੀ ਕੋਈ ਲੋੜ ਨਹੀਂ ਹੈ। ਇਹ ਤਾਂ ਅਸੀਂ ਇਨ੍ਹਾਂ ਦੀ ਮੰਗ ਕਰਕੇ ਕਰਦੇ ਹਾਂ। ਪਹਿਲਾਂ 10 ਸਾਲ ਲਈ ਰਿਜ਼ਰਵੇਸ਼ਨ ਸੀ, ਫਿਰ ਇਨ੍ਹਾਂ ਦੀ ਮੰਗ ਕਰਕੇ 10 ਸਾਲ ਹੋਰ ਵਧਾਈ ਅਤੇ ਫਿਰ 10 ਸਾਲ ਹੋਰ ਵਧਾਈ। ਜੇ, ਸਪੀਕਰ ਸਾਹਿਬ, ਕਦੇ ਇਹ ਮੰਗ ਕੀਤੀ ਜਾਵੇ ਕਿ ਹਰੀਜਨਾਂ ਅਤੇ ਗੈਰ-ਹਰੀਜਨਾਂ ਵਿਚ ਕੋਈ ਫਰਕ ਨਾ ਰਖਿਆ ਜਾਵੇ ਤਾਂ ਮੈਂ ਪਹਿਲਾ ਆਦਮੀ ਹੋਵਾਂਗਾ ਜਿਹੜਾ ਇਸ ਦੀ ਸਪੋਰਟ ਕਰਾਂ। ਹਰੀਜਨਾਂ ਵਿਚ ਤਾਂ ਫੁਟ ਪਾਉਣ ਦੀ ਗੱਲ ਹੀ ਦੂਰ ਦੀ ਹੈ। ਭਗਤ ਜੀ ਨੂੰ ਇਸ ਗੱਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ।

ਭਗਤ ਗੁਰਾਂ ਦਾਸ ਹੰਸ : ਸਪੀਕਰ ਸਾਹਿਬ, ਮੈਂ ਤਾਂ ਇਹ ਪੁਛਣਾ ਚਾਹੁੰਦਾ ਸੀ ਕਿ ਜਿਹੜੀਆਂ ਸਹੂਲਤਾਂ....(ਵਿਘਨ) (ਸ਼ੋਰ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਬੋਲ ਰਹੇ ਸੀ, ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 19 ਦਿਤੀ ਸੀ।....

ਸ੍ਰੀ ਸਪੀਕਰ : ਬੈਠ ਜਾਓ। ਜਿਹੜੀਆਂ ਐਕਸੈਪਟ ਹੁੰਦੀਆਂ ਹਨ, ਕੇਵਲ ਉਹ ਹੀ ਹਾਊਸ ਵਿਚ ਪੜ੍ਹੀਆਂ ਜਾਂਦੀਆਂ ਹਨ, ਬਾਕੀ ਨਹੀਂ ਪੜ੍ਹੀਆਂ ਜਾਂਦੀਆਂ। (Please resume your seat. Only admitted motions are allowed to be read in the House, not the others.

CALL-ATTENTION NOTICES UNDER RULE 66

(ਕ੍ਰਮ ਨੰ: 30)

ਮਾਸਟਰ ਚੰਦ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ, ਅਰਥਾਤ, ਜ਼ਿਲਾ ਸੰਗਰੂਰ ਦੀ ਧੂਰੀ ਤਹਿਸੀਲ ਵਿਚੋਂ ਗੁਜ਼ਰ ਰਹੀ ਨਹਿਰ (ਹਰੀਗੜ੍ਹ ਨਹਿਰ) ਪਿਛਲੇ ਥੋੜੇ ਸਮੇਂ ਵਿਚ ਟੁੱਟ ਗਈ ਸੀ ਕਿ ਜਿਸ ਨਾਲ ਪਿੰਡ ਬਾਲੀਆਂ, ਮੂਲੋਵਾਲ, ਕਿਲਾ ਹਕੀਮਾਂ, ਹਸਨਪੁਰ, ਧੰਦੀਵਾਲ ਅਤੇ ਕੁੰਬੜਵਾਲ (ਸਾਰੇ ਧੂਰੀ ਸਬ ਤਹਿਸੀਲ ਵਿਚ) ਪਿੰਡਾਂ ਦੀਆਂ ਬਹੁਤ ਫਸਲਾਂ ਤਬਾਹ ਹੋਈਆਂ ਹਨ। ਇਸ ਤੋਂ ਲੋਕਾਂ ਵਿਚ ਭਾਰੀ ਬੇਚੈਨੀ ਫੈਲੀ ਹੋਈ ਹੈ। ਸਰਕਾਰ ਨੂੰ ਚਾਹੀਦਾ ਹੈ ਕਿ

ਉਹ ਕਿਸਾਨਾਂ ਨੂੰ ਉਨ੍ਹਾਂ ਦੀਆਂ ਤਬਾਹ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਣ ਲਈ ਬਿਆਨ ਦੇਵੇ ਤਾਂ ਜੋ ਕਿਸਾਨਾਂ ਵਿਚ ਫੈਲੀ ਹੋਈ ਬੇਚੈਨੀ ਖਤਮ ਹੋ ਜਾਵੇ ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । ਕਾਮਰੇਡ ਰਾਜ ਕੁਮਾਰ ਕਾਲ-ਅਟੈਨਸ਼ਨ ਨੋਟਸ ਨੰ: 31 (Admitted. The Minister concerned may please make a statement in this respect. Call Attention Notice No. 31 by Comrade Raj Kumar.)

ਕਾਮਰੇਡ ਅੱਛਰਾ ਸਿੰਘ : ਮੇਰੀ ਕਾਲ-ਅਟੈਨਸ਼ਨ ਨੋਟਸ ਸੀ (ਵਿਘਨ)

ਸ੍ਰੀ ਸਪੀਕਰ : ਸਾਰੀਆਂ ਕਾਲ-ਅਟੈਨਸ਼ਨ ਨੋਟਿਸਜ਼ ਮੈਂ ਇਕੋ ਵਾਰੀ ਅਕਸੈਪਟ ਨਹੀਂ ਕਰ ਸਕਦਾ । ਤੁਸੀਂ ਮੇਰੇ ਚੈਂਬਰ ਵਿਚ ਆਕੇ ਗੱਲ ਕਰ ਲੈਣਾ । (I can't accept all the Call-Attention Notices at a time. You may please come to my Chamber and have a talk with me.)

ਕਾਮਰੇਡ ਅੱਛਰਾ ਸਿੰਘ : ਮੇਰੀ 29 ਨੰਬਰ ਕਾਲ ਅਟੈਨਸ਼ਨ ਮੋਸ਼ਨ ਸੀ । (ਵਿਘਨ)

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ । ਤੁਸੀਂ ਮੇਰੇ ਚੈਂਬਰ ਵਿਚ ਆ ਕੇ ਗੱਲ ਕਰ ਲਈਓ । ਕਾਮਰੇਡ ਰਾਜ ਕੁਮਾਰ । (Please resume your seat. You may come to my Chamber and have a talk with me. Comrade Raj Kumar.)

ਕਾਮਰੇਡ ਰਾਜ ਕੁਮਾਰ : ਮੈਂ ਬੇਨਤੀ ਕੀਤੀ ਸੀ ਤੁਹਾਡੇ ਦਫਤਰ ਵਲੋਂ ਇਨਫਰਮੇਸ਼ਨ ਆਈ ਹੈ ਕਿ ਐਗਜ਼ਾਮਿਨ ਕਰ ਰਹੇ ਹਾਂ । ਸਪੀਕਰ ਸਾਹਿਬ, ਤੁਸੀਂ ਅਸ਼ੋਰੈਂਸ ਦਿਤੀ ਸੀ, ਕਿ it will be converted into a Call-Attention Motion. But to-day I have received intimation that it has been rejected.

ਸ੍ਰੀ ਸਪੀਕਰ : ਤੁਹਾਨੂੰ ਸਾਈਨ ਕਰਨੀ ਚਾਹੀਦੀ ਸੀ । (You should have signed the notice.)

ਕਾਮਰੇਡ ਰਾਜ ਕੁਮਾਰ : ਮੈਂ ਸਾਈਨ ਕਰਕੇ ਦੇ ਦਿਤੀ ਸੀ । ਸਪੀਕਰ ਸਾਹਿਬ, ਮੈਂ ਕਲ ਇਥ ਨਹੀਂ ਹੋਣਾ, ਮੈਨੂੰ ਪੜ੍ਹ ਲੈਣ ਦਿਉ ।

ਸ੍ਰੀ ਸਪੀਕਰ : ਤੁਸੀਂ ਪੜ੍ਹੋ । (You may read it.)

(Serial No. 31)

Comrade Raj Kumar : Sir, I beg to draw the attention of the Government towards a matter of urgent public importance, namely, 70 thousand Government School Teachers of the State are gravely agitated over the fact that negotiated settlement arrived between Teachers Union and the Education Department in the month of August, 1974 have not been implemented till now. As a result of failure of the Government on this score strong resentment prevails among Government teachers. The union has planned an agitation with effect from 15th January, 1975 which is likely to adversely affect teaching work in Government schools at a time when annual examinations are at hand.

In view of the obvious and urgent importance of the matter the Government may be asked to make a statement in the House.

Mr. Speaker: Admitted. The Minister concerned to please make a statement.

(Serial No. 32)

Sardar Jaswinder Singh Brar : Sir, I beg to draw the attention of the Government towards a matter of urgent public importance, namely, that the agricultural land of city Faridkot, Village Kilanaur and Machaki Kalan has since been acquired by the military authorities but uptil-now no compensation has been paid to the persons concerned. The people of the above-said villages have, therefore, suffered heavily, economically and financially.

This is a matter of public importance and requires immediate attention of the Government. The Government may be asked to make a statement in the House.

Mr. Speaker: Admitted. The Minister concerned may please make a statement.

(Serial No. 33)

1. **Comrade Satya Pal Dang**
2. **Comrade Dana Ram**

: Read by Comrade Shamsher Singh Josh Sir, I beg to draw the attention of the Government towards a matter of urgent public importance, namely, that the post-Matric stipends (Scholarships) which the Scheduled Caste students studying in various evening colleges were getting (since many years) from the Government have been stopped. This has led to serious discontentment among all evening colleges students of the State.

In view of the obvious and urgent importance of the matter, the Government may be asked to make a statement in the House.

Mr. Speaker: Admitted. The Minister concerned to please make a statement.

(Serial No. 35)

Comrade Raj Kumar : Sir, I beg to draw the attention of the Government towards a matter of urgent public importance, namely, that all Industrial units at Batala are virtually closing down in the wake of a severe power cut. PSEB authorities are supplying power only for 4 hours a day. Due to lack of demand in markets outside, huge stock of sanitary fitting and other foundry goods have been piling up. Industrial production has fallen by more than 50 per cent. Large number of skilled Industrial Labour has begun migration outside the State. The estimated 30 lac daily loss of production besides forced daily loss of man hours due to meagre daily power supply is causing a serious situation which warrants urgent steps.

In view of the obvious and urgent importance of the matter, the Government may be asked to make a statement in the House.

Mr. Speaker : Admitted. The Minister concerned to please make a statement,

ਸਰਦਾਰ ਬਸੰਤ ਸਿੰਘ ਖਾਲਸਾ : ਕੀ ਇਹ ਮਨਜ਼ੂਰ ਹੋ ਗਈ ਸੀ। ਇਹ ਮਨਜ਼ੂਰ ਨਹੀਂ ਸੀ ਹੋਈ। (ਵਿਘਨ)

ਸ੍ਰੀ ਸਪੀਕਰ : ਮੈਂ ਪਿਛਲੇ ਦਫ਼ਾ ਇਥੇ ਕਿਹਾ ਸੀ ਕਿ ਇਹ ਕਨਵਰਟ ਕਰ ਲਈ ਜਾਏਗੀ ਅਤੇ ਕਰ ਲਈ ਗਈ। (Last time I said that it would be converted into a Call Attention Notice and it has been done so.)

ਸਰਦਾਰ ਬਸੰਤ ਸਿੰਘ ਖਾਲਸਾ : * * *

ਸ੍ਰੀ ਸਪੀਕਰ : ਇਹ ਜੋ ਕੁਝ ਆਨਰੇਬਲ ਮੈਂਬਰ ਬਗੈਰ ਪਰਮੀਸ਼ਨ ਆਫ ਦੀ ਚੇਅਰ ਦੇ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਏ। (Whatever, the hon. Member is saying without the permission of the Chair should not be recorded.)

(ਕ੍ਰਮ ਨੰ: 36)

ਕਾਮਰੇਡ ਜੰਗੀਰ ਸਿੰਘ ਜੋਗਾ (ਕਾਮਰੇਡ ਅੱਛਰਾ ਸਿੰਘ ਵਲੋਂ ਪੜ੍ਹੀ ਗਈ) : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ, ਅਰਥਾਤ, ਜ਼ਿਲਾ ਬਠਿੰਡਾ ਅਤੇ ਫਰੀਦਕੋਟ ਦੇ ਉਨ੍ਹਾਂ ਇਲਾਕਿਆਂ ਦੇ ਕਿਸਾਨਾਂ ਵਿਚ ਬੜੀ ਬੇਚੈਨੀ ਫੈਲੀ ਹੋਈ ਹੈ ਜਿਥੇ ਨਹਿਰੀ ਬੰਦੀਆਂ ਕਾਰਣ ਅਤੇ ਪਾਣੀ ਡੂੰਘਾ ਹੋਣ ਕਾਰਣ ਟਿਊਬਵੈਲਾਂ ਦੀ ਅਣਹੋਂਦ ਕਰਕੇ ਜ਼ਮੀਨਾਂ ਨੂੰ ਪਾਣੀ ਨਹੀਂ ਮਿਲਿਆ ਅਤੇ ਇਸ ਤਰ੍ਹਾਂ ਸੌਣੀ ਦੀਆਂ ਫਸਲਾਂ ਬੁਰੀ ਤਰ੍ਹਾਂ ਫੇਲ੍ਹ ਹੋ ਗਈਆਂ ਹਨ। ਉਨ੍ਹਾਂ ਵਿਚ ਫੈਲੀ ਬੇਚੈਨੀ ਕਾਰਣ ਅਤੇ ਉਨ੍ਹਾਂ ਨੂੰ ਹੋਏ ਮਾਲੀ ਨੁਕਸਾਨ ਕਾਰਣ ਸਰਕਾਰ ਦੀ ਧਿਆਨ ਉਨ੍ਹਾਂ ਨੂੰ ਮਾਲੀ ਇਮਦਾਦ ਦੇਣ ਵਲ ਦਿਵਾਇਆ ਜਾਂਦਾ ਹੈ। ਮਾਮਲੇ ਦੀ ਮੱਹਤਤਾ ਕਾਰਣ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ।

---

*Not recorded as ordered by the Chair.

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਆਪਣਾ ਬਿਆਨ ਦੇਣ ਦੀ ਖੇਚਲ ਕਰਨ । (Admitted. The Minister concerned may please make a statement.)

(ਕ੍ਰਮ ਨੰ: 38)

1. ਸਰਦਾਰ ਬਸੰਤ ਸਿੰਘ ਖਾਲਸਾ
2. ਸਰਦਾਰ ਧੰਨਾ ਸਿੰਘ ਗੁਲਸ਼ਨ :
3. ਸਰਦਾਰ ਕਰਨੈਲ ਸਿੰਘ ਮਰੜੀ

ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਜ਼ਿਲਾ ਜਲੰਧਰ ਦੇ ਪਿੰਡ ਸੰਫੀਪੁਰ ਦੇ ਹਰੀਜਨਾਂ ਨੂੰ ਉਜਾੜ ਦਿਤਾ ਹੈ ਉਨ੍ਹਾਂ ਦੀ ਫਸਲ ਨੂੰ ਉਜਾੜ ਦਿਤਾ ਤੇ ਜ਼ਮੀਨ ਤੇ ਤਾਕਤ ਨਾਲ ਕਬਜ਼ਾ ਕਰ ਲਿਆ ਹੈ । ਉਸ ਜ਼ਮੀਨ ਤੇ ਹਰੀਜਨਾਂ ਦਾ 20 ਸਾਲ ਦਾ ਕਬਜ਼ਾ ਹੈ । ਇਸ ਘਟਨਾ ਦਾ ਸਾਰੇ ਹਰੀਜਨਾਂ ਵਿਚ ਬਹੁਤ ਗੁੱਸਾ ਹੈ । ਇਸ ਬਾਰੇ ਸਰਕਾਰ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰੇ ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.)

(ਕ੍ਰਮ ਨੰ: 39)

1. ਸਰਦਾਰ ਬਲਵਿੰਦਰ ਸਿੰਘ ਭੂੰਦੜ
2. ਸਰਦਾਰ ਸੁਰਜੀਤ ਸਿੰਘ ਸਿੱਧੂ:

ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਝੁਨੀਰ ਬਲਾਕ ਦੇ ਸਾਰੇ ਪਿੰਡਾਂ ਵਿਚ ਨਹਿਰੀ ਪਾਣੀ ਨਾ ਪਹੁੰਚਣ ਕਰਕੇ ਸਾਉਣੀ ਦੀ ਫ਼ਸਲ ਬਿਲਕੁਲ ਬਰਬਾਦ ਹੋ ਗਈ ਹੈ ਅਤੇ ਪਾਣੀ ਦੀ ਕਮੀ ਕਾਰਣ ਹਾੜੀ ਦੀ ਬਿਜਾਈ ਵੀ ਨਹੀਂ ਹੋ ਸਕੀ ਜਿਸ ਕਾਰਣ ਆਬਿਆਨਾ ਅਤੇ ਮਾਮਲਾ ਦੇਣ ਦੀ ਸਮਰਥਾ ਲੋਕਾਂ ਵਿਚ ਨਹੀਂ ਹੈ । ਇਸ ਬਾਰੇ ਇਕ ਮੈਮੋਰੈਂਡਮ ਇਲਾਕੇ ਦੇ ਸਰਪੰਚਾਂ ਅਤੇ ਤਿੰਨ ਐਮ. ਐਲ. ਏਜ਼. ਵਲੋਂ ਮੁੱਖ ਮੰਤਰੀ ਨੂੰ 1 ਜਨਵਰੀ, 1975 ਨੂੰ 11.00 ਵਜੇ ਸਵੇਰੇ ਸੈਕਰੇਟੇਰੀਅਟ ਵਿਖੇ ਦਿਤਾ ਗਿਆ । ਪਰ ਇਸ ਵੱਲ ਅਜੇ ਤਕ ਕੋਈ ਧਿਆਨ ਨਹੀਂ ਦਿਤਾ । ਲੋਕਾਂ ਵਿਚ ਸਖਤ ਬੇਚੈਨੀ ਹੈ । ਸਰਕਾਰ ਬਿਆਨ ਇਸ ਬਾਰੇ ਤੁਰੰਤ ਦੇਵੇ ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The Minister concerned may please make a statement.)

DISCUSSION ON GOVERNOR'S ADDRESS

(Resumption)

Mr Speaker : Now the House will resume consideration of the *Motion moved by Shri Sardari Lal Kapur, M.L.A., and seconded by Chaudhri Jagat Ram, M.L.A. Chaudhri Jagat Ram, who was on his legs when the House adjourned on the 8th January, 1975, may please resume his speech.

(ਇਸ ਸਮੇਂ ਸ਼੍ਰੀ ਸਪੀਕਰ ਨੇ ਚੌਧਰੀ ਜਗਤ ਰਾਮ ਨੂੰ ਬੋਲਣ ਲਈ ਕਿਹਾ ।)

ਸ਼੍ਰੀ ਸਪੀਕਰ : ਚੌਧਰੀ ਜੀ ਤੁਸੀਂ ਕਿੰਨਾ ਸਮਾਂ ਲਵੋਗੇ? (Chaudhri Ji, how much time will you take?)

ਚੌਧਰੀ ਜਗਤ ਰਾਮ : ਜਿੰਨਾ ਸਮਾਂ ਕਹੋਗੇ ।

ਸ਼੍ਰੀ ਸਪੀਕਰ ; ਚੌਧਰੀ ਜਗਤ ਰਾਮ ਜੀ 10 ਮਿੰਟ ਬੋਲਣਗੇ । (Chaudhri Jagat Ram will speak for ten minutes only.)

ਚੌਧਰੀ ਜਗਤ ਰਾਮ (ਬੰਗਾ, ਐਸ. ਸੀ.) : ਸਪੀਕਰ ਸਾਹਿਬ, ਮੈਂ ਉਸ ਦਿਨ ਗਵਰਨਰ ਦੇ ਐਡਰੈਸ ਤੇ ਬੋਲ ਰਿਹਾ ਸੀ । ਉਸ ਦਿਨ ਮੈਂ, ਗਿਆਨੀ ਜੀ ਦੀ ਸਰਕਾਰ ਨੇ ਜਿਹੜੇ ਕੰਮ ਕੀਤੇ ਹਨ, ਉਨ੍ਹਾਂ ਨੂੰ ਵਧਾਈ ਦੇ ਰਿਹਾ ਸੀ । ਪਰ ਅੱਜ ਬੜੀ ਅੱਛੀ ਗੱਲ ਹੋਈ ਹੈ ਕਿ ਸਾਰੇ ਆਪੋਜ਼ੀਸ਼ਨ ਵਾਲਿਆਂ ਨੇ ਹੀ ਕਿਹਾ ਹੈ ਕਿ ਉਨ੍ਹਾਂ ਨੇ ਬੜੇ ਚੰਗੇ ਕੰਮ ਕੀਤੇ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਗਿਆਨੀ ਜੀ ਦੀ ਸਰਕਾਰ ਨੂੰ, ਜਿਥੇ ਉਨ੍ਹਾਂ ਨੇ ਇਹ ਕੀਤਾ ਹੈ ਕਿ ਕਲਾਸ 1 ਅਤੇ 2 ਵਿਚ ਪਰਮੋਸ਼ਨ ਦਿਤੀ ਹੈ ਉਥੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਮਾਜ ਵਿਚ ਤਰੁਟੀਆਂ ਹੁੰਦੀਆਂ ਹਨ ਪਰ ਸਰਕਾਰ ਹੀ ਉਨ੍ਹਾਂ ਤਰੁੱਟੀਆਂ ਨੂੰ ਦੂਰ ਕਰਦੀ ਹੁੰਦੀ ਹੈ । ਜੇ ਪਹਿਲਾਂ ਤਰੁਟੀਆਂ ਦੂਰ ਹੋ ਜਾਂਦੀਆਂ ਤਾਂ ਅੱਜ ਇਹ ਗੱਲ ਨਾ ਹੁੰਦੀ । ਉਹ ਸਾਰੀਆਂ ਤਰੁਟੀਆਂ ਦੂਰ ਹੋ ਜਾਂਦੀਆਂ ਜਿਸ ਤਰ੍ਹਾਂ ਗੁਰੂਆਂ ਨੇ ਕਿਹਾ ਸੀ ਜੇ ਕਰ ਇਹ ਤਰੁੱਟੀਆਂ ਕਾਨੂੰਨ ਦੇ ਰਾਹੀਂ ਨਾ ਦੂਰ ਹੋਣੀਆਂ ਹੁੰਦੀਆਂ । ਲੇਕਿਨ ਜਦ ਦਾ ਮੇਰੀ ਸਰਕਾਰ ਨੇ ਕਾਨੂੰਨ ਬਣਾਇਆ ਹੈ ਉਦੋਂ ਤੋਂ ਛੂਤ ਛਾਤ ਦੂਰ ਹੋ ਗਈ ਹੈ ।

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।

11.23 ਸਵੇਰੇ | ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਾਂਗਾ ਕਿ ਵੱਡੇ ਅਫ਼ਸਰਾਂ ਦੀ ਕਮੇਟੀ ਬਣਾਈ ਜਾਵੇ ਅਤੇ ਕਲਾਸ 1 ਅਤੇ 2 ਵਿਚ ਜਿਹੜੀ ਸਾਡੀ ਰਿਜ਼ਰਵੇਸ਼ਨ ਹੈ ਉਹ

---

*The following Motion was moved by Shri Sardari Lal Kapur on 8th January, 1975:

"That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 7th January, 1975."

[ਚੌਧਰੀ ਜਗਤ ਰਾਮ]

ਪੂਰੀ ਕਰਾਈ ਜਾਵੇ। ਜਦੋਂ ਵੀ ਸਾਡੇ ਆਦਮੀ ਦਾ ਨੰਬਰ ਆਉਂਦਾ ਹੈ ਤਾਂ ਉਸ ਦੀਆਂ ਰਿਪੋਟਾਂ ਖਰਾਬ ਕੀਤੀਆਂ ਜਾਂਦੀਆਂ ਹਨ। ਐਜ਼ ਏ ਹਰੀਜਨ ਮੈਨੂੰ ਇਸ ਗੱਲ ਦਾ ਖਿਆਲ ਆਉਂਦਾ ਹੈ ਜਿਸ ਤਰ੍ਹਾਂ ਕਿ ਸਾਡੇ ਗੁਰੂਆਂ ਨੇ ਕਿਹਾ ਸੀ ਕਿ ਬੰਦੇ ਦੀ ਬੰਦਾ ਸੇਵਾ ਕਰ ਸਕੇ (ਵਿਘਣ) ਤੁਸੀਂ ਇਸ ਗੱਲ ਨੂੰ ਹੀ ਲੈ ਲਵੋ ਕਿ ਜਦ ਸਾਡੇ ਵਿਚ ਸਰਦਾਰ ਅਜਾਇਬ ਸਿੰਘ ਸੰਧੂ ਸਨ ਤਾਂ ਭਾਵੇਂ ਉਹ ਕਿਸੇ ਵੀ ਪਾਰਟੀ ਵਿਚ ਸਨ, ਜਦ ਉਹ ਬੋਲਦੇ ਸਨ ਤਾਂ ਸਾਡੀ ਧੌਣ ਉਚੀ ਹੋ ਜਾਂਦੀ ਸੀ ਕਿਉਂਕਿ ਬਾਕੀ ਦਾ ਲਾਣਾ ਤਾਂ ਉਸ ਦੇ ਮਗਰ ਹੀ ਸੀ। ਉਸਦੀ ਜਗ੍ਹਾ ਤੇ ਸਾਡੇ ਵਿਚੋਂ ਕਿਸੇ ਨੂੰ ਨਹੀਂ ਲਿਆ ਜਾ ਰਿਹਾ ਸਗੋਂ ਉਸ ਦੀ ਜਗ੍ਹਾ ਪੂਰੀ ਕਿਸੇ ਹੋਰ ਨਾਲ ਕੀਤੀ ਜਾ ਰਹੀ ਹੈ। ਮੈਂ ਇਹ ਕਹਿ ਰਿਹਾ ਸੀ ਕਿ ਜਦ ਵੀ ਕਿਸੇ ਹਰੀਜਨ ਦੀ ਪਰਮੋਸ਼ਨ ਦੀ ਵਾਰੀ ਆਉਂਦੀ ਹੈ ਤਾਂ ਉਸ ਵੇਲੇ ਇਹ ਹੁੰਦਾ ਹੈ ਕਿ ਉਸ ਦੀਆਂ ਪਿਛਲੀਆਂ ਰਿਪੋਟਾਂ ਖਰਾਬ ਕੀਤੀਆਂ ਜਾਂਦੀਆਂ ਹਨ। ਪਹਿਲਾਂ ਇਹ ਚੀਜ਼ ਨਹੀਂ ਸੀ ਹੁੰਦੀ ਪਰ ਹੁਣ ਇਹ ਚੀਜ਼ ਹੁੰਦੀ ਹੈ। ਰਿਪੋਟਾਂ ਪਤਾ ਨਹੀਂ ਕਿਸ ਢੰਗ ਨਾਲ ਖਰਾਬ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਰਿਪੋਟਾਂ ਖਰਾਬ ਦਾ ਸਰਟੀਫੀਕੇਟ ਮਿਲ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਦੱਸਦਾ ਹਾਂ ਕਿ ਇਕ ਟਾਈਮ ਐਸਾ ਆਇਆ ਜਿਸ ਵੇਲੇ ਬਹੁਤ ਪੁਰਾਣਾ ਯੁਗ ਸੀ, ਜਿਸ ਨੂੰ ਕਿ ਸਤਯੁਗ ਕਹਿੰਦੇ ਹਨ। ਪਰ ਮੈਂ ਕਹਿੰਦਾ ਹਾਂ ਕਿ ਸਾਡੇ ਲਈ ਤਾਂ ਹੁਣ ਸਤਯੁਗ ਆਇਆ ਹੈ ਦੂਸਰਿਆਂ ਲਈ ਭਾਵੇਂ ਹੁਣ ਕਲਯੁਗ ਹੈ। (ਤਾੜੀਆਂ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸ੍ਰੀ ਰਾਮ ਜੀ ਆਏ। ਰਾਮ ਜੀ ਦੇ ਸਮੇਂ ਸਰੋਵਰ ਵਿਚ ਕਿਰਮ ਪੈ ਗਏ। ਰਾਮ ਜੀ ਨੇ ਸਰੋਵਰ ਵਿਚ ਪੈਰ ਪਾਏ ਤਾਕਿ ਪਾਣੀ ਠੀਕ ਹੋ ਜਾਏ ਪਰ ਪਾਣੀ ਠੀਕ ਨਹੀਂ ਹੋਇਆ। ਫਿਰ ਰਿਸ਼ੀਆਂ ਮੁਨੀਆਂ ਨੇ ਪਾਣੀ ਨੂੰ ਠੀਕ ਕਰਨ ਲਈ ਸਰੋਵਰ ਵਿਚ ਪੈਰ ਪਾਏ ਪਰ ਪਾਣੀ ਸ਼ੁੱਧ ਨਹੀਂ ਹੋਇਆ ਪਰ ਭੀਲਣੀ ਦੇ ਪੈਰਾਂ ਨਾਲ ਪਾਣੀ ਸ਼ੁੱਧ ਹੋ ਗਿਆ। (ਤਾੜੀਆਂ) ਲੇਕਿਨ ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਜਿਸ ਬਾਲਮੀਕ ਦੇ ਚਰਨਾ ਨਾਲ ਪਾਣੀ ਸ਼ੁਧ ਹੋ ਗਿਆ ਸੀ ਪਰ ਉਸ ਦਾ ਦੁੱਧ ਪੀਣ ਵਾਲਾ ਬਾਲਮੀਕ ਸ਼ੁੱਧ ਨਹੀਂ ਹੋਇਆ। ਇਸ ਵਿਚ ਕਸੂਰ ਕਿਸ ਦਾ ਹੈ? ਇਹ ਸਭ ਸਾਡੇ ਸਮਾਜ ਦੇ ਠੇਕੇਦਾਰਾਂ ਦੀ ਮਿਹਰਬਾਨੀ ਹੈ। ਉਹ ਅੱਜ ਵੀ ਉਸ ਢੰਗ ਦਾ ਯੁਗ ਲਿਆਉਣ ਲਈ ਸਰਕਾਰਾਂ ਦੇ ਖਿਲਾਫ ਰੌਲਾ ਪਾਉਂਦੇ ਹਨ। ਉਹ ਸਰਕਾਰ ਨੂੰ ਨਿਕੰਮਾਂ ਕਹਿੰਦੇ ਹਨ। (ਵਿਘਨ) ਮੈਂ ਕਹਿੰਦਾ ਹਾਂ ਕਿ ਇਕ ਕਮੇਟੀ ਬਣਾਈ ਜਾਵੇ ਜੋ ਇਸ ਚੀਜ਼ ਨੂੰ ਦੇਖੇ ਕਿ ਆਇਆ ਰਿਪੋਟਾਂ ਜਿਹੜੀਆਂ ਖਰਾਬ ਹੁੰਦੀਆਂ ਹਨ ਉਹ ਵਾਕਿਆ ਹੀ ਖਰਾਬ ਹਨ ਜਾਂ ਐਵੇਂ ਹੀ ਖਰਾਬ ਕੀਤੀਆਂ ਜਾਂਦੀਆਂ ਹਨ। ਸਾਨੂੰ ਐਵੇ ਹੀ ਦਬਾਇਆ ਜਾਂਦਾ ਹੈ। ਜਿਸ ਢੰਗ ਨਾਲ ਸਰਕਾਰ ਨੇ ਕਾਨੂੰਨ ਬਣਾਇਆ ਉਹ ਮੁਹਾਵਰਾ ਗਲਤ ਕੀਤਾ। ਸਰਕਾਰ ਹੁਣ ਇਹ ਵੀ ਮੁਹਾਵਰਾ ਗਲਤ ਕਰ ਦੇਵੇ ਜਿਹੜਾ ਕਿ ਮੀਸਾ ਬਾਰੇ ਐਨਾ ਰੌਲਾ ਪਾਇਆ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਤਕੜੇ ਹੋ ਕੇ ਇਸ ਕਾਨੂੰਨ ਨੂੰ ਵਰਤੋਂ ਵਿਚ ਲਿਆਓ। ਜਦ ਵੀ ਕੋਈ ਬੰਦਾ ਫੜਿਆ ਜਾਵੇ ਇਸ ਕਾਨੂੰਨ ਦੇ ਤਹਿਤ ਤਾਂ ਉਸ ਨੂੰ ਅੰਦਰ ਦਿਤਾ ਜਾਵੇ ਅਤੇ ਉਸ ਨੂੰ ਸਖਤ ਤੋਂ ਸਖਤ ਸਜ਼ਾ ਦਿਤੀ ਜਾਵੇ। ਫਿਰ ਦੇਖੋ ਸੜਕਾਂ ਤੇ ਰੁਪਿਆ ਕਿਸ ਤਰ੍ਹਾਂ ਆਉਂਦਾ ਹੈ ਅਤੇ ਸੋਨਾ ਬਾਹਿਰ ਕਿਸ ਤਰ੍ਹਾਂ ਆਉਂਦਾ ਹੈ। ਇਸ ਲਈ ਤਕੜੇ ਹੋਕੇ ਇਹ ਕੰਮ ਕਰਨ ਦੀ ਲੋੜ ਹੈ। ਜਿਸ ਤਰ੍ਹਾਂ ਗਿਆਨੀ ਜੀ ਦੀ ਸਰਕਾਰ ਨੇ ਹੱਥ ਪਾਇਆ ਹੈ ਬਾਹਿਰ ਲੋਕ ਇਸ ਦਾ ਸਵਾਗਤ ਕਰਦੇ ਹਨ। ਇਹ ਆਪੋਜ਼ੀਸ਼ਨ ਵਾਲੇ ਐਵੇਂ ਹੀ ਰੌਲਾ ਪਾਉਂਦੇ ਹਨ। ਲੋਕ ਇਨ੍ਹਾਂ ਦਾ ਸਵਾਗਤ ਨਹੀਂ ਕਰਦੇ। ਜੇ ਲੋਕ ਇਨ੍ਹਾਂ ਦਾ

ਸਵਾਗਤ ਕਰਨ ਤਾਂ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਦਾ ਕਿੰਨਾ ਕੁ ਸਵਾਗਤ ਹੋ ਰਿਹਾ ਹੈ । ਮੈਂ ਸਰਕਾਰ ਨੂੰ ਕਹਾਂਗਾ ਕਿ ਤਕੜੇ ਹੋ ਕੇ ਇਸ ਢੰਗ ਨਾਲ ਹੱਥ ਪਾਉਣ ।

ਡਿਪਟੀ ਸਪੀਕਰ ਸਾਹਿਬ, ਇਹ ਸਭ ਤੋਂ ਵੱਡੀ ਗੱਲ ਹੈ ਪੰਜਾਬ ਯੂਨੀਵਰਸਿਟੀ ਵਿਚ ਸਾਡੀ ਹਾਕੀ ਦੀ ਟ੍ਰੇਨਿੰਗ ਚੱਲ ਰਹੀ ਹੈ । ਇਹ ਸਾਰੇ ਹਿੰਦੁਸਤਾਨ ਦੀ ਸੇਵਾ ਕੀਤੀ ਜਾ ਰਹੀ ਹੈ । ਹਿੰਦੁਸਤਾਨ ਦੇ ਕਿਸੇ ਵੀ ਸੂਬੇ ਦੇ ਲੜਕੇ ਟ੍ਰੇਨਿੰਗ ਲੈ ਕੇ ਉਹ ਸਾਰੀ ਦੁਨੀਆਂ ਵਿਚ ਹਾਕੀ ਖੇਡਣਗੇ । ਇਹ ਸਾਡੇ ਪੰਜਾਬ ਦੇ ਵਿਚ ਗਿਆਨੀ ਜੀ ਦੀ ਸਰਕਾਰ ਨੇ ਜਿਹੜਾ ਟ੍ਰੇਨਿੰਗ ਦਾ ਕੰਮ ਸ਼ੁਰੂ ਕੀਤਾ ਹੈ, ਇਹ ਸਰਕਾਰ ਉਸ ਲਈ ਵਧਾਈ ਦੀ ਮੁਸਤਹਿਕ ਹੈ । (ਘੰਟੀ) ਮੇਰੇ ਦੋਸਤ ਜਿੰਨੇ ਇਥੇ ਬੈਠੇ ਹਨ ਅਗਰ ਉਹ ਗੁਰੂ ਗੋਬਿੰਦ ਸਿੰਘ ਦੇ ਸਿੱਖ ਹਨ, ਅਗਰ ਉਹ ਰਾਮ ਦੇ ਉਪਾਸ਼ਕ ਹਨ, ਕ੍ਰਿਸ਼ਨ ਦੇ ਪੁਜਾਰੀ ਹਨ ਤਾਂ ਉਨ੍ਹਾਂ ਨੂੰ ਇਹ ਪ੍ਰਣ ਕਰ ਲੈਣਾ ਚਾਹੀਦਾ ਹੈ ਕਿ ਬੰਦੇ ਦੀ ਬੰਦਾ ਪੂਜਾ ਕਰ ਸਕਦਾ ਹੈ । ਭਗਵਾਨ ਸਾਡੇ ਵਿਚ ਹੈ । ਗੁਰਦਵਾਰਾ ਅਤੇ ਮੰਦਰ ਸਭ ਸਾਡੇ ਵਿਚ ਹੈ । ਪਰ ਹੋ ਕੀ ਰਿਹਾ ਹੈ ਕਿ ਬੰਦੇ ਦੀ ਬੰਦਾ ਸੇਵਾ ਨਹੀਂ ਕਰਦਾ, ਉਹ ਲੁਟ ਰਹੇ ਹਨ । ਬੰਦਾ ਗੁਰਦੁਆਰੇ ਜਾਂ ਮੰਦਰ ਜਾ ਕੇ ਨੱਕ ਰਗੜਦਾ ਹੈ ਮੈਂ ਕਹਿੰਦਾ ਹਾਂ ਕਿ ਭਗਵਾਨ ਸਾਡੇ ਵਿਚ ਹੈ। ਬੰਦੇ ਨੂੰ ਬੰਦੇ ਦੀ ਸੇਵਾ ਕਰਨੀ ਚਾਹੀਦੀ ਹੈ । ਜਿੰਨਾ ਚਿਰ ਸਾਡੇ ਵਿਚ ਭਗਵਾਨ ਦਾ ਵਾਸ ਹੈ ਉਦੋਂ ਤੱਕ ਅਸੀਂ ਕਾਇਮ ਹਾਂ ਪਰ ਜਦ ਸਾਡੇ ਵਿਚੋਂ ਭਗਵਾਨ ਨਿਕਲ ਜਾਂਦਾ ਹੈ ਤਾਂ ਉਦੋਂ ਲਾਸ਼ ਹੁੰਦੀ ਹੈ, ਉਦੋਂ ਇਹ ਮੰਦਰ ਢਹਿ ਜਾਂਦਾ ਹੈ । (ਵਿਘਨ) ਬਾਦਲ ਜੀ ਤੁਹਾਡੇ ਨਾਲ ਮੇਰਾ ਪਿਆਰ ਹੈ। ਕਿਉਂਕਿ ਤੁਸੀਂ ਆਪੋਜ਼ੀਸ਼ਨ ਵਿਚ ਹੋ ਤੁਸੀਂ ਤਕੜੇ ਢੰਗ ਨਾਲ ਰੋਲ ਅਦਾ ਕਰਕੇ ਸਰਕਾਰ ਨੂੰ ਤਕੜਾ ਕਰੋ । ਕੱਲ ਇਥੇ ਵਿਚਕਾਰ ਆ ਕੇ ਹਰੀਜਨ ਬੈਠੇ ਸੀ ਪਰ ਕੋਈ ਢੰਨੇ ਖਾਂ ਨਹੀਂ ਨਾਲ ਬੈਠਾ । (ਵਿਘਨ) ਡਿਪਟੀ ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਸਾਹਿਬ ਤੋਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ 40 ਸਿੰਘਾਂ ਨੇ ਬੇਦਾਵਾ ਦਿਤਾ ਤਾਂ ਤੁਹਾਡੇ ਹਲਕੇ ਮੁਕਤਸਰ ਵਿਚ ਇਹ ਵਾਕਿਆ ਹੋਇਆ । ਕੀ ਉਹ ਦੱਸਣਗੇ ਕਿ ਉਹ ਉਸ ਫੈਮਿਲੀ ਨੂੰ ਤਾਂ ਬਿਲਾਂਗ ਨਹੀਂ ਕਰਦੇ ? (ਵਿਘਨ) ਆਓ ਸਾਡੇ ਨਾਲ ਰਲ ਜਾਓ, ਹੱਥੀਂ ਕੰਮ ਕਰੋ । ਜਿਥੇ ਸਾਡੀ ਲੋੜ ਹੋਵੇ ਐਜ਼ ਏ ਹਰੀਜਨ ਅਸੀਂ ਨਾਲ ਹਾਂ ।

"ਨੀਲੀ ਪੋਸ਼ੋਂ ਕੋ ਦੇਖਾ ਹੈ,
ਹਮ ਨੇ ਗਰੀਬੋਂ ਕੋ ਦੇਖਾ ਹੈ,
ਮਗਰ ਅਸੰਬਲੀ ਕੇ ਸ਼ਿਕਾਰੀ ਨਹੀਂ ਦੇਖੇ" (ਘੰਟੀ)

ਬੱਸ ਜੀ ਮੈਂ ਦੋ ਹੀ ਗੱਲਾਂ ਹੋਰ ਕਹਿਣੀਆਂ ਹਨ । ਮੇਰੇ ਦੋਸਤ ਆਜ਼ਾਦ ਜੀ ਨੇ ਕਿਹਾ ਹੈ ਕਿ ਆਰੀਆ ਸਮਾਜ ਨੇ ਇਕ ਮੁਹਿੰਮ ਚਲਾਈ ਹੈ ਕਿ ਹਰੀਜਨਾਂ ਨੂੰ ਸ਼ੁੱਧ ਕਰੋ । ਮੇਰਾ ਖਿਆਲ ਹੈ ਕਿ ਉਹ ਸ਼ੁੱਧ ਨਹੀਂ ਹੋਏ ਲੇਕਿਨ ਆਰੀਆ ਸਭਾ ਦੇ ਉਸ ਕੰਮ ਨਾਲ ਆਚਾਰਿਆ ਜੀ ਸ਼ੁੱਧ ਹੋ ਗਏ ਹਨ । ਸਾਨੂੰ ਇਸ ਤਰ੍ਹਾਂ ਨਾ ਰੱਖੋ ਕਿ ਜਿਵੇਂ ਕੋਈ ਰਾਮਦਾਸੀਆ ਸਿੱਖ, ਕੋਈ ਫਲਾਣਾ ਸਿੱਖ, ਅਸੀਂ ਇਨਸਾਨਾਂ ਵਾਂਗ ਰਹਿਣਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਅਰਜ਼ ਕਰਨਾ ਚਾਹੁੰਦਾ ਹਾਂ, ਗਿਆਨੀ ਜੀ ਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਸ ਢੰਗ ਨਾਲ ਪੰਜਾਬ ਯੂਨੀਵਰਸਿਟੀ ਦੇ ਵਿਚ ਦਿਆ ਨੰਦ ਦੇ ਨਾਮ ਦੀ ਚੇਅਰ ਦਿਤੀ ਹੈ, ਭਾਈ ਵੀਰ ਸਿੰਘ ਜੀ ਜੋ ਕਿ ਪੰਜਾਬੀ ਦੇ ਬਹੁਤ ਵਡੇ ਕਵੀ ਹੋਏ ਹਨ ਉਨ੍ਹਾਂ ਦੇ ਨਾਮ ਦੀ ਚੇਅਰ ਦਿਤੀ

[ਚੌਧਰੀ ਜਗਤ ਰਾਮ]

ਗਈ ਹੈ ਇਸੇ ਤਰ੍ਹਾਂ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਭਗਤ ਰਵੀ ਦਾਸ ਦੇ ਨਾਮ ਦੀ ਚੇਅਰ ਅਤੇ ਬਾਲਮੀਕ ਜੀ ਦੇ ਨਾਮ ਦੀ ਚੇਅਰ ਵੀ ਯੂਨੀਵਰਸਿਟੀ ਵਿਚ ਰਖੀ ਜਾਵੇ.. (ਵਿਘਨ) ।

ਸਰਦਾਰ ਬੰਸਤ ਸਿੰਘ ਖਾਲਸਾ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਇਨਫਰਮੇਸ਼ਨ ਮਾਨਯੋਗ ਮੈਂਬਰ ਸਾਹਿਬ ਤੋਂ ਲੈਣਾ ਚਾਹੁੰਦਾ ਹਾਂ । ਮੈਨੂੰ ਇਕ ਇਨਫਰਮੇਸ਼ਨ ਮਾਨਯੋਗ ਮੈਂਬਰ ਸਾਹਿਬ ਤੋਂ ਲੈਣ ਦਿਉ । (ਵਿਘਨ)

ਸ੍ਰੀ ਡਿਪਟੀ ਸਪੀਕਰ : ਖਾਲਸਾ ਜੀ ਤੁਸੀਂ ਬਾਅਦ ਵਿਚ ਪੁੱਛ ਲੈਣਾ । ਤੁਹਾਡੇ ਰੂਲਜ਼ ਤੁਹਾਨੂੰ ਇਜਾਜ਼ਤ ਨਹੀਂ ਦਿੰਦੇ, ਤਸ਼ਰੀਫ ਰਖੋ । (ਵਿਘਨ) (ਸਰਦਾਰ ਬਸੰਤ ਸਿੰਘ ਖਾਲਸਾ ਵਲੋਂ ਵਿਘਨ) ਖਾਲਸਾ ਜੀ ਤਸ਼ਰੀਫ ਰਖੋ । (Khalsa Jee, you may get the information later on. The rules do not permit to get information like this. Please resume your seat.) (*Interruption by Sardar Basant Singh Khalsa.*) Khalsa Jee, please resume your seat.)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਸਰਕਾਰ ਨੂੰ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਰਾਜਸਥਾਨ ਵਰਗੇ ਸੂਬੇ ਵਿਚ, ਬਿਹਾਰ ਵਰਗੇ ਸੂਬੇ ਵਿਚ ਜਿਹੜਾ ਕਿ ਬਹੁਤ ਗਰੀਬ ਸੂਬਾ ਹੈ, ਮੇਰਾ ਪੰਜਾਬ ਤਾਂ ਬਹੁਤ ਰੱਜਿਆ ਪੁੱਜਿਆ ਸੂਬਾ ਹੈ, ਉਨ੍ਹਾਂ ਸੂਬਿਆਂ ਵਿਚ ਹਰੀਜਨਾਂ ਨੂੰ 20 ਰੁਪਏ ਵਜ਼ੀਫਾ ਮਿਲਦਾ ਹੈ ਲੇਕਿਨ ਸਾਡੇ ਪੰਜਾਬ ਵਿਚ 6 ਰੁਪਏ ਅਤੇ 10 ਰੁਪਏ ਹਰੀਜਨ ਬਚਿਆਂ ਨੂੰ ਵਜ਼ੀਫਾ ਮਿਲਦਾ ਹੈ । ਇਹ ਸੂਬਾ ਬੜਾ ਰੱਜਿਆ ਪੁੱਜਿਆ ਸੂਬਾ ਹੈ ਅਤੇ ਮੇਰਾ ਖਿਆਲ ਹੈ ਕਿ 20 ਰੁਪਏ ਵਜ਼ੀਫਾ ਦੇਣਾ ਇਸ ਦੇ ਲਈ ਕੋਈ ਮੁਸ਼ਕਲ ਗੱਲ ਨਹੀਂ ਹੈ । ਇਸ ਲਈ ਮੇਰਾ ਖਿਆਲ ਹੈ ਕਿ ਚੀਫ ਮਨਿਸਟਰ ਸਾਹਿਬ ਮੇਰੀ ਇਸ ਰਿਕੁਐਸਟ ਨੂੰ ਮੰਨ ਕੇ ਸਾਡੀ ਮਦਦ ਕਰਨਗੇ ਤਾਂ ਕਿ ਹਰੀਜਨ ਪੜ੍ਹ ਲਿਖ ਸਕਣ । (ਘੰਟੀ) (ਵਿਘਨ)

ਡਿਪਟੀ ਸਪੀਕਰ ਸਾਹਿਬ ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ । ਮੈਂ ਇਸ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ । ਕੁਝ ਦੋਸਤ ਉਧਰ ਬੈਠੇ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਕਹਿੰਦੇ ਹਨ ਕਿ ਬੜੀਆਂ ਮੁਬਾਰਕਬਾਦਾਂ ਮੈਂ ਦੇ ਰਿਹਾ ਹਾਂ, ਇਹ ਪਤਾ ਨਹੀਂ ਉਹ ਕਿਵੇਂ ਕਹਿੰਦੇ ਹਨ । ਹਰ ਬੰਦੇ ਦੀ ਸੋਚ ਵਖਰੀ ਵਖਰੀ ਹੁੰਦੀ ਹੈ, ਇਕੋ ਜਿਹੀ ਸਾਰਿਆਂ ਦੀ ਸੋਚ ਨਹੀਂ ਹੁੰਦੀ । ਜਿਸ ਬੰਦੇ ਦਾ ਮਨ ਜਿਥੇ ਲਗਿਆ ਹੋਵੇ ਉਧਰ ਦਾ ਹੀ ਉਹ ਸੋਚੇਗਾ । ਉਹ ਮੈਨੂੰ ਕਲ ਕਹਿੰਦਾ ਸੀ ਕਿ ਤੂੰ ਸਰਕਾਰ ਦੀ ਬੜੀ ਖੁਸ਼ਾਮਦ ਕਰਦਾ ਹੈਂ । (ਸਰਦਾਰ ਗੁਰਦੇਵ ਸਿੰਘ ਬਾਦਲ ਵਲੋਂ ਵਿਘਨ) ਬੈਠ ਜਾ ਬਾਦਲ । ਡਿਪਟੀ ਸਪੀਕਰ ਸਾਹਿਬ, ਜਿਹੜਾ ਸਹੀ ਗੱਲ ਨੂੰ ਸਹੀ ਨਾ ਕਹਿ ਸਕੇ, ਉਹ ਵੀ ਇਨਸਾਨ ਨਹੀਂ । ਮੈਂ ਇਸ ਸਰਕਾਰ ਨੂੰ ਬੜੇ ਤਗੜੇ ਢੰਗ ਨਾਲ ਮੁਬਾਰਕਬਾਦ ਦਿੰਦਾ ਹਾਂ ਕਿਉਂਕਿ ਜੇ ਇਹ ਸਰਕਾਰ ਇਸ ਤਰ੍ਹਾਂ ਦੇ ਨੇਕ ਕੰਮ ਕਰਦੀ ਰਹੀ ਤਾਂ ਗਰੀਬਾਂ ਦਾ ਭਲਾ ਹੋ ਸਕੇਗਾ ਅਤੇ ਜੇ ਸਰਕਾਰਾਂ

ਹੋਰ ਢੰਗ ਦੀਆਂ ਆ ਗਈਆਂ ਤਾਂ ਉਸ ਦੇ ਵਿਚ ਅਮੀਰਾਂ ਦਾ ਭਲਾ ਕੀਤਾ ਜਾਵੇਗਾ । ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਜੇ ਬਾਦਲ ਸਾਹਿਬ ਵਰਗੇ ਲੋਕ ਸਰਕਾਰ ਦੀ ਆਪੋਜ਼ੀਸ਼ਨ ਕਰਨ ਤਾਂ ਸਮਝੋ ਕਿ ਸਰਕਾਰ ਗਰੀਬਾਂ ਦਾ ਭਲਾ ਸੋਚਣ ਵਾਲੀ ਹੈ ....(ਵਿਘਨ)

ਸਰਦਾਰ ਹਰਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਦੇਖੋ ਇਨ੍ਹਾਂ ਨੂੰ ਤਾਂ (ਸਰਦਾਰ ਪਰਕਾਸ਼ ਸਿੰਘ ਬਾਦਲ ਵਲ ਇਸ਼ਾਰਾ ਕਰਕੇ) ਬਾਦਲ ਸਾਹਿਬ ਕਹਿ ਕੇ ਕਹਿੰਦਾ ਹੈ ਪਰ ਸਰਦਾਰ ਗੁਰਦੇਵ ਸਿੰਘ ਬਾਦਲ ਨੂੰ ਇਹ ਕਹਿੰਦਾ ਹੈ ਕਿ ਬੈਠ ਜਾ ਬਾਦਲਾ । (ਵਿਘਨ) (ਹਾਸਾ)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਸਰਦਾਰ ਹਰਚੰਦ ਸਿੰਘ ਨੇ ਇਹ ਗੱਲ ਕਹਿ ਦਿਤੀ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਬਹੁਤਾ ਪਿਆਰ ਹੋਵੇ ਉਥੇ ਤਾਂ ਸੱਚ ਮੁੱਚ ਇਸ ਤਰ੍ਹਾਂ ਭਰਾ ਕਹਿ ਕੇ ਬੁਲਾਇਆ ਜਾਂਦਾ ਹੈ । (ਵਿਘਨ) ਮੈਂ ਸੱਚੀ ਮੁੱਚੀ ਗੁਰਬਾਣੀ ਵਿਚ ਵਿਸ਼ਵਾਸ ਰਖਦਾ ਹਾਂ, ਉਸ ਤੇ ਅਮਲ ਕਰਦਾ ਹਾਂ । ਗੁਰੂ ਨਾਨਕ ਦੇਵ ਜੀ ਨੇ ਰਾਕਸ਼ਸ਼ਾਂ ਨੂੰ ਦੇਵਤੇ ਬਣਾਉਣ ਦੀ ਕੋਸ਼ਿਸ਼ ਕੀਤੀ ਸੀ । ਜੇ ਮੈਂ ਰਾਕਸ਼ਸ਼ਾਂ ਤੋਂ ਦੇਵਤੇ ਨਹੀਂ ਬਣਾ ਸਕਦਾ ਤਾਂ ਬੰਦੇ ਜ਼ਰੂਰ ਬਣਾ ਦੇਵਾਂਗਾ । (ਵਿਘਨ) ਕੱਲ ਤੁਸੀਂ ਦੇਖਿਆ ਹੈ ਕਿ ਇਥੇ ਕੀ ਹੋਇਆ ਸੀ । ਜਿਨ੍ਹਾਂ ਦੋਸਤਾਂ ਨੇ ਧਰਨਾ ਮਾਰਿਆ ਸੀ ਉਨ੍ਹਾਂ ਨੂੰ ਵੀ ਇਸ ਗੱਲ ਦਾ ਪਤਾ ਸੀ । ਮੈਂ ਗਿਆਨੀ ਜੀ ਨੂੰ ਕਿਹਾ ਸੀ ਕਿ ਤੁਸੀਂ ਇਸ ਦੇ ਬਾਰੇ ਕੋਈ ਆਪਣੀ ਸਟੇਟਮੈਂਟ ਦਿਉ ਅਤੇ ਸਾਡੇ ਹੱਕ ਵਿਚ ਫੈਸਲੇ ਬਾਰੇ ਕੋਈ ਸਟੇਟਮੈਂਟ ਦਿਉ । ਅਸੀਂ ਇਨ੍ਹਾਂ ਦੋਸਤਾਂ ਨਾਲ ਸਲਾਹ ਵੀ ਕਰ ਲਈ, ਕਹਿਣ ਲਗੇ ਠੀਕ ਹੈ । (ਘੰਟੀ) ਬਸ ਜੀ ਆਖਰੀ ਗੱਲ ਕਹਿਣੀ ਹੈ । ਚੀਫ ਮਨਿਸਟਰ ਸਾਹਿਬ ਨੇ, ਮੇਰੀ ਸਰਕਾਰ ਨੇ ਸਾਡੇ ਵਾਸਤੇ, ਹਰੀਜਨਾਂ ਦੇ ਹੱਕ ਵਿਚ ਬਹੁਤ ਅੱਛਾ ਕੰਮ ਕੀਤਾ ਹੈ । ਇਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। (ਵਿਘਨ) ਇਨ੍ਹਾਂ ਲੋਕਾਂ ਨੂੰ ਵੀ ਪਤਾ ਹੈ ਡਿਪਟੀ ਸਪੀਕਰ ਸਾਹਿਬ, ਕੱਲ ਜਿਹੜਾ ਰੈਜ਼ੋਲਿਊਸ਼ਨ ਆਉਣਾ ਸੀ ਉਸ ਨਾਲ ਬੜੇ ਬੜੇ ਲੈਂਡ ਲਾਰਡਾਂ ਦੀ ਹਿੱਕ ਤੇ ਸੱਪ ਲੇਟਣਾ ਸੀ ਕਿਉਂਕਿ ਇਹ ਲੋਕ ਹਰੀਜਨਾਂ ਦਾ ਬਾਈਕਾਟ ਕਰਦੇ ਹਨ, ਸਾਡੀਆਂ ਇਹ ਨਾਕਾਬੰਦੀਆਂ ਕਰਦੇ ਹਨ । ਇਹ ਤਾਂ ਕੱਲ ਇਕ ਸਾਜ਼ਸ਼ ਸੀ ਕਿ ਇਹ ਰੈਜ਼ੋਲਿਊਸ਼ਨ ਨਾ ਆ ਸਕੇ, ਇਸ ਲਈ ਇਹ ਸਾਰਾ ਕੁਝ ਕਰਵਾਇਆ ਗਿਆ । (ਘੰਟੀ) (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ ।

Mr. Deputy Speaker: Motion moved by Shri Sardari Lal Kapur, M.L.A., on the 8th January, 1975 and seconded by Chaudhri Jagat Ram, M. L. A. reads—

"That an Address be presented to the Governor in the following terms :—

"That the Members of this House assembled in this Session are deeply grateful to the Governor for the Address which he has been pleased to deliver to the House on the 7th January, 1975".

I have received notices of three amendments—first from Sardar Harbans Singh Jalal, second from Sardar Dhanna Singh Gulshan and Sardar Basant Singh Khalsa and the third from Sardar Jasdev Singh Sandhu. All these notices will be deemed to have been read and moved.

Sardar Harbans Singh Jalal: That in the motion, the following be added at the end, namely—

"but regret that no mention has been made in the Address about—

(1) the failure of State Government's approach to the Centre to get the clearance and the completion of Thein Dam, Anandpur Sahib and Mukerian Hydel Projects, which are the decisive factors for the development of peasantry and State economy ;

(2) the failure of the Government to achieve the target of food production due to supply of spurious fertilizers by some unscrupulous dealers. No mention has been made about the Government's action and measures against such elements;

(3) the failure of Government to give farmers a promised price in respect of Major crops such as Wheat @ Rs. 150/—, rice Rs. 120/— and cotton Rs. 420/—per quintal etc. ;

(4) the failure of the Government in fulfilling the genuine demands of peasants regarding reduction of Electricity rates and Land Revenue;

(5) failure of Government in the implementation of the provisions of MISA and other Security Act.

Sardar Dhanna Singh Gulshan: }
Sardar Basant Singh } That in the motion, the following be added at the end, namely: —

"but regret that no mention has been made in the Address—

(1) Regarding removal of dissatisfaction, re-employment and indiscipline;

(2) Regarding checking the increased use of intoxicating tablets by the youth which deteriorate their health ;

(3) Regarding re-employment of those labourers who became unemployed due to the closure of industries as a result of shortage of power;

(4) Regarding the reasonable increase in the prices of agricultural products and to reduce the rates of power, water, fertilizer and diesel in order to give incentive to the farmers, for boosting agricultural production ;

(5) Regarding the time for the construction of houses for low income groups by the Co-operative Societies and Housing Board and appreciable activities in this regard ;

(6) Regarding increase in un-employment and poverty, among scheduled castes and their social boycott in the villages ;

(7) Regarding assurance about the completion of quota of reservation for scheduled castes in services ;

(8) Regarding construction of Thein Dam ;

(9) Regarding nationalisation of private Transport Companies.

Sardar Jasdev Singh Sandhu: That in the motion, the following be added at the end, namely.—

"but regret that no mention has been made in the Address about—

1. the construction of Thein Dam and Centre's silence on its clearance ;
2. the concrete steps to be taken to remove the power crisis in the State ;

3. the steps to be taken for the transfer of Chandigarh to Punjab at the earliest ;

4. the steps to be taken by the Government to give relief to the labourers and small Industries effected by the power crisis ;

5. the steps to be taken to forestall the move of Central Government about the transfer of Ropar, Harike and Ferozepur Headworks to Bhakra Management Board ;

6. the steps to be taken to remove the financial maladministration of the State due to which all development works are at a stand still in the State ;

7. the follow up action to be taken by the Government on Harchand Singh Committee Report ;

8. the constitution of all Party committee to examine the charges of smuggling and corruption against public men and officers and to suggest steps to check this evil.

9. the steps to be taken to introduce Prohibition in the State ;

10. the steps to be taken by Government for continuance of the Shiromani Gurdwara Parbandhak Committee in the present form ;

11. the steps to be taken by the Government to remove the educated unemployment in the State and also to solve the problems of youth and students.

ਸਰਦਾਰ ਸੁਰਜੀਤ ਸਿੰਘ ਅਟਵਾਲ (ਫਿਲੌਰ) : ਡਿਪਟੀ ਸਪੀਕਰ ਸਾਹਿਬ, ਜਿਹੜੀ ਮੋਸ਼ਨ ਆਫ਼ ਥੈਂਕਸ ਸ੍ਰੀ ਸਰਦਾਰੀ ਲਾਲ ਕਪੂਰ ਜੀ ਨੇ ਮੂਵ ਕੀਤੀ ਹੈ, ਮੈਂ ਉਸ ਨੂੰ ਸਪੋਰਟ ਕਰਨ ਵਾਸਤੇ ਖੜਾ ਹੋਇਆ ਹਾਂ । (ਵਿਘਨ)

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਇਹ ਕੀ ਗੱਲ ਹੈ । ਅਗੇ ਹਮੇਸ਼ਾਂ ਇਸ ਤਰ੍ਹਾਂ ਹੁੰਦਾ ਰਿਹਾ ਹੈ ਕਿ ਦੋ ਉਧਰੋਂ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਬੋਲਣ ਤੋਂ ਬਾਦ ਲੀਡਰ ਆਫ਼ ਦੀ ਆਪੋਜ਼ੀਸ਼ਨ ਬੋਲਦਾ ਹੈ ......

ਸ੍ਰੀ ਡਿਪਟੀ ਸਪੀਕਰ : ਡਿਸਕਸ਼ਨ ਤਾਂ ਹੁਣ ਹੀ ਸ਼ੁਰੂ ਹੋਈ ਹੈ । (ਵਿਘਨ) ਇਨ੍ਹਾਂ ਤੋਂ ਬਾਅਦ ਤੁਸੀਂ ਬੋਲ ਲੈਣਾ । (The discussion has started only now. (*Interruption*) You may speak after him.)

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸਾਡਾ ਰਾਈਟ ਹੈ, ਅਸੀਂ ਉਹ ਆਪਣਾ ਰਾਈਟ ਦੇਣ ਨੂੰ ਤਿਆਰ ਨਹੀਂ ਹਾਂ । ਇਹ ਗੱਲ ਤਾਂ ਪਿਛੇ ਕਾਫੀ ਦੇਰ ਤੋਂ ਤੁਰੀ ਆ ਰਹੀ ਹੈ । ਹੁਣ ਗਲਤ ਪ੍ਰੈਸੀਡੈਂਟ ਕਿਉਂ ਪਾ ਰਹੇ ਹੋ । (ਵਿਘਨ)

ਸ੍ਰੀ ਡਿਪਟੀ ਸਪੀਕਰ : ਅਟਵਾਲ ਸਾਹਿਬ ਤੁਸੀਂ ਬਾਦ ਵਿਚ ਬੋਲ ਲੈਣਾ । **ਸਰਦਾਰ** ਪਰਕਾਸ਼ ਸਿੰਘ ਬਾਦਲ । (Atwal Sahib, you may speak later on. I call upon Sardar Parkash Singh Badal.)

ਸਰਦਾਰ ਪਰਕਾਸ਼ ਸਿੰਘ ਬਾਦਲ (ਗਿੱਦੜਬਾਹਾ) : ਮਿਸਟਰ ਡਿਪਟੀ ਸਪੀਕਰ, ਜੋ ਟਰੈਯ਼ਰੀ ਬੈਂਚਾਂ ਵਲੋਂ ਗਵਰਨਰ ਸਾਹਿਬ ਦੇ ਐਡਰੈੱਸ ਲਈ ਮੋਸ਼ਨ ਆਫ਼ ਥੈਂਕਸ ਲਿਆਂਦੀ ਗਈ ਹੈ, ਮੈਂ ਉਸ ਦੀ ਮੁਖਾਲਫਤ ਕਰਨ ਲਈ ਖੜਾ ਹੋਇਆ ਹਾਂ । ਡਿਪਟੀ ਸਪੀਕਰ ਸਾਹਿਬ,

[ਸਰਦਾਰ ਪਰਕਾਸ਼ ਸਿੰਘ ਬਾਦਲ]

ਗਵਰਨਰ ਸਾਹਿਬ ਦਾ ਐਡਰੈਸ ਮੈਂ ਬੜੇ ਧਿਆਨ ਨਾਲ ਪੜ੍ਹਿਆ ਹੈ। ਇਹ ਐਡਰੈਸ ਪੰਜਾਬ ਦੀ ਜਨਤਾ ਲਈ ਮਾਯੂਸਕੁਨ ਹੈ, ਹਕੀਕਤ ਦੇ ਉਲਟ ਹੈ, ਸਰਕਾਰ ਦੀ ਲਾਚਾਰੀ ਜ਼ਾਹਰ ਕਰਦਾ ਹੈ ਅਤੇ ਇਹ ਐਡਰੈਸ ਘੋਰ ਨਿਰਾਸ਼ਾ ਜਨਕ ਹੈ। ਇਸ ਐਡਰੈਸ ਵਿਚ ਪੜਦਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਵਕਤ ਗਵਰਨਰ ਸਾਹਿਬ ਨੇ ਐਡਰੈਸ ਪੜ੍ਹਨਾ ਸ਼ੁਰੂ ਕੀਤਾ ਤਾਂ ਅਸੀਂ ਵਾਕ ਆਉਟ ਕਰ ਗਏ। (ਵਿਘਨ)

(ਇਸ ਵਕਤ ਸ੍ਰੀ ਬ੍ਰਿਸ਼ਭਾਨ ਜੀ ਕਿਸੇ ਆਨਰੇਬਲ ਮੈਂਬਰ ਨਾਲ ਗੱਲ ਕਰ ਰਹੇ ਸਨ)

ਸ੍ਰੀ ਡਿਪਟੀ ਸਪੀਕਰ : ਬਾਬੂ ਬ੍ਰਿਸ਼ ਭਾਨ ਜੀ ਜੇ ਤੁਸੀਂ ਇਥੇ ਕੋਈ ਹੋਰ ਮੀਟਿੰਗ ਕਰਨੀ ਹੈ ਤਾਂ ਤੁਸੀਂ ਲਾਬੀ ਦੇ ਵਿਚ ਚਲੇ ਜਾਓ। (ਵਿਘਨ) (Babu Brish Bhan Jee, if you want to discuss something with anybody you may please discuss it in the Lobby)

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਜਿਸ ਵਕਤ ਗਵਰਨਰ ਸਾਹਿਬ ਨੇ ਐਡਰੈਸ ਪੜ੍ਹਨਾ ਸ਼ੁਰੂ ਕੀਤਾ ਤਾਂ ਸਾਨੂੰ ਵਾਕ ਆਊਟ ਕਰਨਾ ਪਿਆ। ਉਸ ਵਾਕ ਆਊਟ ਦਾ ਭਾਵ ਇਹ ਨਹੀਂ ਸੀ ਕਿ ਸਾਨੂੰ ਗਵਰਨਰ ਸਾਹਿਬ ਦੇ ਔਹਦੇ ਦਾ ਸਤਿਕਾਰ ਨਹੀਂ। ਅਸੀਂ ਆਪਣੇ ਗਵਰਨਰ ਸਾਹਿਬ ਦਾ ਜ਼ਾਤੀ ਸਤਿਕਾਰ ਕਰਦੇ ਹਾਂ ਲੇਕਿਨ ਜਿਸ ਸਰਕਾਰ ਦਾ ਉਹ ਐਡਰੈਸ ਇਥੇ ਪੜ੍ਹਨ ਵਾਸਤੇ ਆਏ ਸੀ ਉਹ ਸਰਕਾਰ ਲੋਕਾਂ ਦਾ ਕੰਫੀਡੈਂਸ ਖੋਹ ਚੁਕੀ ਹੈ। ਪਿਛਲੇ ਕੁਝ ਚਿਰ ਤੋਂ ਇਸ ਸੂਬੇ ਵਿਚ ਕੁਝ ਐਸੀਆਂ ਚੀਜ਼ਾਂ ਹੋਈਆਂ ਹਨ ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, 40 ਲੱਖ ਲੋਕਾਂ ਨੇ ਦਸਤਖਤ ਕਰਕੇ ਇਕ ਮੈਮੋਰੈਂਡਮ ਗਵਰਨਰ ਸਾਹਿਬ ਨੂੰ ਪੇਸ਼ ਕੀਤਾ ਸੀ। 10 ਲੱਖ ਲੋਕਾਂ ਦੀ ਲੁਧਿਆਣੇ ਵਿਚ ਰੈਲੀ ਹੋਈ। ਪੰਜਾਬ ਬੰਦ ਹੋਇਆ। ਅੰਮ੍ਰਿਤਸਰ ਦੀ ਇਲੈਕਸ਼ਨ ਵਿਚ ਜੋ ਹੋਇਆ ਉਹ ਤੁਹਾਡੇ ਸਾਹਮਣੇ ਹੈ। ਮੈਂ ਇਸ ਵਕਤ ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ ਲੇਕਿਨ ਇਹ ਗੱਲ ਸਪੱਸ਼ਟ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਪੰਜਾਬ ਦੇ ਲੋਕਾਂ ਦਾ ਇਤਮਾਦ ਖੋ ਚੁਕੀ ਹੈ। ਪੰਜਾਬ ਦੀ ਜਨਤਾ ਦਾ ਇਹ ਇਤਮਾਦ ਕਿਉਂ ਖੋ ਚੁਕੀ ਹੈ, ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿਉਂਕਿ ਬਹੁਤ ਸਾਰੀਆਂ ਚੀਜ਼ਾਂ ਦਾ ਐਡਰੈਸ ਵਿਚ ਧਿਆਨ ਨਹੀਂ ਦਵਾਇਆ ਗਿਆ। ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਪੰਜਾਬ ਦੇ ਜਿਹੜੇ ਹਿਤ ਹਨ ਉਨ੍ਹਾਂ ਦੀ ਕੋਈ ਰਖਿਆ ਨਹੀਂ ਕੀਤੀ। ਸੈਂਟਰ ਸਰਕਾਰ ਦੀ ਇਹ ਦੀਦਾ ਦਾਨਿਸਤਾ ਪਾਲਿਸੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਕਮਜ਼ੋਰ ਕਰਨਾ ਹੈ। ਮੈਂ ਸਮਝਦਾ ਕਿ ਜੇ ਥੋੜ੍ਹਾ ਬਹੁਤਾ ਇਹ ਸਰਕਾਰ ਉਸ ਪਾਲਿਸੀ ਵਿਚ ਰੁਕਾਵਟ ਪਾਉਂਦੀ ਤਾਂ ਸ਼ਾਇਦ ਪੰਜਾਬ ਨੂੰ ਕੋਈ ਰੋਸ ਨਾ ਹੁੰਦਾ, ਗੁਸਾ ਨਾ ਆਉਂਦਾ। ਮੈਂ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਸੈਂਟਰ ਔਰ ਪੰਜਾਬ ਦੀ ਇਹ ਮਿਲੀਭੁਗਤ ਹੈ ਕਿ ਪੰਜਾਬ ਦੇ ਲੋਕਾਂ ਦੇ ਜਿਹੜੇ ਹਕ ਹਨ ਇਹ ਨਾ ਲੈ ਸਕਣ। ਡਿਪਟੀ ਸਪੀਕਰ ਸਾਹਿਬ, ਅੱਜ ਜੋ ਪੰਜਾਬ ਦੀ ਹਾਲਤ ਹੈ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਅੱਜ ਪੰਜਾਬ ਵਿਚ ਬਿਜਲੀ ਔਰ ਪਾਣੀ ਦਾ ਕਹਿਤ ਹੈ। ਨਾ ਪਾਣੀ ਮਿਲਦਾ ਹੈ ਨਾ ਬਿਜਲੀ ਮਿਲਦੀ ਹੈ ਔਰ ਇਸ ਨਾਲ ਜਿਹੜੇ ਕਿਸਾਨ ਹਨ ਉਹ ਭੁਖੇ

ਮਰਨ ਦੇ ਨੇੜੇ ਆ ਗਏ ਹਨ । ਇੰਡਸਟਰੀ ਖਤਮ ਹੋ ਗਈ ਹੈ, ਮਜ਼ਦੂਰ ਬਿਲਕੁਲ ਬੇਰੋਜ਼ਗਾਰ ਹੋ ਗਏ ਹਨ। ਮੇਰੀ ਗਲ ਸ਼ਾਇਦ ਤੁਸੀਂ ਕਹੋਗੇ ਕਿ ਵਧਾ ਕੇ ਕਰਦੇ ਹਨ ਸ਼ਾਇਦ ਆਪੋਜ਼ੀਸ਼ਨ ਦਾ ਰੋਲ ਇਹ ਹੁੰਦਾ ਹੈ । ਮੈਂ ਸੈਂਟਰਲ ਗੌਰਮਿੰਟ ਦੇ ਸਮਾਲ ਇੰਡਸਟਰੀਜ਼ ਸਰਵਿਸ ਇੰਸਟੀਚਿਊਸ਼ਨ ਦੀ ਜਿਹੜੀ ਰਿਪੋਰਟ ਹੈ ਜਿਹੜੀ ਕਿ ਰੀਸੈਂਟਲੀ ਆਈ ਹੈ ਉਹ ਪੜ੍ਹ ਕੇ ਸੁਣਾਉਂਦਾ ਹਾਂ ।

"Punjab the home of green revolution and the hub of Small Scale Industries is in the grip of a power famine, perhaps never witnessed before. The State is, therefore, grappl ng with this challenge for the last about 10 months, but the challenge appears to evade and elude any quick solution. The impact of the power famine on the agricultural production and industrial production is so well pronounced that it is virtually threatening to throttle the general economy of the State."

It is further written :—

"It is learnt that about Rs. 2 Crores is the average daily loss in terms of production. The net loss in terms of revenue is estimated at about Rs. 80 lakhs per day which is perhaps a luxury that can be ill afforded at this juncture".

It is further written :—

"There are about 37,000 registered Small Scale units in the state employing about 2 lakhs persons. An equal number of units are un-registered, employing another 2 lakhs persons. Production in these units has gone down by more than about 75% as power supply is irregular, indefinite and uncertain. The result is that when power is available, labour is not available and vice versa."

ਅਗੇ ਉਸ ਨੇ ਲੇਬਰ ਦੇ ਮਸਲੇ ਨੂੰ ਟੱਚ ਕਰਦਿਆਂ ਹੋਇਆਂ ਦਸਿਆ ਹੈ ਕਿ ਕਿੰਨਾ ਲੇਬਰ ਦਾ ਨੁਕਸਾਨ ਹੋਇਆ :

"The impact of the power crisis on the already prevalent bad employment situation is distressing. Thousands of workers have been laid off. Those who are still lingering on their job happen to be the indispensable ones without whom the units would find resumption of production difficult. Workers coming from rural areas have stopped reporting on their jobs perhaps in sheer disgust, as they are doubtful that they may be laid off for want of power after having trecked long distances to report for work. Few units facing the labour problems under some pretext or other have, perhaps closed down on account of power famine."

ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਇਹ ਸਾਰੀ ਰਿਪੋਰਟ ਦਸਦੀ ਹੈ ਅਤੇ ਇਸ ਰਿਪੋਰਟ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਦੀ ਹਾਲਤ ਕਿੰਨੀ ਭੈੜੀ ਹੈ ਬਿਜਲੀ ਦੀ ਘਾਟ ਕਾਰਨ । ਡਿਪਟੀ ਸਪੀਕਰ ਸਾਹਿਬ, ਇਹ ਕਹਿ ਦੇਣਗੇ ਕਿ ਇਹ ਨੈਚੂਰਲ ਕਲੈਮਿਟੀ ਹੈ ਪਰ ਮੈਂ ਕਹਿੰਦਾ ਹਾਂ ਇਹ ਨੈਚੂਰਲ ਕਲੈਮਿਟੀ ਦੀ ਵਜ੍ਹਾ ਨਾਲ ਨਹੀਂ ਇਹ ਸ਼ਾਰਟੇਜ ਮੈਨਮੇਡ ਹੈ । ਇਹ ਲੋਕ ਸੁਤੇ ਰਹੇ ਹਨ 26—27 ਸਾਲ । ਕਈ ਸਕੀਮਾਂ ਐਸੀਆਂ ਹਨ ਜਿਨ੍ਹਾਂ ਦੀ ਨਾ ਤੇ ਸੈਂਟਰ ਤੋਂ ਇਨ੍ਹਾਂ ਨੇ ਮੰਨਜ਼ੂਰੀ ਲਈ ਔਰ ਨਾ ਹੀ ਸੈਂਟਰ ਨੇ ਕੋਈ ਮੰਨਜ਼ੂਰੀ ਦਿਤੀ । ਜੇ ਕਰ ਸਾਡੇ ਪ੍ਰੋਜੈਕਟ ਸਮੇ ਸਿਰ ਸੈਂਕਸ਼ਨ ਹੋ ਜਾਂਦੇ ਤਾਂ ਠੀਕ ਤਰ੍ਹਾਂ ਬਿਜਲੀ ਮਿਲ ਸਕਦੀ ਸੀ । ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਦਾ ਮਸਲਾ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿਨਾਂ ਚਿਰ ਇੰਡਸ ਵਾਟਰ ਡਿਸਪਿਊਟ ਚਲਦਾ ਰਿਹਾ ਅਤੇ 1960 ਵਿਚ ਟਰੀਟੀ ਹੋਈ ਅਤੇ ਫ਼ੈਸਲਾ ਹੋਇਆ ਕਿ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਦਾ

[ਸਰਦਾਰ ਪਰਕਾਸ਼ ਸਿੰਘ ਬਾਦਲ]

ਪਾਣੀ ਪੰਜਾਬ ਵਿਚ ਆਉਣਾ ਹੈ ਅਤੇ 1 ਅਪ੍ਰੈਲ, 1970 ਤੋਂ ਸਟੇਟ ਔਰ ਕੰਟਰੀ ਨੂੰ ਉਹ ਪਾਣੀ ਯੂਟੇਲਾਈਜ਼ ਕਰਨ ਦਾ ਹਕ ਹੈ । ਉਸ ਦੇ ਵਾਸਤੇ ਅਸੀਂ 100 ਕਰੋੜ ਰੁਪਏ ਪਾਕਿਸਤਾਨ ਨੂੰ ਦੇ ਦਿੱਤੇ ਪਰ ਉਹ ਪਾਣੀ ਹੁਣ ਤਾਈਂ ਪਾਕਿਸਤਾਨ ਨੂੰ ਜਾਂਦਾ ਹੈ । ਇਹ ਕਿਤਨੀ ਨਾਅਹਲੀਅੱਤ ਹੈ ਇਸ ਸਰਕਾਰ ਦੀ । ਨਾ ਲੋਕਾਂ ਨੂੰ ਬਿਜਲੀ ਮਿਲੀ ਅਤੇ ਨਾ ਪਾਣੀ ਦਿੱਤਾ । ਇਸ ਡੈਮ ਦਾ ਕਿੰਨਾਂ ਵੱਡਾ ਘਾਟਾ ਪੰਜਾਬ ਦੇ ਲੋਕਾਂ ਨੂੰ ਪਿਆ । 2 ਮਿਲੀਅੱਨ ਫੁਟ ਵਾਟਰ ਵੇਸਟ ਜਾਂਦਾ ਹੈ ਅਤੇ ਇਸ ਤੋਂ 315 ਮੈਗਾਵਾਟ ਬਿਜਲੀ ਪੈਦਾ ਹੁੰਦੀ ਜਿਸ ਤੋਂ ਪੰਜਾਬ ਵਾਂਝਿਆ ਜਾ ਰਿਹਾ ਹੈ । ਸਪੀਕਰ ਸਾਹਿਬ, 1964 ਵਿਚ ਸੈਂਟਰ ਸਰਕਾਰ ਨੇ ਸਕੀਮ ਪੁਟ ਕਰ ਦਿਤੀ ਸੀ ਸੈਂਟਰ ਦੇ ਵਾਟਰ ਕਮਿਸ਼ਨ ਨੂੰ, ਉਸ ਨੇ ਵੀ ਸੈਂਕਸ਼ਨ ਦਿਤੀ ਸੀ ਅਤੇ ਕਿਹਾ ਸੀ ਕਿ ਚੈਕਿੰਗ ਕਰ ਰਹੇ ਹਾਂ ਲੇਕਿਨ 1964 ਤੋਂ ਅੱਜ ਤਕ ਸੈਂਟਰ ਦੀ ਸਰਕਾਰ ਅਤੇ ਸੂਬੇ ਦੀਆਂ ਸਰਕਾਰਾਂ ਸੁੱਤੀਆਂ ਰਹੀਆਂ । ਇਹ ਕਲੀਅੱਰ ਦਸਦੀ ਹੈ ਕਿ ਇਹ ਸੈਂਟਰ ਦੀ ਸਰਕਾਰ ਦੀ ਦੀਦਾ ਦਾਨਿਸਤਾ ਸਾਜ਼ਿਸ਼ ਹੈ ਪੰਜਾਬ ਦੇ ਲੋਕਾਂ ਨੂੰ ਕਮਜ਼ੋਰ ਕਰਨ ਦੀ । ਸਪੀਕਰ ਸਾਹਿਬ, ਇਹ ਜਿਹੜਾ ਪ੍ਰੋਜੈਕਟ ਹੈ ਇਸ ਵਿਚ ਨਵਾਂ ਝਗੜਾ ਪਾਈ ਜਾਂਦੇ ਹਨ । ਕਦੇ ਸਟੇਟਮੈਂਟ ਆ ਜਾਂਦੀ ਹੈ ਕਿ ਇਸ ਕਰਕੇ ਸੈਂਕਸ਼ਨ ਨਹੀਂ ਕਰ ਸਕਦੇ ਕਿਉਂਕਿ ਇਸ ਵਿਚ ਜੰਮੂ ਕਾਸ਼ਮੀਰ ਦੀ ਕਾਂਸਟੀਚਿਊਸ਼ਨਲ ਵਿਚ ਹੈ ਕਿ ਉਥੇ ਵੀ ਜ਼ਮੀਨ ਅਕੁਆਇਰ ਨਹੀਂ ਕਰ ਸਕਦੇ । ਜੰਮੂ ਕਸ਼ਮੀਰ ਸਾਡਾ ਇਸ ਵਿਚ ਹਿੱਸੇਦਾਰ ਹੈ ਉਸ ਦਾ 10% ਹਿੱਸਾ ਬਣਦਾ ਹੈ ਉਸ ਦਾ ਆਪਣਾ ਕੰਮ ਹੈ । ਅਗਰ ਹਿੱਸੇਦਾਰ ਜ਼ਮੀਨ ਨਹੀਂ ਦੇ ਸਕਦਾ ਤਾਂ ਹੋਰ ਕੌਣ ਦੇਵੇਗਾ । ਮੈਂ ਕਹਿੰਦਾ ਹਾਂ ਕਿ ਇਹ ਸੈਂਟਰ ਦੀ ਪੁਰਾਣੀ ਸਕੀਮ ਹੈ ਇਹ ਉਨ੍ਹਾਂ ਨੂੰ ਇੰਸਟੀਗੇਟ ਕਰਦੀ ਹੈ ਕਿ ਉਹ ਆਪਣਾ ਹਿੱਸਾ ਮੰਗਣ । ਥੋੜ੍ਹਾ ਚਿਰ ਹੋਇਆ ਸੈਂਟਰਲ ਪਾਵਰ ਮਨਿਸਟਰ ਦੀ ਇਕ ਸਟੇਟਮੈਂਟ ਆਈ ਸੀ, ਉਸ ਨੇ ਮਾਯੂਸ ਕਰ ਦਿਤਾ ਹੈ । ਪਿਛਲੇ ਗਵਰਨਰਜ਼ ਐਡਰੈਸ ਵਿਚ ਦਿੱਤਾ ਸੀ ਕਿ ਇਹ ਪ੍ਰੋਜੈਕਟ ਸੈਂਕਸ਼ਨ ਹੋ ਗਿਆ ਹੈ ਲੇਕਿਨ ਸੈਂਟਰ ਦੇ ਪਾਵਰ ਮਨਿਸਟਰ ਦੀ ਸਟੇਟਮੈਂਟ ਹੈ ਕਿ ਉਸ ਦੀ ਹਾਲੇ ਤਕ ਕੋਈ ਸੈਂਕਸ਼ਨ ਨਹੀਂ ਹੋਈ ਹੈ । ਇਸ ਕਰਕੇ ਇਸ ਸਰਕਾਰ ਤੇ ਪੰਜਾਬੀਆਂ ਨੂੰ ਬੇਭਰੋਸਾ ਹੋਵੇ ਜਾਂ ਨਾ ਹੋਵੇ, ਪਰ ਜਿਸ ਦੇ ਐਡਰੈਸ ਵਿਚ ਇਹ ਚੀਜ਼ ਹੁਣ ਦਰਜ ਨਹੀਂ ਤੁਸੀਂ ਦੱਸੋ ਅਸੀਂ ਬਾਈਕਾਟ ਕਰਦੇ ਜਾਂ ਨਾ ਕਰਦੇ । ਅਸੀਂ ਜਨਤਾ ਨੂੰ ਇਨ੍ਹਾਂ ਦੁੱਖਾਂ ਵਿਚ ਨਹੀਂ ਦੇਖ ਸਕਦੇ । ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ । ਹੋਰ 4—5 ਪ੍ਰੋਜੈਕਟ ਹਨ, ਆਨੰਦਪੁਰ ਹਾਈਡਲ, ਮੁਕੇਰੀਆਂ, ਸ਼ਾਹਪੁਰ, ਜੋਗਿੰਦਰ ਨਗਰ ਐਕਸਟੈਨਸ਼ਨ ਇਹ ਐਸੇ ਹਨ ਜਿਨ੍ਹਾਂ ਦੀ ਮੰਨਜ਼ੂਰੀ ਨਹੀਂ ਮਿਲੀ । ਡਿਪਟੀ ਸਪੀਕਰ ਸਾਹਿਬ, 14—15 ਸਾਲ ਸਿਰਫ ਇਸ ਗਲ ਵਿਚ ਲੰਘ ਜਾਂਦੇ ਹਨ ਅਤੇ ਇਹ ਨਾਰਿਆਂ ਵਿਚ ਲਗੇ ਰਹਿੰਦੇ ਹਨ ਪਰ ਬੇਸਿਕ ਪ੍ਰਾਬਲਮ ਹਲ ਨਹੀਂ ਕੀਤੀ ਜਾਂਦੀ । ਅੱਜ ਜੇ ਕਰ ਇਹ ਪ੍ਰੋਜੈਕਟ ਸੈਂਕਸ਼ਨ ਹੋ ਜਾਂਦੇ ਤਾਂ ਲੋਕਾਂ ਨੂੰ ਬਿਜਲੀ ਮਿਲ ਜਾਂਦੀ । ਬਿਹਾਰ ਵਿਚ ਲੋਕ ਭੁਖੇ ਮਰ ਰਹੇ ਹਨ ਪੱਤੇ ਖਾ ਕੇ ਗੁਜ਼ਾਰਾ ਕਰਦੇ ਹਨ । ਰੋਟੀ ਖ਼ਾਤਰ ਆਪਣੀਆਂ ਬਹੂਆਂ ਬੇਟੀਆਂ ਨੂੰ ਵੇਚਣ ਲਈ ਮਜਬੂਰ ਹੋ ਗਏ ਹਨ, ਉਹ ਲੋਕ ਭੁੱਖੇ ਨਾ ਮਰਦੇ ਜੇ ਕਰ ਇਹ ਪ੍ਰੋਜੈਕਟ ਮੰਜ਼ੂਰ ਹੋ ਜਾਂਦੇ । ਅਸੀਂ ਪੰਜਾਬ ਵਿਚੋਂ ਗਡੀਆਂ ਅਨਾਜ ਦੀਆਂ ਭੇਜਦੇ । ਇਹ ਦੀਦਾ ਦਾਨਿਸ਼ਤਾ ਪੰਜਾਬ ਦੇ ਲੋਕਾਂ ਨੂੰ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ । ਸਪੀਕਰ ਸਾਹਿਬ, ਇਹ ਗਲ ਮੈਂ ਇਥੇ ਛੱਡਦਾ ਹਾਂ । ਹੋਰ ਵੀ ਸਾਡੇ ਛੋਟੇ ਛੋਟੇ ਹੈਡ ਵਰਕਸ ਹਨ ਜਿਨ੍ਹਾਂ ਵਿਚ ਦੂਜੀਆਂ ਸਟੇਟਾਂ ਦਾ ਕੋਈ ਹੱਕ ਨਹੀਂ । ਸੈਂਟਰ ਦੀ ਸਰਕਾਰ ਉਨ੍ਹਾਂ ਤੇ ਵੀ ਕਬਜ਼ਾ ਕਰ

ਰਹੀ ਹੈ। ਜਿਵੇਂ ਕਿ ਹਰੀਕਾ ਪੱਤਣ, ਰੋਪੜ ਅਤੇ ਫਿਰੋਜ਼ਪੁਰ ਹੈ। ਜਿਥੋਂ ਸਾਨੂੰ ਪਾਣੀ ਮਿਲਣਾ ਹੈ ਕਿਵੇਂ ਸੈਂਟਰ ਦੀ ਸਰਕਾਰ ਉਨ੍ਹਾਂ ਤੇ ਕਬਜ਼ਾ ਕਰਨ ਦੀ ਸੋਚਦੀ ਹੈ। ਤੁਸੀਂ ਜਾਣਦੇ ਹੋ ਕਿ ਹੈਡ-ਵਰਕਸ ਜਿਹੜਾ ਰੋਪੜ ਤੋਂ ਨਿਕਲਦਾ ਹੈ ਬਿਸਤ ਦੋਆਬ ਅਤੇ ਸਰਹੰਦ ਕੇਨਾਲ ਇਸ ਵਿਚ ਕਿਹੜਾ ਕਿਸੇ ਦੂਜੀ ਸਟੇਟ ਦਾ ਹਿੱਸਾ ਹੈ ਜਿਸ ਕਰਕੇ ਸੈਂਟਰ ਨੇ ਇਸ ਤੇ ਕਬਜ਼ਾ ਕਰਨਾ ਹੈ ? ਸਾਡੀ ਬਦਕਿਸਮਤੀ ਹੈ, ਪਤਾ ਨਹੀਂ ਕਿਹੜਾ ਚੀਫ਼ ਮਨਿਸਟਰ ਸੀ ਜਿਸ ਨੇ ਸੈਂਟਰ ਦੀ ਸਰਕਾਰ ਨੂੰ ਪੁਆਇੰਟ ਦੇ ਦਿੱਤਾ ਜਿਸ ਦੇ ਆਧਾਰ ਤੇ ਉਹ ਕਬਜ਼ਾ ਕਰਨਾ ਚਾਹੁੰਦੇ ਹਨ। ਹਰੀਕੇ ਪੱਤਣ ਵਿਚੋਂ ਦੋ ਨਹਿਰਾਂ ਨਿਕਲਦੀਆਂ ਹਨ; ਫਿਰੋਜ਼ਪੁਰ ਫੀਡਰ ਅਤੇ ਰਾਜਸਥਾਨ ਫੀਡਰ। ਫਿਰੋਜ਼ਪੁਰ ਵਿਚੋਂ ਸਰਹੰਦ ਫ਼ੀਡਰ ਨਿਕਲਦਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਵਿਚ ਕੋਈ ਹਰਿਆਣਾ ਦਾ ਹਿੱਸਾ ਨਹੀਂ ਔਰ ਨਾ ਹੀ ਇਸ ਵਿਚ ਉਸ ਦਾ ਕੋਈ ਮਤਲਬ ਹੈ। ਸਿਰਫ਼ ਰਾਜਸਥਾਨ ਦਾ ਹੱਕ ਹੈ ਜਿਹੜੀ ਨਹਿਰ ਰਾਹੀਂ ਅਸੀਂ ਕਿਨੇ ਸਾਲਾਂ ਤੋਂ ਪਾਣੀ ਦੇ ਰਹੇ ਹਾਂ। ਅੱਜ ਤਕ ਰਾਜਸਥਾਨ ਵਲੋਂ ਕੋਈ ਸ਼ਿਕਾਇਤ ਨਹੀਂ ਆਈ ਕਿ ਹੈਡ ਤੋਂ ਪਾਣੀ ਨਹੀਂ ਆ ਰਿਹਾ। ਅਗਰ ਕੋਈ ਹੈ ਤਾਂ ਅਸੀਂ ਜ਼ਿਮੇਂਵਾਰੀ ਦੇ ਸਕਦੇ ਹਾਂ ਜਾਂ ਉਹ ਆਪਣਾ ਆਦਮੀ ਬਿਠਾ ਸਕਦੇ ਹਨ ਕਿ ਟੇਲ ਤੋਂ ਪਾਣੀ ਲੈ ਲੈਣ। ਡਿਪਟੀ ਸਪੀਕਰ ਸਾਹਿਬ, ਸਾਡੀ ਕਿਸੇ ਨੇ ਗਲ ਸੁਣਨੀ ਨਹੀਂ। ਸੈਂਟਰ ਦੀ ਸਰਕਾਰ ਸਾਡੇ ਸੂਬੇ ਦੇ ਖਿਲਾਫ ਹੈ। ਇਹ ਸਰਕਾਰ ਇਤਨੀ ਕਮਜ਼ੋਰ ਹੈ, ਟਿਮਿਡ ਹੈ ਕਿ ਆਪਣੇ ਕੇਸ ਵਾਸਤੇ ਸੈਂਟਰ ਵਿੱਚ ਜਾ ਕੇ ਲੜ ਤਾਂ ਨਹੀਂ ਸਕਦੀ। ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਸਾਡੀ ਸਰਕਾਰ ਨੂੰ ਇਸ ਪਾਸੇ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਜਿਹੜੇ ਸਾਡੇ ਹੈਡ ਵਰਕਸ ਹਨ ਇਨ੍ਹਾਂ ਤੇ ਸੈਂਟਰ ਦਾ ਕਬਜ਼ਾ ਨਾ ਹੋਵੇ। ਮੈਂ ਇੱਕ ਵਾਰ ਗਿਆਨੀ ਜੀ ਦੀ ਸਟੇਟਮੈਂਟ ਪੜ੍ਹੀ ਸੀ। ਇਨ੍ਹਾਂ ਨੇ ਫਰਮਾਇਆ ਸੀ ਕਿ ਜੇ ਇੰਦਰਾ ਜੀ ਕਹਿਣ ਤਾਂ ਮੈਂ ਪਲੇਟ ਤੇ ਰੱਖ ਕੇ ਪੰਜਾਬ ਨੂੰ ਦਿੱਲੀ ਪਹੁੰਚਾ ਸਕਦਾ ਹਾਂ। ਇਹ ਉਨ੍ਹਾਂ ਦੀ ਤਾਬੇਦਾਰੀ ਕਰਦੇ ਹਨ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਪੰਜਾਬ ਦੇ ਲੋਕਾਂ ਨਾਲ ਅੱਗੇ ਬਹੁਤ ਕੁਝ ਹੋਇਆ ਹੈ। ਐਨੀ ਤਾਬੇਦਾਰੀ ਨਾ ਕਰੋ ਕਿ ਅਸੀਂ ਖਤਮ ਹੀ ਹੋ ਜਾਈਏ।

ਡਿਪਟੀ ਸਪੀਕਰ ਸਾਹਿਬ, ਮਿਲਟਰੀ ਦੀ ਰਿਕਰੂਟਮੈਂਟ ਦੇ ਬਾਰੇ ਮੈਂ ਗੱਲ ਕਰਨਾ ਚਾਹੁੰਦਾ ਹਾਂ। ਸਾਹਮਣੇ ਬੈਠੇ ਭਰਾਵਾਂ ਵਿੱਚ ਇਤਨੀ ਤਾਕਤ ਨਹੀਂ ਸੀ ਕਿ ਮਤਾ ਪਾਸ ਕਰਕੇ ਸੈਂਟਰ ਦੀ ਸਰਕਾਰ ਨੂੰ ਭੇਜ ਦਿੰਦੇ। ਫੌਜੀ ਭਰਤੀ ਵਿੱਚ ਸਾਡਾ ਕੋਟਾ ਘਟਾ ਦਿੱਤਾ ਗਿਆ ਸੀ। ਉਸ ਸਮੇਂ ਗਿਆਨੀ ਜੀ ਨੇ ਕਿਹਾ ਸੀ ਕਿ ਇਹ ਬਿਲਕੁਲ ਨਹੀਂ ਹੋ ਸਕਦਾ, ਅਸੀਂ ਗਲਤ ਕਹਿੰਦੇ ਹਾਂ। ਮੈਂ ਥੋੜੇ ਜਿਹੇ ਦਿਨਾਂ ਮਗਰੋਂ ਫਿਰ ਡਿਫੈਂਸ ਮਨਿਸਟਰ ਸਾਹਿਬ ਦੀ ਸਟੇਟਮੈਂਟ ਪੜ੍ਹੀ ਜਿਸ ਵਿੱਚ ਲਿਖਿਆ ਸੀ ਕਿ ਆਬਾਦੀ ਦੇ ਆਧਾਰ ਤੇ ਫੌਜ ਵਿੱਚ ਭਰਤੀ ਕੀਤੀ ਜਾਵੇਗੀ। ਸਾਡੀ ਫੌਜ ਵਿੱਚ ਭਰਤੀ ਪਹਿਲਾਂ 15.2% ਸੀ। ਹੁਣ ਇਹ ਘਟਾ ਕੇ 2.5% ਕਰ ਦਿੱਤੀ ਗਈ ਹੈ। ਅਸੀਂ ਹਾਊਸ ਵਿੱਚ ਐਜੀਟੇਸ਼ਨ ਕੀਤੀ। ਸਾਡੀ ਪਾਰਟੀ ਨੇ ਮਤਾ ਲਿਆਂਦਾ ਕਿ ਇਹ ਅਸੈਂਬਲੀ ਮਤਾ ਪਾਸ ਕਰਕੇ ਸੈਂਟਰ ਦੀ ਸਰਕਾਰ ਨੂੰ ਭੇਜੀਏ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਣਾ ਹੈ ਉਦੋਂ ਇਸ ਕੁਰਸੀ ਤੇ ਸਪੀਕਰ ਸਾਹਿਬ ਬਿਰਾਜਮਾਨ ਸਨ ਉਨ੍ਹਾਂ ਨੇ ਕਿਹਾ ਸੀ ਕਿ ਜ਼ਰੂਰ ਮਤਾ ਪਾਸ ਹੋਵੇਗਾ। ਸਰਦਾਰ ਉਮਰਾਓ ਸਿੰਘ ਨੇ ਯਕੀਨ ਦਿਵਾਇਆ ਸੀ ਕਿ ਮਤਾ ਪਾਸ ਹੋਵੇਗਾ। ਗਿਆਨੀ ਜੀ ਨੂੰ ਦਿੱਲੀ ਟੈਲੀਫੂਨ ਕੀਤਾ ਗਿਆ। ਗਿਆਨੀ ਜੀ ਨੇ ਕਿਹਾ ਕਿ ਜੇ ਇਹ ਮਤਾ ਪੰਜਾਬ ਦੀ ਅਸੈਂਬਲੀ

[ਸਰਦਾਰ ਪਰਕਾਸ਼ ਸਿੰਘ ਬਾਦਲ]

ਨੇ ਪਾਸ ਕਰ ਦਿੱਤਾ ਤਾਂ ਬਾਬੂ ਜਗਜੀਵਨ ਰਾਮ ਨਰਾਜ਼ ਹੋ ਜਾਣਗੇ ਅਤੇ ਇੰਦਰਾ ਜੀ ਵੀ ਨਰਾਜ਼ ਹੋ ਜਾਵੇਗੀ । ਇਸ ਕਰਕੇ ਅਸੈਂਬਲੀ ਵਿਚੋਂ ਇਹ ਮਤਾ ਪਾਸ ਨਹੀਂ ਕਰਾਉਣਾ ਚਾਹੀਦਾ । ਡਿਪਟੀ ਸਪੀਕਰ ਸਾਹਿਬ, ਇਸ ਤੋਂ ਤੁਸੀਂ ਸਮਝ ਸਕਦੇ ਹੋ ਕਿ ਸੈਂਟਰ ਵਿੱਚ ਜਾ ਕੇ ਇਸ ਤਰ੍ਹਾਂ ਦੀ ਸਰਕਾਰ ਨੇ ਆਪਣੇ ਹੱਕਾਂ ਲਈ ਕੀ ਲੜਨਾ ਹੈ ਜਿਹੜੇ ਕਿ ਇਸ ਅਸੈਂਬਲੀ ਵਿੱਚ ਮਤਾ ਵੀ ਪਾਸ ਕਰਕੇ ਨਹੀਂ ਭੇਜ ਸਕਦੇ । ਅੱਜ ਪੰਜਾਬ ਦੇ ਲੋਕਾਂ ਨੂੰ ਆਪਣੇ ਦੇਸ਼ ਦੀ ਹਿਫ਼ਾਜ਼ਤ ਵਾਸਤੇ, ਆਪਣੀਆਂ ਸਰਹੱਦਾਂ ਦੀ ਰਾਖੀ ਵਾਸਤੇ ਖ਼ੂਨ ਡੋਲ੍ਹਣ ਤੋਂ ਸੈਂਟਰ ਦੀ ਸਰਕਾਰ ਰੋਕਦੀ ਹੈ । ਸਰਕਾਰ ਦਾ ਸਭ ਤੋਂ ਵੱਡਾ ਫਰਜ਼ ਹੈ ਕਿ ਕੰਟਰੀ ਨੂੰ ਬੇਸਟ ਡਿਫੈਂਸ ਦਿੱਤੀ ਜਾਵੇ ਅਤੇ ਇਹ ਬੇਸਟ ਡਿਫੈਂਸ ਪੰਜਾਬੀ ਦੇ ਪੂਰੇ ਕੋਟੇ ਤੋਂ ਬਿਨਾਂ ਨਹੀਂ ਬਣ ਸਕਦੀ । ਇਹ ਚੀਜ਼ ਕੇਵਲ ਅੱਜ ਦੀ ਸਰਕਾਰ ਨੇ ਹੀ ਨਹੀਂ, ਸਗੋਂ ਅੰਗਰੇਜ਼ਾਂ ਦੀ ਸਰਕਾਰ ਨੇ ਅਤੇ ਦੁਨੀਆਂ ਦੇ ਲੋਕ ਮੰਨਦੇ ਹਨ ਕਿ ਜੇ ਬੇਸਟ ਫੌਜ ਹੈ ਤਾਂ ਪੰਜਾਬੀਆਂ ਦੀ ਹੈ । ਲੇਕਿਨ ਡਿਪਟੀ ਸਪੀਕਰ ਸਾਹਿਬ, ਇਸ ਗਲ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਅਤੇ ਇਸ ਤਰ੍ਹਾਂ ਪੰਜਾਬੀਆਂ ਦਾ ਗਲਾ ਕੱਟੀ ਜਾਂਦੇ ਹਨ । ਡਿਪਟੀ ਸਪੀਕਰ ਸਾਹਿਬ, ਜਿਸ ਸਾਲ ਦੀ ਗਵਰਨਰ ਸਾਹਿਬ ਨੇ ਆਪਣੇ ਐਡਰਸ ਵਿੱਚ ਇਤਨੀ ਤਾਰੀਫ ਕੀਤੀ ਹੈ, ਉਹ ਬਲੈਕੈਸਟ ਡੇ ਇਨ ਦੀ ਹਿਸਟਰੀ ਆਫ ਪੰਜਾਬ ਹੈ ਜਿਸ ਦੇ ਵਿੱਚ ਅਜਿਹੇ ਸਾਕੇ ਸਾਡੇ ਨਾਲ ਹੋਏ ਹਨ । ਮੈਂ ਹੋਰ ਵੀ ਫਿਗਰਜ਼ ਦੇਣਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਜੇ ਸਾਹਮਣੇ ਬੈਠੇ ਹੋਏ ਭਰਾ ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਆਪਣੇ ਦਿਲ ਨੂੰ ਝੰਜੋੜਨ ਕਿ ਅਜ ਪੰਜਾਬ ਵਿੱਚ ਕੀ ਹੋ ਰਿਹਾ ਹੈ ਤਾਂ ਉਹ ਇੱਕ ਦਿਨ ਵਿੱਚ ਇਸ ਅਸੈਂਬਲੀ ਵਿਚੋਂ ਅਸਤੀਫਾ ਦੇ ਕੇ ਚਲੇ ਜਾਣ । ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਮਨਿਸਟਰੀ ਜਾਂ ਚੀਫ ਮਨਿਸਟਰੀ ਬਹੁਤ ਥੋੜ੍ਹੀ ਚੀਜ਼ ਹੈ ਸਭ ਤੋਂ ਵੱਡੀ ਚੀਜ਼ ਹੈ ਸਾਡੇ ਪੰਜਾਬੀ ਭਰਾ ਜਿਨ੍ਹਾਂ ਵਾਸਤੇ ਕਸਮਾਂ ਖਾ ਕੇ ਅਸੀਂ ਇਥੇ ਆਏ ਹਾਂ । ਲੇਕਿਨ ਅੱਜ ਉਨ੍ਹਾਂ ਦੇ ਨਾਲ ਬੇਇਨਸਾਫੀਆਂ ਹੋ ਰਹੀਆਂ ਹਨ । ਸ਼ਰਮਾ ਜੀ ਦੇ ਧਿਆਨ ਵਿੱਚ ਮੈਂ ਇਕ ਗਲ ਤੁਹਾਡੇ ਰਾਹੀਂ ਦਿਵਾਉਣਾ ਚਾਹੁੰਦਾ ਹਾਂ । ਛੇਵੇਂ ਕਮਿਸ਼ਨ ਦੀ ਰਿਪੋਰਟ ਆਈ ਜਿਸ ਵਿੱਚ ਲਿਖਿਆ ਗਿਆ ਕਿ 2509.61 ਕਰੋੜ ਰੁਪਿਆ ਸੈਂਟਰ ਦੀ ਸਰਕਾਰ ਨੇ ਉਸ ਸਿਸਟਮ ਦੇ ਅਧੀਨ ਸਾਰੀਆਂ ਸਟੇਟਾਂ ਵਿੱਚ ਡਿਵੈਲਪਮੈਂਟ ਦੇ ਕੰਮਾਂ ਵਾਸਤੇ ਗ੍ਰਾਂਟਾਂ ਦੇ ਤੌਰ ਤੇ ਦਿੱਤਾ ਹੈ । ਉਸ ਦੇ ਵਿੱਚ ਨਾਗਾਲੈਂਡ ਨੂੰ 128.84 ਕਰੋੜ ਰੁਪਿਆ, ਮਨੀਪੁਰ ਨੂੰ 114.53 ਕਰੋੜ ਰੁਪਿਆ, ਜੰਮੂ ਅਤੇ ਕਸ਼ਮੀਰ ਨੂੰ 173.00 ਕਰੋੜ ਰੁਪਿਆ, ਹਿਮਾਚਲ ਪ੍ਰਦੇਸ਼ ਨੂੰ 160.90 ਕਰੋੜ ਰੁਪਿਆ ਅਤੇ ਵੈਸਟ ਬੰਗਾਲ ਨੂੰ 234.00 ਕਰੋੜ ਰੁਪਿਆ ਦਿੱਤਾ ਗਿਆ । ਮੈਂ ਆਖਿਆ ਕਿ ਪੰਜਾਬ ਦਾ ਨਾਂ ਪੜ੍ਹ ਲਈਏ । ਪੰਜਾਬ ਦੇ ਅੱਗੇ ਬੜੀ ਮੋਟੀ ਲਕੀਰ ਸੀ ਨਿਲ ਆਮਉਂਟ ਦੀ । (ਆਪੋਜ਼ੀਸ਼ਨ ਵਲੋਂ 'ਸ਼ੇਮ' 'ਸ਼ੇਮ' ਦੀਆਂ ਆਵਾਜ਼ਾਂ) ਸਾਰੇ ਦੇਸ਼ ਵਿੱਚ 2509 ਕਰੋੜ ਰੁਪਿਆ ਵੰਡਿਆ ਗਿਆ ਅਤੇ ਪੰਜਾਬ ਦੇ ਹਿੱਸੇ ਕੁਝ ਵੀ ਨਹੀਂ ਆਇਆ, ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਿਛਲੀ ਰਿਪੋਰਟ ਵੀ ਫਾਈਨਾਂਸ ਕਮਿਸ਼ਨ ਦੀ ਵੇਖ ਲਓ । ਇਹ ਕੰਸਪੀਰੇਸੀ ਬਹੁਤ ਪਹਿਲਾਂ ਦੀ ਚਾਲੂ ਰਹੀ ਹੈ । ਪੰਜਵੇ ਫਾਈਨਾਂਸ ਕਮਿਸ਼ਨ ਦੀ ਰਿਪੋਰਟ ਦੇ ਅਨੁਸਾਰ 710 ਕਰੋੜ ਰੁਪਿਆ ਸਾਰੀਆਂ ਸਟੇਟਾਂ ਨੂੰ ਦਿੱਤਾ ਗਿਆ ਸੀ ਜਿਸ ਵਿਚੋਂ ਪੰਜਾਬ ਦੇ ਹਿੱਸੇ ਨਿਲ ਅਮਾਉਂਟ ਆਇਆ ਸੀ । ਫਾਈਨਾਂਸ ਕਮਿਸ਼ਨ ਨੇ ਗਰਾਂਟਾਂ ਤਾਂ ਦੂਜਿਆਂ ਸੂਬਿਆਂ ਨੂੰ ਦਿੱਤੀਆਂ । ਅਸੀਂ ਉਦਘਾਟਨਾਂ ਵਿੱਚ ਲੱਗੇ ਰਹਿੰਦੇ ਹਾਂ । ਗਿਆਨੀ ਜੀ ਨੇ ਇਕ ਪਰੈਸ ਸਟੇਟਮੈਂਟ ਦਿੱਤੀ ਸੀ ਕਿ ਮੈਂ ਆਪੋਜ਼ੀਸ਼ਨ ਤੋਂ ਕੁਆਪਰੇਸ਼ਨ ਚਾਹੁੰਦਾ ਹਾਂ । ਭਾਵੇਂ ਇਨ੍ਹਾਂ ਨੇ ਆਫਰ

ਦਿੱਤੀ ਸੀ ਕਿ ਅਸੀਂ ਮਨਿਸਟਰੀਆਂ ਵੀ ਦੇਣ ਲਈ ਤਿਆਰ ਹਾਂ । ਮੈਂ ਗਿਆਨੀ ਜੀ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਮਨਿਸਟਰੀਆਂ ਲਈ ਕੁਆਪਰੇਸ਼ਨ ਦੇਣ ਲਈ ਤਿਆਰ ਨਹੀਂ ਅਸੀਂ ਪੰਜਾਬ ਦੇ ਲੋਕਾਂ ਦੇ ਹਿੱਤਾਂ ਵਾਸਤੇ ਲੜਾਂਗੇ ਤੇ ਅਸੀਂ ਸਾਰੇ ਇਕ ਦਿਨ ਵਿੱਚ ਇਸ ਅਸੈਂਬਲੀ ਤੋਂ ਅਸਤੀਫਾ ਦੇਣ ਲਈ ਤਿਆਰ ਹਾਂ ਜੇ ਪੰਜਾਬ ਨਾਲ ਇਸ ਤਰ੍ਹਾਂ ਹੀ ਵਿਤਕਰਾ ਹੁੰਦਾ ਰਿਹਾ ਤਾਂ ਸਾਡੇ ਅਸਤੀਫੇ ਲੈ ਜਾਓ । ਜੇ ਆਪਣੇ ਨਹੀਂ ਲੈ ਜਾਣੇ ਤਾਂ ਸਾਡੇ ਹੀ ਲੈ ਜਾਓ । ਪਰ ਪੰਜਾਬ ਨਾਲ ਇਸ ਤਰ੍ਹਾਂ ਦਾ ਧੱਕਾ ਨਾ ਕਰਵਾਓ । ਡਿਪਟੀ ਸਪੀਕਰ ਸਾਹਿਬ, ਬੈਂਕ ਡਿਪਾਜ਼ਿਟਸ ਬਾਰੇ ਮੈਂ ਫਿਗਰਜ਼ ਦੇਣਾ ਚਾਹੁੰਦਾ ਹਾਂ । ਸਾਡੇ ਪੰਜਾਬ ਦੇ ਲੋਕਾਂ ਨੇ ਇੱਕ ਸਾਲ ਵਿੱਚ 362 ਕਰੋੜ ਰੁਪਏ ਬੈਂਕ ਡਿਪਾਜ਼ਿਟਸ ਕੀਤੇ ਸ਼ਡਿਊਲਡ ਬੈਂਕਾਂ ਵਿੱਚ । ਉਸ ਦੇ ਵਿਚੋਂ ਪੰਜਾਬ ਵਿਚ ਸਿਰਫ 102 ਕਰੋੜ ਰੁਪਏ ਦੀ ਹੀ ਇਨਵੈਸਟਮੈਂਟ ਹੋਈ । ਇਸ ਦਾ ਹਿਸਾਬ ਲਾ ਲਓ । 260 ਕਰੋੜ ਰੁਪਿਆ ਸਾਲ ਦਾ ਪੰਜਾਬ ਦੇ ਲੋਕਾਂ ਦਾ ਬਚਾਇਆ ਹੋਇਆ ਬਾਹਰਲਿਆਂ ਸੂਬਿਆਂ ਵਿਚ ਜਾ ਕੇ ਇਨਵੈਸਟ ਕਰ ਦਿਤਾ । ਇਤਨਾ ਵੱਡਾ ਧੱਕਾ ਪੰਜਾਬ ਦੇ ਨਾਲ ਹੋਇਆ ਹੈ । ਬਾਕੀ ਦੇ ਸੂਬਿਆਂ ਦੀਆਂ ਸਰਕਾਰਾਂ ਤਕੜੀਆਂ ਹਨ, ਹਿੰਮਤ ਵਾਲੀਆਂ ਹਨ ਅਤੇ ਸੱਤ ਬਚਨੀਆਂ ਨਹੀਂ ਹਨ, ਉਹ ਆਪਣੇ ਸੂਬਿਆਂ ਵਿਚ ਜ਼ਿਆਦਾ ਇਨਵੈਸਟਮੈਂਟ ਕਰਾਈ ਜਾਂਦੇ ਹਨ । ਮਹਾਰਾਸ਼ਟਰ ਨੇ ਜੇ 100% ਡਿਪਾਜ਼ਿਟ ਕਰਾਏ ਤਾਂ 110% ਇਨਵੈਸਟਮੈਂਟ ਆਪਣੀ ਸਟੇਟ ਵਿਚ ਕਰਵਾਈ ਅਤੇ ਇਸੇ ਤਰ੍ਹਾਂ ਤਾਮਿਲ ਨਾਡੂ ਨੇ 120% ਇਨਵੈਸਟਮੈਂਟ ਆਪਣੇ ਸੂਬੇ ਵਿਚ ਕਰਵਾਈ । ਲੇਕਿਨ ਸਾਡੇ 260 ਕਰੋੜ ਰੁਪਏ ਬਾਹਰਲੇ ਸੂਬਿਆਂ ਵਿਚ ਇਨਵੈਸਟ ਹੋਏ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿਸਟਰੀ ਜੇ ਕਦੇ ਕਿਸੇ ਹਿਸਟੋਰੀਅਨ ਨੇ ਲਿਖੀ ਤਾਂ ਉਹ ਇਹ ਚੀਜ਼ ਜ਼ਰੂਰ ਲਿਖੇਗਾ ਕਿ ਪੰਜਾਬ ਨਾਲ ਪਿਛਲੇ 25 ਸਾਲਾਂ ਵਿਚ ਬਹੁਤ ਧੱਕਾ ਹੋਇਆ ਹੈ । ਕਿਸੇ ਵੀ ਹੋਰ ਸੂਬੇ ਨਾਲ ਇਤਨਾ ਧੱਕਾ ਨਹੀਂ ਹੋਇਆ × × ×

ਡਿਪਟੀ ਸਪੀਕਰ ਸਾਹਿਬ, ਖੇਤੀ ਬਾੜੀ ਸਾਡਾ ਮੁੱਖ ਧੰਦਾ ਹੈ । ਸਾਡੇ ਸੂਬੇ ਦੀ 60% ਆਮਦਨੀ ਖੇਤੀ ਬਾੜੀ ਤੋਂ ਹੈ । ਅੱਜ ਇਹ ਖੇਤੀ ਬਾੜੀ ਦਾ ਧੰਦਾ ਬਿਲਕੁਲ ਖਤਮ ਹੋ ਗਿਆ ਹੈ । ਤੁਸੀਂ ਡਿਪਟੀ ਸਪੀਕਰ ਸਾਹਿਬ, ਖੁਦ ਪਿੰਡਾਂ ਵਿਚ ਰਹਿੰਦੇ ਹੋ । ਅੱਜ ਕੋਈ ਪੇਂਡੂ ਜੋ ਕਿਸਾਨ ਹੈ ਉਹ ਕਰਜ਼ਦਾਰ ਹੈ । ਇਹ ਬੇਸ਼ਕ ਕਮੇਟੀ ਬਣਾ ਕੇ ਇਨਕੁਆਇਰੀ ਕਰਵਾ ਲੈਣ ਐਸਾ ਕੋਈ ਕਿਸਾਨ ਨਹੀਂ ਜਿਸਦੇ ਸਿਰ ਤੇ ਕਰਜ਼ਾ ਨਾ ਹੋਵੇ । ਇਨਪੁਟਸ ਦੀਆਂ ਕੀਮਤਾਂ ਵੱਧਣ ਕਾਰਣ, ਮਾਲੀਆ ਅਤੇ ਆਬਿਆਨਾ ਵਧਾਉਣ ਨਾਲ, ਇਸ ਸਰਕਾਰ ਨੇ ਪੰਜਾਬ ਦੇ ਸਾਰੇ ਕਿਸਾਨਾਂ ਨੂੰ ਬੈਂਕਰਪਟ ਕਰਕੇ ਰੱਖ ਦਿਤਾ ਹੈ । ਅੱਜ ਤੁਸੀਂ ਆਪਣੀਆਂ ਫਿਗਰਜ਼ ਮੰਗਾ ਲਓ । ਗਵਰਨਰ ਸਾਹਿਬ ਨੇ ਕਿਹਾ ਹੈ ਕਿ ਪਿਛਲੀ ਸਾਉਣੀ ਦੀ ਫਸਲ ਅੱਛੀ ਹੋਈ ਹੈ ।

ਸ੍ਰੀ ਪ੍ਰਤਾਪ ਚੰਦ ਭੰਡਾਰੀ : ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਲੀਡਰ ਆਫ ਦੀ ਆਪੋਜ਼ੀਸ਼ਨ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੀ ਸਪੀਚ ਵਿਚ ਆਖਿਆ ਕਿ ਪੰਜਾਬ ਦੇ ਲੋਕਾਂ ਦਾ ਬੈਂਕਾਂ ਵਿਚ ਡਿਪਾਜ਼ਿਟ ਕੀਤਾ ਪੈਸਾ ਬਾਹਰਲੇ ਸੂਬਿਆਂ ਵਿਚ ਇਨਵੈਸਟ ਕੀਤਾ ਜਾ ਰਿਹਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਸਾਰੇ ਪੰਜਾਬੀਆਂ ਤੇ ਕਰਜ਼ਾ ਚੜ੍ਹਿਆ ਹੋਇਆ ਹੈ । ਇਹ ਦੋਨੋਂ ਗੱਲਾਂ ਕਿਸ ਤਰ੍ਹਾਂ ਠੀਕ ਹੋ ਸਕਦੀਆਂ ਹਨ । (ਵਿਘਨ)

*Expunged as ordered by the Chair.

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਉਨ੍ਹਾਂ ਦਾ ਧੰਨਵਾਦੀ ਹਾਂ । ਗਲ ਤਾਂ ਉਹੋ ਹੀ ਉਨ੍ਹਾਂ ਨੇ ਕਹੀ ਹੈ ਜੋ ਮੈਂ ਕਹੀ ਸੀ ਪਰ ਚਲੋ ਇਸ ਨਾਲ ਮੈਨੂੰ ਸਾਹ ਆ ਗਿਆ ਹੈ । ਇਸ ਤਰ੍ਹਾਂ ਤਾਂ ਭਾਵੇਂ ਚਾਰ ਪੰਜ ਮਿੰਟਾਂ ਪਿਛੋਂ ਹੀ ਕੁਝ ਪੁੱਛ ਲਿਆ ਕਰੋ ।

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਅੰਕੜੇ ਦਿਤੇ ਹਨ ਲੇਕਿਨ ਜੋ ਇਨ੍ਹਾਂ ਨੇ ਕੰਪੈਰੇਜ਼ਨ ਕੀਤਾ ਹੈ It is anti-national and * * * * it should not form part of the proceedings.

Voices from Opposition Benches : No, no. (*Interruption*)

ਸਰਦਾਰ ਪਰਕਾਸ਼ ਸਿੰਘ ਬਾਦਲ : ਮੁਕਤੀ ਬਹਿਨੀ ਵਾਲੀ ਗਲ ਤੁਸੀਂ ਕੀਤੀ ਹੈ । ਇਸ ਲਈ ਮੈਂ ਪਹਿਲਾਂ ਕਹਿ ਦਿਤਾ ਸੀ ਕਿ ਜੇਕਰ ਤਾਂ ਮੁਕਤੀ ਬਹਿਨੀਆਂ ਇਸ ਵਿਚੋਂ ਕੱਢਣੀਆਂ ਹਨ ਤਾਂ ਤੇ ਤੁਹਾਡੀ ਮਰਜ਼ੀ ਹੈ ।

ਹੁਣ ਡਿਪਟੀ ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੇ ਸਿਲਸਿਲੇ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ।

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਲਫਜ਼ ਪ੍ਰੈਸ ਵਿਚ ਜਾਣੇ ਹਨ * * * * ।

ਸ੍ਰੀ ਡਿਪਟੀ ਸਪੀਕਰ : ਰੂਲਿੰਗ ਰੀਜ਼ਰਵ ਰੱਖ ਲੈਂਦੇ ਹਾਂ, ਬਾਅਦ ਵਿਚ ਫੈਸਲਾ ਕਰ ਲਵਾਂਗੇ । ਬਾਦਲ ਸਾਹਿਬ ਦੀ ਵੀ ਸਹਿਮਤੀ ਹੋਣੀ ਚਾਹੀਦੀ ਹੈ । (Let me reserve the ruling and decide this matter later on. Badal Sahib may also agree to it.)

ਚੌਧਰੀ ਦਰਸ਼ਨ ਸਿੰਘ : ਨਹੀਂ ਜੀ । ਇਸ ਨੂੰ ਐਕਸਪੰਜ ਕਰ ਦੇਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਠੀਕ ਹੈ, ਇਸ ਨੂੰ ਕਾਰਵਾਈ ਵਿਚੋਂ ਕੱਢ ਦਿਓ । (These words should be expunged from the proceedings of the House.)

(ਇਸ ਸਮੇਂ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਪੁਆਇੰਟ ਆਫ ਆਰਡਰ ਤੇ ਖੜੇ ਹੋਏ ।)

आचार्य पृथ्वी सिंह आज़ाद : डिप्टी स्पीकर साहिब, हम सब ने और बादल साहिब ने एक कसम खाई हुई है । लेकिन बादल साहिब ने जिस तरह से पाकिस्तान के व्यवहार का जिक्र किया है और पंजाब के साथ जोड़ा है यह न सिर्फ पंजाब का अपमान है बल्कि भारत का अपमान हुआ है जिस की वफादारी की हम ने कसम खा रक्खी है ।

**Expunged as ordered by the Chair.

ਸ਼੍ਰੀ ਡਿਪਟੀ ਸਪੀਕਰ : ਉਹ ਤਾਂ ਕੱਢ ਦਿਤਾ ਹੈ ਜੀ। (These words have already been expunged.)

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਤੁਹਾਡਾ ਧਿਆਨ ਐਗਰੀਕਲਚਰ ਵਲ ਦਿਵਾਉਂਦਾ ਹਾਂ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਫਰਮਾਇਆ ਸੀ ਕਿ ਮੇਰੀ ਸਰਕਾਰ ਦੀਆਂ ਮੇਹਨਤਾਂ ਨਾਲ ਪੈਦਾਵਾਰ ਬੜੀ ਵਧੀ ਹੈ। ਮੈਂ ਇਹ ਸਮਝਦਾ ਹਾਂ ਕਿ ਇਹ ਆਪਣੇ ਅਸਲ ਫੈਕਟਸ ਉਪਰ ਪਰਦਾ ਪਾਉਣ ਦਾ ਯਤਨ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਾਨੂੰ ਪਿਛਲੇ ਸਾਲਾਂ ਵਿਚ ਜੋ ਨੁਕਸਾਨ ਮਾਲੀ ਤੌਰ ਤੇ ਇਸ ਸਰਕਾਰ ਨੇ ਪਹੁੰਚਾਇਆ ਹੈ ਤੁਸੀਂ ਉਸ ਬਾਰੇ ਆਪ ਹਿਸਾਬ ਲਾ ਲਓ। ਸਰਦਾਰ ਗੁਰਦਰਸ਼ਨ ਸਿੰਘ ਜੀ ਬੈਠੇ ਹਨ। ਤੁਸੀਂ ਪੈਡੀ ਦਾ ਹਿਸਾਬ ਲਗਾ ਲਓ। ਪਿਛਲੇ ਸਾਲ 70 ਰੁਪੈ ਪਰ ਕੁਇੰਟਲ ਦੇ ਮਿਲੇ ਹਨ ਔਰ ਇਸ ਸਾਲ 74 ਰੁਪੈ ਕਰ ਦਿਤੇ। 14.30 ਲੱਖ ਟਨ ਦੇ ਕਰੀਬ ਇਸ ਵੇਲੇ ਤਕ ਮੰਡੀਆਂ ਵਿਚ ਪੈਡੀ ਆ ਚੁਕੀ ਹੈ। ਤੁਸੀਂ ਇਸ ਸਾਲ ਨਾਲ ਪਿਛਲੇ ਸਾਲ ਨੂੰ ਹੀ ਮਿਲਾ ਲਓ। ਪਿਛਲੇ ਸਾਲ 70 ਰੁਪਏ ਭਾਅ ਰਖਿਆ ਸੀ ਔਰ ਇਸ ਸਾਲ 76 ਰੁਪਏ ਦਿਤੇ ਹਨ। ਜੇਕਰ ਬਹੁਤੀਆਂ ਬਰੀਕਿਆਂ ਵਿਚ ਨਾ ਵੀ ਜਾਈਏ ਤਾਂ ਵੀ ਤੁਸੀਂ ਵੇਖ ਲਵੋ ਕਿ ਖਾਦ ਦਾ ਭਾਅ ਵਧਿਆ ਹੈ, ਇਨਸੈਕਟੀਸਾਈਡਜ਼ ਦਾ ਰੇਟ ਵਧਿਆ ਹੈ। ਜੇਕਰ ਇਹ ਹਿਸਾਬ ਸਿੱਧਾ ਜਿਹਾ ਹੀ ਲਗਾ ਲਈਏ ਤਾਂ ਪੈਡੀ ਦੀ ਕਾਸ਼ਤ ਵਿਚ 16 ਰੁਪੈ ਕੁਇੰਟਲ ਖਰਚ ਵਧਿਆ ਹੈ। ਲੇਕਿਨ ਜੇਕਰ ਬਾਹਲੀ ਹੀ ਗਲ ਹੈ ਤਾਂ 86 ਰੁਪਏ ਤਾਂ ਕਾਸਟ ਆਫ ਪ੍ਰੋਡਕਸ਼ਨ ਜ਼ਰੂਰ ਹੈ। ਬਲਕਿ ਇਸ ਤੋਂ ਵੱਧ ਵੀ ਕਾਸਟ ਆਫ਼ ਪ੍ਰੋਡਕਸ਼ਨ ਹੋਵੇਗੀ ਘੱਟ ਨਹੀਂ। ਇਸ ਤਰ੍ਹਾਂ ਨਾਲ ਸਾਨੂੰ ਪੰਜਾਬ ਦੇ ਕਿਸਾਨਾਂ ਨੂੰ 17.20 ਕਰੋੜ ਰੁਪਏ ਦਾ ਘਾਟਾ ਪਿਆ ਹੈ। ਦੂਸਰੀ ਮੈਂ ਕਿਸੇ ਸਰਕਾਰ ਦੀ ਤਾਰੀਫ ਤਾਂ ਨਹੀਂ ਕਰਦਾ ਪਰ ਜੇਕਰ ਥੋੜ੍ਹੀ ਜਿਹੀ ਸਰਕਾਰ ਦੀ ਕੋਸ਼ਿਸ਼ ਨਾਲ ਜਨਤਾ ਦਾ ਭਲਾ ਹੁੰਦਾ ਹੋਵੇ ਤਾਂ ਜ਼ਰੂਰ ਕਰ ਦੇਣਾ ਚਾਹੀਦਾ ਹੈ। ਤੁਸੀਂ ਹਰਿਆਣੇ ਸਰਕਾਰ ਨੂੰ ਵੇਖ ਲਓ। ਉਸ ਨੇ ਉਸੇ ਹੀ ਸਕੀਮ ਦੇ ਅੰਡਰ 12 ਰੁਪਏ ਕੁਇੰਟਲ ਦੇ ਹਿਸਾਬ ਨਾਲ ਪੈਸੇ ਵਧ ਦਿਤੇ ਸਨ। ਉਹ ਕਿਸ ਤਰ੍ਹਾਂ ਕਿ ਪਹਿਲਾਂ ਉਨ੍ਹਾਂ ਨੇ ਲੈਵੀ 95% ਰੱਖੀ ਸੀ ਪਰ ਫਿਰ ਲੈਵੀ 90% ਕਰ ਦਿੱਤੀ ਜਿਸ ਨਾਲ ਕਿ ਕਿਸਾਨਾਂ ਨੂੰ ਭਾਅ ਵੱਧ ਮਿਲ ਗਿਆ। ਪਰ ਸਾਡੀ ਸਰਕਾਰ ਇਹ ਫੈਸਲਾ ਨਹੀਂ ਕਰ ਸਕੀ। ਦੋ ਚਾਰ ਦਿਨਾਂ ਤੋਂ ਅਸੀਂ ਸਰਦਾਰ ਗੁਰਦਰਸ਼ਨ ਸਿੰਘ ਜੀ ਦਾ ਸਟੇਟਮੈਂਟ ਪੜ੍ਹਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਬੋਨਸ ਕਿਸਾਨਾਂ ਨੂੰ ਮਿਲ ਰਿਹਾ ਹੈ। ਪਰ ਪਤਾ ਨਹੀਂ ਹੈ ਕਿ ਉਹ ਕਦੋਂ ਮਿਲਣਾ ਹੈ। ਮੈਂ ਤਾਂ ਸਮਝਦਾ ਹਾਂ ਕਿ ਇਹ ਕਿਸਾਨਾਂ ਨਾਲ ਧੱਕਾ ਹੈ।

ਇਸ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਦੂਸਰੀ ਗਲ ਹੈ ਨਰਮੇ ਦੀ। ਉਸ ਦੇ ਭਾਅ ਦੀ ਇਹ ਹਾਲਤ ਹੈ ਕਿ ਪੰਜਾਬ ਦੀ ਕਿਸਾਨੀ ਨੂੰ 100 ਕਰੋੜ ਰੁਪਏ ਦਾ ਘਾਟਾ ਪਿਆ ਹੈ। ਜੇਕਰ ਇਸ ਦੀ ਕਾਸਟ ਆਫ ਪ੍ਰੋਡਕਸ਼ਨ ਲਈਏ ਤਾਂ ਪਿਛਲੇ ਸਾਲ ਨਾਲੋਂ ਇਸ ਦੀ ਕਾਸਟ ਆਫ ਪ੍ਰੋਡਕਸ਼ਨ ਵਿਚ 100 ਰੁਪਏ ਪਰ ਕੁਇੰਟਲ ਦਾ ਵਾਧਾ ਹੋਇਆ ਹੈ। ਇਸ ਵਾਸਤੇ ਹੀ ਨੌਜਵਾਨਾਂ ਨੇ ਮੁਜ਼ਾਹਰਾ ਕੀਤਾ ਸੀ ਮੁਕਤਸਰ ਵਿਚ ਔਰ ਬਠਿੰਡੇ ਵਿਚ। ਫਿਰ ਤੰਗ ਆ ਕੇ ਪੰਜਾਬ ਦੇ ਕਿਸਾਨ ਦਿੱਲੀ ਗਏ। ਉਥੇ ਧਰਨਾ ਵੀ ਦਿੱਤਾ ਗਿਆ। ਮੈਂ ਇਕ ਡੈਪੂਟੇਸ਼ਨ ਲੈ ਕੇ ਗਿਆ। ਅਸੀਂ ਚਟੋਪਾਧਿਆ ਨੂੰ ਮਿਲੇ। ਅਸੀਂ ਕਿਹਾ ਕਿ ਤੁਸੀਂ ਸਾਡੇ ਨਾਲ ਬੈਠ ਕੇ ਹਿਸਾਬ ਕਿਤਾਬ ਕਰ ਲਓ। ਉਹ ਕਹਿਣ ਲਗੇ ਕਿ ਮੈਂ ਤੁਹਾਡੇ ਨਾਲ ਸਹਿਮਤ ਹਾਂ,

[ਸਰਦਾਰ ਪਰਕਾਸ਼ ਸਿੰਘ ਬਾਦਲ]

ਤੁਹਾਡੀ ਗੱਲ ਤਾਂ ਠੀਕ ਹੈ ਪਰ ਕਰੀਏ ਕੀ ਪੈਸਾ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਇਹ ਹੋਰਨਾਂ ਨੂੰ ਤਾਂ 52 ਕਰੋੜ ਰੁਪਏ ਦੇ ਸਕਦੇ ਹਨ ਫੇਰ ਜੇਕਰ ਇਹ ਦਸ ਵੀਹ ਕਰੋੜ ਰੁਪਿਆ ਵੀ ਪੰਜਾਬ ਦੀ ਜਨਤਾ ਲਈ ਨਹੀਂ ਖਰਚ ਸਕਦੇ ਤਾਂ ਮੈਂ ਸਮਝਦਾ ਇਹ ਬਹਾਨੇ ਹੀ ਬਣਾਉਂਦੇ ਹਨ । ਇਨ੍ਹਾਂ ਨੇ ਸੀ. ਸੀ. ਆਈ ਨੂੰ ਕੰਪੀਟੀਸ਼ਨ ਵਿਚ ਭੇਜਿਆ ਪਰ ਉਸ ਦਾ ਵੀ ਕੋਈ ਫਾਇਦਾ ਨਹੀਂ ਹੋਇਆ । ਪਹਿਲਾਂ ਅਸੀਂ ਇਹ ਬਿਆਨ ਪੜ੍ਹਿਆ ਕਿ ਸਰਕਾਰ ਨਰਮੇ ਦੇ ਭਾਅ ਵਧਾ ਰਹੀ ਹੈ । ਮਾਰਕਫੈਡ ਆ ਰਹੀ ਹੈ ਲੇਕਿਨ ਉਹ ਆਈ ਜਦੋਂ ਕਿ ਅੱਧਾ ਪਚੱਧਾ ਮਾਰਕਿਟ ਵਿਚ ਨਰਮਾ ਆ ਚੁਕਾ ਸੀ । ਫਿਰ ਦੋ ਦੋ ਤਿੰਨ ਤਿੰਨ ਬੰਦੇ ਮੰਡੀਆਂ ਵਿਚ ਫਿਰਦੇ ਰਹੇ । ਲੇਕਿਨ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਕਹਾਂਗਾ ਲੋਕਾਂ ਨੂੰ, ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਵਾਜਬ ਭਾਅ ਨਾ ਮਿਲਣ ਕਰਕੇ ਵੱਡਾ ਨੁਕਸਾਨ ਹੋ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਨਰਮੇ ਦੇ ਭਾਅ ਤੇ 37% ਸੱਬਸਿਡੀ ਦਿੰਦੇ ਆ ਰਹੇ ਸੀ ਪਰ ਸੈਂਟਰ ਦੀ ਸਰਕਾਰ ਨੇ ਉਹ ਵੀ ਬੰਦ ਕਰ ਦਿਤੀ ਹੈ ਇਸ ਸਾਲ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਖਾਸ ਤੌਰ ਤੇ ਦੱਸਣਾ ਚਾਹੁੰਦਾ ਹਾਂ ਜਿਸ ਦਾ ਕਿ ਗਵਰਨਰ ਸਾਹਿਬ ਦੇ ਅਡਰੈਸ ਵਿਚ ਵੀ ਜ਼ਿਕਰ ਸੀ । ਸੰਨ 1972-73 ਵਿਚ 56.10 ਲੱਖ ਟਨ ਕਣਕ ਦੀ ਪੈਦਾਵਾਰ ਹੋਈ ਸੀ ਪਰ ਅਗਲੇ ਸਾਲ ਜਦੋਂ ਇਹ ਸਰਕਾਰ ਆਈ ਸੰਨ 1973-74 ਵਿਚ ਇਹ 56 ਲੱਖ ਤੋਂ ਘਟ ਕੇ 53.68 ਲੱਖ ਟੱਨ ਰਹਿ ਗਈ ਔਰ ਸੰਨ 1974-75 ਵਿਚ 52.1 ਲੱਖ ਟਨ ਰਹਿ ਗਈ । ਡਿਪਟੀ ਸਪੀਕਰ ਸਾਹਿਬ, ਸਾਨੂੰ ਦੁੱਖ ਹੁੰਦਾ ਹੈ ਕਿ ਇਹ ਪ੍ਰੋਡਕਸ਼ਨ ਕਾਫੀ ਘਟੀ ਹੈ ਕਿਉਂਕਿ ਏਰੀਆ ਵਧਿਆ ਹੈ । ਅਸਲ ਗਲ ਇਹ ਹੈ ਕਿ ਪ੍ਰੋਡਕਸ਼ਨ ਘਟੀ ਹੈ । ਜਿਸ ਲਈ ਸਾਨੂੰ ਘਬਰਾਹਟ ਹੈ । ਮੈਂ ਹੋਰ ਇਹ ਗਲ ਵੀ ਦੱਸਣਾ ਚਾਹੁੰਦਾ ਹਾਂ ਕਿ ਐਕਸਪਰਟਸ ਦਾ ਖਿਆਲ ਹੈ ਕਿ ਲੈਂਡ ਦੀ ਹਾਲਤ ਇਸ ਤਰ੍ਹਾਂ ਦੀ ਹੋ ਜਾਣੀ ਹੈ ਕਿ ਪੰਜਾਬ ਨੂੰ ਜਿਤਨਾ ਅਨਾਜ ਅਪਣੀ ਵਰਤੋਂ ਲਈ ਚਾਹੀਦਾ ਹੈ ਉਹ ਵੀ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੂੰ ਮਿਲ ਨਹੀਂ ਸਕਣਾ । ਇਸ ਤਰ੍ਹਾਂ ਦੀ ਹਾਲਤ ਇਥੇ ਹੋ ਜਾਣੀ ਹੈ ।

ਰਾਜ ਮੰਤਰੀ, ਖੁਰਾਕ (ਸਰਦਾਰ ਗੁਰਦਰਸ਼ਨ ਸਿੰਘ) : ਖਰੀਫ ਦੀ ਫਸਲ ਦਾ ਜ਼ਿਕਰ ਹੈ, ਇਕ ਲੱਖ ਟਨ ਵਧੀ ਹੈ ਖਰੀਫ ਦੀ ਫਸਲ ।

ਸਰਦਾਰ ਪਰਕਾਸ਼ ਸਿੰਘ ਬਾਦਲ : ਜੋ ਹਿਸਾਬ ਤੁਸੀਂ ਲਗਾਇਆ ਹੈ ਉਹ ਮੈਨੂੰ ਪਤਾ ਹੈ । ਮੈਂ ਆਂਕੜੇ ਦਸਦਾ ਹਾਂ । ਮੱਕੀ ਇਸ ਤਰ੍ਹਾਂ ਸੀ : 1971-72 ਵਿਚ 3.37 ਲੱਖ ਟਨ, 1972-73 ਵਿਚ 2.37 ਲੱਖ ਟਨ ਅਤੇ ਹੁਣ 2.22 ਲੱਖ ਟਨ । (ਵਿਘਨ) ਡੇਫੀਨਿਟਲੀ ਇਨ੍ਹਾਂ ਦੀ ਐਂਟੀ-ਕਿਸਾਨ ਪਾਲਿਸੀ ਦੀ ਵਜ੍ਹਾ ਨਾਲ ਇਹ ਚੀਜ਼ ਹੋਈ ਹੈ । ਕਿਸਾਨਾਂ ਦੀ ਪੈਦਾਵਾਰ ਇੰਨੀ ਘੱਟ ਗਈ ਹੈ ਕਿ ਉਹ ਬੈਂਕਰਪਟ ਹੋ ਗਿਆ ਹੈ ਅਤੇ ਇਹ ਸਭ ਕੁਝ ਸਰਕਾਰ ਦੀ ਗਲਤ ਪਾਲਿਸੀ ਨਾਲ ਹੋਇਆ ਹੈ ।

ਡੈਮਜ਼ ਬਾਰੇ ਤਾਂ ਮੈਂ ਅੱਡ ਗੱਲ ਕਰਾਂਗਾ । ਪਹਿਲਾਂ ਜਿਹੜੀ ਖਾਦ ਹੈ ਉਸ ਦੇ ਮੁਤਾਲਿਕ ਕੁਝ ਕਹਿਣਾ ਚਾਹੁੰਦਾ ਹਾਂ । ਖਾਦ ਥੋੜੀ ਬਹੁਤ ਮਿਲਦੀ ਹੈ ਪਰ ਪੂਰੀ ਨਹੀਂ ਮਿਲਦੀ । ਮਾਰਕਫੈਡ ਵਿਚ ਤਾਂ ਇਹ ਸਾਬਤ ਹੋ ਗਿਆ ਹੈ ਕਿ ਕਈ ਸਕੈਂਡਲ ਹੋਏ ਹੂਨ

ਅਤੇ ਪ੍ਰਾਈਵੇਟ ਸੰਸਥਾਵਾਂ ਵਿਚ ਵੀ ਇਸ ਤਰ੍ਹਾਂ ਦੇ ਸਕੈਂਡਲ ਪਕੜੇ ਗਏ ਅਤੇ ਮੈਂ ਤਾਂ ਇਹ ਕਹਾਂਗਾ ਕਿ ਕੇਸ ਰਜਿਸਟਰ ਹੋਏ, ਸਾਲ ਦੋ ਸਾਲ ਕੇਸ ਚਲਦੇ ਰਹੇ ਪਰ ਬਾਅਦ ਵਿਚ ਬਗੈਰ ਕਿਸੇ ਐਕਸ਼ਨ ਦੇ ਖਤਮ ਕਰ ਦਿਤੇ ਗਏ । ਇਸ ਕਰਕੇ ਖਾਦ ਦੇ ਬਾਰੇ ਵੀ ਸਹੀ ਤਰੀਕੇ ਨਾਲ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਇਸ ਦੇ ਵਿਚ ਕੋਈ ਗੜਬੜ ਨਹੀਂ ਹੋਣੀ ਚਾਹੀਦੀ ।

ਅਗਲੀ ਆਈਟਮ ਮੈਂ ਡੇਰੀ ਫਾਰਮਿੰਗ ਦੇ ਸਿਲਸਿਲੇ ਵਿਚ ਲੈਣਾ ਚਾਹੁੰਦਾ ਹਾਂ । ਕਿਹਾ ਗਿਆ ਹੈ ਕਿ 2-3 ਡੇਰੀਜ਼ ਲਗਾਈਆਂ ਗਈਆਂ ਹਨ, ਇਕ ਦੋ ਮਿਲਕ ਪਲਾਂਟ ਬਣਾ ਦਿਤੇ ਹਨ । ਇਸ ਬਾਰੇ ਮੈਂ ਪੁਰਜ਼ੋਰ ਲਫ਼ਜ਼ਾਂ ਨਾਲ ਕਹਿ ਸਕਦਾ ਹਾਂ ਕਿ ਇਸ ਤਰ੍ਹਾਂ ਦੁਧ ਦੀ ਪੈਦਾਵਾਰ ਵਧ ਨਹੀਂ ਸਕਣੀ । ਇਹ ਤਾਂ ਹੀ ਵਧ ਸਕਦੀ ਹੈ ਜੇ ਡੇਰੀ ਫਾਰਮਿੰਗ ਦੇ ਨਾਲ ਨਾਲ ਜਿਹੜੀਆਂ ਸਬਸਿਡਿਏਰੀਜ਼ ਹਨ ਉਹ ਵੀ ਉਸੇ ਤਰ੍ਹਾਂ ਹੀ ਵੱਧਣ ਨਹੀਂ ਤਾਂ ਗਲ ਠੀਕ ਨਹੀਂ ਬਣਨੀ । ਠੀਕ ਹੈ 8 ਮਿਲਕ ਪਲਾਂਟ ਲਗਾ ਦਿਤੇ ਹਨ ਅਤੇ ਇਹ ਕਿਸ ਨੇ ਲਗਾਏ ਕਿਸ ਨੇ ਨਹੀਂ ਲਗਾਏ, ਮੈਂ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ, ਇਹ ਸਾਡੀ ਸਟੇਟ ਵਿਚ ਲਗੇ ਹਨ । ਪਰ ਜੇ ਇਹ ਹੋਰ ਵੀ ਲਗਾ ਦੇਵੋ ਤਾਂ ਦੁਧ ਦੀ ਪ੍ਰੋਡਕਸ਼ਨ ਵਿਚ ਵਾਧਾ ਨਹੀਂ ਹੋਣਾ ਹੈ । ਪਿਛਲੇ 15 ਸਾਲ ਤੋਂ 400 ਗਰਾਮ ਪਰ ਕੈਪਿਟਾ ਮਿਲਕ ਪ੍ਰੋਡਕਸ਼ਨ ਹੋਈ ਹੈ ਅਤੇ ਇਕ ਆਊਂਸ ਵੀ ਪ੍ਰੋਡਕਸ਼ਨ ਨਹੀਂ ਵਧੀ । ਇਨ੍ਹਾਂ ਮਿਲਕ ਪਲਾਂਟਾਂ ਦਾ ਲਾਭ ਉਦੋਂ ਹੋ ਸਕਦਾ ਹੈ ਜੇ ਡੇਰੀ ਫਾਰਮਿੰਗ ਵੀ ਨਾਲ ਨਾਲ ਕੀਤੀ ਜਾਵੇ । ਮੈਂ ਇਥੇ ਸੁਝਾਓ ਦੇਣਾ ਚਾਹੁੰਦਾ ਹਾਂ ਕਿ 52 ਲੱਖ ਲਿਟਰ ਦੇ ਕਰੀਬ ਮੱਝਾਂ ਦਾ ਦੁਧ ਮਿਲਦਾ ਹੈ ਅਤੇ 9 ਲੱਖ ਲਿਟਰ ਗਊਆਂ ਤੋਂ ਮਿਲਦਾ ਹੈ । ਜੇ ਕੋਸ਼ਿਸ਼ ਕੀਤੀ ਜਾਵੇ ਤਾਂ ਇਹ ਪ੍ਰੋਡਕਸ਼ਨ ਵਧ ਸਕਦੀ ਹੈ, ਪਰ ਜੇ ਇਸ ਕੰਮ ਨੂੰ ਹਾਫ ਹਾਰਟਡ ਤਰੀਕੇ ਨਾਲ ਕੀਤਾ ਜਾਵੇ ਤਾਂ ਗਲ ਨਹੀਂ ਬਣਨੀ । ਇਸ ਵਾਸਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੱਝਾਂ ਤੇ ਗਊਆਂ ਦੀ ਬਰੀਡ ਚੰਗੀ ਹੋਵੇ ਅਤੇ ਇਸ ਬਾਰੇ ਯਤਨ ਕਰਨੇ ਚਾਹੀਦੇ ਹਨ । ਇਸ ਬਾਰੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਹਾਫ ਹਾਰਟਿਡ ਤਰੀਕੇ ਨਾਲ ਇਹ ਕੰਮ ਹੋ ਰਿਹਾ ਹੈ, ਇਹ ਠੀਕ ਨਹੀ ; ਜੇ ਕਿਤੇ ਇਨਸੈਮੀਨੇਸ਼ਨ ਸੈਂਟਰ ਹੈ ਤਾਂ ਉਥੇ ਸਾਨ੍ਹ ਨਹੀਂ, ਕੋਈ ਡਾਕਟਰ ਨਹੀਂ, ਕੋਈ ਦਵਾਈ ਨਹੀਂ । ਇਸ ਤਰ੍ਹਾਂ ਤਾਂ ਕੋਈ ਇੰਪਰੂਵਮੈਂਟ ਨਹੀਂ ਹੋ ਸਕਦੀ । ਇਸ ਬਾਰੇ ਮੈਂ ਸੁਝਾਓ ਦੇਵਾਂਗਾ ਕਿ ਜੇ ਸਾਰੀਆਂ ਗਊਆਂ ਦੀ ਮਾਸ ਸਕੇਲ ਤੇ ਇਨਸੈਮੀਨੇਸ਼ਨ ਕਰਵਾਈ ਜਾਵੇ ਤਾਂ 3 ਸਾਲ ਦੇ ਵਿਚ ਸਾਰੀ ਬਰੀਡ ਬਦਲ ਜਾਵੇਗੀ ਅਤੇ ਦੁੱਧ ਦੀ ਪੈਦਾਵਾਰ ਬਹੁਤ ਵਧ ਜਾਵੇਗੀ । ਜੇ ਪਿੰਡਾਂ ਵਿਚ ਆਰਟੀਫਿਸ਼ਅਲ ਇਨਸੈਮੀਨੈਸ਼ਨ ਵਾਸਤੇ ਡਾਕਟਰ ਨਹੀਂ ਤਾਂ ਕੁਝ ਰੁਪਿਆ ਖਰਚ ਕਰਕੇ ਕਿਸੇ ਆਦਮੀ ਨੂੰ ਵੀ ਟਰੇਨਿੰਗ ਦਿਤੀ ਜਾ ਸਕਦੀ ਹੈ । ਕਈ ਬਾਹਰਲੇ ਦੇਸ਼ਾਂ ਵਿਚ ਇਹ ਸਬਸਿਡਿਏਰੀ ਐਜੰਸੀਜ਼ ਜਿਹੜੀਆਂ ਹੁੰਦੀਆਂ ਹਨ, ਇਨ੍ਹਾਂ ਦਾ ਬਹੁਤ ਖਿਆਲ ਰਖਿਆ ਜਾਂਦਾ ਹੈ । ਫਰਾਂਸ ਵਿਚ 50% ਸਬਸਿਡਿਏਰੀਜ਼ ਹਨ, ਜਰਮਨੀ ਵਿਚ 60% ਸਬਸਿਡਿਏਰੀਜ਼ ਹਨ, ਡੈਨਮਾਰਕ ਵਿਚ 72% ਸਬਸਿਡਿਏਰੀਜ਼ ਹਨ । ਪਰ ਪੰਜਾਬ ਵਿਚ ਇਸ ਪਾਸੇ ਇਕ ਪੈਸਾ ਵੀ ਨਹੀਂ ਲਗਾਇਆ ਜਾਂਦਾ । ਜੇ ਇਸ ਪਾਸੇ ਸਰਕਾਰ ਧਿਆਨ ਦੇਵੇ ਤਾਂ ਕਾਫੀ ਸੁਧਾਰ ਹੋ ਸਕਦਾ ਹੈ ।

ਜਿਥੋਂ ਤਕ ਬਿਜਲੀ ਦਾ ਸਵਾਲ ਹੈ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਗਵਰਨਮੈਂਟ ਜਿਹੜੇ ਪਰਾਜੈਕਟਸ ਹਨ, ਉਨ੍ਹਾਂ ਨੂੰ ਸਿਰੇ ਨਹੀਂ ਚਾੜ੍ਹ ਸਕਦੀ ਅਤੇ

[ਸਰਦਾਰ ਪਰਕਾਸ਼ ਸਿੰਘ ਬਾਦਲ]

ਇਸ ਕੰਮ ਵਿਚ ਬਹੁਤ ਅਣਗਹਿਲੀ ਹੋਈ ਹੈ । ਭਾਖੜੇ ਨੂੰ ਪੰਜਾਬ ਦਾ ਚਾਨਣ ਮੁਨਾਰਾ ਕਹਿ ਲਵੋ ਅਤੇ ਲੋਕਾਂ ਨੂੰ ਬੜੀ ਉਮੀਦ ਸੀ ਕਿ ਉਨ੍ਹਾਂ ਨੂੰ ਬਿਜਲੀ ਤੇ ਪਾਣੀ ਦੀ ਕਾਫੀ ਸਹੂਲਤ ਮਿਲੇਗੀ । ਪਰ ਮੈਂ ਇਸ ਗਲ ਵਿਚ ਇਸ ਸਰਕਾਰ ਨੂੰ ਜਿੰਮੇਵਾਰ ਨਹੀਂ ਕਹਿ ਸਕਦਾ । ਸੈਂਟਰ ਸਾਡੇ ਪੰਜਾਬੀਆਂ ਨਾਲ ਸ਼ੁਰੂ ਤੋਂ ਹੀ ਧੱਕਾ ਕਰਦਾ ਰਿਹਾ ਹੈ । ਭਾਖੜਾ ਤੋਂ 4 ਹਜ਼ਾਰ ਮਿਲੀਅਨ ਯੂਨਿਟ ਬਿਜਲੀ ਪੈਦਾ ਹੁੰਦੀ ਹੈ ਅਤੇ ਉਸ ਦੀ ਡਿਸਟਰੀਬਿਊਸ਼ਨ ਇਸ ਤਰ੍ਹਾਂ ਹੈ, 1400 ਮਿਲੀਅਨ ਯੂਨਿਟ ਨੰਗਲ ਫਰਟੇਲਾਈਜ਼ਰ ਫੈਕਟਰੀ ਨੂੰ ਦਿਤੇ, 600 ਮਿਲੀਅਨ ਯੂਨਿਟ ਰਾਜਸਥਾਨ ਨੂੰ ਦੇ ਦਿਤੇ, 400 ਮਿਲੀਅਨ ਯੂਨਿਟ ਦਿੱਲੀ ਨੂੰ ਦੇ ਦਿਤੇ । ਇਸ ਤਰ੍ਹਾਂ ਨਾਲ ਅੱਧੇ ਤੋਂ ਜ਼ਿਆਦਾ ਬਿਜਲੀ ਤਾਂ ਹੋਰ ਹੀ ਲਈ ਜਾਂਦੇ ਹਨ, ਉਨ੍ਹਾਂ ਦਾ ਇਸ ਵਿਚ ਕੀ ਹੱਕ ਹੈ ਜਦੋਂ ਕਿ ਪੰਜਾਬ ਨੂੰ ਪੂਰੀ ਬਿਜਲੀ ਨਹੀਂ ਮਿਲ ਰਹੀ । ਇਸ ਬਾਰੇ ਮੈਂ ਚੀਫ ਮਨਿਸਟਰ ਸਾਹਿਬ ਨੂੰ ਇਹ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜੋ ਦਿੱਲੀ ਦੀ ਸਰਕਾਰ ਨਾਲ ਐਗਰੀਮੈਂਟ ਸੀ ਕਿ ਉਨ੍ਹਾਂ ਨੂੰ ਇੰਨੀ ਬਿਜਲੀ ਦਿਤੀ ਜਾਵੇ, ਉਹ ਐਗਰੀਮੈਂਟ ਅਗਾਂਹ ਤੋਂ ਕੰਟੀਨਿਊ ਨਾ ਕੀਤਾ ਜਾਵੇ । ਮੈਨੂੰ ਯਾਦ ਨਹੀਂ, ਪਰ ਸ਼ਾਇਦ ਇਹ ਐਗਰੀਮੈਂਟ ਮਾਰਚ ਜਾਂ ਅਪ੍ਰੈਲ ਵਿਚ ਖਤਮ ਹੁੰਦਾ ਹੈ ਅਤੇ ਇਸ ਨੂੰ ਕੰਟੀਨਿਊ ਨਾ ਕੀਤਾ ਜਾਵੇ । ਦੂਜੀ ਅਰਜ਼, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਪੰਜਾਬ ਦਾ ਭਾਖੜੇ ਤੋਂ ਬਿਜਲੀ ਦਾ ਕੋਟਾ ਸੀ, ਉਹ ਵੀ ਲੈਸ ਡਰਾ ਕੀਤਾ ਗਿਆ । 3 ਅਕਤੂਬਰ ਤੋਂ 31 ਅਕਤੂਬਰ ਤਕ, ਡਿਪਟੀ ਸਪੀਕਰ ਸਾਹਿਬ, 38 ਲੱਖ ਯੂਨਿਟ ਸਾਡਾ ਕੋਟਾ ਸੀ, ਪਰ ਅਸੀਂ ਲੈਸ ਡਰਾ ਕੀਤਾ । ਜੇ ਸਾਰਾ ਪੀਰੀਅਡ ਲਈਏ ਤਾਂ ਕੋਈ ਸਾਢੇ ਪੰਜ ਕਰੋੜ ਯੂਨਿਟਸ ਲੈਸ ਡਰਾ ਕੀਤੇ ਗਏ ਹਨ । ਇਹ ਹੈ ਸਾਡੇ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦੀ ਐਫੀਸ਼ੈਂਸੀ । ਇਸ ਦੇ ਨਾਲ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀਆਂ ਕੁਝ ਸੈਂਟਰਲੀ ਸਪਾਂਸਰਡ ਪ੍ਰਾਜੈਕਟਸ ਚਲ ਰਹੀਆਂ ਹਨ । ਜਿਸ ਤਰ੍ਹਾਂ ਬਿਆਸ ਪ੍ਰਾਜੈਕਟ ਹੈ, ਉਸ ਦੇ ਵਿਚ 3 ਪਾਰਟਨਰਜ਼ ਹਨ, ਰਾਜਸਥਾਨ, ਹਰਿਆਣਾ ਤੇ ਪੰਜਾਬ ਅਤੇ ਸਾਨੂੰ ਉਥੋਂ ਕੁਝ ਬਿਜਲੀ ਅਤੇ ਪਾਣੀ ਮਿਲਣ ਦੀ ਆਸ ਹੈ । ਪਰ, ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇਸ ਪਾਸੇ ਧਿਆਨ ਨਹੀਂ ਦਿਤਾ ਤਾਂ ਜੋ ਸਾਨੂੰ ਇਸ ਪ੍ਰਾਜੈਕਟ ਤੋਂ ਰਾਹਤ ਮਿਲਣੀ ਹੈ, ਉਹ ਨਹੀਂ ਮਿਲ ਸਕਣੀ । ਕਿਉਂਕਿ ਜੋ ਤਕੜਾ ਨਹੀਂ ਹੋਵੇਗਾ ਅਤੇ ਸੈਂਟਰ ਵਿਚ ਲੜਾਈ ਨਹੀਂ ਕਰੇਗਾ, ਉਸ ਨੂੰ ਕੁਝ ਨਹੀਂ ਮਿਲਣਾ । ਜੇ ਸਾਡੇ ਉਥੇ ਮੀਟਿੰਗਜ਼ ਅਟੈਂਡ ਕਰਨ ਅਫਸਰ ਵਗੈਰਾ ਨਾ ਜਾਣਗੇ ਅਤੇ ਜ਼ੋਰ ਨਹੀਂ ਪਾਉਣਗੇ ਤਾਂ ਫਿਰ ਜ਼ਿਆਦਾ ਫਾਇਦਾ ਉਹੀ ਲੈ ਜਾਣਗੇ ਜਿਹੜੇ ਉਥੇ ਬੈਠੇ ਹਨ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬਿਆਸ ਪ੍ਰਾਜੈਕਟ ਕੰਟਰੋਲ ਬੋਰਡ ਹੈ, ਉਸ ਦੇ ਵਿਚ ਜਿਹੜੇ ਆਦਮੀ ਇਸ ਨਾਲ ਡੀਲ ਕਰ ਰਹੇ ਹਨ, ਉਹ ਕੌਣ ਹਨ, ਇਹ ਮੈਂ ਦਸਣਾ ਚਾਹੁੰਦਾ ਹਾਂ । ਜਿਹੜਾ ਉਥੋਂ ਦਾ ਡਿਪਟੀ ਸੈਕਟਰੀ ਹੈ ਉਹ ਹਰਿਆਣਾ ਸਟੇਟ ਇਲੈਕਟ੍ਰਿਸਿਟੀ ਬੋਰਡ ਦਾ ਹੈ, ਸੈਕਟਰੀ ਜਿਹੜਾ ਹੈ, ਉਹ ਰਾਜਸਥਾਨ ਇਰੀਗੇਸ਼ਨ ਡਿਪਾਰਟਮੈਂਟ ਦਾ ਹੈ, ਜੋ ਜੁਆਇੰਟ ਸੈਕਟਰੀ ਹੈ, ਉਹ ਦਿੱਲੀ ਦਾ ਹੈ ਅਤੇ ਉਹ ਇਸ ਬੋਰਡ ਦੀਆਂ ਮੀਟਿੰਗਜ਼ ਵਿਚ ਕਾਫੀ ਇੰਟਰੈਸਟ ਲੈਂਦੇ ਹਨ । ਜਿਹੜੇ ਡਿਪਟੀ ਸੈਕਟਰੀ ਇਰੀਗੇਸ਼ਨ ਮਨਿਸਟਰੀ ਦੇ ਦਿੱਲੀ ਵਿਚ ਹਨ, ਉਹ ਰਾਜਸਥਾਨ ਦੇ ਹਨ ਅਤੇ ਜੇਨਰਲ ਮੈਨੇਜਰ ਹਰਿਆਣੇ ਦੇ ਹਨ ਅਤੇ ਜੋ ਚੀਫ ਇੰਜੀਨੀਅਰ ਹਨ, ਉਹ ਰਾਜਸਥਾਨ ਦੇ ਹਨ । ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜੇ ਦੂਜੀਆਂ ਸਟੇਟਾਂ ਦੇ ਅਫਸਰ ਲਗੇ ਹੋਏ ਹਨ ਤਾਂ ਕੋਈ ਗੱਲ ਨਹੀਂ, ਪਰ ਫਿਰ ਵੀ ਆਪਣੀ ਸਟੇਟ ਨਾਲ ਪਿਆਰ ਤਾ ਹੁੰਦਾ ਹੈ । ਇਸ

ਕਰਕੇ ਜਿਨਾ ਚਿਰ ਸਾਡੇ ਅਫਸਰ ਉਥੇ ਨਾ ਹੋਣਗੇ, ਸਾਨੂੰ ਕੋਈ ਖਾਸ ਫਾਇਦਾ ਨਹੀਂ ਹੋਣਾ । ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਸਾਡੀ ਬਿਜਲੀ, ਪਾਣੀ ਦੀ ਲੋੜ ਹੈ, ਇਹ ਸਾਡੀ ਸਰਕਾਰ ਦੀ ਗਲਤ ਪਾਲਿਸੀ ਕਰਕੇ ਹੈ । ਇਕ ਤਾਂ ਪਲੈਨ ਗਲਤ ਹੁੰਦੀ ਹੈ ਅਤੇ ਦੂਜੇ ਐਗਜ਼ੀਕਿਊਸ਼ਨ ਇਸ ਤਰ੍ਹਾਂ ਹੁੰਦੀ ਹੈ ਕਿ ਵਕਤ ਸਿਰ ਕੰਮ ਮੁਕੰਮਲ ਨਹੀਂ ਹੁੰਦਾ । ਇਸ ਗਲ ਦੇ ਵਿਚ ਮੈਂ ਜ਼ਿਆਦਾ ਡੂੰਘਾ ਨਹੀਂ ਜਾਂਦਾ । ਪਰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਯੂਨਿਟਸ 1969 ਤੋਂ 1971 ਤਕ ਬਣਨੇ ਸਨ, ਉਹ 1976 ਤਕ ਵੀ ਨਹੀਂ ਬਣਨੇ ਅਤੇ ਬਾਕੀ ਦੇ 1971 ਤਕ ਵੀ ਨਹੀਂ ਬਣਨੇ । ਸੋ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜਾ ਕੰਮ ਸ਼ੁਰੂ ਕਰੇ, ਉਸ ਦੀ ਐਗਜ਼ੀਕਿਊਸ਼ਨ ਵੇਲੇ ਸਿਰ ਹੋ ਜਾਣੀ ਚਾਹੀਦੀ ਹੈ । ਇਸ ਦੇ ਨਾਲ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਦੀ ਘਾਟ ਸਾਨੂੰ ਹਮੇਸ਼ਾ ਹੀ ਰਹੇਗੀ, ਕਿਉਂਕਿ ਲੋੜ ਵਧਦੀ ਜਾਵੇਗੀ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਜਦੋਂ ਤਕ ਨਿਊਕਲੀਅਰ ਪਲਾਂਟ ਇਥੇ ਪੰਜਾਬ ਵਿਚ ਨਹੀਂ ਲਗਾਇਆ ਜਾਂਦਾ, ਇਹ ਮਸਲਾ ਹਲ ਨਹੀਂ ਹੋ ਸਕਦਾ ।

ਡਿਪਟੀ ਸਪੀਕਰ ਸਾਹਿਬ, ਨਿਊਕਲੀਅਰ ਪਲਾਂਟ ਵਾਸਤੇ ਜੋ ਕ੍ਰਾਈਟੇਰੀਆ ਫਿਕਸ ਕੀਤਾ ਹੈ, ਉਹ ਕ੍ਰਾਈਟੇਰੀਆ ਸੀ ਕਿ ਜਿਹੜੀਆਂ ਸਟੇਟਾਂ ਕੋਲੇ ਤੋਂ ਦੂਰ ਹਨ, 5,000 ਮੀਲ ਤੋਂ ਅਗੇ ਹਨ ਜਿੱਥੇ ਬਿਜਲੀ ਪਹੁੰਚਣ ਵਿਚ ਬਹੁਤ ਕਾਸਟ ਆਉਂਦੀ ਹੈ ਉਥੇ ਨਿਊਕਲੀਅਰ ਪਲਾਂਟ ਨਾਲ ਸਹਾਇਤਾ ਕੀਤੀ ਜਾਵੇ । ਪਰ ਸਾਡੀ ਸਰਕਾਰ ਜਿਥੇ ਬਿਜਲੀ ਪਹੁੰਚਾਣ ਵਿਚ ਘੱਟ ਤੋਂ ਘੱਟ ਰਕਮ ਖਰਚ ਆਉਂਦੀ ਸੀ, ਉਥੇ ਵੀ ਬਿਜਲੀ ਨਾ ਪਹੁੰਚਾ ਸਕੀ ਅਤੇ ਇਹ ਗਵਰਨਰ ਸਾਹਿਬ ਦੀ ਸਰਕਾਰ ਪੰਜਾਬੀਆਂ ਦੀ ਮਦਦ ਨਾ ਕਰ ਸਕੀ ।

ਇਕ ਹੋਰ ਗੱਲ ਡਿਪਟੀ ਸਪੀਕਰ ਸਾਹਿਬ, ਮੈਂ ਗੁਰੂ ਨਾਨਕ ਥਰਮਲ ਪਲਾਂਟ ਬਾਰੇ ਕਰਨੀ ਚਾਹੁੰਦਾ ਹਾਂ । ਇਸ ਬਾਰੇ ਮੈਂ ਫਖਰ ਨਾਲ ਕਹਿ ਸਕਦਾ ਹਾਂ, ਇਸ ਦੀ ਮਨਜ਼ੂਰੀ ਦੇਣ ਵਿਚ ਸੈਂਟਰ ਦੀ ਸਰਕਾਰ ਰੁਕਾਵਟ ਪਾਉਂਦੀ ਸੀ ਪਰ ਸਾਡੀ ਜਿਸ ਵੇਲੇ ਅਕਾਲੀਆਂ ਦੀ ਸਰਕਾਰ ਸੀ ਤਾਂ ਇਸ ਸਰਕਾਰ ਨੇ ਕਿਹਾ ਸੀ ਕਿ ਸੈਂਟਰ ਮਨਜ਼ੂਰੀ ਨਹੀਂ ਦਿੰਦਾ ਤਾਂ ਨਾ ਦੇਵੇ ਅਸੀਂ ਆਪ ਹੀ ਬਣਾ ਲਵਾਂਗੇ ਅਤੇ ਅਸੀਂ ਇਸ ਦੇ ਮੁਕੰਮਲ ਹੋਣ ਲਈ ਟਾਇਮ ਵੀ ਦਸ ਦਿੱਤਾ ਸੀ । ਇਸ ਬਾਰੇ ਸਾਡੇ ਲੀਡਰ ਆਫ ਦੀ ਹਾਊਸ ਨੇ ਯਕੀਨ ਵੀ ਦਿਵਾਇਆ ਸੀ ਕਿ ਮੁਕੰਮਲ ਹੋ ਜਾਵੇਗਾ ਪਰ ਹਾਲੇ ਤਕ ਉਹ ਠੀਕ ਤਰ੍ਹਾਂ ਮੁਕੰਮਲ ਨਹੀਂ ਹੋ ਸਕਿਆ ਪਤਾ ਨਹੀਂ ਇਸ ਵਿਚ ਕਿਤਨੀ ਦੇਰੀ ਲਗ ਜਾਵੇਗੀ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਪਾਸੇ ਵੀ ਸਾਡੀ ਸਰਕਾਰ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ, ਤਾਂ ਕਿ ਇਹ ਥਰਮਲ ਪਲਾਂਟ ਪੂਰਾ ਹੋ ਸਕੇ ।

ਡਿਪਟੀ ਸਪੀਕਰ ਸਾਹਿਬ, ਇਕ ਅਰਜ਼ ਮੈਂ ਹੋਰ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਬੋਰਡਾਂ ਵਿਚ ਸਟਾਫ ਰਖਿਆ ਗਿਆ ਸੀ ਅਤੇ ਬੜਾ ਟਰੇਂਡ ਸਟਾਫ ਸੀ ਉਸ ਨੂੰ ਇਹ ਤਬਦੀਲ ਕਰਦੇ ਰਹੇ ਹਨ ਕਦੇ ਇਕ ਜਗ੍ਹਾ ਤੇ ਅਤੇ ਕਦੇ ਦੂਜੀ ਜਗ੍ਹਾਂ ਤੇ । ਉਨ੍ਹਾਂ ਨੂੰ ਪੁਲੀਟੀਕਲ ਗਰਾਊਂਡ ਤੇ ਬਦਲਦੇ ਰਹੇ । ਇਸ ਨਾਲ ਸਪੀਕਰ ਸਾਹਿਬ ਉਹ ਪਲਾਂਟ ਤਿਆਰ ਹੋਣ ਵਿਚ ਦੇਰੀ ਹੋ ਗਈ ।

ਡਿਪਟੀ ਸਪੀਕਰ ਸਾਹਿਬ, ਇਕ ਅਰਜ਼ ਮੈਂ ਵਰਕਿੰਗ ਆਫ ਬੋਰਡ ਦੇ ਬਾਰੇ ਵੀ ਕਰਨਾ ਚਾਹੁੰਦਾ ਹਾਂ । ਅੱਜ ਸਾਡੇ ਸਾਹਮਣੇ ਬਿਜਲੀ ਦੀ ਬਹੁਤ ਵੱਡੀ ਸਮੱਸਿਆ ਹੈ ਅਤੇ ਬਿਜਲੀ ਦੀ ਕਮੀ ਕਾਰਣ ਸਾਡੇ ਪੰਜਾਬ ਵਿਚ ਇੰਡਸਟਰੀਜ਼ ਬੰਦ ਪਈਆਂ ਹਨ । ਮੈਂ,

[ਸਰਦਾਰ ਪਰਕਾਸ਼ ਸਿੰਘ ਬਾਦਲ]

ਡਿਪਟੀ ਸਪੀਕਰ ਸਾਹਿਬ, ਕਿਸੇ ਵਲ ਜ਼ਾਤੀ ਨਹੀਂ ਜਾਣਾ ਚਾਹੁੰਦਾ ਮੈਂ ਤਾਂ ਇਕ ਗੱਲ ਹੀ ਕਹਿ ਦੇਣਾ ਚਾਹੁੰਦਾ ਹਾਂ ਕਿ ਇਸ ਵੇਲੇ ਜਿਹੜੀ ਟੀਮ ਕੰਮ ਕਰ ਰਹੀ ਹੈ ਉਹ ਮੋਸਟ ਇਨਐਫੀਸ਼ੈਂਟ ਟੀਮ ਹੈ, ਜਿਸ ਕਾਰਣ ਇਸ ਮਸਲੇ ਨੂੰ ਹੱਲ ਕਰਨ ਵਿਚ ਸਫਲਤਾ ਨਹੀਂ ਮਿਲ ਰਹੀ। ਮੈਂ ਤੁਹਾਡੇ ਰਾਹੀਂ ਲੀਡਰ ਆਫ ਦੀ ਹਾਊਸ ਨੂੰ ਕਹਾਂਗਾ ਕਿ ਇਹ ਸਰਕਾਰ ਦੀ ਆਪਣੀ ਜ਼ਿਮੇਂਵਾਰੀ ਹੈ ਅਤੇ ਸਰਕਾਰ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਤੁਹਾਡਾ ਧਿਆਨ ਪੰਜਾਬ ਦੀ ਇੰਡਸਟਰੀ ਵਲ ਵੀ ਦਿਵਾਉਣਾ ਚਾਹੁੰਦਾ ਹਾਂ। ਇਸ ਦਾ ਮੈਂ ਪਹਿਲੇ ਵੀ ਜ਼ਿਕਰ ਕਰ ਚੁਕਿਆ ਹਾਂ। ਕੋਈ ਵੀ ਸੂਬਾ ਖੇਤੀਬਾੜੀ ਵਿਚ ਜਿਤਨੀ ਮਰਜ਼ੀ ਤਰੱਕੀ ਕਰ ਲਵੇ ਉਹ ਉੱਚਾ ਨਹੀਂ ਉਠ ਸਕਦਾ ਜਦੋਂ ਤਕ ਕਿ ਉਸ ਸੂਬੇ ਦੀ ਇੰਡਸਟਰੀ ਦੀ ਤਰੱਕੀ ਨਾ ਹੋਵੇ। ਸਾਨੂੰ ਬਹੁਤ ਦੁਖ ਹੈ ਕਿ ਸਾਡੇ ਪੰਜਾਬ ਵਿਚ ਕੋਈ ਵੀ ਵਡੀ ਇੰਡਸਟਰੀ ਨਹੀਂ ਦਿੱਤੀ, ਸਾਨੂੰ ਵਡੀ ਇੰਡਸਟਰੀ ਤੋਂ ਮਹਿਰੂਮ ਰਖਿਆ ਗਿਆ ਹੈ। ਸਮਾਲ ਸਕੇਲ ਇੰਡਸਟਰੀਜ਼ ਦਾ ਵੀ ਜਿਹੜਾ ਢਾਂਚਾ ਬਣਾਇਆ ਹੈ ਉਹ ਵੀ ਬਹੁਤ ਕਮਜ਼ੋਰ ਹੋ ਰਿਹਾ ਹੈ ਇਸ ਨੂੰ ਐਨਕਰੇਜ ਕਰਨਾ ਚਾਹੀਦਾ ਹੈ ਅਤੇ ਵਡੀ ਸੱਨਅਤ ਨੂੰ ਇਥੇ ਸਥਾਪਿਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

ਪਿਛੇ ਇਹ ਮੰਗ ਕੀਤੀ ਗਈ ਸੀ ਕਿ ਇਥੇ ਪੰਜਾਬ ਵਿਚ ਵਡੀ ਸਨੱਅਤ ਕਾਇਮ ਕੀਤੀ ਜਾਵੇ ਪਰ ਇਹ ਕਿਹਾ ਗਿਆ ਕਿ ਇਥੇ ਵਡੀ ਸਨੱਅਤ ਨਹੀਂ ਲਗ ਸਕਦੀ ਕਿਉਂਕਿ ਰਾਅ-ਮੈਟੀਰੀਅਲ ਬਹੁਤ ਦੂਰੋਂ ਮੰਗਵਾਉਣਾ ਪੈਂਦਾ ਹੈ। ਇਹ ਕਿਹਾ ਗਿਆ ਕਿ ਇਥੇ ਐਗਰੋ ਬੇਸਡ ਇੰਡਸਟਰੀ ਲਾਉ। ਮੈਂ ਇਸ ਹਕ ਵਿਚ ਨਹੀਂ ਕਿ ਇਥੇ ਐਗਰੋ ਬੇਸਡ ਇੰਡਸਟਰੀ ਨਾ ਹੋਵੇ। ਮੈਂ ਤਾਂ ਇਹ ਕਹਿੰਦਾ ਹਾਂ ਕਿ ਪੰਜਾਬ ਵਿਚ ਵਡੀਆਂ ਸਨੱਅਤਾਂ ਵੀ ਕਾਇਮ ਹੋਣੀਆਂ ਚਾਹੀਦੀਆਂ ਹਨ ਜਿਸ ਨਾਲ ਸਾਡਾ ਪੰਜਾਬ ਉੱਚਾ ਉਠ ਸਕੇ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੀ ਪੰਜਾਬ ਸਰਕਾਰ ਨੂੰ ਵੱਡੀ ਇੰਡਸਟਰੀਜ਼ ਲਾਉਣ ਲਈ ਲੈਟਰਜ਼ ਆਫ ਇਨਟੈਨਟਸ ਲੈਣੇ ਚਾਹੀਦੇ ਹਨ, ਮੈਂ ਇਸ ਬਾਰੇ ਜ਼ਿਆਦਾ ਨਾ ਜਾਂਦਾ ਹੋਇਆ ਸਿਰਫ ਆਪ ਜੀ ਦੇ ਸਾਹਮਣੇ ਪੰਜਾਬ ਅਤੇ ਹਰਿਆਣਾ ਦਾ ਮੁਕਾਬਲਾ ਕਰਕੇ ਦਸਾਂਗਾ ਕਿ ਲੈਟਰ ਆਫ ਇਨਟੈਂਟਸ ਪੰਜਾਬ ਨੂੰ ਕਿਤਨੇ ਮਿਲੇ ਹਨ ਅਤੇ ਹਰਿਆਣਾ ਨੂੰ ਕਿਤਨੇ ਮਿਲੇ ਹਨ :—

		ਹਰਿਆਣਾ	ਪੰਜਾਬ
1973—74	..	46	19
1972—73	..	60	17
1971—72	..	73	11

ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਬੇਇਨਸਾਫੀ ਪੰਜਾਬ ਨਾਲ ਹੋਈ ਹੈ ਸਾਨੂੰ ਇਸ ਪਾਸੇ ਵੀ ਸੋਚਣਾ ਚਾਹੀਦਾ ਹੈ। ਅਸੀਂ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਕੋਆਪਰੇਸ਼ਨ ਦੇਣ ਨੂੰ ਤਿਆਰ ਹਾਂ ਜੇ ਇਹ ਸਾਡੇ ਕੋਲੋਂ ਕੋਈ ਮੱਦਦ ਲੈਣਾ ਚਾਹੁਣ ਤਾਂ ਅਸੀਂ ਤਿਆਰ ਹਾਂ ਪਰ ਇਨ੍ਹਾਂ ਨੂੰ ਇਹ ਜਿਹੜੀ ਬੇਇਨਸਾਫੀ ਹੋ ਰਹੀ ਹੈ ਇਸ ਨੂੰ ਖਤਮ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇੱਕ ਹੋਰ ਅਰਜ਼ ਮੈਂ ਰਾਅ-ਮੈਟੀਰੀਅਲ ਬਾਰੇ ਵੀ ਕਰਨਾ ਚਾਹੁੰਦਾ ਹਾਂ । ਰਾਅ-ਮੈਟੀਰੀਅਲ ਦੀ ਪੁਜ਼ੀਸ਼ਨ ਇਹ ਹੈ ਜਿਸ ਤਰ੍ਹਾਂ ਕਿ ਕੋਈ ਭਰਤੀ ਕਰਨੀ ਹੋਵੇ ਤਾਂ ਐਡਵਰਟਾਇਜ਼ਮੈਂਟ ਕੀਤੀ ਜਾਂਦੀ ਹੈ ਕਿ ਇਸ ਪੋਸਟ ਵਾਸਤੇ ਸਾਨੂੰ ਬੀ.ਏ. ਚਾਹੀਦੇ ਹਨ । ਜੇ ਕੋਈ ਐਮ.ਏ. ਹੋਵੇ ਤਾਂ ਉਹ ਉਸ ਨੂੰ ਨਹੀਂ ਲੈਂਦੇ । ਇਸੇ ਤਰ੍ਹਾਂ ਰਾਅ-ਮੈਟੀਰੀਅਲ ਜੋ ਇੰਡਸਟਰੀ ਵਾਸਤੇ ਮਿਲਦਾ ਹੈ ਉਹ ਸਾਨੂੰ ਆਬਾਦੀ ਦੇ ਲਿਹਾਜ਼ ਨਾਲ ਮਿਲਦਾ ਹੈ । ਡਿਪਟੀ ਸਪੀਕਰ ਸਾਹਿਬ, ਸਾਡਾ ਦੇਸ਼ ਸਾਰਾ ਇਕ ਹੈ ਅਸੀਂ ਚਾਹੁੰਦੇ ਹਾਂ ਕਿ ਸਾਡਾ ਹਿੰਦੁਸਤਾਨ ਤਰੱਕੀ ਕਰੇ, ਸਾਡਾ ਹਿੰਦੁਸਤਾਨ ਮਜ਼ਬੂਤ ਹੋਵੇ, ਲੇਕਿਨ ਜਿਨ੍ਹਾਂ ਦੀ ਮੇਨ ਜ਼ਿਮੇਵਾਰੀ ਹੈ ਉਹ ਨਾ ਚਾਹੁਣ ਤਾਂ ਕੁਝ ਨਹੀਂ ਹੋ ਸਕਦਾ । ਜੇ ਇਸੇ ਤਰ੍ਹਾਂ ਰਾਅ-ਮੈਟੀਰੀਅਲ ਆਬਾਦੀ ਦੇ ਲਿਹਾਜ਼ ਨਾਲ ਮਿਲਦਾ ਰਿਹਾ ਤਾਂ ਸਾਡਾ ਦੇਸ਼ ਤਕੜਾ ਨਹੀਂ ਹੋ ਸਕਦਾ । ਮੈਂ ਤਾਂ ਇਹ ਕਹਾਂਗਾ ਕਿ ਇਹ ਰਾਅ ਮੈਟੀਰੀਅਲ ਆਬਾਦੀ ਦੇ ਲਿਹਾਜ਼ ਨਾਲ ਨਹੀਂ ਇੰਡਸਟਰੀਅਲ ਆਊਟ ਪੁਟ ਦੇ ਲਿਹਾਜ਼ ਨਾਲ ਮਿਲਣਾ ਚਾਹੀਦਾ ਹੈ ਤਾਂ ਕਿ ਸਾਡੇ ਦੇਸ਼ ਦੀ ਤਰੱਕੀ ਹੋ ਸਕੇ, ਸਾਡਾ ਦੇਸ਼ ਖੁਸ਼ਹਾਲ ਬਣ ਸਕੇ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਇੰਡਸਟਰੀਜ਼ ਨੂੰ ਜ਼ਿਆਦਾ ਤੋਂ ਜ਼ਿਆਦਾ ਐਨਕਰੇਜ ਕਰਨਾ ਚਾਹੀਦਾ ਹੈ । ਸਾਡੇ ਪੰਜਾਬ ਵਿਚ ਕਈ ਕਾਰਪੋਰੇਸ਼ਨਾਂ ਲੱਖਾਂ ਰੁਪਏ ਦਾ ਰਾਅ-ਮੈਟੀਰੀਅਲ ਬਾਹਰੋਂ ਮੰਗਵਾਉਂਦੀਆਂ ਹਨ, ਜਦ ਕਿ ਸਾਡੇ ਆਪਣੇ ਪੰਜਾਬ ਵਿਚ ਰਾਅ-ਮੈਟੀਰੀਅਲ ਮੌਜੂਦ ਹੈ । ਸਾਨੂੰ ਇਸ ਤਰ੍ਹਾਂ ਆਪਣੇ ਸੂਬੇ ਦਾ ਪੈਸਾ ਬਾਹਰ ਨਹੀਂ ਖਰਚ ਕਰਨਾ ਚਾਹੀਦਾ ਹੈ । ਮੈਂ ਤਾਂ ਇਹ ਕਹਾਂਗਾ ਕਿ ਜਿਹੜਾ ਰਾਅ-ਮੈਟੀਰੀਅਲ ਪੰਜਾਬ ਵਿਚ ਮਿਲਦਾ ਹੈ ਉਹ ਇਥੋਂ ਹੀ ਲੈ ਲੈਣਾ ਚਾਹੀਦਾ ਹੈ, ਤਾਂ ਕਿ ਸਾਡਾ ਸੂਬਾ ਤਰੱਕੀ ਕਰ ਸਕੇ ।

ਮੈਨੂੰ ਥੋੜਾ ਚਿਰ ਹੋਇਆ ਮਹਾਰਾਸ਼ਟਰ ਜਾਣ ਦਾ ਮੌਕਾ ਮਿਲਿਆ ਸੀ । ਉਥੇ ਮੈਂ ਇੰਡਸਟਰੀ ਦੇ ਸਿਲਸਿਲੇ ਵਿਚ ਗੱਲਬਾਤ ਕੀਤੀ ਤਾਂ ਪਤਾ ਲਗਿਆ ਕਿ ਉਸ ਸਟੇਟ ਦੀ ਸਰਕਾਰ ਇੰਡਸਟਰੀ ਨੂੰ ਐਨਕਰੇਜ ਕਰਨ ਵਾਸਤੇ ਕਿਤਨੀਆਂ ਸਹੂਲਤਾਂ ਦਿੰਦੀ ਹੈ । ਇਥੇ ਕੀ ਹੁੰਦਾ ਹੈ ਕਿ ਇੰਡਸਟਰੀਜ਼ ਨੂੰ ਕਨਸੈਸ਼ਨ ਦੇਣ ਵਾਸਤੇ ਕਈ ਅਨਾਊਂਸਮੈਂਟਸ ਤਾਂ ਕਰ ਦਿੱਤੀਆਂ ਜਾਂਦੀਆਂ ਹਨ ਲੇਕਿਨ ਉਹ ਕਨਸੈਸ਼ਨ ਦਿੰਦੇ ਨਹੀਂ । ਮੈਂ ਇਹ ਅਰਜ਼ ਕਰਾਂਗਾ ਕਿ ਜਿਹੜੀ ਵੀ ਨਵੀਂ ਇੰਡਸਟਰੀ ਲਗੇ ਉਸ ਕੋਲੋਂ 5 ਸਾਲ ਸੇਲਜ਼ ਟੈਕਸ ਨਹੀਂ ਲੈਣਾ ਚਾਹੀਦਾ ਤਾਂ ਕਿ ਇੰਡਸਟਰੀ ਭਾਰੀ ਤਰੱਕੀ ਕਰ ਸਕੇ, ਇੰਡਸਟਰੀਅਲ ਪਲਾਂਟ ਵੀ ਈਜ਼ੀ ਇਨਸਟਾਲਮੈਂਟਸ ਤੇ ਦੇਣੇ ਚਾਹੀਦੇ ਹਨ ਤਾਂ ਕਿ ਪੰਜਾਬ ਵਿਚ ਇੰਡਸਟਰੀਜ਼ ਸਥਾਪਿਤ ਹੋ ਸਕੇ ।

ਇੰਡਸਟਰੀਅਲ ਲੇਬਰਰਜ਼ ਨੂੰ ਵੀ ਜ਼ਿਆਦਾ ਤੋਂ ਜ਼ਿਆਦਾ ਰੀਲੀਫ ਦੇਣਾ ਚਾਹੀਦਾ ਹੈ ਤਾਂ ਹੀ ਸਾਡੇ ਦੇਸ਼ ਵਿਚ ਇੰਡਸਟਰੀ ਦੀ ਤਰੱਕੀ ਹੋ ਸਕਦੀ ਹੈ ।

ਹੁਣ ਮੈਂ ਸਦਨ ਦਾ ਧਿਆਨ ਲਾ ਐਂਡ ਆਰਡਰ ਵਲ ਦਿਵਾਉਣਾ ਚਾਹੁੰਦਾ ਹਾਂ । ਇਸ ਵਿਚ ਕੋਈ ਸ਼ਕ ਨਹੀਂ ਕਿ ਪੰਜਾਬ ਦਾਂ ਲਾ ਐਂਡ ਆਰਡਰ ਬਿਲਕੁਲ ਖਤਮ ਹੋ ਚੁਕਾ ਹੈ । ਇਹ ਕੋਈ ਖਾਸ ਗਲ ਨਹੀਂ ਕਿ ਕਤਲ ਵਧ ਹੋ ਜਾਣ, ਇਹ ਤਾਂ ਨੰਬਰ ਵਧ ਹੀ ਜਾਇਆ ਕਰਦਾ ਹੈ ਪਰ ਜਦੋਂ ਹਰ ਇਕ ਆਦਮੀ ਆਪਣੇ ਆਪ ਨੂੰ ਮਹਿਫੂਜ਼ ਨਾ ਸਮਝੇ ਏਥੋਂ ਤੱਕ ਕਿ ਸਰਕਾਰੀ ਮਸ਼ੀਨਰੀ ਵਿਚ ਕੰਮ ਕਰਨ ਵਾਲੇ ਅਫ਼ਸਰ ਵੀ ਆਪਣੇ ਆਪ ਨੂੰ

(ਸਰਦਾਰ ਪਰਕਾਸ਼ ਸਿੰਘ ਬਾਦਲ)

ਜਦੋਂ ਮਹਿਫੂਜ਼ ਨਾ ਸਮਝਣ ਫੇਰ ਤਾਂ ਇਹ ਸੋਚ ਲੈਣਾ ਚਾਹੀਦਾ ਹੈ ਕਿ ਲਾ ਐਂਡ ਆਰਡਰ ਚੰਗਾ ਨਹੀਂ ਹੈ । ਮੈਂ ਹਾਊਸ ਦਾ ਕੋਈ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ ਮੈਂ ਇਕ ਦੋ ਮਿਸਾਲਾਂ ਦੇ ਕੇ ਹਾਊਸ ਨੂੰ ਦਸਦਾ ਹਾਂ ਕਿ ਕਿਵੇਂ ਲਾ ਐਂਡ ਆਰਡਰ ਦੀ ਹਾਲਤ ਖਰਾਬ ਹੈ । ਇਥੋਂ ਤੱਕ ਕਿ ਬਸ ਕੰਡਕਟਰਾਂ ਦੀ ਜ਼ਿੰਦਗੀ ਵੀ ਸੇਫ ਨਹੀਂ । 31 ਦਸੰਬਰ ਨੂੰ ਹੋਸ਼ਿਆਰ-ਪੁਰ ਨੂੰ ਜਾਂਦੀ ਇਕ ਬਸ ਨੂੰ ਰੋਕ ਕੇ ਪਿਸਟਲ ਪੁਆਇੰਟ ਆਊਟ ਕਰਕੇ ਪੈਸੇ ਖੋਹ ਲਏ, ਟਰਾਂਸਪੋਰਟ ਵਰਕਰਜ਼ ਨੇ ਪੁਲਿਸ ਵਿਚ ਇਤਲਾਹ ਦਿਤੀ, ਉਹ ਡਾਇਰੈਕਟਰ ਟਰਾਂਸਪੋਰਟ ਨੂੰ ਵੀ ਮਿਲੇ ਇਥੋਂ ਤੱਕ ਕਿ ਉਹ ਟਰਾਂਸਪੋਰਟ ਮਨਿਸਟਰ ਨੂੰ ਵੀ ਮਿਲੇ ਪਰ ਉਨ੍ਹਾਂ ਨੂੰ ਸੇਫਟੀ ਦੇਣ ਦਾ ਕਿਸੇ ਨੇ ਕੋਈ ਯਕੀਨ ਨਹੀਂ ਦਵਾਇਆ । ਉਨ੍ਹਾਂ ਲਈ ਆਪਣੀ ਡਿਊਟੀ ਦੇਣੀ ਮੁਸ਼ਕਿਲ ਹੈ, ਇਸ ਤਰ੍ਹਾਂ ਦੇ ਇਸ ਸਟੇਟ ਦੇ ਹਾਲਾਤ ਹਨ । ਇਸੇ ਤਰ੍ਹਾਂ ਟੈਕਸੀ ਡਰਾਈ-ਵਰਾਂ ਦੀ ਹਾਲਤ ਹੈ ਉਹ ਕੋਈ ਸਵਾਰੀ ਪੰਜਾਬ ਵਿਚ ਕਿਸੇ ਜਗ੍ਹਾ ਲੈ ਜਾਣ ਨੂੰ ਤਿਆਰ ਨਹੀਂ । ਕਿਤਨੇ ਹੀ ਟੈਕਸੀਆਂ ਵਾਲੇ ਮਾਰੇ ਜਾ ਚੁਕੇ ਹਨ ਲੁਟੇ ਖਸੁਟੇ ਗਏ ਹਨ, ਉਨ੍ਹਾਂ ਦੀਆਂ ਟੈਕਸੀਆਂ ਗੁੰਡੇ ਭਜਾ ਕੇ ਲੈ ਗਏ ਹਨ । ਪੈਟਰੋਲ ਪੰਪਾਂ ਦੀ ਕੀ ਹਾਲਤ ਹੈ ਹਜ਼ਾਰਾਂ ਦੀ ਤਦਾਦ ਵਿਚ ਲੋਕ ਪੈਟਰੋਲ ਦੀ ਡੀਮਾਂਡ ਕਰਦੇ ਹਨ ਪਰ ਮਿਲਦਾ ਨਹੀਂ । ਮੈਨੂੰ ਇਕ ਵਾਰ ਸਾਰੀ ਰਾਤ ਇਕ ਪੈਟਰੋਲ ਪੰਪ ਤੇ ਖੜਨਾ ਪਿਆ ਪਰ ਪੈਟਰੋਲ ਨਹੀਂ ਮਿਲਿਆ ਸਰਕਾਰ ਨੂੰ ਇਸ ਤਰ੍ਹਾਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ ਕਿ ਲੋਕਾਂ ਨੂੰ ਹਰ ਵਕਤ ਪੈਟਰੋਲ ਤਾਂ ਮਿਲੇ, ਇਸੇ ਤਰ੍ਹਾਂ ਲਾ ਐਂਡ ਆਰਡਰ ਦੀ ਵੀ ਹਾਲਤ ਵਿਗਾੜਨ ਨਹੀਂ ਦੇਣੀ ਚਾਹੀਦੀ, ਇਥੋਂ ਤਕ ਕਿ ਰੇਲ ਵਿਚ ਵੀ ਸਫਰ ਕਰਨਾ ਸਾਡੇ ਸੂਬੇ ਦੇ ਵਿਚ ਔਖਾ ਹੋ ਗਿਆ ਹੈ । ਮੈਂ ਅਰਜ਼ ਕਰਾਂ ਕਿ ਤਲਵੰਡੀ ਤੋਂ ਫਿਰੋਜ਼ਪੁਰ ਨੂੰ ਟਰਨ ਆਉਂਦੀ ਹੈ, ਇਸ ਵਿਚ ਇਕ ਵਾਰ ਇਕ ਕਪਲ ਸਫਰ ਕਰ ਰਿਹਾ ਸੀ, ਰਸਤੇ ਵਿਚ ਕੁਝ ਗੁੰਡਿਆਂ ਨੇ ਇਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ । ਇਥੋਂ ਤੱਕ ਉਨ੍ਹਾਂ ਦਾ ਫਰੂਟਸ ਦਾ ਬਾਸਕਿਟ ਖੋਹ ਲਿਆ ਇਕ ਅਟੈਚੀ ਕੇਸ ਵੀ ਖੋਹ ਲਿਆ । ਹਾਲਤ ਵਿਗੜਦੀ ਵੇਖ ਕੇ ਜਦੋਂ ਪੁਲਿਸ ਦੇ ਇਕ ਅਫਸਰ ਨੇ ਇਮਦਾਦ ਕਰਨੀ ਚਾਹੀ ਤਾਂ ਉਹ ਵੀ ਜ਼ਖਮੀ ਕਰ ਦਿੱਤਾ, ਇਸ ਤਰ੍ਹਾਂ ਦੀ ਸਾਡੇ ਸੂਬੇ ਦੀ ਲਾ ਐਂਡ ਆਰਡਰ ਦੀ ਹਾਲਤ ਹੈ । ਗਵਰਨਮੈਂਟ ਦੀ ਮਸ਼ੀਨਰੀ ਇਸ ਤਰ੍ਹਾਂ ਦੀ ਹੈ ਕਿ ਉਹ ਕਿਸੇ ਨੂੰ ਸੇਫਟੀ ਦੇ ਨਹੀਂ ਸਕਦੇ । ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਆਪੋਜ਼ੀਸ਼ਨ ਨੂੰ ਤੰਗ ਕਰਨ ਲਈ ਵੀ ਸਰਕਾਰੀ ਮਸ਼ੀਨਰੀ ਨਹੀਂ ਵਰਤਣੀ ਚਾਹੀਦੀ । ਭਾਵੇਂ ਕਿਸੇ ਤੋਂ ਕੋਈ ਗੁਨਾਹ ਹੋਇਆ ਹੈ ਜਾਂ ਨਹੀਂ ਉਸ ਨੂੰ ਇਹ ਸੋਚ ਕੇ ਉਲਝਾਇਆ ਜਾਂਦਾ ਹੈ ਕਿਉਂਕਿ ਉਹ ਆਪੋਜ਼ੀਸ਼ਨ ਦੇ ਵਿਚ ਹੈ । ਜਿਸ ਤਰ੍ਹਾਂ ਪੰਜਾਬ ਵਿਚ ਕੁਝ ਦਿਨ ਹੋਏ ਸਰਦਾਰ ਸਤਨਾਮ ਸਿੰਘ ਬਾਜਵਾ ਦੀ ਅਰੈਸਟ ਹੋਈ, ਮੈਂ ਇਹ ਗੱਲ ਅਜ ਫੇਰ ਹਾਊਸ ਦੇ ਵਿਚ ਦੁਹਰਾਉਂਦਾ ਹਾਂ ਕਿ ਬਾਜਵਾ ਸਾਹਿਬ ਦੀ ਅਰੈਸਟ ਇਕ ਪੁਲੀਟੀਕਲ ਮੋਟੀਵੇਟਿਡ ਅਰੈਸਟ ਸੀ । ਮੈਂ ਹੁਣ ਫੇਰ ਪਹਿਲਾਂ ਗਲ ਕਰ ਦੇਵਾਂ ਕਿ ਗਿਆਨੀ ਜੀ ਨੇ ਫਾਈਲ ਮੰਗਵਾ ਲਈ ਹੈ ਅਤੇ ਉਹ ਦਸਤਖਤ ਕਰਨ ਹੀ ਵਾਲੇ ਹਨ; ਜਿਥੇ ਕਾਂਗਰਸ ਦੇ ਫੜਨੇ ਹਨ ਨਾਲ ਸਾਡੇ ਵੀ ਫੜਨੇ ਹਨ । ਕਾਂਗਰਸ ਦੇ ਉਹ ਜੋ ਗਿਆਨੀ ਜੀ ਨੂੰ ਰੜਕਦੇ ਹਨ ਪਰ ਇਹ ਸਿਰ ਮੜ੍ਹਨਾ ਅਕਾਲੀਆਂ ਦੇ ਜਾਂ ਜਨ ਸੰਘੀਆਂ ਦੇ ਚਾਹੁੰਦੇ ਹਨ । ਮੈਂ ਕਹਿੰਦਾ ਹਾਂ ਕਿ ਲੜਾਈ ਝਗੜਾ ਤਾਂ ਉਨ੍ਹਾਂ ਦਾ ਆਪਣਾ ਹੈ ਉਹ ਸਾਨੂੰ ਕਿਉਂ ਕੁਰਬਾਨੀ ਦਾ ਬਕਰਾ ਬਣਾਉਂਦੇ ਹਨ । (ਤਾੜੀਆਂ)

ਸਰਦਾਰ ਪ੍ਰਿਥੀਪਾਲ ਸਿੰਘ : ਜਦੋਂ ਸਤਨਾਮ ਸਿੰਘ ਬਾਜਵਾ ਐਧਰ ਬੈਠਦੇ ਹੁੰਦੇ ਸੀ ਤੁਸੀਂ ਉਨ੍ਹਾਂ ਨੂੰ ਸਮਗਲਰ ਕਹਿੰਦੇ ਹੁੰਦੇ ਸੀ ਅੱਜ ਕਿਸ ਤਰ੍ਹਾਂ ਕਹਿੰਦੇ ਹੋ ਕਿ ਉਹ ਸਮਗਲਰ ਨਹੀਂ ਹੈ। (ਹਾਸਾ)

ਸਰਦਾਰ ਪਰਕਾਸ਼ ਸਿੰਘ ਬਾਦਲ : ਅੱਜ ਇਹ ਮੇਰੀ ਅਤ ਦੀ ਰਾਏ ਨਹੀਂ ਸਾਰੇ ਇਹ ਕਹਿੰਦੇ ਹਨ ਕਿ ਭਾਵੇਂ ਉਹ ਅਕਾਲੀ ਹੈ, ਜਨ ਸੰਘੀ ਹੈ, ਸੀ.ਪੀ.ਆਈ. ਹੈ ਜਾਂ ਸੀ.ਪੀ.ਐਮ. ਹੈ ਸਾਰਿਆਂ ਦੀ ਇਹੋ ਰਾਏ ਹੈ ਕਿ ਮੁਲਕ ਵਿਚ ਜਿਹੜੀ ਸਮਗਲਿੰਗ ਹੋ ਰਹੀ ਹੈ ਉਹ ਗਵਰਨਮੈਂਟ ਦੇ ਇੰਟਰੈਸਟ ਸੇਫ ਗਾਰਡ ਕਰਨ ਵਾਲੇ ਜਿਹੜੇ ਵਡੇ ਅਫਸਰ ਹਨ ਉਨ੍ਹਾਂ ਦੇ ਮਿਲੇ ਬਿਨਾ ਨਹੀਂ ਹੋ ਸਕਦੀ। ਸਮਗਲਿੰਗ 25–26 ਸਾਲ ਦੀ ਹੋ ਰਹੀ ਹੈ, ਉਨ੍ਹਾਂ ਨੂੰ ਅਜ ਯਾਦ ਆ ਗਿਆ ਕਿ ਮੁਲਕ ਵਿਚ ਸਮਗਲਿੰਗ ਹੁੰਦੀ ਹੈ। ਉਹ ਅਜ ਆਪਣੇ ਦਿਲ ਤੇ ਹਥ ਰਖ ਕੇ ਦਸਣ ਕਿ ਕੀ ਉਹ ਸਾਰੇ ਸਰਕਾਰ ਦੇ ਵਡੇ ਅਹੁਦੇਦਾਰ, ਜਿਹੜੇ ਕਿ ਜ਼ਿਮੇਵਾਰ ਪੋਸਟਾਂ ਤੇ ਲਗੇ ਹੋਏ ਸੀ ਪੈਸੇ ਲੈਂਦੇ ਸੀ ਤਾਂ ਸਮਗਲਿੰਗ ਹੁੰਦੀ ਸੀ। ਇਹੋ ਸਮਗਲਰ ਉਨ੍ਹਾਂ ਦੇ ਘਰ ਖਾਣੇ ਖਾਂਦੇ ਸੀ। ਕੁਝ ਗਲਾਂ ਐਸੀਆਂ ਹਨ ਜੋ ਦੂਸਰੀਆਂ ਸਟੇਟਾਂ ਨਾਲ ਸਬੰਧ ਰਖਦੀਆਂ ਹਨ ਮੈਂ ਉਨ੍ਹਾਂ ਦਾ ਜ਼ਿਕਰ ਕਰਨਾ ਏਥੇ ਮੁਨਾਸਿਬ ਨਹੀਂ ਸਮਝਦਾ। ਮੈਂ ਚਾਹੁੰਦਾ ਹਾਂ ਕਿ ਇਕ ਕਮੇਟੀ ਹਾਊਸ ਦੀ ਜ਼ਰੂਰ ਬਣਨੀ ਚਾਹੀਦੀ ਹੈ ਜੋ ਹਾਊਸ ਦੇ ਇਸ ਤਰ੍ਹਾਂ ਦੇ ਮੁਆਮਲੇ ਹੋਣ ਉਨ੍ਹਾਂ ਦੀ ਪੂਰੀ ਤਰ੍ਹਾਂ ਪੜਤਾਲ ਕਰੇ ਜੇ ਹਾਊਸ ਦੇ ਮੈਂਬਰ ਮਨਜ਼ੂਰ ਨਹੀਂ ਤਾਂ ਮੈਂ ਕਹਾਂਗਾ ਕਿ ਕਿਸੇ ਹਾਈਕੋਰਟ ਦੇ ਜੱਜ ਨੂੰ ਇਸ ਤਰ੍ਹਾਂ ਦੇ ਅਧਿਕਾਰ ਦਿੱਤੇ ਜਾਣ ਜੋ ਇਸ ਤਰ੍ਹਾਂ ਦੇ ਮੁਆਮਲੇ ਆਪਣੀ ਦੇਖ ਰੇਖ ਵਿਚ ਨਿਪਟਾਵੇ। ਅੱਵਲ ਤਾਂ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਜ਼ਰੂਰ ਬਣਾਈ ਜਾਣੀ ਚਾਹੀਦੀ ਹੈ।

12–34 ਬਾਅਦ ਦੁਪਹਿਰ

(ਇਸ ਵੇਲੇ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ, ਪੈਨਲ ਆਫ ਚੇਅਰਮੈਨ ਦੇ ਮੈਂਬਰ, ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਇਕ ਮੈਂ ਗਲ ਕਰਨੀ ਹੈ ਯੂਨੀਵਰਸਿਟੀ ਕਾਲਜਾਂ ਦੇ ਟੀਚਰਜ਼ ਦੇ ਮੁਤਅੱਲਿਕ। ਅੱਜ ਉਹ ਅਸੈਂਬਲੀ ਦੇ ਹੋਸਟਲ ਅਗੇ ਧਰਨਾ ਮਾਰੀ ਬੈਠੇ ਹਨ। ਉਨ੍ਹਾਂ ਪ੍ਰੋਫੈਸਰਾਂ ਦੀਆਂ ਦੁਖ ਤਕਲੀਫਾਂ ਦਾ ਇਸ ਸਰਕਾਰ ਨੂੰ ਧਿਆਨ ਰਖਣਾ ਚਾਹੀਦਾ ਹੈ। ਯੂਨੀਵਰਸਿਟੀ ਕਾਲਜ ਟੀਚਰਾਂ ਨੂੰ ਯੂ.ਜੀ.ਸੀ. ਦੇ ਗਰੇਡ ਦੇਣ ਲਈ ਸਰਕਾਰ ਵਲੋਂ ਇਕ ਕਮੇਟੀ ਬੈਠੀ ਸੀ। ਉਸ ਨੇ 30 ਅਪਰੈਲ, 1973 ਨੂੰ ਆਪਣਾ ਫੈਸਲਾ ਦਿੱਤਾ ਕਿ ਇਨ੍ਹਾਂ ਨੂੰ ਯੂ.ਜੀ.ਸੀ. ਦੇ ਗਰੇਡਜ਼ ਮਿਲਣੇ ਚਾਹੀਦੇ ਹਨ। ਪਰ ਸਰਕਾਰ ਇਸ ਮੁਆਮਲੇ ਵਿਚ ਡੀਲੇ ਕਰ ਰਹੀ ਹੈ, ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿਚ ਜਿਹੜੀਆਂ ਹੋਰ ਸਟੇਟਸ ਦੀਆਂ ਹਨ ਇਹ ਮਿਲ ਵੀ ਚੁਕੇ ਹਨ। ਮੈਂ ਚੇਅਰਮੈਨ ਸਾਹਿਬ ਤੁਹਾਡੇ ਥਰੂ ਸਰਕਾਰ ਦਾ ਧਿਆਨ ਦਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਇਹ ਮੰਗ ਜ਼ਰੂਰ ਮੰਨ ਲਈ ਜਾਵੇ। ਇਸੇ ਤਰ੍ਹਾਂ ਕੁਝ ਪੀ.ਡਬਲੀਊ.ਡੀ. ਇਰੀਗੇਸ਼ਨ, ਅਤੇ ਪਬਲਿਕ ਹੈਲਥ ਦੇ ਡਿਪਾਰਟਮੈਂਟਸ ਦੀਆਂ ਵੀ ਡੀਮਾਂਡਜ਼ ਹਨ ਉਹ ਵੀ ਸਰਕਾਰ ਨੂੰ ਮੰਨ ਲੈਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਨਾਇਬ ਤਹਿਸੀਲਦਾਰਾਂ ਦੇ ਗਰੇਡਜ਼ ਦੇ ਰਵੀਜ਼ਨ ਦਾ ਮਸਲਾ ਹੈ, ਇਧਰ ਧਿਆਨ ਦੇਣਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਆਪੋਜ਼ੀਸ਼ਨ ਦੀਆਂ ਡੀਮਾਂਡਜ਼ ਹਨ ਧਿਆਨ ਹੀ ਨਾ ਦਿੱਤਾ ਜਾਵੇ। ਮੈਂ ਤੁਹਾਡਾ ਜ਼ਿਆਦਾ ਟਾਇਮ ਨਹੀਂ ਲੈਣਾ, ਚੇਅਰਮੈਨ ਸਾਹਿਬ,

(ਸਰਦਾਰ ਪਰਕਾਸ਼ ਸਿੰਘ ਬਾਦਲ)

ਮੈਂ ਹਰੀਜਨਾਂ ਦੀ ਭਲਾਈ ਦੇ ਸਿਲਸਿਲੇ ਵਿਚ ਕਝ ਅਰਜ਼ ਕਰਨਾ ਚਾਹੁੰਦਾ ਹਾਂ। ਹਰੀਜਨਾਂ ਦੀ ਐਸੀ 25% ਆਬਾਦੀ ਪਿੰਡਾਂ ਦੇ ਵਿਚ ਵਸਦੀ ਹੈ ਜਿਨ੍ਹਾਂ ਕੋਲ ਕੋਈ ਘਰ ਨਹੀਂ, ਜੇ ਹੈ ਤਾਂ ਉਨ੍ਹਾਂ ਕੋਲ ਇਕ ਇਕ ਕਮਰਾ ਹੈ ਜਿਸ ਵਿਚ ਆਪ ਵੀ ਰਹਿੰਦੇ ਹਨ ਅਤੇ ਆਪਣੀ ਬਕਰੀ ਆਦਿ ਵੀ ਬੰਨ੍ਹਦੇ ਹਨ। ਉਨ੍ਹਾਂ ਦੀ ਹਾਲਤ ਇਹ ਹੈ ਕਿ ਉਹ ਪੂਰੀ ਰੋਟੀ ਵੀ ਨਹੀਂ ਖਾ ਸਕਦੇ। ਉਨ੍ਹਾਂ ਨੂੰ ਕੋਈ ਛੋਟੀ ਇੰਡਸਟਰੀ ਦਿੱਤੀ ਜਾਵੇ ਜਿਸ ਨਾਲ ਉਹ ਕੋਈ ਕੰਨਸਟ੍ਰਕਟਿਵ ਕੰਮ ਕਰਕੇ ਆਪਣੀ ਇਕਨਾਮਿਕ ਪੁਜ਼ੀਸ਼ਨ ਬੇਹਤਰ ਬਣਾ ਸਕਣ। ਜਿਤਨੇ ਪੈਸੇ ਮਕਾਨ ਲਈ ਦਿੱਤੇ ਜਾਂਦੇ ਹਨ, ਉਨ੍ਹਾਂ ਨਾਲ ਨਾ ਪਲਾਟ ਹੀ ਮਿਲਦਾ ਹੈ ਅਤੇ ਨਾ ਹੀ ਮਕਾਨ ਬਣ ਸਕਦਾ ਹੈ। ਇਕ ਆਦਮੀ ਨੂੰ ਜੇ 3 ਹਜ਼ਾਰ ਕਰਜ਼ਾ 20 ਸਾਲ ਦੀਆਂ ਕਿਸ਼ਤਾਂ ਕਰਕੇ ਦੇ ਵੀ ਦਿੱਤਾ ਤਾਂ ਉਸ ਦੇ ਨਾਲ ਨਾ ਮਕਾਨ ਹੀ ਬਣਨਾ ਹੈ ਨਾ ਉਹਦੇ ਕਿਸੇ ਹੋਰ ਅਰਥ ਆਉਣਾ ਹੈ, ਉਸ ਨੂੰ ਸਮਾਲ ਸਕੇਲ ਦੀ ਇੰਡਸਟਰੀ ਜੇ ਦੇ ਦਿੱਤੀ ਜਾਵੇ ਤਾਂ ਉਸ ਦੇ ਨਾਲ ਉਸ ਦਾ ਕੁਝ ਭਲਾ ਹੋ ਸਕਦਾ ਹੈ। ਹਰੀਜਨਾਂ ਦੀ ਭਲਾਈ ਲਈ ਸਰਕਾਰ ਨੂੰ ਉਸੇ ਤਰ੍ਹਾਂ ਦੀ ਕੋਈ ਸਕੀਮ ਬਨਾਉਣੀ ਚਾਹੀਦੀ ਹੈ ਤਾਂ ਹੀ ਕੋਈ ਹਰੀਜਨਾਂ ਦਾ ਭਲਾ ਸਾਡੀ ਸਰਕਾਰ ਕਰ ਸਕਦੀ ਹੈ। (ਇਕ ਮਾਨਯੋਗ ਮੈਂਬਰ-ਸਾਡੀ ਸਰਕਾਰ-ਹਾਸਾ) ਚੇਅਰਮੈਨ ਸਾਹਿਬ, ਫੇਰ ਹੋਰ ਵੀ ਬਹੁਤ ਸਾਰੀਆਂ ਗਲਾਂ ਹਨ, ਉਨ੍ਹਾਂ ਨੂੰ ਮੈਂ ਏਥੇ ਹੀ ਬੰਦ ਕਰਦਾ ਹਾਂ ਪਰ ਇਤਨਾ ਜ਼ਰੂਰ ਕਹਾਂਗਾ ਕਿ ਜਿਸ ਤਰ੍ਹਾਂ ਦੇ ਇਹ ਸਰਕਾਰ ਦੇ ਧੱਕੇ ਹਨ, ਫੇਲਿਉਰਜ਼ ਹਨ ਅਤੇ ਸੈਂਟਰਲ ਸਰਕਾਰ ਦੀਆਂ ਜ਼ਿਆਦਤੀਆਂ ਹਨ ਇਹ ਸਰਕਾਰਾਂ ਲਈ ਸੋਭਦੀਆਂ ਨਹੀਂ। ਉਹ ਕੀਮਤਾਂ ਤੱਕ ਰੋਕ ਨਹੀਂ ਸਕੇ, ਉਨ੍ਹਾਂ ਨੂੰ ਕੀਮਤਾਂ ਘਟਾਉਣੀਆਂ ਚਾਹੀਦੀਆਂ ਹਨ ਅਤੇ ਲੋਕਾਂ ਨੂੰ ਸਸਤੀਆਂ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ। ਪੰਜਾਬ ਦੀ ਇੰਡਸਟਰੀ ਤਾਂ ਬਿਲਕੁਲ ਹੀ ਖਤਮ ਹੋ ਚੁਕੀ ਹੈ।

ਹਰੀਜਨਾਂ ਦੀ ਕੰਡੀਸ਼ਨ ਇਹ ਸਰਕਾਰ ਬਿਹਤਰ ਨਹੀਂ ਬਣਾ ਸਕੀ। ਕਾਲਜਾਂ ਦੇ ਪ੍ਰੋਫੈਸਰਾਂ ਅਤੇ ਹੋਰ ਜਿਹੜਾ ਇੰਟੈਲੀਜੈਂਸੀਆ ਹੈ, ਉਸ ਦੀ ਮਦਦ ਨਹੀਂ ਕਰ ਸਕੀ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਸਮਾਂ ਹੈ ਜਦੋਂ ਕਿ ਗਿਆਨੀ ਸਰਕਾਰ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਪੰਜਾਬ ਦੇ ਵਿਚ ਦੁਬਾਰਾ ਇਲੈਕਸ਼ਨ ਹੋਣੇ ਚਾਹੀਦੇ ਹਨ ਤਾਂ ਕਿ ਪੰਜਾਬ ਦੇ ਲੋਕ ਇਹ ਫੈਸਲਾ ਕਰ ਸਕਣ ਕਿ ਅੱਜ ਸਰਕਾਰ ਕਿਸ ਦੀ ਹਣੀ ਚਾਹੀਦੀ ਹੈ।

ਸਰਦਾਰ ਸੁਰਜੀਤ ਸਿੰਘ ਅਟਵਾਲ (ਫਿਲੌਰ) : ਚੇਅਰਮੈਨ ਸਾਹਿਬ ਜਿਹੜਾ ਮੱਤਾ ਸਰਦਾਰੀ ਲਾਲ ਕਪੂਰ ਜੀ ਨੇ ਹਾਉਸ ਵਿਚ ਪੇਸ਼ ਕੀਤਾ ਹੈ ਗਵਰਨਰ ਸਾਹਿਬ ਦੇ ਧੰਨਵਾਦ ਦਾ ਮੈਂ ਉਸ ਦੀ ਸਪੋਰਟ ਕਰਨ ਲਈ ਖੜਾ ਹੋਇਆ ਹਾਂ। ਇਸ ਦੇ ਨਾਲ ਹੀ ਮੈਂ ਆਪਣੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਸ ਨੇ ਐਨੀਆਂ ਮੁਸ਼ਕਲਾਂ ਹੁੰਦੇ ਹੋਏ ਵੀ ਐਨੀਆਂ ਦਿਕੱਤਾਂ ਹੁੰਦੇ ਹੋਏ ਵੀ ਸਟੇਟ ਦਾ ਵਾਤਾਵਰਨ ਠੀਕ ਰਖਿਆ। (ਥੰਪਿੰਗ) ਤਰੱਕੀ ਦੇ ਕੰਮ ਜਾਰੀ ਰਖੇ, ਬਹੁਤ ਸਾਰੀਆਂ ਰੁਕਾਵਟਾਂ ਸਰਕਾਰ ਦੇ ਰਾਹ ਵਿਚ ਆਈਆਂ ਜਿਨ੍ਹਾਂ ਵਿਚ ਸਰਕਾਰ ਦਾ ਆਪਣਾ ਕਸੂਰ ਕੋਈ ਨਹੀਂ ਸੀ ਜਿਸ ਤਰ੍ਹਾਂ ਕਿ ਡੀਜ਼ਲ ਦੀ ਸਪਲਾਈ ਹੈ। ਇਹ ਦੂਸਰੇ ਮੁਲਕਾਂ ਨੇ ਕਰਨੀ ਹੈ। ਬਹੁਤ ਸਾਰੀਆਂ ਰੁਕਾਵਟਾਂ ਐਸੀਆਂ ਸਨ ਜਿਨ੍ਹਾਂ ਨੂੰ ਇਸ ਸਰਕਾਰ ਨੇ ਕ੍ਰੀਏਟ ਨਹੀਂ ਸੀ ਕੀਤਾ, ਪਿਛਲੀਆਂ ਸਰਕਾਰਾਂ ਨੇ ਕ੍ਰੀਏਟ ਕੀਤਾ ਸੀ, ਜਿਸ ਤਰ੍ਹਾਂ ਕਿ ਅਜ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਕਿਹਾ ਹੈ ਕਿ ਇਹ ਸਰਕਾਰ

ਸੈਂਟਰ ਦੀ ਸਰਕਾਰ ਕੋਲੋਂ ਕੁਝ ਨਹੀਂ ਲੈ ਸਕੀ, ਪੰਜਾਬ ਦੀ ਜਨਤਾ ਵਾਸਤੇ, ਪੰਜਾਬ ਦੀ ਤਰੱਕੀ ਵਾਸਤੇ । ਮੈਨੂੰ ਸਮਝ ਨਹੀਂ ਆਉਂਦੀ ਇਹ ਕਿਸ ਨਾਤੇ ਇਹ ਗਲਾਂ ਕਰਦੇ ਹਨ ਕਿਹੜੇ ਪੰਜਾਬ ਦੀਆਂ ਗੱਲਾਂ ਕਰਦੇ ਹਨ, ਜਿਸ ਪੰਜਾਬ ਨੂੰ ਇਨ੍ਹਾਂ ਨੇ ਪੰਜਾਬ ਨਹੀਂ ਰਹਿਣ ਦਿੱਤਾ । (ਵਿਘਨ) (ਥੰਪਿੰਗ) ਤੁਸੀਂ ਸੈਂਟਰ ਦੀ ਸਰਕਾਰ ਕੋਲੋਂ ਮੰਗਦੇ ਹੋ, ਜਿਸ ਸੈਂਟਰ ਦੀ ਸਰਕਾਰ ਤੋਂ ਤੁਸੀਂ ਮੁਕਤੀ ਬਾਹਨੀ ਬਣਾ ਕੇ ਪੰਜਾਬ ਨੂੰ ਅਲਗ ਕਰਵਾਉਣਾ ਚਾਹੁੰਦੇ ਹੋ, ਉਸੀ ਸੈਂਟਰ ਦੀ ਸਰਕਾਰ ਕੋਲੋਂ ਮੰਗਦੇ ਹੋ ? (ਥੰਪਿੰਗ) ਦੂਜੇ ਪਾਸੇ ਤੁਸੀਂ ਕਹਿੰਦੇ ਹੋ ਕਿ ਸਾਨੂੰ ਸਿੱਖ ਸਟੇਟ ਦਿਓ, ਜੇ ਨਹੀਂ ਦਿਓਗੇ ਤਾਂ ਅਸੀਂ ਲਾਠੀਆਂ ਨਾਲ ਲੈ ਲਵਾਂਗੇ, ਬੰਦੂਕਾਂ ਨਾਲ ਲਵਾਂਗੇ, ਤਲਵਾਰ ਨਾਲ ਲਵਾਂਗੇ । (ਵਿਘਨ) (ਥੰਪਿੰਗ) ਮੈਨੂੰ ਸਮਝ ਨਹੀਂ ਆਉਂਦੀ ਕਿ ਲੀਡਰ ਆਫ ਆਪੋਜੀਸ਼ਨ ਅਜ ਹਾਊਸ ਵਿਚ ਕਿਸ ਤਰ੍ਹਾਂ ਬੈਠੇ ਹਨ, ਇਨ੍ਹਾਂ ਨੂੰ ਤਾਂ ਮੁਕਤੀ ਬਾਹਨੀ ਦੇ ਨਾਲ ਜੰਗਲਾਂ ਵਿਚ ਹੋਣਾ ਚਾਹੀਦਾ ਸੀ । (ਹਾਸਾ) ਇਥੇ ਬੈਠੇ ਉਹ ਕੀ ਲੈਂਦੇ ਹਨ । ਤੁਸੀਂ ਚਾਹੁੰਦੇ ਹੋ ਕਿ ਮੁਕਤੀ ਬਾਹਨੀ ਬਣਾ ਕੇ ਪੰਜਾਬ ਨੂੰ ਜੀਣ ਨਾ ਦਿਤਾ ਜਾਵੇ, ਤਰੱਕੀ ਨਾ ਕਰਨ ਦਿੱਤੀ ਜਾਵੇ । ਜੇਕਰ ਫਿਰ ਵੀ ਪੰਜਾਬ ਬਚ ਜਾਵੇ ਤਾਂ ਹੋਰ ਗੱਲ ਹੈ । ਤੁਹਾਡੀ ਕੋਸ਼ਿਸ਼ ਇਹ ਹੈ ਕਿ ਪੰਜਾਬ ਨੂੰ ਹੋਰ ਛੋਟਾ ਕਰਕੇ ਅਤੇ ਮੁਕਤੀ ਬਾਹਨੀ ਬਣਾ ਕੇ ਪਾਕਿਸਤਾਨ ਨਾਲ ਮਿਲਾ ਦਿੱਤਾ ਜਾਵੇ । (ਵਿਘਨ) (ਸ਼ੋਰ)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਆਨ ਏ ਪੁਆਇੰਟ ਆਫ ਆਰਡਰ ਸਰ । ਚੇਅਰਮੈਨ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਆਨਰੇਬਲ ਮੈਂਬਰ ਸਾਹਿਬ ਅਜਿਹੀਆ ਗਲਾਂ ਕਰ ਰਹੇ ਹਨ ਜੋ ਸ਼ਾਇਦ ਬਾਅਦ ਵਿਚ ਗੌਰਮਿੰਟ ਨੂੰ ਡਿਫੀਕਲਟੀ ਵਿਚ ਪਾ ਦੇਣ । ਮੈਂ ਸਮਝਦਾ ਹਾਂ ਕਿ ਚੀਫ ਮਨਿਸਟਰ ਹਾਊਸ ਵਿਚ ਬੈਠਾ ਹੋਇਆ ਹੈ ਉਨ ਨੂੰ ਚਾਹੀਦਾ ਹੈ ਕਿ ਉਹ ਆਪਣੇ ਮੈਂਬਰ ਨੂੰ ਰਿਸਟਰੇਨ ਕਰੇ, ਉਹ ਗੈਰ ਜ਼ਿਮੇਂਵਾਰੀ ਦੀਆਂ ਗੱਲਾਂ ਕਰ ਰਿਹਾ ਹੈ । ਇਹ ਗਲ ਉਨ੍ਹਾਂ ਨੂੰ ਸ਼ੋਭਦੀ ਨਹੀਂ, ਪਰ ਇਹ ਉਸ ਨੂੰ ਇਨਕਰੇਜ ਕਰ ਰਹੇ ਹਨ । (ਵਿਘਨ) ।

Mr. Chairman : The hon. Member is just criticising the policy statement of your party.

Sardar Surjit Singh (Barnala) : This is absolutely wrong. That is not the policy statement. He is trying to frame a policy for us.

ਸਰਦਾਰ ਸੁਰਜੀਤ ਸਿੰਘ ਅਟਵਾਲ : ਚੇਅਰਮੈਨ ਸਾਹਿਬ, ਸਰਦਾਰ ਸੁਰਜੀਤ ਸਿੰਘ ਬਰਨਾਲਾ ਹੁਣੇ ਹਾਈ ਕੋਰਟ ਵਿਚੋਂ ਆਏ ਹਨ, ਇਨ੍ਹਾਂ ਨੂੰ ਪਤਾ ਨਹੀਂ ਕਿ ਪਹਿਲਾਂ ਬਾਦਲ ਸਾਹਿਬ ਨੇ ਕੀ ਕਿਹਾ ਹੈ । ਜੋ ਗੱਲਾਂ ਉਨ੍ਹਾਂ ਪਹਿਲਾਂ ਕਹੀਆਂ ਹਨ ਉਨ੍ਹਾਂ ਦਾ ਉੱਤਰ ਹੀ ਮੈਂ ਦੇ ਰਿਹਾ ਹਾਂ । ਫਿਰ ਇਥੇ ਅਜ ਬੜੇ ਜ਼ੋਰ ਨਾਲ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਥੀਨ ਡੈਮ ਦੀ ਗਲ ਕੀਤੀ ਕਿ ਉਹ ਨਹੀਂ ਬਣਾਇਆ ਗਿਆ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਹੜੇ ਥੀਨ ਡੈਮ ਦੀ ਇਹ ਗਲ ਕਰਦੇ ਹਨ, ਉਹ ਕਿਹੜੀ ਥਾਂ ਤੇ ਬਣਾਇਆ ਜਾਵੇ, ਕੀ ਤੁਹਾਡੇ ਕੋਲ ਕੋਈ ਆਪਣੀ ਥਾਂ ਹੈ ਸਹੀ, ਥੀਨ ਡੈਮ ਬਣਾਉਣ ਲਈ ? ਕਿਹੜੇ ਥੀਨ ਡੈਮ ਲਈ ਸੈਂਟਰ ਦੀ ਸਰਕਾਰ ਮੰਨਜ਼ੂਰੀ ਨਹੀਂ ਦਿੰਦੀ ? ਇਥੇ ਕਿਹਾ ਗਿਆ ਹੈ ਕਿ ਜੇ ਸੈਂਟਰ ਦੀ ਸਰਕਾਰ ਨਹੀਂ ਬਣਾਉਣ ਦਿੰਦੀ ਤਾਂ ਆਪ ਕੰਸਟ੍ਰਕਸ਼ਨ ਸ਼ੁਰੂ ਕਰ ਦੇਣੀ ਚਾਹੀਦੀ ਹੈ । ਪਰ ਅਕਾਲੀ ਪਾਰਟੀ ਨੇ ਕੋਈ ਥਾਂ ਪੰਜਾਬ ਪਾਸ ਰਹਿਣ ਹੀ ਨਹੀਂ ਦਿੱਤੀ, ਜਿਥੇ ਥੀਨ ਡੈਮ ਬਣਾਇਆ ਜਾਵੇ ।

(ਸਰਦਾਰ ਸੁਰਜੀਤ ਸਿੰਘ ਅਟਵਾਲ)

(ਵਿਘਨ) (ਸ਼ੋਰ) ਜਿਸ ਵੇਲੇ ਥੀਨ ਡੈਮ ਵਾਲੀ ਥਾਂ, ਜਿਸ ਹਰੀਕੇ ਪੱਤਨ ਨੂੰ, ਔਰ ਰੋਪੜ ਦੇ ਵਾਟਰ ਵਰਕਸ ਨੂੰ, ਜਿਨ੍ਹਾਂ ਦਾ ਕਤਰਾ ਕਤਰਾ ਪੰਜਾਬ ਵਾਸਤੇ ਜ਼ਰੂਰੀ ਸੀ, ਉਸ ਨੂੰ ਸੈਂਟਰ ਦੇ ਹਵਾਲੇ ਕੀਤਾ ਤਾਂ ਇਥੇ ਅਕਾਲੀ ਸਰਕਾਰ ਸੀ । (ਵਿਘਨ) (ਸ਼ੋਰ) ਉਸ ਵੇਲੇ ਕੌਣ ਸੀ ਉਨ੍ਹਾਂ ਨੂੰ ਹਵਾਲੇ ਕਰਨ ਵਾਲਾ ? ਜਿਸ ਵੇਲ ਇਹ ਚੀਜ਼ਾਂ ਸੈਂਟਰ ਦੇ ਹਵਾਲੇ ਕੀਤੀਆਂ ਉਸ ਵੇਲੇ. ਇਨ੍ਹਾਂ ਨੇ ਪੰਜਾਬ ਦੇ ਨਾਲ ਧ੍ਰੋਹ ਕਮਾਇਆ । ਇਨ੍ਹਾਂ ਨੇ ਕੋਸ਼ਿਸ਼ ਕੀਤੀ ਕਿ ਸਾਰਾ ਪੰਜਾਬ ਇੱਕੋ ਵੇਲੇ ਕਤਲ ਕਰ ਦਿਤਾ ਜਾਵੇ । ਅਜ ਦੀ ਸਰਕਾਰ ਨੂੰ ਇਹ ਕਿਸ ਤਰ੍ਹਾਂ ਕਹਿੰਦੇ ਹਨ । ਜਿਸ ਵੇਲੇ ਲਿਖਤੀ ਤਹਿਨਾਮਾ ਹੋਇਆ ਸੀ (ਵਿਘਨ) ਹਰੀਕੇ ਪੱਤਨ, ਰੋਪੜ ਦਾ ਹੈਡ ਔਰ ਸਤਲੁਜ ਦਾ ਪਾਣੀ ਉਦੋਂ ਸਾਡੇ ਵਲ ਆਉਂਦਾ ਸੀ ਉਹ ਇਨ੍ਹਾਂ ਨੇ ਸੈਂਟਰ ਦੇ ਹਵਾਲੇ ਕਰ ਦਿੱਤਾ । ਸਤਲੁਜ ਦਾ ਪਾਣੀ ਜੋ ਪੰਜਾਬ ਵਿਚੋਂ ਵਗਦਾ ਹੈ, ਉਸ ਉਤੇ ਵੀ ਸਾਡਾ ਹਕ ਨਹੀਂ ਹੈ । ਭਾਖੜਾ, ਸਾਡੀ ਸਟੇਟ ਦਾ ਚਾਨਣ ਮੁਨਾਰਾ ਭਾਖੜਾ, ਪੰਜਾਬ ਦੀ ਕਾਂਗਰਸ ਸਰਕਾਰ ਨੇ ਉਸ ਚਾਨਣ ਮੁਨਾਰੇ ਦੀ ਬੇਇਜ਼ਤੀ ਨਹੀਂ ਸੀ ਕੀਤੀ ! ਇਨ੍ਹਾਂ ਨੇ ਪੰਜਾਬ ਦਾ ਕਤਰਾ ਕਤਰਾ ਪਾਣੀ ਸੈਂਟਰ ਦੇ ਹਵਾਲੇ ਕਰ ਦਿਤਾ । ਉਹ ਪੰਜਾਬੀ ਸੂਬਾ ਕਿਸ ਨੇ ਮੰਗਿਆ ਸੀ, ਕੀ ਇਹ ਕਾਂਗਰਸ ਪਾਰਟੀ ਨੇ ਮੰਗਿਆ ਸੀ? ਕੀ ਇਸ ਵਾਸਤੇ ਕਾਂਗਰਸ ਪਾਰਟੀ ਨੇ ਕਿਹਾ ਸੀ ? ਕਿੰਨੀਆਂ ਚੀਜ਼ਾਂ ਹਨ ਸਟੇਟ ਦੀ ਡਿਵੈਲਪਮੈਂਟ ਵਾਸਤੇ ਅਤੇ ਉਹ ਸਾਰੀਆਂ ਦੂਸਰਿਆਂ ਨੂੰ ਦੇ ਦਿੱਤੀਆਂ ਜਾਣ, ਕੀ ਇਹ ਕਾਂਗਰਸ ਪਾਰਟੀ ਨੇ ਕਿਹਾ ਸੀ ? ਜ਼ਰਾ ਸੋਚ ਲਉ, ਵਿਚਾਰ ਕਰ ਲਊ । ਯੂ.ਐਨ.ਓ. ਵਿਚ ਇਸ ਮਾਮਲੇ ਤੇ ਜਾਉਗੇ ਉਥੇ ਜਾਕੇ ਇਹ ਕਹੋਗੇ ? ਇਹ ਗਲ ਨਹੀਂ ਬਣਨੀ । ਉਥੇ ਇਹ ਰੌਲਾ ਰੱਪਾ ਨਹੀਂ ਚਲ ਸਕਦਾ । ਇਥੇ ਡੈਮੋਕ੍ਰੇਸੀ ਹੈ ਇਥੇ ਅਲਾਊ ਕੀਤਾ ਜਾਂਦਾ ਹੈ ਜੋ ਮਰਜ਼ੀ ਕਹਿ ਲਓ ਪਰ ਉਥੇ ਇਹ ਚੀਜ਼ ਨਹੀਂ ਚਲਣੀ । (ਵਿਘਨ)

ਟੌਹੜਾ ਸਾਹਿਬ, ਸ੍ਰੀ ਗੁਰਦਵਾਰਾ ਪਰਬੰਧਕ ਕਮੇਟੀ ਦੇ ਚੇਅਰਮੈਨ ਬਣੇ ਬੜਾ ਚੰਗਾ ਹੋਇਆ, ਮੈਂ ਉਨ੍ਹਾਂ ਦੀ ਕਦਰ ਕਰਦਾ ਹਾਂ । ਔਰ ਮੈਨੂੰ ਖਿਆਲ ਸੀ ਕਿ ਉਨ੍ਹਾਂ ਨੂੰ ਇਹ ਖਿਆਲ ਹੈ ਕਿ ਜੋ ਕੁਰਪਸ਼ਨ ਉਥੇ ਹੈ ਉਸ ਨੂੰ ਦੂਰ ਕੀਤਾ ਜਾਏਗਾ । ਇਸ ਵਾਸਤੇ ਉਹ ਮੁਕਤੀ ਬਾਹਨੀ ਬਨਾਉਣਗੇ । ਮਗਰ ਬਦਕਿਸਮਤੀ ਦੀ ਗਲ ਹੈ ਕਿ ਟੌਹੜਾ ਸਾਹਿਬ ਐਸੇ ਲੋਕਾਂ ਵਿਚ ਫਸ ਗਏ ਹਨ ਕਿ ਉਹ ਉਨ੍ਹਾਂ ਨੂੰ ਮੁਕਤੀ ਬਾਹਨੀ ਗੁਰਦਵਾਰਿਆਂ ਵਿਚੋਂ ਕੁਰਪਸ਼ਨ ਦੂਰ ਕਰਨ ਵਾਸਤੇ ਨਹੀਂ ਬਨਾਉਣ ਦਿੰਦੇ ਪਰ ਉਨ੍ਹਾਂ ਤੋਂ ਇਹ ਕਹਾ ਲਿਆਂ ਗਿਆ ਕਿ ਲੋਕਾਂ ਕੋਲ ਜੋ ਕੁਝ ਹੋਰ ਵੀ ਹੈ ਉਸ ਨੂੰ ਖੋਹਣ ਵਾਸਤੇ ਮੁਕਤੀ ਬਾਹਨੀ ਬਣਾਈ ਜਾਵੇਗੀ । ਅਕਾਲੀ ਪਾਰਟੀ ਨੂੰ ਮੁਬਾਰਕ ਹੋਵੇ ਜੋ ਇਸ ਤਰੀਕੇ ਨਾਲ ਇਨ੍ਹਾਂ ਨੇ ਡਿਵੈਲਪਮੈਂਟ ਕਰਨੀ ਹੈ, ਜੇ ਇਸ ਤਰੀਕੇ ਨਾਲ ਇਨ੍ਹਾਂ ਨੇ ਅੱਜ ਦੀ ਸਰਕਾਰ ਨੂੰ ਕੋਆਪਰੇਸ਼ਨ ਦੇਣੀ ਹੈ ਤਾਂ ਮੈਂ ਆਪਣੀ ਸਰਕਾਰ ਅੱਗੇ ਬੇਨਤੀ ਕਰਾਂਗਾ ਕਿ ਰੱਬ ਦੇ ਵਾਸਤੇ ਇਹ ਕੋਆਪਰੇਸ਼ਨ ਨਾ ਲੈ ਬੈਠੀਓ (ਵਿਘਨ) ਇਹ ਪੰਜਾਬ ਦੇ ਲੋਕਾਂ ਨਾਲ ਅਸੀਂ ਵੀ ਕਿਤੇ ਗੱਦਾਰੀ ਨਾ ਕਰ ਬੈਠੀਏ ।

ਇਥੇ ਕਹਿੰਦੇ ਹਨ ਕਿ ਕਤਲ ਹੁੰਦੇ ਹਨ, ਲਾਅ ਐਂਡ ਆਰਡਰ ਜਿਹੜਾ ਹੈ ਉਹ ਬੜਾ ਖਰਾਬ ਹੈ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਤੁਹਾਡਾ ਹਲਕਾ ਰਿਜ਼ਰਵ ਹੋ ਗਿਆ ਹੈ (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਉਸ ਪਾਰਟੀ ਨੂੰ ਬੀਲੋਂਗ ਕਰਦਾ ਹਾਂ ਜਿਸ ਤੇ ਮੈਨੂੰ ਮਾਨ ਹੈ । ਜਿਥੇ ਮੇਰੀ ਪਾਰਟੀ ਕਹੇਗੀ ਮੈਂ ਇਲੈਕਸ਼ਨਜ਼ ਲੜਾਂਗਾ । ਮੈਂ ਚੱਕਰ ਨਹੀਂ ਕਢਾਂਗਾ । ਇਧਰ ਉਧਰ ਨਹੀਂ ਫਿਰਾਂਗਾ, ਇਹ ਮੈਂ ਨਹੀਂ ਕਰਾਂਗਾ (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਜਦੋਂ ਸਾਡੀ ਸਰਕਾਰ ਸੀ ਤਾਂ ਰਾਤ ਨੂੰ ਆਕੇ ਬਾਦਲ ਸਾਹਿਬ ਦੀਆਂ ਮਿੰਨਤਾਂ ਕਰਦੇ ਸੀ (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਝੰਡੀਆਂ ਨੂੰ ਬਚਾਉਣ ਦੀ ਖਾਤਰ ਇੰਦਰਾ ਗਾਂਧੀ ਦੇ ਪੈਰਾਂ ਤੇ ਕਿਵੇਂ ਡਿੱਗੇ ਸੀ ਤੁਸੀਂ । ਮੈਂ ਅੱਖਾਂ ਨਾਲ ਦੇਖਿਆ ਹੈ ਅਤੇ ਕੰਨਾਂ ਨਾਲ ਸੁਣਿਆ ਹੈ ਕਿਸ ਤਰ੍ਹਾਂ ਤੁਸੀਂ ਉਥੇ ਜਾ ਕੇ ਇੰਦਰਾ ਗਾਂਧੀ ਦੇ ਪੈਰਾਂ ਤੇ ਡਿਗਦੇ ਸੀ (ਸ਼ੇਮ, ਸ਼ੇਮ)

ਸਰਦਾਰ ਜਸਦੇਵ ਸਿੰਘ ਸੰਧੂ : ਆਪਣੇ ਭਤੀਜੇ ਦੀ ਜਾਇਦਾਦ ਤੇ ਕਬਜ਼ਾ ਕਰਨ ਵਾਸਤੇ ਇਹ ਕਹਿ ਰਿਹਾ ਹੈ । ਹਾਈ ਕੋਰਟ ਦੀਆਂ ਸਟ੍ਰਿਕਚਰਜ਼ ਹਨ । (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਇਨ੍ਹਾਂ ਦੀਆਂ ਝੰਡੀਆਂ ਨੂੰ ਬਚਾਉਣ ਵਾਸਤੇ ਇਨ੍ਹਾਂ ਨੂੰ ਇੰਦਰਾ ਗਾਂਧੀ ਨੇ ਕਿਹਾ ਕਿ ਸਰਕਾਰ ਚਲਾਉ ਅਗਰ ਲੋਕਾਂ ਦੀ ਬੇਹਤਰੀ ਕਰੋਗੇ ਤਾਂ ਸਰਕਾਰ ਤੁਹਾਡੀ ਚਲਦੀ ਰਹੇਗੀ । ਅਸੀਂ ਕੋਈ ਅਜਿਹੀ ਸਰਕਾਰ ਨਹੀਂ ਤੋੜਨੀ ਚਾਹੁੰਦੇ ਜਿਹੜੀ ਲੋਕਾਂ ਦਾ ਭਲਾ ਕਰਦੀ ਹੋਵੇ ਫੇਰ ਉਹ ਭਾਵੇਂ ਮਿਨਾਰਿਟੀ ਵਿਚ ਹੋਵੇ । ਇਹ ਕਿਹਾ ਗਿਆ ਹੈ । ਕਿਸ ਤਰ੍ਹਾਂ ਕਿਹਾ ਗਿਆ ਹੈ ? ਵੈਸੇ ਤਾਂ ਮੇਰੇ ਲਈ ਜ਼ੇਬਦਾ ਨਹੀਂ ਚੰਨਣ ਸਿੰਘ ਦਾ ਨਾਂ ਲੈਣਾ । ਇਨ੍ਹਾਂ ਦਾ ਨਾਂ ਮੈਂ ਨਹੀਂ ਲੈਣਾ ਚਾਹੁੰਦਾ ।

ਸ੍ਰੀ ਸਭਾਪਤੀ : ਇਹ ਤਾਹਨੇ ਮੇਹਣੇ ਛਡੋ ਅਤੇ ਗਵਰਨਰ ਐਡਰਸ ਤੇ ਡਿਸਕਸ਼ਨ ਕਰੋ । (Do not taunt each other. Proceed with the discussion on the Governor's Address.)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਇੱਕ ਗਲ ਜ਼ਰੂਰ ਕਹਿ ਸਕਦਾ ਹਾਂ ਕਿ ਪ੍ਰਕਾਸ਼ ਸਿੰਘ ਬਾਦਲ ਉਥੇ ਸਨ, ਉਹ ਕਹਿਣ ਲਗੇ, ਅਸੀਂ ਵੀ ਕਿਹਾ ਪ੍ਰਾਈਮ-ਮਨਿਸਟਰ ਨੂੰ ਰਿਕੁਐਸਟ ਕੀਤੀ ਕਿ ਜਦੋਂ ਇਹ ਕਹਿੰਦੇ ਹਨ ਕਿ ਚੰਗੇ ਤਰੀਕੇ ਨਾਲ ਸਰਕਾਰ ਚਲਾਵਾਂਗੇ ਤਾਂ ਇਨ੍ਹਾਂ ਦੀ ਸਰਕਾਰ ਚੱਲਣ ਦਿਉ । ਇਸ ਤੇ ਪ੍ਰਾਈਮ ਮਨਿਸਟਰ ਕਹਿਣ ਲਗੇ ਕਿ ਮੈਂ ਭਰੋਸਾ ਕਿਸ ਤੇ ਕਰਾਂ । ਬਾਦਲ ਸਾਹਿਬ ਕਹਿਣ ਲਗੇ ਕਿ ਇਸ ਕਰਕੇ ਮੈਂ ਖੁਦ ਆਪ ਆਇਆ ਹਾਂ ਅਤੇ ਨਾਲ ਕਿਸੇ ਲੀਡਰ ਨੂੰ ਨਹੀਂ ਲਿਆਇਆ ਹਾਂ ਤਾਂ ਕਿ ਕਿਸੇ ਦੇ ਥਰੂ ਗਲ ਨਾ ਹੋਵੇ ਔਰ ਮਿਸਅੰਡਰਸਟੈਂਡਿੰਗ ਨਾ ਰਹਿ ਜਾਵੇ । ਅੱਜ ਤੁਹਾਡੇ ਨਾਲ ਡਾਇਰੈਕਟ ਵਾਇਦਾ ਕੀਤਾ ਜਾਵੇਗਾ ਅਤੇ ਇਹ ਪੱਕਾ ਵਾਇਦਾ ਹੋਵੇਗਾ । ਪਰ ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਜ਼ਰਾ ਦੇਖਣ, ਜ਼ਰਾ ਸੋਚਣ ਅਤੇ ਵਿਚਾਰਨ ਕਿ ਉਸ ਪੱਕੇ ਵਾਇਦੇ ਦੀ ਇਨ੍ਹਾਂ ਨੇ ਕਿਸ ਤਰ੍ਹਾਂ ਮਿੱਟੀ ਪਲੀਤ ਕੀਤੀ ਹੈ । ਉਹ ਪੱਕਾ ਵਾਇਦਾ ਜਿਸ ਦੀ ਇੱਕ ਸੂਰਤ ਸੀ ਪਾਰਲੀਮੈਂਟ ਦੀਆਂ ਇਲੈਕਸ਼ਨਜ਼ । ਇਹ ਜਿਸ ਵੇਲੇ ਹੋਈਆਂ (ਵਿਘਨ) ਤਾਂ ਉਸ ਵੇਲੇ ਇਨ੍ਹਾਂ ਦੇ ਲੀਡਰ ਆਪਣੀ ਪਾਰਟੀ ਵਿਚ ਉਸ ਤਰ੍ਹਾਂ ਨਾ ਕਰਾ ਸਕੇ ਜਿਸ ਤਰ੍ਹਾਂ ਕਿ ਉਹ ਉਥੇ ਕਹਿ ਕੇ ਆਏ ਸੀ । ਇਹ ਆਪਣੇ ਵਾਇਦੇ ਤੇ ਕਾਇਮ ਨਾ ਰਹਿ ਸਕੇ (ਸ਼ੋਰ)

ਤਾਂ ਮੈਂ ਅਰਜ਼ ਕਰ ਰਿਹਾ ਸੀ ਕਿ ਇਥੇ ਕਿਹਾ ਗਿਆ ਹੈ ਕਿ ਅੱਜ ਦੀ ਸਰਕਾਰ ਵੇਲੇ ਕਤਲੋ-ਗਾਰਤ ਬਹੁਤ ਹੁੰਦੀ ਹੈ । ਪਰ ਉਸ ਦਿਨ ਨੂੰ ਇਹ ਭੁਲ ਗਏ ਜਦੋਂ ਫੇਰੂਮਾਨ ਜੀ ਜਿਨ੍ਹਾਂ ਦਾ ਕੋਈ ਦੋਸ਼ ਨਹੀਂ ਸੀ, ਜਿਨ੍ਹਾਂ ਨੇ ਕੋਈ ਖਰਾਬੀ ਨਹੀਂ ਕੀਤੀ ਸੀ, ਨਾ ਕੋਈ ਉਨ੍ਹਾਂ ਨੇ ਕਸੂਰ ਕੀਤਾ ਸੀ, ਇਸ ਗਲ ਵਾਸਤੇ ਕਿਵੇਂ ਵਰਤ ਰਖਿਆ ਸੀ । (ਵਿਘਨ)

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * *

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਪ੍ਰਿਥੀਪਾਲ ਸਿੰਘ : * * * *

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਸੁਰਜੀਤ ਸਿੰਘ ਅਟਵਾਲ : ਫੇਰੂਮਾਨ ਨੇ ਕਿਹਾ ਸੀ ਕਿ ਮੈਂ ਇਸ ਵਾਸਤੇ ਮਰਨ ਵਰਤ ਰਖਿਆ ਹੈ ਔਰ ਸ਼ਹੀਦੀ ਪਾਉਣੀ ਚਾਹੁੰਦਾ ਹਾਂ ਕਿਉਂਕਿ ਖਾਲਸਾ ਕੌਮ ਦੇ ਆਗੂ ਵਰਤ ਰਖ ਕੇ ਮੁਕਰ ਗਏ ਸਨ ! ਉਸ ਧਬੇ ਨੂੰ ਦੂਰ ਕਰਨਾ ਚਾਹੁੰਦਾ ਹਾਂ । (ਸ਼ੇਮ,ਸ਼ੇਮ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਫੇਰੂਮਾਨ ਦੀ ਵਸੀਅਤ ਲਿਆਉ ਤਾਂ ਕਿ ਸਾਰੇ ਮੈਂਬਰਾਂ ਨੂੰ ਪਤਾ ਲਗ ਜਾਏ । (ਵਿਘਨ)

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ । ਚੇਅਰਮੈਨ ਸਾਹਿਬ, ਅਟਵਾਲ ਸਾਹਿਬ ਨੇ ਆਖਿਆ ਹੈ ਸਿਖ ਕੌਮ ਦੇ ਆਗੂਆਂ ਨੇ ਇਹ ਕੰਮ ਕੀਤਾ ਪਰ ਇਹ ਸਿਖ ਕੌਮ ਦੇ ਆਗੂਆਂ ਨੇ ਨਹੀਂ ਬਲਕਿ ਅਕਾਲੀ ਪਾਰਟੀ ਦੇ ਆਗੂਆਂ ਨੇ ਕੀਤਾ ਹੈ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ਹੀਦ ਫੇਰੂਮਾਨ ਦੀ ਸ਼ਹੀਦੀ ਨੂੰ ਕਿਥੋਂ ਤਕ ਖਰਾਬ ਕੀਤਾ ਗਿਆ ਹੈ । (ਵਿਘਨ)

Sardar Jaswinder Singh Brar : Mr. Chairman, is the hon. Member relevant ?

Mr. Chairman : Will you please be relevant, Mr. Atwal ?

ਸਰਦਾਰ ਜਸਵਿੰਦਰ ਸਿੰਘ ਬਰਾੜ : ਚੇਅਰਮੈਨ ਸਾਹਿਬ, ਉਨ੍ਹਾਂ ਨੂੰ ਕਹੋ ਕਿ ਉਹ ਗਵਰਨਰ ਦੇ ਐਡਰਸ ਤੇ ਬੋਲਣ ।

Mr. Chairman : I have already requested him.

ਸਰਦਾਰ ਸੁਰਜੀਤ ਸਿੰਘ ਅਟਵਾਲ : ਚੇਅਰਮੈਨ ਸਾਹਿਬ, ਇਥੇ ਲਾ ਐਂਡ ਆਰਡਰ ਦੀ ਗੱਲ ਚਲੀ ਸੀ ਅਤੇ ਇਹ ਲਾ ਐਂਡ ਆਰਡਰ ਦੇ ਵਿਚ ਆਉਂਦਾ ਹੈ । (ਵਿਘਨ) ਉਸ ਸ਼ਹੀਦ ਦੀ ਐਨੀ ਮਿਟੀ ਪਲੀਤ ਕੀਤੀ ਗਈ । (ਵਿਘਨ) ਚੇਅਰਮੈਨ ਸਾਹਿਬ, ਉਸ ਸਰਕਾਰ ਦੇ ਵੇਲੇ ਲਾ ਐਂਡ ਆਰਡਰ ਦੀ ਸਿਚੂਏਸ਼ਨ ਇਹ ਸੀ ਕਿ ਜਿਸ ਵੇਲੇ ਫੇਰੂਮਾਨ ਦੀ ਦੇਹ ਦਾ ਅੰਤਮ ਸੰਸਕਾਰ ਕਰਨਾ ਸੀ ਤਾਂ ਉਸ ਵੇਲੇ ਉਦੋਂ ਦੇ ਚੀਫ ਮਨਿਸਟਰ ਅਤੇ ਹੋਰ ਮਨਿਸਟਰ ਉਥੇ ਗਏ । ਸ਼ਹੀਦ ਫੇਰੂਮਾਨ ਦੇ ਕਾਰਨਾਮਿਆਂ ਤੇ ਲੋਕ ਖੁਸ਼ ਸਨ ਪਰ ਲੋਕ ਉਸ ਸਰਕਾਰ ਦੇ ਕਾਰਨਾਮਿਆਂ ਤੋਂ ਐਨੇ ਕੁ ਖੁਸ਼ ਸਨ ਕਿ ਉਸ ਚੀਫ ਮਨਿਸਟਰ ਨੂੰ ਫੇਰੂਮਾਨ ਦੇ ਮਕਾਨ ਵਿਚ ਸ਼ੈਲਟਰ ਲੈਣੀ ਪਈ ।

*Expunged as ordered by the Chair.

ਚੌਧਰੀ ਦਰਸ਼ਨ ਸਿੰਘ : ਨਹੀਂ, ਉਨ੍ਹਾਂ ਨੇ ਕਮਾਦ ਵਿਚ ਸ਼ੈਲਟਰ ਲਈ ਸੀ।
(ਹਾਸਾ) (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਚੇਅਰਮੈਨ ਸਾਹਿਬ, ਇਹ ਇਹ ਕਹਿੰਦੇ ਹਨ ਕਿ ਅੱਜ ਦੀ ਸਰਕਾਰ ਪੁਲੀਟੀਕਲੀ ਮੋਟੀਵੇਟਿਵ ਹੋਕੇ ਕੰਮ ਕਰਦੀ ਹੈ। ਕਿਸੇ ਨੂੰ ਮੀਸਾ ਅਧੀਨ ਅਰੈਸਟ ਕਰਨਾ ਵੀ ਇਹ ਕਹਿੰਦੇ ਹਨ ਕਿ ਇਹ ਪੁਲੀਟੀਕਲ ਮੋਟੀਵੇਟਿਡ ਹੈ। ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਗਿੱਲ ਸਾਹਿਬ ਨੂੰ ਅਰੈਸਟ ਕੀਤਾ ਸੀ ਤਾਂ ਉਹ ਕਿਹੜਾ ਮੋਟਿਵ ਸੀ ? (ਪ੍ਰਸ਼ੰਸਾ) (ਵਿਘਨ)

ਜਥੇਦਾਰ ਗੁਰਬਚਨ ਸਿੰਘ (ਸੁਨਾਮ) : ਜਦ ਕੈਰੋਂ ਨੂੰ ਦਿਨ ਦਿਹਾੜੇ ਕਾਂਗਰਸ ਦੀ ਵਜ਼ਾਰਤ ਵੇਲੇ ਗੋਲੀ ਨਾਲ ਮਾਰ ਦਿਤਾ ਗਿਆ ਸੀ ਤਾਂ ਉਹ ਕਿਹੜਾ ਮੋਟਿਵ ਸੀ। (ਵਿਘਨ) (ਸ਼ੋਰ)

Mr. Chairman : Order please.

ਸਰਦਾਰ ਸੁਰਜੀਤ ਸਿੰਘ ਅਟਵਾਲ : ਚੇਅਰਮੈਨ ਸਾਹਿਬ, ਪੁਲੀਟੀਕਲ ਬਰੇਟਸ ਦੇਣੀਆਂ ਅਤੇ ਲੋਕਾਂ ਨੂੰ ਬਲੈਕ ਮੇਲ ਕਰਨਾ, ਇਹ ਸਾਹਮਣੇ ਪਰੂਫ ਹੈ। (ਤਾੜੀਆਂ) ਮੇਰੀ ਪਾਰਟੀ ਨੇ ਇਸ ਤਰ੍ਹਾਂ ਕਿਸੇ ਨੂੰ ਬਲੈਕਮੇਲ ਨਹੀਂ ਕੀਤਾ। ਮੇਰੀ ਪਾਰਟੀ ਨੇ ਇਸ ਤਰ੍ਹਾਂ ਕਿਸੇ ਨਾਲ ਵਾਅਦਾ ਨਹੀਂ ਕੀਤਾ ਕਿ ਸਾਡੇ ਕੋਲ ਆ ਜਾ ਤੈਨੂੰ ਸਮਗਲਿੰਗ ਦੇ ਇਲਜ਼ਾਮ ਤੋਂ ਬਚਾ ਲਵਾਂਗੇ। (ਪ੍ਰਸ਼ੰਸਾ) (ਵਿਘਨ)

ਜਥੇਦਾਰ ਗੁਰਬਚਨ ਸਿੰਘ (ਸੁਨਾਮ) : * * * *

ਸ੍ਰੀ ਸਭਾਪਤੀ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying without the permission of the Chair, should not be recorded.)

ਸਰਦਾਰ ਸੁਰਜੀਤ ਸਿੰਘ ਅਟਵਾਲ : ਅਕਾਲੀ ਪਾਰਟੀ ਵਾਲੇ ਹਿਸਾਬ ਕਿਤਾਬ ਦੀਆਂ ਗੱਲਾਂ ਕਰਦੇ ਹਨ। ਜਦ ਇਹ ਹਿਸਾਬ ਕਿਤਾਬ ਕਰਦੇ ਹਨ ਤਾਂ ਇਹ ਆਪਣੀਆਂ ਕਰਤੂਤਾਂ ਵਿਚ ਨਹੀਂ ਜੋੜਦੇ। (ਵਿਘਨ) (ਸ਼ੋਰ)

ਸਰਦਾਰ ਕਰਨੈਲ ਸਿੰਘ ਮਰਤੀ : * * * *

Mr. Chairman : It is no point of order.

ਸਰਦਾਰ ਜਸਦੇਵ ਸਿੰਘ ਸੰਧੂ : * * * *

Mr. Chairman : It is no point of order.

---

* Not recorded/Expunged as ordered by the Chair.

ਰਾਜ ਮੰਤਰੀ, ਵਿਕਾਸ (ਸਰਦਾਰ ਸੰਤੋਖ ਸਿੰਘ ਰੰਧਾਵਾ) : ਤੁਸੀਂ ਛੱਗਾਨੀ ਕਮਿਸ਼ਨ ਦੇ ਦਾਗੀ ਹੋ । ਪਹਿਲਾਂ ਉਸ ਨੂੰ ਫੇਸ ਕਰੋ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਜਿਹੜਾ ਅਸੀਂ ਦੋਸ਼ ਲਾਇਆ ਹੈ ਤੁਸੀਂ ਉਸ ਦੀ ਇਨਕੁਆਇਰੀ ਕਰਾ ਲਵੋ ਜੇ ਅਸੀਂ ਗਲਤ ਹੋਏ ਤਾਂ ਅਸੀਂ ਅਸਤੀਫੇ ਦੇਣ ਨੂੰ ਤਿਆਰ ਹਾਂ ਨਹੀਂ ਤੁਸੀਂ ਅਸਤੀਫੇ ਦਿਓ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

Mr. Chairman : It is no point of order.

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

Mr. Chairman : This is not the way to discuss the conduct of a Minister. This is no point of order.

ਸਰਦਾਰ ਸੁਰਜੀਤ ਸਿੰਘ ਅਟਵਾਲ : ਚੇਅਰਮੈਨ ਸਾਹਿਬ, ਇਹ ਕੁਝ ਗਲਤਫਹਿਮੀ ਹੋ ਗਈ ਹੈ (ਵਿਘਨ) ਇਹ ਤਾਂ ਰਿਕਾਰਡ ਤੋਂ ਪਤਾ ਲੱਗੇਗਾ ਕਿ ਕਿਸ ਨੇ ਕਿਸ ਨੂੰ ਸਮਗਲਰ ਕਿਹਾ ਸੀ । (ਵਿਘਨ) ਉਹ ਸਰਦਾਰ ਸਤਨਾਮ ਸਿੰਘ ਬਾਜਵਾ ਸੀ ।

ਚੌਧਰੀ ਦਰਸ਼ਨ ਸਿੰਘ : ਤੁਸੀਂ ਆਪ ਕਿਹਾ ਸੀ ਕਿ ਬਾਜਵਾ ਸਮਗਲਰ ਸੀ (ਵਿਘਨ) (ਸ਼ੋਰ)

ਸਰਦਾਰ ਜਸਦੇਵ ਸਿੰਘ ਸੰਧੂ : ਪੁਆਇਟ ਆਫ ਆਰਡਰ, ਸਰ । ਜਦੋਂ ਜਲੰਧਰ ਕੋਲਡ ਸਟੋਰ ਦਾ ਚਾਰਜ ਲੈਣਾ ਸੀ ਤਾਂ ਉਦੋਂ ਇਹ ਬਾਦਲ ਸਾਹਿਬ ਦੇ ਪੈਰੀਂ ਹੱਥ ਲਾਉਂਦੇ ਹੁੰਦੇ ਸੀ । (ਵਿਘਨ)

ਸ਼੍ਰੀ ਸਭਾਪਤੀ : ਮੈਂ ਕਾਂਗਰਸ ਪਾਰਟੀ ਵਾਲਿਆਂ ਨੂੰ ਰਿਕੁਐਸਟ ਕਰਾਂਗਾ ਕਿ ਤੁਹਾਡੀ ਪਾਰਟੀ ਦਾ ਮੈਂਬਰ ਬੋਲ ਰਿਹਾ ਹੈ,ਤੁਸੀਂ ਉਨ੍ਹਾਂ ਨੂੰ ਸ਼ਾਂਤੀ ਨਾਲ ਸੁਣੋ । (I would request the hon. Members of the Congress Party to listen peacefully to their own party member.)

ਸਰਦਾਰ ਜਸਦੇਵ ਸਿੰਘ ਸੰਧੂ : ਚੇਅਰਮੈਨ ਸਾਹਿਬ, ਸਾਡੀ ਗਿਆਨੀ ਜੀ ਅਗੇ ਰਿਕੁਐਸਟ ਹੈ ਕਿ ਉਹ ਤੁਹਾਨੂੰ ਵਿਥੇ ਪੱਕੇ ਤੌਰ ਤੇ ਬਿਠਾਉਣ, ਅਸੀਂ ਬਿਲਕੁਲ ਰੌਲਾ ਨਹੀਂ ਪਾਉਂਦੇ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਦੂਸਰਿਆਂ ਸਪੀਕਰਾਂ ਨਾਲੋਂ ਤੁਹਾਡੇ ਕੋਲੋਂ ਇਨਸਾਫ ਦੀ ਤਵੱਕੋ ਜ਼ਿਆਦਾ ਹੈ ।

---

* Expunged as ordered by the Chair.

ਸ਼੍ਰੀਮਤੀ ਗੁਰਦੇਵ ਕੌਰ : ਚੇਅਰਮੈਨ ਸਾਹਿਬ, ਮੇਰੀ ਅਰਜ਼ ਹੈ ਕਿ ਆਪਸ ਵਿਚ ਬੇਸ਼ਕ ਮੇਹਣੇ ਤਾਹਨੇ ਮਾਰ ਲੈਣ ਪਰ ਲੜਕੀਆਂ ਦਾ ਨਾਮ ਨਹੀਂ ਇਥੇ ਲੈਣਾ ਚਾਹੀਦਾ ।

> "ਦੁੱਸਣ ਖਾਤਰ ਛਾਪ ਮਰਾਸਣ, ਘਰ ਨੂੰ ਤੀਲੀ ਲਾਈ,
> ਝੁਗਾ ਫੂਕ ਤਮਾਸ਼ਾ ਡਿੱਠਾ ਇਹ ਕਿਹੜੀ ਵਡਿਆਈ ।"

ਆਪਣੀਆਂ ਲੜਕੀਆਂ ਨੂੰ ਆਪ ਭੰਡਣਾ ਠੀਕ ਨਹੀਂ, ਲੜਕੀਆਂ ਸਭ ਦੀਆਂ ਸਾਂਝੀਆਂ ਹਨ । ਚਾਹੇ ਇਧਰ ਵਾਲਿਆਂ ਦੀਆਂ ਲੜਕੀਆਂ ਹਨ, ਚਾਹੇ ਉਧਰ ਵਾਲਿਆਂ ਦੀਆਂ ਲੜਕੀਆਂ ਹਨ । ਸਾਨੂੰ ਇਹ ਨਹੀਂ ਪਤਾ ਕਿ ਸਾਡੇ ਜਵਾਈ ਕਿਹੋ ਜਿਹੇ ਨਿਕਲਣ ਪਰ ਸਾਨੂੰ ਇਥੇ ਲੜਕੀਆਂ ਦਾ ਨਾਮ ਨਹੀਂ ਲੈਣਾ ਚਾਹੀਦਾ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਚੇਅਰਮੈਨ ਸਾਹਿਬ, ਮੈਨੂੰ ਇਹ ਥਰੇਟ ਕਰਦੇ ਹਨ ਕਿ ਤੂੰ ਨਾ ਬੋਲ ਨਹੀਂ ਤਾਂ ਤੈਨੂੰ ਹਾਈ ਕੋਰਟ ਵਿਚ ਭੇਜ ਦਿਆਂਗੇ । ਤੇਰੇ ਮੁੰਡਿਆਂ ਤੇ ਅਸੀਂ ਇਲਜ਼ਾਮ ਲਗਾ ਦਿਆਂਗੇ । ਮੈਂ ਕਹਿੰਦਾ ਹਾਂ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਹ ਮੇਰੇ ਤੇ ਇਲਜ਼ਾਮ ਲਗਾਉਣ, ਮੁੰਡਿਆਂ ਤੇ ਇਲਜ਼ਾਮ ਲਗਾਉਣ ਪਰ ਇਹ ਸਾਬਤ ਕਰਨ । ਅਗਰ ਮੇਰੇ ਖਿਲਾਫ ਕੋਈ ਚੀਜ਼ ਹਵੇਗੀ ਤਾਂ ਮੈਂ ਕੋਰਟ ਵਿਚ ਜਾਣਾ ਆਪਣਾ ਫਰਜ਼ ਸਮਝਦਾ ਹਾਂ ਕਿਉਂਕਿ ਮੈਂ ਕੋਰਟ ਦੀ ਪੂਰੀ ਇਜ਼ਤ ਕਰਦਾ ਹਾਂ । ਪਰ ਮੈਂ ਇਨ੍ਹਾਂ ਦੀ ਤਰ੍ਹਾਂ ਛੰਗਾਨੀ ਕਮਿਸ਼ਨ ਤੋਂ ਡਰਦਾ ਛੁਪਦਾ ਨਹੀਂ ਫਿਰਦਾ । (ਥੰਪਿੰਗ) (ਵਿਘਨ) ਚੇਅਰਮੈਨ ਸਾਹਿਬ, ਮੈਂ ਆਪਣੀ ਸਪੀਚ ਕਰਦਿਆਂ ਕਿਸੇ ਦੇ ਉਤੇ ਕੋਈ ਪਰਸਨਲ ਅਟੈਕ ਨਹੀਂ ਕੀਤਾ ਮੈਂ ਆਪਣੀ ਪਾਰਟੀ ਵਲੋਂ ਬੋਲ ਰਿਹਾ ਸਾਂ ਅਤੇ ਮੈਂ ਇਨ੍ਹਾਂ ਦੀ ਪਾਰਟੀ ਤੇ ਅਟੈਕ ਕੀਤਾ ਹੈ ਔਰ ਜ਼ਰੂਰ ਕਰਾਂਗਾ । ਮੇਰੇ ਮਿੱਤਰਾਂ ਦੀ ਮੁਕਤੀ ਬਾਹਨੀ ਪਾਰਟੀ ਨੂੰ ਹੋਰ ਕੁਝ ਨਜ਼ਰ ਨਹੀਂ ਆਉਂਦਾ ਸਵਾਏ ਪਰਸਨਲ ਅਟੈਕ ਕਰਨ ਦੇ । ਜਾਂ ਤਾਂ ਸਾਫ ਤੌਰ ਤੇ ਛੰਗਾਨੀ ਕਮਿਸ਼ਨ ਦੇ ਸਾਹਮਣੇ ਕਹਿ ਦਿਉ. . .(ਵਿਘਨ)

Mr. Chairman : There is no Mukti Bahini. There is Akali Party.

ਸਰਦਾਰ ਸੁਰਜੀਤ ਸਿੰਘ ਅਟਵਾਲ : ਇਨ੍ਹਾਂ ਦੇ ਲੀਡਰ ਕਹਿੰਦੇ ਹਨ ਮੁਕਤੀ ਬਾਹਨੀ ਪਾਰਟੀ । (ਵਿਘਨ) ਸੋ ਚੇਅਰਮੈਨ ਸਾਹਿਬ, ਮੈਂ ਪੋਲੀਟੀਕਲੀ ਮੋਟੀਵੇਟ ਹੋਕੇ ਗੱਲ ਕਰ ਰਿਹਾ ਸੀ । ਇਨ੍ਹਾਂ ਨੇ (ਅਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਤਾਂ ਪ੍ਰੈਸ ਵਾਲਿਆਂ ਨੂੰ ਵੀ ਇਹ ਕਿਹਾ ਕਿ ਤੈਨੂੰ ਅਸੀਂ ਛਪਾਈ ਦਾ ਕੰਮ ਜ਼ਿਆਦਾ ਦੇ ਦੇਵਾਂਗੇ, ਤੈਨੂੰ ਅਸੀਂ ਇਸ਼ਤਿਹਾਰ ਜ਼ਿਆਦਾ ਦੇਵਾਂਗੇ. .(ਵਿਘਨ)

ਅਕਾਲੀ ਪਾਰਟੀ ਵਲੋਂ ਆਵਾਜ਼ਾਂ : ਕੀ ਇਹ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲ ਰਹੇ ਹਨ ? (ਵਿਘਨ)

ਸ੍ਰੀ ਸਭਾਪਤੀ : ਇਹ ਤੁਹਾਡੇ ਵਾਲੇ ਭਾਸ਼ਨ ਤੇ ਬੋਲ ਰਹੇ ਹਨ । (ਵਿਘਨ) (He is referring to what you have said.) (*Interruption*)

ਸਰਦਾਰ ਸੁਰਜੀਤ ਸਿੰਘ ਅਟਵਾਲ : ਚੇਅਰਮੈਨ ਸਾਹਿਬ, ਅੱਜ ਦੇਸ਼ ਦੇ ਵਿਚ ਇਕ ਨਵਾਂ ਤਰੀਕਾ ਕੋਆਪਰੇਸ਼ਨ ਦਾ ਲਭਿਆ ਹੈ । ਸਾਰੇ ਲੋਕ ਇਹ ਕਹਿੰਦੇ ਹਨ ਕਿ ਇਹ ਤਕਲੀਫ ਹੈ, ਇਹ ਵੀ ਤਕਲੀਫ ਹੈ, ਗਰੀਬ ਆਦਮੀ ਪਿਸੇ ਜਾ ਰਹੇ ਹਨ ਅੌਰ ਇਸ ਦਾ ਕੋਈ ਬੰਦੋਬਸਤ ਨਹੀਂ ਹੁੰਦਾ । ਇਸ ਦਾ ਇਕ ਨਵਾਂ ਤਰੀਕਾ ਲਭਿਆ ਹੈ । ਉਹ ਤਰੀਕਾ ਇਹ ਲਭਿਆ ਹੈ ਕਿ ਕੋਈ ਅਗਰ ਸਰਕਾਰ ਦੇ ਵਿਚ ਚੰਗਾ ਕੰਮ ਕਰਦਾ ਹੈ ਤਾਂ ਉਸ ਨੂੰ ਬੰਬ ਮਾਰ ਕੇ ਮਾਰ ਦਿਉ । ਮੇਰਾ ਖਿਆਲ ਹੈ ਕਿ ਅਕਾਲੀ ਪਾਰਟੀ ਵਿਚ ਕੋਈ ਇਸ ਤਰ੍ਹਾਂ ਦੇ ਆਈਡੀਏ ਵਾਲਾ ਨਹੀਂ ਹੋਵੇਗਾ । ਪਰ ਰੱਬ ਦੇ ਵਾਸਤੇ ਜੇ ਤੁਹਾਨੂੰ ਕੋਈ ਕਹੇ ਕਿ ਇਸ ਦੇ ਲਈ ਸਾਡੇ ਨਾਲ ਮਿਲ ਜਾਓ ਤਾਂ ਰੱਬ ਦੇ ਵਾਸਤੇ ਤੁਸੀਂ ਉਨ੍ਹਾਂ ਦੇ ਨਾਲ ਨਾ ਮਿਲਣਾ । (ਵਿਘਨ) ਚੇਅਰਮੈਨ ਸਾਹਿਬ, ਮੈਂ ਆਪਣੀ ਸਰਕਾਰ ਨੂੰ ਇਸ ਗੱਲ ਦੇ ਲਈ ਮੁਬਾਰਕਵਾਦ ਦਿੰਦਾ ਹਾਂ ਕਿ ਉਨ੍ਹਾਂ ਨੇ..(ਵਿਘਨ)

ਇਕ ਆਵਾਜ਼ : ਤੁਹਾਨੂੰ ਕਿਸੇ ਨੇ ਵਜ਼ੀਰ ਨਹੀਂ ਬਣਾਉਣਾ ? (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਚੇਅਰਮੈਨ ਸਾਹਿਬ, ਇਨ੍ਹਾਂ ਨੇ (ਅਪੋਜ਼ੀਸ਼ਨ ਵਲ ਇਸ਼ਾਰਾ) ਮੇਰੇ ਵਜ਼ੀਰ ਬਣਨ ਦੀ ਗੱਲ ਕਹੀ ਹੈ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਸ ਵਕਤ ਵਜ਼ੀਰ ਨਾ ਬਣਿਆ ਜਿਸ ਵਕਤ ਤੁਹਾਡੇ ਬਜ਼ੁਰਗਾਂ ਨੇ, ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹੋਇਆ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ, ਮੇਰੀਆਂ ਮਿੰਨਤਾਂ ਕੀਤੀਆਂ ਸਨ ਕਿ ਸਾਨੂੰ ਬਚਾ ਲਓ । ਮੈਂ ਉਸ ਦਿਨ ਮਨਿਸਟਰ ਵੀ ਬਣ ਸਕਦਾ ਸੀ, ਡਿਪਟੀ ਚੀਫ ਮਨਿਸਟਰ ਵੀ ਬਣ ਸਕਦਾ ਸੀ ਪਰ ਮੈਂ ਉਸ ਦਿਨ ਨਹੀਂ ਬਣਿਆ । (ਥੰਪਿੰਗ) (ਵਿਘਨ) ਅੱਜ ਮੈਂ ਦਸਣਾ ਚਾਹੁੰਦਾ ਹਾਂ ਕਿ ਮੈਂ ਉਸ ਦਿਨ ਵਜ਼ੀਰ ਨਹੀਂ ਬਣਿਆ ਅੌਰ ਮੈਂ ਅੱਜ ਐਮ. ਐਲ. ਏ. ਹੁੰਦਾ ਹੋਇਆ ਵਜ਼ੀਰ ਨਾਲੋਂ ਵੀ ਵੱਧ ਹਾਂ । (ਵਿਘਨ) (ਘੰਟੀ)

[1—18 ਸ਼ਾਮ] (ਇਸ ਵਕਤ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

ਸ੍ਰੀ ਸਪੀਕਰ : ਅਟਵਾਲ ਸਾਹਿਬ ਤੁਸੀਂ ਅੱਧੇ ਘੰਟੇ ਤੋਂ ਵੱਧ ਬੋਲ ਚੁਕੇ ਹੋ ਹੁਣ ਵਾਈਂਡ ਅੱਪ ਕਰ ਦਿਉ । (Atwal Sahib, you have taken more than half-an-hour. Now wind up please.)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਨੂੰ ਤਾਂ ਇਹ ਬੋਲਣ ਹੀ ਨਹੀਂ ਦਿੰਦੇ । (ਵਿਘਨ) ਮੈਂ ਇਸ ਗੱਲ ਦੇ ਉਤੇ, ਸਪੀਕਰ ਸਾਹਿਬ, ਆਪਣੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਜਿਹੜੀਆਂ ਇਨ੍ਹਾਂ ਨੇ 10,560 ਵਾਜਬ ਕੀਮਤਾਂ ਦੀਆਂ ਦੁਕਾਨਾਂ ਖੋਲੀਆਂ ਹਨ । (ਵਿਘਨ)

Mr. Speaker : No. interruption please.

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜੀਆਂ ਦੁਕਾਨਾਂ ਖੋਲੀਆਂ ਹਨ ਇਸ ਤਰ੍ਹਾਂ ਦੀਆਂ ਦੁਕਾਨਾਂ ਪਿੰਡ ਪਿੰਡ ਵਿਚ ਖੋਲਣੀਆਂ ਚਾਹੀਦੀਆਂ ਹਨ । ਮੈਂ ਤਾਂ ਇਥੋਂ ਤਕ ਵੀ ਕਹਾਂਗਾ ਕਿ ਜਿੰਨੀ ਵੀ ਕਨਜ਼ਿਊਮਰ ਗੁਡਜ਼ ਦੀ ਪ੍ਰੋਡਕਸ਼ਨ ਹੁੰਦੀ ਹੈ ਉਹ ਸਰਕਾਰ ਨੂੰ ਖੁਦ ਟੇਕ ਓਵਰ ਕਰਕੇ ਲੋਕਾਂ ਨੂੰ ਵੰਡਣੀ ਚਾਹੀਦੀ ਹੈ ।

ਫਿਰ ਸਪੀਕਰ ਸਾਹਿਬ, ਜਿਹੜਾ ਮਿਲਕ ਡੇਰੀ ਦਾ ਕੰਮ ਸ਼ੁਰੂ ਕੀਤਾ ਹੈ, ਬਾਦਲ ਸਾਹਿਬ ਨੂੰ ਇਸ ਤੇ ਭਾਵੇਂ ਐਬਜੈਕਸ਼ਨ ਹੈ ਕਿ ਇਸ ਸਰਕਾਰ ਨੇ ਚੰਗੇ ਕੰਮ ਕਿਉਂ ਸ਼ੁਰੂ ਕਰ ਦਿਤੇ ਹਨ ਲੇਕਿਨ ਮੈਂ ਇਹ ਕਹਾਂਗਾ ਕਿ ਇਹ ਜਿਹੜਾ ਕੰਮ ਸ਼ੁਰੂ ਕੀਤਾ ਹੈ, ਇਹ ਬਹੁਤ ਅੱਛਾ ਕੰਮ ਕੀਤਾ ਹੈ। ਮੈਂ ਇਸ ਦੇ ਨਾਲ ਹੀ ਆਪਣੀ ਸਰਕਾਰ ਨੂੰ ਇਹ ਰਿਕੁਐਸਟ ਕਰਾਂਗਾ, ਖਾਸ ਤੌਰ ਤੇ ਆਪਣੇ ਖਜ਼ਾਨਾ ਮੰਤਰੀ ਜੀ ਨੂੰ ਰਿਕੁਐਸਟ ਕਰਾਂਗਾ ਕਿ ਇਸ ਦੀ ਡਿਵੈਲਪਮੈਂਟ ਵਾਸਤੇ ਆਪਣੇ ਬਜਟ ਵਿਚ ਹੋਰ ਪੈਸੇ ਜ਼ਰੂਰ ਰਖਣ।

ਸਪੀਕਰ ਸਾਹਿਬ, ਇਕ ਗੱਲ ਇਹ ਹੈ ਕਿ ਜਿਹੜੇ ਮਿਲਕ ਕੈਟਲ ਹਨ ਯਾਨੀ ਦੁਧ ਦੇਣ ਵਾਲੀਆਂ ਗਊਆਂ ਤੇ ਮੱਝਾਂ ਹਨ ਉਨ੍ਹਾਂ ਦੀ ਐਕਸਪੋਰਟ ਬੰਦ ਕਰਨੀ ਚਾਹੀਦੀ ਹੈ।

ਇਕ ਹੋਰ ਗੱਲ ਉਤੇ ਮੈਂ ਆਪਣੀ ਸਰਕਾਰ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ, ਜਿਹੜਾ 20 ਕਰੋੜ ਰੁਪਇਆ ਬਾਰਡਰ ਦੇ ਏਰੀਆਜ਼ ਦੇ ਯੁਧਪੀੜਤਾਂ ਦੀ ਬੇਹਤਰੀ ਵਾਸਤੇ ਖਰਚ ਕੀਤਾ ਹੈ। ਇਸਦੇ ਨਾਲ ਨਾਲ ਮੈਂ ਸਰਕਾਰ ਅੱਗੇ ਪ੍ਰਾਰਥਨਾ ਕਰਾਂਗਾ ਕਿ ਜਿਸ ਤਰ੍ਹਾਂ 20 ਕਰੋੜ ਰੁਪਇਆ ਉਨ੍ਹਾਂ ਦੇ ਮੁੜ ਵਸਾਉਣ ਵਾਸਤੇ ਖਰਚ ਕੀਤਾ ਹੈ ਉਸੇ ਤਰ੍ਹਾਂ ਘੱਟੋ ਘੱਟ 7-8 ਕਰੋੜ ਰੁਪਇਆ ਸਮਾਲ ਸਕੇਲ ਇੰਡਸਟਰੀ ਲਾਉਣ ਵਾਸਤੇ ਵੀ ਖਰਚ ਕਰਨਾ ਚਾਹੀਦਾ ਹੈ, ਤਾਂ ਕਿ ਉਨ੍ਹਾਂ ਲੋਕਾਂ ਨੂੰ ਇਧਰ ਉਧਰ ਨਠਣਾ ਨਾ ਪਵੇ।

ਸਪੀਕਰ ਸਾਹਿਬ, ਮੈਂ ਇਸ ਗੱਲ ਤੇ ਜ਼ਰੂਰ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਹੜਾ ਇਨ੍ਹਾਂ ਨੇ ਆਰਮੀ ਮੈਨ ਵਾਸਤੇ ਰਿਜ਼ਰਵ ਪੈਸੇ ਰੱਖੇ ਹਨ। ਇਹ ਬੜਾ ਚੰਗਾਂ ਕੰਮ ਹੈ।

ਇਕ ਚੀਜ਼ ਜਿਹੜੀ ਸਰਕਾਰ ਨੇ ਐਮਪਲਾਈਜ਼ ਦੇ ਪੈਸੇ ਵਧਾਉਣ ਵਾਸਤੇ ਕੀਤੀ ਹੈ, ਇਹ ਬੜੀ ਚੰਗੀ ਗੱਲ ਹੈ। ਇਸ ਦੇ ਨਾਲ ਉਨ੍ਹਾਂ ਵਿਚਾਰਿਆਂ ਦੀ ਸਹੀ ਮਦਦ ਨਹੀਂ ਹੋ ਸਕਦੀ। ਇਸ ਬਾਰੇ ਮੈਂ ਅਰਜ਼ ਕਰਾਂਗਾ ਕਿ ਜਿੰਨੀਆਂ ਵੀ ਕੰਨਜ਼ਿਉਮੇਬਲ ਗੁਡਜ਼ ਹਨ, ਉਹ ਸਰਕਾਰ ਐਮਪਲਾਈਜ਼ ਨੂੰ ਵਾਜਬ ਕੀਮਤਾਂ ਤੇ ਦੇਵੇ। ਇਹ ਜਿਹੜਾ ਰੋਜ਼ ਰੋਜ਼ ਤਨਖਾਹ ਵਧਾਉਣ ਦਾ ਕੰਮ ਹੈ, ਇਹ ਬੇਮਤਲਬ ਹੈ। ਇਨ੍ਹਾਂ ਤਨਖਾਹਾਂ ਵਧਾਉਣ ਨਾਲ ਉਨ੍ਹਾਂ ਵਿਚਾਰਿਆਂ ਦਾ ਸੁਧਾਰ ਨਹੀਂ ਹੁੰਦਾ। ਇਹਦਾ ਹਲ ਤਾਂ ਹੀ ਹੋ ਸਕਦਾ ਹੈ ਜੇਕਰ ਉਨ੍ਹਾਂ ਨੂੰ ਸਾਰੀਆਂ ਕੰਨਜ਼ਿਉਮੇਬਲ ਗੁਡਜ਼ ਵਾਜਬ ਪ੍ਰਾਈਸ ਤੇ ਦਿਤੀਆਂ ਜਾਣ।

ਇੱਕ ਚੀਜ਼ ਮੈਂ ਟਰਾਂਸਪੋਰਟ ਦੇ ਮੁਤਅੱਲਕ ਅਰਜ਼ ਕਰਨੀ ਚਾਹੁੰਦਾ ਹਾਂ। ਮੇਰੀ ਇਹ ਹਮੇਸ਼ਾ ਕਲੀਅਰ ਗੱਲ ਰਹੀ ਹੈ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਪਰ ਮੈਂ ਸਰਕਾਰ ਨੂੰ ਇਹ ਰਿਕੁਐਸਟ ਕਰਾਂਗਾ ਕਿ ਪਤਾ ਨਹੀਂ ਇਹ ਖਰਾਬੀ ਕਿਸ ਚੀਜ਼ ਵਿਚ ਹੈ ਕਿ ਜਿਨੀ ਵੀ ਰੋਡਵੇਜ਼ ਅੱਜ ਸਰਕਾਰ ਦੇ ਅੰਦਰ ਚਲ ਰਹੀ ਹੈ ਉਹ ਸਹੀ ਤਰੀਕੇ ਨਾਲ ਨਹੀਂ ਚਲ ਰਹੀ। ਉਸ ਦੇ ਵਾਸਤੇ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕੋਈ ਉੱਚ ਪਧਰ ਤੇ ਕਿਸੇ ਵੱਡੇ ਅਫਸਰ ਦੀ ਡਿਊਟੀ ਲਗਾਈ ਜਾਵੇ ਜਿਹੜਾ ਵਰਕਰਜ਼ ਨਾਲ ਬੈਠ ਕੇ ਇਹ ਵਿਚਾਰ ਕਰੇ ਕਿ ਇਹ ਜਿਹੜੀ ਸਾਡੀ ਨੇਸ਼ਨ ਦੀ ਚੀਜ਼ ਹੈ ਇਸ ਨੂੰ ਕਿਸ ਤਰ੍ਹਾਂ ਸੁਚੱਜੇ ਤਰੀਕੇ ਨਾਲ ਜਨਤਾ ਦੀ ਬੇਹਤਰੀ ਵਾਸਤੇ ਚਲਾਇਆ ਜਾ ਸਕਦਾ ਹੈ।

ਸਰਦਾਰ ਕਰਨੈਲ ਸਿੰਘ ਮਰੜੀ : ਟਾਇਰ ਤਾਂ ਇਹ ਲਈ ਜਾਂਦੇ ਹਨ ਅਤੇ ਬਸਾਂ ਕਿਵੇਂ ਚਲਣ ?

ਸ੍ਰੀ ਸਪੀਕਰ : ਆਨਰੇਬਲ ਮੈਂਬਰਜ਼ ਬੈਠੇ ਬੈਠੇ ਬੋਲਣ ਦੀ ਆਦਤ ਛੱਡ ਦੇਣ । (The hon. Members may please avoid speaking while seated.)

ਸਰਦਾਰ ਸਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਦੇ ਮੁਤਅੱਲਕ ਅਰਜ਼ ਕਰ ਰਿਹਾ ਸੀ । ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਹੈ ਕਿ 186 ਬਸਾਂ ਹੋਰ ਨਵੀਆਂ ਦਿਤੀਆਂ ਜਾਣਗੀਆਂ, ਇਹ ਬੜੀ ਚੰਗੀ ਗੱਲ ਹੈ । ਪਰ ਮੈਂ ਇਹ ਕਹਾਂਗਾ ਕਿ ਇਨ੍ਹਾਂ ਬਸਾਂ ਨਾਲ ਕੰਮ ਨਹੀਂ ਚਲੇਗਾ । ਮੈਂ ਆਪਣੀ ਸਰਕਾਰ ਅਗੇ ਬੇਨਤੀ ਕਰਾਂਗਾ ਕਿ ਕੋਈ ਐਸਾ ਪ੍ਰੋਗਰਾਮ ਬਨਾਉਣ ਜਿਸ ਤਹਿਤ ਘੱਟੋ ਘੱਟ 5-6 ਸੌ ਬਸਾਂ ਹੋਰ ਪੰਜਾਬ ਰੋਡਵੇਜ਼ ਵਿਚ ਇਨਕਲੂਡ ਕੀਤੀਆਂ ਜਾਣ । ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸੀ. ਐਮ. ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ ਜਿਹੜਾ ਅੱਜ ਇਨ੍ਹਾਂ ਜ਼ਮੀਨਾਂ ਦੇ ਸਬੰਧ ਵਿਚ ਹਰੀਜਨਾਂ ਦੇ ਕੰਸਰਨ ਵਿਚ ਸਟੇਟਮੈਂਟ ਦਿਤੀ ਹੈ । ਇਸ ਦੇ ਨਾਲ ਨਾਲ ਮੈਂ ਇਸ ਗੱਲ ਤੇ ਵੀ ਮੁਬਾਰਕਬਾਦ ਦਿੰਦਾ ਹਾਂ ਜਿਹੜਾ ਕਿ ਇਨ੍ਹਾਂ ਨੇ 1 ਲਖ 80 ਹਜ਼ਾਰ ਬੇਘਰਿਆਂ ਨੂੰ ਜ਼ਮੀਨ ਦਿਤੀ ਹੈ ਪਰ ਇਸ ਦੇ ਨਾਲ ਮੈਂ ਇਹ ਜ਼ਰੂਰ ਬੇਨਤੀ ਕਰਾਂਗਾ ਕਿ ਹਰੀਜਨਾਂ ਦੇ ਘਰ ਬਣਾਉਣ ਵਾਸਤੇ ਇਕ ਅਲਗ ਕੰਸਟਰਕਸ਼ਨ ਕਾਰਪੋਰੇਸ਼ਨ ਖੋਲ ਦਿਤੀ ਜਾਵੇ, ਜਿਹੜੀ ਕਿ ਕੇਵਲ ਹਰੀਜਨਾਂ ਦੇ ਹੀ ਘਰ ਬਣਾਏ ।

ਇਕ ਚੀਜ਼ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਕਹੀ ਸੀ ਕਿ ਪੰਜਾਬ ਦੇ ਜਿਤਨੇ ਨੈਸ਼ਨਲਾਈਜ਼ਡ ਬੈਂਕ ਹਨ ਉਨ੍ਹਾਂ ਵਿਚ ਜਿਨਾਂ ਰੁਪਿਆ ਹੁੰਦਾ ਹੈ ਉਹ ਬਾਹਰਲੀਆਂ ਸਟੇਟਾਂ ਵਿਚ ਖਰਚ ਹੁੰਦਾ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਉਸ ਪਾਰਟੀ ਦੇ ਨੇਤਾਵਾਂ ਕੋਲੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਲੋਕ ਕਿਸ ਫਾਇਦੇ ਉਤੇ ਇਸ ਸਟੇਟ ਵਿਚ ਪੈਸਾ ਖਰਚ ਕਰਨ ? ਉਹ ਤੇ ਰੋਜ਼ ਅਲਗ ਸਿੱਖ ਸਟੇਟ ਦਾ ਨਾਅਰਾ ਲਾ ਦਿੰਦੇ ਹਨ ਅਤੇ ਮੁਕਤੀ ਬਾਹਨੀ ਬਣਾਉਣ ਦਾ ਨਾਅਰਾ ਲਗਾ ਦਿੰਦੇ ਹਨ । ਇਸ ਹਾਲਤ ਵਿਚ ਕਿਹੜਾ ਇਥੇ ਇੰਡਸਟਰੀ ਲਗਾਉਗਾ, ਕਿਹੜਾ ਪੈਸੇ ਖਰਚੇਗਾ ?

OFFICIAL RESOLUTION UNDER ARTICLE 368 OF THE CONSTITUTION

CONSTITUTION (THIRTY-SIXTH AMENDMENT) BILL RE. INDO-SIKKIM RELATIONSHIP

Revenue and Election Minister (Sardar Umrao Singh) : Sir, I beg to move—

> That this House ratifies the amendments to the Constitution of India falling within the purview of the proviso to clause (2) of Article 368 thereof, proposed to be made by the Constitution (Thirty-sixth Amendment) Bill, 1974, as passed by the two Houses of Parliament, which seeks to give effect to the wishes of the people of Sikkim for strengthening Indo-Sikkim co-operation and inter-relationship and the short title of which has been changed into "the Constitution (Thirty-fifth Amendment) Act, 1974."

ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਕੰਸਟੀਚੂਸ਼ਨ ਦੀ 35ਵੀਂ ਅਮੈਂਡਮੈਂਟ ਹੈ ਜਿਸ ਨਾਲ ਕਿ ਸਿੱਕਮ ਭਾਰਤ ਨਾਲ ਐਸੋਸੀਏਟ ਕੀਤਾ ਗਿਆ ਹੈ ਅਤੇ ਤੁਅਲਕ ਬਣਾਇਆ ਗਿਆ ਹੈ। ਇਹ ਅਮੈਂਡਮੈਂਟ ਪਾਰਲੀਮੈਂਟ ਵਿਚ ਪਾਸ ਹੋਈ ਸੀ ਅਤੇ ਇਸ ਅਸੈਂਬਲੀ ਨੇ ਇਸਨੂੰ ਐਪਰੂਵ ਕਰਨਾ ਹੈ। ਹੁਣ ਸਿੱਕਮ ਦੇ ਐਕਸਟਰਨਲ ਅਫੇਅਰਜ਼ ਜਿਹੜੇ ਹਨ, ਜਾਂ ਕਮਿਊਨੀਕੇਸ਼ਨਜ, ਉਥੋਂ ਦੀ ਡਿਵੈਲਪਮੈਂਟ, ਲੋਕਲ ਐਡਮਨਿਸਟਰੇਸ਼ਨ ਉਥੋਂ ਦੇ ਲੋਕਾਂ ਨੂੰ ਇੰਪਲਾਇਮੈਂਟ ਅਤੇ ਐਜੂਕੇਸ਼ਨ ਦੇਣ ਵਾਸਤੇ ਉਥੋਂ ਦੇ ਲੋਕਾਂ ਨੂੰ ਭਾਰਤ ਦੀ ਪਾਰਲੀਮੈਂਟ ਵਿਚ ਰਿਪਰਜ਼ੈਂਟੇਸ਼ਨ ਦੇਣ ਵਾਸਤੇ ਇਹ ਬਿਲ ਪਾਰਲੀਮੈਂਟ ਵਿਚ ਆਇਆ ਅਤੇ ਕੰਸਟੀਚੂਸ਼ਨ ਵਿਚ ਇਹ ਅਮੈਂਡਮੈਂਟ ਹੋਈ। ਜਿਨ੍ਹਾਂ ਹਾਲਾਤ ਵਿਚ ਸਿੱਕਮ ਦੇ ਲੋਕਾਂ ਨੇ ਮੰਗ ਕੀਤੀ ਆਪਣੀ ਅਸੈਂਬਲੀ ਵਿਚ ਬਿਲ ਪਾਸ ਕਰਕੇ ਹਿੰਦੁਸਤਾਨ ਦੇ ਲੋਕਾਂ ਨਾਲ ਸ਼ਾਮਲ ਹੋਣ ਲਈ ਮੰਗ ਕੀਤੀ ਹੈ ਕਿ ਅਸੀਂ ਤੁਹਾਡੇ ਨਾਲ ਰਲ ਕੇ ਇਸ ਸਬ-ਕੌਂਟੀਨੈਂਟ ਦੀ ਡਿਵੈਲਪਮੈਂਟ ਕਰਨਾ ਚਾਹੁੰਦੇ ਹਾਂ। ਸਾਨੂੰ ਇਸ ਚੀਜ਼ ਦਾ ਸੁਆਗਤ ਕਰਨਾ ਚਾਹੀਦਾ ਹੈ ਅਤੇ ਆਪਣੇ ਨਾਲ ਉਹਨਾਂ ਨੂੰ ਮਿਲਾ ਕੇ ਹਿੰਦੁਸਤਾਨ ਨੂੰ ਵਿਸ਼ਾਲ ਬਣਾਉਣਾ ਚਾਹੀਦਾ ਹੈ। ਸਾਨੂੰ ਉਹਨਾਂ ਲੋਕਾਂ ਨੂੰ ਖੁਸ਼ ਆਮਦੀਦ ਕਹਿਣਾ ਚਾਹੀਦਾ ਹੈ ਅਤੇ ਵੈਲਕਮ ਕਰਨਾ ਚਾਹੀਦਾ ਹੈ। ਮੈਂ ਹਾਊਸ ਅੱਗੇ ਅਰਜ਼ ਕਰਾਂਗਾ ਕਿ ਇਸ ਨੂੰ ਸਰਵਸੰਮਤੀ ਨਾਲ ਐਪਰੂਵ ਕਰਨਾ ਚਾਹੀਦਾ ਹੈ।

Mr. Speaker : Motion moved—

That this House ratifies the amendments to the Constitution of India falling within the purview of the proviso to clause (2) of Article 368 thereof, proposed to be made by the Constitution (Thirty-sixth Amendment) Bill, 1974, as passed by the two Houses of Parliament, which seeks to give effect to the wishes of the people of Sikkim for strengthening Indo-Sikkim co-operation and inter-relationship and the short title of which has been changed into "the Constitution (Thirty-fifth Amendment) Act, 1974."

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਨੇ 35ਵੀਂ ਅਮੈਂਡਮੈਂਟ ਕੰਸਟੀਚੂਸ਼ਨ ਦੀ ਮੂਵ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਨੂੰ ਸਰਵਸੰਮਤੀ ਨਾਲ ਅਪਰੂਵ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਸਿੱਕਮ ਇਕ ਛੋਟਾ ਜਿਹਾ ਦੇਸ਼ ਹੈ ਪਰ ਬਹੁਤ ਹੀ ਸੁੰਦਰ ਹੈ ਅਤੇ ਇਸ ਦੀਆਂ ਹੱਦਾਂ ਕਈ ਦੇਸ਼ਾਂ ਨਾਲ ਲਗਦੀਆਂ ਹਨ ਅਤੇ ਇਸ ਦੀ ਸਟਰੈਟੇਜਿਕ ਇੰਪਾਰਟੈਂਸ ਬਹੁਤ ਹੈ। ਸਿੱਕਮ ਦੇ ਨਾਲ ਅੰਗਰੇਜ਼ਾਂ ਦੇ ਵੇਲੇ ਵੀ ਇਸ ਤਰ੍ਹਾਂ ਦੇ ਸਬੰਧ ਰਹੇ ਹਨ ਕਿ ਸਿੱਕਮ ਨੂੰ ਹਿੰਦੁਸਤਾਨ ਦੀ ਇਕ ਸਟੇਟ ਹੀ ਸਮਝਿਆ ਜਾਂਦਾ ਸੀ। ਜਦੋਂ ਵੀ ਕਦੇ ਦਿਲੀ ਵਿਚ ਬਾਦਸ਼ਾਹੀ ਦਰਬਾਰ ਹੁੰਦੇ ਸਨ ਤਾਂ ਸਿੱਕਮ ਦੇ ਮਹਾਰਾਜੇ ਨੂੰ ਵੀ ਸਦਿਆ ਜਾਂਦਾ ਰਿਹਾ, ਜਿਸ ਤਰ੍ਹਾਂ ਕਿ ਹੋਰਨਾਂ ਰਿਆਸਤਾਂ ਦੇ ਮਹਾਰਾਜਿਆਂ ਨੂੰ ਸਦਿਆ ਜਾਂਦਾ ਸੀ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਾਡੇ ਤੁਆਲੁਕਾਤ ਸਿੱਕਮ ਨਾਲ ਸੋਹਣੇ ਰਹੇ। ਇਕ ਗਵਾਂਢੀ ਦੇ ਤੌਰ ਤੇ ਜਿਸ ਕਿਸਮ ਦੀ ਲੋੜ ਉਹਨਾ ਨੂੰ ਪਈ, ਹਿੰਦੁਸਤਾਨ ਉਸਦੀ ਮਦਦ ਕਰਦਾ ਰਿਹਾ। ਉਨ੍ਹਾਂ ਦੇ ਨਾਲ ਸਾਡੀ ਡਿਫੈਂਸ ਦੀ ਸੰਧੀ ਪਹਿਲਾਂ ਦੀ ਹੋਈ ਹੋਈ ਸੀ। ਸਿੱਕਮ ਦੀ ਇਕ ਪਾਸੇ ਤਾਂ ਸਰਹੱਦ ਚੀਨ ਦੇ ਨਾਲ ਲੱਗਦੀ ਹੈ ਅਤੇ ਜਿਸ ਤੋਂ ਕਿ ਹਿੰਦੁਸਤਾਨ ਨੂੰ ਵੀ ਖਤਰਾ ਸੀ ਕਿ ਚੀਨ ਦੀਆਂ ਫੌਜਾਂ ਕਿਸੇ ਵੇਲੇ ਵੀ ਸਿੱਕਮ ਨੂੰ ਕਰਾਸ ਕਰਕੇ ਹਿੰਦੁਸਤਾਨ ਤੇ ਹਮਲਾ ਕਰ ਸਕਦੀਆਂ ਹਨ।

[ਸਰਦਾਰ ਸੁਰਜੀਤ ਸਿੰਘ (ਬਰਨਾਲਾ)]

ਸਾਂਝੀ ਡਿਫੈਂਸ ਹੋਣ ਕਰਕੇ ਇਹਨਾਂ ਦੋਨਾਂ ਦੇਸ਼ਾਂ ਦੀਆਂ ਫੌਜਾਂ ਸਿੱਕਮ ਦੇ ਬਾਰਡਰ ਤੇ ਰਹੀਆਂ ਹਨ ਅਤੇ ਸਿੱਕਮ ਦੇ ਬਾਰਡਰ ਦੀ ਹਿਫਾਜ਼ਤ ਕਰਦੀਆਂ ਰਹੀਆਂ ਹਨ । ਸਿੱਕਮ ਦੇ ਮਹਾਰਾਜੇ, ਚੋਗਿਆਲ ਦੇ ਹਿੰਦੁਸਤਾਨ ਨਾਲ ਬੜੇ ਅੱਛੇ ਤੁਅਲੁਕਾਤ ਸਨ । ਲੇਕਿਨ ਚੋਗਿਆਲ ਦੀ ਸ਼ਾਦੀ ਕਿਸੇ ਹੋਰ ਦੇਸ਼ ਵਿਚ ਹੋ ਗਈ । ਚੋਗਿਆਲ ਦੀ ਪਤਨੀ ਨੂੰ ਗਾਇਲਮੋ ਕਿਹਾ ਜਾਂਦਾ ਹੈ ਗਾਇਲਮੋ ਅਮਰੀਕਾ ਤੋਂ ਆਈ ਅਤੇ ਇਸ ਕਾਰਣ ਉਥੋਂ ਦੇ ਦਰਬਾਰ ਵਿਚ ਕੁਝ ਇਸ ਕਿਸਮ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ ਕਿ ਹਿੰਦੁਸਤਾਨ ਦਾ ਪਰਭਾਵ ਸਿੱਕਮ ਦੇ ਵਿਚ ਘੱਟ ਜਾਵੇ ਅਤੇ ਦੂਸਰੇ ਦੇਸ਼ਾਂ ਦਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਹੁੰਦੀ ਰਹੀ, ਜਿਸ ਕਾਰਣ ਉਥੋਂ ਦੀ ਜਨਤਾ ਚੋਗਿਆਲ ਦੇ ਖਿਲਾਫ ਭੜਕ ਉਠੀ ਅਤੇ ਆਖਿਰ ਵਿਚ ਉਥੋਂ ਦੇ ਲੋਕਾਂ ਦੀ ਰਾਏ ਮੁਤਾਬਿਕ ਉਹਨਾਂ ਦੀ ਅਸੈਂਬਲੀ ਬਣੀ ਅਤੇ ਉਸ ਅਸੈਂਬਲੀ ਨੇ ਫੈਸਲਾ ਕੀਤਾ ਕਿ ਸਾਨੂੰ ਹਿੰਦੁਸਤਾਨ ਦੇ ਨਾਲ ਹੋਰ ਚੰਗੇ ਤੁਅਲੁਕਾਤ ਪੈਦਾ ਕਰਨੇ ਚਾਹੀਦੇ ਹਨ ਅਤੇ ਉਸਦੇ ਨਤੀਜੇ ਦੇ ਤੌਰ ਤੇ ਇਹ ਅਮੈਂਡਮੈਂਟ ਅੱਜ ਸਾਡੇ ਸਾਹਮਣੇ ਆਈ ਹੈ । ਮਹਿਜ਼ ਕੰਸਟੀਚੂਸ਼ਨ ਵਿਚ ਅਮੈਂਡਮੈਂਟ ਕਰਨ ਨਾਲ ਸਬੰਧ ਦੂਜੇ ਦੇਸ਼ਾਂ ਨਾਲ ਅੱਛੇ ਨਹੀਂ ਹੋ ਸਕਦੇ ਜਿਤਨਾ ਚਿਰ ਅਸੀਂ ਉਹਨਾਂ ਦੀ ਡਿਵੈਲਪਮੈਂਟ ਅਤੇ ਹੋਰਨਾਂ ਮਸਲਿਆਂ ਵਿਚ ਪੂਰੀ ਤਰ੍ਹਾਂ ਸਹਿਯੋਗ ਨਹੀਂ ਦਿੰਦੇ । ਮੈਂ ਦਸਣਾ ਚਾਹਾਂਗਾ ਕਿ ਪਿਛੇ ਜਿਹੇ ਸਿੱਕਮ ਦੀ ਇਕਾਨਮੀ ਤੇ ਥੋੜੇ ਜਿਹੇ ਲੋਕ ਹਿੰਦੁਸਤਾਨ ਜਾ ਕੇ ਕਾਬਿਜ਼ ਹੁੰਦੇ ਰਹੇ । ਮੈਨੂੰ ਸਿੱਕਮ ਜਾਣ ਦਾ ਮੌਕਾ ਮਿਲਿਆ । ਇਥੋਂ ਦੇ ਕੁਝ ਤਜਾਰਤੀ ਲੋਕਾਂ ਨੇ ਜਿਵੇਂ ਮਾਰਵਾੜੀ ਅਤੇ ਗੁਜਰਾਤੀ ਹਨ ਜਿਨ੍ਹਾਂ ਦੇ ਕਿ ਇਥੇ ਇੰਡਸਟਰੀਅਲ ਕਨਸਰਨ ਸਨ ਉਹਨਾਂ ਨੇ ਸਿੱਕਮ ਵਿਚ ਛੋਟੇ ਛੋਟੇ ਇੰਡਸਟਰੀਅਲ ਕਨਸਰਨ ਖੋਲ੍ਹ ਕੇ ਉਥੋਂ ਦੀ ਸਾਰੀ ਇਕਾਨਮੀ ਤੇ ਕੰਟਰੋਲ ਕਰ ਲਿਆ । ਇਸ ਦੇ ਖਿਲਾਫ ਉਥੋਂ ਦੇ ਲੋਕਾਂ ਵਿਚ ਥੋੜ੍ਹੀ ਥੋੜ੍ਹੀ ਆਵਾਜ਼ ਉਠ ਰਹੀ ਹੈ । ਮੈਂ ਜਿਥੇ ਇਸ ਗੱਲ ਦੇ ਹੱਕ ਵਿਚ ਹਾਂ ਕਿ ਅਮੈਂਡਮੈਂਟ ਪਾਸ ਹੋਣੀ ਚਾਹੀਦੀ ਹੈ ਅਤੇ ਤੁਅਲੁਕਾਤ ਵੱਧਣੇ ਚਾਹੀਦੇ ਹਨ ਉਥੇ ਮੈਂ ਇਹ ਵੀ ਕਹਾਂਗਾ ਕਿ ਸਾਨੂੰ ਉਹਨਾਂ ਦੀ ਇਕਾਨਮੀ ਤੇ ਕਬਜ਼ਾ ਨਹੀਂ ਕਰਨਾ ਚਾਹੀਦਾ ਸਗੋਂ ਉਹਨਾਂ ਦੀ ਇਕਾਨਮੀ ਨੂੰ ਡਿਵੈਲਪ ਕਰਕੇ ਉਹਨਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਇਸ ਸਮੇਂ ਸਿੱਕਮ ਵਿਚ ਕਾਜ਼ੀ ਫੈਮਿਲੀ ਕਾਫੀ ਪਾਪੂਲਰ ਹੈ । ਕਾਜ਼ੀ ਫੈਮਿਲੀਜ਼ ਵਿਚ ਉਹਨਾਂ ਦੀ ਪਤਨੀ ਦੀ ਬੜੀ ਚਲਦੀ ਹੈ । ਕਾਜ਼ੀ ਦੀ ਪਤਨੀ ਨੂੰ ਕਾਜ਼ਨੀ ਕਹਿ ਕੇ ਐਡਰਸ ਕੀਤਾ ਜਾਂਦਾ ਹੈ । ਜੇਕਰ ਕਿਸੇ ਮੀਟਿੰਗ ਵਿਚ ਉਸਨੂੰ ਕਾਜ਼ਨੀ ਦੀ ਥਾਂ ਮਿਸਜ਼ ਕਾਜ਼ੀ ਕਹਿ ਕੇ ਐਡਰਸ ਕੀਤਾ ਜਾਵੇ ਤਾਂ ਉਸ ਦੀ ਨੌਕਰੀ ਦੀ ਛੁਟੀ ਹੋ ਜਾਂਦੀ ਹੈ । ਇਕ ਪ੍ਰਿੰਸਲੀ ਸਿਸਟਮ ਨੂੰ ਖਤਮ ਕਰਦਿਆਂ ਕਰਦਿਆਂ ਕਿਤੇ ਉਥੇ ਇਕ ਹੋਰ ਪ੍ਰਿੰਸਲੀ ਆਰਡਰ ਨਾ ਖੜਾ ਹੋ ਜਾਵੇ । ਜਿਹੜੇ ਕਿ ਡੈਮੋਕਰੇਟਿਕ ਸਿਸਟਮ ਤੋਂ ਮੁਤਜ਼ਾਦ ਹਨ । ਹੋ ਸਕਦਾ ਹੈ ਕਿ ਉਥੇ ਡਿਕਟੇਟਰ-ਸ਼ਿਪ ਬਣ ਜਾਵੇ । ਇਕ ਪ੍ਰਿੰਸ ਗਿਆ ਅਤੇ ਡਿਕਟੇਟਰ ਆ ਗਿਆ । ਇਸ ਕਿਸਮ ਦੀ ਚੇਤਾਵਨੀ ਮੈਂ ਭਾਰਤ ਦੀ ਸਰਕਾਰ ਨੂੰ ਜ਼ਰੂਰ ਦੇਵਾਂਗਾ ।

ਕਾਮਰੇਡ ਸਮਸ਼ੇਰ ਸਿੰਘ ਜੋਸ਼ (ਖਰੜ) : ਸਪੀਕਰ ਸਾਹਿਬ, ਸਿੱਕਮ ਇਕ ਛੋਟੀ ਜਿਹੀ ਰਿਆਸਤ ਹੈ । ਇਸ ਦੀ ਆਬਾਦੀ 2 ਲੱਖ ਦੇ ਕਰੀਬ ਹੈ ਅਤੇ 2750 ਸਕੇਅਰ ਮੀਲ ਦਾ ਏਰੀਆ ਹੈ । ਇਹ ਹਿਮਾਲੀਆ ਦੀ ਛੋਟੀ ਜਿਹੀ ਰਿਆਸਤ ਹੈ ਪਰ ਇਸ ਦੀ ਸਾਡੇ ਦੇਸ਼ ਲਈ ਬਹੁਤ ਜ਼ਿਆਦਾ ਮਹੱਤਤਾ ਹੈ ਇਹ ਜਿਹੜੀ ਸੋਧਨਾ ਵਿਧਾਨ ਵਿਚ ਕੀਤੀ ਜਾ ਰਹੀ ਹੈ ਇਸ ਦੇ ਨਾਲ ਸਿੱਕਮ ਨੂੰ 1950 ਦੇ ਐਕਟ ਅਨੁਸਾਰ ਜਿਹੜਾ ਕਿ ਸਾਡੀ ਸਰਕਾਰ ਨੇ

ਉਥੋਂ ਦੇ ਰਾਜਾ ਨਾਲ ਕੀਤਾ ਸੀ ਅਤੇ ਸਿਕਮ ਨੂੰ ਇਸ ਦੇ ਆਧਾਰ ਤੇ ਇਕ ਪ੍ਰੋਟੈਕਟੋਰੇਟ, ਆਸ਼ਰਿਤ ਦਾ ਸਟੇਟਸ ਮਿਲਿਆ ਸੀ । ਹੁਣ ਜਿਹੜਾ ਐਗਰੀਮੈਂਟ ਹੋਇਆ ਹੈ ਇਹ ਉਥੋਂ ਦੇ ਰਾਜੇ ਨਾਲ ਨਹੀਂ ਹੋਇਆ ਬਲਕਿ ਉਥੋਂ ਦੀ ਜੰਤਾ ਨਾਲ ਹੋਇਆ ਹੈ, ਉਥੇ ਦੇ ਲੋਕਾਂ ਦੀ ਚੁਣੀ ਹੋਈ ਅਸੈਂਬਲੀ ਦੇ ਆਗੂਆਂ ਨਾਲ ਹੋਇਆ ਹੈ । ਇਸ ਨਾਲ ਸਿੱਕਮ ਨੂੰ ਸਾਡੇ ਦੇਸ਼ ਦਾ ਐਸੋਸ਼ੀਏਟ ਬਣਾ ਦਿਤਾ ਹੈ । ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਜ਼ਰੂਰੀ ਕਦਮ ਸੀ । ਇਹ ਇਸ ਮੌਕੇ ਤੇ ਚੁਕਿਆ ਜਾਣਾ ਚਾਹੀਦਾ ਸੀ । ਸਿੱਕਮ ਦੇ ਲੋਕ ਪਹਿਲਾਂ ਹੀ ਰਾਜਾਸ਼ਾਹੀ ਤੋਂ ਤੰਗ ਸਨ ਅਤੇ ਇਸ ਦੇ ਖਿਲਾਫ ਲੜ ਰਹੇ ਸਨ । ਉਹ ਤਾਂ 1950 ਤੋਂ ਮੰਗ ਕਰਦੇ ਆ ਰਹੇ ਸੀ ਕਿ ਸਾਨੂੰ ਰਾਜੇ ਤੋਂ ਛੁੜਾਓ ਅਤੇ ਆਪਣੇ ਨਾਲ ਮਿਲਾ ਲਓ ਕਿਉਂਕਿ ਅਸੀਂ ਭਾਰਤ ਦੀ ਸੰਸਕ੍ਰਿਤੀ ਦਾ ਹਿੱਸਾ ਬਣਨਾ ਚਾਹੁੰਦੇ ਹਾਂ ਅਤੇ ਜੋ ਜ਼ਮਹੂਰੀ ਹੱਕ ਹਿੰਦੁਸਤਾਨ ਦੇ ਲੋਕਾਂ ਨੂੰ ਮਿਲੇ ਹੋਏ ਹਨ ਉਹ ਸਾਨੂੰ ਵੀ ਮਿਲਣੇ ਚਾਹੀਦੇ ਹਨ । ਮੈਂ ਸਮਝਦਾ ਹਾਂ ਕਿ ਭਾਰਤ ਦੀ ਸਰਕਾਰ ਨੇ, ਪਾਰਲੀਮੈਂਟ ਨੇ ਇਹ ਬਿਲ ਪਾਸ ਕਰਕੇ ਸਿੱਕਮ ਦੇ ਆਵਾਮ ਦੀਆਂ ਭਾਵਨਾਵਾਂ ਨੂੰ ਪੂਰਾ ਕੀਤਾ ਹੈ । ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਅਜਿਹੇ ਮੌਕਿਆਂ ਤੇ ਆਪਣੇ ਦੋਸਤਾਂ ਅਤੇ ਦੁਸ਼ਮਨਾਂ ਦਾ ਪਤਾ ਲੱਗ ਜਾਂਦਾ ਹੈ । ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕਿਹੜੀਆਂ ਸ਼ਕਤੀਆਂ ਨੇ ਪਾਰਲੀਮੈਂਟ ਵਿਚ ਸਿੱਕਮ ਦੇ ਬਾਰੇ ਇਸ ਅਮੈਂਡਮੈਂਟ ਦੀ ਵਿਰੋਧਤਾ ਕੀਤੀ ਸੀ ਅਤੇ ਕਿਨ੍ਹਾਂ ਨੇ ਹਮਾਇਤ ਕੀਤੀ ਸੀ । ਦੁਨੀਆਂ ਦੇ ਕਿਨ੍ਹਾਂ ਦੇਸ਼ਾਂ ਨੇ ਸਾਡੀ ਹਮਾਇਤ ਕੀਤੀ ਅਤੇ ਕਿਨ੍ਹਾਂ ਨੇ ਵਿਰੋਧਤਾ ਕੀਤੀ । ਚੀਨ, ਅਮਰੀਕਾ ਅਤੇ ਨੇਪਾਲ ਨੇ ਖੁਲ੍ਹੇ ਆਮ ਕਿਹਾ ਕਿ ਹਿੰਦੁਸਤਾਨ ਸਿੱਕਮ ਨੂੰ ਅਨੈਕਸ ਕਰਨਾ ਚਾਹੁੰਦਾ ਹੈ ਅਤੇ ਇਹ ਦੇਸ਼ ਪਹਿਲਾਂ ਵਾਂਗ ਸਾਡੇ ਵਿਰੁਧ ਰਹਦੇ ਰਹੇ ਹਨ ।

ਸਟੇਟਸਮੈਨ ਔਰ ਹਿੰਦੁਸਤਾਨ ਟਾਈਮਜ਼ ਜਿਹੜੇ ਕਿ ਬਿਰਲਾ ਵਰਗਿਆਂ ਦੇ ਹਨ ਉਨ੍ਹਾਂ ਨੇ ਹਿੰਦ ਦੀ ਸਰਕਾਰ ਉਪਰ ਨੁਕਤਾਚੀਨੀ ਕੀਤੀ ਹੈ ਕਿ ਇਹ ਕਿਉਂ ਅਮੈਂਡਮੈਂਟ ਲਿਆਈ ਜਾ ਰਹੀ ਹੈ । ਜੇ ਪ੍ਰਕਾਸ਼ ਨਰਾਇਣ ਦੀ ਗਡੀ ਵਿਚ ਜਿਸ ਵਿਚ ਹੋਰ ਕਈ ਚੜੇ ਹੋਏ ਹਨ, ਉਹਨਾਂ ਪਾਪੀਆਂ ਨੇ ਪਾਰਲੀਮੈਂਟ ਵਿਚ ਖੜੇ ਹੋ ਕੇ ਸੋਧਨਾਂ ਦੀ ਵਿਰੋਧਤਾ ਕੀਤੀ ਹੈ । ਹਾਂ ਇਸ ਨਾਲ ਇਸ ਹਾਊਸ ਵਿਚ ਵੀ ਪਤਾ ਲਗ ਜਾਵੇਗਾ ਕਿ ਇਸ ਮੁਲਕ ਨਾਲ ਕਿਨ੍ਹਾਂ ਕਿਨ੍ਹਾਂ ਦੀ ਹਮਦਰਦੀ ਹੈ, ਹਿੰਦੋਸਤਾਨ ਵਿਰੋਧੀ ਕਿਹੜੀਆਂ ਸ਼ਕਤੀਆਂ ਹਨ । (ਥੰਪਿੰਗ) ਔਰ ਹਿੰਦੋਸਤਾਨ ਦੇ ਹੱਕ ਵਿਚ ਕਿਹੜੀਆਂ ਹਨ । ਕਿਹੜੇ ਸੱਜਣ ਹਨ ਜਿਹੜੇ ਕਿ ਜਮਹੂਰੀਅਤ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ ਔਰ ਕਿਹੜੇ ਇਸ ਨੂੰ ਤਕੜਾ ਕਰਨਾ ਚਾਹੁੰਦੇ ਹਨ । ਮੈਂ ਸਮਝਦਾ ਹਾਂ ਕਿ ਸਿੱਕਮ ਨਾਲ ਰਿਸ਼ਤਾ ਜੋੜਨਾ ਚੰਗਾ ਰਸਤਾ ਹੈ । ਇਹ ਭਾਰਤ ਨੂੰ ਮਜ਼ਬੂਤ ਕਰਨ ਵਾਲੀ ਗੱਲ ਹੈ । ਇਸ ਨੂੰ ਤਕੜਾ ਔਰ ਬਲਵਾਨ ਬਣਾਉਣ ਲਈ ਵੀ ਇਹ ਕਦਮ ਚੰਗਾ ਹੈ । ਇਸ ਲਈ ਇਸ ਸੰਸ਼ੋਧਨ ਨੂੰ ਪਾਸ ਕਰ ਦੇਣਾ ਚਾਹੀਦਾ ਹੈ ।

ਚੌਧਰੀ ਦਰਸ਼ਨ ਸਿੰਘ (ਨੂਰਮਹਿਲ) : ਸਪੀਕਰ ਸਾਹਿਬ, ਇਹ ਅਮੈਂਡਮੈਂਟ ਆਰਟੀਕਲ 2 ਆਫ ਦੀ ਇੰਡੀਅਨ ਕਾਨਸਟੀਚਿਊਸ਼ਨ ਦੀ ਅਮੈਂਡਮੈਂਟ ਹੈ, ਜਿਸ ਦੇ ਰਾਹੀਂ ਕਿ ਕੋਈ ਸਟੇਟ ਆਪਣੇ ਰੈਜ਼ੋਲਿਊਸ਼ਨ ਦੇ ਰਾਹੀਂ ਹਿੰਦੋਸਤਾਨ ਦੀਆਂ ਹੱਦਾਂ ਦੇ ਨਾਲ ਨਾਲ ਹਿੰਦੋਸਤਾਨ ਨਾਲ ਹੱਥ ਵਧਾਉਣਾ ਚਾਹੁੰਦੀ ਹੋਵੇ ਤਾਂ ਉਹ ਇਸ ਤਰ੍ਹਾਂ ਕਰ ਸਕਦੀ ਹੈ । ਇਹ ਇਸ ਆਰਟੀਕਲ ਦੀ ਅਮੈਂਡਮੈਂਟ ਹੈ । ਇਸ ਅਮੈਂਡਮੈਂਟ ਰਾਹੀਂ ਸਿੱਕਮ ਦੇ ਦੋ ਨੁਮਾਇੰਦੇ – ਇਕ ਲੋਕ ਸਭਾ ਵਿਚ ਔਰ ਇਕ ਰਾਜ ਸਭਾ ਵਿਚ ਹੋਣਗੇ । ਮੈਂ ਸਪੀਕਰ

[ਚੌਧਰੀ ਦਰਸ਼ਨ ਸਿੰਘ]

ਸਾਹਿਬ, ਹੈਰਾਨ ਹਾਂ ਆਨਰੇਬਲ ਮੈਂਬਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਤੇ । ਇਹ ਠੀਕ ਹੈ ਕਿ ਉਹ ਸਾਡੇ ਵਿਚ ਸ਼ਾਮਲ ਨਹੀਂ ਹੋ ਰਹੇ ਲੇਕਿਨ ਗਵਾਂਢੀ ਮੁਲਕ ਜੇਕਰ ਸਾਡੇ ਨਾਲ ਗਹਿਰੇ ਤੁਅੱਲਕਾਤ ਬਨਾਉਣਾ ਚਾਹੁੰਦੇ ਹੋਣ ਤਾਂ ਸਾਨੂੰ ਕੀ ਹਰਜ ਹੈ । ਇਹ ਉਹਨਾਂ ਦੇ ਚੋਗਿਆਲ ਦਾ ਫੈਸਲਾ ਨਹੀਂ ਹੈ, ਇਹ ਉਥੋਂ ਦੀ ਜੰਤਾ ਦਾ ਯੂਨਾਨੀਮਸ ਫੈਸਲਾ ਹੈ । ਉਨ੍ਹਾਂ ਨੇ ਆਖਿਆ ਹੈ ਕਿ ਹਿੰਦੋਸਤਾਨੀ ਲੋਕ ਉਹਨਾਂ ਦੀ ਗੁਰਬਤ ਦਾ ਨਾਜਾਇਜ਼ ਫਾਇਦਾ ਉਠਾਉਂਦੇ ਰਹੇ ਸਨ । What a poor argument ? (ਵਿਘਨ) ਜਿਸ ਮੁਲਕ ਦੇ ਗਰੀਬਾਂ ਨੂੰ ਐਕਸਪਲਾਇਟ ਕਰਦੇ ਰਹੇ ਹਾਂ ਉਸ ਮੁਲਕ ਦੇ ਨੁਮਾਇੰਦੇ, ਉਸ ਮੁਲਕ ਦੀ ਨੁਮਾਇੰਦਾ ਜਮਾਤ, ਉਹਨਾਂ ਦੀ ਪਾਰਲੀਮੈਂਟ ਇਹ ਪਾਸ ਕਰੇ ਕਿ ਅਸੀਂ ਸ਼ਾਮਲ ਹੋਣਾ ਚਾਹੁੰਦੇ ਹਾਂ ਗਰੀਬਾਂ ਦੇ ਚੁਣੇਂ ਹੋਏ ਲੋਕਾਂ ਨੇ ਯੂਨਾਨੀਮਸਲੀ ਪਾਸ ਕੀਤਾ ਹੈ । (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਜੇਕਰ ਉਹ ਸ਼ਾਮਲ ਹੁੰਦੇ ਹਨ ਤਾਂ ਤੁਹਾਨੂੰ ਕੀ ਇਤਰਾਜ਼ ਹੈ । ਜ਼ਮਾਨਾ ਇਹ ਮੰਗ ਕਰਦਾ ਹੈ, ਨੰਬਰ ਇਕ ਕਿ ਜਿਹੜੀਆਂ ਵੀ ਕੌਮਾਂ ਅੰਡਰ ਡੀਵੈਲਪਡ ਹਨ ਉਹਨਾਂ ਨੂੰ ਲੋਨਜ਼ ਦਿਤੇ ਜਾਣ, ਗਰਾਂਟ ਦਿਤੀ ਜਾਵੇ ਤਾਂਕਿ ਅੰਡਰ ਡੀਵੈਲਪਡ ਕਨਟਰੀਜ਼ ਉਚੇ ਉਠ ਸਕਣ । ਜੇਕਰ ਅੰਡਰ ਡੀਵੈਲਪਡ ਕੰਟਰੀਜ਼ ਸਾਡੇ ਨਾਲ ਰਲ ਕੇ ਆਪਣੇ ਜੀਵਨ ਨੂੰ ਚੰਗਾ ਕਰਨਾ ਚਾਹੁੰਦੇ ਹਨ, ਤਾਂ ਕੀ ਹਰਜ਼ ਹੈ । ਜਦੋਂ ਪਾਕਿਸਤਾਨ ਨਾਲ ਝਗੜਾ ਹੋਇਆ ਤਾਂ Do you remember that the first sentence of the Prime Minister's speech was that ਹਿੰਦੁਸਤਾਨ ਦੀ ਕਦੀ ਵੀ ਨੀਤੀ ਨਹੀਂ ਹੈ ਕਿ ਪਾਕਿਸਤਾਨ ਦਾ ਕੋਈ ਹਿਸਾ ਆਪਣੇ ਥੱਲੇ ਰੱਖੇ । ਬੰਗਲਾ ਦੇਸ਼ ਆਜ਼ਾਦ ਹੋਇਆ ਹੈ । ਹਿੰਦੋਸਤਾਨ ਦੀ ਅੱਜ ਵੀ ਕੋਈ ਨੀਤੀ ਨਹੀਂ ਹੈ ਕਿ ਕਿਸੇ ਆਂਢੀ ਗਵਾਂਢੀ ਮੁਲਕ ਉਤੇ ਕਬਜ਼ਾ ਕੀਤਾ ਜਾਵੇ ਚੋਗਿਆਲ ਨੇ ਕਿੰਨੀਆਂ ਲੱਤਾਂ ਮਾਰੀਆਂ, ਕਿੰਨੀਆਂ ਲੱਤਾਂ ਅੜਾਈਆਂ but the will of the people prevailed. ਜੇਕਰ ਅਸੀਂ ਆਪਣੇ ਗਵਾਂਢੀ ਨੂੰ ਮਦਦ ਦੇ ਰਹੇ ਹਾਂ ਤਾਂ ਉਹ ਦੇਣੀ ਚਾਹੀਦੀ ਹੈ, ਚੰਗੀ ਗਲ ਹੈ । ਜਿਸ ਤਰ੍ਹਾਂ ਕਿ ਜੋਸ਼ ਜੀ ਨੇ ਕਿਹਾ ਹੈ ਕਿ (ਅਕਾਲੀ ਪਾਰਟੀ ਵਲ ਇਸ਼ਾਰਾ ਕਰਕੇ) ਇਹ ਲੋਕ ਚੀਨ ਦੀ ਬੋਲੀ ਕਿਉਂ ਬੋਲਦੇ ਹਨ, ਅਮਰੀਕਾ ਦੀ ਅਵਾਜ਼ ਕਿਉਂ ਬੋਲਦੇ ਹਨ ।

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਮੈਂ ਜਦੋਂ ਬੋਲ ਰਿਹਾ ਸੀ ਤਾਂ ਇਹਨਾਂ ਦਾ ਧਿਆਨ ਕਿਧਰੇ ਹੋਰ ਗਿਆ ਹੋਇਆ ਸੀ । ਇਹ ਹੁਣ ਕਮੈਂਟ ਕਰਨ ਲਗੇ ਹੋਏ ਹਨ । ਮੈਂ ਉਸ ਅਮੈਂਡਮੈਂਟ ਨੂੰ ਸਪੋਰਟ ਕੀਤਾ ਸੀ, ਅਪੋਜ਼ ਨਹੀਂ ਕੀਤਾ । ਤੁਹਾਡੀ ਨਿਗਾਹ ਕਿਤੇ ਹੋਰ ਸੀ ।

ਚੌਧਰੀ ਦਰਸ਼ਨ ਸਿੰਘ : ਸਪੋਰਟ ਕਰਦਿਆਂ ਹੋਇਆਂ ਇਹਨਾਂ ਨੇ, ਸਪੀਕਰ ਸਾਹਿਬ ਆਪਣੇ ਖਦਸ਼ਾਤ ਜ਼ਾਹਰ ਕੀਤੇ ਹਨ । ਕਰਦੇ ਤਾਂ ਸਪੋਰਟ ਹੀ ਹਨ ।

(ਇਸ ਸਮੇਂ ਸਰਦਾਰ ਗੁਰਦੇਵ ਸਿੰਘ ਸਿੱਧੂ ਜੀ ਪੁਆਇੰਟ ਆਫ ਆਰਡਰ ਤੇ ਖੜੇ ਹੋਏ)

ਸਰਦਾਰ ਗੁਰਦੇਵ ਸਿੰਘ ਸਿੱਧੂ : ਸਾਡੇ ਹਿੰਦੋਸਤਾਨੀ ਜਾ ਕੇ ਉਹਨਾਂ ਲੋਕਾਂ ਦੀ ਗਰੀਬੀ ਨੂੰ ਐਕਸਪਲਾਇਟ ਕਰਨਗੇ ।

ਚੌਧਰੀ ਦਰਸ਼ਨ ਸਿੰਘ : ਸ. ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ.....

Mr. Speaker : Mr. Gu dev Singh Sidhu is on a point of order.

ਸਰਦਾਰ ਗੁਰਦੇਵ ਸਿੰਘ ਸਿੱਧੂ : ਚੌਧਰੀ ਦਰਸ਼ਨ ਸਿੰਘ ਜੀ ਦਾ ਧਿਆਨ ਉਸ ਸਮੇਂ ਸਰਦਾਰ ਦਰਬਾਰਾ ਸਿੰਘ ਵਲ ਦਿੱਲੀ ਗਿਆ ਹੋਇਆ ਸੀ, ਬੈਠੇ ਇਥੇ ਚੰਡੀਗੜ੍ਹ ਸਨ। ਚੀਨ ਨੂੰ ਹਿੱਸਾ ਦੇ ਦਿਤਾ ਗਿਆ ਹੈ ਉਹ ਕਿਉਂ ਦਿੱਤਾ ਗਿਆ ਹੈ । (ਵਿਘਨ)

ਚੌਧਰੀ ਦਰਸ਼ਨ ਸਿੰਘ : ਹਿੰਦੋਸਤਾਨ ਦੇ ਲੀਡਰ, ਸਪੀਕਰ ਸਾਹਿਬ, ਫੁਲੀ ਅਵੇਅਰ ਹਨ । ਅਸੀਂ ਨਾ ਕਿਸੇ ਦੀ ਜ਼ਮੀਨ ਲੈਣਾ ਚਾਹੁੰਦੇ ਹਾਂ ਔਰ ਨਾ ਹੀ ਦੇਣਾ ਚਾਹੁੰਦੇ ਹਾਂ ਔਰ ਨਾ ਹੀ ਕਿਸੇ ਦੀ ਜ਼ਮੀਨ ਉਪਰ ਜ਼ਬਰਦਸਤੀ ਕਬਜ਼ਾ ਕਰਨਾ ਚਾਹੁੰਦੇ ਹਾਂ । (ਵਿਘਨ) ਦੂਸਰੀ ਗਲ ਸਪੀਕਰ ਸਾਹਿਬ ਇਹ ਹੈ ਕਿ......(ਵਿਘਨ)

Mr. Speaker : Order please.

ਚੌਧਰੀ ਦਰਸ਼ਨ ਸਿੰਘ : ਜੇਕਰ ਇਨ੍ਹਾਂ ਦੀ ਅਕਾਲੀ ਪਾਰਟੀ ਰਾਜਿਆਂ ਦਾ ਰਾਜ ਲੈਣਾ ਚਾਹੁੰਦੀ ਹੈ ਤਾਂ ਮੁਬਾਰਕ ਹੋਵੇ ਇਹਨਾਂ ਨੂੰ, ਲੇਕਿਨ ਮੌਜੂਦਾ ਹਾਲਾਤ ਇਹ ਹਨ ਕਿ ਰਾਜਿਆਂ ਦਾ ਰਾਜ ਖਤਮ ਹੁੰਦਾ ਜਾ ਰਿਹਾ ਹੈ । ਛੋਟੇ ਜਿਹੇ ਮੁਲਕ ਵਿਚ ਜਮਹੂਰੀਅਤ ਰਾਜ ਕਾਇਮ ਕਰ ਦਿਤਾ ਹੈ ਔਰ ਪਾਰਲੀਮੈਂਟ ਵਿਚ ਆਕੇ ਉਹ ਲੋਕ ਸਾਡੇ ਦੁਖ ਸੁਣਨਗੇ, ਆਪਣੇ ਦੁਖ ਸੁਣਾਉਣਗੇ । ਅਸੀਂ ਜਿਤਨੀ ਉਹਨਾਂ ਦੀ ਮੱਦਦ ਕਰ ਸਕਦੇ ਹੋਏ, ਜ਼ਰੂਰ ਕਰਾਂਗੇ । ਇਸ ਤਰਮੀਮ ਨੂੰ ਫੌਰਨ ਪਾਸ ਕਰਨਾ ਚਾਹੀਦਾ ਹੈ ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ ਪੂਰਬ) : ਸਪੀਕਰ ਸਾਹਿਬ, ਜੋ ਸੰਸ਼ੋਧਨ ਇਸ ਹਾਊਸ ਵਿਚ ਸਰਦਾਰ ਉਮਰਾਓ ਸਿੰਘ ਜੀ ਵਲੋਂ ਪੇਸ਼ ਹੋਇਆ ਹੈ, ਜਿਸ ਦੇ ਅਨੁਸਾਰ ਸਿੱਕਮ ਦੇ ਦੋ ਨੁਮਾਇੰਦੇ ਸਾਡੇ ਸਦਨ ਵਿਚ ਆਉਣਗੇ ਔਰ ਆਪਸ ਵਿਚ ਕੋਆਪ੍ਰੇਸ਼ਨ ਵਧੇਗੀ। ਦੋਹਾਂ ਥਾਵਾਂ ਦੀ ਜੰਤਾ ਜਿਹੜੀ ਹੈ ਉਹ ਰਲ ਕੇ ਡਿਵੈਲਪਮੈਂਟ ਦੇ ਕੰਮ ਕਰ ਸਕੇਗੀ । ਮੈਂ ਇਸ ਸੰਸ਼ੋਧਨ ਦਾ ਪੂਰੀ ਤਰ੍ਹਾਂ ਸਮਰਥਨ ਕਰਦਾ ਹਾਂ । ਸਪੀਕਰ ਸਾਹਿਬ, ਇਹ ਹਿੰਦੋਸਤਾਨ ਦੇ ਵਾਸਤੇ ਬੜਾ ਹੀ ਸਟਰੈਟੇਜਿਕ ਪੁਆਇੰਟ ਸੀ । ਸਿੱਕਮ ਔਰ ਉਥੇ ਦੀ ਸਰਕਾਰ ਨਾਲ ਅਜ ਦਾ ਨਹੀਂ ਸਗੋਂ ਸਾਡਾ ਉਹਨਾਂ ਨਾਲ ਪੁਰਾਣਾ ਇਤਿਹਾਸਿਕ ਸਬੰਧ ਹੈ । ਜਿਸ ਤਰ੍ਹਾਂ ਕਿ ਜੋਸ਼ ਸਾਹਿਬ ਨੇ ਦਸਿਆ ਹੈ ਅੰਗਰੇਜ਼ਾਂ ਦੀ ਨੀਤੀ ਡੀਵਾਈਡ ਐਂਡ ਰੂਲ ਦੀ ਹੋਣ ਦੇ ਬਾਵਜੂਦ ਵੀ ਉਹ ਸਿੱਕਮ ਦੇ ਲੋਕ ਸਾਡੇ ਨਾਲ ਰਹੇ । ਔਰ ਅੱਜ ਜੋ ਸਹੀ ਮਹਿਨਿਆਂ ਵਿਚ ਦੇਸ਼ਵਾਸੀ ਹੈ ਉਸ ਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਛੋਟਾ ਜਿਹਾ ਦੇਸ਼ ਜਿਹੜਾ ਕਿ ਹਿੰਦੋਸਤਾਨ ਦੇ ਨਾਲ ਰਲ ਕੇ ਚਲਣਾ ਚਾਹੁੰਦਾ ਹੈ, ਉਹਨਾਂ ਨੂੰ ਆਪਣੇ ਨਾਲ ਸ਼ਾਮਲ ਕਰੀਏ ਔਰ ਉਹਨਾਂ ਨੂੰ ਅਗੇ ਵਧਾਈਏ । ਇਸ ਦੇ ਨਾਲ ਇਕ ਗਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਇਹ ਅੱਗੇ ਹੀ ਗਲਾਂ ਚਲ ਰਹੀਆਂ ਹਨ ।....

(ਇਸ ਸਮੇਂ ਸ੍ਰੀ ਪਿਆਰਾ ਰਾਮ ਧੰਨੋਵਾਲੀ ਜੀ ਪੁਆਇੰਟ ਆਫ਼ ਆਰਡਰ ਤੇ ਖੜੇ ਹੋਏ ।)

ਸ੍ਰੀ ਪਿਆਰਾ ਰਾਮ ਧਨੋਵਾਲੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਤੁਹਾਡੇ ਥਰੂ ਡਾਕਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਉਹਨਾਂ ਦਾ ਮੁਕਤੀ ਬਹਿਨੀ ਔਰ ਸਿੱਖ ਸਟੇਟ ਬਾਰੇ ਕੀ ਵਿਚਾਰ ਹੈ ?

ਆਵਾਜ਼ਾਂ : ਜੈ ਕੌਮ, ਜੈ ਕੌਮ ।

ਡਾਕਟਰ ਬਲਦੇਵ ਪ੍ਰਕਾਸ਼ : ਮੈਂ ਸਪੀਕਰ ਸਾਹਿਬ, ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਸੰਸ਼ੋਧਨ ਆਉਂਦਾ ਹੈ ਜਨਤਾ ਦੇ ਨਾਲ, ਜਨਤਾ ਦੀ ਇੱਛਾ ਦੇ ਅਨੁਸਾਰ ਪਰ ਦੂਜੇ ਪਾਸੇ ਜਨਤਾ ਦੀ ਇੱਛਾ ਨੂੰ ਛੱਡ ਕੇ ਇਕ ਵਿਅੱਕਤੀ ਦੇ ਨਾਲ, ਸ਼ੇਖ ਅਬਦੁਲਾ ਨੂੰ ਖੁਸ਼ ਕਰਨ ਲਈ ਉਸ ਦੇ ਨਾਲ ਸਮਝੌਤਾ ਕੀਤਾ ਜਾਂਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹੋ ਜਿਹੀ ਗਲ ਜਿਹੜੀ ਹੈ ਦੇਸ਼ ਦੇ ਹਿਤਾਂ ਦੇ ਬਰਖਿਲਾਫ ਹੋਵੇਗੀ।

ਜੇ ਸਰਕਾਰ ਨੇ ਕੋਈ ਇਹੋ ਜਿਹਾ ਸਮਝੌਤਾ ਕੀਤਾ ਜਿਹੜਾ ਕਸ਼ਮੀਰ ਦੀ ਜਨਤਾ ਅਤੇ ਹਿੰਦੁਸਤਾਨ ਦੀ ਜਨਤਾ ਦੇ ਬਰਖਿਲਾਫ ਹੋਇਆ ਤਾਂ ਠੀਕ ਨਹੀਂ ਹੋਵੇਗਾ, ਇਸ ਗਲ ਦੀ ਮੈਂ ਚੇਤਾਵਨੀ ਦੇਣਾ ਚਾਹੁੰਦਾ ਹਾਂ।

ਸ਼੍ਰੀ ਪ੍ਰੇਮ ਗੁਪਤਾ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੰਨਸਟੀਚਿਊਸ਼ਨਲ ਅਮੈਂਡਮੈਂਟ ਸਿੱਕਮ ਬਾਰੇ ਹੈ। ਇਸ ਕਰਕੇ ਜਿਹੜਾ ਕੋਈ ਰੈਫਰੈਂਸ ਡਿਸਕਸ਼ਨ ਵਿਚ ਕਸ਼ਮੀਰ ਬਾਰੇ ਆਇਆ ਹੈ ਉਹ ਡੀਲੀਟ ਕਰ ਦਿਤਾ ਜਾਵੇ।

ਸ਼੍ਰੀ ਸਪੀਕਰ ..ਡੀਲੀਟ ਨਹੀਂ ਹੋ ਸਕਦਾ। (This cannot be deleted)

ਮਾਸਟਰ ਚੰਦ ਸਿੰਘ (ਸ਼ੇਰਪੁਰ ਐਸ. ਸੀ.) : ਸਰਦਾਰ ਉਮਰਾਓ ਸਿੰਘ ਜੀ ਨੇ ਜਿਹੜਾ ਸਿੱਕਮ ਬਾਰੇ ਮਤਾ ਇਥੇ ਲਿਆਂਦਾ ਹੈ ਕਿ ਸਿੱਕਮ ਦੇ ਦੋ ਨੁਮਾਇੰਦੇ ਸਾਡੇ ਹਿੰਦੁਸਤਾਨ ਦੀ ਪਾਰਲੀਆਮੈਂਟ ਵਿਚ ਹੋਣਗੇ, ਮੈਂ ਉਸ ਦੀ ਵਿਰੋਧਤਾ ਕਰਨ ਵਾਸਤੇ ਖੜਾ ਹੋਇਆ ਹਾਂ।

ਸਰਦਾਰ ਕ੍ਰਿਪਾਲ ਸਿੰਘ ਰੰਧਾਵਾ : * * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। (This is no point of order.)

ਮਾਸਟਰ ਚੰਦ ਸਿੰਘ : ਹਿੰਦੁਸਤਾਨ ਦੀ ਕਾਂਗਰਸ ਸਰਕਾਰ ਨੇ ਜੋ ਇਹ ਕੀਤਾ ਹੈ, ਇਹ ਸਿੱਕਮ ਨੂੰ ਹੜਪ ਕਰਨ ਵਾਸਤੇ ਕੀਤਾ ਹੈ ਅਤੇ ਸਿੱਕਮ ਤੇ ਕਬਜ਼ਾ ਕਰਨ ਵਾਸਤੇ ਇਹ ਸਭ ਕੁਝ ਕੀਤਾ ਗਿਆ ਹੈ। ਸਾਡੀ ਪਾਰਲੀਆਮੈਂਟ ਦੇ ਵਿਚ ਸਿਰਫ ਉਹੀ ਮੈਂਬਰ ਬਣ ਸਕਦਾ ਹੈ, ਜਿਹੜਾ ਹਿੰਦੁਸਤਾਨ ਦਾ ਸ਼ਹਿਰੀ ਹੋਵੇ, ਬਾਹਰਲੇ ਮੁਲਕ ਦਾ ਕੋਈ ਆਦਮੀ ਮੈਂਬਰ ਨਹੀਂ ਬਣ ਸਕਦਾ। ਰਾਸ਼ਟਰਪਤੀ ਦੀ ਚੋਣ ਵਿਚ ਉਹੀ ਮੈਂਬਰ ਵੋਟ ਪਾ ਸਕਦਾ ਹੈ ਜਿਹੜਾ ਹਿੰਦੁਸਤਾਨ ਦਾ ਸ਼ਹਿਰੀ ਹੋਵੇ। ਇਸ ਕਰਕੇ ਸਿੱਕਮ ਨੂੰ ਹੜੱਪ ਕਰਨ ਲਈ ਹੀ ਇਹ ਸਭ ਕੁਝ ਕੀਤਾ ਗਿਆ ਹੈ ਅਤੇ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ। ਫਿਰ ਜਿਹੜਾ ਇਥੇ ਕਿਹਾ ਗਿਆ ਹੈ ਕਿ ਇਹ ਸਿੱਕਮ ਦੇ ਲੋਕਾਂ ਦੀ ਸਹਿਮਤੀ ਨਾਲ ਕੀਤਾ ਗਿਆ ਹੈ, ਇਹ ਬਿਲਕੁਲ ਗ਼ਲਤ ਹੈ। ਉਥੇ ਲੋਕ ਲਹਿਰਾਂ ਉਠੀਆਂ ਤੇ ਹਿੰਦੁਸਤਾਨ ਦੀ ਸਰਕਾਰ ਨੇ ਸੀ. ਆਰ. ਪੀ. ਭੇਜੀ ਅਤੇ ਉਥੇ ਦੇ ਲੋਕਾਂ ਨੂੰ ਕੁਚਲਿਆ ਅਤੇ ਉਹਨਾਂ ਨੂੰ ਮਜਬੂਰ ਕੀਤਾ ਕਿ ਉਹ ਹਿੰਦੁਸਤਾਨ ਨਾਲ ਸ਼ਾਮਲ ਹੋ ਜਾਣ। (ਵਿਘਨ) ਮੈਂ ਮੰਗ ਕਰਦਾ ਹਾਂ ਕਿ ਇਸ ਮਤੇ ਦਾ ਵਿਰੋਧ ਕੀਤਾ ਜਾਵੇ ਅਤੇ ਜਿਸ ਤਰ੍ਹਾਂ ਸਿੱਕਮ ਦਾ ਦਰਜਾ 1915 ਦੇ ਸਮਝੌਤੇ ਦੇ

---

*Expunged as ordered by the Chair.

ਮੁਤਾਬਿਕ ਪਹਿਲਾਂ ਤੋਂ ਰਖਿਆ ਗਿਆ ਸੀ, ਉਸੇ ਤਰ੍ਹਾਂ ਹੀ ਰਹਿਣਾ ਚਾਹੀਦਾ ਹੈ ਅਤੇ ਜਿਹੜਾ ਡਿਫੈਂਸ ਵਗੈਰਾ ਦਾ ਕੰਮ ਹੈ ਉਹ ਸਾਡੇ ਕੋਲ ਰਹੇ, ਬਾਕੀ ਕੋਈ ਦਖਲ ਨਹੀਂ ਦੇਣਾ ਚਾਹੀਦਾ । ਉਹਨਾਂ ਲੋਕਾਂ ਨੂੰ ਕੁਚਲ ਕੇ ਅਤੇ ਧੱਕੇ ਨਾਲ ਸਰਕਾਰ ਨੂੰ ਆਪਣੇ ਨਾਲ ਨਹੀਂ ਮਿਲਾਣਾ ਚਾਹੀਦਾ । ਮੈਂ ਇਸ ਦੀ ਵਿਰੋਧਤਾ ਕਰਦਾ ਹਾਂ । ਇਸ ਗਲ ਦੀ ਵਿਰੋਧਤਾ ਨੇਪਾਲ, ਪਾਕਿਸਤਾਨ, ਚਾਈਨਾ ਤੇ ਹੋਰ ਗਵਾਂਢੀ ਦੇਸ਼ਾਂ ਨੇ ਵੀ ਕੀਤੀ ਸੀ । ਇਹ ਧੱਕਾ ਨਹੀਂ ਕਰਨਾ ਚਾਹੀਦਾ । (ਵਿਘਨ)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) **:** ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਪਤਾ ਲਗ ਗਿਆ ਕਿ ਸਾਡੇ ਸਾਥੀਆਂ ਦੀ ਸਚਾਈ ਕੀ ਹੈ....

ਕੁਝ ਆਨਰੇਬਲ ਮੈਂਬਰਜ਼ : ਸਾਰਿਆਂ ਨੂੰ ਨਾ ਕਹੋ ।

ਮਾਲ ਮੰਤਰੀ : ਮੈਂ ਸੀ.ਪੀ. (ਐਮ.) ਦੇ ਮੈਂਬਰ ਨੂੰ ਕਹਿ ਰਿਹਾ ਹਾਂ (ਵਿਘਨ) ਚਲੋ ਪਤਾ ਲਗ ਗਿਆ, ਬਿੱਲੀ ਥੈਲੇ ਵਿਚੋਂ ਬਾਹਰ ਆ ਗਈ ਅਤੇ ਉਸਦਾ ਉਘੜ ਉਘੜ ਕੇ ਚਾਈਨਾ ਦਾ ਪਿਆਰ ਅਜ ਸਾਹਮਣੇ ਆ ਰਿਹਾ ਹੈ । ਸਪੀਕਰ ਸਾਹਿਬ, ਪਹਿਲਾਂ ਇਕ ਇਤਰਾਜ਼ ਕੀਤਾ ਗਿਆ ਕਿ ਇਹ ਕਾਂਸਟੀਚਿਊਸ਼ਨ ਦੀ 35 ਵੀਂ ਅਮੈਂਡਮੈਂਟ ਹੈ, 36 ਵੀਂ ਨਹੀਂ । ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ 36 ਵੀਂ ਅਮੈਂਡਮੈਂਟ ਸੀ ਪਰ ਬਾਅਦ ਵਿਚ ਇਸ ਨੂੰ ਬਦਲ ਕੇ 35 ਵੀਂ ਕਰ ਦਿੱਤਾ ਗਿਆ। ਇਸ ਬਿਲ ਨੂੰ ਪਾਰਲੀਆ-ਮੈਂਟ ਦੇ ਦੋਨਾਂ ਸਦਨਾਂ ਨੇ ਪਾਸ ਕਰ ਦਿਤਾ ਹੈ । ਇਸ ਤੋਂ ਪਹਿਲਾਂ ਸਿੱਕਮ ਦੀ ਇਕ ਅਸੈਂਬਲੀ ਬਣੀ ਅਤੇ ਉਸ ਨੇ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਫਿਰ ਉਹਨਾਂ ਨੇ ਗਵਰਮੈਂਟ ਆਫ ਸਿੱਕਮ ਐਕਟ ਵੀ ਪਾਸ ਕੀਤਾ । ਉਸ ਐਕਟ ਦੇ ਰਾਹੀਂ ਇਹ ਮੰਗ ਕੀਤੀ ਗਈ ਸੀ ਕਿ ਹਿੰਦੁਸਤਾਨ ਦੇ ਨਾਲ ਤਾਅਲੁਕਾਤ ਵਧਾਏ ਜਾਣ । ਉਸ ਬਿਲ ਨੂੰ ਸਿੱਕਮ ਦੇ ਚੋਗਿਆਲ ਨੇ ਮੰਨਜ਼ੂਰੀ ਦਿਤੀ । ਮੰਨਜ਼ੂਰੀ ਦੇਣ ਤੋਂ ਬਾਅਦ ਉਥੇ ਦੀ ਅਸੈਂਬਲੀ ਦੇ ਰਿਪਰੈਜ਼ੇਂਟੇਟਿਵਜ਼ ਜਿਹੜੇ ਸਨ, ਉਹ ਦਿਲੀ ਆਏ ਤੇ ਉਹਨਾਂ ਨੇ ਗਵਰਨਮੈਂਟ ਆਫ ਇੰਡੀਆ ਨਾਲ ਗਲ ਬਾਤ ਕੀਤੀ ਅਤੇ ਉਹਨਾਂ ਨੇ ਮੰਗ ਕੀਤੀ ਕਿ ਸਿੱਕਮ ਨੂੰ ਭਾਰਤ ਦੀ ਇਕ ਐਸੋਸ਼ਿਏਟ ਸਟੇਟ ਦਾ ਦਰਜਾ ਦਿਤਾ ਜਾਵੇ ਕਿਉਂਕਿ ਉਹ ਇਕ ਪਿਛੜਿਆ ਹੋਇਆ ਇਲਾਕਾ ਰਿਹਾ ਹੈ ਅਤੇ ਉਸ ਦੀ ਡਿਵੈਲਪਮੈਂਟ ਹੋ ਸਕੇ । ਸੋ ਮੈਂ ਸਮਝਦਾ ਹਾਂ ਕਿ ਸਾਡੇ ਸਾਥੀਆਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਸਿੱਕਮ ਦੇ ਜਿਹੜੇ ਸਾਥੀ ਪਿਛੜੇ ਹੋਏ ਹਨ, ਜਿਨ੍ਹਾਂ ਦਾ ਕਲਚਰ ਸਾਡੇ ਨਾਲ ਮਿਲਦਾ ਹੈ, ਸਦੀਆਂ ਤੋਂ ਸਾਡੇ ਨਾਲ ਰਹੇ ਹਨ, ਆਪਣੇ ਉਹਨਾਂ ਮਾਮਲਿਆਂ ਨੂੰ ਜਿਹੜੇ ਕਿ ਫਾਰੇਨ ਅਫੇਰਜ਼ ਦੇ ਹਨ, ਰੇਲਵੇਜ਼ ਦੇ ਜਾਂ ਹੋਰ ਡਿਵੈਲਪਮੈਂਟ ਦੇ ਕੰਮ ਹਨ, ਸਾਡੇ ਨਾਲ ਮਿਲ ਕੇ ਹਲ ਕਰ ਸਕਣ । ਇਸ ਲਈ ਮੇਰੀ ਗੁਜ਼ਾਰਿਸ਼ ਹੈ ਕਿ ਅਸੀਂ ਇਥੇ ਬੈਠੇ ਹਾਂ ਅਤੇ ਪੰਜਾਬ ਦੇ ਲੋਕਾਂ ਦੇ ਨੁਮਾਇੰਦੇ ਹਾਂ, ਸਾਨੂੰ ਪੰਜਾਬ ਦੇ ਅਤੇ ਹਿੰਦੁਸਤਾਨ ਦੇ ਹਿਤਾਂ ਦਾ ਸੋਚਣਾ ਚਾਹੀਦਾ ਹੈ, ਹੋਰ ਬਾਹਰਲੀਆਂ ਤਾਕਤਾਂ ਦੇ ਹਿਤਾਂ ਦਾ ਨਹੀਂ ਸੋਚਣਾ ਚਾਹੀਦਾ । ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰ ਦਿਤਾ ਜਾਵੇ ।

Mr. Speaker : Question is—

That this House ratifies the amendments to the Constitution of India falling within the purview of the proviso to clause (2) of Article 368 thereof proposed to be made by the Constitution (Thirty sixth Amendment) Bill, 1974, as passed by the two Houses of Parliament, which seeks

to give effect to the wishes of the people of Sikkim for strengthening Indo-Sikkim co-operation and interrelationship and the short title of which has been changed into "the Constitution (Thirty-fifth Amendment) Act, 1974."

The motion was carried.

Mr. Speaker : The House stands adjourned till 9.00 a.m. on Saturday, the 11th January, 1975.

2.00 p.m. *(The Sabha then adjourned till 9.00 A.M. on Saturday, the 11th January,* 1975.)

1398—25-4-75—286—Pb. Govt. Press, Patiala.

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

11th January, 1975

Vol. I—No. 5

OFFICIAL REPORT

CONTENTS

Saturday, the 11th January, 1975

Punjab Vidhan Sabha Secretariat, Chandigarh.

Price : Rs. 38-00

PUNJAB VIDHAN SABHA

Saturday, the 11th January, 1975.

*The Vidhan Sabha met in the Punjab Vidhan Sabha Hall, Vidhan Bhavan, Chandigarh—*160001, *at* 9.00 *A.M. of the Clock. Mr. Speaker (Doctor Kewal Krishan) in the Chair.*

STARRED QUESTIONS AND ANSWERS

Mr. Speaker : First the House will take up supplementaries to Starred Question No. 2900 appearing in the list of Starred Questions dated 10th January, 1975. Thereafter the remaining questions on that list will be taken up.

SUPPLEMENTARIES TO STARRED QUESTION NO. **2900

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਲ੍ਹ ਆਪਣੇ ਸਵਾਲ ਦੇ ਜਵਾਬ ਵਿਚ ਦੱਸਿਆ ਸੀ ਕਿ 8,000.00 ਰੁਪਏ ਦੇ ਕਰੀਬ ਗਬਨ ਹੋਇਆ ਹੈ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚ ਜੋ ਜ਼ਿਮੀਂਦਾਰ ਅਫ਼ਸਰ ਹਨ ਜਾਂ ਬਟਾਲੇ ਦੇ ਦੁਕਾਨਦਾਰ ਹਨ ਕੀ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ਅਤੇ ਕਿਹੜੀ ਤਾਰੀਖ ਤਕ ਉਨ੍ਹਾਂ ਤੋਂ ਇਸਦੀ ਰਿਕਵਰੀ ਕਰ ਲੈਣਗੇ?

ਖੇਤੀਬਾੜੀ ਅਤੇ ਜੰਗਲਾਤ ਮੰਤਰੀ (ਮਾਸਟਰ ਗੁਰਬੰਤਾ ਸਿੰਘ): ਸਪੀਕਰ ਸਾਹਿਬ, ਮੈਂ ਇਹ ਤਾਂ ਨਹੀਂ ਕਿਹਾ ਸੀ ਕਿ ਗਬਨ ਹੋਇਆ ਹੈ । (ਸ਼ੋਰ)

Mr. Speaker : Order please, order.

ਮੰਤਰੀ : ਸਪੀਕਰ ਸਾਹਿਬ, ਟੈਕਸ ਦੀ ਇਵੇਯਨ ਹੋਈ ਹੈ । ਪਰ ਪੰਜਾਬ ਦੇ ਜਿਹੜੇ ਵਪਾਰੀ ਸਨ ਉਹ ਹਾਈ ਕੋਰਟ ਵਿਚ ਚਲੇ ਗਏ ਸਨ ਅਤੇ ਉਥੋਂ (ਹਾਈ ਕੋਰਟ ਵਿਚੋਂ) ਉਨ੍ਹਾਂ ਦਾ ਕੇਸ ਖਾਰਜ ਹੋਇਆ ਤਾਂ ਉਹ ਸੁਪ੍ਰੀਮ ਕੋਰਟ ਵਿਚ ਚਲੇ ਗਏ,ਪਰ ਅਸੀਂ ਹਾਲੇ ਵੀ ਇਸ ਕੋਸ਼ਿਸ਼ ਵਿਚ ਹਾਂ ਕਿ ਉਨ੍ਹਾਂ ਕੋਲੋਂ ਵਸੂਲੀ ਕੀਤੀ ਜਾਵੇ ।

ਸਰਦਾਰ ਸੁਰਜੀਤ ਸਿੰਘ ਸਿੱਧੂ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਲ੍ਹ ਇਨ੍ਹਾਂ ਨੇ ਜਵਾਬ ਦਿੰਦੇ ਹੋਏ ਕਿਹਾ ਸੀ ਕਿ ਕੁਝ ਅਧਿਕਾਰੀ ਇਸ ਦੀ ਪੜਤਾਲ ਵਾਸਤੇ ਭੇਜੇ ਹੋਏ ਹਨ । ਮੇਰੀ ਇਹ ਰਿਪੋਰਟ ਹੈ ਕਿ ਉਨ੍ਹਾਂ ਦੇ ਖਿਲਾਫ ਵੀ ਕੁਰੱਪਸ਼ਨ ਦੇ ਚਾਰਜਿਜ਼ ਹਨ, ਇਸ ਲਈ ਕੀ ਇਹ ਵਿਜਿਲੈਂਸ ਡਿਪਾਰਟਮੈਂਟ ਜਾਂ ਡੀ. ਆਈ. ਜੀ. ਤੋਂ ਇਸ ਦੀ ਇਨਕੁਆਇਰੀ ਕਰਵਾਉਣਗੇ? ਇਹ ਇਕ ਬਹੁਤ ਵੱਡਾ ਸਕੈਂਡਲ ਹੈ ।

ਮੰਤਰੀ : ਸਪੀਕਰ ਸਾਹਿਬ, ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। (ਸ਼ੋਰ) ਮੈਂ ਮਾਰਕੀਟਿੰਗ ਬੋਰਡ ਦੇ 6, 7 ਸੀਨੀਅਰ ਕਰਮਚਾਰੀ ਉਥੇ ਪੜਤਾਲ ਵਾਸਤੇ ਲਾਏ ਹੋਏ ਹਨ, ਉਨ੍ਹਾਂ ਦੀ ਰਿਪੋਰਟ ਆਏਗੀ ਅਤੇ ਫਿਰ ਕਾਨੂੰਨ ਦੇ ਮੁਤਾਬਕ ਉਨ੍ਹਾਂ ਨੂੰ ਨੋਟਿਸ ਸਰਵ ਕਰਾਂਗੇ ਅਤੇ ਫਿਰ ਵਸੂਲੀ ਕਰਾਂਗੇ।

**For Starred Question No. 2900 and reply thereto please see P.V.S. Debates dated 10-1-75.

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਡੀਲਰਜ਼ ਹਾਈਕੋਰਟ ਚਲੇ ਗਏ ਉਥੇ ਉਨ੍ਹਾਂ ਦਾ ਕੇਸ ਰਿਜੈਕਟ ਹੋ ਗਿਆ ਤਾਂ ਉਹ ਸੁਪ੍ਰੀਮ ਕੋਰਟ ਚਲੇ ਗਏ, ਇਸ ਦੇ ਮੁਤਅੱਲਕ ਮੈਂ ਇਹ ਪੁੱਛਦਾ ਹਾਂ ਕਿ ਕੋਈ ਮਾਰਕੀਟਿੰਗ ਫੀਸ ਰਿਲੀਜ਼ ਕਰਨ ਵਾਸਤੇ ਕੋਈ ਪੀਰੀਅਡ ਵੀ ਰਖਿਆ ਹੈ ਅਤੇ ਉਨ੍ਹਾਂ ਡੀਲਰਜ਼ ਨੂੰ ਸੁਪ੍ਰੀਮ ਕੋਰਟ ਤੋਂ ਸਟੇ ਆਰਡਰ ਮਿਲੇ ਹਨ ਜਾਂ ਸਿਰਫ ਇਹ ਇਸ ਕਰਕੇ ਚੁੱਪ ਹਨ ਕਿ ਉਹ ਸੁਪ੍ਰੀਮ ਕੋਰਟ ਵਿਚ ਚਲੇ ਗਏ ਹਨ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸ ਚੁਕਿਆ ਹਾਂ ਕਿ ਜਿਹੜੇ ਮੋਗੇ ਦੇ ਵਪਾਰੀ ਸੀ ਉਹ ਨਾ ਹਾਈ ਕੋਰਟ ਗਏ ਅਤੇ ਨਾ ਸੁਪ੍ਰੀਮ ਕੋਰਟ ਗਏ ਕਿਉਂਕਿ ਹੋਰ ਵਪਾਰੀ ਸੁਪ੍ਰੀਮ ਕੋਰਟ ਵਿਚ ਚਲੇ ਗਏ ਸੀ ਇਸ ਵਾਸਤੇ ਉਨ੍ਹਾਂ ਨੂੰ ਵੀ ਇਹ ਇੰਮਪਰੈਸ਼ਨ ਸੀ ਕਿ ਸ਼ਾਇਦ ਅਸੀਂ ਵੀ ਫੀਸ ਨਾ ਦੇ ਸਕਾਂਗੇ । ਅਸੀਂ ਉਨ੍ਹਾਂ ਤੋਂ 1972 ਤੋਂ ਵਸੂਲੀ ਕਰਨ ਲਈ ਕੋਸ਼ਿਸ਼ ਕਰ ਰਹੇ ਹਾਂ ਪਰ ਕਦੇ ਤਾਂ ਉਹ ਆਪਣੀਆਂ ਵਹੀਆਂ ਨਹੀਂ ਵਿਖਾਉਂਦੇ ਅਤੇ ਕਦੇ ਕੋਈ ਹੋਰ ਬਹਾਨਾ ਕਰ ਜਾਂਦੇ ਹਨ ...।

ਸ੍ਰੀ ਪ੍ਰੇਮ ਗੁਪਤਾ : ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ।

ਸ੍ਰੀ ਸਪੀਕਰ : ਵਜ਼ੀਰ ਸਾਹਿਬ ਨੂੰ ਜਵਾਬ ਦੇ ਦੇਣ ਦਿਉ । (Let the hon. Minister finish the reply.)

ਮੰਤਰੀ : ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਅਸੀਂ 1972 ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਉਨ੍ਹਾਂ ਤੋਂ ਵਸੂਲੀ ਕੀਤੀ ਜਾਵੇ ਪਰ ਇਨਕੁਆਇਰੀ ਦੀ ਰਿਪੋਰਟ ਆ ਜਾਵੇ ਉਸ ਦੇ ਮੁਤਾਬਿਕ ਹੀ ਫੀਸ ਵਸੂਲ ਕਰਾਂਗੇ ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਕਲ੍ਹ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਮਾਰਕੀਟਿੰਗ ਫੀਸ ਦੀ ਇਵੈਯਨ ਹੁੰਦੀ ਹੈ, ਚੋਰੀ ਹੁੰਦੀ ਹੈ । ਉਸ ਦੇ ਲਈ ਕੀ ਇਹ ਉਸ ਨੂੰ ਚੈਕ ਕਰਨ ਵਾਸਤੇ ਸਟਾਕ ਆਦਿ ਨੂੰ ਚੈਕ ਕਰਨ ਵਾਸਤੇ ਕੋਈ ਜ਼ਬਰਦਸਤ ਮਸ਼ੀਨਰੀ ਬਣਾਉਣਗੇ ਜਿਹੜੀ ਕਿ ਇਸ ਦੀ ਪੜਤਾਲ ਕਰ ਸਕੇ ?

ਮੰਤਰੀ : ਸਪੀਕਰ ਸਾਹਿਬ, ਜ਼ਬਰਦਸਤ ਮਸ਼ੀਨਰੀ ਬਣਾਈ ਹੋਈ ਹੈ ਜਿਹੜੀ ਇਸ ਦੀ ਪੜਤਾਲ ਕਰ ਰਹੀ ਹੈ । (ਸ਼ੋਰ)

ਸ੍ਰੀ ਸਪੀਕਰ : ਮਾਸਟਰ ਜੀ, ਤੁਸੀਂ ਇਕ ਵਾਰੀ ਚੰਗੀ ਤਰ੍ਹਾਂ ਐਕਸਪਲੇਨ ਕਰ ਦਿਓ ਤਾਂਕਿ ਜ਼ਿਆਦਾ ਸਪਲੀਮੈਂਟਰੀ ਨਾ ਹੋਣ । (Master ji, you may please explain the position properly so that more supplementaries may not be raised.)

ਸਰਦਾਰ ਸੁਖਦੇਵ ਸਿੰਘ : ਕਲ੍ਹ ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਸੀ ਕਿ ਮੋਗੇ ਅਤੇ ਅੰਮ੍ਰਿਤਸਰ ਦੀਆਂ ਮੰਡੀਆਂ ਵਿਚ ਜਿਹੜੀ ਟੈਕਸ ਦੀ ਇਵੈਯਨ ਹੋਈ ਹੈ ਜਿਹੜੀ ਕਿ 5.8 ਲੱਖ ਦੀ ਹੈ ਉਸ ਦੀ ਪੜਤਾਲ ਕਰਵਾ ਰਹੇ ਹਾਂ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਸ ਤਰ੍ਹਾਂ ਹੋਰ ਮੰਡੀਆਂ ਵਿਚ ਆਪਣਾ ਸਟਾਫ ਭੇਜ ਕੇ ਪੜਤਾਲ ਕਰਵਾਉਣਗੇ?

ਮੰਤਰੀ : ਸਪੀਕਰ ਸਾਹਿਬ, ਮੈਂ ਕਲ ਵੀ ਦੱਸ ਦਿੱਤਾ ਸੀ ਅਤੇ ਅੱਜ ਵੀ ਇਸ ਨੂੰ ਤਫਸੀਲ ਵਿਚ ਦੱਸ ਦੇਣਾ ਚਾਹੁੰਦਾ ਹਾਂ ... (ਸ਼ੋਰ) ਸਪੀਕਰ ਸਾਹਿਬ, ਕੁਝ ਆਈਟਮਜ਼ ਹਨ...

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਜੇ ਇਨ੍ਹਾਂ ਨੇ ਵਿਸਤਾਰ ਵਿਚ ਦੱਸਣਾ ਹੈ ਤਾਂ ਪਹਿਲੇ ਕੁਝ ਸਵਾਲ ......

ਸ੍ਰੀ ਸਪੀਕਰ : ਨਹੀਂ ਜੀ, ਇਹ ਬਰੀਫ ਹੀ ਜਵਾਬ ਦੇਣਗੇ । (No please, he will give reply in brief.)

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੇ ਜਵਾਬ ਵਿਚ ਤਾਂ ਫਿਰ ਅਸੀਂ ਬਾਕੀ ਮੰਡੀਆਂ ਦੀ ਵੀ ਪੜਤਾਲ ਕਰਾਂਗੇ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਮੋਗਾ ਅੰਮ੍ਰਿਤ-ਸਰ ਵਿਚ ਕਰੋੜਾਂ ਰੁਪਏ ਦਾ ਗੁੜ ਪਿਆ ਹੈ ਜਿਥੋਂ ਕਿ ਲੱਖਾਂ ਰੁਪਏ ਮਾਰਕੀਟਿੰਗ ਫੀਸ ਬਣਦੀ ਹੈ ਅਤੇ ਮਨਿਸਟਰ ਸਾਹਿਬ ਨੇ ਆਪ ਵੀ ਮੰਨਿਆ ਸੀ ਕਿ ਉਥੇ 5.6 ਲੱਖ ਦੀ ਇਵੇਯਨ ਹੋਈ ਹੈ । ਸਪੀਕਰ ਸਾਹਿਬ, ਇਹ ਮਸਲਾ 1972 ਦਾ ਹੈ ਇਨ੍ਹਾਂ ਨੇ ਉਸ ਵੇਲੇ ਇਕ ਮਾਰਕੀਟਿੰਗ ਬੋਰਡ ਦਾ ਇਕ ਅਫਸਰ ਉਥੇ ਇਨਕੁਆਇਰੀ ਕਰਨ ਲਈ ਭੇਜਿਆ ਸੀ, ਪਰ ਉਸ ਨੂੰ ਵਪਾਰੀਆਂ ਨੇ ਰਿਕਾਰਡ ਵਿਖਾਉਣ ਤੋਂ ਨਾਂਹ ਕਰ ਦਿੱਤੀ ਅਤੇ ਜੇ ਕੋਈ ਉਸ ਦੇ ਪਾਸ ਰਿਕਾਰਡ ਸੀ ਤਾਂ ਉਹ ਖੋਹ ਲਿਆ ਅਤੇ ਉਸ ਦੀ ਮਾਰਕੁਟਾਈ ਵੀ ਕੀਤੀ ਗਈ । ਉਨ੍ਹਾਂ ਦਾ ਪ੍ਰੈਜ਼ੀਡੈਂਟ ਸ੍ਰੀ ਓਮ ਪ੍ਰਕਾਸ਼ ਸੀ । ਮੈਂ ਇਹ ਪੁੱਛਦਾ ਹਾਂ ਕਿ 1972 ਤੋਂ ਲੈ ਕੇ ਹੁਣ 1975 ਚਲ ਰਿਹਾ ਹੈ ਉਸ ਦੇ ਖਿਲਾਫ ਮੁਕੱਦਮਾ ਕਿਉਂ ਨਹੀਂ ਦਰਜ ਕੀਤਾ ਗਿਆ?

ਮੰਤਰੀ : ਇਹ ਗੱਲ ਠੀਕ ਹੈ ਕਿ 1972 ਵਿਚ ਇਕ ਬੋਰਡ ਦਾ ਕਰਮਚਾਰੀ ਗਿਆ ਸੀ, ਉਥੇ ਮੋਗਾ ਮਾਰਕਿਟ ਵਿਚ ਵਪਾਰੀ ਨੇ ਉਸ ਦੇ ਹੱਥੋਂ ਕਾਗਜ਼ ਖੋਹ ਲਏ ਸੀ, ਅਤੇ ਰਜਿਸਟਰ ਵੀ ਨਹੀਂ ਸੀ ਵਿਖਾਇਆ । ਉਸ ਨੇ ਕਾਨੂੰਨ ਦੇ ਮੁਤਾਬਿਕ ਜੋ ਚਾਰਾਜੋਈ ਕਰ ਸਕਦੇ ਸੀ ਕੀਤੀ । ਮੈਨੂੰ ਸਾਰੀ ਗੱਲ ਹੁਣ ਯਾਦ ਨਹੀਂ ਸ਼ਾਇਦ ਰਿਪੋਟ ਵੀ ਪੁਲਿਸ ਦੇ ਵਿਚ ਦਰਜ ਕਰਵਾਈ ਸੀ । ਉਹ ਨਵਾਂ ਨੋਟਿਸ ਦੇ ਦੇਣ ਪਤਾ ਕਰਕੇ ਦਸ ਦੇਵਾਂਗਾ ।

ਸਰਦਾਰ ਸਾਧੂ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਮੋਗਾ ਮੰਡੀ ਵਿਚ ਐਡਾ ਵੱਡਾ ਗਬਨ ਹੋਇਆ ਹੈ, ਉਹੀ ਦਸਣ ਗ਼ਬਨ ਕਰਨ ਵਾਲੇ ਦੇ ਖਿਲਾਫ ਇਨ੍ਹਾਂ ਨੇ ਕੀ ਐਕਸ਼ਨ ਲਿਆ ਹੈ?

ਮੰਤਰੀ : ਮੈਂ ਸਾਰੀ ਗੱਲ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਗੁੜ, ਸ਼ੱਕਰ, ਖੰਡਸਾਰੀ ਇਹ ਸਾਰੀਆਂ ਬਾਹਰਲੇ ਸੂਬਿਆਂ ਤੋਂ ਆਉਂਦੀ ਹਨ । ਅਸੀਂ ਉਨ੍ਹਾਂ ਦੇ ਖਿਲਾਫ ਜੋ ਕਾਨੂੰਨੀ ਕਾਰਵਾਈ ਕਰ ਸਕਦੇ ਸੀ ਕੀਤੀ । ਜਦੋਂ ਕਰਮਚਾਰੀ ਦੇ ਹਥੋਂ ਕਾਗਜ਼ ਖੋਹ ਲਏ, ਹਾਈ ਕੋਰਟ ਵਿਚ ਰਿੱਟ ਦਾਇਰ ਹੋਈ (ਵਿਘਨ) ਜਦੋਂ ਹਾਈ ਕੋਰਟ ਸਟੇ ਆਰਡਰ ਦੇ ਦੇਵੇ, ਅਸੀਂ ਕੀ ਕਰ ਸਕਦੇ ਹਾਂ । (ਵਿਘਨ)

ਸ੍ਰੀ ਸਪੀਕਰ : ਆਨਰੇਬਲ ਮੈਂਬਰ ਨੂੰ ਸੋਚਣਾ ਚਾਹੀਦਾ ਹੈ ਕਿ ਜਦੋਂ ਉਨ੍ਹਾਂ ਦੀ ਪਾਰਟੀ ਦਾ ਇਕ ਸੀਨੀਅਰ ਮੈਂਬਰ ਬੋਲ ਰਿਹਾ ਹੈ ਉਹ ਕਿਉਂ ਇੰਟਰੱਪਟ ਕਰਦੇ ਹਨ । (Hon. Member should not interrupt when a senior Member of his party is on his legs.)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਉਹ 1972 ਦੇ ਮਗਰ ਲਗੇ ਹੋਏ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਐਨੀ ਨਿਰਬਲ ਹੋ ਗਈ ਹੈ ਕਿ ਉਹ ਹੁਣ ਤੱਕ ਉਨ੍ਹਾਂ ਦੇ ਗੁੜ ਸ਼ੱਕਰ ਵਾਲੇ ਰਜਿਸਟਰ ਹੀ ਵੇਖ ਨਹੀਂ ਸਕੇ ?

ਮੰਤਰੀ : ਆਨਰੇਬਲ ਮੈਂਬਰ ਤਾਂ ਇਕ ਸਿਆਣੇ ਵਕੀਲ ਹਨ, ਉਨ੍ਹਾਂ ਨੂੰ ਕੀ ਇਹ ਨਹੀਂ ਪਤਾ ਕਿ ਜਦੋਂ ਕੋਈ ਰਿੱਟ ਦਾਇਰ ਕਰ ਦੇਵੇ ਅਤੇ ਸਟੇ ਆਰਡਰ ਹਾਸਲ ਕਰ ਲਏ ਤਾਂ ਸਰਕਾਰ ਉਸ ਹਾਲਤ ਵਿਚ ਕੀ ਕਰ ਸਕਦੀ ਹੈ ?

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, ਉਥੇ ਤਾਂ 8 ਲੱਖ ਦੀ ਕੁਰੱਪਸ਼ਨ ਹੋਈ ਹੈ ਮਾਰਕਿਟਿੰਗ ਬੋਰਡ ਦੇ ਖਿਲਾਫ ਗਵਰਨਰ ਨੂੰ ਮੈਮੋਰੰਡਮ ਦਿੱਤਾ ਗਿਆ, ਕਿ ਉਨ੍ਹਾਂ ਨੇ ਮਾਰਚ 74 ਵਿਚ ਛੋਲਾ 78–80 ਦੇ ਭਾਉ ਵੇਚਿਆ, ਹੁਣ ਇਹ ਕਹਿੰਦੇ ਹਨ ਕਿ ਹਾਈਕੋਰਟ ਤੋਂ ਸਟੇ ਹੋਈ ਹੈ ਅਸੀਂ ਕੁਝ ਨਹੀਂ ਕਰ ਸਕਦੇ... (ਵਿਘਨ)

ਸ੍ਰੀ ਸਪੀਕਰ : ਆਨਰੇਬਲ ਮੈਂਬਰ, ਇਨਫਾਰਮੇਸ਼ਨ ਦੇ ਰਹੇ ਹਨ, ਸਪਲੀਮੈਂਟਰੀ ਕਰਨ । (Hon. Member is giving information. He should put a supplementary question.)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਮੈਂ ਕਹਿ ਰਿਹਾ ਸੀ ਉਥੇ ਇਕ ਕਮਜ਼ੋਰ ਮਾਰਕਿਟ ਬੋਰਡ ਹੈ ਜਿਸ ਦੀ ਵਜਾਹ ਨਾਲ ਇਨਸਪੈਕਟਰ ਵਪਾਰੀਆਂ ਨਾਲ ਮਿਲ ਕੇ ਖਾ ਰਹੇ ਹਨ । ਇਹ ਇਕ ਸਫੈਦ ਹਾਥੀ ਹੈ । ਇਹ ਤੋੜਨਾ ਚਾਹੀਦਾ ਹੈ ।

ਸ੍ਰੀ ਸਪੀਕਰ : ਇਹ ਕੋਈ ਕੁਐਸਚਨ ਨਹੀਂ ।(This is no supplementary.)

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਸ ਵੇਲੇ ਬੋਰਡ ਦੇ ਅਧਿਕਾਰੀਆਂ ਨੇ ਉਨ੍ਹਾਂ ਦੇ ਰਜਿਸਟਰ ਵੇਖਣ ਦੀ ਕੋਸ਼ਿਸ਼ ਕੀਤੀ ਕੀ ਉਨ੍ਹਾਂ ਵਲੋਂ ਰਜਿਸਟਰ ਨਾ ਵਿਖਾਉਣ ਦੀ ਕੋਈ ਰਿਪੋਟ ਵੀ ਹੋਈ ਹੈ ਜਾਂ ਨਹੀਂ ? ਜੇ ਕੋਈ ਰਿਪੋਰਟ ਨਹੀਂ ਹੋਈ ਤ ਇਸ ਦਾ ਕੀ ਕਾਰਨ ਹੈ ? ਦੂਸਰੀ ਗੱਲ ਇਹ ਕਿ ਕੀ ਕੋਈ ਹੋਰ ਜਗ੍ਹਾ ਵੀ ਕਿਸੇ ਮੰਡੀ ਵਿਚ ਇਸ ਤਰ੍ਹਾਂ ਦੀ ਗੱਲ ਹੋਈ ਅਤੇ ਸਰਕਾਰ ਨੇ ਉਨ੍ਹਾਂ ਬਾਰੇ ਕੀ ਕੀਤਾ ?

ਮੰਤਰੀ : ਰਿਪੋਟ ਬਾਰੇ ਮੈਂ ਪਹਿਲਾਂ ਕਹਿ ਚੁਕਾਂ ਹਾਂ । ਬਾਕੀ ਸਾਡੇ ਬੋਰਡ ਦੇ ਕਰਮਚਾਰੀ ਅੰਮ੍ਰਿਤਸਰ, ਲੁਧਿਆਣੇ ਅਤੇ ਜਗਰਾਵਾਂ ਗਏ ਸੀ, ਉਨ੍ਹਾਂ ਨੇ ਮਿਊਂਸਿਪਲ ਕਮੇਟੀ ਤੋਂ ਰਿਕਾਰਡ ਲਿਆ। ਜਿਹੜਾ ਚੈੱਕ ਕੀਤਾ ਜਾ ਰਿਹਾ ਹੈ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਆਪਦੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਮਾਰਕਿਟ ਵਿਚ ਗੁੜ, ਸ਼ੱਕਰ ਦੀ ਚੋਰੀ ਹੋਈ ਅਤੇ ਸੁਪਰੀਮ ਕੋਰਟ ਵਿਚ ਕੇਸ ਜਾਣ ਕਰਕੇ ਕਰਮਚਾਰੀ ਕੁਝ ਕਰ ਨਹੀਂ ਸਕੇ । ਪਰ ਜਿਹੜੀ 2,000 ਬੋਰੀ ਪੰਜਾਬ ਦੇ ਗਵਰਨਰ ਨੂੰ ਪੇਸ਼ ਕਰਨ ਲਈ ਇੱਕਠੀ ਕੀਤੀ ਅਤੇ 1500 ਬੋਰੀ ਪੰਜਾਬ ਦੇ ਗਵਰਨਰ ਨੂੰ ਪੇਸ਼ ਕੀਤੀ ਕੀ ਇਹ ਇੰਦਰਾਜ਼ ਮਾਰਕਿਟ ਕਮੇਟੀ ਦੇ ਰਜਿਸਟਰ ਵਿਚ ਹੈ ? ਜੇ ਨਹੀਂ ਤਾਂ ਮੈਂ ਅਰਜ਼ ਕਰਾਂਗਾ ਕਿ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਬਣਾਈ ਜਾਵੇ ਜਿਹੜੀ ਇਸ ਚੋਰੀ ਦੇ ਮੁਆਮਲੇ ਦੀ ਪੂਰੀ ਤਰ੍ਹਾਂ ਪੜ੍ਹਤਾਲ ਕਰੇ।

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ । (This is no supplementary.)

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ** ਰਹੇ ਸਨ)

**Not recorded as ordered by the Chair

ਸ੍ਰੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰ ਬੈਠੇ ਬੈਠੇ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever is being said by the hon. Members, while sitting, should not be recorded.)

ਚੌਧਰੀ ਦਰਸ਼ਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੰਡੀ ਰਾਹੀਂ 5 ਕਰੋੜ ਐਨੂਅਲ ਬਿਉਪਾਰ ਹੁੰਦਾ ਹੈ, ਉਹ ਲੋਕਾਂ ਨੂੰ ਰਸੀਦਾਂ ਦੇਂਦੇ ਹਨ ਅਤੇ ਮਾਰਕਿਟ ਫੀ ਲੈਂਦੇ ਹਨ, ਪਰ ਉਹ ਮਾਰਕਿਟ ਫੀ, ਮਾਰਕਿਟ ਕਮੇਟੀ ਪਾਸ ਜਮ੍ਹਾਂ ਨਹੀਂ ਕਰਾਈ ਜਾਂਦੀ, ਇਸ ਦਾ ਕੀ ਕਾਰਨ ਹੈ?

ਮੰਤਰੀ : ਇਹੋ ਜੇਹੀ ਮਾਰਕਿਟ ਫੀ ਜਮ੍ਹਾ ਨਾ ਕਰਾਉਣ ਦੀ ਕੋਈ ਗੱਲ ਸਾਡੇ ਕੋਲ ਨਹੀਂ ਆਈ । ਇਸ ਤਰ੍ਹਾਂ ਦੀ ਜੇ ਕੋਈ ਗੱਲ ਹੋਵੇਗੀ ਅਸੀਂ ਫੌਰਨ ਐਕਸ਼ਨ ਲਵਾਂਗੇ ।

ਮਾਸਟਰ ਚੰਦ ਸਿੰਘ : ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਗੁੜ, ਸ਼ੱਕਰ ਅਤੇ ਖੰਡਸਾਰੀ ਦੀ ਤਾਂ ਗੱਲ ਹੋਰ ਹੈ, ਮਾਰਕਿਟ ਬੋਰਡ ਨੇ ਸਿਆਸੀ ਮੰਤਵ ਨੂੰ ਮੁੱਖ ਰੱਖਦੇ ਹੋਏ ਬਹੁਤ ਪੈਸਾ ਇਕੱਠਾ ਕੀਤਾ? ਜੇ ਇਹ ਠੀਕ ਹੈ ਤਾਂ ਕੀ ਸਰਕਾਰ ਪੜ੍ਹਤਾਲ ਲਈ ਹਾਊਸ ਦੇ ਮੈਂਬਰਾਂ ਦੀ ਕੋਈ ਕਮੇਟੀ ਬਣਾਉਣ ਨੂੰ ਤਿਆਰ ਹੈ?

ਮੰਤਰੀ : ਇਹ ਸਵਾਲ ਪੈਦਾ ਹੀ ਨਹੀਂ ਹੁੰਦਾ ।

ਚੌਧਰੀ ਜਗਤ ਰਾਮ : ਕੀ ਮੈਂ ਮਨਿਸਟਰ ਸਾਹਿਬ ਨੂੰ ਪੁੱਛ ਸਕਦਾ ਹਾਂ ਕਿ ਇਸ ਗੱਲ ਦੀ ਇਤਨੀ ਚਰਚਾ ਹੈ ਅਸਲ ਵਿਚ ਕੀ ਗੱਲ ਹੈ ਇਹ ਆਪ ਹੀ ਦੱਸ ਦੇਣ ਅਸਲ ਗੱਲ ਕੀ ਹੈ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਹਾਊਸ ਵਿਚ ਇਹ ਜਿਤਨੇ ਸਵਾਲ ਉਠੇ ਹਨ ਮਾਸਟਰ ਜੀ ਉਨ੍ਹਾਂ ਦਾ ਜਵਾਬ ਨਹੀਂ ਦੇ ਸਕੇ । ਕੀ ਇਸ ਦਾ ਇਹ ਕਾਰਨ ਤਾਂ ਨਹੀਂ ਕਿ ਮਾਰ-ਕਿਟਿੰਗ ਬੋਰਡ ਦਾ ਮਹਿਕਮਾ ਉਨ੍ਹਾਂ ਦੇ ਮੁੰਡੇ ਪਾਸ ਹੈ ਇਸ ਲਈ ਉਹ ਜਵਾਬ ਨਹੀਂ ਦੇ ਸਕੇ ਉਨ੍ਹਾਂ ਨੂੰ ਕੋਈ ਵਾਕਫੀਅਤ ਨਹੀਂ ?

ਮੰਤਰੀ : ਸਪੀਕਰ ਸਾਹਿਬ, ਇਹ ਬਿਲਕੁਲ ** ** ਹੈ, ਬੇਬੁਨਿਆਦ ਹੈ, ਇਹ ਅਜਿਹੀਆਂ ਬੇਬੁਨਿਆਦ ਗੱਲਾਂ ਹਮੇਸ਼ਾ ਕਰਦੇ ਹਨ (ਵਿਘਨ)

ਸ੍ਰੀ ਸਪੀਕਰ : ਇਹ ਸ਼ਬਦ** ਅਨਪਾਰਲੀਮੈਂਟਰੀ ਹੈ, ਇਹ ਐਕਸਪੰਜ ਕਰ ਦਿੱਤਾ ਜਾਵੇ । (The word '** **' is unparliamentary. It may be expunged.)

ਮੰਤਰੀ : ਸਪੀਕਰ ਸਾਹਿਬ, ਮੇਰਾ ਲੜਕਾ ਮਾਰਕਿਟ ਬੋਰਡ ਦਾ ਮੈਂਬਰ ਸੀ ਪਰ ਜਦੋਂ ਮੈਂ ਵਜ਼ੀਰ ਬਣਿਆ ਤਾਂ ਉਸ ਨੇ ਅਸਤੀਫਾ ਦੇ ਦਿਤਾ । ਇਨ੍ਹਾਂ ਨੂੰ ਸ਼ਾਇਦ ਗੁੱਸਾ ਇਹ ਹੈ ਕਿ ਜਨਰਲ ਇਲੈਕਸ਼ਨਜ਼ ਵੇਲੇ ਇਨ੍ਹਾਂ ਨੇ ਸ਼ਾਇਦ ਸ੍ਰੀਮਤੀ ਇੰਦਰਾ ਗਾਂਧੀ ਜੀ ਨੂੰ ਵੀ ਚਿਠੀਆਂ ਲਿਖੀਆਂ ਅਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨੂੰ ਵੀ ਲਿਖੀਆਂ ਕਿ ਮੇਰਾ ਲੜਕਾ ਡਾਕਟਰ ਹਰਭਜਨ ਸਿੰਘ ਦੀ ਮੱਦਦ ਕਰਦਾ ਰਿਹਾ ਅਤੇ ਇਸ ਕਰਕੇ ਇਨ੍ਹਾਂ ਦਾ ਕੈਂਡੀਡੇਟ ਹਾਰ ਗਿਆ ਜਿਹੜੀ ਕਿ ਗੱਲ ਗਲਤ ਹੈ । ਦੂਸਰੀ

**Expunged as ordered by the Chair.

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਗੱਲ ਸਪੀਕਰ ਸਾਹਿਬ ਇਹ ਹੈ ਕਿ ਇਹ ਇਕ ਪਿੰਡ ਦਾ ਪੂਰਾ ਜੰਗਲ ਹਜ਼ਮ ਕਰਨਾ ਚਾਹੁੰਦੇ ਸੀ, ਪਰ ਮੈਂ ਇਸ ਗੱਲ ਦੀ ਆਗਿਆ ਨਹੀਂ ਦਿਤੀ । ਜਿਥੇ ਇਨ੍ਹਾਂ ਨੇ ਕਾਲਜ ਬਣਾਇਆ ਹੈ, ਉਸ ਪਿੰਡ ਦੇ ਸਾਰੇ ਰੁੱਖ ਇਹ ਵੱਢਣਾ ਚਾਹੁੰਦੇ ਸੀ ਪਰ ਪੰਚਾਇਤ ਸਖਤ ਖਿਲਾਫ਼ ਸੀ ਜਿਸ ਕਰਕੇ ਮੈਂ ਇਸ ਦੀ ਸਹੀ ਇਜਾਜ਼ਤ ਨਹੀਂ ਦਿੱਤੀ, ਇਸ ਲਈ ਇਹ ਹੁਣ ਬੇਬੁਨਿਆਦ ਗੱਲਾਂ ਕਰਦੇ ਹਨ, ਲਚਰ ਗਲਾਂ ਕਰਦੇ ਹਨ, ਮਾੜੀਆਂ ਗੱਲਾਂ ਕਰਦੇ ਹਨ (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ ।

ਸ੍ਰੀ ਸਪੀਕਰ : ਕੁਐਸ਼ਚਨ ਆਵਰ ਤੋਂ ਬਾਅਦ ਕਰ ਲੈਣਾ । (You may give your personal explanation after the question hour.)

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਨੇ ਮਾਰਕਿਟ ਬੋਰਡ ਦੇ ਪ੍ਰਧਾਨ ਤੇ ਮੋਗਾ ਮੰਡੀ ਵਿਚ ਫੀਸਾਂ ਖਾ ਜਾਣ ਦਾ ਦੋਸ਼ ਲਾਇਆ ਅਤੇ ਸਰਦਾਰ ਜੁਗਰਾਜ ਸਿੰਘ ਨੇ ਇਨ੍ਹਾਂ ਤੇ ਡੰਗਰ ਚੋਰ ਹੋਣ ਦਾ ਇਲਜ਼ਾਮ ਲਗਾਇਆ (ਵਿਘਨ) ਇਹ ਗੱਲ ਅਖਬਾਰਾਂ ਵਿਚ ਵੀ ਛੱਪੀ ਅਤੇ ਜੇ ਕਹੋ ਤਾਂ ਹਾਊਸ ਦੀ ਮੇਜ਼ ਤੇ ਵੀ ਰੱਖ ਦਿੰਦੇ ਹਾਂ । ਕੀ ਵਜ਼ੀਰ ਸਾਹਿਬ ਕੋਈ ਅਜਿਹੀ ਕਾਰਵਾਈ ਕਰਨਗੇ ਜਿਸ ਨਾਲ ਸੱਚਾਈ ਸਾਹਮਣੇ ਆ ਜਾਵੇ? (ਵਿਘਨ) ਅਖਬਾਰ ਵਿਚ ਛਪੀਆਂ ਗੱਲਾਂ ਦੀ ਤਰਦੀਦ ਵੀ ਨਹੀਂ ਹੋਈ ।

ਮੰਤਰੀ: ਜਿਹੜੀਆਂ ਖਬਰਾਂ ਅਖਬਾਰਾਂ ਵਿਚ ਛਪੀਆਂ ਹਨ, ਇਸ ਬਾਰੇ ਮੈਨੂੰ ਜ਼ਬਾਨੀ ਵੀ ਕਿਹਾ ਗਿਆ ਹੈ, ਚੀਫ ਪਾਰਲੀਮੈਂਟਰੀ ਸੈਕਟਰੀ ਦਾ ਇਕ ਨੋਟ ਵੀ ਮੇਰੇ ਕੋਲ ਆਇਆ ਹੈ (ਵਿਘਨ) ਮੈਮੋਰੈਂਡਮ ਨਹੀਂ ਆਇਆ, ਨੋਟ ਆਇਆ ਹੈ । ਸਪੀਕਰ ਸਾਹਿਬ, ਇਸ ਸਾਰੀ ਚੀਜ਼ ਦੀ 5—7 ਆਦਮੀ ਭੇਜ ਕੇ ਇਨਕੁਆਇਰੀ ਕਰਵਾ ਰਹੇ ਹਾਂ, ਜਿਹੜਾ ਵੀ ਕਸੂਰਵਾਰ ਹੋਇਆ ਉਸ ਦੇ ਖਿਲਾਫ ਐਕਸ਼ਨ ਲੈਣ ਵਿਚ ਕੋਈ ਕਸਰ ਨਹੀਂ ਛੱਡਾਂਗੇ ।

1973–74 ਅਤੇ 1974–75 ਦੇ ਦੌਰਾਨ ਖਾਦਾਂ ਦੀਆਂ ਦਰਾਂ

*2917. **ਸਰਦਾਰ ਪ੍ਰਹਿਲਾਦ ਸਿੰਘ:** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1973–74 ਦੇ ਦੌਰਾਨ ਰਾਜ ਵਿੱਚ ਖਾਦਾਂ ਦੀਆਂ ਕੀ ਦਰਾਂ ਰਹੀਆਂ ਅਤੇ 1974-75 ਦੇ ਦੌਰਾਨ ਇਨ੍ਹਾਂ ਦਰਾਂ ਵਿੱਚ ਜੇਕਰ ਕੋਈ ਵਾਧਾ ਹੋਇਆ ਤਾਂ ਕੀ?

ਮਾਸਟਰ ਗੁਰਬੰਤਾ ਸਿੰਘ : ਸਾਲ 1973–74 ਅਤੇ 1974–75 ਦੇ ਦੌਰਾਨ ਖਾਦਾਂ ਦੀਆਂ ਦਰਾਂ ਬਾਰੇ ਸੂਚਨਾ ਅੰਤਿਕਾ (ੳ) ਤੇ ਨਾਲ ਨੱਥੀ ਕੀਤੀ ਜਾਂਦੀ ਹੈ । ਖਾਦਾਂ ਦੀਆਂ ਕੀਮਤਾਂ ਵਿੱਚ ਵਾਧਾ ਮਿਤੀ 1 ਜੂਨ, 74 ਤੋਂ ਕੇਂਦਰੀ ਸਰਕਾਰ ਨੇ ਕੀਤਾ ਸੀ ਕਿਉਂਕਿ ਇਹ ਫਿਰਤਾ ਫਰਟੇਲਾਈਜ਼ਰ ਕੰਟਰੋਲ ਆਰਡਰ, 1957 ਦੀ ਕਲਾਜ਼ 3 ਦੇ ਅਧੀਨ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ ।

ਅੰਤਕਾ (ੳ)

ਖਾਦਾਂ ਦਾ ਨਾਂ		1973-74 ਦਰ ਪ੍ਰਤੀ ਮੀਟਰਿਕ ਟਨ	1974-75 (1 ਜੂਨ, 1974 ਤੋਂ) ਦਰ ਪ੍ਰਤੀ ਮੀਟਰਿਕ ਟਨ
		ਰੁਪਏ	ਰੁਪਏ
1. ਯੂਰੀਆ 46%	..	1,070	2,000
2. ਯੂਰੀਆ 45%	..	1,030	1,960
3. ਅਮੋਨੀਆ ਸਲਫੇਟ (100 ਕਿਲੋ ਪੈਕਿੰਗ)	..	590	925
4. ਅਮੋਨੀਆ ਸਲਫੇਟ (50 ਕਿਲੋ ਪੈਕਿੰਗ)	..	600	935
5. ਅਮੋਨੀਆ ਸਲਫੇਟ ਨਾਈਟਰੇਟ	..	645	1,145
6. ਕੈਨ 26%	..	645	1,145
7. ਕੈਨ 25%	..	615	1,095
8. ਅਮੋਨੀਆ ਕਲੋਰਾਈਡ 25%	..	615	1,095
9. ਡੀ.ਏ.ਪੀ. (18 : 46)	..	1,335	3,005
10. ਮਾਨੋ ਅਮੋਨੀਆ ਫਾਸਫੇਟ	..	1,325	3,140
11. ਅਮੋਨੀਆ ਨਾਈਟਰੋ ਫਾਸਫੇਟ 23 : 23 : 0	..	1,205	2,120
12. ਅਮੋਨੀਆ ਨਾਈਟਰੋ ਫਾਸਫੇਟ 20 : 20 : 0	..	1,210	1,855

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

	ਖਾਦਾਂ ਦਾ ਨਾਂ		1973-74 ਦਰ ਪ੍ਰਤੀ ਮੀਟਰਿਕ ਟਨ	1974-75 (1 ਜੂਨ, 1974 ਤੋਂ) ਦਰ ਪ੍ਰਤੀ ਮੀਟਰਿਕ ਟਨ
			ਰੁਪਏ	ਰੁਪਏ
13.	ਮਯੂਰੇਟ ਆਫ ਪੋਟਾਸ਼ 100 ਕਿਲੋ ਪੈਕਿੰਗ	..	670	1,220
14.	ਮਯੂਰੇਟ ਆਫ ਪੋਟਾਸ਼ 50 ਕਿਲੋ ਪੈਕਿੰਗ	..	680	1,230
15.	ਐਨ. ਪੀ. ਕੇ. 15 : 15 : 15	..	1,375	1,700
16.	ਐਨ. ਪੀ. ਕੇ. 14 : 14 : 14	..	854	1,590
17.	ਐਨ. ਪੀ. ਕੇ. 12 : 32 : 16	..	1,177	2,415
18.	ਐਨ. ਪੀ. ਕੇ. 10 : 26 : 26	..	1,160	2,245
19.	ਐਨ. ਪੀ. ਕੇ. 14 : 36 : 12	..	1,271	2,605
20.	ਐਨ. ਪੀ. ਕੇ. 15 : 15 : 7½	..	1,210	2,020
21.	ਸੁਪਰ ਫਾਸਫੇਟ	..	583	1,018

(ਇਸ ਸਮੇਂ ਕਾਮਰੇਡ ਦਾਨਾ ਰਾਮ ਤੇ ਹੋਰ ਮੈਂਬਰ ਖੜੇ **ਬੋਲ ਰਹੇ ਸੀ ।)

Mr. Speaker : Whatever the hon. Members are saying without permission should not be recorded.

**Not recorded as ordered by the Chair.

ਸਰਦਾਰ ਪ੍ਰਹਿਲਾਦ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਿਹੜੀ ਸੂਚੀ ਦਿੱਤੀ ਹੈ ਉਸ ਅਨੁਸਾਰ ਖਾਦ ਦੀਆਂ ਦਰਾਂ ਦੁੱਗਣੀਆਂ ਹੋ ਗਈਆਂ ਹਨ । ਇਹ ਕਹਿੰਦੇ ਹਨ ਕਿ ਇਹ ਸੈਂਟਰ ਦੀ ਸਰਕਾਰ ਦੇ ਅਖ਼ਤਿਆਰ ਵਿਚ ਹੈ। ਮੈਂ ਅਰਜ਼ ਕਰਦਾ ਹਾਂ ਕਿ ਹਾੜ੍ਹੀ ਦੀ ਫਸਲ ਤੋਂ ਖਾਦ ਦੀਆਂ ਕੀਮਤਾਂ ਵਧੀਆਂ ਹਨ ਤਾਂ ਕੀ ਇਹ ਸੈਂਟਰ ਸਰਕਾਰ ਤੇ ਦਬਾ ਪਾਉਣਗੇ ਕਿ ਕਣਕ ਦੀ ਕੀਮਤ ਵੀ ਵਧਾਈ ਜਾਵੇ, ਕੀ ਇਹ ਕੋਈ ਰੈਜ਼ੋਲਿਊਸ਼ਨ ਪਾਸ ਕਰਕੇ ਭੇਜਣਗੇ?

ਮੰਤਰੀ : ਸਪੀਕਰ ਸਾਹਿਬ, ਅਸੀਂ ਸੈਂਟਰ ਦੀ ਸਰਕਾਰ ਕੋਲੋਂ ਇਹ ਕੋਸ਼ਿਸ਼ ਕਰਾਂਗੇ ਕਿ ਜਦੋਂ ਸਾਰੀਆਂ ਇਨਪੁਟਸ ਦੀਆਂ ਕੀਮਤਾਂ ਵਧ ਗਈਆਂ ਹਨ ਤਾਂ ਕਣਕ ਦੀ ਕੀਮਤ ਵੀ ਵਾਜਬ ਕੀਤੀ ਜਾਵੇ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਖਾਦ ਦੀ ਕੀਮਤ ਤਾਂ ਦੁੱਗਣੀ ਹੋ ਗਈ ਹੈ ਪਰ ਆਲੂ ਦੀ ਕੀਮਤ ਅੱਧੀ ਹੋ ਗਈ ਹੈ, ਕੀ ਇਸ ਬਾਰੇ ਵੀ ਕੋਈ ਉਪਰਾਲਾ ਕਰਨਗੇ? (ਹਾਸਾ)

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਤਾਂ ਮੈਂ ਸਿਰਫ ਇੰਨਾ ਹੀ ਕਹਿ ਸਕਦਾ ਹਾਂ ਕਿ ਆਲੂ ਦੀ ਜਿਤਨੀ ਕੀਮਤ ਇਸ ਸਾਲ ਹਾਸਲ ਕੀਤੀ ਗਈ ਹੈ, ਉਤਨੀ ਪਿਛਲੇ ਦਸ ਸਾਲਾਂ ਵਿਚ ਨਹੀਂ ਕੀਤੀ ਗਈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਕਿ ਜਦੋਂ ਖਾਦ ਦੀ ਕੀਮਤ 200% ਵਧ ਗਈ ਹੈ ਤਾਂ ਕੀ ਇਹ ਨਰਮਾ, ਆਲੂ, ਕਣਕ ਅਤੇ ਰਾਈਸ ਦੀ ਕੀਮਤ ਵਧਾਉਣ ਲਈ ਵੀ ਕੇਂਦਰੀ ਸਰਕਾਰ ਤੇ ਜ਼ੋਰ ਪਾਉਣਗੇ?

ਮੰਤਰੀ : ਹਮੇਸ਼ਾਂ ਪਾਉਂਦੇ ਰਹੇ ਹਾਂ, ਹੁਣ ਵੀ ਪਾਵਾਂਗੇ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਅਗੇ ਵੀ ਸਪਲੀਮੈਂਟਰੀ ਕੀਤਾ ਸੀ ਪਰ ਮੈਨੂੰ ਕੋਈ ਜਵਾਬ ਨਹੀਂ ਸੀ ਦਿੱਤਾ ਗਿਆ । (ਵਿਘਨ) ਸਪੀਕਰ ਸਾਹਿਬ, ਹੁਣ ਜਦੋਂ ਖਾਦ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ ਤਾਂ ਕੀ ਸਰਕਾਰ ਮਾਰਕਫੈਡ ਨੂੰ ਇਹ ਚਿੱਠੀ ਲਿਖੇਗੀ ਕਿ ਉਹ 6 ਕਰੋੜ ਰੁਪਿਆ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਏ ਤਾਂ ਕਿ ਉਹ ਜ਼ਿਮੀਦਾਰਾਂ ਦੀ ਬਿਹਤਰੀ ਲਈ ਖਰਚ ਕੀਤਾ ਜਾ ਸਕੇ?

ਮੰਤਰੀ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਆਪਣੇ ਬਿਆਨ ਵਿਚ ਦੱਸਿਆ ਸੀ ਕਿ ਉਹ 6 ਕਰੋੜ ਰੁਪਿਆ ਜ਼ਿਮੀਦਾਰਾਂ ਦੀ ਭਲਾਈ ਲਈ ਖਰਚਿਆ ਜਾਵੇਗਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਣਕ ਦੀਆਂ ਕੀਮਤਾਂ ਵਧਾਉਣ ਵਿਚ ਕਾਮਯਾਬ ਨਹੀਂ ਹੋਏ, ਖਾਦ ਦੀਆਂ ਕੀਮਤਾਂ ਘਟਾਉਣ ਵਿਚ ਵੀ ਇਹ ਕਾਮਯਾਬ ਨਹੀਂ ਹੋਏ ਤਾਂ ਇਹ ਕਿਸੇ ਹੋਰ ਤਰੀਕੇ ਨਾਲ ਜ਼ਿਮੀਂਦਾਰਾਂ ਨੂੰ ਰਾਹਤ ਪਹੁੰਚਾਉਣਗੇ ?

ਮੰਤਰੀ : ਇਸ ਚੀਜ਼ ਦਾ ਐਲਾਨ ਮੁੱਖ ਮੰਤਰੀ ਸਾਹਿਬ ਕਰਨਗੇ, ਖਾਦ ਦੀਆਂ ਕੀਮਤਾਂ ਨਾਲ ਇਸ ਦਾ ਕੋਈ ਤੁਅੱਲਕ ਨਹੀਂ ਹੈ ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਵਜ਼ੀਰ ਸਾਹਿਬ ਇਸ ਗੱਲ ਦੇ ਪੇਸ਼ੇ ਨਜ਼ਰ ਕਿ ਖਾਦ ਦੀਆਂ ਕੀਮਤਾਂ ਵਧ ਗਈਆਂ ਹਨ, ਉਨ੍ਹਾਂ ਕੰਪਨੀਆਂ ਨੂੰ ਛੱਡ ਕੇ ਜਿਨ੍ਹਾਂ ਨੇ ਖਾਲਸ ਖਾਦ ਵੇਚੀ ਹੈ, ਉਨ੍ਹਾਂ ਕੰਪਨੀਆਂ ਤੋਂ, ਜਿਨ੍ਹਾਂ ਨੇ ਮਿਲਾਵਟ ਵਾਲੀ ਖਾਦ ਵੇਚੀ ਹੈ, ਜਿਸ ਰੇਸ਼ੋ ਨਾਲ ਮਿਲਾਵਟ ਕੀਤੀ ਹੈ, ਉਸੇ ਰੇਸ਼ੋ ਨਾਲ ਉਹ ਨਜ਼ਾਇਜ਼ ਕਮਾਇਆ ਹੋਇਆ ਧਨ ਫਾਰਮਰਜ਼ ਦੀ ਭਲਾਈ ਤੇ ਲਗਾਉਣਗੇ, ਮਿਸਾਲ ਦੇ ਤੌਰ ਤੇ ਮਾਰਕਫੈਡ ਨੇ 15% ਫਾਸਫੋਰਸ ਦੀ ਥਾਂ 7.37%, 12%, 9.20% ਫਾਸਫੋਰਸ ਵਾਲੀ ਖਾਦ ਲੁਧਿਆਣਾ, ਅਨੰਦਪੁਰ ਸਾਹਿਬ ਅਤੇ ਧੂਰੀ ਦੀਆਂ ਫੈਕਟਰੀਆਂ ਤੋਂ ਕਿਸਾਨਾਂ ਨੂੰ ਦਿੱਤੀ । ਕੀ ਸਰਕਾਰ, ਇਸ ਤਰ੍ਹਾਂ ਦੇ ਨਜਾਇਜ਼ ਕਮਾਏ ਗਏ ਧਨ ਨੂੰ ਕਿਸਾਨਾਂ ਨੂੰ ਵਾਪਸ ਕਰੇਗੀ?

ਮੰਤਰੀ : ਸਪੀਕਰ ਸਾਹਿਬ, ਜੋ ਸੁਝਾਉ ਦਿੱਤਾ ਹੈ ਉਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ (ਵਿਘਨ) ਪਰ ਜਿਨ੍ਹਾਂ ਨੇ ਮਿਲਾਵਟ ਕੀਤੀ ਹੈ ਉਨ੍ਹਾਂ ਦੇ ਖਿਲਾਫ ਐਕਸ਼ਨ ਜ਼ਰੂਰ ਲੈ ਰਹੇ ਹਾਂ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਜਿਸ ਤਰ੍ਹਾਂ ਕਿ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਖਾਦ ਦੀਆਂ ਕੀਮਤਾਂ ਸੈਂਟਰ ਦੀ ਸਰਕਾਰ ਨੇ ਵਧਾਈਆਂ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਤੇ ਦਬਾਉ ਪਾਇਆ ਕਿ ਖਾਦ ਦੀਆਂ ਕੀਮਤਾਂ ਵਿਚ ਘਾਟਾ ਕੀਤਾ ਜਾਏ ?

ਮੰਤਰੀ : ਸਪੀਕਰ ਸਾਹਿਬ, ਇਹ ਇੰਟਰਨੈਸ਼ਨਲ ਪਰਾਈਸਿਜ਼ ਹਨ । ਅਸੀਂ ਤਾਂ ਕੋਸ਼ਿਸ਼ ਕਰਕੇ ਕਈ ਖਾਦਾਂ ਐਸੀਆਂ ਹਨ ਜਿਹੜੀਆਂ ਕਿ ਹਿੰਦ ਸਰਕਾਰ ਕੋਲੋਂ 2900 ਰੁਪਏ ਟਨ ਲੈਕੇ ਜ਼ਿਮੀਂ-ਦਾਰਾਂ ਨੂੰ 2600 ਰੁਪਏ ਟਨ ਦੇ ਹਿਸਾਬ ਨਾਲ ਵੇਚਦੇ ਹਾਂ । ਜਿੰਨੀ ਇਨ੍ਹਾਂ ਲਈ ਰਿਆਇਤ ਕਰ ਸਕਦੇ ਸੀ ਕੀਤੀ ਹੈ। ਲੇਕਿਨ ਇਹ ਸਾਡੇ ਵੱਸ ਦੀ ਗੱਲ ਨਹੀਂ ਕਿ ਖਾਦਾਂ ਦੀਆਂ ਕੀਮਤਾਂ ਘਟਾਈਆਂ ਜਾ ਸਕਣ। ਇਹ ਸਾਰੇ ਹਿੰਦੁਸਤਾਨ ਦੇ ਵਾਸਤੇ ਖਾਦ ਦੀ ਕੀਮਤ ਵਧੀ ਹੈ ।

ਸਰਦਾਰ ਬੇਅੰਤ ਸਿੰਘ : ਕਿਉਂ ਜੋ ਫਰਟੇਲਾਈਜ਼ਰ ਦੇ ਭਾ ਦੁੱਗਣੇ ਹੋ ਗਏ ਹਨ ਅਤੇ ਇਕ ਵਾਰੀ ਇਨ੍ਹਾਂ ਨੇ ਕਿਹਾ ਸੀ ਕਿ ਝੋਨੇ ਦੀ ਕੀਮਤ ਤੇ ਬੋਨਸ ਦਿਆਂਗੇ । ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਝੋਨੇ ਦੀ ਕੀਮਤ ਤੇ ਬੋਨਸ ਦਿੱਤਾ ਜਾਏਗਾ?

ਸ਼੍ਰੀ ਸਪੀਕਰ : ਇਹਦੇ ਵਿਚੋਂ ਇਹ ਸਵਾਲ ਨਹੀਂ ਉਠਦਾ । (This supplementary does not arise out of this question.)

ਸ਼੍ਰੀ ਪ੍ਰੇਮ ਗੁਪਤਾ : ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਮਾਰਕਫੈਡ ਫੈਕਟਰੀਆਂ ਵਿਚ ਖਾਦ ਦੀਆਂ ਕੀਮਤਾਂ ਵਿਚ ਵਾਧੇ ਤੋਂ ਬਾਅਦ ਜਿਹੜੇ ਕੇਸਿਜ਼ ਫੜ੍ਹੇ ਗਏ ਹਨ ਉਨ੍ਹਾਂ ਤੇ ਐਕਸ਼ਨ ਲੈ ਰਹੇ ਹਾਂ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਖਿਲਾਫ ਕੀ ਡੈਫਿਨੇਟ ਐਕਸ਼ਨ ਲੈ ਰਹੇ ਹਨ, ਇਨ੍ਹਾਂ ਕੇਸਾਂ ਬਾਰੇ ਕੀ ਕਾਰਵਾਈ ਕੀਤੀ ਗਈ ਹੈ?

ਮੰਤਰੀ : ਸਪੀਕਰ ਸਾਹਿਬ, ਜਿਸ ਡੀਲਰ ਪਾਸੋਂ ਜਾਂ ਫੈਕਟਰੀ ਪਾਸੋਂ ਮਿਲਾਵਟ ਵਾਲੀ ਖਾਦ ਫੜੀ ਜਾਂਦੀ ਹੈ ਉਸਦੇ ਖਿਲਾਫ ਐਕਸ਼ਨ ਲੈਂਦੇ ਹਾਂ, ਕੇਸ ਪੁਲਿਸ ਨੂੰ ਦਿੰਦੇ ਹਾਂ ਔਰ ਜਿੰਨੀ ਜ਼ਿਆਦਾ ਸਖਤੀ ਨਾਲ ਕੰਮ ਕਰਨਾ ਚਾਹੀਦਾ ਹੈ ਉਹ ਕਰਦੇ ਹਾਂ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਮਾਰਕਫੈਡ ਦੀ ਖਾਦ ਮਿਕਸਚਰ ਕਰਕੇ ਚੂਨਾ ਰਲਾ ਕੇ ਲੋਕਾਂ ਨੂੰ

ਦਿੱਤੀ ਜਾਂਦੀ ਹੈ ਜਿਸ ਨੂੰ ਸੋਨਾ ਖਾਦ ਕਹਿੰਦੇ ਹਨ ਅਤੇ ਜਿਸ ਨੂੰ ਲੋਕ ਝਲਦੇ ਨਹੀਂ । ਲੋਕ ਯੂਰੀਆ ਖਾਦ ਮੰਗਦੇ ਹਨ ਅਤੇ ਇਹ ਸੋਨਾ ਖਾਦ ਦਿੰਦੇ ਹਨ। ਯੂਰੀਆ ਖਾਦ 25 ਰੁਪਏ ਘੱਟ ਰੇਟ ਤੇ ਮਿਲਦੀ ਹੈ ਅਤੇ ਸੋਨਾ ਖਾਦ ਵਧ ਰੇਟ ਤੇ ਮਿਲਦੀ ਹੈ। (ਵਿਘਨ) ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਮਿਕਸਚਰ ਖਾਦ ਜੋ ਕਿ ਕਿਸਾਨਾਂ ਨੂੰ ਨਹੀਂ ਚਾਹੀਦੀ, ਇਸ ਨੂੰ ਰੋਕਣ ਦੀ ਖੇਚਲ ਕਰਨਗੇ ਜਾਂ ਕੁਝ ਇਨ੍ਹਾਂ ਦੀ ਇਸ ਵਿਚ ਹਿੱਸਾ ਪੱਤੀ ਹੈ, ਜਿਸ ਕਰਕੇ ਇਹ ਨਹੀਂ ਕਰ ਸਕਦੇ (ਵਿਘਨ)

ਮੰਤਰੀ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਸੋਨਾ ਖਾਦ ਲੋਕਾਂ ਨੂੰ ਚਾਹੀਦੀ ਨਹੀਂ ਹੈ, ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਜਿੰਨੀ ਵੀ ਸੋਨਾ ਖਾਦ ਬਣੀ ਸੀ ਉਸਦੀ ਇਕ ਬੋਰੀ ਵੀ ਸਾਡੇ ਕੋਲ ਬਚੀ ਨਹੀਂ ਹੈ ।

ਕਾਮਰੇਡ ਅੱਛਰਾ ਸਿੰਘ : ਵਜ਼ੀਰ ਸਾਹਿਬ ਨੇ ਫਰਮਾਇਆ ਕਿ ਖਾਦ ਦੀਆਂ ਕੀਮਤਾਂ ਨੂੰ ਰੋਕਣਾ ਸਾਡੀ ਬੇਬਸੀ ਹੈ। ਇਨ੍ਹਾਂ ਨੇ ਉਪਰਾਲਾ ਕਰਨ ਤੋਂ ਵੀ ਬੇਬਸੀ ਜ਼ਾਹਿਰ ਕੀਤੀ ਹੈ । ਪਰ ਇਹਦੀ ਵੰਡ ਬਾਰੇ ਤਾਂ ਸਰਕਾਰ ਦਾ ਕੰਟ੍ਰੋਲ ਹੈ। ਮੈਂ ਸੰਗਰੂਰ ਬਾਰੇ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ । ਉਥੇ ਸੰਗਰੂਰ ਐਗਰੋ–ਇੰਡਸਟਰੀ ਦੇ ਡਿਪੂ ਵਿਚੋਂ 1300 ਥੈਲੇ ਪੁਰਾਣੀ ਕੀਮਤ ਤੇ ਵੇਚੇ ਗਏ । ਉਥੇ ਐਸ.ਡੀ.ਐਮ. ਦੀ ਇਨਕੁਆਇਰੀ ਹੋਈ ਅਤੇ ਉਸ ਦੀ ਇਨਕੁਆਇਰੀ ਤੋਂ ਬਾਅਦ ਇਹ ਸਾਬਤ ਹੋ ਗਿਆ ਹੈ। ਇਸ ਨਾਲ 70,000 ਦਾ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਹੋਇਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਬਾਰੇ ਇਹ ਕੋਈ ਕਾਰਵਾਈ ਕਰਨ ਨੂੰ ਤਿਆਰ ਹਨ ?

ਮੰਤਰੀ : ਇਹ ਜੋ ਇਨ੍ਹਾਂ ਨੇ ਕੀਮਤਾਂ ਵਿਚ ਵਾਧੇ ਦੀ ਗੱਲ ਕੀਤੀ ਹੈ, ਇਹ ਤਾਂ ਸਾਰੀ ਦੁਨੀਆਂ ਵਿਚ ਹੀ ਕੀਮਤਾਂ ਵਿਚ ਵਾਧਾ ਹੋਇਆ ਹੈ। ਇਹ ਤਾਂ ਸਾਡੇ ਵੱਸ ਦੀ ਗਲ ਨਹੀਂ ਹੈ । ਜਿਹੜੀ ਇਨ੍ਹਾਂ ਨੇ ਐਗਰੋ ਇੰਡਸਟਰੀ ਦੇ ਡਿੱਪੋ ਦੀ ਗੱਲ ਕੀਤੀ ਹੈ ਕਿ ਉਥੇ ਪੁਰਾਣੀ ਕੀਮਤ ਤੇ ਖਾਦ ਵੇਚੀ ਗਈ ਹੈ ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਜਿਸ ਤਾਰੀਖ ਤੋਂ ਇਹ ਪੁਰਾਣੇ ਰੇਟਾਂ ਤੇ ਵੇਚਣਾ ਬੰਦ ਕੀਤਾ ਹੈ, ਜੇ ਉਸ ਤਾਰੀਖ ਤੋਂ ਬਾਅਦ ਕਿਸੇ ਨੇ ਪੁਰਾਣੇ ਰੇਟਾਂ ਤੇ ਵੇਚਿਆ ਹੈ ਤਾਂ ਇਹੋ ਜਿਹੇ ਕੇਸ ਇਹ ਮੇਰੇ ਨੋਟਿਸ ਵਿਚ ਲਿਆਉਣ, ਅਸੀਂ ਜ਼ਰੂਰ ਐਕਸ਼ਨ ਲਵਾਂਗੇ ।

ਸਰਦਾਰ ਪ੍ਰਹਿਲਾਦ ਸਿੰਘ : ਇਨ੍ਹਾਂ ਨੇ ਕਣਕ ਦੇ ਭਾ ਵੱਧਣ ਵਾਸਤੇ ਸੈਂਟਰ ਨੂੰ ਜ਼ੋਰ ਪਾ ਨਹੀਂ ਸਕਣਾ , ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮੋਟੇ ਅਨਾਜ ਦੇ ਜ਼ੋਨ ਤੋੜੇ ਹਨ, ਕੀ ਉਸੇ ਤਰ੍ਹਾਂ ਵ੍ਹੀਟ ਦੇ ਜ਼ੋਨ ਵੀ ਤੋੜਨ ਨੂੰ ਤਿਆਰ ਹਨ ?

ਸ੍ਰੀ ਸਪੀਕਰ : ਇਹਦੇ ਵਿਚੋਂ ਇਹ ਸਵਾਲ ਨਹੀਂ ਉਠਦਾ ਹੈ । (This supplementary does not arise out of this question.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਸਬਸਟੈਂਡਰਡ, ਐਡਲਟ੍ਰੇਟਿਡ ਖਾਦ ਦਾ ਮਸਲਾ ਹਾਊਸ ਵਿਚ ਗੰਭੀਰ ਰੂਪ ਵਿਚ ਆਇਆ ਹੈ। ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੀਆਂ ਫੈਕਟਰੀਆਂ ਖਾਦ ਬਣਾ ਰਹੀਆਂ ਹਨ ਕੀ ਸਰਕਾਰ ਦਾ ਕੋਈ ਪਰਬੰਧ ਹੈ ਕਿ ਉਥੇ ਦੇਖਿਆ ਜਾਵੇ ਕਿ ਸਬਸਟੈਂਡਰਡ ਖਾਦ ਡੀਲਰਾਂ ਕੋਲ ਨਾ ਜਾ ਸਕੇ। ਸਰਕਾਰ ਕੋਲ ਇਹੋ ਜਿਹੀ ਕੋਈ ਮਸ਼ੀਨਰੀ ਹੈ ?

ਮੰਤਰੀ : ਅੱਗੇ ਅਫ਼ਸਰ ਥੋੜੇ ਸੈਂਪਲ ਲੈਂਦੇ ਸੀ ਅਤੇ ਹਣ ਕੋਸ਼ਿਸ਼ ਕੀਤੀ ਹੈ ਕਿ ਹਰ ਹਫਤੇ ਸੈਂਪਲ ਲਿੱਤੇ ਜਾਣ ਅਤੇ ਜਿਹੜੀ ਮਾੜੀ ਖਾਦ ਹੈ ਉਹ ਉਨ੍ਹਾਂ ਨੂੰ

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਖਾਦ ਦੇ ਭਾ ਬਾਰੇ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਇੰਟਰਨੈਸ਼ਨਲ ਮਾਮਲਾ ਹੈ । ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਮਾਰਕਫੈਡ ਦੀਆਂ ਤਿੰਨ ਫੈਕਟਰੀਆਂ ਪੰਜਾਬ ਵਿਚ ਹਨ; ਆਨੰਦਪੁਰ ਸਾਹਿਬ, ਖੰਨੇ ਅਤੇ ਧੂਰੀ, ਇਨ੍ਹਾਂ ਵਿਚੋਂ ਮਿਲਾਵਟ ਵਾਲੀ ਖਾਦ ਫੜੀ ਗਈ ਹੈ, ਇਨ੍ਹਾਂ ਤਿੰਨਾਂ ਫੈਕਟਰੀਆਂ ਦੇ ਮੈਨੇਜਰ ਭਜਾ ਦਿੱਤੇ ਹਨ ਔਰ ਇਹ ਮੈਨੇਜਰ ਚੰਡੀਗੜ੍ਹ ਵਿਚ ਬੈਠੇ ਹਨ । ਇਹ ਇਨ੍ਹਾਂ ਕੋਲ ਬੈਠੇ ਹਨ । ਕਿਸਾਨਾਂ ਨੂੰ ਖਾਦ ਜੇ ਮਹਿੰਗੀ ਮਿਲੇ ਪਰ ਇਹ ਚੰਗੀ ਤਾਂ ਮਿਲਣੀ ਚਾਹੀਦੀ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਕਹਿ ਚੁਕਾਂ ਹਾਂ ਜਿਹੜਾ ਖਾਦ ਵਿਚ ਮਿਲਾਵਟ ਕਰੇਗਾ ਭਾਵੇਂ ਮਨੇਜਰ ਹੋਵੇ, ਭਾਵੇਂ ਡੀਲਰ ਹੋਵੇ ਅਤੇ ਭਾਵੇਂ ਦੁਕਾਨਦਾਰ ਹੋਵੇ ਉਹਦੇ ਖਿਲਾਫ ਐਕਸ਼ਨ ਲਵਾਂਗੇ । (ਵਿਘਨ) ਮੇਰੇ ਪਾਸ ਮੈਨੇਜਰਾਂ ਨੇ ਕਿਉਂ ਬੈਠਣਾ ਹੈ । ਇਹ ਤਾਂ ਮੇਰੇ ਤੋਂ ਡਰਦੇ ਹਨ ਅਤੇ ਮੇਰੇ ਕੋਲ ਨਹੀਂ ਆਉਂਦੇ । ਮੈਂ ਹਾਊਸ ਨੂੰ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਮਿਲਾਵਟ ਕਰਨ ਵਾਲਾ, ਭਾਵੇਂ ਉਹ ਵੱਡਾ ਹੋਵੇ ਅਤੇ ਭਾਵੇਂ ਛੋਟਾ ਹੋਵੇ, ਉਹਦੇ ਖਿਲਾਫ ਜ਼ਰੂਰ ਐਕਸ਼ਨ ਲਵਾਂਗੇ । ਮਾੜੀ ਖਾਦ ਅੱਗੇ ਵਾਸਤੇ ਬਿਲਕੁਲ ਨਹੀਂ ਵਿਕਣ ਦਿਆਂਗੇ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਵਜ਼ੀਰ ਸਾਹਿਬ ਨੇ ਹੁਣੇ ਦੱਸਿਆ ਹੈ ਕਿ ਖਾਦ ਦੀ ਕੀਮਤ ਘਟਾਉਣ ਵਾਸਤੇ ਅਸੀਂ ਸੈਂਟਰ ਦੀ ਸਰਕਾਰ ਤੇ ਜ਼ੋਰ ਨਹੀਂ ਪਾ ਸਕਦੇ । ਇਸ ਗੱਲ ਦੀ ਰੌਸ਼ਨੀ ਵਿਚ ਕਿ ਪੰਜਾਬ ਸੈਂਟਰ ਦੇ ਘੋਟਾਲੇ ਵਿਚ ਸਭ ਤੋਂ ਵੱਧ ਅਨਾਜ ਦੇ ਮਾਮਲੇ ਵਿਚ ਆਪਣਾ ਹਿੱਸਾ ਪਾਉਂਦਾ ਹੈ, ਫੇਰ ਕੀ ਪੰਜਾਬ ਸਰਕਾਰ ਦਾ ਕੋਈ ਫਰਜ਼ ਨਹੀਂ ਬਣਦਾ ਕਿ ਇਹ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਉਣ ਕਿ ਉਹ ਖਾਦ ਦੀਆਂ ਕੀਮਤਾਂ ਵਿਚ ਕਮੀ ਕਰੇ ।

ਮੰਤਰੀ : ਖਾਦ ਦੀਆਂ ਕੀਮਤਾਂ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ । ਇਹ ਇੰਟਰਨੈਸ਼ਨਲ ਮਾਮਲਾ ਹੈ । ਇਹ ਜ਼ਰੂਰ ਕਹਾਂਗਾ ਕਿ ਸਾਰੇ ਹਿੰਦੁਸਤਾਨ ਦੇ ਸੂਬਿਆਂ ਨਾਲੋਂ ਪੰਜਾਬ ਵਿਚ ਸਭ ਤੋਂ ਜ਼ਿਆਦਾ ਖਾਦ ਲਿਆਂਦੀ ਹੈ ਤਾਂ ਕਿ ਜ਼ਿਮੀਦਾਰਾਂ ਨੂੰ ਫਾਇਦਾ ਹੋ ਸਕੇ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਮਿਲਾਵਟ ਕਰਨ ਵਾਲੇ ਡੀਲਰਾਂ ਦੇ ਚਲਾਨ ਹੁੰਦੇ ਹਨ ਇਹ ਕਿਹੜੀ ਦਫਾ ਹੇਠ ਹੁੰਦੇ ਹਨ (ਵਿਘਨ) ਕੀ ਇਸ ਬਾਰੇ ਹਾਊਸ ਨੂੰ ਦੱਸਿਆ ਜਾਏਗਾ ?

ਮੰਤਰੀ : ਕੰਟਰੋਲ ਐਕਟ 1956 ਦਾ ਹੈ ।

Mr. Speaker : Next Question.

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ) ।

ਸਰਦਾਰ ਦਰਬਾਰਾ ਸਿੰਘ : ਮਿਲਾਵਟ ਵਾਲੀ ਖਾਦ ਦੇਕੇ ਜ਼ਿਮੀਂਦਾਰਾਂ ਨੂੰ ਲੁੱਟਿਆ ਜਾਂਦਾ ਹੈ । ਸਾਨੂੰ ਸਪਲੀਮੈਂਟਰੀ ਕਰਨ ਦਿਉ । (ਵਿਘਨ)

Mr. Speaker : Next Ques ion No. 2923.

ਸਰਦਾਰ ਦਰਬਾਰਾ ਸਿੰਘ : ਜ਼ਿਮੀਦਾਰਾਂ ਨੂੰ ਮਿਲਾਵਟ ਵਾਲੀ ਖਾਦ ਦਿੱਤੀ ਜਾਂਦੀ ਹੈ ।

: I have called the next question.

1 ਮਾਰਚ, 1972 ਤੋਂ 1 ਜਨਵਰੀ, 1975 ਤੱਕ ਖੇਤੀਬਾੜੀ ਵਿਭਾਗ ਵਿਚ ਗਜ਼ਟਿਡ ਅਤੇ ਨਾਨ–ਗਜ਼ਟਿਡ ਕਰਮਚਾਰੀਆਂ ਦੀਆਂ ਤਰੱਕੀਆਂ ।

*2923. **ਸਰਦਾਰ ਧੰਨਾ ਸਿੰਘ ਗੁਲਸ਼ਨ :** ਕੀ ਖੇਤੀਬਾੜੀ ਅਤੇ ਜੰਗਲਾਤ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਹਿਲੀ ਮਾਰਚ, 1972 ਤੋਂ ਪਹਿਲੀ ਜਨਵਰੀ, 1975 ਤੱਕ ਦੇ ਸਮੇਂ ਦੇ ਦੌਰਾਨ ਖੇਤੀਬਾੜੀ ਵਿਭਾਗ ਵਿਚ ਕੁਝ ਗਜ਼ਟਿਡ ਅਤੇ ਨਾਨ–ਗਜ਼ਟਿਡ ਕਰਮਚਾਰੀਆਂ ਨੂੰ ਤਰੱਕੀ ਦਿੱਤੀ ਗਈ; ਜੇਕਰ ਅਜਿਹਾ ਹੋਵੇ, ਤਾਂ ਉਕਤ ਦਿੱਤੀਆਂ ਗਈਆਂ ਤਰੱਕੀਆਂ ਦੀ ਕੁੱਲ ਗਿਣਤੀ ਅਤੇ ਉਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ?

ਮਾਸਟਰ ਗੁਰਬੰਤਾ ਸਿੰਘ : (ਏ) ਹਾਂ ਜੀ ।

(ਬੀ) ਵੇਰਵਾ ਇਸ ਪ੍ਰਕਾਰ ਹੈ :—

ਲੜੀ ਨੰ:	(1) ਅਸਾਮੀਆਂ ਦਾ ਦਰਜਾ		(2) 1–3–72 ਤੋਂ 1–1–75 ਤੱਕ ਦੇ ਸਮੇਂ ਦੇ ਦੌਰਾਨ ਕੀਤੀਆਂ ਤਰੱਕੀਆਂ ਦੀ ਗਿਣਤੀ	(3) 1–3–72 ਤੋਂ 1–1–75 ਤੱਕ ਦੇ ਸਮੇਂ ਦੇ ਦੌਰਾਨ ਅਨੁਸੂਚਿਤ ਜਾਤੀਆਂ ਨੂੰ ਦਿੱਤੀਆਂ ਤਰੱਕੀਆਂ ਦੀ ਗਿਣਤੀ
1.	ਪੀ. ਏ. ਐਸ. ਕਲਾਸ—I	..	4	—
2.	ਪੀ.ਏ.ਐਸ. ਕਲਾਸ—II	..	4	—
3.	ਕਲਾਸ—III	..	52	9
4.	ਕਲਾਸ—IV	..	1	—

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਸਾਡਾ ਸਰਕਾਰ ਤੇ ਇਹੀ ਗਿਲਾ ਰਹਿੰਦਾ ਹੈ ਕਿ ਸਰਕਾਰ ਵਾਅਦੇ ਤਾਂ ਬਹੁਤ ਕਰਦੀ ਹੈ ਹਰੀਜਨਾਂ ਦੀ ਉਨਤੀ ਵਾਸਤੇ ਪਰ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਵੇਲੇ ਬਿਲਕੁਲ ਖਾਮੋਸ਼ ਹੋ ਜਾਂਦੀ ਹੈ । ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਐਗਰੀਕਲਚਰ ਯੂਨੀਵਰਸਿਟੀ ਵਿਚ ਜਿੰਨ੍ਹੇ ਅਫ਼ਸਰਾਂ ਨੂੰ ਤਰੱਕੀਆਂ ਮਿਲੀਆਂ ਹਨ, ਉਹ 4 ਅਫਸਰ ਹਨ । ਉਨ੍ਹਾਂ 4 ਅਫਸਰਾਂ ਵਿਚ ਹਰੀਜਨ ਇਕ ਵੀ ਨਹੀਂ ਹੈ । ਇਹ ਕਲਾਸ-I ਦੇ ਅਫਸਰਾਂ ਦੀ ਗੱਲ ਹੈ । ਕਲਾਸ II ਦੇ ਅਫਸਰਾਂ ਨੂੰ ਤਰੱਕੀਆਂ ਮਿਲੀਆਂ ਹਨ । ਉਨ੍ਹਾਂ 52 ਅਫਸਰਾਂ ਵਿਚੋਂ 9 ਅਫਸਰ ਹਰੀਜਨ ਹਨ । ਫਿਰ ਕਲਾਸ IV ਵਿਚ ਤਰੱਕੀ ਮਿਲੀ ਹੈ, ਇਨ੍ਹਾਂ ਵਿਚ ਹਰੀਜਨ ਕੋਈ ਨਹੀਂ ਹੈ । ਇਸੇ ਤਰ੍ਹਾਂ ਹੀ ਬਾਕੀ ਦੇ ਮਹਿਕਮਿਆਂ ਵਿਚ ਹੈ । ਕੀ ਮੈਂ ਵਜ਼ੀਰ ਸਾਹਿਬ ਤੋਂ ਇਹ ਯਕੀਨ ਲੈ ਸਕਦਾ ਹਾਂ ਕਿ ਜਿੱਥੇ ਜਿੱਥੇ ਮਹਿਕਮਿਆਂ ਵਿਚ ਤਰੱਕੀ ਹੋਈ ਹੈ ਉਥੇ ਹਰੀਜਨਾਂ ਨਾਲ ਜ਼ਿਆਦਤੀ ਹੋਈ ਹੈ । ਇਹ ਇੰਪਲੀਮੈਂਟੇਸ਼ਨ ਕਮੇਟੀ ਦੇ ਮੈਂਬਰ ਹਨ । ਇਸ ਲਈ ਕੀ ਉਹ ਇਸ ਘਾਟ ਨੂੰ ਪੂਰਾ ਕਰਾਉਣ ਦਾ ਯਤਨ ਕਰਨਗੇ ?

(ਇਸ ਸਮੇਂ ਅਕਾਲੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ**)

ਸ੍ਰੀ ਸਪੀਕਰ : ਇਹ ਜੋ ਕੁਝ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying while sitting, should not be recorded.)

*Not recorded as ordered by the

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਕਿਹਾ ਹੈ ਕਿ ਜਿੱਥੇ ਜਿੱਥੇ ਹਰੀਜਨਾਂ ਨਾਲ ਕੋਤਾਹੀ ਹੋਈ ਹੈ ਉਸ ਨੂੰ ਇਹ ਰੋਕਣਗੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਦੀ ਅਸੀਂ ਪਰਸੈਂਟੇਜ ਮੁਕਰੱਰ ਕੀਤੀ ਹੈ (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਯਕੀਨ ਦਿਲਾਉਂਦਾ ਹਾਂ ਕਿ ਅੱਗੇ ਵਾਸਤੇ ਜਦੋਂ ਦੀ ਅਸੀਂ ਰਿਜ਼ਰਵੇਸ਼ਨ ਕੀਤੀ ਸ਼ੈਡਿਊਲਡ ਕਾਸਟਸ ਵਾਸਤੇ, ਕੋਈ ਕੋਤਾਹੀ ਨਹੀਂ ਹੋਵੇਗੀ। (ਵਿਘਨ) ਕਿਤੇ ਕਮੀ ਨਹੀਂ ਰਹੇਗੀ। ਮੈਂ ਤੁਹਾਡੇ ਰਾਹੀਂ ਇਹ ਵੀ ਯਕੀਨ ਦਿਲਾਉਂਦਾ ਹਾਂ ਜਿਸ ਤਰ੍ਹਾਂ ਉਨ੍ਹਾਂ ਨੇ ਐਗਰੀਕਲਚਰ ਡਿਪਾਰਟਮੈਂਟ ਦੇ ਅਫ਼ਸਰਾਂ ਬਾਰੇ ਦੱਸਿਆ ਹੈ। ਸਪੀਕਰ ਸਾਹਿਬ, ਅਸੀਂ 6 ਮਾਰਚ, 1974 ਨੂੰ ਕਲਾਸ I ਅਤੇ ਕਲਾਸ II ਦੀ ਰਿਜ਼ਰਵੇਸ਼ਨ ਕੀਤੀ ਹੈ, ਪਰਮੋਸ਼ਨ ਵਿਚ। ਇਸ ਵਿਚ 4 ਅਫਸਰ ਪਰਮੋਟ ਹੋਏ ਹਨ। ਇਨ੍ਹਾਂ 4 ਵਿਚੋਂ ਜਿਹੜੇ 3 ਅਫ਼ਸਰ ਹਨ ਉਹ ਪਹਿਲਾਂ ਦੇ ਹਨ, ਮਤਲਬ ਕਿ ਜਦੋਂ ਰੇਜ਼ਰਵੇਸ਼ਨ ਕੀਤੀ ਹੈ ਉਸ ਤੋਂ ਪਹਿਲਾਂ ਦੇ ਪਰਮੋਟ ਹੋਏ ਹੋਏ ਹਨ। ਉਸ ਵੇਲੇ ਸਾਡਾ ਇਖਤਿਆਰ ਨਹੀਂ ਸੀ ਕਿਉਂਕਿ ਉਦੋਂ ਪਰਮੋਸ਼ਨ ਨਹੀਂ ਸੀ। ਇਸ ਵਾਸਤੇ ਇਕ ਅਫ਼ਸਰ ਮਗਰ ਪਰਮੋਸ਼ਨ ਨਹੀਂ ਕੀਤੀ, ਐਡਹਾਕ ਤੌਰ ਤੇ ਰੱਖਿਆ ਹੈ, ਕਿਉਂਕਿ ਸਾਨੂੰ ਹਰੀਜਨਾਂ ਵਿਚੋਂ ਕੋਈ ਆਦਮੀ ਨਹੀਂ ਲੱਭਿਆ। (ਵਿਘਨ)

ਸਪੀਕਰ ਸਾਹਿਬ, ਪਰਮੋਸ਼ਨ ਪਹਿਲਾਂ ਹੋ ਚੁਕੀ ਸੀ। ਇਕ ਅਫਸਰ ਦੀ ਜਿਹੜੀ ਮਗਰੋਂ ਪਰਮੋਸ਼ਨ ਕਰਨੀ ਸੀ ਉਸ ਬਾਰੇ ਸਾਰਿਆਂ ਨੂੰ ਪੁੱਛਿਆ ਗਿਆ ਸ਼ੈਡਿਊਲਡ ਕਾਸਟਸ ਵੈਲਫੇਅਰ ਡਿਪਾਰਟਮੈਂਟ ਨੂੰ ਪੁਛਿਆ ਗਿਆ ਪਰ ਉਸ ਦੇ ਬਰਾਬਰ ਦਾ ਕੋਈ ਆਦਮੀ ਨਹੀਂ ਮਿਲਿਆ। ਪਰਮੋਸ਼ਨ ਕਰਨ ਵਾਸਤੇ ਉਸ ਕੁਆਲੀਫਿਕੇਸ਼ਨ ਦਾ ਆਦਮੀ ਨਹੀਂ ਮਿਲਿਆ। ਹੁਣ ਪੋਸਟ ਐਡਵਰਟਾਈਜ਼ ਕੀਤੀ ਹੈ। (ਵਿਘਨ) ਮੈਂ ਕਹਿੰਦਾ ਹਾਂ ਕਿ ਕੋਈ ਜ਼ਿਆਦਤੀ ਨਹੀਂ ਹੋਈ। ਕੋਈ ਵੀ ਰਿਜ਼ਰਵੇਸ਼ਨ ਵਿਚ, ਪਰਮੋਸ਼ਨ ਵਿਚ ਕਮੀ ਨਹੀਂ ਰਹੇਗੀ। ਅਸੀਂ ਕਮੀ ਪੂਰੀ ਕਰਾਂਗੇ।

ਕਾਮਰੇਡ ਦਾਨਾ ਰਾਮ : ਸਪੀਕਰ ਸਾਹਿਬ, ਆਰ. ਕੇ. ਸਿੰਘ ਨੂੰ ਜੁਆਇੰਟ ਡਾਇਰੈਕਟਰ ਤੋਂ ਡਾਇਰੈਕਟਰ ਲਾਉਣਾ ਸੀ ਅਤੇ ਇਸ ਬਾਰੇ ਹੁਕਮ ਵੀ ਹੋ ਗਿਆ ਸੀ ਪਰ ਉਸ ਨੂੰ ਹਾਲਾਂ ਤਕ ਲਾਇਆ ਨਹੀਂ ਗਿਆ, ਇਸ ਦਾ ਕੀ ਕਾਰਨ ਹੈ ?

ਮੰਤਰੀ : ਸਪੀਕਰ ਸਾਹਿਬ, ਕੋਈ ਹੁਕਮ ਨਹੀਂ ਹੋਇਆ। ਕੋਈ ਗੱਲ ਬਾਤ ਨਹੀਂ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਾਮਰੇਡ ਦਾਨਾ ਰਾਮ ਨੇ ਜਿਸ ਆਰ. ਕੇ. ਸਿੰਘ ਦਾ ਜ਼ਿਕਰ ਕੀਤਾ ਹੈ, ਜਿੱਥੋਂ ਤੱਕ ਸਾਨੂੰ ਪਤਾ ਲੱਗਾ ਹੈ ਉਸ ਦੀ ਫਾਈਲ ਤੇ ਮਾਸਟਰ ਜੀ ਨੇ ਵੀ ਆਰਡਰ ਕੀਤੇ, ਗਿਆਨੀ ਜੀ ਨੇ ਆਰਡਰ ਕੀਤੇ ਪਰ ਉਹ ਫਾਇਲ ਗਿਆਨੀ ਜੀ ਦੀ ਅਲਮਾਰੀ ਵਿਚ ਪਈ ਹੈ। ਇਹ ਪਤਾ ਨਹੀਂ ਹੈ ਕਿ ਇਸ ਵਿਚ ਕਿੰਨੀ ਕੁ ਸਚਾਈ ਹੈ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਗੱਲ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਾਨੂੰ ਪਤਾ ਲੱਗਾ ਹੈ ਕਿ ਉਸ ਦੀ ਫਾਈਲ ਗਿਆਨੀ ਜੀ ਦੀ ਅਲਮਾਰੀ ਵਿਚ ਪਈ ਹੈ ਪਰ ਇਨ੍ਹਾਂ ਨੂੰ ਉਸ ਦਾ ਪਤਾ ਤੱਕ ਨਹੀਂ ਹੈ।

ਮੰਤਰੀ : ਇਹ ਬਿਲਕੁਲ ਗਲਤ ਗੱਲ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ** **

---

rded as ordered by the Chair.

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying should not be recorded.)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਜਿਸ ਦਿਨ ਤੋਂ ਅਸੀਂ ਰਿਜ਼ਰਵੇਸ਼ਨ ਇਨ ਪਰਮੋਸ਼ਨ ਕੀਤੀ ਹੈ, ਸਾਨੂੰ ਹਰੀਜਨਾਂ ਵਿਚੋਂ ਕੋਈ ਬੰਦਾ ਨਹੀਂ ਲੱਭਦਾ । ਬੜਾ ਲੰਬਾ ਚੌੜਾ ਇਨ੍ਹਾਂ ਨੇ ਇਸ ਬਾਰੇ ਬਿਆਨ ਦਿੱਤਾ ਹੈ ਲੇਕਿਨ ਹਰੀਜਨ ਫਿਰ ਵੀ ਪਰਮੋਟ ਨਹੀਂ ਹੋਏ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਸ ਵਿਚ ਕੀ ਹਿੱਚ ਹੈ ਕਿ ਪਰਮੋਸ਼ਨ ਵਾਸਤੇ ਜਿਹੜੀ ਐਕਸਪੀਰੀਐਂਸ ਦੀ ਕੰਡੀਸ਼ਨ ਲਾਈ ਹੈ, ਹਰੀਜਨਾਂ ਵਾਸਤੇ ਉਹ ਕੰਡੀਸ਼ਨ ਰਿਲੈਕਸ ਕਰ ਦਿੱਤੀ ਜਾਵੇ । (ਵਿਘਨ) ਮੇਰਾ ਮਤਲਬ ਹੈ ਕਿ ਐਕਸਪੀਰੀਐਂਸ ਦੀ ਕੰਡੀਸ਼ਨ ਜੋ ਹੋਰਨਾਂ ਵਾਸਤੇ ਹੈ, ਉਹ ਹਰੀਜਨਾਂ ਤੇ ਨਾ ਹੋਵੇ ਅਤੇ ਉਹ ਕੰਡੀਸ਼ਨ ਰਿਲੈਕਸ ਕਰ ਦਿੱਤੀ ਜਾਵੇ । ?

ਮੰਤਰੀ : ਜਨਾਬ, ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ 3 ਆਦਮੀ ਉਸ ਆਰਡਰ ਤੋਂ ਪਹਿਲਾਂ ਦੇ ਪਰਮੋਟ ਹੋਏ ਹਨ ਅਤੇ ਇਕ ਆਦਮੀ ਦੀ ਐਡਹਾਕ ਬੇਸਿਜ਼ ਤੇ ਜਗ੍ਹਾ ਭਰੀ ਹੈ । ਉਸ ਦੇ ਵਾਸਤੇ ਵੀ ਐਡਵਰਟਾਈਜ਼ ਕੀਤਾ ਹੈ । ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਲੋਕਾਂ ਦੀਆਂ ਦਰਖਾਸਤਾਂ ਆਈਆਂ ਕਿ ਸਾਡੇ ਨਾਲ ਬੇਇਨਸਾਫੀ ਅਤੇ ਧੱਕਾ ਹੋਇਆ ਹੈ ਅਸੀਂ ਉਨ੍ਹਾਂ ਸਾਰੀਆਂ ਐਪਲੀਕੇਸ਼ਨਜ਼ ਨੂੰ ਪੂਰੀ ਤਰ੍ਹਾਂ ਨਿਪਟਾਇਆ ਹੈ ਅਤੇ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਰਹਿਣ ਦਿੱਤੀ । ਕੋਈ ਵੀ ਪੰਜਾਬ ਦਾ ਕਰਮਚਾਰੀ ਜਿਸ ਨੇ ਸਾਨੂੰ ਦੱਸਿਆ ਕਿ ਸਾਡੇ ਨਾਲ ਧੱਕਾ ਹੋਇਆ ਹੈ ਜਾਂ ਜ਼ਿਆਦਤੀ ਹੋਈ ਹੈ, ਉਨ੍ਹਾਂ ਨੇ ਐਪਲੀਕੇਸ਼ਨ ਦਿੱਤੀ ਅਤੇ ਉਸ ਦਾ ਨਿਪਟਾਰਾ ਪੂਰੀ ਤਰ੍ਹਾਂ ਕੀਤਾ ਹੈ। ਦੂਜਾ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਕੀ ਇਹ ਐਕਸਪੀਰੀਐਂਸ ਦੀ ਕੰਡੀਸ਼ਨ ਹਰੀਜਨਾਂ ਵਾਸਤੇ ਰੀਲੈਕਸ ਕਰਨਗੇ— ਉਸ ਬਾਰੇ ਅਰਜ਼ ਹੈ ਕਿ ਸਾਰੀਆਂ ਸਰਵਿਸਿਜ਼ ਵਿਚ ਕੰਡੀਸ਼ਨਜ਼ ਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਇਹ ਕੰਡੀਸ਼ਨ ਰਿਲੈਕਸ ਕਰਨ ਨਾਲ ਐਫੀਸ਼ੈਂਸੀ ਘੱਟ ਜਾਵੇਗੀ । (ਵਿਘਨ)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਸਵਾਲ ਦਾ ਮਤਲਬ ਹੈ ਇਨਫਰਮੇਸ਼ਨ ਲੈਣੀ, ਨਾ ਕਿ ਆਪਣਾ ਪੁਆਇੰਟ ਆਫ ਵਿਊ ਠੋਸਣਾ ਹੈ। (ਵਿਘਨ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਚੌਧਰੀ ਸੁੰਦਰ ਸਿੰਘ ਨੂੰ ਇਹ ਗਿਲ੍ਹਾ ਹੈ ਕਿ ਉਨ੍ਹਾਂ ਨੂੰ ਇਗਨੋਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਪਰਮੋਸ਼ਨ ਨਹੀਂ ਮਿਲੀ । ਇਸ ਲਈ ਕੀ ਵਜ਼ੀਰ ਸਾਹਿਬ ਉਨ੍ਹਾਂ ਦਾ ਇਹ ਗਿਲ੍ਹਾ ਦੂਰ ਕਰਨਗੇ ? (ਹਾਸਾ)

Mr. Speaker : No question.

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਆਰ. ਕੇ. ਸਿੰਘ ਦਾ ਮਨਿਸਟਰ ਸਾਹਿਬ ਨਾਲ ਜੁਆਇੰਟ ਡਾਇਰੈਕਟਰ ਤੋਂ ਡਾਇਰੈਕਟਰ ਬਣਨ ਵਾਸਤੇ 40 ਹਜ਼ਾਰ ਰੁਪਏ ਵਿਚ ਸੌਦਾ ਹੋ ਗਿਆ ਪਰ ਇਸ ਗੱਲ ਦਾ ਗਿਆਨੀ ਜੀ ਨੂੰ ਪਤਾ ਲੱਗ ਗਿਆ ਅਤੇ ਉਹ ਮਾਮਲਾ ਵਿਚ ਹੀ ਰਹਿ ਗਿਆ ? (ਵਿਘਨ)

ਸ੍ਰੀ ਸਪੀਕਰ : ਇਹ ਕੋਈ ਕੁਐਸ਼ਚਨ ਨਹੀਂ ਹੈ । ਨੈਕਸਟ ਕੁਐਸ਼ਚਨ ਪਲੀਜ਼ । (This is no question. Next question please.)

ਮਾਰਕਿਟ ਕਮੇਟੀਆਂ ਦੁਆਰਾ ਲਿੰਕ ਸੜਕਾਂ ਬਣਾਉਣ ਲਈ ਲੋਕ ਨਿਰਮਾਣ ਵਿਭਾਗ ਪਾਸ ਜਮ੍ਹਾਂ ਕਰਵਾਈ ਗਈ ਰਕਮ

*2940. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਰਾਜ ਦੀਆਂ ਵੱਖ ਵੱਖ ਮਾਰਕੀਟ ਕਮੇਟੀਆਂ ਦੁਆਰਾ ਲਿੰਕ ਸੜਕਾਂ ਬਣਾਉਣ ਲਈ ਲੋਕ ਕਾਰਜ ਵਿਭਾਗ (ਇਮਾਰਤਾਂ ਤੇ ਸੜਕਾਂ ਸ਼ਾਖਾ) ਪਾਸ ਲੱਖਾਂ ਰੁਪਏ ਜਮ੍ਹਾਂ ਕਰਵਾਏ ਗਏ ਹਨ ;

(ਅ) ਕੀ ਇਹ ਵੀ ਠੀਕ ਹੈ ਕਿ ਸਰਕਾਰ ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ ਸ਼ਾਖ਼ਾ) ਦੇ ਕਾਰਜਕਾਰੀ ਇੰਜੀਨੀਅਰ ਨੂੰ ਉਨ੍ਹਾਂ ਦੀਆਂ ਸੜਕਾਂ ਨੂੰ ਜ਼ਿਲਾ ਲਈ ਮਾਰਕਿਟ ਕਮੇਟੀਆਂ ਨੇ ਪਹਿਲਾਂ ਹੀ ਪੂਰੀਆਂ ਰਕਮਾਂ ਜਮ੍ਹਾ ਕਰਵਾਈਆਂ ਹੋਈਆਂ ਹਨ ਨਾ ਬਣਾਉਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ?

ਸ੍ਰੀ ਜੋਗਿੰਦਰ ਪਾਲ ਪਾਂਡੇ : (ੳ) ਜੀ ਹਾਂ ।

(ਅ) ਨਹੀਂ ਜੀ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਸਵਾਲ ਵਿਚ ਇਹ ਪੁੱਛਿਆ ਗਿਆ ਹੈ ਕਿ ਐਕਸੀਅਨ ਦੇ ਖਿਲਾਫ਼ ਭਰਿਸ਼ਟਾਚਾਰ ਦੇ ਦੂਸ਼ਣ ਲਾਏ ਗਏ ਔਰ ਜਿਹੜੀ ਵਿਜੀਲੈਂਸ ਦੀ ਰਿਪੋਰਟ ਹੈ ਉਸ ਦੇ ਵਿਚ ਮੰਨਿਆ ਗਿਆ ਹੈ ...... (ਵਿਘਨ)

(ਇਕ ਆਵਾਜ਼ : ਇਹ ਤਾਂ ਹੋਰ ਸਵਾਲ ਹੈ।)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਈ ਐਮ ਸੌਰੀ, ਸਰ।

ਸਪੀਕਰ ਸਾਹਿਬ, ਲਿੰਕ ਰੋਡਜ਼ ਦੇ ਲਈ ਮਾਰਕਿਟ ਕਮੇਟੀਆਂ ਦਾ ਕਰੋੜਾਂ ਰੁਪਿਆ ਗੌਰਮਿੰਟ ਦੇ ਖਾਤੇ ਵਿਚ ਸੜਕਾਂ ਬਣਾਉਣ ਲਈ ਜਮ੍ਹਾ ਹੋ ਗਿਆ ਹੈ। ਹੁਣ ਪੰਜਾਬ ਸਰਕਾਰ ਦੀਆਂ ਹਦਾਇਤਾਂ ਕਾਰਜ-ਕਾਰੀ ਇੰਜੀਨੀਅਰ ਨੂੰ, ਉਨ੍ਹਾਂ ਸੜਕਾਂ ਨੂੰ ਨਾ ਬਣਾਉਣ ਲਈ, ਜਿਨ੍ਹਾਂ ਲਈ ਮਾਰਕਿਟ ਕਮੇਟੀਆਂ ਨੇ ਪਹਿਲਾਂ ਹੀ ਰਕਮਾਂ ਜਮ੍ਹਾਂ ਕਰਵਾ ਦਿੱਤੀਆਂ ਹਨ, ਮਿਲ ਗਈਆਂ ਹਨ। ਕੀ ਇਹ ਗੱਲ ਠੀਕ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਸ਼ਾਇਦ ਮੇਰਾ ਜਵਾਬ ਨਹੀਂ ਸੁਣਿਆ । ਇਨ੍ਹਾਂ ਨੇ ਸਵਾਲ ਕੀਤਾ ਸੀ ਕਿ ਕੀ ਇਹ ਠੀਕ ਹੈ ਕਿ ਰਾਜ ਦੀਆਂ ਵੱਖੋ ਵੱਖ ਮਾਰਕਿਟ ਕਮੇਟੀਆਂ ਦੁਆਰਾ ਲਿੰਕ ਸੜਕਾਂ ਬਣਾਉਣ ਲਈ ਲੋਕ ਕਾਰਜ ਵਿਭਾਗ ਪਾਸ ਲੱਖਾਂ ਰੁਪਏ ਜਮ੍ਹਾਂ ਕਰਵਾਏ ਗਏ ਹਨ ? ਮੈਂ ਜਵਾਬ ਦਿੱਤਾ ਹੈ, 'ਹਾਂ ਜੀ' । ਦੂਸਰਾ ਇਨ੍ਹਾਂ ਨੇ ਇਹ ਪੁੱਛਿਆ ਹੈ ਕਿ ਕੀ ਇਹ ਵੀ ਠੀਕ ਹੈ ਕਿ ਸਰਕਾਰ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਨੂੰ ਉਨ੍ਹਾਂ ਦੀਆਂ ਸੜਕਾਂ ਨੂੰ, ਜਿਨ੍ਹਾਂ ਲਈ ਮਾਰਕਿਟ ਕਮੇਟੀਆਂ ਨੇ ਪਹਿਲਾਂ ਹੀ ਪੂਰੀਆਂ ਰਕਮਾਂ ਜਮ੍ਹਾਂ ਕਰਵਾਈਆਂ ਹੋਈਆਂ ਹਨ, ਨਾ ਬਣਾਉਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਨ ਹਨ ? ਮੈਂ ਇਸ ਦਾ ਜਵਾਬ ਦਿੱਤਾ ਹੈ :—'ਨਹੀਂ ਜੀ' ।

ਸਰਦਾਰ ਗੁਰਬਚਨ ਸਿੰਘ (ਰੋਪੜ): ਸਪੀਕਰ ਸਾਹਿਬ, ਬਹੁਤ ਸਾਰੀਆਂ ਮਾਰਕਿਟ ਕਮੇਟੀਆਂ ਨੇ ਸੜਕਾਂ ਬਣਾਉਣ ਲਈ ਰੁਪਿਆ ਜਮ੍ਹਾ ਕਰਵਾਇਆ ਹੈ ਗੌਰਮਿੰਟ ਦੇ ਖਾਤੇ ਵਿਚ, ਪਰ ਐਗਜ਼ੈਕਟਿਵ ਇੰਜੀਨੀਅਰ ਮਜ਼ਬੂਰ ਹਨ ਉਹ ਸੜਕਾਂ ਬਣਾਉਣ ਲਈ ਕਿਉਂਕਿ ਗੌਰਮਿੰਟ ਨੇ ਉਨ੍ਹਾਂ ਦੇ ਖਾਤੇ ਵਿਚ ਇਹ ਰੁਪਿਆ ਸੜਕਾਂ ਬਣਾਉਣ ਵਾਸਤੇ ਜਮ੍ਹਾਂ ਨਹੀਂ ਕਰਵਾਇਆ। ਜਦੋਂ ਤਕ ਉਨ੍ਹਾਂ ਦੇ ਖਾਤੇ ਵਿਚ ਰਕਮ ਮੁਨਤਕਿਲ ਨਾ ਹੋਵੇ ਉਹ ਸੜਕਾਂ ਨਹੀਂ ਬਣਾ ਸਕਦੇ। ਗੌਰਮਿੰਟ ਕਿਤਨੇ ਪੀਰੀਅਡ ਵਿਚ ਐਗਜ਼ੈਕਟਿਵ ਇੰਜੀਨੀਅਰ ਦੇ ਖਾਤੇ ਵਿਚ ਮੁਨਤਕਿਲ ਕਰ ਦੇਵੇਗੀ ਤਾਕਿ ਉਹ ਸੜਕਾਂ ਬਣਾ ਸਕਣ ?

ਰਾਜ ਮੰਤਰੀ : ਸਪੀਕਰ ਸਾਹਿਬ, ਮਾਰਕਿਟ ਕਮੇਟੀਆਂ ਜਾਂ ਬੋਰਡ ਦਾ ਜਿਹੜਾ ਰੁਪਿਆ ਸੜਕਾਂ ਬਣਾਉਣ ਵਾਸਤੇ ਪੀ. ਡਬਲਿਯੂ. ਡੀ. ਨੂੰ ਜਮ੍ਹਾਂ ਕਰਵਾਇਆ ਜਾਂਦਾ ਹੈ ਉਸ ਦੇ ਲਈ ਉਹ ਦਸਦੇ ਹਨ ਕਿ ਕਿਹੜੀਆਂ ਸੜਕਾਂ ਬਣਾਉਣੀਆਂ ਹਨ। ਜਿਹੜੀਆਂ ਸੜਕਾਂ ਉਹ ਦਸਦੇ ਹਨ ਉਸ ਦੇ ਵਾਸਤੇ ਉਹ ਰੁਪਿਆ ਜਮ੍ਹਾਂ ਕਰਵਾਉਂਦੇ ਹਨ। ਜਿਵੇਂ ਜਿਵੇਂ ਰੁਪਿਆ ਸਾਡੇ ਕੋਲ ਆਉਂਦਾ ਹੈ ਉਹ ਅਸੀਂ ਮੁਤੱਲਕਾ ਐਗਜ਼ੈਕਟਿਵ ਇੰਜੀਨੀਅਰ ਦੇ ਖਾਤੇ ਖਜ਼ਾਨੇ ਵਿਚ ਜਮ੍ਹਾਂ ਕਰਵਾ ਦਿੰਦੇ ਹਾਂ। ਕਿਸੇ ਗੱਲ ਦੀ ਕੋਈ ਰੁਕਾਵਟ ਨਹੀਂ ਹੁੰਦੀ। ਜੇ ਕਿਸੇ ਮੈਂਬਰ ਸਾਹਿਬ ਦੇ ਖਿਆਲ ਵਿਚ ਕਿਸੇ ਇਲਾਕੇ ਦੀ ਕੋਈ ਸ਼ਿਕਾਇਤ ਹੋਵੇ ਤਾਂ ਉਹ ਸਪੈਸੇਫ਼ਿਕ ਕੇਸ ਸਾਨੂੰ ਦੱਸ ਦੇਣ ਅਸੀਂ ਜਮ੍ਹਾਂ ਕਰਵਾ ਦੇਵਾਂਗੇ।

ਸਰਦਾਰ ਸੁਰਜੀਤ ਸਿੰਘ ਸਿੱਧੂ : ਸਪੀਕਰ ਸਾਹਿਬ, ਜਿਹੜੀਆਂ ਮਾਰਕਿਟ ਕਮੇਟੀਆਂ ਦੇ ਪੈਸਿਆਂ ਨਾਲ ਸੜਕਾਂ ਬਣਦੀਆਂ ਹਨ ਉਸ ਦੇ ਲਈ ਪੈਸੇ ਜ਼ਿਆਦਾ ਜਮ੍ਹਾ ਕਰਵਾਏ ਜਾਂਦੇ ਹਨ ਅਤੇ ਸੜਕ ਦੀ ਲੈਂਗਥ ਥਾਂ ਥਾਂ ਘੱਟ ਬਣਾਈ ਜਾਂਦੀ ਹੈ ਜਦ ਕਿ ਰਿਕਾਰਡ ਵਿਚ ਵੱਧ ਹੁੰਦੀ ਹੈ। ਕੀ ਵਜ਼ੀਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਵਾ ਕੇ ਕੋਈ ਐਕਸ਼ਨ ਲੈਣਗੇ ?

ਰਾਜ ਮੰਤਰੀ : ਹਾਂ ਜੀ, ਪਤਾ ਕਰਵਾ ਲਵਾਂਗੇ। ਅਗਰ ਕੋਈ ਐਸੀ ਗੱਲ ਹੋਈ ਤਾਂ ਐਕਸ਼ਨ ਲਵਾਂਗੇ।

ਸਰਦਾਰ ਕਿਰਪਾਲ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਹੁਣੇ ਹੀ ਉਨ੍ਹਾਂ ਨੇ ਇਕ ਸਵਾਲ ਦੇ ਜਵਾਬ ਵਿਚ ਇਹ ਕਿਹਾ ਹੈ ਕਿ ਜਿਸ ਜਿਸ ਮਾਰਕਿਟ ਕਮੇਟੀ ਨੇ ਸੜਕ ਵਾਸਤੇ ਸਾਡੇ ਕੋਲ ਪੈਸਾ ਜਮ੍ਹਾ ਕਰਵਾਇਆ ਹੈ ਉਹ ਅਸੀਂ ਸਬੰਧਤ ਐਗਜ਼ੈਕਟਿਵ ਇੰਜੀਨੀਅਰ ਨੂੰ ਉਸ ਸਪੈਸਫ਼ਿਕ ਰੋਡਜ਼ ਦੇ ਅਗੇਂਸਟ ਖਜ਼ਾਨੇ ਵਿਚ 'ਪੈਸਾ ਜਮ੍ਹਾ ਕਰਵਾ ਦਿੱਤਾ ਹੈ। ਜੇ ਨਹੀਂ ਹੋਇਆ ਤਾਂ ਕੋਈ ਸਪੈਸਿਫ਼ਿਕ ਕੇਸ ਦੱਸਣ ਉਹ ਜਮ੍ਹਾਂ ਕਰਵਾ ਦੇਣਗੇ। ਮੈਂ ਇਨ੍ਹਾਂ ਨੂੰ ਇਕ ਸਪੈਸਫ਼ਿਕ ਕੇਸ ਦੱਸਣਾ ਚਾਹੁੰਦਾ ਹਾਂ ਕਿ ਕਪੂਰਥਲੇ ਦੀ ਮਾਰਕਿਟ ਕਮੇਟੀ ਨੇ ਪੈਸਾ ਜਮ੍ਹਾ ਕਰਵਾਇਆ ਹੈ ਪਰ ਨਾਂ ਉਥੇ ਰੋਡ ਸ਼ੁਰੂ ਹੋਈ ਹੈ, ਨਾਂ ਪੱਥਰ ਰੱਖਿਆ ਗਿਆ ਹੈ ਅਤੇ ਨਾਂ ਹੀ ਕੋਈ ਪੈਸੇ ਰਿਲੀਜ਼ ਹੋਏ ਹਨ। ਕੀ ਇਸ ਸਬੰਧ ਵਿਚ ਵਜ਼ੀਰ ਸਾਹਿਬ ਦੱਸਣਗੇ ਕਿ ਮਾਰਕਿਟ ਕਮੇਟੀ ਦਾ ਜਿਹੜਾ ਪੈਸਾ ਤੁਹਾਡੇ ਕੋਲ ਜਮ੍ਹਾ ਹੋਇਆ ਹੈ, ਉਹ ਰਿਲੀਜ਼ ਹੋ ਚੁਕਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਇਹ ਗੱਲ ਨਹੀਂ ਹੈ, ਮੈਂ ਇਸ ਦਾ ਪਤਾ ਕਰਵਾ ਲਵਾਂਗਾ।

ਸ਼੍ਰੀ ਕੇਸ਼ੋ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸੜਕਾਂ ਲਈ ਇਨ੍ਹਾਂ ਪਾਸ ਪੈਸੇ ਜਮ੍ਹਾਂ ਹੋ ਗਏ ਹਨ ਕੀ ਉਸ ਦੇ ਲਈ ਕੋਈ ਐਗਜ਼ੈਕਟ ਡੇਟ ਦੱਸਣਗੇ ਕਿ ਕਿਹੜੀ ਤਾਰੀਖ ਤਕ ਉਹ ਸੜਕਾਂ ਮੁਕੰਮਲ ਹੋ ਜਾਣਗੀਆਂ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਤੋਂ ਰੁਪਿਆ ਜਮ੍ਹਾਂ ਹੋਇਆ ਹੈ ਉਨ੍ਹਾਂ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ, ਰੁਪਿਆ ਆਉਣ ਤੇ ਨਾਲ ਦੀ ਨਾਲ ਕੰਮ ਕਰਦੇ ਜਾਵਾਂਗੇ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਸ੍ਰੀ ਕੇਸ਼ੋ ਰਾਮ ਜੀ ਨੇ ਬੜਾ ਸਪੈਸਫਿਕ ਸਵਾਲ ਕੀਤਾ ਹੈ ਕਿ ਜਿਨ੍ਹਾਂ ਮਾਰਕਿਟ ਕਮੇਟੀਆਂ ਨੇ ਜਿਹੜੀਆਂ ਸੜਕਾਂ ਬਣਾਉਣ ਲਈ ਪੈਸਾ ਜਮ੍ਹਾਂ ਕਰਵਾਇਆ ਹੈ ਉਹ ਸੜਕਾਂ ਕਦੋਂ ਤਕ ਮੁਕੰਮਲ ਹੋ ਜਾਣਗੀਆਂ ? ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਫ਼ਰੀਦਕੋਟ ਦੇ ਹਲਕੇ ਵਿਚ 50–50 ਹਜ਼ਾਰ ਰੁਪਿਆ, ਲੱਖ ਲੱਖ ਰੁਪਿਆ ਸੜਕਾਂ ਵਾਸਤੇ ਜਮ੍ਹਾ ਕਰਵਾਇਆ ਗਿਆ ਹੈ। ਮੇਰੇ ਕੋਲ ਸਪੈਸੇਫ਼ਿਕ ਇੰਸਟਾਂਸ ਹੈ ਕਿ ਸੰਧਵਾਂ ਤੋਂ ਜਲਾਲੇਵਾਲ ਅਤੇ ਕੋਟਕਪੂਰੇ ਤੋਂ ਕੋਠੇ ਵੜਿੰਗ ਵਾਲੀ ਦੀ ਸੜਕ ਵਾਸਤੇ ਮਾਰਕਿਟ ਕਮੇਟੀ ਨੇ ਪੈਸਾ ਜਮ੍ਹਾ ਕਰਵਾ ਦਿੱਤਾ ਹੈ ਲੇਕਿਨ ਉਥੇ ਸੜਕਾਂ ਨਹੀਂ ਬਣੀਆਂ, ਇਸ ਦਾ ਕੀ ਕਾਰਨ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਜੇ ਪੈਸਾ ਜਮ੍ਹਾ ਹੈ ਤਾਂ ਮੈਂ ਪੜਤਾਲ ਕਰਕੇ ਜਲਦੀ ਤੋਂ ਜਲਦੀ ਸ਼ੁਰੂ ਕਰਵਾਉਣ ਦਾ ਯਤਨ ਕਰਾਂਗਾ।

ਕਾਮਰੇਡ ਦਾਨਾ ਰਾਮ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੇ ਕੋਈ ਬੈਨ ਨਹੀਂ ਲਾਇਆ ਤਾਂ ਫ਼ੌਰੀ ਤੌਰ ਤੇ ਐਲਾਨ ਕਰਕੇ ਛੇਤੀ ਤੋਂ ਛੇਤੀ ਸੜਕਾਂ ਬਣਾਉਣ ਨੂੰ ਤਿਆਰ ਹਨ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਬੈਨ ਕੋਈ ਨਹੀਂ ਲਾਇਆ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਜਿਹੜਾ ਉਨ੍ਹਾਂ ਨੇ ਹੁਣੇ ਹੁਣੇ ਥੋੜ੍ਹੀ ਦੇਰ ਹੋਈ ਕਿਹਾ ਹੈ ਕਿ ਸੜਕਾਂ ਵਾਸਤੇ ਮਾਰਕਿਟ ਕਮੇਟੀਆਂ ਜਾਂ ਮਾਰਕਿਟ ਬੋਰਡ ਦਾ ਰੁਪਿਆ ਇਨ੍ਹਾਂ ਕੋਲ ਜਮ੍ਹਾ ਹੋਇਆ ਹੈ, ਕੀ ਉਸ ਤੇ ਕੋਈ ਐਸੀ ਸ਼ਰਤ ਹੈ ਕਿ ਜਿਥੇ ਮਾਰਕਿਟ ਕਮੇਟੀਆਂ ਕਹਿਣਗੀਆਂ ਉਸ ਸੜਕ ਤੇ ਉਹ ਰੁਪਿਆ ਲਾਇਆ ਜਾਵੇਗਾ ? ਜੇ ਐਸੀ ਚੀਜ਼ ਹੈ ਤਾਂ ਮੈਂ ਦੂਜੀ ਗੱਲ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀਆਂ ਇਸ ਵੇਲੇ ਐਗਜ਼ਿਸਟ ਨਹੀਂ ਕਰਦੀਆਂ; ਜੇ ਤੁਸੀਂ ਹੁਣ ਕੋਈ ਕੰਮ ਕਰੋਗੇ ਤਾਂ ਨਿਰੀ ਬਿਊਰੋਕਰੇਸੀ ਦੇ ਰਾਹੀਂ ਹੋਵੇਗਾ, ਇਸ ਲਈ ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਗੌਰਮਿੰਟ ਨੂੰ ਜਿੱਥੇ ਕਿਧਰੇ ਹੋਰ ਰੁਪਿਆ ਚਾਹੀਦਾ ਹੈ ਉਹ ਵਰਤ ਲੈਣ ?

ਰਾਜ ਮੰਤਰੀ : ਸਪੀਕਰ ਸਾਹਿਬ, ਮਾਰਕਿਟ ਕਮੇਟੀਆਂ ਜਾਂ ਮਾਰਕਿਟ ਬੋਰਡ ਦਾ ਜੋ ਰੁਪਿਆ ਆਉਂਦਾ ਹੈ ਇਹ ਡਿਪਾਰਟਮੈਂਟ ਕੋਲ ਡਿਪਾਜ਼ਿਟ ਹੁੰਦਾ ਹੈ ਔਰ ਅਸੀਂ ਡਿਪਾਜ਼ਿਟ ਕੰਮ ਕਰਦੇ ਹਾਂ। ਜੋ ਸੜਕਾਂ ਉਹ ਚਾਹੁੰਦੇ ਹਨ ਅਸੀਂ ਉਸ ਦੇ ਮੁਤਾਬਕ ਕੰਮ ਕਰਦੇ ਹਾਂ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਬਰਾੜ ਸਾਹਿਬ ਨੇ ਦੱਸਿਆ ਹੈ ਕਿ ਸੰਧਵਾਂ ਤੋਂ ਜਲਾਲੇਵਾਲ ਅਤੇ ਕੋਟਕਪੂਰੇ ਤੋਂ ਕੋਠੇ ਵੜਿੰਗ ਵਾਲੀ ਸੜਕ ਉਨ੍ਹਾਂ ਦੇ ਹਲਕੇ ਵਿਚ ਹਾਲੇ ਬਣਨੀ ਸ਼ੁਰੂ ਨਹੀਂ ਹੋਈ। ਇਸੇ ਤਰ੍ਹਾਂ ਮੈਂ ਵੀ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਪਿੰਡ ਮਚਾਕੀ ਤੋਂ ਚੇਤ ਸਿੰਘ ਵਾਲਾ ਅਤੇ ਦਲੇਤਾਂ ਤੋਂ ਮੌੜਾਂਵਾਲੀ ਤਕ ਦੋ ਸੜਕਾਂ ਚਾਲੂ ਕਰਕੇ ਛੱਡੀਆਂ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਚਾਰੇ ਸੜਕਾਂ, ਮੇਰੇ ਹਲਕੇ ਦੀਆਂ ਅਤੇ ਬਰਾੜ ਸਾਹਿਬ ਦੇ ਹਲਕੇ ਦੀਆਂ, ਇਸ ਕਰਕੇ ਛੱਡੀਆਂ ਹਨ ਕਿ ਉਨ੍ਹਾਂ ਹਲਕਿਆਂ ਵਿਚੋਂ ਦੋਨੋਂ ਅਕਾਲੀ ਮੈਂਬਰ ਚੁਣ ਕੇ ਆਏ ਹਨ ?

ਰਾਜ ਮੰਤਰੀ : ਨਹੀਂ ਜੀ । ਸਪੀਕਰ ਸਾਹਿਬ, ਇਹ ਗੱਲ ਨਹੀਂ ਹੈ ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਮਾਰਕਿਟ ਕਮੇਟੀਆਂ ਐਗਜ਼ਿਸਟ ਨਹੀਂ ਕਰਦੀਆਂ ਔਰ ਉਨ੍ਹਾਂ ਦੇ ਐਡ-ਮਿਨਿਸਟਰੇਟਿਵ ਅਫ਼ਸਰ ਲਗਾਏ ਹਨ । ਉਨ੍ਹਾਂ ਨੇ ਜਿਹੜਾ ਰੁਪਿਆ ਪੀ. ਡਬਲਿਯੂ. ਡੀ. ਨੂੰ ਜਮ੍ਹਾ ਕਰਵਾਇਆ ਹੈ ਉਹ ਪਿੰਡਾਂ ਦੀਆਂ ਸੜਕਾਂ ਨੂੰ ਛੱਡ ਕੇ, ਇਕ ਇਕ ਅਫ਼ਸਰ ਨੇ 2-2 , 3-3 ਫਾਰਮ ਮੀਲ ਮੀਲ ਤੇ ਬਣਾਏ ਹੋਏ ਹਨ, ਆਪਣੇ ਇਕੱਲੇ ਇਕੱਲੇ ਘਰ ਨੂੰ ਜਾਣ ਵਾਲੀਆਂ ਸੜਕਾਂ ਉਨ੍ਹਾਂ ਨੇ ਬਣਾ ਲਈਆਂ, ਹੋਰ ਕਿਧਰੇ ਨਹੀਂ ਬਣਾਈਆਂ ?

ਰਾਜ ਮੰਤਰੀ : ਸਪੀਕਰ ਸਾਹਿਬ, ਐਸੀ ਕੋਈ ਕਮਪਲੇਂਟ ਸਾਡੇ ਕੋਲ ਨਹੀਂ ਆਈ, ਜੇ ਕੋਈ ਐਸੀ ਕਮਪਲੇਂਟ ਹੋਵੇਗੀ ਤਾਂ ਅਸੀਂ ਇਨਕੁਆਇਰੀ ਕਰਾਂਗੇ ਅਤੇ ਕੋਈ ਵੀ ਗ਼ਲਤ ਕੰਮ ਕਰਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਦੇਵਾਂਗੇ ।

ਸ਼੍ਰੀ ਬਾਲਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਇਹ ਜਿਹੜਾ ਤਰੀਕਾਕਾਰ ਚਲ ਰਿਹਾ ਹੈ ਕਿ ਕਿਸੇ ਜਗ੍ਹਾ ਇੱਟਾਂ ਸੁੱਟ ਦਿੱਤੀਆਂ, ਕਿਸੇ ਜਗ੍ਹਾਂ ਰੋੜੀ ਸੁੱਟ ਦਿੱਤੀ ਔਰ ਉਸ ਤੋਂ ਬਾਅਦ ਕਈ ਮਹੀਨੇ ਉਨ੍ਹਾਂ ਸੜਕਾਂ ਤੇ ਕੋਈ ਜਾਂਦਾ ਨਹੀਂ । ਇਥੋਂ ਤੱਕ ਕਿ ਕਈ ਸੜਕਾਂ ਨੂੰ 2-2 ਸਾਲ ਹੋ ਗਏ ਹਨ ਸੜਕਾਂ ਇਨਕਮਪਲੀਟ ਪਈਆਂ ਹਨ । ਕੀ ਵਜ਼ੀਰ ਸਾਹਿਬ ਇਸ ਦੇ ਲਈ ਕੋਈ ਸਪੈਸੇਫ਼ਿਕ ਪੀਰੀਅਡ ਫ਼ਿਕਸ ਕਰਨਗੇ ਕਿ ਇਕ ਮੀਲ ਦੀ ਸੜਕ ਇਤਨੇ ਪੀਰੀਅਡ ਵਿਚ ਖ਼ਤਮ ਕੀਤੀ ਜਾਵੇਗੀ ?

ਰਾਜ ਮੰਤਰੀ : ਇਹ ਜਿਹੜਾ ਫਰਮਾਇਆ ਹੈ ਕਿ ਸਾਮਾਨ ਜਾਂ ਮੈਟੀਰੀਅਲ ਕਿਤੇ ਪਿਆ ਹੈ ਇਹ ਮੈਨੂੰ ਸਪੈਸੇਫ਼ਿਕ ਦੱਸ ਦੇਣ ਜਿੱਥੇ ਕਿਤੇ ਪਿਆ ਹੈ ਮੈਂ ਇਨਕੁਆਇਰੀ ਵੀ ਕਰਾਂਗਾ ਅਤੇ ਕੰਮ ਵੀ ਸ਼ੁਰੂ ਕਰਾਂਗਾ ।

ਸਰਦਾਰ ਪ੍ਰਹਿਲਾਦ ਸਿੰਘ : ਸਪੀਕਰ ਸਾਹਿਬ, ਜਿਹੜੇ ਪੈਸੇ ਜਮ੍ਹਾ ਕਰਾਏ ਜਾਂਦੇ ਹਨ ਉਹ ਸਪੈਸੇਫ਼ਿਕ ਰੋਡ ਵਾਸਤੇ ਹੁੰਦੇ ਹਨ, ਪਰ ਉਹ ਸਾਂਝੇ ਪੂਲ ਵਿਚ ਚਲੇ ਜਾਂਦੇ ਹਨ ਖ਼ਰਚ ਕਰਨ ਲਈ ਅਤੇ ਸਪੈਸੇਫ਼ਿਕ ਸੜਕ ਨਹੀਂ ਬਣਾਈ ਜਾਂਦੀ । ਸਮਰਾਲਾ-ਲੁਧਿਆਣਾ ਰੋਣਾਂਢੰਡਾ ਰੋਡ ਲਈ ਪੈਸੇ ਜਮ੍ਹਾ ਕਰਾਏ ਸਨ ਪਰ ਉਹ ਨਹੀਂ ਬਣੀ । ਇਹ ਕਾਂਗਰਸੀ ਐਮ. ਐਲ. ਏ. ਜਿਹੜੀ ਰੋਡ ਬਣਵਾਉਣਾ ਚਾਹੁੰਦੇ ਹਨ ਉਹ ਬਣਵਾ ਲੈਂਦੇ ਹਨ ਅਤੇ ਜਿਸ ਸੜਕ ਲਈ ਪੈਸੇ ਜਮ੍ਹਾ ਹੁੰਦੇ ਹਨ, ਉਹ 'ਸੜਕ ਨਹੀਂ ਬਣਦੀ । ਕੀ ਵਜ਼ੀਰ ਸਾਹਿਬ ਇਹ ਭਰੋਸਾ ਦਵਾਉਣਗੇ ਕਿ ਜਿਹੜੀਆਂ ਸੜਕਾਂ ਮਾਰਕਿਟ ਕਮੇਟੀਆਂ ਨੇ ਮਨਜ਼ੂਰ ਕੀਤੀਆਂ ਹੋਈਆਂ ਹਨ ਉਹੀ ਪਹਿਲੋਂ ਬਣਨਗੀਆਂ ?

ਰਾਜ ਮੰਤਰੀ : ਮਾਰਕਿਟ ਕਮੇਟੀਆਂ ਜਿਹੜੀ ਸੜਕ ਵਾਸਤੇ ਪੈਸੇ ਜਮ੍ਹਾਂ ਕਰਾਉਂਦੀਆਂ ਹਨ ਉਹੀ ਸੜਕਾਂ ਬਣਾਈਆਂ ਜਾਂਦੀਆਂ ਹਨ । ਪਲੈਨਿੰਗ ਪ੍ਰੋਗਰਾਮ ਦੇ ਤਹਿਤ ਪੰਜਾਬ ਸਰਕਾਰ ਆਪਣੇ ਬਜਟ ਵਿਚ ਪੈਸੇ ਰਖਦੀ ਹੈ ਉਸ ਦੇ ਮੁਤਾਬਕ ਹੋਰ ਸੜਕਾਂ ਬਣਾਈਆਂ ਜਾਂਦੀਆਂ ਹਨ । ਮਾਰਕਿਟ ਬੋਰਡ ਔਰ ਮਾਰਕਿਟ ਕਮੇਟੀਆਂ ਦੇ ਰੁਪਏ ਨਾਲ ਉਨ੍ਹਾਂ ਵਲੋਂ ਮੰਨਜ਼ੂਰ ਕੀਤੀਆਂ ਸੜਕਾਂ ਹੀ ਬਣਾਈਆਂ ਜਾਂਦੀਆਂ ਹਨ ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

ਹਰਗੋਬਿੰਦਪੁਰਾ, ਜ਼ਿਲ੍ਹਾ ਗੁਰਦਾਸਪੁਰ ਨੂੰ ਹੁਸ਼ਿਆਰਪੁਰ ਅਤੇ ਚੰਡੀਗੜ੍ਹ ਨਾਲ ਇਕ ਸਿੱਧੀ ਸੜਕ ਦੁਆਰਾ ਜੋੜਨ ਦੀ ਸਕੀਮ।

*2963. **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਕੀ ਸ੍ਰੀ ਹਰਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ, ਨੂੰ ਹੁਸ਼ਿਆਰਪੁਰ ਅਤੇ ਚੰਡੀਗੜ੍ਹ ਨਾਲ ਇਕ ਸਿਧੀ ਸੜਕ ਦੁਆਰਾ ਜੋੜਨ ਲਈ ਹਰਗੋਬਿੰਦਪੁਰ ਬਸੀਨ ਤੇ ਪੁੱਲ ਬਣਾਉਣ ਲਈ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਪੰਜਾਬ ਸਰਕਾਰ ਉਕਤ ਪੁੱਲ ਬਣਾਉਣ ਲਈ ਕੇਂਦਰੀ ਸਰਕਾਰ ਤੋਂ ਕੋਈ ਮੱਦਦ ਲੈਣ ਦਾ ਵੀ ਵਿਚਾਰ ਰੱਖਦੀ ਹੈ ?

ਸ੍ਰੀ ਜੋਗਿੰਦਰ ਪਾਲ ਪਾਂਡੇ : (ੳ) ਜੀ ਹਾਂ।

(ਅ) ਜੀ ਹਾਂ।

1975 ਦੇ ਦੌਰਾਨ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਵਿਚ ਬਣਾਈਆਂ ਯੋਜਕ ਸੜਕਾਂ ਦੇ ਦੋਵੇਂ ਪਾਸਿਆਂ ਤੇ ਦਰੱਖ਼ਤ ਲਗਵਾਉਣਾ

*2975. **ਮਾਸਟਰ ਦਲੀਪ ਚੰਦ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਾਲ 1975 ਦੇ ਦੌਰਾਨ ਵਣ ਵਿਭਾਗ ਦੁਆਰਾ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਵਿੱਚ ਬਣਾਈਆਂ ਗਈਆਂ ਯੋਜਕ ਸੜਕਾਂ ਦੇ ਦੋਵੇਂ ਪਾਸੇ ਦਰੱਖ਼ਤ ਲਗਵਾਉਣ ਦਾ ਵਿਚਾਰ ਰੱਖਦੀ ਹੈ ?

ਮਾਸਟਰ ਗੁਰਬੰਤਾ ਸਿੰਘ (ਖੇਤੀਬਾੜੀ ਤੇ ਵਣ ਮੰਤਰੀ) : ਬਲਾਚੌਰ ਵਿਧਾਨ ਸਭਾ ਚੋਣ ਹਲਕੇ ਵਿਚ ਜਿਹੜੀਆਂ ਯੋਜਕ ਸੜਕਾਂ ਵਣ ਵਿਭਾਗ ਪਾਸ ਹਨ ਜਾਂ ਦਿੱਤੀਆਂ ਜਾਣਗੀਆਂ ਉਨ੍ਹਾਂ ਸੜਕਾਂ ਤੇ ਸਾਲ 1975 ਤੋਂ ਪੌਦੇ ਲਗਾਏ ਜਾਣਗੇ।

[Forest Department will undertake the plantation work in the year 1975 in the Balachaur Vidhan Sabha Constituency on the Plan Schemes entrusted already to it and on the roads which will be entrusted to it during the year 1975.]

ਵੇਰਕਾ ਬਲਾਕ, ਜ਼ਿਲ੍ਹਾ ਅੰਮ੍ਰਿਤਸਰ ਅਤੇ ਲੰਬੀ ਬਲਾਕ, ਜ਼ਿਲ੍ਹਾ ਫ਼ਰੀਦਕੋਟ ਵਿੱਚ ਜੈਂਤੀ ਪਿੰਡਾਂ ਦੇ ਤੌਰ ਤੇ ਐਲਾਨ ਕੀਤੇ ਗਏ ਪਿੰਡਾਂ ਨੂੰ ਮੁਹੱਈਆ ਕੀਤੀਆਂ ਗਈਆਂ ਸਹੂਲਤਾਂ

*2901. ਕਾਮਰੇਡ ਸੱਤ ਪਾਲ ਡਾਂਗ }
ਕਾਮਰੇਡ ਦਾਨਾ ਰਾਮ } : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵੇਰਕਾ ਬਲਾਕ, ਜ਼ਿਲ੍ਹਾ ਅੰਮ੍ਰਿਤਸਰ ਅਤੇ ਲੰਬੀ ਬਲਾਕ, ਜ਼ਿਲ੍ਹਾ ਫ਼ਰੀਦਕੋਟ ਵਿੱਚ ਜੈਂਤੀ ਪਿੰਡਾਂ ਦੇ ਤੌਰ ਤੇ ਐਲਾਨ ਕੀਤੇ ਗਏ ਪਿੰਡਾਂ ਦੇ ਨਾਮ ਕੀ ਕੀ ਹਨ;

(ਅ) ਜੈਂਤੀ ਗਰਾਮ ਸਕੀਮ ਅਧੀਨ, ਉਨ੍ਹਾਂ ਪਿੰਡਾਂ ਨੂੰ ਇਸ ਪ੍ਰਕਾਰ ਐਲਾਨ ਕਰਨ ਤੋਂ ਬਾਅਦ ਹਰ ਇਕ ਪਿੰਡ ਨੂੰ ਮੁਹੱਈਆ ਕੀਤੀਆਂ ਗਈਆਂ ਸਹੂਲਤਾਂ ਦਾ ਵੇਰਵਾ ਕੀ ਹੈ ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) 25 ਵੀਂ ਸੁਤੰਤਰਤਾ ਜੈਂਤੀ ਪਿੰਡ ਸਕੀਮ ਅਧੀਨ ਵੇਰਕਾ ਬਲਾਕ, ਜ਼ਿਲ੍ਹਾ ਅੰਮ੍ਰਿਤਸਰ ਵਿਚੋਂ ਪਿੰਡ ਘੁਮਣਪੁਰਾ ਅਤੇ ਕਠਾਨੀਆਂ ਅਤੇ ਲੰਬੀ ਬਲਾਕ, ਜ਼ਿਲ੍ਹਾ ਫਰੀਦਕੋਟ ਵਿਚੋਂ ਸਿਖਵਾਲਾ ਨੂੰ ਬਤੌਰ ਜੈਂਤੀ ਪਿੰਡ ਚੁਣਿਆ ਗਿਆ ਸੀ ।

(ਅ) ਜੈਂਤੀ ਪਿੰਡ ਸਕੀਮ ਅਧੀਨ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿਚੋਂ ਕਈ ਸਹੂਲਤਾਂ ਇਨ੍ਹਾਂ ਪਿੰਡਾਂ ਵਿਚ ਪਹਿਲਾਂ ਹੀ ਮੌਜੂਦ ਸਨ ਅਤੇ ਕਈ ਹੋਰ ਜੈਂਤੀ ਪਿੰਡ ਸਕੀਮ ਚਾਲੂ ਹੋਣ ਪਿੱਛੋਂ ਮੁਹੱਈਆ ਕੀਤੀਆਂ ਗਈਆਂ ਹਨ ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਬਲਾਕ ਦਾ ਨਾਓਂ	ਜੈਂਤੀ ਪਿੰਡ ਦਾ ਨਾਓਂ	ਸਹੂਲਤਾਂ ਜਿਹੜੀਆਂ ਪਹਿਲਾਂ ਮੌਜੂਦ ਸਨ	ਸਹੂਲਤਾਂ ਜਿਹੜੀਆਂ ਜੈਂਤੀ ਪਿੰਡ ਸਕੀਮ ਚਾਲੂ ਹੋਣ ਪਿੱਛੋਂ ਦਿੱਤੀਆਂ ਗਈਆਂ	ਸਹੂਲਤਾਂ ਜਿਹੜੀਆਂ ਅਜੇ ਪਹੁੰਚਾਈਆਂ ਜਾਣੀਆਂ ਹਨ
1.	ਵੇਰਕਾ	ਘੁਮਣਪੁਰਾ	1. ਸਕੂਲ 2. ਸੜਕ 3. ਬਿਜਲੀ 4. ਹਰੀਜਨ ਧਰਮਸ਼ਾਲਾ	1. ਐਲੋਪੈਥਿਕ ਡਿਸਪੈਂਸਰੀ ਖੋਲ੍ਹ ਦਿੱਤੀ ਗਈ ਹੈ ।	1. ਪੀਣ ਵਾਲੇ ਪਾਣੀ ਦੀ ਸਹੂਲਤ 2. ਕਮਜ਼ੋਰ ਜਾਤੀਆਂ ਲਈ ਸੁਧਰੇ ਮਕਾਨ । 3. ਵੈਟਰਨਰੀ ਡਿਸ—ਪੈਂਸਰੀ 4. ਪੰਚਾਇਤ ਘਰ 5. ਖੇਡਾਂ ਲਈ ਸਾਮਾਨ 6. ਹਰੀਜਨ ਬਸਤੀ ਦੇ ਸੁਧਾਰ ਦਾ ਕੰਮ ਚਲ ਰਿਹਾ ਹੈ ਅਤੇ ਦੂਜੀਆਂ ਗਲੀਆਂ, ਨਾਲੀਆਂ ਪੱਕੀਆਂ ਕਰਨ ਲਈ 42,500 ਰੁਪਏ ਦੀ ਗਰਾਂਟ ਦੇ ਦਿੱਤੀ ਗਈ ਹੈ ।
2.		ਕਠਾਨੀਆਂ	1. ਸਕੂਲ 2. ਸੜਕ 3. ਬਿਜਲੀ	—	1. ਪੀਣ ਵਾਲੇ ਪਾਣੀ ਦੀ ਸਹੂਲਤ 2. ਕਮਜ਼ੋਰ ਜਾਤੀਆਂ ਲਈ ਸੁਧਰੇ ਮਕਾਨ ।

[ਰਾਜ ਮੰਤਰੀ ਵਿਕਾਸ]

ਲੜੀ ਨੰ:	ਬਲਾਕ ਦਾ ਨਾਓਂ	ਜੈਂਤੀ ਪਿੰਡਾਂ ਦਾ ਨਾਓਂ	ਸਹੂਲਤਾਂ ਜਿਹੜੀਆਂ ਪਹਿਲਾਂ ਮੌਜੂਦ ਸਨ	ਸਹੂਲਤਾਂ ਜਿਹੜੀਆਂ ਜੈਂਤੀ ਪਿੰਡ ਸਕੀਮ ਚਾਲੂ ਹੋਣ ਪਿੱਛੋਂ ਦਿੱਤੀਆਂ ਗਈਆਂ	ਸਹੂਲਤਾਂ ਜਿਹੜੀਆਂ ਅਜੇ ਪਹੁੰਚਾਈਆਂ ਜਾਣੀਆਂ ਹਨ
					3. ਵੈਟਰਨਰੀ ਡਿਸਪੈਂਸਰੀ 4. ਪੰਚਾਇਤ ਘਰ 5. ਖੇਡਾਂ ਦਾ ਮੈਦਾਨ 6. ਸਿਵਲ ਡਿਸਪੈਂਸਰੀ 7. ਹਰੀਜਨ ਧਰਮਸ਼ਾਲਾ 8. ਹਰੀਜਨ ਬਸਤੀ ਦੇ ਸੁਧਾਰ ਲਈ 49,000 ਰੁਪਏ ਦੀ ਪਰਵਾਨਗੀ ਲਈ ਕੇਸ ਡਾਇਰੈਕਟਰ, ਸਮਾਜ ਭਲਾਈ ਵਲੋਂ ਸਰਕਾਰ ਨੂੰ ਭੇਜਿਆ ਹੋਇਆ ਹੈ।
2.	ਲੰਬੀ	ਸਿਖਵਾਲਾ	1 ਸਕੂਲ 2. ਸੜਕ 3. ਬਿਜਲੀ	1 ਜਲ ਘਰ ਮੁਕੰਮਲ ਕਰ ਦਿੱਤਾ ਗਿਆ ਹੈ। 2. ਹਰੀਜਨ ਧਰਮਸ਼ਾਲਾ ਲਈ 5,500 ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ।	1 ਕਮਜ਼ੋਰ ਜਾਤੀਆਂ ਲਈ ਸੁਧਰੇ ਮਕਾਨ। 2. ਗਲੀਆਂ, ਨਾਲੀਆਂ ਪੱਕੀਆਂ ਕਰਨਾ। 3. ਵੈਟਰਨਰੀ ਡਿਸਪੈਂਸਰੀ 4. ਪੰਚਾਇਤ ਘਰ 5. ਖੇਡਾਂ ਲਈ ਸਾਮਾਨ 6. ਸਿਵਲ ਡਿਸਪੈਂਸਰੀ

[(a) Under Jayanti village scheme from Block Verka, District Amritsar village Ghumanpura and Kathania and from Block Lambi, District Faridkot, village Sikhwala were selected for development as Jayanti villages.

(b) Out of the facilities those were to be provided under the Jayanti village scheme some of the facilities were already available in those villages and a few more have been provided after the inception of this scheme, and the remaining are yet to be provided by the concerned

departments. Their village-wise detail is given below:—

S. No.	Name of Block	Name of Jayanti village	Facilities those were already available	Facilities provided under the scheme	Facilities those are yet to be provided or the Work started but not completed yet.
1	2	3	4	5	6
1.	Verka	Ghuman-pura	1. School 2. Road 3. Electrification 4. Harijan Dharamsala	1. Allopathic dispensary	1. Drinking water supply. 2. Improved Houses for weaker sections. 3. Veterinary Dispensary. 4. Panchayat Ghar. 5. Sports Equipment. 6. Rs. 42,500/- sanctioned for pavement of streets and construction of drains. The work regarding Improvement of Harijan Basti is going on.
2.		Kathania	1. School 2. Road 3. Electrification	..	1. Drinking water supply. 2. Improved Houses for weaker sections. 3. Veterinary Dispensary 4. Panchayat Ghar. 5. Sports Equipment. 6. Civil Dispensary.

[ਰਾਜ ਮੰਤਰੀ, ਵਿਕਾਸ]

1	2	3	4	5	6
					7. Harijan Dharamsala. 8. The Director, Social Welfare Department, Punjab has sent a case for Rs. 49,000/- to the Government for approval for Improvement of Harijan Basties of this village.
3. Lambi Sikhwala			1. School 2. Road 3. Electrification	1. Drinking water supply scheme completed. 2. Rs. 5,500/- sanctioned for Harijan Dharamsala	1. Improved Houses for Weaker section. 2. Pavement of Streets and construction of drains. 3. Veterinary Dispensary. 4. Panchayat Ghar. 5. Sports Equipment. 6. Civil Dispensary.]

ਪਿੰਡ ਕਸੇਲ, ਜ਼ਿਲ੍ਹਾ ਅੰਮ੍ਰਿਤਸਰ ਦੇ ਸਾਬਕਾ ਸਰਪੰਚ ਵਿਰੁੱਧ ਕੀਤੀ ਗਈ ਕਾਰਵਾਈ

*2968. ਕਾਮਰੇਡ ਦਾਨਾ ਰਾਮ
ਕਾਮਰੇਡ ਸੱਤ ਪਾਲ ਡਾਂਗ : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਕਸੇਲ, ਜ਼ਿਲ੍ਹਾ ਅੰਮ੍ਰਿਤਸਰ ਦੇ ਸਾਬਕਾ ਸਰਪੰਚ ਵਿਰੁੱਧ ਐਸ. ਡੀ. ਓ. (ਸਿਵਲ) ਅੰਮ੍ਰਿਤਸਰ ਦੀ ਰਿਪੋਰਟ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ ਬੇਸ਼ਕ ਕਾਫ਼ੀ ਗੰਭੀਰ ਦੋਸ਼ ਦਰੁੱਸਤ ਪਾਏ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਸੰਤੋਖ ਸਿੰਘ ਰੰਧਾਵਾ : ਹਾਂ ਜੀ, ਇਹ ਠੀਕ ਹੈ ਕਿ ਪਿੰਡ ਕਸੇਲ, ਜ਼ਿਲ੍ਹਾ ਅੰਮ੍ਰਿਤਸਰ ਦੇ ਸਾਬਕਾ ਸਰਪੰਚ ਵਿਰੁੱਧ ਉਪ ਮੰਡਲ ਅਫ਼ਸਰ (ਸਿਵਲ), ਤਰਨ ਤਾਰਨ ਦੀ ਰਿਪੋਰਟ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਦੇ ਨਿਮਨ-ਲਿਖਤ ਕਾਰਨ ਹਨ :—

ਪਿੰਡ ਕਸੇਲ ਦੇ ਵਾਸੀਆਂ ਨੇ ਸਾਬਕਾ ਸਰਪੰਚ ਵਿਰੁਧ ਸ਼ਕਾਇਤ 1972 ਦੀਆਂ ਆਮ ਚੋਣਾਂ ਬਾਅਦ ਕੀਤੀ। ਲਾਏ ਗਏ ਦੋਸ਼ ਸਾਲ 1956–59 ਸਮੇਂ ਦੇ ਹੋਣ ਕਾਰਨ 10–15 ਸਾਲ ਪੁਰਾਣੇ ਸਨ। ਇਨਕੁਆਰੀ ਅਫ਼ਸਰ ਉਪ-ਮੰਡਲ ਅਫ਼ਸਰ (ਸਿਵਲ), ਤਰਨ ਤਾਰਨ ਨੇ ਦੱਸਿਆ ਹੈ ਕਿ 1972 ਤੀਕ ਤਾਂ ਸ਼ਕਾਇਤੀ ਚੁੱਪ ਰਹੇ। ਸ਼ਕਾਇਤ ਆਮ ਚੋਣਾਂ ਵਿਚ ਪਾਰਟੀ ਬਾਜ਼ੀ ਦੇ ਆਧਾਰ ਤੇ ਸੀ। ਉਪਰੋਕਤ ਸਾਲਾਂ ਦੀ ਕੈਸ਼ ਬੁਕ ਤੇ ਦੂਜੇ ਕਾਰਵਾਈ ਰਜਿਸਟਰ ਉਪਲਬਧ ਨਹੀਂ ਸਨ। ਇਸ ਲਈ 409 ਆਈ. ਪੀ. ਸੀ. ਅਧੀਨ ਵੀ ਜੇ ਕੇਸ ਦਰਜ ਕਰਵਾਇਆ ਜਾਂਦਾ ਹੈ ਤਾਂ ਕਾਮਯਾਬ ਨਹੀਂ ਰਹਿਣਾ ਸੀ। ਪੰਜਾਬ ਗ੍ਰਾਮ ਪੰਚਾਇਤ ਐਕਟ, 1952 ਦੀ ਧਾਰਾ 105(4) ਅਧੀਨ ਵੀ ਕੋਈ ਕਾਰਵਾਈ ਸੰਭਵ ਨਹੀਂ ਹੋ ਸਕੀ। ਕਿਉਂਜੇ ਸ਼ਕਾਇਤ ਸਮੇਂ ਸਰਪੰਚ ਨੂੰ ਹਟੇ ਸਾਲ ਦਾ ਸਮਾਂ ਵੀ ਹੋ ਚੁਕਾ ਸੀ ਤੇ ਸਰਪੰਚ ਵਲੋਂ ਕੀਤੀਆਂ ਬੇਕਾਇਦਗੀਆਂ ਨੂੰ ਕੀਤੇ ਵੀ ਚਾਰ ਸਾਲ ਤੋਂ ਵੱਧ ਸਮਾਂ ਬੀਤ ਚੁਕਾ ਸੀ।

STARRED QUESTION NO. 3026**

(Extension has been asked for in respect of Starred Question No. 3026)

STARRED QUESTION NO. 2952**

(Extension has been asked for in respect of Starred Question No. 2952.)

1 ਮਾਰਚ, 1974 ਤੋਂ 1 ਜਨਵਰੀ, 1975 ਤੱਕ ਸਿੰਜਾਈ ਵਿਭਾਗ ਵਿਚ ਐਸ. ਓਜ਼. ਅਤੇ ਐਸ. ਡੀ. ਓਜ਼. ਦੀ ਤਰੱਕੀ

*2921. **ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੀ. ਡਬਲਯੂ. ਡੀ. ਦੀ ਸਿੰਜਾਈ ਸ਼ਾਖਾ ਵਿਚ ਪਹਿਲੀ ਮਾਰਚ, 1974 ਤੋਂ ਪਹਿਲੀ ਜਨਵਰੀ, 1975 ਤਕ ਦੇ ਸਮੇਂ ਦੇ ਦੌਰਾਨ ਕੁਝ ਐਸ. ਓਜ਼. ਅਤੇ ਐਸ. ਡੀ. ਓਜ਼ ਨੂੰ ਤਰੱਕੀ ਦਿੱਤੀ ਗਈ ਹੈ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਹਰ ਕਾਡਰ ਵਿਚ ਕਿੰਨੀ ਗਿਣਤੀ ਹੈ ਅਤੇ ਉਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੀ ਗਿਣਤੀ ਕਿੰਨੀ ਹੈ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : ਜੀ ਹਾਂ। ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

[Yes, Sir. The requisite information is laid on the Table of the House.]

ਪੀ. ਡਬਲਯੂ. ਡੀ. (ਸਿੰਜਾਈ ਸ਼ਾਖਾ) ਬਾਰੇ ਸੂਚਨਾ

	ਆਸਾਮੀ ਦਾ ਨਾਂ ਜਿਸ ਤੋਂ ਤਰੱਕੀ ਦਿੱਤੀ ਗਈ	ਕੁੱਲ ਗਿਣਤੀ	ਅਨੁਸੂਚਿਤ ਜਾਤੀਆਂ ਵਿਚ ਤਰੱਕੀ ਕੀਤੇ ਕਰਮਚਾਰੀਆਂ ਦੀ ਗਿਣਤੀ
(1)	ਭਾਗ ਅਫਸਰਾਂ ਤੋਂ ਉਪ ਮੰਡਲ ਅਫ਼ਸਰ	28	1
(2)	ਉਪ ਮੰਡਲ ਅਫ਼ਸਰ ਤੋਂ ਕਾਰਜਕਾਰੀ ਇੰਜੀਨੀਅਰ	29	4

**For Starred Questions Nos. 3026 and 2952 and replies thereto please see Appendix to this Debate.

[ਸਿੰਜਾਈ ਅਤੇ ਬਿਜਲੀ ਮੰਤਰੀ]

[Post from which promotion was made	Total	No. of Scheduled Castes Employees
From S.O.s to S.D.O.s	28	1
From S.D.O.s to XENs	29	4]

ਸਤਲੁਜ ਦਰਿਆ ਵਿਚ ਇਕ ਨਾਲਾ ਖੋਦ ਕੇ ਇਸ ਦੇ ਪਾਣੀ ਤੇ ਕੰਟਰੋਲ ਕਰਨ ਲਈ ਪ੍ਰਸਤਾਵ

*2960. **ਮਾਸਟਰ ਦਲੀਪ ਚੰਦ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਇਸ ਸਾਲ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਵਿੱਚ ਸਤਲੁਜ ਦਰਿਆ ਵਿਚ ਇਕ ਨਾਲਾ ਖੋਦ ਕੇ ਇਸ ਦੇ ਪਾਣੀ ਤੇ ਕੰਟ੍ਰੋਲ ਕਰਨ ਦਾ ਵਿਚਾਰ ਹੈ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : ਨਹੀਂ ਜੀ।

1973-74 ਅਤੇ 1974-75 ਦੌਰਾਨ ਮੱਕੀ ਅਤੇ ਝੋਨੇ ਦੀਆਂ ਦਰਾਂ

*2916. **ਸਰਦਾਰ ਪ੍ਰਹਿਲਾਦ ਸਿੰਘ** : ਕੀ ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਨੇ ਰਾਜ ਵਿਚ 1973-74 ਅਤੇ 1974-75 ਸਾਲ ਦੌਰਾਨ ਮੱਕੀ ਅਤੇ ਝੋਨੇ ਦੀਆਂ ਕੀ ਦਰਾਂ ਨਿਸ਼ਚਿਤ ਕੀਤੀਆਂ ਸਨ ?

ਸਰਦਾਰ ਗੁਰਦਰਸ਼ਨ ਸਿੰਘ : ਸਾਲ 1973-74 ਦੌਰਾਨ ਮੱਕੀ ਅਤੇ ਝੋਨੇ ਦੀ ਸਰਕਾਰੀ ਖਰੀਦ ਦੀ ਦਰ ਰੁਪਏ 70 ਪ੍ਰਤੀ ਕੁਇੰਟਲ ਸੀ ਅਤੇ ਸਾਲ 1974–75 ਲਈ ਮੱਕੀ ਦੀ ਸਰਕਾਰੀ ਖਰੀਦ ਦੀ ਦਰ ਰੁਪਏ 74 ਪ੍ਰਤੀ ਕੁਇੰਟਲ ਹੈ ਅਤੇ ਸਟੈਂਡਰਡ ਪ੍ਰਕਾਰ ਦੇ ਝੋਨੇ ਦੀ ਰੁਪਏ 76 ਪ੍ਰਤੀ ਕੁਇੰਟਲ।

1 ਅਪਰੈਲ, 1974 ਤੋਂ 31 ਦਸੰਬਰ, 1974 ਤਕ ਰਾਜ ਵਿਚ ਪ੍ਰਾਪਤ ਕੀਤਾ ਕਲਾ (ਸਾਫ਼ਟ ਕੋਕ)

*2926. **ਚੌਧਰੀ ਰਾਮ ਸਿੰਘ** : ਕੀ ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) 1 ਅਪਰੈਲ, 1974 ਤੋਂ 31 ਦਸੰਬਰ, 1974 ਤੱਕ ਦੇ ਸਮੇਂ ਦੇ ਦੌਰਾਨ ਰਾਜ ਸਰਕਾਰ ਨੇ ਕੋਲੇ (ਸਾਫ਼ਟ ਕੋਕ) ਦੇ ਕੁੱਲ ਕਿੰਨੇ ਵੈਗਨ ਪ੍ਰਾਪਤ ਕੀਤੇ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੋਲੇ (ਸਾਫ਼ਟ ਕੋਕ) ਦੇ ਵੈਗਨਾਂ ਵਿਚੋਂ ਰਾਜ ਵਿਚ ਹਰ ਇਕ ਜ਼ਿਲ੍ਹੇ ਨੂੰ ਕੁੱਲ ਕਿੰਨੇ ਕਿੰਨੇ ਵੈਗਨ ਸਪਲਾਈ ਕੀਤੇ ਗਏ ?

ਸਰਦਾਰ ਗੁਰਦਰਸ਼ਨ ਸਿੰਘ : (ੳ) 2,902 ਵੈਗਨ ।

(ਅ)	1. ਅੰਮ੍ਰਿਤਸਰ	..	315
	2. ਬਠਿੰਡਾ	..	246
	3. ਫਰੀਦਕੋਟ	..	154
	4. ਫਿਰੋਜ਼ਪੁਰ	..	123
	5. ਗੁਰਦਾਸਪੁਰ	..	184
	6. ਹੁਸ਼ਿਆਰਪੁਰ	..	126
	7. ਜਲੰਧਰ	..	271
	8. ਕਪੂਰਥਲਾ	..	44
	9. ਲੁਧਿਆਣਾ	..	985
	10. ਪਟਿਆਲਾ	..	198
	11. ਰੋਪੜ	..	112
	12. ਸੰਗਰੂਰ	..	144
	ਜੋੜ	..	2,902

STARRED QUESTION NO. 2922**

(Extension has been asked for in respect of Starred Question No. 2922.)

ਸ੍ਰੀ ਜੈ ਪ੍ਰਕਾਸ਼ ਨਰਾਇਣ ਦੇ ਲੁਧਿਆਣੇ ਦੇ ਦੌਰੇ ਦੇ ਸਬੰਧ ਵਿਚ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਤੇ ਕੀਤਾ ਗਿਆ ਖ਼ਰਚ

*2927. **ਚੌਧਰੀ ਰਾਮ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ੍ਰੀ ਜੈ ਪ੍ਰਕਾਸ਼ ਨਰਾਇਣ ਦੇ ਲੁਧਿਆਣਾ ਦੇ ਹਾਲ ਹੀ ਵਿੱਚ ਕੀਤੇ ਦੌਰੇ ਦੇ ਸਬੰਧ ਵਿਚ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਤੇ ਸਰਕਾਰ ਨੇ ਕੁੱਲ ਕਿਨਾ ਖਰਚਾ ਕੀਤਾ ?

ਗਿਆਨੀ ਜ਼ੈਲ ਸਿੰਘ : ਸ੍ਰੀ ਜੈ ਪ੍ਰਕਾਸ਼ ਨਾਰਾਇਣ ਦੀ ਜ਼ਾਤੀ ਸੁਰੱਖਿਆ ਅਤੇ ਉਸ ਸਮੇਂ ਕਾਨੂੰਨ ਅਤੇ ਵਿਵਸਥਾ ਬਣਾਏ ਰੱਖਣ ਲਈ 61,110 ਰੁਪਏ ਖ਼ਰਚ ਕੀਤੇ ਗਏ ਸਨ ।

**For Starred Question No. 2922 and reply thereto please see Appendix to this Debate.

ਮੈਟ੍ਰਿਕ ਦੇ ਕਥਿੱਤ ਜਾਹਲੀ ਸਰਟੀਫ਼ਿਕੇਟਾਂ ਸਬੰਧੀ ਚੌਕਸੀ ਵਿਭਾਗ (ਨੰ: 56/71, ਅੰਮ੍ਰਿਤਸਰ) ਦੁਆਰਾ ਕੀਤੀ ਗਈ ਪੜਤਾਲ

*2956. ਕਾਮਰੇਡ ਦਾਨਾ ਰਾਮ
ਕਾਮਰੇਡ ਸਤ ਪਾਲ ਡਾਂਗ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਚੌਕਸੀ ਵਿਭਾਗ ਨੇ ਸਾਲ 1971 ਵਿਚ ਜ਼ਿਲ੍ਹਾ ਅੰਮ੍ਰਿਤਸਰ ਵਿਚ ਮੈਟ੍ਰਿਕ ਦੇ ਕੁੱਝ ਕਥਿਤ ਜਾਹਲੀ ਸਰਟੀਫ਼ਿਕੇਟਾਂ ਦੇ ਸਬੰਧ ਵਿਚ ਕੋਈ ਪੜਤਾਲ (ਨੰ: 56/71 ਅੰਮ੍ਰਿਤਸਰ) ਸ਼ੁਰੂ ਕੀਤੀ ਸੀ; ਜੇਕਰ ਅਜਿਹਾ ਹੋਵੇ, ਤਾਂ ਉਸ ਵਿੱਚ ਕਿੰਨ੍ਹਾਂ ਯਥਾਰਥ ਦੋਸ਼ਾਂ ਦੀ ਪੜਤਾਲ ਕੀਤੀ ਜਾ ਰਹੀ ਹੈ;

(ਅ) ਕੀ ਉਕਤ ਪੜਤਾਲ ਮੁਕੰਮਲ ਹੋ ਗਈ ਹੈ; ਜੇਕਰ ਅਜਿਹਾ ਹੋਵੇ; ਤਾਂ ਉਸ ਦੀ ਕਾਪੀ ਅਤੇ ਉਸ ਤੇ ਕੀਤੀ ਗਈ ਕਾਰਵਾਈ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ੲ) ਜੇਕਰ ਉਕਤ ਪੜਤਾਲ ਅਜੇ ਮੁਕੰਮਲ ਨਹੀਂ ਹੋਈ, ਤਾਂ ਉਸ ਦੇ ਕੀ ਕਾਰਨ ਹਨ ਅਤੇ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ। ਇਸ ਕੇਸ ਵਿਚ ਇਕ ਕੂੜਨਾਮ ਸ਼ਕਾਇਤ ਦੇ ਆਧਾਰ ਤੇ ਇਕ ਕਰਮਚਾਰੀ ਵਲੋਂ ਪੰਜਾਬ ਯੂਨੀਵਰਸਿਟੀ ਤੋਂ ਜਾਹਲੀ ਨਾਂ ਹੇਠ ਦਰਖ਼ਾਸਤ ਦੇ ਕੇ ਮੈਟ੍ਰਿਕ ਦੇ ਸਰਟੀਫ਼ਿਕੇਟ ਦੀ ਨਕਲ ਹਾਸਲ ਕਰਨ ਦੇ ਦੋਸ਼ ਸਬੰਧੀ ਪੜਤਾਲ ਕੀਤੀ ਜਾ ਰਹੀ ਹੈ।

(ਅ) ਤੇ (ੲ) ਡਾਇਰੈਕਟਰ, ਚੌਕਸੀ ਬਿਊਰੋ ਦੀ ਰਿਪੋਰਟ ਹੁਣੇ ਜਿਹੇ ਮੁਕੰਮਲ ਹੋਈ ਹੈ ਅਤੇ ਇਹ ਸਰਕਾਰ ਦੇ ਵਿਚਾਰ ਅਧੀਨ ਹੈ। ਕਿਉਂਕਿ ਹਾਲੇ ਇਸ ਮਾਮਲੇ ਵਿਚ ਸਰਕਾਰ ਵੱਲੋਂ ਫ਼ੈਸਲਾ ਹੋਣਾ ਹੈ। ਇਸ ਲਈ ਇਸ ਰਿਪੋਟ ਦੀ ਕਾਪੀ ਸਦਨ ਦੀ ਮੇਜ਼ ਤੇ ਨਹੀਂ ਰੱਖੀ ਜਾ ਸਕਦੀ। ਇਸ ਕੇਸ ਵਿਚ ਜਿੰਨਾਂ ਛੇਤੀ ਹੋ ਸਕਿਆ ਕਾਰਵਾਈ ਮੁਕੰਮਲ ਕੀਤੀ ਜਾਵੇਗੀ।

ਪਿੰਡਾਂ ਨੂੰ ਰਿਆਇਤੀ ਦਰਾਂ ਤੇ ਟੀ. ਵੀ. ਸੈੱਟ ਦੇਣ ਲਈ ਪ੍ਰਸਤਾਵ

2965. **ਗਿਆਨੀ ਕੁੰਦਨ ਸਿੰਘ ਪਤੰਗ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਰਾਜ ਵਿਚ ਹਰ ਇੱਕ ਪਿੰਡ ਨੂੰ ਰਿਆਇਤੀ ਦਰਾਂ ਤੇ ਟੀ. ਵੀ. ਸੈੱਟ ਦੇਣ ਲਈ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਕਤ ਸਕੀਮ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇ

ਗਿਆਨੀ ਜ਼ੈਲ ਸਿੰਘ : (ੳ) ਜੀ ਨਹੀਂ, ਹਾਲ ਦੀ ਘੜੀ ਟੀ. ਵੀ. ਸਕੀਮ ਦੇ ਹੇਠ ਲੱਗਭਗ 80 ਸੈੱਟ ਕੇਵਲ ਉਨ੍ਹਾਂ ਪਿੰਡਾਂ ਵਿਚ ਲਾਏ ਜਾਣਗੇ ਜਿਹੜੇ ਅੰਮ੍ਰਿਤਸਰ ਟੀ.ਵੀ. ਸਟੇਸ਼ਨ ਦੇ ਦਾਇਰੇ ਵਿਚ ਆਉਂਦੇ ਹਨ।

(ਅ) ਸਕੀਮ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

COMMUNITY VIEWING TELEVISION SCHEME

Subject.—**Distribution of Television Sets**

Television is one of the most effective communication media which is fast developing in our country. Not only does it provide whole some entertainment to people but it also helps in disseminating social education and giving valuable support to all our national programmes of development.

The Government of India have established a Television Centre in Amritsar with a range of 70 K.M. radius. The centre has brought into its coverage an area of 13,000 sq. metres with a population of 30 lakhs inhabiting the whole of Amritsar District and a few portions of the surrounding districts of Gurdaspur, Hoshiarpur, Kapurthala, Bhatinda, Faridkot and Ferozepore. Keeping in view the importance of television, the State Government have decided to introduce the television scheme in these districts and, to begin with, a sum of Rs. 30 lakhs was proposed for inclusion in Fifth Five-Year Plan of the State, out of which Rs. 2.25 lakhs have been provided during the current financial year. The following will be the broad features of the Scheme:—

(1) The Scheme will be run on subsidy basis. The price of the multi-channel television set at present is in the neighbourhood of Rs. 4,000, including antenna, voltage stabiliser and other accessories. Two-third of this cost will be borne by an allottee and the remaining one-third by the State Government as a subsidy.

(2) The allottees will mostly be Village Panchayats whose villages come within the clear range of the Amritsar Television Station. The Department will invite applications in the prescribed form from village panchayats which desire to have a television set and for this purpose advertisements will be given in important newspapers. All the applications so received, will be scrutinised and recommended by a Committee to be appointed by the Government. There is a suggestion that preference should be given to those Panchayats which have distinguished themselves in development work. The claims of those panchayats which have given recruitment to army or have an outstanding record of sacrifices during freedom struggle will also be given due weightage. The panchayats which do not have their own panchayat ghars or are not willing to rent out suitable accommodation that can be used as a community viewing centre, would not be considered as eligible for the allotment of television sets under the Scheme. Each village allottee panchayats will also be required to execute an agreement before the set is allotted to him. Draft agreement deed is placed below at annexure 'A'.

(3) The Television sets will be purchased through the Controller of Stores, who will enter into contract with a firm after calling quotations. As soon as a village Panchayat is allotted a set and it deposits its share in the account opened in the State Bank, the State Government will enter into an agreement with the allottee in the form referred to above and will then place an order with the firm for the installation of the television set after subsidizing its share. The payment to the firm will be made for each set or sets by crosssed cheques, after completing necessary formalities and ascertaining the fact that the firm has installed the sets.

(4) The Department proposes to appoint a Care-taker for each television set at a wage of Rs. 25 per mensem. The wages to the care-taker will be paid out of the account that is proposed to be opened in the name of the Additional Director, Public Relations in State Bank of India at Chandigarh. The wages will be paid quarterly by cheques. The care-taker will be required to operate the TV sets during the programme hours and he will be responsible for any damage caused to the set on account of mishandling or negligence on his part. The District Public Relations Officer of the district concerned will have full administrative control over the care-taker.

(5) The Department will maintain a mobile workshop with adequate technical staff for the repair and maintenance of these sets. During the guarantee period, which is normally a year. the repairs of these sets will be looked after by the firm with which order of these sets will be placed. Each allottee will, at the same time, be required to deposit a sum of Rs. 250 annually as an *ad-hoc* cost of the spares. The first instalment of Rs. 250 will be

[ਮੁੱਖ ਮੰਤਰੀ]

payable by the allottee panchayat at the time of allotment. The amount will be remitted to the Addtional Director, Public Relations by a crossed Bank Draft drawn on the State Bank of India at Chandigarh, for being deposited in the account referred to above.

(6) After a period of ten years of its purchase, which is the normal life of a televison set, the set will become the property of the allottee. The allottee will then be free to use or dispose it of in any manner he likes.

ANNEXURE A

AGREEMENT FOR THE ALLOTMENT OF TELEVISION SET UNDER THE COMMUNITY VIEWING TELEVISION SCHEME IN PUNJAB.

THIS agreement made this ....day of............. between the Governor of Punjab (Hereinafter referred to as the "Government") of the one part and the Gram Sabha............................a body corporate under section 5 of the Punjab Gram Panchayat Act, 1952 (hereinafter referred to as the "allottee") of the other part.

WHEREAS the Government has, on the application of the allottee, agreed to give and the allottee has agreed to take the community viewing television set described below under the State Subsidised Community Viewing Television Scheme on the terms and conditions hereinafter appearing.

NOW the agreement witnesses and the parties hereto hereby agree as follows:—

1. In pursuance of the said agreement the Government has given to the allottee the community viewing television set make.............Type............ Model.......................Chassis No.................(Herein after referred to as the television set, the receipt of which the allottee hereby acknowledges) for a period of five years, commencing from..................

2. The allottee shall during the said period use the television set for community viewing purpose and for no other purpose and shall instal the same at a suitable public place so that all the inhabitants of the locality for which the television set is installed may gather at appointed hours and view the telecast programmes.

3. During the said period the allottee shall be responsible for the safe custody of the television set given to him. This television set will, however, be operated upon by a caretaker to be appointed by the Public Relations Department of the Government on a monthly wage.

4. (1) The allottee will not lend or transfer the television set to any other person nor shall part with or suffer the same to go out of its possession without the previous sanction of the Additional Director, Public Relations, Punjab for a period of five years of its installation.

(2) On the expiry of five years of allotment complete proprietary rights in the television set shall vest in the allottee and he shall be free to use or to dispose it of in any manner he likes, provided no payment to the Government is due against the allottee.

5. The allottee shall pay to the Additional Director, Public Relations Department, Punjab, Chandigarh, the sum of Rs. (.........................) only representing two-third cost of the television set with accessories including installation charges by a bank draft to be drawn on the State Bank of India at Chandigarh, wherein an account for the said period the allottee shall keep the said Television set in working order and good condition.

6. All repairs to the said television set shall be carried out by the Public Relations Department, Punjab, and the allottee shall inform the District Public Relations Officer concerned about the defects in the television set as soon as the same appear. The allottee shall pay Rs. 250 per annum regularly to Government as charges for repair and replacement of parts. The payment of Rs. 250 for the first year will be made by the allottee at the time of allotment by bank draft drawn on the State Bank of India at Chandigarh.

7. In case the allottee shall fail to observe and perform the duties imposed on it under this agreement, then without prejudice to the other rights of the Government and not withstanding any waiver of any previous cause the Additional Director, Public Relations, Punjab may recover by way of liquidated damage an amount of Rupees 50 on each such occasion, from the allottee.

8. The television set shall be sealed with the seal of the Government or with the seal of any other officer authorised by Government in this behalf.

9. The television set shall be open to inspection at any time by the District Public Relations Officer and any other Officer of the Public Relations Department so authorised by the Additional Director, Public Relations, Punjab and the allottee shall furnish to the said officer such information as he may require concerning the said television set and the working.

10. (1) This agreement shall be terminated by the Government if—

(a) The allottee is guilty of breach of any of the covenants herein contained ; or

(b) the seal of the television set is tampered with; or

(c) the television set is damaged ; or

11. The allottee shall obtain a regular lincense for installation and operation of the television set and have it renewed as and when necessary at its own cost.

12. In case of the loss of the television set during the said period through any cause what-so-ever, the allottee shall have to pay to the Government one-third cost of the set contributed by the Government towards the cost of the television set.

13. All disputes and differences arising out of or in any way concerning this agreement what-so-ever shall be referred to the sole arbitration of the Secretary to Government.........................Punjab Public Relations Department acting as such at the time of reference and it shall be no objection to such appointment, that of the arbitrator so appointed is a Government servant and his award shall be final and binding on the parties.

IN WITNESS whereof the parties have hereunto subscribed their hands on the dates respectively mentioned against their signatures:—

1. Witness

Dated

Signature............................

Dated...........................

2. Witness

Dated

for and on behalf of the Governor of Punjab.

3. Witness

Dated

Signature..................................!

(Sarpanch)
(Panch)

Dated............................

For and on behalf of the Gram Sabha.

1. Witness
Dated

ANNEXURE B

PUBLIC RELATIONS DEPARTMENT, PUNJAB

Schedule of New Expenditure in respect of Plan Scheme Television in the year 1974-75 (from 1st October, 1974 to 28th February, 1975).

Sector : B—Social and Community Services

Head : "285—Information and Publicity"

Sub-head/ Minor head	Detailed head		Plan provision
"Television" Hqrs. Estt.			Rs.
	Salaries—		
	One Assistant Technical Officer (350—600)	..	4,000
	One Head Assistant (Rs. 300—550)	..	3,000
	One Assistant (Rs. 160—400)	..	2,000
	One Store Keeper-cum-Clerk (Rs. 110—250)	..	1,800
	One Driver (Rs. 100—160)	..	1,350
	One Khalasi (Rs. 80—120)	..	1,250
	One Peon (Rs. 70—95)	..	1,100
	Total Salaries	..	14,500
	Wages (for 90 care-takers @ Rs. 25 per mensem	..	11,250
	Travel Expenses	..	10,000
	Office Expenses	..	10,000
	Motor Vehicles	..	50,000
	Machinery and Equipment	..	1,20,000
	Material and Supply	..	9,250
	Total	..	2,25,000

ਰਾਜ ਵਿਚ ਮਾਲ ਗੁਦਾਮ

*2964. **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ —

(ੳ) ਇਸ ਸਮੇਂ ਰਾਜ ਵਿੱਚ ਜ਼ਿਲ੍ਹਾਵਾਰ ਕਿੰਨੇ ਮਾਲ ਗੁਦਾਮ ਹਨ;

(ਅ) ਉਕਤ ਮਾਲ ਗੁਦਾਮ ਬਣਾਉਣ ਦਾ ਮੁੱਖ ਮਕਸਦ ਕੀ ਹੈ ;

(ੲ) ਕੀ ਉਕਤ ਮਾਲ ਗੁਦਾਮ ਉਪਰੋਕਤ ਭਾਗ (ਅ) ਵਿਚ ਦੱਸੇ ਗਏ ਮਕਸਦ ਲਈ ਵਰਤੇ ਜਾ ਰਹੇ ਹਨ :

(ਸ) ਮਾਲ ਗੁਦਾਮਾਂ ਦੀ ਸਕੀਮ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖਣਗੇ ?

ਮਾਸਟਰ ਗੁਰਬੰਤਾ ਸਿੰਘ : ਮਾਲ ਗੁਦਾਮ ਨਿਗਮ ਦੇ ਆਪਣੇ ਗੁਦਾਮਾਂ ਦੀ ਜ਼ਿਲ੍ਹਾਵਾਰ ਸੂਚੀ ਇਸ ਪ੍ਰਕਾਰ ਹੈ :—

(ੳ)

1.	ਬਠਿੰਡਾ	..	1
2.	ਲੁਧਿਆਣਾ	..	4
3.	ਪਟਿਆਲਾ		1
4.	ਸੰਗਰੂਰ	..	2
5.	ਫ਼ਰੀਦਕੋਟ	..	3
6.	ਫ਼ਿਰੋਜ਼ਪੁਰ	..	1
7.	ਰੋਪੜ	..	2
8.	ਗੁਰਦਾਸਪੁਰ	..	2
	ਜੋੜ	..	16

(ਅ) ਉਕਤ ਮਾਲ ਗੁਦਾਮ ਬਣਾਉਣ ਦਾ ਮੁੱਖ ਮਕਸਦ ਅਨਾਜ ਅਤੇ ਖਾਦਾਂ ਆਦਿ ਨੂੰ ਤਕਨੀਕੀ ਢੰਗ ਨਾਲ ਸੁਰੱਖਿਅਤ ਰੱਖਣਾ ਹੈ ।

(ੲ) ਹਾਂ ਜੀ ।

(ਸ) ਮਾਲ ਗੁਦਾਮ ਨਿਗਮ ਦਾ ਕਾਰੋਬਾਰ ਬਾਰੇ ਖੇਤਰ ਮਾਲ ਗੁਦਾਮ ਨਿਗਮ ਐਕਟ, 1962 ਦੀ ਧਾਰਾ 24 ਵਿਚ ਦਿੱਤਾ ਗਿਆ ਹੈ । ਇਸ ਧਾਰਾ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

FUNCTIONS OF THE STATE WAREHOUSING CORPORATION

Section 24 of the Warehousing Corporations Act, 1962.

Subject to the provisions of this Act, a State Warehousing Corporation may—

(a) acquire and build godowns and warehouses at such places within the State as it may, with the previous approval of the Central Warehousing Corporation, determine;

(b) run warehouses in the State for the storage of agricultural produce, seeds, manures, fertilizers, agricultural implements and notified commodities;

(c) arrange facilities for the transport of agricultural produce, seeds, manures, fertilizers, agricultural implements and notified commodities to and from warehouses;

(d) act as an agent of the Central Warehousing Corporation or of the Government for the purposes of the purchase, sale, storage and distribution, of agricultural produce, seeds, manures, fertilizers, agricultural implements and notified commodities; and

(e) carry out such other functions as may be prescribed.

ਖਰੜ ਬਲਾਕ ਦੇ ਕਿਸਾਨਾਂ ਦੁਆਰਾ ਬੀਜ਼ ਦੇ ਢੋਲ ਖਰੀਦਣ ਲਈ ਜਮ੍ਹਾਂ ਕਰਾਈ ਗਈ ਰਕਮ

*2938. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਵਿਕਾਸ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਖਰੜ ਬਲਾਕ (ਜ਼ਿਲ੍ਹਾ ਰੋਪੜ) ਦੇ ਬਹੁਤ ਸਾਰੇ ਕਿਸਾਨਾਂ ਦੁਆਰਾ ਖਰੜ ਵਿਕਾਸ ਬਲਾਕ ਤੋਂ ਘੱਟ ਕੀਮਤ ਦੇ ਬੀਜ਼ ਤੇ ਢੋਲ ਖਰੀਦਣ ਲਈ ਲਗਭਗ 78 ਹਜ਼ਾਰ ਰੁਪਏ ਜਮ੍ਹਾਂ ਕਰਵਾਏ ਗਏ ਸਨ;

(ਅ) ਕੀ ਜਮ੍ਹਾਂ ਕਰਤਿਆਂ ਨੂੰ ਬੀਜ਼ ਦੇ ਢੋਲ ਸਪਲਾਈ ਕੀਤੇ ਗਏ ਹਨ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

ਮਾਸਟਰ ਗੁਰਬੰਤਾ ਸਿੰਘ (ਖੇਤੀਬਾੜੀ ਤੇ ਜੰਗਲਾਤ ਮੰਤਰੀ) :(ੳ) ਜੀ ਨਹੀਂ ਕੇਵਲ 14,224 ਰੁਪਏ 56 ਪੈਸੇ ਵਸੂਲ ਹੋਏ ਹਨ ।

(ਅ) ਕੁਲ 35 ਜਮ੍ਹਾਂ ਕਰਤਿਆਂ ਵਿਚੋਂ 24 ਜਮ੍ਹਾਂ ਕਰਤਿਆਂ ਦੇ ਆਡਰ ਪੰਜਾਬ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਨੂੰ ਢੋਲ ਸਪਲਾਈ ਕਰਨ ਲਈ ਦਿੱਤੇ ਗਏ ਹਨ, ਜਿਨ੍ਹਾਂ ਵਿਚੋਂ 8 ਜਮ੍ਹਾਂ ਕਰਤਿਆਂ ਨੂੰ ਢੋਲ ਸਪਲਾਈ ਕੀਤੇ ਜਾ ਚੁੱਕੇ ਹਨ ਤੇ ਬਾਕੀ ਦੇ ਆਰਡਰ ਤੇ ਸਪਲਾਈ ਕਰ ਦਿੱਤੇ ਜਾਣਗੇ । ਬਾਕੀ ਦੇ 11 ਜਮ੍ਹਾਂ ਕਰਤਿਆਂ ਦੇ ਕੇਸ ਵਿਚਾਰ ਅਧੀਨ ਹਨ ।

STARRED QUESTION No. 2939**

Mr. Speaker : Extension has been asked for in respect of starred question No. 2939.

QUESTIONS OF PRIVILEGE

Mr. Speaker : I have received notice of a question of Privilege from Comrade Shamsher Singh Josh, M.L.A., wherein he has stated that on 10th January, 1975 Master Gurbanta Singh, Agriculture Minister has given wrong information to the House while replying to Starred Question No. 2900 and supplementaries thereon.

As per past practice, I am writing to the Minister concerned to clarify the position. On receipt of his reply, I will examine the matter with reference to his reply and the relevant proceedings of Vidhan Sabha and then give my ruling.

I have also received notices of two Privilege Motions from Comrade Shamsher Singh Josh, M.L.A. and Dr. Baldev Parkash, M.L.A. wherein they have alleged that the Minister for Revenue and Sports has leaked out the Budget proposal of the Sports Department for the year 1975-76 which appeared in the "Tribune" dated 10th January, 1975.

**For Starred Question No. 2939 and reply thereto please see Appendix to this Debate.

I may point out that the Minister concerned wrote to me a letter yesterday saying that the above-mentioned news-item had come to his notice and that he himself had not given any such news. Further, his denial has appeared in the "Tribune" of to-day.

I may also mention that it has already been held that 'the leakage of budget proposals or official secrets does not form any basis for a breach of privilege. Therefore, I do not give my consent to the question of privilege being raised.

(ਇਸ ਸਮੇਂ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਤੇ ਖੜ੍ਹੇ ਸਨ ਪਰ ਸਪੀਕਰ ਸਾਹਿਬ ਨੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੂੰ ਬੋਲਣ ਦੀ ਆਗਿਆ ਦਿੱਤੀ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਅਖਬਾਰ ਵਿਚ ਕੰਟਰਾਡਿਕਸ਼ਨ ਪੜ੍ਹ ਲਈ ਸੀ ਉਸ ਦੇ ਬਾਵਜੂਦ ਮੈਂ ਪ੍ਰਿਵਿਲਿਜ ਮੋਸ਼ਨ ਇਸ ਕਰਕੇ ਦਿੱਤੀ ਕਿਉਂਕਿ ਅਖ਼ਬਾਰ ਵਿਚ ਇਹ ਕਿਤੇ ਨਹੀਂ ਲਿਖਿਆ ਸੀ ਕਿ ਕਿੱਥੋਂ ਪਤਾ ਲੱਗਾ ਹੈ। ਉਹ ਜਿਹੜੀ ਸਟੇਟਮੈਂਟ ਹੈ ਉਸ ਨੂੰ ਅਗਰ ਪੜ੍ਹੋ ਤਾਂ ਉਸ ਵਿਚ ਮੁੜ ਮੁੜ ਕੇ ਆਉਂਦਾ ਹੈ ਸਰਦਾਰ ਉਮਰਾਓ ਸਿੰਘ, ਸਰਦਾਰ ਉਮਰਾਓ ਸਿੰਘ। ਇੰਨੀ ਵੱਡੀ ਗ਼ਲਤੀ ਕੋਈ ਨਹੀਂ ਕਰ ਸਕਦਾ, ਕਿਉਂ "ਟ੍ਰਿਬਿਊਨ' ਵਰਗੇ ਪ੍ਰੀਮੀਅਰ ਪੇਪਰ ਵਲੋਂ ਇਹ ਗਲਤੀ ਨਹੀਂ ਹੋ ਸਕਦੀ ....

ਸ੍ਰੀ ਸਪੀਕਰ : ਹਾਊਸ ਆਫ਼ ਕਾਮਨਜ਼ ਦੇ ਮੁਤਾਬਕ ਲੀਕੇਜ ਆਫ਼ ਬਜਟ ਬਰੀਚ ਆਫ਼ ਪ੍ਰਿਵਿਲਿਜ ਦਾ ਬੇਸ ਨਹੀਂ ਬਣ ਸਕਦਾ। (According to the practice of House of Commons, the leakage of Budget does not constitute a breach of Privilege.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਓ ...

Mr. Speaker : Please resume your seat. I read from the book by Kaul and Shakdher.

"Leakage of budget proposals or official secrets does not form any basis for a breach of privilege.

On March 3, 1956 when notices of adjournment motions were given by two members in connection with an alleged leakage of budget proposals, another member contended that it constituted an express breach of privilege of the House. In this connection the Speaker gave the following ruling:—

> The precedents of the United Kingdom should guide us in determining whether any breach of privilege was in fact committed in the present case. So-far as I can gather, only two cases occurred in which the House of Commons took notice of the leakage of the budget proposals. They are known as the Thomas case and Dalton case. In neither of these cases was the leakage treated as breach of privilege of the House......................"

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਜਿਹੜੀ ਮੇਰੀ ਪ੍ਰਿਵਿਲਜ ਮੋਸ਼ਨ ਸੀ ਤੁਸੀਂ ਕਿਹਾ ਸੀ ਕੱਲ੍ਹ ਨੂੰ ਰੂਲਿੰਗ ਦਿਆਂਗੇ.. ..

ਸ੍ਰੀ ਸਪੀਕਰ : ਤੁਸੀਂ ਰੂਲਿੰਗ ਵੇਖ ਲਵੋ ਕੱਲ੍ਹ ਨਹੀਂ ਕਿਹਾ ਸੀ ਬਲਕਿ ਕਿਹਾ ਸੀ ਕਿ 'ਲੇਟਰ ਆਨ '। ਅਖਬਾਰ ਵਿਚ ਵੀ ਛਪਿਆ ਹੈ। ਉਹ ਮੈਂ ਰੂਲਿੰਗ 16 ਤਾਰੀਖ ਨੂੰ ਦੇ ਸਕਾਂਗਾ। (You please check up my ruling. I said, 'later on', not 'tomorrow'. It has also appeared in the papers. I will be able to give my ruling on the 16th instant.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਆਪਨੇ ਫੁਰਮਾਇਆ ਹੈ ਕਿ ਮਾਲ ਮੰਤਰੀ ਸਾਹਿਬ ਨੇ ਕਹਿ ਦਿੱਤਾ ਹੈ ਕਿ ਮੈਂ ਕੋਈ ਐਸੀ ਸਟੇਟਮੈਂਟ ਨਹੀਂ ਦਿੱਤੀ। ਇਹ ਮੇਰੇ ਪਾਸ ਪਬਲਿਕ ਰਿਲੇਸ਼ਨਜ਼ ਆਫਿਸ ਦਾ ਨੋਟ ਹੈ, ਮੈਂ ਟੇਬਲ ਆਫ਼ ਦੀ ਹਾਊਸ ਤੇ ਰੱਖਦਾ ਹਾਂ, ਜਿਸ ਦੇ ਰਾਹੀਂ ਇਨ੍ਹਾਂ ਨੇ ਇਹ ਨਿਊਜ਼ ਰਿਲੀਜ਼ ਕੀਤੀ ...... (ਵਿਘਨ)

ਸ੍ਰੀ ਸਪੀਕਰ : ਇਹ ਮੇਰੇ ਕੋਲ ਭੇਜ ਦਿਓ (ਵਿਘਨ) (Please send it to me.) (*Interruption*)

(ਇਸ ਵਕਤ ਜੋ ਕਾਗਜ਼ ਸਰਦਾਰ ਸੁਰਜੀਤ ਸਿੰਘ ਨੇ ਟੇਬਲ ਤੇ ਰੱਖਿਆ ਸੀ ਉਹ ਸਪੀਕਰ ਸਾਹਿਬ ਕੋਲ ਭੇਜ ਦਿੱਤਾ ਗਿਆ।) **

Sardar Surjit Singh Barnala : Sir, my contention now is that he has made wrong statement to the Speaker. (*Noise*).

ਸ੍ਰੀ ਸਪੀਕਰ : ਉਨ੍ਹਾਂ ਨੇ ਡਿਨਾਈ ਕਰ ਦਿੱਤਾ ਹੈ ...... (He has denied it.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਪਬਲਿਕ ਰਿਲੇਸ਼ਨਜ਼ ਮਹਿਕਮੇ ਵਾਲਿਆਂ ਨੇ ਸਰਕੂਲੇਟ ਕੀਤਾ ਹੈ। ਇਸ ਵਿਚ ਪਹਿਲੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੇ ਤੁਹਾਨੂੰ ਧੋਖਾ ਦਿੱਤਾ ਹੈ ਕਿ ਸਟੇਟਮੈਂਟ ਨਹੀਂ ਦਿੱਤੀ। ਜਦੋਂ ਕਿ ਪਬਲਿਕ ਰਿਲੇਸ਼ਨਜ਼ ਡੀਪਾਰਟਮੈਂਟ ਦੇ ਥਰੂ ਸਰਕੂਲੇਟ ਕੀਤਾ ਹੈ।

ਸ੍ਰੀ ਸਪੀਕਰ : ਪਹਿਲਾਂ ਤਾਂ ਉਨ੍ਹਾਂ ਨੇ ਡਿਨਾਈ ਕੀਤਾ ਹੈ ਕਿ ਉਨ੍ਹਾਂ ਨੇ ਸਟੇਟਮੈਂਟ ਨਹੀਂ ਦਿੱਤੀ। ਦੂਜੇ ਜਿਹੜੀ ਸਾਡੀ ਪ੍ਰੈਕਟਿਸ ਹੈ ਉਸ ਦੇ ਮੁਤਾਬਿਕ ਮੈਂ ਰੂਲਿੰਗ ਦੇ ਦਿੱਤੀ ਹੈ ਕਿ ਇਹ ਚੀਜ਼ ਬ੍ਰੀਚ ਆਫ਼ ਪ੍ਰਿਵਿਲਜ ਦਾ ਬੇਸ ਨਹੀਂ ਬਣ ਸਕਦੀ। (Firstly the hon. Minister has denied that he gave out any such statement. Secondly, I have given my ruling that according to the practice of this House leakage of budget proposal does not form the basis of a breach of Privilege.)

Sardar Surjit Singh Barnala : His denial itself is a breach of privilege.

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤੁਸੀਂ ਹੁਣੇ ਹੁਣੇ ਇਕ ਰੂਲਿੰਗ ਦਿੱਤੀ ਹੈ ਅਤੇ ਕੋਟ ਕੀਤਾ ਹੈ ਕਿ ਜੇ ਬਜਟ ਦੀ ਲੀਕੇਜ ਹੋ ਜਾਏ ਤਾਂ ਬ੍ਰੀਚ ਆਫ਼ ਪ੍ਰਿਵਿਲਜ ਦਾ ਬੇਸ ਨਹੀਂ ਬਣ ਸਕਦਾ। ਤੁਸੀਂ

**ਸਪੀਕਰ ਸਾਹਿਬ ਨੇ ਇਹ ਕਾਗਜ਼ ਮੇਜ਼ ਤੇ ਰੱਖਣ ਦੀ ਇਜਾਜ਼ਤ ਨਾ ਦਿੱਤੀ।

ਨਾਲ ਦੀ ਨਾਲ ਹਾਊਸ ਆਫ਼ ਕਾਮਨਜ਼ ਦਾ ਵੀ ਜ਼ਿਕਰ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਹਾਊਸ ਆਫ਼ ਕਾਮਨਜ਼ ਵਿਚ ਤਾਂ ਇਹ ਟਰੈਡੀਸ਼ਨ ਹੈ ਕਿ ਜੇ ਬਜਟ ਲੀਕ ਹੋ ਜਾਏ ਤਾਂ ਜਿਸ ਮਨਿਸਟਰ ਦੇ ਨਾਂ ਤੇ ਹੋਵੇ that Minister has to resign ਸਪੀਕਰ ਸਾਹਿਬ, ਮੈਂ ਤੁਹਾਡੀ ਯਾਦ ਤਾਜ਼ਾ ਕਰਾਉਂਦਾ ਹਾਂ ਕਿ ਇੱਕ ਗੱਲ ਤਾਂ ਇਹ ਹੈ ਕਿ.........

ਸ੍ਰੀ ਸਪੀਕਰ : ਕੋਈ ਐਸੀ ਮਿਸਾਲ ਹੋਵੇ ਤਾਂ ਦੱਸੋ । (Please quote any precedent.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਇਸ ਹਾਊਸ ਵਿੱਚ ਜਿਸ ਵੇਲੇ ਸਰਦਾਰ ਬਲਵੰਤ ਸਿੰਘ ਅਕਾਲੀ ਮਨਿਸਟਰੀ ਵਿਚ ਫਾਈਨਾਂਸ ਮਨਿਸਟਰ ਸਨ, ਇਨ੍ਹਾਂ ਦਾ ਜਿਹੜਾ ਬਜਟ ਪ੍ਰਪੋਜ਼ਲ ਸੀ ਇਸ ਦੀ ਇੱਕ ਕਾਪੀ ਸਾਡੇ ਕਮਰੇ ਵਿਚ ਆ ਗਈ। ਇਹ ਕਾਪੀ ਕਿਸੇ ਤਰ੍ਹਾਂ ਮੇਰੇ ਅਤੇ ਸਰਦਾਰ ਉਮਰਾਓ ਸਿੰਘ ਦੇ ਕਬਜ਼ੇ ਵਿੱਚ ਆ ਗਈ। ਅਸੀਂ ਬਰੀਚ ਆਫ ਪ੍ਰਿਵਿਲਜ਼ ਦਾ ਸਵਾਲ ਉਠਾਇਆ। ਮੈਨੂੰ ਇਹ ਯਾਦ ਹੈ ਸਰਦਾਰ ਉਮਰਾਓ ਸਿੰਘ ਨੂੰ ਵੀ ਯਾਦ ਹੋਣਾ ਹੈ । ਸਰਦਾਰ ਬਲਵੰਤ ਸਿੰਘ ਉਸ ਵੇਲੇ ਫਾਈਨਾਂਸ ਮਨਿਸਟਰ ਸਨ ਅਤੇ ਛੀਨਾ ਸਾਹਿਬ ਫਾਈਨਾਂਸ ਸੈਕਟਰੀ ਸਨ । ਉਨ੍ਹਾਂ ਨੇ ਸਾਡੇ ਕਮਰੇ ਵਿੱਚ ਆਕੇ ਪਿਆਰ ਮੁਹੱਬਤ ਨਾਲ ਕਿਹਾ ਕਿ ਅੱਜ ਮੁਆਫ ਕਰ ਦਿਉ ਮੁੜ ਕੇ ਅਸੀਂ ਨਹੀਂ ਕਰਦੇ । ਸ: ਉਮਰਾਓ ਸਿੰਘ ਨੇ ਉਦੋਂ ਕਿਹਾ ਸੀ ਕਿ ਛੱਡੋ ਯਾਰ ਹੁਣ ਤਾਂ ਇਹ ਸਾਡੇ ਦੋਸਤ ਹਨ। ਜੇ ਇਹ ਬ੍ਰੀਚ ਆਫ ਪ੍ਰਿਵਲਿਜ ਨਾ ਹੁੰਦਾ ਤਾਂ ਸਰਦਾਰ ਬਲਵੰਤ ਸਿੰਘ ਜਾਂ ਛੀਨਾ ਸਾਹਿਬ ਸਾਡੇ ਕਮਰੇ ਵਿਚ ਆਉਂਦੇ ? (ਵਿਘਨ) ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਇੰਟਰੱਪਸ਼ਨ ਹੋਣੀ ਹੈ ਤਾਂ ਮੈਂ ਬਹਿ ਜਾਂਦਾ ਹਾਂ । ਸਪੀਕਰ ਸਾਹਿਬ, ਅੱਜ ਤੁਹਾਡੇ ਸਾਹਮਣੇ ਦੋ ਚੀਜ਼ਾਂ ਪੇਸ਼ ਹੋ ਗਈਆਂ । ਆਨਰੇਬਲ ਸਰਦਾਰ ਉਮਰਾਓ ਸਿੰਘ ਨੇ ਡਿਨਾਇਲ ਕੀਤੀ ਹੈ ਕਿ ਮੈਂ ਐਸੀ ਸਟੇਟਮੈਂਟ ਜਾਰੀ ਨਹੀਂ ਕੀਤੀ। ਉਨ੍ਹਾਂ ਦੀ ਡਿਨਾਇਲ ਆਮ ਤੌਰ ਤੇ ਮੰਨ ਲੈਣੀ ਚਾਹੀਦੀ ਹੈ। ਲੇਕਿਨ ਸਰਕਾਰ ਦੇ ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਨੇ ਜਿਹੜਾ ਪ੍ਰੈਸ ਰੀਲੀਜ਼ ਕੀਤਾ ਹੈ, ਜੇ ਤਾਂ ਉਹ ਸਰਕਾਰੀ ਤੌਰ ਤੇ ਸਰਦਾਰ ਉਮਰਾਓ ਸਿੰਘ ਦੇ ਨਾਂ ਤੇ ਰਿਲੀਜ਼ ਕੀਤਾ ਹੈ ਤਾਂ ਫਿਰ ਇੱਕ ਪ੍ਰਿਵਿਲਜ ਨਹੀਂ ਦੋ ਪ੍ਰਿਵਿਲਜ ਇਸ਼ੂ ਬਣ ਜਾਂਦੇ ਹਨ ਸਰਦਾਰ ਉਮਰਾਓ ਸਿੰਘ ਦੇ ਖ਼ਿਲਾਫ। ਅੱਜ ਇਥੇ ਦਿੱਕਤ ਆ ਜਾਏਗੀ ਕਿ ਜਾਂ ਤਾਂ ਇਹ ਗਲਤੀ ਸਰਕਾਰੀ ਅਫਸਰਾਂ ਤੇ ਮੜ੍ਹਨ ਜਾਂ ਫਿਰ ਜੁਰੱਤ ਕਰਨ ਅਤੇ ਕਹਿਣ ਕਿ ਮੇਰੇ ਤੋਂ ਗਲਤੀ ਹੋ ਗਈ, ਇਸ ਲਈ ਮੈਨੂੰ ਮੁਆਫ ਕਰ ਦਿਉ । ਅਸੀਂ ਛੱਡ ਸਕਦੇ ਹਾਂ । ਇੱਕ ਗਲਤੀ ਨੂੰ ਦੋ ਗਲਤੀਆਂ ਕਰਕੇ ਛੁਪਾਇਆ ਨਹੀਂ ਜਾ ਸਕਦਾ। ਇਸ ਨਾਲ ਇਹ ਚੀਜ਼ ਹੋਰ ਜ਼ਿਆਦਾ ਕੰਪਲੀਕੇਟ ਹੋਵੇਗੀ। ਸਰਦਾਰ ਉਮਰਾਓ ਸਿੰਘ ਸਪੋਰਟਸ ਦੇ ਮਾਹਿਰ ਹਨ। ਉਨ੍ਹਾਂ ਨੇ ਜੋਸ਼ ਵਿਚ ਆ ਕੇ ਕਹਿ ਦਿੱਤਾ ਹੋਵੇਗਾ। ਲੇਕਿਨ ਸਪੋਰਟਸਮੈਨ ਵਿੱਚ ਸਪੋਰਟਸ ਦੀ ਸਪਿਰਿਟ ਹੋਣੀ ਚਾਹੀਦੀ ਹੈ । ਉਹ ਇਹ ਹੈ ਕਿ ਜੇ ਕੋਈ ਗਲਤੀ ਹੋ ਜਾਵੇ ਤਾਂ ਉਸ ਦੀ ਮੁਆਫੀ ਮੰਗ ਲੈਣੀ ਚਾਹੀਦੀ ਹੈ। ਸਪੀਕਰ ਸਾਹਿਬ, ਤੁਹਾਡੇ ਕੋਲ ਸਰਦਾਰ ਉਮਰਾਓ ਸਿੰਘ ਦੀ ਡਿਨਾਇਲ ਆ ਗਈ ਹੈ । ਜੇ ਪ੍ਰੈਸ ਰੀਲੀਜ਼ ਵਿਚ ਉਨ੍ਹਾਂ ਨੇ ਸ਼ਬਦ ਵਰਤਿਆ ਹੈ —ਮਾਲ ਮੰਤਰੀ, ਸਰਦਾਰ ਉਮਰਾਓ ਸਿੰਘ ਫਿਰ ਤਾਂ ਬ੍ਰੀਚ ਆਫ ਪ੍ਰਿਵਿਲਿਜ ਬਣਦਾ ਹੈ ਅਤੇ ਇਸ ਨੂੰ ਕੋਈ ਨਹੀਂ ਰੋਕ ਸਕਦਾ। ਜੇ ਸਰਕਾਰੀ ਪ੍ਰੈਸ ਰੀਲੀਜ਼ ਵਿਚ ਇਹ ਸ਼ਬਦ ਨਹੀਂ ਆਇਆ, ਸਰਦਾਰ ਉਮਰਾਓ ਸਿੰਘ ਦਾ ਨਾਂ ਨਹੀਂ ਆਇਆ, ਫਿਰ ਰਿਸਪਾਂਸਿਬਿਲਿਟੀ ਤਾਂ ਉਨ੍ਹਾਂ ਦੀ ਬੇਸ਼ਕ ਹੋਵੇ, ਪਰ ਬ੍ਰੀਚ ਆਫ ਪ੍ਰਿਵਿਲਿਜ ਨਹੀਂ ਬਣਦਾ। ਤੁਸੀਂ ਪੜ੍ਹ ਕੇ ਦੱਸ ਦਿਓ ਕਿ ਸਰਕਾਰੀ ਪ੍ਰੈਸ ਰਿਲੀਜ਼ ਵਿੱਚ ਕੀ ਲਿਖਿਆ ਹੈ। ਮੈਂ ਤੁਹਾਨੂੰ ਇਤਨਾ ਦੱਸ ਸਕਦਾ ਹਾਂ ਕਿ ਜਦੋਂ ਇੱਕ ਸੈਂਟਰ ਵਿਚ ਬਜਟ ਦੀ ਲੀਕੇਜ਼ ਹੋ ਗਈ ਸੀ ਤਾਂ ਪ੍ਰਾਈਮ ਮਨਿਸਟਰ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਨਕੁਆਇਰੀ ਕੀਤੀ ਸੀ ਅਤੇ ਕਿਹਾ ਸੀ ਕਿ ਜੇ ਕੋਈ ਮਨਿਸਟਰ ਰਿਸਪਾਂਸਿਬਲ ਹੋਵੇਗਾ ਤਾਂ ਉਸ ਨੂੰ ਰੀਜ਼ਾਇਨ ਕਰਨਾ ਪਵੇਗਾ। ਮੈਂ ਤੁਹਾਨੂੰ 10 ਮਿੰਟਾਂ ਵਿਚ ਸਾਰੀ ਇਨਫਰਮੇਸ਼ਨ ਕੱਢ ਕੇ ਦੇ ਸਕਦਾ ਹਾਂ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਦੀ ਡੀਨਾਇਲ ਦੇ ਬਾਅਦ ਅਤੇ ਉਸਦੀ ਪੇਪਰਾਂ ਵਿਚ ਕੰਟਰਾਡਿਕਸ਼ਨ ਦੇ ਬਾਅਦ, ਤੁਹਾਡੀ ਰੂਲਿੰਗ ਇਸ ਦੇ ਪਹਿਲੇ ਹਿੱਸੇ ਦੇ ਨਾਲ ਹੀ ਖ਼ਤਮ ਹੋ ਜਾਣੀ ਚਾਹੀਦੀ ਸੀ । ਜਦੋਂ ਉਨ੍ਹਾਂ ਨੇ ਡਿਨਾਇਲ ਕਰ ਦਿਤੀ ਅਤੇ ਤੁਸੀਂ ਐਕਸੈਪਟ ਕਰ ਲਈ ਤਾਂ ਫਿਰ ਪਹਿਲਾ ਪਾਰਟ ਐਕਸੈਪਟ ਕਰਕੇ ਫਿਰ ਦੂਜੇ ਪਾਰਟ ਤੇ ਰੂਲਿੰਗ ਨਹੀਂ ਦੇਣੀ ਚਾਹੀਦੀ ਸੀ । ਲੀਕੇਜ ਆਫ ਬਜਟ ਪ੍ਰਪੋਜ਼ਲ ਬ੍ਰੀਚ ਆਫ ਪ੍ਰਿਵਿਲਿਜ ਨਹੀਂ ਬਣਦਾ । ਇਸ ਗੱਲ ਵਿਚ ਮੈਂ ਤੁਹਾਡੇ ਨਾਲ ਐਗਰੀ ਨਹੀਂ ਕਰਦਾ । ਲੀਕੇਜ ਦਾ ਵਰਡ ਆਪਣੇ ਆਪ ਇੰਡੀਕੇਟ ਕਰਦਾ ਹੈ ਕਿ ਲੀਕੇਜ ਡੈਫੀਨਿਟਲੀ ਕੰਟੈਂਪਟ ਆਫ਼ ਦੀ ਹਾਊਸ ਹੈ ।

ਸ੍ਰੀ ਸਪੀਕਰ : ਇਹ ਤਾਂ ਹਾਊਸ ਆਫ ਕਾਮਨਜ਼ ਦੇ ਪ੍ਰੈਸੀਡੈਂਟ ਦਾ ਰੈਫਰੈਂਸ ਹੈ। (This is a reference to a precedent of the House of Commons)

ਚੌਧਰੀ ਦਰਸ਼ਨ ਸਿੰਘ : ਬਜਟ ਹਾਊਸ ਦੇ ਵਿਚ ਹੀ ਪੇਸ਼ ਹੋਣਾ ਚਾਹੀਦਾ ਹੈ ਅਤੇ ਬਾਹਰ ਲੋਕਾਂ ਵਿਚ ਨਹੀਂ ਹੋਣਾ ਚਾਹੀਦਾ । ਇਹ ਤਾਂ ਇਸ ਆਗੱਸਟ ਹਾਊਸ ਦੇ ਸਾਹਮਣੇ ਹੀ ਪੇਸ਼ ਹੋਣਾ ਚਾਹੀਦਾ ਹੈ । ਤੁਸੀਂ ਆਪਣੀ ਰੂਲਿੰਗ ਰੀਕੰਸਿਡਰ ਕਰੋ ।

(ਇਸ ਸਮੇਂ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਡਾਕਟਰ ਬਲਦੇਵ ਪ੍ਰਕਾਸ਼ ਅਤੇ ਹੋਰ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਉਠਾਉਣ ਲਈ ਖੜ੍ਹੇ ਹੋਏ ।)

ਸ੍ਰੀ ਸਪੀਕਰ : ਡਾਕਟਰ ਸਾਹਿਬ, ਪਹਿਲਾਂ ਆਚਾਰਿਆ ਸਾਹਿਬ ਨੂੰ ਬੋਲ ਲੈਣ ਦਿਉ, ਫਿਰ ਤੁਸੀਂ ਬੋਲ ਲੈਣਾ । (Dr. Baldev Prakash Ji, please let Acharya Sahib speak first. You may speak after he finishes)

ਸਰਦਾਰ ਗੁਰਦੇਵ ਸਿੰਘ ਸਿੱਧੂ : ** ** ** **

ਸ੍ਰੀ ਸਪੀਕਰ : ਇਹ ਜੋ ਕੁੱਝ ਕਹਿ ਰਹੇ ਹਨ ਚੇਅਰ ਦੀ ਪਰਮਿਸ਼ਨ ਤੋਂ ਬਿਨਾ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair, should not be recorded).

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜੀ ਇਹ ਪਰਪੋਜ਼ਲ ਬਜਟ ਨਾਲ ਸਬੰਧ ਰੱਖਦੀ ਸੀ, ਉਸਦੀ ਲੀਕੇਜ ਸਰਦਾਰ ਉਮਰਾਓ ਸਿੰਘ ਕੋਲੋਂ ਹੋ ਗਈ । ਕਿਉਂਕਿ ਫਾਈਨਾਂਸ ਡਿਪਾਰਟਮੈਂਟ ਦੇ ਇਨਚਾਰਜ ਸ੍ਰੀ ਹੰਸ ਰਾਜ ਸ਼ਰਮਾ ਜੀ ਹਨ ਇਸ ਵਾਸਤੇ ਮੇਰੀ ਸੁਜੈਸ਼ਨ ਹੈ ਕਿ ਇਹ ਪ੍ਰਿਵਿਲਿਜ ਮੋਸ਼ਨ ਦੋਹਾਂ ਦੇ ਖਿਲਾਫ ਆਉਣੀ ਚਾਹੀਦੀ ਹੈ । (ਆਪੋਜ਼ੀਸ਼ਨ ਬੈਂਚਾਂ ਵੱਲੋਂ ਥੰਪਿੰਗ ।)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਤੁਸੀਂ ਰੂਲਿੰਗ ਦਿੱਤੀ ਹੈ ਕਿ ਸਰਦਾਰ ਉਮਰਾਓ ਸਿੰਘ ਹੋਰਾਂ ਦੇ ਡਿਨਾਈ ਕਰਨ ਤੋਂ ਬਾਅਦ ਇਹ ਬ੍ਰੀਚ ਆਫ ਪ੍ਰਿਵਿਲਿਜ ਨਹੀਂ ਰਹਿੰਦਾ । ਤੁਹਾਡੀ ਇਸ ਰੂਲਿੰਗ ਨਾਲ ਮੈਂ ਐਗਰੀ ਨਹੀਂ ਕਰਦਾ। ਤੁਸੀਂ ਲੋਕ ਸਭਾ ਦੀਆਂ ਕਨਵੈਨਸ਼ਨਜ਼ ਵੇਖੋ । ਜਿਹੜਾ ਬਜਟ ਹੈ ਉਹ ਇਕ ਸਰਕਾਰੀ ਡਾਕੂਮੈਂਟ ਹੈ । ਸਭ ਤੋਂ ਪਹਿਲਾਂ ਇਹ ਹਾਊਸ ਵਿਚ ਆਉਣਾ ਚਾਹੀਦਾ

**Not recorded as ordered by the Chair.

ਹੈ । ਇਹ ਅਪਰ ਹਾਊਸ ਵਿਚ ਵੀ ਪੜ੍ਹਿਆ ਨਹੀਂ ਜਾ ਸਕਦਾ । ਇਸ ਹਾਊਸ ਵਿਚ ਬਜਟ ਆਉਣ ਤੋਂ ਪਹਿਲਾਂ, ਬਜਟ ਪ੍ਰੋਪੋਜ਼ਲ ਦੀ ਐਗਜ਼ੈਕਟ ਫਿਗਰ ਕਿ 47 ਲੱਖ ਤੋਂ ਹੁਣ 51 ਲੱਖ ਕਰ ਦਿਤਾ ਗਿਆ ਹੈ ਅਤੇ ਇਹ ਚੀਜ਼ ਪਬਲਿਕ ਵਿਚ ਰੀਲੀਜ਼ ਹੋ ਜਾਣਾ ਇਸ ਹਾਊਸ ਦੀ ਡਿਸਰੈਸਪੈਕਟ ਹੈ ਅਤੇ ਕੰਟੈਪਟ ਆਫ਼ ਦੀ ਹਾਊਸ ਹੈ । ਇਹ ਡੈਫੀਨਿਟਲੀ ਬੇਸਿਜ਼ ਆਫ ਬ੍ਰੀਚ ਆਫ ਪ੍ਰਿਵਿਲਿਜ ਬਣਦਾ ਹੈ। ਜੇ ਸਰਦਾਰ ਉਮਰਾਓ ਸਿੰਘ ਹੋਰਾਂ ਨੇ ਇਹ ਲੀਕੇਜ ਨਹੀਂ ਕੀਤੀ ਤਾਂ ਫਿਰ ਮਾਮਲਾ ਹੋਰ ਵੀ ਸੰਗੀਨ ਹੋ ਜਾਂਦਾ ਹੈ ਕਿ ਇਹ ਸਰਕਾਰੀ ਡਿਪਾਰਟਮੈਂਟ ਤੋਂ ਕਿਸ ਤਰ੍ਹਾਂ ਲੀਕੇਜ ਹੋ ਗਈ । ਫਾਈਨਾਂਸ ਮਨਿਸਟਰ ਬਜਟ ਦਾ ਕਸਟੋਡੀਅਨ ਹੈ । ਇਸ ਕਰਕੇ ਇਸ ਮਾਮਲੇ ਨੂੰ ਰੀਕੰਸਿਡਰ ਕਰੋ ਅਤੇ ਇਸ ਮੈਟਰ ਨੂੰ ਪ੍ਰਿਵਿਲਿਜ ਕਮੇਟੀ ਦੇ ਹਵਾਲੇ ਕਰੋ । ਉਹ ਕਮੇਟੀ ਇਸ ਦੇ ਸਾਰੇ ਆਸਪੈਕਟ ਦੀ ਅਗਜ਼ਾਮੀਨੇਸ਼ਨ ਕਰ ਸਕਦੀ ਹੈ। ਲੋਕ ਸਭਾ ਦੀਆਂ ਕਨਵੈਨਸ਼ਨਜ਼ ਵੇਖੋ । ਹਾਊਸ ਆਫ ਕਾਮਨਜ਼ ਦਾ ਜਿਹੜਾ ਤੁਸੀਂ ਰੈਫਰੈਂਸ ਪੜ੍ਹ ਕੇ ਸੁਣਾਇਆ ਹੈ, ਹੋ ਸਕਦਾ ਹੈ ਕਿ ਉਹ ਇਸ ਕੰਟੈਕਸਟ ਵਿਚ ਨਾ ਹੋਵੇ ।

ਸ੍ਰੀ ਬ੍ਰਿਸ਼ ਭਾਨ : ਸਪੀਕਰ ਸਾਹਿਬ, ਹਾਊਸ ਆਫ ਦੀ ਕਾਮਨਜ਼ ਦੀਆਂ ਟਰੈਡੀਸ਼ਨਜ਼ ਬਹੁਤ ਹੀ ਕਲੀਅਰ ਹਨ । ਇਸ ਦੇ ਬਾਰੇ ਵਿਚ ਕੋਈ ਡਿਸਪਿਊਟ ਨਹੀਂ ਹੈ । ਜਦੋਂ ਬਜਟ ਦਾ ਕੋਈ ਹਿੱਸਾ ਲੀਕ ਆਊਟ ਹੋ ਜਾਵੇ ਤਾਂ ਕਨਸਰਨਡ ਮਨਿਸਟਰ ਨੂੰ ਹੀ ਨਹੀਂ ਸਗੋਂ ਫਾਈਨੈਂਸ ਮਨਿਸਟਰ ਨੂੰ ਵੀ ਰਿਜ਼ਾਇਨ ਕਰ ਦੇਣਾ ਚਾਹੀਦਾ ਹੈ ।

Sardar Surjit Singh Barnala : Mr. Speaker, on page 601 of "Practice and Procedure of Parliament" by Kaul and Shakdher, it is written as under:—

> "Though the leakage of the Budget proposals may not constitute a breach of privilege of the House, Parliament has ample power to inquire into the conduct of a Minister in suitable proceedings in relation to the leakage and the circumstances in which the leakage occurred.

ਇਸ ਲਈ ਮੈਂ ਅਰਜ਼ ਕਰਾਂਗਾ ਕਿ ਟੈਕਨੀਕਲੀ ਇਹ ਪ੍ਰਿਵਿਲਿਜ ਬ੍ਰੀਚ ਨਹੀਂ ਹੋਇਆ। ਪਰ ਅਸੈਂਬਲੀ ਨੂੰ ਬੜੀਆਂ ਪਾਵਰਜ਼ ਹਨ। ਇਸ ਦੀ ਇਨਕੁਆਰੀ ਕਰਾਉਣ ਵਾਸਤੇ ਤੁਸੀਂ ਅਸੈਂਬਲੀ ਦੀ ਇਕ ਕਮੇਟੀ ਬਣਾ ਸਕਦੇ ਹੋ ਜਿਹੜੀ ਅਸੈਂਬਲੀ ਦੀਆਂ ਸਾਰੀਆਂ ਪਾਰਟੀਆਂ ਨੂੰ ਰਿਪ੍ਰੈਜ਼ੈਂਟ ਕਰੇ ।

Mr. Speaker : Mr. Barnala, you are supporting me.

Sardar Surjit Singh Barnala : We have ample power to inquire into the conduct of a Minister in relation to the leakage and the circumstances in which the leakage occurred if the leakage has occurred due to the fault of a Minister.

ਸਰਦਾਰ ਕ੍ਰਿਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਇਹ ਜਿਹੜਾ ਬ੍ਰਿਟਿਸ਼ ਪਾਰਲੀਮੈਂਟਰੀ ਸਿਸਟਮ ਦਾ ਹਵਾਲਾ ਦੇ ਰਹੇ ਹਨ ਉਸ ਬਾਰੇ ਮੈਂ ਇਹ ਕਹਿਣਾ ਹੈ ਕਿ ਉਨ੍ਹਾਂ ਦਾ ਰਿਟਨ ਕਾਨਸਟੀ—ਚਿਊਸ਼ਨ ਨਹੀਂ ਹੈ। ਉਨ੍ਹਾਂ ਦਾ ਸਿਸਟਮ ਕਨਵੈਨਸ਼ਨਜ਼ ਤੇ ਬੇਸਡ ਹੈ ਔਰ ਉਥੇ ਕਈ ਕਿਸਮ ਦੀਆਂ ਕਨ-ਵੈਨਸ਼ਨਜ਼ ਵੇਲੇ ਵੇਲੇ ਸਿਰ ਐਸਟੈਬਲਿਸ਼ ਕੀਤੀਆਂ ਜਾਂਦੀਆਂ ਹਨ । ਇਸ ਲਈ ਕਈ ਵਾਰ ਐਸੀਆਂ ਗੱਲਾਂ ਹੋ ਵੀ ਜਾਣ ਤਾਂ ਇਨ੍ਹਾਂ ਨੂੰ ਐਨਾ ਸੀਰੀਅਸਲੀ ਨਹੀਂ ਲੈਣਾ ਚਾਹੀਦਾ ਜਿਤਨਾ ਇਹ ਆਨਰੇਬਲ ਮੈਂਬਰਜ਼ ਲੈ ਰਹੇ ਹਨ । (ਹਾਸਾ)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਜਦੋਂ ਤੁਸੀਂ ਇਹ ਕਿਹਾ ਹੈ ਕਿ ਮਨਿਸਟਰ ਸਾਹਿਬ ਨੇ ਨਹੀਂ ਮੰਨਿਆਂ ਕਿ ਕੋਈ ਲੀਕੇਜ਼ ਕੀਤੀ ਹੈ, ਤਾਂ ਫਿਰ ਇਹ ਸੋਚਣਾ ਚਾਹੀਦਾ ਹੈ ਕਿ ਇਹ ਚੀਜ਼ ਇਕ ਸਰਕਾਰੀ ਏਜੰਸੀ ਵਿਚ ਛਪੀ ਹੈ ਕਿਸੇ ਪ੍ਰਾਈਵੇਟ ਪਾਰਟੀ ਨੇ ਨਹੀਂ ਛਾਪੀ । ਤੇ ਅਗਰ ਸਰਕਾਰੀ ਏਜੰਸੀ ਨੇ ਲੀਕੇਜ਼ ਕੀਤੀ ਹੈ ਤਾਂ ਕੀ ਸਰਕਾਰ ਉਸ ਦੇ ਖਿਲਾਫ ਕੋਈ ਐਕਸ਼ਨ ਲਵੇਗੀ ?

ਵਿਤ ਮੰਤਰੀ : ਸਪੀਕਰ ਸਾਹਿਬ, ਬਰਨਾਲਾ ਜੀ ਖੁਦ ਹੀ ਮੰਨ ਗਏ ਹਨ ਕਿ ਇਹ ਬ੍ਰੀਚ ਆਫ ਪ੍ਰਿਵਿਲਿਜ਼ ਨਹੀਂ ਬਣਦਾ । ਮੈਂ ਕੌਲ ਐਂਡ ਸ਼ਕਧਰ ਦੀ ਕਿਤਾਬ "ਪ੍ਰੈਕਟਿਸ ਐਂਡ ਪ੍ਰੋਸੀਜ਼ਰ ਆਫ ਪਾਰਲੀਮੈਂਟ" ਵਿਚੋਂ 252 ਪੇਜ ਪੜ੍ਹਦਾ ਹਾਂ:—

"Leakage of budget proposals or official secrets does not form any basis for a breach of privilege.

On March 3, 1956, when notices of adjournment motions were given by two members in connection with an alleged leakage of budget proposals, another member contended that it constituted an express breach of privilege of the House. In this connection, the Speaker gave the following ruling :

The precedents of the United Kingdom should guide us in determining whether any breach of privilege was in fact committed in the present case. So far as I can gather, only two cases occurred in which the House of Commons took notice of the leakage of the budget proposals. They are known as the Thomas case and the Dalton case. In neither of these cases was the leakage treated as a breach of privilege of the House nor were the cases sent to the Committee of Privileges for inquiry. The prevailing view in the House of Commons is that until the financial proposals are placed before the House of Commons they are an official secret. A reference of the present leakage to the Committee of Privileges does not, therefore, arise."

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਨੂੰ ਕਿਹਾ ਸੀ ਕਿ ਮੈਨੂੰ ਦਸ ਮਿੰਟ ਦਿਓ । ਮੈਂ ਰੂਲਿੰਗ ਕੋਟ ਕਰਾਂਗਾ । ਸੋ ਮੈਂ ਹੁਣ ਉਹ ਪੜ੍ਹ ਦਿੰਦਾ ਹਾਂ ।

ਸ੍ਰੀ ਸਪੀਕਰ : ਕਪਤਾਨ ਸਾਹਿਬ, ਕਾਫੀ ਡਿਸਕਸ਼ਨ ਹੋ ਗਈ ਹੈ, ਹੁਣ ਬੱਸ ਕਰੋ । (Captain Sahib, the matter has already been discussed at length. Please resume your seat now.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਜਿਹੜੇ ਦੋ ਕੇਸਿਜ਼ ਪਾਰਲੀਮੈਂਟ ਵਿਚ ਆਏ ਹਨ, ਉਨ੍ਹਾਂ ਬਾਰੇ ਲਿਖਿਆ ਹੈ :—

"In England during recent years there have been two important cases in connection with the leakage of the Budget secrets. One case occurred in 1936 when Mr. Thomas, who was Secretary of State for Dominion Affairs, had given out certain Budget secrets which were of a very serious nature. A judicial tribunal was appointed, and a motion was passed by both the Houses of Parliament. This cost Mr. Thomas his seat in the Cabinet and his future parliamentary career.

The second case, which occurred more recently in 1947, was that of Dr. Hugh Dalton, who was then the Chancellor of the Exchequer. He gave out certain secrets of the Budget to a press representative. He made a frank confession in the House and resigned from the Chancellorship of the Exchequer."

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਕੈਪਟਨ ਰਤਨ ਸਿੰਘ ਜੀ ਉਥੇ ਬਹੁਤ ਵਧੀਆ ਸੱਜਦੇ ਹਨ । (ਹਾਸਾ)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤੁਸੀਂ ਜਿਸ ਵੇਲੇ ਰੂਲਿੰਗ ਦਿੱਤੀ ਸੀ ਉਸ ਵੇਲੇ ਹਾਊਸ ਆਫ ਕਾਮਨਜ਼ ਦਾ ਵੇਰਵਾ ਦਿੱਤਾ ਸੀ ।

ਸ੍ਰੀ ਸਪੀਕਰ: ਨਹੀਂ ਜੀ, ਲੋਕ ਸਭਾ ਦਾ ਵੇਰਵਾ ਵੀ ਆ ਗਿਆ ਹੈ । (No please, the position obtaining in the Lok Sabha has also come before the House.)

ਕੈਪਟਨ ਰਤਨ ਸਿੰਘ : ਉਨ੍ਹਾਂ ਦਾ ਪ੍ਰੈਜ਼ੀਡੈਂਟ ਵੀ ਤਾਂ ਹਾਊਸ ਆਫ ਕਾਮਨਜ਼ ਤੇ ਹੀ ਬੇਸ ਕਰਦਾ ਹੈ, ਲੋਕ ਸਭਾ ਤੇ ਨਹੀਂ ।

ਸੋ ਬਜਾਏ ਇਸ ਦੇ ਕਿ ਹਾਊਸ ਦਾ ਜ਼ਿਆਦਾ ਟਾਇਮ ਲਿਆ ਜਾਏ, ਅੱਜ ਸਰਦਾਰ ਉਮਰਾਓ ਸਿੰਘ ਜੀ ਅਨਫਾਰਚੂਨੇਟਲੀ, ਅਨਨੇਸੈਸਰਲੀ ਦੋ ਸਟੇਟ ਮੈਂਟਸ ਦੇ ਕੇ ਫੱਸ ਗਏ ਹਨ । ਅਗਰ ਉਹ ਮੰਨ ਲੈਂਦੇ ਤਾਂ ਤੇ ਗੱਲ ਠੀਕ ਸੀ । ਮੈਂ ਤਾਂ ਸਪੀਕਰ ਸਾਹਿਬ, ਤੁਹਾਡੇ ਕੋਲੋਂ ਉਹ ਸਟੇਟਮੈਂਟ, ਜਿਹੜੀ ਕਿ ਪਰੈਸ ਨੂੰ ਰਲੀਜ਼ ਆਫੀਸ਼ੀਅਲੀ ਹੋਈ ਹੈ, ਸੁਣਨਾ ਚਾਹੁੰਦਾ ਹਾਂ । ਜੇਕਰ ਤੁਸੀਂ ਸਾਨੂੰ ਉਹ ਪੜ੍ਹ ਕੇ ਸੁਣਾ ਦਿਓ ਤਾਂ ਤੁਹਾਡਾ ਬਹੁਤ ਹੀ ਧੰਨਵਾਦ ਹੋਵੇਗਾ । ਜੇਕਰ ਬਜਟ ਲੀਕ ਕਰਨ ਦਾ ਬ੍ਰੀਚ ਆਫ ਪ੍ਰਿਵੇਲਜ ਨਹੀਂ ਬਣਦਾ ਤਾਂ ਹਾਊਸ ਨੂੰ ਮਿਸਲੀਡ ਕਰਨ ਦਾ ਟੈਕਨੀਕਲੀ ਤਾਂ ਬਣ ਜਾਂਦਾ ਹੈ ।

ਸ੍ਰੀ ਸਪੀਕਰ : ਉਸ ਨੂੰ ਤਾਂ ਅਲੱਗ ਲਿਆਓ । (That may be taken up separately.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਇਹ ਇਤਨੀ ਗੱਲ ਕਹਿ ਦੇਣ ਕਿ ਮੇਰੇ ਪਾਸੋਂ ਗਲਤੀ ਹੋਈ ਹੈ ਅਤੇ ਕੈਬਨਿਟ ਤੋਂ ਬਾਹਰ ਖੜ੍ਹੇ ਹੋ ਜਾਣ । ਮੈਂ ਵੀ ਤਾਂ ਬਾਹਰ ਖੜ੍ਹਾ ਹਾਂ ।(ਹਾਸਾ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਜੋ ਸ਼ਰਮਾ ਜੀ ਨੇ ਰੂਲਿੰਗ ਪੜ੍ਹੀ ਹੈ ਉਸ ਤੋਂ ਸਪੱਸ਼ਟ ਹੈ ਕਿ ਕਿਸੇ ਨੇ ਜੁਰਮ ਕੀਤਾ ਹੈ :—

"..............The prevailing view in the House of Commons is that until the financial proposals are placed before the House of Commons, they are an official secret...................."

We have got an Official Secrets Act. The leakage of an official secret is a crime. If we do not treat it as a breach of privilege, it will constitute a crime and a case has to be registered against some body. It is a leakage of official secret.

ਸ੍ਰੀ ਸਪੀਕਰ : ਇਥੇ ਤਾਂ ਸਵਾਲ ਹੈ ਬ੍ਰੀਚ ਆਫ਼ ਪ੍ਰਿਵਿਲਿਜ ਦਾ । ਸੋ ਬ੍ਰੀਚ ਆਫ਼ ਪ੍ਰਿਵਿਲਿਜ਼ ਤਾਂ ਬਣਦਾ ਨਹੀਂ ਹੈ । (ਵਿਘਨ) There is no breach of privilege. No more discussion please. (The question is whether it constitutes a breach of privilege. It does not (*interruption*) There is no breach of privilege. No more discussion please.)

Sardar Surjit Singh Barnala : Sir, it is a very serious matter. ਗਰਿਫਤਾਰੀਆਂ ਹੋਣਗੀਆਂ । ਕੇਸ ਰਜਿਸਟਰ ਹੋਣਗੇ । ਇਨਵੈਸਟੀਗੇਸ਼ਨ ਹੋਵੇਗੀ ।

Sardar Darbara Singh : Sir, I move another privilege motion that Sardar Umrao Singh, by making a mis-statement, has mis-led the House and thus a breach of privilege is involved in such a conduct. Therefore, it should be referred to the Committee of Privileges.

Mr. Speaker : I will examine it and give my ruling later on.

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਮੇਰੀ ਇਹ ਦਰਖਾਸਤ ਹੈ ਕਿ ਤੁਸੀਂ ਇਸ ਉਤੇ ਫਿਰ ਗੌਰ ਫਰਮਾਓ । ਇਹ ਮਾਮਲਾ ਬੜਾ ਹੀ ਸੀਰੀਅਸ ਹੈ ।

(ਇਸ ਸਮੇਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਜੀ ਬੋਲਣ ਲਈ ਖੜ੍ਹੇ ਹੋਏ ।)

ਸ੍ਰੀ ਸਪੀਕਰ : ਹਾਂ ਜੀ, ਜੋਸ਼ ਜੀ ਤੁਸੀਂ ਬੋਲੋ । ਬਰਨਾਲਾ ਜੀ ਤੁਸੀਂ ਬੈਠੋ, ਮੈਂ ਜੋਸ਼ ਜੀ ਨੂੰ ਬੁਲਾਇਆ ਹੈ ।

ਜਿਹੜੀ ਅੱਜ ਸਰਦਾਰ ਦਰਬਾਰਾ ਸਿੰਘ ਜੀ ਨੇ ਮੋਸ਼ਨ ਮੂਵ ਕੀਤੀ ਹੈ ਉਸ ਬਾਰੇ ਮੈਂ ਆਪਣੀ ਰੂਲਿੰਗ ਬਾਅਦ ਵਿਚ ਦੇਵਾਂਗਾ । (Yes, Comrade Josh Ji, you may speak. Barnala Ji, you may please resume your seat. I will give my ruling on the Motion which has been moved by Sardar Darbara Singh, later on.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਇਕ ਪ੍ਰਸ਼ਨ ਪੁੱਛਿਆ ਜਿਸ ਵੇਲੇ ਮੰਤਰੀ ਜੀ ਗੁੱਸੇ ਹੋਏ ਔਰ ਉਨ੍ਹਾਂ ਨੇ ਕਾਊਂਟਰ ਐਲੀਗੇਸ਼ਨਜ਼ ਲਗਾ ਦਿੱਤੇ, ਬਜਾਏ ਇਸ ਦੇ ਕਿ ਉਹ ਜਵਾਬ ਦਿੰਦੇ । ਸਪੀਕਰ ਸਾਹਿਬ, ਮੈਂ ਇਹ ਗੱਲ ਸਪੱਸ਼ਟ ਕਰ ਦੇਵਾਂ ਕਿ ਮੇਰੀ ਉਨ੍ਹਾਂ ਨਾਲ ਕੋਈ ਅਦਾਵਤ ਨਹੀਂ ਹੈ, ਔਰ ਨਾ ਹੀ ਕਦੇ ਹੋਈ ਹੈ ।

ਦੂਜਾ, ਆਦਮਪੁਰ ਦੀ ਸੀਟ ਦੀ ਗੱਲ ਕੀਤੀ ਹੈ ਕਿ ਕਾਂਗਰਸ ਦਾ ਸੀ.ਪੀ.ਆਈ. ਨਾਲ ਅਲਾਇੰਸ ਸੀ ।. . . . .

ਸ੍ਰੀ ਸਪੀਕਰ : ਕੀ ਇਹ ਤੁਸੀ ਪਰਸਨਲ ਐਕਸਪਲਾਨੇਸ਼ਨ ਦੇ ਰਹੇ ਹੋ ? (Are you giving a personal explanation?)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਨਹੀਂ ਜੀ, ਇਸ ਕਰਕੇ ਕਿ ਇਨ੍ਹਾਂ ਨੇ ਗੱਲ ਕੀਤੀ ਹੈ । ਅਵਤਾਰ ਸਿੰਘ ਜੀ ਮਲਹੋਤਰਾ ਨੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਲਿਖਿਆ ਹੈ ਕਿ ਮਾਸਟਰ ਜੀ ਨੇ ਇੰਡੀਪੈਂਡੈਂਟ ਕੈਂਡੀਡੇਟ ਦੀ ਮਦਦ ਕੀਤੀ ਹੈ । ਸਪੀਕਰ ਸਾਹਿਬ, ਇਹ ਅੱਛੀ ਗੱਲ ਹੈ ਕਿ ਇਹ ਇਨ੍ਹਾਂ ਨੇ ਆਪ ਹਾਂ ਮੰਨ ਲਿਆ ਹੈ । ਇਹ ਤਾਂ ਇਨਸਾਨ ਦੇ ਸਿਆਸੀ ਆਚਰਣ ਦੀ ਗੱਲ ਹੈ ਕਿ ਉਸ ਨੇ ਆਪਣੀ ਪਾਰਟੀ ਦੇ ਹੁਕਮ ਨੂੰ ਕਿਤਨਾ ਕੁ ਮੰਨਿਆ ਹੈ, ਸਾਨੂੰ ਕੋਈ ਇਤਰਾਜ਼ ਨਹੀਂ ਹੈ । ਦੂਸਰਾ ਸਪੀਕਰ ਸਾਹਿਬ, ਉਨ੍ਹਾਂ ਨੇ ਕਿਹਾ ਹੈ ਕਾਲਜ ਦੇ ਬਾਰੇ ਵਿਚ । ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਕੋਈ ਕਾਲਜ ਨਹੀਂ ਸੀ, ਇਕ ਡਿਗਰੀ ਕਾਲਜ ਬਣਿਆ ਹੈ । ਇਨ੍ਹਾਂ ਨੇ ਦਰਖਾਸਤਾਂ ਦੀ ਗੱਲ ਕੀਤੀ ਹੈ ।

ਸ੍ਰੀ ਸਪੀਕਰ : ਜੋਸ਼ ਜੀ, ਇਹ ਪਰਸਨਲ ਐਕਸਪਲਾਨੇਸ਼ਨ ਹੈ ? (Josh Ji, is it a personal explanation ?)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਇਸ ਲਈ ਮੈਂ ਜਵਾਬ ਦੇ ਰਿਹਾ ਹਾਂ । ਇਨ੍ਹਾਂ ਨੇ ਕਿਹਾ ਹੈ ਕਿ ਜ਼ਮੀਨ ਜ਼ਿਮੀਂਦਾਰ ਨੇ ਦਾਨ ਵੱਜੋਂ ਦੇ ਦਿੱਤੀ । ਸਪੀਕਰ ਸਾਹਿਬ, ਗੱਲ ਇਹ ਹੈ ਕਿ ਉਸ ਨੇ ਆਪਣੀ ਜ਼ਮੀਨ ਵੇਚ ਦਿੱਤੀ । ਉਸ ਵਿਚ ਦਰੱਖਤ ਸਨ । ਉਹ ਕੱਟਣਾ ਚਾਹੁੰਦੇ ਸਨ ।

ਲੇਕਿਨ ਬਾਅਦ ਵਿਚ ਜਦੋਂ ਇਨ੍ਹਾਂ ਨੇ ਗੱਲ ਸਮਝੀ ਤਾਂ ਇਹ ਸਟੇ ਇਨ੍ਹਾਂ ਨੇ ਵਿਕੇਟ ਕਰ ਦਿਤੀ ਤੇ ਮੈਨੂੰ ਤਾਂ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਇਨ੍ਹਾਂ ਦਾ। ਕੋਈ ਨਾਰਾਜ਼ਗੀ ਦਾ ਸਵਾਲ ਨਹੀਂ। ਮੈਂ ਤਾਂ 4 ਲੱਖ ਰੁਪਿਆ ਇਕੱਠਾ ਕਰਕੇ ਸ੍ਰੀ ਕਾਂਸ਼ੀ ਰਾਮ ਸ਼ਹੀਦ ਦੇ ਨਾਂ ਤੇ ਕਾਲਜ ਬਣਾਇਆ ਜਿਨ੍ਹਾਂ ਨੂੰ ਫਾਂਸੀ ਦਿਤੀ ਗਈ ਸੀ ।

ADJOURNMENT MOTIONS

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ । ਇਕ ਬਹੁਤ ਵੱਡਾ 30 ਕਰੋੜ ਰੁਪਏ ਦਾ ਵ੍ਹੀਟ ਦੇ ਪਰਮਿਟਾਂ ਦਾ ਸਕੈਂਡਲ ਹੈ ।

ਸ੍ਰੀ ਸਪੀਕਰ : ਉਹ ਰਿਜੈਕਟ ਹੋ ਗਈ ਹੈ , ਕਿਉਂਕਿ ਜਿਹੜੇ ਐਲੀਗੇਸ਼ਨਜ਼ ਕਿਸੇ ਮਨਿਸਟਰ ਦੇ ਖ਼ਿਲਾਫ ਹੋਣ ਉਹ ਸਬਸਟਾਂਟਿਵ ਮੋਸ਼ਨ ਨਾਲ ਹੀ ਡਿਸਕਸ ਹੋ ਸਕਦੇ ਹਨ। ਇਹ ਐਡਜਰਨਮੈਂਟ ਮੋਸ਼ਨ ਹੈ , ਇਸ ਢੰਗ ਨਾਲ ਇਹ ਚੀਜ਼ ਡਿਸਕਸ ਨਹੀਂ ਹੋ ਸਕਦੀ । (It has been disallowed because allegations against a Minister can be discussed through a Substantive Motion only. You cannot discuss such like matters through an Adjournment Motion.

ਸਰਦਾਰ ਸੁਰਜੀਤ ਸਿੰਘ ਬਰਨਾਲਾ : ਇਹ ਬੜਾ ਇੰਪਾਰਟੈਂਟ ਮਸਲਾ ਹੈ ।

ਸ੍ਰੀ ਸਪੀਕਰ : ਤੁਸੀਂ ਸਬਸਟਾਂਟਿਵ ਮੋਸ਼ਨ ਲੈ ਆਵੋ । (Please bring a Substantive Motion for the purpose)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਕਿੰਨਾ ਰੁਪਿਆ, ਕਿੰਨੇ ਕਰੋੜ ਰੁਪਿਆ ਮਨਿਸਟਰਜ਼ ਨੇ ਇਕੱਠਾ ਕੀਤਾ ਅਤੇ ਕਿਸਾਨਾਂ ਨੂੰ ਲੁੱਟਿਆ ਹੈ । ਸਪੀਕਰ ਸਾਹਿਬ, ਇਹ ਇਕ ਬਹੁਤ ਵੱਡਾ ਸਕੈਂਡਲ ਹੈ ਅਤੇ ਪੰਜਾਬ ਦੇ ਹਜ਼ਾਰਾਂ ਲੋਕਾਂ ਨੂੰ ਲੁੱਟਿਆ ਗਿਆ ਹੈ ।

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰੱਖੋ ਜੀ । ਐਡਜਰਨਮੈਂਟ ਮੋਸ਼ਨ ਰਿਜੈਕਟ ਹੋ ਚੁੱਕੀ ਹੈ । ਤੁਸੀਂ ਇਸ ਤਰ੍ਹਾਂ ਮਨਿਸਟਰ ਦੇ ਖਿਲਾਫ ਐਲੀਗੇਸ਼ਨਜ਼ ਨਹੀਂ ਲਗਾ ਸਕਦੇ, ਸਬਸਟਾਂਟਿਵ ਮੋਸ਼ਨ ਲੈ ਆਵੋ । (Please resume your seat. The Adjournment Motion has been disallowed. You cannot level allegations against a Minister in this manner. You may do so, through a Substantive Motion.)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਾਡੇ ਕੋਲ ਤਾਂ ਆਪਣੀ ਗਰੀਵੈਂਸਿਜ਼ ਨੂੰ ਜ਼ਾਹਿਰ ਕਰਨ ਦਾ ਇਹੀ ਤਰੀਕਾ ਹੈ, ਦੂਜੇ ਤਰੀਕੇ ਨਾਲ ਤਾਂ ਇਹ ਚੀਜ਼ ਹੋ ਨਹੀਂ ਸਕਦੀ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਜਿਹੜਾ ਮਸਲਾ, ਜਿਸ ਦੇ ਸਿਲਸਿਲੇ ਵਿਚ ਐਡਜਰਨਮੈਂਟ ਮੋਸ਼ਨ ਦਿੱਤੀ ਹੈ, ਇਸ ਦਾ ਇਕੋ ਹੁਣ ਹੀ ਫੈਸਲਾ ਹੋਣਾ ਚਾਹੀਦਾ ਹੈ। ਇਹ ਕਨਵੈਨਸ਼ਨ ਹਿੰਦੁਸਤਾਨ ਦੀ ਪਾਰਲੀਮੈਂਟ ਵਿਚ ਕਾਇਮ ਹੋਈ ਅਤੇ ਉਹ ਕਨਵੈਨਸ਼ਨ ਇਹ ਹੈ ਕਿ ਜੇ ਕਿਸੇ ਸਰਕਾਰ ਦਾ ਬਹੁਤ ਵੱਡਾ ਸਕੈਂਡਲ ਹੋਵੇ ਅਤੇ ਪਕੜਿਆ ਜਾਵੇ ਤਾਂ ਫਾਈਲ ਵਿਖਾਈ ਜਾਵੇ .. ..

ਸ਼੍ਰੀ ਸਪੀਕਰ : ਤੁਸੀਂ ਇਸ ਬਾਰੇ ਗਵਰਨਰ ਸਾਹਿਬ ਦੇ ਐਡਰੈਸ ਤੇ ਡਿਸਕਸ਼ਨ ਦੇ ਦੌਰਾਨ ਗੱਲ ਕਹਿ ਲੈਣਾ, ਤੁਹਾਡੀ ਪਾਰਟੀ ਦੇ ਕਿਸੇ ਮੈਂਬਰ ਨੇ ਬੋਲਣਾ ਹੈ। (You may get this matter raised during the discussion on Governor's Address. Some member of your party may still have to participate in that discussion.)

ਸਰਦਾਰ ਪਰਕਾਸ਼ ਸਿੰਘ ਬਾਦਲ : ਪਾਰਲੀਮੈਂਟ ਵਿਚ ਇਹ ਚੀਜ਼ ਹੋਈ ਕਿ ਸਾਰੀਆਂ ਫਾਈਲਾਂ ਵਿਖਾਈਆਂ ਗਈਆਂ।

ਸ਼੍ਰੀ ਸਪੀਕਰ : ਗਵਰਨਰ ਦੇ ਐਡਰੈਸ ਤੇ ਡਿਸਕਸ਼ਨ ਵੇਲੇ ਇਸ ਚੀਜ਼ ਦਾ ਆਪਣੇ ਕਿਸੇ ਮੈਂਬਰ ਤੋਂ ਰੈਫਰੈਂਸ ਦਿਵਾ ਦੇਣਾ। (You may get this matter referred to during the discussion on the Governor's Address through one of your party members.)

ਸਰਦਾਰ ਪਰਕਾਸ਼ ਸਿੰਘ ਬਾਦਲ : ਇਸ ਦਾ ਤਾਅਲੱਕ ਸਟੇਟ ਦੀ ਫੂਡ ਪਾਲਸੀ ਨਾਲ ਹੈ।

ਸ਼੍ਰੀ ਸਪੀਕਰ : ਮੈਂ ਐਗਰੀ ਕਰਦਾ ਹਾਂ, ਪਰ ਹਰ ਗੱਲ ਤਰੀਕੇ ਨਾਲ ਕਰਨੀ ਚਾਹੀਦੀ ਹੈ, ਗਲਤ ਤਰੀਕੇ ਨਾਲ ਨਹੀਂ ਕਰਨੀ ਚਾਹੀਦੀ।(I agree with the hon. Member but everything should be done in a proper way and not in a wrong way.)

ਸਰਦਾਰ ਪਰਕਾਸ਼ ਸਿੰਘ ਬਾਦਲ : ਹਾਊਸ ਨੂੰ ਫਾਈਲਾਂ ਕਿਉਂ ਨਹੀਂ ਵਿਖਾਉਂਦੇ ?

ਸ਼੍ਰੀ ਸਪੀਕਰ : ਤੁਸੀਂ ਆਪਣੇ ਕਿਸੇ ਮੈਂਬਰ ਤੋਂ ਸਪੀਚ ਵਿਚ ਰੈਫਰੈਂਸ ਦਿਵਾ ਦੇਣਾ। (You may please get this matter referred to in the House by one of your party members.)

ਸਰਦਾਰ ਪਰਕਾਸ਼ ਸਿੰਘ ਬਾਦਲ : ਪਾਰਲੀਮੈਂਟ ਵਿਚ ਇਸ ਤਰ੍ਹਾਂ ਹੋਇਆ ਹੈ।

ਸ਼੍ਰੀ ਸਪੀਕਰ : ਸਬਸਟਾਂਟਿਵ ਮੋਸ਼ਨ ਦੇ ਥਰੂ ਇਸ ਤਰ੍ਹਾਂ ਕਰ ਲਵੋ। ਤੁਲਮੋਹਨ ਦੇ ਖਿਲਾਫ ਸੀ ਜਾਂ ਕਿਸੇ ਹੋਰ ਦੇ ਖਿਲਾਫ ਸੀ ? (You may do so through a Substantive Motion. Are you referring to Tulmohan's case or some other case ?)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਪੰਜਾਬ ਦੇ ਕਿਸਾਨ ਦਾ 30 ਕਰੋੜ ਰੁਪਿਆ ਲੁੱਟਿਆ ਗਿਆ ਹੈ ਬੋਗਸ ਕੋਆਪਰੇਟਿਵ ਸੋਸਾਇਟੀਆਂ ਨੂੰ ਅਤੇ ਇੰਡੀਵਿਜੁਅਲਜ਼ ਨੂੰ ਇਸ ਸਰਕਾਰ ਨੇ ਪਰਮਿਟ

ਦਿਤੇ ਹਨ ਜਿਸ ਦੇ ਨਾਲ ਇਹ ਇਕ ਬਹੁਤ ਵੱਡਾ ਸਕੈਂਡਲ ਹੋਇਆ ਹੈ ਅਤੇ ਸਾਰੇ ਰਿਕਾਰਡ ਮਾਤ ਕਰ ਦਿਤੇ ਹਨ।

ਸ੍ਰੀ ਸਪੀਕਰ : Please resume your seat. (ਵਿਘਨ) ਤੁਸੀਂ ਮੋਸ਼ਨ ਲੈ ਆਵੋ (ਵਿਘਨ) (Please resume your seat. You may bring a Motion. (*Interruption*)

ਸਰਦਾਰ ਪਰਕਾਸ਼ ਸਿੰਘ ਬਾਦਲ : ** ** ** **

ਸ੍ਰੀ ਸਪੀਕਰ : ਇਹ ਜੋ ਕੁੱਝ ਮੈਂਬਰ ਸਾਹਿਬ ਕਹਿ ਰਹੇ ਹਨ ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ। (Whatever the hon. Member is saying should not form part of the proceedings.)

ਸ੍ਰੀ ਪ੍ਰੇਮ ਗੁਪਤਾ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਸਰਦਾਰ ਜਸਵਿੰਦਰ ਸਿੰਘ ਬਰਾੜ :— ** ** ** (ਵਿਘਨ) (ਸ਼ੋਰ)

ਸ੍ਰੀ ਸਪੀਕਰ : ਜੋ ਕੁੱਝ ਵੀ ਮੈਂਬਰ ਸਾਹਿਬ ਕਹਿ ਰਹੇ ਹਨ ਇਹ ਪਰੋਸੀਡਿੰਗਜ਼ ਦਾ ਹਿੱਸਾ ਨਾ ਬਣੇ। (Whatever the hon. Member is saying, should not form part of the proceedings.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ** **

ਸ੍ਰੀ ਸਪੀਕਰ : ਜੋ ਕੁੱਝ ਵੀ ਮੈਂਬਰ ਸਾਹਿਬ ਚੇਅਰ ਦੀ ਪਰਮਿਸ਼ਨ ਦੇ ਬਗੈਰ ਕਹਿ ਰਹੇ ਹਨ, ਉਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ Brar Sahib, please resume your seat. (ਵਿਘਨ) (Whatever the hon. Member is saying without the permission of the Chair should not form part of the proceedings. Brar Sahib, please resume your seat.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ** **

ਸ੍ਰੀ ਸਪੀਕਰ : ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ। (This should not form part of the proceedings)

**Expunged as ordered by the Chair.

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤੁਸੀਂ ਇਕ ਰੂਲਿੰਗ ਦਿਤੀ ਅਤੇ ਰੂਲਜ਼ ਦੇ ਮੁਤਾਬਕ ਉਸ ਤੇ ਡਿਸਕਸ਼ਨ ਨਹੀਂ ਹੋ ਸਕਦੀ ਅਤੇ ਨਾ ਹੀ ਕਰਨੀ ਚਾਹੀਦੀ ਹੈ। ਲੇਕਿਨ ਜੋ ਮੈਂਬਰਜ਼ ਨੇ ਕੋਈ ਚੀਜ਼ ਕਹਿਣੀ ਹੈ ਤਾਂ ਸਬਸਟਾਂਟਿਵ ਮੋਸ਼ਨ ਲੈ ਆਉਣ, ਇਸ ਤਰ੍ਹਾਂ ਵਕਤ ਜ਼ਾਇਆ ਕਿਉਂ ਕਰਦੇ ਹਨ। ਜਾਂ ਗਵਰਨਰ ਸਾਹਿਬ ਦੇ ਐਡਰੈਸ ਤੇ ਡਿਸਕਸ਼ਨ ਵੇਲੇ ਜੋ ਕੁੱਝ ਕਹਿਣਾ ਹੈ ਕਹਿ ਲੈਣ।

ਸ਼੍ਰੀ ਸਪੀਕਰ : ਹਾਂ, ਗਵਰਨਰ ਦੇ ਐਡਰੈਸ ਤੇ ਡਿਸਕਸ਼ਨ ਵੇਲੇ ਇਹ ਕਹਿ ਲੈਣ। (Yes, reference may be made during the discussion on Governor's Address)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜੀ ਐਡਜਰਨਮੈਂਟ ਮੋਸ਼ਨ ਹੈ ਉਹ ਤੁਸੀਂ ਡਿਸਅਲਾਓ ਕਰ ਦਿੱਤੀ ਹੈ ਅਤੇ ਦੂਜਾ ਇਹ ਕਿਹਾ ਗਿਆ ਕਿ ਗਵਰਨਰ ਸਾਹਿਬ ਦੇ ਐਡਰੈਸ ਤੇ ਡਿਸਕਸ਼ਨ ਵੇਲੇ ਕਹਿ ਲਿਆ ਜਾਵੇ। ਇਕ ਤੁਸੀਂ ਇਹ ਕਿਹਾ ਹੈ ਕਿ ਮਨਿਸਟਰ ਦੇ ਖਿਲਾਫ ਜੋ ਐਲੀਗੇਸ਼ਨ ਹੋਣ, ਤਾਂ ਸਬਸਟਾਂਟਿਵ ਮੋਸ਼ਨ ਦੇ ਥਰੂ ਡਿਸਕਸ ਹੋ ਸਕਦੇ ਹਨ। ਐਲੀਗੇਸ਼ਨ ਸੈਂਟਰ ਦੇ ਮਨਿਸਟਰ ਦੇ ਕਿਸੇ ਰਿਲੇਸ਼ਨ ਦੇ ਖਿਲਾਫ ਲੱਗੇ ਹਨ।

Mr. Speaker : I have rejected your Adjournment Motion giving the following reasons:—

> "According to well established conventions, Adjournment Motions are not allowed during the Budget Session. Moreover, it seeks to discuss the conduct of some Minister which can only be done on a Substantive Motion.'

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** ** **

Mr. Speaker : No point of order. Sardar Balwinder Singh, you are obstructing the proceedings of the House. I will name you. Please resume your seat.

Mr. Speaker : Call Attention Notice by Comrade Shamsher Singh Josh. (Noise).

(ਅਕਾਲੀ ਪਾਰਟੀ ਵੱਲੋਂ ਬਹੁਤ ਜ਼ਿਆਦਾ ਸ਼ੋਰ। ਮੈਂਬਰਜ਼ ਬੈਠੇ ਬੈਠੇ ਕਹਿ ਰਹੇ ਸਨ ਕਿ ਅਸੀਂ ਹਾਉਸ ਨਹੀਂ ਚੱਲਣ ਦੇਣਾ।)

ਸ਼੍ਰੀ ਸਪੀਕਰ : ਮੈਂ ਇਕ ਬੇਨਤੀ ਕਰਾਂਗਾ ਕਿ ਇਹ ਥਰੇਟ ਕਰਨਾ ਕਿ ਹਾਉਸ ਨਹੀਂ ਚਲਣ ਦੇਵਾਂਗੇ ਇਹ ਹਾਉਸ ਦੀ ਹੱਤਕ ਹੈ, ਪ੍ਰੋਸੀਡਿੰਗਜ਼ ਵਿਚ ਰੁਕਾਵਟ ਹੈ। ਮੈਂ ਅਕਾਲੀ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਰੂਲਜ਼ ਦੇ ਮੁਤਾਬਕ ਹਾਉਸ ਦੀ ਪ੍ਰੋਸੀਡਿੰਗਜ਼ ਵਿਚ ਹਿੱਸਾ ਲੈ ਸਕਦੇ ਹਨ। ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੈ, ਤੁਸੀਂ ਆਪਣ ਕਿਸੇ ਵੀ ਮੈਂਬਰ ਨੂੰ ਬੋਲਣ ਲਈ ਕਹਿ ਸਕਦੇ ਹੋ। ਮੈਂ ਮਹਿਸੂਸ ਕਰਦਾ ਹਾਂ ਕਿ ਅਗਰ ਕਿਸੇ ਆਨਰੇਬਲ ਮਨਿਸਟਰ ਦੇ ਖਿਲਾਫ ਕੋਈ ਚੀਜ਼ ਹੈ ਤਾਂ ਰੂਲਜ਼ ਦੇ ਮੁਤਾਬਿਕ ਤੁਸੀਂ ਉਸ ਲਈ ਮੋਸ਼ਨ ਇਥੇ ਲੈ ਆਓ, ਡਿਸਕਸ ਕਰੋ, ਐਲੀਗੇਸ਼ਨ ਲਾਓ। ਸਰਕਾਰ ਨੂੰ ਮੌਕਾ ਦਿਉ। ਲੇਕਿਨ ਜਿਹੜੇ ਰੂਲਜ਼ ਬਣੇ ਹਨ ਉਨ੍ਹਾਂ ਦਾ ਮਿਸ ਯੂਜ਼ ਨਹੀਂ ਹੋਣਾ ਚਾਹੀਦਾ। ਕੱਲ੍ਹ ਤੁਸੀਂ ਆਪਣੇ ਵਿਚਾਰ ਦਿੱਤੇ ਸ?

**Expunged as ordered by the Chair.

ਬੜੀ ਚੰਗੀ ਤਰ੍ਹਾਂ ਦਿੱਤੇ ਸੀ। ਅੱਜ ਵੀ ਤੁਸੀਂ ਹਿੱਸਾ ਲੈ ਸਕਦੇ ਹੋ ਅਤੇ ਆਪਣੇ ਵਿਚਾਰ ਬੜੇ ਜ਼ੋਰਾਂ ਨਾਲ ਇਥੇ ਰੱਖ ਸਕਦੇ ਹੋ। ਲੇਕਿਨ ਇਹ ਕਹਿਣਾ ਕਿ ਹਾਊਸ ਨਹੀਂ ਚੱਲਣ ਦੇਣਾ, ਇਹ ਸ਼ੋਭਾ ਨਹੀਂ ਦਿੰਦਾ। ਮੈਂਬਰ ਦਾ ਕੰਮ ਨੁਮਾਇੰਦਗੀ ਕਰਨ ਦਾ ਹੈ, ਸ਼ੋਰ ਮਚਾਣਾ ਜਾਂ ਔਬਸਟ੍ਰੱਕਟ ਕਰਨਾ ਨਹੀਂ ਮੈਨੂੰ ਅਫਸੋਸ ਹੈ ਕਿ ਕੁੱਝ ਮੈਂਬਰਜ਼ ਹਾਊਸ ਦੀ ਕਾਰਵਾਈ ਨਹੀਂ ਚੱਲਣ ਦੇ ਰਹੇ, ਇਸ ਲਈ ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਇਹ ਤਰੀਕਾ ਠੀਕ ਨਹੀਂ। (ਸ਼ੋਰ)

(I would point out to the hon. Members that to threaten that they would not allow the House to proceed with its business tantamounts to contempt of the House as well as to obstructing its proceedings. I would like to tell the hon. Members of the Akali Party that they are free to take part in the proceedings of the House under the provisions of the rules of the House. The discussion on the Governor's Address is in progress and any member of your party can participate in it. I feel that if you want to level any allegation against some Minister, you may bring in a motion to that effect as permissible under the rules and then discuss the matter here and thereby give an opportunity to the Government to explain its position. But the existing rules should not be misused. Yesterday, you fully expressed your views. To-day also you may participate in the debate and put your views forcefully. However, it does not look nice to say that the House will not be allowed to proceed with its business. The Members are here to represent their constituents in the House and not to cause disorder or obstruction in the conduct of the proceedings. I am sorry to say that some hon. Members are not allowing the House to proceed with its business. So I would like to say to Badal Sahib that this is not proper.) (*Noise*)

ਸਰਦਾਰ ਪਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਐਸੀ ਕੋਈ ਗੱਲ ਨਹੀਂ ਕਰਨੀ ਚਾਹੀਦੀ ਜਿਹੜੀ ਕਿ ਪਾਰਲੀਮੈਂਟ ਦੀ ਕੰਨਵੈਨਸ਼ਨ ਦੇ ਮੁਤਾਬਕ ਨਾ ਹੋਵੇ, ਇਸ ਨੂੰ ਮੈਂ ਵੀ ਮੰਨਦਾ ਹਾਂ। ਤੁਸੀਂ ਹੁਣੇ ਹੀ ਦੇਖਿਆ ਹੈ ਕਿ ਪਿੱਛੇ ਲੋਕ ਸਭਾ ਵਿਚ ਲਾਇਸੈਂਸ ਸਕੈਂਡਲ ਤੇ ਇਕ ਐਡਜਰਨਮੈਂਟ ਮੋਸ਼ਨ ਸੀ .....।

ਸ੍ਰੀ ਸਪੀਕਰ: That was a privilege motion ਜਿਸ ਤੇ ਡਿਸਕਸ਼ਨ ਕੀਤੀ ਗਈ ਸੀ। (That was a privilege motion on which the discussion was held.)

ਸਰਦਾਰ ਪਰਕਾਸ਼ ਸਿੰਘ ਬਾਦਲ; ਪਰ ਸਪੀਕਰ ਸਾਹਿਬ, ਇਹ ਕੇਸ ਤਾਂ ਉਸ ਨਾਲੋਂ ਵੀ ਕਈ ਗੁਣਾਂ ਜ਼ਿਆਦਾ ਭਾਰੀ ਹੈ। ਇਕ ਸਟੇਟ ਤੋਂ ਦੂਸਰੀ ਸਟੇਟ ਦੇ ਕਿਸੇ ਪ੍ਰਾਈਵੇਟ ਇੰਡੀਵਿਜੂਅਲ ਨੂੰ ਚੀਜ਼ ਦਿੱਤੀ ਜਾਵੇ, ਇਹ ਸਟੇਟ ਨਾਲ ਇਕ ਬੜਾ ਵੱਡਾ ਧੱਕਾ ਹੈ। ਇਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਦਾ 30 ਕਰੋੜ ਰੁਪਏ ਦਾ ਨੁਕਸਾਨ ਕੀਤਾ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ।)

ਸਰਦਾਰ ਗੁਰਦਰਸ਼ਨ ਸਿੰਘ (ਖੁਰਾਕ ਅਤੇ ਸਪਲਾਈ ਦੇ ਰਾਜ ਮੰਤਰੀ) : ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜੋ ਕੁੱਝ ਵੀ ਕਿਹਾ ਹੈ ਉਹ ਬਿਲਕੁਲ ਪੋਲੀਟੀਕਲ ਮੋਟੀਵੇਟਿਡ ਬੇਸਲੇਸ ਅਤੇ ਗਲਤ ਹੈ। ਅਗਰ ਇਹ ਇਤਨਾ ਇਮਪਾਰਟੈਂਟ ਮੈਟਰ ਹੁੰਦਾ ਤਾਂ ਇਹ ਕੱਲ੍ਹ ਆਪਣੀ ਸਪੀਚ ਜੋ ਕਿ ਇਨ੍ਹਾਂ ਨੇ ਗਵਰਨਰ ਦੇ ਐਡਰੈਸ ਤੇ ਦਿੱਤੀ ਉਸ ਦੇ ਵਿਚ ਜ਼ਰੂਰ ਕਹਿੰਦੇ। ਮੈਂ ਇਹ ਫਿਰ ਕਹਿੰਦਾ ਹਾਂ ਕਿ ਇਹ ਬਿਲਕੁਲ ਗਲਤ ਹੈ।

[ਸਰਦਾਰ ਗੁਰਦਰਸ਼ਨ ਸਿੰਘ]

ਜੋ ਪ੍ਰਾਈਸ ਫਿਕਸ ਕੀਤੀ ਸੀ 150 ਰੁਪਏ ਕੁਇੰਟਲ ਦੀ, ਉਹ ਗੌਰਮਿੰਟ ਆਫ਼ ਇੰਡੀਆ ਨੇ ਕੀਤੀ ਸੀ । ਅਸੀਂ ਜਿਤਨੀ ਵੀ ਕਣਕ ਬਾਹਰ ਭੇਜੀ ਉਸ ਦੇ ਬਾਰੇ ਡਾਇਰੈਕਟੋਰੇਟ ਨੂੰ ਇਨਫਾਰਮ ਕੀਤਾ, ਕੰਟਰੋਲ ਪ੍ਰਾਈਸ ਤੇ ਭੇਜੀ । ਉਸ ਦੀ ਪਰਮਿਸ਼ਨ ਲਈ ਗਈ ਸੀ ।

ਇਨ੍ਹਾਂ ਨੇ ਜਿਹੜਾ 40 ਹਜ਼ਾਰ ਟਨ ਕਣਕ ਦਾ ਐਲੀਗੇਸ਼ਨ ਲਾਇਆ ਹੈ ਕਿ ਸੈਂਟਰਲ ਗੌਰਮਿੰਟ ਦੇ ਕਿਸੇ ਮਨਿਸਟਰ ਦੀ ਨੂੰਹ ਬਾਹਰ ਲੈ ਗਈ, ਇਹ ਵੀ ਬਿਲਕੁਲ ਗਲਤ ਹੈ, ਬੇਸ—ਲੈਸ ਹੈ । ਸਪੀਕਰ ਸਾਹਿਬ, ਅਸਲ ਗੱਲ ਤਾਂ ਇਹ ਹੈ ਕਿ ਇਨ੍ਹਾਂ ਦਾ ਆਪਣਾ ਕੋਈ ਅਸੂਲ ਹੀ ਨਹੀਂ । ਇਹ ਇਨ੍ਹਾਂ ਦੀ ਆਪਣੀ ਬੈਂਕਰੱਪਸੀ ਆਫ ਥਾਟ ਹੈ। ਪਰ ਇਹ ਇਤਰਾਜ਼ ਸਾਡੇ ਤੇ ਕਰਦੇ ਹਨ । ਇਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੈ ਕਿਉਂਕਿ ਅਸੀਂ 23 ਅਗਸਤ ਨੂੰ ਅੰਡਰਹੈਂਡ ਜਿਹੜੀ ਟ੍ਰੇਡਿੰਗ ਹੁੰਦੀ ਸੀ ਉਸ ਨੂੰ ਬੰਦ ਕਰ ਦਿੱਤਾ ਸੀ । ਇਨ੍ਹਾਂ ਨੂੰ ਇਸ ਦਾ ਦੁੱਖ ਹੋ ਰਿਹਾ ਹੈ । ਜਿਤਨੀ ਵੀ ਵੀਟ ਬਾਹਰ ਭੇਜੀ ਹੈ ਉਹ ਥਰੂ ਸਟੇਟ ਗੌਰਮਿੰਟ ਦਿੱਤੀ ਹੈ ਕਿਸੇ ਨੂੰ ਵੀ 150 ਰੁਪਏ ਤੋਂ ਵੱਧ ਭਾਅ ਤੇ ਨਹੀਂ ਦਿੱਤੀ ।(ਸ਼ੋਰ)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ** **

Mr. Speaker ; This is no point of order. (*Noise*)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ੍ਰੀ ਸਪੀਕਰ : ਜੋ ਕੁੱਝ ਆਨਰੇਬਲ ਮੈਂਬਰਜ਼ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (ਸ਼ੋਰ) ਤੁਸੀਂ ਆਪਣੀ ਤਕਰੀਰ ਗਵਰਨਰ ਐਡਰੈਸ ਤੇ ਕਰ ਲੈਣਾ । Please resume your seat.(ਸ਼ੋਰ) ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ । (Whatever the hon. Member is saying should not be recorded.)(*Noise*) (You may refer to it in your speech on the Governor's Address. Please resume your seat.(*Noise*) Comrade Shamsher Singh Josh.)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਮੈਂ ਫੂਡ ਮਨਿਸਟਰ ਸਾਹਿਬ ਤੋਂ ਸਿਰਫ ਇਤਨਾ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਕਿਸੇ ਕੋਆਪਰੇਟਿਵ ਸੋਸਾਇਟੀ ਨੂੰ ਜਾਂ ਕਿਸੇ ਇੰਡੀਵਿਜੂਅਲ ਨੂੰ ਸਟੇਟ ਟੂ ਸਟੇਟ ਕਣਕ ਭੇਜੀ ? ਇਸ ਦਾ ਜਵਾਬ ਦੇ ਦੇਣ (ਸ਼ੋਰ)

ਸਰਦਾਰ ਗੁਰਦਰਸ਼ਨ ਸਿੰਘ (ਖੁਰਾਕ ਅਤੇ ਸਪਲਾਈ ਦੇ ਰਾਜ ਮੰਤਰੀ) : ਸਪੀਕਰ ਸਾਹਿਬ ਇਹ ਬਿਲਕੁਲ ਬੇਬੁਨਿਆਦ ਹੈ ਕਿ ਅਸੀਂ ਕਿਸੇ ਪ੍ਰਾਈਵੇਟ ਅਦਾਰੇ ਨੂੰ ਜਾਂ ਕਿਸੇ ਹੋਰ ਇੰਡੀਵਿਜੂਅਲ ਨੂੰ ਸਟੇਟ ਟੂ ਸਟੇਟ ਕਣਕ ਦਿੱਤੀ । ਅਸੀਂ ਸਟੇਟ ਟੂ ਸਟੇਟ ਕਣਕ ਭੇਜੀ ਅਤੇ ਸਿਰਫ ਨੌਮੀਨੀਜ਼ ਨੂੰ ਦਿੱਤੀ ਜਿਨ੍ਹਾਂ ਨੂੰ ਅਥਾਰਟੀ ਮਿਲੀ ਸੀ, ਅਸੀਂ ਉਨ੍ਹਾਂ ਨੂੰ ਫਿਕਸਡ ਪਰਾਈਸ ਤੇ ਦਿਤੀ ।

**Expunged/Not recorded as ordered by the Chair.

ਸਪੀਕਰ ਸਾਹਿਬ ਮੈਂ ਹਾਊਸ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਲਈ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਸ ਵਾਰ ਜਦ ਸਾਰੀਆਂ ਸਟੇਟਸ ਦੇ ਮੁੱਖ ਮੰਤਰੀ ਇਕੱਠੇ ਹੋਏ ਤਾਂ ਉਨ੍ਹਾਂ ਨੇ ਪੰਜਾਬ ਤੋਂ ਇਹ ਮੰਗ ਕੀਤੀ ਕਿ ਉਨ੍ਹਾਂ ਨੂੰ ਕਣਕ ਦਿੱਤੀ ਜਾਵੇ । ਮੈਂ ਸਮਝਦਾ ਹਾਂ ਕਿ ਇਹ ਪਹਿਲਾ ਮੌਕਾ ਹੈ । ਸਾਨੂੰ ਇਸ ਗੱਲ ਦੀ ਸ਼ਲਾਘਾ ਕਰਨੀ ਚਾਹੀਦੀ ਹੈ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮਨਿਸਟਰ ਸਾਹਿਬ, ਨੇ ਇਕ ਗੱਲ ਤਾਂ ਮੰਨ ਲਈ ਹੈ ਕਿ ਇਨ੍ਹਾਂ ਨੇ ਨੌਮੀਨੀਜ਼ ਨੂੰ ਕਣਕ ਦਿੱਤੀ । ਪਰ ਕੀ ਮੈਂ ਇਹ ਪੁੱਛਦਾ ਹਾਂ ਕਿ ਕੀ ਇਨ੍ਹਾਂ ਨੌਮਨੀਜ਼ ਵਿਚੋਂ ਕਿਸੇ ਪ੍ਰਾਈਵੇਟ....

ਸ੍ਰੀ ਸਪੀਕਰ : ਤੁਸੀਂ ਕੁਐਸ਼ਚਨ ਦੇ ਦਿਉ, ਇਹ ਜਵਾਬ ਦੇ ਦੇਣਗੇ (ਸ਼ੋਰ) (You may give notice of a question. The Minister concerned will give reply to it.) (*Noise*)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਅਸੀਂ ਸ਼ਾਰਟ ਨੋਟਿਸ ਕੁਐਸ਼ਚਨ ਦੇ ਦਿੰਦੇ ਹਾਂ ।

ਸ੍ਰੀ ਸਪੀਕਰ : ਤੁਸੀਂ ਕੁਐਸ਼ਚਨ ਦੇ ਦਿਓ , ਮੈਂ ਐਗਜ਼ਾਮਿਨ ਕਰ ਲਵਾਂਗਾ । (ਸ਼ੋਰ) ਐਗਜ਼ਾਮਿਨ ਕਰਨਾ ਮੇਰਾ ਰਾਈਟ ਹੈ । ਮੈਨੂੰ ਫੋਰਸ ਨਾ ਕਰੋ । (ਸ਼ੋਰ) ਤੁਸੀਂ ਸਵਾਲ ਦੇ ਦਿਓ । ਮੈਂ ਵੇਖ ਲਵਾਂਗਾ । (ਸ਼ੋਰ) । (You may give notice of a question. I will examine it. (*Noise*) I have the right to examine the notice of a question. Please do not force me. (*Noise*) You may please send the notice of the question I shal examine it.) (*Noise*)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਮੋਸ਼ਨ ਨੂੰ ਤੁਸੀਂ ਇਕ ਦਫਾ ਰੀਜੈਕਟ ਕਰ ਚੁੱਕੇ ਹੋ ਅਤੇ ਉਸ ਤੇ ਬਾਕਾਇਦਾ ਰੂਲਿੰਗ ਵੀ ਆ ਚੁੱਕੀ ਹੋਵੇ ਇਹ ਬੇਕਾਇਦਗੀ ਹੈ ਕਿ ਉਸ ਤੇ ਕੋਈ ਬਹਿਸ ਹੋਵੇ । ਜੇ ਬਹਿਸ ਹੋ ਵੀ ਜਾਵੇ ਅਤੇ ਬਾਕਾਇਦਾ ਮਨਿਸਟਰ ਇਨਚਾਰਜ ਜਵਾਬ ਦੇ ਦੇਵੇ ਅਤੇ ਉਸ ਤੋਂ ਬਾਅਦ ਕਿਸੇ ਆਨਰੇਬਲ ਮੈਂਬਰ ਨੇ ਕੋਈ ਇਨਫਰਮੇਸ਼ਨ ਲੈਣੀ ਹੋਵੇ ਤਾਂ ਉਸ ਨੂੰ ਪਾਰਲੀਮੈਂਟਰੀ ਰਵਾਇਆਤ ਦੇ ਮੁਤਾਬਿਕ ਬਾਕਾਇਦਾ ਸਵਾਲ ਦੇਣਾ ਚਾਹੀਦਾ ਹੈ । ਇਹ ਗੱਲ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਕਿ ਕੋਈ ਮੈਂਬਰ ਫੋਰਸ ਕਰੇ ਅਤੇ ਇਹ ਧਮਕੀ ਦੇਵੇ ਕਿ ਅਸੀਂ ਹਾਊਸ ਨੂੰ ਚੱਲਣ ਨਹੀਂ ਦੇਵਾਂਗੇ । ਤੁਸੀਂ ਸਪੀਕਰ ਸਾਹਿਬ, ਐਸੇ ਮਾਹੌਲ ਤੇ ਕੰਟਰੋਲ ਕਰੋ । ਇਹ ਮੇਰੀ ਸਬਮਿਸ਼ਨ ਹੈ । (ਸ਼ੋਰ)

ਸ੍ਰੀ ਸਪੀਕਰ : ਆਨਰੇਬਲ ਮੈਂਬਰਜ਼ ਜੋ ਕੁੱਝ ਬਿਨਾ ਇਜਾਜ਼ਤ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (ਸ਼ੋਰ) ਮੈਂ ਮਹਿਸੂਸ ਕਰਦਾ ਹਾਂ ਕਿ ਹਾਊਸ ਨੂੰ ਨਾ ਚੱਲਣ ਦੀ ਗੱਲ ਕਰਨਾ ਇਹ ਕੋਈ ਸ਼ੋਭਾ ਦੇਣ ਵਾਲੀ ਗੱਲ ਨਹੀਂ । ਇਹ ਹਾਊਸ ਇਕ ਪਵਿੱਤਰ ਮੰਦਰ ਹੈ, ਪਾਰਲੀਮੈਂਟਰੀ ਤਰੀਕਾਕਾਰ ਦਾ ਟੈਂਪਲ ਹੈ, ਇਹ ਮੁਨਾਸਿਬ ਨਹੀਂ ਹੈ ਕਿ ਕੋਈ ਇਸ ਤਰ੍ਹਾਂ ਦੀ ਗੱਲ ਕੀਤੀ ਜਾਵੇ । ਜੇ ਕੋਈ ਇਨਫਰਮੇਸ਼ਨ ਇਹ ਲੈਣਾ ਚਾਹੁੰਦੇ ਹਨ ਉਹ ਬਾਕਾਇਦਾ ਕੁਐਸ਼ਚਨ ਪੁੱਟ ਕਰ ਸਕਦੇ ਹਨ । (ਸ਼ੋਰ) ਉਹ ਕੋਈ ਸਬਸਟੈਂਟਿਵ ਮੋਸ਼ਨ ਲਿਆ ਸਕਦੇ ਹਨ, ਪਰ ਇਸ ਤਰ੍ਹਾਂ ਕਹਿਣਾ ਕਿ ਅਸੀਂ ਹਾਊਸ ਦੀ ਕਾਰਵਾਈ ਚੱਲਣ ਨਹੀਂ ਦਿਆਂਗੇ, ਠੀਕ ਨਹੀਂ ਹੈ, ਇਹ ਹਾਊਸ ਸਾਰੇ ਪੰਜਾਬ ਦੇ ਰਿਪਰੇਜ਼ੈਂਟੇਟਿਵਜ਼ ਦਾ ਹੈ, ਜਿਸ ਵਿਚ

(ਸ਼੍ਰੀ ਸਪੀਕਰ)

ਕਾਂਗਰਸੀਆਂ ਤੋਂ ਇਲਾਵਾ, ਸੀ.ਪੀ.ਆਈ., ਸੀ.ਪੀ.ਆਈ.ਐਮ. ਅਤੇ ਜੰਨ ਸੰਘੀ ਤੇ ਅਕਾਲੀ ਆਪਣੇ ਆਪਣੇ ਖਿਆਲਾਤ ਦੱਸਣ ਦਾ ਹੱਕ ਰਖਦੇ ਹਨ। ਤੁਸੀਂ ਦਲੀਲ ਦੇ ਕੇ ਕੋਈ ਕੰਟਰਾਡਿਕਸ਼ਨ ਕਰਨੀ ਹੈ ਤਾਂ ਕਰੋ । (ਸ਼ੋਰ) (Whatever the hon. Members are saying without permission should not be recorded. (*Noise*) I feel that to say that the House shall not be allowed to proceed with its business, does not look nice. This House is a sacred temple—the temple of Parliamentary System. Such behaviour is not in keeping with its dignity. If the members wish to seek some information, they can put in a question following proper procedure. (*Noise*) They can bring a Censure Motion. But to say that they shall not let the House to proceed is not a good thing. This House represents the whole of Punjab. Besides the Congress Members, the Members of the C.P.I., C.P.I. (M), Jan Sangh and Akali Parties have the right to express their views here. If the Members wish to contradict something, they may do so through arguments.) (*Noise*)

ਇਕ ਮਾਨਯੋਗ ਮੈਂਬਰ : ** **

ਸ਼੍ਰੀ ਸਪੀਕਰ : ਜੋ ਕੁੱਝ ਆਨਰੇਬਲ ਮੈਂਬਰ ਬਿਨਾ ਇਜਾਜ਼ਤ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ (ਸ਼ੋਰ) (Whatever the hon. Member is saying without permission should not be recorded.)

CALL ATTENTION NOTICES UNDER RULE 66

(ਕ੍ਰਮ ਨੰ: 3)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ। ਅਰਥਾਤ, ਕਾਟਨ ਕਾਰਪੋਰੇਸ਼ਨ ਦੇ ਕਪਾਹ ਖਰੀਦਣ ਲਈ ਮੰਡੀ ਵਿਚ ਦਾਖਲ ਨਾ ਹੋਣ ਕਰਕੇ ਕਪਾਹ ਕਾਸ਼ਤਕਾਰਾਂ ਨੂੰ ਘੱਟ ਭਾਅ ਉਤੇ ਕਪਾਹ ਵੇਚਣ ਲਈ ਮਜਬੂਰ ਕਰਕੇ ਉਨ੍ਹਾਂ ਦੀ ਲੁੱਟ ਕੀਤੀ ਜਾ ਰਹੀ ਹੈ ਜਿਸ ਕਾਰਣ ਕਪਾਹ ਉਪਜਾਊ ਜ਼ਿਲ੍ਹਿਆਂ, ਸੰਗਰੂਰ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ ਅਤੇ ਲੁਧਿਆਣਾ ਦੇ ਕਿਸਾਨਾਂ ਵਿਚ ਸਖਤ ਬੇਚੈਨੀ ਫੈਲੀ ਹੋਈ ਹੈ ਅਤੇ ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਲਾਹੇਵੰਦ ਭਾਅ ਦੁਆਉਣ ਲਈ ਕਾਟਨ ਕਾਰਪੋਰੇਸ਼ਨ ਤੁਰੰਤ ਮੰਡੀ ਵਿਚ ਦਾਖ਼ਲ ਹੋਵੇ ਜਾਂ ਪੰਜਾਬ ਸਰਕਾਰ ਆਪ ਖਰੀਦ ਸ਼ੁਰੂ ਕਰੇ—ਮਾਰਕਫੈਡ ਵੱਲੋਂ ਕਪਾਹ ਦੀ ਖਰੀਦ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਦਖਲ ਨਾਲ ਮਾਮਲੇ ਦੀ ਮਹੱਤਤਾ ਅਤੇ ਗੰਭੀਰਤਾ ਅਤੇ ਇਸ ਦੇ ਬਹੁਤ ਵੱਡੇ ਭਾਗ ਉਤੇ ਪੈਂਦੇ ਪ੍ਰਭਾਵ ਦੇ ਕਾਰਨ ਸਰਕਾਰ ਨੂੰ ਸਦਨ ਵਿਚ ਬਿਆਨ ਦੇਣ ਲਈ ਕਿਹਾ ਜਾਵੇ।

ਸ਼੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ।(Admitted. The Minister concerned may please make a statement.)

*Not recorded as ordered by the Chair.

(ਕ੍ਰਮ ਨੰ: 12)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਨਹਿਰ ਅਪਰਬਾਰੀ ਦੁਆਬ ਦੀਆਂ ਟੇਲਾਂ ਅਰਥਾਤ ਟੇਲ ਸਬਰਾ, ਟੇਲ ਕਾਲੀਆ, ਸਨਖਤਰਾ, ਟੇਲ ਠਠੀ, ਜੈਮ ਸਿੰਘ ਟੇਲਵਾਂ, ਤਾਰਾ ਸਿੰਘ, ਪਾਣੀ ਨਾ ਮਿਲਣ ਕਾਰਨ ਕਿਸਾਨਾਂ ਨੇ ਮਹਿਕਮਾ ਨਹਿਰ ਨੂੰ ਨੋਟਿਸ ਦੇ ਕੇ ਬੰਦ ਕਰ ਦਿੱਤੀਆਂ ਹਨ ਜਿਸ ਕਾਰਨ ਸਾਉਣੀ ਦੀ ਫਸਲ ਤਬਾਹ ਹੋ ਗਈ ਹੈ ਤੇ ਹਾੜ੍ਹੀ ਦੀ ਬਜਾਈ ਨਹੀਂ ਹੋਈ। ਕਿਸਾਨਾਂ ਵਿਚ ਬੜੀ ਬੇਚੈਨੀ ਹੈ। ਮਾਮਲੇ ਦੀ ਮਹੱਤਤਾ ਕਾਰਨ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement.)

(ਕ੍ਰਮ ਨੰ: 41)

ਮਾਸਟਰ ਚੰਦ ਸਿੰਘ (ਸ਼ੇਰਪੁਰ): ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਚੀਫ਼ ਇੰਜੀਨੀਅਰ ਇਰੀਗੇਸ਼ਨ ਦੇ ਦਫ਼ਤਰ ਵਿਚ ਹਾਫ ਏ ਮਿਲੀਅਨ ਜਾਬ ਦੇ ਤਹਿਤ ਕੰਮ ਕਰਦੇ ਟੀਸਰਾਂ ਨੂੰ 31 ਮਾਰਚ, 1974 ਤੋਂ ਬਾਅਦ ਹੁਣ ਤੀਕ ਤਨਖਾਹ ਨਹੀਂ ਦਿੱਤੀ ਗਈ। ਇਨ੍ਹਾਂ ਦਾ ਗੁਜ਼ਾਰਾ ਹੀ ਤਨਖਾਹ ਤੇ ਹੈ ਅਤੇ ਹੁਣ ਉਨ੍ਹਾਂ ਦਾ ਗੁਜ਼ਾਰਾ ਬਹੁਤ ਹੀ ਔਖਾ ਹੈ। ਬੱਚੇ ਭੁੱਖੇ ਮਰ ਰਹੇ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਕਰਮਚਾਰੀਆਂ (ਟੀਸਰਾਂ) ਨੂੰ ਤਨਖਾਹ ਦਿਵਾਉਣ ਲਈ ਬਿਆਨ ਦੇਵੇ ਤਾਂ ਜੋ ਇਨ੍ਹਾਂ ਮੁਲਾਜ਼ਮਾਂ ਵਿਚ ਫੈਲੀ ਬੇਚੈਨੀ ਖ਼ਤਮ ਹੋ ਸਕੇ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement.)

(Serial No. 43)

Shri Gurdial Saini : Sir I beg to draw the attention of the Government towards a matter of urgent public importance, namely, that the Punjab Government, during its last August Session, provided for the security of service of the teachers of the affiliated colleges of the State but this was not done so far as the non-teaching staff is concerned. In order to give a feeling of honour and dignity to members of the non-teaching staff of the affiliated colleges, it is but meet and proper that the Government should treat them also at par with the teachers of the affiliated colleges of the State. It is, therefore, a fit matter on which the Government should make a statement on the floor of the House as to what it proposes doing for the benefit of non-teaching staff of affiliated colleges of Punjab. Hence this Call Attention Motion.

Mr Speaker : Admitted. The Minister concerned may please make a statement.

(Serial No. 48)

Shri Sardari Lal Kapur : Sir, I beg to draw the attention of the Government towards a matter of urgent public importance, namely, that there are 450 Ayurvedic dispensaries in the State in which Vaids have already been appointed and are actually at their posts. It is surprising indeed that during the whole year 1974 Ayurvedic medicines worth Rs. 800 were supplied to all these 450 dispensaries. At present there are no medicines in these dispensaries. It is very necessary that there should be a separate Ayurvedic Directorate in the State of Punjab. Hence this call attention motion on which the Health Minister should make a statement on the floor of the House as to what the Government propose doing to set up a separate Directorate for Ayurvedic Dispensaries and what the Government proposes to do to supply Ayurvedic medicines to the 450 dispensaries in the State.

Mr Speaker : Admitted. The Minister concerned may please make a statement.

ਚੌਧਰੀ ਸੁੰਦਰ ਸਿਘ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 17 ਦਿੱਤੀ ਸੀ......(ਵਿਘਨ)

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਹ 9 ਤਾਰੀਖ ਨੂੰ ਐਡਮਿਟ ਹੋ ਚੁੱਕੀ ਹੈ। ਤੁਸੀਂ ਹਾਜ਼ਰ ਨਹੀਂ ਸੀ। ਇਸ ਦੇ ਪੜ੍ਹਨ ਦੀ ਹੁਣ ਜ਼ਰੂਰਤ ਨਹੀਂ। (Chaudhri Sahib, it has already been admitted on the 9th instant. You were not present. It need not be read now.)

STATEMENTS LAID ON THE TABLE OF THE HOUSE IN REPLY TO CALL ATTENTION NOTICES

Chief Parliamentary Secretary ; (Sardar Gurcharan Singh Nihalsingh Wala) : I beg to lay on the Table of the House the statements in reply to Call Attention Notices No. 9 and 23.

(Serial No. 9)

Comrade Satya Pal Dang, Comrade Dana Ram : to draw the attention of the Government towards a matter of urgent public importance, namely, whereas all sections of people and entire economy of the State has been hit hard by power shortage. Thousands and thousands of industrial workers have been facing virtual starvation. A very big section of the industrial workers of the State are employed in small factories and industrial units who legally are not required to pay any lay off compensation at all and in big units lay off compensation is very inadequate.

This has resulted in extreme hardship and suffering for almost all sections of the industrial workers. They have been demanding grants to help them to tide over the difficult position. As the Government have not taken any decision. There is acute discontentment in the entire working class.

In view of the obvious and urgent importance of the matter, the Government may please be asked to make a statement in the House.

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ) :ਇਹ ਠੀਕ ਹੈ ਕਿ ਰਾਜ ਵਿਚ ਬਿਜਲੀ ਦੀ ਸਖਤ ਘਾਟ ਹੈ। ਕੁੱਝ ਹੱਦ ਤੱਕ ਤਾਂ ਕੁਦਰਤੀ ਕਾਰਣਾਂ ਕਰਕੇ ਜਿਵੇਂ ਕਿ ਗੋਬਿੰਦ ਸਾਗਰ ਰਿਜ਼ਰਵੇਯਰ ਦਾ ਕੈਚਮੈਂਟ ਦੇ ਇਲਾਕੇ ਵਿਚ ਘੱਟ ਬਾਰਿਸ਼ ਹੋਣ ਕਾਰਣ ਅਤੇ ਬਰਫ ਘੱਟ ਪਿੱਘਲਣ ਕਾਰਣ ਕਾਫੀ ਨਾ ਭਰਨਾ ਅਤੇ ਕੁੱਝ ਹੱਦ ਤਕ ਬਿਜਲੀ ਦੀ ਪੈਦਾ ਹੋਣ ਦੀ ਸਮਰਥਾ ਤੋਂ ਮੰਗ ਵਿਚ ਤੇਜ਼ ਰਫਤਾਰ ਵਿਚ ਵਾਧਾ। ਰਾਜ ਸਰਕਾਰ ਪਹਿਲਾਂ ਹੀ ਬਿਜਲੀ ਦੀਆਂ ਸਕੀਮਾਂ ਨੂੰ ਪਰਮ ਅਗੇਤ ਦੇ ਰਹੀ ਹੈ ਤਾਂ ਕਿ ਖੇਤੀ ਬਾੜੀ ਅਤੇ ਉਦਯੋਗ ਲਈ ਵੱਧ ਤੋਂ ਵੱਧ ਬਿਜਲੀ ਪੈਦਾ ਹੋ ਸਕੇ। ਚਾਲੂ ਸਾਲ ਵਿਚ ਪਲਾਨ ਵਿਚ ਰੱਖੀ ਗਈ ਕੁੱਲ ਰਕਮ 126.48 ਕਰੋੜ ਰੁਪਏ ਦੀ ਰਕਮ ਵਿਚੋਂ 64 ਕਰੋੜ ਰੁਪਏ ਬਿਜਲੀ ਦੀਆਂ ਸਕੀਮਾਂ ਤੇ ਖਰਚ ਕੀਤਾ ਜਾ ਰਿਹਾ ਹੈ। ਅਗਲੇ ਸਾਲ ਵਿਚ ਵੀ ਕਾਫ਼ੀ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ ਤਾਕਿ ਬਿਜਲੀ ਪੈਦਾ ਕਰਨ ਵਾਲੀਆਂ ਸਕੀਮਾਂ ਜਿਨ੍ਹਾਂ ਵਿਚ ਗੁਰੂ ਨਾਨਕ ਥਰਮਲ ਪਲਾਂਟ,ਬਠਿੰਡਾ ਗੁਰੂ ਨਾਨਕ ਥਰਮਲ ਪਲਾਂਟ (ਐਕਸਟੈਨਸ਼ਨ) ਬਠਿੰਡਾ ਅਤੇ ਬਿਆਸ ਪਰਾਜੈਕਟ ਦੀਆਂ ਸਕੀਮਾਂ ਛੇਤੀ ਤੋਂ ਛੇਤੀ ਸਿਰੇ ਚੜ੍ਹ ਜਾਣ।

ਰਾਜ ਸਰਕਾਰ ਉਦਯੋਗਿਕ ਕਾਮਿਆਂ ਅਤੇ ਦੂਜੇ ਵਰਗ ਦੇ ਲੋਕਾਂ ਦੀਆਂ ਬਿਜਲੀ ਦੀ ਘਾਟ ਤੋਂ ਪੈਦਾ ਹੋਈਆਂ ਮੁਸ਼ਕਲਾਂ ਤੋਂ ਭਲੀ ਪ੍ਰਕਾਰ ਜਾਣੂ ਹੈ। ਪਰ ਵਿਤੀ ਰੋਕਾਂ ਤੇ ਕੁੱਝ ਹੋਰ ਅਮਲੀ ਮੁਸ਼ਕਲਾਂ ਕਰਕੇ ਸਰਕਾਰ ਉਦਯੋਗਿਕ ਕਾਮਿਆਂ ਜਾਂ ਹੋਰ ਵਰਗ ਦੇ ਵਿਅਕਤੀ, ਜਿਨ੍ਹਾਂ ਤੇ ਬਿਜਲੀ ਦੀ

ਘਾਟ ਦਾ ਬੁਰਾ ਅਸਰ ਪਿਆ ਹੈ ਵਿੱਤੀ ਸਹਾਇਤਾ ਦੇਣ ਤੋਂ ਅਸਮਰਥ ਹੈ । ਉਨ੍ਹਾਂ ਕਾਮਿਆਂ ਨੂੰ ਜੋ ਐਸੇ ਉਦਯੋਗਿਕ ਅਦਾਰਿਆਂ ਵਿਚ ਕੰਮ ਕਰਦੇ ਹਨ ਜਿਥੇ ਕਾਮਿਆਂ ਦੀ ਗਿਣਤੀ 500 ਜਾਂ ਵੱਧ ਹੈ ਤੇ ਜਿਥੇ ਕੰਮ ਮੌਸਮੀ ਕਿਸਮ ਦਾ ਨਹੀਂ ਹੈ ਤਾਲਾ ਬੰਦੀ ਲਈ ਮੁਆਵਜ਼ਾ ਇੰਡਸਟਰੀਅਲ ਡਿਸਪਿਊਟਸ ਐਕਟ 1947 ਦੇ ਅਧੀਨ ਦੇਣ ਦਾ ਉਪਬੰਧ ਹੈ । ਕਿਰਤ ਵਿਭਾਗ ਪੂਰੀਆਂ ਕੋਸ਼ਿਸ਼ਾਂ ਕਰਦਾ ਰਿਹਾ ਹੈ ਕਿ ਜਿਥੇ ਵੀ ਕੋਈ ਮੁਆਵਜ਼ਾ ਦੇਣ ਯੋਗ ਹੋਵੇ ਉਥੇ ਉਸ ਦੀ ਅਦਾਇਗੀ ਕੀਤੀ ਜਾਵੇ । ਰਾਜ ਸਰਕਾਰ ਭਾਰਤ ਸਰਕਾਰ ਨੂੰ ਇਨਡਸਟਰੀਅਲ ਡਿਸਪਿਊਟਸ ਐਕਟ ਵਿਚ ਸੋਧ ਕਰਨ ਬਾਰੇ ਲਿਖਣ ਦਾ ਵਿਚਾਰ ਰੱਖਦੀ ਹੈ ਤਾਂਕਿ ਉਨ੍ਹਾਂ ਕਾਰਖਾਨਿਆਂ ਵਿਚ ਜਿਥੇ 20 ਜਾਂ 20 ਤੋਂ ਵੱਧ ਕਾਮੇ ਕੰਮ ਕਰਦੇ ਹਨ ਤਾਲਾ ਬੰਦੀ ਦੇ ਸਮੇਂ ਮੁਆਵਜ਼ਾ ਦਿੱਤਾ ਜਾ ਸਕੇ । ਇਸ ਦੇ ਫਲਸਰੂਪ ਇੰਡਸਟਰੀਅਲ ਡਿਸਪਿਊਟਸ ਐਕਟ ਬਹੁਤ ਸਾਰੇ ਅਦਾਰਿਆਂ ਤੇ ਲਾਗੂ ਹੋ ਜਾਵੇਗਾ ਤੇ ਅੱਗੇ ਤੋਂ ਬਹੁਤ ਜ਼ਿਆਦਾ ਗਿਣਤੀ ਵਿਚ ਉਦਯੋਗਿਕ ਵਰਕਰਾਂ ਨੂੰ ਤਾਲਾ ਬੰਦੀ ਆਦਿ ਦੇ ਸਮੇਂ ਸਹਾਇਤਾ ਮਿਲ ਸਕੇਗੀ ।

(Serial No. 23)

Comrade Shamsher Singh Josh : to draw the attention of Government towards a matter of urgent public importance, namely, great dissatisfaction amongst the Sugarcane Growers of the State because of Non-remunerative Price of Sugarcane fixed by the State Sugar Cane Control Board. As a result of this dissatisfaction amongst Sugar Cane Growers and their decision not to supply sugar cane to the Mills, Sugar Industry in the State is bound to be affected.

In view of the obvious importance of the matter, the Government may be asked to make a statement in the House.

Master Gurbanta Singh (Agriculture and Forest Minister) : The Sugar Mills in the Punjab State are paying Rs. 14.35 per quintal to the canegrowers during the year 1974-75, which is a remunerative price. The Canegrowers are satisfied with this price and are supplying cane to the Sugar Mills. In view of the fact that the price of Sugarcane being paid at Rs. 14.35 per quintal by the Sugar Mills is quite remunerative, the Sugar industry in the State is not likely to be adversely affected. Secondly, Sugarcane Control Board does not fix the prices of cane. It is only an advisory Board and as such gives appropriate advice, both to the Sugar Mills and the Canegrowers in the interest of augmenting the production of both the sugarcane and sugar in the State. Further, so far as the Punjab State is concerned, the price of sugarcane has been increased by Rs. 2 per quintal as compared with the last year; Whereas in the neighbouring States of Haryana and U.P. the increase is Rs 1.25 per quintal only.

ਸ਼੍ਰੀ ਸਰਦਾਰੀ ਲਾਲ ਕਪੂਰ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮਨਿਸਟਰ ਸਾਹਿਬ ਨੇ ਅਗਲੀਆਂ ਕਾਲ ਅਟੈਨਸ਼ਨ ਮੋਸ਼ਨਾਂ ਦਾ ਜਵਾਬ ਦੇ ਦਿਤਾ ਹੈ ਪਰ ਪਿਛਲੀਆਂ ਦਾ ਨੰਬਰ 4 ਤੇ 5 ਦਾ ਜਵਾਬ ਨਹੀਂ ਦਿਤਾ ।

ਸ਼੍ਰੀ ਸਪੀਕਰ: ਮੈਂ ਮਨਿਸਟਰ ਕੰਸਰਨਡ ਨੂੰ ਕਹਾਂਗਾ ਕਿ ਉਹ ਉਨ੍ਹਾਂ ਦਾ ਰਿਪਲਾਈ ਵੀ ਦੇ ਦੇਣ। (I would request the Minister concerned to give reply to those Call Attention Motions also.)

ਸਰਦਾਰ ਗੁਰਦੇਵ ਸਿੰਘ ਬਾਦਲ: ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਪਿੰਡ ਬਾਦੀਆਂ ਦੀ ਪਾਣੀ ਵਾਲੀ ਡਿੱਗੀ ਵਿਚ ਇਕ ਹਲਕਾ ਕੁੱਤਾ ਡਿਗ ਪਿਆ ਸੀ ......(ਵਿਘਨ)

ਸ਼੍ਰੀ ਸਪੀਕਰ : ਤੁਸੀਂ ਮੈਨੂੰ ਮਿਲ ਲੈਣਾ, ਦੁਬਾਰਾ ਵੇਖ ਲਵਾਂਗੇ । (Please see me in my Chamber, I will re-examine it.)

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ,ਸਾਰਾ ਪਿੰਡ ਹਲੂਕ ਜਾਵੇਗਾ । (ਵਿਘਨ)

ਡਾਕਟਰ ਬਲਦੇਵ ਪ੍ਰਕਾਸ਼: ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਹੁਣ 11 ਵੱਜ ਗਏ ਹਨ, ਡੇਢ ਵਜੇ ਗਵਰਨਰ ਐਡਰੈਸ ਤੇ ਵੋਟਿੰਗ ਹੋਣੀ ਹੈ, ਲੀਡਰ ਆਫ ਦੀ ਹਾਊਸ ਨੇ ਵੀ ਇਕ ਘੰਟਾ ਲੈਣਾ । ਇਸ ਤਰ੍ਹਾਂ ਆਪੋਜ਼ੀਸ਼ਨ ਪਾਰਟੀਆਂ ਨੂੰ ਪੂਰਾ ਵਕਤ ਨਹੀਂ ਮਿਲ ਸਕੇਗਾ, ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਹਾਉਸ ਦਾ ਸਮਾਂ ਵਧਾ ਦਿਤਾ ਜਾਵੇ ।

ਸ੍ਰੀ ਸਪੀਕਰ: ਮੈਂ ਟਾਈਮ ਟੇਬਲ ਵੇਖ ਲੈਂਦਾ ਹਾਂ ਫਿਰ ਫੈਸਲਾ ਕਰ ਲਵਾਂਗੇ । (Let me consult the timetable and then we will decide.)

(ਇਸ ਸਮੇਂ ਸਰਦਾਰ ਗੁਰਦੇਵ ਸਿੰਘ ਬਾਦਲ ਨੇ ਸਪੀਕਰ ਸਾਹਿਬ ਦੀ ਆਗਿਆ ਤੋਂ ਬਿਨਾਂ ਹੀ ਬੋਲਣਾ ਸ਼ੁਰੂ ਕਰ ਦਿਤਾ ।)

ਸਰਦਾਰ ਗੁਰਦੇਵ ਸਿੰਘ ਬਾਦਲ: ** **

Mr. Speaker: Whatever the hon. Member is saying without permisston may not be recorded.

WALK-OUT

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਤੁਸੀਂ ਮੈਨੂੰ ਗੱਲ ਨਹੀਂ ਕਹਿਣ ਦਿੰਦੇ ਇਸ ਲਈ ਮੈਂ ਵਾਕ ਆਊਟ ਕਰਦਾ ਹਾਂ ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ** ** (ਵਿਘਨ)

ਸ੍ਰੀ ਸਪੀਕਰ: ਤੁਸੀਂ ਮੁੜ ਕੇ ਉਹੀ ਬਹਿਸ ਸ਼ੁਰੂ ਕਰ ਦਿੱਤੀ ਹੈ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (You have again started the same discussion. This is no Point of order.)

ਸਰਦਾਰ ਪਰਕਾਸ਼ ਸਿੰਘ ਬਾਦਲ: ਆਨ ਏ ਪੁਆਇੰਟ ਆਫ ਆਰਡਰ ਸਰ। ਸਪੀਕਰ ਸਾਹਿਬ ਤੁਸੀਂ ਸਾਨੂੰ ਇਕ ਸਕੈਂਡਲ ਬਾਰੇ ਗੱਲ ਕਰਨ ਦੀ ਇਜਾਜ਼ਤ ਨਹੀਂ ਦੇ ਰਹੇ । ਉਸ ਸਕੈਂਡਲ ਵਿਚ ਕਰੋੜਾਂ ਰੁਪਏ ਦੀ ਗੱਲ ਹੈ । ਅੱਜ ਕਿਸਾਨ ਲੁੱਟਿਆ ਜਾ ਰਿਹਾ ਹੈ ਪਰ ਤੁਸੀਂ ਸਾਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੰਦੇ । ਇਸ ਲਈ ਅਸੀਂ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਅਕਾਲੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਵਾਕ ਆਊਟ ਕਰ ਗਏ । ਵਾਕ ਆਊਟ ਕਰ ਰਹੇ ਇਹ ਮੈਂਬਰ ਨਾਹਰੇ * * ਲਗਾ ਰਹੇ ਸਨ)

Mr. Speaker: These slogans may not be recorded.

*Not recorded. Expunged as ordered by the Chair.

DISCUSSION ON GOVERNOR'S ADDRESS (*Resumption*)

Mr. Speaker : Now the House shall resume discussion on the **Motion of Thanks moved by Shri Sardari Lal Kapur, M.L.A., on the 8th January, 1975 and seconded by Chaudhri Jagat Ram, M.L.A.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਤੇ ਹਾਊਸ ਵਿਚ ਬਹਿਸ ਹੋ ਰਹੀ ਹੈ ,ਇਸ ਉਤੇ ਮੈਂ ਕਾਂਗਰਸ ਪਾਰਟੀ ਦੇ ਮੈਂਬਰਾਂ ਦੇ ਵਿਚਾਰ ਵੀ ਸੁਣੇ ਹਨ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਦੇ ਵਿਚਾਰ ਵੀ ਸੁਣੇ ਹਨ । ਸਪੀਕਰ ਸਾਹਿਬ, ਗਵਰਨਰ ਸਾਹਿਬ ਦਾ ਭਾਸ਼ਣ, ਮੈਂ ਸਮਝਦਾ ਹਾਂ, ਕਿ ਸਰਕਾਰ ਦਾ ਸ਼ੀਸ਼ਾ ਹੁੰਦਾ ਹੈ । ਇਸ ਭਾਸ਼ਣ ਰਾਹੀਂ ਸਰਕਾਰ ਜੋ ਕੁਝ ਕਰਦੀ ਹੈ ਉਹ ਦੱਸਦੀ ਹੈ ਕਿ ਅਤੇ ਇਸ ਗੱਲ ਦਾ ਵੀ ਸੰਕੇਤ ਦਿੰਦੀ ਹੈ ਕਿ ਅੱਗੇ ਲਈ ਉਹ ਕੀ ਕਰਨਾ ਚਾਹੁੰਦੀ ਹੈ । ਸਪੀਕਰ ਸਾਹਿਬ, ਮੈਂ ਇਸ ਭਾਸ਼ਣ ਨੂੰ ਚੰਗੀ ਤਰ੍ਹਾਂ ਵਾਚਿਆ ਹੈ । ਇਹ ਐਨੂਮਰੇਸ਼ਨ ਆਫ਼ ਲਾਸਟ ਈਅਰ ਐਕਟੀਵਿਟੀਜ਼ ਹੈ । ਇਸ ਭਾਸ਼ਣ ਵਿਚ ਕੋਈ ਨਵੀਂ ਡਾਇਰੈਕਸ਼ਨ ਨਹੀਂ ਦਿੱਤੀ ਹੋਈ । ਕੋਈ ਮੈਟੀਰੀਅਲ ਚੇਂਜ ਨਹੀਂ ਹੈ । ਨਰੋਰਾ ਅਤੇ ਨੰਗਲ ਦੇ ਕੈਂਪਾਂ ਤੋਂ ਬਾਅਦ ਜੋ ਤਿੱਖੀ ਹਵਾ ਚੱਲ ਰਹੀ ਸੀ ਉਸ ਦਾ ਅਸਰ ਇਸ ਭਾਸ਼ਣ ਵਿਚ ਨਹੀਂ ਲੱਭਦਾ । ਮੈਂ ਚਾਹੁੰਦਾ ਸੀ ਕਿ ਪੰਜਾਬ ਦੀ ਸਰਕਾਰ ਜੋ ਗਿਆਨੀ ਜੀ ਦੀ ਅਗਵਾਈ ਵਿਚ ਚੱਲ ਰਹੀ ਹੈ ਨਰੋਰਾ ਅਤੇ ਨੰਗਲ ਦੇ ਕੈਂਪਾਂ ਵਿਚ ਜੋ ਤਹਿ ਹੋਇਆ ਸੀ ਉਸ ਦੀ ਇੰਮਪਲੀਮੈਂਟੇਸ਼ਨ ਵਾਸਤੇ ਵੀ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਸੰਕੇਤ ਦਿੰਦੀ । ਪਰ ਇਸ ਤਰ੍ਹਾਂ ਨਹੀਂ ਹੋਇਆ । ਸਪੀਕਰ ਸਾਹਿਬ, ਇਸ ਭਾਸ਼ਣ ਵਿਚ ਕੁੱਝ ਗੱਲਾਂ ਪਾਜ਼ੇਟਿਵ ਹਨ, ਕੁਝ ਨੈਗੇਟਿਵ ਹਨ ਅਤੇ ਮੈਂ ਕੁੱਝ ਸੁਝਾਓ ਵੀ ਆਪਣੇ ਵੱਲੋਂ ਦੇਣੇ ਹਨ, ਜਿਨ੍ਹਾਂ ਨਾਲ ਕਿ ਸੂਬੇ ਦੀ ਰਾਜਸੀ ਹਾਲਤ ਵਿਚ ਸੁਧਾਰ ਹੋ ਸਕੇ ਅਤੇ ਲੋਕਾਂ ਦੀ ਹਾਲਤ ਜੋ ਆਰਥਿਕ ਤੌਰ ਤੇ ਮੰਦੀ ਹੈ ਉਹ ਵੀ ਠੀਕ ਹੋ ਸਕੇ । ਸਭ ਤੋਂ ਪਹਿਲਾਂ ਮੈਂ ਪਾਜ਼ਿਟਿਵ ਗੱਲਾਂ ਬਾਰੇ ਆਪਣੇ ਵਿਚਾਰ ਰੱਖਾਂਗਾ ।

ਸਪੀਕਰ ਸਾਹਿਬ ਜਿਸ ਗਲ ਦੀ ਮੈਂ ਸਭ ਤੋਂ ਪਹਿਲਾਂ ਸਰਕਾਰ ਨੂੰ ਵਧਾਈ ਦੇਣੀ ਹੈ ਉਹ ਇਹ ਹੈ ਕਿ ਇਸ ਨੇ ਸਟੇਟ ਟਰੇਡਿੰਗ ਆਫ ਵ੍ਹੀਟ ਦੀ ਪਾਲਿਸੀ ਨੂੰ ਕਾਇਮ ਰੱਖਿਆ ਹੈ । ਇਥੇ ਹੀ ਨਹੀਂ ਜੋ ਕਮਿਊਨਿਸਟ ਪਾਰਟੀ ਦੀ ਮੰਗ ਸੀ, ਪੰਜਾਬ ਦੇ ਚੀਫ ਮਨਿਸਟਰ ਉਸ ਦੇ ਵੀ ਹਾਮੀ ਹੋ ਗਏ ਅਤੇ ਉਨ੍ਹਾਂ ਨੇ ਕਿਹਾ ਕਿ ਸਿਰਫ ਕਣਕ ਹੀ ਨਹੀਂ ਸਗੋਂ ਸਾਰੇ ਅਨਾਜ ਦੀ ਸਟੇਟ ਟਰੇਡਿੰਗ ਹੋਣੀ ਚਾਹਿਦੀ ਹੈ । ਬੇਸ਼ਕ ਸੈਂਟਰ ਦੀ ਸਰਕਾਰ ਨੇ ਇਸ ਸਬੰਧੀ ਆਪਣੀ ਨੀਤੀ ਬਦਲ ਲਈ ਹੈ ਪਰ ਪੰਜਾਬ ਸਰਕਾਰ ਦੇ ਚੀਫ ਮਨਿਸਟਰ ਨੇ, ਦੂਜੇ ਸਟੇਟਾਂ ਦੇ ਮੁੱਖ ਮੰਤਰੀਆਂ ਦੇ ਸਾਹਮਣੇ ਵੀ ਕਿਹਾ ਕਿ ਸਾਨੂੰ ਆਪਣੇ ਸੂਬੇ ਵਿਚ ਸਟੇਟ ਟਰੇਡਿੰਗ ਜਾਰੀ ਰੱਖਣ ਦਿਓ ਅਤੇ ਅੱਗੇ ਜੋ ਅਸੀਂ ਸੈਂਟਰਲ ਪੂਲ ਵਿਚ 60% ਹਿੱਸਾ ਪਾਉਂਦੇ ਸੀ ਤਾਂ ਹੁਣ 70% ਪਾਵਾਂਗੇ । ਸਪੀਕਰ ਸਾਹਿਬ ਮੈਂ ਸਮਝਦਾ ਹਾਂ ਕਿ ਜਦੋਂ ਤਕ ਸਟੇਟ ਟਰੇਡਿੰਗ ਨਹੀਂ ਹਵੇਗੀ ਕਿਸਾਨ ਦਾ ਢਿੱਡ ਨਹੀਂ ਭਰ ਸਕਦਾ । ਫਿਰ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਕਣਕ ਦੀ ਹੱਦ 100 ਕੁਵਿੰਟਲ ਮੁਕਰੱਰ ਕਰ ਦਿਤੀ ਕਿ ਇਸ ਤੋਂ ਵੱਧ ਕੋਈ ਕਣਕ ਨਹੀਂ ਰੱਖ ਸਕਦਾ । ਭਾਵੇਂ ਹਾਈ ਕੋਰਟ ਨੇ ਇਹ ਮਸਲਾ ਖਟਾਈ ਦੇ ਵਿਚ ਪਾ ਦਿਤਾ ਪਰ ਮੈਂ ਸਮਝਦਾ ਹਾਂ ਕਿ ਇਹ ਠੀਕ ਕਦਮ ਸੀ ।

**"That an Address be presented to the Governor in the following terms :—

'That the Members of this House assembled in this session are deeply grateful to the Governor for the Address which he has been pleased to deliver to the House on the 7th January, 1975.'

ਸਰਦਾਰ ਕਿਰਪਾਲ ਸਿੰਘ ਰੰਧਾਵਾ : ਫਾਜ਼ਲ ਮੈਂਬਰ ਨੇ ਹਾਈਕੋਰਟ ਦੇ ਮੁਤੱਲਕ ਇਥੇ ਗੱਲ ਕਹੀ ਹੈ। ਇਹ ਰਿਕਾਰਡ ਤੋਂ ਐਕਸਪੰਜ ਕਰ ਦੇਣੀ ਚਾਹੀਦੀ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਫੈਕਟਸ ਦੱਸੇ ਹਨ।

ਦੂਜੀ ਗੱਲ ਪੀ. ਡਬਲੀਊ. ਡੀ. ਵਰਕਚਾਰਜ ਮੁਲਾਜ਼ਮਾਂ ਦੀ ਹੈ। ਇਹ ਦਸ ਸਾਲਾਂ ਤੋਂ ਵਰਕਚਾਰਜ ਮੁਲਾਜ਼ਮ ਹੀ ਚੱਲਦੇ ਆ ਰਹੇ ਸੀ ਇਨ੍ਹਾਂ ਨੂੰ ਰੈਗੂਲਰ ਕਰ ਦੇਣਾ, ਇਹ ਬਹੁਤ ਅੱਛੀ ਗੱਲ ਕੀਤੀ ਗਈ ਹੈ। ਇਸ ਨਾਲ ਸਾਢੇ ਪੰਜ ਹਜ਼ਾਰ ਆਦਮੀਆਂ ਨੂੰ ਰੈਗੂਲਰ ਕਰ ਦਿੱਤਾ ਗਿਆ ਹੈ। ਇਹ ਠੀਕ ਕਦਮ ਚੁੱਕਿਆ ਗਿਆ ਹੈ।

ਬਿਜਲੀ ਦੇ ਮੁਲਾਜ਼ਮਾਂ ਨੂੰ ਜਿਨ੍ਹਾਂ ਨੇ ਸਟ੍ਰਾਈਕ ਕੀਤੀ, ਉਨ੍ਹਾਂ ਨੂੰ ਵਿਕਟੇਮਾਈਜ਼ ਕੀਤਾ ਗਿਆ ਸੀ। ਇਸ ਚੀਜ਼ ਨੂੰ ਅਸੀਂ ਕੰਡੈਮ ਕਰਦੇ ਹਾਂ। ਲੇਕਿਨ ਬਾਅਦ ਵਿਚ ਵਰਕਚਾਰਜ ਮੁਲਾਜ਼ਮਾਂ ਨੂੰ ਬਹਾਲ ਕਰਨਾ, ਇਹ ਬੜਾ ਚੰਗਾ ਕੰਮ ਕੀਤਾ ਗਿਆ ਹੈ। ਮੈਂ ਗਿਆਨੀ ਜੀ ਦੀ ਸਰਕਾਰ ਨੂੰ ਅਰਜ਼ ਕਰਾਂਗਾ ਕਿ ਜਿਹੜੇ ਹਾਲੇ ਵਰਕਚਾਰਜ ਮੁਲਾਜ਼ਮ ਬਹਾਲ ਨਹੀਂ ਹੋਏ ਉਨ੍ਹਾਂ ਨੂੰ ਵੀ ਜਲਦੀ ਤੋਂ ਜਲਦੀ ਬਹਾਲ ਕੀਤਾ ਜਾਏ। ਜਿਨ੍ਹਾਂ ਮੁਲਾਜ਼ਮਾਂ ਦੇ ਖਿਲਾਫ ਝੂਠੇ ਕੇਸ ਬਣਾਏ ਗਏ ਸੀ, ਉਹ ਠੀਕ ਕੀਤੇ ਜਾਣ।

ਬੁੱਢਿਆਂ ਦੀ ਪੈਨਸ਼ਨ ਦੇਣ ਬਾਰੇ ਵੀ ਜੋ ਕੁੱਝ ਕੀਤਾ ਗਿਆ ਹੈ, ਇਕ ਬੜਾ ਅੱਛਾ ਕੰਮ ਕੀਤਾ ਗਿਆ ਹੈ। ਪਹਿਲਾਂ ਦਰਖਾਸਤ ਦੇਣ ਤੇ ਹੀ 100 ਰੁਪਏ ਖਰਚ ਆ ਜਾਂਦੇ ਸੀ ਪਰ ਹੁਣ ਅਜਿਹਾ ਤਰੀਕਾ ਅਡਾਪਟ ਕੀਤਾ ਗਿਆ ਹੈ ਜਿਸ ਨਾਲ ਕਿ ਇਸ ਦਿੱਕਤ ਤੋਂ ਲੋਕ ਬੱਚ ਗਏ ਹਨ। ਇਹ ਠੀਕ ਕਦਮ ਚੁੱਕਿਆ ਗਿਆ ਹੈ।

ਮੈਂ ਆਪਣੇ ਫਰਜ਼ ਤੋਂ ਕੋਤਾਹੀ ਕਰਾਂਗਾ ਜੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਗੱਲ ਦੀ ਵਧਾਈ ਨਾ ਦਿਆਂ। ਪੰਜਾਬ ਦੇ ਉਸ ਦੇਸ਼ ਭਗਤ ਨੇ ਅਕਾਲੀ ਪਾਰਟੀ ਦੀ ਲਹਿਰ ਵਿਚ, ਕਾਂਗਰਸ ਪਾਰਟੀ ਦੀ ਲਹਿਰ ਵਿਚ, ਅਤੇ ਕਮਿਊਨਿਸਟ ਪਾਰਟੀ ਦੀ ਲਹਿਰ ਵਿਚ, ਹਿੱਸਾ ਲਿਆ ਅਤੇ ਦੇਸ਼ ਦੀ ਸੇਵਾ ਕੀਤੀ। ਉਸ ਥਾਂ ਦੇ ਕਾਲਜ ਨੂੰ ਟੇਕ ਓਵਰ ਕੀਤਾ ਗਿਆ ਹੈ। ਇਹ ਬੜਾ ਸ਼ਲਾਘਾਯੋਗ ਕੰਮ ਕੀਤਾ ਗਿਆ ਹੈ। ਅਤੇ ਉਸ ਕਾਲਜ ਨੂੰ ਟੇਕ ਓਵਰ ਕਰਕੇ ਉਸ ਸ਼ਹੀਦ ਨੂੰ ਚੰਗੀ ਸ਼ਰਧਾਂਜਲੀ ਪੇਸ਼ ਕੀਤੀ ਹੈ। ਪਰ ਇਹ ਹੋਰ ਵੀ ਚੰਗਾ ਹੋਵੇ ਜੇ ਉਸ ਕਾਲਜ ਦਾ ਨਾਉਂ ਤੇਜਾ ਸਿੰਘ ਸੁਤੰਤਰ ਦੇ ਨਾਂ ਤੇ ਰੱਖ ਦਿੱਤਾ ਜਾਵੇ। (ਵਿਘਨ)

ਸਰਦਾਰ ਕਰਨੈਲ ਸਿੰਘ ਮਰੜੀ: ਮੈਂ ਇਹ ਗੱਲ ਨਹੀਂ ਕਹਿਣਾ ਚਾਹੁੰਦਾ ਕਿ ** **

ਸ੍ਰੀ ਸਪੀਕਰ : ਇਹ ** ** ** ਵਾਲੀ ਗੱਲ ਕੱਢ ਦਿੱਤੀ ਜਾਏ।

(The reference Pertaining to ** ** ** should be expunged.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਮੈਂ ਬਾਦਲ ਸਾਹਿਬ ਦੀ ਬੜੀ ਕਦਰ ਕਰਦਾ ਹਾਂ। ਚੰਗੇ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। ਇਸ ਵੇਲੇ ਅਕਾਲੀ ਪਾਰਟੀ ਦੇ ਲੀਡਰ ਹਨ। ਇਨ੍ਹਾਂ ਨੇ ਕਮਿਊਨਿਸਟ ਪਾਰਟੀ ਬਾਰੇ ਕਿਹਾ ਹੈ ਕਿ ਇਹ ਕਾਂਗਰਸ ਪਾਰਟੀ ਨਾਲ ਰਲੇ ਹੋਏ ਹਨ। ਇਸ ਦੀ ਮੈਂ ਵਿਆਖਿਆ ਕਰਾਂਗਾ ਔਰ ਸਾਬਤ ਹੋ ਜਾਏਗਾ ਕਿ ਅਸਲ ਗੱਲ ਕੀ ਹੈ। ਮੈਂ ਇਨ੍ਹਾਂ ਦਾ

**Epunged as ordered by the Chair

ਭਾਸ਼ਣ ਬੜੀ ਅੱਛੀ ਤਰ੍ਹਾਂ ਨਾਲ ਸੁਣਿਆ ਹੈ। ਚਾਰ ਗੱਲਾਂ ਦਾ ਇਨ੍ਹਾਂ ਨੇ ਆਪਣੇ ਭਾਸ਼ਣ ਵਿਚ ਕੋਈ ਜ਼ਿਕਰ ਨਹੀਂ ਕੀਤਾ ਹੈ। ਟ੍ਰਾਂਸਪੋਰਟ ਦਾ ਕੌਮੀਕਰਨ ਕਰਨ ਬਾਰੇ ਇਨ੍ਹਾਂ ਨੇ ਕੋਈ ਗੱਲ ਨਹੀਂ ਕੀਤੀ ਹੈ। ਸਪੀਕਰ ਸਾਹਿਬ, ਅਕਾਲੀ ਪਾਰਟੀ ਦੇ ਲੀਡਰ ਨੇ ਆਪਣੇ ਭਾਸ਼ਣ ਵਿਚ ਟਰਾਂਸਪੋਰਟ ਦੀ ਨੈਸ਼ਨੇਲਾਈ-ਜ਼ੇਸ਼ਨ ਬਾਰੇ ਕੋਈ ਗੱਲ ਨਹੀਂ ਕੀਤੀ ਹੈ। ਭੂਮੀ ਸੁਧਾਰ ਕਰਨ ਬਾਰੇ ਕੋਈ ਗੱਲ ਨਹੀਂ ਕੀਤੀ ਗਈ ਹੈ। ਸਹਕਾਰੀ ਵਪਾਰ ਕਰਨ ਬਾਰੇ ਇਨ੍ਹਾਂ ਨੇ ਨਾ ਕੋਈ ਗੱਲ ਕੀਤੀ ਅਤੇ ਨਾ ਇਸ ਦਾ ਕੋਈ ਜ਼ਿਕਰ ਕੀਤਾ ਹੈ। ਚੌਥੀ ਗੱਲ ਹੋਰਡਰਜ਼, ਬਲੈਕਮਾਰਕਿਟੀਜ਼ ਦੇ ਖਿਲਾਫ ਕੋਈ ਗੱਲ ਕੀਤੀ ਹੈ ਕਿ ਇਨ੍ਹਾਂ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ, ਸਮੱਗਲਰਜ਼ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਏ ਅਤੇ ਇਸ ਦੇ ਨਾਲ ਹੀ ਸਬੰਧਤ ਪੁਲੀਟੀਕਲ ਪਾਰਟੀਜ਼ ਅਤੇ ਵੱਡੇ ਵੱਡੇ ਅਫ਼ਸਰਾਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾਏ, ਇਸ ਬਾਰੇ ਇਨ੍ਹਾਂ ਨੇ ਕੋਈ ਮੰਗ ਨਹੀਂ ਕੀਤੀ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਚਾਰੇ ਗੱਲਾਂ ਤੇ ਜ਼ੋਰ ਦੇਣਾ ਚਾਹੁੰਦਾ ਹਾਂ। ਮੈਂ ਕਮਿਊਨਿਸਟ ਪਾਰਟੀ ਵੱਲੋਂ ਕਹਿਣਾ ਚਾਹੁੰਦਾ ਹਾਂ ਕਿ ਸਾਰੀ ਨੁਕਤਾਚੀਨੀ ਜਿਹੜੀ ਗਿਆਨੀ ਜੀ ਦੀ ਸਰਕਾਰ ਤੇ ਹੈ ਉਹ ਇਹ ਹੈ ਕਿ ਨੰਗਲ ਵਿਚ ਫ਼ੈਸਲਾ ਕੀਤਾ ਗਿਆ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਏਗਾ, ਇਨ੍ਹਾਂ ਨੇ ਆਪਣਾ ਬਿਆਨ ਵੀ ਦਿੱਤਾ। ਪਰ ਇਨ੍ਹਾਂ ਦਾ ਆਪਣੀ ਪਾਰਟੀ ਵਿਚ ਟਰਾਂਸਪੋਰਟ ਵੈਸਟਿਡ ਇੰਟ੍ਰੈਸਟ ਬੈਠਾ ਹੈ ਜੋ ਕਿ ਇਸ ਕੰਮ ਨੂੰ ਹੋਣ ਨਹੀਂ ਦਿੰਦਾ ਹੈ। ਇਨ੍ਹਾਂ ਨੇ ਕਿਹਾ ਸੀ ਕਿ 1968-69 ਤੱਕ ਕਰਾਂਗੇ। ਜਦ ਹਰਿਆਣਾ ਦਸ ਸਾਲ ਪਹਿਲਾਂ ਇਹ ਕੰਮ ਕਰ ਸਕਦਾ ਹੈ ਅਤੇ ਜਿਸ ਨਾਲ ਕਰੋੜਾਂ ਰੁਪਿਆ ਸਰਕਾਰੀ ਖਜ਼ਾਨੇ ਵਿਚ ਆ ਸਕਦਾ ਹੈ ਅਤੇ ਜਿਸ ਨੂੰ ਇਹ ਕੁਮਿਟਿਡ ਹਨ, ਫੇਰ ਕੀ ਵਜ੍ਹਾ ਹੈ ਕਿ ਇਹ ਕੰਮ ਨਹੀਂ ਕੀਤਾ ਜਾਂਦਾ ਹੈ? ਇਹ ਕੰਮ ਜਲਦੀ ਹੋਣਾ ਚਾਹੀਦਾ ਹੈ।

ਭੂਮੀ ਸੁਧਾਰ ਦੇ ਸਵਾਲ ਉਤੇ ਇਹ ਗੱਲ ਕਹਾਂਗਾ ਕਿ ਭੂਮੀ ਕਾਨੂੰਨ ਜੋ ਸਰਕਾਰ ਨੇ ਬਣਾਏ ਉਸ ਨੂੰ ਇੰਪਲੀਮੈਂਟ ਨਹੀਂ ਕੀਤਾ ਗਿਆ ਹੈ। ਕਿਉਂਕਿ ਕਾਂਗਰਸ ਪਾਰਟੀ ਵਿਚ ਲੈਂਡਲਾਰਡਜ਼ ਲਾਬੀ ਹੈ ਇਹ ਇਸ ਨੂੰ ਇੰਪਲੀਮੈਂਟ ਨਹੀਂ ਹੋਣ ਦੇਣਾ ਚਾਹੁੰਦੀ। ਇਸ ਗਰੁੱਪ ਦਾ ਰਿੰਗ ਲੀਡਰ ਸਰਦਾਰ ਉਮਰਾਓ ਸਿੰਘ ਹੈ। ਗਿਆਨੀ ਜੀ ਨੂੰ ਬੜੀ ਵਾਰੀ ਕਿਹਾ ਕਿ ਜਦ ਤੱਕ ਇਹਨੂੰ ਨਹੀਂ ਕੱਢਿਆ ਜਾਂਦਾ ਉਦੋਂ ਤੱਕ ਇਹ ਕੰਮ ਸਿਰੇ ਨਹੀਂ ਚੜ੍ਹ ਸਕਦਾ ਹੈ। ਜੇ ਇਸ ਨੂੰ ਨਹੀਂ ਕੱਢਣਾ ਤਾਂ ਇਸ ਤੋਂ ਕਮ-ਅਜ਼-ਕਮ ਰੈਵੇਨਿਊ ਦਾ ਮਹਿਕਮਾ ਤਾਂ ਖੋਹ ਲਿਆ ਜਾਵੇ। ਅਤੇ ਇਹ ਮਹਿਕਮਾ ਕਿਸੇ ਹੋਰ ਨੂੰ ਦੇ ਦਿੱਤਾ ਜਾਵੇ। ਮੈਂ ਜ਼ਬਾਨੀ ਗੱਲ ਨਹੀਂ ਕਰ ਰਿਹਾ। ਮੈਂ ਫੈਕਟਸ ਦੇ ਅਧਾਰ ਤੇ ਕਹਿ ਰਿਹਾ ਹਾਂ। 1973 ਵਿਚ ਭੂਮੀ ਸੁਧਾਰ ਕਾਨੂੰਨ ਲਾਗੂ ਹੋਇਆ। 23 ਮਹੀਨਿਆਂ ਵਿਚ ਸਰਕਾਰ ਨੇ ਕਾਗਜ਼ ਤਿਆਰ ਕੀਤੇ ਅਤੇ ਉਹਦੇ ਅਨੁਸਾਰ 8340 ਏਕੜ ਜ਼ਮੀਨ ਸਰਪਲੱਸ ਕੱਢੀ। ਪਰ ਜਿਹੜੀ ਬੇਜ਼ਮੀਨੇ ਮੁਜ਼ਾਰਿਆਂ ਨੂੰ ਜ਼ਮੀਨ ਦੇਣੀ ਹੈ ਉਹ 793 ਏਕੜ ਜ਼ਮੀਨ ਹੈ। ਪਿਛਲੇ 23 ਮਹੀਨਿਆਂ ਵਿਚ ਇਸ ਸੂਬੇ ਵਿਚ ਜਿਥੇ ਪੌਣੇ ਦੋ ਲੱਖ ਏਕੜ ਜ਼ਮੀਨ ਪੁਰਾਣੇ ਰੂਲਾਂ ਅਨੁਸਾਰ ਸਰਪਲੱਸ ਸੀ ਉਸ ਵਿਚੋਂ 793 ਏਕੜ ਜ਼ਮੀਨ ਮੁਜ਼ਾਰਿਆਂ ਨੂੰ ਅਲਾਟ ਕੀਤੀ ਗਈ ਹੈ। ਇਹ ਇਨ੍ਹਾਂ ਦਾ ਕਿਰਦਾਰ ਹੈ। ਹਾਈ ਕੋਰਟ ਨੇ ਭੂਮੀ ਸੁਧਾਰ ਕਾਨੂੰਨ ਸਟ੍ਰੱਕ ਡਾਊਨ ਕੀਤਾ ਫੈਮਿਲੀ ਡੈਫੀਨੀਸ਼ਨ ਦੇ ਅਧਾਰ ਤੇ। ਮੈਂ ਆਪਣੀ ਸਪੀਚ ਵਿਚ ਉਸ ਸਮੇਂ ਉਮਰਾਓ ਸਿੰਘ ਨੂੰ ਕਿਹਾ ਕਿ ਅਮੈਂਡਮੈਂਟ ਕਰੋ। ਕੇਰੇਲਾ ਵਿਚ ਫੈਮਿਲੀ ਡੈਫੀਨੀਸ਼ਨ ਕਰ ਦਿੱਤੀ ਸੀ। ਇਸ ਅਧਾਰ ਉਤੇ ਕੋਈ ਸੁਪਰੀਮ ਕੋਰਟ ਜਾਂ ਹਾਈ ਕੋਰਟ ਸਟ੍ਰੱਕ ਡਾਊਨ ਨਹੀਂ ਕਰ ਸਕਿਆ ਸੀ। ਛੇ ਮਹੀਨੇ ਇਹ ਗੌਰਮਿੰਟ ਸੁੱਤੀ ਪਈ ਰਹੀ ਫੇਰ ਹਾਈ ਕੋਰਟ ਨੂੰ ਮੂਵ ਕੀਤਾ। ਉਥੇ ਲੀਵ ਆਫ ਅਪੀਲ ਇਨ੍ਹਾਂ ਦੀ ਪੈਂਡਿੰਗ ਪਈ ਹੈ। ਹਾਈ ਕੋਰਟ ਵਿਚ ਕਿਉਂ ਗਏ? ਸਹੀ ਗੱਲ ਤਾਂ ਅਸੈਂਬਲੀ ਵਿਚ ਅਮੈਂਡਮੈਂਟ ਲਿਆਉਣ ਦੀ ਸੀ। ਹੁਣ ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਇਸ ਬਾਰੇ ਅਮੈਂਡਮੈਂਟ ਲਿਆਓ। ਇਸ ਵਿਚ ਕੋਈ ਝਗੜੇ ਵਾਲੀ ਗੱਲ ਨਹੀਂ ਹੈ।

(ਕਾਮਰੇਡ ਸ਼ਮਸ਼ੇਰ ਸਿੰਘ ਜੋਸ਼)

ਅਗਲੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਿਨਾਂ ਵਿਚ ਜਾਗੀਰਦਾਰਾਂ ਨੇ ਮੁਜ਼ਾਰਿਆਂ ਉਤੇ ਹਮਲੇ ਕੀਤੇ ਹਨ । ਫਿਰੋਜ਼ਪੁਰ ਵਿਚ 31 ਏਕੜ ਜ਼ਮੀਨ ਵਿਚ ਖੜ੍ਹੀ ਫਸਲ ਉਜਾੜ ਦਿੱਤੀ ਗਈ ਹੈ । ਮਲਕਪੁਰ (ਪਟਿਆਲਾ) ਵਿਚ 36 ਝੁੱਗੀਆਂ ਮੁਜ਼ਾਰਿਆਂ ਦੀਆਂ ਉਜਾੜ ਦਿੱਤੀਆਂ ਹਨ । ਇਸ ਚੀਜ਼ ਵੱਲ ਧਿਆਨ ਦੇਣਾ ਚਾਹੀਦਾ ਹੈ । ਮੈਂ ਇਹ ਫੇਰ ਕਹਿੰਦਾ ਹਾਂ ਕਿ ਭੂਮੀ ਸੁਧਾਰ ਦੇ ਸਿਲਸਿਲੇ ਵਿਚ ਇਸ ਕਰਕੇ ਅਮਲ ਨਹੀਂ ਹੋ ਰਿਹਾ ਕਿਉਂਕਿ ਕਾਂਗਰਸ ਪਾਰਟੀ ਵਿਚ ਲੈਂਡਲਾਰਡਜ਼ ਦੀ ਲਾਬੀ ਬੈਠੀ ਹੈ ਜੋ ਕਿ ਇਹ ਕੰਮ ਨਹੀਂ ਹੋਣ ਦੇਣਾ ਚਾਹੁੰਦੀ ਹੈ ।

ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਮੱਗਲਰਜ਼ ਔਰ ਹੋਰਡਰਜ਼ ਦੇ ਖਿਲਾਫ਼ ਜੋ ਕਾਰਵਾਈ ਕੀਤੀ ਗਈ ਹੈ ਉਹ ਠੀਕ ਕੰਮ ਕੀਤਾ ਗਿਆ ਹੈ । ਵੱਡੇ ਵੱਡੇ ਅਫਸਰਾਂ ਨੂੰ ਹੱਥ ਪਾਉਣਾ ਚਾਹੀਦਾ ਹੈ । ਜਿਹੜੇ ਇਨ੍ਹਾਂ ਦੇ ਸਪੋਰਟਰਜ਼ ਨੇ ਬੜੀਆਂ ਬੜੀਆਂ ਜਾਇਦਾਦਾਂ ਰੱਖੀਆਂ ਹੋਈਆਂ ਹਨ ਉਨ੍ਹਾਂ ਤੇ ਵੀ ਹੱਥ ਪਾਉਣਾ ਚਾਹੀਦਾ ਹੈ । ਉਨ੍ਹਾਂ ਦੀ ਪੜਤਾਲ ਕਰਾਉਣੀ ਚਾਹੀਦੀ ਹੈ, ਅਤੇ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ।

ਤੇ, ਸਪੀਕਰ ਸਾਹਿਬ, ਇਹ ਸਾਫ ਗੱਲ ਹੈ ਕਿ ਸਾਡੀ ਨੁਕਤਾਚੀਨੀ ਕਾਂਗਰਸ ਸਰਕਾਰ ਤੇ ਖੱਬੇ ਪਾਸੇ ਤੇ ਹੈ । ਇਨ੍ਹਾਂ ਨੂੰ ਜੰਤਕ ਪੱਖਾਂ ਵੱਲ ਕਰਾਉਣ ਵਿਚ ਹੈ । ਜਿਹੜੇ ਕੰਮ ਇਹ ਜਨਤਾ ਦੇ ਪੱਖ ਵਾਲੇ ਕਰਨਗੇ ਅਸੀਂ ਉਨ੍ਹਾਂ ਕੰਮਾਂ ਦੀ ਸ਼ਲਾਘਾ ਕਰਾਂਗੇ ਅਤੇ ਆਪਣੇ ਸਮਰਥਨ ਦਿਆਂਗੇ । ਇਸ ਪੰਜਾਬ ਦੇ ਪਵਿੱਤਰ ਸਦਨ ਵਿਚ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਚੰਗੇ ਕੰਮ ਕਰਨਗੇ ਅਸੀਂ ਉਨ੍ਹਾਂ ਕੰਮਾਂ ਦੀ ਸਪੋਰਟ ਕਰਾਂਗੇ, ਜਿਹੜੇ ਲੋਕਾਂ ਲਈ ਚੰਗੇ ਕੰਮ ਹੋਣਗੇ ਅਸੀਂ ਉਨ੍ਹਾਂ ਕੰਮਾਂ ਦੀ ਹਿਮਾਇਤ ਕਰਾਂਗੇ । (ਵਿਘਨ) ਇਨ੍ਹਾਂ ਅਕਾਲੀ ਪਾਰਟੀ ਵਾਲਿਆਂ ਨੇ ਇਨ੍ਹਾਂ ਦੀ ਨੁਕਤਾਚੀਨੀ ਤਾਂ ਕੀਤੀ ਪਰ ਇਹ ਨਹੀਂ ਕਿਹਾ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰੋ । ਪਰ ਅਸੀਂ ਇਸ ਬਾਰੇ ਇਨ੍ਹਾਂ ਨੂੰ ਕਹਿੰਦੇ ਹਾਂ ਕਿ ਇਹ ਕੰਮ ਕਿਉਂ ਨਹੀਂ ਕੀਤਾ ਹੈ । ਸਾਡਾ ਤਾਂ ਇਨ੍ਹਾਂ ਤੇ ਦੋਨਾਂ ਪਾਸਿਉਂ ਅਟੈਕ ਹੈ । ਇਹ ਗਿਆਨੀ ਜੀ ਨੇ ਦੇਖਣਾ ਹੈ ਕਿ ਇਨ੍ਹਾਂ ਨੇ ਲੈਂਡਲਾਰਡਜ਼ ਨਾਲ ਮਿਲਕੇ ਚੱਲਣਾ ਹੈ ਜਾਂ ਕਿ ਇੰਪੀਰੀਅਲਿਜ਼ਮ ਨੂੰ ਖਤਮ ਕਰਨਾ ਹੈ । ਇਸ ਤੋਂ ਇਲਾਵਾ ਇਹ ਵੀ ਇਨ੍ਹਾਂ ਨੇ ਦੇਖਣਾ ਹੈ ਕਿ ਇਨ੍ਹਾਂ ਨੇ ਸਮੱਗਲਰਜ਼ ਨਾਲ ਮਿਲਣਾ ਹੈ ਜਾਂ ਕਿ ਇਨ੍ਹਾਂ ਨੇ ਸਮੱਗਲਰਜ਼ ਨੂੰ ਖਤਮ ਕਰਨਾ ਹੈ । ਜੈ ਪ੍ਰਕਾਸ਼ ਨਾਰਾਇਣ ਦੀਆਂ ਮੰਗਾਂ ਪਿਛੋਕੜਪਨ ਦੀਆਂ ਹਨ । ਕਾਂਗਰਸ ਨੂੰ ਲੋਕਾਂ ਦੇ ਸੁਧਾਰ ਵਾਲੇ ਪਾਸੇ ਚੱਲਣਾ ਚਾਹੀਦਾ ਹੈ । ਇਸ ਵੇਲੇ ਕਾਂਗਰਸ ਚੌਰਾਹੇ ਤੇ ਖੜ੍ਹੀ ਹੈ । ਸਵਾਲ ਇਹ ਹੈ ਇਸ ਵੇਲੇ ਕਾਂਗਰਸ ਨੇ ਮੁਲਕ ਨੂੰ ਕਿਸ ਪਾਸੇ ਲਿਜਾਣਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਟਰਾਂਸਪੋਰਟ, ਲੈਂਡ ਜਾਂ ਕਾਮੱਰਸ ਵਿਚ ਜਿੰਨੇ ਵੀ ਬਿਰਲੇ ਹਨ ਇਨ੍ਹਾਂ ਨੂੰ ਢਾਹ ਦਿਓ । ਜੇ ਪੰਜਾਬ ਦੀ ਅਸਲ ਸ਼ਕਲ ਵਿਚ ਸੇਵਾ ਕਰਨਾ ਚਾਹੁੰਦੇ ਹੋ ਤਾਂ ਇਨ੍ਹਾਂ ਤਿੰਨੇ ਬਿਰਲਿਆਂ ਨੂੰ ਢਾਹ ਦੇਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਰਾਜਪਾਲ ਦੇ ਭਾਸ਼ਣ ਵਿਚ ਮਿਸ਼ਰਾ ਦੇ ਮਰਡਰੱਸ ਹਮਲੇ ਦਾ ਜ਼ਿਕਰ ਕੀਤਾ ਗਿਆ ਹੈ । ਸਪੀਕਰ ਸਾਹਿਬ, ਇਹ ਮਰਡੱਰਸ ਹਮਲੇ ਦੇ ਕੀ ਕਾਂਸੀਕੁਐਂਸਿਜ਼ ਹੋਣਗੇ, ਇਸ ਚੀਜ਼ ਨੂੰ ਸਮਝਣਾ ਪਏਗਾ ਕਿਉਂਕਿ ਇਹ ਛੋਟੀ ਜਿਹੀ ਗੱਲ ਨਹੀਂ ਹੈ । ਇਸ ਬਾਰੇ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਨੇ ਠੀਕ ਕਿਹਾ ਹੈ ਕਿ ਇਹ ਰੇਲਵੇ ਮਨਿਸਟਰ ਹੀ ਉਸ ਕਾਂਸਪਿਰੇਸੀ ਦਾ ਟਾਰਗੇਟ ਨਹੀਂ ਸੀ ਅਤੇ ਇਹਦਾ ਟਾਰਗੇਟ ਕੋਈ ਹੋਰ ਸੀ । ਮੈਂ ਸਮਝਦਾ ਹਾਂ ਕਿ ਇਹਦਾ ਟਾਰਗੇਟ ਨੀਤੀਆਂ ਚੰਗੇ ਪਾਸੇ ਚੱਲਣ ਬਾਰੇ ਹੈ । ਚੰਗੀਆਂ ਨੀਤੀਆਂ ਬਣਾਉਣਾ ਹੀ ਇਹਦਾ ਟਾਰਗੇਟ ਹੈ। ਅੱਜ ਹਿੰਦੂ-

ਸਤਾਨ ਦੇ ਖਿਲਾਫ਼ ਅਮਰੀਕਾ, ਚੀਨ ਔਰ ਪਾਕਿਸਤਾਨ ਵੱਡੀਆਂ ਵੱਡੀਆਂ ਸਾਜ਼ਸ਼ਾਂ ਕਰ ਰਹੇ ਹਨ । ਅਮਰੀਕਾ ਨੇ ਡੀਗੋ-ਗਾਰਸ਼ੀਆ ਵਿਚ ਹਜ਼ਾਰਾਂ ਹੀ ਬੰਬ ਇੱਕਠੇ ਕਰ ਲਏ ਹਨ । ਨਾਟੋ ਕੰਟਰੀਜ਼ ਅਮਰੀਕਾ, ਤੁਰਕੀ ਆਦਿ ਹਨ ਇਨ੍ਹਾਂ ਸਾਰੇ ਮੁਲਕਾਂ ਨੇ ਪਾਕਿਸਤਾਨ ਨਾਲ ਮਿਲਕੇ ਪਾਕਿਸਤਾਨ ਦੇ ਸਮੁੰਦਰ ਵਿਚ ਇੱਕਠੀਆਂ ਜੰਗੀ ਮਸ਼ਕਾਂ ਕੀਤੀਆਂ ਹਨ । ਹਿੰਦੁਸਤਾਨ ਨੂੰ ਬਲੈਕ ਮੇਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਹ ਅਮਰੀਕਨ ਇੰਪੀਰੀਅਲਿਜ਼ਮ ਦੀ ਪਾਲਿਸੀ ਦਾ ਹਿੱਸਾ ਹੈ ਜੋ ਕਿ ਸਾਡੇ ਢਾਂਚੇ ਨੂੰ ਤਬਾਹ ਕਰਨਾ ਚਾਹੁੰਦੇ ਹਨ । ਉਨ੍ਹਾਂ ਦੀ ਪਾਲਿਸੀ ਹੈ ਕਿ ਸਾਰੀਆਂ ਸਰਕਾਰਾਂ ਨੂੰ ਉਲਟਾ ਦਿਉ । ਇਸ ਦੇ ਉਤੇ ਕਰੋੜਾਂ ਰੁਪਿਆਂ ਖਰਚ ਹੋ ਰਿਹਾ ਹੈ । ਇਹ ਚੀਜ਼ ਸਾਬਤ ਹੋ ਗਈ ਹੈ । ਚਿੱਲੀ ਵਿਚ ਅਮਰੀਕਾ ਨੇ ਫੌਜਾਂ ਨਾਲ ਮਿਲਕੇ ਉਥੋਂ ਦੀ ਗੌਰਮਿੰਟ ਦਾ ਤਖਤਾ ਉਲਟਾਇਆ । ਉਹ ਹਿੰਦੁਸਤਾਨ ਨੂੰ ਵੀ ਚਿੱਲੀ ਬਣਾਉਣਾ ਚਾਹੁੰਦੇ ਹਨ । ਮੈਂ ਕਹਿੰਦਾ ਹਾਂ ਕਿ ਭਾਰਤ ਚਿੱਲੀ ਬਣਨ ਵਾਲਾ ਨਹੀਂ ਹੈ । ਮੈਂ ਕਹਿੰਦਾ ਹਾਂ ਕਿ ਭਾਰਤ ਨੂੰ ਚਿੱਲੀ ਬਣਾਉਣ ਵਾਲਿਓ ਤੁਹਾਨੂੰ ਚਿੱਲੀ ਬਣਾਇਆ ਜਾਵੇਗਾ । (ਪ੍ਰਸ਼ੰਸਾ) Chile would not be repeated but Portugal will be repeated here. ਮੈਂ ਕਹਿੰਦਾ ਹਾਂ ਕਿ ਪੁਰਤਗਾਲ ਰਿਪੀਟ ਹੋਵੇਗਾ, ਚਿੱਲੀ ਰਿਪੀਟ ਨਹੀਂ ਹੋਵੇਗਾ । ਇਥੇ ਹੋਰ ਸ਼ਕਤੀਸ਼ਾਲੀ ਗੌਰਮਿੰਟਾਂ ਬਣਨਗੀਆਂ । ਸੋ ਅੱਜ ਸਾਡੇ ਸਾਹਮਣੇ ਬੜਾ ਭਿਆਨਕ ਖਤਰਾ ਹੈ । ਸਾਨੂੰ ਇਨ੍ਹਾਂ ਸਾਰੀਆਂ ਗੱਲਾਂ ਵੱਲ ਵੇਖਣਾ ਪਵੇਗਾ । ਸਾਡੇ ਆਪਣੇ ਮੁਲਕ ਵਿਚ ਵੀ ਐਸੀਆਂ ਤਾਕਤਾਂ ਕਾਰਵਾਈਆਂ ਕਰ ਰਹੀਆਂ ਹਨ ਜਿਨ੍ਹਾਂ ਤੋਂ ਅਸੀਂ ਖਬਰਦਾਰ ਹੋਣਾ ਹੈ । 1970,1972 ਅਤੇ 1974 ਦੀਆਂ ਇਲੈਕਸ਼ਨਾਂ ਜੋ ਹੋਈਆਂ, ਉਨ੍ਹਾਂ ਵਿਚ ਹਾਰਨ ਤੋਂ ਬਾਅਦ ਜੈ ਪ੍ਰਕਾਸ਼ ਨਰਾਇਣ ਦੀ ਰਹਿਨੁਮਾਈ ਵਿਚ ਉਨ੍ਹਾਂ ਨੇ ਰਾਜ ਸੱਤਾ ਹਾਸਲ ਕਰਨ ਲਈ ਕੀ ਰਾਹ ਫੜਿਆ ਹੈ, ਇਹ ਤੁਹਾਨੂੰ ਪਤਾ ਹੀ ਹੈ । ਉਨ੍ਹਾਂ ਨੇ ਇਲੈਕਟੋਰਲ ਦਾ ਰਾਹ ਨਹੀਂ ਫੜਿਆ, ਚੋਣਾਂ ਦਾ ਰਾਹ ਨਹੀਂ ਫੜਿਆ, ਬਲਕਿ ਉਹ ਹੋਰ ਤਰੀਕਿਆਂ ਨਾਲ ਡੈਮੋਕਰੇਸੀ ਨੂੰ ਸੈਬੋਟੇਜ ਕਰ ਰਹੇ ਹਨ । ਉਨ੍ਹਾਂ ਨੇ ਡਿਕਟੇਟਰਸ਼ਿਪ ਕਾਇਮ ਕਰਨ ਦਾ ਰਸਤਾ ਫੜਿਆ ਹੈ। ਇਸੇ ਚੀਜ਼ ਦਾ ਸਿੱਟਾ ਹੈ ਕਿ ਇਹ ਜਿਹੜੇ ਬੰਬ ਚੱਲ ਰਹੇ ਹਨ, ਇਹ ਜਿਹੜੀਆਂ ਗੋਲੀਆਂ ਚਲ ਰਹੀਆਂ ਹਨ,ਇਹ ਇਸੇ ਚੀਜ਼ ਦਾ ਸਿੱਟਾ ਹੈ । ਇਹ ਸਿਰਫ ਮਿਸ਼ਰੇ ਤੇ ਹੀ ਬੰਬ ਨਹੀਂ ਡਿੱਗਾ । ਇਸ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਦੇ ਐਮ.ਪੀ. ਦੇ ਫਲੈਟ ਤੇ ਬੰਬ ਸੁਟਿਆ ਗਿਆ । ਬਿਹਾਰ ਵਿਚ ਇਨ੍ਹਾਂ ਤਾਕਤਾਂ ਵੱਲੋਂ ਕਮਿਊਨਿਸਟ ਪਾਰਟੀ ਦੇ 12 ਬੰਦੇ ਦਿਨ ਦਿਹਾੜੇ ਕਤਲ ਕੀਤੇ ਗਏ । ਬਿਹਾਰ ਵਿਚ ਜੈ ਪ੍ਰਕਾਸ਼ ਨਰਾਇਣ ਦੀ ਰਹਿਨੁਮਾਈ ਵਿਚ ਇਹ ਜਿਹੜੀਆਂ ਪਿਛਾਂ ਖਿੱਚੂ ਸ਼ਕਤੀਆਂ ਕਾਰਵਾਈਆਂ ਕਰ ਰਹੀਆਂ ਹਨ ਉਨ੍ਹਾਂ ਦੇ ਖਿਲਾਫ ਕਮਿਊਨਿਸਟ ਪਾਰਟੀ ਨੇ ਉਥੇ ਝੰਡਾ ਖੜ੍ਹਾ ਕੀਤਾ । ਉਥੇ ਕਮਿਊਨਿਸਟ ਪਾਰਟੀ ਨੇ ਕਿਹਾ ਕਿ ਸ਼ਰਾਰਤ ਕਰਨ ਵਾਲਿਆਂ ਦੇ ਉਤੇ ਝੰਡਾ ਅਤੇ ਹੇਠਾਂ ਡੰਡਾ । ਅਸੀਂ ਡੰਡੇ ਦਾ ਜੁਆਬ ਡੰਡੇ ਨਾਲ ਦੇਣਾ ਹੈ ਅਤੇ ਡੰਡੇ ਦਾ ਜੁਆਬ ਡੰਡੇ ਨਾਲ ਦਿੱਤਾ ਹੈ। ਅਜਿਹੀਆਂ ਪਿਛਾਂ ਖਿੱਚੂ ਸ਼ਕਤੀਆਂ ਹਿੰਦੁਸਤਾਨ ਨੂੰ ਪਿਛਾਂਹ ਲਿਜਾ ਰਹੀਆਂ ਹਨ । ਸਾਨੂੰ ਸਾਰਿਆਂ ਨੂੰ ਮਿਲਕੇ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਇਸ ਮੁਲਕ ਨੂੰ ਕਿਸ ਤਰ੍ਹਾਂ ਬਚਾਉਣਾ ਹੈ। ਲੋਕਾਂ ਨੂੰ ਭੁਖ, ਨੰਗ ਆਦਿ ਤੋਂ ਬਚਾਉਣਾ ਹੈ ਅਤੇ ਅਮਰੀਕਾ ਜਿਹੇ ਮੁਲਕ ਦੇ ਹਮਲੇ ਤੋਂ ਬਚਾਉਣਾ ਹੈ । ਪਿਛਾਂ ਖਿਚੂ ਲੋਕ ਆਪਣੀਆਂ ਕਾਰਵਾਈਆਂ ਕਰਕੇ ਉਪਤ੍ਰਉਣ ਦਾ ਯਤਨ ਕਰ ਰਹੇ ਹਨ, ਉਨ੍ਹਾਂ ਨੂੰ ਕਾਬੂ ਕਰਨਾ ਹੈ । ਉਹ ਇਸ ਮੁਲਕ ਵਿਚ ਅਨਾਰਕੀ, ਗੜਬੜੀ ਫੈਲਾਉਣ ਵਾਸਤੇ ਸਭ ਕੁਝ ਕਰ ਰਹੇ ਹਨ ।

11.20 a.m. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਡਿਪਟੀ ਸਪੀਕਰ ਸਾਹਿਬ, ਮੈਂ ਅਦਾਲਤਾਂ ਦੇ ਰੋਲ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਅਦਾਲਤਾਂ ਦੇ ਰੋਲ ਉਤੇ ਜਿਹੜਾ ਰੌਲਾ ਪੈਂਦਾ ਹੈ ਇਸ ਦੇ ਉਤੇ ਵੀ ਵਿਚਾਰ ਕਰਨਾ ਪਵੇਗਾ। ਡਿਪਟੀ ਸਪੀਕਰ ਸਾਹਿਬ, ਸੰਤੋਖ ਸਿੰਘ ਨੇ ਨਕੋਦਰ ਵਿਚ ਜ਼ਮੀਨ ਨੱਪੀ ਹੋਈ ਸੀ। ਪੰਜਾਬ ਸਰਕਾਰ ਨੇ ਉਸ ਦੇ ਖਿਲਾਫ ਕਾਰਵਾਈ ਕੀਤੀ। ਸਰਦਾਰ ਹਰਦੇਵ ਸਿੰਘ ਛੀਨਾ, ਫਾਈਨੈਂਸ਼ਲ ਕਮਿਸ਼ਨਰ ਨੇ ਉਸ ਨੂੰ ਸਸਪੈਂਡ ਕੀਤਾ। ਸੰਤੋਖ ਸਿੰਘ ਹਾਈ ਕੋਰਟ ਵਿਚ ਚਲਾ ਗਿਆ ਅਤੇ ਉਥੇ ਜਾ ਕੇ ਉਹ ਬਹਾਲ ਹੋ ਗਿਆ। ਇਸੇ ਤਰ੍ਹਾਂ ਇਕ ਹੋਰ ਐਸ.ਡੀ.ਓ. ਨੇ ਲੈਂਡ ਲਾਰਡ ਦੀ ਜ਼ਮੀਨ ਮੁਜ਼ਾਰਿਆਂ ਨੂੰ ਅਲਾਟ ਕਰ ਦਿੱਤੀ। ਉਹ ਲੈਂਡ ਲਾਰਡ ਸਿਵਲ ਕੋਰਟ ਵਿਚ ਗਿਆ ਅਤੇ ਉਥੋਂ ਸਟੇ ਮਿਲ ਗਈ। ਫਿਰ ਉਹ ਲੈਂਡ ਲਾਰਡ ਸਟੇ ਲੈ ਕੇ ਐਸ. ਡੀ. ਓ. ਕੋਲ ਗਿਆ ਪਰ ਉਸ ਐਸ. ਡੀ. ਓ. ਨੇ ਕਿਹਾ ਕਿ ਇਹ ਜ਼ਮੀਨ ਮੁਜ਼ਾਰਿਆਂ ਨੂੰ ਦੇਣੀ ਹੈ। ਫਿਰ ਉਹ ਲੈਂਡ ਲਾਰਡ ਹਾਈ ਕੋਰਟ ਵਿਚ ਚਲਾ ਗਿਆ ਅਤੇ ਹਾਈ ਕੋਰਟ ਤੋਂ ਉਹ ਹੱਤਕ ਦਾ ਵਾਰੰਟ ਐਸ. ਡੀ. ਓ. ਦੇ ਖਿਲਾਫ ਲੈ ਗਿਆ। ਇਸ ਤੇ ਉਸ ਐਸ. ਡੀ. ਓ. ਨੂੰ ਮੁਆਫੀ ਮੰਗਣੀ ਪਈ। ਇਸੇ ਤਰ੍ਹਾਂ ਹੀ ਰਾਜਾ ਫਰੀਦਕੋਟ ਦੀ ਗੱਲ ਹੈ। ਉਸ ਦੀ ਜ਼ਮੀਨ ਦਾ ਮੁਕੱਦਮਾ 1956 ਤੋਂ ਚਲ ਰਿਹਾ ਹੈ। ਅੱਜ ਇਸ ਗੱਲ ਨੂੰ 19 ਸਾਲ ਹੋ ਗਏ ਹਨ ਪਰ ਇਕ ਵਿਘਾ ਵੀ ਉਸ ਜ਼ਮੀਨ ਵਿਚੋਂ ਮੁਜ਼ਾਰਿਆਂ ਨੂੰ ਨਹੀਂ ਦਿੱਤਾ ਗਿਆ। ਪਹਿਲਾਂ ਉਹ ਹਾਈ ਕੋਰਟ ਵਿਚ ਚਲੇ ਜਾਂਦੇ ਹਨ ਅਤੇ ਫਿਰ ਸੁਪਰੀਮ ਕੋਰਟ ਵਿਚ ਚਲੇ ਜਾਂਦੇ ਹਨ। ਮੈਂ ਕਹਿੰਦਾ ਹਾਂ ਕਿ ਗੌਰਮਿੰਟ ਨੂੰ ਆਪਣੇ ਲੈਵਲ ਤੇ ਇਸ ਬਾਰੇ ਸੋਚਣਾ ਚਾਹੀਦਾ ਹੈ। ਜਿਸ ਤਰ੍ਹਾਂ ਸਮਗਲਰਾਂ ਦੇ ਕੇਸਿਜ਼ ਨੂੰ ਸਿਵਿਲ ਕੋਰਟ ਤੋਂ ਕੱਢ ਦਿੱਤਾ ਹੈ ਇਸੇ ਤਰ੍ਹਾਂ ਹੀ ਇਹ ਵੀ ਕਰਨਾ ਚਾਹੀਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ Land reform measures should be debarred from jurisdiction of the Civil Courts.

ਇਸ ਤੋਂ ਅੱਗੇ ਹਰਚੰਦ ਸਿੰਘ ਕਮੇਟੀ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਹਰਚੰਦ ਸਿੰਘ ਕਮੇਟੀ ਬਣੀ ਜਿਸਨੇ ਬੜਾ ਚੰਗਾ ਕੰਮ ਕੀਤਾ। ਉਸ ਕਮੇਟੀ ਨੇ ਨਾਜਾਇਜ਼ ਕਬਜ਼ੇ ਵੀ ਦੱਸੇ। ਉਸ ਨੇ ਕੁਝ ਸਿਆਸੀ ਕੰਮ ਵੀ ਕਰ ਲਏ ਹੋਣੇ ਹਨ, ਇਹ ਵੱਖਰੀ ਗੱਲ ਹੈ। (ਵਿਘਨ) ਉਸ ਕਮੇਟੀ ਨੇ ਲੱਖਾਂ ਏਕੜ ਜ਼ਮੀਨ ਨਾਜਾਇਜ਼ ਕਬਜ਼ੇ ਅਧੀਨ ਦੱਸੀ। ਸਰਕਾਰ ਨੇ ਕਿਹਾ ਕਿ ਅਸੀਂ ਕਾਨੂੰਨ ਬਣਾਵਾਂਗੇ ਅਤੇ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਵਾਂਗੇ ਪਰ ਇਹ ਚੀਜ਼ ਅਜੇ ਤੱਕ ਅਸੈਂਬਲੀ ਵਿਚ ਨਹੀਂ ਆਈ।

ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਦਾ ਬੁਰਾ ਹਾਲ ਹੈ। ਉਨ੍ਹਾਂ ਨੂੰ ਨਾ ਕਪਾਹ ਨਾ ਗੰਨੇ, ਨਾ ਮੂੰਗਫਲੀ ਅਤੇ ਨਾਹੀ ਛੋਲੇ ਦੇ ਠੀਕ ਭਾਅ ਮਿਲੇ ਹਨ। 275 ਰੁਪਏ ਕੁਇੰਟਲ ਕਾਟਨ ਦੀ ਕੀਮਤ ਰੱਖੀ ਹੈ। ਕਪਾਹ ਜ਼ਿਆਦਾ ਬਠਿੰਡਾ ਅਤੇ ਫਿਰੋਜ਼ਪੁਰ ਵਿਚ ਹੁੰਦੀ ਹੈ। ਇਸ ਦਾ ਭਾਅ 275 ਰੁਪਏ ਰੱਖਿਆ ਗਿਆ ਹੈ ਜਦ ਕਿ ਪੰਜ ਸੌ ਜਾਂ ਸਾਢੇ ਪੰਜ ਸੌ ਰੁਪਿਆ ਭਾਅ ਮਿਲਣਾ ਚਾਹੀਦਾ ਸੀ। ਕਾਟਨ ਕਾਰਪੋਰੇਸ਼ਨ ਉਥੇ ਨਹੀਂ ਗਈ। ਮਾਰਕਫੈਡ ਹੁਣ ਉਥੇ ਗਈ ਹੈ, ਉਸ ਨੂੰ ਪਹਿਲੇ ਜਾਣਾ ਚਾਹੀਦਾ ਸੀ। The Punjab Government has failed to give remunerative price to the growers in the State. ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਕਿਸਾਨ ਨੂੰ ਚੰਗੇ ਭਾਅ ਦੇ ਸਕਦੇ ਹਾਂ। ਕਿਸਾਨ ਤੇ ਟੈਕਸ ਲੱਗੇ, ਮਾਲੀਆ ਅਤੇ ਆਬਿਆਨਾ ਲੱਗਾ। ਫਲੈਟ ਰੇਟ ਦੁਗਣਾ ਕਰ ਦਿੱਤਾ ਗਿਆ ਹੈ। ਆਬਿਆਨਾ ਦੁਗਣਾ ਕਰ ਦਿੱਤਾ ਹੈ। ਕਰੋੜਾਂ ਰੁਪਏ ਦਾ

ਬੋਝ ਪੰਜਾਬ ਦੇ ਕਿਸਾਨ ਤੇ ਪਿਆ ਹੈ । ਮੈਂ ਕਹਿੰਦਾ ਹਾਂ ਕਿ ਟੈਕਸ ਠੀਕ ਹਿਸਾਬ ਨਾਲ ਲਗਾਏ ਜਾਣ ਅਤੇ ਇਸ ਸ਼ਰ੍ਹਾ ਨਾਲ ਲਗਾਉ ਕਿ 10–15 ਏਕੜ ਜ਼ਮੀਨ ਵਾਲੇ ਕਿਸਾਨ ਨੂੰ ਛੋਟ ਦੇ ਦਿਉ ਅਤੇ ਵੱਡਿਆਂ ਵੱਡਿਆਂ ਜ਼ਿਮੀਂਦਾਰਾਂ ਤੇ ਟੈਕਸ ਲਾ ਦਿਉ । ਵੱਡੇ ਵੱਡੇ ਜ਼ਿਮੀਦਾਰ ਟੈਕਸ ਦੇ ਸਕਦੇ ਹਨ, ਕੋਈ ਇਤਰਾਜ਼ ਨਹੀਂ ਕਰਦਾ । ਵੱਡੇ ਕਿਸਾਨ ਵੀ ਹਜ਼ਾਰਾਂ ਦੀ ਗਿਣਤੀ ਵਿਚ ਹਨ । ਛੋਟਿਆਂ ਕਿਸਾਨਾਂ ਨੂੰ ਛੋਟ ਹੋਣੀ ਚਾਹੀਦੀ ਹੈ ।

ਇਸ ਤੋਂ ਅੱਗੇ ਗਰੀਨ ਰੈਵੋਲਿਊਸ਼ਨ ਦੀ ਗੱਲ ਹੈ । ਵੱਡੇ ਵੱਡੇ ਕਿਸਾਨਾਂ, ਲੈਂਡ ਲਾਰਡਜ਼ ਨੇ ਤਾਂ ਫਾਰਮ ਬਣਾ ਲਏ ਹਨ, ਉਨ੍ਹਾਂ ਨੇ ਹੁਣ ਕੋਈ ਡਿਵੈਲਪ ਨਹੀਂ ਕਰਨਾ । ਪਰ ਜਿਸ ਦੇ ਪਾਸ 50-60 ਵਿਘੇ ਹਨ ਉਹ ਟਰੈਕਟਰ ਨਹੀਂ ਲੈ ਸਕਦਾ, ਉਹ ਥਰੈਸ਼ਰ ਨਹੀਂ ਲੈ ਸਕਦਾ। ਇਸ ਵਾਸਤੇ ਮੇਰਾ ਸੁਝਾਓ ਇਹ ਹੈ ਕਿ ਪੰਜਾਬ ਸਰਕਾਰ ਨੂੰ ਬਲਾਕ ਲੈਵਲ ਤੇ ਟਰੈਕਟਰ ਸਰਵਿਸ ਸਟੇਸ਼ਨ ਚਾਲੂ ਕਰਨੇ ਚਾਹੀਦੇ ਹਨ ਜਿਥੋਂ ਕਿ ਕਿਸਾਨ ਟਰੈਕਟਰ ਕਿਰਾਏ ਤੇ ਲੈ ਸਕੇ ਅਤੇ ਹੋਰ ਚੀਜ਼ਾਂ ਕਿਰਾਏ ਲੈ ਸਕੇ । ਇਸ ਤਰ੍ਹਾਂ ਛੋਟਾ ਕਿਸਾਨ ਵੀ ਅੱਗੇ ਆ ਸਕੇਗਾ ਅਤੇ ਅਨਾਜ ਵੱਧ ਪੈਦਾ ਹੋਵੇਗਾ ਇਸ ਤਰ੍ਹਾਂ ਪੰਜਾਬ ਦੀ ਖੇਤੀ ਬਾੜੀ ਦੀ ਪਰੋਡਕਸ਼ਨ ਵੀ ਵੱਧ ਜਾਵੇਗੀ ।

ਪੰਜਾਬ ਨਾਲ ਬੇਇਨਸਾਫੀ ਦਾ ਸਵਾਲ ਹੈ । ਬਾਦਲ ਸਾਹਿਬ ਨੇ ਵੀ ਕਿਹਾ ਹੈ ਕਿ ਸਾਡੇ ਨਾਲ ਬੇਇਨਸਾਫੀ ਹੁੰਦੀ ਹੈ । ਇਹ ਠੀਕ ਹੈ ਕਿ ਪੰਜਾਬ ਨਾਲ ਬੇਇਨਸਾਫੀ ਹੁੰਦੀ ਹੈ । ਮੈਂ ਸਰਕਾਰ ਦਾ ਧਿਆਨ ਇਸ ਪਾਸੇ ਵਲ ਦਿਵਾਉਂਦਾ ਹਾਂ। ਪਿਛਲੇ 26 ਸਾਲਾਂ ਵਿਚ 5 ਹਜ਼ਾਰ ਕਰੋੜ ਰੁਪਿਆ ਹਿੰਦੁਸਤਾਨ ਦੀ ਸਰਕਾਰ ਨੇ ਪਬਲਿਕ ਸੈਕਟਰ ਵਿਚ ਲਾਇਆ ਹੈ । ਸਾਡੇ ਸੂਬੇ ਵਿਚ ਸੌ ਕਰੋੜ ਰੁਪਿਆ ਨੰਗਲ ਤੇ ਲੱਗਾ । 82 ਕਰੋੜ ਰੁਪਿਆ ਬਠਿੰਡਾ ਵਾਸਤੇ ਮਿਲਿਆ। ਹਿੰਦੁਸਤਾਨ ਦੀ ਸਰਕਾਰ ਨੇ 621 ਲਾਈਸੈਂਸ ਹਿੰਦੁਸਤਾਨ ਵਿਚ ਵੱਡੇ ਵੱਡੇ ਕਾਰਖਾਨਿਆਂ ਲਈ ਮਨਜ਼ੂਰ ਕੀਤੇ । ਪੰਜਾਬ ਅਤੇ ਹਰਿਆਣਾ ਨੂੰ ਕੇਵਲ 44 ਲਾਈਸੈਂਸ ਮਿਲੇ। ਸੈਂਟਰਲ ਫਾਈਨੈਂਸ਼ਲ ਇਨਸਟੀਚਿਊਸ਼ਨਜ਼ ਨੇ 252 ਕਰੋੜ ਰੁਪਿਆ 1971-72 ਵਿਚ ਫਰਮਾਂ ਨੂੰ ਕਰਜ਼ਾ ਦਿੱਤਾ। ਇਸ ਵਿਚੋਂ 1971–72 ਵਿਚ ਪੰਜਾਬ ਨੂੰ ਸਾਢੇ ਤਿੰਨ ਕਰੋੜ ਰੁਪਿਆ ਦਿੱਤਾ ਗਿਆ । 1972–73 ਵਿਚ ਸਾਰਾ ਰੁਪਿਆ 236 ਕਰੋੜ ਦਿੱਤਾ ਗਿਆ ਪਰ ਇਸ ਵਿਚੋਂ ਪੰਜਾਬ ਨੂੰ 4 ਕਰੋੜ ਰੁਪਿਆ ਦਿਤਾ ਗਿਆ ਹੈ । ਮੈਂ ਫਾਈਨੈਂਸ ਮਨਿਸਟਰ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਾਡੇ ਨਾਲ ਇਨਜਸਟਿਸ ਹੋ ਰਿਹਾ ਹੈ ਉਹ ਇਸ ਵਲ ਧਿਆਨ ਕਰਨ ।

ਬੈਂਕਾਂ ਦੀ ਡਿਪਾਜ਼ਿਟ ਵਿਚ 296 ਰੁਪਏ ਜੀ ਪ੍ਰਤੀ ਹੈ । ਸਾਰੇ ਪੰਜਾਬ ਦੀ ਜਨਤਾ ਨੂੰ ਗਿਣ ਲਵੋ ਅਤੇ 296 ਨੂੰ ਉਸ ਨਾਲ ਗੁਣਾ ਕਰ ਦਿਉ, ਐਨਾ ਰੁਪਿਆ ਸਾਡਾ ਬੈਂਕਾਂ ਵਿਚ ਜਮ੍ਹਾਂ ਹੋਇਆ ਪਰ ਹੁੰਦਾ ਕੀ ਹੈ ਕਿ ਕਦੇ ਸਾਡਾ ਪੈਸਾ ਕਿਤੇ ਚਲਾ ਜਾਂਦਾ ਹੈ ਅਤੇ ਕਦੇ ਕਿਤੇ ਚਲਾ ਜਾਂਦਾ ਹੈ । ਕੋਈ ਸਾਡਾ ਪੈਸਾ ਮਹਾਰਾਸ਼ਟਰ ਲੈ ਜਾਂਦਾ ਹੈ ਅਤੇ ਕੋਈ ਯੂ.ਪੀ. ਆਦਿ ਲੈ ਜਾਂਦਾ ਹੈ । ਕਦੇ ਦਿੱਲੀ ਦੀ ਫਰਮ ਨੂੰ ਦੇ ਦਿੰਦੇ ਹਨ । ਸਾਨੂੰ 91 ਰੁਪਏ ਜੀ ਪ੍ਰਤੀ ਮਿਲ ਦੇ ਹਨ ਜਦ ਕਿ ਸਾਡੀ ਡਿਪਾਜ਼ਿਟ 296 ਰੁਪਏ ਜੀ ਪ੍ਰਤੀ ਹੈ । ਪਰ ਇਸ ਗੱਲ ਦੇ ਉਲਟ ਹੁੰਦਾ ਕੀ ਹੈ ਕਿ ਥੇਈਂ ਡੈਮ ਤੋਂ ਨਾਹ ਹੋ ਜਾਂਦੀ ਹੈ ਕਿ ਇਹ ਨਹੀਂ ਬਣਾਉਣਾ । ਪੰਜਾਬ ਦੀ ਇਕਾਨੋਮੀ ਨੂੰ ਪਛੜਿਆ ਰੱਖਿਆ ਗਿਆ ਹੈ । ਬਿਜਲੀ ਦਾ ਮਸਲਾ ਹੈ, ਪਾਣੀ ਦਾ ਮਸਲਾ ਹੈ। ਜ਼ਿਮੀਦਾਰਾਂ ਨੂੰ ਬਿਜਲੀ ਨਹੀਂ ਮਿਲਦੀ, ਪਾਣੀ ਨਹੀਂ ਮਿਲਦਾ । ਥੇਈਂ ਡੈਮ ਬਣ ਜਾਵੇ ਤਾਂ ਇਸ ਨਾਲ ਇਹ ਮਸਲਾ ਹੱਲ ਹੋ ਸਕਦਾ ਹੈ । ਪੰਜਾਬ 60% ਅਨਾਜ ਕੇਂਦਰ ਨੂੰ ਨੈਸ਼ਨਲ ਭੰਡਾਰ ਵਿਚ ਦਿੰਦਾ ਹੈ । ਲੇਕਿਨ ਥੇਈਂ ਡੈਮ ਬਾਰੇ ਕੇ. ਸੀ. ਪੰਤ ਨੇ ਕਿਹਾ ਹੈ ਕਿ ਫਾਈਨੈਂਸ਼ਲ ਕਰਾਈਸਿਜ਼ ਕਰਕੇ ਨਹੀਂ ਬਣ ਸਕਦਾ । ਮੈਂ ਪੰਜਾਬ ਸਰਕਾਰ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਨੂੰ, ਫਾਈਨਾਂਸ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕ ਬੜੇ ਦੇਸ਼ ਭਗਤ ਹਨ । ਜੇ ਪੈਸਿਆਂ ਖੁਣੋਂ ਥੇਈਂ ਡੈਮ ਨਹੀਂ ਬਣਦਾ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਸਰਕਾਰ ਲੋਕਾਂ ਨੂੰ ਪੈਸੇ ਵਾਸਤੇ ਅਪੀਲ ਕਰੇ ਤਾਂ ਕਰੋੜਾਂ ਰੁਪਏ ਲੋਕੀਂ ਇਸ ਕੰਮ ਵਾਸਤੇ ਦੇ ਦੇਣਗੇ । ਤੁਸੀਂ ਇਸ ਡੈਮ ਨੂੰ ਬਣਾਉਣ ਲਈ ਉਪਰਾਲਾ ਕਰੋ, ਪੰਜਾਬ ਦੀ ਜਨਤਾ ਤੁਹਾਡਾ ਸਾਥ ਦੇਵੇਗੀ । ਇਕ ਗੱਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਰੂਸ ਅਤੇ ਹਿੰਦੁਸਤਾਨ ਦਾ ਸਮਝੌਤਾ ਹੋਇਆ ਹੈ, ਹਿੰਦੁਸਤਾਨ ਦੇ ਵਿਚ 46 ਪ੍ਰਾਜੈਕਟ ਬਣਾਉਣ ਦੇ ਲਈ, ਉਸ ਦੇ ਵਿਚ ਮੈਂ ਇਹ ਵੀ ਕਹਾਂਗਾ ਕਿ ਪੰਜਾਬ ਦੀ ਸਰਕਾਰ ਨੂੰ ਕੇਂਦਰੀ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਉਸ ਦੇ ਵਿਚ ਇਹ ਵੀ ਸ਼ਾਮਲ ਕਰ ਲਿਆ ਜਾਵੇ । ਇਸ ਦੇ ਨਾਲ ਮਾਲੀ ਮਦਦ ਆ ਜਾਵੇਗੀ, ਇੰਜੀਨੀਅਰਜ਼ ਆ ਜਾਣਗੇ ਔਰ ਇਹ ਜਿਹੜਾ ਮਸਲਾ ਥੇਈਂ ਡੈਮ ਦਾ ਹੈ ਇਹ ਹੱਲ ਹੋ ਜਾਵੇਗਾ । ਥੇਈਂ ਡੈਮ ਨਾ ਬਣਨ ਨਾਲ ਪੰਜਾਬ ਦੀ ਇਕਾਨੋਮੀ ਨੂੰ ਬੜਾ ਫਰਕ ਪੈਂਦਾ ਹੈ, ਇਸ ਦੀ ਰੁਕਾਵਟ ਨਾਲ ਪੰਜਾਬ ਦੀ ਇਕਾਨੋਮੀ ਤਬਾਹ ਹੋ ਰਹੀ ਹੈ । ਇਹ ਠੀਕ ਹੈ ਕਿ ਪੰਜਾਬ ਦੀ ਸਰਕਾਰ ਨੇ ਇਸ ਡੈਮ ਵਾਸਤੇ ਬੜੀ ਕੋਸ਼ਿਸ਼ ਕੀਤੀ ਹੈ ਪਰ ਸੈਂਟਰ ਨੇ ਗੱਲ ਨਹੀਂ ਮੰਨੀ । ਪੰਜਾਬ ਦੇ ਨਾਲ ਇਹ ਜੋ ਬੇਇਨਸਾਫੀ ਹੋ ਰਹੀ ਹੈ ਉਸ ਦੇ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਪੰਜਾਬ ਸਰਕਾਰ ਦੀ ਸੈਂਟਰ ਦੀ ਸਰਕਾਰ ਨੇ ਕੋਈ ਗੱਲ ਨਹੀਂ ਮੰਨੀ ਤਾਂ ਇਸ ਕੰਮ ਦੇ ਲਈ ਪੰਜਾਬ ਦੀ ਜਨਤਾ ਦੀ ਮਦਦ ਲਵੇ ਅਤੇ ਦਿੱਲੀ ਦੇ ਵਿਚ ਸਾਰੇ ਪੰਜਾਬ ਦੇ ਲੋਕਾਂ ਨੂੰ ਇੱਕਠੇ ਕਰਕੇ ਲੈ ਜਾਵੇ । ਸਾਡੀ ਪਾਰਟੀ ਦਿੱਲੀ ਵਿਚ ਇਸ ਕੰਮ ਦੇ ਲਈ ਮੁਜ਼ਾਹਰਾ ਕਰਨ ਨੂੰ ਤਿਆਰ ਹੈ, ਹੋਰ ਸਾਰੀਆਂ ਪਾਰਟੀਆਂ ਵੀ ਸ਼ਾਮਲ ਹੋਣਗੀਆਂ । ਪੰਜਾਬ ਦੀ ਸਰਕਾਰ ਲੀਡ ਕਰੇ ਅਤੇ ਪੰਜਾਬ ਦੇ ਲੱਖਾਂ ਲੋਕ ਸਾਰੀਆਂ ਪਾਰਟੀਆਂ ਦੇ ਇੱਕਠੇ ਹੋ ਜਾਣ ਅਤੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਇਸ ਦੇ ਬਾਰੇ ਰਿਕੁਐਸਟ ਕਰਨ ਕਿ ਪੰਜਾਬ ਦੇ ਨਾਲ ਜੋ ਬੇਇਨਸਾਫੀ ਰਹੀ ਹੈ, ਇਸ ਨੂੰ ਦੂਰ ਕੀਤਾ ਜਾਵੇ ਅਤੇ ਪੰਜਾਬ ਦੀ ਇਕਾਨੋਮੀ ਨੂੰ ਤਬਾਹ ਹੋਣ ਤੋਂ ਬਚਾਇਆ ਜਾਵੇ

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਕੁਰੱਪਸ਼ਨ ਦੇ ਬਾਰੇ ਵਿਚ ਕਹਿਣੀ ਚਾਹੁੰਦਾ ਹਾਂ । ਭ੍ਰਿਸ਼ਟਾਚਾਰ ਸਾਡੇ ਜੀਵਨ ਦੇ ਵਿਚ ਦਾਖਲ ਹੋ ਗਿਆ ਹੈ । ਇਸ ਨੂੰ ਇੱਕਲਾ ਬਾਦਲ ਸਾਹਿਬ, ਗਿਆਨੀ ਜ਼ੈਲ ਸਿੰਘ ਜਾਂ ਪ੍ਰਾਈਮ ਮਨਿਸਟਰ ਜਾਂ ਕੋਈ ਹੋਰ ਹਟਾ ਨਹੀਂ ਸਕਦਾ । ਜੇ ਹਟਾਉਣਾ ਹੈ ਤਾਂ ਜਿਹੜੀ ਇਸ ਦੀ ਮਾਂ ਹੈ, ਇਸ ਨੂੰ ਜਮਾਉਣ ਵਾਲੀ ਹੈ ਸਰਮਾਇਦਾਰੀ, ਉਸ ਨੂੰ ਮਾਰੋ । ਸਾਡੇ ਪ੍ਰਾਈਮ ਮਨਿਸਟਰ ਸਾਹਿਬ ਵੀ ਸਰਮਾਇਦਾਰੀ ਦੀ ਪੈਦਾਇਸ਼ ਹਨ। (ਵਿਘਨ) ਜਦੋਂ ਤਕ, ਡਿਪਟੀ ਸਪੀਕਰ ਸਾਹਿਬ, ਸਰਮਾਇਦਾਰੀ ਨੂੰ ਨਹੀਂ ਮਾਰੋਗੇ ਇਹ ਕੁਰੱਪਸ਼ਨ ਨਹੀਂ ਹੱਟ ਸਕਦੀ । ਕੁਰੱਪਸ਼ਨ ਸਾਡੇ ਜੀਵਨ ਵਿਚ ਦਾਖਲ ਹੋ ਗਈ ਹੈ । ਕੋਈ ਵਡੀ ਕੁਰੱਪਸ਼ਨ ਕਰਦਾ ਹੈ ਅਤੇ ਕੋਈ ਛੋਟੀ ਕੁਰੱ-ਪਸ਼ਨ ਕਰਦਾ ਹੈ । ਇਹ ਵੀ ਗੱਲ ਠੀਕ ਨਹੀਂ ਕਿ ਹਰ ਚੌਥੇ ਦਿਨ ਮਨਿਸਟਰਾਂ ਤੇ ਜਾਂ ਮੈਂਬਰਾਂ ਤੇ ਇਸ ਤਰ੍ਹਾਂ ਦੇ ਇਲਜ਼ਾਮ ਲਗਾਏ ਜਾਣ। ਡਿਪਟੀ ਸਪੀਕਰ ਸਾਹਿਬ, ਕੇਰਲਾ ਦੀ ਸਰਕਾਰ ਨੇ ਇਕ ਹਾਈ ਪਾਵਰਡ ਟ੍ਰਿਬਿਊਨਲ ਮੁਕੱਰਰ ਕੀਤਾ ਹੈ ਕਿ ਕੋਈ ਵੀ ਆਦਮੀ 100 ਰੁਪਏ ਦੀ ਜ਼ਮਾਨਤ ਦੇ ਕੇ, ਐਫੀਡੇਵਿਟ ਦੇ ਕੇ ਟ੍ਰਿਬਿਊਨਲ ਪਾਸ ਆਪਣੀ ਸ਼ਿਕਾਇਤ ਲੈ ਕੇ ਜਾ ਸਕਦਾ ਹੈ । ਕਿਸੇ ਐਮ.ਐਲ.ਏ. ਦੇ ਖਿਲਾਫ, ਕਿਸੇ ਮਨਿਸਟਰ ਦੇ ਖਿਲਾਫ, ਕਿਸੇ ਸਾਬਕਾ ਐਮ.ਐਲ.ਏ. ਦੇ ਖਿਲਾਫ ਜਾਂ ਕਿਸੇ ਵੱਡੇ ਅਫਸਰ ਦੇ ਖਿਲਾਫ ਉਹ ਜਾ ਸਕਦਾ ਹੈ । ਸਾਡੀ ਪਾਰਟੀ ਪੰਜਾਬ ਦੀ ਸਰਕਾਰ ਤੋਂ ਇਹ ਮੰਗ ਕਰਦੀ ਹੈ ਕਿ ਪੰਜਾਬ ਦੇ ਵਿਚ ਭ੍ਰਿਸ਼ਟਾਚਾਰ ਦੇ ਜੀਵਨ ਤੋਂ ਬਚਾਉਣ ਲਈ ਪੰਜਾਬ ਦੇ ਵਿਚ ਇਕ ਹਾਈ ਪਾਵਰਡ ਟ੍ਰਿਬਿਊਨਲ ਬਣਾਇਆ ਜਾਵੇ, ਵਿਦ ਸਮ ਜੱਜ... (ਵਿਘਨ)

ਸਰਦਾਰ ਕਿਰਪਾਲ ਸਿੰਘ ਢਿਲੋਂ : ਆਨ ਏ ਪੁਆਇੰਟ ਆਫ ਆਰਡਰ,ਸਰ । ਡਿਪਟੀ ਸਪੀਕਰ ਸਾਹਿਬ, ਜੋਸ਼ ਸਾਹਿਬ ਆਪਣੇ ਪੂਰੇ ਜੋਸ਼ ਵਿਚ ਇਕ ਬੜੀ ਵੱਡੀ ਗੱਲ ਕਹਿ ਗਏ ਹਨ ਕਿ ਪ੍ਰਾਈਮ ਮਨਿਸਟਰ ਵੀ ਸਰਮਾਇਦਾਰੀ ਦੀ ਪੈਦਾਇਸ਼ ਹੈ । ਮੈਂ ਸਮਝਦਾ ਹਾਂ ਕਿ ਜੇ ਇਹ ਪ੍ਰਾਈਮ ਮਨਿਸਟਰ ਸਰਮਾਇਦਾਰਾਂ ਨੂੰ ਨਹੀਂ ਨਜਿੱਠ ਸਕਦੇ ਤਾਂ ਕੋਈ ਹੋਰ ਪ੍ਰਾਈਮ ਮਨਿਸਟਰ ਨਹੀਂ ਨਜਿੱਠ ਸਕਦਾ । (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਅਗਲੀ ਗੱਲ ਮੈਂ ਥਰਮਲ ਪਲਾਂਟ ਦੇ ਬਾਰੇ ਵਿਚ ਕਹਿਣੀ ਚਾਹੁੰਦਾ ਹਾਂ । ਇਹ ਆਈ ਵਾਰੀ ਬੰਦ ਹੋ ਜਾਂਦਾ ਹੈ । 5–10 ਵਾਰੀ ਤਾਂ ਬੰਦ ਹੋ ਚੁਕਾ ਹੈ । ਇਹੋ ਜਿਹੇ ਪਲਾਂਟ ਦਾ ਕੀ ਫਾਇਦਾ ਜਿਹੜਾ ਬਾਰ ਬਾਰ ਬੰਦ ਹੋ ਜਾਵੇ । ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਇਸ ਪਲਾਂਟ ਤੇ 82 ਕਰੋੜ ਰੁਪਿਆ ਲਗਿਆ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬੇਸ਼ਕ ਇਸ ਤੇ 82 ਕਰੋੜ ਰੁਪਿਆ ਲਗਿਆ ਹੈ ਪਰ ਇਸ ਤੇ ਜਿਹੜਾ ਮੈਟੀਰੀਅਲ ਲਗਾਇਆ ਗਿਆ ਹੈ ਉਹ ਸਬ ਸਟੈਂਡਰਡ ਹੈ । ਬੁਆਇਲਰ ਵਿਚ ਜੋ ਪਾਈਪਸ ਲਾਈਆਂ ਹਨ ਉਹ ਬਿਲਕੁਲ ਨਾਕਸ ਹਨ । ਟਾਟੇ ਦੀ ਇਹ ਰਿਪੋਰਟ ਹੈ ਕਿ 75 ਲੱਖ ਰੁਪਿਆ ਲਗਾ ਕੇ ਇਹ ਦਰੁਸਤ ਹੋਣੀ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਇਸ ਦੀ ਇਨਕੁਆਇਰੀ ਕਰਾਉਣ ਤਾਂ ਸਾਰੀ ਅਸਲੀਅਤ ਦਾ ਪਤਾ ਲਗ ਜਾਵੇਗਾ ।

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਨੂੰ ਇਹ ਕਹਿਣੀ ਚਾਹੁੰਦਾ ਹਾਂ ਕਿ ਚਾਰ ਯੂਨੀਵਰਸਟੀਆਂ ਦੇ ਟੀਚਰ, ਪ੍ਰੋਫੈਸਰ, ਪੰਜਾਬ ਦੇ ਕਾਲਜਾਂ ਦੇ ਟੀਚਰਾਂ ਅਤੇ ਪ੍ਰੋਫੈਸਰਾਂ ਦੀ ਜੋ ਡਿਮਾਂਡ ਹੈ ਉਹ ਮੰਨ ਲੈਣੀ ਚਾਹੀਦੀ ਹੈ । ਇਹ ਜਿਹੜੀ ਯੂ.ਜੀ.ਸੀ. ਹੈ ਇਸ ਦੇ ਵਿਚ 80ਫੀਸਦੀ ਖਰਚ ਕੇਂਦਰ ਦੀ ਸਰਕਾਰ ਦਾ ਹੈ ਅਤੇ 20 ਫੀਸਦੀ ਪੰਜਾਬ ਦਾ ਹੈ । ਜੇ ਉਨ੍ਹਾਂ ਦੀ ਮੰਗ ਮੰਨ ਲਈ ਜਾਵੇ ਤਾਂ ਪੰਜਾਬ ਦੀ ਸਰਕਾਰ ਨੂੰ ਕੋਈ ਬਹੁਤਾ ਫਰਕ ਨਹੀਂ ਪੈਂਦਾ । ਸਿਰਫ 4 ਲੱਖ ਰੁਪਏ ਦਾ ਖਰਚਾ ਸਾਲ ਦਾ ਹੋਣਾ ਹੈ । ਜੇ ਉਨ੍ਹਾਂ ਦੀ ਡਿਮਾਂਡ ਮੰਨ ਲਈ ਜਾਵੇ ਜਿਹੜੀ ਕਿ ਬਿਲਕੁਲ ਜਾਇਜ਼ ਹੈ ਤਾਂ ਹਜ਼ਾਰਾਂ ਟੀਚਰ, ਪ੍ਰੋਫੈਸਰ ਤੁਹਾਡਾ ਧੰਨਵਾਦ ਕਰਨਗੇ ਅਤੇ ਉਹ ਰੱਜ ਕੇ ਆਪਣੀ ਰੋਟੀ ਖਾ ਸਕਣਗੇ । ਯੂ.ਪੀ. ਦੀ ਸਰਕਾਰ ਨੇ, ਬਿਹਾਰ ਦੀ ਸਰਕਾਰ ਨੇ ਇਹ ਲਾਗੂ ਕਰ ਦਿਤਾ ਹੈ । ਪੰਜਾਬ ਦੀ ਸਰਕਾਰ ਵੀ ਇਸ ਨੂੰ ਆਸਾਨੀ ਨਾਲ ਲਾਗੂ ਕਰ ਸਕਦੀ ਹੈ । ਇਸ ਲਈ ਮੇਰੀ ਇਹ ਬੇਨਤੀ ਹੈ ਕਿ ਇਹ ਸੂਬੇ ਦੇ ਇੰਟਰੈਸਟ ਵਿਚ ਹੈ ਕਿ ਉਹ ਗਰੇਡ ਇਮਪਲੀਮੈਂਟ ਹੋਣੇ ਚਾਹੀਦੇ ਹਨ ।

ਇੱਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਿੱਖ ਮਾਸਿਜ਼ ਦੇ ਵਿਚ ਬੜਾ ਡਰ ਔਰ ਭੈ ਹੈ ਉਹ ਇਹ ਹੈ। ਕਿ ਗੁਰਦੁਆਰਿਆਂ ਦੇ ਮਾਮਲੇ ਵਿਚ ਸਰਕਾਰ ਦਖਲ ਦੇ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਆਪਣੀ ਪਾਰਟੀ ਵਲੋਂ ਮੈਂ ਇਸ ਸਰਕਾਰ ਨੂੰ ਕਹਿਣਾ ਚਾ–ਹੁੰਦਾ ਹਾਂ ਕਿ ਗੁਰਦੁਆਰਿਆਂ ਦੇ ਵਿਚ ਸਰਕਾਰ ਦਾ ਦਖਲ ਕਿਸੇ ਤਰ੍ਹਾਂ ਵੀ ਵਾਜਿਬ ਨਹੀਂ ਹੈ। ਜੇ ਸਰਕਾਰ ਇਹ ਕਹਿੰਦੀ ਹੈ ਕਿ ਗੁਰਦੁਆਰਿਆਂ ਦੇ ਵਿਚ ਭਰਿਸ਼ਟਾਚਾਰ ਹੈ ਔਰ ਇਸ ਭਰਿਸ਼ਟਾਚਾਰ ਨੂੰ ਦੇਖਦੇ ਹੋਏ ਅਸੀਂ ਇਹ ਕਦਮ ਲਏ ਹਨ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿੱਖ ਇਸ ਗੱਲ ਦਾ ਆਪ ਹੀ ਨਿਪਟਾਰਾ ਕਰ ਲੈਣਗੇ । ਸਿੱਖਾਂ ਨੇ ਗੁਰਦੁਆਰਿਆਂ ਵਿਚ ਜੋ ਮਸੰਦ ਅਤੇ ਮਹੰਤ ਸੀ ਉਨ੍ਹਾਂ ਨੂੰ ਵੀ ਸਜ਼ਾ ਆਪ ਹੀ ਦਿੱਤੀ ਸੀ । ਜੇ ਗੁਰਦੁਆਰਿਆਂ ਦੇ ਪ੍ਰਬੰਧਕ ਭਰਿੱਸ਼ਟਾਚਾਰੀ ਹੋ ਜਾਣਗੇ ਤਾਂ ਸਿੱਖ ਜਨਤਾ ਇਨ੍ਹਾਂ ਪ੍ਰਬੰਧਕਾਂ ਨੂੰ ਆਪੇ ਹਟਾ ਲਵੇਗੀ । ਇਸ ਦੇ ਲਈ ਗੌਰਮਿੰਟ ਦਾ ਕੋਈ ਦਖਲ ਨਹੀਂ ਚਾਹੀਦਾ । ਜੇ ਗੌਰਮਿੰਟ ਇਸ ਕੰਮ ਵਿਚ ਕੋਈ ਦਖਲ ਦੇਵੇਗੀ ਤਾਂ ਉਹ ਗਲਤ ਫਹਿਮੀਆਂ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਸਿੱਖ ਮਾਸਿਜ਼ ਵਿਚ ਪੈਦਾ ਕਰੇਗੀ ਅਤੇ ਜਿਹੜੀ ਕਿ ਦਰੁੱਸਤ ਗੱਲ ਨਹੀਂ ਹੈ । ਸਾਡੀ ਪਾਰਟੀ ਨੂੰ ਭਾਵੇਂ ਇਹ ਹਰ ਵੇਲੇ ਕਹਿੰਦੇ ਹਨ ਕਿ ਇਹ ਨਾਸਤਕ ਹੈ ਜਾਂ ਆਸਤਕ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਗੱਲ ਦੇ ਵਿਚ ਅਸੀਂ ਇਨ੍ਹਾਂ ਦੇ ਨਾਲ ਹਾਂ । (ਵਿਘਨ) ਇਹ ਗਲ ਸਿੱਖ ਮਾਸਿਜ਼ ਤੇ ਛੱਡੀ ਜਾਵੇ। ਜਿਹੜੇ ਸਿੱਖੀ ਨੂੰ ਮੰਨਣ ਵਾਲੇ ਲੋਕ ਹਨ ਉਹ ਆਪਣੇ ਆਪ ਹੀ ਇਹ ਗੁਰਦੁਆਰਿਆਂ ਦਾ ਮਾਮਲਾ ਤਹਿ ਕਰ ਲੈਣਗੇ, ਉਸ ਦੀ ਜੂਰਿਸਡਿਕਸ਼ਨ ਤਹਿ ਕਰ ਲੈਣਗੇ । ਮੈਂ ਇਹ ਗੱਲ ਬੜੇ ਸਪੱਸ਼ਟ ਸ਼ਬਦਾਂ ਵਿਚ ਕਹਿੰਦਾ ਹਾਂ ਕਿ ਇਹ ਗੱਲ ਸਿੱਖ ਮਾਸਿਜ਼ ਤੇ ਛੱਡੀ ਜਾਵੇ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਟੌਹੜਾ ਸਾਹਿਬ ਨੇ ਜੋ ਸਟੇਟਮੈਂਟ ਦਿੱਤੀ ਹੈ ਕਿ ਜੇ ਗੌਰਮਿੰਟ ਸਾਡੇ ਗੁਰਦੁਆਰਿਆਂ ਦੇ ਮਾਮਲੇ ਵਿਚ ਦਖਲ ਦੇਵੇਗੀ ਤਾਂ ਅਸੀਂ ਯੂ.ਐਨ.ਓ. ਵਿਚ ਚਲੇ ਜਾਵਾਂਗੇ ਡਿਪਟੀ ਸਪੀਕਰ ਸਾਹਿਬ, ਟੌਹੜਾ ਸਾਹਿਬ ਮੇਰੇ ਗਵਾਂਢੀ ਹਨ, ਮੇਰੇ ਮਿੱਤਰ ਹਨ । (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ । ਇਥੇ ਇਹ ਕਨਵੈਨਸ਼ਨ ਅਸੀਂ ਬਣਾਈ ਹੋਈ ਹੈ ਕਿ ਹਾਊਸ ਦੇ ਵਿਚ ਕਿਸੇ ਉਸ ਬੰਦੇ ਦਾ ਨਾਮ ਨਹੀਂ ਲੈਣਾ ਜਿਹੜਾ ਕਿ ਹਾਊਸ ਦਾ ਮੈਂਬਰ ਨਹੀਂ ਹੈ । ਉਸ ਨੂੰ ਅਸੀਂ ਇਥੇ ਡਿਸਕਸ ਨਹੀਂ ਕਰ ਸਕਦੇ । (ਵਿਘਨ)

ਸ੍ਰੀ ਡਿਪਟੀ ਸਪੀਕਰ: ਉਨ੍ਹਾਂ ਦੇ ਪਰਸਨਲ ਕੰਡਕਟ ਬਾਰੇ ਉਹ ਕੁਝ ਨਹੀਂ ਕਹਿ ਰਹੇ। (ਵਿਘਨ) (He is not saying anything about his personal conduct.) (*interruptions*)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਬਾਈ ਨੇਮ ਕੁਝ ਨਹੀਂ ਕਹਿਣਾ ਚਾਹੀਦਾ ਜੀ । (ਵਿਘਨ)

ਸ੍ਰੀ ਡਿਪਟੀ ਸਪੀਕਰ : ਜੋਸ਼ ਜੀ, ਬਾਈ ਨੇਮ ਨਾ ਕਹੋ । (Mr. Josh, please do not refer to him by name.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਚਲੋ ਜੀ, ਮੈਂ ਬਾਈ ਨੇਮ ਨਹੀਂ ਗੱਲ ਕਰਦਾ । ਕੁਝ ਅਕਾਲੀ ਲੀਡਰਾਂ ਨੇ ਇਹ ਬਿਆਨ ਦਿੱਤਾ ਹੈ ਕਿ ਜੇ ਗੁਰਦੁਆਰਿਆਂ ਵਿਚ ਗੌਰਮਿੰਟ ਦਾ ਕੋਈ ਦਖਲ ਹੋਇਆ ਤਾਂ ਅਸੀਂ ਯੂ.ਐਨ.ਓ. ਵਿਚ ਜਾਵਾਂਗੇ, ਮੁਕਤੀ ਬੈਨੀ ਬਣਾਵਾਂਗੇ ਆਦਿ । ਮੈਂ ਇਹ ਕਹਿਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਯੂ.ਐਨ.ਓ. ਦੇ ਬਾਰੇ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਕਿ ਕਿਵੇਂ ਕਹਿ ਗਏ ਉਥੋਂ ਤਾਂ ਹੁਣ ਅਮਰੀਕਾ ਵੀ ਨੱਠਣ ਨੂੰ ਫਿਰਦਾ ਹੈ । ਯੂ.ਐਨ.ਓ. ਨੇ ਕਿਹਾ ਹੈ ਕਿ ਉਹ ਕਿਸੇ ਮੁਲਕ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦੇਵੇਗਾ । (ਘੰਟੀ) (ਵਿਘਨ) ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਉਥੇ ਜਾ ਕੇ ਕੋਈ ਫਾਇਦਾ ਨਹੀਂ ਹੋਣ ਲਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਥੇ ਬਹੁਤ ਸਾਰੇ ਲੋਕ ਰਹਿੰਦੇ ਹਨ ਜਿਹੜੇ ਜਮਹੂਰੀਅਤ ਵਿਚ ਵਿਸ਼ਵਾਸ ਰਖਦੇ ਹਨ, ਹਿੰਦੁਸਤਾਨ ਦੇ ਜੋ ਜਮਹੂਰੀ ਲੋਕ ਹਨ ਉਨ੍ਹਾਂ ਦੇ ਨਾਲ ਰਲੋ । ਇਹੋ ਜਿਹੇ ਬਹੁਤ ਸਾਰੇ ਲੋਕ ਇਥੇ ਬੈਠੇ ਹਨ ਜਿਹੜੇ ਤੁਹਾਡੇ ਇਸ ਕੰਮ ਦੇ ਲਈ ਤੁਹਾਡੇ ਨਾਲ ਰਲ ਜਾਣਗੇ। ਹਿੰਦੁਸਤਾਨ ਦੇ ਬਹੁਤ ਸਾਰੇ ਲੋਕ ਤੁਹਾਡੀ ਇਸ ਮੰਗ ਵਿਚ ਤੁਹਾਡਾ ਸਾਥ ਦੇਣਗੇ । ਇਸ ਲਈ ਯੂ.ਐਨ.ਓ. ਵਿਚ ਜਾਣ ਦੀ ਬਜਾਏ ਮੁਲਕ ਦੇ ਵਿਚ ਜਿਹੜੇ ਜਮਹੂਰੀ ਲੋਕ ਹਨ ਔਰ ਤੁਹਾਡੇ ਇਸ ਮੰਗ ਦੇ ਹਮਾਇਤੀ ਹਨ ਉਨ੍ਹਾਂ ਦੇ ਨਾਲ ਰਲੋ । (ਵਿਘਨ) ਔਰ ਅਮਰੀਕਾ ਦੀਆਂ ਜੋ ਜ਼ਿਆਦਤੀਆਂ ਇਸ ਮੁਲਕ ਵਿਚ ਹੁੰਦੀਆਂ

ਹਨ ਉਨ੍ਹਾਂ ਦੇ ਖਿਲਾਫ ਆਪਣਾ ਮੂੰਹ ਖੋਲ੍ਹੋ । ਜਿਹੜਾ ਅਮਰੀਕਾ ਵੱਡਾ ਸਰਮਾਇਦਾਰ ਹੈ, ਹਿੰਦੁਸਤਾਨ ਨੂੰ ਸਰਕਲ ਕਰ ਰਿਹਾ ਹੈ, ਸਾਡੇ ਮੁਲਕ ਵਿਚ ਐਸੀ ਟੈਂਡੈਂਸੀ ਪੈਦਾ ਕਰ ਰਿਹਾ ਹੈ ਕਿ ਇਸ ਮੁਲਕ ਨੂੰ ਟੁਕੜੇ ਟੁਕੜੇ ਕੀਤਾ ਜਾਵੇ ਉਸ ਦੇ ਖਿਲਾਫ ਆਪਣਾ ਮੂੰਹ ਖੋਲ੍ਹੋ । ਸਿੱਖਾਂ ਨੇ ਮੁਲਕ ਦੀ ਆਜ਼ਾਦੀ ਵਿਚ ਹਮੇਸ਼ਾਂ ਬੜਾ ਅਹਿਮ ਹਿੱਸਾ ਪਾਇਆ ਹੈ, ਦੇਸ਼ ਭਗਤ ਆਗੂਆਂ ਦਾ ਸਾਥ ਦਿੱਤਾ, ਕਿਸੇ ਇੰਪੀ-ਰੀਅਲਿਸਟ ਦਾ ਸਾਥ ਕਦੇ ਸਿੱਖਾਂ ਨੇ ਨਹੀਂ ਦਿੱਤਾ । ਇਸ ਟਰੈਡੀਸ਼ਨ ਦੀ ਰੌਸ਼ਨੀ ਵਿਚ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਕੰਡੈਮ ਕਰਨਾ ਚਾਹੀਦਾ ਹੈ ਅਤੇ ਹਿੰਦੁਸਤਾਨ ਦੇ ਮਾਸਿਜ਼ ਨਾਲ ਮਿਲ ਕੇ ਆਪਣੀ ਐਸਪਾਇਰੇਸ਼ਨ ਨੂੰ ਪੂਰਾ ਕਰਨਾ ਚਾਹੀਦਾ ਹੈ। ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਪਣੀਆਂ ਪਾਲਿਸੀਆਂ ਨੂੰ ਪ੍ਰੋਗਰੈਸਿਵ ਬਣਾਉ ਅਤੇ ਮੁਲਕ ਦੀ ਸੇਵਾ ਕਰੋ ਤਾਂ ਹੀ ਮੁਲਕ ਦੀ ਆਜ਼ਾਦੀ ਕਾਇਮ ਰਹਿ ਸਕਦੀ ਹੈ ਅਤੇ ਮੁਲਕ ਖੁਸ਼ਹਾਲ ਰਹਿ ਸਕਦਾ ਹੈ । ਇਹ ਕਹਿ ਕੇ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਡਿਪਟੀ ਸਪੀਕਰ : ਕਾਮਰੇਡ ਚੰਦ ਸਿੰਘ ਜੀ : (Comrade Chan Singh, may speak please.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਚੂੰਕਿ ਐਡਰੈਸ ਵਾਸਤੇ ਟਾਈਮ ਥੋੜ੍ਹਾ ਹੈ ਇਸ ਲਈ ਇਕ ਦਿਨ ਦਾ ਸਮਾਂ ਹੋਰ ਵਧਾ ਦਿੱਤਾ ਜਾਵੇ ।

ਸ਼੍ਰੀ ਡਿਪਟੀ ਸਪੀਕਰ : ਉਹ ਕੰਸਿਡਰ ਕਰ ਲਵਾਂਗੇ । (We will consider that.)

ਸਰਦਾਰ ਜਸਵਿੰਦਰ ਸਿੰਘ ਬਰਾੜ : ਫੈਸਲਾ ਹੋਇਆ ਸੀ ਕਿ ਕਾਮਰੇਡ ਦੇ ਬਾਅਦ ਸਾਡੀ ਪਾਰਟੀ ਨੂੰ ਟਾਈਮ ਦਿੱਤਾ ਜਾਏਗਾ....

ਸ਼੍ਰੀ ਡਿਪਟੀ ਸਪੀਕਰ : ਉਹ ਵੀ ਕਾਮਰੇਡ ਨੇ । ਕਾਮਰੇਡ ਚੰਦ ਸਿੰਘ ਜੀ, ਤੁਹਾਡੀ ਪਾਰਟੀ ਵਾਸਤੇ 5 ਮਿੰਟ ਆਉਂਦੇ ਹਨ ਅਤੇ ਆਪਣੀ ਸਪੀਚ ਉਸ ਦੇ ਮੁਤਾਬਿਕ ਖ਼ਤਮ ਕਰ ਦੇਣਾ । (He is also a Comrade. Comrade Chand Singh Ji, five minutes fall to the share of your party Please complete your speech within that period.)

ਮਾਸਟਰ ਚੰਦ ਸਿੰਘ (ਸ਼ੇਰਪੁਰ), (ਐਸ.ਸੀ): ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ ਅਤੇ ਭਾਸ਼ਣ ਦੇ ਵਿਚ ਸਰਕਾਰ ਦੀਆਂ ਪਾਲਿਸੀਆਂ ਦਾ ਇਜ਼ਹਾਰ ਕੀਤਾ ਜਾਂਦਾ ਹੈ। ਇਹ ਭਾਸ਼ਣ ਪੜ੍ਹਣ ਤੋਂ ਬਾਅਦ ਪਤਾ ਲਗਦਾ ਹੈ ਕਿ ਇਹ ਭਾਸ਼ਣ ਨਿਰਉਤਸਾਹਿਤ ਕਰਨ ਵਾਲਾ ਹੈ ਅਤੇ ਇਸ ਵਿਚ ਬਹੁਤ ਸਾਰੀਆਂ ਗੱਲਾਂ ਵਧਾ ਚੜ੍ਹਾ ਕੇ ਕਹੀਆਂ ਗਈਆਂ ਹਨ ।

ਸਭ ਤੋਂ ਪਹਿਲੀ ਗੱਲ ਜੋ ਗਵਰਨਰ ਸਾਹਿਬ ਨੇ ਕਹੀ ਹੈ ਕਿ ਇਨਫਲੇਸ਼ਨ ਦਾ ਅਸਰ ਸਾਡੇ ਦੇਸ਼ ਵਿਚ ਹੀ ਨਹੀਂ ਪਿਆ ਬਲਕਿ ਸਾਰੇ ਮੁਲਕਾਂ ਦੀ ਆਰਥਿਕਤਾ ਤੇ ਪਿਆ ਹੈ । ਮੈਂ ਕਹਿੰਦਾ ਹਾਂ ਕਿ ਆਰਥਿਕਤਾ ਤੇ ਅਸਰ ਉਥੇ ਪੈਂਦਾ ਹੈ ਜਿਥੇ ਜਾਗੀਰਦਾਰਾਂ ਦੀਆਂ, ਸਰਮਾਇਦਾਰਾਂ ਦੀਆਂ ਸਰਕਾਰਾਂ ਹਨ । ਜਿਥੇ ਸਾਮਵਾਦੀ ਸਰਕਾਰਾਂ ਹਨ, ਕਮਿਊਨਿਸਟਾਂ ਦੀਆਂ ਸਰਕਾਰਾਂ ਹਨ ਜਾਂ ਜਿਹੜੇ ਕਮਿਊਨਿਸਟ ਮੁਲਕ ਹਨ ਉਥੇ ਇਨਫਲੇਸ਼ਨ ਦਾ ਕੋਈ ਮਸਲਾ ਨਹੀਂ । ਇਨਫਲੇਸ਼ਨ ਹੀ ਮਹਿੰਗਾਈ ਵਧਾਉਂਦਾ ਹੈ । ਸਾਡੇ ਮੁਲਕ ਵਿਚ ਪਿਛਲੇ ਦੋ ਸਾਲਾਂ ਵਿਚ 40% ਮਹਿੰਗਾਈ ਹੋਈ ਹੈ ਜਦੋਂ ਕਿ

[ਮਾਸਟਰ ਚੰਦ ਸਿੰਘ]
ਕੋਰੀਆ ਵਰਗੇ ਮੁਲਕ ਵਿਚ ਮਹਿੰਗਾਈ 30% ਥੱਲੇ ਨੂੰ ਗਈ ਹੈ, ਇਸ ਲਈ ਇਹ ਚੀਜ਼ ਜਿਹੜ ਭਾਸ਼ਣ ਵਿਚ ਦਿੱਤੀ ਗਈ ਹੈ ਇਹ ਬੇਬੁਨਿਆਦ ਹੈ ।

ਕਲ ਮੁੱਖ ਮੰਤਰੀ ਜੀ ਨੇ ਇਥੇ ਬਿਆਨ ਦਿੱਤਾ ਸੀ ਕਿ ਅਸੀਂ ਹਰੀਜਨਾਂ ਨੂੰ 1972 ਦੇ ਆਧਾਰ ਤੇ ਕਬਜ਼ਿਆਂ ਨੂੰ ਮੁੱਖ ਰਖ ਕੇ ਬੇਨਾਮੀ ਜ਼ਮੀਨਾਂ ਦਿਆਂਗੇ । ਜਿਹੜੀਆਂ ਬੇਨਾਮੀ ਜ਼ਮੀਨਾਂ ਹਨ, ਇਹ ਸਾਡੇ ਪੰਜਾਬ ਦੇ ਵਿਚ ਜਿਹੜੇ ਕਾਂਗਰਸੀ ਬੈਂਚਾਂ ਤੇ ਬੈਠੇ ਹਨ ਵੱਡੇ ਵੱਡੇ ਲੈਂਡ ਲਾਰਡ, ਬੀਬੀ ਗੁਰਬਿੰਦਰ ਕੌਰ ਬਰਾੜ, ਜਿਹੜੇ ਕਿ ਮੰਤਰੀ ਵੀ ਹਨ, ਉਨ੍ਹਾਂ ਕੋਲ 1200 ਕਿੱਲੇ ਬੇਨਾਮੀ ਜ਼ਮੀਨ ਹੈ ਉਹ ਕਢਾ ਕੇ ਹਰੀਜਨਾਂ ਨੂੰ ਦਿੱਤੀ ਜਾਏ । 1972 ਦੇ ਮੁਤਾਬਿਕ ਇਨ੍ਹਾਂ ਨੇ ਗਿਰਦਾਵਰੀਆਂ ਰਖੀਆਂ ਹਨ, ਪਰ ਸਾਡੇ ਹਿੰਦੁਸਤਾਨ ਦੇ ਲੈਂਡ ਕਮਿਸ਼ਨ ਨੇ ਕਹਿ ਦਿੱਤਾ ਹੈ ਕਿ ਸਾਡੇ ਹਿੰਦੁਸਤਾਨ ਵਿਚ ਜਿਹੜਾ ਮਾਲ ਦਾ ਵਿਭਾਗ ਹੈ ਉਸ ਦਾ ਰਿਕਾਰਡ ਠੀਕ ਨਹੀਂ ਹੈ । ਤੁਸੀਂ 1972 ਦੀਆਂ ਗਿਰਦਾਵਰੀਆਂ ਰਖੀਆਂ ਹਨ ਇਹ ਤਾਂ ਪਟਵਾਰੀਆਂ ਦੀ ਮਰਜ਼ੀ ਹੈ ਜਿਸ ਦੇ ਨਾਮ ਮਰਜ਼ੀ ਰਖ ਲੈਣ । ਅਜ ਸਾਡੇ ਪੰਜਾਬ ਦੇ ਵਿਚ ਬੇਟ ਦੇ ਇਲਾਕੇ ਵਿਚ ਬੇਦਖਲੀਆਂ ਕੀਤੀਆਂ ਜਾ ਰਹੀਆਂ ਹਨ । ਗਿਰਦਾਵਰੀ ਕਿਸੇ ਦੇ ਨਾਮ ਹੈ ਅਤੇ ਕਬਜ਼ਾ ਕਿਸੇ ਦੇ ਨਾਮ । ਜਮੀਨ ਦਿਤੀ ਜਾਵੇ, ਕਬਜ਼ੇ ਨੂੰ ਮੁੱਖ ਰਖਿਆ ਜਾਵੇ ਗਿਰਦਾਵਰੀ ਨੂੰ ਨਹੀਂ ।

ਫਿਰ, ਅਗੇ ਇਸ ਵਿਚ ਲਿਖਿਆ ਹੈ ਕਿ 1.84 ਲੱਖ ਪਲਾਟਾਂ ਦੇ ਕਬਜ਼ੇ ਗਰੀਬਾਂ ਨੂੰ ਦੇ ਦਿੱਤੇ ਹਨ। ਮੈਂ ਕਹਿੰਦਾ ਹਾਂ ਕਿ ਪਤਾ ਨਹੀਂ ਉਹ ਕਬਜ਼ੇ ਕਿਥੇ ਦਿੱਤੇ, ਪਤਾ ਨਹੀਂ ਆਸਮਾਨ ਤੇ ਚੜ੍ਹਾ ਦਿੱਤੇ ਹਨ । ਮੇਰੇ ਹਲਕੇ ਸ਼ੇਰਪੁਰ ਵਿਚ ਕਿਸੇ ਇਕ ਨੂੰ ਵੀ ਕੋਈ ਪਲਾਟ ਨਹੀਂ ਮਿਲਿਆ । ਇਹ ਸਾਰੀਆਂ ਬੋਗਸ ਫਿਗਰਜ਼ ਦੇ ਦਿੱਤੀਆਂ ਹਨ ਅਤੇ ਬੋਗਸ ਰਿਕਾਰਡ ਬਣਾ ਲਿਆ ਹੈ ।

ਫਿਰ ਗਵਰਨਰ ਸਾਹਿਬ ਨੇ ਜ਼ਿਕਰ ਕੀਤਾ ਹੈ ਭਾਸ਼ਣ ਵਿਚ ਕਿ 1973 ਦੀ ਫ਼ਸਲ 20.5 ਮੀਟਰਕ ਟਨ ਹੋਈ ਅਤੇ ਰਾਜ ਵਲੋਂ ਕੇਂਦਰੀ ਪੂਲ ਵਿਚ 55% ਕਣਕ ਅਤੇ 40% ਚਾਵਲ ਦਿੱਤਾ ਹੈ । ਬੜੇ ਅਫਸੋਸ ਦੀ ਗਲ ਹੈ ਕਿ ਅਨਾਜ ਪੈਦਾ ਕਰਨ ਵਾਲਾ ਪੰਜਾਬੀ ਸੂਬਾ ਅਤੇ ਕਣਕ ਦਾ ਆਟਾ ਇਥੇ 2 ਰੁਪਏ ਕਿਲੋ ਮਿਲੇ। ਮਿਹਨਤਕਸ਼ਾਂ ਨੂੰ ਬੜਾ ਸੰਕਟ ਹੋ ਰਿਹਾ ਹੈ, ਇਹ ਸਰਕਾਰ ਉਨ੍ਹਾਂ ਨੂੰ ਵਾਇਦੇ ਅਨੁਸਾਰ ਇਕ ਰੁਪਏ ਕਿਲੋ ਆਟਾ ਦੇਣ ਵਿਚ ਫੇਲ੍ਹ ਰਹੀ ਹੈ । ਸੂਜੀ ਮੈਦਾ ਬਲੈਕ ਵਿਚ ਮਿਲਦਾ ਹੈ ।

ਇਸ ਵਿਚ ਅਗੇ ਲਿਖਿਆ ਹੈ ਕਿ ਜਨਤਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਰਾਜ ਭਰ ਵਿਚ 10,560 ਵਾਜਬ ਕੀਮਤਾਂ ਦੀਆਂ ਦੁਕਾਨਾਂ ਖੋਲ੍ਹੀਆਂ ਹਨ । ਪਤਾ ਨਹੀਂ ਇਨ੍ਹਾਂ ਨੇ ਕਿਥੇ ਦੁਕਾਨਾਂ ਖੋਲ੍ਹੀਆਂ ਹਨ ਆਪਣੇ ਕੁਵਾਟਰਾਂ ਵਿਚ ਜਾਂ ਮਨਿਸਟਰਾਂ ਦੀਆਂ ਕੋਠੀਆਂ ਵਿਚ । ਸ਼ਹਿਰਾਂ ਵਿਚ ਤਾਂ ਮਾੜੀਆਂ ਮੋਟੀਆਂ ਭਾਵੇਂ ਖੋਲ੍ਹੀਆਂ ਹੋਣ ਪਰ ਗਰੀਬ ਜੰਤਾ ਪਿੰਡਾਂ ਵਿਚ ਹੈ । ਪਿੰਡਾਂ ਵਿਚ, ਖ਼ਾਸ ਕਰਕੇ ਹਰੀਜਨਾਂ ਦੇ ਮੁਹਲਿਆਂ ਵਿਚ, ਇਹ ਦੁਕਾਨਾਂ ਖੋਲ੍ਹਣੀਆਂ ਚਾਹੀਦੀਆਂ ਹਨ ਤਾਂ ਕਿ ਉਨ੍ਹਾਂ ਲੋਕਾਂ ਨੂੰ ਕੰਟਰੋਲ ਰੇਟ ਤੇ ਚੀਜ਼ ਮਿਲ ਸਕੇ ਅਤੇ ਉਨ੍ਹਾਂ ਦਾ ਕੁਝ ਸੰਕਟ ਘੱਟ ਸਕੇ ।

ਫਿਰ, ਤੇਲ ਸੰਕਟ ਦੀ ਗੱਲ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕੀਤੀ ਹੈ ਕਿ ਕਿਸਾਨਾਂ ਨੂੰ ਦੁਗਣਾ ਡੀਜ਼ਲ ਸਪਲਾਈ ਕੀਤਾ ਗਿਆ ਹੈ। ਇਕ ਢੋਲੀ 30/35 ਰੁਪਏ ਦੀ ਦਿੱਤੀ ਹੈ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ 7–7 ਦਿਨ ਲਾਈਨ ਵਿਚ ਖੜ੍ਹੇ ਹੋਣ ਤੋਂ ਬਾਅਦ ਅਤੇ ਉਨ੍ਹਾਂ ਨੇ ਆਪਣੀਆਂ ਰੋਟੀਆਂ ਉਥੇ ਮੰਗਵਾਈਆਂ ਤਾਂ ਕਿਤੇ ਜਾ ਕੇ ਥੋੜ੍ਹਾ ਬਹੁਤ ਤੇਲ ਮਿਲਿਆ । ਮੈਂ ਕਹਿੰਦਾ ਹਾਂ ਕਿ

ਕਿਸਾਨਾਂ ਨੂੰ ਸਸਤੇ ਰੇਟ ਤੇ ਖਾਦ, ਬਿਜਲੀ ਅਤੇ ਡੀਜ਼ਲ ਦਿੱਤਾ ਜਾਵੇ ਕਿਉਂਕਿ ਅੱਜ ਪੰਜਾਬ ਸਾਰੇ ਦੇਸ਼ ਨੂੰ ਅੰਨ ਪੈਦਾ ਕਰਕੇ ਦਿੰਦਾ ਹੈ। ਅੱਜ ਜਿਹੜੀ ਖਾਦ ਦਿੱਤੀ ਜਾ ਰਹੀ ਹੈ ਉਹ ਬਲੈਕ ਵਿਚ ਮਿਲਦੀ ਹੈ, ਜਾਂ ਮਿਲਾਵਟ ਵਾਲੀ ਹੈ। ਉਨ੍ਹਾਂ ਨੂੰ ਅੱਛੀ ਖਾਦ ਸਸਤੇ ਰੇਟ ਤੇ ਦਿੱਤੀ ਜਾਣੀ ਚਾਹੀਦੀ ਹੈ।

ਫਿਰ ਨਹਿਰਾਂ ਦੀਆਂ ਬੰਦੀਆਂ ਦਾ ਮਸਲਾ ਹੈ। ਇਕ ਦਿਨ ਨਹਿਰ ਚਲਦੀ ਹੈ ਅਤੇ ਚਾਰ ਦਿਨ ਬੰਦ ਰਹਿੰਦੀ ਹੈ। ਬਿਜਲੀ ਮਿਲਦੀ ਨਹੀਂ ਪਰ ਰੇਟ ਡਿਊਢਾ ਕਰ ਦਿੱਤਾ ਹੈ। ਜਿਹੜਾ ਇਨ੍ਹਾਂ ਦਾ ਰੈਵੇਨਿਊ ਐਕਟ ਹੈ ਉਹ ਕਹਿੰਦਾ ਹੈ ਕਿ ਜੇਕਰ ਕਿਸਾਨ ਨੂੰ ਪੂਰਾ ਪਾਣੀ ਨਾ ਦਿੱਤਾ ਜਾਵੇ ਤਾਂ ਉਸ ਨੂੰ ਉਸ ਦਾ ਮੁਆਵਜ਼ਾ ਦੇਣਾ ਚਾਹੀਦਾ ਹੈ। ਬਿਜਲੀ ਮਿਲਦੀ ਨਹੀਂ, ਪਾਣੀ ਮਿਲਦਾ ਨਹੀਂ, ਮੁਆਵਜ਼ਾ ਤਾਂ ਕਿਤੇ ਰਿਹਾ ਆਬਿਆਨਾ, ਮਾਮਲਾ, ਟੈਕਸ ਦੁਗਣਾ ਵੱਧਾ ਦਿਤਾ, ਬਿਜਲੀ ਦਾ ਰੇਟ ਡਿਊਢਾ ਕਰ ਦਿੱਤਾ, ਕਮਰਸ਼ਿਅਲ ਟੈਕਸ ਲਾ ਦਿੱਤਾ। ਅਗੇ ਕਮਰਸ਼ਿਅਲ ਟੈਕਸ ਲਗਦਾ ਸੀ ਉਨ੍ਹਾਂ ਤੇ ਜਿਹੜੇ ਸ਼ਹਿਰ ਵਿਚ ਕਪਾਹ ਲੈ ਕੇ ਜਾਂਦੇ ਸੀ। ਹੁਣ ਉਸ ਤੇ ਲਾ ਦਿੱਤਾ ਜਿਹੜਾ ਬੀਜਦਾ ਹੈ, ਭਾਵੇਂ ਫ਼ਸਲ ਗਲ ਜਾਏ, ਸੜ ਜਾਏ, ਖ਼ਰਾਬ ਹੋ ਜਾਏ। ਮੈਂ ਕਹਿੰਦਾ ਹਾਂ ਕਿ ਇਹ ਟੈਕਸ ਖ਼ਤਮ ਕਰਨਾ ਚਾਹੀਦਾ ਹੈ, ਜਿਹੜਾ ਆਬਿਆਨਾ ਤੇ ਮਾਲੀਆ ਵਧਾਇਆ ਹੈ ਅਤੇ ਬਿਜਲੀ ਦਾ ਰੇਟ ਡਿਊਢਾ ਕੀਤਾ ਹੈ ਇਹ ਵਾਪਸ ਲੈਣਾ ਚਾਹੀਦਾ ਹੈ।

ਕਪਾਹ ਦੇ ਭਾਅ ਦੀ ਮੰਗ ਬਾਰੇ ਬਠਿੰਡਾ ਵਿਚ ਇਕ ਮੁਜ਼ਾਹਰਾ ਕੀਤਾ ਗਿਆ ਅਤੇ ਮੁਜ਼ਾਹਰਾ ਕਰਨ ਵਾਲਿਆਂ ਤੇ ਲਾਠੀ, ਗੋਲੀ ਚਲਾਈ ਗਈ। ਉਹ ਮੰਗ ਕਰਦੇ ਸਨ ਕਿ ਸਾਡੀ ਕਪਾਹ ਦੀ ਖਰੀਦ ਸੀ. ਸੀ. ਆਈ. ਕਰੇ, ਅਤੇ ਸਾਨੂੰ ਵਾਜਬ ਪੈਸੇ ਦਿੱਤੇ ਜਾਣ। ਪਰ ਸਰਕਾਰ ਨੇ ਉਨ੍ਹਾਂ ਤੇ ਲਾਠੀ, ਗੋਲੀ ਚਲਾਈ। ਉਨ੍ਹਾਂ ਦੀ ਮੰਗ ਜਾਇਜ਼ ਸੀ। ਅੱਜ ਇਹ ਕਿਹਾ ਹੈ ਕਿ ਇਹ ਵਪਾਰ ਸਰਕਾਰ ਹੱਥ ਵਿਚ ਲੈ ਰਹੀ ਹੈ। ਇਸ ਵਿਚ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ। ਪਹਿਲਾਂ ਕਹਿੰਦੇ ਸੀ ਕਿ ਸੀ. ਸੀ. ਆਈ. ਮਾਰਕਿਟ ਵਿਚ ਆ ਰਹੀ ਹੈ ਅਤੇ ਫਿਰ ਕਹਿ ਦਿੱਤਾ ਕਿ ਮਾਰਕਫੈਡ ਆ ਰਹੀ ਹੈ। ਮਾਰਕਫ਼ੈਡ ਉਦੋਂ ਆਈ ਜਦੋਂ ਸਸਤੇ ਭਾਅ ਤੇ ਕਿਸਾਨ ਦੀ ਕਪਾਹ ਵੱਡੇ ਵੱਡੇ ਸਰਮਾਏਦਾਰਾਂ ਨੇ ਲੈ ਲਈ। ਹੁਣ ਕਪਾਹ ਜਾਗੀਰਦਾਰਾਂ ਕੋਲ ਅਤੇ ਲੈਂਡ ਲਾਰਡਾਂ ਕੋਲ ਪਈ ਹੈ ਅਤੇ ਹੁਣ ਮਾਰਕਫੈਡ ਭੇਜ ਦਿੱਤੀ ਤਾਂ ਕਿ ਉਨ੍ਹਾਂ ਨੂੰ ਪੈਸੇ ਖਟਾ ਦਿਉ। ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਪਹਿਲਾਂ ਹੀ ਇਹ ਟਰੇਡ ਹੱਥ ਵਿਚ ਲੈ ਲੈਣਾ ਚਾਹੀਦਾ ਸੀ।

ਗੁਰੂ ਨਾਨਕ ਥਰਮਲ ਪਲਾਂਟ ਦੀ ਗੱਲ ਮੇਰੇ ਭਰਾ ਨੇ ਕਹੀ ਕਿ 1973–74 ਵਿਚ ਚਾਲੂ ਹੋ ਗਿਆ। ਉਹ ਇਕ ਦਿਨ ਚਲਦਾ ਹੈ ਅਤੇ ਚਾਰ ਦਿਨ ਬੰਦ ਰਹਿੰਦਾ ਹੈ। ਉਹ ਹੁਣ ਤਕ 326 ਦਫ਼ਾ ਖਰਾਬ ਹੋ ਚੁਕਾ ਹੈ। ਲੱਖਾਂ ਰੁਪਏ ਉਸ ਦੀ ਖਰਾਬੀ ਵਿਚ ਖ਼ਰਚ ਹੋ ਚੁੱਕੇ ਹਨ। ਮੈਂ ਕਹਿੰਦਾ ਹਾਂ ਕਿ ਪੜਤਾਲ ਕੀਤੀ ਜਾਵੇ ਕਿ ਕਿਸਦਾ ਕਸੂਰ ਹੈ ਅਤੇ ਉਸ ਦੀ ਪੂਰੀ ਤਰ੍ਹਾਂ ਮੁਰੰਮਤ ਕੀਤੀ ਜਾਵੇ।

ਦੂਜੇ ਪਾਸੇ ਅੱਜ ਕੀਮਤਾਂ ਬਹੁਤ ਜ਼ਿਆਦਾ ਹੋ ਗਈਆਂ ਹਨ, ਮੁਲਾਜ਼ਮਾਂ ਦਾ ਕੀ ਹਾਲ ਹੈ। ਪੌਂਗ ਡੈਮ ਅਤੇ ਥੇਈਂ ਡੈਮ ਦੀ ਅਜੇ ਤਕ ਮਨਜ਼ੂਰੀ ਨਹੀਂ ਲਈ। ਗਵਰਨਰ ਸਾਹਿਬ ਨੇ ਕਿਹਾ ਕਿ ਮਨਜ਼ੂਰੀ ਲੈਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਿਛਲੇ ਸਾਲ ਕਿਹਾ ਸੀ ਕਿ ਮਨਜ਼ੂਰੀ ਲੈ ਲਈ ਹੈ। ਇਹ ਇਕ ਗਲਤ ਗੱਲ ਕਹੀ ਗਈ ਸੀ। ਇਸ ਲਈ ਬਿਆਸ ਡੈਮ, ਥੇਈਂ ਡੈਮ ਦੇ ਜਿਹੜੇ ਕਰਮਚਾਰੀ ਬੇਕਾਰ ਹੋ ਗਏ ਹਨ ਉਨ੍ਹਾਂ ਨੂੰ ਕੰਮ ਤੇ ਲਾਇਆ ਜਾਵੇ ਅਤੇ ਇਨ੍ਹਾਂ ਡੈਮਾਂ ਦੀ ਮਨਜ਼ੂਰੀ ਲਈ ਜਾਵੇ।

ਮਾਸਟਰ ਚੰਦ ਸਿੰਘ]

ਬਿਜਲੀ ਨਾ ਹੋਣ ਕਰਕੇ ਛਾਂਟੀ ਹੋ ਰਹੀ ਹੈ, ਕਾਰਖਾਨੇ ਬੰਦ ਹੋ ਰਹੇ ਹਨ। ਮਜ਼ਦੂਰਾਂ ਨੂੰ 10 ਦਿਨਾਂ ਦੀ ਤਨਖਾਹ ਦਿੱਤੀ ਜਾਂਦੀ ਹੈ ਅਤੇ 20 ਦਿਨ ਦੀ ਜਿਹੜੀ ਤਨਖਾਹ ਹੈ, ਮੈਂ ਪੁਛਦਾ ਹਾਂ, ਕਿ ਕਿਸ ਨੇ ਦੇਣੀ ਹੈ। ਬਾਕੀ ਦਿਨਾਂ ਦੀ ਤਨਖਾਹ ਕੀ ਸ਼ਰਮਾ ਜੀ ਨੇ ਦੇਣੀ ਹੈ? ਉਨ੍ਹਾਂ ਨੂੰ ਪੂਰੇ ਮਹੀਨੇ ਦੀ ਤਨਖਾਹ ਮਿਲਣੀ ਚਾਹੀਦੀ ਹੈ। ਤੁਸੀਂ ਸ਼ਰਮਾ ਜੀ, ਆਪਣੀ ਸਰਕਾਰ ਨੂੰ ਕਹੋ ਕਿ ਉਨ੍ਹਾਂ ਨੂੰ ਇੱਕ ਮਹੀਨੇ ਦੀ ਤਨਖਾਹ ਦਿਉ ਚਾਹੇ ਉਨ੍ਹਾਂ ਦੀ ਫੈਕਟਰੀ ਬੰਦ ਹੋਵੇ, ਜਾਂ ਤੁਹਾਡੀਆਂ ਪਾਲਿਸੀਆਂ ਕਾਰਣ ਉਨ੍ਹਾਂ ਦੀ ਫੈਕਟਰੀ ਨੂੰ ਬਿਜਲੀ ਨਾ ਮਿਲੇ। ਇਸ ਲਈ ਤੁਹਾਨੂੰ ਉਨ੍ਹਾਂ ਮਜ਼ਦੂਰਾਂ ਨੂੰ ਇੱਕ ਮਹੀਨੇ ਦੀ ਫੁਲ ਤਨਖਾਹ ਦੇਣੀ ਚਾਹੀਦੀ ਹੈ ਤਾਕਿ ਉਨ੍ਹਾਂ ਦੀ ਬੇਚੈਨੀ ਦੂਰ ਹੋਵੇ। (ਘੰਟੀ) ਮੈਂ, ਡਿਪਟੀ ਸਪੀਕਰ ਸਾਹਿਬ, ਬੰਦ ਹੀ ਕਰਨ ਲੱਗਿਆਂ ਹਾਂ। ਸੀ.ਪੀ.ਆਈ. ਵਾਲਿਆਂ ਨੇ ਇਕ [illegible] ਲਿਆਂਦਾ ਕਿ ਬਾਈਕਾਟ ਬੰਦ ਕਰੋ। ਬਾਈਕਾਟ ਬੜਾ ਅਹਿਮ ਮਸਲਾ ਹੈ। ਉਜਰਤ ਦੇ ਸਵਾਲ ਤੇ [illegible]ਡੇ ਵੱਡੇ ਜ਼ਿਮੀਦਾਰ ਗਰੀਬ ਮਜ਼ਦੂਰਾਂ ਨੂੰ ਆਪਣੇ ਖੇਤਾਂ ਵਿੱਚ ਨਹੀਂ ਜਾਣ ਦਿੰਦੇ। ਉਨ੍ਹਾਂ ਦਾ ਬਾਈ[illegible] ਕਰ ਦਿੰਦੇ ਹਨ। ਸਰਕਾਰ ਨੂੰ ਬਾਈਕਾਟ ਨੂੰ ਗੈਰ-ਕਾਨੂੰਨੀ ਕਰਾਰ ਦੇਣਾ ਚਾਹੀਦਾ ਹੈ ਤਾਕਿ [illegible]ਕਾਂ ਨੂੰ ਉਨ੍ਹਾਂ ਦੇ ਹੱਕ ਮਿਲਣ ਜਿਨ੍ਹਾਂ ਨੂੰ ਕਿ ਜ਼ਿਮੀਂਦਾਰ ਕੁਚਲੀ ਜਾ ਰਹੇ ਹਨ। ਮੁਲਾਜ਼ਮਾਂ ਤੇ 50 [illegible] ਕਟੌਤੀ ਲਾ ਦਿੱਤੀ ਹੈ।

ਸ਼੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਹੋ ਗਿਆ ਹੈ, ਤੁਸੀਂ ਹੁਣ ਬੈਠ ਜਾਉ। (Your time is over. Please resume your seat now.)

ਮਾਸਟਰ ਚੰਦ ਸਿੰਘ : ** ** ।

ਸ਼੍ਰੀ ਡਿਪਟੀ ਸਪੀਕਰ: ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying without the permission of the Chair, should not be recorded.)

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ): ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਜੋ ਅਡਰੈਸ ਪੇਸ਼ ਕੀਤਾ ਹੈ ......

ਸ਼੍ਰੀ ਡਿਪਟੀ ਸਪੀਕਰ : ਜੇ ਤੁਹਾਡੀ ਪਾਰਟੀ ਦੇ ਕਿਸੇ ਹੋਰ ਮੈਂਬਰ ਨੇ ਬੋਲਣਾ ਹੈ ਤਾਂ ਤੁਸੀਂ ਪੰਜ ਦਸ ਮਿੰਟਾਂ ਵਿਚ ਆਪਣੀ ਸਪੀਚ ਖ਼ਤਮ ਕਰੋ ਨਹੀਂ ਤਾਂ ਤੁਸੀਂ 20 ਮਿੰਟਾਂ ਲਈ ਬੋਲ ਲਉ। (If some other member of your Party also wants to speak, then please conclude your speech within five to ten minutes otherwise you can speak for twenty minutes.)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਪੌਣਾ ਘੰਟਾ ਬੋਲਣਾ ਹੈ। ਗਵਰਨਰ ਸਾਹਿਬ ਨੇ ਜੋ ਐਡਰੈਸ ਪੇਸ਼ ਕੀਤਾ ਹੈ ਮੈਂ ਉਸ ਨੂੰ ਫੋਕਾ, ਫਿਕਾ, ਬਕਬਕਾ, ਇਨਕੰਕਰੀਟ ਅਤੇ ਇਨਕੰਪਲੀਟ ਕਹਿੰਦਾ ਹਾਂ। ਇਸ ਦੇ ਵਿਚ ਪੰਜਾਬ ਦੇ ਕਿਸਾਨ ਵਾਸਤੇ, ਪੰਜਾਬ ਦੀ ਇੰਡਸਟਰੀ ਵਾਸਤੇ, ਪੰਜਾਬ ਦੀ ਐਗਰੀਕਲਚਰ ਵਾਸਤੇ, ਪੰਜਾਬ ਦੀ ਡਿਵੈਲਪਮੈਂਟ ਵਾਸਤੇ ਅਤੇ

**Not recorded as ordered by the Chair.

ਦੂਜਿਆਂ ਤਬਕਿਆਂ ਦੇ ਭਲੇ ਵਾਸਤੇ ਅਤੇ ਜਿਹੜੇ ਅਨਇੰਪਲਾਇਡ ਡਾਕਟਰਜ਼, ਲਾਇਅਰਜ਼ ਆਦਿ ਹਨ, ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ। ਮੈਂ ਵੇਰਵੇ ਅਨੁਸਾਰ ਇਸ ਬਾਰੇ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ। ਕਿਸਾਨਾਂ ਨਾਲ ਇਹ ਮਜ਼ਾਕ ਕੀਤਾ ਗਿਆ ਹੈ। ਪੰਜਾਬ ਦੀ ਗੌਰਮਿੰਟ ਨੇ ਉਨ੍ਹਾਂ ਦੀ ਕਣਕ ਦਾ ਭਾਅ ਬਿਲਕੁਲ ਨਹੀਂ ਵਧਾਇਆ ਪਰ ਫਰਟੇਲਾਈਜ਼ਰ ਦੀ ਕੀਮਤ 200% ਵਧਾ ਦਿੱਤੀ ਹੈ ਅਤੇ ਟਰੈਕਟਰ ਜਿਹੜਾ ਅੱਜ ਕਿਸਾਨ ਖਰੀਦਦਾ ਹੈ ਉਸਦੀ ਕੀਮਤ ਵਿੱਚ ਵੀ 30% ਦਾ ਵਾਧਾ ਹੋ ਗਿਆ ਹੈ। ਮੋਬਿਲਆਇਲ ਦਾ ਭਾਅ ਚਾਰ ਗੁਣਾ ਵੱਧ ਗਿਆ ਹੈ, ਪੈਟਰੋਲ ਦੀ ਕੀਮਤ ਵੱਧ ਗਈ ਅਤੇ ਜੋ ਜੋ ਚੀਜ਼ਾਂ ਕਿਸਾਨ ਨੇ ਖ਼ਰੀਦਣੀਆਂ ਹੁੰਦੀਆਂ ਹਨ ਉਨ੍ਹਾਂ ਦਾ ਭਾਅ ਬਹੁਤ ਜ਼ਿਆਦਾ ਹੋ ਗਿਆ ਹੈ। ਗੰਨੇ ਦਾ ਭਾਅ ਸਰਕਾਰ ਨੇ ਠੀਕ ਮੁਕੱਰਰ ਨਹੀਂ ਕੀਤਾ। ਪੈਡੀ, ਜੋ ਪਿਛਲੇ ਸਾਲ 70 ਰੁਪਏ ਕੁਇੰਟਲ ਦੇ ਹਿਸਾਬ ਨਾਲ ਵਿਕਦੀ ਸੀ, ਉਸ ਦਾ ਭਾਅ 74 ਰੁਪਏ ਕਰਕੇ ਕਿਸਾਨਾਂ ਦਾ ਮੂੰਹ ਪੂੰਝਣ ਵਾਲੀ ਗੱਲ ਇਸ ਸਰਕਾਰ ਨੇ ਕੀਤੀ ਹੈ। ਮੇਰਾ ਖਿਆਲ ਹੈ ਕਿ ਪੈਡੀ ਦੀ ਕੀਮਤ 150 ਰੁਪਏ ਕੁਇੰਟਲ ਹੋਣੀ ਚਾਹੀਦੀ ਹੈ। ਕਣਕ ਦਾ ਭਾਅ ਕਮ-ਅਜ਼-ਕਮ 200 ਰੁਪਏ ਕੁਇੰਟਲ ਕਿਸਾਨ ਨੂੰ ਦੇਣਾ ਚਾਹੀਦਾ ਹੈ ਅਤੇ ਮਜ਼ਦੂਰਾਂ ਵਾਸਤੇ ਸਬਸੀਡਾਇਜ਼ ਰੇਟ ਤੇ ਕਣਕ ਦਿੱਤੀ ਜਾਣੀ ਚਾਹੀਦੀ ਹੈ। ਕਿਸਾਨ ਨੂੰ ਨਰਮਾ 420 ਰੁਪਏ ਪ੍ਰਤੀ ਕੁਇੰਟਲ ਆਪਣੇ ਘਰ ਪੈਂਦਾ ਹੈ। ਲੇਕਿਨ ਪੰਜਾਬ ਦੇ ਕਿਸਾਨ ਨੂੰ ਖ਼ਤਮ ਕਰਨ ਵਾਸਤੇ, ਪੰਜਾਬ ਦੀ ਸਰਕਾਰ ਦਿੱਲੀ ਵਾਲਿਆਂ ਨਾਲ ਰਲ ਕੇ ਕਿਸਾਨਾਂ ਦੇ ਖਿਲਾਫ ਇਕ ਕੌਂਸਪਿਰੇਸੀ ਕਰ ਰਹੀ ਹੈ ਅਤੇ ਇਥੋਂ ਦੀ ਇਕਾਨਮੀ ਨੂੰ ਸ਼ੈਟਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਨਰਮੇ ਦਾ ਗ੍ਰੋਅਰਜ਼ ਨੂੰ ਭਾਅ ਘੱਟ ਦਿੱਤਾ ਜਾ ਰਿਹਾ ਹੈ ਤਾਕਿ ਉਹ ਆਪਣੇ ਪੈਰਾਂ ਤੇ ਖੜੇ ਨਾ ਸਕਣ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਪੰਜਾਬ ਦੇ ਕਿਸਾਨ ਨੇ 60% ਵ੍ਹੀਟ ਅਤੇ 40% ਪੈਡੀ ਸੈਂਟਰਲ ਪੂਲ ਵਿੱਚ ਦਿੱਤੀ ਹੈ ਉਸ ਕਿਸਾਨ ਦਾ ਹੱਕ ਬਣਦਾ ਹੈ ਕਿ ਜਦੋਂ ਕੋਈ ਰੁਪਿਆ ਸੈਂਟਰ ਦੀ ਸਰਕਾਰ ਗਰਾਂਟ ਜਾਂ ਏਡ ਦੀ ਸ਼ਕਲ ਵਿੱਚ ਦੇਵੇ ਤਾਂ ਉਸਦਾ 60% ਅਤੇ 40% ਦੀ ਰੇਸ਼ੋ ਨਾਲ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਕਲ ਮੇਰੇ ਲੀਡਰ ਨੇ ਕਿਹਾ ਸੀ ਕਿ ਪੰਜਾਬ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਨੇ ਭੁੱਖੇ ਹਿੰਦੁਸਤਾਨ ਦਾ ਢਿੱਡ ਭਰਿਆ ਹੈ ਅਤੇ ਦੂਜੇ ਮੁਲਕਾਂ ਸਾਹਮਣੇ ਮਿੰਨਤਾਂ ਕਰਨ ਤੋਂ ਬਚਾਇਆ ਹੈ ਉਸ ਦੇ ਬਦਲੇ ਵਿੱਚ ਇਨ੍ਹਾਂ ਨੇ ਕੀ ਦਿੱਤਾ ਹੈ। ਲੀਡਰ ਆਫ ਦੀ ਹਾਊਸ, ਗਿਆਨੀ ਜ਼ੈਲ ਸਿੰਘ, ਨੇ ਗਵਰਨਰ ਐਡਰੈਸ ਵਿੱਚ ਮੰਨਿਆਂ ਸੀ ਕਿ ਅਸੀਂ ਸੈਂਟਰ ਤੋਂ ਥੇਈਂ ਡੈਮ ਬਣਾਉਣ ਦੀ ਮੰਜ਼ੂਰੀ ਲੈ ਲਈ ਹੈ ਪਰ ਉਹ ਨਿਰਾ ਫਰਾਡ ਸਾਬਤ ਹੋਇਆ। ਇਹ ਪੰਜਾਬ ਦੇ ਕਿਸਾਨ ਨੂੰ ਤਕੜਾ ਨਹੀਂ ਬਣਾਉਣਾ ਚਾਹੁੰਦਾ। ਪੰਜਾਬ ਦੀ ਇਕਾਨਮੀ ਨੂੰ ਸ਼ੈਟਰ ਕਰਨਾ ਚਾਹੁੰਦੇ ਹਨ ਤਾਕਿ ਜਿਨ੍ਹਾਂ ਕਿਸਾਨਾਂ ਨੇ ਆਪਣੇ ਪੁਤਰਾਂ ਨੂੰ ਦੇਸ਼ ਦੀ ਰੱਖਿਆ ਵਾਸਤੇ ਪਾਕਿਸਤਾਨ ਅਤੇ ਚੀਨ ਦੀ ਜੰਗ ਵਿੱਚ ਸ਼ਹੀਦੀ ਲਈ ਭੇਜਿਆ ਸੀ ਉਹ ਬਿਲਕੁਲ ਕਮਜ਼ੋਰ ਹੋ ਜਾਣ। ਇਹ ਪੰਜਾਬ ਵਿੱਚ ਅਟਾਮਿਕ ਪਲਾਂਟ ਨਹੀਂ ਲਾਉਂਦੇ। ਵੱਡੇ ਵੱਡੇ ਕਾਰਖਾਨੇ ਇਹ ਨਹੀਂ ਲਾਉਂਦੇ। ਪੰਜਾਬ ਵਿੱਚ ਇੰਡਸਟਰੀ ਦੀ ਬੁਰੀ ਹਾਲਤ ਹੈ। ਮੈਂ ਪਿਛੇ ਜਿਹੇ ਅਖਬਾਰ ਵਿਚ ਪੜ੍ਹਿਆ ਸੀ ਇਹ ਦੇਖਣ ਲਈ ਕਿ ਪਿੰਡਾਂ ਦੀ ਸਮਾਲ ਸਕੇਲ ਇੰਡਸਟਰੀ ਕਿਉਂ ਫੇਲ੍ਹ ਹੋ ਰਹੀ ਹੈ, ਸਰਕਾਰ ਨੇ ਇੱਕ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਮੈਂ ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੀ ਇੰਡਸਟਰੀ ਨੂੰ ਦੋ ਕਰੋੜ ਰੁਪਿਆ ਰੋਜ਼ਾਨਾ ਘਾਟਾ ਪੈ ਰਿਹਾ ਹੈ, ਪ੍ਰਾਫਿਟ ਦੀ ਤਾਂ ਗੱਲ ਹੀ ਛੱਡੋ। ਇੰਡਸਟਰੀ ਨੂੰ ਬਿਜਲੀ ਨਾ ਮਿਲਣ ਦਾ ਕਾਰਣ ਇ ਸਰਕਾਰੀ ਤੈਂਚਾਂ ਤੇ ਬੈਠੇ ਵਜ਼ੀਰ ਹਨ, ਜਿਨ੍ਹਾਂ ਨੇ ਕਿ ਪੰਜਾਬ ਦੇ ਕਿਸਾਨ; ਮਜ਼ਦੂਰ, ਇੰਡਸਟਰੀਅਲਿ ਅਤੇ ਮੁਲਾਜ਼ਮਾਂ ਦੀ ਮਦਦ ਦੀ ਕੋਈ ਕੋਸ਼ਿਸ਼ ਨਹੀਂ ਕਰਨੀ। ਲੇਕਿਨ ਪੰਜਾਬ ਦੀ ਇੰਡਸਟਰੀ ਨੂੰ ਤਬਾਹ ਕਰਨ ਦੇ ਵਿੱਚ ਪੰਜਾਬ ਦੇ ਵਜ਼ੀਰਾਂ ਦਾ ਹੱਥ ਹੈ। ਪੰਜਾਬ ਦੀ ਸਰਕਾਰ ਨੇ ਇੰਡਸਟਰੀ ਵੱਲ ਕੋਈ ਧਿਆਨ ਨਹੀਂ ਦਿੱਤਾ। ਕੋਈ ਇਨ੍ਹਾਂ ਨੇ ਜੈਨਰੇਟਰ ਨਹੀਂ ਮੰਗਵਾਏ ਤਾਕਿ ਉਨ੍ਹਾਂ ਨੂੰ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਚਲਾ ਕੇ ਇੰਡਸਟਰੀ ਚਲ ਸਕੇ । ਇਸ ਸਰਕਾਰ ਨੇ ਇੰਡਸਟਰੀ ਨੂੰ ਜੋ ਸਬਸਿਡੀ ਦੇਣੀ ਸੀ ਉਹ ਬੰਦ ਕਰ ਦਿੱਤੀ। ਇਥੇ ਕਿਹਾ ਗਿਆ ਹੈ ਕਿ ਇੰਡਸਟਰੀ ਲਾਉਣ ਦੇ 64 ਲਾਇਸੈਂਸ ਇਨ੍ਹਾਂ ਨੇ ਪੰਜਾਬੀਆਂ ਨੂੰ ਦਿੱਤੇ ਹਨ। ਮੈਂ ਕਹਿੰਦਾ ਹਾਂ ਕਿ ਇਹ ਇਨ੍ਹਾਂ ਬੰਦਿਆਂ ਦੇ ਨਾਂ ਦੱਸਣ। ਇਨ੍ਹਾਂ ਵਿਚੋਂ 99% ਆਦਮੀ ਕਾਂਗਰਸੀ ਹੋਣਗੇ । ਮੈਂ ਕਹਿੰਦਾ ਹਾਂ ਕਿ ਵਰਕਰਾਂ ਨਾਲ, ਆਪੋਜ਼ੀਸ਼ਨ ਨਾਲ, ਗਰੀਬ ਹਰੀਜਨਾਂ ਨਾਲ ਜਾਂ ਹੋਰ ਕਿਸੇ ਤਬਕੇ ਦੇ ਆਦਮੀ ਨਾਲ ਇਸ ਸਰਕਾਰ ਦਾ ਵਤੀਰਾ ਠੀਕ ਨਹੀਂ ਅਤੇ ਉਨ੍ਹਾਂ ਨੂੰ ਇਹ ਲਾਇਸੈਂਸ ਦੇਣ ਵਿੱਚ ਨਜ਼ਰ ਅੰਦਾਜ਼ ਕੀਤਾ ਗਿਆ ਹੈ ਅਤੇ ਉਨ੍ਹਾਂ ਲੋਕਾਂ ਦੀ ਹਾਲਤ ਭੁੱਖ-ਮਰੀ ਵਾਲੀ ਹੋ ਗਈ ਹੈ ਅਤੇ ਉਨ੍ਹਾਂ ਦਾ ਸਟੈਂਡਰਡ ਆਫ ਲਿਵਿੰਗ ਬਹੁਤ ਹੀ ਨੀਵਾਂ ਹੋ ਗਿਆ ਹੈ । ਸਰਕਾਰ ਨੇ ਕਿਹਾ ਹੈ ਕਿ ਅਸੀਂ ਗਰੀਬਾਂ ਵਾਸਤੇ, ਮਜ਼ਦੂਰਾਂ ਵਾਸਤੇ ਅਤੇ ਹਰੀਜਨਾਂ ਵਾਸਤੇ 10,560 ਡਿਪੂ ਦਿੱਤੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਦਾ ਹਾਂ ਕਿ ਇਨ੍ਹਾਂ ਨੇ ਇਹ ਡਿਪੂ ਕਾਂਗਰਸ ਦੇ ਝੋਲੀ-ਚੁੱਕਾਂ ਨੂੰ ਅਤੇ ਫਰਮਾ-ਬਰਦਾਰਾਂ ਨੂੰ ਦਿੱਤੇ ਹਨ । ਤੁਸੀਂ ਕਿਸੇ ਵੀ ਪਿੰਡ ਵਿੱਚ ਚਲੇ ਜਾਉ ਜਿਥੇ ਇਨ੍ਹਾਂ ਨੇ ਇਹ ਨਾਮ-ਨਿਹਾਦ ਡਿਪੂ ਖੋਲੇ ਹਨ ਜਿਨ੍ਹਾਂ ਤੇ ਫੱਟੇ ਉਨ੍ਹਾਂ ਹੀ ਲੋਕਾਂ ਦੇ ਲੱਗੇ ਹਨ ਜਿਹੜੇ ਕਿ ਕਾਂਗਰਸੀਆਂ ਦੇ ਝੋਲੀ-ਚੁੱਕ ਹਨ । ਇਸ ਤੋਂ ਵਧ ਵਿਤਕਰਾ ਪੰਜਾਬ ਦੇ ਗਰੀਬ ਕਿਸਾਨ ਅਤੇ ਮਜ਼ਦੂਰ ਨਾਲ ਕੀ ਹੋ ਸਕਦਾ ਹੈ । ਪਿੰਡਾਂ ਦੇ ਵਿੱਚ ਕੋਈ ਡਿਪੂ ਨਹੀਂ ਖੋਲ੍ਹਿਆ ਗਿਆ । ਡਿਪਟ ਸਪੀਕਰ ਸਾਹਿਬ, ਜਿਥੇ ਡਿਪੂ ਖੋਲੇ ਗਏ ਹਨ ਉਥੋਂ ਦੇ ਡਿਪੂਆਂ ਦੇ ਮੈਨੇਜਰ ਜਾਂ ਬੋਰਡ ਆਫ ਡਾਇਰੈਕਟਰਜ਼ ਕਾਂਗਰਸ ਪਾਰਟੀ ਦੇ ਵਲੋਂ ਹੀ ਨਾਮਜ਼ਦ ਕੀਤੇ ਗਏ ਹਨ। ਕਨਜ਼ਿਊਮਰ ਸਟੋਰਾਂ ਵਿਚ ਜੋ ਘੜੀਆਂ ਆਉਂਦੀਆਂ ਹਨ, ਜਪਾਨੀ ਕਪੜਾ ਆਉਂਦਾ ਹੈ, ਉਹ ਪੰਜਾਬ ਦੇ ਗਰੀਬ ਹਰੀਜਨ ਅਤੇ ਕਮ-ਜ਼ੋਰ ਤਬਕੇ ਨੂੰ ਦੇਣ ਦੀ ਬਜਾਏ ਚੋਰੀ ਛਿਪੀ ਗਬਨ ਕਰਕੇ ਆਪਣੇ ਘਰਾਂ ਵਿੱਚ ਲੈ ਜਾਂਦੇ ਹਨ ।

ਸ੍ਰੀ ਡਿਪਟੀ ਸਪੀਕਰ : ਕਾਂਗਰਸ ਪਾਰਟੀ ਤਾਂ ਕਿਸੇ ਬੋਰਡ ਆਫ ਡਾਇਰੈਕਟਰਜ਼ ਨੂੰ ਨਾਮਜ਼ਦ ਨਹੀਂ ਕਰਦੀ; ਇਹ ਤਾਂ ਸਰਕਾਰ ਹੀ ਕਰ ਸਕਦੀ ਹੈ । (The Congress Party does not nominate members on the Board of Directors. This is done by the Government)

ਸਰਦਾਰ ਜਸਵਿੰਦਰ ਸਿੰਘ ਬਰਾੜ : ਬੋਗਸ ਐਪਲੀਕੇਸ਼ਨਾਂ, ਡਿਪਟੀ ਸਪੀਕਰ ਸਾਹਿਬ, ਲਈਆਂ ਜਾਂਦੀਆਂ ਹਨ । The way of distribution of commodities in Co-operative Stores is totally wrong and baseless. ਡਿਪਟੀ ਸਪੀਕਰ ਸਾਹਿਬ, ਬੋਗਸ ਆਦਮੀਆਂ ਦੇ ਨਾਂ ਤੇ ਪਰਮਿਟ ਲਏ ਜਾਂਦੇ ਹਨ ਜਿਹੜੇ ਕਿ ਹੁਣ ਤਾਂਈ ਪੈਦਾ ਵੀ ਨਹੀਂ ਹੋਏ ਹੁੰਦੇ, ਉਸ ਦੇ ਨਾਂ ਤੇ ਕਪੜਾ, ਰਾਸ਼ਨ, ਜਪਾਨੀ ਲੀੜਾ ਅਤੇ ਦੂਜੀਆਂ ਚੀਜ਼ਾਂ ਲਈਆਂ ਜਾਂਦੀਆਂ ਹਨ ਅਤੇ ਇਹ ਸਾਰੀਆਂ ਕਨਜ਼ਿਊਮਰ ਸਟੋਰਾਂ ਦੇ ਮੈਨੇਜਰਾਂ, ਬਿਊਰੋਕਰੇਟਸ ਅਤੇ ਕਾਂਗਰਸ ਪਾਰਟੀ ਦੇ ਸਰਕਰਦਾ ਮੈਂਬਰਾਂ ਕੋਲ ਜਾਂਦੀਆਂ ਹਨ । ਜਿਹੜੀ ਹਰੀਜਨਾਂ ਨੂੰ ਜ਼ਮੀਨ ਦੇਣ ਦੀ ਲਹਿਰ ਇਸ ਸਰਕਾਰ ਨੇ ਚਲਾਈ ਹੈ ਅਤੇ ਕਿਹਾ ਹੈ ਕਿ ਅਸੀਂ 1,80,000 ਪਲਾਟ ਦਿੱਤੇ ਹਨ, ਮੈਂ ਕਹਿਦਾ ਹਾਂ ਕਿ ਇਹ ਬਿਲਕੁਲ ਬੋਗਸ ਅਤੇ ਬੇਸਲੈਸ ਗੱਲ ਹੈ। ਪੰਜਾਬ ਦੇ ਵਜ਼ੀਰਾਂ ਅਤੇ ਚੀਫ ਮਨਿਸਟਰ ਨੇ ਇਸ ਹਾਊਸ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ । ਮੇਰੇ ਕੋਲ ਮਿਸਾਲਾਂ ਹਨ । ਪਿੰਡ ਦੇਵੀ-ਕੋਟ, ਫਰੀਦਕੋਟ ਵਿੱਚ ਹੈ ਜਿਥੇ ਕਿ 90% ਆਬਾਦੀ ਸੈਂਸੀਆਂ ਅਤੇ ਬਾਜ਼ੀਗਰਾਂ ਦੀ ਹੈ । ਉਨ੍ਹਾਂ ਨੂੰ ਪਲਾਟ ਅਲਾਟ ਕੀਤੇ ਗਏ। ਲੇਕਿਨ ਉਸ ਲੈਂਡਲਾਰਡ ਨੇ, ਜਿਸ ਨੇ ਸੈਂਕੜੇਂ ਏਕੜ ਜ਼ਮੀਨ ਤੇ ਕਬਜ਼ਾ

ਕੀਤਾ ਹੋਇਆ ਹੈ, ਉਹ ਇਨ੍ਹਾਂ ਨੂੰ ਪਲਾਟਾਂ ਦਾ ਕਬਜ਼ਾ ਦੇਣ ਤੋਂ ਇਨਕਾਰ ਕਰਦਾ ਹੈ ਅਤੇ ਉਹ ਇਸ ਸਰਕਾਰ ਦਾ ਝੋਲੀ ਚੁੱਕ ਹੈ । ਮੈਂ ਤੁਹਾਡੇ ਦੁਆਰਾ ਹਰੀਜਨ ਮੈਂਬਰਾਂ ਨੂੰ ਕਹਾਂਗਾ ਕਿ ਤੁਸੀਂ ਕਮੇਟੀ ਮੁਕੱਰਰ ਕਰਾਉ । ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਨੂੰ ਨਾਲ ਲਿਜਾ ਕੇ ਮੌਕਾ ਵਿਖਾਉਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਉਨ੍ਹਾਂ ਦੀ ਬੁਰੀ ਹਾਲਤ ਕੀਤੀ ਗਈ ਹੈ । ਉਨ੍ਹਾਂ ਗਰੀਬਾਂ ਨੂੰ ਪਲਾਟਾਂ ਵਿਚ ਵੜਨ ਨਹੀਂ ਦਿੱਤਾ ਜਿੱਥੇ ਸਰਕਾਰ ਨੇ ਇਹ ਅਲਾਟਮੈਂਟ ਕੀਤੀ ਹੈ । ਉਸ ਬਾਰੇ ਮੈਂ ਸਰਕਾਰ ਦਾ ਸ਼ੁਕਰੀਆ ਅਦਾ ਕਰਦਾ ਹਾਂ ਲੇਕਿਨ ਅਲਾਟਮੈਂਟ ਕਰ ਦੇਣ ਨਾਲ ਹੀ ਮਸਲਾ ਹੱਲ ਨਹੀਂ ਹੁੰਦਾ । ਸਰਕਾਰ ਉਨ੍ਹਾਂ ਨੂੰ ਘਰ ਬਣਾਉਣ ਵਾਸਤੇ 700/800 ਰੁਪੈ ਦਿੰਦੀ ਹੈ ਪਰ ਇਤਨੇ ਰੁਪਏ ਨਾਲ ਘਰ ਨਹੀਂ ਬਣ ਜਾਂਦਾ । ਇਸ ਲਈ ਮਕਾਨਾਂ ਨੂੰ ਬਣਾਉਣ ਲਈ ਬੋਰਡ ਬਣਾਇਆ ਜਾਵੇ, ਉਹ ਹੀ ਹਰੀਜਨਾਂ ਨੂੰ ਮਕਾਨ ਬਣਾ ਕੇ ਦੇਵੇ । ਜੇਕਰ ਇਸ ਤਰ੍ਹਾਂ ਨਹੀਂ ਤਾਂ ਫਿਰ ਸਰਕਾਰ ਉਨ੍ਹਾਂ ਨੂੰ ਲੋਨ ਨਾ ਦੇਵੇ; ਗਰਾਂਟ ਦੀ ਸ਼ਕਲ ਵਿਚ ਪੈਸੇ ਦੇਵੇ, ਕਿਉਂਕਿ ਲੋਨ ਤਾਂ ਉਸ ਨੇ ਮੋੜ ਨਹੀਂ ਸਕਣਾ । ਉਹ ਪੈਸਾ ਗਰਾਂਟ ਦੀ ਸ਼ਕਲ ਵਿਚ ਹੋਣਾ ਚਾਹੀਦਾ ਹੈ । ਜੇਕਰ ਇਸ ਤਰ੍ਹਾਂ ਵੀ ਸਰਕਾਰ ਨਹੀਂ ਕਰ ਸਕਦੀ ਤਾਂ ਬਾਹਲੀਆਂ ਕਿਸ਼ਤਾਂ ਵਿਚ ਔਰ ਸੌਖੀਆਂ ਕਿਸ਼ਤਾਂ ਵਿਚ ਮੋੜਨ ਲਈ ਲੋਨ ਦੇਣਾ ਚਾਹੀਦਾ ਹੈ ।

(ਇਸ ਸਮੇਂ ਵਿੱਤ ਮੰਤਰੀ ਜੀ ਦੀ ਸੀਟ ਤੇ ਚੌਧਰੀ ਸੁੰਦਰ ਸਿੰਘ ਜੀ ਬੈਠੇ ਉਨ੍ਹਾਂ ਨਾਲ ਗਲਾਂ ਕਰ ਰਹੇ ਸਨ ।)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਜਾਂ ਤਾਂ ਜੀ ਇਹ ਫਿਰ ਗੱਲਾਂ ਹੀ ਕਰ ਲੈਣ ਨਹੀਂ ਤਾਂ ਇਨ੍ਹਾਂ ਨੂੰ ਚੁੱਪ ਕਰਾਓ ।

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ ਕਹਿ ਰਹੇ ਹਨ ਕਿ ਥੇਂਈਂ ਡੈਮ ਦੀ ਥਾਂ ਗਰੀਬਾਂ ਨੂੰ ਮਕਾਨ ਹੀ ਬਣਾ ਦਿਉ । (ਹਾਸਾ) **(Chaudhri Sahib is saying that instead of constructing Thein Dam, the Government should construct the houses for the poor.) (*Laughter*)**

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਥੇਂਈਂ ਡੈਮ ਬਾਰੇ ਵੇਖ ਲਵੋ ਇਨ੍ਹਾਂ ਦੀਆਂ ਕਿਤਨੀਆਂ ਸਰਕਾਰਾਂ ਆਈਆਂ ਹਨ । ਭੀਮ ਸੈਨ ਸੱਚਰ ਦੀ ਸਰਕਾਰ ਆਈ, ਉਸ ਨੇ ਕੁਝ ਨਹੀਂ ਕੀਤਾ । ਗੋਪੀ ਚੰਦ ਭਾਰਗਵ ਦੀ ਸਰਕਾਰ ਆਈ, ਸਰਦਾਰ ਪਰਤਾਪ ਸਿੰਘ ਕੈਰੋਂ ਦੀ ਸਰਕਾਰ ਆਈ ਪਰ ਕਿਸੇ ਨੇ ਇਨ੍ਹਾਂ ਗਰੀਬਾਂ ਬਾਰੇ ਧਿਆਨ ਨਹੀਂ ਕੀਤਾ । ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਆਈ ਤਾਂ ਸਾਨੂੰ ਇਸ ਤੋਂ ਕਾਫੀ ਉਮੀਦਾਂ ਸਨ ਕਿ ਇਹ ਗਰੀਬ ਘਰਾਣੇ ਨਾਲ ਤੁਅੱਲਕ ਰੱਖਣ ਵਾਲੇ ਹਨ ਜ਼ਰੂਰ ਹੀ ਇਹ ਗਰੀਬ ਨੂੰ ਕੁਝ ਦੇਣਗੇ ਲੇਕਿਨ ਲੈਂਡ ਰਿਫਾਰਮਜ਼ ਜੋ ਗਿਆਨੀ ਜੀ ਨੇ ਕੀਤੇ ਉਨ੍ਹਾਂ ਨਾਲ ਇਕ ਇੰਚ ਜ਼ਮੀਨ ਵੀ ਜੋ ਪੈਪਸੂ ਦੇ ਕਾਨੂੰਨ ਦੇ ਅਧੀਨ ਨਿਕਲਣੀ ਸੀ, ਪੰਜਾਬ ਦੇ ਕਾਨੂੰਨ ਦੇ ਅਧੀਨ ਨਿਕਲਣੀ ਸੀ, ਨਹੀਂ ਨਿਕਲੀ । ਡਿਪਟੀ ਸਪੀਕਰ ਸਾਹਿਬ, ਇਕ ਮਰਲਾ ਵੀ ਜ਼ਮੀਨ ਦਾ ਨਹੀਂ ਵੰਡਿਆ ਗਿਆ । ਕਾਮਰੇਡ ਜੋਸ਼ ਜੀ ਨੇ ਔਰ ਚੋਪੜਾ ਜੀ ਨੇ ਇਸ ਬਾਰੇ ਨਹੀਂ ਆਖਿਆ । ਲੇਕਿਨ ਮੈਂ ਸਮਝਦਾ ਹਾਂ ਕਿ ਜੇਕਰ ਸਰਕਾਰ ਨੇ ਲੈਂਡ ਰਿਫਾਰਮਜ਼ ਕਰਨੇ ਹਨ ਤਾਂ ਲੈਂਡ ਲਾਰਡਜ਼ ਪਾਸੋਂ ਜਿਹੜੀ ਜਿਹੜੀ ਜ਼ਮੀਨ ਨਿਕਲਦੀ ਹੈ ਉਸ ਵਿਚੋਂ ਉਨ੍ਹਾਂ ਨੂੰ ਬਾਹਰ ਕੱਢ ਦਿਉ ।

ਮੁੱਖ ਸੰਸਦੀ ਸਕੱਤਰ : ਤੇ ਤੁਹਾਨੂੰ ਡਿਪਟੀ ਲੀਡਰੀ ਤੋਂ ਬਾਹਰ ਕੱਢ ਦਿਉ । (ਹਾਸਾ)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸ ਦੇਵਾਂ ਕਿ ਜੇਕਰ ਪੰਜਾਬ ਦੀ ਜਨਤਾ ਕਾਇਮ ਹੈ ਤਾਂ ਇਨ੍ਹਾਂ ਦੀਆਂ ਲੀਡਰੀਆਂ ਕਾਇਮ ਹਨ ਪਰ ਜੇਕਰ ਜਨਤਾ ਉਠ ਖੜ੍ਹੀ ਹੋਈ ਤਾਂ ਉਹ ਤੁਹਾਡੀਆਂ ਕਾਰਾਂ ਖੋਹ ਲੈਣਗੇ, ਤੁਹਾਨੂੰ ਕਿਸੇ ਨੇ ਗਲੀਆਂ ਕੂਚਿਆਂ ਵਿਚ ਵੜਨ ਨਹੀਂ ਦੇਣਾ ।

ਸ੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ, ਤੁਸੀਂ ਆਪਣੀ ਸਪੀਚ ਕਨਟੀਨਿਊ ਕਰੋ । (Brar Sahib, please continue your speech on the Governor's Address)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਇਹ ਲੈਂਡ ਲਾਰਡਰਜ਼ ਗਰੀਬ ਕਿਸਾਨਾਂ ਉਪਰ ਹਾਵੀ ਹਨ, ਹਰੀਜਨਾਂ ਉਪਰ ਹਾਵੀ ਹਨ । ਇਸ ਲਈ ਸਰਕਾਰ ਦੇ ਲੈਂਡ ਰਿਫਾਰਮਜ਼ ਉਨ੍ਹਾਂ ਗਰੀਬਾਂ ਤੱਕ ਨਹੀਂ ਪਹੁੰਚਦੇ । ਇਸ ਲਈ ਮੈਂ ਸੁਝਾਉ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੂੰ ਦੇਵਾਂਗਾ ਕਿ ਜੇਕਰ ਤੁਸੀਂ ਜਗੀਰਦਾਰਾਂ ਨੂੰ, ਸਮੱਗਲਰਾਂ ਨੂੰ, ਕੋਟਾ ਹੋਲਡਰਾਂ ਨੂੰ ਮੂੰਹ ਲਗਾਉਣਾ ਹੈ ਤਾਂ ਗਰੀਬਾਂ ਦਾ ਤੁਸੀਂ ਭਲਾ ਨਹੀਂ ਕਰ ਸਕਦੇ । ਲੈਂਡ ਰਿਫਾਰਮਜ਼ ਨਾਲ ਜਾਗੀਰਦਾਰ ਚੰਗੀ ਜ਼ਮੀਨ ਨਹੀਂ ਦੇ ਸਕਦੇ । (ਘੰਟੀ)

ਸ੍ਰੀ ਡਿਪਟੀ ਸਪੀਕਰ : ਤੁਸੀਂ ਬਰਾੜ ਸਾਹਿਬ, ਵਾਈਂਡ ਅੱਪ ਕਰੋ । (Brar Sahib, please wind up.)

ਸਰਦਾਰ ਜਸਵਿੰਦਰ ਸਿੰਘ ਬਰਾੜ: ਨਹੀਂ ਜੀ, ਅਜੇ ਤਾਂ ਪੰਜ ਮਿੰਟ ਹੀ ਹੋਏ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕੋਆਪ੍ਰੇਟਿਵ ਸੋਸਾਇਟੀਆਂ ਦਾ ਬੜਾ ਬੁਰਾ ਹਾਲ ਹੈ । ਜਿੱਥੇ ਜਿੱਥੇ ਕੋਆਪ੍ਰੇਟਿਵ ਸੋਸਾਇਟੀਆਂ ਹਨ ਉਨ੍ਹਾਂ ਵਿਚੋਂ 99% ਤਾਂ ਬੰਦ ਪਈਆਂ ਹਨ । ਜੇਕਰ ਰੇਹ ਕਿਸਾਨਾਂ ਨੂੰ ਚਾਹੀਦੀ ਹੈ, ਉਹ ਨਹੀਂ ਮਿਲਦੀ, ਜੇਕਰ ਉਹ ਖਾਦ ਲੈਣ ਜਾਂਦੇ ਹਨ ਤਾਂ ਨਹੀਂ ਮਿਲਦੀ ਔਰ ਖਾਦ ਉਨ੍ਹਾਂ ਬੰਦਿਆਂ ਨੂੰ ਹੀ ਮਿਲਦੀ ਹੈ ਜਿਹੜੇ ਕਿ ਸਰਕਾਰ ਨਾਲ ਮਿਲੇ ਹੋਏ ਹੁੰਦੇ ਹਨ । ਮੈਂ ਤੁਹਾਨੂੰ ਇਕ ਮਿਸਾਲ ਦੱਸਦਾ ਹਾਂ । ਕਿਸਾਨ ਕੋਆਪ੍ਰੇਟਿਵ ਐਗਰੀਕਲਚਰਲ ਸੋਸਾਇਟੀ, ਕੋਟ ਕਪੂਰਾ ਦਾ ਮੈਨੇਜਰ ਹੈ । ਉਹ ਦੱਸ ਕਿੱਲੋ ਕਿਸਾਨਾਂ ਨੂੰ ਖਾਦ ਘੱਟ ਦਿੰਦਾ ਰਿਹਾ ਹੈ ਔਰ ਕੀਮਤ ਪੂਰੀ ਵਸੂਲ ਕਰਦਾ ਰਿਹਾ ਹੈ । ਫਿਰ ਸਟੇਸ਼ਨ ਤੋਂ ਹੀ ਕਿਸਾਨ ਨੂੰ ਖਾਦ ਚੁਕਾ ਦਿੰਦਾ ਰਿਹਾ ਹੈ ਔਰ ਪੈਸੇ ਵਸੂਲ ਕਰਦਾ ਰਿਹਾ ਹੈ ਕਿ ਮੈਂ ਖਾਦ ਪਹਿਲਾਂ ਉਥੇ ਲੈ ਗਿਆ ਸੀ ਤੇ ਉਥੋਂ ਕਿਸਾਨਾਂ ਨੂੰ ਚੁਕਾਈ ਹੈ । ਜੇਕਰ ਤੁਸੀਂ ਇਸ ਤਰ੍ਹਾਂ ਦੇ ਬੰਦਿਆਂ ਨੂੰ ਨਹੀਂ ਫੜੋਗੇ ਤਾਂ ਇਹ ਕੋਆਪ੍ਰੇਟਿਵ ਲਹਿਰ ਨੇਸਤੋਨਾਬੂਦ ਹੋ ਜਾਵੇਗੀ ।

ਹੁਣ ਮੈਂ ਇਰੀਗੇਸ਼ਨ ਔਰ ਪਾਵਰ ਦੀ ਗੱਲ ਕਰਦਾ ਹਾਂ । ਫਰੀਦਕੋਟ, ਬਠਿੰਡਾ ਔਰ ਫਿਰੋਜ਼ਪੁਰ ਅਤੇ ਕੁਝ ਹੋਰ ਜ਼ਿਲ੍ਹਿਆਂ ਵਿਚ ਜਿਹੜੀ ਨਹਿਰ ਸੈਰਾਬ ਕਰਦੀ ਹੈ, ਉਸ ਵਿਚ ਮਹੀਨੇ ਵਿਚ ਸਿਰਫ ਸੱਤ ਦਿਨ ਪਾਣੀ ਜਾਂਦਾ ਹੈ । ਮੈਂ ਕਹਿੰਦਾ ਹਾਂ ਕਿ ਇਰੀਗੇਸ਼ਨ ਦੇ ਵਜ਼ੀਰ ਨੂੰ ਔਰ ਅਫਸਰਾਂ ਨੂੰ ਆਪਣਾ ਫਰਜ਼ ਮਹਿਸੂਸ ਕਰਨਾ ਚਾਹੀਦਾ ਹੈ । ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸਾਨਾਂ ਨੂੰ ਜਿਤਨਾ ਪਾਣੀ ਜ਼ਿਆਦਾ ਦਿੱਤਾ ਜਾਵੇਗਾ ਉਤਨੀਂ ਹੀ ਪੈਦਾਵਾਰ ਦੇਸ਼ ਦੀ ਵਧੇਗੀ । ਲੇਕਿਨ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੰਜਾਬ ਵਿਚ ਹਰ ਸਾਲ ਅਨਾਜ ਘੱਟ ਪੈਦਾ ਹੁੰਦਾ ਹੈ, ਜਿਸ ਤਰ੍ਹਾਂ ਕਿ ਕਲ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਵੀ ਦੱਸਿਆ ਸੀ ਕਿ ਆਏ ਸਾਲ ਅਨਾਜ ਘੱਟ ਪੈਦਾ ਹੋਇਆ ਕਰੇਗਾ, ਮੈਂ ਸਮਝਦਾ ਹਾਂ ਕਿ ਇਸ ਦੀ ਵਜ੍ਹਾ ਇਹ ਹੈ ਕਿ ਅਫਸਰ ਜਿਹੜੇ ਹਨ,

ਉਹ ਇਨਕੰਪੀਟੈਂਟ ਅਫਸਰ ਹਨ । ਉਨ੍ਹਾਂ ਜ਼ਿਲ੍ਹਿਆਂ ਨੂੰ ਪਾਣੀ ਪੂਰਾ ਨਹੀਂ ਦਿੱਤਾ ਜਾਂਦਾ। ਇਨ੍ਹਾਂ ਨੂੰ ਚਾਹੀਦਾ ਸੀ ਨਹਿਰ ਦੇ ਨਾਲ ਨਾਲ ਟਿਊਬਵੈੱਲ ਲਗਾਉਂਦੇ ਔਰ ਸਾਰਾ ਸਾਲ ਪਾਣੀ ਦਿੱਤਾ ਜਾਂਦਾ। ਸਰਕਾਰ ਨੇ ਕਿਹਾ ਕਿ ਥਰਮਲ ਪਲਾਂਟ ਨਾਲ ਬਿਜਲੀ ਦੀ ਜਿਹੜੀ ਘਾਟ ਹੈ, ਉਸ ਨੂੰ ਪੂਰਾ ਕਰ ਦੇਣਾ ਹੈ। ਪਰ ਥਰਮਲ ਪਲਾਂਟ ਦਾ ਕੀ ਹਾਲਤ ਹੈ? 80 ਕਰੋੜ ਰੁਪੈ ਲਗਾ ਦਿੱਤੇ ਗਏ ਹਨ ਪਰ ਉਹ ਸਦਾ ਹੀ ਬੰਦ ਰਹਿੰਦਾ ਹੈ । ** **

ਸ੍ਰੀ ਡਿਪਟੀ ਸਪੀਕਰ : ਜਿਹੜੇ ਸ਼ਬਦ ਏ. ਐਮ. ਦੇ ਖਿਲਾਫ ਕਹੇ ਹਨ ਉਹ ਰਿਕਾਰਡ ਨਾ ਕੀਤੇ ਜਾਣ। (The words used against the Administrative Member should not be recorded.)

Sardar Jaswinder Singh Brar : The words which I have used are neither undignified nor defamatory.

Mr. Deputy Speaker : But you cannot cast reflection upon a person who is in high authority.

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਇਸ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ ਬੋਰਡ ਦੇ ਮੈਂਬਰ ਨਾਮਜ਼ਦ ਕੀਤਾ ਹੈ ਜਿਨ੍ਹਾਂ ਨੂੰ ਲੋਕਾਂ ਨੇ ਠੁਕਰਾ ਦਿੱਤਾ ਹੈ । ਇਸ ਲਈ ਉਹ ਬੋਰਡ ਨਿਕੰਮਾ ਹੈ । ਦੋ ਕਰੋੜ ਰੁਪੈ ਦਾ ਘਾਟਾ ਉਸ ਨੂੰ ਪਿਆ ਹੈ । ਔਰ ਅਰਬਾਂ ਖਰਬਾਂ ਰੁਪਏ ਦਾ ਸਾਮਾਨ ਉਨ੍ਹਾਂ ਲੋਕਾਂ ਨੇ ਵਿਚੋਂ ਗ਼ਬਨ ਕੀਤਾ ਹੈ । ਡਿਪਟੀ ਸਪੀਕਰ ਸਾਹਿਬ ਉਸ ਪਲਾਂਟ ਨੂੰ ਦੇਖਣ ਵਾਸਤੇ ਜਦੋਂ ਪਹਿਲੇ ਦਿਨ ਪਾਣੀ ਛੱਡਿਆਂ ਗਿਆਂ ਤਾਂ ਉਸੇ ਦਿਨ ਹੀ ਖਰਾਬ ਹੋ ਗਿਆ। ਇਸ ਦਾ ਕੀ ਕਾਰਣ ਹੈ? ਇਸ ਦਾ ਕਾਰਣ ਇਹ ਹੀ ਹੈ ਕਿ ਉਥੇ ਜੋ ਸਾਮਾਨ ਲਗਿਆ ਹੈ ਉਹ ਮਾੜਾ ਹੈ, ਇੱਟਾਂ ਮਾੜੀਆਂ, ਪੱਥਰ ਮਾੜਾ, ਬੋਰਡ ਦੇ ਮੈਂਬਰ ਮਾੜੇ ਔਰ ਬੋਰਡ ਦੇ ਅਫਸਰ ਨਾਅਹਿਲ । ਔਰ ਮੈਂ ਅਰਜ਼ ਕਰਦਾ ਹਾਂ ਕਿ ਜਿਤਨਾਂ ਚਿਰ ਤਕ ਇਹ ਸੁਧਾਰ ਨਹੀਂ ਆਉਂਦਾ ਤਾਂ ਗੱਲ ਅਗੇ ਚਲ ਨਹੀਂ ਸਕਦੀ । (ਘੰਟੀ) ਨਹੀਂ ਜੀ, ਅਜੇ ਪੰਦਰਾਂ ਮਿੰਟ ਰਹਿੰਦੇ ਹਨ ।

ਸ੍ਰੀ ਡਿਪਟੀ ਸਪੀਕਰ : ਵੀਹ ਮਿੰਟ ਤਾਂ ਹੋ ਚੁਕੇ ਹਨ । (You have already taken twenty minutes.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਿਰ, ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਦਾਅਵਾ ਕਰਦੀ ਹੈ ਕਿ ਸਮੱਗਲਿੰਗ ਨੂੰ ਮੁਕਾਉਣ ਵਾਸਤੇ ਇਸ ਨੇ ਉਪਰਾਲਾ ਕੀਤਾ ਹੈ । ਜਿਹੜੀ ਇਨ੍ਹਾਂ ਦੀ ਚੰਗੀ ਗੱਲ ਹੋਵੇਗੀ ਅਸੀਂ ਇਨ੍ਹਾਂ ਦੀ ਡੱਟ ਕੇ ਮਦਦ ਕਰਾਂਗੇ । ਲੇਕਿਨ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਸਰਦਾਰ ਸਤਨਾਮ ਸਿੰਘ ਬਾਜਵਾ ਔਰ ਸਾਧੂ ਰਾਮ ਜੀ ਨੂੰ ਫੜਿਆ ਹੈ, ਇਹ ਬਦਲੇ ਦੀ ਭਾਵਨਾਂ ਨਾਲ ਹੀ ਫੜਿਆ ਹੈ। ਜੇਕਰ ਇਸ ਤਰ੍ਹਾਂ ਬਦਲੇ ਦੀ ਭਾਵਨਾ ਨਾਲ ਹੀ ਆਪਣੇ ਵਿਰੋਧੀਆਂ ਨੂੰ ਫੜਨਾ ਹੈ ਤਾਂ ਇਸ ਤਰ੍ਹਾਂ ਕੰਮ ਨਹੀਂ ਚਲ ਸਕਦਾ । ਪਰ ਜਿਹੜਾ ਸਮੱਗਲਿੰਗ ਕਰਦਾ ਹੈ ਉਸ ਨੂੰ ਫੜਨਾ ਹੀ ਨਹੀਂ ਚਾਹੁੰਦੇ । ਮੈਂ ਇਹ ਗੱਲ ਮਹਿਸੂਸ ਕਰਦਾ ਹਾਂ, ਔਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵਿਊ ਪੁਆਇੰਟ ਪੜ੍ਹ ਕੇ ਦੱਸਦਾ ਹਾਂ, ਤੁਸੀਂ ਵੀ ਪੜ੍ਹਿਆ ਹੋਵੇਗਾ :—

"Firstly, the Congress leaders have been shielding the smugglers for years, specially since 1969.

In 1969, it is reported, when Mr. Mohan Kumaramangal am was the Chairman of Indian Air Lines and Director of Bennett Coleman (which owns Times of India) and Mrs. Gandhi was the Finance Minister, Haji Mastan was under arrest for criminal offence and his case was in a Magistrate's Court in Bombay. It has been stated by reliable persons that Mr. Mohan Kumaramangalam appeared in defence of Haji Mastan ...."

**Not recorded as ordered by the Chair.

[ਸਰਦਾਰ ਜਸਵਿੰਦਰ ਸਿੰਘ ਬਰਾੜ]

ਸੋ, ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਹਿੰਦੁਸਤਾਨ ਦੇ ਸੈਂਟਰਲ ਕੈਬਿਨੇਟ ਦਾ ਇਕ ਬਹੁਤ ਹੀ ਜ਼ਿੰਮੇਵਾਰ ਵਜ਼ੀਰ ਜਿਹੜਾ ਕਿ ਅੱਜ ਕੱਲ ਇਸ ਦੁਨੀਆਂ ਤੇ ਨਹੀਂ ਹੈ, ਉਹ ਹਾਜ਼ੀ ਮਸਤਾਨ ਦੀ ਡਿਫੈਂਸ ਵਿਚ ਅਦਾਲਤ ਵਿਚ ਪੇਸ਼ ਹੋਇਆ ਸੀ ।

ਅਵਾਜ਼ਾਂ: ਸ਼ੇਮ, ਸ਼ੇਮ

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ । ਸਰਦਾਰ ਜਸਵਿੰਦਰ ਸਿੰਘ ਬਰਾੜ, ਡਿਪਟੀ ਲੀਡਰ ਆਫ਼ ਆਪੋਜ਼ੀਸ਼ਨ ਨੇ ਕਿਹਾ ਹੈ ਕਿ ਸਰਦਾਰ ਸਤਨਾਮ ਸਿੰਘ ਬਾਜਵਾ ਨੂੰ ਸਮੱਗਲਿੰਗ ਕਰਕੇ ਫੜਿਆ ਗਿਆ ਹੈ । ਇਨ੍ਹਾਂ ਦੇ ਕਹਿਣ ਦਾ ਮਤਲਬ ਇਹ ਹੋਇਆ ਕਿ ਉਹ ਸਮੱਗਲਰ ਹਨ ਤਾਂ ਹੀ ਉਨ੍ਹਾਂ ਨੂੰ ਫੜਿਆ ਗਿਆ ਹੈ । ਅਕਾਲੀ ਪਾਰਟੀ ਨੇ ਹੀ ਕਿਹਾ ਸੀ ਕਿ ਉਹ ਸਮਗੱਲਰ ਹਨ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਅਰਜ਼ ਕਰਦਾ ਹਾਂ ਕਿ ਹਿੰਦੁਸਤਾਨ ਦੀ ਵਜ਼ਾਰਤ ਦੇ ਇਕ ਅਹਿਮ ਵਜ਼ੀਰ ਨੇ, ਜਦੋਂ ਬੀਬੀ ਇੰਦਰਾ ਗਾਂਧੀ ਫਾਈਨੈਂਸ ਮਨਿਸਟਰ ਸਨ, ਹਾਜੀ ਮਸਤਾਨ ਦੀ ਡਿਫੈਂਸ ਵਿਚ ਗਵਾਹੀ ਦਿੱਤੀ । ਜੇ ਇਸ ਤਰ੍ਹਾਂ ਦਾ ਹਾਲ ਹੈ ਤਾਂ ਸਮੱਗਲਿੰਗ ਕਿਸ ਤਰ੍ਹਾਂ ਰੁਕ ਸਕਦੀ ਹੈ ।

ਸ਼੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ, ਹੁਣ ਤੁਸੀਂ ਵਾਈਂਡ ਅੱਪ ਕਰੋ । (Brar Sahib, Please wind up now)

ਸਰਦਾਰ ਜਸਵਿੰਦਰ ਸਿੰਘ ਬਰਾੜ : ਇਸ ਦੇ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਵਜ਼ੀਰ ਦੇ ਖਿਲਾਫ ਇਥੇ ਕਰੱਪਸ਼ੀ ਦਾ ਇਲਜ਼ਾਮ ਲਗਾਇਆ ਗਿਆ ਅਤੇ ਦੂਜੇ ਦਾ ਪੁੱਤ ਸਮੱਗਲਿੰਗ ਕਰਦਾ ਹੈ, ਜਿਸ ਦੀ ਕਿ ਡੀ. ਸੀ. ਤੋਂ ਪਰਮਿਸ਼ਨ ਲਈ ਜਾਂਦੀ ਹੈ ਕਿ ਕੋਈ ਐਕਸ਼ਨ ਨਾ ਲਿਆ ਜਾਵੇ । ਉਸ ਨੂੰ ਫੜਿਆ ਗਿਆ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ । ਸੋ, ਡਿਪਟੀ ਸਪੀਕਰ ਸਾਹਿਬ, ਅਜ ਜੇ ਇਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ ਤਾਂ ਸਮੱਗਲਿੰਗ ਕਿਸ ਤਰ੍ਹਾਂ ਰੁਕ ਸਕਦੀ ਹੈ ਅਤੇ ਜੇ ਇਹ ਨਾ ਰੁਕੀ ਤਾਂ ਪੈਰਲਲ ਇਕੋਨੋਮੀ ਬਣਨ ਤੋਂ ਹਟ ਨਹੀਂ ਸਕਦੀ ਅਤੇ ਹਾਲਤ ਹੋਰ ਵੀ ਖਰਾਬ ਹੋ ਜਾਵੇਗੀ ।

ਸ਼੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ, ਤੁਸੀਂ ਵਾਈਂਡ ਅੱਪ ਕਰੋ ਜੀ। (Brar Sahib, please wind up now.)

ਸਰਦਾਰ ਜਸਵਿੰਦਰ ਸਿੰਘ ਬਰਾੜ : ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਜਿਹੜਾ ਚੁਲ੍ਹ ਟੈਕਸ, ਹਾਊਸ ਟੈਕਸ ਅਤੇ ਕਮਰਸ਼ੀਅਲ ਟੈਕਸ ਲਗੇ ਹਨ, ਉਨ੍ਹਾਂ ਨੂੰ ਕੰਡੈਮ ਕਰਦਾ ਹਾਂ । ਬਾਦਲ ਸਰਕਾਰ ਨੇ ਇਨ੍ਹਾਂ ਨੂੰ ਹਟਾਇਆ ਸੀ ਪਰ ਇਨ੍ਹਾਂ ਨੇ ਫਿਰ ਲਗਾ ਦਿੱਤੇ ਹਨ ।

ਹੁਣ ਮੈਂ ਗੁਰਦੁਆਰਿਆਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਪੰਜਾਬ ਦੇ ਵਿਚ ਸਿੱਖੀ ਨੂੰ ਮਾਣ ਦੇਣ ਵਾਸਤੇ ਇਕ ਆਲ ਇੰਡੀਆ ਸਿੱਖ ਐਕਟ ਬਣਾਉਣਾ ਚਾਹੀਦਾ ਹੈ ਅਤੇ ਸਿੱਖਾਂ ਦਾ ਗੁਰਦੁਆਰਿਆਂ ਤੇ ਅਧਿਕਾਰ ਹੋਣਾ ਚਾਹੀਦਾ ਹੈ । ਇਹ ਨਹੀਂ ਹੋਣਾ ਚਾਹੀਦਾ ਕਿ ਸੈਂਟਰਲ ਜਾਂ ਪੰਜਾਬ ਸਰਕਾਰ ਆਪਣੀ ਮਰਜ਼ੀ ਨਾਲ ਹੀ ਸਭ ਕੁਝ ਕਰੀ ਜਾਵੇ । ਇਸ ਵਾਸਤੇ ਮੈਂ ਚੀਫ ਮਨਿਸਟਰ

ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਉਹ ਇਸ ਸਬੰਧ ਵਿਚ ਇਕ ਰੈਜ਼ੋਲਿਊਸ਼ਨ ਸੈਂਟਰ ਦੀ ਸਰਕਾਰ ਨੂੰ ਭੇਜਣ ਅਤੇ ਪਰੈਸ਼ਰ ਪਾਉਣ ਕਿ ਇਸ ਤਰ੍ਹਾਂ ਦਾ ਐਕਟ ਬਣਾਇਆ ਜਾਵੇ ।

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਜੀ । ਮੈਂ ਆਨਰੇਬਲ ਮੈਂਬਰ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਸੀ, ਉਦੋਂ ਉਹ ਕਿਥੇ ਗਏ ਸੀ, ਉਸ ਵੇਲੇ ਇਸ ਤਰ੍ਹਾਂ ਦੀ ਕੋਈ ਚੀਜ਼ ਪੇਸ਼ ਕਰ ਲੈਂਦੇ ਅਤੇ ਕੋਈ ਐਕਟ ਬਣਵਾ ਲੈਂਦੇ। ਹੁਣ ਇਹ ਰੌਲਾ ਪਾ ਰਹੇ ਹਨ, ਉਸ ਵੇਲੇ ਕਿਥੇ ਗਏ ਸਨ।

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਮੇਰਾ ਵੀ ਪੁਆਇੰਟ ਆਫ਼ ਆਰਡਰ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ (ਅਕਾਲੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਬੈਠੇ ਬੈਠੇ ਇਹ ਕਹਿੰਦੇ ਹਨ ਕਿ ਪਹਿਲਾਂ ਉਨ੍ਹਾਂ ਦੀ ਸਰਕਾਰ ਨੇ ਕਰਨਾ ਸੀ । ਜਦੋਂ ਪਬਲਿਕ ਵਿਚ ਜਾਂਦੇ ਹਨ ਤਾਂ ਕਹਿੰਦੇ ਹਨ ਕਿ ਚੰਡੀਗੜ੍ਹ ਅਸੀਂ ਲਿਆ ਹੈ ਅਤੇ ਫਾਜ਼ਿਲਕਾ ਸੰਟਰ ਦੀ ਸਰਕਾਰ ਨੇ ਦੇ ਦਿੱਤਾ ਹੈ । ਇਹ ਗੱਲ ਗ਼ਲਤ ਹੈ । ਇਕ ਗੱਲ ਕਰੋ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਗੁਰਦੁਆਰਿਆਂ ਦਾ ਆਲ ਇੰਡੀਆ ਐਕਟ ਬਣਾਉਣਾ ਚਾਹੀਦਾ ਹੈ ......

ਚੌਧਰੀ ਜਗਤ ਰਾਮ : ਮੁਕਤੀ ਬਾਹਨੀ ਦੀ ਗੱਲ ਕਿਸ ਤਰ੍ਹਾਂ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਹੁਣ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਮੱਸਾ ਰੰਘੜ ਨਹੀਂ ਆਉਣ ਦਿੱਤੇ ਜਾਣਗੇ, ਬਲਕਿ ਸੁੱਖਾ ਸਿੰਘ, ਬਖਤਾਵਰ ਸਿੰਘ ਹੀ ਆਉਣਗੇ । ਇਥੇ ਉਹੀ ਆਉਣਗੇ ਜਿਨ੍ਹਾਂ ਨੇ ਗੁਰਦੁਆਰਿਆਂ ਲਈ ਕੁਰਬਾਨੀ ਦਿੱਤੀ ਹੈ ।

ਸ੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ, ਤੁਹਾਡਾ ਟਾਈਮ ਹੋ ਗਿਆ ਹੈ ਜੀ । ਤੁਸੀਂ ਖਤਮ ਕਰੋ । (Brar Sahib, your time is over. Please wind up.)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਜੀ । ਡਿਪਟੀ ਸਪੀਕਰ ਸਾਹਿਬ, ਇਹ ਮੁਕਤੀ ਬਾਹਨੀ ਦੇ ਬਾਰੇ ਕਹਿੰਦੇ ਹਨ । ਬੜੇ ਅਫ਼ਸੋਸ ਦੀ ਗੱਲ ਹੈ। ਇਨ੍ਹਾਂ ਨੂੰ ਇਹ ਗੱਲ ਮਹਿਸੂਸ ਕਰਨੀ ਚਾਹੀਦੀ ਹੈ ਕਿ ਪਹਿਲਾਂ ਜਿਹੜੇ ਅਕਾਲੀ ਦਲ ਵਾਲੇ ਸਿਰਾਂ ਤੇ ਮੌਤ ਦਾ ਕਫਨ ਬਨ੍ਹਦੇ ਸੀ ,ਉਹ ਅੱਜ ਮੁਕਤੀ ਬਾਹਨੀ ਦੀਆਂ ਗੱਲਾਂ ਕਰਦੇ ਹਨ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਗਿਆਨੀ ਜੀ ਨਾਲ ਨਾਰਾਜ਼ ਨਹੀਂ ਹਾਂ। ਮੈਂ ਅਰਜ਼ ਕਰਦਾ ਹਾਂ ਕਿ ਗਿਆਨੀ ਜੀ ਗੁਰਸਿੱਖ ਹਨ, ਮੈਨੂੰ ਉਨ੍ਹਾਂ ਦੀ ਪਰੇਰਨਾ ਮਿਲੀ ਹੈ । ਮੈਂ ਉਨ੍ਹਾਂ ਨੂੰ ਇਹ ਬੇਨਤੀ ਕਰਦਾ ਹਾਂ ਕਿ ਜੇ ਉਹ ਚਾਹੁੰਦੇ ਹਨ ਕਿ ਮੱਸੇ ਰੰਘੜ ਗੁਰਦੁਆਰਿਆਂ ਵਿਚ ਨਾ ਆਉਣ ਅਤੇ ਸੁੱਖਾ ਸਿੰਘ ਅਤੇ ਬਖਤਾਵਰ ਸਿੰਘ ਆਉਣ ਤਾਂ ਉਹ ਐਕਟ ਬਣਾਉਣ ਵਾਸਤੇ ਰੈਜ਼ੋਲਿਊਸ਼ਨ ਪਾਸ ਕਰ ਦੇਣ ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਜੈ ਪ੍ਰਕਾਸ਼ ਨਰਾਇਣ ਜੋ ਹਿੰਦੁਸਤਾਨ ਵਿਚ ਇਕ ਨਵਾਂ ਇਨਕਲਾਬ ਲਿਆਉਣਾ ਚਾਹੁੰਦੇ ਹਨ ਅਤੇ ਜੋ ਗਰੀਬਾਂ ਨੂੰ ਉਤਾਂਹ ਚੁਕਣਾ ਚਾਹੁੰਦੇ ਹਨ (ਵਿਘਨ) ਉਨ੍ਹਾਂ ਨੂੰ ਇਹ ਕਿਹਾ ਜਾਂਦਾ ਹੈ ਕਿ ਉਹ ਠੀਕ ਨਹੀਂ ਕਰ ਰਹੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਨਾਗਰਵਾਲਾ ਨੂੰ ਕਿਸ ਨੇ ਮਰਵਾਇਆ?

ਸ੍ਰੀ ਡਿਪਟੀ ਸਪੀਕਰ : ਜੇ ਤੁਸੀਂ ਮਾੜੀ ਗੱਲ ਕਹੋਗੇ ਤਾਂ ਤੁਹਾਨੂੰ ਵੀ ਮਾੜੀ ਗੱਲ ਕਹੀ ਜਾਵੇਗੀ । ਬਰਾੜ ਸਾਹਿਬ, ਤੁਸੀਂ ਹੁਣ ਵਾਈਂਡ-ਅੱਪ ਕਰੋ। (If you say something bad against any body, he will also retaliate. Please wind up now.)

ਸਰਦਾਰ ਸੁਰਜੀਤ ਸਿੰਘ ਅਟਵਾਲ: ਮੇਰਾ ਪੁਆਇਟ ਆਫ ਆਰਡਰ ਹੈ ਜੀ। ਬਰਾੜ ਸਾਹਿਬ ਨੇ ਕਿਹਾ ਹੈ ਕਿ ਗੁਰਦੁਆਰਿਆਂ ਵਿਚ ਕਿਸੇ ਵੀ ਮੱਸੇ ਰੰਘੜ ਨੂੰ ਨਹੀਂ ਰਹਿਣ ਦੇਵਾਂਗੇ, ਖਤਮ ਕਰ ਦੇਵਾਂਗੇ । ਮੈਂ ਇਸ ਗੱਲ ਨਾਲ ਸੈਂਟ ਪਰ ਸੈਂਟ ਸਹਿਮਤ ਹਾਂ । ਪਰ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਇਹ ਉਨ੍ਹਾਂ ਨੂੰ ਇਥੇ ਨਹੀਂ ਰਹਿਣ ਦੇਣਗੇ ਤਾਂ ਕੀ ਬਾਹਰਲਿਆਂ ਮੁਲਕਾਂ ਨੂੰ ਭੇਜਣਗੇ?

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਮੈਂਬਰ ਸਾਹਿਬ ਨੇ ਕਿਹਾ ਹੈ ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ । (Whatever the hon. Member has said, should not form part of the proceedings.)

ਕੈਪਟਨ ਰਤਨ ਸਿੰਘ: ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਦੀ ਪਰੰਪਰਾ ਵੀ ਹੈ ਅਤੇ ਰੂਲਜ਼ ਵੀ ਹਨ ਕਿ ਅਸੀਂ ਇਥੇ ਤ੍ਰਿਬੇਟ ਦੇ ਵਿਚ ਜਿਹੜੇ ਸਾਡੇ ਲੀਡਰਜ਼ ਹਨ, ਉਨ੍ਹਾਂ ਦਾ ਨਾਂ ਨਹੀਂ ਲੈਂਦੇ ਕਿਉਂਕਿ ਫਿਰ ਗੱਲ ਵਧ ਜਾਂਦੀ ਹੈ ਅਤੇ ਝਗੜਾ ਚਲ ਪੈਂਦਾ ਹੈ ਅਤੇ ਇਕ ਦੂਜੇ ਦੇ ਲੀਡਰਾਂ ਦਾ ਨਾਂ ਸ਼ੁਰੂ ਹੋ ਜਾਂਦਾ ਹੈ । ਇਸ ਕਰਕੇ ਇਸ ਤਰ੍ਹਾਂ ਦਾ ਹਮਲਾ ਨਹੀਂ ਕਰਨਾ ਚਾਹੀਦਾ । ਇਸ ਕਰਕੇ ਇਹ ਪਾਰਟ ਆਫ਼ ਦੀ ਪ੍ਰੋਸੀਡਿੰਗਜ਼ ਨਹੀਂ ਹੋਣੇ ਚਾਹੀਦੇ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਇਹ ਪਾਰਟ ਆਫ ਪ੍ਰੋਸੀਡਿੰਗਜ਼ ਹਨ । ਡਿਪਟੀ ਸਪੀਕਰ ਸਾਹਿਬ, ਬਿਲਕੁਲ ਕੋਈ ਫਾਇਦਾ ਨਹੀਂ ਕਿ ਇਹ ਚੀਜ਼ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ ।

ਕੈਪਟਨ ਰਤਨ ਸਿੰਘ : ਬਰਾੜ ਸਾਹਿਬ ਨੇ ਇਹ ਬੜਾ ਸਹੀ ਕਿਹਾ ਕਿ ਅਸੀਂ ਕਿਸੇ ਬਾਹਰਲੇ ਨੂੰ ਕਿਸੇ ਵੀ ਗੁਰਦੁਆਰੇ ਤੇ ਕਬਜ਼ਾ ਨਹੀਂ ਕਰਨ ਦੇਣਾ ਅਤੇ ਇਹ ਪਾਰਟੀ ਬਿਲਕੁਲ ਐਸਾ ਨਹੀਂ ਕਰਨ ਦੇਵੇਗੀ । ਪਰ ਨਾਲ ਨਾਲ ਇਹ ਪਾਰਟੀ ਇਸ ਗੱਲ ਨਾਲ ਵੀ ਮੁੱਤਫਿਕ ਹੋਵੇ ਕਿ ਆਂਧਰਾ ਤੇ ਹਰਿਆਣਾ ਦੇ ਵਿਚ ਗੁਰਦੁਆਰਿਆਂ ਦੇ ਵਿਚ ਉਥੇ ਦੇ ਸਿੱਖਾਂ ਨੂੰ ਅਖਤਿਆਰ ਹੋਵੇ । ਇਹ ਨਹੀਂ ਹੋਣਾ ਚਾਹੀਦਾ ਕਿ ਉਥੇ ਦੇ ਸਿੱਖਾਂ ਨੂੰ ਅਖਤਿਆਰ ਨਾ ਹੋਵੇ ਅਤੇ ਇਥੇ ਦੇ ਸਿੱਖ ਰਾਜ ਕਰਨ, ਇਹ ਵੀ ਡੈਮੋਕਰੇਸੀ ਦੇ ਖਿਲਾਫ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ......

ਸ੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ, ਵਾਈਂਡ ਅੱਪ ਕਰੋ । (Brar Sahib, please wind up.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ।

**Expunged as ordered by the Chair.

ਸ਼੍ਰੀ ਡਿਪਟੀ ਸਪੀਕਰ : ਹੁਣ ਜੋ ਕੁਝ ਬਰਾੜ ਸਾਹਿਬ ਬਗੈਰ ਚੇਅਰ ਦੀ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ । (Whatever the hon. Member Shri Brar is saying without the permission of the Chair, should not form part of the proceedings.)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ । ਬਰਾੜ ਸਾਹਿਬ ਨੇ ਕਿਹਾ ਕਿ ਗੁਰਦੁਆਰਿਆਂ ਤੇ ਕਬਜ਼ਾ ਇਨ੍ਹਾਂ ਦਾ ਹੋਣਾ ਚਾਹੀਦਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਪੰਜਾਬ ਵੱਡਾ ਸੀ ਅਤੇ ਐਸ. ਜੀ. ਪੀ. ਸੀ. ਕਿੰਨੀ ਵੱਡੀ ਸੀ ਅਤੇ ਇਸ ਨੂੰ ਛੋਟਾ ਕਿਸ ਨੇ ਬਣਾਇਆ ?

ਸ਼੍ਰੀ ਡਿਪਟੀ ਸਪੀਕਰ : ਡਾਕਟਰ ਬਲਦੇਵ ਪ੍ਰਕਾਸ਼ ਜੀ, ਤੁਹਾਡੀ ਪਾਰਟੀ ਦੇ ਹਿੱਸੇ 5 ਮਿੰਟ ਹੀ ਆਉਂਦੇ ਹਨ, ਤੁਸੀਂ ਜਲਦੀ ਖਤਮ ਕਰ ਦੇਣਾ । (Dr. Baldev Parkash Ji, your party's share of time is 5 minutes. Please try to finish soon.)

ਡਾਕਟਰ ਬਲਦੇਵ ਪ੍ਰਕਾਸ਼ : (ਅੰਮ੍ਰਿਤਸਰ ਪੂਰਬ): 5 ਮਿੰਟ ਵਿਚ ਤਾਂ ਕੁਝ ਨਹੀਂ ਬਣਨਾ । ਜ਼ਿਆਦਾ ਟਾਈਮ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਜਿਹੜਾ ਐਡਰੈਸ ਗਵਰਨਰ ਸਾਹਿਬ ਨੇ ਪੜ੍ਹਿਆ ਹੈ, ਪੰਜਾਬ ਦੀ ਜਨਤਾ ਇਹ ਆਸ ਲਾ ਕੇ ਬੈਠੀ ਸੀ ਕਿ ਬਜਟ ਸੈਸ਼ਨ ਆ ਰਿਹਾ ਹੈ ਅਤੇ ਇਸ ਵਿਚ ਪੰਜਾਬ ਦੀ ਜਨਤਾ ਨੂੰ ਜਿਹੜੀ ਕਿ ਸਾਰੇ ਪੰਜਾਬ ਵਿਚ ਹਾਹਾਕਾਰ ਮਚਾ ਰਹੀ ਹੈ, ਮਹਿੰਗਾਈ ਹੋਣ ਕਾਰਣ, ਚੀਜਾਂ ਦੀ ਪੂਰਤੀ ਨਾ ਹੋਣ ਕਾਰਣ, ਬੇਰੁਜ਼ਗਾਰੀ ਹੋਣ ਕਾਰਣ ਦੁਖੀ ਹੈ, ਕੋਈ ਰਾਹਤ ਮਿਲੇਗੀ, ਕੋਈ ਰਸਤਾ ਮਿਲੇਗਾ ਜਿਸ ਨਾਲ ਪੰਜਾਬ ਦੇ ਦੁੱਖ ਦੂਰ ਹੋ ਸਕਣਗੇ । ਪਰ ਜੋ ਐਡਰੈਸ ਗਵਰਨਰ ਸਾਹਿਬ ਨੇ ਪੜ੍ਹਿਆ ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੀ ਜਨਤਾ ਨਾਲ ਮਖੌਲ ਕੀਤਾ ਗਿਆ ਹੈ । ਕਿਸੇ ਵੀ ਗੰਭੀਰ ਮਸਲੇ ਲਈ ਗਵਰਨਰ ਸਾਹਿਬ ਨੇ ਕੋਈ ਹੱਲ ਨਹੀਂ ਦਸਿਆ ਅਤੇ ਨਾ ਹੀ ਕੋਈ ਸਰਕਾਰ ਦੀ ਨੀਤੀ ਦਸੀ । ਜਿਸ ਤਰ੍ਹਾਂ ਇਸ ਸਰਕਾਰ ਨੇ ਗਵਰਨਰ ਸਾਹਿਬ ਨੂੰ ਲਿੱਖ ਕੇ ਭੇਜਿਆ ਉਨ੍ਹਾਂ ਨੇ ਇਥੇ ਆਕੇ ਉਸੇ ਤਰ੍ਹਾਂ ਹੀ ਪੜ੍ਹ ਦਿੱਤਾ ।

ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਸਾਡੇ ਦੇਸ਼ ਵਿਚ ਸਭ ਤੋਂ ਵੱਡਾ ਮਸਲਾ, ਸਭ ਤੋਂ ਗੰਭੀਰ ਮਸਲਾ ਬਿਜਲੀ ਦਾ ਹੈ । ਕਿਨੀ ਹੈਰਾਨੀ ਦੀ ਗੱਲ ਹੈ ਕਿ ਐਨੇ ਵੱਡੇ ਮਸਲੇ ਤੇ ਜਿਸ ਕਾਰਣ ਕਿ ਇੰਡਸਟਰੀਜ਼ ਬੰਦ ਪਈਆਂ ਹਨ ਸਿਰਫ 4 ਘੰਟੇ ਉਨ੍ਹਾਂ ਨੂੰ ਬਿਜਲੀ ਦਿੱਤੀ ਜਾਂਦੀ ਹੈ, ਹੋਰ ਕਾਰੋਬਾਰ ਬੰਦ ਪਏ ਹਨ, ਲੈਬੋਰੇਟਰੀਜ਼ ਵਿਚ ਕੋਈ ਟੈਸਟ ਨਹੀਂ ਹੋ ਸਕਦੇ ਉਹ ਬੰਦ ਪਈਆਂ ਹਨ, ਸਟੂਡੈਂਟਸ ਪੜ੍ਹ ਨਹੀਂ ਸਕਦੇ, ਹਸਪਤਾਲ ਦਾ ਕੰਮ ਰੁਕ ਗਿਆ ਹੈ ਇਸ ਮਸਲੇ ਤੇ ਗਵਰਨਰ ਸਾਹਿਬ ਨੇ ਕਿੰਨਾਂ ਲਿਖਿਆ ਹੈ ਸਿਰਫ 2 ਲਾਈਨਾਂ । ਉਨ੍ਹਾਂ ਲਾਈਨਾਂ ਵਿਚ ਗਵਰਨਰ ਸਾਹਿਬ ਨੇ ਇਹ ਲਿਖਿਆ ਹੈ ਕਿ :—

> "To mitigate the hardship on account of shortage of power, 20% subsidy by the Government has been approved for the purchase of generating sets installed in the State."

[ਡਾਕਟਰ ਬਲਦੇਵ ਪ੍ਰਕਾਸ਼]

ਡਿਪਟੀ ਸਪੀਕਰ ਸਾਹਿਬ, ਕਿਤਨੇ ਲੋਕ ਇਹ ਜੈਨਰੇਟਰ ਸੈੱਟ ਲਾਉਣਗੇ । ਜਿਨ੍ਹਾਂ ਕੋਲ ਛੋਟੇ ਛੋਟੇ ਧੰਧੇ ਨੇ, ਛੋਟੀ ਛੋਟੀ ਕਾਟੇਜ ਇੰਡਸਟਰੀ ਚਲਾ ਰਹੇ ਹਨ, ਅੰਮ੍ਰਿਤਸਰ ਵਿਚ ਕਤੀ ਕਈ ਘਰਾਨੇ ਲਗੇ ਹੋਏ ਹਨ,' ਉਹ ਕਿਸ ਤਰ੍ਹਾਂ ਜਨਰੇਟਰ ਸੈੱਟ ਲਗਾ ਸਕਦੇ ਹਨ । ਕੋਈ ਹੱਲ ਸਾਡੇ ਸਾਹਮਣੇ ਨਹੀਂ ਆ ਰਿਹਾ । ਸੂਬੇ ਦਾ ਆਰਥਕ ਢਾਂਚਾ ਲੜਖੜਾ ਰਿਹਾ ਹੈ ।

ਡਿਪਟੀ ਸਪੀਕਰ ਸਾਹਿਬ, ਥੇਂਈਂ ਡੈਮ ਦਾ ਮਸਲਾ ਇਕ ਬਰਨਿੰਗ ਟਾਪਿਕ ਹੈ ਪਰ ਗਵਰਨਰ ਸਾਹਿਬ ਨੇ ਇਸਦੇ ਉਤੇ ਬਿਲਕੁਲ ਕੁਝ ਨਹੀਂ ਦਸਿਆ। ਬੜਾ ਅਫ਼ਸੋਸ ਹੈ ਇਸ ਗੱਲ ਦਾ ਕਿ ਇਤਨਾ ਵੱਡਾ ਮਸਲਾ ਜਿਹੜਾ ਕਿ ਪੰਜਾਬ ਵਿਚ ਚਲ ਰਿਹਾ ਹੈ ਉਸ ਦੇ ਬਾਰੇ ਗਵਰਨਰ ਸਾਹਿਬ ਜ਼ਿਕਰ ਹੀ ਨਾ ਕਰਨ । ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਇਹ ਤਾਂ ਕਹਿ ਦਿੱਤਾ ਕਿ ਸਾਡੇ ਲਈ ਇਹ ਬੜੇ ਮਾਣ ਦੀ ਗੱਲ ਹੈ ਕਿ ਦੇਸ਼ ਦੇ ਕੇਂਦਰੀ ਭੰਡਾਰ ਵਿਚ ਸਾਡੇ ਰਾਜ ਦਾ ਹਿੱਸਾ, ਕਣਕ 55 ਪ੍ਰਤੀਸ਼ਤ ਅਤੇ ਚਾਵਲ 40 ਪ੍ਰਤੀਸ਼ਤ ਰਿਹਾ ਹੈ ਪਰ ਥੇਂਈਂ ਡੈਮ ਬਾਰੇ ਸਵਾਲ ਆਇਆ ਤਾਂ ਕੁਝ ਨਹੀਂ । ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਥੇਂਈਂ ਡੈਮ ਦੇ ਬਾਰੇ ਕੁਝ ਨਹੀਂ ਕਿਹਾ ।

ਸੈਂਟਰਲ ਏਡ ਦਾ ਸਵਾਲ ਆਇਆ, ਇਸ ਬਾਰੇ ਪਹਿਲੇ ਬਾਦਲ ਸਾਹਿਬ ਅਤੇ ਜੋਸ਼ ਸਾਹਿਬ ਨੇ ਵੀ ਦਸਿਆ ਹੈ, 400 ਕਰੋੜ ਰੁਪਿਆ ਸੈਂਟਰ ਨੇ ਸਟੇਟਸ ਨੂੰ ਏਡ ਦੇਣੀ ਸੀ ਪਰ, ਡਿਪਟੀ ਸਪੀਕਰ ਸਾਹਿਬ, ਇਸ ਵਿਚ ਪੰਜਾਬ ਦਾ ਹਿੱਸਾ 40 ਕਰੋੜ ਤੋਂ ਜ਼ਿਆਦਾ ਨਹੀਂ । ਮੈਂ ਇਹ ਕਹਿੰਦਾ ਹਾਂ ਕਿ ਜਦ ਇਹ ਸੈਂਟਰ ਨੂੰ ਕਣਕ ਅਤੇ ਚਾਵਲ ਦੇਣ ਵਿਚ 55 ਪ੍ਰਤੀਸ਼ਤ ਅਤੇ 40 ਪ੍ਰਤੀਸ਼ਤ ਹਿੱਸਾ ਰੱਖਦੇ ਹਨ ਤਾਂ ਫਿਰ ਇਹ ਸਾਡੀ ਸਰਕਾਰ ਸੈਂਟਰ ਕੋਲੋਂ ਮੰਗ ਕਿਉਂ ਨਹੀਂ ਕਰ ਸਕਦੀ । ਸਾਡੀ ਇੰਡਸਟਰੀ ਵੀ ਚਲਣੀ ਚਾਹੀਦੀ ਹੈ। ਸਾਡੇ ਮੁੱਖ ਮੰਤਰੀ ਸਾਹਿਬ ਨੂੰ ਸੈਂਟਰ ਤੇ ਜ਼ੋਰ ਪਾਉਣਾ ਚਾਹੀਦਾ ਹੈ। ਸਾਡਾ ਸੂਬਾ ਇਕ ਬਾਰਡਰ ਸੂਬਾ ਹੈ । ਪਾਕਿਸਤਾਨ ਦਾ ਹਮਲਾ ਹੋ ਚੁਕਿਆ ਹੈ । ਸਾਡੀ ਕੇਂਦਰੀ ਸਰਕਾਰ ਨੂੰ ਇਸ ਸੂਬੇ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ । ਸਾਡੀ ਸਰਕਾਰ ਨੂੰ ਸੈਂਟਰ ਤੇ ਜ਼ੋਰ ਪਾ ਕੇ ਪੰਜਾਬ ਨੂੰ ਇੰਡਸਟਰੀ ਦਿਵਾਉਣੀ ਚਾਹੀਦੀ ਹੈ ਤਾਕਿ ਪੰਜਾਬ ਦੀ ਤਰੱਕੀ ਹੋ ਸਕੇ । ਪੰਜਾਬ ਉੱਚਾ ਉਠ ਸਕੇ । ਭਰਤੀ ਕਰਨੀ ਹੋਵੇ ਤਾਂ ਕਹਿੰਦੇ ਹਨ ਕਿ ਆਬਾਦੀ ਦੇ ਲਿਹਾਜ਼ ਨਾਲ ਹੋਵੇ, ਇਹ ਨਹੀਂ ਵੇਖਿਆ ਜਾਂਦਾ ਕਿ ਕੇਂਦਰੀ ਭੰਡਾਰ ਵਿਚ ਕਿਸ ਸੂਬੇ ਨੇ ਕਿਤਨਾ ਹਿੱਸਾ ਪਾਇਆ ਹੈ । ਬਲਕਿ ਅਬਾਦੀ ਨੂੰ ਹੀ ਮੱਦੇ ਨਜ਼ਰ ਰੱਖਿਆ ਜਾਂਦਾ ਹੈ ।

ਡਿਪਟੀ ਸਪੀਕਰ ਸਾਹਿਬ, ਅੱਜ ਹਿੰਦੁਸਤਾਨ ਵਿਚ ਕਈ ਅੰਦੋਲਨ ਚਲ ਰਹੇ ਹਨ ਔਰ ਕਈ ਤਾਕਤਾਂ ਐਸੀਆਂ ਹਨ ਜਿਹੜੀਆਂ ਕਿ ਇਨ੍ਹਾਂ ਅੰਦੋਲਨਾਂ ਵਿਚ ਡੈਮੋਕਰੇਸੀ ਦਾ ਨਾਂ ਕਹਿ ਕੇ ਡੈਮੋਕਰੇਸੀ ਨੂੰ ਹੀ ਖਤਮ ਕਰਨਾ ਚਾਹੁੰਦੀਆਂ ਹਨ । ਮੈਂ ਦਸਦਾ ਹਾਂ ਕਿ ਇਹ ਕਮਿਊਨਿਸਟ ਜਿਹੜੇ ਕਿ ਡੈਮੋ-ਕਰੇਸੀ ਵਿਚ ਬਿਲਕੁਲ ਵਿਸ਼ਵਾਸ਼ ਨਹੀਂ ਰੱਖਦੇ, ਡੈਮੋਕਰੇਸੀ ਦੀ ਕਿਤਾਬ ਲਿੱਖਣ ਵਾਲੇ ਨੂੰ ਹੀ ਆਪਣਾ ਦੁਸ਼ਮਣ ਸਮਝਦੇ ਹਨ, ਉਹ ਅੱਜ ਵਿਖਾਵੇ ਲਈ ਡੈਮੋਕਰੇਸੀ ਦੇ ਸੇਫਰ ਬਣ ਰਹੇ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਦਸ ਦੇਵਾਂ ਕਿ ਅੱਜ ਵੀ ਜੇ ਸਾਡੇ ਦੇਸ਼ ਤੇ ਕੋਈ ਸੰਕਟ ਆ ਜਾਵੇ ਤਾਂ ਦੇਸ਼ ਦੀ ਰਖਿਆ ਵਾਸਤੇ, ਦੇਸ਼ ਦੀ ਸਹਾਇਤਾ ਵਾਸਤੇ, ਪ੍ਰਾਈਮ ਮਨਿਸਟਰ ਇੰਦਰਾ ਗਾਂਧੀ, ਨੂੰ ਜੇ ਨੇਤਾ ਬਣਾਉਣ ਲਈ ਕੋਈ ਪਾਰਟੀ ਜ਼ੋਰ ਲਾਵੇਗੀ ਤਾਂ ਉਹ ਜਨਸੰਘ ਹੀ ਖੜਾ ਹੋਵੇਗਾ । ਔਰ ਇਨ੍ਹਾਂ ਨੇ ਤਾਂ ਪਿੱਠ ਵਿਚ ਛੁਰਾ ਘੋਪਣ ਵਾਸਤੇ ਹੀ ਖੜਾ ਹੋਣਾ ਹੈ । ਜਿਸ ਤਰ੍ਹਾਂ ਕਿ ਪਿਛੇ 1942 ਵਿਚ ਜਦ ਰੂਸ ਦਾ ਹਮਲਾ ਹੋਇਆ ਸੀ ਤਾਂ ਇਨ੍ਹਾਂ ਨੇ ਡੈਮੋਕਰੇਸੀ ਦੇ ਨਾਂ ਤੇ ਪਿੱਠ ਵਿਚ ਛੁਰਾ ਘੋਪਣ ਵਾਲੀ ਹੀ ਗੱਲ ਕੀਤੀ ਸੀ ...(ਸ਼ੋਰ)

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਦਸਿਆ ਹੈ ਕਿ ਕਮਿਊਨਿਸਟ ਜਮਹੂਰੀਅਤ ਦੇ ਦੁਸ਼ਮਣ ਹਨ । ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਅੱਜ ਜਮਹੂਰੀਅਤ ਨੂੰ ਤੋੜਨ ਵਾਸਤੇ ਕਿਹੜੀ ਪਾਰਟੀ ਚਲੀ ਹੋਈ ਹੈ ? (ਸ਼ੋਰ)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਦਸਿਆ ਹੈ ਕਿ ਇੰਦਰਾਂ ਗਾਂਧੀ ਨੂੰ ਲੀਡਰ ਬਣਾਉਣ ਲਈ ਇਹ ਪਾਰਟੀ ਖੜ੍ਹੀ ਹੋਵੇਗੀ । ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਅੱਜ ਇਨ੍ਹਾਂ ਨੂੰ ਉਹ ਟਾਈਮ ਭੁੱਲ ਗਿਆ ਹੈ ਜਦ ਜੰਨਸੰਘ ਦੇ ਆਗੂਆਂ ਨੇ ਆਪਣੇ ਲੀਡਰ ਨੂੰ ਦੁਰਗਿਆਣਾ ਮੰਦਰ ਵਿਚ ਵਰਤ ਤੇ ਬਿਠਾਇਆ ਸੀ ਅਤੇ ਮਹਾਂ ਪੰਜਾਬ ਬਣਾਉਣ ਲਈ ਕਿਹਾ ਸੀ ਅਤੇ ਉਨ੍ਹਾਂ ਨੇ ਪੰਜਾਬੀ ਸੂਬੇ ਦਾ ਨਾਹਰਾ ਲਾਇਆ ਸੀ? (ਸ਼ੋਰ)

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਰ ਰਿਹਾ ਸੀ ਕਿ ਜਿਹੜੇ ਅੱਜ ਵੀ ਰੂਸ, ਹਿੰਦੂਸਤਾਨ ਨਾਲ ਤੁਅੱਲਕ ਰੱਖ ਕੇ, ਜਮਹੂਰੀਅਤ ਦਾ ਫੋਕਾ ਨਾਹਰਾ ਲਾ ਰਹੇ ਹਨ ......

ਸ੍ਰੀ ਡਿਪਟੀ ਸਪੀਕਰ : ਇਕ ਗੱਲ ਮੈਂ ਤੁਹਾਡੇ ਲਈ ਦਸ ਦੇਣੀ ਚਾਹੁੰਦਾ ਹਾਂ ਕਿ ਅਸੀਂ ਗਵਰਨਰ ਸਾਹਬ ਦੇ ਐਡਰੈਸ ਤੇ ਡਿਸਕਸ਼ਨ ਕਰਨੀ ਹੈ ਉਸ ਤੇ ਜੋ ਤੁਸੀਂ ਕਹਿਣਾ ਹੈ ਕਹਿ ਲਉ । (I would like to point out that we are having discussion on the Governor's Address and you should express your views thereon only.)

ਸ੍ਰੀ ਪ੍ਰੇਮ ਗੁਪਤਾ : ਜਿਸ ਤਰ੍ਹਾਂ ਤੁਸੀਂ ਫਰਮਾਇਆ ਹੈ ਕਿ ਗਵਰਨਰ ਸਾਹਿਬ ਦੇ ਐਡਰੈਸ ਤੇ ਡਿਸਕਸ਼ਨ ਕਰਨੀ ਹੈ ਪਰ ਜਿਹੜੀ ਗੱਲ ਇੰਟਰਨੈਸ਼ਨਲ ਰਿਲੇਸ਼ਨ ਬਾਰੇ ਕਹੀ ਜਾਵੇ ਉਹ ਹਾਊਸ ਵਿਚ ਡਿਸਕੱਸ ਨਹੀਂ ਹੋਣੀ ਚਾਹੀਦੀ, ਫਿਰ ਰੱਸ਼ੀਆ ਦਾ ਜਿਹੜਾ ਰੈਫਰੈਂਸ ਆਇਆ ਉਹ ਜਾਂ ਤਾ ਵਾਪਸ ਲੈ ਲੈਣਾ ਚਾਹੀਦਾ ਹੈ ਜਾਂ ਐਕਸਪੰਜ ਕਰਵਾ ਦੇਣਾ ਚਾਹੀਦਾ ਹੈ ।

ਡਾਕਟਰ ਬਲਦੇਵ ਪ੍ਰਕਾਸ਼ : ਇਹ ਬਿਲਕੁਲ ਵਾਪਿਸ ਨਹੀਂ ਹੋਣਾ ਚਾਹੀਦਾ ।

ਸ੍ਰੀ ਡਿਪਟੀ ਸਪੀਕਰ : ਗੁਪਤਾ ਜੀ, ਮੈਂ ਜਿਹੜੇ ਲਫਜ਼ ਕਟਵਾ ਸਕਦਾ ਹਾਂ ਉਹ 3-4 ਕੈਟੇਗਰੀਜ਼ ਦੇ ਹਨ । ਨੈਸ਼ਨਲ ਜਾਂ ਇੰਟਰਨੈਸ਼ਨਲ ਮਾਮਲਿਆਂ ਬਾਰੇ ਅਗਰ ਕੋਈ ਗਲ ਆਵੇ ਤਾਂ ਮੈਂ ਉਸ ਵਿਚ ਦਖਲ ਨਹੀਂ ਦੇ ਸਕਦਾ । ਤੁਸੀਂ ਉਸ ਨੂੰ ਕੰਡੇਮ ਕਰ ਸਕਦੇ ਹੋ । ਲੇਕਿਨ ਉਸ ਨੂੰ ਕੱਟਿਆ ਨਹੀਂ ਜਾ ਸਕਦਾ । (Guptaji, there are 3 or 4 categories of words which I can get expunged. I can't interfere with the words relating to national or international matters. You can condemn the same but these cannot be expunged.)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਤੁਸੀਂ ਇਥੋਂ ਦੇ ਰੂਲਜ਼ ਦੇ ਅੰਦਰ ਰਹੇ ਹੋ, ਪਰ ਕੌਲ ਐਂਡ ਸ਼ਕਧਰ ਨੇ ਇਹ ਲਿਖਿਆ ਹੈ ...

Anything said which is anti-nationa, which is against the army or which is in bad taste, can be expunged.

ਐਂਟੀ ਨੈਸ਼ਨਲ ਗੱਲਾਂ ਕੋਈ ਵੀ ਹੋਣ ਉਹ ਕਟਵਾਈਆਂ ਜਾ ਸਕਦੀਆਂ ਹਨ ।

ਸ੍ਰੀ ਡਿਪਟੀ ਸਪੀਕਰ : ਪਰ ਸਾਡੇ ਰਿਲੇਸ਼ਨ ਤਾਂ ਸਾਰੇ ਦੇਸ਼ਾਂ ਨਾਲ ਚੰਗੇ ਹਨ । (But we have good relations with all the countries.)

ਚੌਧਰੀ ਦਰਸ਼ਨ ਸਿੰਘ : ਜੋ ਲਫਜ਼ ਐਂਟੀ ਨੈਸ਼ਨਲ ਕਹੇ ਗਏ ਹਨ ਉਹ ਐਕਸਪੰਜ ਹੋਣੇ ਚਾਹੀਦੇ ਹਨ ।

ਸ੍ਰੀ ਡਿਪਟੀ ਸਪੀਕਰ : ਐਂਟੀ ਨੈਸ਼ਨਲ ਕਿਹੜੀਆਂ ਗੱਲਾਂ ਹਨ? (Which are the anti-national remarks ?)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਕੋਈ ਵੀ ਐਂਟੀ ਨੈਸ਼ਨਲ ਗੱਲਾਂ, ਮੈਂ ਸਮਝਦਾ ਹਾਂ ਕਿ, ਇਸ ਹਾਊਸ ਵਿਚ ਨਹੀਂ ਹੋਣੀਆਂ ਚਾਹੀਦੀਆਂ । (ਸ਼ੋਰ)

ਸ੍ਰੀ ਡਿਪਟੀ ਸਪੀਕਰ : ਜੇ ਕੋਈ ਕਰਦਾ ਹੈ ਤਾਂ ਇਸ ਵਿਚ ਉਨ੍ਹਾਂ ਦੀ ਪਾਰਟੀ ਨੂੰ ਨੁਕਸਾਨ ਹੈ । ਕਰਨ ਦਿਉ ਜੇ ਕਰਦਾ ਹੈ ਤਾਂ। (If somebody passes anti-national remarks then those will harm his own party. So let him please himself.)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਡਾਕਟਰ ਸਾਹਿਬ ਤੋਂ ਪੁਛਣੀ ਚਾਹੁੰਦਾ ਹਾਂ ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਜਦੋਂ ਲੜਾਈ ਲੜੀ ਜਾ ਰਹੀ ਸੀ, ਇੰਧਰਾ ਗਾਂਧੀ ਦੀ ਸਰਕਾਰ ਰਾਹੀਂ, ਤਾਂ ਸਾਡੀ ਪਾਰਟੀ ਇੰਦਰਾ ਦੀ ਸਰਕਾਰ ਨਾਲ ਸੀ। ਕਿਤੇ ਇਨ੍ਹਾਂ ਦਾ ਇਹ ਕਹਿਣਾ ਉਸ ਤਰ੍ਹਾਂ ਦਾ ਤਾਂ ਨਹੀਂ ਜਦੋਂ ਬੰਗਲਾ ਦੇਸ਼ ਦੀ ਲੜਾਈ ਲਗੀ ਤਾਂ ਇਨ੍ਹਾਂ ਨੇ ਕਿਹਾ ਸੀ ਜੇ ਬੰਗਲਾ ਦੇਸ਼ ਜਿੱਤ ਗਿਆ ਤਾਂ ਅਸੀਂ ਉਨ੍ਹਾਂ ਨਾਲ ਹੋਵਾਂਗੇ ।

ਡਾਕਟਰ ਬਲਦੇਵ ਪ੍ਰਕਾਸ਼ : ਸਾਡਾ ਹਿੰਦ ਦੀ ਸਰਕਾਰ ਨੂੰ ਬੰਗਲਾ ਦੇਸ਼ ਵੇਲੇ ਵੀ ਪੂਰਾ ਸਮੱਰਥਨ ਰਿਹਾ ਸੀ। ਉਨ੍ਹਾਂ ਦਾ ਇਹ ਖਿਆਲ ਗ਼ਲਤ ਹੈ । ਇਹ ਹਮੇਸ਼ਾ ਵਾਸਤੇ ਯਾਦ ਰਖੋ ਕਿ ਜਦੋਂ ਵੀ ਸਾਡੀ ਲੜਾਈ ਕਿਸੇ ਗ਼ੈਰ ਮੁਲਕ ਨਾਲ ਹੋਵੇਗੀ, ਅਸੀਂ ਆਪਣੇ ਮੁਲਕ ਦੀ ਸਰਕਾਰ ਨਾਲ ਸਾਥ ਦੇਵਾਂਗੇ ।

ਆਪਣੇ ਐਡਰੈਸ ਵਿਚ ਭ੍ਰਿਸ਼ਟਾਚਾਰ ਬਾਰੇ ਗਵਰਨਰ ਸਾਹਿਬ ਨੇ ਕੋਈ ਗੱਲ ਨਹੀਂ ਕਹੀ । ਭ੍ਰਿਸ਼ਟਾਚਾਰ ਇਸ ਦੇਸ਼ ਨੂੰ ਘੁਣ ਦੀ ਤਰ੍ਹਾਂ ਖਾ ਰਿਹਾ ਹੈ। ਅੱਜ ਹੀ ਹਾਊਸ ਵਿਚ ਵ੍ਹੀਟ ਸਕੈਂਡਲ ਦੀ ਗੱਲ ਚਲੀ ਸੀ । ਇਸ ਬਾਰੇ ਇਕ ਐਡਜਰਨਮੈਂਟ ਮੋਸ਼ਨ ਵੀ ਦਿੱਤੀ ਗਈ ਸੀ । ਇਸ ਬਾਰੇ ਜੋਸ਼ ਹੋਰਾਂ ਨੇ ਵੀ ਕੁਝ ਜ਼ਿਕਰ ਆਪਣੇ ਐਡਰੈਸ ਤੇ ਬੋਲਦਿਆਂ ਹੋਇਆਂ ਕੀਤਾ ਸੀ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਦਸਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਜਿਹੜੀਆਂ ਸਟੇਟ ਟੂ ਸਟੇਟ ਟਰਾਂਜ਼ੈਕਸ਼ਨਜ਼ ਦਾ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ ਸਟੇਟ ਨੇ ਆਪਣੀਆਂ ਏਜੰਸੀਆਂ ਕਾਇਮ ਕੀਤੀਆਂ ਜਿਹੜੀਆਂ ਕਿ ਨਾਮੀਨੇਟਿਡ ਸੀ । ਮੈਂ ਇਹ ਗੱਲ ਪੁਰਜ਼ੋਰ ਸ਼ਬਦਾਂ ਵਿਚ ਇਸ ਹਾਊਸ ਵਿਚ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਨਾਮੀਨੇਟਿਡ ਏਜੰਸੀਆਂ ਨੇ 5 ਤੋਂ 10 ਰੁਪਏ ਤੱਕ ਪਰ ਕੁਇੰਟਲ ਕਮਾਇਆ । 2 ਲੱਖ ਟਨ ਵ੍ਹੀਟ ਬਾਹਰ ਗਈ ਹੈ, ਹੁਣ ਤੁਸੀਂ ਅੰਦਾਜ਼ਾ ਲਗਾ ਲਉ ਕਿਤਨੀ ਭਾਰੀ ਰਕਮ ਦਾ ਇਹ ਸਕੈਂਡਲ ਹੈ । ਜਿਤਨੀਆਂ ਬੋਗਸ ਕੋਆਪਰੇਟਿਵ ਸੋਸਾਇਟੀਆਂ ਹਨ, ਉਹ ਇਨ੍ਹਾਂ ਦੇ ਲਈ ਇਸ ਤਰ੍ਹਾਂ ਸਕੈਂਡਲ ਕਰਕੇ ਧਨ ਇੱਕਠਾ ਕਰਦੀਆਂ ਹਨ । ਇਹ ਲੋਕਾਂ ਦੇ ਨੁਮਾਇੰਦਿਆਂ ਦੀ ਕਮੇਟੀ ਨੂੰ ਮੰਨਦੇ ਤਾਂ ਪਤਾ ਲਗ ਜਾਂਦਾ ਕਿ ਕਿਤਨਾ ਕੁ ਵ੍ਹੀਟ ਦੇ ਸਕੈਂਡਲ ਰਾਹੀਂ ਇਨ੍ਹਾਂ

ਨੇ ਪੈਸਾ ਹਾਸਲ ਕੀਤਾ ਹੈ । ਇਹ ਕਹਿੰਦੇ ਹਨ ਕਿ ਸਕੈਂਡਲ ਹੋ ਕਿਸ ਤਰ੍ਹਾਂ ਸਕਦਾ ਹੈ ਜਦੋਂ ਡੀਲ ਸਟੇਟ ਟੂ ਸਟੇਟ ਹੋਇਆ ਹੈ। ਮੈਂ ਕਹਿੰਦਾ ਹਾਂ ਕਿ ਪੰਜਾਬ ਵਿਚ ਸਕੈਂਡਲ ਹੋਇਆ ਹੈ । ਕੀ ਸਰਕਾਰ ਸਾਰੀਆਂ ਫਾਈਲਾਂ ਆਪੋਜ਼ੀਸ਼ਨ ਨੂੰ ਵਿਖਾਉਣ ਦੀ ਜੁਅੱਰਤ ਕਰੇਗੀ? ਮੈਂ ਮੰਗ ਕਰਦਾ ਹਾਂ ਕਿ ਉਹ ਆਪਣੀਆਂ ਫਾਈਲਾਂ ਆਪੋਜ਼ੀਸ਼ਨ ਨੂੰ ਵਿਖਾਉਣ ਕਿ ਜੋ ਕਮਿਸ਼ਨ 5/- ਤੋਂ 10/- ਫੀ ਬੋਰੀ ਦੇ ਹਿਸਾਬ ਨਾਲ ਇਨ੍ਹਾਂ ਨੇ ਲਿਆ, ਉਹ ਕਿਥੇ ਗਿਆ । ਇਸ ਰਾਹੀਂ ਲੱਖਾਂ ਰੁਪਏ ਇਨ੍ਹਾਂ ਨੇ ਕਮਾਏ, ਇਹ ਲੁਟ ਨਹੀਂ ਤਾਂ ਹੋਰ ਕੀ ਹੈ, ਕੀ ਇਹ ਸਕੈਂਡਲ ਨਹੀਂ? ਫੇਰ ਇਨ੍ਹਾਂ ਨੇ ਮਹਿੰਗਾਈ ਨੂੰ ਰੋਕਣ ਵਾਸਤੇ ਇਹ ਪ੍ਰਾਪੇਗੰਡਾ ਸ਼ੁਰੂ ਕੀਤਾ ਹੋਇਆ ਹੈ ਕਿ ਅਸੀਂ ਸਮੱਗਲਰਾਂ ਨੂੰ ਫੜ ਰਹੇ ਹਾਂ। ਇਹ ਅੱਜ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, ਇਹ ਜੇ ਦਿਲੋਂ ਚਾਹੁੰਦੇ ਹਨ ਤਾਂ ਅਸੀਂ ਇਹ ਕਹਿੰਦੇ ਹਾਂ ਕਿ ਸਾਰੀ ਕਰੰਸੀ ਨੂੰ ਡਿਮਾਨੇਟਾਈਜ਼ ਕਿਉਂ ਨਹੀਂ ਕਰਦੇ । ਅਜ ਕਰ ਦੇਣ ਕਲ੍ਹ ਨੂੰ ਇਹ ਮਸਲਾ ਹੱਲ ਹੋ ਸਕਦਾ ਹੈ ਪਰ ਜੋ ਕੁਝ ਹੋ ਰਿਹਾ ਹੈ ਪ੍ਰਾਪੇਗੰਡੇ ਦੇ ਲਈ ਹੀ ਕੀਤਾ ਜਾ ਰਿਹਾ ਹੈ, ਇਹ ਖ਼ੁਦ ਮਹਿੰਗਾਈ ਕਰਾਉਣ ਦੇ ਹੱਕ ਵਿਚ ਹਨ, ਬੰਦ ਕਿਵੇਂ ਕਰਨ ।

ਸਰਦਾਰ ਗੁਰਬਚਨ ਸਿੰਘ (ਰੋਪੜ): ਹੁਣ, ਡਾਕਟਰ ਬਲਦੇਵ ਪ੍ਰਕਾਸ਼ ਨੇ ਜਿਹੜੀ ਸਮੱਗਲਿੰਗ ਦੀ ਗੱਲ ਉਠਾਈ ਹੈ ਮੈਂ ਉਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਆਪ ਫਾਇਨੈਂਸ ਮਨਿਸਟਰ ਸਨ, ਉਦੋਂ ਇਨ੍ਹਾਂ ਨੇ ਨਾ ਸਮੱਗਲਰਾਂ ਦੀ ਗੱਲ ਕੀਤੀ, ਨਾ ਕੋਈ ਚੋਰੀ ਦੀ ਗੱਲ ਉਠਾਈ ਅਤੇ ਨਾ ਹੀ ਡਾਕੂਆਂ ਦੀ ਗੱਲ ਉਠਾਈ, ਹੁਣ ਇਨ੍ਹਾਂ ਦੇ ਕਿਥੋਂ ਯਾਦ ਆ ਗਈ?

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬ, ਅਜ ਇਹ ਕੁਰੱਪਸ਼ਨ ਦੂਰ ਕਰਨ ਦੀਆਂ ਗੱਲਾਂ ਕਰਦੇ ਹਨ,ਪਰ ਕੁਰੱਪਸ਼ਨ ਦੂਰ ਕਿਸ ਤਰ੍ਹਾਂ ਹੋ ਸਕਦੀ ਹੈ ਜਦੋਂ ਕਿ ਰੂਲਿੰਗ ਪਾਰਟੀ ਵਿਚ ਵੱਡੇ ਵੱਡੇ ਕਾਰਖਾਨੇਦਾਰ ਹਨ, ਜਿਨ੍ਹਾਂ ਪਾਸ ਲੱਖਾਂ ਰੁਪਿਆ ਬਲੈਕ ਮਨੀ ਦਾ ਹੈ । ਮੈਂ ਫਿਗਰਜ਼ ਦੇ ਸਕਦਾ ਹਾਂ ਜੇ ਕਹੋ । ਮੈਂ ਇਕ ਗੱਲ ਦਾਵੇ ਨਾਲ ਕਹਿ ਸਕਦਾ ਹਾਂ ਕਿ ਪਿਛਲੇ ਦਿਨਾਂ ਵਿਚ ਕੋਈ 50 ਹਜ਼ਾਰ ਰੁਪਿਆ ਅੰਮ੍ਰਿਤਸਰ ਤੋਂ ਕਾਰਪੋਰੇਸ਼ਨ ਦੇ ਨਾਉਂ ਤੇ ਲਿਆ । ਏਥੇ ਦੂਸਰੇ ਅੰਮ੍ਰਿਤਸਰ ਦੇ ਨੁਮਾਇੰਦੇ ਬੈਠੇ ਹਨ ਉਹ ਦੱਸਣ ਕਿ ਇਹ ਹੋਇਆ ਕਿ ਨਹੀਂ ।

ਕੈਪਟਨ ਰਤਨ ਸਿੰਘ : ਡਾਕਟਰ ਬਲਦੇਵ ਪ੍ਰਕਾਸ਼ ਜੀ ਐਡਰੈਸ ਤੇ ਬੋਲ ਰਹੇ ਹਨ ਜਾਂ ਕਿਸੇ ਕਾਰਪੋਰੇਸ਼ਨ ਦੀ ਗੱਲ ਕਰ ਰਹੇ ਹਨ । ਕਾਰਪੋਰੇਸ਼ਨ ਤਾਂ ਕੈਪੀਟਿਲਿਸਟਿਕ ਇਕੋਨੋਮੀ ਦੇ ਵਿਚ ਆਉਂਦੀ ਹੈ , ਜੇ ਉਹ ਸਮਾਜਵਾਦ ਦੇ ਬਾਰੇ ਕਹਿੰਦੇ ਹਨ ਤਾਂ ਕਿਉਂ ਨਹੀਂ ਸਾਡੇ ਨਾਲ ਸ਼ਾਮਲ ਹੋ ਜਾਂਦੇ ।

ਡਾਕਟਰ ਬਲਦੇਵ ਪ੍ਰਕਾਸ਼ : ਇਹ ਤਾਂ ਲਫਜ਼ਾਂ ਦਾ ਹੇਰ ਫੇਰ ਹੈ । ਇਹ ਮੁਲਕ ਦੀਆਂ ਬੁਰਾਈਆਂ ਦੂਰ ਨਹੀਂ ਕਰਨਾ ਚਾਹੁੰਦੇ । ਕਦੇ ਕੋਈ ਗੱਲ ਕਰਕੇ ਪੈਸੇ ਇੱਕਠੇ ਕਰਦੇ ਹਨ ਕਦੇ ਕੋਈ ਗੱਲ ਕਰਕੇ । ਇਥੇ ਜੋਸ਼ ਸਾਹਿਬ ਨੇ ਟਰਾਂਸਪੋਰਟ ਦੇ ਨੈਸ਼ਨੇਲਾਈਜ਼ ਕਰਨ ਬਾਰੇ ਕਿਹਾ ਸੀ । ਇਨ੍ਹਾਂ ਦੇ ਵੀ ਨਾਹਰੇ ਦਿੱਤੇ ਨੂੰ ਕਾਫੀ ਚਿਰ ਹੋ ਗਿਆ ਕਿ ਅਸੀਂ ਟਰਾਂਸਪੋਰਟ ਨੈਸ਼ਨੇਲਾਈਜ਼ ਕਰਨੀ ਹੈ, ਪਰ ਕੀ ਇਹ ਹੋ ਗਈ? ਇਹ ਤਾਂ ਇਨ੍ਹਾਂ ਨੇ ਨਾਹਰਾ ਲਾਕੇ ਟਰਾਂਸਪੋਰਟਰਜ਼ ਤੋਂ ਕਮਾਈ ਦਾ ਤਰੀਕਾ ਇਖਤਿਆਰ ਕਰ ਲਿਆ ਹੈ । ਇਨ੍ਹਾਂ ਨੇ ਤਾਂ ਸਿਨਮੇ ਨੈਸ਼ਨੇਲਾਈਜ਼ ਕਰਨ ਅਤੇ ਚਿਟ ਫੰਡ ਨੈਸ਼ਨੇ-ਲਾਈਜ਼ ਕਰਨ ਦਾ ਨਾਹਰਾ ਲਾਇਆ ਹੈ, ਪਰ ਕੀ ਇਹ ਹੋ ਗਿਆ? ਇਹ ਪੈਸਾ ਹਾਸਲ ਕਰਨ ਲਈ ਕਦੇ ਟਰਾਂਸਪੋਰਟਰਜ਼ ਨੂੰ ਡਰਾਉਂਦੇ ਹਨ, ਕਦੇ ਟਰੇਡਰਜ਼ ਨੂੰ ਡਰਾਉਂਦੇ ਹਨ ।

ਸਰਦਾਰ ਦਿਲਬਾਗ ਸਿੰਘ : ਮੈਂ ਡਾਕਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ 1969 ਵਿਚ ਡਾਕਟਰ ਸਾਹਿਬ ਮਨਿਸਟਰੀ ਵਿਚ ਸਨ ਅਤੇ ਕਾਂਗਰਸ ਪਾਰਟੀ ਨੇ ਟਰਾਂਸਪੋਰਟ ਨੈਸ਼ਨੇ-ਲਾਈਜ਼ ਕਰਨ ਲਈ ਨਾਹਰਾ ਲਾਇਆ ਸੀ ਤਾਂ ਇਨ੍ਹਾਂ ਨੇ ਕਈ ਸਾਲ ਤੱਕ ਨੈਸ਼ਨੇਲਾਈਜ਼ੇਸ਼ਨ ਦੀ ਗੱਲ ਹੀ ਨਹੀਂ ਸੁਣੀ। ਇਨ੍ਹਾਂ ਨੇ ਇਸਤਰ੍ਹਾਂ ਕਿਤਨੇ ਕਰੋੜ ਰੁਪਿਆ ਕਮਾਇਆ ਸੀ?

ਡਾਕਟਰ ਬਲਦੇਵ ਪ੍ਰਕਾਸ਼ : ਮੈਂ 1969 ਵਿਚ ਕੈਬਿਨੇਟ ਵਿਚ ਸ਼ਾਮਲ ਨਹੀਂ ਸੀ। ਉਨ੍ਹਾਂ ਦੀ ਇਹ ਗਲਤ ਫਹਿਮੀ ਵੀ ਮੈਂ ਦੂਰ ਕਰ ਦੇਵਾਂ। ਮੈਂ ਅਰਜ਼ ਕਰ ਰਿਹਾ ਸੀ ਕੁਰੱਪਸ਼ਨ ਦਾ ਮੰਬਾ ਉਪਰਲੀ ਪੱਧਰ ਤੇ ਹੈ। ਜਦੋਂ ਇਸ ਦੀਆਂ ਉਪਰ ਤੋਂ ਜੜ੍ਹਾਂ ਨਹੀਂ ਕੱਟੀਆਂ ਜਾਂਦੀਆਂ, ਇਹ ਕੁਰੱਪਸ਼ਨ ਦੂਰ ਨਹੀਂ ਹੋਣੀ।

ਸਰਦਾਰ ਦਿਲਬਾਗ ਸਿੰਘ: ਉਨ੍ਹਾਂ ਨੂੰ ਅਜੇ ਵੀ ਗਲਤ ਫਹਿਮੀ ਰਹਿ ਗਈ ਹੈ; ਮੈਂ ਇਹ ਦੂਰ ਕਰ ਦੇਵਾਂ ਕਿ 1967 ਤੋਂ 1969 ਤੱਕ ਸਰਦਾਰ ਗੁਰਨਾਮ ਸਿੰਘ ਦੀ ਗੌਰਮਿੰਟ ਦੇ ਵਿਚ ਇਹ ਸੀ। ਅਸੀਂ ਟਰਾਂਸਪੋਰਟ ਦਾ ਨਾਹਰਾ ਲਾਇਆ ਪਰ ਇਹ ਕਈ ਸਾਲ ਤੱਕ ਕਰ ਨਹੀਂ ਸਕੇ। ਇਨ੍ਹਾਂ ਨੇ ਕਿਤਨੇ ਕਰੋੜ ਰੁਪਏ ਕਮਾਏ ਸੀ ?

ਡਾਕਟਰ ਬਲਦੇਵ ਪ੍ਰਕਾਸ਼ : ਮੈਂ ਤਾਂ 1969 ਵਿਚ ਕੈਬਿਨੇਟ ਵਿਚ ਹੀ ਨਹੀਂ ਸੀ ਇਹ ਕਿਹੜੀ ਗੱਲ ਕਰਦੇ ਹਨ।

ਸਰਦਾਰ ਗੁਰਮੇਜ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਹੈਰਾਨ ਹਾਂ, ਇਹ ਅੱਜ ਕਦੇ ਕੁਰੱਪਸ਼ਨ ਤੇ ਸਟੇਟਮੈਂਟ ਦੇ ਰਹੇ ਹਨ, ਕਦੇ ਨੈਸ਼ਨਲ ਇੰਟੈਗਰੇਸ਼ਨ ਦੀ ਗੱਲ ਕਰ ਰਹੇ ਹਨ। ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਅਕਾਲੀ ਅਤੇ ਜਨ ਸੰਘ ਦੀ ਲਵ ਮੈਰਿਜ ਹੋਈ ਫੇਰ ਟੁਟ ਗਈ ਪਰ ਫੇਰ ਕਰ ਲਈ। ਹੁਣ ਸੀ. ਪੀ. ਐਮ. ਅਤੇ ਅਕਾਲੀਆਂ ਦਾ ਗਠ-ਜੋੜ ਹੋਇਆ ਹੈ, ਡਾਕਟਰ ਬਲਦੇਵ ਪ੍ਰਕਾਸ਼ ਜੀ ਹੁਣ ਕਿਥੇ ਖੜੋਤੇ ਹਨ? (ਹਾਸਾ)

12-40 P.M. (ਇਸ ਵੇਲੇ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਸਰਦਾਰ ਬਸੰਤ ਸਿੰਘ ਖਾਲਸਾ : ** ** ** (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰਾ ਟਾਈਮ ਤਾਂ ਇੰਟਰੱਪਸ਼ਨਜ਼ ਵਿਚ ਹੀ ਖਤਮ ਹੋ ਗਿਆ ਹੈ। ਤੇ, ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਦੇਸ਼ ਵਿਚ ਭ੍ਰਿਸ਼ਟਾਚਾਰ ਉਪਰ ਤੋਂ ਸ਼ੁਰੂ ਹੁੰਦਾ ਹੈ ਅਤੇ ਜਦੋਂ ਤਕ ਉਪਰਲੇ ਲੈਵਲ ਤੇ ਭ੍ਰਿਸ਼ਟਾਚਾਰ ਖਤਮ ਨਹੀਂ ਹੁੰਦਾ, ਉਨੀ ਦੇਰ ਤਕ ਦੇਸ਼ ਵਿਚੋਂ ਭ੍ਰਿਸ਼ਟਾਚਾਰ ਖਤਮ ਨਹੀਂ ਹੋ ਸਕਦਾ। ਇਸ ਲਈ, ਸਪੀਕਰ ਸਾਹਿਬ, ਦੇਸ਼ ਵਿਚੋਂ ਭ੍ਰਿਸ਼ਟਾਚਾਰ ਖਤਮ ਕਰਨ ਲਈ ਜ਼ਰੂਰੀ ਹੈ ਕਿ ਉਪਰਲੇ ਲੈਵਲ ਤੇ ਪੁਲਿਟੀਕਲ ਬੰਦਿਆਂ ਦਾ ਮੌਰਲ ਉੱਚਾ ਹੋਵੇ।

ਫਿਰ, ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਨ ਵਿਚ ਜ਼ਿਕਰ ਕੀਤਾ ਗਿਆ ਹੈ ਮਿਸ਼ਰਾ ਜੀ ਦੀ ਹੱਤਿਆ ਦਾ। ਇਹ ਹੱਤਿਆ ਪੁਲਿਟੀਕਲ ਵਾਇਲੈਂਸ ਕਰਕੇ ਹੋਈ ਹੈ। ਔਰ

**Expunged as ordered by the Chair.

ਮੈਂ ਸਮਝਦਾ ਹਾਂ ਕਿ ਇਹ ਉਸ ਪਾਰਟੀ ਦਾ ਕੰਮ ਹੈ ਜਿਸ ਦਾ ਵਿਸ਼ਵਾਸ਼ ਡੈਮੋਕਰੇਸੀ ਵਿਚ ਨਹੀਂ ਹੈ। ਇਹ ਹੱਤਿਆ ਜਿਸ ਢੰਗ ਨਾਲ ਹੋਈ ਹੈ ......(ਵਿਘਨ)

ਸ੍ਰੀ ਸਪੀਕਰ : ਤੁਸੀਂ 20 ਮਿੰਟ ਬੋਲ ਚੁੱਕੇ ਹੋ, ਬਾਕੀ 5 ਮਿੰਟ ਵਿਚ ਖਤਮ ਕਰੋ। (You have already taken 20 minutes. Please wind up within five minutes.)

ਡਾਕਟਰ ਬਲਦੇਵ ਪ੍ਰਕਾਸ਼: ਠੀਕ ਹੈ ਜੀ ਮੈਂ ਪੰਜ ਮਿੰਟਾਂ ਵਿਚ ਖਤਮ ਕਰ ਦਿਆਂਗਾ। ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਸ ਢੰਗ ਨਾਲ ਇਹ ਹਤਿਆ ਕੀਤੀ ਗਈ ਹੈ, ਇਸ ਢੰਗ ਨਾਲ ਰੂਸ ਵਿਚ ਪੁਲਿਟੀਕਲ ਮਰਡਰ ਹੁੰਦੇ ਸੀ ਜਿਸ ਤਰ੍ਹਾਂ ਉਥੇ ਬੰਬ ਫਟਿਆ ਇਸ ਤੋਂ ਇਹ ਪਤਾ ਲਗਦਾ ਹੈ ਕਿ ਰੂਸ ਵਾਲਾ ਢੰਗ ਹੀ ਇਥੇ ਅਪਣਾਇਆ ਗਿਆ ਹੈ। (ਘੰਟੀ) ਸਪੀਕਰ ਸਾਹਿਬ, ਇਕ ਗੱਲ ਮੈਂ ਜ਼ਰੂਰ ਕਹਾਂਗਾ। ਉਹ ਇਹ ਕਿ ਪੁਲੀਟੀਕਲ ਵਾਇਲੈਂਸ ਇਸ ਮੁਲਕ ਵਿਚ ਇਸ ਕਰਕੇ ਆਈ ਕਿਉਂਕਿ ਲੋਕਾਂ ਦਾ ਅਸੰਤੋਸ਼ ਦੂਰ ਨਹੀਂ ਹੋ ਸਕਿਆ, ਗਰੀਬੀ ਦੂਰ ਨਹੀਂ ਹੋ ਸਕੀ, ਲੋਕਾਂ ਦੀਆਂ ਮੰਗਾਂ ਇਹ ਸਰਕਾਰ ਪੂਰੀਆਂ ਨਹੀਂ ਕਰ ਸਕੀ। ਜਿਹੜੀ ਸਰਕਾਰ ਇਹ ਗਲਾਂ ਨਹੀਂ ਕਰ ਸਕੀ ਉਹ ਫਿਰ ਵੀ ਢੀਠਤਾਈ ਨਾਲ ਗੱਦੀਆਂ ਤੇ ਬੈਠੀ ਹੈ। ਆਖਿਰ ਇਹ ਫੈਸਲਾ ਹੋਣਾ ਸੀ ਕਿ ਡੈਮੋ-ਕ੍ਰੇਸੀ ਵਿਚ ਕੌਣ ਸੁਪਰੀਮ ਹੈ, ਜਨਤਾ ਸੁਪਰੀਮ ਹੈ ਜਾਂ ਜਨਤਾ ਦੇ ਨੁਮਾਇੰਦੇ ਸੁਪਰੀਮ ਹਨ। ਮੈਂ ਸਮਝਦਾ ਹਾਂ ਕਿ ਡੈਮੋਕ੍ਰੇਸੀ ਵਿਚ ਜਨਤਾ ਹੀ ਸੁਪਰੀਮ ਹੈ ਅਤੇ ਜਿਥੇ ਜਨਤਾ ਸੁਪਰੀਮ ਨਹੀਂ ਮੰਨੀ ਜਾਂਦੀ ਉਥੇ ਡੈਮੋਕ੍ਰੇਸੀ ਨਹੀਂ ਰਹਿ ਸਕਦੀ। ਫਿਰ, ਸਪੀਕਰ ਸਾਹਿਬ, ਇਹ ਜੋ ਹਤਿਆ ਹੋਈ ਹੈ ਇਸ ਦਾ ਮਾਹੌਲ ਇਕ ਦਿਨ ਵਿਚ ਪੈਦਾ ਨਹੀਂ ਹੋ ਗਿਆ। ਦੇਸ਼ ਦੇ ਵੱਡੇ ਵੱਡੇ ਨੇਤਾਵਾਂ ਨੇ ਇਹ ਕਿਹਾ ਕਿ ਜੇ ਦੇਸ਼ ਦੀ ਜਨਤਾ ਸੰਤੁਸ਼ਟ ਨਹੀਂ ਹੋਵੇਗੀ ਤਾਂ ਦੇਸ਼ ਵਿਚ ਖੂਨੀ ਕਰਾਂਤੀ ਆ ਜਾਵੇਗੀ। (ਵਿਘਨ) ਮੈਂ ਕਾਂਗਰਸ ਦੇ ਪਿਛਲੇ ਪ੍ਰਧਾਨ ਸ਼ੰਕਰ ਦਿਆਲ ਦੀਆਂ 100 ਸਟੇਟਮੈਂਟਾਂ ਦਸ ਸਕਦਾ ਹਾਂ ਜਿਨ੍ਹਾਂ ਵਿਚ ਉਸ ਨੇ ਕਿਹਾ ਕਿ ਖੂਨੀ ਕ੍ਰਾਂਤੀ ਆ ਜਾਵੇਗੀ। ਇਸ ਤਰ੍ਹਾਂ ਜੇ ਜਨਤਾ ਨੂੰ ਉਕਸਾਇਆ ਜਾਵੇ, ਭੜਕਾਇਆ ਜਾਵੇ ਤਾਂ ਅਜਿਹਾ ਹੋਣਾ ਸੁਭਾਵਿਕ ਹੈ। ਮੈਂ ਸਮਝਦਾ ਹਾਂ ਕਿ ਜਿਸ ਪਾਰਟੀ ਨੇ ਇਸ ਕਿਸਮ ਦਾ ਪ੍ਰਚਾਰ ਕੀਤਾ ਹੈ, ਉਹ ਪਾਰਟੀ ਹੀ ਇਸ ਵਾਇਲੈਂਸ ਦੀ ਜ਼ਿੰਮੇਦਾਰ ਹੈ। ਪਿਛਲੇ 25 ਸਾਲਾਂ ਤੋਂ ਜਿਸ ਤਰ੍ਹਾਂ ਲੋਕਾਂ ਨੂੰ ਲੁਟਿਆ ਜਾ ਰਿਹਾ ਹੈ ਅਤੇ ਜਿਸ ਤਰ੍ਹਾਂ ਲੋਕਾਂ ਦੀ ਅਵਾਜ਼ ਨੂੰ ਦਬਾਇਆ ਜਾ ਰਿਹਾ ਹੈ, ਉਸ ਦੇ ਹੁੰਦੇ ਹੋਏ ਇਹ ਵਾਇਲੈਂਸ ਖਤਮ ਨਹੀਂ ਕੀਤੀ ਜਾ ਸਕਦੀ, ਇਸ ਗੱਲ ਨੂੰ ਸਾਰੇ ਇਮਾਨਦਾਰ ਲੋਕ ਮੰਨਣਗੇ।

ਅਖੀਰ ਵਿਚ, ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਹੈ ਕਿ ਜਿਹੜਾ ਅਭਿਆਨ ਸਰਕਾਰ ਨੇ ਸਮੱਗਲਿੰਗ ਦੇ ਵਿਰੁਧ ਸ਼ੁਰੂ ਕੀਤਾ ਹੈ, ਮੈਂ ਅਤੇ ਮੇਰੀ ਪਾਰਟੀ ਇਸ ਦਾ ਪੂਰਨ ਸਮੱਰਥਨ ਕਰਦੇ ਹਾਂ। ਪਰ ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ ਪੁਲਿਟੀਕਲ ਵਿੰਡਿਕਟਵਨੈਂਸ ਨਾਲ ਕਰਨਾ ਗਲਤ ਗੱਲ ਹੈ। ਮੈਂ ਇਕ ਗੱਲ ਤੁਹਾਡੇ ਨੋਟਿਸ ਵਿਚ ਲਿਆਉਂਦਾ ਹਾਂ। ਸ਼ਾਇਦ ਤੁਸੀ ਜਾਣਦੇ ਹੀ ਹੋਵੋ ਕਿ ਅੰਮ੍ਰਿਤਸਰ ਵਿਚ ਇਨ੍ਹਾਂ ਨੇ ਕੁਝ ਬੰਦੇ ਫੜੇ। ਕੁਝ ਬੰਦੇ ਇਨ੍ਹਾਂ ਨੇ ਪੁਲੀਟੀਕਲੀ ਵੈਨਡੇਟਾ ਨਾਲ ਫੜੇ ਹਨ ਅਤੇ ਕੁਝ ਇਸ ਕਰਕੇ ਫੜੇ ਹਨ ਕਿ ਜੋ ਕਾਂਗਰਸ ਦੇ ਵਰਕਰ ਫੜੇ ਹਨ, ਉਨ੍ਹਾਂ ਦਾ ਹਿਸਾਬ ਬੈਲੈਂਸ ਕੀਤਾ ਜਾ ਸਕੇ ਕਿ ਦੇਖੋ ਅਸੀਂ ਆਪੋਜ਼ੀਸ਼ਨ ਦੇ ਬੰਦੇ ਵੀ ਫੜੇ ਹਨ। ਇਸ ਤਰ੍ਹਾਂ ਸਾਡਾ ਇਕ ਵਰਕਰ ਵੀ ਉਥੇ ਫੜਿਆ ਹੈ। ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਫੜੇ ਬੰਦਿਆਂ ਦੀ ਕੋਈ ਅਪੀਲ ਵੀ ਨਹੀਂ ਹੁੰਦੀ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਵਡੀ ਬੇਇਨਸਾਫ਼ੀ ਹੈ।

ਸਰਦਾਰ ਪ੍ਰਿਥੀਪਾਲ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਜੋ ਬੰਦਾ ਉਥੇ ਫੜਿਆ ਗਿਆ ਹੈ, ਕੀ ਉਹ ਇਸ ਤੋਂ ਪਹਿਲਾਂ ਸਮੱਗਲਿੰਗ ਅਤੇ ਚੋਰੀ ਦੇ ਕੇਸਾਂ ਵਿਚ ਫੜਿਆ ਨਹੀਂ ਸੀ ਗਿਆ। (ਵਿਘਨ)

ਡਾਕਟਰ ਬਲਦੇਵ ਪ੍ਰਕਾਸ਼: ਮੈਂ ਅਰਜ਼ ਕਰਦਾ ਹਾਂ, ਸਪੀਕਰ ਸਾਹਿਬ, ਕਿ ਜਿਸ ਤਰੀਕੇ ਨਾਲ ਇਹ ਕੀਤਾ ਗਿਆ ਹੈ, ਉਸ ਤਰ੍ਹਾਂ ਇਹ ਨਹੀਂ ਸੀ ਕਰਨਾ ਚਾਹੀਦਾ।

ਸ਼੍ਰੀ ਪ੍ਰੇਮ ਗੁਪਤਾ : ਆਨ ਏ ਪੁਆਇੰਟ ਆਫ਼ ਆਰਡਰ ,ਸਰ। ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਆਪਣੀ ਤਕਰੀਰ ਵਿਚ ਇਸ ਗੱਲ ਨੂੰ ਕਲੈਰੀਫਾਈ ਕਰਨ ਕਿ ਅਕਾਲੀ ਪਾਰਟੀ ਨੇ ਜੋ ਇਹ ਐਲਾਨ ਕੀਤਾ ਹੈ ਉਹ ਮੁਕਤੀ ਬਾਹਨੀ ਬਣਾਏਗੀ ਅਤੇ ਆਪਣਾ ਕੇਸ ਯੂ. ਐਨ. ਓ. ਵਿਚ ਲੈ ਕੇ ਜਾਵੇਗੀ, ਉਸ ਬਾਰੇ ਇਨ੍ਹਾਂ ਦੀ ਪਾਰਟੀ ਦਾ ਕੀ ਰੋਲ ਹੈ?

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਹੁਣ ਵਾਈਂਡ ਅੱਪ ਕਰੋ। (Dr. Sahib, please wind up now.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੈਂ ਵਾਈਂਡ ਅਪ ਕਰਨ ਲਗਾ ਹਾਂ। ਅਖੀਰ ਵਿਚ ਮੈਂ ਸਰਕਾਰ ਨੂੰ ਅਤੇ ਮੁੱਖ ਮੰਤਰੀ ਨੂੰ ਤੁਹਾਡੇ ਰਾਹੀਂ ਕਹਾਂਗਾ ਕਿ ਪੰਜਾਬ ਦੀ ਇਕੋਨੋਮੀ ਨੂੰ ਸੁਧਾਰਣ ਲਈ ਵਾਰ-ਫੁਟਿੰਗ ਤੇ ਬਿਜਲੀ ਦਾ ਪ੍ਰਬੰਧ ਕਰਨ ਕਿਉਂਕਿ ਬਿਜਲੀ ਤੇ ਹੀ ਐਗਰੀਕਲਚਰ ਨਿਰਭਰ ਹੈ ਅਤੇ ਬਿਜਲੀ ਤੇ ਹੀ ਵਪਾਰ ਅਤੇ ਇੰਡਸਟਰੀ ਨਿਰਭਰ ਹੈ। ਇਤਨਾ ਕਹਿਕੇ ਮੈਂ ਇਸ ਮਤੇ ਦੀ ਵਿਰੋਧਤਾ ਕਰਦਾ ਹਾਂ।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): (ਥਪਿੰਗ) ਮਾਨਯੋਗ ਸਪੀਕਰ ਸਾਹਿਬ, ਗਵਰਨਰ ਐਡਰੈਸ ਤੇ ਅਜ ਬਹਿਸ ਸਮਾਪਤ ਹੋਣੀ ਹੈ। ਮਾਨਯੋਗ ਮੈਂਬਰਾਂ ਨੇ ਇਸ ਐਡਰੈਸ ਤੇ ਆਪਣੀਆਂ ਭਾਵਨਾਵਾਂ ਅਤੇ ਆਪਣੇ ਵਿਚਾਰ ਰੱਖੇ ਹਨ। ਸਭ ਤੋਂ ਪਹਿਲਾਂ ਮੈਂ ਉਨ੍ਹਾਂ ਮੈਂਬਰਾਂ ਦਾ ਮਸ਼ਕੂਰ ਹਾਂ, ਧੰਨਵਾਦੀ ਹਾਂ, ਜਿੰਨ੍ਹਾਂ ਕੁਝ ਤਾਮੀਰੀ ਤਜਵੀਜ਼ਾਂ ਰਖੀਆਂ। ਸਰਕਾਰ ਦੀਆਂ ਕਮਜ਼ੋਰੀਆਂ ਵਲ ਵੀ ਕੁਝ ਮੈਂਬਰਾਂ ਨੇ ਧਿਆਨ ਦਿਵਾਇਆ, ਮੈਂ ਉਨ੍ਹਾਂ ਦਾ ਵੀ ਧੰਨਵਾਦੀ ਹਾਂ। ਔਰ ਉਨ੍ਹਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਪੂਰੀ ਇਨਫਰਮੇਸ਼ਨ ਨਾ ਹੋਣ ਕਰਕੇ ਗ਼ਲਤ ਬਿਆਨੀ ਕਰ ਦਿੱਤੀ। ਮੈਂ ਮਹਿਸੂਸ ਕਰਦਾ ਹਾਂ ਕਿ ਪਿਛਲੀ ਵਾਰੀ ਸਰਕਾਰ ਦੇ ਵਿਰੁਧ ਨੋ-ਕਾਂਫੀਡੈਂਸ ਸਮੇਂ ਜੋ ਗੱਲਾਂ ਕਹੀਆਂ ਗਈਆਂ ਸਨ ਤਕਰੀਬਨ ਉਹੀ ਗੱਲਾਂ ਇਸ ਵਾਰ ਵੀ ਕਹੀਆਂ ਗਈਆਂ ਹਨ ਅਤੇ ਜਿਨ੍ਹਾਂ ਦਾ ਜਵਾਬ ਮੈਂ ਪਿਛਲੀ ਵਾਰੀ ਦੇ ਚੁੱਕਾ ਹਾਂ, ਉਨ੍ਹਾਂ ਨੂੰ ਹੁਣ ਮੈਂ ਦੁਹਰਾਉਣ ਦੀ ਜ਼ਰੂਰਤ ਨਹੀਂ ਸਮਝਦਾ। ਵਿਰੋਧੀ ਦਲ ਦੇ ਨੇਤਾ ਨੇ ਕੋਈ ਨਵੀਂ ਗੱਲ ਨਹੀਂ ਆਖੀ, ਉਹ ਹੀ ਆਖੀਆਂ ਹਨ ਜੋ ਉਨ੍ਹਾਂ ਨੇ ਪਿਛਲੀ ਵਾਰੀ ਕਹੀਆਂ ਸਨ। ਇਸ ਲਈ ਮੈਂ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਦਾ ਜਵਾਬ ਨਹੀਂ ਦਿਆਂਗਾ। ਸੀ. ਪੀ. ਆਈ. ਦੇ ਨੇਤਾ, ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੇ ਇਸ ਸਰਕਾਰ ਦੀਆਂ ਖੂਬੀਆਂ ਦਾ ਜ਼ਿਕਰ ਵੀ ਕੀਤਾ ਅਤੇ ਸਾਡੀਆਂ ਕਮੀਆਂ ਬਾਰੇ ਵੀ ਦਸਿਆ। ਸਪੀਕਰ ਸਾਹਿਬ, ਮੈਂ ਕੁਝ ਗਲਤ ਫਹਿਮੀਆਂ ਦੂਰ ਕਰਨਾ ਚਾਹੁੰਦਾ ਹਾਂ। ਇਥੇ ਕਿਹਾ ਗਿਆ ਕਿ ਸੈਂਟਰਲ ਸਰਕਾਰ ਦਾ ਜੋ ਫਾਇਨੈਂਸ ਕਮਿਸ਼ਨ ਹੈ, ਉਸ ਕੋਲੋਂ ਪੰਜਾਬ ਸਰਕਾਰ ਜ਼ਿਆਦਾ ਰਕਮ ਲੈਣ ਵਿਚ ਨਾਕਾਮਯਾਬ ਰਹੀ ਹੈ, ਇਹ ਗੱਲ ਦਰੁੱਸਤ ਨਹੀਂ। ਮੈਂ ਇਹ ਗੱਲ ਚੇਤੇ ਕਰਵਾ ਦੇਣਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਜਦੋਂ ਇਥੇ ਅਕਾਲੀ ਪਾਰਟੀ ਦੇ ਚੀਫ ਮਨਿਸਟਰ ਸਨ ਔਰ

ਕੁਝ ਹੋਰ ਮੈਂਬਰ ਵੀ ਉਸ ਸਰਕਾਰ ਵਿਚ ਸੀ ਤਾਂ ਉਸ ਵੇਲੇ ਪੰਜ ਸਾਲਾ ਪਲਾਨ ਲਈ ਸਿਰਫ 17 ਕਰੋੜ ਰੁਪਿਆ ਪ੍ਰਤੀ ਸਾਲ ਮਿਲਦਾ ਸੀ । ਹੁਣ ਇਹ ਰਕਮ ਵਧ ਕੇ ਕਿੰਨੀ ਹੋ ਗਈ ਹੈ, ਇਹ ਗੱਲ ਮੈਂ ਇਸ ਹਾਊਸ ਵਿਚ ਬਾਦਲ ਸਾਹਿਬ ਦੀ ਗਿਆਤ ਲਈ ਅਤੇ ਖਾਸ ਤੌਰ ਤੇ ਬਾਕੀ ਹਾਊਸ ਦੀ ਗਿਆਤ ਲਈ ਆਮ ਤੌਰ ਤੇ ਦਸਣਾ ਚਾਹੁੰਦਾ ਹਾਂ । ਇਹ ਰਕਮ 17 ਕਰੋੜ ਤੋਂ ਵਧ ਕੇ 28 ਕਰੋੜ ਹੁਣ ਮਿਲਦੀ ਹੈ । (ਥੰਪਿਗ)

ਉਨ੍ਹਾਂ ਜ਼ਿਕਰ ਕੀਤਾ ਸੀ ਕਿ ਸੰਵਿਧਾਨ ਦੇ ਆਰਟੀਕਲ 275 ਹੇਠ ਪੰਜਾਬ ਨੂੰ ਵਧ ਰਕਮ ਮਿਲਣੀ ਚਾਹੀਦੀ ਹੈ। ਪਰ ਬਾਦਲ ਸਾਹਿਬ ਇਹ ਗੱਲ ਛਡ ਗਏ ਕਿ ਜਿਨ੍ਹਾਂ ਰਿਆਸਤਾਂ ਨੂੰ, ਸੂਬਿਆਂ ਨੂੰ ਗਰਾਂਟ ਮਿਲਦੀ ਹੈ ਉਨ੍ਹਾਂ ਦਾ ਜ਼ਿਕਰ ਕਰ ਦਿੱਤਾ ਅਤੇ ਜਿਨ੍ਹਾਂ ਨੂੰ ਨਹੀਂ ਮਿਲਦੀ ਉਨ੍ਹਾਂ ਦਾ ਜ਼ਿਕਰ ਛਡ ਕੇ ਇੱਕਲੇ ਪੰਜਾਬ ਦਾ ਜ਼ਿਕਰ ਕਰ ਗਏ। ਇਹ ਫਾਇਨਾਂਸ ਕਮਿਸ਼ਨ ਦੀ 1973 ਦੀ ਰਿਪੋਰਟ ਹੈ ਜਿਸ ਵਿਚੋਂ ਉਨ੍ਹਾਂ ਨੇ ਪੜ੍ਹ ਕੇ ਸੁਣਾਇਆ ਹੈ । ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਉਸ ਵਿਚ ਸੈਂਟਰਲ ਗੌਰਮਿੰਟ ਜਦੋਂ ਫੈਸਲਾ ਕਰਦੀ ਹੈ ਤਾਂ ਧਿਆਨ ਨਾਲ ਕਰਦੀ ਹੈ। ਜੋ ਵੀ ਸੂਬਾ ਪਛੜਿਆ ਹੋਇਆ ਹੁੰਦਾ ਹੈ ਉਸ ਨੂੰ ਕੁਝ ਜ਼ਿਆਦਾ ਮਦਦ ਦੇਕੇ ਉਨ੍ਹਾਂ ਨੂੰ ਨਾਲ ਰਲਾਉਣ ਦੀ ਕੋਸ਼ਿਸ਼ ਕਰਦੀ ਹੈ । ਕੌਮੀ ਨੀਤੀ ਇਹ ਵੀ ਹੈ ਕਿ ਸੈਂਟਰਲ ਗੌਰਮਿੰਟ ਬਹੁਤ ਘਾਟੇ ਵਾਲੀਆਂ ਰਿਆਸਤਾਂ ਨੂੰ ਕੁਝ ਜ਼ਿਆਦਾ ਮੱਦਦ ਕਰੇ ਔਰ ਦਰਮਿਆਨੀ ਵਾਲੀਆਂ ਨੂੰ ਘਟ ਕਰੇ ਔਰ ਕੁਝ ਜੋ ਅਗਾਂਹ ਵਧੂ ਹਨ ਉਨ੍ਹਾਂ ਨੂੰ ਨਾ ਕਰੇ । ਹਿੰਦੁਸਤਾਨ ਦੀਆਂ ਤਕਰੀਬਨ 14 ਸਟੇਟਸ ਹਨ ਜਿਨ੍ਹਾਂ ਨੂੰ ਇਹ ਮਦਦ ਮਿਲੀ । ਬਾਕੀ 7 ਸੂਬਿਆਂ ਨੂੰ ਕੋਈ ਮਦਦ ਨਹੀਂ ਮਿਲੀ । ਹਰਿਆਣਾ ਨੂੰ ਭੀ ਨਹੀਂ ਮਿਲੀ । ਕਿਉਂ ਨਹੀਂ ਮਿਲੀ? ਉਹਦਾ ਕਾਰਨ ਇਹੀ ਹੈ ਕਿ ਅਸੀਂ ਹਿੰਦੁਸਤਾਨ ਦੀ ਇਕਾਨੌਮੀ ਵਿਚ ਬਾਕੀਆਂ ਨਾਲੋਂ ਖੁਸ਼ਹਾਲ ਹਾਂ ਔਰ ਬਹੁਤ ਸਾਰੀਆਂ ਚੀਜ਼ਾਂ ਵਿਚ ਪੰਜਾਬ ਨੰਬਰ 1 ਹੈ । ਆਰਥਕ ਦਸ਼ਾ ਦੇ ਤੌਰ ਤੇ ਅੱਗੇ ਹੀ ਨੰਬਰ 1 ਹੈ । ਪੰਜਾਬੀ ਦੇਸ਼ ਭਗਤ ਨੇ ਔਰ ਉਨ੍ਹਾਂ ਵਿਚ ਦੇਸ਼ ਭਗਤੀ ਦੀ ਕਮੀ ਨਹੀਂ ਆਏਗੀ । ਮੈਂ ਇਸ ਗੱਲ ਤੇ ਭਰੋਸਾ ਰਖਦਾ ਹਾਂ ਕਿ ਭਾਵੇਂ ਅਕਾਲੀ ਹੋਣ, ਭਾਵੇਂ ਜਨਸੰਘੀ ਹੋਣ ਪਰ ਇਹ ਇਲਜ਼ਾਮ ਮੈਂ ਲਾਉਣ ਲਈ ਤਿਆਰ ਨਹੀਂ ਕਿ ਉਹ ਦੇਸ਼ ਦੀ ਇੱਜ਼ਤ ਸਨਮਾਨ ਲਈ ਸਾਡੇ ਨਾਲ ਸਾਂਝੇ ਨਹੀਂ । ਪਰ, ਸਪੀਕਰ ਸਾਹਿਬ, ਬਾਦਲ ਸਾਹਿਬ ਵਲੋਂ ਇਹ ਭਾਵਨਾ ਪੈਦਾ ਕਰ ਦੇਣਾ ਕਿ ਫਲਾਂ ਸਟੇਟ ਨੂੰ ਕਿਉਂ ਨਹੀਂ ਮਿਲਿਆਂ ਔਰ ਇਸ ਸਟੇਟ ਨਾਲ ਵਿਤਕਰਾ ਕੀਤਾ ਗਿਆ ਹੈ, ਇਹ ਜਾਨ-ਬੁਝ ਕੇ ਸ਼ੱਕ ਪੈਦਾ ਕੀਤਾ ਜਾਵੇ, ਇਹ ਭਾਵਨਾ ਦੇਸ਼ ਦੀ ਏਕਤਾ ਵਾਸਤੇ ਬੜੀ ਨੁਕਸਾਨਦੇਹ ਹੈ । ਇਸ ਕਰਕੇ ਸਾਰੀਆਂ ਚੀਜ਼ਾਂ ਦਾ ਇਨਸਾਫ ਦੇ ਤੌਰ ਤੇ ਫੈਸਲਾ ਹੋਣਾ ਚਾਹੀਦਾ ਹੈ । ਸੈਂਟਰਲ ਗੌਰਮਿੰਟ ਦਾ ਫਰਜ਼ ਬਣਦਾ ਹੈ, ਉਸਦਾ ਧਰਮ ਬਣਦਾ ਹੈ ਕਿ ਜੋ ਗਰੀਬ ਹੈ, ਨੀਵੀਂ ਤੋਂ ਨੀਵੀਂ ਸਤਹਿ ਤੋਂ ਵੀ ਥੱਲੇ ਦੀਆਂ ਜੋ ਸਟੇਟਸ ਹਨ ਉਨ੍ਹਾਂ ਨੂੰ ਗਰਾਂਟਾਂ ਦੇਣੀਆਂ, ਇਹ ਨੈਸ਼ਨਲ ਨੀਤੀ ਹੈ । ਔਰ ਉਸੇ ਨੀਤੀ ਦੇ ਆਧਾਰ ਤੇ ਇਸ ਤਰ੍ਹਾਂ ਹੋਇਆ ਸੀ । ਮਿਸਾਲ ਦੇ ਤੌਰ ਤੇ ਸਾਨੂੰ ਗੁਜਰਾਤ, ਹਰਿਆਣਾ, ਕਰਨਾਟਕ, ਮਧਿਆ ਪ੍ਰਦੇਸ਼, ਮਹਾਰਾਸ਼ਟਰ ਅਤੇ ਤਾਮਲਨਾਡੂ ਜਿਹੜੇ ਕਿ ਅਗਾਂਹ ਵਧੂ ਰਾਜ ਸਮਝੇ ਜਾਂਦੇ ਹਨ, ਨੂੰ ਇਸ ਮੱਦ ਤੋਂ ਕੋਈ ਗਰਾਂਟ ਨਹੀਂ ਦਿੱਤੀ ਗਈ ਹੈ ।

ਫੇਰ ਜ਼ਿਕਰ ਕੀਤਾ ਸੀ ਵਿਰੋਧੀ ਦਲ ਦੇ ਨੇਤਾ ਨੇ ਕ੍ਰੈਡਿਟ ਡਿਪਾਜ਼ਿਟ ਦਾ । ਇਸ ਬਾਰੇ ਵੀ ਮੈਂ ਖੋਲ੍ਹ ਕੇ ਦਸਣਾ ਚਾਹੁੰਦਾ ਹਾਂ। 1967 ਵਿਚ ਇਥੇ ਅਕਾਲੀ ਪਾਰਟੀ ਨੇ ਆਪਣੀ ਰਹਿਨੁਮਾਈ ਵਿਚ ਕੁਝ ਪਾਰਟੀਆਂ ਨੂੰ ਨਾਲ ਸ਼ਾਮਿਲ ਕਰਕੇ ਕੁਝ ਸਾਡੀ ਕਾਂਗਰਸ ਵਿਚੋਂ ਡਿਫੈਕਟ ਕਰਵਾਕੇ ਸਰਕਾਰ ਚਲਾਈ ਸੀ। ਉਸ ਸਰਕਾਰ ਦੇ ਜ਼ਮਾਨੇ ਦੀ ਗੱਲ ਹੈ ਕਿ ਉਦੋਂ 194 ਕਰੋੜ ਰੁਪਏ ਡਿਪਾਜ਼ਿਟ ਹੋਏ। 94 ਕਰੋੜ ਰੁਪਏ ਬੈਂਕਾਂ ਵਲੋਂ ਪੰਜਾਬ ਵਿਚ ਲਾਏ ਗਏ। ਇਹਦਾ ਮਤਲਬ ਇਹ ਸੀ ਕਿ 28% ਡਿਪਾ-ਜ਼ਿਟ ਰੁਪਿਆ ਇਥੇ ਲਗਾਇਆ ਗਿਆ । 1971 ਵਿਚ 341 ਕਰੋੜ ਰੁਪਏ ਡਿਪਾਜ਼ਿਟ ਹੋਏ ਜਿਸ ਵਿਚੋਂ

[ਮੁੱਖ ਮੰਤਰੀ]

102 ਕਰੋੜ ਰੁਪਏ, ਯਾਨੀ 30% ਇਥੇ ਪੰਜਾਬ ਵਿਚ ਇਨਵੈਸਟ ਕੀਤੇ ਗਏ । ਇਹ ਪਿਛਲੀ ਹਾਲਤ ਹੈ ਅਤੇ ਉਸ ਭੁਲੇਖੇ ਵਿਚ ਵਿਰੋਧੀ ਦਲ ਦੇ ਨੇਤਾ ਨੇ ਆਪਣੇ ਜ਼ਮਾਨੇ ਦੀ ਗੱਲ ਕਰਕੇ ਇਸ ਗੱਲ ਦਾ ਪਸ਼ਚਾਤਾਪ ਕੀਤਾ ਹੈ। ਮੈਂ ਇਨ੍ਹਾਂ ਦਾ ਮਸ਼ਕੂਰ ਹਾਂ ਕਿ ਇਨ੍ਹਾਂ ਨੇ ਸਾਡਾ ਧਿਆਨ ਏਧਰ ਦਿਵਾ-ਇਆ ਹੈ । ਪਰ ਇਸ ਗੱਲ ਤੋਂ ਅਸੀਂ ਪਹਿਲਾਂ ਹੀ ਜਾਣੂ ਹਾਂ ਅਤੇ ਵੱਧ ਤੋਂ ਵੱਧ ਰੁਪਿਆ ਪੰਜਾਬ ਵਿਚ ਲਗਾਉਣ ਲਈ ਯਤਨ ਕਰਦੇ ਰਹੇ ਹਾਂ । ਇਸ ਦੇ ਨਤੀਜੇ ਵਜੋਂ 1973 ਵਿਚ 480 ਕਰੋੜ ਰੁਪਏ ਡਿਪਾਜ਼ਿਟ ਹੋਏ ਔਰ ਉਹਦੇ ਵਿਚੋਂ 198 ਕਰੋੜ ਰੁਪਏ ਇਥੇ ਇਨਵੈਸਟ ਹੋਏ । ਇਸ ਦਾ ਨਤੀਜਾ ਇਹ ਹੋਇਆ ਕਿ 41.3% ਪੰਜਾਬ ਵਿਚ ਇਨਵੈਸਟਮੈਂਟ ਹੋਈ । (ਥੰਪਿੰਗ) ਆਉਣ ਵਾਲੇ 1974–75 ਦੀ ਜੋ ਗੱਲ ਹੈ ਉਹ ਮੈਂ ਹਾਲੇ ਨਹੀਂ ਕਹਿੰਦਾ । ਉਹ ਬਜਟ ਤੁਹਾਡੇ ਸਾਹਮਣੇ ਪੇਸ਼ ਹੋਣਾ ਹੈ। ਪਰ ਮੈਂ ਐਨਾ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਇਹ ਰੇਸ਼ੋ 41% ਤੋਂ ਵਧ ਹੋਏਗੀ। ਕਿੰਨੀ ਹੋਏਗੀ ਇਹ ਕਹਿਣਾ ਬੜਾ ਮੁਸ਼ਕਿਲ ਹੈ। ਇਹ ਰੇਸ਼ੋ 60% ਤਕ ਵੀ ਹੋ ਸਕਦੀ ਹੈ, 50% ਤਕ ਵੀ ਹੋ ਸਕਦੀ ਹੈ । ਸਪੀਕਰ ਸਾਹਿਬ, ਇਸ ਸਰਕਾਰ ਨੇ ਜੋ ਰੇਸ਼ੋ ਨੂੰ ਵਧਾਉਣ ਵਾਸਤੇ ਕਦਮ ਚੁੱਕੇ ਹਨ ਉਹਦਾ ਮੈਂ ਥੋੜਾ ਜਿਹਾ ਜ਼ਿਕਰ ਕਰਦਾ ਹਾਂ । ਜਿਥੇ ਪ੍ਰਾਈਵੇਟ ਪਾਰਟੀਆਂ ਇਨਵੈਸਟਮੈਂਟ ਕਰਨ ਵਾਸਤੇ ਤਿਆਰ ਨਾ ਹੋਣ ਉਥੇ ਇਨਵੈਸਟਮੈਂਟ ਘੱਟ ਹੁੰਦੀ ਹੈ ਔਰ ਇਸ ਘੱਟ ਇਨਵੈਸਟਮੈਂਟ ਦਾ ਕਾਰਨ ਇਹੀ ਸੀ ਕਿ ਪੰਜਾਬ ਵਿਚ ਸਟੈਬਿਲਿਟੀ ਨਹੀਂ ਸੀ ਔਰ ਪੰਜਾਬ ਦੇ ਅੰਦਰ ਸਲੋਗਨਜ਼ ਲਗਦੇ ਸਨ ਜਿਨ੍ਹਾਂ ਤੋਂ ਧੰਨਵਾਨ ਡਰਦਾ ਹੋਇਆ ਆਪਣਾ ਕਾਰੋਬਾਰ ਪੰਜਾਬ ਤੋਂ ਬਾਹਰ ਲਗਾ ਰਿਹਾ ਸੀ। ਜਦੋਂ ਇਹ ਮੁਸ਼ਤਰਕਾ ਪੰਜਾਬ ਸੀ, ਹਰਿਆਣਾ ਨਹੀਂ ਸੀ ਬਣਿਆ ਉਦੋਂ ਵੀ ਪੰਜਾਬ ਵਿਚ ਇੰਡਸਟਰੀ ਦੀ ਪ੍ਰਗਤੀ ਜ਼ਿਆਦਾ ਤੌਰ ਤੇ ਉਨ੍ਹਾਂ ਇਲਾਕਿਆਂ ਵਿਚ ਸੀ ਜਿਹੜੇ ਬਾਰਡਰ ਤੋਂ ਦੂਰ ਸਨ । ਉਸ ਵੇਲੇ ਸਾਡੇ ਵਿਰੋਧੀ ਦਲ ਦੇ ਨੇਤਾਵਾਂ ਦਾ ਬੜਾ ਵੱਡਾ ਸਲੋਗਨ ਸੀ 'ਅਸੀਂ ਲੇਕਰ ਰਹੇਂਗੇ' ਔਰ 50 ਹਜ਼ਾਰ ਗ੍ਰਿਫ਼ਤਾਰੀਆਂ ਹੋਈਆਂ, ਬਦਅਮਨੀ ਹੋਈ, ਲੜਾਈਆਂ ਹੋਈਆਂ, ਜਨ-ਸੰਘ ਔਰ ਅਕਾਲੀਆਂ ਦੀਆਂ ਆਪਸ ਵਿਚ ਬੜੀਆਂ ਲੜਾਈਆਂ ਹੋਈਆਂ। ਭੁਖ ਹੜਤਾਲਾਂ ਹੋਈਆਂ । ਪੰਜਾਬ ਤੇ ਇਹੋ ਜਿਹਾ ਜੰਗਾਂ ਦਾ ਅਸਰ ਪਿਆ ਕਿ ਜਿੰਨੇ ਵੀ ਕਾਰੋਬਾਰ ਚਲਾਉਣ ਵਾਲੇ ਸਨ ਉਨ੍ਹਾਂ ਨੇ ਸੈਕੰਡ ਹੋਮ ਆਪਣਾ ਪੰਜਾਬ ਤੋਂ ਬਾਹਰ, ਪੰਜਾਬ ਦੇ ਪਰਲੇ ਪਾਸੇ ਜਾਂ ਸੈਂਟਰ ਦੇ ਸੂਬੇ ਵਿਚ ਬਣਾ ਲਿਆ ਜਾਂ ਉਥੇ ਕਾਰੋਬਾਰ ਲੈ ਗਏ ਜਿਵੇਂ ਕਿ ਮਦਰਾਸ, ਬੰਬਈ, ਕਲਕੱਤਾ ਜਿਹੜੇ ਸਾਹਲ ਉਤੇ ਸੀ ਕਿਉਂਕਿ ਉਥੇ ਵਪਾਰ ਜ਼ਿਆਦਾ ਹੋ ਸਕਦਾ ਹੈ । ਬੈਂਕਾਂ ਦੇ ਹੈਡ ਆਫਿਸ ਇਥੋਂ ਨਿਕਲੇ, ਕਾਰਖਾਨਿਆਂ ਦੀ ਐਕਸਪੈਨਸ਼ਨ ਬੰਦ ਹੋਈ, ਨਵੇਂ ਕਾਰਖਾਨੇ ਬਾਹਰ ਲਗਾਏ ਗਏ ਇਥੋਂ ਤਕ ਕਿ ਪੰਜਾਬੀਆਂ ਨੇ ਵੀ ਆਪਣੇ ਕਾਰਖਾਨੇ ਬਾਹਰ ਲਾਏ । ਇਸ ਦੇ ਨਤੀਜੇ ਵਜੋਂ ਜਿਹੜੀ ਰੇਸ਼ੋ ਘੱਟ ਗਈ ਹੈ ਉਸ ਦਾ ਅਸੀਂ ਇਲਾਜ ਕਰਨ ਲਗੇ ਹਾਂ । ਨਵੀਆਂ ਕਾਰਪੋਰੇਸ਼ਨਜ਼ ਬਣਾਈਆਂ ਹਨ । ਇਕ ਇਨਵੈਸਟਮੈਂਟ ਸੈਲ ਬਣਾਇਆ ਹੈ । ਅਟਾਨੋਮਸ ਅਦਾਰੇ ਬਣਾਏ ਹਨ ਜਿਹੜੇ ਬੈਂਕਾਂ ਪਾਸੋਂ ਕਰਜ਼ੇ ਲੈ ਸਕਣ । ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਰੇਸ਼ੋ ਨੂੰ ਵਧਾਉਣਾ ਚਾਹੀਦਾ ਹੈ । ਪ੍ਰਾਈਵੇਟ ਇੰਡਸਟਰੀਅਲਿਸਟ ਨੂੰ ਵੀ ਪ੍ਰੇਰਨਾ ਦਿੱਤੀ ਹੈ । ਮੈਂ ਬੜਾ ਮਸ਼ਕੂਰ ਹਾਂ ਬਾਦਲ ਸਾਹਿਬ ਨੇ ਕਿਹਾ ਇਨ੍ਹਾਂ ਨੂੰ ਹੋਰ ਰਿਆਇਤਾਂ ਦਿਉ । ਅਸੀਂ ਹੋਰ ਰਿਆਇਤਾਂ ਵੀ ਦਿਆਂਗੇ । ਇਸ ਵੇਲੇ ਰਿਆਇਤਾਂ ਬਹੁਤ ਦਿੱਤੀਆਂ ਹਨ ਔਰ ਮੋੜ ਮੁੜਿਆ ਹੈ, ਦੁਬਾਰਾ ਲੋਕ ਇੰਡਸਟਰੀ ਵਲ ਆਉਣ ਲਗੇ ਹਨ ਕਿ ਇਸ ਗੱਲ ਬਾਰੇ ਠੀਕ ਮਾਹੌਲ ਹੋਣਾ ਬੜਾ ਜਰੂਰੀ ਹੈ ਮਗਰ ਇਸ ਗੱਲ ਨੂੰ ਕਦੇ ਭੁਲਣਾ ਨਹੀਂ ਚਾਹੀਦਾ ਜਿਹੜਾ ਇਹ ਕਿਹਾ ਗਿਆ ਸੀ ਕਿ ਸਮਾਲ ਸਕੇਲ ਇੰਡਸਟਰੀ ਦੇ ਮਸਲੇ ਵਿਚ ਪੰਜਾਬ ਸਾਰੇ ਹਿੰਦੁ-ਸਤਾਨ ਵਿਚੋਂ ਨੰ: 1 ਸੀ ਅਤੇ ਹੁਣ 7–8 ਨੰਬਰ ਤੇ ਪਹੁੰਚਿਆ ਹੈ । ਇਹਦਾ ਕਾਰਨ ਕੀ ਹੈ? ਇਸ

ਦਾ ਕਾਰਨ ਵੀ ਇੱਕੋ ਹੈ ਕਿ ਰੀ-ਆਰਗੇਨਾਈਜੇਸ਼ਨ ਹੋਣ ਨਾਲ ਫਰੀਦਾਬਾਦ ਨਿਕਲ ਗਿਆ, ਸੋਨੀਪਤ ਨਿਕਲ ਗਿਆ, ਯਮਨਾਨਗਰ, ਜਗਾਧਰੀ, ਅੰਬਾਲਾ ਜਿਹੜੇ ਵੀ ਇੰਡਸਟਰੀ ਦੇ ਕੇਂਦਰ ਬਣ ਚੁੱਕੇ ਸਨ ਉਹ ਇਥੇ ਐਜੀਟੇਸ਼ਨਾਂ ਹੋਣ ਕਰਕੇ, ਪੰਜਾਬੀ ਸੂਬਾ ਬਣਨ ਕਰਕੇ, ਉਹ ਇਲਾਕਾ ਸਾਡੇ ਤੋਂ ਨਿਕਲਣ ਕਾਰਨ ਉਹ ਇੰਡਸਟਰੀ ਵੀ ਇਥੋਂ ਨਿਕਲ ਗਈ ।

ਉਨ੍ਹਾਂ ਦੇ ਨਿਕਲਣ ਦੇ ਕਾਰਨ ਪੰਜਾਬ ਦਾ ਨੰਬਰ ਇਕ ਨਹੀਂ ਰਿਹਾ । ਪਰ ਮੈਂ ਹੁਣ ਵੀ ਕਹਿ ਸਕਦਾ ਹਾਂ ਕਿ ਜੇ ਔਸਤ ਆਬਾਦੀ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਪੰਜਾਬ ਕਈਆਂ ਨੰਬਰਾਂ ਤੇ ਨਹੀਂ ਡਿੱਗੇਗਾ ਕਿਉਂਕਿ ਮੈਂ ਹਿਸਾਬ ਨਹੀਂ ਕੀਤਾ ਪਰ ਫਿਰ ਵੀ ਇਸ ਦਾ ਸਤਵਾਂ ਅੱਠਵਾਂ ਨੰਬਰ ਨਹੀਂ ਆਵੇਗਾ। ਇਸ ਦਾ ਕਸੂਰਵਾਰ ਸਾਨੂੰ ਕਹਿਣਾ ਇਹ ਇਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ । ਇਹ ਇਸ ਦਾ ਕਸੂਰਵਾਰ ਆਪਣੀ ਪਾਰਟੀ ਨੂੰ ਵੀ ਨਾ ਠਹਿਰਾਉਣ ਕਿਉਂਕਿ ਉਸ ਵੇਲੇ ਬਾਦਲ ਸਾਹਿਬ ਦੀ ਰਾਏ ਨਹੀਂ ਸੀ ਮੰਨੀਂ ਜਾਂਦੀ ਨਹੀਂ ਤਾਂ ਇਹ ਸਾਡੇ ਨਾਲ ਹੁੰਦੇ । ਉਹ ਇਨਸਾਨ ਅੱਜ ਇਸ ਦੁਨੀਆਂ ਵਿਚ ਨਹੀਂ ਰਹੇ, ਜਿਨ੍ਹਾਂ ਦੀ ਉਸ ਵੇਲੇ ਚੱਲਦੀ ਸੀ । (ਵਿਘਨ) ਰਾਜ ਨੀਤੀ ਵਿਚ ਦੋ ਔਗੁਣ ਹਨ, ਸਪੀਕਰ ਸਾਹਿਬ, ਇਕ ਔਗੁਣ ਤਾਂ ਇਹ ਹੈ ਕਿ ਆਦਮੀ ਨੂੰ ਆਪਣੀ ਤਾਰੀਫ ਆਪ ਕਰਨੀ ਪੈਂਦੀ ਹੈ । ਜੇ ਉਹ ਆਪਣੀ ਤਾਰੀਫ ਨਾ ਕਰੇ ਤਾਂ ਕੋਈ ਛੱਡਦਾ ਨਹੀਂ । (ਹਾਸਾ) ਵਿਰੋਧੀ ਵੀ ਨਹੀਂ ਛੱਡਦੇ । ਦੂਸਰਾ ਭਾਵੇਂ ਕੋਈ ਬੰਦਾ ਦੋ ਆਨੇ ਮਾੜਾ ਹੋਵੇ ਪਰ ਉਸ ਨੂੰ ਇਕ ਰੁਪਏ ਦਾ ਮਾੜਾ ਕਹਿਣਾ ਪੈਂਦਾ ਹੈ । ਇਹ ਡੈਮੋਕਰੈਸੀ ਵਿਚ ਗੱਲਾਂ ਹੁੰਦੀਆਂ ਹੀ ਹਨ । ਭਾਵੇਂ ਕੋਈ ਚੰਗੇ ਕੰਮ ਕਰੇ ਉਸ ਦੀ ਵਿਰੋਧਤਾ ਕਰਨੀ ਪੈਂਦੀ ਹੈ। ਪਰ ਇਹ ਜਿਹੜੀ ਟੈਂਡੈਂਸੀ ਹੈ ਇਹ ਸਾਨੂੰ ਖਰਾਬ ਕਰੇਗੀ । ਇਸੀ ਵਜ੍ਹਾ ਨਾਲ ਹੀ ਸਾਨੂੰ ਘਾਟਾ ਪਿਆ ਹੈ ।

ਇਥੇ ਇਹ ਕਿਹਾ ਗਿਆ ਕਿ ਸਾਨੂੰ ਇੰਡਸਟਰੀ ਦੇ ਲਾਇਸੈਂਸ ਔਰ ਲੈਟਰ ਆਫ ਇੰਟੈਂਟ, ਆਸ਼ਾ ਪੱਤਰ ਅਤੇ ਕਾਰਖਾਨਿਆਂ ਦੀ ਮਨਜ਼ੂਰੀ ਘੱਟ ਮਿਲੀ ਹੈ । ਸਪੀਕਰ ਸਾਹਿਬ, ਜ਼ਰਾ ਗੌਰ ਨਾਲ ਦੇਖੋ ਪੰਜਾਬ ਵਿਚ 1967 ਤੋਂ ਲੈ ਕੇ 1971 ਤੱਕ ਕਾਂਗਰਸ ਦਾ ਰਾਜ ਨਹੀਂ ਰਿਹਾ । ਪੰਜਾਬੀ ਸੂਬਾ ਬਣਨ ਤੋਂ ਪਿਛੋਂ ਪੰਜਾਬ ਵਿਚ ਕੇਵਲ ਪੌਣੇ ਚਾਰ ਮਹੀਨੇ ਤੱਕ ਇਥੇ ਕਾਂਗਰਸ ਦੀ ਸਰਕਾਰ ਰਹੀ ਹੈ ਅਤੇ ਉਸ ਦੇ ਬਾਅਦ ਇਥੇ ਕਾਂਗਰਸ ਦੀ ਸਰਕਾਰ ਨਹੀਂ ਆਈ । ਇਸੇ ਕਰਕੇ ਸਾਡੇ ਵਿਰੋਧੀ ਔਖੇ ਹੋ ਰਹੇ ਹਨ ਕਿ ਪੰਜਾਬੀ ਸੂਬਾ ਵੀ ਬਣਾਇਆ, ਇਸ ਨੂੰ ਬਰਬਾਦ ਵੀ ਕੀਤਾ, ਇਥੋਂ ਜੰਗਲ ਵੀ ਕੱਢੇ, ਕਾਂਗੜਾ ਵੀ ਵਿਚੋਂ ਕੱਢਿਆ, ਸ਼ਿਮਲਾ ਵੀ ਕੱਢਿਆ, ਹਰਿਆਣਾ ਵੀ ਵੱਖ ਹੋ ਗਿਆ, ਕਾਰਖਾਨੇ ਵੀ ਕੱਢ ਦਿਤੇ, ਭੁੱਖ ਹੜਤਾਲਾਂ ਵੀ ਕੀਤੀਆਂ, ਕੁਰਬਾਨੀਆਂ ਵੀ ਕੀਤੀਆਂ ਅਤੇ ਪੰਜਾਬੀ ਸੂਬਾ ਛੋਟਾ ਵੀ ਕਰ ਲਿਆ ਪਰ ਰਾਜ ਨਹੀਂ ਬਣਿਆ ਹੁਣ ਤੱਕ ਇਹ ਹੀ ਚੀਜ਼ ਹੈ ਜਿਹੜੀ ਇਨ੍ਹਾਂ ਨੂੰ ਖਾਈ ਜਾਂਦੀ ਹੈ । (ਤਾੜੀਆਂ) ਇਹ ਇਨ੍ਹਾਂ ਦਾ ਨਵਾਂ ਸਲੋਗਨ ਦੇਖੋ- ਇਹ ਕਹਿੰਦੇ ਹਨ ਕਿ ਇਹ ਸਰਕਾਰ ਅਸਤੀਫਾ ਦੇ ਦੇਵੇ। ਕੀ ਇਨ੍ਹਾਂ ਦੇ ਕਹਿਣ ਤੇ ਅਸੀਂ ਅਸਤੀਫਾ ਦੇ ਦੇਈਏ? ਕੀ ਸਾਡੇ ਅਸਤੀਫਾ ਦੇ ਦੇਣ ਤੇ ਇਹ ਸਰਕਾਰ ਬਣਾਉਣਗੇ? ਇਹ ਗਿਣਤੀ ਵਿਚ 25 ਮੈਂਬਰ ਹਨ । ਜੇ 2-4 ਟੁੱਟ ਵੀ ਗਏ (ਵਿਘਨ) ਮੁਆਫ ਕਰਨਾ ਮੈਂ ਮੈਂਬਰ ਟੁੱਟਣ ਵਾਲੀ ਗੱਲ ਵਾਪਿਸ ਲੈਂਦਾ ਹਾਂ । ਆਲ ਇੰਡੀਆ ਜਨਸੰਘ ਪਾਰਟੀ ਦਾ ਇਹ ਜਿਹੜਾ ਇਕ ਮੈਂਬਰ ਹੈ ਇਸ ਨੂੰ ਨਾਲ ਰਲਾ ਲਉ ਅਤੇ ਸੀ. ਪੀ. ਐਮ. ਦਾ ਇਕ ਮੈਂਬਰ ਵੀ ਨਾਲ ਰਲਾ ਲਉ ਤਾਂ ਵੀ ਕੁੱਲ 27 ਹੁੰਦੇ ਹਨ । ਇਹਨਾਂ ਦਾ ਕੰਮ ਨਹੀਂ ਬਣਨਾ । ਇਨ੍ਹਾਂ ਦਾ ਮਤਲਬ ਇਹ ਹੈ ਕਿ ਪੰਜਾਬ ਵਿਚ ਸਟੈਬਿਲਿਟੀ ਕਿਉਂ ਆ ਗਈ ਹੈ। ਇਹ ਕਹਿੰਦੇ ਹਨ ਕਿ ਹਰ 9 ਮਹੀਨਿਆਂ ਬਾਅਦ ਗੌਰਮਿੰਟ ਕਿਉਂ ਨਹੀਂ ਟੁਟਦੀ । ਇਹ ਪੁਰਾਣੇ ਵੇਲੇ ਦੀਆਂ ਗੱਲਾਂ ਕਰਦੇ ਹਨ, ਉਹ ਕਦੋਂ ਦੀਆਂ ਗੱਲਾਂ ਕਰਦੇ ਹਨ, ਉਹ ਮੈਂ ਦੱਸਦਾ ਹਾਂ ਕਿ ਅਕਾਲੀ ਸਿੰਘਾਂ ਦੀਆਂ ਜਦੋਂ ਸਰਕਾਰਾਂ ਬਣਦੀਆਂ ਸਨ ਤਾਂ ਉਨ੍ਹਾਂ ਨੂੰ 9 ਮਹੀਨਿਆਂ ਤੋਂ

[ਮੁੱਖ ਮੰਤਰੀ]

ਬਾਅਦ ਦਫ਼ਤਰਾਂ ਵਿਚੋਂ ਨਿਕਲਣਾ ਪੈਂਦਾ ਸੀ । ਇਸ ਲਈ ਇਹ ਹੁਣ ਇਨ੍ਹਾਂ ਵਾਸਤੇ ਹੈਰਾਨੀ ਦੀ ਗੱਲ ਹੈ ਕਿ ਇਹ ਸਰਕਾਰ 9 ਮਹੀਨਿਆਂ ਬਾਅਦ ਕਿਉਂ ਨਹੀਂ ਟੁੱਟਦੀ । ਡੈਮੋਕਰੇਸੀ ਵਿਚ ਇਕ ਇਕ ਵੋਟ ਤੇ ਜਾਂ ਤਿੰਨ ਤਿੰਨ ਵੋਟਾਂ ਦੀ ਮੈਜਾਰਿਟੀ ਤੇ ਸਰਕਾਰਾਂ ਚਲਦੀਆਂ ਰਹੀਆਂ ਹਨ ਅਤੇ ਉਨ੍ਹਾਂ ਸਰਕਾਰਾਂ ਨੂੰ ਕਦੇ ਨਹੀਂ ਇਹ ਆਖਿਆ ਗਿਆ ਕਿ ਤੁਸੀਂ ਹੱਟ ਜਾਉ ਜਦ ਤੱਕ ਕਿ ਉਹ ਆਪਣਾ ਜ਼ੋਰ ਲਗਾ ਕੇ ਹਟਾ ਨਾ ਦੇਣ। ਅਜੇ ਚਾਰ ਮਹੀਨੇ ਵੀ ਨਹੀਂ ਹੋਏ ਕਿ ਇਨ੍ਹਾਂ ਨੇ ਨੋ-ਕਨਫੀਡੈਂਸ ਮੋਸ਼ਨ ਲਿਆਂਦੀ ਸੀ, ਉਸ ਤੇ ਵੋਟਾਂ ਪਈਆਂ, ਪਰ ਕੁਝ ਨਾ ਬਣਿਆ । ਫਿਰ ਇਹ ਕਹਿੰਦੇ ਹਨ ਕਿ ਅਸੀਂ ਜਨਤਾ ਦੀ ਨੁਮਾਇੰਦਗੀ ਕਰਦੇ ਹਾਂ । ਡਾਕਟਰ ਬਲਦੇਵ ਪ੍ਰਕਾਸ਼ ਆਲ ਇੰਡੀਆਂ ਜਨ ਸੰਘ ਪਾਰਟੀ ਵਿਚੋਂ ਹਨ। ਇਸ ਹਾਊਸ ਦੇ 104 ਮੈਂਬਰਾਂ ਵਿਚੋਂ ਇਕ ਹਨ । ਜਦੋਂ ਉਹ ਤਕਰੀਰ ਕਰਦੇ ਹਨ ਤਾਂ ਉਹ ਦੱਸਦੇ ਹਨ ਕਿ ਜਨਤਾ ਬਹੁਤ ਦੁੱਖੀ ਹੈ ਇਸ ਸਰਕਾਰ ਤੋਂ । ਉਹ ਕਹਿੰਦੇ ਹਨ ਕਿ ਜਨਤਾ ਦੀ ਆਵਾਜ਼ ਇਹ ਹੈ ਕਿ ਉਹ ਇਸ ਸਰਕਾਰ ਤੋਂ ਬਹੁਤ ਦੁੱਖੀ ਹੈ । ਜੇ ਇਹ ਫਰਜ਼ ਕਰ ਲਿਆ ਜਾਵੇ ਕਿ ਇਨ੍ਹਾਂ ਦੀ ਕੰਸਟੀਚੂਐਂਸੀ ਦੀ ਸਾਰੀ ਜਨਤਾ ਇਨ੍ਹਾਂ ਨਾਲ ਹੈ ਪਰ ਫਿਰ ਵੀ ਇਹ ਸਾਰੀ ਪੰਜਾਬ ਦੀ ਜਨਤਾ ਕਿਸ ਤਰ੍ਹਾਂ ਹੋ ਗਈ? ਇਸੇ ਤਰ੍ਹਾਂ ਹੀ ਚੋਪੜਾ ਜੀ ਕਹਿੰਦੇ ਹਨ ਕਿ ਜਨਤਾ ਬਹੁਤ ਦੁੱਖੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਨੂੰ ਇਥੇ ਕਿਸੇ ਹੋਰ ਨੇ ਲਿਆ ਕੇ ਬਿਠਾਇਆ ਹੈ ? (ਤਾੜੀਆਂ) ਸਾਨੂੰ ਇਥੇ ਜਨਤਾ ਨੇ ਲਿਆਂਦਾ ਹੈ । ਬਾਦਲ ਸਾਹਿਬ ਕਹਿੰਦੇ ਹਨ ਕਿ 10 ਲੱਖ ਦਾ ਜਲੂਸ ਨਿਕਲਿਆ ਸੀ ਅਤੇ 40 ਲੱਖ ਲੋਕਾਂ ਦੇ ਦਸਤਖਤ ਹੋਏ ਸਨ ਸਰਕਾਰ ਦੇ ਖਿਲਾਫ । ਮੈਂ ਉਨ੍ਹਾਂ ਨੂੰ ਬੜੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਤਾਂ ਉਨ੍ਹਾਂ ਨੇ ਬਿਲਕੁਲ ਖਾਲਸਿਆਂ ਵਾਲੀ ਹੀ ਕੀਤੀ ਹੈ । (ਹਾਸਾ) ਸਾਡੇ ਖਾਲਸਿਆਂ ਵਿਚ ਰਿਵਾਜ ਹੈ, ਨਿਹੰਗ ਸਿੰਘਾਂ ਵਿਚ ਖਾਸ ਕਰਕੇ ਕਿ ਉਹ ਇਕ ਨੂੰ ਸਵਾ ਲੱਖ ਕਹਿੰਦੇ ਹਨ । ਇਹ ਜਿਹੜੀ ਬਾਦਲ ਸਾਹਿਬ ਨੇ ਗਿਣਤੀ ਦੱਸੀ ਹੈ ਇਹ ਵੀ ਉਸੇ ਹਿਸਾਬ ਨਾਲ ਹੀ ਲੱਗਦੀ ਹੈ । ਇਨ੍ਹਾਂ ਜੋ ਕਿਹਾ ਹੈ ਕਿ ਉਥੇ 10 ਲੱਖ ਦਾ ਇੱਕਠ ਸੀ ਉਹ ਮੈਂ ਦੱਸਦਾ ਹਾਂ ਕਿ 96 ਹਜ਼ਾਰ ਆਦਮੀਆਂ ਦਾ ਇੱਕਠ ਸੀ ਜੋ ਕਿ ਲੁਧਿਆਣਾ ਵਿਚ ਹੋਇਆ ਸੀ ਲੇਕਿਨ ਬਾਦਲ ਸਾਹਿਬ ਕਹਿੰਦੇ ਹਨ ਕਿ ਉਹ ਇੱਕਠ 10 ਲੱਖ ਆਦਮੀਆਂ ਦਾ ਸੀ। ਜੇ ਇਹ ਲੁਧਿਆਣੇ ਦੀ ਰੈਲੀ ਵਾਲੀ ਗਿਣਤੀ 96 ਹਜ਼ਾਰ ਨੂੰ 10 ਲੱਖ ਦੱਸਦੇ ਹਾਂ ਤਾਂ ਇਹ ਜਿਹੜੇ 40 ਲੱਖ ਆਦਮੀਆਂ ਦੇ ਦਸਤਖਤਾਂ ਦੀ ਗੱਲ ਕਰਦੇ ਹਨ ਇਸ ਦਾ ਕੀ ਸਬੂਤ ਹੈ? ਹੋ ਸਕਦਾ ਹੈ, ਇਨ੍ਹਾਂ ਨੇ ਐਂਵੇਂ ਹੀ ਅੰਗੂਠੇ ਲਾ ਲਏ ਹੋਣ । (ਵਿਘਨ) (ਤਾੜੀਆਂ) ਇਹ ਡੈਮੋਕਰੇਸੀ ਦਾ ਬੈਰੋਮੀਟਰ ਨਹੀਂ ਹੈ । ਡੈਮੋਕਰੇਸੀ ਦਾ ਬੈਰੋਮੀਟਰ ਇਹ ਹੈ ਕਿ ਕਿੰਨੀਆਂ ਵੋਟਾਂ ਮਿਲੀਆਂ, ਕਿੰਨੇ ਮੈਂਬਰ ਬਣੇ । ਇਹ ਮੈਜਾਰਿਟੀ ਇਸ ਪਾਸੇ ਬੈਠੀ ਹੈ, ਬਾਦਲ ਸਾਹਿਬ ਕੋਈ ਹੋਰ ਰਸਤਾ ਲੱਭਣ ਜਿਸ ਨਾਲ ਲੋਕ ਕਨਵਿੰਸ ਹੋਣ । ਜਦੋਂ ਇਹ ਕਹਿੰਦੇ ਹਨ ਕਿ ਅਸਤੀਫਾ ਦੇ ਦਿਉ ਤਾਂ ਲੋਕ ਸਮਝ ਜਾਂਦੇ ਹਨ ਕਿ ਇਹ ਕੀ ਕਰਦੇ ਹਨ ।

"ਰੋਂਦੀ ਯਾਰਾਂ ਨੂੰ, ਲੈ ਲੈ ਨਾਮ ਭਰਾਂਵਾ ਦੇ"

ਭਰਾਵਾਂ ਦਾ ਨਾਂ ਲੈ ਕੇ ਰੋਂਦੇ ਹਨ ਪਰ ਕਦੇ ਕਿਸੇ ਦਾ ਭਲਾ ਸੋਚਿਆ ਹੈ । ਕਿਸਾਨ ਦਾ, ਜਨਤਾ ਦਾ ਕਦੇ ਸੋਚਿਆ ਹੈ? ਇਨ੍ਹਾਂ ਨੂੰ ਸਿਰਫ ਸੋਚ ਇਸ ਗੱਲ ਦੀ ਹੈ ਕਿ ਇਹ ਰਾਜ ਇਥੇ ਹੋ ਕਿਵੇਂ ਗਿਆ। (ਵਿਘਨ) ਇਥੇ ਬਰਨਾਲਾ ਜੀ ਨੇ ਕਿਹਾ ਸੀ ਕਿ ਸਾਡੀਆਂ ਪਾਲਿਸੀਆਂ ਦੀ ਸਟੇਟ-ਮੈਂਟ ਤੁਸੀਂ ਬਣਾਉਂਦੇ ਹੋ । ਅਜਿਹੀਆਂ ਗੱਲਾਂ ਕਰਨੀਆਂ ਜਚਦੀਆਂ ਨਹੀਂ ਹਨ । ਮੈਂ ਕਹਾਂਗਾ ਕਿ ਇਹ ਸਾਡੀ ਇਕ ਰਾਏ ਐਨੀ ਮੰਨ ਲੈਣ ਕਿ ਇਹ ਮੁਕਤੀ ਬਾਹਨੀ ਚੰਗੀ ਨਹੀਂ ਲੱਗਦੀ । (ਵਿਘਨ) (ਇਕ ਮਾਨਯੋਗ ਮੈਂਬਰ: ਪੰਜਾਬੀ ਸੂਬਾ ਬਣਾਉਣ ਵੇਲੇ ਇਹ ਸਾਡੇ ਹਮਾਇਤੀ ਸਨ ।) ਸਪੀਕਰ ਸਾਹਿਬ,

ਇਸ ਗੱਲ ਦਾ ਭੁਲੇਖਾ ਨਾ ਰਹਿ ਜਾਵੇ, ਮੈਂ ਇਹ ਵੀ ਕਲੀਅਰ ਕਰ ਦੇਣਾ ਚਾਹੁੰਦਾ ਹਾਂ। ਜਿਸ ਤਰੀਕੇ ਨਾਲ ਉਦੋਂ ਇਥੇ ਲੜਾਈ ਲੜੀ ਜਾ ਰਹੀ ਸੀ ਉਹ ਪੰਜਾਬ ਦੇ ਹਿੱਤ ਵਿਚ ਨਹੀਂ ਸੀ। ਉਹ ਪੰਜਾਬੀ ਦੇ ਹਿੱਤ ਵਾਸਤੇ ਨਹੀਂ ਸੀ। ਉਹ ਮਹਾਂ ਪੰਜਾਬੀ ਸੂਬੇ ਦੇ ਹਿੱਤ ਵਿਚ ਨਹੀਂ ਸੀ। (ਵਿਘਨ) ਸਪੀਕਰ ਸਾਹਿਬ, ਉਸ ਲੜਾਈ ਦੇ ਪਿਛੇ ਕੀ ਸੀ? ਪੰਜਾਬੀ ਭਾਸ਼ਾ ਦੇ ਵਾਸਤੇ ਸੂਬਾ ਮੰਗਿਆ ਗਿਆ ਪਰ ਪਿਛੇ–ਕੜ ਇਹ ਕਿ ਮੈਜਾਰਿਟੀ ਸਿੱਖਾਂ ਦੀ ਹੋਣੀ ਚਾਹੀਦੀ ਹੈ। (ਵਿਘਨ) ਪੰਜਾਬੀ ਸੂਬੇ ਦੀ ਲੋਕ ਮੁਖਾਲਫਤ ਕਿਉਂ ਕਰਦੇ ਸੀ? ਉਹ ਇਸ ਕਰਕੇ ਮੁਖਾਲਫਤ ਕਰਦੇ ਸਨ ਕਿ ਕਿਤੇ ਸਿੱਖਾਂ ਦੀ ਮੈਜਾਰਿਟੀ ਦਾ ਇਹ ਇਲਾਕਾ ਨਾ ਬਣ ਜਾਵੇ। ਨਾ ਉਨ੍ਹਾਂ ਨੂੰ ਪੰਜਾਬੀ ਨਾਲ ਪਿਆਰ ਸੀ ਅਤੇ ਨਾ ਹਿੰਦੀ ਨਾਲ ਪਿਆਰ ਸੀ। ਮੈਂ ਕਹਿ ਸਕਦਾ ਹਾਂ ਕਿ ਪੰਜਾਬੀ ਸੂਬਾ ਬਣਾਉਣ ਵਾਲੇ ਉਹ ਪੰਜਾਬੀ ਸੂਬਾ ਨਾ ਬਣਾ ਸਕੇ ਅਤੇ ਪੰਜਾਬੀ ਸੂਬਾ ਰੋਕਣ ਵਾਲੇ ਰੋਕ ਵੀ ਨਾ ਸਕੇ ਪਰ ਅੱਜ ਉਹ ਪੰਜਾਬ ਚਾਰ ਟੁਕੜਿਆਂ ਵਿਚ ਵੰਡਿਆ ਗਿਆ ਹੈ। ਪੰਜਾਬੀ ਭਾਸ਼ਾ ਬਾਰੇ ਮੈਂ ਹੁਣ ਵੀ ਉਸੇ ਤਰ੍ਹਾਂ ਦੇ ਹੀ ਵਿਚਾਰ ਰੱਖਦਾ ਹਾਂ ਅਤੇ ਪਹਿਲਾਂ ਵੀ ਮੇਰੇ ਇਹੀ ਵਿਚਾਰ ਸਨ। ਮੈਂ ਸਮਝਦਾ ਹਾਂ ਕਿ ਸਾਰਾ ਪੰਜਾਬ ਪੰਜਾਬੀ ਭਾਸ਼ਾ ਬੋਲਣ ਵਾਲਾ ਯੂਨੀਲਿੰਗੁਅਲ ਭਾਸ਼ਾ ਦਾ ਸੂਬਾ ਹੋਣਾ ਚਾਹੀਦਾ ਸੀ। ਲੇਕਿਨ ਉਨ੍ਹਾਂ ਨੇ ਕਿਹਾ ਕਿ ਨਹੀਂ ਉਹ ਇਲਾਕੇ ਕੱਢੋ। ਇਸ ਬਾਰੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਕਿਹਾ ਕਿ ਪੰਜਾਬੀ ਪ੍ਰਿੰਸੀਪਲ ਲੈਂਗੁਏਜ ਹੈ ਪੰਜਾਬ ਦੀ। (ਵਿਘਨ) ਹਿੰਦੀ ਤਾਂ ਰਾਸ਼ਟਰ ਭਾਸ਼ਾ ਹੈ ਅਤੇ ਉਹ ਹੁਣ ਵੀ ਰਹੇਗੀ। ਇਸ ਨਾਲ ਨੁਕਸਾਨ ਕੋਈ ਨਹੀਂ ਸੀ। ਪਰ ਅਕਾਲੀ ਨੇਤਾ ਨਹੀਂ ਮੰਨੇ। ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਉਸ ਮੌਕੇ ਤੇ ਵੀ ਮੇਰੇ ਇਹੀ ਵਿਚਾਰ ਸਨ ਅਤੇ ਅੱਜ ਵੀ ਮੇਰੇ ਇਹੀ ਵਿਚਾਰ ਹਨ। (ਵਿਘਨ) ਕਾਂਗਰਸ ਪਾਰਟੀ ਹਿੰਦੁਸਤਾਨ ਦੀ ਇਕ ਅਜਿਹੀ ਪਾਰਟੀ ਹੈ ਜਿਹੜੀ ਮਾਈਨਾਰਿਟੀ ਦਾ ਪੂਰਾ ਪੂਰਾ ਖਿਆਲ ਰੱਖਦੀ ਹੈ ਅਤੇ ਦੋ ਵਾਰ ਹਿੰਦੁਸਤਾਨ ਦਾ ਸਭ ਤੋਂ ਵੱਡਾ ਅਹੁਦਾ ਮਾਈਨਾਰਿਟੀ ਦੇ ਲੋਕਾਂ, ਮੁਸਲਮਾਨਾਂ ਨੂੰ ਦਿੱਤਾ ਗਿਆ। (ਤਾੜੀਆਂ) ਇਹ ਅਹੁਦਾ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਨੂੰ ਦਿੱਤਾ ਗਿਆ ਜਦੋਂ ਕਿ ਮਜ਼ਹਬ ਦੇ ਨਾਮ ਤੇ ਬਣਿਆ ਹੋਇਆ ਮੁਲਕ (ਪਾਕਿਸਤਾਨ) ਵੈਰ ਕਰਕੇ ਸਾਡੇ ਤੇ ਹਮਲੇ ਕਰ ਰਿਹਾ ਸੀ। ਲੇਕਿਨ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ, ਹਿੰਦੁਸਤਾਨ ਦੀ ਕਾਂਗਰਸ ਪਾਰਟੀ ਅਤੇ ਹਿੰਦੁਸਤਾਨ ਦੀ ਜਨਤਾ ਨੂੰ ਫਖਰ ਹੈ ਕਿ ਉਸ ਵੇਲੇ ਵੀ ਸਾਡੇ ਪ੍ਰੈਜ਼ੀਡੈਂਟ ਸ੍ਰੀ ਜ਼ਾਕਿਰ ਹੁਸੈਨ ਸਨ, ਜੋ ਕਿ ਮੁਸਲਮਾਨ ਸਨ ਅਤੇ ਉਨ੍ਹਾਂ ਦਾ ਸੱਕਾ ਭਰਾ ਪਾਕਿਸਤਾਨ ਵਿਚ ਬੈਠਾ ਸੀ। ਮੈਂ ਕਾਂਗਰਸ ਪਾਰਟੀ ਦੀ ਗੱਲ ਕੀਤੀ ਹੈ। (ਵਿਘਨ) ਸਪੀਕਰ ਸਾਹਿਬ, ਗੱਲ ਤਾਂ ਇੰਡਸਟਰੀ ਦੀ ਚਲ ਰਹੀ ਸੀ। ਸਪੀਕਰ ਸਾਹਿਬ, 1971–72 ਵਿਚ ਇੰਡਸਟਰੀਜ਼ ਬਾਰੇ ਪੰਜਾਬ ਨੂੰ......

ਸਰਦਾਰ ਜਸਦੇਵ ਸਿੰਘ ਸੰਧੂ : ਗਿਆਨੀ ਜੀ, ਟਰਾਂਸਪੋਰਟ ਦੀ ਗੱਲ ਕਰੋ।

ਮੁੱਖ ਮੰਤਰੀ : ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਵਾਸਤੇ ਇਸ ਹਾਊਸ ਵਿਚ ਜਾਂ ਤਾਂ ਕਾਂਗਰਸ ਪਾਰਟੀ ਸੋਚ ਰਹੀ ਹੈ ਜਾਂ ਸੀ. ਪੀ. ਆਈ. ਵਾਲੇ ਉਹ ਸਾਹਮਣੇ ਬੈਠੇ ਭਰਾ ਜ਼ੋਰ ਦੇ ਰਹੇ ਹਨ ਕਿ ਛੇਤੀ ਟਰਾਂਸਪੋਰਟ ਨੈਸ਼ਨੇਲਾਈਜ਼ ਕਰੋ। ਤੁਸੀਂ ਤਾਂ ਇਸ ਦੇ ਬਾਰੇ ਕਹਿੰਦੇ ਹੀ ਨਹੀਂ।

ਸਰਦਾਰ ਜਸਦੇਵ ਸਿੰਘ ਸੰਧੂ : ਅਸੀਂ ਕਹਿੰਦੇ ਹਾਂ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਕਰੋ।

ਮੁੱਖ ਮੰਤਰੀ : ਤੁਸੀਂ ਤਾਂ ਕਹਿੰਦੇ ਹੀ ਨਹੀਂ। ਜੇ ਤੁਸੀਂ ਨੈਸ਼ਨੇਲਾਈਜ਼ ਕਰਨ ਦੇ ਹੱਕ ਵਿਚ ਹੋ ਤਾਂ ਕਹਿ ਦਿਉ ਕਿ ਅਸੀਂ ਹੱਕ ਵਿਚ ਹਾਂ।

ਸਰਦਾਰ ਜਸਦੇਵ ਸਿੰਘ ਸੰਧੂ : ਅਸੀਂ ਬਿਲਕੁਲ ਹੱਕ ਵਿਚ ਹਾਂ।

ਸਰਦਾਰ ਪਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਸਾਡੀ ਤਾਂ ਇਸ ਦੇ ਲਈ ਇਕ ਅਮੈਂਡ-ਮੈਂਟ ਵੀ ਹੈ । ਮੇਰਾ ਖ਼ਿਆਲ ਹੈ ਕਿ ਜਿਹੜੇ ਕਾਗਜ਼ ਸਰਕੂਲੇਟ ਹੁੰਦੇ ਹਨ ਉਹ ਚੀਫ਼ ਮਨਿਸਟਰ ਸਾਹਿਬ ਪੜ੍ਹਦੇ ਨਹੀਂ । ਜੇ ਪੜ੍ਹਦੇ ਹੁੰਦੇ ਤਾਂ ਉਨ੍ਹਾਂ ਨੂੰ ਪਤਾ ਲਗ ਜਾਣਾ ਸੀ ਕਿ ਅਸੀਂ ਅਮੈਂਡਮੈਂਟ ਭੇਜੀ ਹੈ ।

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਕਾਗਜ਼ ਤਾਂ ਸਾਰੇ ਪੜ੍ਹਦਾ ਹਾਂ ਲੇਕਿਨ ਹੋ ਸਕਦਾ ਹੈ ਕਿ ਜ਼ਰਾ ਮੈਂ ਜਲਦੀ ਵਿਚ ਪੜ੍ਹ ਗਿਆ ਹੋਵਾਂ ਤੇ ਖ਼ਿਆਲ ਨਾ ਰਿਹਾ ਹੋਵੇ । (ਵਿਘਨ)

ਸਰਦਾਰ ਗੁਰਦੇਵ ਸਿੰਘ ਸਿੱਧੂ: ਖਾਲਸਾ ਸੇਵਕ ਵੀ ਪੜ੍ਹਦੇ ਹੋ? (ਵਿਘਨ)

ਮੁੱਖ ਮੰਤਰੀ : ਮੈਂ ਇਸ ਕਰਕੇ ਵੀ ਜਲਦੀ ਵਿਚ ਪੜ੍ਹ ਜਾਂਦਾ ਹਾਂ, ਸਪੀਕਰ ਸਾਹਿਬ, ਕਿ ਇਹ ਕਈ ਵਾਰੀ ਅਮੈਂਡਮੈਂਟਸ ਐਵੇਂ ਖ਼ਰਾਬ ਕਰਨ ਵਾਸਤੇ ਹੀ ਦਿੰਦੇ ਹਨ । ਜਿਵੇਂ ਹਰੀਜਨਾਂ ਨੂੰ ਚੁੱਕ ਕੇ ਇਨ੍ਹਾਂ ਨੇ ਸਾਡੇ ਨਾਲ ਉਨ੍ਹਾਂ ਨੂੰ ਲੜਾਣਾ ਚਾਹਿਆ ਸੀ । (ਵਿਘਨ) ਇਥੇ ਕਲੀਅਰ ਕੱਟ ਬਿਆਨ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਵਾਸਤੇ ਦੇ ਦਿਉ ਕਿ ਸਰਕਾਰ ਜਲਦੀ ਤੋਂ ਜਲਦੀ ਇਸ ਨੂੰ ਨੈਸ਼ਨੇਲਾਈਜ਼ ਕਰਨ ਲਈ ਕਦਮ ਚੁਕੇ । ਕਲੀਅਰ ਕੱਟ ਕਹਿ ਦਿਉ ਜਿਵੇਂ ਸੀ. ਪੀ. ਆਈ. ਦੇ ਮੈਂਬਰ ਸਾਹਿਬ ਨੇ ਕਲੀਅਰ ਕੱਟ ਸ਼ਬਦਾਂ ਵਿਚ ਕਿਹਾ ਹੈ ।

ਸਰਦਾਰ ਪਰਕਾਸ਼ ਸਿੰਘ ਬਾਦਲ: ਅਸੀਂ ਇਕ ਅਮੈਂਡਮੈਂਟ ਵੀ ਇਸ ਦੇ ਲਈ ਦਿੱਤੀ ਹੈ । ਮੈਂ ਦੁਬਾਰਾ ਵੀ ਕਹਿ ਦਿੰਦਾ ਹਾਂ ਕਿ ਜਿਤਨੀ ਛੇਤੀ ਤੋਂ ਛੇਤੀ ਹੋ ਸਕਦੀ ਹੈ ਨੈਸ਼ਨੇਲਾਈਜ਼ ਕਰ ਦਿਉ ਲੇਕਿਨ ਇਨ੍ਹਾਂ ਨੇ ਕਰਨੀ ਨਹੀਂ। ਇਹ ਕਰ ਹੀ ਨਹੀਂ ਸਕਦੇ । (ਵਿਘਨ) ਸਪੀਕਰ ਸਾਹਿਬ, ਮੇਰੀ ਇਕ ਹੋਰ ਅਮੈਂਡਮੈਂਟ ਵੀ ਹੈ ਕਿ ਸਿਨਮੇ ਵੀ ਨਾਲ ਦੀ ਨਾਲ ਹੀ ਨੈਸ਼ਨੇਲਾਈਜ਼ ਕਰ ਦਿਉ । (ਥੰਪਿੰਗ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਹ ਸ਼ਰਤਾਂ ਨਾ ਲਾਉਣ । ਪਹਿਲਾਂ ਇਕ ਕਰਵਾ ਲੈਣ ਫਿਰ ਦੂਸਰੀ ਕਰਵਾ ਲੈਣ । (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਅਤੇ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਵਿਰੋਧੀ ਧਿਰ ਦੇ ਨੇਤਾ ਬੜੇ ਸ਼ਰੀਫ ਆਦਮੀ ਹਨ ਅਤੇ ਜਦੋਂ ਇਨ੍ਹਾਂ ਨੂੰ ਸਚਾਈ ਦਾ ਪਤਾ ਲਗ ਜਾਵੇ ਤਾਂ ਗਲਤ ਬਾਤ ਤੇ ਨਹੀਂ ਅੜਦੇ। ਕਹਿਣ ਤੋਂ ਬਾਅਦ ਇਹ ਫਿਰ ਇਨ੍ਹਾਂ ਦੇ ਦਿਮਾਗ ਵਿਚ ਗਲ ਆ ਗਈ ਹੈ । ਜੇ ਹਾਊਸ ਵਿਚ ਕਹਿੰਦੇ ਕਿ ਮੇਰੇ ਮੰਨ ਦੀ ਗੱਲ ਕੀ ਹੈ ਅਤੇ ਪਾਰਟੀ ਦਾ ਹੁਕਮ ਕੀ ਹੈ ਤਾਂ ਮੈਨੂੰ ਪਤਾ ਹੈ ਕਿ ਉਹ ਪਾਰਟੀ ਦੀਆਂ ਗੱਲਾਂ ਮੰਨਣਗੇ । ਲੇਕਿਨ ਗੱਡੇ ਨਾਲ ਕੱਟਾ ਬੰਨਣ ਦਾ ਕੀ ਫਾਇਦਾ ਹੈ । ਸਿਨਮਿਆਂ ਦੀ ਨੈਸ਼ਨੇਲਾਈਜ਼ੇਸ਼ਨ ਵਾਸਤੇ ਅਸੀਂ ਕਮਿਟਿਡ ਹਾਂ । ਇਹ ਰੁਕੀ ਕਿਉਂ? ਇਹ ਰੁਕੀ ਇਸ ਵਾਸਤੇ ਕਿ ਸੈਂਟਰ ਨੇ ਕਹਿ ਦਿਤਾ ਕਿ ਫਸਟ ਪ੍ਰੈਫਰੈਂਸ ਟਰਾਂਸਪੋਰਟ ਨੂੰ ਦਿਉ । ਸਾਡੀ ਪਾਰਟੀ ਦੀ ਗਾਈਡ ਲਾਈਨ ਆਈ ਹੈ ਔਰ ਉਸ ਦੇ ਉਤੇ ਅਸੀਂ ਚਲਦੇ ਪਏ ਹਾਂ । ਇਸ ਕਰਕੇ ਇਹ ਰੁਕੀ ਹੈ । ਬਾਦਲ ਸਾਹਿਬ ਤੁਹਾਡੀਆਂ ਦੋਨੋ ਕਾਮਨਾਵਾਂ ਵਾਹਿਗੁਰੂ ਪੂਰੀਆਂ ਕਰੇਗਾ । (ਵਿਘਨ)

ਇਕ ਆਵਾਜ਼ : ਤੁਸੀਂ ਨਾ ਪੂਰੀਆਂ ਕਰਿਉ, ਵਾਹਿਗੁਰੂ ਪੂਰੀਆਂ ਕਰੇਗਾ ।

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਚੌਧਰੀ ਦਰਸ਼ਨ ਸਿੰਘ ਨੇ ਹੁਣੇ ਹੀ ਮੈਨੂੰ ਇਨਫਾਰਮ ਕੀਤਾ ਹੈ ਕਿ ਜਿਹੜੀ ਅਮੈਂਡਮੈਂਟ ਦੀ ਇਹ ਗੱਲ ਕਰਦੇ ਹਨ ਉਹ ਇਨ੍ਹਾਂ ਨੇ ਆਪ

ਨਹੀਂ ਦਿੱਤੀ। ਸਰਦਾਰ ਧੰਨਾ ਸਿੰਘ ਗੁਲਸ਼ਨ ਅਤੇ ਸਰਦਾਰ ਬਸੰਤ ਸਿੰਘ ਖਾਲਸਾ ਵਲੋਂ ਦਿਵਾਈ ਹੈ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਚੀਫ਼ ਮਨਿਸਟਰ ਸਾਹਿਬ ਨੇ ਇਹ ਗੱਲ ਆਖੀ ਹੈ। ਜਿਹੜੀ ਅਮੈਂਡਮੈਂਟ ਜਾਂਦੀ ਹੈ ਉਹ ਪਾਰਟੀ ਪਾਲਿਸੀ ਦੇ ਮੁਤਾਬਕ ਜਾਂਦੀ ਹੈ। ਅਮੈਂਡਮੈਂਟ ਦੇ ਉਤੇ ਪਾਰਟੀ ਵਲੋਂ ਡਿਸੀਜ਼ਨ ਲਿਆ ਜਾਂਦਾ ਹੈ। ਤੁਹਾਡੀ ਪਾਰਟੀ ਵਿਚ ਸ਼ਾਇਦ ਇਹ ਸਿਸਟਮ ਨਾ ਹੋਵੇ। (ਵਿਘਨ)

ਇਕ ਆਵਾਜ਼ : ਹਾਊਸ ਵਿਚ ਉਨ੍ਹਾਂ ਨੇ ਕਿਹਾ ਹੈ ਅਤੇ ਤੁਹਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ : ਮੈਨੂੰ ਪੂਰਨ ਵਿਸ਼ਵਾਸ ਹੈ ਲੇਕਿਨ ਮੈਨੂੰ ਆਸ ਹੈ ਕਿ ਸਪੋਕਸਮੈਨ ਸਿਰਫ ਅਮੈਂਡਮੈਂਟ ਵਾਸਤੇ ਨਹੀਂ ਰਹਿਣਗੇ। (ਵਿਘਨ)

ਸਰਦਾਰ ਪਰਕਾਸ਼ ਸਿੰਘ ਬਾਦਲ : ਗਿਆਨੀ ਜੀ ਕੋਈ ਪ੍ਰੋਗਰੈਸਿਵ ਕਦਮ ਉਠਾਉਣ, ਜਿਥੇ ਕਹਿਣ ਮੈਂ ਅੰਗੂਠਾ ਲਾ ਦਿੰਦਾ ਹਾਂ।

ਸ੍ਰੀ ਸਪੀਕਰ : ਤੁਸੀਂ ਪੜ੍ਹੇ ਲਿਖੇ ਆਦਮੀ ਹੋ ਕੇ ਅੰਗੂਠਾ ਲਾਉਣ ਦੀ ਗੱਲ ਕਹਿੰਦੇ ਹੋ, ਇਹ ਠੀਕ ਨਹੀਂ। ਦਸਤਖ਼ਤ ਕਰਨੇ ਚਾਹੀਦੇ ਹਨ। (ਵਿਘਨ) (ਸ਼ੋਰ) ਆਰਡਰ, ਆਰਡਰ। (You are an educated person and yet you talk of affixing thumb-impression. It will not be right to do so. You should say that you would put your signatures.) (*Interruptions*) (*Noise*) Order. Order.

ਮੁੱਖ ਮੰਤਰੀ : ਸੋ ਸਪੀਕਰ ਸਾਹਿਬ, ਮੈਂ ਇੰਡਸਟਰੀ ਦੀ ਗੱਲ ਕਰ ਰਿਹਾ ਸੀ.......

EXTENSION OF TIME OF THE SITTING

ਸ੍ਰੀ ਸਪੀਕਰ: ਗਿਆਨੀ ਜੀ, ਮੇਰਾ ਖਿਆਲ ਹੈ ਕਿ ਹਾਊਸ ਦਾ ਟਾਈਮ ਐਕਸਟੈਂਡ ਕਰ ਦੇਈਏ। (Giani Jee, I think the time of the sitting may be extended.)

ਮੁੱਖ ਮੰਤਰੀ : ਹਾਂ ਜੀ, ਕਰ ਦਿਉ। ਹਾਲੀ ਤਾਂ ਮੈਂ ਬੋਲਣਾ ਹੈ।

ਸ੍ਰੀ ਸਪੀਕਰ : ਕੀ ਇਹ ਹਾਊਸ ਦੀ ਮਰਜ਼ੀ ਹੈ ਕਿ ਫਾਰ ਦੀ ਟਾਈਮ ਬੀਇੰਗ ਅੱਧਾ ਘੰਟਾ ਹਾਊਸ ਦਾ ਟਾਈਮ ਐਕਸਟੈਂਡ ਕੀਤਾ ਜਾਵੇ? (Is it the pleasure of the House that the time of the sitting be extended by half on hour for the time being?)

ਆਵਾਜ਼ਾਂ : ਹਾਂ ਜੀ। ਹਾਂ ਜੀ।

ਸ੍ਰੀ ਸਪੀਕਰ : ਹਾਊਸ 2-00 ਵਜੇ ਤਕ ਐਕਸਟੈਂਡ ਕੀਤਾ ਜਾਂਦਾ ਹੈ।(The time of the sitting of the House is extended till 2.00 p.m.)

DISCUSSION ON GOVERNOR'S ADDRESS (*Resumpn*)

ਮੁਖ ਮੰਤਰੀ : ਸੋ, ਸਪੀਕਰ ਸਾਹਿਬ, ਮੈਂ ਇੰਡਸਟਰੀ ਦੀ ਗੱਲ ਕਰ ਰਿਹਾ ਸੀ । ਸਾਲ 1971–72 ਵਿਚ ਪੰਜਾਬ ਦੀ ਇੰਡਸਟਰੀ ਲਈ 12 ਲਾਇਸੈਂਸ ਮਿਲੇ ਹਨ ਅਤੇ 12 ਲੈਟਰ ਆਫ਼ ਇਨਟੈਂਟ ਮਿਲੇ ਹਨ । ਸਾਲ 1972–73 ਵਿਚ 11 ਲਇਸੈਂਸ ਅਤੇ 8 ਲੈਟਰ ਆਫ਼ ਇਨਟੈਂਟ ਮਿਲੇ ਹਨ । ਸਾਲ 1973–74 ਵਿਚ 20 ਲਾਇਸੈਂਸ ਅਤੇ 24 ਲੈਟਰ ਆਫ਼ ਇਨਟੈਂਟ ਮਿਲੇ ਹਨ । ਸਾਲ 1974–75 ਦੇ ਪਹਿਲੇ 8 ਮਹੀਨਿਆਂ ਵਿਚ ਕੁੱਲ 38 ਲਾਇਸੈਂਸ ਅਤੇ 30 ਲੈਟਰ ਆਫ਼ ਇਨ–ਟੈਂਟ ਮਿਲੇ ਹਨ । ਇਸ ਦਾ ਮਤਲਬ, ਇਨ੍ਹਾਂ ਮਹੀਨਿਆਂ ਵਿਚ 68 ਮਿਲੇ ਹਨ । ਅਸੀਂ ਇੰਡਸਟਰੀ ਵੱਲ ਜ਼ਿਆਦਾ ਧਿਆਨ ਦਿੱਤਾ ਹੈ ਤਾਂ ਹੀ ਇਤਨੇ ਲੈਟਰ ਆਫ਼ ਇਨਟੈਂਟ ਮਿਲੇ ਹਨ । ਇੰਡਸਟਰੀ ਪ੍ਰਾਈਵੇਟ ਸੈਕਟਰ ਵਿਚ ਆਈ ਹੈ, ਜੁਆਇੰਟ ਸੈਕਟਰ ਵਿਚ ਆਈ ਹੈ, ਅਤੇ ਪਬਲਿਕ ਸੈਕਟਰ ਵਿਚ ਆਈ ਹੈ । ਸਾਲ 1971–72 ਵਿਚ ਜਿਹੜੇ ਸਾਨੂੰ ਲਾਇਸੈਂਸ ਮਿਲੇ ਹਨ ਉਹ ਇਨੀਸ਼ੀਏਟ ਅਕਾਲੀ ਪਾਰਟੀ ਨੇ ਕੀਤੇ ਸਨ ਇਸ ਲਈ ਮੈਂ ਉਨ੍ਹਾਂ ਦਾ ਕਰੈਡਿਟ ਨਹੀਂ ਲੈਂਦਾ । ਇਨ੍ਹਾਂ ਦੀ ਗਿਣਤੀ ਤਾਂ ਕਾਫੀ ਸੀ ਪਰ ਸਾਰੀ 5 ਕਰੋੜ ਦੀ ਮਾਲੀਅਤ ਦੇ ਸਨ । ਪਰ ਹੁਣ ਜਿਹੜੇ ਅਸੀਂ 1974–75 ਦੇ ਪਹਿਲੇ 8 ਮਹੀਨਿਆਂ ਵਿਚ ਲਾਇਸੈਂਸ ਲਏ ਹਨ ਉਹ 191 ਕਰੋੜ ਰੁਪਏ ਦੀ ਮਾਲੀਅਤ ਦੇ ਹਨ । ਸਿਰਫ ਲਇਸੈਂਸਾਂ ਦੀ ਗਿਣਤੀ ਹੀ ਨਹੀਂ ਕਰਨੀ ਚਾਹੀਦੀ, ਨਾਲ ਦੀ ਨਾਲ ਇਨਵੈਸਟਮੈਂਟ ਵੀ ਗਿਣਨੀ ਚਾਹੀਦੀ ਹੈ, ਮਾਲੀਅਤ ਵੀ ਗਿਣਨੀ ਚਾਹੀਦੀ ਹੈ । ਮੈਂ, ਸਪੀਕਰ ਸਾਹਿਬ, ਹਾਊਸ ਨੂੰ ਇਸ ਗੱਲ ਦਾ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਅਸੀਂ ਇਸ ਗੱਲ ਵਲ ਪੂਰਾ ਧਿਆਨ ਦੇ ਰਹੇ ਹਾਂ । ਜਿਤੇ ਅਸੀਂ ਖੇਤੀ ਬਾੜੀ ਲਈ ਉੱਦਮ ਕਰਨਾ ਹੈ ਉਥੇ ਪੰਜਾਬ ਵਿਚ ਇੰਡਸਟਰੀ ਦੇ ਲਈ ਉੱਦਮ ਕਰਨਾ ਹੈ। ਭਾਰੀ ਇੰਡਸਟਰੀ ਵੀ ਪੰਜਾਬ ਵਿਚ ਬੜੀ ਜ਼ਰੂਰੀ ਹੈ। ਮੈਂ ਬਾਦਲ ਸਾਹਿਬ ਨਾਲ ਇਸ ਗੱਲ ਤੇ ਇਤਫਾਕ ਕਰਦਾ ਹਾਂ ਕਿ ਸਮਾਲ ਸਕੇਲ ਇੰਡਸਟਰੀਜ਼ ਦੀ ਜ਼ਿੰਦਗੀ ਇਸ ਦੇ ਉਤੇ ਨਿਰਭਰ ਕਰਦੀ ਹੈ । ਛੋਟੀ ਇੰਡਸਟਰੀ ਨੂੰ ਵੱਡੀ ਇੰਡਸਟਰੀ ਦੀ ਮਦਦ ਹੋਵੇ ਤਾਂ ਕਾਫੀ ਵੱਧ–ਫੁਲ ਸਕਦੀ ਹੈ । ਭਾਰਤ ਸਰਕਾਰ ਦੇ ਪਾਸ ਭਾਰੀ ਉਦਯੋਗ ਲਾਉਣ ਵਾਸਤੇ ਸਾਡੀ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ ਕਿ ਇਕ ਬਹੁਤ ਵੱਡਾ ਫਰਟੇਲਾਈਜ਼ਰ ਪਲਾਂਟ ਇਥੇ ਲਿਆਂਦਾ ਹੈ । ਹਿੰਦੁਸਤਾਨ ਦੀ ਸਰਕਾਰ ਨੇ ਜਪਾਨ ਦੀ ਕੋਲੈਬੋਰੇਸ਼ਨ ਨਾਲ ਖਾਦ ਦੇ ਦੋ ਕਾਰਖਾਨੇ ਲਾਉਣ ਦਾ ਪ੍ਰਬੰਧ ਕੀਤਾ ਹੈ । ਉਨ੍ਹਾਂ ਦੋਨਾਂ ਕਾਰਖਾਨਿਆਂ ਵਿਚੋਂ ਪਹਿਲਾ ਪੰਜਾਬ ਨੂੰ ਮਿਲਿਆ ਹੈ ਅਤੇ ਦੂਜਾ ਕਿਸੇ ਹੋਰ ਸੂਬੇ ਨੂੰ ਮਿਲਿਆ ਹੈ । ਪਹਿਲਾਂ ਇਹ ਤਜਵੀਜ਼ ਕੀਤਾ ਗਿਆ ਸੀ ਕਿ ਇਸ ਤੇ 108 ਕਰੋੜ ਰੁਪਿਆ ਖ਼ਰਚ ਹੋਵੇਗਾ ਲੇਕਿਨ ਹੁਣ ਕੀਮਤਾਂ ਵੱਧੀਆਂ ਹਨ ਅਤੇ ਮਾਹਰੀਨਾਂ ਦਾ ਵਿਚਾਰ ਹੈ ਕਿ ਇਸ ਤੇ ਹੁਣ 135 ਜਾਂ 140 ਕਰੋੜ ਰੁਪਿਆ ਖਰਚ ਹੋਵੇਗਾ ਔਰ ਬਹੁਤ ਵੱਡੀ ਤਾਦਾਦ ਨੂੰ ਇਸ ਦੇ ਵਿਚ ਨੌਕਰੀਆਂ ਮਿਲਣਗੀਆਂ । ਟੈਕਨੀਕਲ, ਪੜ੍ਹੇ ਲਿਖੇ ਅਤੇ ਘੱਟ ਪੜ੍ਹੇ ਲਿਖੇ ਲੋਕਾਂ ਨੂੰ ਭਾਰੀ ਤਾਦਾਦ ਵਿਚ ਰੋਜ਼ਗਾਰ ਮਿਲੇਗਾ । ਸਪੀਕਰ ਸਾਹਿਬ, ਇਥੇ ਇਹ ਵੀ ਚਰਚਾ ਚਲੀ ਕਿ ਸਾਡਾ ਸੂਬਾ ਇੰਡਸਟਰੀ ਵਿਚ ਪਿਛੇ ਜਾ ਰਿਹਾ ਹੈ, ਇਥੇ ਦੀ ਇੰਡਸਟਰੀ ਤਬਾਹ ਹੋ ਰਹੀ ਹੈ । ਮੈਂ ਬਾਦਲ ਸਾਹਿਬ ਨਾਲ ਇਸ ਗੱਲ ਦੇ ਉਤੇ ਇਤਫਾਕ ਕਰਦਾ ਹਾਂ ਲੇਕਿਨ ਇਹ ਅਮੈਂਡਮੈਂਟ ਕਰਨੀ ਚਾਹੁੰਦਾ ਹਾਂ । ਉਨ੍ਹਾਂ ਨੇ ਕਿਹਾ ਹੈ ਕਿ ਇਹ ਨੈਚੂਰਲ ਕਲੈਮਿਟੀ ਨਹੀਂ । ਬਿਜਲੀ ਦਾ ਸੰਕਟ ਮੈਨ–ਮੇਡ ਹੈ, ਪਾਣੀ ਦਾ ਸੰਕਟ ਵੀ ਮੈਨ–ਮੇਡ ਹੈ । ਮੈਂ ਇਤਨੀ ਅਮੈਂਡਮੈਂਟ ਕਰਨਾ ਚਾਹੁੰਦਾ ਹਾਂ ਕਿ ਜੇ ਇਹ ਨੇਚੂਰਲ ਕਲੈਮਿਟੀ ਹੁੰਦੀ ਅਤੇ ਮੈਨਮੇਡ ਨਾ ਹੁੰਦੀ ਤਾਂ ਅਸੀਂ ਇਸ ਨੈਚੂਰਲ ਕਲੈਮਿਟੀ ਦਾ ਮੁਕਾਬਲਾ ਸੌਖਾ ਕਰ ਸਕਦੇ ਸੀ । ਨੈਚੂਰਲ ਕਲੈਮਿਟੀ ਦਾ ਸਬੂਤ ਇਹ ਹੈ ਕਿ ਸਾਰੇ ਹਿੰਦੁਸਤਾਨ ਵਿਚ ਕਾਲ ਪਿਆ, ਪਾਣੀ ਘਟਿਆ, ਬਿਜਲੀ ਦੀ ਖਪਤ ਵੱਧ

ਗਈ, ਪੈਦਾਵਾਰ ਘੱਟੀ । ਇਸ ਦਾ ਅਸੀਂ ਵੀ ਸ਼ਿਕਾਰ ਹੋਏ । ਲੇਕਿਨ ਮੈਨਮੇਡ ਕਿਥੋਂ ਤੱਕ ਹੈ ਇਹ ਤੁਸੀਂ ਜ਼ਰਾ ਗੌਰ ਨਾਲ ਵੇਖ ਲਵੋ । ਸਾਡੀ ਬਿਜਲੀ ਥੇਈਂ ਡੈਮ ਤੋਂ ਆਉਣੀ ਸੀ, ਪੌਂਗ ਡੈਮ ਤੋਂ ਆਉਣੀ ਸੀ, ਪਰ ਨਹੀਂ ਆਈ । ਥਰਮਲ ਪਲਾਂਟ ਬਠਿੰਡਾ ਤੋਂ ਥੋੜ੍ਹੀ ਜਿਹੀ ਬਿਜਲੀ ਆਈ, ਹਾਲੇ ਤੱਕ ਇਹ ਹੈ ਕਿ ਕਦੇ ਉਹ ਚਲ ਪੈਂਦਾ ਹੈ, ਕਦੇ ਨਹੀਂ ਚਲਦਾ । ਇਹ ਕੋਈ ਬਹੁਤੀ ਫਿਕਰ ਵਾਲੀ ਗੱਲ ਨਹੀਂ । ਉਸ ਨੂੰ ਟੀਇੰਗ ਟਰੱਬਲ ਹੈ , ਜਿਸ ਤਰ੍ਹਾਂ ਬੱਚਾ ਦੰਦ ਕੱਢਦਾ ਹੁੰਦਾ ਹੈ ਕਦੇ ਰਾਜ਼ੀ ਤੇ ਕਦੇ ਔਖਾ, ਉਸੇ ਤਰ੍ਹਾਂ ਥਰਮਲ ਪਲਾਂਟ ਦੰਦ ਕੱਢਦਾ ਬੱਚਾ ਹੈ । (ਵਿਘਨ) ਸਪੀਕਰ ਸਾਹਿਬ, ਥੇਈਂ ਡੈਮ ਦੀ ਚਰਚਾ ਡਾਕਟਰ ਬਲਦੇਵ ਪ੍ਰਕਾਸ਼ ਨੇ ਕੀਤੀ ਹੈ । ਸਾਨੂੰ ਵੀ ਬੜਾ ਦੁੱਖ ਹੈ ਕਿ ਥੇਈਂ ਡੈਮ ਜਲਦੀ ਬਣਾਉਣਾ ਚਾਹੀਦਾ ਸੀ । ਪਾਕਿਸਤਾਨ ਨੂੰ ਪਾਣੀ ਜਾ ਰਿਹਾ ਹੈ ਉਸ ਨੂੰ ਰੋਕਣਾ ਚਾਹੀਦਾ ਹੈ । ਇਸ ਦੇ ਵਿਚ ਵੇਖਣਾ ਇਹ ਹੈ ਕਿ ਇਹ ਮੈਨਮੇਡ ਕਿੰਨਾ ਹੈ । ਜਦੋਂ ਪੰਜਾਬੀ ਸੂਬਾ ਨਹੀਂ ਬਣਿਆ ਸੀ, ਰਾਵੀ ਦਾ ਦਰਿਆ ਪੰਜਾਬ ਦੇ ਵਿਚੋਂ ਦੀ ਲੰਘਦਾ ਸੀ ਲੇਕਿਨ ਜਦੋਂ ਅਸੀਂ ਪੰਜਾਬੀ ਸੂਬਾ ਬਣਾ ਲਿਆ ਇਹ ਕਾਂਗੜੇ ਨੂੰ ਸੌਂਪ ਦਿੱਤਾ ।......

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਜੋ ਰਾਵੀ ਦਾ ਦਰਿਆ ਇਥੇ ਹੈ ਉਸ ਦਾ ਕੋਈ ਹਿੱਸਾ ਬਾਹਰ ਨਹੀਂ ਗਿਆ ਇਹ ਤਾਂ ਜੰਮੂ ਅਤੇ ਕਸ਼ਮੀਰ ਦੇ ਝਗੜੇ ਕਰਕੇ ਹੈ ।

ਮੁੱਖ ਮੰਤਰੀ : ਸੰਧੂ ਸਾਹਿਬ, ਮੈਨੂੰ ਭਰੋਸਾ ਹੈ ਕਿ ਤੁਸੀਂ ਜੁਗਰਾਫਿਆ ਅਤੇ ਤਾਰੀਖ ਕਈ ਵਾਰੀ ਪੜ੍ਹੀ ਹੋਣੀ ਹੈ । ਜੋ ਸਾਡਾ ਝਗੜਾ ਜੰਮੂ-ਕਸ਼ਮੀਰ ਨਾਲ ਸੀ ਉਹ ਲਮਕਿਆ ਜ਼ਰੂਰ ਲੇਕਿਨ ਜਲਦੀ ਮੁਕ ਗਿਆ ਸੀ । ਅਸਲ ਝਗੜ ਹਿਮਾਚਲ ਵਾਲਿਆਂ ਨਾਲ ਸੀ । ਉਨ੍ਹਾਂ ਦਾ ਕਲੇਮ ਇਹ ਹੈ ਕਿ ਸਾਡੀ ਇਕਾਨੋਮੀ ਬਰਬਾਦ ਹੋ ਰਹੀ ਹੈ ਸਾਡੇ ਵਸੀਲੇ ਘੱਟ ਹਨ, ਸੈਂਟਰ ਗੌਰਮਿੰਟ ਨੂੰ ਸਾਡੇ ਵੱਲ ਧਿਆਨ ਦੇਣਾ ਚਾਹੀਦਾ ਹੈ । ਦਰਿਆਵਾਂ ਦਾ ਪਾਣੀ ਥੱਲੇ ਨੂੰ ਡਿਗਦਾ ਹੈ ਅਤੇ ਬਿਜਲੀ ਪੈਦਾ ਹੁੰਦੀ ਹੈ । ਉਹ ਕਹਿੰਦੇ ਹਨ ਕਿ ਬਿਜਲੀ ਪੈਦਾ ਕਰੋ ਅਤੇ ਸਾਨੂੰ ਰਾਇਲਟੀ ਦਿਉ । ਉਹ ਪਾਣੀ ਨਹੀਂ ਮੰਗਦੇ ਕਿਉਂਕਿ ਪਾਣੀ ਤਾਂ ਸ਼ਿਮਲੇ ਨੂੰ ਵਾਪਸ ਨਹੀਂ ਜਾ ਸਕਦਾ, ਪਰ ਜਿਹੜੀ ਬਿਜਲੀ ਪੈਦਾ ਹੋਣੀ ਹੈ ਉਹ ਸਾਡੇ ਕੋਲੋਂ ਸਸਤੇ ਭਾਅ ਤੇ ਲੈ ਕੇ ਆਪਣਾ ਹਿੱਸਾ ਮਹਿੰਗੇ ਭਾਅ ਤੇ ਵੇਚਣਾ ਚਾਹੁੰਦੇ ਹਨ । ਫੈਸਲਾ ਹੋਇਆ ਨਹੀਂ । ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਹੜੇ ਹੁਣ ਪੌਂਗ ਡੈਮ ਜਾਂ ਬਿਆਸ ਲਿੰਕ ਵਗੈਰਾ ਬਣ ਰਹੇ ਹਨ ਉਨ੍ਹਾਂ ਥਾਵਾਂ ਦੀ ਜਿਹੜੀ ਐਸਤਨ ਕੀਮਤ ਸੀ ਉਹ ਵੱਧ ਗਈ ਹੈ ਕਿਉਂਕਿ ਦੇਣ ਵਾਲੀ ਹੋਰ ਸਟੇਟ ਹੈ ਅਤੇ ਲੈਣ ਵਾਲੀ ਹੋਰ ਸਟੇਟ । ਝਗੜਾ ਪਿਆ, ਮੀਟਿੰਗਾਂ ਹੋਈਆਂ । ਉਨ੍ਹਾਂ ਮੀਟਿੰਗਾਂ ਵਿਚ ਇਹ ਸੀ ਕਿ 1970 ਤਕ ਕੰਮ ਚਾਲੂ ਹੋ ਜਾਵੇ । ਲੇਕਿਨ 1967 ਵਿਚ ਜੇਕਰ ਕੰਮ ਸ਼ੁਰੂ ਕੀਤਾ ਹੁੰਦਾ ਤਾਂ ਹੀ ਹੋ ਜਾਂਦਾ । 1967 ਵਿਚ ਸਰਕਾਰ ਸਾਡੀ ਆਈ ਨਹੀਂ । ਸਰਕਾਰ ਜਿਹੜੀ 1967 ਤੋਂ ਲੈ ਕੇ 1972 ਤਕ ਰਹੀ ਜਾਂ ਸਾਡੇ ਇਨ੍ਹਾਂ ਵਿਰੋਧੀ ਦਲ ਦੇ ਨੇਤਾਵਾਂ ਦੀ ਸਰਕਾਰ ਰਹੀ ਹੈ ਜਾਂ ਗਵਰਨਰ ਰਾਜ ਰਿਹਾ ਹੈ । 5 ਸਾਲਾਂ ਵਿਚ 6 ਸਰਕਾਰਾਂ ਚਲੀਆਂ ਗਈਆਂ ਅਤੇ ਗੁਨਾਹ ਸਾਡੇ ਤੇ ਕੱਢਣਾ ਇਹ ਠੀਕ ਨਹੀਂ :—

"ਵੋ ਕਤਲ ਭੀ ਕਰਤੇ ਹੈਂ ਤੋਂ ਚਰਚਾ ਨਹੀਂ ਹੋਤਾ,
ਹਮ ਆਹ ਭੀ ਭਰਤੇ ਹੈਂ ਤੋ ਹੋ ਜਾਤੇ ਹੈਂ ਬਦਨਾਮ ।"

ਸਾਨੂੰ ਇਸ ਗੱਲ ਦਾ ਅਫਸੋਸ ਹੈ ਕਿ ਥੇਈਂ ਡੈਮ ਜਿਹੜਾ ਹੈ ਇਸ ਦੀ ਅਜੇ ਤਕ ਪੂਰੀ ਮਨਜ਼ੂਰੀ ਨਹੀਂ ਹੋ ਸਕੀ ਲੇਕਿਨ ਜਿੰਨੀ ਖਤੋ ਕਿਤਾਬਤ ਹੋਈ, ਜਿੰਨੀਆਂ ਮੀਟਿੰਗਾਂ ਹੋਈਆਂ, ਜਿਸ ਢੰਗ ਨਾਲ ਸਰਕਾਰ ਨੇ ਜੇ. ਐਂਡ ਕੇ., ਰਾਜਸਥਾਨ ਅਤੇ ਜਿਹੜੀਆਂ ਬੈਨੀਫੀਸ਼ਰੀ ਸਟੇਟਸ ਸਨ ਉਨ੍ਹਾਂ ਨਾਲ ਗੱਲ ਬਾਤ ਕੀਤੀ ਉਨ੍ਹਾਂ ਨੇ ਮੰਨਿਆ ਹੈ ਕਿ ਪੰਜਾਬ ਜ਼ਿਆਦਾ ਬੈਨੀਫੀਸ਼ਰੀ ਹੈ ਇਸ ਲਈ ਸਾਨੂੰ ਆਸ ਹੈ ਕਿ ਨਵਾਂ ਸਾਲ ਜਿਹੜਾ ਆ ਗਿਆ ਹੈ ਇਸ ਵਿਚ ਹਿੰਦੁਸਤਾਨ ਦੀ ਸਰਕਾਰ ਇਸ ਨੂੰ ਮਨਜ਼ੂਰੀ ਦੇ ਦੇਵੇਗੀ । ਉਹ ਕਿਹੜੀ ਸ਼ਕਲ ਵਿਚ ਹੋਵੇਗੀ, ਅਸੀਂ ਆਪਣੀ ਆਫ਼ਰ ਕਰ ਦਿੱਤੀ । ਸੈਂਟਰਲ ਗੌਰਮਿੰਟ ਬਣਾਉਂਦੀ ਹੈ ਉਹ ਬਣਾ ਦੇਵੇ, ਸਾਨੂੰ

[ਮੁੱਖ ਮੰਤਰੀ]

ਕਹਿਣਗੇ ਅਸੀਂ ਬਣਾ ਦੇਵਾਂਗੇ, ਸਟੇਟਾਂ ਦਾ ਸਾਂਝਾ ਬੋਰਡ ਬਣਾ ਕੇ ਜਿਸ ਦਾ ਗਵਰਨਰ ਪੰਜਾਬ ਨੂੰ ਭਾਖੜਾ ਬੋਰਡ ਵਾਂਗ ਚੇਅਰਮੈਨ ਬਣਾਉਣਾ ਹੈ ਤਾਂ ਬਣਾ ਲੈਣ। ਸਪੀਕਰ ਸਾਹਿਬ, ਇਹ ਮਾਮਲਾ ਮੈਨਮੇਡ ਕਿੰਨਾ ਹੈ, ਕਿਵੇਂ ਦਰਿਆ ਚਲੇ ਗਏ, ਇਹ ਹਾਊਸ ਅੰਦਾਜ਼ਾ ਲਗਾ ਸਕਦਾ ਹੈ। ਦੂਜੀ ਗੱਲ ਇਹ ਕਹੀ ਗਈ ਹੈ ਕਿ ਭਾਖੜਾ ਡੈਮ ਵਿਚੋਂ ਜੋ ਪਾਣੀ ਆਉਂਦਾ ਹੈ, ਜੋ ਬਿਜਲੀ ਸਾਨੂੰ ਮਿਲਦੀ ਹੈ, ਉਹ ਘੱਟ ਗਈ ਹੈ। ਇਸ ਦਾ ਕੰਟਰੋਲ ਸਾਡੇ ਕੋਲ ਨਹੀਂ ਹੈ। ਤੁਸੀਂ ਪ੍ਰਸੰਨ ਹੋਵੋਗੇ ਕਿ ਸਾਡੀ ਸਰਕਾਰ ਨੇ ਹੁਣ ਤਕ ਜਿਹੜਾ ਰੋਪੜ ਵਾਲਾ ਹੈਡ ਹੈ, ਹਰੀਕੇ ਹੈਡ ਹੈ ਉਨ੍ਹਾਂ ਤੇ ਕਬਜ਼ਾ ਆਪਣੇ ਪਾਸ ਰਖਿਆ ਹੋਇਆ ਹੈ। ਲੇਕਿਨ ਰੀਆਰਗੇਨਾਈਜ਼ੇਸ਼ਨ ਐਕਟ ਵਿਚ ਇਹ ਸਾਰੀਆਂ ਚੀਜ਼ਾਂ ਪਾਈਆਂ ਹੋਈਆਂ ਹਨ। ਪਰ ਉਸ ਵੇਲੇ ਕਿਸੇ ਨੇ ਕੋਈ ਆਵਾਜ਼ ਨਹੀਂ ਉਠਾਈ। ਭਾਖੜਾ ਡੈਮ ਸਾਡੇ ਕੋਲ ਨਹੀਂ ਰਿਹਾ ਇਸ ਦੀ ਚੌਧਰ ਕਿਸੇ ਹੋਰ ਕੋਲ ਹੈ, ਅਸੀਂ ਹਿੱਸਾ ਲੈਣ ਵਾਲੇ ਹਾਂ। ਜਦੋਂ ਪੰਜਾਬ ਇਕੱਠਾ ਸੀ, ਭਾਖੜਾ ਡੈਮ ਦੀ ਸਰਦਾਰੀ ਪੰਜਾਬ ਦੇ ਕੋਲ ਸੀ। ਇਹ ਕਿਸ ਨੇ ਗਵਾਈ ? ਉਨ੍ਹਾਂ ਦੀ ਗੱਲ ਸੱਚਮੁਚ ਠੀਕ ਹੈ ਇਹ ਨੇਚੂਰਲ ਕਲੈਮਿਟੀ ਨਹੀਂ, ਮੈਨਮੇਡ ਹੈ। ਇਹ ਇਨ੍ਹਾਂ ਨੇ ਕਰਵਾਈ। ਅਸੀਂ ਸਪੀਕਰ ਸਾਹਿਬ, ਇਨ੍ਹਾਂ ਕਠਨਾਈਆਂ ਦੇ ਬਾਵਜੂਦ ਆਪਣੀ ਖੇਤੀ ਬਾੜੀ ਨੂੰ ਜਿਊਂਦਾ ਰੱਖਣ ਲਈ, ਇੰਡਸ਼ਟਰੀ ਦਾ ਨੁਕਸਾਨ ਬਰਦਾਸ਼ਤ ਕਰਕੇ ਇਸ ਸਾਲ ਜੋ ਪੈਡੀ ਦੀ ਪੈਦਾਵਾਰ ਹੈ, ਮਹਾਨ ਕਠਨਾਈਆਂ ਦਾ ਸਮਾਂ ਹੁੰਦੇ ਹੋਏ ਵੀ, ਉਹ ਪਿਛਲੇ ਸਾਲ ਨਾਲੋਂ ਵੱਧ ਹੋਵੇਗੀ, ਘੱਟ ਨਹੀਂ (ਥੰਪਿੰਗ) ਕਾਰਖਾਨਿਆਂ ਦੀ ਗਿਣਤੀ ਵੱਧੀ ਹੈ ਔਰ ਇਨ੍ਹਾਂ ਦੀ ਐਫੀਸ਼ੈਂਸੀ ਵਧੀ ਹੈ। ਇਨ੍ਹਾਂ ਨੂੰ ਮਦਦ ਦੇਣ ਲਈ ਕਾਮਨ ਫੈਸੀਲਿਟੀ ਸੈਂਟਰਜ਼ ਕਾਇਮ ਕੀਤੇ ਹਨ। ਟੂਲ ਰੂਮਜ਼ ਰਿਸਰਚ ਅਤੇ ਡਿਵੈਲਪਮੈਂਟ ਸੈਂਟਰ ਬਣਾ ਦਿੱਤੇ ਹਨ। ਭਾਰਤ ਸਰਕਾਰ ਦੇ ਅਤੇ ਵਿਦੇਸ਼ੀ ਸਰਕਾਰਾਂ ਦੇ ਸਹਿਯੋਗ ਦੇ ਨਾਲ ਯੂਨਾਈਟਿਡ ਨੇਸ਼ਨਜ਼ ਡਿਵੈਲਪਮੈਂਟ ਪ੍ਰਾਜੈਕਟ ਨਾਲ ਰਲ ਕੇ ਅਸੀਂ ਵੂਲ ਡਾਈਂਗ ਅਤੇ ਸਪਿਨਿੰਗ ਸੈਂਟਰ, ਮਾਡਰਨ ਟੂਲ ਰੂਮ, ਹੈਂਡ ਟੂਲਜ਼ ਡਿਜ਼ਾਈਨ ਇੰਸਟੀਚਿਊਟ ਇਲੈਕਟ੍ਰਾਨਿਕ ਡਿਵੈਲਪਮੈਂਟ ਅਤੇ ਰਿਸਰਚ ਸੈਂਟਰ ਅਤੇ ਹੋਰ ਕਈ ਸੈਂਟਰ ਹਨ ਜਿਨ੍ਹਾਂ ਦੇ ਉਤੇ ਕੋਈ 10 ਕਰੋੜ ਰੁਪਏ ਖਰਚ ਕਰਨ ਦਾ ਬੰਦੋਬਸਤ ਕਰ ਲਿਆ ਹੈ। ਜਿਸ ਨਾਲ ਇੰਡਸਟਰੀ ਦੀ ਤਰੱਕੀ ਹੋਵੇਗੀ। ਜੇ ਕੁਆਂਟਿਟੀ ਦੀ ਲੋੜ ਹੈ ਤਾਂ ਉਥੇ ਕੁਆਲਿਟੀ ਦੀ ਵੀ ਲੋੜ ਹੈ। ਪੰਜਾਬ ਨੇ ਜਿਹੜਾ ਵਿਦੇਸ਼ਾਂ ਵਿਚ ਮਾਲ ਭੇਜਿਆ ਹੈ, (1969–70) ਵਿਚ ਇਥੇ ਕਿਸ ਦੀ ਸਰਕਾਰ ਸੀ, ਹਾਊਸ ਜਾਣਦਾ ਹੈ। ਉਸ ਦੇ ਨਾਲੋਂ ਤਿੰਨ ਗੁਣਾਂ ਜ਼ਿਆਦਾ ਭੇਜ ਰਹੇ ਹਾਂ। ਸਾਡੀ ਪੁੱਛ ਪ੍ਰਤੀਤ ਬਾਹਰਲੇ ਦੇਸ਼ਾਂ ਵਿਚ ਵੱਧੀ ਹੈ। ਸਾਡੀਆਂ ਸਿਊਇੰਗ ਮਸ਼ੀਨਾਂ, ਸਾਈਕਲ, ਹੌਜ਼ਰੀ ਦਾ ਮਾਲ, ਮਸ਼ੀਨ ਟੂਲ, ਸੰਸਾਰ ਦੇ ਦੂਸਰੇ ਮੁਲਕਾਂ ਵਿਚ ਬਹੁਤ ਮਿਕਦਾਰ ਵਿਚ ਗਏ ਹਨ। ਅਸੀਂ ਬਣਾਉਣ ਵਾਲਿਆਂ ਵਿਚ ਐਫ਼ੀਸੈਂਸੀ ਲਿਆਉਣ ਵਾਸਤੇ ਮਦਦ ਕੀਤੀ ਹੈ। ਇਸ ਕਰਕੇ ਮੈਂ ਬਾਦਲ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਕਹਿੰਦੇ ਹਨ ਕਿ ਪੰਜਾਬ ਤਬਾਹ ਹੋ ਗਿਆ ਹੈ, ਇਨ੍ਹਾਂ ਨੂੰ ਸਾਡੇ ਨਾਲ ਪੰਜਾਬ ਦੀ ਤਬਾਹੀ ਨੂੰ ਬਚਾਉਣ ਲਈ ਸਾਥ ਦੇਣਾ ਚਾਹੀਦਾ ਹੈ ਔਰ ਜੇ ਕੋਈ ਐਸਾ ਮਸਲਾ ਆਵੇ, ਸਾਡਾ ਸਾਥ ਦੇਣਾ ਚਾਹੀਦਾ ਹੈ। ਅਸੀਂ ਬਚਾ ਸਕਦੇ ਹਾਂ। ਲੇਕਿਨ ਪੰਜਾਬ ਤਬਾਹ ਨਹੀਂ ਹੋਇਆ, ਪੰਜਾਬ ਦੀ ਇਕਾਨੌਮੀ ਅਗਾਂਹ ਗਈ ਹੈ, ਹਰ ਨਿਸ਼ਾਨੇ ਵਿਚ ਫ਼ਰਕ ਪਿਆ ਹੈ। ਐਜੂਕੇਸ਼ਨ ਔਰ ਹੈਲਥ ਦੀ ਐਫੀਸ਼ੈਂਸੀ ਵਿਚ ਪੰਜਾਬ ਅੱਗੇ ਵੱਧਿਆ ਹੈ ਆਖਰ ਵਿਚ ਜੇ ਸਮਾਂ ਹੋਇਆ ਤਾਂ ਮੈਂ ਦਸਾਂਗਾ ਕਿ ਪੰਜਾਬ ਹਿੰਦੁਸਤਾਨ ਵਿਚ ਕਿਨ੍ਹਾਂ ਗੱਲਾਂ ਵਿਚ ਅਗੇ ਵਧਿਆ ਹੈ। ਵਿਰੋਧੀ ਦਲ ਦੇ ਨੇਤਾ ਨੇ ਕਿਹਾ ਸੀ ਕਿ ਭਾਈ ਸਾਹਿਬ ਕਹਿ ਰਹੇ ਸਨ ਕਿ ਇਥੇ ਐਗਰੋ-ਇੰਡਸਟਰੀ ਲਗਾਓ, ਦੂਸਰੀ ਨਾ ਲਗਾਓ। ਇਹ ਕੋਈ ਸਾਨੂੰ ਆਰਡਰ ਨਹੀਂ ਆਇਆ। ਉਨ੍ਹਾਂ ਨੇ ਤਾਂ ਸਗੋਂ ਪ੍ਰਸ਼ੰਸਾ ਕੀਤੀ ਸੀ ਕਿ ਪੰਜਾਬ ਨੇ ਛੋਟੀ ਛੋਟੀ ਇੰਡਸਟਰੀ ਨਾਲ ਐਗਰੋ ਇੰਡਸਟਰੀ ਅਤੇ ਬਾਕੀ ਇੰਡਸਟਰੀ ਵਿਚ ਬੜੀ ਪ੍ਰਗਤੀ ਕੀਤੀ ਹੈ। ਇਹ ਰਾਏ ਤਾਂ ਹੋਰ ਕਈ ਸੂਬਿਆਂ ਵਿਚ ਵੀ ਉਨ੍ਹਾਂ ਨੇ ਦਿੱਤੀ ਸੀ। ਇਹ ਕਹਿਣਾ ਕਿ ਸੈਂਟਰਲ ਗੌਰਮਿੰਟ ਦਾ ਵਜ਼ੀਰ ਸਾਨੂੰ ਇਸ ਪੱਖੋਂ ਰੋਕਦਾ ਹੈ, ਠੀਕ ਨਹੀਂ, ਰੋਕਦਾ ਕੋਈ ਨਹੀਂ ....

ਸਪੀਕਰ ਸਾਹਿਬ, ਜਿਹੜੇ ਕਾਰਖਾਨੇਦਾਰ ਜੈਨਰੇਟਰ ਲੈ ਕੇ ਲਗਾਉਂਦੇ ਹਨ ਅਸੀਂ ਉਨ੍ਹਾਂ ਨੂੰ 20% ਸਬਸਿਡੀ ਦਿੰਦੇ ਹਾਂ। ਅਕਾਲੀ ਸਰਕਾਰ ਵੇਲੇ ਸਿਰਫ ਤਿੰਨ ਫੋਕਲ ਪੁਆਇੰਟ ਸਨ। ਉਨ੍ਹਾਂ ਦੀ ਗੱਲ ਵੀ ਸੁਣ ਲਉ। ਇੱਕ ਚੰਡੀਗੜ੍ਹ ਦੇ ਨੇੜੇ, ਇੱਕ ਰਾਜਪੁਰਾ ਜੰਕਸ਼ਨ ਅਤੇ ਇੱਕ ਲੁਧਿਆਣੇ। ਤੁਸੀਂ ਜ਼ਰਾ ਸੋਚੋ ਕਿ ਇੱਕ ਆਦਮੀ ਨੂੰ ਰੋਜ਼ ਕੜਾਹ ਪ੍ਰਸ਼ਾਦ ਛੱਕਣ ਨੂੰ ਮਿਲਦਾ ਹੈ ਤਾਂ ਉਸ ਨੂੰ ਹੋਰ ਜ਼ਿਆਦਾ ਛਕਾਉਣ ਦਾ ਕੀ ਫਾਇਦਾ ਹੈ। ਲੁਧਿਆਣੇ, ਚੰਡੀਗੜ੍ਹ ਅਤੇ ਰਾਜਪੁਰੇ ਤਾਂ ਲੋਕਾਂ ਨੇ ਆਉਣਾ ਹੀ ਸੀ। ਪਰ ਬੈਕਵਰਡ ਜ਼ਿਲ੍ਹਿਆਂ ਵਲ ਇਨ੍ਹਾਂ ਨੇ ਕੋਈ ਧਿਆਨ ਨਹੀਂ ਦਿੱਤਾ। ਹੁਣ 25 ਥਾਵਾਂ ਤੋਂ ਵੀ ਵਧੇਰੇ ਥਾਵਾਂ ਤੇ ਇਹ ਸਾਰੀਆਂ ਫੋਕਲ ਪੁਆਇੰਟਾਂ ਵਾਲੀਆਂ ਰਿਆਇਤਾਂ ਦੇ ਕੇ ਉਥੇ ਕਾਰਖਾਨੇ ਲਵਾ ਰਹੇ ਹਾਂ।

ਸਪੀਕਰ ਸਾਹਿਬ, ਮੈਂ ਇੱਕ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਵਿਰੋਧੀ ਦਲ ਦੇ ਨੇਤਾਵਾਂ ਕੋਲ ਦੋ ਸਲੋਗਨ ਮੇਰੇ ਖਿਲਾਫ ਹਨ। ਇੱਕ ਇਹ ਹੈ ਕਿ ਕਾਂਗਰਸ ਸਿੱਖਾਂ ਦੀ ਦੁਸ਼ਮਨ ਹੈ ਅਤੇ ਦੂਜਾ ਇਹ ਕਿ ਮੇਰੀ ਸਰਕਾਰ ਕਿਸਾਨਾਂ ਦੀ ਦੁਸ਼ਮਨ ਹੈ। ਹੁਣ ਮੈਂ ਚਾਹਾਂਗਾ ਕਿ ਵਿਰੋਧੀ ਦਲ ਦੇ ਨੇਤਾ ਅਤੇ ਹੋਰ ਸਾਰੇ ਮੈਂਬਰ ਇਸ ਗੱਲ ਤੋਂ ਪਰਖ ਕਰ ਲੈਣ ਕਿ ਕਿਸਾਨਾਂ ਦਾ ਦੁਸ਼ਮਨ ਕੌਣ ਸੀ ਅਤੇ ਕਿਸਾਨਾਂ ਦਾ ਹਿਮਾਇਤੀ ਕੌਣ ਹੈ। ਅਸੂਲਨ ਇੱਕ ਗੱਲ ਦਸਣਾ ਚਾਹੁੰਦਾ ਹਾਂ ਕਿ ਫਰਕ ਸਿਰਫ ਐਨਾ ਪਿਆ ਹੈ ਕਿ ਸਾਡੀ ਸਰਕਾਰ ਦੇ ਆਉਣ ਤੋਂ ਪਹਿਲਾਂ ਵੱਡੇ ਜ਼ਿਮੀਂਦਾਰ ਨੂੰ ਕਰਜ਼ਾ ਮਿਲ ਸਕਦਾ ਸੀ ਕਿਉਂਕਿ ਉਹ ਕਰਜ਼ਾ ਵਾਪਸ ਦੇ ਸਕਦਾ ਸੀ ਅਤੇ ਛੋਟੇ ਜ਼ਿਮੀਂਦਾਰਾਂ ਨੂੰ ਇਸ ਕਰਕੇ ਕਰਜ਼ਾ ਨਹੀਂ ਮਿਲਦਾ ਸੀ ਕਿਉਂਕਿ ਉਹ ਦੇ ਨਹੀਂ ਸੀ ਸਕਦਾ। ਉਸ ਵੇਲੇ ਪਿੰਡਾਂ ਵਿੱਚ ਜਿਹੜਾ ਪੱਕਾ ਘਰ ਹੁੰਦਾ ਸੀ ਉਹ ਸਰਦਾਰ ਦਾ ਹੁੰਦਾ ਸੀ, ਕੱਚਾ ਕੋਠਾ ਜੱਟਾਂ ਦਾ ਹੁੰਦਾ ਸੀ ਅਤੇ ਝੌਂਪੜੀ,ਲਾਗੀਆਂ ਗਰੀਬ ਹਰੀਜਨ ਅਤੇ ਬੈਕਵਰਡ ਕਲਾਸਾਂ ਵਾਲਿਆਂ ਦੀ ਹੁੰਦੀ ਸੀ। ਇਹ ਨਿਸ਼ਾਨੀ ਹੁੰਦੀ ਸੀ ਪਿੰਡ ਦੀ ਉਸ ਵੇਲੇ। ਸਰਦਾਰ ਧੰਨਾ ਸਿੰਘ ਜੀ, ਮੈਂ ਕੋਈ ਝੂਠੀ ਗੱਲ ਨਹੀਂ ਕਹਿ ਰਿਹਾ। ਉਸ ਵੇਲੇ ਇਹ ਹੁੰਦਾ ਸੀ ਕਿ ਜੇ ਪਿੰਡ ਵਿੱਚ ਜਾਕੇ ਪੁੱਛ ਲਈਏ ਕਿ ਭਾਨ ਸਿੰਘ ਦਾ ਘਰ ਕਿਹੜਾ ਹੈ ਅਤੇ ਬਦਕਿਸਮਤੀ ਨਾਲ ਭਾਨ ਸਿੰਘ ਜੱਟ ਹੁੰਦਾ ਤਾਂ ਕੋਈ ਪੁੱਛ ਲੈਂਦਾ ਕਿ ਸਰਦਾਰ ਭਾਨ ਸਿੰਘ ਦਾ ਘਰ ਕਿਹੜਾ ਹੈ ਤਾਂ ਜਵਾਬ ਇਹ ਮਿਲਣਾ ਸੀ ਕਿ ਇਥੇ ਕੋਈ ਸਰਦਾਰ ਭਾਨ ਸਿੰਘ ਨਹੀਂ ਰਹਿੰਦਾ। ਹਾਂ, ਫਿਰ ਬਾਅਦ ਵਿਚ ਕਹਿ ਦਿੰਦੇ ਕਿ ਜੱਟ ਜ਼ਰੂਰ ਹੈ। ਜਿਸ ਕੋਲ ਜ਼ਮੀਨ ਹੁੰਦੀ ਸੀ ਜਾਂ ਕੋਈ ਅਫਸਰ ਹੁੰਦਾ ਸੀ ਭਾਵੇਂ ਉਹ ਤਹਿਸੀਲਦਾਰ ਹੀ ਬਣ ਜਾਵੇ ਉਹ ਸਰਦਾਰ ਕਹਾਉਂਦਾ ਸੀ, ਬਾਕੀ ਸਾਰੇ ਜੱਟ ਹੁੰਦੇ ਸਨ। ਮੇਰੀ ਸਰਕਾਰ ਨੇ ਢਾਈ ਏਕੜ ਦੇ ਮਾਲਕ ਨੂੰ 33 ਫੀ ਸਦੀ ਅਤੇ ਪੰਜ ਏਕੜ ਦੇ ਮਾਲਕ ਨੂੰ 25 ਫੀਸਦੀ ਸਬਸਿਡੀ ਖਾਦ ਦੇਣ ਲਈ, ਪਸ਼ੂ ਪਾਲਣ ਲਈ, ਮਕਾਨ ਬਣਾਉਣ ਲਈ, ਮਾਰਜਿਨਲ ਫਾਰਮਿੰਗ ਅਤੇ ਸਮਾਲ ਸਕੇਲ ਤੇ ਇੰਡਸਟਰੀ ਲਾਉਣ ਲਈ, ਦੁੱਧ ਪੈਦਾ ਕਰਨ ਲਈ, ਮੱਝਾਂ ਖਰੀਦਣ ਲਈ, ਦੇਣ ਦਾ ਫੈਸਲਾ ਕੀਤਾ ਹੈ। ਅਸੀਂ ਹੁਣ ਤਕ ਕਰੋੜਾਂ ਰੁਪਏ ਲਗਾਏ। ਇਸਦਾ ਨਤੀਜਾ ਇਹ ਨਿਕਲਿਆ ਕਿ ਜਿਹੜਾ ਆਦਮੀ ਘੁੰਮਾਂ ਦਾ ਮਾਲਕ ਹੈ ਜਾਂ ਨਹੀਂ ਹੈ ਉਹ ਵੀ ਹੁਣ ਪਿੰਡ ਵਿਚ ਸਰਦਾਰ ਹੈ। (ਤਾੜੀਆਂ) ਇਸ ਕਰਕੇ ਵੱਡਿਆਂ ਸਰਦਾਰਾਂ ਨੂੰ ਮਜਬੂਰ ਹੋ ਕੇ ਕਹਿਣਾ ਪਿਆ ਕਿ ਅਸੀਂ ਜੱਟ ਹਾਂ, ਨਹੀਂ ਤਾਂ ਜੱਟ ਕਹਾਉਣ ਨੂੰ ਕੋਈ ਤਿਆਰ ਹੀ ਨਹੀਂ ਸੀ। ਇਹ ਪੰਜਾਬ ਸਰਕਾਰ ਦੀ ਪ੍ਰਗਤੀ ਹੈ ਕਿ ਗਰੀਬਾਂ ਨੂੰ ਸਰਦਾਰੀ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਅਕਾਲੀ ਦਲ ਆਰਥਿਕ ਤੌਰ ਤੇ ਵੀ ਲੜਦਾ ਹੈ ਅਤੇ ਧਾਰਮਿਕ ਤੌਰ ਤੇ ਵੀ ਧਰਮ ਦਾ ਠੇਕੇਦਾਰ ਹੈ। ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਨੂੰ ਪੂਰਾ ਕਰਦੇ। ਗੁਰੂ ਗੋਬਿੰਦ ਸਿੰਘ ਨੇ ਕਿਹਾ ਸੀ :

'ਜਿਨਕੀ ਜ਼ਾਤ ਪਾਤ ਕੁਲ ਨਾਹੀਂ
ਸਰਦਾਰੀ ਕਹਿ ਭਈ ਕਦਾਹੀਂ।
ਤਿਨਹੀ ਕੋ ਸਰਦਾਰ ਬਣਾਉ
ਤਭੀ ਗੋਬਿੰਦ ਸਿੰਘ ਨਾਮ ਕਹਾਉਂ।

[ਮੁੱਖ ਮੰਤਰੀ]

ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਆਸ਼ੇ ਨੂੰ ਪੂਰਾ ਕੀਤਾ ਹੈ । ਅੱਜ ਸਰਦਾਰ ਧੰਨਾ ਸਿੰਘ ਵੀ ਸਰਦਾਰ ਹੈ, ਬਸੰਤ ਸਿੰਘ ਵੀ ਸਰਦਾਰ ਹੈ, ਮਾਸਟਰ ਗੁਰਬੰਤਾ ਸਿੰਘ ਵੀ ਸਰਦਾਰ ਹੈ, ਪ੍ਰਕਾਸ਼ ਸਿੰਘ ਬਾਦਲ ਵੀ ਸਰਦਾਰ ਹੈ ਅਤੇ ਗੁਰਬਖਸ਼ ਸਿੰਘ ਸਿਬੀਆ ਵੀ ਸਰਦਾਰ ਹੈ। ਸਪੀਕਰ ਸਾਹਿਬ, ਮੇਰਾ ਬਾਦਲ ਸਾਹਿਬ ਨਾਲ ਗਵਾਂਢ ਹੈ । ਇਨ੍ਹਾਂ ਦਾ ਖਾਨਦਾਨ ਪੰਥ ਦੀ ਸੇਵਾ ਕਰਦਾ ਰਿਹਾ ਹੈ ਅਤੇ ਕੁਰਬਾਨੀ ਕਰਦਾ ਰਿਹਾ ਹੈ। ਆਪਣੇ ਹੱਥੋਂ ਕੁਝ ਦਿੱਤਾ ਹੀ ਹੋਣਾ ਹੈ, ਲਿਆ ਕੁਝ ਨਹੀਂ । ਲੇਕਿਨ ਇਨ੍ਹਾਂ ਦਿਨਾਂ ਤੋਂ ਪਹਿਲਾਂ ਇਨ੍ਹਾਂ ਦੇ ਘਰ ਵਾਲੇ, ਭਰਾ, ਚਾਚੇ, ਤਾਏ ਨੂੰ ਗੁੱਸਾ ਆਉਂਦਾ ਸੀ ਕਿ ਇਹ ਆਪਣੇ ਆਪ ਨੂੰ ਸਰਦਾਰ ਕਿਉਂ ਕਹਿੰਦੇ ਹਨ । ਸਪੀਕਰ ਸਾਹਿਬ, ਮੈਂ ਪਰਜਾਮੰਡਲ ਦਾ ਜਨਰਲ ਸੈਕਟਰੀ ਸੀ । ਛਾਪੇਵਾਲੇ ਨੇ ਮੇਰਾ ਨਾਂ ਸਰਦਾਰ ਜ਼ੈਲ ਸਿੰਘ ਲਿੱਖ ਦਿੱਤਾ ਅਤੇ ਮੇਰੇ ਪਿੰਡ ਦੇ ਮਾਲਕ, ਸਵਰਗਵਾਸੀ ਸਰਦਾਰ ਚੰਨਣ ਸਿੰਘ ਨੇ ਕਹਿ ਦਿੱਤਾ ਕਿਆ ਬਾਤ ਹੈ ਸਰਦਾਰ ਲਿਖਿਆ ਹੈ, ਸਰਦਾਰ ਬਣ ਗਿਆ ਹੈ ਭਾਈ, ਦੇਖੋ ਸਰਦਾਰ ਬਣ ਗਿਆ ਹੈ । ਜੇ ਵਾਹਿਗੁਰੂ ਦੀ ਕਿਰਪਾ ਨਾਲ ਜਿਉਂਦੇ ਹੁੰਦੇ ਤਾਂ ਦੇਖਦੇ ਕਿ ਹੁਣ ਇਕ ਹਰੀਜਨ ਵੀ ਸਰਦਾਰ ਬਣ ਸਕਦਾ ਹੈ । (ਤਾੜੀਆਂ) ਖਾਸ ਤੌਰ ਤੇ ਕਿਸਾਨਾਂ ਨੂੰ ਸਰਦਾਰ ਬਣਾਉਣ ਲਈ ਅਤੇ ਕਿਸਾਨਾਂ ਦੇ ਗੱਲ ਦੀ ਜ਼ੰਜੀਰ ਕੱਟਣ ਲਈ ਮੇਰੀ ਸਰਕਾਰ ਨੇ ਨਵਾਂ ਕੰਮ ਕੀਤਾ ਹੈ । ਹੁਣ ਕੁੱਤਿਆਂ, ਬਿਲਿਆਂ ਦੇ ਨਾਮ ਜ਼ਮੀਨ ਨਹੀਂ ਰਹੇਗੀ । (ਤਾੜੀਆਂ) (ਵਿਘਨ)

Mr. Speaker: Order please.

ਮੁੱਖ ਮੰਤਰੀ: ਗਵਾਂਢੀ ਦਾ ਖਾਸ ਲਿਹਾਜ਼ ਰੱਖਣਾ ਚਾਹੀਦਾ ਹੈ। ਇੰਡੀਵਿਜੂਅਲ ਨਾਂ ਨਾ ਲਉ । ਸਰਦਾਰ ਗੁਰਦਰਸ਼ਨ ਸਿੰਘ ਦੀ ਗੱਲ ਦਸਣਾ ਚਾਹੁੰਦਾ ਹਾਂ । ਇਹ ਬਹੁਤ ਵੱਡਾ ਸਰਦਾਰ ਹੈ । ਇਸ ਦੀ ਬਹੁਤ ਵੱਡੀ ਜਾਇਦਾਦ ਹੈ । ਇਨ੍ਹਾਂ ਦਾ ਚਾਚਾ ਸ਼ਿਵਦੇਵ ਸਿੰਘ ਕੈਦ ਗਿਆ ਸੀ। ਅੱਜ ਇਨਕਲਾਬੀ ਦੁਨੀਆਂ ਵਿੱਚ ਇਹ ਸੋਸ਼ਿਲਿਸਟਾਂ ਦੀ ਕਤਾਰ ਵਿੱਚ ਆ ਬੈਠੇ ਹਨ । ਇਨ੍ਹਾਂ ਨੇ ਆਪਣੀ ਜਾਇਦਾਦ ਦੀ ਪਰਵਾਹ ਨਹੀਂ ਕੀਤੀ। ਮੇਰੀ ਇੱਕ ਪ੍ਰਾਰਥਨਾ ਹੈ ਕਿ ਜਿਤਨੇ ਵਿਰੋਧੀ ਦਲ ਦੇ ਲੀਡਰ ਸ਼ਰੀਫ ਹਨ ਉਤਨੇ ਸ਼ਰੀਫ ਜੇ ਸਾਰੇ ਹੋਣ ਤਾਂ ਬੜੀ ਚੰਗੀ ਗੱਲ ਹੈ । ਇਨ੍ਹਾਂ ਨੂੰ ਹੁਣ ਸ਼ਰਾਫਤ ਦਾ ਲੜ ਫੜਨਾ ਚਾਹੀਦਾ ਹੈ। ਮੇਰੇ ਕੋਲ ਇਹ ਕਾਪੀ ਹੈ । ਸਪੀਕਰ ਸਾਹਿਬ, ਇਸ ਵਿਚ ਘੁੰਮਾ ਵਾਲੇ ਦੀ ਵੀ ਫੋਟੋ ਲਗੇਗੀ ਅਤੇ ਜਿਸਦੀ ਜ਼ਿਆਦਾ ਜ਼ਮੀਨ ਹੋਵੇਗੀ ਉਸ ਦੀ ਵੀ ਫੋਟੋ ਲਗੇਗੀ । ਇਸ ਵਿੱਚ ਹਰ ਖੇਤ ਦੇ ਨੰਬਰ ਹੋਣਗੇ। ਜਿਹੜੇ ਇਸ ਨੇ ਗਿਰਵੀ ਰੱਖੇ ਹੋਣਗੇ ਉਹ ਵੀ ਦਰਜ ਹੋਣਗੇ । ਉਸ ਨੂੰ ਪਟਵਾਰੀ ਕੋਲ ਜਾ ਕੇ ਨੰਬਰ ਲੈਣ ਲਈ 10 ਰੁਪਏ ਨਹੀਂ ਖਰਚਣੇ ਪੈਣਗੇ । ਕੁਆਪਰੇਟਿਵ ਬੈਂਕਾਂ ਤੋਂ ਕਰਜ਼ਾ ਲੈਣ ਲਈ ਉਹ ਆਪਣੀ ਕਾਪੀ ਹੀ ਦੇਵੇਗਾ ਅਤੇ ਕਹੇਗਾ ਕਿ ਮੈਂ ਇਤਨੀ ਜਾਇਦਾਦ ਦਾ ਮਾਲਕ ਹਾਂ। ਕੋਈ ਸ਼ਨਾਖਤ ਦੀ ਲੋੜ ਨਹੀਂ । ਉਹ ਕਰਜ਼ਾ ਲੈ ਸਕੇਗਾ। ਅਸੀਂ ਟੈਕਸ ਜ਼ਰੂਰ ਲਾਏ ਹਨ । ਸਾਨੂੰ ਟੈਕਸ ਲਾਉਣੇ ਪਏ ਹਨ। ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਆਪਣੇ ਜ਼ਿਲ੍ਹੇ ਦਾ ਬੜਾ ਖਿਆਲ ਰੱਖਦਾ ਹੈ । ਇਹ ਕਹਿੰਦੇ ਹਨ ਕਿ ਪਹਿਲਾਂ ਮੁਕਤਸਰ ਵਲੋਂ ਸ਼ੁਰੂ ਕਰੋ ਤਾਂਕਿ ਮੇਰੀ ਵੀ ਵਾਰੀ ਆ ਜਾਵੇ ।

ਸਰਦਾਰ ਜਸਦੇਵ ਸਿੰਘ ਸੰਧੂ : ਪਿੰਡ ਸਰਾਏਨਾਗਾ ਤੋਂ ਕਰ ਦਿਉ ।

ਸਰਦਾਰ ਗੁਰਦੇਵ ਸਿੰਘ ਸਿੱਧੂ : ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । ਤੁਹਾਨੂੰ ਤਾਂ ਸਰਦਾਰ ਬਣਾਉਂਦੇ ਸੀ ਪਰ ਤੁਸੀਂ ਭੁੰਜੇ ਬੈਠੇ ਸੀ ਪਰਸੋਂ । (ਹਾਸਾ) (This is no point of order. He was making you a 'Sardar but you squatted on the floor, the day before yesterday) (*Laughter*)

**Expunged, as ordered by the Chair.

ਮੁੱਖ ਮੰਤਰੀ : ਸਪੀਕਰ ਸਾਹਿਬ, ਇਕ ਚੰਗਾ ਵਕੀਲ ਮਾੜੇ ਮੁਕਦਮੇਂ ਵਿਚ ਜਾਨ ਪਾ ਦਿੰਦਾ ਹੈ ਪਰ ਇਕ ਮਾੜਾ ਵਕੀਲ ਚੰਗੇ ਮੁਕੱਦਮੇ ਦਾ ਬੇੜਾ ਗਰਕ ਕਰ ਦਿੰਦਾ ਹੈ । ਇਸ ਕਰਕੇ ਮੈਂ ਗੱਲਾਂ ਨਾਲ ਨਹੀਂ ਪਸੀਜਦਾ ਪਰ ਇਹ ਫੈਕਟਸ ਹਨ ਜਿਨ੍ਹਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮੇਰੀ ਸਰਕਾਰ ਨੇ ਕਿਸ ਕਿਸ ਥਾਂ ਤੇ ਕੀ ਕੀ ਉੱਦਮ ਕੀਤੇ ਹਨ । ਜਿਤਨੀਆਂ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀਆਂ ਮੀਟਿੰਗਾਂ ਹੋਈਆਂ ਹਨ, ਐਗਰੀਕਲਚਰ ਦੇ ਵਜ਼ੀਰ ਨੇ ਜਿਤਨੀਆਂ ਸੀ, ਐਮਜ਼. ਦੀਆਂ ਮੀਟਿੰਗਾਂ ਬੁਲਾਈਆਂ ਹਨ, ਉਨ੍ਹਾਂ ਦਾ ਰਿਕਾਰਡ ਵੇਖ ਲਵੋ ਜੇਕਰ ਪੰਜਾਬ ਦੇ ਸਾਰੇ ਪਿਛਲੇ ਮੁੱਖ ਮੰਤਰੀਆਂ ਨਾਲੋਂ, ਚਾਹੇ ਉਹ ਕਿਸੇ ਵੀ ਪਾਰਟੀ ਦੇ ਸਨ, ਇਸ ਮੁੱਖ ਮੰਤਰੀ ਨੇ ਕਿਸਾਨਾਂ ਲਈ ਜ਼ਿਆਦਾ ਉੱਦਮ ਨਾ ਕੀਤਾ ਹੋਵੇ ਤਾਂ ਮੈਂ ਇਕ ਦਿਨ ਵੀ ਇਸ ਬੈਂਚ ਤੇ ਬੈਠਣ, ਇਥੇ ਰਹਿਣ, ਨੂੰ ਤਿਆਰ ਨਹੀਂ ਹਾਂ।

ਸਰਦਾਰ ਰਣਧੀਰ ਸਿੰਘ ਚੀਮਾ : ਪਰ ਉਨ੍ਹਾਂ ਦਾ ਅਸਰ ਕੀ ਹੋਇਆ ਹੈ?

ਮੁੱਖ ਮੰਤਰੀ: ਇਸ ਕਰਕੇ ਹੀ ਮੈਂ ਇਹ ਕਿਹਾ ਹੈ ਕਿ ਤੁਸੀਂ ਪੁੱਛੋਗੇ ਕਿ ਕੀ ਅਸਰ ਹੋਇਆ ਹੈ । ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਦੀ ਪੈਦਾਵਾਰ ਦੇ ਨਿਰਖਾਂ ਨੂੰ ਵਧਾਉਣ ਲਈ ਇਸ ਦੇ ਚੰਗੇ ਨਤੀਜੇ ਨਿਕਲੇ ਹਨ । ਕਣਕ ਦੀ ਖਰੀਦ ਦੀ ਦਰ ਜੋ ਕਈ ਸਾਲਾਂ ਤੋਂ 76 ਰੁਪਏ, 72 ਰੁਪਏ ਤੇ ਖੜੀ ਸੀ ਔਰ ਪੰਜ ਸਾਲ ਸਾਡੀ ਸਰਕਾਰ ਨਾ ਰਹੀ, ਜਿਨ੍ਹਾਂ ਦੀ ਰਹੀ ਹੈ, ਉਨ੍ਹਾਂ ਨੂੰ ਪਤਾ ਹੈ ਕਿ ਸੰਨ 1971 ਤਕ ਉਹ ਹੀ ਦਰ ਰਹੇ ਹਨ ਔਰ ਵਧੇ ਨਹੀਂ । ਅਸੀਂ ਉਪਰਾਲੇ ਕਰਕੇ, ਪਹਿਲੀ ਵੇਰ 81 ਰੁਪਏ ਕੁਇੰਟਲ ਔਰ ਉਸ ਤੋਂ ਬਾਅਦ 105 ਰੁਪਏ ਤੇ ਉਸ ਤੋਂ ਬਾਅਦ ਨੀਤੀ ਨੂੰ ਹੋਰ ਤਰ੍ਹਾਂ ਨਾਲ ਢਾਲ ਕੇ ਲੱਗ ਭੱਗ 115 ਔਰ 120 ਦੇ ਕਰੀਬ ਕੀਮਤ ਕਿਸਾਨਾਂ ਨੂੰ ਦਲਾਈ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਜੀਰੀ ਦਾ ਵੀ ਦੱਸ ਦਿਉ ਲਗਦੇ ਹੱਥ ।

ਮੁੱਖ ਮੰਤਰੀ : ਗੁਲਸ਼ਨ ਜੀ, ਪਾਰਟੀ ਦਾ ਡਿਸਪਲਿਨ ਤਾਂ ਜ਼ਰੂਰ ਮੰਨੋ ਪਰ ਆਰਥਿਕ ਮਾਮ-ਲਿਆਂ ਤੇ ਤਾਂ ਸਾਥ ਦੇ ਦਿਆ ਕਰੋ ।

ਸ੍ਰੀ ਸਪੀਕਰ : ਗੁਲਸ਼ਨ ਜੀ ਭਾਅ ਘਟਾਉਣਾ ਚਾਹੁੰਦੇ ਹਨ । (ਹਾਸਾ) (Gulshan Ji wants to decrease the rates.) (*Laughter*)

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਉਨ੍ਹਾਂ ਵਿਚੋਂ ਨਹੀਂ ਹਾਂ ਕਿ ਸ਼ਹਿਰਾਂ ਵਿਚ ਕਹੀਏ ਕਿ ਭਾਅ ਘਟਾਉਣੇ ਹਨ ਔਰ ਜਦੋਂ ਪਿੰਡਾਂ ਵਿਚ ਜਾਈਏ ਤਾਂ ਕਹੀਏ ਕਿ ਭਾਅ ਵਧਾਉਣੇ ਹਨ । ਸਾਨੂੰ ਪਿੰਡਾਂ ਦਾ ਵੀ ਧਿਆਨ ਰੱਖਣਾ ਪਵੇਗਾ ਔਰ ਸ਼ਹਿਰਾਂ ਦਾ ਵੀ, ਖਪਤਕਾਰਾਂ ਦਾ ਵੀ ਔਰ ਕਾਸ਼ਤਕਾਰਾਂ ਦਾ ਵੀ । ਸੰਨ 1972-73 ਵਿਚ ਜੀਰੀ ਦੀ ਕੀਮਤ 58 ਰੁਪਏ ਕੁਇੰਟਲ ਸੀ । ਉਸ ਤੋਂ ਬਾਅਦ ਇਹ 70 ਰੁਪਏ ਕਰਵਾਈ ਔਰ ਹੁਣ ਦੇ ਜ਼ਮਾਨੇ ਵਿਚ, ਯਾਨੀ 1974-75 ਵਿਚ, ਇਸ ਦੀ ਕੀਮਤ 75 ਰੁਪਏ ਹੋ ਗਈ ਹੈ । ਚੀਮਾ ਸਾਹਿਬ, ਅਸੀਂ ਹਾਲੇ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਜੀਰੀ ਦੀ ਕੀਮਤ ਘੱਟ ਹੈ,ਇਸ ਕਰਕੇ ਜੀਰੀ ਦਾ ਉਤਪਾਦਨ ਕਰਨ ਵਾਲਿਆਂ ਨੂੰ ਬੋਨਸ ਦਿਲਾਉਣਾ ਚਾਹੁੰਦੇ ਹਾਂ । ਮੈਨੂੰ ਆਸ ਹੈ ਕਿ ਅਸੀਂ ਸੈਂਟਰ ਨੂੰ ਆਪਣੀ ਗੱਲ ਮਨਵਾ ਲਵਾਂਗੇ । ਸਪੀਕਰ ਸਾਹਿਬ, ਤੁਸੀਂ ਆਪ ਦੱਸੋ ਕਿ ਹਿੰਦੋਸਤਾਨ ਦੀ ਹਿਸਟਰੀ ਵਿਚ ਕਦੇ ਇਹ ਹੋਇਆ ਸੀ ਕਿ ਕਿਸਾਨ ਚੀਜ਼ ਵੇਚ ਆਇਆ ਹੋਵੇ, ਉਹ ਖਪਤ ਵੀ ਹੋ ਚੁਕੀ ਹੋਵੇ, ਸਮਾਂ ਨਿਕਲ ਗਿਆ ਹੋਵੇ ਪਰ ਫਿਰ ਵੀ ਕਿਸਾਨਾਂ ਨੂੰ ਬੋਨਸ ਦਾ ਪੈਸਾ ਦਿਵਾਇਆ ਗਿਆ ਹੋਵੇ ? ਪਰ ਇਸ ਸਰਕਾਰ ਨੇ 13 ਕਰੋੜ ਰੁਪਿਆ ਵਧੇਰੇ ਕਿਸਾਨਾਂ ਨੂੰ ਬੋਨਸ ਦਿਵਾਇਆ ਹੈ । ਇਹ ਕਾਂਗਰਸ ਪਾਰਟੀ ਦੀ ਇਸ ਸਰਕਾਰ ਨੂੰ ਕਰੈਡਿਟ ਹੈ ਕਿ ਉਸ ਨੇ ਕਿਸਾਨਾਂ ਦਾ ਖਿਆਲ ਰੱਖਿਆ ਹੈ ।

[ਮੁੱਖ ਮੰਤਰੀ]

ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਕਪਾਹ ਦੀ ਕੀਮਤ ਦਾ ਮਸਲਾ ਹੈ ਪਿਛਲੇ ਸਾਲ ਸੈਂਟਰ ਨਾਲ, ਕਾਟਨ ਕਾਰਪੋਰੇਸ਼ਨ ਵਾਲਿਆਂ ਨਾਲ ਲੜਾਈ ਕੀਤੀ, ਮੀਟਿੰਗਾਂ ਕੀਤੀਆਂ ।......

(ਇਸ ਸਮੇਂ ਸਰਦਾਰ ਰਣਧੀਰ ਸਿੰਘ ਚੀਮਾਂ ਜੀ ਪੁਆਇੰਟ ਆਫ਼ ਆਰਡਰ, ਤੇ ਖੜੇ ਹੋਏ।)

ਸ੍ਰੀ ਸਪੀਕਰ : ਚੀਮਾ ਸਾਹਿਬ, ਕੀ ਹੈ ਤੁਹਾਡਾ ਪੁਆਇੰਟ ਆਫ਼ ਆਰਡਰ ? (Cheema Sahib, what is your point of order.)

ਸਰਦਾਰ ਰਣਧੀਰ ਸਿੰਘ **ਚੀਮਾ** : ** ** ।

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no Point of order)

ਮੁੱਖ ਮੰਤਰੀ : ਸਪੀਕਰ ਸਾਹਿਬ, ਕਪਾਹ ਦੀਆਂ ਕੀਮਤਾਂ ਜਦੋਂ ਤੋਂ ਇਸ ਸਰਕਾਰ ਨੇ ਰਾਜ ਦੀ ਵਾਗ ਡੋਰ ਸੰਭਾਲੀ ਹੈ, ਵਧੀਆਂ ਹਨ । ਪਿਛਲੇ ਸਾਲ ਕੀਮਤਾਂ ਜ਼ਰੂਰ ਕੁਝ ਗਿਰ ਗਈਆਂ ਸਨ ਕਿਉਂਕਿ ਕਾਟਨ ਕਾਰਪੋਰੇਸ਼ਨ ਨੇ ਸਾਡੀ ਗੱਲ ਨਹੀਂ ਮੰਨੀ । ਬਾਦਲ ਸਾਹਿਬ ਨੇ ਠੀਕ ਕਿਹਾ ਹੈ । ਜਿਹੜੀ ਗੱਲ ਇਨ੍ਹਾਂ ਨੇ ਕਲ੍ਹ ਮੈਨੂੰ ਤਾਹਨਾ ਦੇ ਕੇ ਕਹੀ ਸੀ ਮੈਂ ਵੀ ਉਹ ਹੀ ਗੱਲ ਸੈਂਟਰ ਨੂੰ ਕਹੀ ਸੀ ਪਰ ਪਿਆਰ ਨਾਲ ਕਹੀ ਸੀ । ਪਰ ਸਾਡੀ ਗੱਲ ਨਾ ਮੰਨੀ ਗਈ । ਅਸੀਂ ਮਾਰਕਫੈਡ ਨੂੰ ਬਜ਼ਾਰ ਵਿਚ ਭੇਜ ਦਿਤਾ ਜਿਸ ਦੇ ਨਤੀਜੇ ਵਜੋਂ ਇਹ ਭਾਅ 400 ਰੁਪੈ ਕੁਇੰਟਲ ਤੋਂ ਉਪਰ ਹੋ ਗਿਆ ਹੈ । ਇਸ ਤਰ੍ਹਾਂ, ਸਪੀਕਰ ਸਾਹਿਬ, ਗੰਨੇ ਦੀ ਵੀ ਕੀਮਤ ਵਧੀ ਹੈ । ਸੋ ਜੇਕਰ ਹਿਸਾਬ ਲਗਾਈਏ ਤਾਂ ਪੰਜਾਬ ਦੇ ਕਿਸਾਨ ਨੂੰ ਇਸ ਤਰ੍ਹਾਂ ਸੰਨ 1971-72 ਵਿਚ 674 ਕਰੋੜ ਰੁਪਏ ਮਿਲੇ ਹਨ ਲੇਕਿਨ ਹੁਣ 1973-74 ਵਿਚ 992 ਕਰੋੜ ਰੁਪਏ ਮਿਲੇ ਹਨ ਔਰ ਅਗਲੇ ਦਿਨਾਂ ਵਿਚ ਆਸ ਹੈ ਕਿ 318 ਕਰੋੜ ਰੁਪਏ ਹੋਰ ਮਿਲ ਜਾਣਗੇ । ਸੋ ਚੀਮਾਂ ਸਾਹਿਬ ,ਇਹ ਨਤੀਜਾ ਨਿਕਲਿਆ ਹੈ ਸਾਡੀਆਂ ਕੋਸ਼ਿਸ਼ਾਂ ਦਾ ਕਿ ਅਸੀਂ ਇਤਨਾ ਰੁਪਿਆ ਕਿਸਾਨਾਂ ਨੂੰ ਵਧ ਦਿਵਾ ਚੁੱਕੇ ਹਾਂ ।......

EXTENSION OF TIME OF THE SITTING

ਸ੍ਰੀ ਸਪੀਕਰ : ਸੀ. ਐਮ. ਸਾਹਿਬ, ਇਕ ਮਿੰਟ ਜੀ । ਜੇਕਰ ਹਾਊਸ ਦੀ ਸਹਿਮਤੀ ਹੋਵੇ ਤਾਂ ਹਾਊਸ ਦਾ ਸਮਾਂ ਸਵਾ ਦੋ ਵਜੇ ਤਕ ਵਧਾ ਦਿਤਾ ਜਾਵੇ । (ਆਵਾਜ਼ਾਂ: ਠੀਕ ਹੈ ਜੀ, ਠੀਕ ਹੈ ਜੀ।) ਹੁਣ ਹਾਊਸ ਦਾ ਸਮਾਂ ਸਵਾ ਦੋ ਵਜੇ ਤਕ ਵਧਾ ਦਿਤਾ ਜਾਂਦਾ ਹੈ । (Chief Minister Sahib, just a minute, Please. If the House agrees, the time of the sitting may be extended upto 2.15 p.m. Is it the Pleasure of the House? (*Voices: Yes, Yes.*) Now the time of the House is extended upto 2.15 p.m.)

DISCUSSION ON GOVERNOR'S ADDRESS (*Resumption*)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਜ਼ਮੀਨ ਸੁਧਾਰ ਨੀਤੀ ਦੀ ਇਮਪਲੀਮੈਂਟੇਸ਼ਨ ਬਾਰੇ ਵੀ ਦੱਸ ਦਿਉ

**Expunged as ordered by the Chair.

ਮੁੱਖ ਮੰਤਰੀ : ਤੁਸੀਂ, ਜੋਸ਼ ਸਾਹਿਬ, ਬੋਲੇ ਹੀ ਬਾਦਲ ਸਾਹਿਬ ਤੋਂ ਮਗਰੋਂ ਹੋ । ਮੈਂ ਤੁਹਾਡੀ ਵੀ ਸੇਵਾ ਕਰਾਂਗਾ । (ਹਾਸਾ) ਇਸ ਕਰਕੇ ਮੈਂ ਤੁਹਾਡਾ ਪੁਆਇੰਟ ਵੀ ਨੋਟ ਕਰ ਰਖਿਆ ਹੈ ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ: ਸਪੀਕਰ ਸਾਹਿਬ, ਇਕ ਗੱਲ ਮੈਂ ਵੀ ਇਨ੍ਹਾਂ ਤੋਂ ਪੁੱਛਣੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਹੁਣੇ ਹੀ ਦੱਸਿਆ ਹੈ ਕਿ ਕਿਸਾਨ ਨੂੰ ਚੰਗਾ ਭਾਅ ਦਿੱਤਾ ਹੈ ਮਾਰਕਫੈਡ ਨੂੰ ਭੇਜ ਕੇ । ਪਰ ਅਸਲੀਅਤ ਇਹ ਹੈ ਕਿ ਜਿਸ ਵੇਲੇ ਮਾਰਕਫੈਡ ਗਈ ਤਾਂ ਪੰਜਾਬ ਦੇ ਕਿਸਾਨ ਨੇ ਜਿਹੜਾ ਕਿ 10/15 ਘੁਮਾਵਾਂ ਦਾ ਮਾਲਿਕ ਹੈ ਉਸ ਨੇ ਤਾਂ ਕਪਾਹ, ਖਾਦ ਵਗੈਰਾ ਖਰੀਦਣ ਵਾਸਤੇ ਮਾਰਕਿਟ ਵਿਚ ਵੇਚ ਹੀ ਛੱਡੀ ਸੀ । ਅੱਜ ਜਿਹੜਾ ਭਾਅ ਮਿਲਣਾ ਹੈ, ਉਹ ਤਾਂ ਸਿਰਫ ਲੈਂਡ ਲਾਰਡਜ਼ ਨੂੰ ਹੀ ਮਿਲਣਾ ਹੈ। ਆਇਆ ਇਹ ਸਰਕਾਰ ਇਹ ਭਾਅ ਉਨ੍ਹਾਂ ਨੂੰ ਦੇਵੇਗੀ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਰਦਾਰ ਮਹਿਤਾਬ ਸਿੰਘ ਜੀ ਦਾ ਜਿਹੜਾ ਸੁਝਾਅ ਹੈ ਇਸ ਤੇ ਤੇ ਵੀ ਗੌਰ ਕਰਾਂਗੇ । ਸਪੀਕਰ ਸਾਹਿਬ, ਮੈਂ ਇਹ ਮੰਨਦਾ ਹਾਂ ਕਿ ਖਾਦ ਦੀ ਕੀਮਤ ਔਰ ਖਾਦ ਤੋਂ ਇਲਾਵਾ ਬਾਕੀ ਜਿਹੜੀਆਂ ਕੀੜੇ ਮਾਰਨ ਵਾਲੀਆਂ ਦਵਾਈਆਂ ਹਨ, ਬੀਜ ਹੈ, ਟਰੈਕਟਰ ਹੈ, ਉਨ੍ਹਾਂ ਸਭ ਦੀਆਂ ਕੀਮਤਾਂ ਵਧੀਆਂ ਹਨ । ਮੈਂ ਉਸ ਪਾਸੇ ਵੱਲ ਆਉਂਦਾ ਹਾਂ । ਲੇਕਿਨ ਢਾਈ ਏਕੜ ਤੋਂ ਪੰਜ ਏਕੜ ਦੇ ਮਾਲਿਕ ਕਿਸਾਨ ਨੂੰ 23 ਕਰੋੜ ਰੁਪਿਆ ਜਿਹੜਾ ਕਿ 65 ਹਜ਼ਾਰ ਪਰਿਵਾਰਾਂ ਨੂੰ ਹੁਣ ਤਕ ਦਿਲਾਇਆ ਹੈ, ਉਸ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਕੀ ਇਸ ਤਰ੍ਹਾਂ ਦਾ ਕੰਮ ਪਹਿਲਾਂ ਕਦੇ ਕਿਸੇ ਸਰਕਾਰ ਨੇ ਕੀਤਾ ਸੀ? ਨਹੀਂ ਸੀ ਕੀਤਾ। ਹੁਣ ਸਵਾਲ ਇਹ ਹੈ ਕਿ ਕਿਤਨੀਆਂ ਕੀਮਤਾਂ ਵਧੀਆਂ ਹਨ । ਦਿਹਾੜੀ ਵਿਚ ਵੀ ਵਾਧਾ ਹੋਇਆ ਹੈ, ਬਿਜਲੀ ਦਾ ਟੈਰਿਫ ਵੀ ਵਧਿਆ ਹੈ, ਡੀਜ਼ਲ ਦੀ ਕੀਮਤ ਵਧੀ ਹੈ, ਟਰੈਕਟਰਾਂ ਦੀ ਕੀਮਤ ਵਧੀ ਹੈ । ਪਰ ਇਨ੍ਹਾਂ ਸਾਰੀਆਂ ਕੀਮਤਾਂ ਦੇ ਬਾਵਜੂਦ ਜੇਕਰ ਇਹ ਕੀਮਤਾਂ ਦੋ ਗੁਣਾ ਵੀ ਹੋ ਗਈਆਂ ਹੋਣ ਔਰ ਪੈਦਾਵਾਰ ਡੇਢ੍ਹ ਗੁਣਾਂ ਵੀ ਹੋ ਜਾਵੇ ਉਸ ਨੂੰ ਈਕੁਅੱਲ ਕਰ ਜਾਂਦੀ ਹੈ । ਜਿਹੜੀ ਖੇਤੀ ਬਾੜੀ ਦੀ ਕੀਮਤ ਹੈ, ਉਸ ਉਤੇ ਜੋ ਲਾਗਤ ਹੋਣੀ ਹੰਦੀ ਹੈ ਉਹ ਉਤਨੀਂ ਹੀ ਹੋ ਜਾਂਦੀ ਹੈ । ਜੇਕਰ ਇਕ ਏਕੜ ਵਿਚੋਂ 10 ਕੁਇੰਟਲ ਜ਼ੀਰੀ ਨਿਕਲੇ ਤਦ ਵੀ ਲਾਗਤ ਉਤਨੀਂ ਹੀ ਹੁੰਦੀ ਹੈ ਪਰ ਜੇਕਰ ਇਕ ਏਕੜ ਵਿਚੋਂ 5 ਕੁਇੰਟਲ ਨਿਕਲੇ ਤਦ ਵੀ ਲਾਗਤ ਉਤਨੀਂ ਹੀ ਹੰਦੀ ਹੈ । ਫਸਲ ਦੀ ਜੋ ਯੀਲਡ ਹੈ ਉਸ ਦੇ ਵਧਣ ਨਾਲ ਵੀ ਲਾਗਤ ਉਤਨੀਂ ਹੀ ਹੁੰਦੀ ਹੈ। ਸਪੀਕਰ ਸਾਹਿਬ, ਫਸਲ ਦੀ ਯੀਲਡ ਨੂੰ ਵਧਾਉਣ ਵਾਸਤੇ ਹਿੰਦੁਸਤਾਨ ਦੀ ਸਰਕਾਰ ਨੇ ਜਿੱਥੇ ਸਾਰੇ ਹਿੰਦੁਸਤਾਨ ਵਿਚ ਦਵਾਈਆਂ ਛਿੜਕਾਉਣ ਦਾ ਸਿਲਸਿਲਾ ਕੀਤਾ ਹੈ, ਉਥੇ ਪੰਜਾਬ ਦੀ ਸਰਕਾਰ ਨੇ 45 ਲੱਖ ਰੁਪਿਆ ਲੈ ਕੇ ਪੰਜਾਬ ਦੇ ਕਿਸਾਨ ਦੇ ਖੇਤਾਂ ਵਿਚ ਫਿਰ ਹਵਾਈ ਜਹਾਜ਼ ਰਾਹੀਂ ਦਵਾਈ ਛਿੜਕੀ । ਇਹ ਕੋਈ ਆਮ ਗੱਲ ਨਹੀਂ, ਕਈ ਜਾਨਾਂ ਚਲੀਆਂ ਜਾਂਦੀਆਂ ਸਨ । ਜੇ 1967 ਤੋਂ ਲੈ ਕੇ 1970 ਤਕ ਗਿਣਤੀ ਕਰੋ ਤਾਂ ਜਿਹੜੇ ਆਦਮੀ ਖੇਤਾਂ ਵਿਚ ਦਵਾਈਆਂ ਛਿੜਕਦੇ ਸਨ, ਉਹ ਕਿੰਨੇ ਹੀ ਮਰੇ ਸਨ ਅਤੇ ਜੇ ਹਿਸਾਬ ਲਗਾਇਆ ਜਾਵੇ ਤਾਂ ਇਹ ਗਿਣਤੀ ਬਹੁਤ ਬਣ ਜਾਵੇਗੀ । ਅਸੀਂ ਇਸ ਗੱਲ ਨੂੰ ਮਹਿਸੂਸ ਕੀਤਾ ਅਤੇ ਡੀਜ਼ਲ ਦੀ ਘਾਟ ਨਹੀਂ ਆਉਣ ਦਿੱਤੀ ਪੰਜਾਬ ਦੇ ਕਿਸਾਨ ਨੂੰ ਔਰ ਇਸ ਵਕਤ 4 ਲੱਖ 28 ਹਜ਼ਾਰ ਟਿਊਬਵੈਲ ਕੰਮ ਕਰਦੇ ਹਨ ਪੰਜਾਬ ਦੇ ਵਿਚ। ਪੰਜਾਬ ਦੇ ਵਿਚ ਸਾਰੇ ਹਿੰਦੁਸਤਾਨ ਨਾਲੋਂ ਟਰੈਕਟਰਾਂ ਦੀ ਗਿਣਤੀ ਜ਼ਿਆਦਾ ਹੈ, ਡੀਜ਼ਲ ਜ਼ਿਆਦਾ ਆਇਆ, ਖਾਦ ਜ਼ਿਆਦਾ ਆਈ । ਖਾਦ ਦੇ ਜੇ ਮੈਂ ਆਂਕੜੇ ਦੇਵਾਂ ਤਾਂ ਟਾਈਮ ਜ਼ਿਆਦਾ ਲਗ ਜਾਵੇਗਾ ਅਤੇ ਕਈ ਹੋਰ ਵੇਰਵੇ ਦੇਣ ਤੋਂ ਰਹਿ ਜਾਣਗੇ, ਜਿਹੜੇ ਮੈਂ ਜ਼ਰੂਰੀ ਸਮਝਦਾ ਹਾਂ ।

[ਮੁੱਖ ਮੰਤਰੀ]

ਬਾਦਲ ਸਾਹਿਬ ਨੇ ਇਸ ਗੱਲ ਦਾ ਚਰਚਾ ਕੀਤਾ ਅਤੇ ਡਾਕਟਰ ਬਲਦੇਵ ਪ੍ਰਕਾਸ਼ ਨੇ ਵੀ ਕਿਹਾ। ਸਾਡੀ ਸਰਕਾਰ ਦੇ ਮਨ ਵਿਚ ਵੀ ਹੈ ਕਿ ਫੌਜਾਂ ਵਿਚ ਗਿਣਤੀ ਮਿਣਤੀ ਨਹੀਂ ਹੋਣੀ ਚਾਹੀਦੀ ਅਤੇ ਜੋ ਪਾਰਲੀਮੈਂਟ ਵਿਚ ਇਕ ਸਵਾਲ ਦਾ ਜਵਾਬ ਦਿੱਤਾ ਗਿਆ ਇਸ ਸਬੰਧ ਵਿਚ, ਉਹ ਹੋਰ ਸਟੇਟਸ ਨੂੰ ਵੀ ਰਿਲੇਟ ਕਰਦਾ ਹੈ। ਮੁਲਕ ਦੀ ਸਿਕਿਉਰਿਟੀ ਦਾ ਸਵਾਲ ਹੈ— ਸਾਡਾ ਇਕ ਮੁਲਕ ਹੈ ਅਤੇ ਇਕ ਮੁਲਕ ਵਿਚ ਕੋਈ ਵੰਡ ਨਹੀਂ ਹੋਣੀ ਚਾਹੀਦੀ। ਲੇਕਿਨ ਇਹ ਇਤਰਾਜ਼ ਕਰਨਾ ਕਿ ਇਹ ਬੁਜ਼ਦਿਲੀ ਸੀ ਸਾਡੀ ਕਿ ਅਸੀਂ ਇਥੇ ਇਸ ਬਾਰੇ ਰੈਜ਼ੋਲਿਊਸ਼ਨ ਪਾਸ ਨਹੀਂ ਕੀਤਾ, ਇਹ ਗ਼ਲਤ ਬਾਤ ਹੈ ਅਤੇ ਠੀਕ ਨਹੀਂ। ਇਸ ਸੈਨਸਟਿਵ ਮਸਲੇ ਬਾਰੇ ਰੈਜ਼ੋਲਿਊਸ਼ਨ ਪਾਸ ਕਰਕੇ ਸਾਰੇ ਹਿੰਦੁਸਤਾਨ ਦੀਆਂ ਸਟੇਟਾਂ ਵਿਚ ਝਗੜਾ ਪੈ ਜਾਂਦਾ ਹੈ ਅਤੇ ਡਿਫੈਂਸ ਫੋਰਸਿਜ਼ ਦੀ ਗਿਣਤੀ ਸ਼ੁਰੂ ਹੋ ਜਾਂਦੀ ਜਿਹੜੀ ਲੋਕ ਹਿੱਤਾਂ ਅਤੇ ਦੇਸ਼ ਦੇ ਹਿੱਤਾਂ ਵਾਸਤੇ ਚੰਗੀ ਨਹੀਂ ਸੀ। ਇਸ ਲਈ ਮੈਂ ਜ਼ਿੰਮੇਵਾਰ ਹਾਂ ਕਿ ਮੈਂ ਕਿਹਾ ਕਿ ਕੋਈ ਰੈਜ਼ੋਲਿਊਸ਼ਨ ਪਾਸ ਨਹੀਂ ਕਰਨਾ ਚਾਹੀਦਾ। ਪਰ ਅਸੀਂ ਖਾਮੋਸ਼ੀ ਨਾਲ ਨਹੀਂ ਬੈਠੇ। ਮੈਂ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਹੱਕਾਂ ਦੀ ਅਸੀਂ ਰਾਖੀ ਕਰਾਂਗੇ। ਸਪੀਕਰ ਸਾਹਿਬ, ਆਪ ਅਤੇ ਸਾਰਾ ਹਾਊਸ ਇਸ ਗੱਲ ਨਾਲ ਸਹਿਮਤ ਹੋਵੇਗਾ ਕਿ ਜਿਸ ਚੀਜ਼ ਦੀ ਭਰਤੀ ਵਿਚ ਦੂਜੇ ਰਾਜਾਂ ਦਾ ਵੀ ਸਵਾਲ ਹੋਵੇ, ਉਸ ਬਾਰੇ ਸਾਨੂੰ ਰੈਜ਼ੋਲਿਊਸ਼ਨ ਪਾਸ ਨਹੀਂ ਕਰਨਾ ਚਾਹੀਦਾ ਸੀ। ਲੇਕਿਨ ਇਸ ਬਾਰੇ ਮੈਂ ਪ੍ਰਧਾਨ ਮੰਤਰੀ ਨੂੰ ਵੀ ਅਤੇ ਡਿਫੈਂਸ ਮਨਿਸਟਰ ਨੂੰ ਲਿਖਿਆ ਅਤੇ ਜਾਕੇ ਵੀ ਮਿਲਿਆ ਔਰ ਫਿਰ ਉਨ੍ਹਾਂ ਨੂੰ ਚਿੱਠੀਆਂ ਵੀ ਲਿਖੀਆਂ ਕਿ ਪੰਜਾਬੀਆਂ ਦੇ ਜਜ਼ਬਾਤ ਦਾ ਸਵਾਲ ਹੈ ਅਤੇ ਉਨ੍ਹਾਂ ਦਾ ਖ਼ਿਆਲ ਕੀਤਾ ਜਾਵੇ। ਸਾਡੇ ਬਹਾਦੁਰ ਪੰਜਾਬੀ ਬੜੀ ਐਫੀਸ਼ੈਂਟਲੀ ਕੰਮ ਕਰਦੇ ਹਨ ਅਤੇ ਲੜਾਈ ਵਿਚ ਬੜੀ ਸੂਰਬੀਰਤਾ ਵਿਖਾਉਂਦੇ ਹਨ ਲੇਕਿਨ ਇਸ ਮਾਮਲੇ ਵਿਚ ਰੱਖਿਆ ਮੰਤਰੀ ਨੇ ਮੈਨੂੰ ਇਕ ਚਿੱਠੀ ਲਿਖੀ ਹੈ। ਇਹ ਚਿੱਠੀ ਸਾਰੀ ਇਥੇ ਪੜ੍ਹ ਕੇ ਸੁਣਾਉਣਾ ਤਾਂ ਮੁਨਾਸਿਬ ਨਹੀਂ ਪਰ ਮੈਂ ਦਸਦਾ ਹਾਂ ਕਿ ਇਸ ਵਿਚ ਪਹਿਲੇ ਹਿਸਾਬ ਨਾਲੋਂ ਕੋਈ ਤਬਦੀਲੀ ਨਹੀਂ ਲਿਆਂਦੀ ਗਈ। ਇਸ ਬਾਰੇ ਮੈਂ ਆਨਰੇਬਲ ਮੈਂਬਰਜ਼ ਨੂੰ ਇਹ ਅਰਜ਼ ਕਰਾਂਗਾ ਕਿ ਜਿਸ ਦੋਸਤ ਦਾ ਇਰਾਦਾ ਹੋਵੇ, ਉਹ ਮੇਰੇ ਕੋਲ ਆ ਜਾਵੇ ਅਤੇ ਉਸ ਚਿੱਠੀ ਨੂੰ ਪੜ੍ਹ ਲਵੇ। ਲੇਕਿਨ ਇਸ ਚਿੱਠੀ ਦਾ ਮੈਂ ਇਕ ਪੈਰਾ ਇਥੇ ਜ਼ਰੂਰ ਪੜ੍ਹ ਕੇ ਸੁਣਾਉਂਣਾ ਚਾਹੁੰਦਾ ਹਾਂ ਜੋਕਿ ਇਸ ਪ੍ਰਕਾਰ ਹੈ:—

In the Indian Army, there are three classes of Regiments. In "one class" regiments like, the Sikh Regiment or Gorkha Regiment, only Sikhs and Gorkhas respectively can be recruited. In the "fixed class" or "mixed class" regiments also, the recruitment is confined to certain specified classes. For example, in the Punjab regiment, which is a "fixed class" 50 percent of vacancies are reserved for Sikhs and the balance 50% for Dogras. The third category of regiments is called, the "all classes" regiments wherein recruitment is open to all sections of the Indian population. The decision to relate recruitment from the various zones in India according to the recruitable male population of those zones applies only to all classes regiments which constituted only about 50% of the strength of the Indian Army. As far as "one class" "fixed class" or "mixed class" regiments are concerned, the pattern of recruitment has undergone no change and vacancies in these Regiments continue to be reserved for specified classes and communities. These regiments represent 40% of the strength of the Indian Army.

ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੂੰ ਮੇਰੇ ਨਾਲ ਬੇਇਨਸਾਫੀ ਨਹੀਂ ਸੀ ਕਰਨੀ ਚਾਹੀਦੀ। ਉਨ੍ਹਾਂ ਨੇ ਇਹ ਕਿਹਾ ਕਿ ਸਰਕਾਰ ਜਿਹੜੀ ਹੈ, ਉਹ ਬੁਜ਼ਦਿਲ ਹੈ, ਕਮਜ਼ੋਰ ਹੈ, ਡਰਦੀ ਹੈ, ਸੈਂਟਰ ਨਾਲ ਲੜਦੀ ਨਹੀਂ। ਸਪੀਕਰ ਸਾਹਿਬ, ਤਲਵਾਰਾਂ ਦੀ ਲੜਾਈ ਜੇ ਹੋਵੇ ਤਾਂ ਉਦੋਂ ਗਰਮੀ ਪੈਦਾ ਹੁੰਦੀ ਹੈ ਲੇਕਿਨ ਵਿਚਾਰਾਂ ਦੀ ਲੜਾਈ ਹੋਵੇ ਤਾਂ ਠੰਡੇ ਦਿਲ ਨਾਲ ਹੋਣੀ ਚਾਹੀਦੀ ਹੈ। ਅਸੀਂ ਤਾਂ ਸੈਂਟਰ ਤੋਂ ਆਪਣਾ ਪੁਆਇੰਟ ਮੰਨਵਾਉਣਾ ਹੈ। ਇਸ ਕਰਕੇ ਜੇ ਅਸੀਂ ਉਨ੍ਹਾਂ ਨਾਲ

ਲੜਾਈ ਵਿਚ ਪੈ ਗਏ ਤਾਂ ਸਾਡਾ ਪੁਆਇੰਟ ਵਿਚ ਹੀ ਰਹਿ ਜਾਵੇਗਾ । ਫਿਰ ਤਾਂ ਇਹ ਗੱਲ ਹੋਵੇਗੀ ਕਿ ਇਨ੍ਹਾਂ ਦੇ ਵੇਲੇ ਜਿਸ ਤਰ੍ਹਾਂ 9 ਮਹੀਨੇ ਬਾਅਦ ਸਰਕਾਰ ਬਦਲ ਜਾਂਦੀ ਸੀ, ਉਸ ਤਰ੍ਹਾਂ ਤਾਂ ਅਸਲ ਮਾਮਲੇ ਵਿਚ ਹੀ ਲਟਕਦੇ ਰਹਿ ਜਾਂਦੇ ਸਨ ਅਤੇ ਇਹ ਲੜਾਈਆਂ ਹੀ ਕਰਦੇ ਰਹਿੰਦੇ ਸਨ ।

ਸ੍ਰੀ ਸਪੀਕਰ : ਕੋਲੀਸ਼ਨ ਤਾਂ ਇਕੋ ਵਾਰੀ ਜਨ ਸੰਘ ਨਾਲ ਬਣੀ ਸੀ । (Coalition Government with Jana Sangh was formed only once.)

ਮੁੱਖ ਮੰਤਰੀ : ਜਨ ਸੰਘ ਤਾਂ ਪੰਜਾਬ ਵਿਚ ਨਾ ਹੋਣ ਦੇ ਬਰਾਬਰ ਹੈ । (ਹਾਸਾ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀ ਵੀ ਜਨ ਸੰਘ ਦੇ ਲੀਡਰ ਰਹੇ ਹੋ, ਤੁਸੀਂ ਕਿਉਂ ਭੁੱਲ ਗਏ ਅਤੇ ਸਾਨੂੰ ਕਿਉਂ ਮਖੌਲ ਕਰਦੇ ਹੋ । (ਹਾਸਾ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਇਸ ਤਰ੍ਹਾਂ ਕਰਨ ਵਾਸਤੇ ਅਲਾਓ ਨਾ ਕਰੋ ਕਿ ਕੌਣ ਕਿਥੇ ਰਿਹਾ ਹੈ। ਜੇ ਇਹ ਦਸਣ ਲੱਗ ਪਏ ਤਾਂ ਫਿਰ ਪਤਾ ਲੱਗ ਜਾਵੇਗਾ ਕਿ ਕੌਣ ਕਿਥੇ ਸੀ । (ਹਾਸਾ)

ਸਪੀਕਰ ਸਾਹਿਬ, ਇਕ ਗੱਲ ਬਾਦਲ ਸਾਹਿਬ ਨੇ ਕਹੀ ਕਿ ਪੰਜਾਬ ਦੇ ਵਿਚ ਲਾਅ ਐਂਡ ਆਰਡਰ ਦੀ ਹਾਲਤ ਇਹ ਹੈ ਕਿ ਇਥੇ ਕੋਈ ਵੀ ਆਦਮੀ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦਾ। ਨਾਲ ਹੀ ਇਹ ਕਿਹਾ ਗਿਆ ਕਿ ਅਸੀਂ 10 ਲੱਖ ਦੀ ਰੈਲੀ ਕੀਤੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਲਾਅ ਐਂਡ ਆਰਡਰ ਦੀ ਹਾਲਤ ਮਾੜੀ ਸੀ ਤਾਂ ਇਨ੍ਹਾਂ ਦੀ 10 ਲੱਖ ਦੀ ਰੈਲੀ ਨੂੰ ਕਿਵੇਂ ਕੰਟਰੋਲ ਕੀਤਾ ਗਿਆ । ਵਿਰੋਧੀ ਦੱਲ ਦੇ ਨੇਤਾ ਨੇ ਆਪਣੀ ਸਪੀਚ ਵਿਚ ਇਹ ਵੀ ਕਿਹਾ ਕਿ ਕਤਲ ਜ਼ਿਆਦਾ ਹੋਏ ਪਰ ਉਹ ਪੂਰੀ ਗਿਣਤੀ ਵਿਚ ਨਹੀਂ ਜਾਂਦੇ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਉਨ੍ਹਾਂ ਨੇ ਪੂਰੀ ਗਿਣਤੀ ਵਿਚ ਨਹੀਂ ਜਾਣਾ ਤਾਂ ਉਨ੍ਹਾਂ ਕੋਲ ਬੈਰੋਮੀਟਰ ਕੀ ਹੈ ਗਿਣਤੀ ਕਰਨ ਦਾ ਅਤੇ ਦਸਣ ਦਾ ਕਿ ਕਿੰਨੇ ਕਤਲ ਵਧ ਹੋਏ ਪਹਿਲਾਂ ਨਾਲੋਂ, ਕਿੰਨੀਆਂ ਲੁੱਟਾਂ ਵਗੈਰ ਅਗੇ ਨਾਲੋਂ ਵਧੀਆਂ ਜਾਂ ਘਟੀਆਂ । ਇਸ ਬਾਰੇ ਉਨ੍ਹਾਂ ਨੇ ਕੋਈ ਆਂਕੜੇ ਨਹੀਂ ਦਿੱਤੇ ਅਤੇ ਇਸ ਤਰ੍ਹਾਂ ਦੇ ਸੁਤੇ ਤੇ ਬੇਬੁਨਿਆਦ ਰਿਮਾਰਕਸ ਦੇ ਦਿੱਤੇ ਕਿ ਲਾਅ ਐਂਡ ਆਰਡਰ ਦੀ ਹਾਲਤ ਖਰਾਬ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲਾਅ ਐਂਡ ਆਰਡਰ ਦੀ ਹਾਲਤ ਇਥੇ ਬਹੁਤ ਚੰਗੀ ਹੈ । ਮੇਰੀ ਪੁਲਿਸ ਲੋਕਾਂ ਨਾਲ ਪਿਆਰ ਕਰਦੀ ਹੈ, ਨਫਰਤ ਨਹੀਂ ਕਰਦੀ, ਕੁਟਦੀ ਨਹੀਂ, ਨਜਾਇਜ਼ ਤਰੀਕੇ ਨਾਲ ਕਿਸੇ ਨੂੰ ਮਾਰਦੀ ਨਹੀਂ । ਲੇਕਿਨ ਜਿਥੇ ਕਿਤੇ ਮਜਬੂਰ ਹੋਕੇ ਕਿਸੇ ਜੁਰਮ ਦਾ ਪਤਾ ਲਗਾਉਣਾ ਹੋਵੇ ਤਾਂ ਪੁਲਿਸ ਨੂੰ ਕੋਈ ਇੰਤਜ਼ਾਮ ਕਰਨਾ ਹੀ ਪੈਂਦਾ ਹੈ । ਇਸ ਬਾਰੇ ਮੈਂ ਇਥੇ ਆਂਕੜੇ ਪੇਸ਼ ਕਰਦਾ ਹਾਂ । ਕਤਲ, ਚੋਰੀ, ਅਗਵਾ ਅਤੇ ਜਬਰ ਜਨਾਹ ਵਰਗੇ ਸੰਗੀਨ ਜੁਰਮ ਘੱਟ ਹੋਏ । 1973 ਦੇ ਮੁਕਾਬਲੇ 1974 ਵਿਚ 44 ਕਤਲ ਘੱਟ ਹੋਏ, 3 ਖੋਹ ਦੇ ਵਾਕੇ ਘੱਟ ਹੋਏ, 44 ਅਗਵਾ ਦੇ ਕੇਸ ਘੱਟ ਹੋਏ ਹਨ ਅਤੇ 17 ਜਬਰ ਜਨਾਹ ਦੇ ਕੇਸ ਘੱਟ ਹੋਏ। 1974 ਵਿਚ ਹੋਏ 9 ਡਾਕੇ ਦੇ ਕੇਸਾਂ ਵਿਚੋਂ 6 ਕੇਸਾਂ ਦਾ ਪਤਾ ਲਗ ਚੁੱਕਾ ਹੈ ਅਤੇ ਮੁਲਜ਼ਮ ਗ੍ਰਿਫਤਾਰ ਹੋ ਚੁਕੇ ਹਨ । 47 ਚੋਰੀ ਦੇ ਕੇਸਾਂ ਵਿਚੋਂ 33 ਕੇਸਾਂ ਦਾ ਪਤਾ ਲੱਗ ਚੁੱਕਾ ਹੈ ਅਤੇ ਮੁਲਜ਼ਮ ਗ੍ਰਿਫਤਾਰ ਹੋ ਚੁਕੇ ਹਨ । 80 ਫੀ ਸਦੀ ਹੋਏ ਕਤਲਾਂ ਦੇ ਮੁਲਜ਼ਮ ਵੀ ਪਕੜੇ ਜਾ ਚੁੱਕੇ ਹਨ। ਕੋਈ ਦੁਨੀਆਂ ਦਾ ਮੁਹਜ਼ਬ ਤੋਂ ਮੁਹਜ਼ਬ ਮੁਲਕ ਲੈ ਲਵੋ ਅਤੇ ਮੁਕਾਬਲਾ ਕਰ ਲਵੋ, ਉਥੇ ਵੀ ਇੰਨੇ ਕੇਸ ਹੁੰਦੇ ਰਹਿੰਦੇ ਹਨ ਅਤੇ ਮੁਲਜ਼ਮ ਪਕੜੇ ਜਾਂਦੇ ਹਨ ।

[ਮੁੱਖ ਮੰਤਰੀ]

ਸਪੀਕਰ ਸਾਹਿਬ, ਸੰਨ 1974 ਦੇ ਦੌਰਾਨ ਜੋ ਪੁਲਿਸ ਨੇ ਨਜਾਇਜ਼ ਅਸਲਾ ਬਰਾਮਦ ਕਰਨ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਜਿਸ ਦੇ ਫਲਸਰੂਪ 995 ਪਿਸਤੌਲ, 319 ਬੰਦੂਕਾਂ, 70 ਰਾਈਫਲਾਂ ਅਤੇ 121 ਰਿਵਾਲਵਰ, 55 ਹੈਂਡ ਗਰਨੇਡ ਅਤੇ 6 ਸਟੇਨਗਨਾਂ ਬਰਾਮਦ ਕੀਤੀਆਂ । ਸਰਦਾਰ ਪ੍ਰਹਿਲਾਦ ਸਿੰਘ ਜੀ ਨੇ ਜੋ ਕਿਹਾ ਹੈ ਉਸ ਦੀ ਵੀ ਇਨਕੁਆਰੀ ਕਰਵਾ ਲਵਾਂਗੇ ।

1974 ਵਿਚ ਪੁਲਿਸ ਨੇ 28 ਕੁਇੰਟਲ ਨਜਾਇਜ਼ ਅਫ਼ੀਮ ਸਮੱਗਲਰਾਂ ਕੋਲੋਂ ਬਰਾਮਦ ਕੀਤੀ ਅਤੇ ਇਹ ਪੰਜਾਬ ਪੁਲਿਸ ਦੇ ਇਤਿਹਾਸ ਵਿਚ ਇਕ ਰਿਕਾਰਡ ਬਰਾਮਦਗੀ ਹੈ । (ਸ਼ੋਰ) ਲਾਲ ਕੁਰਤੀ ਵਾਲਿਆਂ ਦਾ ਵੀ ਅਸੀਂ ਸਫ਼ਾਇਆ ਕੀਤਾ ਹੈ । ਪੁਲਿਸ ਨੇ ਨਜਾਇਜ਼ ਸ਼ਰਾਬ ਕੱਢਣ ਵਾਲਿਆਂ ਅਤੇ ਵੇਚਣ ਵਾਲਿਆਂ ਦੇ ਖਿਲਾਫ਼ ਆਪਣੀ ਕਾਰਵਾਈ ਕੀਤੀ ਜਿਸ ਦੇ ਫਲਸਰੂਪ 1,043 ਚਾਲੂ ਭੱਠੀਆਂ ਅਤੇ 75,126 ਲੀਟਰ ਨਜਾਇਜ਼ ਸ਼ਰਾਬ ਪਕੜੀ ।

ਸਾਲ 1974 ਦੇ ਮਹਿੰਗਾਈ ਦੇ ਸਮੇਂ ਵਿਚ ਦੇਸ਼ ਅਤੇ ਸਮਾਜ ਦੇ ਦੁਸ਼ਮਨਾਂ ਨੇ ਪੂਰਾ ਫਾਇਦਾ ਉਠਾਉਣ ਦਾ ਯਤਨ ਕੀਤਾ, ਪਰ ਮੇਰੀ ਸਰਕਾਰ ਨੇ ਵਕਤ ਸਿਰ ਇਹੋ ਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਦਬਾਇਆ ਅਤੇ ਉਨ੍ਹਾਂ ਨੂੰ ਉਠਣ ਨਾ ਦਿੱਤਾ । ਇਸ ਦੌਰਾਨ ਪੁਲਿਸ ਨੇ 638 ਆਦਮੀ ਬਲੈਕ ਕਰਨ ਦੇ, ਜ਼ਖੀਰੇ ਅੰਦੋਜ਼ੀ ਕਰਨ ਦੇ, ਮਿਲਾਵਟ ਕਰਨ ਅਤੇ ਹੋਰ ਸਮਾਜ ਵਿਰੋਧੀ ਜੁਰਮਾਂ ਵਿਚ ਗ੍ਰਿਫ਼ਤਾਰ ਕੀਤੇ । ਸਪੀਕਰ ਸਾਹਿਬ, ਮੇਰੀ ਸਰਕਾਰ ਸਮੱਗਲਰਾਂ ਨੂੰ ਪਕੜਨ ਵਿਚ ਪਿਛੇ ਨਹੀਂ ਰਹੀ । ਇਸ ਨੇ ਪੂਰੇ ਜ਼ੋਰ ਨਾਲ ਸਮੱਗਲਰਾਂ ਨੂੰ ਪਕੜਿਆ ।

ਸਪੀਕਰ ਸਾਹਿਬ, ਕਲ੍ਹ ਮੈਨੂੰ ਡਾਕਟਰ ਬਲਦੇਵ ਪ੍ਰਕਾਸ਼ ਜੀ ਮਿਲੇ ਉਨ੍ਹਾਂ ਨੇ ਬੜੀ ਸ਼ਰਾਫਤ ਨਾਲ ਮੇਰੇ ਨਾਲ ਗੱਲ ਕੀਤੀ । ਮੈਂ ਵੀ ਉਨ੍ਹਾਂ ਨਾਲ ਬੜੀ ਸ਼ਰਾਫਤ ਨਾਲ ਗੱਲ ਕੀਤੀ । ਉਨ੍ਹਾਂ ਨੇ ਦਸਿਆ ਕਿ ਉਨ੍ਹਾਂ ਦਾ ਇਕ ਜਨਸੰਘ ਦਾ ਨੇਤਾ, ਸਾਧੂ ਰਾਮ ਗ੍ਰਿਫ਼ਤਾਰ ਹੋਇਆ ਹੈ, ਉਸ ਦਾ ਦੋਸ਼ ਨਹੀਂ ਉਸ ਨੂੰ ਰਿਹਾਅ ਕੀਤਾ ਜਾਵੇ । ਮੈਂ ਉਨ੍ਹਾਂ ਦੀ ਗੱਲ ਬੜੇ ਅਰਾਮ ਨਾਲ ਸੁਣੀ । ਸਪੀਕਰ ਸਾਹਿਬ, ਹੁਣ ਤਕ 24 ਦੇ ਕਰੀਬ ਆਦਮੀ ਰਿਹਾਅ ਹੋ ਚੁੱਕੇ ਹਨ ਜਿਨ੍ਹਾਂ ਵਿਚੋਂ ਕੁਝ ਤਾਂ ਹਾਈਕੋਰਟ ਵਿਚੋਂ ਛੁੱਟ ਕੇ ਆ ਗਏ ਹਨ ਅਤੇ ਕੁਝ ਐਡਵਾਈਜ਼ਰੀ ਕਮੇਟੀ ਨੇ ਛੱਡੇ ਹਨ । ਮੈਨੂੰ ਹੁਣ ਵੀ ਦੁੱਖ ਹੁੰਦਾ ਹੈ ਕਿ ਜੇ ਕਿਸੇ ਤੇ ਨਜਾਇਜ਼ ਮੁਕੱਦਮਾਂ ਚਲ ਰਿਹਾ ਹੋਵੇ ਜਾਂ ਬਣਾਇਆ ਗਿਆ ਹੋਵੇ ਅਤੇ ਮੈਂ ਉਸ ਕੇਸ ਦੀ ਹਰ ਸਮੇਂ ਜਾਣਕਾਰੀ ਕਰਨ ਨੂੰ ਤਿਆਰ ਹਾਂ ਪਰ ਕਲ੍ਹ ਦੀ ਤਰ੍ਹਾਂ ਨਹੀਂ ਜਿਸ ਤਰ੍ਹਾਂ ਕਿ ਬਾਦਲ ਸਾਹਿਬ ਨੇ ਕਿਹਾ ਕਿ ਜਾਂ ਤਾਂ ਅਸਤੀਫ਼ਾ ਦੇ ਦਿਉ ਜਾਂ ਇਸ ਦੇ ਲਈ ਕੋਈ ਕਮੇਟੀ ਬਣਾ ਦਿਉ । ਬਾਦਲ ਸਾਹਿਬ, ਇਸ ਤਰ੍ਹਾਂ ਨਾਲ ਮਸਲੇ ਹੱਲ ਨਹੀਂ ਹੋ ਸਕਦੇ । ਬਾਅਦ ਵਿਚ ਇਨ੍ਹਾਂ ਨੇ ਇਹ ਵੀ ਕਹਿ ਦਿੱਤਾ ਕਿ ਚਲੋ ਕਮੇਟੀ ਨਾ ਬਣਾਵੋ । ਕੋਈ ਜੱਜ ਹੀ ਫੈਸਲਾ ਕਰਨ ਲਈ ਲਗਾ ਦਿਉ । ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਜਿਹੜਾ ਬੋਰਡ ਹੈ ਮੀਸਾ ਵਾਸਤੇ ਅਤੇ ਨਵੇਂ ਐਕਟ ਵਾਸਤੇ, ਇਸ ਵਿਚ ਰਿਟਾਇਰਡ ਜੱਜ ਤੋਂ ਘੱਟ ਪੁਜੀਸ਼ਨ ਦਾ ਆਦਮੀ ਚੇਅਰਮੈਨ ਨਹੀਂ ਬਣਾਇਆ ਜਾ ਸਕਦਾ । ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਵੀ ਗੱਲ ਕੀਤੀ ਕਿ ਅਸੀਂ ਹਾਊਸ ਨਹੀਂ ਚਲਣ ਦੇਣਾ । ਸਾਡਾ ਬੰਦਾ ਗ੍ਰਿਫ਼ਤਾਰ ਕੀਤਾ ਗਿਆ ਹੈ, ਬਾਜਵਾ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਹੈ । ਇਸ ਦੇ ਲਈ ਇਹ ਕਹਿਣਾ ਕਿ ਅਸੀਂ ਹਾਊਸ ਨਹੀਂ ਚਲਣ ਦੇਣਾ, ਇਹ ਦੇਸ਼ ਦੀ ਜਮਹੂਰੀਅਤ ਨੂੰ ਖ਼ਤਮ ਕਰਨਾ ਹੈ। ਸਾਡਾ ਵੀ ਇਕ ਐਕਸ ਐਮ. ਐਲ. ਏ. ਗ੍ਰਿਫ਼ਤਾਰ ਹੋਇਆ ਹੈ ਸਾਡੀ ਸਾਰੀ ਪਾਰਟੀ ਨੂੰ ਉਸ ਨਾਲ ਹਮਦਰਦੀ ਹੈ, ਮੈਨੂੰ ਜ਼ਾਤੀ ਤੌਰ ਤੇ ਵੀ ਉਸ ਨਾਲ ਹਮਦਰਦੀ ਹੈ । ਸਿਆਸਤ ਦੇ ਵਿਚ ਵੀ ਉਸ ਨੇ ਮੇਰੇ ਖਿਲਾਫ਼ ਕਦੇ ਵੋਟ ਨਹੀਂ ਪਾਈ ਅਤੇ ਉਸ ਨੇ ਹਮੇਸ਼ਾ ਮੇਰਾ ਪੂਰਾ ਸਾਥ ਦਿੱਤਾ ਹੈ । ਮੈਨੂੰ ਇਥੇ

ਇਹ ਗੱਲ ਕਹਿਣੀ ਤਾਂ ਨਹੀਂ ਚਾਹੀਦੀ ਪਰ ਮੇਰੀ ਇਹ ਡਿਊਟੀ ਸੀ । ਜੇ ਮੈਂ ਚੀਫ ਮਨਿਸਟਰ ਨਾ ਹੁੰਦਾ ਤਾਂ ਵੀ ਮੈਂ ਉਸ ਨੂੰ ਬਚਾਉਣ ਵਾਸਤੇ ਨਾ ਜਾਂਦਾ । ਮੈਨੂੰ ਇਹ ਕਹਿਣਾ ਤਾਂ ਨਹੀਂ ਸੀ ਚਾਹੀਦਾ ਪਰ ਕਿਉਂਕਿ ਕਿਸੇ ਵੀ ਅਜਿਹੇ ਸਿਟੀਜ਼ਨ ਦੀ ਇਮਦਾਦ ਨਹੀਂ ਕਰਨੀਂ ਚਾਹੀਦੀ । ਪਰ ਮੈਂ ਇਹ ਜ਼ੋਰ ਨਾਲ ਕਹਿੰਦਾਂ ਹਾਂ ਕਿ ਜਿਹੜਾ ਵੀ ਆਦਮੀ ਸਮਗਲਰਾਂ ਨੂੰ ਛਡਾਉਣ ਵਿਚ ਮਦਦ ਕਰਦਾ ਹੈ, ਉਹ ਜ਼ਰੂਰ ਅਜਿਹੇ ਆਦਮੀਆਂ ਨੂੰ ਸ਼ਹਿ ਦਿੰਦਾ ਹੈ ਜਿਸਨਾਲ ਕਿ ਸਾਡੇ ਦੇਸ਼ ਵਿਚ ਸਮਗਲਿੰਗ ਦਾ ਜ਼ੋਰ ਵਧੇ । ਇਸ ਲਈ ਮੇਰੀ ਸਰਕਾਰ ਪੂਰੀ ਤਰ੍ਹਾਂ ਝਗੜੇਗੀ ਅਤੇ ਕਦੇ ਵੀ ਅਜਿਹੇ ਸਮਗਲਰਾਂ ਨੂੰ ਛੋੜਨ ਲਈ ਤਿਆਰ ਨਹੀਂ ਹੋਵੇਗੀ । (ਤਾੜੀਆਂ)

ਸਪੀਕਰ ਸਾਹਿਬ, ਹੁਣ ਮੈਂ ਜੋਸ਼ ਸਾਹਿਬ ਦੀ ਗੱਲ ਕਰਦਾ ਹਾਂ । ਉਹ ਸਾਡੇ ਦੇਸ਼ ਦੇ ਆਲ ਇੰਡੀਆ ਦੇ ਲੈਵਲ ਤੇ ਵੀ ਇਕ ਕਮੇਟੀ ਦੇ ਮੈਂਬਰ ਹਨ । ਮੈਂ ਉਨ੍ਹਾਂ ਦਾ ਅਤੇ ਉਨ੍ਹਾਂ ਦੀ ਪਾਰਟੀ ਦਾ ਬੜਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਬਲੈਕ ਮਾਰਕੀਟੀਆਂ ਨੂੰ ਫੜਨ ਵਿਚ ਸਾਡੀ ਬਹੁਤ ਸਹਾਇਤਾ ਕੀਤੀ ਹੈ । ਮੈਂ ਉਨ੍ਹਾਂ ਦਾ...

EXTENSION OF TIME OF THE SITTING

ਸ੍ਰੀ ਸਪੀਕਰ: ਕੁਝ ਅਮੈਂਡਮੈਂਟਸ ਆਈਆਂ ਨੇ, ਜਿਨ੍ਹਾਂ ਨੂੰ ਮੂਵ ਕਰਨ ਵਾਸਤੇ ਟਾਈਮ ਚਾਹੀਦਾ ਹੈ, ਇਸ ਲਈ ਹਾਊਸ ਦਾ ਵਕਤ ਢਾਈ ਵਜੇ ਤਕ ਕਰ ਦਿੱਤਾ ਜਾਂਦਾ ਹੈ । (There are some notices of amendments and time is required for moving the same. So the time of the House is extended upto 2-30 P.M.)

DISCUSSION ON GOVERNOR'S ADDRESS (*Resumption*)

ਮੁੱਖ ਮੰਤਰੀ: ਜੋਸ਼ ਸਾਹਿਬ ਨੇ ਜੋ ਸੁਝਾਵ ਦਿੱਤੇ ਹਨ ਉਨ੍ਹਾਂ ਤੇ ਪੂਰੇ ਧਿਆਨ ਨਾਲ ਗੌਰ ਕੀਤਾ ਜਾਵੇਗਾ ਅਤੇ ਜਿਥੇ ਸੰਭਵ ਹੋਇਆ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇਗੀ । ਲੇਕਿਨ ਮੈਂ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ, ਖਾਸ ਕਰਕੇ ਵਿਰੋਧੀ ਦੱਲ ਦੇ ਮੈਂਬਰਾਂ ਨੂੰ, ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਹਾਊਸ ਸਾਰੇ ਪੰਜਾਬ ਦੀ ਇੱਜ਼ਤ ਹੈ । ਸਾਨੂੰ ਇਸ ਦਾ ਸਨਮਾਨ ਕਰਨਾ ਚਾਹੀਦਾ ਹੈ, ਇਕ ਦੂਜੇ ਦਾ ਸਨਮਾਨ ਕਰਨਾ ਚਾਹੀਦਾ ਹੈ ਸਨਮਾਨ ਘਟਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ । ਇਸ ਵਿਚ ਨੰਬਰ ਇਕ ਤੇ ਮੈਂ ਨੰਬਰ 2 ਤੇ ਬਾਦਲ ਸਾਹਿਬ, ਅਤੇ ਨੰਬਰ 3 ਤੇ ਸੀ. ਪੀ. ਆਈ. ਅਤੇ ਫਿਰ ਸੀ. ਪੀ. ਐਮ. ਅਤੇ ਜਨਸੰਘ ਵਾਲੇ ਵੀ ਹਨ, ਸਭ ਨੂੰ ਮਿਲ ਕੇ ਇਕ ਦੂਜੇ ਦਾ ਸਨਮਾਨ ਕਰਨਾ ਚਾਹੀਦਾ ਹੈ । ਆਖਿਰ ਵਿਚ ਮੈਂ ਆਪਣੀ ਤਕਰੀਰ ਨੂੰ ਸਮਾਪਤ ਕਰਦਾ ਹੋਇਆ ਸਿਰਫ ਇਤਨਾ ਹੀ ਕਹਾਂਗਾ ਕਿ ਸਾਨੂੰ ਆਪਸ ਵਿਚ ਗ਼ਲਤ ਝਗੜਾ ਨਹੀਂ ਕਰਨਾ ਚਾਹੀਦਾ । ਜੇ ਆਪਸ ਵਿਚ ਕਿਸੇ ਅਸਲ ਗੱਲ ਤੇ ਝਗੜਾ ਵੀ ਕਰੀਏ ਤਾਂ ਇਸਤਰ੍ਹਾਂ ਕਿ ਫਿਰ ਕਦੇ ਆਪਸ ਵਿਚ ਮਿਲੀਏ ਤਾਂ ਸ਼ਰਮਿੰਦਾ ਨਾ ਹੋਣਾ ਪਵੇ । ਅਜਿਹੇ ਕੰਮ ਕਰਨੇ ਚਾਹੀਦੇ ਹਨ ਜਿਸ ਨਾਲ ਸਾਡਾ ਪਿਆਰ ਵੱਧ ਸਕੇ । ਸਪੀਕਰ ਸਾਹਿਬ, ਇਕ ਸ਼ਾਇਰ ਨੇ ਇਹ ਕਿਹਾ ਹੈ ਕਿ:—

ਤੁਮ ਤੀਰ ਮਾਰੋ ਸੀਨੇ ਮੇ ਬੇਸ਼ਕ, ਮਗਰ ਇਤਨਾ ਖਿਆਲ ਰਖਨਾ,
ਕਿ ਸੀਨੇ ਮੇਂ ਦਿਲ ਹੈ ਔਰ ਦਿਲ ਮੇਂ ਤੁਮ੍ਹਾਰਾ ਖਿਆਲ ਹੈ । (ਹਾਸਾ)

Mr. Speaker: There are three notices of amendments to the Motion of Thanks. First I will put these amendments one by one to the vote of the House.

Mr. Speaker : Question is—

That in the motion, the following be *added* at the end, namely.—

"but regret that no mention has been made in the Address about—

(1) the failure of State Government's approach to the Centre to get the clearance and the completion of Thein Dam, Anandpur Sahib and Mukerian Hydel Projects, which are the decisive factors for the development of peasantry and State economy ;

(2) the failure of the Government to achieve the target of food production due to supply of spurious fertilizers by some unscrupulous dealers. No mention has been made about the Government's action and measures against such elements;

(3) the failure of Government to give farmers a promised price in respect of Major crops such as Wheat @ Rs. 150, rice Rs. 120 and cotton Rs. 420 per quintal, etc;

(4) The failure of the Government in fulfilling the genuine demands of peasants regarding reduction of Electricity rates and Land Revenue;

(5) failure of the Government in the implementation of the provisions of MISA and other Security Acts.

The Motion was lost.

Mr. Speaker : Question is—

That in the motion, the following be *added* at the end, namely.—

"but regret that no mention has been made in the Address—

(1) Regarding removal of dissatisfaction, re-employment and indiscipline ;

(2) Regarding checking the increased use of intoxicating tablets by the youth which deteriorate their health ;

(3) Regarding re-employment of those labourers who became un-employed due to the closure of industries as a result of shortage of power ;

(4) Regarding the reasonable increase in the prices of agricultural products and to reduce the rates of power, water, fertilizer and diesel in order to give incentive to the farmers, for boosting agricultural production;

(5) Regarding the time for the construction of houses for low-income-groups by the Co-operative Societies and Housing Board and appreciable activities in this regard;

(6) Regarding increase in un-employment and poverty among scheduled castes and their social boycott in the villages;

(7) Regarding assurance about the completion of quota of reservation for scheduled castes in services;

(8) Regarding construction of Thein Dam;

(9) Regarding nationalisation of private Transport Companies.

The Motion was lost.

Mr. Speaker : Question is—

That in the motion, the following be *added* at the end, namely.—

"but regret that no mention has been made in the Address about—

1. The construction of Thein Dam and Centre's silence on its clearance ;
2. The concrete steps to be taken to remove the power crisis in the State ;
3. The steps to be taken for the transfer of Chandigarh to Punjab at the earliest;
4. The steps to be taken by the Government to give relief to the labourers and small Industries affected by the power crisis;
5. The steps to be taken to forestall the move of Central Government about the transfer of Ropar, Harike and Ferozepore Head Works to Bhakra Management Board;
6. The steps to be taken to remove the financial mal-administration of the State due to which all development works are at a stand-still in the State ;
7. The follow-up-action to be taken by the Government on Harchand Singh Committee report;
8. The constitution of all party committee to examine the charges of smuggling and corruption against public men and officers and to suggest steps to check this evil;
9. The steps to be taken to introduce Prohibition in the State;
10. The steps to be taken by Government for continuance of the Shiromani Gurdwara Parbandhak Committee in the present form;
11. The steps to be taken by the Government to remove the educated unemployment in the State and also to solve the problems of youth and students.

The Motion was lost.

Mr. Speaker : Question is—

"That an Address be presented to the Governor in the following terms:—

"That the Members of this House assembled in this Session are deeply grateful to the Governor for the Address which he has been pleased to deliver to the House on the 7th January, 1975."

The motion was carried.

Mr. Speaker : The House stands adjourned till 1.00 p.m. on Wednesday, the 15th January, 1975.

2.15 p. m. | (*The Sabha then adjourned till* 1.00 *p. m. on Wendesday, the* 15*th January,* 1975).

1465/2-7-75—286—Pb. Govt. Press, Patiala.

APPENDIX

TO

PUNJAB VIDHAN SABHA

DEBATES

Vol. I—No. 5

Dated the 11*th January*, 1975

ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿੱਚ ਮੁੱਖ ਕਲਰਕ

*3026. **ਸਰਦਾਰ ਦਰਸ਼ਨ ਸਿੰਘ ਕੇ. ਪੀ :** ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ —

(ੳ) ਇਸ ਸਮੇਂ ਰਾਜ ਵਿੱਚ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿੱਚ ਮੁੱਖ ਕਲੱਰਕਾਂ ਦੀਆਂ ਕੁਲ ਕਿੰਨੀਆਂ ਆਸਾਮੀਆਂ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਭਰੀਆਂ ਗਈਆਂ ਹਨ ਅਤੇ ਉਕਤ ਆਸਾਮੀਆਂ ਤੇ ਵੱਖ ਵੱਖ ਕਿੰਨੇ ਹਰੀਜਨ ਅਤੇ ਨਾਨ-ਹਰੀਜਨ ਕੰਮ ਕਰਦੇ ਹਨ ;

(ਅ) ਕੀ ਰਾਖਵੇਂ ਕੋਟੇ ਅਨੁਸਾਰ ਬਣਦੀਆਂ ਆਸਾਮੀਆਂ ਭਰ ਲਈਆਂ ਗਈਆਂ ਹਨ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ;

(ੲ) ਕੀ ਸਰਕਾਰ, ਕੁਝ ਆਸਾਮੀਆਂ ਖਾਲੀ ਹੋਣ ਦੀ ਹਾਲਤ ਵਿੱਚ, ਸਿੱਧੀ ਭਰਤੀ ਜਾਂ ਹਰੀਜਨਾਂ ਨੂੰ ਤਰੱਕੀ ਦੇ ਕੇ ਰਾਖਵਾਂ ਕੋਟਾ ਪੂਰਾ ਕਰਨ ਦਾ ਇਰਾਦਾ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ;

(ਸ) ਕੀ ਸਰਕਾਰ ਰਾਖਵੀਆਂ ਆਸਾਮੀਆਂ ਨੂੰ ਅਜੇ ਤੱਕ ਨਾਂ ਭਰੇ ਜਾਣ ਲਈ ਜ਼ਿੰਮੇ-ਵਾਰੀ ਨਿਯਤ ਕਰਨ ਦਾ ਇਰਾਦਾ ਰੱਖਦੀ ਹੈ?

ਸਰਦਾਰ ਸੰਤੋਖ ਸਿੰਘ ਰੰਧਾਵਾ (ਰਾਜ ਮੰਤਰੀ ਵਿਕਾਸ):

(ੳ) ਕੁਲ ਆਸਾਮੀਆਂ	..	119
ਭਰੀਆਂ ਗਈਆਂ ਆਸਾਮੀਆਂ	..	100
ਹਰੀਜਨ	..	5
ਨਾਨ-ਹਰੀਜਨ	..	95

(ਅ) ਅਤੇ (ੲ) ਹਰ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦਾ ਵੱਖਰਾ ਕੇਡਰ ਹੈ। ਪੰਚਾਇਤ ਸੰਮਤੀਆਂ ਵਿੱਚ ਇਕ ਇਕ ਹੈਡ ਕਲੱਰਕ ਦੀ ਆਸਾਮੀ ਹੈ। ਇਸ ਲਈ ਹਰੀਜਨਾਂ ਦੇ ਕੋਟੇ ਦਾ ਸਵਾਲ ਹੀ ਨਹੀਂ ਹੈ। ਕੇਵਲ ਕੁਝ ਜ਼ਿਲ੍ਹਾ ਪ੍ਰੀਸ਼ਦਾਂ ਵਿੱਚ ਦੋ ਜਾਂ ਤਿੰਨ ਹੈਡ ਕਲੱਰਕਾਂ ਦੀਆਂ ਆਸਾਮੀਆਂ

ਹਨ ਜਿਹੜੀਆਂ ਕਿ ਪਹਿਲਾਂ ਹੀ ਗੈਰ-ਹਰੀਜਨਾਂ ਨਾਲ ਭਰੀਆਂ ਹੋਈਆਂ ਹਨ । ਅਗੇ ਤੋਂ ਜੇਕਰ ਕੋਈ ਆਸਾਮੀ ਖਾਲੀ ਹੋਵੇਗੀ ਤਾਂ ਸਰਕਾਰੀ ਹਦਾਇਤਾਂ ਅਨੁਸਾਰ ਭਰੀ ਜਾਵੇਗੀ ।

(ਸ) ਇਹ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ ।

[(a) Total No. of posts		119
No. of posts which are filled in	..	100
Harijans	..	5
Non-Harijans	..	95

(b) & (c) Every Panchayat Samiti and Zila Parishad has a separate cadre. There is only one post of Head Clerk in a Panchayat Samiti. The question of reservation for Harijans, therefore, does not arise. Only in some Zila Parishads there are two or three posts of Head Clerks which are already filled in by non-Harijans. In future, if any vacancy is created the same will be filled in accordance to Government instructions.

(d) The question does not arise.]

ਸੀਵਰੇਜ ਵਰਕਸ ਲਈ ਨਗਰਪਾਲਿਕਾਵਾਂ ਨੂੰ ਪੰਜਾਬ ਲੋਕ ਸਿਹਤ ਵਿਭਾਗ ਦੁਆਰਾ ਦਿਤੇ ਗਏ ਕਰਜ਼ੇ/ਗ੍ਰਾਂਟਾਂ ।

*2952 1. **ਕਾਮਰੇਡ ਸੱਘੜ ਸਿੰਘ**
2. **ਕਾਮਰੇਡ ਸਤ ਪਾਲ ਡਾਂਗ** : ਕੀ ਲੋਕ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ:—

(ੳ) ਰਾਜ ਵਿਚ ਉਨ੍ਹਾਂ ਨਗਰਪਾਲਿਕਾਵਾਂ ਦੇ ਨਾਮ ਕੀ ਕੀ ਹਨ ਜਿਨ੍ਹਾਂ ਨੂੰ ਵੱਖ ਵੱਖ ਸਾਲਾਂ 1973–74 ਅਤੇ 1974–75 ਦੇ ਦੌਰਾਨ ਹਰ ਇਕ ਕੇਸ ਵਿਚ ਸੀਵਰੇਜ ਵਰਕਸ ਲਈ ਲੋਕ ਸਿਹਤ ਵਿਭਾਗ, ਪੰਜਾਬ ਦੁਆਰਾ ਗ੍ਰਾਂਟਾਂ ਅਤੇ ਕਰਜ਼ੇ ਦਿਤੇ ਗਏ ਹਨ ਜਾਂ ਦਿਤੇ ਜਾਣ ਦੀ ਤਜਵੀਜ਼ ਹੈ;

(ਅ) ਹਰ ਇਕ ਕੇਸ ਵਿਚ ਹਰ ਇਕ ਸਾਲ ਲਈ ਦਿਤੀ ਗਈ/ਦਿਤੀ ਜਾਣ ਵਾਲੀ ਉਕਤ ਗ੍ਰਾਂਟ/ਕਰਜ਼ੇ ਦੀ ਕਿੰਨੀ ਰਕਮ ਸੀ ?

ਸਰਦਾਰ ਸੋਹਨ ਸਿੰਘ ਜਲਾਲਉਸਮਾਨ (ਰਾਜ ਮੰਤਰੀ, ਜਨ ਸਿਹਤ): (ੳ) ਲੋਕ ਨਿਰਮਾਣ ਵਿਭਾਗ, ਜਨ ਸਿਹਤ ਸ਼ਾਖਾ ਵਲੋਂ ਕਿਸੇ ਵੀ ਨਗਰਪਾਲਿਕਾ ਨੂੰ ਸੀਵਰੇਜ ਸਕੀਮ ਲਈ ਕਰਜ਼ਾ ਜਾਂ ਗਰਾਂਟ ਨਹੀਂ ਦਿਤੀ ਜਾਂਦੀ ।

(ਅ) ਸਵਾਲ ਪੈਦਾ ਨਹੀਂ ਹੁੰਦਾ ।

ਮਾਰਚ 1974, ਤੋਂ ਸਰਕਾਰ ਦੁਆਰਾ ਅਪਣਾਈ ਗਈ ਸੋਧੀ ਹੋਈ ਪਾਲਿਸੀ ਅਧੀਨ ਅਲਾਟ ਕੀਤੇ ਡੀਪੂ ।

*2922. ਸਰਦਾਰ ਧੰਨਾ ਸਿੰਘ ਗੁਲਸ਼ਨ: ਕੀ ਖੁਰਾਕ ਅਤੇ ਸਪਲਾਈ ਦੇ ਰਾਜ ਮੰਤਰੀ, ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਮਾਰਚ, 1974 ਤੋਂ ਸੋਧੀ ਹੋਈ ਪਾਲਿਸੀ ਅਧੀਨ ਡੀਪੂਆਂ ਦੀ ਅਲਾਟਮੈਂਟ ਦਾ ਨਵਾਂ ਤਰੀਕਾ ਅਪਣਾਇਆ ਹੈ । ਜੇਕਰ ਅਜਿਹਾ ਹੋਵੇ, ਤਾਂ ਕੋਇਲਾ, ਕਪੜਾ, ਤੇਲ ਅਤੇ ਨਿੱਤ ਵਰਤੋਂ ਦੀਆਂ ਹੋਰ ਚੀਜਾਂ ਦੇ ਇਸ ਤਰ੍ਹਾਂ ਅਲਾਟ ਕੀਤੇ ਗਏ ਡੀਪੂਆਂ ਦੀ ਜਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਅਲਾਟਮੈਂਟ ਦੀਆਂ ਸ਼ਰਤਾਂ ਕੀ ਕੀ ਹਨ;

(ਅ) ਅਨੁਸੂਚਿਤ ਜਾਤੀਆਂ ਦੇ ਵਿਅੱਕਤੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ, ਜਿਨ੍ਹਾਂ ਨੂੰ ਇਹ ਡੀਪੂ ਦਿਤੇ ਗਏ?

ਸਰਦਾਰ ਗੁਰਦਰਸ਼ਨ ਸਿੰਘ (ਰਾਜ ਮੰਤਰੀ, ਖੁਰਾਕ ਤੇ ਸਪਲਾਈਜ): (ੳ) ਹਾਂ ਜੀ । ਸਰਕਾਰ ਵਲੋਂ ਸੋਧੀ ਹੋਈ ਪਾਲਿਸੀ ਅਧੀਨ ਨਿਤ ਵਰਤੋਂ ਦੀਆਂ ਚੀਜ਼ਾਂ ਜਿਵੇਂ ਕਿ ਕਣਕ, ਕਣਕ ਆਟਾ, ਖੰਡ, ਚਾਵਲ, ਦਾਲਾਂ, ਬਨਾਸਪਤੀ, ਮਿੱਟੀ ਦਾ ਤੇਲ ਆਦਿ ਦੇ ਨਵੇਂ ਡੀਪੂ ਅਲਾਟ ਕੀਤੇ ਗਏ ਹਨ । ਨਵੀਂ ਪਾਲਿਸੀ ਅਨੁਸਾਰ ਕੇਵਲ 500 ਕਾਰਡ ਹੀ ਇਕ ਡੀਪੂ ਤੇ ਦਰਜ ਕੀਤੇ ਜਾਂਦੇ ਹਨ । ਪਰੰਤੂ ਕਪੜੇ ਦੇ ਡੀਪੂ ਅਲਾਟ ਕਰਨ ਵਾਸਤੇ ਕੋਈ ਨਵੀਂ ਪਾਲਿਸੀ ਨਹੀਂ ਬਣਾਈ ਗਈ ।

ਇਸ ਤਰ੍ਹਾਂ ਅਲਾਟ ਕੀਤੇ ਡੀਪੂਆਂ ਦੀ ਜ਼ਿਲ੍ਹਾਵਾਰ ਸੂਚੀ ਵਿਧਾਨ ਸਭਾ ਦੇ ਮੇਜ਼ ਤੇ ਰੱਖੀ ਜਾਂਦੀ ਹੈ, ਇਸ ਸੂਚੀ ਵਿਚ ਕੋਲੇ ਦੇ ਡੀਪੂਆਂ ਦੀ ਗਿਣਤੀ ਵੀ ਸ਼ਾਮਲ ਹੈ ।

ਕਣਕ, ਖੰਡ, ਤੇਲ ਆਦਿ ਦੇ ਡੀਪੂਆਂ ਦੀ ਅਲਾਟਮੈਂਟ ਵੇਲੇ ਹੇਠ ਲਿਖੀਆਂ ਸ਼ਰਤਾਂ ਰੱਖੀਆਂ ਜਾਂਦੀਆਂ ਹਨ :—

1. 70% ਡੀਪੂ ਕੇਵਲ ਕਰਿਆਨਾ ਮਰਚੈਂਟਸ ਨੂੰ ਹੀ ਅਲਾਟ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਕਿ ਇਸ ਕੰਮ ਵਿਚ ਘੱਟ ਤੋਂ ਘੱਟ ਇਕ ਸਾਲ ਦਾ ਤਜੱਰਬਾ ਹੋਵੇ ।

2. ਬਾਕੀ 30% ਡੀਪੂ ਸਾਬਕਾ ਫੌਜੀਆਂ, ਸਵਤੰਤਰਤਾ ਸੰਗਰਾਮੀਆਂ, ਨਿਕਾਰਾ ਵਿਅੱਕਤੀਆਂ, ਵੂਮੈਨ ਵਾਲੰਟੀਅਰ ਆਰਗੇਨਾਈਜ਼ੇਸ਼ਨ ਅਤੇ ਹਰੀਜਨਜ਼ ਨੂੰ ਅਲਾਟ ਕੀਤੇ ਜਾਂਦੇ ਹਨ ।

3. ਬਿਨੈਕਾਰ ਦਾ ਪਹਿਲਾਂ ਕਿਸੇ ਵੇਲੇ ਡੀਪੂ ਨਾ ਕੈਂਸਲ ਕੀਤਾ ਗਿਆ ਹੋਵੇ ਅਤੇ ਨਵੀਂ ਅਲਾਟਮੈਂਟ ਵੇਲੇ ਉਸ ਦੇ ਕਿਸੇ ਰਿਸ਼ਤੇਦਾਰ ਨੂੰ ਕੋਈ ਡੀਪੂ ਨਾ ਦਿਤਾ ਜਾਵੇ ।

ਕੋਇਲੇ ਦੇ ਡੀਪੂ ਦੀ ਅਲਾਟਮੈਂਟ ਕਰਨ ਵੇਲੇ ਹੇਠ ਲਿਖੀਆਂ ਸ਼ਰਤਾਂ ਰੱਖੀਆਂ ਜਾਂਦੀਆਂ ਹਨ :—

1. ਬਿਨੈਕਾਰ ਕੋਲ ਕੋਇਲੇ ਦਾ ਪਰਚੂਨ ਲਾਇਸੰਸ ਹੋਵੇ ।
2. ਉਸ ਦੀ ਮਾਲੀ ਹਾਲਤ ਚੰਗੀ ਹੋਵੇ ਤਾਂ ਜੋ ਉਹ ਲੱਗਭੱਗ 5,000 ਰੁਪਏ ਤਕ ਸਾਧਨ ਲਗਾ ਸਕੇ ।
3. ਕੋਇਲਾ ਰੱਖਣ ਅਤੇ ਵੇਚਣ ਯੋਗ ਉਸ ਕੋਲ ਆਪਣੀ ਜਾਂ ਕਿਰਾਏ ਦੀ ਯੋਗ ਥਾਂ ਹੋਵੇ ਜਿਥੇ ਕਿ ਖਪਤਕਾਰ ਪੁਜ ਸਕਣ ।

4. ਬਿਨੈਕਾਰ ਕੋਇਲਾ ਵੇਚਣ ਦਾ 2 ਸਾਲ ਦਾ ਤਜਰਬਾ ਰਖਦਾ ਹੋਵੇ ਅਤੇ ਉਸ ਦੀ ਸ਼ੋਹਰਤ ਚੰਗੀ ਹੋਵੇ ਤੇ ਪਿਛੇ ਉਸ ਨੇ ਸਾਫਟ ਕੋਕ ਵੱਧ ਕੀਮਤ ਤੇ ਨਾ ਵੇਚਿਆ ਹੋਵੇ ।
5. ਬਿਨੈਕਾਰ ਕੋਲ ਸੇਲ ਟੈਕਸ ਦਾ ਰਜਿਸਟਰੇਸ਼ਨ ਨੰ: ਹੋਵੇ ।

(ਅ) ਅਨੁਸੂਚਿਤ ਜਾਤੀਆਂ ਦੇ ਵਿਅੱਕਤੀਆਂ ਦੀ ਸੂਚੀ ਜਿਨ੍ਹਾਂ ਨੂੰ ਨਵੀਂ ਪਾਲਿਸੀ ਅਧੀਨ ਡੀਪੂ ਅਲਾਟ ਕੀਤੇ ਗਏ ਹਨ, ਜ਼ਿਲ੍ਹਾਵਾਰ ਵਿਧਾਨ ਸਭਾ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੈਕਸਚਰ 1.

ਨਵੀਂ ਪਾਲਿਸੀ ਅਧੀਨ ਅਲਾਟ ਕੀਤੇ ਡੀਪੂਆਂ ਦੀ ਜ਼ਿਲ੍ਹਾਵਾਰ ਗਿਣਤੀ ।

ਕ੍ਰਮ ਨੰ:	ਜ਼ਿਲ੍ਹੇ ਦਾ ਨਾਂ	ਕਣਕ/ਆਟਾ/ਖੰਡ/ਮਿਟੀ ਦੇ ਤੇਲ ਆਦਿ ਡੀਪੂ, ਜੋ ਨਵੀਂ ਪਾਲਿਸੀ ਅਧੀਨ ਅਲਾਟ ਕੀਤੇ ਗਏ	ਕੋਲੇ ਦੇ ਡੀਪੂ ਜੋ ਆਲਟ ਕੀਤੇ ਗਏ
1.	ਅੰਮ੍ਰਿਤਸਰ	.. 77	—
2.	ਬਠਿੰਡਾ	.. 37	45
3.	ਫ਼ਿਰੋਜ਼ਪੁਰ	.. 52	34
4.	ਫ਼ਰੀਦਕੋਟ	.. 42	59
5.	ਗੁਰਦਾਸਪੁਰ	.. 31	—
6.	ਹੁਸ਼ਿਆਰਪੁਰ	.. 35	—
7.	ਜਲੰਧਰ	.. 106	128
8.	ਕਪੂਰਥਲਾ	.. 39	1
9.	ਲੁਧਿਆਣਾ	.. 127	107
10.	ਪਟਿਆਲਾ	.. 84	—
11.	ਰੋਪੜ	.. 35	—
12.	ਸੰਗਰੂਰ	.. 42	66
	ਕੁੱਲ ਜੋੜ	.. 707	440

*181 ਵਿਅੱਕਤੀਆਂ ਵਲੋਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਉਨ੍ਹਾਂ ਉਤੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ । ਉਨ੍ਹਾਂ ਵਿਚੋਂ 3 ਪ੍ਰਾਰਥੀ ਅਨੁਸਚਿਤ ਜਾਤੀ ਦੇ ਹਨ ।

ਨੋਟ: ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਰੋਪੜ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਅਜੇ ਕੋਲੇ ਦੇ ਡੀਪੂਆਂ ਦੀ ਅਲਾਟਮੈਂਟ ਮੁਕੰਮਲ ਨਹੀਂ ਹੋਈ ।

ਅਨੈਕਸਚਰ 2.

ਅਨੁਸੂਚਿਤ ਵਰਗ ਨੂੰ ਨਵੀਂ ਪਾਲਿਸੀ ਅਧੀਨ ਅਲਾਟ ਕੀਤੇ ਗਏ ਡੀਪੂਆਂ ਦੀ ਜ਼ਿਲ੍ਹਾਵਾਰ ਗਿਣਤੀ ।

ਕ੍ਰਮ ਨੰ:	ਜ਼ਿਲ੍ਹੇ ਦਾ ਨਾਂ	ਡੀਪੂ ਜੋ ਅਨੁਸੂਚਿਤ ਵਰਗ ਨੂੰ ਅਲਾਟ ਕੀਤੇ ਗਏ ਕਣਕ/ਆਟਾ/ਖੰਡ/ਮਿਟੀ ਦੇ ਤੇਲ ਆਦਿ ਦੇ
1.	ਅੰਮ੍ਰਿਤਸਰ	.. 6
2.	ਬਠਿੰਡਾ	.. 8
3.	ਫ਼ਿਰੋਜ਼ਪੁਰ	.. 8
4.	ਫਰੀਦਕੋਟ	.. 8
5.	ਗੁਰਦਾਸਪੁਰ	.. 9
6.	ਹੁਸ਼ਿਆਰਪੁਰ	.. 5
7.	ਜਲੰਧਰ	.. 14
8.	ਕਪੂਰਥਲਾ	.. 4
9.	ਲੁਧਿਆਣਾ	.. 17
10.	ਪਟਿਆਲਾ	.. 10
11.	ਰੋਪੜ	.. 5
12.	ਸੰਗਰੂਰ	.. 4
	ਕੁੱਲ ਜੋੜ	98

ਖਰੜ ਬਲਾਕ (ਜ਼ਿਲ੍ਹਾ ਰੋਪੜ) ਵਿਚ ਕੁਝ ਪਿੰਡਾ ਨੂੰ ਖੰਡ ਦੇ ਕੋਟਾ ਦੀ ਸਪਲਾਈ ਨਾ ਕਰਨਾ

*2939. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਇਹ ਦਸਣਗੇ ਕਿ ਕੀ ਇਹ ਠੀਕ ਹੈ ਕਿ ਖਰੜ ਬਲਾਕ (ਜ਼ਿਲ੍ਹਾ ਰੋਪੜ) ਦੇ ਕਈ ਦਰਜਨ ਪਿੰਡਾਂ ਨੂੰ ਪਿਛਲੇ ਕਈ ਮਹੀਨਿਆਂ ਤੋਂ ਉਨ੍ਹਾਂ ਦਾ ਖੰਡ ਦਾ ਕੋਟਾ ਸਪਲਾਈ ਨਹੀਂ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਪਿੰਡਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਸਾਲ 1974 ਵਿਚ ਖੰਡ ਦਾ ਕੋਟਾ ਸਪਲਾਈ ਨਹੀਂ ਕੀਤਾ ਗਿਆ ਅਤੇ ਇਸ ਦੇ ਕੀ ਕਾਰਨ ਹਨ?

ਸਰਦਾਰ ਗੁਰਦਰਸ਼ਨ ਸਿੰਘ : ਕੋਆਪਰੇਟਿਵ ਵਿਭਾਗ ਦੀ ਰਿਪੋਰਟ ਅਨੁਸਾਰ ਇਹ ਠੀਕ ਨਹੀਂ ਹੈ ਜੀ ।

1465/2-7-75—286—Pb. Govt. Press, Patiala.

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

6

sb.

PUNJAB VIDHAN SABHA

DEBATES

15th January, 1975

Vol. I—No. 6

OFFICIAL REPORT

CONTENTS

Wednesday, the 15th January, 1975

Punjab Vidhan Sabha Secretariat, Chandigarh.

Price : Rs. 36-35

PUNJAB VIDHAN SABHA

Wednesday, the 15th January, 1975

The Vidhan Sabha met in the Punjab Vidhan Sabha Hall, Vidhan Bhavan, Chandigarh-160001, at 1.00 P.M. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

ਨਵਾਂ ਸ਼ਹਿਰ ਵਿਖੇ ਇਕ ਡਿਸਟਿਲਰੀ ਲਾਉਣਾ

*3058. **ਸਰਦਾਰ ਦਿਲਬਾਗ ਸਿੰਘ** : ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਦਾ ਰਾਜ ਵਿਚ ਇਕ ਨਵੀਂ ਡਿਸਟਿਲਰੀ ਲਾਉਣ ਦਾ ਵਿਚਾਰ ਹੈ ;

(ਅ) ਜੇਕਰ ਉਪਰੋਕਤ ਭਾਗ 'ੳ' ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਇਆਂ ਕਿ ਸ਼ੀਰਾ, ਸ਼ੂਗਰ ਮਿਲ ਤੋਂ ਕਿਸੀ ਢੁਆਈ ਦੇ ਖਰਚ ਤੋਂ ਬਗੈਰ ਹੀ ਮਿਲ ਸਕਦਾ ਹੈ, ਉਕਤ ਡਿਸਟਿਲਰੀ ਨੂੰ ਨਵਾਂ ਸ਼ਹਿਰ ਵਿਖੇ ਲਾਉਣ ਦਾ ਵਿਚਾਰ ਹੈ ;

(ੲ) ਕੀ ਸਰਕਾਰ ਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਉਥੇ ਇਕ ਉਦਯੋਗਿਕ ਫੋਕਲ ਪੁਆਇੰਟ ਵੀ ਸਥਾਪਤ ਕੀਤਾ ਜਾ ਰਿਹਾ ਹੈ ?

ਸ੍ਰੀ ਯਸ਼ ਪਾਲ : (ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

(ੲ) ਹਾਂ ਜੀ ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਸ਼ਾਇਦ ਸਰਕਾਰੀ ਖੇਤਰ ਵਿਚ ਸਮਝਿਆ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਕੋਆਪ੍ਰੇਟਿਵ ਖੇਤਰ ਵਿਚ ਡਿਸਟਿਲਰੀ ਲਾਉਣਗੇ ?

ਮੰਤਰੀ : ਇਨ੍ਹਾਂ ਨੇ, ਸਪੀਕਰ ਸਾਹਿਬ, ਸਿਰਫ ਇਤਨਾ ਪੁਛਿਆ ਸੀ ਕਿ ਕੀ ਸਰਕਾਰ ਕੋਈ ਡਿਸਟਿਲਰੀ ਲਗਾ ਰਹੀ ਹੈ, ਮੈਂ ਜਵਾਬ ਦੇ ਦਿਤਾ ਹੈ ਕਿ ਨਹੀਂ ਲਗਾ ਰਹੀ ।

ਸ੍ਰੀ ਸਰਦਾਰੀ ਲਾਲ ਕਪੂਰ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਹੋਰ ਜਿਹੜੀਆਂ ਡਿਸਟਿਲਰੀਆਂ ਪੰਜਾਬ ਵਿਚ ਚਲ ਰਹੀਆਂ ਹਨ, ਉਨ੍ਹਾਂ ਨੂੰ ਵੀ ਬੰਦ ਕਰਨਗੇ ? (ਹਾਸਾ)

ਮੰਤਰੀ : ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ। ਇਹ ਸਪੈਸਿਫਿਕ ਸਵਾਲ ਕਰਨ, ਮੈਂ ਜਵਾਬ ਦੇ ਦਿਆਂਗਾ, ਐਵੇਂ ਹਾਈਪੋਥੈਟੀਕਲੀ ਕੋਈ ਗੱਲ ਕਰਨ ਦਾ ਕੀ ਫਾਇਦਾ ਹੈ।

ਸਰਦਾਰ ਬੇਅੰਤ ਸਿੰਘ : ਕੀ ਮਨਿਸਟਰ ਸਾਹਿਬ ਇਸ ਗੱਲ ਦਾ ਉੱਤਰ ਦੇਣ ਦੀ ਖੇਚਲ ਕਰਨਗੇ ਕਿ ਹੁਣ ਜਦੋਂ ਸ਼ਰਾਬ ਦੀ ਖਪਤ ਵਧ ਗਈ ਹੈ ਅਤੇ ਇਸ ਨਾਲ ਸਟੇਟ ਦੀ ਇਨਕਮ ਵੀ ਵੱਧੀ ਹੈ, ਕੀ ਇਹ ਆਪਣਾ ਫੈਸਲਾ ਰੀਕੰਸਿਡਰ ਕਰਨਗੇ, ਕਿ ਪੰਜਾਬ ਵਿਚ ਹੋਰ ਡਿਸਟਿਲਰੀਆਂ ਲਗਾਈਆਂ ਜਾਣ ?

ਮੰਤਰੀ : ਸਰਕਾਰ ਹੋਰ ਕੋਈ ਡਿਸਟਿਲਰੀ ਨਹੀਂ ਲਗਾ ਰਹੀ। ਅਗੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਕ ਬੱਚਾ ਲੁਧਿਆਣੇ ਛੱਡ ਗਏ ਸੀ, ਮਸਾਂ ਮਸਾਂ ਉਸ ਨੂੰ ਪਾਲ ਰਹੇ ਹਾਂ। (ਹਾਸਾ)

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜੇ ਉਹ ਹੋਰ ਡਿਸਟਿਲਰੀ ਇਥੇ ਨਹੀਂ ਲਗਾ ਰਹੇ ਤਾਂ ਕੀ ਪੰਜਾਬ ਵਿਚ ਹੋਰ ਕਿਸੇ ਥਾਂ ਲਗਾਉਣ ਲਈ ਵਿਚਾਰ ਕਰਨਗੇ ?

ਮੰਤਰੀ : ਗੌਰਮਿੰਟ ਕੋਈ ਡਿਸਟਿਲਰੀ ਨਹੀਂ ਲਗਾ ਰਹੀ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੋ ਬੱਚਾ ਛੱਡ ਗਏ ਸੀ, ਉਹ ਬੜੇ ਮੁਨਾਫੇ ਵਾਲਾ ਹੈ (ਹਾਸਾ) ਇਸ ਗੱਲ ਨੂੰ ਸਾਹਮਣੇ ਰਖਦੇ ਹੋਏ ਕੀ ਬਾਕੀ ਡਿਸਟਿਲਰੀਆਂ ਵੀ ਨੈਸ਼ਨੇਲਾਈਜ਼ ਕਰਨ ਲਈ ਵਿਚਾਰ ਕਰਨਗੇ ?

ਮੰਤਰੀ : ਅਜਿਹਾ ਕੋਈ ਵਿਚਾਰ ਨਹੀਂ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜੋ ਕਿਹਾ ਹੈ ਕਿ ਬਾਦਲ ਸਾਹਿਬ ਬੱਚਾ ਛੱਡ ਗਏ ਹਨ, ਇਹ ਸ਼ਬਦ ਅਨਪਾਰਲੀਮੈਂਟਰੀ ਹਨ, ਇਹ ਐਕਸਪੰਜ ਹੋਣੇ ਚਾਹੀਦੇ ਹਨ।

ਮੰਤਰੀ : ਇਹ ਬਰੀਕ ਗੱਲ ਹੈ, ਇਸ ਵੱਲ ਜ਼ਰਾ ਧਿਆਨ ਦਿਓ (ਹਾਸਾ)

ਲੰਬੀ ਵਿਧਾਨ ਸਭਾ ਚੋਣ ਹਲਕੇ ਦੇ ਪਿੰਡਾਂ ਵਿਚ ਬਣਾਈਆਂ ਗਈਆਂ ਯੋਜਕ ਸੜਕਾਂ

*2974. **ਕਾਮਰੇਡ ਦਾਨਾ ਰਾਮ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ :—

(ੳ) ਲੰਬੀ ਵਿਧਾਨ ਸਭਾ ਚੋਣ ਹਲਕੇ ਵਿਚ ਉਨ੍ਹਾਂ ਪਿੰਡਾਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਨੂੰ ਮਾਰਚ, 1973 ਤੋਂ ਦਸੰਬਰ, 1974 ਤਕ ਦੇ ਸਮੇਂ ਦੇ ਦੌਰਾਨ ਬਣਾਈਆਂ ਗਈਆਂ ਯੋਜਕ ਸੜਕਾਂ ਨਾਲ ਮਿਲਾਇਆ ਗਿਆ ਹੈ;

(ਅ) ਉਕਤ ਹਰ ਇਕ ਸੜਕ ਦੀ ਲੰਬਾਈ ਕਿੰਨੀ ਕਿੰਨੀ ਹੈ ?

(ੲ) ਅਜਿਹੀਆਂ ਯੋਜਕ ਸੜਕਾਂ ਕਿੰਨੀਆਂ ਹਨ ਜੋ ਅਧੂਰੀਆਂ ਪਈਆਂ ਹਨ ।

ਸ੍ਰੀ ਜੋਗਿੰਦਰ ਪਾਲ ਪਾਂਡੇ : (ੳ) ਅਤੇ (ਅ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ੲ) 14 ਸੜਕਾਂ ਉਤੇ ਕੰਮ ਹੋ ਰਿਹਾ ਹੈ ਜਿਨ੍ਹਾਂ ਦੀ ਲੰਬਾਈ 72.84 ਕਿਲੋਮੀਟਰ ਹੈ ।

ਲੰਬੀ ਵਿਧਾਨ ਸਭਾ ਚੋਣ ਹਲਕੇ ਵਿਚ ਮਾਰਚ 1973, ਤੋਂ ਦਸੰਬਰ, 1974 ਤਕ ਜਿਹੜੇ ਪਿੰਡ ਸੜਕਾਂ ਨਾਲ ਜੋੜੇ ਗਏ

ਕ੍ਰਮ ਅੰਕ	ਪਿੰਡਾ ਦਾ ਨਾਂ ਜਿਸ ਨਾਲ ਜੋੜਿਆ ਗਿਆ	ਕਿਲੋਮੀਟਰ ਵਿਚ ਲੰਬਾਈ
1.	ਮਲੂਕਪੁਰ	3.00
2.	ਧਾਵਨ ਕੋਕਾਰੀਆਂ	4.63
3.	ਕੁਲਾਰਾ	14.76
4.	ਦੁਤੇਵਾਲੀ	3.04
5.	ਭਾਗੂ	0.50
6.	ਬਹਾਦਰ ਖੇੜਾ	9.60
7.	ਹਾਕੂਵਾਲਾ	6.40
8.	ਭੁਲਰਵਾਲਾ	6.40
9.	ਰਾਮਪੁਰਾ	8.80
		57.13

ਕਾਮਰੇਡ ਦਾਨਾ ਰਾਮ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ 14 ਸੜਕਾਂ ਕਹੀਆਂ ਹਨ, ਪਰ ਸਦਨ ਦੀ ਮੇਜ਼ ਤੇ ਜਿਹੜੀ ਸੂਚਨਾ ਰਖੀ ਗਈ ਹੈ, ਉਸ ਵਿਚ, 9 ਸੜਕਾਂ ਹਨ ਅਤੇ ਉਹ ਵੀ ਅਧੂਰੀਆਂ ਹਨ । ਕਈ ਸੜਕਾਂ ਤੇ ਅਜੇ ਕੰਮ ਸ਼ੁਰੂ ਨਹੀਂ ਹੋਇਆ । ਇਸ ਦਾ ਕਾਰਨ ਦਸਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀ ਸੂਚਨਾ ਸਦਨ ਦੀ ਮੇਜ਼ ਤੇ ਰਖੀ ਗਈ ਹੈ ਉਸ ਵਿਚ 9 ਸੜਕਾਂ ਹਨ ਜਿਨ੍ਹਾਂ ਤੇ ਕੰਮ ਹੋ ਚੁਕਿਆ ਹੈ ਅਤੇ ਉਨ੍ਹਾਂ ਦੀ ਲੰਬਾਈ 57.13 ਕਿਲੋਮੀਟਰ ਹੈ । ਕੁਲ ਸੜਕਾਂ 14 ਹਨ ਜਿਨ੍ਹਾਂ ਦੀ ਲੰਬਾਈ 72.84 ਕਿਲੋਮੀਟਰ ਹੈ ਅਤੇ ਉਨ੍ਹਾਂ ਤੇ ਕੰਮ ਹੋ ਰਿਹਾ ਹੈ ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਸ ਸਰਕਾਰ ਨੇ ਐਲਾਨ ਕੀਤਾ ਸੀ ਕਿ ਮਾਰਚ, 1975 ਤਕ ਪੰਜਾਬ ਦੇ ਹਰ ਇਕ ਪਿੰਡ ਤਕ ਸੜਕ ਪਹੁੰਚ ਜਾਵੇਗੀ, ਕੀ ਹੁਣ ਮਾਰਚ, 1975 ਤਕ ਸਾਰੇ ਪੰਜਾਬ ਦੇ ਪਿੰਡਾਂ ਤਕ ਸੜਕ ਪਹੁੰਚਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ ।

ਕਾਮਰੇਡ ਦਾਨਾ ਰਾਮ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਨ੍ਹਾਂ ਸੜਕਾਂ ਤੇ ਸਮਾਨ ਪਿਆ ਹੈ, ਇੱਟਾਂ ਪਈਆਂ ਹਨ, ਰੋੜੀ ਪਈ ਹੈ, ਪਰ ਕੰਮ ਨਹੀਂ ਸ਼ੁਰੂ ਹੋਇਆ ਉਹ ਕੰਮ ਕਦ ਤਕ ਸ਼ੁਰੂ ਹੋ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਨੂੰ ਆਸ ਸੀ ਕਿ ਦਾਨਾ ਰਾਮ ਜੀ ਇਹ ਸਵਾਲ ਜ਼ਰੂਰ ਪੁਛਣਗੇ । ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਤਕ ਇਹ 14 ਸੜਕਾਂ ਕੰਪਲੀਟ ਨਹੀਂ ਹੋ ਜਾਂਦੀਆਂ, ਕੰਮ ਬੰਦ ਨਹੀਂ ਹੋਵੇਗਾ ।

ਸਟਾਰਡ ਸਵਾਲ ਨੰ: 3013

(ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਾ ਕੀਤਾ ਗਿਆ ।)

ਬਗਾਣਾ ਤੋਂ ਭੂੰਗਰਨੀ, ਜ਼ਿਲ੍ਹਾ ਹੁਸ਼ਿਆਰਪੁਰ ਤੱਕ ਸੜਕ ਬਣਾਉਣਾ

*3057 **ਸਰਦਾਰ ਦਿਲਬਾਗ ਸਿੰਘ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਸਰਕਾਰ ਨੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਗਾਣਾ ਤੋਂ ਭੂੰਗਰਨੀ ਤਕ ਕੋਈ ਯੋਜਕ ਸੜਕ ਬਣਾਉਣ ਦੀ ਮਨਜ਼ੂਰੀ ਦਿੱਤੀ ਸੀ; ਜੇਕਰ ਅਜਿਹਾ ਹੋਵੇ ਤਾਂ ਉਹ ਸੜਕ ਹੁਣ ਤਕ ਕਿੰਨੀ ਕੁ ਬਣ ਚੁਕੀ ਹੈ;

(ਅ) ਕੀ ਉਕਤ ਯੋਜਕ ਸੜਕ ਦੇ 31 ਮਾਰਚ, 1975 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) ਮਨਜ਼ੂਰ ਸੜਕ ਦਾ ਨਾਂ ਪੰਡੋਰੀਕਦ-ਭੂੰਗਰਨੀ-ਬਗਾਣਾ ਹੈ । ਇਸ ਸੜਕ ਦੀ ਲੰਬਾਈ 3.20 ਕਿਲੋਮੀਟਰ ਹੈ । ਹੁਣ ਤਕ ਇਕ ਕਿਲੋਮੀਟਰ ਸੜਕ ਤਿਆਰ ਹੋ ਚੁਕੀ ਹੈ ਅਤੇ 2 ਕਿਲੋਮੀਟਰ ਸੜਕ ਤੇ ਸੋਲਿੰਗ ਵੀ ਲਗ ਚੁਕਾ ਹੈ ।

(ਅ) ਹਾਂ ਜੀ, ਮਾਰਚ ਅਪ੍ਰੈਲ ਵਿਚ ।

ਸਰਦਾਰ ਦਿਲਬਾਗ ਸਿੰਘ : ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਝਗੜਾ ਪਿਆ ਹੋਇਆ ਸੀ, ਕੁਝ ਲੋਕ ਕਹਿੰਦੇ ਸਨ ਕਿ ਸੜਕ ਇਸ ਪਾਸੇ

ਬਣਨੀ ਚਾਹੀਦੀ ਹੈ, ਅਤੇ ਕੁਝ ਕਹਿੰਦੇ ਸੀ ਕਿ ਉਸ ਪਾਸੇ ਬਣਨੀ ਚਾਹੀਦੀ ਹੈ ਕੀ ਇਸ ਝਗੜੇ ਦੇ ਬਾਵਜੂਦ ਇਹ ਸੜਕ ਕੰਪਲੀਟ ਕੀਤੀ ਜਾਵੇਗੀ ?

ਰਾਜ ਮੰਤਰੀ : ਝਗੜਾ 20 ਕਿਲੋਮੀਟਰ ਦਾ ਸੀ। ਜਗ੍ਹਾ ਐਕਵਾਇਰ ਕਰਨੀ ਸੀ। ਮੈਨੂੰ ਵਿਸ਼ਵਾਸ ਹੈ ਕਿ ਅਸੀਂ ਉਹ ਝਗੜਾ ਕਲੀਅਰ ਕਰ ਲਵਾਂਗੇ ਅਤੇ ਉਹ 20 ਕਿਲੋਮੀਟਰ ਸੜਕ ਵੀ ਪੂਰੀ ਕਰ ਦਿਤੀ ਜਾਵੇਗੀ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਜਿਵੇਂ ਕਿ ਇਨ੍ਹਾਂ ਨੇ ਕਿਹਾ ਸੀ ਕਿ ਮਾਰਚ ਤਕ ਸਾਰੇ ਪਿੰਡਾਂ ਨੂੰ ਸੜਕਾਂ ਪਹੁੰਚਾ ਦਿਆਂਗੇ ਪਰ ਮੇਰੇ ਹਲਕੇ ਵਿਚ ਬਹੁਤ ਘੱਟ ਸੜਕਾਂ ਬਣੀਆਂ ਹਨ (ਵਿਘਨ) ਤੁਹਾਡੇ ਹਲਕੇ ਵਿਚ ਵੀ, ਸਪੀਕਰ ਸਾਹਿਬ, ਬਹੁਤ ਘੱਟ ਬਣੀਆਂ ਹਨ। ਮੇਰੇ ਹਲਕੇ ਵਿਚ ਅਜਿਹੇ ਪਿੰਡ ਵੀ ਹਨ ਜਿਹੜੇ ਸੜਕ ਤੋਂ 2–2, 3-3 ਜਾਂ 6-6 ਮੀਲ ਦੂਰ ਹਨ, ਕੀ ਮਨਿਸਟਰ ਸਾਹਿਬ ਇਨ੍ਹਾਂ ਵਲ ਵੀ ਧਿਆਨ ਦੇਕੇ ਇਨ੍ਹਾਂ ਪਿੰਡਾਂ ਦੀਆਂ ਸੜਕਾਂ ਵੀ ਬਣਾਉਣਗੇ।

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਸਿਰਫ ਇਕ ਖਾਸ ਹਲਕੇ ਲਈ ਪੁਛਿਆ ਗਿਆ ਸੀ ਜਿਸ ਦਾ ਮੈਂ ਜਵਾਬ ਦੇ ਦਿਤਾ ਹੈ; ਜੇ ਇਹ ਕੋਈ ਸੂਚਨਾ ਲੈਣਾ ਚਾਹੁੰਦੇ ਹੋਣ ਤਾਂ ਸਵਾਲ ਦੇ ਦੇਣ, ਮੈਂ ਸੂਚਨਾ ਦੇ ਦਿਆਂਗਾ।

ਪੰਚਾਇਤੀ ਰਾਜ ਸਿਸਟਮ ਸਬੰਧੀ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਰਿਪੋਰਟ ਤੇ ਵਿਚਾਰ ਲਈ ਬਣਾਈ ਗਈ ਉਚ ਅਧਿਕਾਰ ਪ੍ਰਾਪਤ ਕਮੇਟੀ

*3040. **ਕਾਮਰੇਡ ਰਾਜ ਕੁਮਾਰ** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਪੰਚਾਇਤੀ ਰਾਜ ਸਿਸਟਮ ਸਬੰਧੀ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਖਰੜਾ ਰਿਪੋਰਟ ਤੇ ਵਿਚਾਰ ਕਰਨ ਲਈ ਵਿਧਾਇਕਾਂ, ਕੁਝ ਸੰਮਤੀਆਂ ਦੇ ਸਾਬਕਾ ਸਭਾਪਤੀਆਂ, ਜ਼ਿਲ੍ਹਾ ਪਰਿਸ਼ਦਾਂ ਦੇ ਸਭਾਪਤੀਆ, ਜਨਤਾ ਦੇ ਮਸ਼ਹੂਰ ਵਿਅਕਤੀਆਂ ਅਤੇ ਕਰਮਚਾਰੀਆਂ ਆਦਿ ਦੀ ਇਕ ਉੱਚ ਅਧਿਕਾਰ ਪ੍ਰਾਪਤ ਕਮੇਟੀ ਬਣਾਈ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਉਕਤ ਕਮੇਟੀ ਦੇ ਮੈਂਬਰਾਂ ਦੇ ਨਾਂ ਕੀ ਕੀ ਹਨ;

(ਅ) ਕੀ ਉਕਤ ਕਮੇਟੀ ਨੇ ਸਰਕਾਰ ਨੂੰ ਕੋਈ ਸਿਫਾਰਸ਼ਾਂ ਭੇਜੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕਮੇਟੀ ਦੇ ਮਹੱਤਵਪੂਰਨ ਸਿੱਟੇ ਕੀ ਹਨ;

(ੲ) ਕੀ ਸਰਕਾਰ ਨੇ ਕਮੇਟੀ ਦੀ ਕਿਸੇ ਸਿਫਾਰਸ਼ ਨੂੰ ਪ੍ਰਵਾਨ ਕਰ ਲਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦਾ ਵੇਰਵਾ ਕੀ ਹੈ ;

(ਸ) ਉਕਤ ਕਮੇਟੀ ਦੁਆਰਾ ਕੀਤੀਆਂ ਗਈਆਂ ਸਿਫਾਰਸ਼ਾਂ ਦਾ ਵੇਰਵਾ ਕੀ ਹੈ ਜੋ ਸਰਕਾਰ ਦੁਆਰਾ ਪ੍ਰਵਾਨ ਨਹੀਂ ਕੀਤੀਆਂ ਗਈਆਂ ਅਤੇ ਇਸ ਦੇ ਕਾਰਨ ਕੀ ਹਨ;

[ਕਾਮਰੇਡ ਰਾਜ ਕੁਮਾਰ]

(ਹ) ਜੇਕਰ ਉਪ੍ਰੋਕਤ ਭਾਗ (ਸ) ਦਾ ਉਤਰ ਨਾਂਹ ਵਿਚ ਹੋਵੇ ਤਾਂ ਸਰਕਾਰ ਦੁਆਰਾ ਦੇਰੀ ਨਾਲ ਕਾਰਵਾਈ ਕਰਨ ਦੇ ਕੀ ਕਾਰਨ ਹਨ?

Sardar Santokh Singh Randhawa : (a) Yes.

Name of Members

1.	Shri Santokh Singh Randhawa, Minister for Development, Pb.	Chairman
2.	Shri Paramjit Singh, I.A.S., Development Commissioner and Secretary Development, Punjab, Secretary-in-charge of the Department.	Member Secretary
3.	Shri Harchand Singh, M.L.A., near Victoria Girls, H/S School, Patiala.	Member
4.	Giani Arjan Singh Litt, M.L.A., V. Burj Littan, P.O. Halwara, District Ludhiana.	Member
5.	Master Kundan Singh, M.L.A., V. Poonga P.O. Bassi Daulat Khan, District Hoshiarpur	Member
6.	Shri Kirpal Singh Dhillon, M.L.A., Mohalla Paramjit Ganj, Kapurthala	Member
7.	Sh. Dhanna Singh Gulshan, M.L.A., Mandi Rampura Phul, District Bhatinda	Member
8.	Comrade Achhra Singh, M.L.A., V. & P. O. Gowara, District Sangrur	Member
9.	Shri Jai Muni, M.L.A., V. & P. O. Awankha, District Gurdaspur	Member
10.	Comrade Raj Kumar, M.L.A., House No. 1403, Amam Bara Chowk, Dhariwal, District Gurdaspur	Member
11.	Shri Harcharan Singh, B.A. (Hons), LL.B., M.L.A., Beant Niwas, P.O. District Jail, Raja Sansi Road, District Amritsar	Member
12.	Shri Jasdev Singh Sandhu, M.L.A., Adalt Bazar, District Patiala	Member
13.	Shri Beant Singh, M.L.A., Village Katli, P.O. Payal, District Ludhiana	Member
14.	Shri Prem Singh, Prem, M.L.A., M.L.A. Flat No. 5, Sector 3, Chandigarh	Member
15.	Shri Shamsher Singh Josh, M.L.A, Kharar, District Ropar	Member
16.	Shri Gurdev Singh Bhakhshiwala, M.L.A., Budhlada, District Bhatinda	Member
17.	Shri Rajinder Singh, Ex-M.L.C. c/o District Congress Committee, Sangrur	Member

Name of Members

18. Shri Balbir Singh Mann, Chairman, Punjab Panchayat Parishad, Sirhind, District Patiala .. Member

19. Shri Jagir Singh, Ex-Chairman, Zila Parishad, Gurdaspur .. Member

20. Shri Sant Singh, Ex-Chairman, Panchayat Samiti, Pathankot, District Gurdaspur .. Member

21. Shri D.S. Choudhary, Director of Panchayats, Punjab, Chandigarh .. Member

22. Shri S. S. Virdi, S. E. Panchayati Raj, Punjab, Chandigarh .. Member

23. Shri Karnail Singh, Retired Deputy Director Panchayats, Kothi No. 149, Sector 27-A, Chandigarh .. Member

24. Shri T.N. Gupta, Ex-Engineer, Zila Parishad, Ludhiana .. Member

25. Miss Tara Behal, Deputy Director (W.P.) Development and Panchayat Department, Punjab, Chandigarh .. Member

26. Shri Ranjit Singh Mangat, District Development and Panchayat Officer, Sangrur .. Member

27. Shri B. Thapar, Controller, Panchayati Raj Finances, Development and Panchayat Department, Punjab, Chandigarh .. Member

28. Shri Sangat Singh Longia, Deputy Director Panchayats, Punjab, Chandigarh .. Member

29. Shri Lakhmir Singh, Secretary, Zila Parishad, Gurdaspur .. Member

(b). Yes.

Imdnrtant .recommendations are placed on the Table of the House

(c) The matter is under consideration of the Government.

(d) & (e) The details of the recommendations made by the Committee are contained in the report which is placed on the Table of the House. These are still under consideration of the Government and therefore the question of giving reasons for their not being accepted does not arise.

[(ੳ) ਹਾਂ ਜੀ ।

ਮੈਂਬਰਾ ਦੇ ਨਾਂ

1. ਸ੍ਰੀ ਸੰਤੋਖ ਸਿੰਘ, ਰੰਧਾਵਾ, ਵਿਕਾਸ ਮੰਤਰੀ, ਪੰਜਾਬ .. ਚੇਅਰਮੈਨ

2. ਸ੍ਰੀ ਪਰਮਜੀਤ ਸਿੰਘ, ਆਈ.ਏ.ਐਸ., ਵਿਕਾਸ ਕਮਿਸ਼ਨਰ ਅਤੇ ਸਕੱਤਰ ਵਿਕਾਸ ਤੇ ਪੰਚਾਇਤ ਵਿਭਾਗ । .. ਮੈਂਬਰ ਸਕੱਤਰ

ਮੈਂਬਰਾਂ ਦੇ ਨਾਂ

3. ਸ੍ਰੀ ਹਰਚੰਦ ਸਿੰਘ, ਐਮ.ਐਲ.ਏ., ਨਜ਼ਦੀਕ ਵਿਕਟੋਰੀਆ ਗਰਲਜ਼ ਹਾਇਰ ਸੈਕੰਡਰੀ ਸਕੂਲ, ਪਟਿਆਲਾ। .. ਮੈਂਬਰ

4. ਗਿਆਨੀ ਅਰਜਨ ਸਿੰਘ ਲਿੱਟ, ਐਮ.ਐਲ.ਏ., ਪਿੰਡ ਬੁਰਜ ਲਿਟਾਂ, ਡਾਕਖਾਨਾ ਹਲਵਾਰਾ, ਜ਼ਿਲ੍ਹਾ ਲੁਧਿਆਣਾ .. ਮੈਂਬਰ

5. ਮਾਸਟਰ ਕੁੰਦਨ ਸਿੰਘ, ਐਮ.ਐਲ.ਏ., ਪਿੰਡ ਪੂੰਗਾ, ਡਾਕਖਾਨਾ ਬੱਸੀ ਦੌਲਤ ਖਾਨ, ਜ਼ਿਲ੍ਹਾ ਹੁਸ਼ਿਆਰਪੁਰ .. ਮੈਂਬਰ

6. ਸ੍ਰੀ ਕਿਰਪਾਲ ਸਿੰਘ ਢਿਲੋਂ, ਐਮ.ਐਲ.ਏ., ਮਹੱਲਾ ਪਰਮਜੀਤ ਗੰਜ, ਕਪੂਰਥਲਾ .. ਮੈਂਬਰ

7. ਸ੍ਰੀ ਧੰਨਾ ਸਿੰਘ ਗੁਲਸ਼ਨ, ਐਮ.ਐਲ.ਏ., ਮੰਡੀ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ .. ਮੈਂਬਰ

8. ਕਾਮਰੇਡ ਅੱਛਰਾ ਸਿੰਘ, ਐਮ.ਐਲ.ਏ., ਪਿੰਡ ਅਤੇ ਡਾਕਖਾਨਾ ਗੋਂਵਾਰਾ, ਜ਼ਿਲ੍ਹਾ ਸੰਗਰੂਰ .. ਮੈਂਬਰ

9. ਸ੍ਰੀ ਜੈ ਮੁਨੀ, ਐਮ.ਐਲ.ਏ., ਪਿੰਡ ਅਤੇ ਡਾਕਖਾਨਾ ਅਵਾਂਖਾ, ਜ਼ਿਲ੍ਹਾ ਗੁਰਦਾਸਪੁਰ .. ਮੈਂਬਰ

10. ਕਾਮਰੇਡ ਰਾਜ ਕੁਮਾਰ, ਐਮ.ਐਲ.ਏ., ਹਾਊਸ ਨੰ: 1403, ਅਮਾਮ ਬਾਰਾ ਚੌਕ, ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ .. ਮੈਂਬਰ

11. ਸ੍ਰੀ ਹਰਚਰਨ ਸਿੰਘ, ਬੀ. ਏ. (Hons.), ਐਲ.ਐਲ.ਬੀ., ਐਮ.ਐਲ.ਏ., ਬਿਅੰਤ ਨਿਵਾਸ, ਡਾਕਖਾਨਾ ਜ਼ਿਲ੍ਹਾ ਜੇਲ੍ਹ, ਰਾਜਾ ਸਾਂਸੀ ਰੋਡ, ਜ਼ਿਲ੍ਹਾ ਅੰਮ੍ਰਿਤਸਰ। .. ਮੈਂਬਰ

12. ਸ੍ਰੀ ਜਸਦੇਵ ਸਿੰਘ ਸੰਧੂ, ਐਮ. ਐਲ. ਏ., ਅਦਾਲਤ ਬਜ਼ਾਰ, ਜ਼ਿਲ੍ਹਾ ਪਟਿਆਲਾ .. ਮੈਂਬਰ

13. ਸ੍ਰੀ ਬਿਅੰਤ ਸਿੰਘ, ਐਮ.ਐਲ.ਏ., ਪਿੰਡ ਕਟਲੀ, ਡਾਕਖਾਨਾ ਪਾਇਲ, ਜ਼ਿਲ੍ਹਾ ਲੁਧਿਆਣਾ .. ਮੈਂਬਰ

14. ਸ੍ਰੀ ਪ੍ਰੇਮ ਸਿੰਘ ਪ੍ਰੇਮ, ਐਮ.ਐਲ.ਏ., ਐਮ.ਐਲ.ਏ., ਫਲੈਟ ਨੰ: 5, ਸੈਕਟਰ 3, ਚੰਡੀਗੜ੍ਹ .. ਮੈਂਬਰ

15. ਸ੍ਰੀ ਸ਼ਮਸ਼ੇਰ ਸਿੰਘ ਜੋਸ਼, ਐਮ. ਐਲ. ਏ., ਖਰੜ, ਜ਼ਿਲ੍ਹਾ ਰੋਪੜ .. ਮੈਂਬਰ

16. ਸ੍ਰੀ ਗੁਰਦੇਵ ਸਿੰਘ ਬਖਸ਼ੀਵਾਲਾ, ਐਮ. ਐਲ. ਏ., ਬੁਢਲਾਡਾ, ਜ਼ਿਲ੍ਹਾ ਬਠਿੰਡਾ .. ਮੈਂਬਰ

17. ਸ਼੍ਰੀ ਰਜਿੰਦਰ ਸਿੰਘ, ਐਕਸ-ਐਮ. ਐਲ. ਸੀ. ਕੇਅਰ ਆਫ਼ ਜ਼ਿਲ੍ਹਾ ਕਾਂਗਰਸ ਕਮੇਟੀ, ਸੰਗਰੂਰ .. ਮੈਂਬਰ

18. ਸ਼੍ਰੀ ਬਲਬੀਰ ਸਿੰਘ ਮਾਨ, ਚੇਅਰਮੈਨ, ਪੰਜਾਬ ਪੰਚਾਇਤ ਪਰਿਸ਼ਦ, ਸਰਹਿੰਦ, ਜ਼ਿਲ੍ਹਾ ਪਟਿਆਲਾ .. ਮੈਂਬਰ

19. ਸ਼੍ਰੀ ਜਾਗੀਰ ਸਿੰਘ, ਐਕਸ-ਚੇਅਰਮੈਨ, ਜ਼ਿਲ੍ਹਾ ਪਰਿਸ਼ਦ, ਗੁਰਦਾਸਪੁਰ .. ਮੈਂਬਰ

20. ਸ਼੍ਰੀ ਸੰਤ ਸਿੰਘ, ਐਕਸ-ਚੇਅਰਮੈਨ, ਪੰਚਾਇਤ ਸੰਮਤੀ, ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ .. ਮੈਂਬਰ

21. ਸ਼੍ਰੀ ਡੀ. ਐਸ. ਚੌਧਰੀ, ਡਾਇਰੈਕਟਰ ਪੰਚਾਇਤ, ਪੰਜਾਬ, ਚੰਡੀਗੜ੍ਹ .. ਮੈਂਬਰ

22. ਸ਼੍ਰੀ ਐਸ.ਐਸ. ਵਿਰਦੀ, ਐਸ.ਈ. ਪੰਚਾਇਤੀ ਰਾਜ, ਪੰਜਾਬ, ਚੰਡੀਗੜ੍ਹ .. ਮੈਂਬਰ

23. ਸ਼੍ਰੀ ਕਰਨੈਲ ਸਿੰਘ, ਰਿਟਾਇਰਡ ਉਪ ਡਾਇਰੈਕਟਰ ਪੰਚਾਇਤ, ਕੋਠੀ ਨੰ: 149, ਸੈਕਟਰ 27-ਏ, ਚੰਡੀਗੜ੍ਹ .. ਮੈਂਬਰ

24. ਸ਼੍ਰੀ ਟੀ.ਐਨ. ਗੁਪਤਾ, ਐਕਸ-ਇੰਜੀਨੀਅਰ, ਜ਼ਿਲ੍ਹਾ ਪਰਿਸ਼ਦ, ਲੁਧਿਆਣਾ .. ਮੈਂਬਰ

25. ਮਿਸ ਤਾਰਾ ਬੇਹਲ, ਉਪ-ਡਾਇਰੈਕਟਰ (W.P.) ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਚੰਡੀਗੜ੍ਹ .. ਮੈਂਬਰ

26. ਸ਼੍ਰੀ ਰਨਜੀਤ ਸਿੰਘ ਮਾਂਗਟ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਸੰਗਰੂਰ .. ਮੈਂਬਰ

27. ਸ਼੍ਰੀ ਬੀ. ਥਾਪਰ, ਕੰਟਰੋਲਰ, ਪੰਚਾਇਤੀ ਰਾਜ ਫ਼ਾਇਨੈਂਸਿਜ਼, ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਚੰਡੀਗੜ੍ਹ .. ਮੈਂਬਰ

28. ਸ਼੍ਰੀ ਸੰਗਤ ਸਿੰਘ ਲੌਂਗੀਆ, ਉਪ ਡਾਇਰੈਕਟਰ ਪੰਚਾਇਤ, ਪੰਜਾਬ, ਚੰਡੀਗੜ੍ਹ .. ਮੈਂਬਰ

29. ਸ਼੍ਰੀ ਲਖਮੀਰ ਸਿਘ, ਸਕੱਤਰ, ਜ਼ਿਲ੍ਹਾ ਪਰਿਸ਼ਦ, ਗੁਰਦਾਸਪੁਰ .. ਮੈਂਬਰ

(ਅ) ਹਾਂ ਜੀ। ਮੱਹਤਵ-ਪੂਰਣ ਸਿਫ਼ਾਰਸ਼ਾਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ।

(ੲ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

[ਰਾਜ ਮੰਤਰੀ ਵਿਕਾਸ]

(ਸ) ਤੇ (ਹ) ਕਮੇਟੀ ਵਲੋਂ ਕੀਤੀਆਂ ਸਿਫਾਰਸ਼ਾਂ ਦੀ ਤਫਸੀਲ ਰਿਪੋਰਟ ਵਿਚ ਦਰਜ ਹੈ, ਜਿਹੜੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਇਹ ਅਜੇ ਵੀ ਸਰਕਾਰ ਦੇ ਵਿਚਾਰ ਅਧੀਨ ਹਨ ਤੇ ਇਸ ਲਈ ਇਨ੍ਹਾਂ ਦੀ ਅਪਰਵਾਨਗੀ ਦੇ ਕਾਰਨ ਦੱਸਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।]

IMPORTANT RECOMMENDATIONS OF THE COMMITTEE ON PANCHAYATI RAJ

Punjab Gram Panchayat Act, 1952.

(1) To make Gram Panchayat a body corporate in place of Gram Sabha as at present.,

(2) To create a new office of Naib-Sarpanch for each Gram Panchayat.

(3) To provide automatic cessation of Sarpanch for his failure to call for two meetings of the Gram Sabha in each year or the meetings of the Gram Panchayat for three consecutive months.

(4) To make the attendance of Gram Sewak and Panchayat Secretary obligatory at the meetings of the Gram Sabha.

(5) To make the Panchayat Secretary responsible for the maintenance of Panchayat records etc.

(6) To provincialise the cadre of Panchayat Secretaries.

(7) To enable the Gram Panchayat to enter into contracts for the collection of taxes imposed by it with any other local authority.

(8) To provide appeal against the order passed by a Gram Panchayat under Section 23 and to vest appellate powers in the District Development and Panchayat officers.

(9) To vest powers of revision in Government against the assessment made by the Block Development and Panchayat Officer and the appeal heard by the Divisional Deputy Director for the loss caused to the Panchayat by a Panch.

(10) To vest the powers of acceptance of resignations of Panches in the Divisional Deputy Director in place of Assistant Director of Panchayats, which post has now been abolished.

(11) To provide appeal to the District Development and Panchayat Officer against the penalty imposed by the Panchayat for tampering with the Panchayat property.

(12) The maintenance of the Panchayat funds in a personal ledger account of the Panchayat Samiti so as to eliminate chances of its embezzlement.

(13) The functions presently assigned to the Sub-Divisional Officers (Civil) have been recommended to be assigned to the District Development and Panchayat Officers.

The Punjab Village Common Lands (Regulation) Act, 1961

(1) To amend the definition of Collector so as to include the District Development and Panchayat Officer.

(2) To add new definition of Assistant Collector, First Grade so as to include the Block Development and Panchayat Officer.

(3) To amend the definition of *shamlat deh* so as to remove confusion and to make it broad-based by including all spaces whether within or outside *abadi deh* not belonging to any person in the said definition.

(4) To provide for adjudication of problems arising as a result of vesting or divesting of *shamlat deh* land by the Collector and to exclude the same from the jurisdiction of Civil Courts.

(5) To provide for the determination of compensation due to the Panchayat from the un-authorised occupants on the lines of the Punjab Public Premises and Land (Eviction and Rent Recovery) Act, 1959.

(6) To make a provision for imprisonment for a term not exceeding two years or a fine which may extend to Rs. 2000 or both for un-authorised occupants of *shamlat* land.

(7) The provision of allotment of *shamlat* land as provided in 3rd provision to Section 5-(1) being un-favourable and a source of complications is recommended to be amended so as to provide safeguard that no Panchayat shall part with, by way of sale, gift or otherwise, more than 40% of the land originally vested in it.

(8) To provide revision in respect of any order passed by the Panchayat or any officer or Court on the lines of Section 100 of the Punjab Gram Panchayat Act, 1952, in cases of apparent injustice.

The Punjab Panchayat Samitis and Zila Parishads Act, 1961.

(1) The composition of Panchayat Samitis and Zila Parishads has been proposed to be changed as given in Annexure-(A).

(2) The Zila Parishad has been proposed to be a body corporate with all man cilliary powers while the Panchayat Samitis will be only statutory body and an implementing agency of the Zila Parishad.

(3) All functions concerning Agriculture, Animal Husbandary, Health Communication, Social Education, Co-oparation and Community Development etc. presently assigned to the Panchayat Samiti shall be transferred to the Zila Parishad.

(4) The Zila Parishad shall be made a strong body, both Administratively and financially and all its executive functions shall be exercised through the Chief Executive Officer who will be a senior officer.

(5) The District Heads of Agriculture, Animal Husbandry, Forest, Industries, Co-operation, Irrigation and Power, Social Welfare-Health and Sanitation, P.W.D. Education Departments, etc. shall be placed under the supervision of the Zila Parishad to the extent required.

Both the Plan and Non-Plan Schemes of these Departments which fall within the District shall be the concern of the Zila Parishad and transferred to it along with the budget and the staff.

(6) Planning shall start from the village level and after consolidation at the Samiti level will be compiled into a District Plan by the Zila Parishad.

(7) The entire land revenue along with the local rates etc. shall be placed at the disposal of the Zila parishad. Besides 9 few other sources of funds are also suggested to be assigned to the Zila Parishad. The Panchayat Samiti will receive its funds from the Zila Parishad.

(Minister of State for Development)

(8) The powers of taxation are proposed to be vested in the Zila Parishad and not in the Panchayat Samiti as at present.

(9) There will be a District Development Council headed by Deputy Commissioner at every district to advise the Zila Parishad in developmental activities.

Similarly State Panchayati Raj Council has been recommended at the State headquarters with Chief Minister as its Chairman, Minister for Development as its Vice Chairman and Development Commissioner as its member Secretary to advise the Government on Panchayati Raj and Community matters.

(10) The post of Director General Rural Development should be created and the officer holding this, post should be of sufficiently high status.

(11) Each Zila Parishad should employ a Law Officer to look after all judicial cases of Panchayati Raj Bodies in the district.

[ਪੰਚਾਇਤੀ ਰਾਜ ਸਬੰਧੀ ਬਣਾਈ ਗਈ ਕਮੇਟੀ ਵਲੋਂ ਕੀਤੀਆਂ ਗਈਆਂ ਮਹੱਤਵ ਪੂਰਨ ਸਿਫ਼ਾਰਸ਼ਾਂ:—

ਪੰਜਾਬ ਗਰਾਮ ਪੰਚਾਇਤ ਐਕਟ, 1952

1. ਗਰਾਮ ਪੰਚਾਇਤ ਨੂੰ ਇਸ ਵੇਲੇ ਦੀ ਗਰਾਮ ਸਭਾ ਦੀ ਥਾਂ ਕਾਰਪੋਰੇਟ ਬਾਡੀ ਬਣਾਉਣਾ।

2. ਹਰ ਗਰਾਮ ਪੰਚਾਇਤ ਵਿਚ ਨਾਇਬ ਸਰਪੰਚ ਦੀ ਨਵੀਂ ਆਸਾਮੀ ਦਾ ਬਣਾਉਣਾ।

3. ਸਰਪੰਚ ਵਲੋਂ ਗਰਾਮ ਸਭਾ ਦੀਆਂ ਸਾਲ ਵਿਚ ਦੋ ਬੈਠਕਾਂ ਅਤੇ ਗਰਾਮ ਪੰਚਾਇਤ ਦੀਆਂ ਲਗਾਤਾਰ 3 ਮਹੀਨੇ ਮੀਟਿੰਗਾਂ ਨਾ ਬੁਲਾਉਣ ਦੀ ਹਾਲਤ ਵਿਚ ਖੁਦ ਬਖੁਦ ਪਦ ਤੋਂ ਹਟਿਆ ਸਮਝਿਆ ਜਾਣ ਬਾਰੇ।

4. ਗਰਾਮ ਸੇਵਕ ਅਤੇ ਪੰਚਾਇਤ ਸਕੱਤਰ ਦੀ ਗਰਾਮ ਸਭਾ ਦੀ ਹਰ ਮੀਟਿੰਗ ਵਿਚ ਹਾਜ਼ਰੀ ਲਾਜ਼ਮੀ ਕਰਨਾ।

5. ਪੰਚਾਇਤ ਸਕੱਤਰ ਨੂੰ ਪੰਚਾਇਤ ਦੇ ਰਿਕਾਰਡ ਦੀ ਸੰਭਾਲ ਅਤੇ ਮੁਕੰਮਲ ਰਖਣ ਬਾਰੇ ਜ਼ੁੰਮੇਵਾਰ ਬਣਾਉਣਾ।

6. ਪੰਚਾਇਤ ਸਕੱਤਰਾਂ ਦੀਆਂ ਆਸਾਮੀਆਂ ਦਾ ਸਰਕਾਰੀਕਰਨ ਕਰਨਾ।

7. ਗਰਾਮ ਪੰਚਾਇਤ ਨੂੰ ਉਸ ਵਲੋਂ ਲਾਏ ਗਏ ਟੈਕਸ ਆਦਿ ਦੀ ਵਸੂਲੀ ਸਬੰਧੀ ਕਿਸੇ ਵੀ ਲੋਕਲ ਅਥਾਰਟੀ ਨਾਲ ਕਨਟਰੈਕਟ ਕਰਨ ਲਈ ਯੋਗ ਬਣਾਉਣਾ।

8. ਗਰਾਮ ਪੰਚਾਇਤ ਐਕਟ ਦੀ ਧਾਰਾ 23 ਅਧੀਨ ਕੀਤੇ ਫ਼ੈਸਲਿਆਂ ਵਿਰੁੱਧ ਅਪੀਲ ਸੁਣਨ ਦੇ ਅਧਿਕਾਰ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਦੇਣਾ।

9. ਕਿਸੇ ਪੰਚ ਵਲੋਂ ਪੰਚਾਇਤ ਦੇ ਕੀਤੇ ਨੁਕਸਾਨ ਦੀ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਵਲੋਂ ਕੀਤੀ ਅਸੈਸਮੈਂਟ ਦੀ ਅਪੀਲ, ਡਿਵੀਜ਼ਨ ਦੇ ਉਪ ਡਾਇਰੈਕਟਰ ਸੁਣਨ ਅਤੇ ਉਨ੍ਹਾਂ ਵਲੋਂ ਕੀਤੇ ਫ਼ੈਸਲੇ ਦੇ ਵਿਚਾਰ ਤੇ ਸੋਧ ਦੇ ਅਧਿਕਾਰ ਸਰਕਾਰ ਨੂੰ ਦੇਣਾ।

10. ਸਹਾਇਕ ਡਾਇਰੈਕਟਰਾਂ ਦੀਆਂ ਆਸਾਮੀਆਂ ਖ਼ਤਮ ਹੋਣ ਕਾਰਨ ਪੰਚਾਂ ਆਦਿ ਦੇ ਅਸਤੀਫੇ ਮਨਜ਼ੂਰ ਕਰਨ ਦੇ ਅਧਿਕਾਰ ਡਵੀਜ਼ਨ ਦੇ ਉਪ-ਡਾਇਰੈਕਟਰਾਂ ਨੂੰ ਦੇਣਾ ।

11. ਪੰਚਾਇਤ ਵਲੋਂ ਕਿਸੇ ਵਿਅਕਤੀ ਵਿਰੁੱਧ ਕੀਤੀ ਗਈ ਕਾਰਵਾਈ, ਜਿਸ ਨੇ ਪੰਚਾਇਤ ਦੀ ਜਾਇਦਾਦ ਦਾ ਨੁਕਸਾਨ ਕੀਤਾ ਹੋਵੇ, ਦੀ ਅਪੀਲ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਸੁਣਨ ਦੇ ਅਧਿਕਾਰ ਦੇਣਾ ।

12. ਪੰਚਾਇਤ ਫੰਡਜ਼ ਨੂੰ ਪੰਚਾਇਤ ਸੰਮਤੀ ਦੇ ਪ੍ਰਸਨਲ ਲੈਜੱਰ ਵਿਚ ਜਮਾਂ ਕਰਵਾਉਣਾ ਤਾਕਿ ਗ਼ਬਨ ਦੀ ਸੰਭਾਵਨਾ ਖ਼ਤਮ ਹੋ ਜਾਵੇ ।

13. ਗਰਾਮ ਪੰਚਾਇਤ ਐਕਟ ਅਧੀਨ ਜੋ ਅਧਿਕਾਰ ਉਪ-ਮੰਡਲ ਅਫ਼ਸਰ (ਸਿਵਲ) ਕੋਲ ਹਨ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਦਿਤੇ ਜਾਣਾ ।

ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਐਕਟ, 1961

1. ਕੁਲੈਕਟਰ ਦੀ ਡੈਫ਼ੀਨੇਸ਼ਨ ਵਿਚ ਸੋਧ ਕਰਕੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਵਿਚ ਸ਼ਾਮਲ ਕਰਨਾ ।

2. ਸਹਾਇਕ ਕੁਲੈਕਟਰ, ਦਰਜਾ ਅੱਵਲ, ਦੀ ਨਵੀਂ ਡੈਫੀਨੇਸ਼ਨ ਸ਼ਾਮਲ ਕਰਕੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਜ਼ ਨੂੰ ਵਿਚ ਸ਼ਾਮਲ ਕਰਨਾ ।

3. ਸ਼ਾਮਲਾਤ ਦੇਹ ਦੀ ਡੈਫ਼ੀਨੇਸ਼ਨ ਵਿਚ ਸੋਧ ਕਰਨਾ ਤਾਂ ਕਿ ਇਸ ਵਿਚ ਸਾਰੀਆਂ ਖਾਲੀ ਥਾਵਾਂ, ਬੇਸ਼ਕ ਆਬਾਦੀ ਦੇਹ ਦੇ ਅੰਦਰ ਜਾਂ ਬਾਹਰ ਹੋਵੇ ਜੇ ਕਿਸੇ ਵਿਅਕਤੀ ਦੀ ਮਲਕੀਅਤ ਨਾ ਹੋਵੇ, ਨੂੰ ਸ਼ਾਮਲਾਤ ਦੇਹ ਵਿਚ ਸ਼ਾਮਲ ਕਰਨਾ ।

4. ਕੁਲੈਕਟਰਾਂ ਨੂੰ ਸ਼ਾਮਲਾਤ ਸਬੰਧੀ ਸਾਰੇ ਝਗੜਿਆਂ, ਮਲਕੀਅਤ ਆਦਿ ਸਮੇਤ, ਦਾ ਨਿਪਟਾਰਾ ਕਰਨ ਦਾ ਅਧਿਕਾਰ ਦੇਣਾ ਅਤੇ ਇਹਨਾਂ ਮਸਲਿਆਂ ਨੂੰ ਸਿਵਲ ਅਦਾਲਤਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਕੱਢਣਾ ।

5. ਅਨ-ਅਧਿਕਾਰਤ ਕਾਬਜ਼ਾਨ ਤੋਂ ਪੰਜਾਬ ਪਬਲਿਕ ਪਰਿਮਿਸਿਜ਼ ਅਤੇ ਲੈਂਡ ਇਵਿਕਸ਼ਨ ਤੇ ਰੈਂਟ ਰਿਕਵਰੀ ਐਕਟ, 1961 ਦੇ ਅਧਾਰ ਤੇ ਪੰਚਾਇਤਾਂ ਨੂੰ ਯੋਗ ਮੁਆਵਜ਼ਾ ਦੇਣਾ ਨੀਯਤ ਕਰਨ ਦਾ ਉਪਬੰਧ ਕਰਨਾ ।

6. ਸ਼ਾਮਲਾਤ ਜ਼ਮੀਨ ਤੇ ਅਨ-ਅਧਿਕਾਰਤ ਕਾਬਜ਼ਾਨ ਨੂੰ ਦੋ ਸਾਲ ਤਕ ਦੀ ਸਜ਼ਾ ਜਾਂ ਜੁਰਮਾਨਾ ਜਿਹੜਾ 2000/- ਰੁਪੈ ਤੱਕ ਹੋਵੇ ਜਾਂ ਦੋਨੋਂ ਸਜ਼ਾਵਾਂ ਦੇਣ ਦਾ ਉਪਬੰਧ ਕਰਨਾ ।

7. ਸ਼ਾਮਲਾਤ ਜ਼ਮੀਨ ਦੀ ਅਲਾਟਮੈਂਟ ਦਾ ਉਪਬੰਧ, ਜਿਵੇਂ ਕਿ ਧਾਰਾ 5 (1) ਦੀ ਤੀਜੀ ਸ਼ਰਤ ਵਿੱਚ ਹੈ, ਪ੍ਰਤਿਕੂਲ ਤੇ ਗੁੰਝਲਾਂ ਦਾ ਸੋਮਾ ਹੋਣ ਕਾਰਨ, ਇਸ ਵਿੱਚ ਬਚਾਉ ਦਾ ਉਪਬੰਧ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਕੋਈ ਵੀ ਪੰਚਾਇਤ ਉਸ ਦੀ ਅਸਲ ਸ਼ਾਮਲਾਤ ਜ਼ਮੀਨ ਦੇ 40% ਤੋਂ ਵੱਧ ਨੂੰ ਵੇਚਣ, ਦਾਨ ਦੇਣ ਜਾਂ ਕਿਸੇ ਹੋਰ ਤਰੀਕੇ ਨਾਲ ਦਸਤ ਬਰਦਾਨ ਨਹੀਂ ਹੋਵੇਗੀ।

[ਰਾਜ ਮੰਤਰੀ ਵਿਕਾਸ]

8. ਉਨ੍ਹਾਂ ਕੇਸਾਂ ਵਿੱਚ ਜਿਹੜੇ ਪੰਚਾਇਤ, ਕਿਸੇ ਅਫ਼ਸਰ ਜਾਂ ਅਦਾਲਤ ਵਲੋਂ ਪਾਸ ਕੀਤੇ ਹੋਣ ਅਤੇ ਜਿਥੇ ਪਰਤੱਖ ਬੇਇਨਸਾਫ਼ੀ ਹੋਈ ਹੋਵੇ, ਉਸ ਹਰ ਕੇਸ ਦੀ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 100 ਦੇ ਅਨੁਕੂਲ, ਸੁਧਾਈ ਕਰਨ ਦਾ ਉਪਬੰਧ ਕਰਨਾ ।

ਪੰਜਾਬ ਪੰਚਾਇਤ ਸੰਮਤੀਜ਼ ਤੇ ਜ਼ਿਲ੍ਹਾ ਪ੍ਰੀਸਦਜ਼ ਐਕਟ, 1961

1. ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀ ਬਣਤਰ ਵਿੱਚ, ਜਿਵੇਂ ਅਨੁਲੱਗ 'A' ਵਿੱਚ ਦਿੱਤਾ ਗਿਆ ਹੈ, ਦੀ ਤਬਦੀਲੀ ਬਾਰੇ ਤਜਵੀਜ਼ ਕੀਤੀ ਗਈ ਹੈ।

2. ਇਹ ਤਜਵੀਜ਼ ਕੀਤੀ ਗਈ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਸਮੇਤ ਸਾਰੇ ਸਹਾਇਕ ਅਖ਼ਤਿਆਰਾਂ ਦਾ ਇਕ ਬਾਡੀ-ਕਾਰਪੋਰੇਟ ਹੋਵੇ, ਜਦੋਂ ਕਿ ਪੰਚਾਇਤ ਸੰਮਤੀ ਕੇਵਲ ਕਾਨੂੰਨੀ ਬਾਡੀ ਤੇ ਜ਼ਿਲ੍ਹਾ ਪ੍ਰੀਸ਼ਦ ਦੀ ਅਮਲੀ ਕਾਰਵਾਈ ਕਰਨ ਵਾਲੀ ਏਜੰਸੀ ਹੋਵੇਗੀ।

3. ਪੰਚਾਇਤ ਸੰਮਤੀ ਦੇ ਖੇਤੀ-ਬਾੜੀ, ਪਸ਼ੂ-ਪਾਲਣ, ਸਿਹਤ, ਸੰਚਾਰ, ਸਮਾਜਕ ਸਿਖਿਆ, ਸਹਿਕਾਰਤਾ ਤੇ ਸਮੂਹਕ ਵਿਕਾਸ ਆਦਿ ਸਬੰਧੀ ਸਾਰੇ ਮੌਜੂਦਾ ਕੰਮ ਜ਼ਿਲ੍ਹਾ ਪ੍ਰੀਸ਼ਦ ਨੂੰ ਸੌਂਪ ਦਿੱਤੇ ਜਾਣਗੇ ।

4. ਜ਼ਿਲ੍ਹਾ ਪ੍ਰੀਸ਼ਦ ਨੂੰ ਪਰਬੰਧਕੀ ਤੇ ਵਿੱਤੀ, ਦੋਹਾਂ ਪੱਖਾਂ ਤੋਂ, ਇਕ ਤਗੜੀ ਸੰਸਥਾ ਬਣਾਇਆ ਜਾਵੇਗਾ ਤੇ ਇਸ ਦੇ ਸਾਰੇ ਕਾਰਜਕਾਰੀ ਕੰਮ, ਇਕ ਚੀਫ਼ ਕਾਰਜਕਾਰੀ ਅਫ਼ਸਰ, ਜਿਹੜਾ ਕਿ ਇਕ ਸੀਨੀਅਰ ਅਫ਼ਸਰ ਹੋਵੇਗਾ, ਰਾਹੀਂ ਕਰਵਾਏ ਜਾਣਗੇ ।

5. ਖੇਤੀ ਬਾੜੀ, ਪਸ਼ੂ ਪਾਲਣ, ਵੱਣ, ਉਦਯੋਗ, ਸਹਿਕਾਰਤਾ, ਸਿੰਜਾਈ ਤੇ ਪਾਵਰ, ਸਮਾਜ ਭਲਾਈ, ਸਿਹਤ ਅਤੇ ਸਫ਼ਾਈ, ਲੋਕ ਨਿਰਮਾਣ ਵਿਭਾਗ, ਅਤੇ ਸਿਖਿਆ ਵਿਭਾਗਾਂ ਦੇ ਸਾਰੇ ਜ਼ਿਲ੍ਹੇ ਦੇ ਮੁਖੀਆ ਅਫ਼ਸਰਾਂ ਨੂੰ ਲੋੜੀਂਦੀਂ ਹੱਦ ਤਾਈਂ, ਜ਼ਿਲ੍ਹਾ ਪ੍ਰੀਸ਼ਦਾਂ ਦੀ ਨਿਗਰਾਨੀ ਅਧੀਨ ਕੀਤਾ ਜਾਵੇਗਾ।

ਇਨ੍ਹਾਂ ਵਿਭਾਗਾਂ ਦੀਆਂ ਦੋਵੇਂ-ਪਲਾਨ ਤੇ ਨਾਨ-ਪਲਾਨ ਜ਼ਿਲ੍ਹਾ ਪੱਧਰ ਦੀਆਂ ਸਕੀਮਾਂ ਜ਼ਿਲ੍ਹਾ ਪ੍ਰੀਸ਼ਦ ਨਾਲ ਸਬੰਧਤ ਹੋਣਗੀਆਂ ਤੇ ਸਮੇਤ ਬਜਟ ਤੇ ਅਮਲੇ ਦੇ ਉਸ ਨੂੰ ਤਬਦੀਲ ਕੀਤੀਆਂ ਜਾਣਗੀਆਂ ।

6. ਵਿਉਂਤਬੰਦੀ ਪੇਂਡੂ-ਪੱਧਰ ਤੋਂ ਆਰੰਭੀ ਜਾਵੇਗੀ ਤੇ ਸੰਮਤੀ ਪੱਧਰ ਤੇ ਇਕੱਤਰਤਾ ਉਪਰੰਤ, ਜ਼ਿਲ੍ਹਾ ਪ੍ਰੀਸ਼ਦ ਵਲੋਂ ਜ਼ਿਲ੍ਹੇ ਦੀ ਪਲਾਨ ਬਣਾਈ ਜਾਵੇਗੀ ।

7. ਸਾਰਾ ਮਾਮਲਾ-ਜ਼ਮੀਨ, ਸਮੇਤ ਲੋਕਲ ਰੇਟ ਆਦਿ ਦੇ, ਜ਼ਿਲ੍ਹਾ ਪ੍ਰੀਸ਼ਦ ਦੇ ਸਪੁਰਦ ਕੀਤਾ ਜਾਵੇਗਾ । ਇਸ ਤੋਂ ਬਿਨਾਂ ਵੀ ਕੁਝ ਦੂਜੇ ਵਿੱਤੀ ਸੋਮਿਆਂ ਨੂੰ ਜ਼ਿਲ੍ਹਾ ਪ੍ਰੀਸ਼ਦ ਦੇ ਸਪੁਰਦ ਕਰਨ ਦਾ ਸੁਝਾਉ ਦਿੱਤਾ ਗਿਆ ਹੈ। ਪੰਚਾਇਤ ਸੰਮਤੀਆਂ ਆਪਣੇ ਫ਼ੰਡ ਜ਼ਿਲ੍ਹਾ ਪ੍ਰੀਸ਼ਦਾਂ ਤੋਂ ਪ੍ਰਾਪਤ ਕਰਨਗੀਆਂ ।

8. ਟੈਕਸ ਲਾਉਣ ਦੇ ਅਖ਼ਤਿਆਰ ਪੰਚਾਇਤ ਸੰਮਤੀਆਂ ਦੀ ਥਾਂ, ਜਿਵੇਂ ਕਿ ਹੁਣ ਹਨ, ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪਣ ਦੀ ਤਜਵੀਜ਼ ਹੈ ।

9. ਵਿਕਾਸ ਦੇ ਕੰਮਾਂ ਸਬੰਧੀ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਅਗਵਾਈ ਦੇਣ ਲਈ, ਡਿਪਟੀ ਕਮਿਸ਼ਨਰ ਦੀ ਪਰਧਾਨਗੀ ਅਧੀਨ ਇਕ ਜ਼ਿਲ੍ਹਾ ਵਿਕਾਸ ਕੌਂਸਲ ਹੋਵੇਗੀ। ਐਨ ਇਸੇ ਪਰਕਾਰ ਪੰਚਾਇਤੀ ਰਾਜ ਦੇ ਸਮੂਹਕ ਵਿਕਾਸ ਦੇ ਕੰਮਾਂ ਸਬੰਧੀ ਸਰਕਾਰ ਨੂੰ ਅਗਵਾਈ ਦੇਣ ਲਈ ਰਾਜ ਪੱਧਰ ਤੇ ਇਕ ਸਟੇਟ ਪੰਚਾਇਤੀ-ਰਾਜ ਕੌਂਸਲ, ਜਿਸ ਦਾ ਹੈੱਡ ਕੁਆਰਟਰ ਸਟੇਟ ਪੱਧਰ ਦਾ ਹੋਵੇਗਾ ਅਤੇ ਜਿਸ ਦੇ ਪਰਧਾਨ, ਮੁੱਖ ਮੰਤਰੀ, ਮੀਤ ਪਰਧਾਨ, ਵਿਕਾਸ ਮੰਤਰੀ, ਅਤੇ ਵਿਕਾਸ ਕਮਿਸ਼ਨਰ ਮੈਂਬਰ ਸਕੱਤਰ ਹੋਣਗੇ, ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ।

10. ਡਾਇਰੈਕਟਰ ਜਨਰਲ, ਪੇਂਡੂ ਵਿਕਾਸ ਦੀ ਇਕ ਆਸਾਮੀ ਬਣਾਈ ਜਾਵੇ ਤੇ ਇਸ ਆਸਾਮੀ ਤੇ ਲਗਣ ਵਾਲੇ ਅਫ਼ਸਰ ਕਾਫ਼ੀ ਉੱਚੇ ਅਹੁਦੇ ਵਾਲੇ ਹੋਣੇ ਚਾਹੀਦੇ ਹਨ।

11. ਜ਼ਿਲ੍ਹੇ ਵਿੱਚ ਸਾਰੀਆਂ ਪੰਚਾਇਤੀ-ਰਾਜ ਸੰਸਥਾਵਾਂ ਦੇ ਜੁਡੀਸ਼ੀਅਲ ਕੇਸਾਂ ਦੀ ਪੈਰਵੀ ਲਈ, ਜ਼ਿਲ੍ਹਾ ਪ੍ਰੀਸ਼ਦ ਇਕ ਕਾਨੂੰਨੀ ਅਫ਼ਸਰ ਭਰਤੀ ਕਰੇ।]

ANNEXURE 'A'

Composition of Zila Parished

1. Members of each Block (treated Block as a single Unit)	4	3	General/Scheduled Caste 1 By election.
2. Ladies	4	3	General Scheduled Caste 1 By Co-option.
3. All M. L.As. of the district			whose constituency or part of it falls in the territory of the Zila parishad with voting right. He will not hold office.
4. All M.P.s of the District			
5. Backward Classes.			1 for the whole District By co-option.
6. D. C.—Ex-officio member (without voting right)			

Note :— (1) No T.A., D.A., will be permissible to MLAs/MPs (provision to be made in the rule).

(2) Co-option, wherever provided, be so as to make up deficiency of the total number of Lady and Scheduled Caste members.

Composition of Panchayat Samiti

		General	Sch. Caste.
1. All members of the Zila Parished will be the members of the Panchayat Samiti		4	
2. Members elected to the Panchayat Samiti	8	6	2
3. A representative to be elected by Market Committee having jurisdiction within the Block.		1	
4. A representative to be elected by Marketing Societies having jurisdiction within the Block.		1	

[Minister of State for Development]

5. Lady Members	2 By co-option if not otherwise elected or fed down from the Zila Parishad.
6. M.L.A.s	Whose constituency falls in the territory of the Panchayat Samiti. He will be the Associate Member with voting right. No TA/DA will be admissible. He will not hold office.
7. Backward Classes	1 To be coopted if not otherwise elected or if not fed down from the Zila Parishad.
8. Co-opted members of the Zila Parishad residing in the Block, if any	
9. S.D.O. (C)	Ex-officio member without voting right.

REPORT OF THE COMMITTEE ON PANCHAYATI RAJ

A Drafting Committee was constituted by the Government, in order to set up a Directorate of Panchayati Raj and Community Development and to suggest improvements in the existing structure of Panchayati Raj in the State. The Committee prepared its report on the Directorate of Panchayati Raj and submitted the same to Government in the last week of January, 1974. Thereafter, it completed its second task by preparing a working paper containing suggestions for improvement in the Panchayati Raj set up. The working paper was considered by a Committee consisting of M.L.A.s, officials and non-officials whose list is annexed hereto. The meetings of the enlarged Committee were held on 14th and 15th of May, 1974, and thereafter on 5th, 6th and 7th June, 1974 at Chandigarh. Again the Committee met at Simla from 2nd to 5th July, 1974 and also at Chandigarh from 23rd July to 24th July, 1974 and 12th, 13th and 25th September, 1974. The recommendations of the High Power Committee are reproduced below :—

A. PANCHAYATS (PUNJAB GRAM PANCHAYAT ACT, 1952)

1. Changes in Definitions

1.1. It was agreed by the Committee that some existing definitions as given in Section 3 may be modified and new ones added so as to make the Act self-contained. It was discovered that the word "Collector" has not been defined in the Punjab Gram Panchayat Act, 1952, although the Collector plays an important role under this Act. It was, therefore, approved that the following definition of Collector may be added :—

"(cc) "Collector" means the Collector of the District or such other officer not below the rank of District Development and Panchayat Officer, as may be specially appointed by the Government to perform the functions of Collector under this Act."

1.2. It was further approved by the Committee that the definition of District Development and Panchayat Officer may also be added as it was envisaged that hence forth the District Development and Panchayat Officer, shall play an important role in administering the various provisions of the Punjab Gram Panchayat Act. The following definition of District Development and Panchayat Officer may, therefore, be inserted as :—

"(ccc) "District Development and Panchayat Officer" shall mean an officer appointed by the State Government to perform the functions assigned to a District Development and Panchayat Officer under this Act."

It was further decided that Deputy Director may be defined as follows :—

"(cc) "Deputy Director, Panchayats" shall mean an officer appointed by the State Government to perform the functions of Deputy Director, Panchayats under this Act."

2. Structural Changes

2.1. The Committee, after good deal of discussion, approved the suggestion of the Drafting Committee that it is the Gram Panchayat rather than the Gram Sabha which should be declared to be a body corporate. This was the position in the original Act of 1952. The Drafting Committee had made this proposal in the light of the practical difficulties which are faced by the field staff in transacting day to day business. For instance Rule 4 of the Punjab Gram Panchayat Rules, 1965 as amended upto 31st July, 1972 prescribes that no property movable or immovable shall be purchased or sold by a Panchayat without a formal resolution of Gram Sabha. Normally it is not possible to secure a resolution as and when required with the result that Gram Panchayats deal with the Panchayat properties in an irregular manner. It was, therefore, approved that section 5 may be re-worded as follows :—

"5(1) Government may, by notification, establish a Gram Panchayat by name in every Sabha area.

5(2) Every Gram Panchayat shall, by the name, notified under Sub-section (1) be a body corporate having perpetual succession, and a common seal and subject to any restrictions by or under this Act or any other law, shall have power to acquire, hold, administer and transfer property, movable or immovable, and to enter into contracts and shall by the said name sue or be sued and do all such things as are necessary for which it is constituted."

2.2. The above proposal was also found to derive support from the Punjab Municipal Act, 1911 where-under it is the Municipal Committee and not the Municipality which is a body corporate.

The amendment to Section 5 as discussed above, would require slight change in Section 4 as well. Since the Sabha will no longer be established by a notification some provision has got to be made for the constitution of the Sabha. It was, therefore, approved by the Committee that a new Sub-section 4 may be added to section 4 as follows :—

"the persons who for the time being are entered as voters on the electoral rolls of the Punjab Legislative Assembly pertaining to the Sabha area shall constitute the Gram Sabha."

2.3. As a consequence of the above change, Sub-section (3) of Section 5 shall be deleted and the definition of Sabha as given in Section 3 (mm) shall be reworded as follows :—

"Sabha means a Gram Sabha as defined in Section 4(4)."

2.4. It was further approved by the Committee that in view of the foregoing changes, Section 6 shall have to be modified as follows :—

"6(1) Every Sabha shall, in the prescribed manner, elect from amongst its members, a Chairman of the Sabha and members of the Gram Panchayat consisting of such number of persons not being less than 5 and more than 11 including the Chairman."

The proviso to Sub-section (1) shall be retained as the Committee did not agree to abolish the system of co-option.

[Minister of State for Development]

Sub-Section (2) will, further, be reworded as follows :—

"(2). The Chairman of the Sabha shall be called the Sarpanch of the Gram Panchayat and the members of the Gram Panchayat shall be styled as Panches."

2.5. Section 6(5) shall also be amended by adding three new clauses as follows :—

"(m) is in unauthorised occupation of Panchayat property."

"(n) has been convicted under the untouchability Act, 1955 during the last five years."

"(o) who is a Sarpanch and has more cash in hand than permitted under the rules or has not handed over the record of the Gram Panchayat to the Panchayat Secretary before filing his nomination papers."

In the opinion of the Committee the three new clauses will have a very wholesome effect. The disputes arising out of unwillingness of outgoing Sarpanches to hand over the Panchayat record to their successors will also not arise.

NAIB-SARPANCH

2.6. It was approved by the Committee that there should be a Naib Sarpanch in the Panchayat who will act as Sarpanch not only during the absence of the Sarpanch or his suspension period but also in the event of casual vacancy till such time as the new Sarpanch is elected. The Committee accepted the principle that the Naib-Sarpanch shall be elected by the Panches from amongst themselves by a simple majority vote but shall be removable from office only by 2/3rd majority of the members actually serving at the time. It was, therefore, decided to add a new Section 9(A) as follows :—

"(1) At the first meeting of the Gram Panchayat, the members shall elect a Naib-Sarpanch from amongst themselves in the prescribed manner;

provided that the Government, may, by a general order, direct the Panchayats, existing on the date of the enforcement of the Punjab Gram Panchayat (Amendment) Act, 1974 to elect Naib-Sarpanches in the prescribed manner.

(2) The Naib-Sarpanch may be removed from office in the prescribed manner by 2/3rd majority of the Panches actually serving at that time."

2.7. The Committee also approved the suggestion that there should be no bye-election in the village except in the case of an election set-aside by Election Tribunal. All casual vacancies occuring in the office of the Panches shall be filled by cooption by the prescribed authority in the prescribed manner. It was, therefore, decided to recast Section 10 as follows :—

"(1) Whenever a vacancy occurs by the death, resignation or removal of a Sarpanch the Naib-Sarpanch shall act as Sarpanch from the date of such vacancy till the new Sarpanch is elected which shall not be later than six months from the date of the occurrence of the vacancy.

(2) Whenever a vacancy occurs by the death, resignation or removal of a Naib-Sarpanch, the members of the Gram Panchayat serving at the time shall elect a new Naib-Sarpanch in the prescribed manner.

(3) Whenever a vacancy occurs by the death, resignation or removal of a member of the Panchayat, the vacancy shall be filled by cooption by the prescribed authority in the manner prescribed.

3. HARI SAWANI MEETINGS

3.1. It was approved by the Committee that the holding of Hari and Sawani meetings should be made obligatory by making stringent punitive provisions in the Act. It was also agreed by the Committee that the present system of convening the meetings is not very effective because in the event of the failure of the Sarpanch to convene these meetings, the Panchayat Samiti has to do the needful which has been found to be impracticable.

The Committee approved that Section 12 should be amended as follows :—

"(1) (a) The Sarpanch shall hold two general meetings of the Sabha in each year, one after the harvesting of Sawani crop (hereinafter call at the Sawani meeting) and the other after the harvesting of Hari crop (hereinafter called the Hari meeting) on such dates as may be fixed by the Panchayat Samiti:

Provided that the Sarpanch under unavoidable circumstances may direct the Naib-Sarpanch by giving him a reasonable notice in writing to hold the meeting of the Sabha or to preside over it in his absence and the Naib-Sarpanch shall comply with the directive.

(b) If the Sarpanch fails to call two consecutive meetings of the Sabha he shall cease to be the Sarpanch from the date on which the second meeting was to be called:

Provided that the District Development and Panchayat Officer on receipt of information from the Block Development and Panchayat Officer regarding the failure of the Sarpanch to hold meetings of the Sabha as prescribed above shall notify such cessation of the Sarpanch to the Panchayat Samiti and the Panchayat concerned.

Provided further that the Director may reinstate the Sarpanch on his showing sufficient cause ragarding his inability to call the meeting provided he makes the necessary application to the Director in this behalf within thirty days from the date of notification of cessation issued by the District Development and Panchayat Officer.

(2) The Sarpanch may at any time, and, where a requisition in writing of the Panchayat Samiti or of not less than one-fifth of the total number of members of the Sabha has been received by him, shall within thirty days from the receipt of such requisition, call an extra-ordinary general meeting of the Sabha.

(3) If a general meeting or an extra-ordinary general meeting is not called as required by Sub-Section (1) and (2), the Executive Officer of the Panchayat Samiti or his nominee who shall not below the rank of an Extension Officer shall call such meeting.

(4) The meetings of the Sabha be conducted and the time and place of such meetings shall be published in such manner as may be prescribed.

(5) For any meeting of the Sabha, one-fifth of the total number of its members shall form a quorum.

The Committee agree to abolish the proviso as it was likely to be misused.

(6) The Gram Sewak and the Panchayat Secretary concerned shall attend the general meeting to assist the Sarpanch in the conduct of the meetings.

(Minister of State for Development)

Provided that the Panchayat, may require in writing, any other village level functionary to attend any meeting of the Gram Sabha to tender advice in respect of any matter concerning his Department and every such functionary shall comply with such requisition."

3.2. A slight change in Section 13 was also approved by the Committee. The existing section provides that at the Sawani meeting the Sabha shall consider the budget prepared by the Gram Panchayat and at its Hari meeting consider the report of the working of the Gram Panchayat and draw out development plans for the Sabha area. This is in conflict with the provisions of Section 113 infra. It was, therefore, decided to recast Section 13 as follows—

"The Sabha shall at its Sawani meeting consider the budget prepared by the Gram Panchayat, the report of the working of the Gram Panchayat and the future development programme and the plans for the next year and at its Hari meeting the Sabha shall review the general progress of the Development Plans in the Sabha area, in the manner preseribed."

4. Election Petitions

4.1. Section 13-0: The Committee gave careful consideration to Section 13-0 (d) and came to the conclusion that this provision created unnecessary complications. The Committee, therefore, recommended that if on a recount of votes, it is found that the elected person in fact had secured less valid votes than the defeated candidate or candidates, as the case may be, the prescribed authority may declare the defeated candidate found to have secured the largest number of valid votes as duly elected. In other cases, however, election will be merely setaside, as provided. A provision may, however, be added to the following effect—

"Provided that if on a recount of votes, it is found that the elected person in fact had secured less valid votes than the defeated candidate/candidates as the case may be, the prescribed authority may declare the defeated candidate found to have secured the largest number of valid votes as duly elected."

4.2. Corrupt Practices

Section 13 (T): The Committee has recommended that in the proviso to this section the word "Government" may be replaced by the word "Director" so that routine or unimportant matter may not go to the Government.

5. Conduct of Business of Gram Panchayats

Section 14: The Committee considered the implications of Section 14 regarding the conduct of business of the Panchayats. They felt that the Sarpanches were neither regular in holding of the meetings nor they tried to secure the co-operation of other Panches. The Commtttee, therefore, recommended that Section 14 should be reworded as follows:—

Section 14 (1) The meeting of the Gram Panchayat shall be public and shall be held atleast once a month at public place within the Sabha area for which it is established and at every such meeting, the date, time and place of the next meeting shall be fixed in consultation with the Panches attending the meeting and shall, in the prescribed manner, be intimated to the Panehes who may be absent from the meeting.

(2) If any Sarpanch fails to call the ordinary meetings of the Gram Panchayat for three consecutive months, he shall cease to be the Sarpanch from the last date of the third month. The District Development and Panchayat Officer of the District shall inform the Panchayat, the sarpanch and the Executive Officer of the Panchayat Samiti concerned about the Sarpanch having ceased to be the Sarpanch:

Provided that the Director may reinstate the Sarpanch on his showing sufficient cause regarding his inability to call the said meeting and making the necessary application to the Director in this behalf within thirty days from the receipt by him of information on his having ceased to be the Sarpanch.

(3) The majority of panches serving at any time shall form the quorum for a meeting:

(4) The decisions of the panchayat shall be by majority and when the voting is equal, the Sarpanch shall have an additional or casting vote.

Provided that all proceedings of the meetings of the Panchayat shall be recorded and duly signed by the Members of the Panchayat attending the meeting and authenticated by the Panchayat Secretary.

(5) A copy of the record of every non-judicial proceeding or resolution of the Gram Panchayat shall be forwarded to the Executive Officer of the Panchayat Samiti concerned by the Panchayat Secretary within three days of the date of the meeting.

6. Panchayat Secretaries

6.1. The Committee felt that the panchayat Secretaries were not discharging their duties properly but were also exploiting the illiteracy of the Sarpanches. There is a lacuna in the Act to the effect that no legal responsibility has been cast on the Panchayat Secretary in respect of the maintenance and correctness of the Panchayat record, the Committee has, therefore, recommended that the existing Section 15 may be substituted by a new Section 15 as follows on the lines adopted by the Haryana Government so as to specify the duties and functions of Panchayat Secretaries—

"Section 15—Appointment of Panchayat Secretary

(1) There shall be a Panchayat Secretary for a Gram Panchayat or a group of Gram Panchayats who shall be appointed by Government.

(2) On the appointment of Panchayat Secretaries under sub-section (1) the existing Secretary of the Gram Panchayat or the group of Gram Panchayats shall cease to hold office as such:

Provided that Government may, after such screening as it may consider necessary re-employ the existing Panchayat Secretaries.

(3) Subject to such rules as may be made in this behalf, Government may, for making payment of the remuneration, leave salary and allowances, etc. the Panchayat Secretary so appointed, levy contribution from the Gram panchayat Funds concerned in such prop-ortion as may be fixed by it.

(4) The Panchayat Secretary shall perform such duties and functions in relation to a Gram panchayat as may be Prescribed by Rules.

Section 16

6.2. The existing Section 15 Shall be re-positioned so as to take the place of the existing Section 16. The Committee approves slight changes in this Section in the context of the changes recommended earlier. The new Section 16 shall be reworded as follows :—

" 16 (1) The Sarpanch and in his absence the Naib-Sarpanch and in the absence of both of them the panch elected by the Panchayat for the purpose shall be responsible for the safe custody of all the prescribed records and registers and the maintenance of all

(Minister of State for Development)

property vested in the Gram Panchayat and on the vacation of his office the outgoing Sarpanch or Naib Sarpanch or panch shall hand them over to the Sarpanch or the Naib Sarpanch or such other panch as may authorised in this behalf by the Districts. Development and Panchayat Officer.

(3) In sub—section (3) the word "Deputy Commissioner" shall be substituted with the words "District Development and Panchayat Officer".

(4) Imprisonment be enhanced to two years.

(5) Sub—section (5) shall be re—worded as follows :

"An offence under sub—section (4) shall be a cognizable offence."

The Committee feel that in majority of cases either the Executive Officers do not move against the defaulting Panches or Sarpanch and if at all they move, they face innumerable difficulties in the Courts. On the other hand, the defaulting Panches and Sarpanches are taking the whole thing very lightly. The Committee, therefore, consider it desirable that the Police should put in regular challans in such cases after proper investigation and the term of imprisonment be enhanced to two years.

7. ADMINISTRATIVE DUTIES AND FUNCTIONS

Section 20.

7.1. The Committee also approved that in Section 20 the words "The Punjab District Boards Act, 1883" may be substituted by the words "The Punjab Panchayat Samitis and Zila Parishads Act, 1961" and the words "District Board" wherever occurring in this Section by the words "Zila Parishad".

7.2. Likewise the words "District Board" may be substituted by the words "Zila Parishad" in Section 31, 35 and 98.

7.3. The Committee recommended that the opening line of Section 21(1) may be substituted as follows :—

"21. (1) A Gram Panchayat either suomoto or on receiving a report or other information and on taking such other evidence, if any, as it may think fit, may make a conditional order etc. etc."

7.4. The Committee approved that in Section 22 a new clause (t) may be added as follows :—

"(t) regulate the use of loud speakers in the Sabha area."

7.5. Under Sections 21, 22 and 23 certain Administrative functions are performed by the Gram Panchayats and in Section 23 a penalty for dis—obedience is also provided. But strangely enough, there is no provision for appeal against any of the orders passed by the Gram Panchayat under these Sections to any higher authority. The result is that people go to judicial courts against such administrative orders particularly under Section 51. The courts treat the orders passed under this Section as quasi judicial orders and, therefore, take cognizance when appeals are filed before them. The Committee approved that a new Section 23—A may be added after Section—23 and worded as follows :—

"23—A. Any person aggrieved by an order of Gram Panchayat made under the last three preceding Sections, may, within 30 days of the passing of the order, appeal to the District Development and Panchayat Officer whose order shall be final".

7.6. The Committee also approved that in Section 23 the words "twenty five rupees" may be substituted by the "fifty rupees" and the words "one rupee" by the words "five rupees,"

Collection of Taxes

7.7. The Committee felt that there is no satisfactory provision for the collection of house tax and other taxes and dues in the Punjab Gram Panchayat Act, 1952. The Committee, therefore, approved that a new sub-section may be added to Section 25 as follows :—

"25. (2) A Gram Panchayat may likewise in respect of any area within its jurisdiction enter into contract with Government or a Local body for the collection of its taxes or dues payable to it on payment of such collection charges as may be prescribed."

This will enable the Panchayat to enter into an arrangement with the Zila Parishad for Collection of its taxes on a reasonable basis.

Power to introduce prohibition Section 26

7.8, The Committee felt that the resolution of the Panchayat should be passed at least six months before April next so that the Excise and Taxation Department gets sufficient time to adjust its arrangements accordingly. Section 26 shall be recast as follows :—

"26, (1) A Gram panchayat may by vote of atleast two—thirds majority of panches, direct that intoxicating liquer may not be sold at any shop within the Sabha area of the Panchayat, provided such resolution is passed not later than 30th September of the year.

(2) When a resolution has been passed under sub-section (1) above, it shall not with standing any provision to the contrary in any other law for the time being inforce, take effect from first day of April of the year next after such resolution.

(3) Not with standing anything contained in the Punjab Excise Act, 1914, or any other Act for the time being in force and the rule made there-under with regard to the powers and functions of the collector under the Said Act, such a resolution shall be binding upon the Excise and Taxation Commissioner."

The Committee approved that the Proviso vesting discretion in the Excise and Taxation Commissioner should be Committed,

Fairs and Markets Section 31

7.9. The Committee felt that a large number of important fairs and markets are held in certain Sabha areas which gives Sizeable income. However, the Panchayats are not in a position to manage them properly and to derive full income. The Committee, therefore, approved that Section 31 of the Gram Panchayat Act, may be reworded as follows :—

"31. (1) The Gram Panchayat may, with the consent and subject to the supervision of the Zila Parishad start, manage and regulate fairs and markets as may be specified by Government with such conditions including sharing of income there-from as may be prescribed."

Institution of complaints Section 43

8.1. The Committee felt that the provision of making oral crimina complaints to the Panchayats was not in order. It is provided in subl Section (2) that in case the complaint is made orally such particular- as may be prescribed, shall be recorded by the Sarpanch ois

(Minister of State for Development)

Panch, as the case may be. Normally, the Sarpanch/Panches are illiterate and unable to comply with this provision. Section 43 should be reworded as follows :—

"43. (1) Any person who wishes to institute a criminal case before a Panchayat, shall make a complaint in writing to the Sarpanch, and in his absence to the Naib-Sarpanch and in the absence, of both of them, to any Panch in person or by registered post and shall, at the same time, pay the fee prescribed in Schedule III :

Provided that if the court fee stamp is not available at the place where the Panchayat ordinarily sits, any equivalent amount shall be paid in cash or through money order.

(2) Such particulars of the complaints as may be prescribed shall be recorded by the Panchayat Secretary in the register prescribed for the purpose.

Sub-Section (3) shall be retained as it is.

8.2. **Restoration of dismissed complaints Section 44.**—The Committe felt that there is no satisfactory time limit prescribed for applications to restore dismissed complaints. They, therefore, approved that the proviso to sub-section (3) may be recast as follows :—

"Provided that no order of dismissal shall be set aside without a notice to the accused if it has been passed after his appearance before the Panchayat and a request for revival of proceedings is not made within 30 days of the order of dismissal."

8.3. **Issuance of warrant of arrest Section 46.**—The Committee approved that the word "Magistrate" wherever occurring in this Section should be substituted by the words "Executive Magistrate" so that the Panchayats may not feel any difficulty in securing presence of defaulting parties in criminal cases.

8.4.—**Manner of recording & announcing decision.**—The Committee felt that the manner of recording and announcing decisions by Panchayats was not satisfactory particularly in judicial cases. They, therefore, recommended that a new sub-section (3) may be added to the existing Section 66 as follows :—

"All judicial decisions made by a Gram Panchayat shall be by the majority vote and shall be announced in the open meeting by the Sarpanch, Naib-Sarpanch or the panch who may happen to preside over the meeting. The decision shall be recorded and duly signed by the Members of the Panchayat attending the meeting and authenticated by the Panchayat Secretary. Any Panch not concurring in the decision may record a dissenting note which will form part of the decision."

Section 979. Power to suspend the action of Gram Panchayat.

9.1. The Committee felt that Section 97 was quite vague and so far as possible it should be recast on the lines of Section 102 of the Punjab Panchayat Samitis and Zila Parishads Act, 1961. They approved that this section be recast as follows :—

97(1) The Deputy Commissioner or the District Development and Panchayat Officer, as the case may be by written order suspend the execution of any resolution or order of the Gram Panchayat other than an order passed in judicial proceeding under this Act, if in their opinion, such resolution—

(a) is not legally paased; or

(b) is in excess or abuse of the powers conferred by order under this Act or any other law; or

(c) on its execution is likely to cause danger to human life, health or safety or is likely to lead to a riot or affray;

(d) is likely to cause waste or damage of the Panchayat fund or of property of the Gram Panchayat.

(8) The Deputy Commissioner or the District Development and Panchayat Officer, as the case may be, shall forthwith send to the Director a copy of the order with a statement of his reason for making it, and with such explanation as the Gram Panchayat may offer and the Director may thereupon confirm, modify or rescind the order or cancel the resolution.

Provided that no order prejudicial to the Gram Panchayat concerned shall be passed by the Director unless it has been given an opportunity for presentation of its case.

Section 99. 9.2. The Committee also recommended amendments in Section 99. In section 99(1) the words "Sub-Divisional Officer" shall be replaced by the words "District Development and Panchayat Officer".

Section 99. (2) (a) If in the opinion of the Director, the Gram panchayat has failed or is otherwise incompetent to administer its property movable or immovable, in the best interest of the inhabitants of the Sabha area, the Director may in consultation with the Panchayat Samiti concerned appoint a person to administer such property for and on behalf of the Gram Panchayat under the general supervision of the Executive Officer of the Panchayat Samiti.

Provided that the Director may at any time direct the termination of such arrangement and thereon the administration of the property shall be resumed by the Gram Panchayat.

In Sub-Section (3) the following words may be substituted after the words fixed "by the Executive Officer of the Panchayat Samiti with the approval of the Director".

In Sub-section (5) the words "Sub-Divisional Officer" may be substituted by the words "District Development and Panchayat Officer".

Section 102 suspension and removal of Panches. 10. The Committee feel that the existing Section 102 is defective. It does not make any provision for the following :—

(1) It does not vest power in the Director of Panchayats to suspend any Panch or Sarpanch;

(2) It does not provide suspension for a Panch or Sarpanch in case of his arrest on a criminal charge involving moral turpitude or defect of character;

(3) It does not provide for an appeal against suspension.

So far as point No. 3 is concerned the Committee decided that a provision for appeal need not be made as suspension was not a punishment. However, a provision should be made to the effect that if the enquiry was not completed within 4 months, the Panch or Sarpanch shall stand automatically reinstated without prejudice to the result of the enquiry against him provided he is not in judicial custody.

(Minister of State for Development)

Section 102 (1) The Deputy Commissioner or the District Development and Panchayat Officer as the case may be, may after holding such preliminary enquiry as he may consider necessary suspend a Panch for any of the reason for which he can be removed or on his arrest on a charge involving moral turpitude or a defect of character and debar him from taking part in any act or proceedings of the said body during the period and order him to hand over the records, money or any property of the said body to the person authorised in this behalf.

Section 102 (2) Every such suspension shall be reported forthwith by the Deputy Commissioner or the District Development and Panchayat Officer, to the Director, who may order a regular enquiry against the Panch under suspension.

Section 102 (3)

If the enquiry so ordered is not completed within a period of 4 months from the date of suspension, the Panch shall be reinstated by the suspending authority without prejudice to the result of the enquiry against him under intimation to the Director provided the Panch under suspension is not in judicial custody or the period of 4 months has not elapsed due to any default on his part.

The existing Sub-section (2) shall be renumbered as Sub-section (4) and the opening line shall be re-worded as follows:—

"The Government may on receipt of the enquiry report and after such examination of the report as it may deem necessary remove any Panch.........."

(Explanation) : Under explanation to Clause 'd' a 3rd item may be added as follows :—

(i) To produce the Panchayat record on being required to do so by a Panchayat Officer or carry out the lawful orders of a competent authority or any officer authorised by Government in this behalf.

11. **Section 103.—Suspension or Abolition of Gram Panchayats and Consequences thereof.**

The Committee has given careful consideration to Section 103 and feels that before suspending or abolishing a Gram Panchayat reasonable opportunity should be given. Therefore, a proviso should be added after sub-section (1) as follows:—

"Provided that no Gram Panchayat or Adalti Panchayat shall be suspended or superseded unless it has been given a reasonable opportunity to show cause why such an order should not be made."

12. **Section 104.—Protection to the Panches from Arrest.**

It was felt by the Committee that sometimes Panches and Sarpanches are arrested by the Police indiscriminately for acts done by them in good faith in the discharge of their official duties. The Committee, therefore, recommended that sub-section (3) may be added to Section 104 as follows:—

"No Panch shall be arrested without prior written permission of the District Development and Panchayat Officer for any act done by him in the discharge of his duties imposed under this Act."

13. **Section 105—Liability of Members**

13.1 The Members of the Committee were of the unanimous view that amendment was necessary in this Section, as the Panches and Sarpanches manage to get away scot-free after causing loss to the Gram Panchayat by negligence or otherwise It was, therefore, recommended that in sub-section (2) the words "District Panchayat Officer concerned" may be substituted by the words "Block Development and Panchayat Officer concerned." The Committee further recommended that a proviso may be added to this sub-section as follows:—

'Provided that where the Sarpanch or the Panch concerned happens to be the Chairman or Vice Chairman or a Member of this Panchayat Samiti the proceedings under this sub-section shall be taken by the District Development and Panchayat Officer.

Provided further that where such Sarpanch or Panch happens to be the Chairman or Vice-Chairman or a Member of the Zila Parishad the necessary proceedings against him under this sub-section shall be taken by the Deputy Director of Panchayats."

13.2 Since the posts of Assistant Directors have been abolished, sub-section (3) shall be re-worded as follows:—

"Any person or Panchayat aggrieved by an order made under sub-section (2) of this Section may, within thirty days of the date of such order, appeal to the District Development and Panchayat Officer if the order has been made by the Block Development and Panchayat Officer, to the Deputy Director of Panchayats if the order has been made by the District Development and Panchayat Officer and to the Director of Panchayats if the order has been made by the Deputy Director. On such appeal being filed the Appellate Authority may suspend the execution of the order upon such terms as to cost, payment into court or otherwise as he thinks fit, but subject to the result of such appeal , if any, the order of the Block Development and Panchayat Officer, District Development and Panchayat Officer, or the Deputy Director, as the case may be shall be final."

The Committee also recommended amendment of sub-section (4) as follows:—

"Not withstanding anything contained in this Section no person shall be called upon to explain why he should not be required to make good any loss, after the expiry of four years from the occurrence of the loss, wastes or mis-application, or after the expiry of two years from his ceasing to be a member, whichever is later.

14. Section 106—Resignations

Since the posts of Assistant Directors of Panchayats have been abolished, the Committee has recommended that in Section 106, the words "Assistant Directors of Panchayats" may be substituted by the words "Deputy Directors of Panchayats".

Section 108—Suits Against Panchayats and its officers.

The Committee feel that the words "Gram Panchayat" should also be included in Section 108 (1) so that no suit or any legal proceedings may be brought against a Gram Panchayat until after the expiration of two months notice given in writing.

15. Section 109—Penalty for Tampering with the Property.

15.1 The Committee approved that in sub-section (1) of section 109 Government and public property should also be included alongwith the property of Gram Panchayat. It was further recommended by the Committee that the penalty provided under Sub-section (1) should be enhanced from Rs. 25 to Rs. 50. The Committee further suggested that sub-section (3) may be added as follows:—

"Any person aggrieved by an order made under sub-section (1) of sub -section (3) may appeal to the District Development and Panchayat Officer within thirty days of the date of such order".

15.2. The Committee was further of the view that there was no penal provision to punish any person who may obstruct a Panchayat or any member there of in the lawful discharge of their duties. It was, therefore, suggested that a new Section 109-A may be added as follows:—

"Any person found guilty of obstructing a Panchayat or a servant of a Gram Panchayat in the discharge of his lawful duties shall, on conviction by the Gram Panchayat, be punishable with fine which may extend to fifty rupees."

B. The Punjab Village Common Lands (Regulation) Act, 1961.

The Committee carefully examined the various provisions of this Act and came to the conclusion that it suffers from a number of deficiencies which should be made good.

[Minister of State for Development]

1.1 The Committee recommended that the definition of Collector should be modified as follows:—

"Collector" means the Collector of the District in which the village is situated or such other officer, not below the rank of a District Development and Panchayat Officer, as may be specially appointed by the State Government to perform the functions of the Collector under this Act."

1.2. Similarly it was felt that the word "Assistant Collector of the 1st Grade" has not been defined although this functionary has to perform important functions under this Act. The Committee, therefore, recommended that the Assistant Collector of the Ist Grade may be defined as under:—

"Assistant Collector of the 1st Grade" means an officer, not below the rank of Block Development and Panchayat Officer specially appointed by the Government to perform the functions of the Assistant Collector of the 1st grade under this Act.

1.3. In the opinion of the Committee the word "Commissioner" should also be specifically defined so as to give discretion to the State Government to vest the powers of the Commissioner in any departmental officer. It was, therefore, approved that the word "Commissioner" may be defined as under:—

"Commissioner" means the Commissioner of a revenue division or any other officer, not below the rank of Joint Director of Panchayats specially appointed by the State Government to perform the functions of a Commissioner under this Act.

1.4. The Committee further felt that the definition of shamilat deh as given in Section 2 (g) is also defective and requires re-examination. They have recommended the following changes :—

Section 2 (g)

"(g) notwithstanding any thing to the contrary in any other law for the time being in force shamilat deh includes Clause (g) (4) should be re-worded as follows:—

"(4) land used or reserved for the benefit of village community including cremation grounds, graveyards, streets, lanes, playgrounds, schools, drinking wells or ponds and open spaces not belonging to any person whether within or outside the abadi deh".

1.5. The Committee recommended that proviso below sub-clause (5) may be omitted.

1.6 The Committee also recommended the insertion of sub-clause 6 as follows:—

"(6). any land purchased out of Panchyat Funds or reserved for income of the Gram Panchayat".

1.7. The Committee recommended that in order to remove un-necessary confusion, the exceptions should be included in a separate clause which may be numbered as (gg).

1.8. It was decided that exception No. (i) may be deleted as it creates unnecessary confusion and loss to revierain Gram Panchayats.

1.9 In sub-clause (iv) the following words may be added at the end:—

"and has been under cultivation since then and is not in excess of the share of the seller in the shamilat deh;"

Sub-clause (v) may be deleted in view of sub-clause (3) of clause (g).

Sub-clause (vi) may be re-worded as follows:—

"lies outside the abadi deh and was used as gitwar, bara, manure pit or house or for cottage industry; on the date this Act came into force."

Sub-Clause (ix) may be re-worded as follows:—

"was used as a place of worship or for purposes subservient thereto at the commencement of this Act;"

The Committee further felt that clause (ii) of Sub-Section (3) of Section 4 requires amendment so as to limit the period of adverse possession of twelve years upto the time of the commencement of this Act. This clause will, therefore, be re-worded as follows :—

"(ii) rights of persons in cultivating possession of shamilat deh for more than twelve years at the commencement of this Act without payment of rent or by payment of charges not exceeding the land revenue and cesses payble thereon".

The Committee also gave careful consideration to the third proviso to Section 5 and decided to simplify it as follows:—

"Provided further that where the culturable portion of the area of land in shamilat deh in any village so vested or deemed to have been vested in a Panchayat is in excess of 50% of the total area of that village (excluding abadi deh) then 50% of such area shall be left to the Panchayat and out of the remaining area of shamilat deh an area upto the extent of 50% shall be utilised for the settlement of landless tenants and other tenants ejected or to be ejected of that village and the remaining area of shamilat deh, if any, shall be utilised for allotment on lease to the small land owners and agricultural workers of that village on such terms and conditions as may be prescribed".

It was also decided by the Committee that a new proviso to Section 5 (1) should be added as follows so as to place restrictions on the permanent disposal of Panchayat Land:—

"Provided that no Panchayat shall permanently part with its culturable land by way of sale, exchange, gift or otherwise, so as to reduce its total holding of land below sixty percent of the area originally vested in it."

The Section 6 (1) was also recommended to be amended to the extent that the words "of a Panchayat" should be deleted so that every type of act or decision taken under Section 5 becomes applicable even when the Panchayat is an aggrieved party.

It was felt by the Committee that the cases of ejectment of un-authorised occupants continue to linger in the courts of Assistant Collectors of the 1st grade for years together, which was undesirable. The Committee further recommended that all the Block Development and Panchayat Officers in the State should be appointed as Assistant Collector of the Ist grade under this Act and consequential amendments should be made in Section 7.

In Section 7 (1) after the word "Panchayat" the following should be added:—

"or by an officer, not below the rank of a Social Educational and Panchayat Officer".

Similarly in Section 7 (2) after the word "village" the words "or an officer not below the rank of a Social Educational and Panchayat Officer" should be added.

The Committee also recommended that a new Sub-section (3) may be added on the lines of Public Premises (Rent Recovery and Eviction) Act, empowering the Assistant Collector of the 1st grade to award compensation to the Panchayat for the loss caused by un-authorised occupant as follows:—

"(3) The Assistant Collector of the 1st grade may while ordering ejectment of any un-authorised occupant from the Panchayat land or immovable property pass orders awarding suitable compensation to the Panchayat for the loss caused to and un-authorised use of the land and immovable property of the Panchayat by the un-authorised occupant which shall be recoverable as arrears of land revenue, in the manner prescribed."

The sub-sections (3), (4), (5) will be re-numbered as (4), (5), (6) respectively.

[Minister of State for Development]

Section 8.

6. Sub-section (2) of Section 8 was also noted by the Committee. It was felt that the Panchayat did not make any determination under sub-section (1) and, therefore, the word "Panchayat" should be deleted from sub-section (2) which should be re-worded as follows:—

"(2) Any person aggrieved by any determination made under sub-section (1) may, within thirty days thereof, appeal to the Collector whose decision thereon shall be final".

Section 13.

7. The civil courts assume un-warranted jurisdictions in matter of arising under Section 2, 3, 4 and other provisions of the Act under the pretext of determination of title. This has resulted in huge losses of land to the Panchayats. The Committee have, therefore, recommended that Section 13 may be re-cast as follows:—

"13 (1) All matters and disputes arising out of any provision of this Act including question of title shall be determined by the Collector whose decision shall be final.

(2) No civil court shall have any jurisdiction over any matter, whatsoever, arising out of the operation of this Act".

Section 15.

8. It was also recommended by the Committee that clause (h) of sub-section (2) of Section 15 may be re-worded as follows:—

"the regulation of procedure where a Panchayat sues or is sued in a representative capacity".

It was felt by the Committee that without the incorporation of a penal provision in the Act the evil of un-authorised occupation of Panchayat land will not end. The Committee, therefore, recommended that after Section 14-A new Section 14-B may be inserted as follows:—

Section 14-B

"14—B (1) Any person who enters into un-authorised possession of Panchayat land or other immovable property of the Panchayat or having lawfully entered upon the said land or immovable property under a lease or contract continues to remain thereon after the expiry of the lease or contract shall on conviction by a Magistrate of the 1st Class, be punishable with imprisonment which may extend to two years and with the fine which may extend to two thousand rupees. notwithstanding any thing to the contrary contained in this
(2) Offence under this Section shall be cognizable by the Police.

Section 6 (3)

10. The Committee also suggested amendment in Rule 6 (3) as follows:—

All lands near the abadi deh vested in the Panchayat which may be fit for use for commercial or industrial purposes may be leased out for a period not exceeding fifteen years at a time either by auction or through negotiated settlement with the prior approval of the Government. The lease may be extended for a further period of fifteen years with the prior approval of the Government which must be sought atleast six months before the expiry of the subsisting lease provided the lessee has cleared all dues upto the date of application for renewal.

C.—Panchayat Samitis and Zila Parishads

The Committee carefully considered the existing set-up of the Panchayat Samitis and Zila Parishads in the State and recommended radical changes in their structure. In the light of the recommendations of the Rajinder Singh Study Team, Badal Study Team and Harcharan Singh Study Team, the High Power Committee has recommended that the Maharashtra pattern of Panchayati Raj should be introduced in the State with

modifications where necessary. They have suggested that the Zila Parishad should be made the strongest body of the three tiers namely the Panchayat, the Panchayat Samiti and the Zila Parishad and consequential amendments should be carried out in the Act, the Rules and the service structure.

Their collateral recommendation was that all powers now entrusted to the Panchayat Samiti under Section 41 of the Punjab Panchayat Samitis and Zila Parishads Act, 1961, should be shifted to the sphere of the Zila Parishad. They have also recommended that the Panchayat Samiti should be a mere implementing agency of the Zila Parishad and, therefore, the size of its membership should also be reduced. It also need not be a body corporate and as such it will neither possess any property nor employ any servants. It will also have no financial resources of its own. It will implement the schemes transferred to it either by the Zila Parishad or by the Government with the funds placed at its disposal by the Government or the Zila Parishad.

Since the Zila Parishad is to be a strong body the election should be held from amongst the Panches and Sarpanches to the Zila Parishad by taking every block as a constituency. Every block will return four members who will, in turn, be the primary members of the Panchayat Samiti also. The following decisions were taken with regard to the composition and elections of the Panchayat Samitis and the Zila Parishads:—

Composition of Zila Parishads

			General	*Scheduled Castes*	
1.	Members of each block treating block as a Single Unit.	..	4	3	1 By election
			General	*Scheduled Castes*	
2.	Ladies	..	4	3	1 By co-option
3.	All M.L.A.s of the District		Whose constituency or part of it falls in the territory of the Zila Parishad with voting right. He will not hold office.		
4.	All M.P.s of the District				
5.	Backward Classes		1. for the whole District. By co-option.		
6.	D.C., Ex-officio member (without voting right).				

Note.—(1) No T.A., D.A. will be permissible to M.L.A's/M.P's (provision to be made in the rule).

(2) Co-option wherever provided be so as to make up deficiency of the total number of lady and scheduled caste members.

Composition of Panchayat Samiti

1.	All members of the Zila Parishad will be the member of Panchayat Samiti.	..	4		
			General	*Scheduled*	*Castes*
2.	Members elected to the panchayat Samiti	..	8	6	2
3.	A representative to be elected by Market Committee having its jurisdiction within the Block	..	1		
4.	A representative to be elected by Marketing Societies having its jurisdiction within the Block	..	1		
5.	Lady Members	..	2	By co-option if not otherwise elected or fed down from the Zila Parishad.	

[Minister of State for Development]

6. M.L.A. (s) — Whose constituency falls in the territory of the Panchayat Samiti. He will be the Associate Members with voting right. No T.A./D.A. will be admissible. He will not hold office.

7. Backward Classes .. 1 To be co-opted if not otherwise elected or if not fed down from the Zila Parishad.

8. Co-opted members of the Zila Parishad residing in the Block, if any.

9 S.D.O. (C) — Ex-officio member without voting right.

It is proposed by the Committee that after the powers enumerated under Section 41 etc., have been transferred to the Zila Parishad, it will have to work on the Maharashtra pattern and hence all District Heads of Departments concerned with Agriculture, Animal Husbandry, Fisheries, Health and Sanitation, Primary Education, Communications Minor Irrigation, Co-operation, Forests, Education and Social Education, Small Scale Cottage Industries, Irrigation and Power etc. etc., shall have to be placed under the supervision and control of the Zila Parishad in respect of their functions as detailed below:—

1. **Agriculture.** All schemes which fall within the district and for which district-wise allocation of funds is made. Schemes which cover more than one district or which are designed to benefit more than one district may be directly operated by the department concerned. The C.H.O. and his staff shall be subject to control and supervision of the Zila Parishad in respect of the transferred schemes.

2. **Animal Husbandry.** All schemes at the district level pertaining to rural areas including poultry, fisheries, piggery and milk supply centres. In case of poultry and milk supply schemes, Corporations have been set up in the State. It may be provided that they will draw up all their schemes falling within the district in consultation with the Zila Parishad and shall not implement any scheme without clearance from the Zila Parishad. The district representatives of these Corporations shall be bound to attend the meetings of the Zila Parishad or the concerned Standing Committees, whenever required to do so. Technical control will, however, be exercised by the Corporations concerned.

3. **Forests.** All Forests activities at the district level and in rual areas within the district should be transferred to the control and supervision of the Zila Parisad. The district level Forest Officer if any together with his staff shall be subject to the supervision of the Zila Parishad. All Planning pertaining to forest in the district shall be done by the Zila Parishad in consultation with the District Forest Officer.

4. **Small Scale Cottage Industries.** Planning for Cottage and Small Scale Industries in the tural areas shall be done by the Zila Parishad in consultation with the District Industries Officer, who alongwith his staff shall be subject to the supervision of the Zila Parishad to the required extent.

5. **Corporation .** The Zila Parishad will play promotional and supervisory role and to that extent the A.R./D.R. will be subject to the supervision of the Zila Parishad alongwith his staff. Technical aspects shall continue to be looked after by the Department concerned.

6. **Irrigation :** All Minor and medium irrigation works falling within the district should be planned and executed in consultation with the Zila Parishad. The Assistant Engineer/XEN concerned shall be subject to the supervision of the Zila Parishad to the required extent. The XEN concerned shall attend meetings of the Zila Parishad or Production Committee when called upon to do so.

7. **Power.** P. S. E. B. is an autonomous body. However, it is necessary that its activities should also be brought within the purview of the Zila Parishad in respect of electrification of rural areas. It should, therefore, be made compulsory for the district level officers of the Board to attend all the meetings of the Zila Parishad or the Standing Committee on production for the purpose of participation in planning and execution regarding rural electrification within the District. The recommendations of the Zila Parishad should normally be accepted by the Board as a matter of convention.

8. **Social Welfare**:—All activities of the Social Welfare Department in the rural areas of the district should be transferred to the Zila Parishad and the District Welfare Officer should be made subordinate to the Zila Parishad to the required extent.

9. **Health and Rural Sanitation**:—Child Welfare Centres, primary health centres, Meternity and Family Planning, Ayurvedic dispensaries, Nutrition programme and rural dispensaries etc. should be transferred to the control and supervision of the Zila Parishad alongwith the concerned staff.

10. **P.W.D. (Public Health)**:—District level officers of this department shall be subject to the supervision of the Zila Parishad in respect of rural water supply schemes and other related project falling into the rural areas of the District.

11. **Construction Wing**:—The Panchayati Raj Works Circle already exists in the Department. The S.D.O. who is a district level officer will be placed under the supervision of the Zila Parishad like other district heads. The maintenance of village roads shall be transferred to this Circle. All other construction works falling in rural areas irrespective of the department to which they pertain shall be entrusted for execution to the Panchayati Raj Works circle. The Overseer appointed in the blocks will be answerable to the Zila Parishad through the Sub-Divisional Officer Panchayati Raj and the Block Development and Panchayat Officer.

12. **Education**:—In the sphere of education the Zila Parishad shall play mainly a planning and supervisory role in respect of primary education in the rural areas. The D.E.O. shall be subject to the supervision of the Zila Parishad to the required extent. No school shall be started or taken over in the rural areas without clearance from the Zila Parishad. The maintenance of the existing building of schools in rural areas shall be the responsibility of the Zila Parishad but they will have no direct concern with the actual functioning of the schools.

Corporations and other Semi-Government Bodies:—It was also recommended by the high Power Committee that the District representatives of all Corporations and Semi-Government Bodies operating in rural areas will attend the meetings of the Zila Parishad when required to do so and tender advice in respect of any matter concerning their subject.

Planning

Planning should begin from below V.L.W/P.S. in consultation with the Gram Panchayat or Gram Panchayats concerned will prepare a consolidated plan of his circle. The Plans prepared by the V.L.W. shall be examined by the Extension Officer of the various Departments working with the Panchayat Samitis. The Plans so considered shall be concolidated by the panchayat Samiti. The plan approved by the Panchayat Samiti shall be forwarded to the Zila Parishad. The plans received from the Blocks shall be considered by the various Standing Committees and then by the Executive Committee. When the Executive Committee clears the plan it shall be laid before the Zila Parishad by the C.E.O. for approval. The Plan approved by the Zila Parishad shall form the plan for the rural areas of the district. It will be forwarded to the Development Commissioner through the Director of Panchayati Raj for further action, after approval by the District Development Council.

Mechanics of Planning

The plan shall be prepared in two parts:—

(a) Non-plan schemes.

(b) Plan Schemes.

The tentative allocations shall be communicated bythe Departments concerned to the Director of Panchayati Raj by the end of November who will further communicate these allocations to the Zila Parishads by 15th December with the direction that the Zila Parishads should prepared and finalise their budget estimates by the end of February next. While preparing their estimates, the Zila Parishads will duly take into account their own sources of income also besides the budget allocations communicated, by the Government. The actual process of planning shall be srarted by the V.L.W's in the month of August. They will submit their plan to the Extension Officers by the end of August. The entire processing shall be completed in the Panchayat Samiti by the end of October so that the plan of the Samiti will be with the Zila Parishad in the 1st week of

[Minister of State for Development]

November. The Zila Parishad will then start examination of the various schemes received from the Panchayat Samitis and cast and recast them in accordance with the provisional allocations intimated to them by the Government and rough estimates of their own income in the next financial year. This process will be completed by the end of January and the consolidated plan of the district shall be submitted to the District Development Council by 15th February. The finalised plan should reach the Director Panchayati Raj by the end of February.

The schemes which may be financed out of the resources of the Zila Parishad itself, should form a component part of the district plan and should also be forwarded alongwith the rest of the plan to the Director, Panchayati Raj.

It would be desirable that a need based plan is prepared by every Zila Parishad atleast two years before the start of every five years plan of the State. The programme of this planning should be so devised that this need based plan of the district as finally approved by the Zila Parishad and the District Development Council is made available to the department concerned atleast one year before the start of the work relating to the five year plan by the Department. The Department concerned will then take into account the plans of the Zila Parishads while preparing the plan for the State.

DISTRICT DEVELOPMENT COUNCIL

The Committee recommended that there will be a District Development Council which will be intimately associated with the Development work and the functioning of Panchayati Raj Bodies in the District. The following will be its composition:—

1. Chairman .. Deputy Commissioner
2. Vice Chairman .. Chairman of the Zila Parishad
3. Secretary .. Chief Executive Officer of the Zila Parishad
4. Members .. (a) Vice Chairman of the Zila Parishad
   (b) District Heads of Departments
   (c) All Sub-Divisional Officers (Civil) in the District
   (d) M.L.A.s and M.P.s of the District.

It was the opinion of some of the members of the Committee that District Heads of Development Departments and the Sub-Divisional Officers (Civil) in the district should be called when required. This arrangement would, however, not be workable as any point concerning any department may be raised at the meeting.

Functions.

The Council will be essentially advisory in character. The district plan as prepared by the Zila Parishad shall be considered by the Council. They May suggest amendments to the district plan which by convention shall be accepted by the the Zila Parishad. The plan as approved by the Council shall form the plan for the district and shall be forwarded to the Director Panchayati Raj for submission to the Development Commissioner for further action in the departments concerned.

The Council can also be give some supervisory functions,particularly for evaluation of the implementation of the district plan in the district. They may call for any information concerning any of the departments working under the Zila Parishad and the Chief Executive Officer shall be bound to supply the same. They may also discuss the progress of the implementation of the various schemes at their meetings and give advice to the Zila Parishad where necessary.

The Council shall meet at least once every four months. It may however, meet at a specially convened meeting when the district plan is to be considered. The questions put by the members shall be answered by the officers concerned and both the questions and the answers shall form part of the proceedings of the meetings. The follow-up action shall be ensured by the Chief Executive Officer.

STATE PANCHAYATI RAJ COUNCIL

Constitution

1. Chairman .. Chief Minister
2. Vice-Chairman .. Minister Incharge, Panchayati Raj and Community Development.
3. Secretary .. Development Commissioner.
4. Members .. (i) All Heads of Departments concerned with development and rural areas.
   (ii) Finance Secretary, Secretary Co-operation, Secretary Education, Health, Irrigation and Power, P.W.D. (B & R)
   (iii) All Chairmen of Zila Parishads.
   (iv) 6 M.L.A.s, to be nominated by Chief Minister in consultation with the Minister Incharge for Panchayati Raj and Community Development.
   (v) 3 non-officials closely associated with or interested in the Panchayati Raj to be nominated by the Government for one year at a time.

The Council will ordinarily meet once in six months. It will be purely advisory in character. Among others, it should be assigned the following functions:—

(a) To advice the Government on all general questions pertaining to Panchayati Raj and Rural Development.

(b) To review the functioning of the Panchayati Raj Bodies and suggest ways and means for improvement.

(c) To report to the Government on such matters as may be referred to it by the Government.

(d) To consider the evaluation reports received from the District Development Councils on development work in the various districts of the State.

Statutory provision should be made in the Act both for the District Development Council and the State Panchayati Raj Advisory Council. Necessary amendment will be suggested after these proposals are approved.

Finances.

At present the three-tier system of Panchayati Raj in the State does not enjoy benefit of any substantial allotment of funds. This is one reason why the Panchayati Raj system in the State has not been able to function to the satisfaction of the rural population in the villages. In case they are to be made effective for discharging functions proposed to be entrusted to them, it is imperative that adequate funds are placed at their disposal. At present these bodies are allotted funds only to the extent of less than 1% of the entire State budget whereas in other States, the allotment to the Panchayati Raj Bodies ranges from 15 to 25% of the total budget of the State. The Committee strongly feels that the land revenue including surcharge and local rate which is collected from the villages, should be entirely allocated to the Panchayati-Raj Bodies for being utilized for the welfare of the rural community. The Committee, therefore, recommends the following sources of income for the Zila Parishad, which may be made responsible for allocating a portion thereof to the lower tiers, i.e., Panchayat Samitis and Panchayats according to the needs of those bodies:—

(i) Entire land revenue (inclusive of surcharges, etc.) and local rate collected by the revenue authorities in the district concerned. 50% of the proceeds shall be retained by the Zila Parishad. Out of the remainder 50% shall be allocated to the Panchayat Samitis and 50% shall be all allocated to the Panchayats on population basis.

[Minister of State for Development]

(ii) An equalisation grant, in order to make the land revenue grant equal to at least two rupees per capita of the rural population in the district.

(iii) Matching/Incentive grants on the basis of the additional taxes which Zila Parishads may levy in order to improve their financial resources; and

(iv) Such amount as represent:—

(1) Income from properties managed by or under the authority of the Zila Parishad;

(2) Grants from the State and Central Governments and All-India Bodies, etc.;

(3) Establishment grants;

(4) Purposive grants (which include the State Budget provision for transfer of schemes works to the Zila Parishads) and Market Committee Development Works.

(5) 25% of Market fee within the district (Still to be decided);

(6) Proceeds of taxes, cesses, surcharges, fees, etc., levied by or under the authority of this Act;

(7) Income from the Cattle Fairs in the district.

The existing Panchayat Samitis and Zila Parishads Act does not envisage the grant of loans either to Zila Parishads or to Panchayat Samitis by Government or by any other institutions. It is proposed in the new set-up that the Zila Parishad may be made eligible for getting Institutional loans as well as Government loans or to borrow from the public with specific approval of the State Government. The transferred schemes, which, *inter alia* involve grant of loans will also be treated as loans to Zila Parishads (only loan portion) on the same terms and conditions as envisaged in the scheme. The repayment of the loan by the Zila Parishad will be a first charge on its funds. This provision is essential to safe-guard the interest of Government against any delay on the part of the Zila Parishad in repayment of loans.

Investment

The present Act authorises the Panchayat Samitis to invest, under certain conditions, their money in the securities of the Central Government or in other approved securities or place it in such other manner as Government may approve in this behalf. The Zila Parishad has no such power. It is observed that the Panchayat Samitis are made to invest their funds in small savings or defence/plan certificates by the district authorities irrespective of the fact that the money is needed by the Panchayat Samitis for development work in their areas. In order to curb this tendency, it seems essential that the Panchayati Raj Bodies should not be normally allowed to invest their funds in any long-term securities or certificates except the funds connected with the Provident Fund and such like other schemes concerning their employees. By general or special order of the Government, the Zila Parishad may invest money in short or medium term securities or deposits.

Taxation

The existing Act does not authorise the Zila Parishad to levy any tax or fees. This power vests in the Panchayat Samitis only. In the new set up wherein the Zila Parishad is proposed to be made effective, the power of levying taxes and fees will have to be given to the Zila Parishad. This will also ensure uniformity at the district level at least. The statutory provisions for authorising the Zila Parishads to levy taxes/fees will be the same as exist at present for the Panchayat Samitis. An illustrative list of the taxes etc. which the Zila Parishad may levy will include:—

(1) Tax on entertainment.

(2) Tax on property where no such tax has been levied by the Government.

(3) Tax on water taps and stand-posts installed for the use of general public.

(4) Surcharge on stamps duty.

(5) Surcharge on sale of liquor in the rural areas.

(6) Surcharge on water rates.

(7) Pilgrims tax.

(8) Percentage of Teh Bazari from the shopkeepers, stall-holders etc., at fairs, exhibitions, agricultural shows, etc. held in rural areas. (Reasonable proportion of this tax collected by the Zila Parishad will be given to the Panchayat concerned.)

(9) Tax on vehicles such as Cycles, Tongas, trolleys, Rehris, Carts etc.

(10) The tax on trades and callings.

(11) Toll tax.

Collection

The responsibility of collection of all taxes levied by the Zila Parishad will be that of the Zila Parishad. The collection of surcharges on the existing Rates/Taxes will, however, be the responsibility of the Government who will collect them and give them to the Zila Parishad concerned.

In order to enable the Zila Parishad to collect its taxes/fees effectively, there shall be Taxation Officer in each Zila Parishad who will be assisted by a suitable number of Recovery Officers (say at the rate of one for every three blocks).

Assessment and Recovery of Taxes.

The Taxation Officer will be the assessing authority for the Zila Parishad Taxes while the powers of appeal shall vest in the Chief Executive Officer. The powers of revision will be exercised by the Director of Panchayati Raj or any other officer duly authorised by him in this behalf for which a regular provision should be made in the Act. So far as Panchayat taxes are concerned, as at present, they will continue to be the assessing authority and the appeal shall lie to the Block Development and Panchayat Officer. Under Rule 24 (4) of the Gram Panchayat Rules, 1965, the power of appeal against the assessment of house tax/fee or duty imposed by the Panchayat vests in the Deputy Commissioner and Sub-Divisional Officer (Civil) concerned. In the opinion of the Committee, this tends to cause unnecessary hardship to the appellants as they have to visit these courts/offices time and again in appeals involving very petty amounts and bear substantial expense. The vesting of power of appeal in the Block Development and Panchayat Officer shall make matter easier. The post of the Taxation Collector in the Panchayat Samiti shall be retained for providing general assistance to the Recovery Officer concerned. It shall be the duty of the Taxation Collector to have assessment lists of House Tax and other taxes imposed by the Panchayat prepared/completed through the Panchayat Secretary by the end of November every year. These lists shall be published in the prescribed manner by 31st December of the same year. In the case of Zila Parishad these lists shall be prepared by the Taxation Officer and published in the prescribed manner by the end of December every year. The appeals against assessment shall be filed within 30 days of the publication of assessment lists and so far as possible, the appellate authority shall dispose of all appeals by the end of February. The lists as finalised shall be entered in the Demand and Recovery Registers to be maintained by the Gram Panchayats and Zila Parishads, respectively. The recovery shall start from 1st April next in a phased programme, and will continue till the end of March next. The lists of defaulters shall however, be prepared during the month of November along-with the fresh assessment lists. These lists shall be separately processed under the Punjab Land Revenue Act for effecting recoveries under the relevant provisions of the said Act after up-dating them upto 31st March through the Block Development and Panchayat Officers concerned who have already been vested with the powers of Assistant Collectors Ist Grade for this purpose.

[Minister of State for Development]

Budget

A. Zila Parishad.—

The budget of the Zila Parishad will be in the prescribed form and in two parts, viz.—

Part I.—Will contain provisions in respect of the schemes transferred by the State Government for execution through the Zila Parishad both for grants and loans. Provisions for the plan and non-plan schemes will be exhibited separately.

Part II— Will contain provisions in respect of the schemes which are to be financed out of the resources of the Zila Parishad itself.

The budget will be prepared by the Executive Committee after it has received the preliminary proposals from the Standing Committees. The Executive Committee will submit the budget proposals to the Zila Parishad for its approval. The budget duly approved by the Zila Parishad will be sent to the State Government for their information.

The heads of classification of accounts adopted in the budget of the Zila Parishad will, correspond to the heads of classification adopted by the State Government, so that Co-relation between the Zila Parishad accounts and State accounts can be established at the State level while consolidating the accounts of the Zila Parishad in the State in the form of Combined Finance Accounts. The Zila Parishad shall see that the items of expenditure which are declared by the Government as first charge on the Zila Parishad funds are included in the budget estimates.

B.—Panchyat Samitis.—

The budget of the Panchayat Samitis will be in the prescribed form in two parts, viz :

Part I:— Will contain provisions in respect of the Community Development Programmes (both Plan and Non-Plan) transferred by the State Government for execution through the Blocks.

Part II:—Will contain provisions in respect of schemes transferred by the Zila Parishad for execution through the Panchayat Samitis out of —

(a) Government funds;
(b) Resources of Zila Parishad.

The amount indicated by the State Government for execution of the Community Development Programme will be intimated by the Zila Parishad.

Time Schedule for preparing budget.

The tentative annual budget proposals shall be communicated by the Departments concerned to the Zila Parishads under intimation to the Director Panchayati Raj every year by the end of September in respect of non-plan schemes and by the end of November in the case of plan schemes.

The Zila Parishad, in turn, will intimate to the Panchayat Samiti of the district, the split up of the non-plan allocations Samitis-wise by the middle of December along with the split up of the funds which the Zila Parishad is to give to the Panchayat Samities of the District out of its own resources. The Samiti-wise plan allocation will be intimated by the Zila Parishad to the Panchayat Samitis of its district by the middle of January.

The Executive Committee of the Zila Parishad will then prepare the budget estimates by the middle of February, both for plan and non-plan schemes and its own resources and obtain the approval of the Zila Parishad to the provisions of the budget by the end of March.

The Panchayat Samiti will like-wise prepare the budget estimates by the middle of February in respect of the entire amounts to be received by it from the Zila Parishads month-wise, and obtain the approval of the Panchayat Samiti to the passage of the Budget by the middle of March, and send it immediately to the Zila Parishad. The Zila Parishad will if necessary, modify the Budget Estimates of the Panchayat Samiti and send back the same by the end of March which will be treated as the budget of Panchayat Samiti.

Accounts

As the pattern of accounts always follows the classification adopted in the budget estimates, the accounts of the Zila Parishad/Panchayat Samitis will be maintained strictly in accordance with the pattern of classification adopted in their budget estimates and in the manner detailed below:—

(a) **Panchayat Samiti**

The Panchayat Samiti will continue to be a statutory local body. Its accounts will be maintained under "Local Fund Deposit Account" as at present. The accounts of the Panchayat Samiti will be in Part I and II (a) and (b) corresponding to Part I and Part II (a) and (b) of the budget estimates as indicated under the head "Budget". The Panchayat Samiti will submit its accounts to the Zila Parishad by the 20th of the months next following the months to which the accounts pertain.

(b) **Zila Parishad**

Part I:— All the accounts of the Zila Parishad will correspond to Part I of the budget estimates. This will, however, be further split up into two parts as under:—

(i) The accounts of the amounts expended by the Zila Parishad itself on the transferred schemes executed at the Zila Parishad level; and.

(ii) The consolidated accounts of the amounts expended by the Panchayat Samitis of the district in the schemes transferred by the Zila Parishad to the Panchayat Samitis and executed at the Samiti level.

Similarly Part II of the accounts will correspond to Part II of the budget estimates of the Zila Parishad. This will also be further split up into two parts, namely:—

(i) The accounts of the amounts expended by the Zila Parishad itself on the schemes financed out of its own resources;

(ii) The consolidated accounts of the amounts expended by the Panchayat Samitis of the district on the schemes transferred by the Zila Parishad to the Panchayat Samitis for execution.

The Zila Parishad will submit the monthly account to the Controller, Panchayati Raj Finances by the end of the month next following the month to which the accounts pertain. The Controller, Panchayati Raj Finances will have the accounts of the Zila Parishad consolidated for the State as a whole and submit them to Director Panchayati Raj within 15 days of the receipt thereof. This is essential so that a clear picture is available in respect of funds transferred by the various departments to the Zila Parishads for execution of their schemes both at the district level and at the Panchayat Samiti level. The accounts so consolidated at the end of the year will be called the "Combined Finance Account", which will be presented to the Government by the Director for the information of the Government with copies to other Departments concerned. This will be done by the Controller, Panchayati Raj Finances by the end of July. The Director of Panchayati Raj will submit the accounts along with the Audit report to the Development Commissioner/Development Minister by the end of August and to the Cabinet by the end of September. A copy of the accounts shall be laid on the Table of the State Legislature at the next ensuing Session.

(c) **Panchayats**

All the Panchayats in a block will be required to deposit their income and keep all their funds in the office of the Panchayat Samiti. The latter will act as a banker of the Panchayats within its jurisdiction. Each Panchayat Samiti will keep one joint separate account for all its Panchayats. All receipts of the Panchayats will be deposited by the Panchayat Samiti in the joint account of the Panchayats. The individual account of every Panchayat will be separately kept in a ledger to be maintained for all the Panchayats and a Pass Book will be given to each Panchayat and will be kept posted up-to-date. It will be the duty of the Panchayat Secretary to have his pass book reconciled with the account of the Panchayat in the ledger at the end of every month so that any discrepancy, between the two is reconciled at that time. The total of the ledger accounts will be similarly reconciled with the bank account every month.

[Minister of State for Development]

The amounts required by the Gram Panchayats for execution of various developmental schemes etc. will be paid to the panchayats as "temporary advances" against duly scrutinised estimates, or otherwise in the manner prescribed. The Gram Panchayats will be required to furnish adjustment account of each "temporary advance" obtained by them before they get further advance for the same work. In Special/emergent cases, however, more than one advance may be allowed, by the prescribed authority for the same work. All regular/recurring payments of the Panchayats will be directly made by the Panchayats out of the permanent imprest which shall be recouped in due course. All withdrawals from the Treasury/Bank shall be made on the authority of the Block Development and Panchayat Officer on a pay order, duly made in favour of the sarpanch concerned. No pay orders for more than Rs. 5,000 at a time shall be made by the Block Development and Panchayat Officer.

It has been noted that there is a lot of misuse of funds by the Panchayats. The evident reason for this state of affairs is that no procedure has been laid down in the Works Rules of the Panchayati Raj Works Circle for the execution of Panchayat Works. The result is that the Panchayats some times spend very huge amounts of money from their own funds on the execution of Panchayat work without obtaining technical or administrative approval from any authority. In the opinion of the Committee this is the root-cause of the prevailing corruption in the Panchayats and has brought discredit to the Panchayati Raj system. The Committee, therefore, recommends that suitable amendments should be made to the Works Rules of the Panchayati Raj Works Circle so that necessary checks are applied. It is suggested that the Sarpanch may not be required to obtain administrative or technical sanction in respect of works costing upto Rs. 1,000 except from the Panchayat. However, in the case of works costing more than Rs. 1,000 he will be required to obtain prior administrative and technical approval as follows:—

1. Technical Sanction—

(a)	Up to Rs. 5,000 ..	Overseer
(b)	Between Rs. 5,000 and 10,000.	S.D.O. (Panchayati Raj).
(c)	Between Rs. 10,000 and Rs. 50,000 ..	XEN (Panchayati Raj)
(d)	Above Rs. 50,000 ..	S.E. (Panchayati Raj)

Intimation of the technical sanction will be given by the concerned officer to the next higher authority. Complicated cases may be referred by the S.E. (Panchayati Raj) to the Design Section of the P.W.D.

II. Administrative Sanction—

(a)	Up to Rs. 50,000 ..	Panchayat Samiti
(b)	Between Rs. 50,000 and Rs. 1,00,000. ..	Zila Parishad
(c)	Above Rs. 1,00,000 ..	Government

No advance shall be made by the Block Development and Panchayat Officer from the ledger account of the Panchayat concerned unless the request is accompanied by technical as well as administrative sanction as detailed above and the requisite resolution of the Gram Panchayat. If a work is not commenced within 6 months of the administrative approval, the Block Development and Panchayat Officer shall report the matter to the Panchayat Samiti under intimation to the Chief Executive Officer.

Manner of execution of Panchayat Work.

The Panchayat work will be carried out under the supervision of the authority next above the authority which accords technical sanction. The Supervising authority will also be required to issue a completion cerificate in respect of works concerned after its completion. No final adjustment of account will be allowed without the completion certificate.

Audit

It is proposed to introduce the system of concurrent audit at Zila Parishad level so that all payments are checked by audit as soon as they are made. This will eliminate almost all chances of irregular and unauthorised payments. The provision of local audit will be entrusted to an officer who will be designated as Accounts and Finance Officer. The Senior Auditor attached to Accounts and Finance Officer at the Zila Parishad level will also be made responsible to audit the accounts of the Panchayat Samitis though in the post audit way. The Local Fund Examiner will continue to be the statutory auditor. The Accountant General, will however, be competent to check the accounts of any Panchayat Samiti and Zila Parishad in the manner which will be settled with him in due course. The Senior Auditor attached to the Accounts and Finance Officer will also provide guidance and supervision to the account staff of the Panchayat Samitis and the Zila Parishad and carry out internal audit. In the system of the account envisaged for Panchayats there will be no Panchayat audit because Panchayats will not be required to maintain in any accounts as such. They will maintain only adjustment account of the temporary advances received by them from the Panchayat Samitis.

The Accounts and Finance Officer and the Senior Auditor under him will be Government employees. The other staff viz. Junior auditors and accounts clerks will be borne on the cadre of the Zila Parishad/Panchayat Samiti service. The actual strength of Junior Auditors and Accounts Clerks required for each Zila Parishad will depend on the quantum of work in the Zila Parishad. The Accounts and Finance Officer, will prepare audit report of each district as a consequence of his audit of Panchayat Samitis and Zila Parishad . All these audit reports will be submitted to the Controller of Panchayati Raj Finances along with the consolidated account of the district by the end of May in respect of the financial year ending 31st March previous. The C.P.F. will consolidate the accounts and the audit reports for the State and submit it to the Director Panchayati Raj by the end of July. The Director, will submit the report to the Government by the end of August and to the Cabinet by the end of September. Both Accounts and Audit reports will be placed on the table of the Vidhan Sabha.

Mode of functioning

The Zila Parishad shall have the following Committees for the conduct of its business:—

(1) **Executive Committee.**—It shall look after Administration, Finance and Taxation. The Chairman of the Zila Parishad shall be the Chairman of this Committee and the C.E.O. shall be its Secretary. The Chairman of the Standing Committees shall be the members of the Executive Committee. Not less than five members shall be appointed on the Committee by election by simple majority to be held in the manner prescribed. The duties and functions of this Committee will cover administrative matters and problems pertaining to taxation and finance. The necessary details shall be prescribed in the rules.

2. **Standing Committee for Production.**—This Committee will look after Agriculture, Animal Husbandry, Forests, Soil Conservation, Co-operation, Cottage Industries, Irrigation, Rural Electrification and allied subjects. The Committee shall consist of 5 members to be elected by simple majority by the Zila Parishad in the manner prescribed. The Vice-Chairman of the Zila Parishad shall be the Chairman of this Committee and the Chief Agriculture Officer shall be the Secretary of the Committee.

(3) **Standing Committee for Works.**—This Committee shall look after the Panchayati Raj works, Drainage, Public Health Engineering, Rural Water Supply Schemes, maintenance of village roads, etc. The Committee shall consist of 5 members to be elected by the Zila Parishad. The Chairman of the Committee shall be elected by the members. The Engineer of the Zila Parishad shall be its Secretary.

(4) **Standing Committee for Education, Social Welfare and Sports.**—This Committee would look after health, sanitation, family planning, scheduled castes and tribes, education, welfare of the weaker sections,sports in the rural areas and Panchayats.The Committee shall consist of not less than 5 members. The Chairman and the members shall be elected by the Zila Parishad. There must be at least one scheduled ca[illegible]s member on the Committee. If no scheduled castes member is elected, a sch[illegible]led caste member shall be nominated by the Chairman of the Zila Parishad from [illegible]ong the members of the Zila Parishad who will be the additional member. The [illegible] D.P.O. shall be the Secretary of this Committee.

[Minister of State for Development]

The Zila Parishad may subject to rules prescribed by State Government from time to time appoint any other Committee consisting of such number of members and other persons as may be prescribed.

The C.E.O. shall have the right to take part in the deliberations of any of these Committees and shall attend the meetings of any Committee when specially required by the Chairman to do so.

The district heads of departments concerned shall be under obligation to attend the meetings of these Committees when required.

These Committees shall meet at least once in a quarter except the Executive Committee which may meet as often as necessary. The majority of the members of a Committee shall form the quorum for the meeting. If any member fails to attend 3 consecutive meetings, he shall cease to be the member and the vacancy shall be filled by co-option by the Committee before the next meeting. Ordinarily no person shall be the member of more than one Committee at the same time, and in no case of more than two Committees. The Secretary of each Committee shall be responsible for follow-up action on the decision taken by the Committee.

Staffing Pattern

1. *C.E.O.*—There shall be a C.E.O. of the Zila Parishad and except as otherwise provided, all elecutive functions of Zila Parishad shall be exercised through the C.E.O. The Committee proposes that the C.E.O. should be a senior officer drawn from the cadre of the development officers and allied departments, like Agriculture, Animal Husbandry, Co-operation, Social Welfare and Panchayati Raj Works Circle and shall be appointed by Government on fifty: fifty basis. He will be paid by the Government but expenditure on his salary etc. shall be reimbursed by the Zila Parisahd to the Government. In order to make his position effective the Committee proposes that he should be given the scale of Rs 1,000—1,500. In Maharashtra, this post is held by a senior scale I.A.S. Officer. The Committee concedes that a senior-scale I.A.S. Officer would decidedly be more effective for co-ordinating the activities of the various departments but there is risk of conflict between him and the Deputy Commissioner. It is, therefore, felt by the Committee that the C.E.O. should possess a status slightly below the status of the District Collector but higher than the status of the district heads of other departments. The exact duties and functions of the C.E.O. shall be prescribed by rules. He will be assisted in the various developmental activities proposed to be entrusted to the Zila Parishad by the following officers:—

(i)	Panchayats and Community Development	.. D.D.& P.O.
(ii)	Agriculture	.. D.A.O. or C.A.O. as the case may be.
(iii)	Animal Husbandry	.. D.A.H.O.
(iv)	Co-operation	.. A.R./D.R. as the case may be
(v)	Primary Education	.. D.E.O.
(vi)	Industries	.. District Industries Officer.
(vii)	Social Welfare	.. District Welfare Officer.
(viii)	Health and Family Planning	.. District Health Officer
(ix)	Sports	.. District Sports Officer. of the Khed Parishad.
(x)	Panchayati Raj Works	.. S.D.O. (Panchayati Raj)
(xi)	Forests	.. District Forest Officer.
(xii)	Soil Conservation	.. District head of Soil Conservation Department
(xiii)	Rural Water-Supply and Sanitation	.. S.D.O. Public Health.

(xiv)	Minor Irrigation	.. S.D.O., Irrigation or Tube-wells Corporation.
(xv)	Cattle Fairs	.. Cattle Fair Officer.
(xvi)	Drainage	.. S.D.O. Drainage.

2. **D.D. and P.O.—**

The District Development and Panchayat Officer, shall have dual capacity. For election work of the Panchayati Raj bodies, he will continue to assist the Deputy Commissioners as at present. He will also assist the Deputy Commissioner in all other matters concerning the Panchayati Raj Bodies where the existing position of the Deputy Commissioners *vis-a-vis* these bodies has been maintained. Besides performing these functions, he will act as District Head of Panchayats and Community Development Programme for which he shall be subject to the supervision of the Zila Parishad like other district heads of development departments. He will be responsible for the proper functioning of the Panchayats and implementation of Community Development Programme in the district and will be assisted by B.D.P.O.s., and S.E.P.O.s who will be answerable to him for this work. He will continue to be a Government Officer as at present.

3. **Secretary, Zila Parishad**.—The Secretary of the Zila Parishad shall be appointed by the Government. He shall be considered on deputation with the Zila Parishad. Superintendent and Taxation Officer will also be eligible for promotion. Secretary, Zila Parishad will look after the institutional functions of the Zila Parishad and in that capacity will be equivalent in status to any other district head of department. He will be answerable to the C.E.O. in his capacity as district head in the Zila Parishad like other district heads of departments. It shall be provided in the Act that if the Zila Parishad passes a resolution by 2/3rds majority of the voting members serving at any time, requiring the Government to replace the C.E.O. or the Secretary Zila Parishad, the Government shall be bound to accept the request of the Zila Parishad. On the establishment side, Secretry, Zila Parishad, will be assisted by a Superintendent (Non-gazetted). There will be two Assistant Superintendents (in the scale of Head-Assistants) under him; one will deal with establishment matters while the second will be concerned with the problems arising out of transferred schemes or other schemes.

The audit, accounts and taxation section will form a separate wing, under the Accounts and Finance Officer who will be a Government Officer but his salary etc., shall be reimbursed to Government by the Zila Parishad. Similarly, Senior Auditors will also be Government employees and their emoluments will like-wise be reimbursed by the Zila Parishad to the Government. The Taxation Officer will belong to the Panchayat Samitis and Zila Parishads service and the post will be filled by promotion from among the Recovery Officers.

The strength of the Assistants and Clerks will be determined subsequently in the light of the work-load of each Zila Parishad.

The composition and strength of accounts and audit staff will also be worked out separately in the light of the work load of every Zila Parishad.

Constitution of Panchayat Samitis and Zila Parishad Service.

The Panchayat Samiti will not have any cadre of its own. All the employees of the Panchayat Samiti who are not Government servants shall be on the cadre of the Panchayat Samitis and Zila Parishad service. The employees of the Zila Parishad will also form part of this cadre. The Panchayat Samitis and Zila Parishad service shall be divided into three categories:—

(i)	Class II posts	.. Taxation Officer
(ii)	Class III Staff	.. All other staff except Class IV staff.
(iii)	Class IV Staff	.. Peons, Malis, Chowkidars, Daftris, Restorers, etc.

The strength of each class will be determined separately for, each Zila Parishad and Panchayat Samiti.

[Minister of State for Development]

Method of recruitment

In the case of those employees whose pay starts at Rs. 300 per month, the selection will be made by a Panchayati Raj Services Selection Board. The composition of this Board shall be as follows:—

Panchayati Raj Services Selection Board.

Chairman	.. Director, Panchayati Raj and Community Development.
Members	.. (i) Chairman, Zila Parishad concerned.
	(ii) Chief Executive Officer concerned.
	(iii) One Officer representing the Scheduled Castes.
	(iv) Officer of the Directorate concerned with the working of the particular Section for which recruitment is to be made.

In respect of the rest of the services, there shall be a Zila Parishad Services Committee in every district. This Committee will have the following composition:—

Zila Parishad Services Selection Committee

Chairman	Chairman, Zila Parishad.
Member Secretary	.. Chief Executive Officer.
Members	.. (i) One Scheduled Castes Officer to be selected by the Director, Panchayati Raj from amongst the District Heads of Departments so for as possible.
	(ii) Officer Incharge of the section of Zila Parishad for which the selection is to be made.

Mode of selection

To all classes of service *Ad-hoc* appointments may be made by the Chairman Zila Parishad, for a maximum period of 3 months within which arrangements shall be made for regular selection and appointments. *Ad-hoc* appointments may be made by inviting recommendations from the Employment Exchange but for regular appointment, both the Employment Exchange and open market should be tapped for inviting applications from candidates.

Transfers

The Zila Parishad shall be the appointing authority in respect of the employees on the Panchayat Samitis and Zila Parishad service. The Chairman will be competent to transfer the members of the Panchayat Samitis and the Zila Parishad Service any where in the district.

Inter-district transfers of the members of the Panchayat Samitis and Zila Parishad Service may be ordered by the Director, Panchayati Raj in special circumstances in consultation with the Chairman of the Zila Parishads concerned.

Condition of service.

In matters of provident fund and pension, leave and other conditions of service, the members of the Panchayat Samitis and Zila Parishads Service shall be governed by rules as may be prescribed.

Control by the Panchayat Samitis

The members of the Panchayat Samitis and Zila Parishads service working with the Panchayat Samitis at any time shall be under the administrative control of the Panchayat Samitis which shall have the power to inflict minor punishments on them. These powers shall be exercised by the Panchayat Samiti through the Executive Officer. The Panchayat Samiti may, if necessary, request the Zila Parishad for the replacement of any member of the Panchayat Samitis and Zila Parishad service working with it for reasons to be communicated in writing.

Writing of A.C.R.s

C.E.O.—The report shall be recorded by the Chairman, Zila Parishad, which shall be countersigned by the Director. The Government shall be the accepting authority.

D.D. and P.O.—The A.C.R. of D.D. and P.O. shall be jointly recorded by the C.E.O. and the Divisional Deputy Director and forwarded to the Director, Panchayati Raj through the Deputy Commissioner of the district who may also record his own observations. The Director, Panchayati Raj, shall be the accepting authority.

B.D. and P.O.—The A.C.R. of the B.D.P.O. shall be recorded by the Chairman of the Panchayat Samiti. The C.E.O. will be the countersigning authority who will record his observations if any, in consultation with the D.D.P.O. The Director, Panchayati Raj will be the accepting authority.

A.C.R.s of District Heads of Development Departments Placed under the Zila Parishad.—The C.E.O. will record the A.C.R.s of all the district heads of development departments proposed to be placed under the supervision of the Zila Parishad and forward the same to the Heads of Department concerned.

Accounts and Finance Officer.—The A.C.R. of the Accounts and Finance Officer shall be initiated by the Secretary Zila Parishad and countersigned by the Chief Executive Officer and forwarded to the Director through the Controller, Panchayati Raj Finances.

The A.C.R.s, of the officials subordinate to the Accounts and Finance Officer shall be written by him and countersigned by the Secretary and accepted by the C.E.O.

The reports of the members of the Panchayat Samitis and Zila Parishad Service working with the Panchayat Samitis shall be recorded by the Executive Officer of the Panchayat Samiti and countersigned and accepted by the Secretary of Zila Parishad.

The A.C.R.s of the Extension Officers working with the Panchayat Samitis shall be recorded by the B.D. and P.O. and forwarded to their respective District Heads direct. A.C.R. of the S.E.P.O. will, however, be forwarded by the B.D.P.O. to the Divisional Deputy Director concerned through the D.D.P.O.. The D.D.P.O. shall be countersigning authority while the Divisional Deputy Director shall be the accepting authority.

V.L.W.s—In the case of V.L.Ws., Clerks, Drivers, Peons, and other Government employees working with the Panchayat Samitis on the C.D. side, the A.C.R.s will be recorded by the B.D.P.O. and forwarded to the Divisional Deputy Director concerned through the D.D.P.O.. The D.D.P.O. will be the countersigning authority while the Divisional Deputy Director will be the accepting authority. In the case of the ladies staff, the existing arrangement may continue except as follows:—

L.C.S.—The Deputy Director Women Programme, shall record the A.C.R.s of the L.C.S.s. The Director, Panchayati Raj will be the countersigning as well as the accepting authority.

S.D.O. (Panchayati Raj). C.E.O. will write the A.C.R. of S.D.O. (PR) regarding general performance in respect of general efficiency, integrity and relations with the public and his subordinates, and forward it to the S.E. through the XEN concerned.

[Minister of State for Development]

Divisional level Officers—

XEN (PR).—To be initiated by the S. E., who will forward it to the Government through the Director Panchayati Raj.

Divisional Deputy Director.—By the Joint Director-I, who will forward the same to the Government through the Director, Panchayati Raj.

State level Officers.—

Deputy Directors and Equivalent Officers.—By the J.D. concerned who will forward the same to the Government through Director, Panchayati Raj.

S.E. Secretary, Khed Parishad C.P.F. and D. D. (W.P.).—A.C.R.s will be recorded by the Director, Panchayati Raj, who will submit the same to the Government.

Director Panchayati Raj —

(i) **I.A.S. Officer.**—As per instructions applicable to I.A.S. Heads of Departments.

(ii) **Non-I.A.S. Officer.**—The A.C.R. shall be recorded by the Development Commissioner and Secretary to Government, Punjab, Development and Panchayat Department, and countersigned and accepted by the Minister concerned.

Payment of Honoraria

(1) **Honorarium to Chairman, Vice-Chairman and members of the Zila Parishads/Panchayat Samitis.**— (1) Chairman of the Zila Parishad shall be given a consolidated allowance of Rs. 500 per mensem. He will not get any T.A./D.A. for performance of his duties and responsibilities within the district. In case the Chairman goes outside the district but within the State for official work, he will draw T.A./D.A. equivalent to the T.A. & D.A. admissible to Government officers drawing pay at the rate of Rs. 1,500 per mensem. In such cases the sanction of the Zila Parishad will be necessary. Where the Chairman has to go on official duty outside the State, he will draw T.A. and D.A. in the above manner but will undertake the journey only with the prior approval of the State Government.

The above will also be applicable to the Vice-Chairman of the Zila Parishad excepting the grant of honorarium and journeys performed within the district for which T.A./D.A. will be admissible with the Sanction of the Zila Parishad.

(2) **Members of the Zila Parishad .**—They will not get any consolidated monthly allowance but will, however, be entitled to draw T.A./D.A. for attending meetings of the Zila Parishad and other Committees of which they may be members, on a scale equivalent to that of the Government officers drawing salary @ Rs. 1,000 per mensem.

The sanctioning authority for undertaking the journeys will be the same as in the case of the Chairman except journeys within the district which will be sanctioned by the Zila Parishad.

Panchayat Samitis

(1) **Chairman.**—Chairman will be paid a monthly consolidated allowance of Rs. 300 per mensem. He will not get any T.A./D.A. for performance of his duties within the jurisdiction of the Panchayat Samiti. But while on duty outside the Samiti area, he will draw T.A./D.A. as admissible to a Government Officer drawing salary @ Rs. 1,000 per mensem. His tours within the district will be sanctioned by the Panchayat Samiti and outside the district but within the State by the Zila Parishad. For journeys outside the State, permission of the Government will be necessary.

(2) **Members.**—T.A./D.A. equivalent to Government officers drawing Rs 1000 per mensem as pay.

With regard to the sanctioning of tours, the same conditions will apply as in the case of the Chairman except journeys within the Samiti area which will be sanctioned by the Panchayat Samiti.

Panchayats

Sarpanch or any other member of the Panchayat deputed by the Panchayat for Panchayat work outside the Gram Sabha area shall receive a daily allowance of Rs. 3 in addition to actual Bus/Rail fare.

For journeys within the district the sanction of the Panchayat will be necessary while for journeys outside the district but within the State, the sanction of the Panchayat Samiti will be required. In case of journeys outside the State, the sanction will be accorded by the Zila Parishad.

Countersigning of Bills—

Zila Parishad.—The Chairman will be his own countersigning authority while the T.A. bills of the Vice-Chairman and the Members shall be countersigned by the C.E.O.

Panchayat Samiti.—The Chairman will be his own countersigning authority while the bills of the Vice-Chairman and the Members shall be countersigned by the Executive Officer of the Panchayat Samiti.

Panchayat.—T.A./D.A. will be drawn on the authority of the resolution passed by the Panchayat and the sanction of the Controlling Authority.

Leave to Government servants placed at the disposal of the Panchayat Samities and Zila Parishad

Officers/Officials	Competent authority	Extent of Powers
	CASUAL LEAVE	
1. Extension Officer and below	B.D.P.O.	Full Powers
2. B.D.P.O.	Chairman Panchayat Samiti	Ditto
3. Secretary, Zila Parishad	C.E.O.	Ditto
4. C.E.O.	Chairman Zila Parishad	Ditto
5. District Heads of Departments	C.E.O.	Up to 4 days under intimation to the Head of Department.
	EARNED LEAVE	
1. Village Level Workers	B.D.P.O.	Full Powers
2. Extension Officer	1. B.D.P.O.	Upto one month without substitute.
	2. District Head concerned	Full powers
3. B.D.P.O.	1. C.E.O.	Up to one month without substitute.
	2. Government	Full powers

[Minister of State for Development]

Officers/Officials	Competent authority	Extent of Powers
	EARNED LEAVE—*concld*	
4. Secretary, Zila Parishad	1. C.E.O.	Upto one month without substitute
	2. Government	Full powers
	(If Government employees) Zila Parishad	
	(If Zila Parishad employee)	
5. C.E.O.	1. Chairman Zila Parishad	Upto one month without substitute.
	2. Government	Full powers
6. District Heads	Government (But the application will be routed through C.E.O.)	Full powers

The Committee have made fundamental recommendations in the foregoing pages regarding the re-organisation and overhauling of the Panchayati Raj set up in the State. The amendments required in the Gram Panchayat Act, 1952 and the Punjab Village Common Lands (Regulation) Act, 1961, have already been discussed at length in the recommendations of the Committee. In the case of the Punjab Panchayat Samitis and Zila Parishads Act, 1961 the position is slightly different. The Committee have recommended that the present three tire system be retained but re-modelled on the Maharashtra Pattern with suitable changes. It, therefore, follows that as in Maharashtra the Panchayat Samiti will have to be an executive organ of the Zila Parishad. It need not be a body corporate nor its size need be very large. On the contrary, the Committee has proposed to make the Zila Parishad very strong body so that there may be a deep and profound impact on the development of rural areas. The present set-up has failed to deliver the goods mainly on the following grounds:—

(1) Vast executive powers were entrusted to the Panchayat Samitis for development of rural areas communities. However, the administrative machinery placed at the disposal of the Panchayat Samitis was not very effective. In fact, some of the Departments have not so far reconciled themselves to their Extension Officers being placed under the supervision and co-ordinating control of the Samiti and the B.D. & .P.O. the result is that the Samiti work has greatly suffered in quality for want of a dedicated team of officers.

(2) The powers which were entrusted to the Panchayat Samitis were not exercised by them for multiplicity of reasons, one of which being the inadequacy of trained and well placed officials. A part from this, these powers were gradually withdrawn one after the other making the Panchayat Samitis altogether toothless. Some powers of taxation were given to the Panchayat Samitis but this body being too near the people was never bold enough to impose taxes nor improve its finances. It

carried on its work mainly on the financial doles which it receives from the Government.

(3) The continuous postponement of elections to the Panchayati Raj Bodies also contributed to the creation of a sense of apathy with the result that the people started taking the Panchyati Raj set up rather lightly.

The Committee have given careful consideration to all these points. Consequently they have recommended that a reasonably powerful body in the shape of Zila Parishad should be created at the district level and well-qualified and well-placed staff should be placed under its supervision. The Committee have also recommended that the services of a well-qualified and experienced officer to be designated as Chief Executive Officer should be made available to the Zila Parishad to carry out its executive functions in an effective way. Apart from this, the Committee have also suggested the creation of inbuilt supervision and guidance in the form of District Development Councils and the State Panchayati Raj Council. Realistic patterns of Planning, budgeting and accounts have also been recommended so that the new set up may work with a sense of solidarity and purpose. Further, in order to end corruption from the Panchayats a new system of account keeping has been suggested by shifting the Sabha funds to the Ledger Accounts of the Panchayat Samitis. It has also been ensured that there should be adequate chances of promotion for the staff both in the Panchayati Raj Institutions and the Development Department so that the officials concerned may acquire a sense of dedication.

This is the minimum which will have to be done in order to place the Panchayati Raj system on a sound and effective footing. If the system, as it prevails today, is allowed to continue, no appreciable involvement of the people can be expected and it would in that case be better to scrap the system itself. The barest minimum changes suggested by the Committee are unavoidable.

The recommendations of the Committee with regard to the overhauling of the Panchayat Samitis and Zila Parishads will involve amendment to a large number of Sections of the Punjab Panchayat Samitis and Zila Parishads Act, 1961, and we have suggested amendments as and where necessary. But the correct position will be known only after a final decision has been taken on the recommendations of the Committee. If the proposed amendments in the composition and elections of the Panchayat Samitis and Zila Parishads are accepted and also the recommendations regarding the entrustment of onerous responsibilities to the Zila Parishads are adopted, not only the existing Sections of the Act may have to be re-positioned but the entire Act may have to be recast on the pattern of the Panchayat Samitis and Zila Parishads Act of Maharashtra. If the Zila Parishad has to serve as a feed back to the Panchayat Samiti, it will figure in the earlier part of the Act relating the Panchayat Samiti to the later part. The Department will, of course, take care of the amendments after our recommendations have been considered and adopted.

The Committee have also noted with appreciation the chapter written by the Director of Panchayats on the concept of Integrated Rural Development and are in agreement with him that ultimately this will have to be the pattern of rural development in the future. We also agree that in order to ensure co-ordinated functioning of all Departments concerned with rural development, there should be a Director General of Rural Development who should be made responsible to look after all aspects of development in the rural areas of the State. Like-wise there should be a Law Officer in every Zila Parishad who should look after cases of all Panchayati Raj Bodies.

[Minister of State for Development]

,The chapter on the concept of Integrated Rural Development is annexed here to as it is, for consideration of the Government. The backwardness of the rural committees needs to be attacked and tackled on a war-footing. The present rate of development and growth of production cannot be said to be satisfactory. We cannot and should not rest unless the life in the villages has been made as worthwhile and comfortable as in the cities in the context of modern civilization.

1. Shri Santokh Singh Randhawa, Minister of State for Development, Punjab.
2. Shri Harcharan Singh, M.L.A.,

2A. Shri Prem Singh Prem, M.L.A.

3. Giani Arjan Singh Litt, M.L.A.
4. Shri Kirpal Singh Dhillon, M.L.A.
5. Master Kundan Singh, M.L.A.
6. S. Dhanna Singh Gulshan, M.L.A.
7. Comrade Achhra Singh, M.L.A.
8. Shri Jai Muni, M.L.A.
9. Shri Harchand Singh, M.L.A.
10. Shri Gurdev Singh Bakshiwala, M.L.A.
11. Com. Raj Kumar, M.L.A.
12. Shri Jasdev Singh Sandhu, M.L.A.
13. Shri Beant Singh, M.L.A.
14. Comrade Shamsher Singh Josh, M.L.A.
15. Shri Rajinder Singh, Ex-M.L.C.,
16. Shri Balbir Singh Mann.
17. Shri Jagir Singh, Ex-Chairman, Zila Parishad, Gurdaspur.
18. Shri Sant Singh, Ex-Chairman, Panchayat Samiti, Pathankot.
19. Shri Paramjit Singh, Development Commissioner.
20. Shri Dasondha Singh Chawdhary, Director Panchayati Raj and Community Development.
21. Shri S.S. Virdi, S.E. Panchayati Raj
22. Miss Tara Behal, Deputy Director (Women Programme)
23. Shri B. Thapar, Controller, Panchayati Raj Finances
24. Shri T.N. Gupta, XEN (Panchayati Raj)
25. Shri R.S. Mangat, D.D.P.O.
26. Shri Sangat Singh Longia, Deputy Director, Panchayats
27. Shri Karnail Singh, Deputy Director, Panchayats (Rtd.)
28. Shri Lakhmir Singh, Secretary, Zila Parishad, Gurdaspur

THE CONCEPT OF INTEGRATED RURAL DEVELOPMENT

For some years past, particularly after my previous tenure in the Development Department, I have been seriously pondering as to whether all the efforts made by us so far, for rural development have not failed to produce the necessary visual impact on the minds of the rural people and fire them with self confidence. It is not that no concrete achievements have been made in the sphere of rural re-construction, but such achievements are so haphazard and unrelated to each other that their total visual effect is negligible. Their material utility to the rural population has inevitably been incommensurate with the expenditure incurred. I had, therefore, thought of integrated rural development in the shape of Rural Social-cum-Commercial and Industrial Focal Points where the resources of various departments currently engaged in Rural Development and other Institutional Agencies should be pooled to put up joint multipurpose Projects.

In the papers which I had prepared some three years back, but which unfortunately I lost, I had mooted the idea that hence forward, our slogan should be "take cities to the villages without sophisticating the villagers" The idea was that the amenities of city life should be brought within the reach of the rural population without disturbing the basic complexion of population itself. It has to be conceded that we cannot provide all the amenities of modern life in every village. For instance every village cannot be provided with a dispensary, a school, a maternity centre, a Cinema House and so on. Not only the task is enormous, but investment in terms of resources would be beyond the capacity of a poor country like India for at least another Century and by the time we reach such a take-off level, the entire social structure and economy may have changed.

The via-media thought of by me was that we should group our villages into clusters ranging from 30 to 40 villages and select a central point in such a way that no village is more than 2 or 2½ miles from there. This centre will form the Social-cum-Commercial and Industrial Focal-Point. It will be connected with all the villages of the cluster by pucca roads and in its turn, the Focal Point will be connected with a main road. The whole State will be devided into 325 such centres and every centre, when fully developed, will cost about Rs one crore and calculating at this rate, the entire project will cost about Rs 325 crores. This expenditure can be spread over three Five-Year Plans so that every year we shall need a sum of about Rs: 22 crores for the next fifteen years. The *Plan annexed to this note gives a complete visual idea of the scheme. Roughly, the Focal-Point will include the following sub-projects:—

(1) School

(2) Stadium

(3) Hospital

(4) Veterinary Hospital

(5) Quarters for staff of the various Institutions

(6) Cinema-cum-Community Centre

(7) Service Station and allied works for tractors, tube-wells, trucks, etc.

(8) Water Works

(9) Provisions Sector where general provisions, vegetables, fruits and such like other requirements would be available

*Placed in the library.

[Minister of State for Development]

(10) Commercial Sector which will contain—

(a) Marketing Centre for grains with attached sheds and godowns

(b) Collection Centres such as Milk Collection Centre, Egg Collection Centre, Vegetable Collection Centre, etc.

(11) Industrial Sector containing—

(a) Big Industry based on the local conditions

(b) Small-scale and cottage industry

(c) Trades ancillary to agriculture such as poultry and dairying

(12) Banks and Post Office Sector

(13) Parking area

(14) Police Post

(15) Catering Centres

(16) Sullage disposal works

(17) Residential area to be developed through private initiative

(18) Electricity Sub-station and so on

Economies of the Project.—*prima facie* the cost of the project appears to be quite heavy. But if we analyse the details of the Project, one by one, and also take into account the expenditure being currently incurred by the various departments we shall find that the additional cost will be almost negligible. An area of about 200 acres would be required for each centre. Selection of the site should be made in such a way that the area required is taken from more than one village so as to cause the least dislocation to inhabitants of any one village. Calculating at the rate of Rs. 10,000 per acre, the total cost of land would come to Rs. 20 lakhs. Another Rs. 20 lakhs may have to be invested for developing the site. Thus the total cost which may be spread over a period of five years would come to Rs. 40 lakhs and the sale of plots to the various departments and institutions even at no-profit, no-loss basis, may bring in Rs. 80 lakhs or so.

Mechanics of Development.—It shall be made compulsory by the Government, either through legislation or otherwise for every Department concerned with rural development to set up no projects anywhere except at these Focal Points without clearance from the Director General Rural Development. Like-wise, the Industries Department will obtain similar clearance before setting up any industry in the Public Sector, outside a Focal Point. In this way, departments of Health, Agriculture, Animal Husbandry, Co-operation, etc. and quasi-Government bodies like the Agro-Industries Corporation, the Markfed, the Punjab Marketing Board, the Punjab State Electricity Board, the Punjab Film Corporation and other such like institutions will be under legal compulsion to set up all their projects at these focal points and will incur the expenditure out of their plan and non-plan budgets. The actual construction work will be entrusted to the Panchayati Raj Works Circle and where necessary, to the P W D. (B & R). The Corporation will be free to use their own construction agencies

Co-ordination

The implementation of the Projects will require the services of an officer of high status, rural background and outstanding competence. He should not be below the rank of a Commissioner and if he happens to be a non-I.A.S. Officer, his emoluments should not be below those of a Commissioner. The question which may be asked here would be as to why have another officer of a similar rank when the Development Commissioner heads the development organization of the State. The answer is very simple. The Development Commissioner controls only a few Departments like Agriculture, Animal Husbandry, Community Development and Co-operation as Secretary. He looks after the overall policy of these departments only and as such his sphere of operations is limited. On the other hand,rural development encompasses many other departments like Industries, Education,Power and Irrigation, Transport, Health, P.W.D. (B.&R.) P.W.D. (Public Health) etc. Besides, numerous Corporations and autonomous bodies are carrying on operations in rural areas. Markfed, Punjab State Electricity Board, Agro-Industries Corporation, Poultry Corporation, Milk Corporation, Marketing Board, Film Corporation etc., have all an important role to play in rural life. They are outside the purview of the Development Commissioner and are presently carrying on their development activities in a haphazard manner. There is no strong authority which may have the power to co-ordinate and rationalize the activities of these departments and institutions in the rural areas. The result is that all the expense and effort incurred or made during the past twenty years has failed to create the desired visual impact. People do not believe that much headway has been made because of the scattered and haphazard nature of development works executed so far.

It is, therefore, imperative that a high-powered officer may be entrusted with this onerous task. He may be called Director General, Rural Development, and may be in over-all charge of rural planning and execution. The urban part of planning should be separated and may continue with the present Planning Commissioner. The D.G.R. will scrutinize all plans for rural areas, allocate the necessary funds and subsequently dovetail the activities of these departments and institutions into an integrated pattern at the Focal Points as suggested in the foregoing paragraphs.

Potential

As has been observed above, the various projects to be concentrated at the Social-cum-Industrial Points will be financed by the Departments and Institutions concerned from their plan and non-plan budgets in the normal manner. So, no special provision for funds will be required. Once some of the projects start coming up, these points will develop a magnetic field of their own. Even private parties will come forward to establish their own projects. Small-scale and Cottage Industry will tend to grow along the outer fringe of the Focal Point. Even some of the prosperous farmers may like to set up modern houses in and around the Focal Points and leave the unhealthy surroundings of the villages. There will be no housing problem for industrial labour which will mostly be drawn from the neighbouring villages.

In a matter of 30 to 40 years the country-side of the State may turn into a dream-land, full of prosperity and having a glamour of its own. Life in rural areas will then be really worth-living, in the midst of affluence and modern amenities.

D.S.CHAWDHARY,
Director of Panchayats, Punjab
Chandigarh.

ਕਾਮਰੇਡ ਸੱਤਪਾਲ ਡਾਂਗ : ਕੀ ਇਹ ਹਕੀਕਤ ਹੈ ਕਿ ਮਨਿਸਟਰ ਸਾਹਿਬ ਨੇ ਇਹ ਵਾਇਦਾ ਕੀਤਾ ਸੀ ਕਿ ਇਨ੍ਹਾਂ ਸਿਫਾਰਸ਼ਾਂ ਵਿਚੋਂ ਕੁਝ ਅਹਿਮ ਸਿਫਾਰਸ਼ਾਂ ਹਨ ਉਨ੍ਹਾਂ ਬਾਰੇ ਆਰਡੀਨੈਂਸ ਕਰਕੇ ਕਾਨੂੰਨ ਬਣਾ ਦਿੱਤਾ ਜਾਇਗਾ, ਉਹ ਆਰਡੀਨੈਂਸ ਕਿਉਂ ਨਹੀਂ ਕੀਤਾ ਗਿਆ? ਕੀ ਇਨ੍ਹਾਂ ਸਿਫਾਰਸ਼ਾਂ ਨੂੰ ਕਾਨੂੰਨੀ ਸ਼ਕਲ ਦੇਣ ਵਾਸਤੇ ਇਸ ਅਸੈਂਬਲੀ ਦੇ ਇਜਲਾਸ ਵਿਚ ਇਹ ਬਿੱਲ ਲਿਆ ਰਹੇ ਹਨ ?

ਰਾਜ ਮੰਤਰੀ : ਇਹ ਕਾਫੀ ਸਿਫਾਰਸ਼ਾਂ ਹਨ ਜਿਨ੍ਹਾਂ ਵਿਚੋਂ ਮੇਰਾ ਖਿਆਲ ਹੈ ਕਿ ਅੱਧੀਆਂ ਤੋਂ ਜ਼ਿਆਦਾ ਸਿਫਾਰਸ਼ਾਂ ਲਈ ਇਸ ਅਸੈਂਬਲੀ ਦੇ ਇਜਲਾਸ ਵਿਚ ਬਿੱਲ ਲਿਆ ਰਹੇ ਹਾਂ ।

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਇਲੈਕਸ਼ਨਜ਼ ਕਰਾ ਰਹੇ ਹਾਂ, ਕੀ ਇਹ ਇਲੈਕਸ਼ਨਜ਼ ਇਸ ਰਿਪੋਰਟ ਦੇ ਅਧਾਰ ਤੇ ਹੋ ਰਹੇ ਹਨ ਜਾਂ ਨਵਾਂ ਕੋਈ ਸਿਸਟਮ ਬਣਾਇਆ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਸੰਮਤੀਆਂ ਔਰ ਜ਼ਿਲ੍ਹਾ ਪ੍ਰੀਸ਼ਦ ਦੇ ਇਲੈਕਸ਼ਨਜ਼ ਕਾਫੀ ਲੇਟ ਹੋ ਗਏ ਸੀ । ਪਿਛਲੇ ਪੰਚਾਇਤਾਂ ਦੇ ਇਲੈਕਸ਼ਨਜ਼ ਸਰਕਾਰ ਨੇ ਅੱਠ ਸਾਲ ਬਾਅਦ 1972 ਵਿਚ ਕਰਾਏ । ਉਸ ਦੇ ਵਿਚ ਤਿੰਨ ਸੱਟਡੀ ਟੀਮਜ਼, ਬਾਦਲ ਸਟਡੀ ਟੀਮ, ਰਜਿੰਦਰ ਸਿੰਘ ਸੱਟਡੀ ਟੀਮ ਔਰ ਹਰਚਰਨ ਸਿੰਘ ਸਟੱਡੀ ਟੀਮ ਦੀਆਂ ਸਿਫਾਰਸ਼ਾਂ ਸਨ । ਇਨ੍ਹਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਕੋਆਪ੍ਰੇਟਿਵ ਔਰ ਮਾਰਕਿਟਿੰਗ ਬੋਰਡ ਵਾਲਿਆਂ ਦੇ ਜੋ ਇਲੈਕਸ਼ਨਜ਼ ਰੋਕ ਦਿਤੇ ਸੀ ਉਹ ਹੋ ਗਏ । ਹੁਣ ਹਾਈ-ਪਾਵਰਡ ਕਮੇਟੀ ਬਣਾਈ ਹੋਈ ਹੈ ਜੋ ਸੱਟਡੀ ਟੀਮਜ਼ ਦੀਆਂ ਰਿਪੋਰਟਾਂ ਇਕਠੀਆਂ ਕਰਕੇ ਇਨ੍ਹਾਂ ਨੂੰ ਵੇਖੇਗੀ । ਇਹ ਵੀ ਇਸ ਵਿਚ ਕਿਹਾ ਗਿਆ ਹੈ ਕਿ ਕਮਿਉਨਿਟੀ ਡਿਵੈਲਪਮੈਂਟ ਔਰ ਪੰਚਾਇਤੀ ਰਾਜ ਦਾ ਸੈਪਰੇਟ ਡਾਇਰੈਕਟੋਰੇਟ ਬਣਾਇਆ ਜਾਏ ਔਰ ਉਸ ਦੇ ਬਾਅਦ ਫੇਰ ਇਕ ਢਾਂਚਾ ਦਸਿਆ ਹੈ ਕਿ ਇਸ ਤਰ੍ਹਾਂ ਨਾਲ ਬਣਾਇਆ ਜਾਏ ਔਰ ਉਨ੍ਹਾਂ ਨੂੰ ਇਹ ਇਹ ਪਾਵਰਜ਼ ਦਿੱਤੀਆਂ ਜਾਣ, ਮਸਲਨ ਲਿੰਕ ਰੋਡਜ਼, ਡਿਸਪੈਂਸਰੀਆਂ ਖੋਲ੍ਹਣ ਦੀਆਂ ਪਾਵਰਜ਼ ਉਨ੍ਹਾਂ ਨੂੰ ਦਿਤੀਆਂ ਜਾਣ । ਡਿਸਟ੍ਰਿਕਟ ਲੈਵਲ ਤੇ ਫੈਸਲੇ ਵੀ ਉਹ ਆਪ ਕਰਨ, ਪ੍ਰਾਇਮਰੀ ਐਜੂਕੇਸ਼ਨ ਦਾ ਕੰਮ ਉਹ ਕਰਨ । ਇਨ੍ਹਾਂ ਕੰਮਾਂ ਵਾਸਤੇ ਦੂਸਰੇ ਡਿਪਾਰਟਮੈਂਟ ਇਨਵਾਲਵਡ ਹਨ ਜਿਨ੍ਹਾਂ ਨਾਲ ਕਿ ਮੀਟਿੰਗਜ਼ ਹੋ ਰਹੀਆਂ ਹਨ (ਵਿਘਨ) ਔਰ ਉਸ ਦੇ ਲਈ ਕਿਉਂਕਿ ਢਾਈ ਸਾਲ ਅਗੇ ਪੈ ਗਏ ਸੀ ਇਸ ਲਈ ਅਸੀਂ ਸੋਚਿਆ ਕਿ ਇਸ ਦੇ ਇਲੈਕਸ਼ਨਜ਼ ਕਰਾ ਦੇਈਏ । ਉਹ ਸਿਫਾਰਸ਼ਾਂ ਇਨ੍ਹਾਂ ਦੀਆਂ ਮੰਨੀਆਂ ਜਾਣਗੀਆਂ, ਉਹ ਢਾਂਚਾ ਬਦਲ ਦਿੱਤਾ ਜਾਇਗਾ ।

ਚੌਧਰੀ ਰਾਮ ਸਿੰਘ : ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ । ਮੈਂ ਪੁਛਿਆ ਸੀ ਕਿ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਨਵੇਂ ਸਿਸਟਮ ਨਾਲ ਹੋ ਰਹੀਆਂ ਹਨ ਜਾਂ ਪੁਰਾਣੇ ਸਿਸਟਮ ਦੇ ਅਧਾਰ ਤੇ ਹੋ ਰਹੀਆਂ ਹਨ ?

ਸ੍ਰੀ ਸਪੀਕਰ : ਇਨ੍ਹਾਂ ਨੇ ਕਹਿ ਦਿਤਾ ਹੈ ਕਿ ਪੁਰਾਣੇ ਸਿਸਟਮ ਨਾਲ ਹੋ ਰਹੀਆਂ

ਹਨ । (He has already stated that the elections are being conducted according to the old system.)

ਸਰਦਾਰ ਜਸਵਿੰਦਰ ਸਿੰਘ ਬਰਾੜ : ਕਿਹੜੀਆਂ ਕਿਹੜੀਆਂ ਸਿਫਾਰਸ਼ਾਂ ਕਮੇਟੀ ਨੇ ਯੂਨੈਨੀਮਸ ਤੌਰ ਤੇ ਮਨਜ਼ੂਰ ਕੀਤੀਆਂ ਹਨ ਔਰ ਕਿਹੜੀਆਂ ਕਿਹੜੀਆਂ ਅਪਰਵਾਨ ਕੀਤੀਆਂ ਹਨ ?

ਰਾਜ ਮੰਤਰੀ : ਸਿਫਾਰਸ਼ਾਂ ਜੋ ਕਮੇਟੀ ਨੇ ਮਨਜ਼ੂਰ ਕੀਤੀਆਂ ਹਨ ਉਹ ਸਦਨ ਦੀ ਮੇਜ਼ ਤੇ ਰਖ ਦਿੱਤੀਆਂ ਹਨ । ਜਿਹੜੀਆਂ ਪਰਵਾਨ ਕੀਤੀਆਂ ਹਨ ਉਹ ਸਾਰੀਆਂ ਯੂਨੈਨੀਮਸ ਤੌਰ ਤੇ ਪਰਵਾਨ ਕੀਤੀਆਂ ਹਨ ।

ਸਰਦਾਰ ਬਸੰਤ ਸਿੰਘ ਖਾਲਸਾ : ਇਹ ਜਿਹੜੀਆਂ ਹੁਣ ਚੋਣਾਂ ਪੁਰਾਣੇ ਢੰਗ ਨਾਲ ਕਰਾ ਰਹੇ ਹਨ ਅਤੇ ਜਿਹੜੀਆਂ ਕਮੇਟੀ ਨੇ ਸਿਫਾਰਸ਼ਾਂ ਕੀਤੀਆਂ ਹਨ ਉਸ ਨਾਲ ਚੋਣਾਂ ਦਾ ਸਿਸਟਮ ਬਦਲ ਗਿਆ ਹੈ । ਇਹ ਸਿਫਾਰਸ਼ਾਂ ਮੰਨਣ ਨਾਲ ਦੁਬਾਰਾ ਚੋਣਾਂ ਕਰਾਉਣ ਤੇ ਸਰਕਾਰ ਦਾ ਕਿੰਨਾ ਖਰਚ ਆਏਗਾ ?

ਰਾਜ ਮੰਤਰੀ : ਮੈਂ ਅਗੇ ਦਸ ਬੈਠਾ ਹਾਂ ਕਿ ਇਸ ਦੇ ਪੰਚਾਂ ਅਤੇ ਸਰਪੰਚਾਂ ਦੀ ਪੰਜ ਸਾਲਾ ਲਾਈਫ ਰਖੀਂ ਹੈ । ਸਾਡੇ ਇਥੇ ਜੋ ਚਲ ਰਿਹਾ ਹੈ ਉਹ ਥਰੀ ਟਾਇਰ ਸਿਸਟਮ ਚਲ ਰਿਹਾ ਹੈ । ਪਹਿਲੇ ਟਾਇਰ ਮੁਤਾਬਿਕ ਅਸੀਂ ਅਗੇ ਇਲੈਕਸ਼ਨਜ਼ ਕਰਾ ਦਿਤੇ ਸੀ । ਹੁਣ ਜਿਹੜੇ ਦੋ ਟਾਇਰ ਰਹਿ ਗਏ ਹਨ ਇਸ ਦੇ ਇਲੈਕਸ਼ਨਜ਼ ਜੇ ਹੁਣ ਵੀ ਨਾ ਕਰਾਏ ਗਏ ਤਾਂ ਇਹ ਠੀਕ ਨਹੀਂ ਹੋਏਗਾ । ਇਮੀਜੀਏਟਲੀ ਇਲੈਕਸ਼ਨਜ਼ ਕਰਕੇ ਢਾਂਚੇ ਵਿਚ ਜੋ ਚੇਂਜ ਦੀ ਸਿਫਾਰਸ਼ ਕੀਤੀ ਹੈ ਉਸ ਤੇ ਗੌਰ ਕਰ ਰਹੇ ਹਾਂ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਜਿਵੇਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਜੋ ਸਿਫਾਰਸ਼ਾਂ ਪਰਵਾਨ ਕੀਤੀਆਂ ਗਈਆਂ ਹਨ ਉਹ ਯੂਨੈਨੀਮਸ ਤੌਰ ਤੇ ਕੀਤੀਆਂ ਗਈਆਂ ਹਨ, ਇਸ ਦੇ ਵਿਚ ਇਨ੍ਹਾਂ ਨੇ ਪਿਕ ਐਂਡ ਚੂਜ਼ ਵਾਲੀ ਗੱਲ ਕੀਤੀ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸਿਫਾਰਸ਼ਾਂ ਛੱਡੀਆਂ ਗਈਆਂ ਹਨ ਉਹ ਕਿਨ੍ਹਾਂ ਕਾਰਨਾਂ ਕਰਕੇ ਛਡੀਆਂ ਗਈਆਂ ਹਨ ? ਦੂਸਰੀ ਗੱਲ ਜੋ ਮੈਂ ਪੁਛਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਮੁੜ ਕੇ ਇਲੈਕਸ਼ਨਜ਼ ਪੋਸਟਪੋਨ ਤਾਂ ਨਹੀਂ ਕਰਾ ਦਿਤੇ ਜਾਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਅਗੇ ਹੀ ਦੱਸ ਬੈਠਾ ਹਾਂ ਕਿ ਜਿਹੜੀਆਂ ਸਿਫਾਰਸ਼ਾਂ ਅਸੀਂ ਆਪਣੇ ਆਪ ਮੰਨ ਸਕਦੇ ਸੀ ਉਹ ਤਾਂ ਮੰਨ ਲਈਆਂ ਗਈਆਂ ਹਨ ਅਤੇ ਜਿਸ ਵਿਚ ਦੂਸਰੇ ਡਿਪਾਰਟਮੈਂਟਸ ਇਨਵਾਲਵਡ ਹਨ ਉਨ੍ਹਾਂ ਬਾਰੇ ਉਨ੍ਹਾਂ ਸਬੰਧਤ ਮਹਿਕਮਿਆਂ ਨਾਲ ਗਲ ਬਾਤ ਕਰਕੇ ਫੇਰ ਮੰਨੀਆਂ ਜਾਣਗੀਆਂ । ਉਹ ਹਾਲੇ ਅੰਡਰ ਕੰਸਿਡਰੇਸ਼ਨ ਹਨ । (ਵਿਘਨ) ਦੂਜੀ ਗਲ ਜੋ ਸੇਖੜੀ ਸਾਹਿਬ ਨੇ ਕਹੀ ਹੈ ਉਸ ਬਾਰੇ ਮੈਂ ਸੇਖੜੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਡੇਟਸ ਫਿਕਸ ਕਰ ਦਿੱਤੀਆਂ ਗਈਆਂ ਹਨ ਅਤੇ ਇਹ ਬਿਲਕੁਲ ਪੋਸਟਪੋਨ ਨਹੀਂ ਹੋਣਗੀਆਂ ਅਤੇ ਇਲੈਕਸ਼ਨਜ਼ ਹੋਣਗੀਆਂ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਟੋਟਲ ਕਿੰਨੀਆਂ ਸਿਫਾਰਸ਼ਾਂ ਸਨ ਅਤੇ ਉਨ੍ਹਾਂ ਵਿਚੋਂ ਕਿੰਨੀਆਂ ਮੰਨੀਆਂ ਗਈਆਂ ਹਨ ਅਤੇ ਕਿੰਨੀਆਂ ਛੱਡੀਆਂ ਗਈਆਂ ਹਨ ?

(ਕੋਈ ਜਵਾਬ ਨਹੀਂ ਦਿੱਤਾ ਗਿਆ ।)

ਕਾਮਰੇਡ ਸੱਤ ਪਾਲ ਡਾਂਗ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਸੰਮਤੀਆਂ ਦੀਆਂ ਚੋਣਾਂ ਪੁਰਾਣੇ ਕਾਨੂੰਨ ਦੇ ਅਧਾਰ ਤੇ ਹੀ ਕਰਾਉਣੀਆਂ ਸੀ ਤਾਂ ਫੇਰ ਆਰਡੀਨੈਂਸ ਕਰਕੇ ਕਿਉਂ ਮਿਆਦ ਵਧਾਈ ਗਈ ਅਤੇ ਚੋਣਾਂ ਕਿਉਂ ਨਹੀਂ ਕਰਾ ਦਿਤੀਆਂ ਗਈਆਂ ?

ਰਾਜ ਮੰਤਰੀ : ਮੈਂ ਅਗੇ ਹੀ ਦੱਸ ਬੈਠਾ ਹਾਂ ਕਿ ਇਨ੍ਹਾਂ ਦੀ ਮਿਆਦ ਵਧਾਉਣ ਲਈ ਜੋ ਆਰਡੀਨੈਂਸ ਕੀਤਾ ਸੀ ਉਦੋਂ ਕੋਆਪਰੇਟਿਵ ਸੋਸਾਈਟੀਜ਼ ਜਿਹੜੀਆਂ ਸਨ ਉਨ੍ਹਾਂ ਵਿਚੋਂ ਦੋ ਦੋ ਮੈਂਬਰ ਲੈਣੇ ਸੀ, ਇਕ ਇਕ ਮਾਰਕਿਟਿੰਗ ਸੋਸਾਈਟੀਜ਼ ਵਿਚੋਂ ਮੈਂਬਰ ਲੈਣਾ ਸੀ । ਇਹ ਜਦ ਤਕ ਉਹਦੇ ਵਿਚ ਨਾ ਆਉਣ ਇਹ ਚੋਣਾਂ ਪੂਰੀਆਂ ਨਹੀਂ ਸੀ ਹੋਣੀਆਂ (ਵਿਘਨ) ਉਹ ਟੁੱਟੀਆਂ ਹੋਈਆਂ ਸਨ । ਕਰੋੜਾਂ ਰੁਪਏ ਦੀ ਰਿਕਵਰੀ ਪਈ ਸੀ, ਇਸ ਲਈ ਚੋਣਾਂ ਕਰਾਉਣ ਦੀ ਹੈਸੀਅਤ ਵਿਚ ਨਹੀਂ ਸੀ । ਇਸ ਲਈ ਚੋਣਾਂ ਨਹੀਂ ਸੀ ਹੋ ਸਕਦੀਆਂ ਜਦ ਤਕ ਕਿ ਤਿੰਨੇ ਮੈਂਬਰ ਨਾ ਹੋਣ । ਹੁਣ ਕਿਉਂਕਿ ਰਾਸ਼ਟਰ ਪਤੀ ਦੀ ਚੋਣ ਵਿਚ ਸੁਪਰੀਮ ਕੋਰਟ ਨੇ ਰੂਲਿੰਗ ਦੇ ਦਿੱਤੀ ਹੈ ਅਤੇ ਉਸੇ ਅਧਾਰ ਤੇ ਇਹ ਚੋਣਾਂ ਕਰਾ ਰਹੇ ਹਾਂ । (ਵਿਘਨ)

ਚੌਧਰੀ ਜਗਤ ਰਾਮ : ਕੀ ਹੁਣ ਇਹ ਚੋਣਾਂ ਮੁਲਤਵੀ ਤਾਂ ਨਹੀਂ ਕਰ ਦਿੱਤੀਆਂ ਜਾਣਗੀਆਂ ?

(ਕੋਈ ਜਵਾਬ ਨਹੀਂ ਦਿੱਤਾ ਗਿਆ ।)

ਸ਼੍ਰੀ ਪ੍ਰੇਮ ਗੁਪਤਾ : ਇਨ੍ਹਾਂ ਨੇ ਕਿਹਾ ਹੈ ਕਿ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਹੁਣ ਹੋਣਗੀਆਂ । ਪੰਚਾਇਤਾਂ ਦੇ ਇਲੈਕਸ਼ਨਜ਼ ਜਿਹੜੇ 1972 ਵਿਚ ਹੋਏ ਸੀ ਹੁਣ 1977 ਵਿਚ ਹੋਣਗੇ ਮਤਲਬ ਕਿ ਇਸਦੀ ਟਰਮ ਪੰਜ ਸਾਲ ਹੋਵੇਗੀ । ਕੀ ਇਹ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਵੀ ਚੋਣਾਂ ਤੋਂ ਬਾਅਦ ਪੰਜ ਸਾਲ ਤਕ ਕੰਟੀਨੀਊ ਕਰ ਸਕਣਗੀਆਂ ?

ਰਾਜ ਮੰਤਰੀ : ਮੇਰਾ ਖਿਆਲ ਹੈ ਕਿ ਕਰ ਸਕਣਗੀਆਂ ?

ਸਰਦਾਰ ਜਸਵਿੰਦਰ ਸਿੰਘ ਬਰਾੜ : ਇਨ੍ਹਾਂ ਨੇ ਚੋਣਾਂ ਪੁਰਾਣੇ ਆਧਾਰ ਤੇ ਕਰਾਉਣੀਆਂ ਹਨ । ਇਨ੍ਹਾਂ ਨੇ ਕੁਝ ਸਿਫਾਰਸ਼ਾਂ ਯੂਨੈਨੀਮਸਲੀ ਤੌਰ ਤੇ ਮੰਨ ਲਈਆਂ ਹਨ । ਉਨ੍ਹਾਂ ਬਾਰੇ ਇਸੇ ਸੈਸ਼ਨ ਵਿਚ ਹੀ ਅਮੈਂਡਮੈਂਟਸ ਕਰਕੇ ਇਨ੍ਹਾਂ ਨੇ ਕਾਨੂੰਨ ਬਣਾਉਣਾ ਹੈ । ਕੀ ਵਜ਼ੀਰ ਸਾਹਿਬ ਦੇ ਇਹ ਧਿਆਨ ਵਿਚ ਹੈ ਕਿ ਉਸ ਕਾਨੂੰਨ ਦੇ ਅਧਾਰ ਤੇ ਹੀ ਚੋਣਾਂ ਕਰਾਈਆਂ ਜਾਣ ?

ਰਾਜ ਮੰਤਰੀ : ਮੈਂ ਅਗੇ ਹੀ ਜਵਾਬ ਦੇ ਬੈਠਾ ਹਾਂ ।

ਸਟਾਰਡ ਸਵਾਲ ਨੰ: 3033**

ਸ੍ਰੀ ਸਪੀਕਰ : ਇਸ ਸਵਾਲ ਲਈ ਐਕਸਟੈਨਸ਼ਨ ਮੰਗੀ ਗਈ ਹੈ । (Extension has been applied for in respect of this question.)

ਪ੍ਰਾਇਮਰੀ ਸਕੂਲ

*3021. **ਸ੍ਰੀ ਪਿਆਰਾ ਰਾਮ ਧੰਨੋਵਾਲੀ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਇਸ ਸਮੇਂ ਰਾਜ ਵਿਚ ਕੁਲ ਕਿੰਨੇ ਪ੍ਰਾਇਮਰੀ ਸਕੂਲ ਹਨ;

(ਅ) ਵੱਖ ਵੱਖ 1973 ਅਤੇ 1974 ਵਿਚ ਰਾਜ ਦੇ ਉਨ੍ਹਾਂ ਇਲਾਕਿਆਂ ਵਿਚ ਜਿਥੇ ਸਕੂਲ ਨਹੀਂ ਸਨ, ਉਥੇ ਕੁਲ ਕਿਤਨੇ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ;

(ੲ) 1975 ਵਿਚ ਰਾਜ ਦੇ ਉਨ੍ਹਾਂ ਇਲਾਕਿਆਂ ਵਿਚ ਜਿਥੇ ਸਕੂਲ ਨਹੀਂ ਹਨ, ਉਥੇ ਕੁਲ ਕਿੰਨੇ ਸਕੂਲ ਖੋਲ੍ਹੇ ਜਾਣ ਦੀ ਤਜਵੀਜ਼ ਹੈ ?

ਸ੍ਰੀ ਗੁਰਮੇਲ ਸਿੰਘ : (ੳ) ਪ੍ਰਾਇਮਰੀ ਸਕੂਲ 9,268 ।

(ਅ) ਖੋਲ੍ਹੇ ਗਏ ਸਕੂਲਾਂ ਦੀ ਗਿਣਤੀ :

1973-74	..	997
1974-75	..	500

(ੲ) ਸਾਲ 1975 ਵਿਚ ਰਾਜ ਵਿਚ 500 ਨਵੇਂ ਸਰਕਾਰੀ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਤਜਵੀਜ਼ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਇਲਾਕਿਆਂ ਵਿਚ ਨਵੇਂ ਸਕੂਲ ਖੋਲ੍ਹੇ ਜਾ ਰਹੇ ਹਨ, ਉਥੇ ਇਹ ਸਕੂਲ ਖੋਲ੍ਹਣ ਵਾਸਤੇ ਕੀ ਪ੍ਰੋਸੀਜਰ ਬਣਾਇਆ ਹੈ ?

ਮੰਤਰੀ : ਇਲਾਕਿਆਂ ਦੀਆਂ ਲੋੜਾਂ ਨੂੰ ਮੁੱਖ ਰਖਦੇ ਹੋਏ ਸਕੂਲ ਖੋਲ੍ਹੇ ਜਾਂਦੇ ਹਨ ।

ਸਰਦਾਰ ਬਸੰਤ ਸਿੰਘ ਖਾਲਸਾ : ਇਹ ਕਈ ਵਾਰੀ ਅਨਾਊਂਸ ਕੀਤਾ ਗਿਆ ਹੈ ਕਿ ਪ੍ਰਾਇਮਰੀ ਐਜੂਕੇਸ਼ਨ ਦਾ ਡਾਇਰੈਕਟੋਰੇਟ ਅਲਹਿਦਾ ਕਰ ਦਿੱਤਾ ਜਾਏਗਾ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਪ੍ਰਾਇਮਰੀ ਐਜੂਕੇਸ਼ਨ ਦਾ ਡਾਇਰੈਕਟੋਰੇਟ ਕਦੋਂ ਤੱਕ ਅਲਹਿਦਾ ਕਰ ਦਿਤਾ ਜਾਏਗਾ ?

**For Starred Question No. 3033 and reply there to, please see Punjab Vidhan Sabha Debate, dated 27-1-75.

ਮੰਤਰੀ : ਇਹ ਸਵਾਲ ਦੇ ਦੇਣ, ਮੈਂ ਦੱਸ ਦਿਆਂਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਸਾਰੇ ਰਾਜ ਦੇ ਪ੍ਰਾਇਮਰੀ ਸਕੂਲਾਂ ਲਈ ਡਾਇਰੈਕਟੋਰੇਟ ਬਣਨਾ ਹੈ . . . .(ਵਿਘਨ)

Mr. Speaker : This supplementary question is ruled out.

ਚੌਧਰੀ ਜਗਤ ਰਾਮ : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਲੋੜ ਦੇ ਅਨੁਸਾਰ ਸਕੂਲ ਖੋਲ੍ਹੇ ਜਾਂਦੇ ਹਨ । ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਜਿਹੜੇ ਇਲਾਕੇ ਬੈਕਵਰਡ ਹਨ ਜਾਂ ਦਿਹਾਤੀ ਹਨ, ਉਥੇ ਐਜੂਕੇਸ਼ਨ ਦੀ ਬੜੀ ਲੋੜ ਹੈ ਅਤੇ ਕਿਉਂਕਿ ਉਨ੍ਹਾਂ ਨੂੰ ਸ਼ਹਿਰੀ ਲੋਕਾਂ ਦੇ ਬਰਾਬਰ ਲਿਆਉਣਾ ਹੈ, ਇਸ ਲਈ ਕੀ ਵਜ਼ੀਰ ਸਾਹਿਬ ਇਸ ਗੱਲ ਨੂੰ ਮਹਿਸੂਸ ਕਰਦੇ ਹੋਏ ਐਜੂਕੇਸ਼ਨ ਪਿੰਡਾਂ ਤੋਂ ਸ਼ੁਰੂ ਕਰਾਉਣਗੇ ?

ਮੰਤਰੀ : ਇਹ ਪ੍ਰਾਇਮਰੀ ਸਕੂਲਾਂ ਦਾ ਸਵਾਲ ਹੈ ਅਤੇ ਜਿਥੇ ਸਕੂਲ ਨਹੀਂ ਖੁਲ੍ਹੇ ਉਥੇ ਸਕੂਲ ਖੋਲ੍ਹਣ ਦਾ ਸਵਾਲ ਹੈ । ਜਿਹੜੇ ਸਾਰੇ ਪੰਜਾਬ ਵਿਚ ਸਕੂਲ ਖੋਲ੍ਹੇ ਹਨ ਉਨ੍ਹਾਂ ਦਾ ਵੇਰਵਾ ਮੈਂ ਦੱਸਿਆ ਹੈ ਪਰ ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਕਿਹਾ ਹੈ, ਉਹ ਆਪਣੇ ਇਲਾਕੇ ਦੀਆਂ ਲੋੜਾਂ ਸਾਨੂੰ ਦੱਸ ਦੇਣ, ਅਸੀਂ ਅੱਗੇ ਵੀ ਧਿਆਨ ਰੱਖਦੇ ਹਾਂ ਅਤੇ ਅੱਗੇ ਨੂੰ ਵੀ ਧਿਆਨ ਰੱਖਾਂਗੇ ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ ਇਹ ਬੜੀ ਚੰਗੀ ਗੱਲ ਹੈ ਕਿ ਪ੍ਰਮਾਇਮਰੀ ਸਕੂਲ ਖੋਲ੍ਹੇ ਹਨ ਪਰ ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਬਿਲਡਿੰਗਜ਼ ਨਾਕਸ ਹਨ ਜਾਂ ਜਿਥੇ ਬੱਚਿਆਂ ਦੇ ਬੈਠਣ ਲਈ ਪ੍ਰਬੰਧ ਨਹੀਂ ਹੈ, ਕੀ ਉਸ ਪਾਸੇ ਨੂੰ ਵੀ ਸਰਕਾਰ ਧਿਆਨ ਦੇ ਕੇ ਉਨ੍ਹਾਂ ਬੱਚਿਆਂ ਦੇ ਬੈਠਣ ਲਈ ਕਮਰੇ ਬਣਾਏਗੀ ?

ਮੰਤਰੀ : ਅਸੀਂ ਧਿਆਨ ਦੇਣਾ ਚਾਹੁੰਦੇ ਹਾਂ ਪਰ ਸਵਾਲ ਪੈਸਿਆਂ ਦਾ ਹੈ ਜਿਸ ਕਰਕੇ ਕੰਮ ਅਟਕ ਜਾਂਦਾ ਹੈ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ, ਇਹ ਬੜੀ ਚੰਗੀ ਗੱਲ ਹੈ ਕਿ ਸਕੂਲ ਖੋਲ੍ਹੇ ਜਾ ਰਹੇ ਹਨ, ਪਰ ਜਿਹੜੇ ਸਕੂਲਾਂ ਵਿਚ ਬੱਚਿਆਂ ਦੇ ਬੈਠਣ ਲਈ ਟਾਟਾਂ ਦਾ ਪ੍ਰਬੰਧ ਨਹੀਂ ਹੈ ਕੀ ਉਥੇ ਬੱਚਿਆਂ ਦੇ ਬੈਠਣ ਲਈ ਟਾਟਾਂ ਦਾ ਪ੍ਰਬੰਧ ਕਰਨਗੇ ਅਤੇ ਕਿੰਨੀ ਦੇਰ ਵਿਚ ਪ੍ਰਬੰਧ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਮੈਨੂੰ ਦੱਸ ਦੇਣ, ਮੈਂ ਯਤਨ ਕਰਾਂਗਾ ਕਿ ਅਸੀਂ ਉਥੇ ਪ੍ਰਬੰਧ ਕਰ ਦੇਈਏ ।

ਸਰਦਾਰ ਦਿਲਬਾਗ ਸਿੰਘ : ਮੈਂ ਵਿਦਿਆ ਮੰਤਰੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਮਰਿਆਂ ਦੀ ਗੱਲ ਹੋ ਗਈ ਅਤੇ ਟਾਟਾਂ ਦੀ ਵੀ ਗੱਲ ਹੋ ਗਈ, ਸਕੂਲ ਬਣਾ ਦਿੱਤੇ ਇਹ ਬੜੀ ਚੰਗੀ ਗੱਲ ਹੈ ਪਰ ਜਿਥੇ ਮਾਸਟਰ ਨਹੀਂ ਹਨ ਉਸ ਬਾਰੇ ਵੀ ਕੀ ਇਹ ਸੋਚਣਗੇ?

ਮੰਤਰੀ : ਸਪੀਕਰ ਸਾਹਿਬ, ਪਿਛਲੇ ਦਿਨਾਂ ਵਿਚ ਵੀ ਇਕ ਸਪਲੀਮੈਂਟਰੀ ਸਵਾਲ ਦੇ ਜਵਾਬ ਵਿਚ ਮੈਂ ਕਿਹਾ ਸੀ ਕਿ ਜਿਥੇ ਜਿਥੇ ਮਾਸਟਰਾਂ ਦੀ ਕਮੀ ਹੈ ਉਥੇ ਲਈ ਅਸੀਂ 31 ਮਾਰਚ, 1975 ਤੱਕ 5 ਹਜ਼ਾਰ ਟੀਚਰਾਂ ਨੂੰ ਐਪੁਆਇੰਟਮੈਂਟ ਲੈਟਰ ਦੇ ਦਿਆਂਗੇ।

ਭਗਤ ਗੁਰਾਂ ਦਾਸ ਹੰਸ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਚੌਧਰੀ ਜਗਤ ਰਾਮ ਦੇ ਸਵਾਲ ਦਾ ਉੱਤਰ ਦੇਂਦਿਆਂ ਦੱਸਿਆ ਹੈ ਕਿ ਉਨ੍ਹਾਂ ਦਾ ਖਿਆਲ ਰੱਖਾਂਗੇ। ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ 2 ਸਾਲਾਂ ਵਿਚ ਕੋਈ ਹਾਈ ਸਕੂਲ ਨਹੀਂ ਖੋਲ੍ਹਿਆ ਗਿਆ, ਕੀ ਉਸ ਦਾ ਵੀ ਖਿਆਲ ਕਰਕੇ ਉਥੇ ਸਕੂਲ ਖੋਲ੍ਹਣਗੇ ?

ਮੰਤਰੀ : ਉਸ ਦਾ ਵੀ ਖਿਆਲ ਰੱਖਾਂਗੇ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰੇ ਕੋਲ ਫੈਕਟਸ ਹਨ ਜੋ ਕਿ ਮੈਂ ਆਪ ਨੂੰ ਦੱਸਦਾ ਹਾਂ। ਪੀ.ਈ.ਐਸ. ਗਰੇਡ 2 ਦੀਆਂ 80 ਅਸਾਮੀਆਂ 2 ਸਾਲਾਂ ਤੋਂ ਪ੍ਰਾਇਮਰੀ ਸਕੂਲਾਂ ਵਿਚ ਖਾਲੀ ਪਈਆਂ ਹਨ। ਵਜ਼ੀਰ ਸਾਹਿਬ ਨੇ ਪਹਿਲਾਂ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਪੂਰਾ ਕੀਤਾ ਜਾਵੇਗਾ ਅਤੇ ਹੁਣ ਵੀ ਕਿਹਾ ਹੈ ਕਿ ਪੂਰਾ ਕਰਾਂਗੇ ਲੇਕਿਨ ਇਹ ਦੱਸਣ ਕਿ ਇਹ ਵਾਅਦਾ ਕਦੋਂ ਤੱਕ ਪੂਰਾ ਕਰਨਗੇ ਅਤੇ ਜੋ ਪੰਜਾਬ ਦੇ ਸਕੂਲਾਂ ਵਿਚ ਖਾਲੀ ਅਸਾਮੀਆਂ ਪਈਆਂ ਹਨ, ਉਹ ਕਦੋਂ ਤੱਕ ਪੂਰੀਆਂ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਪੀ.ਈ.ਐਸ ਗਰੇਡ 2 ਵਾਲੇ ਪੰਜਾਬ ਵਿਚ ਤਾਂ ਪ੍ਰਾਇਮਰੀ ਸਕੂਲਾਂ ਵਿਚ ਨਹੀਂ ਲੱਗਦੇ। ਇਹ ਪਤਾ ਨਹੀਂ ਹੈ ਕਿ ਕਿਸ ਇਲਾਕੇ ਦੀ ਗੱਲ ਕਰਦੇ ਹਨ ਜਿਥੇ ਕਿ ਪੀ.ਈ.ਐਸ. ਗਰੇਡ 2 ਵਾਲੇ ਪ੍ਰਾਇਮਰੀ ਸਕੂਲਾਂ ਵਿਚ ਲੱਗਦੇ ਹੋਣਗੇ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਜਿਹੜੇ ਇਸ ਵੇਲੇ ਮਾਡਲ ਪ੍ਰਾਇਮਰੀ ਸਕੂਲ ਖੁਲ੍ਹ ਰਹੇ ਹਨ ਉਨ੍ਹਾਂ ਦਾ ਅਤੇ ਦੂਸਰਿਆਂ ਸਕੂਲਾਂ ਦਾ ਆਪਸ ਵਿਚ ਵਿਤਕਰਾ ਹੈ। ਇਹ ਸੋਸ਼ਲਿਜ਼ਮ ਦੇ ਖਿਲਾਫ ਹੈ। ਜਿਹੜੇ ਇਸ ਕਿਸਮ ਦੇ ਮਾਡਲ ਸਕੂਲ ਹਨ ਜਿਥੇ ਫ਼ੀਸਾਂ ਲਈਆਂ ਜਾਂਦੀਆਂ ਹਨ ਉਨ੍ਹਾਂ ਨੂੰ ਬੰਦ ਕਰ ਕੇ ਉਸੇ ਤਰ੍ਹਾਂ ਦੇ ਹੀ ਸਾਰੇ ਪ੍ਰਾਇਮਰੀ ਸਕੂਲ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਦੱਸਿਆ ਹੈ ਕਿ ਸਰਕਾਰ ਦਾ ਇਰਾਦਾ ਜੇ ਹੋਵੇ ਵੀ ਤਾਂ ਪੈਸਿਆਂ ਦੀ ਕਮੀ ਕਰਕੇ ਅਸੀਂ ਬਣਾ ਨਹੀਂ ਸਕਦੇ ਲੇਕਿਨ ਜੋ ਉਨ੍ਹਾਂ ਨੇ ਕਿਹਾ ਹੈ ਉਸ ਬਾਰੇ ਮੈਂ ਕਹਾਂਗਾ ਕਿ ਜਿਹੜੇ ਮਾਡਲ ਪ੍ਰਾਇਮਰੀ ਸਕੂਲ ਬਣਦੇ ਹਨ ਉਨ੍ਹਾਂ ਨੂੰ ਸਰਕਾਰ ਇਨਕਰੇਜ ਨਹੀਂ ਕਰਦੀ।

ਸ੍ਰੀ ਬਾਲ ਮੁਕੰਦ ਸ਼ਰਮਾ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਦੇ ਨਜ਼ਦੀਕ ਲੱਗਦਾ ਬਾਰਡਰ ਦਾ ਜਿਹੜਾ ਇਲਾਕਾ ਹੈ, ਜਿਹੜਾ 10 ਮੀਲ ਦੀ ਪੱਟੀ ਵਿਚ ਆਉਂਦਾ ਹੈ ਅਤੇ ਦੂਸਰਾ ਉਹ ਜਿਹੜਾ ਬੈਕਵਰਡ ਇਲਾਕਾ ਹੈ ਉਸ ਜਗ੍ਹਾ ਤੇ ਸਕੂਲਾਂ ਦੀ ਬਿਲਡਿੰਗਜ਼ ਦੀ ਹਾਲਤ ਬਹੁਤ ਖਰਾਬ ਹੈ। ਇਸ ਲਈ ਕੀ ਉਹ ਇਨ੍ਹਾਂ ਬਾਰਡਰ ਏਰੀਆ ਵਾਸਤੇ ਸਪੈਸ਼ਲ ਗਰਾਂਟ ਦੇ ਕੇ ਬਾਰਡਰ ਦੇ ਸਕੂਲਾਂ ਨੂੰ ਠੀਕ ਬਣਾਉਣ ਵਾਸਤੇ ਪ੍ਰੋਗਰਾਮ ਕਰਨਗੇ?

ਮੰਤਰੀ : ਇਹ ਗੱਲ ਮੇਰੇ ਨੋਟਿਸ ਵਿਚ ਵੀ ਆਈ ਹੈ । ਬਾਰਡਰ ਦੇ ਇਲਾਕੇ ਵਿਚ ਅਤੇ ਸਬ-ਮਾਊਂਟੇਨੀਅਸ ਇਲਾਕਿਆਂ ਵਿਚ ਕਈ ਥਾਂਵਾਂ ਤੇ ਉਥੋਂ ਦੀਆਂ ਪੰਚਾਇਤਾਂ ਪਾਸ ਪੈਸੇ ਨਹੀਂ ਹਨ ਅਤੇ ਜਿਨ੍ਹਾਂ ਕੋਲ ਪੈਸੇ ਹਨ ਉਹ ਲਗਾਉਂਦੇ ਨਹੀਂ ਹਨ । ਇਸ ਲਈ ਇਹ ਜਿਹੜੀ ਉਨ੍ਹਾਂ ਦੀ ਤਜਵੀਜ਼ ਹੈ ਉਸ ਨੂੰ ਅਸੀਂ ਐਗਜ਼ਾਮਿਨ ਕਰਾਂਗੇ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਉਹ ਸਕੂਲ ਮਾਡਲ ਬਣਾਉਣਗੇ ਅਤੇ ਨਾਲ ਹੀ ਉਨ੍ਹਾਂ ਨੇ ਕਿਹਾ ਹੈ ਕਿ ਪੈਸੇ ਨਹੀਂ ਹਨ । ਇਸ ਤੋਂ ਸਿੱਧ ਹੁੰਦਾ ਹੈ ਕਿ ਉਨ੍ਹਾਂ ਨੇ ਕਰਨਾ ਕੁਝ ਨਹੀਂ ਹੈ । ਪਤਾ ਨਹੀਂ ਹੈ ਉਹ ਕਿਥੋਂ ਪੈਸਾ ਲਿਆ ਕੇ ਫਿਰ ਕੰਮ ਸ਼ੁਰੂ ਕਰਨਗੇ ?

ਮੰਤਰੀ : ਅੱਜ ਬੱਜਟ ਤੁਹਾਡੇ ਸਾਹਮਣੇ ਆ ਜਾਵੇਗਾ ਫਿਰ ਪਤਾ ਲੱਗ ਜਾਵੇਗਾ । ਅਸੀਂ ਤਾਂ ਬਜਟ ਦੇ ਅੰਦਰ ਹੀ ਰਹਿਣਾ ਹੈ ।

ਸ਼੍ਰੀ ਪਰਤਾਪ ਚੰਦ ਭੰਡਾਰੀ : ਪ੍ਰਾਇਮਰੀ ਸਕੂਲ ਖੋਲ੍ਹਣ ਲਈ ਸ਼ਹਿਰਾਂ ਨਾਲ ਵਿਤਕਰਾ ਕਿਉਂ ਕੀਤਾ ਜਾਂਦਾ ਹੈ, ਇਸ ਦਾ ਕੀ ਕਾਰਨ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਗੱਲ ਮੈਂ ਸਾਫ਼ ਕਰਨਾ ਚਾਹੁੰਦਾ ਹਾਂ ਕਿ ਨਵੇਂ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਡਿਮਾਂਡ ਪਿੰਡਾਂ ਵਿਚੋਂ ਅਤੇ ਸ਼ਹਿਰਾਂ ਵਿਚੋਂ ਘੱਟ ਆਉਂਦੀ ਹੈ । ਸਾਡੇ ਮਹਿਕਮੇ ਵਾਲਿਆਂ ਨੂੰ ਆਪ ਜਾ ਕੇ ਪਤਾ ਕਰਨਾ ਪੈਂਦਾ ਹੈ ਕਿ ਕਿਥੇ ਸਕੂਲ ਦੀ ਲੋੜ ਹੈ । ਇਸ ਵਿਚ ਵਿਤਕਰੇ ਦੀ ਕੋਈ ਗੱਲ ਨਹੀਂ ਹੈ । ਸਾਡੇ ਪਾਸ ਡਿਮਾਂਡ ਘੱਟ ਆਉਂਦੀ ਹੈ ਪਰ ਅਸੀਂ ਜ਼ਿਆਦਾ ਸਕੂਲ ਦੇਣਾ ਚਾਹੁੰਦੇ ਹਾਂ ।

ਸਰਦਾਰ ਪ੍ਰਿਥੀਪਾਲ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1972-73 ਵਿਚ ਮੇਰੇ ਹਲਕੇ ਵਿਚ ਹਰੀਜਨ ਬਸਤੀਆਂ ਵਿਚ 2 ਸਕੂਲ ਮਨਜ਼ੂਰ ਕੀਤੇ ਗਏ ਸਨ ਪਰ ਉਹ ਸ਼ਹਿਰਾਂ ਦੇ ਸਕੂਲ ਹੋਣ ਕਰਕੇ ਪੋਸਟਪੋਨ ਕਰ ਦਿਤੇ ਗਏ ਸਨ । ਕੀ ਵਜ਼ੀਰ ਸਾਹਿਬ ਹੁਣ ਉਹ ਦੋਵੇਂ ਸਕੂਲ ਉਥੇ ਖੋਲ੍ਹਣਗੇ ?

ਮੰਤਰੀ : ਉਨ੍ਹਾਂ ਨੇ ਕਿਹਾ ਹੈ ਕਿ ਉਥੇ ਪਹਿਲੇ ਸਕੂਲ ਮਨਜ਼ੂਰ ਕੀਤੇ ਗਏ ਸਨ ਪਰ ਫਿਰ ਖੋਲ੍ਹੇ ਨਹੀਂ ਗਏ, ਮੈਂ ਇਸ ਗੱਲ ਨੂੰ ਸਿੰਪੈਥੇਟੀਕਲੀ ਕੰਸਿਡਰ ਕਰਾਂਗਾ ।

ਚੌਧਰੀ ਰਾਮ ਸਿੰਘ : ਜਿਸ ਤਰ੍ਹਾਂ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਬੈਕਵਰਡ ਏਰੀਆਜ਼ ਵਿਚ, ਬਾਰਡਰ ਏਰੀਆਜ਼ ਵਿਚ ਅਤੇ ਸਬ-ਮਾਊਂਟੇਨੀਅਸ ਏਰੀਆ ਦੇ ਲੋਕਾਂ ਕੋਲ ਕਮਰੇ ਪਾਉਣ ਲਈ ਪੈਸੇ ਨਹੀਂ ਹਨ, ਇਸ ਲਈ ਕੀ ਉਥੇ ਵੀ ਕੋਈ ਗਰਾਂਟ ਦਿਤੀ ਜਾਵੇਗੀ ਤਾਂ ਕਿ ਉਥੇ ਕਮਰੇ ਪਾਏ ਜਾਣ ਅਤੇ ਜਦ ਬਾਰਸ਼ਾਂ ਪੈਣ, ਝੜੀ ਲੱਗ ਜਾਵੇ ਜਾਂ ਗਰਮੀ ਵਿਚ ਜਿਹੜੇ ਬੱਚੇ ਆਪਣੀ ਐਜੂਕੇਸ਼ਨ ਜਾਰੀ ਨਹੀਂ ਰੱਖ ਸਕਦੇ ਉਹ ਉਨ੍ਹਾਂ ਦਿਨਾਂ ਵਿਚ ਵੀ ਆਪਣੀ ਐਜੂਕੇਸ਼ਨ ਜਾਰੀ ਰੱਖ ਸਕਣ ?

ਮੰਤਰੀ : ਪੈਸੇ ਦੀ ਮੈਂ ਪਹਿਲਾਂ ਵੀ ਗੱਲ ਕੀਤੀ ਸੀ ਪਰ ਅਸੀਂ ਉਨ੍ਹਾਂ ਇਲਾਕਿਆਂ ਨੂੰ ਦੂਸਰਿਆਂ ਇਲਾਕਿਆਂ ਨਾਲੋਂ ਡਿਫਰੈਂਸ਼ੀਏਟ ਨਹੀਂ ਕਰ ਸਕਦੇ ।

ਸਰਦਾਰ ਗੁਰਬਚਨ ਸਿੰਘ (ਰੋਪੜ): ਕਈ ਥਾਵਾਂ ਤੇ ਤਾਂ ਇਹ ਡੇਢ ਦੋ ਮੀਲ ਦੇ ਫਾਸਲੇ ਤੇ ਹੀ ਹਾਈ ਸਕੂਲ ਦੇ ਰਹੇ ਹਨ ਪਰ ਕਈ ਥਾਵਾਂ ਤੇ ਇਹ 8-10 ਮੀਲ ਦੇ ਫਾਸਲੇ ਤੇ ਵੀ ਸਕੂਲ ਨਹੀਂ ਦੇ ਰਹੇ ਜਾਂ 8-10 ਮੀਲ ਦੇ ਫਾਸਲੇ ਤੇ ਸਕੂਲ ਹਨ, ਇਹ ਐਨਾ ਵਿਤਕਰਾ ਕਿਉਂ ਹੈ ?

ਮੰਤਰੀ : ਇਹ ਪ੍ਰਾਇਮਰੀ ਸਕੂਲਾਂ ਦੀ ਗੱਲ ਹੈ ਪਰ ਤੁਸੀਂ ਤਾਂ ਹਾਈ ਸਕੂਲਾਂ ਦੀ ਗੱਲ ਕਰਦੇ ਹੋ ।

ਸਰਦਾਰ ਸਾਧੂ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1972-73 ਅਤੇ 1973-74 ਵਿਚ ਪੰਜਾਬ ਵਿਚ ਕਿੰਨੇ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ ?

ਮੰਤਰੀ : 1972-73 ਦੇ ਅੰਕੜੇ ਤਾਂ ਮੇਰੇ ਪਾਸ ਨਹੀਂ ਹਨ ਪਰ 1973-74 ਵਿਚ 997 ਸਕੂਲ ਖੋਲ੍ਹੇ ਗਏ ਅਤੇ 1974-75 ਵਿਚ 500 ਸਕੂਲ ਖੋਲ੍ਹੇ ਗਏ ਹਨ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1974-75 ਵਿਚ ਹਰੀਜਨ ਬਸਤੀ ਠੀਕਰੀਵਾਲਾ, ਤਹਿਸੀਲ ਬਰਨਾਲਾ ਦੇ ਲੋਕਾਂ ਨੇ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਮੰਗ ਕੀਤੀ ਸੀ, ਕੀ ਇਹ ਉਥੇ ਸਕੂਲ ਖੋਲ੍ਹਣਗੇ ?

ਮੰਤਰੀ : ਇਹ ਤਾਂ ਮੈਂ ਦੇਖ ਕੇ ਦੱਸ ਸਕਾਂਗਾ ਕਿ ਕਿਸ ਬਸਤੀ ਤੋਂ ਡਿਮਾਂਡ ਆਈ ਹੈ ਪਰ ਮੈਂਬਰ ਸਾਹਿਬ ਵੀ ਦੱਸ ਦੇਣ । ਹਰੀਜਨ ਬਸਤੀ ਹੋਵੇ ਜਾਂ ਦੂਸਰੀ ਬਸਤੀ ਹੋਵੇ ਜਿਥੋਂ ਡਿਮਾਂਡ ਆਵੇਗੀ ਅਸੀਂ ਸਕੂਲ ਖੋਲ੍ਹਣ ਲਈ ਤਿਆਰ ਹਾਂ ।

ਰਾਜ ਵਿੱਚ ਪ੍ਰਾਈਵੇਟ ਸਕੂਲਾਂ ਨੂੰ ਸਹਾਇਤਾ ਗਰਾਂਟ ਦੀ ਅਦਾਇਗੀ ।

*3031. **ਕਾਮਰੇਡ ਰਾਜ ਕੁਮਾਰ** (ਕਾਮਰੇਡ ਸੱਤ ਪਾਲ ਡਾਂਗ ਵਲੋਂ ਪੇਸ਼ ਕੀਤਾ ਗਿਆ) ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਰਾਜ ਵਿੱਚ ਕੁੱਲ ਕਿੰਨੇ ਪ੍ਰਾਈਵੇਟ ਸਕੂਲ ਸਰਕਾਰ ਪਾਸੋਂ ਆਪਣੇ ਅਧਿਆਪਕਾਂ ਦੀਆਂ ਤਨਖਾਹਾਂ ਵਾਸਤੇ ਘਾਟਾ ਪੂਰਾ ਕਰਨ ਲਈ ਸਹਾਇਤਾ ਗਰਾਂਟ ਲੈਂਦੇ ਹਨ ;

(ਅ) ਕੀ ਉਕਤ ਭਾਗ (ੳ) ਵਿੱਚ ਹਵਾਲਾ ਦਿੱਤੀਆਂ ਗਈਆਂ ਗਰਾਂਟਾਂ ਦੀ ਹੁਣ ਤੱਕ ਦੀ ਅਦਾਇਗੀ ਉਨ੍ਹਾਂ ਦੇ ਪ੍ਰਬੰਧਕਾਂ ਨੂੰ ਕਰ ਦਿੱਤੀ ਗਈ ਹੈ, ਜੇ ਨਹੀਂ ਤਾਂ ਜ਼ਿਲ੍ਹੇਵਾਰ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਗਰਾਂਟ ਨਹੀਂ ਦਿੱਤੀ ਗਈ ਅਤੇ ਹਰ ਸਕੂਲ ਦੀ ਬਣਦੀ ਰਕਮ ਕਿੰਨੀ ਹੈ ।

(ੲ) ਸਹਾਇਤਾ ਗਰਾਂਟ ਰਕਮ ਦੀ ਅਦਾਇਗੀ ਨਾ ਕਰਨ ਦੇ ਕੀ ਕਾਰਨ ਹਨ ;

(ਸ) ਉਕਤ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਮਲੇ ਨੂੰ ਤਨਖਾਹਾਂ ਦੀ ਅਦਾਇਗੀ ਨਾ ਹੋਣ ਦੇ ਕਾਰਨ ਪੈਦਾ ਹੋਈ ਹਾਲਤ ਨੂੰ ਹੱਲ ਕਰਨ ਲਈ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ ?

ਸ਼੍ਰੀ ਗੁਰਮੇਲ ਸਿੰਘ : (ੳ) 562 .

(ਅ) ਸਵਾਏ 51 ਸਕੂਲਾਂ ਦੇ ਬਾਕੀ ਸਭ ਨੂੰ ਗਰਾਂਟ ਦੀ ਅਦਾਇਗੀ ਹੋ ਚੁੱਕੀ ਹੈ । ਇਨ੍ਹਾਂ 51 ਸਕੂਲਾਂ ਦਾ ਜ਼ਿਲ੍ਹੇਵਾਰ ਵੇਰਵਾ ਸਮੇਤ ਉਨ੍ਹਾਂ ਦੀ ਬਣਦੀ ਰਕਮ ਦੇ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ੲ) 36 ਸਕੂਲਾਂ ਨੇ ਅਜੇ ਗਰਾਂਟ ਲਈ ਕਲੇਮ ਨਹੀਂ ਭੇਜੇ ਅਤੇ 8 ਸਕੂਲ ਕਈ ਸਾਲਾਂ ਤੋਂ ਗਰਾਂਟ ਕਲੇਮ ਨਹੀਂ ਕਰ ਰਹੇ । ਪੰਜ ਸਕੂਲਾਂ ਦੀ ਕੱਚੀ ਮਾਨਤਾ ਵਿੱਚ 31 ਮਾਰਚ, 1974 ਤੋਂ ਅਗੇ ਵਾਧਾ ਨਹੀਂ ਕੀਤਾ ਗਿਆ । ਇਕ ਸਕੂਲ ਦਾ ਕਲੇਮ ਨਾ ਮੁਕੰਮਲ ਸੀ ਤੇ ਇੱਕ ਦੀ ਗਰਾਂਟ ਹਿਸਾਬ ਨਾ ਦਖਾਉਣ ਕਾਰਨ ਰੋਕੀ ਹੋਈ ਹੈ ।

(ਸ) ਅਮਲੇ ਨੂੰ ਤਨਖਾਹਾਂ ਸਮੇਂ ਸਿਰ ਨਾ ਮਿਲਣ ਲਈ ਇਨ੍ਹਾਂ ਸਕੂਲਾਂ ਦੀਆਂ ਮੈਨੇਜਮੈਂਟਾਂ ਆਪ ਹੀ ਜ਼ਿੰਮੇਵਾਰ ਹਨ । ਗਰਾਂਟ ਤੇ ਕਲੇਮ ਪੇਸ਼ ਕਰਨ ਲਈ ਇਨ੍ਹਾਂ ਨੂੰ ਬਾਰ ਬਾਰ ਕਿਹਾ ਗਿਆ ਹੈ ਜਦੋਂ ਵੀ ਕਲੇਮ ਆਉਣਗੇ ਤਾਂ ਬਣਦੀ ਗਰਾਂਟ ਇਨ੍ਹਾਂ ਨੂੰ ਤੁਰੰਤ ਰਲੀਜ਼ ਕਰ ਦਿੱਤੀ ਜਾਵੇਗੀ ।

51 ਸਕੂਲਾਂ ਦਾ ਵੇਰਵਾ ਜਿਨ੍ਹਾਂ ਨੂੰ ਗਰਾਂਟ ਨਹੀਂ ਮਿਲੀ ।

ਲੜੀ ਨੰ:	ਸਕੂਲ ਦਾ ਨਾਂ	ਗਰਾਂਟ ਦੀ ਰਕਮ	ਨਾ ਮਿਲਣ ਦੇ ਕਾਰਨ ।
1	2	3	4
	ਅੰਮ੍ਰਿਤਸਰ		
1.	ਦੇਵਿੰਦਰਾ ਗਿਆਨ ਹਾਈ ਸਕੂਲ, ਅੰਮ੍ਰਿਤਸਰ		ਇਨ੍ਹਾਂ ਛੇ ਸਕੂਲਾਂ ਨੇ ਕਈ ਸਾਲਾਂ ਤੋਂ ਗਰਾਂਟ ਕਲੇਮ ਹੀ ਨਹੀਂ ਕੀਤੀ।
2.	ਸ਼ਾਹਜ਼ਾਦਾ ਨੰਦ ਹਾਈ ਸਕੂਲ, ਅੰਮ੍ਰਿਤਸਰ		
3.	ਦਸ਼ਮੇਸ਼ ਵਿਦਿਆਲਾ, ਰਾਮਸਰ ਰੋਡ, ਅੰਮ੍ਰਿਤਸਰ		
4.	ਕੇ. ਕੇ. ਪ੍ਰਾਇਮਰੀ ਸਕੂਲ ਹਾਈਡ ਮਾਰਕਿਟ, ਅੰਮ੍ਰਿਤਸਰ		
5.	ਸ਼੍ਰੀ ਸਤਿਆ ਨਰੈਣ ਵਿਦਿਆ ਭੰਡਾਰ ਫਤੇਹ ਆਬਾਦ, ਅੰਮ੍ਰਿਤਸਰ		
6.	ਅਲੈਕਜ਼ੈਂਡਰ ਹਾਈ ਸਕੂਲ, ਅੰਮ੍ਰਿਤਸਰ		

1	2	3	4
ਅੰਮ੍ਰਿਤਸਰ ਚਲਦਾ—			
7.	ਭਰਤ ਆਸ਼ਰਮ ਪ੍ਰਾਇਮਰੀ ਸਕੂਲ, ਕਟੜਾ ਕਰਮ ਸਿੰਘ, ਅੰਮ੍ਰਿਤਸਰ	15,000	ਮੈਨੇਜਮੈਂਟ ਨੇ ਗਰਾਂਟ ਅਜੇ ਕਲੇਮ ਨਹੀਂ ਕੀਤੀ।
8.	ਮਿਸ਼ਨ ਗਰਲਜ਼ ਪ੍ਰਾਇਮਰੀ ਸਕੂਲ, ਜੰਡਿਆਲਾ ਗੁਰੂ	10,000	,,
9.	ਕਲਗੀਧਰ ਪ੍ਰਾਇਮਰੀ ਸਕੂਲ, ਅੰਮ੍ਰਿਤਸਰ	7,000	,,
10.	ਆਰੀਆ ਗਰਲਜ਼ ਹਾਈ ਸਕੂਲ, ਲੋਹਗੜ੍ਹ	21,000	,,
11.	ਗਰਾਮ ਪੰਚਾਇਤ ਹਾਈ ਸਕੂਲ ਭਰੋਹੀ, ਰਾਜਪੂਤਾਂ	9,000	,,
12.	ਬੇਸਿਕ ਸਿਖਿਆ ਕੇਂਦਰ ਮਿਡਲ ਸਕੂਲ, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ	6,000	,,
13.	ਸੀ-ਮਾਡਰਨ ਪ੍ਰਾਇਮਰੀ ਸਕੂਲ, ਅੰਮ੍ਰਿਤਸਰ	4,000	,,
14.	ਆਰੀਆ ਅਦਰਸ਼ ਕੰਨਿਆ ਮਹਾਂ ਵਿਦਿਆਲਾ, ਪੁਤਲੀਘਰ, ਅੰਮ੍ਰਿਤਸਰ	3,000	,,
	ਬਠਿੰਡਾ		
15.	ਐਸ.ਐਸ.ਡੀ. ਕੰਨਿਆਂ ਮਹਾਂ ਵਿਦਿਆਲਾ, ਬਠਿੰਡਾ	25,000	ਕਲੇਮ ਨਾ ਮੁਕੰਮਲ ਸੀ।
16.	ਐਸ.ਡੀ. ਕੰਨਿਆਂ ਮਹਾਂ ਵਿਦਿਆਲਾ, ਰਾਮਪੁਰਾ ਫੂਲ		ਇਨ੍ਹਾਂ ਦੀ ਕੱਚੀ ਮਾਨਤਾ ਮਿਤੀ 31 ਮਾਰਚ, 1974 ਤੋਂ ਅਗੇ ਨਹੀਂ ਵਧਾਈ ਗਈ।
17.	ਦੇਵ ਸਮਾਜ ਗਰਲਜ਼ ਹਾਈ ਸਕੂਲ, ਰਾਮਪੁਰਾ ਫੂਲ		
18.	ਆਰੀਆ ਮਿਡਲ ਸਕੂਲ ਪੁੱਤਰੀ ਪਾਠਸ਼ਾਲਾ, ਤਲਵੰਡੀ ਸਾਬੋ		
	ਹੁਸ਼ਿਆਰਪੁਰ		
19.	ਮਾਤਾ ਗੰਗਾ ਗਰਲਜ਼ ਹਾਈ ਸਕੂਲ, ਮੁਰਾਦ ਨਰਿਆਲ। ..	—	ਇਸ ਦੀ ਕੱਚੀ ਮਾਨਤਾ ਮਿਤੀ 31 ਮਾਰਚ, 1974 ਤੋਂ ਅਗੇ ਨਹੀਂ ਵਧਾਈ ਗਈ।
20.	ਖਾਲਸਾ ਹਾਈ ਸਕੂਲ, ਅਜਨੋਹਾ। ..	2121	ਮਨੇਜਮੈਂਟ ਨੇ ਅਜੇ ਗਰਾਂਟ ਕਲੇਮ ਨਹੀਂ ਕੀਤੀ।

[ਵਿਦਿਆ ਮੰਤਰੀ]

1	2	3	4
	ਹੁਸ਼ਿਆਰਪੁਰ—(ਚਲਦਾ)		
21.	ਜੀ. ਐਚ. ਆਰ. ਪਬਲਿਕ ਹਾਈ ਸਕੂਲ, ਭੰਗਾਨੀ ..	15,610	ਮੈਨੇਜਮੈਂਟ ਨੇ ਅਜੇ ਗ੍ਰਾਂਟ ਕਲੇਮ ਨਹੀਂ ਕੀਤੀ
22.	ਪਬਲਿਕ ਹਾਈ ਸਕੂਲ, ਬੀਨੇਵਾਲ ..	15,873	ਉਹੀ
23.	ਮਾਈ ਭਗਵਤ ਹਾਈ ਸਕੂਲ, ਹਰਿਆਣਾ ..	17,026	ਉਹੀ
24.	ਬੀ ਐਲ. ਡੀ. ਜੰਤਾ ਰਾਹੀ ਸਕੂਲ, ਲਮੀਨ ..	5,894	ਉਹੀ
25.	ਐਲ. ਐਸ. ਗਰਲਜ਼ ਮਿਡਲ ਸਕੂਲ, ਲਖਿੰਦਰ ਮੈਨੀ ..	5,899	ਉਹੀ
26.	ਭਾਰਤ ਹਾਈ ਸਕੂਲ, ਟੂਟ ਮਜ਼ਾਰਾ ..	6,280	ਉਹੀ
27.	ਬੀ. ਐਲ. ਡੀ. ਜੰਤਾ ਹਾਈ ਸਕੂਲ, ਜਹੀਦਪੁਰ ਕਮਲੋਹ ..	32,845	ਉਹੀ
	ਗੁਰਦਾਸਪੁਰ—		
28.	ਜੀ. ਐਨ. ਗਰਲਜ਼ ਹਾਈ ਸਕੂਲ, ਧਾਰੀਵਾਲ ..	7,917	ਉਹੀ
	ਜਲੰਧਰ—		
29.	ਜੰਤਾ ਗਰਲਜ਼ ਹਾਈ ਸਕੂਲ, ਸ਼ਾਹਕੋਟ ..	—	ਇਨ੍ਹਾਂ ਦੋਨਾਂ ਸਕੂਲਾਂ ਨੇ ਕਈ ਸਾਲਾ ਤੋਂ ਗਰਾਂਟ ਕਲੇਮ ਨਹੀਂ ਕੀਤੀ।
30.	ਆਤਮਾਨੰਦ ਜੈਨ ਕੰਨਿਆ ਪਾਠਸ਼ਾਲਾ, ਨਕੋਦਰ ..		
31.	ਨੈਸ਼ਨਲ ਗਰਲਜ਼ ਹਾਈ ਸਕੂਲ, ਗੋਰਾਇਆ ..	48,168	ਮਨੇਜਮੈਂਟ ਨੇ ਅਜੇ ਗਰਾਂਟ ਕਲੇਮ ਨਹੀਂ ਕੀਤੀ।
32.	ਜੀ. ਟੀ. ਬੀ. ਖਾਲਸਾ ਹਾਈ ਸਕੂਲ, ਹਜ਼ਾਰਾ ..	153,36	ਉਹੀ

1	2	3	4
	ਜਲੰਧਰ—(ਚਲਦਾ)		
33.	ਐਮ. ਜੀ. ਐਨ. ਗਰਲਜ਼ ਹਾਈ ਸਕੂਲ, ਜਲੰਧਰ ..	24,207	ਮੈਨੇਜਮੈਂਟ ਨੇ ਅਜੇ ਗ੍ਰਾਂਟ ਕਲੇਮ ਨਹੀਂ ਕੀਤੀ
34.	ਜੀ. ਐਨ. ਕੰਨਿਆ ਮਹਾਂਵਿਦਿਆਲਾ, ਜਲੰਧਰ ..	24,153	ਉਹੀ
35.	ਪਬਲਿਕ ਹਾਈ ਸਕੂਲ, ਕੁੱਕਰ ਪਿੰਡ ..	8,943	ਉਹੀ
36.	ਡਬਲਯੂ. ਐਲ. ਆਰੀਆ ਗਰਲਜ਼ ਹਾਈ ਸਕੂਲ, ਨਵਾਂ ਸ਼ਹਿਰ ..	15,849	ਉਹੀ
37.	ਜੀ. ਐਲ. ਖਾਲਸਾ ਮਿਡਲ ਸਕੂਲ, ਰੁੜਕਾਂ ਕਲਾਂ ..	3,540	ਉਹੀ
	ਫਰੀਦਕੋਟ—		
38.	ਆਰੀਆ ਗਰਲਜ਼ ਹਾਇਰ ਸੈਕੰਡਰੀ ਸਕੂਲ, ਮੋਗਾ ..	21,228	ਉਹੀ
39.	ਦੇਵ ਸਮਾਜ ਹਾਇਰ ਸੈਕੰਡਰੀ ਸਕੂਲ, ਮੋਗਾ ..	9,927	ਉਹੀ
40.	ਪਬਲਿਕ ਮਿਡਲ ਸਕੂਲ, ਜੈਤੋਂ ..	7,437	ਉਹੀ
41.	ਪਬਲਿਕ ਗਰਲਜ਼ ਮਿਡਲ ਸਕੂਲ, ਜੈਤੋਂ ..	16,968	ਉਹੀ
42.	ਐਸ. ਐਸ. ਭਾਈਫੇਰੂ ਖਾਲਸਾ ਹਾਈ ਸਕੂਲ, ਫਰੀਦਕੋਟ ..	30,232	ਉਹੀ
43.	ਜੀ. ਐਮ. ਸਕੂਲ, ਫਰੀਦਕੋਟ ..	44,250	ਉਹੀ
	ਪਟਿਆਲਾ—		
44.	ਐਸ. ਐਸ. ਹਰਭਗਵਾਨ ਸਕੂਲ, ਸਮਾਣਾ ..	12,887	ਗਰਾਂਟ ਇਸ ਲਈ ਰੋਕੀ ਹੈ ਕਿ ਸਕੂਲ ਵਾਲੇ ਸਰਕਾਰ ਨੂੰ ਹਿਸਾਬ ਨਹੀਂ ਦਿਖਾਉਂਦੇ
45.	ਪੁਰਸ਼ਾਰਤੀ ਐਸ. ਡੀ. ਰਾਮ ਲੀਲਾ ਹਾਈ ਸਕੂਲ, ਨਾਭਾ ..	7,346	ਮੈਨੇਜਮੈਂਟ ਨੇ ਅਜੇ ਗਰਾਂਟ ਕਲੇਮ ਨਹੀਂ ਕੀਤੀ।

[ਵਿਦਿਆ ਮੰਤਰੀ]

1	2		3	4
	ਰੋਪੜ—			
46.	ਖਾਲਸਾ ਹਾਈ ਸਕੂਲ, ਰੋਪੜ	..	17,410	ਮੈਨੇਜਮੈਂਟ ਨੇ ਅਜੇ ਗ੍ਰਾਂਟ ਕਲੇਮ ਨਹੀਂ ਕੀਤੀ
47.	ਕਲਗੀਧਰ ਕੰਨਿਆ ਪਾਠਸ਼ਾਲਾ, ਰੋਪੜ	..	1,524	ਉਹੀ
	ਲੁਧਿਆਣਾ—			
48.	ਕਲਗੀਧਰ ਖਾਲਸਾ ਹਾਇਰ ਸੈਕੰਡਰੀ ਸਕੂਲ, ਲੁਧਿਆਣਾ	..	63,700	ਉਹੀ
49.	ਜੀ. ਐਲ. ਮਿਡਲ ਸਕੂਲ, ਧਨਾਂਸੂ	..	3,371	ਉਹੀ
	ਸੰਗਰੂਰ—			
50.	ਜੀ. ਐਨ. ਹਾਈ ਸਕੂਲ, ਸੰਗਰੂਰ	..	31,599	ਉਹੀ
51.	ਐਨ. ਐਮ. ਡੀ. ਹਾਈ ਸਕੂਲ, ਬਰਨਾਲਾ	..	28,281	ਕੱਚੀ ਮਾਨਤਾ ਦੀ ਮਿਤੀ 31 ਮਾਰਚ, 1974 ਤੋਂ ਅਗੇ ਨਹੀਂ ਵਧਾਈ ਗਈ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦਸੱਣਗੇ ਕਿ ਕਿਉਂਕਿ ਕਈ ਮੈਨੇਜਮੈਂਟਾਂ ਵਕਤ ਸਿਰ ਕਲੇਮ ਨਹੀਂ ਕਰਦੀਆਂ, ਟੀਚਰਾਂ ਨੂੰ ਖਰਾਬ ਕਰਨ ਲਈ ਗਰਾਂਟ ਨਹੀਂ ਲੈਂਦੀਆਂ, ਨੁਕਸਾਨ ਟੀਚਰਾਂ ਦਾ ਹੁੰਦਾ ਹੈ ਜਿਨ੍ਹਾਂ ਨੂੰ ਤਨਖਾਹ ਨਹੀਂ ਮਿਲਦੀ। ਜਿਹੜਾ ਫੈਸਲਾ ਜਦੋਂ ਸਰਦਾਰ ਉਮਰਾਓ ਸਿੰਘ ਐਜੂਕੇਸ਼ਨ ਮਨਿਸਟਰ ਹੁੰਦੇ ਸੀ ਉਸ ਵੇਲੇ ਹੋਇਆ ਸੀ ਕਿ ਸਰਕਾਰ ਟੀਚਰਾਂ ਨੂੰ ਸਿਧੀਆਂ ਤਨਖਾਹਾਂ ਗੌਰਮਿੰਟ ਟਰੇਜ਼ਰੀ ਦੇ ਰਾਹੀਂ ਦੇਵੇਗੀ, ਸਰਕਾਰ ਨੇ ਉਸ ਫੈਸਲੇ ਤੇ ਅਮਲ ਕਿਉਂ ਨਹੀਂ ਕੀਤਾ ?

ਮੰਤਰੀ : ਸਪੀਕਰ ਸਾਹਿਬ, ਜੋ ਹੁਣ ਫੈਸਲਾ ਹੋਇਆ ਹੈ, ਉਸ ਦੇ ਮੁਤਾਬਿਕ ਜਵਾਬ ਦਿਤਾ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਆਨਰੇਬਲ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਜਿਹੜਾਂ ਇਨ੍ਹਾਂ ਨੇ ਦਸਿਆ ਹੈ ਕਿ 36 ਸਕੂਲਾਂ ਦੀਆਂ ਮੈਨੇਜਮੈਂਟਾਂ ਨੇ ਗਰਾਂਟਾਂ ਕਲੇਮ ਨਹੀਂ ਕੀਤੀਆਂ ਜਿਸ ਦੇ ਨਤੀਜੇ ਦੇ ਤੌਰ ਤੇ ਟੀਚਰਾਂ ਨੂੰ ਤਨਖਾਹਾਂ ਨਹੀਂ ਮਿਲੀਆਂ, ਕੀ ਸਰਕਾਰ ਅਜਿਹੀਆਂ ਮੈਨੇਜਮੈਂਟਾਂ ਦੇ ਸਕੂਲਾਂ ਨੂੰ

ਜਿਹੜੀਆਂ ਨਾ ਆਪ ਟੀਚਰਾਂ ਨੂੰ ਤਨਖਾਹ ਦੇ ਸਕਦੀਆਂ ਹਨ ਅਤੇ ਨਾ ਹੀ ਸਰਕਾਰ ਤੋਂ ਕਲੇਮ ਕਰਦੀਆਂ ਹਨ ਉਨ੍ਹਾਂ ਨੂੰ ਡੀ-ਰਿਕੁਗਨਾਈਜ਼ ਕਰਨ ਵਾਸਤੇ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਸਕੂਲ ਵਾਲਿਆਂ ਨੇ ਹਿਸਾਬ ਕਿਤਾਬ ਦਿਖਾਉਣਾ ਹੁੰਦਾ ਹੈ ਫਿਰ ਡਿਸਟ੍ਰਿਕਟ ਆਡਿਟ ਵਾਲਿਆਂ ਦਾ ਇੰਟਰਨਲ ਆਡਿਟ ਹੁੰਦਾ ਹੈ। ਜਿਹੜਾ ਡਿਸਟ੍ਰਿਕਟ ਦਾ ਆਡਿਟ ਹੁੰਦਾ ਹੈ ਇਹ ਉਸ ਦੀ ਜ਼ਿਮੇਵਾਰੀ ਹੁੰਦੀ ਹੈ ਅਤੇ ਜਿਹੜਾ ਸਕੂਲ ਕਲੇਮ ਕਰਦਾ ਹੈ ਉਸ ਦਾ ਕੇਸ ਉਹ ਡੀ. ਪੀ. ਆਈ. ਨੂੰ ਭੇਜਦਾ ਹੈ। ਉਸ ਤੇ ਫਿਰ ਸਕਰੂਟਨੀ ਹੁੰਦੀ ਹੈ ਅਤੇ ਜਿਹੜਾ ਘਾਟਾ ਹੋਵੇ ਉਸ ਦਾ 95% ਸਰਕਾਰ ਦਿੰਦੀ ਹੈ। (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੇਰਾ ਸਵਾਲ ਡੀ-ਰਿਕੁਗਨਾਈਜ਼ ਕਰਨ ਵਾਸਤੇ ਹੈ। (ਵਿਘਨ) ਸਪੀਕਰ ਸਾਹਿਬ, ਸਵਾਲ ਮੇਰਾ ਬੜਾ ਸਪੱਸ਼ਟ ਹੈ ਜਿਹੜੀਆਂ ਮੈਨੇਜਮੈਂਟਸ ਨਾ ਆਪ ਤਨਖਾਹ ਦਿੰਦੀਆਂ ਹਨ ਔਰ ਨਾ ਸਰਕਾਰ ਤੋਂ ਗਰਾਂਟ ਕਲੇਮ ਕਰਦੀਆਂ ਹਨ ਉਨ੍ਹਾਂ ਨੂੰ ਡੇਟਰੈਂਟ ਸਜ਼ਾ ਦੇਣ ਦੇ ਤੌਰ ਤੇ ਕੀ ਸਰਕਾਰ ਸਟੇਟ ਲੈਵਲ ਤੇ ਉਨ੍ਹਾਂ ਸਕੂਲਾਂ ਨੂੰ ਡੀ-ਰਿਕੁਗਨਾਈਜ਼ ਕਰਨ ਵਾਸਤੇ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਅਸੀਂ ਇਸ ਨੂੰ ਐਗਜ਼ਾਮਿਨ ਕਰ ਲਵਾਂਗੇ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਕਾਮਰੇਡ ਸੱਤ ਪਾਲ ਡਾਂਗ ਜੀ ਦੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਵਜ਼ੀਰ ਸਾਹਿਬ, ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਕੋਈ ਫੈਸਲਾ ਕੀਤਾ ਸੀ ਕਿ ਟੀਚਰਾਂ ਨੂੰ ਡਾਇਰੈਕਟ ਗੌਰਮਿੰਟ ਟਰੇਜ਼ਰੀ ਵਿਚੋਂ ਤਨਖਾਹ ਦਿਤੀ ਜਾਵੇਗੀ; ਜੇ ਕੀਤਾ ਸੀ ਤਾਂ ਕੀ ਉਸ ਫੈਸਲੇ ਨੂੰ ਇੰਪਲੀਮੈਂਟ ਕੀਤਾ ਹੈ ? (ਵਿਘਨ)

ਮੰਤਰੀ : ਮੈਂ ਫੈਸਲਾ ਦੇਖ ਕੇ ਦੱਸ ਦੇਵਾਂਗਾ। (ਵਿਘਨ)

ਸ਼੍ਰੀ ਸਪੀਕਰ : ਉਨ੍ਹਾਂ ਨੇ ਪੁਛਿਆ ਹੈ ਕਿ ਆਇਆ ਸਰਕਾਰ ਨੇ ਟੀਚਰਾਂ ਨੂੰ ਡਾਇਰੈਕਟ ਟਰੇਜ਼ਰੀ ਵਿਚੋਂ ਤਨਖਾਹ ਦੇਣ ਦਾ ਕੋਈ ਫੈਸਲਾ ਕੀਤਾ ਹੈ ? (He has asked whether the Government has taken any decision to disburse the salaries among the teachers directly through the Treasury ?)

ਮੰਤਰੀ : ਸਪੀਕਰ ਸਾਹਿਬ, ਜੋ ਵੀ ਫੈਸਲਾ ਸਰਕਾਰ ਨੇ ਕੀਤਾ ਹੈ ਜਾਂ ਫੈਸਲਾ ਕੀਤਾ ਹੋਵੇਗਾ ਉਸ ਦੇ ਉਤੇ ਅਮਲ ਹੋਵੇਗਾ। (ਵਿਘਨ)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਹੁਣੇ ਹੀ ਕਿਹਾ ਹੈ ਕਿ ਅਸੀਂ ਡੀ-ਰਿਕੁਗਨਾਈਜ਼ ਕਰਨ ਵਾਸਤੇ ਵਿਚਾਰ ਕਰਾਂਗੇ। ਮੈਂ ਵਜ਼ੀਰ ਸਾਹਿਬ ਤੋਂ ਜਾਣਨਾਂ ਚਾਹੁੰਦਾ ਹਾਂ ਕਿ ਜਿਹੜੀਆਂ ਮੈਨੇਜ਼ਮੈਂਟਾਂ ਠੀਕ ਢੰਗ ਨਾਲ ਕੰਮ ਨਹੀਂ ਕਰਦੀਆਂ, ਉਨ੍ਹਾਂ ਦੇ ਖਿਲਾਫ ਕੋਈ ਆਡਿਟ ਔਬਜੈਕਸ਼ਨ ਹੈ ਜਾਂ ਕੋਈ ਹੋਰ ਖਰਾਬੀ ਹੈ; ਸਰਕਾਰ ਉਨ੍ਹਾਂ ਨੂੰ ਸੁਪਰਸੀਡ ਕਰਕੇ ਆਪਣੇ ਅਧੀਨ ਲੈਣ ਵਾਸਤੇ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸਿਆ ਹੈ ਕਿ ਜਿਹੜੇ ਅਜਿਹੇ ਕੇਜ਼ਿਜ਼ ਹਨ ਉਨ੍ਹਾਂ ਨੂੰ ਅਸੀਂ ਐਗਜ਼ਾਮਿਨ ਕਰਾਂਗੇ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਹੁਣੇ ਹੀ ਫਰਮਾਇਆ ਸੀ ਕਿ 51 ਸਕੂਲਾਂ ਨੂੰ ਅਜੇ ਤਕ ਗਰਾਂਟਾਂ ਨਹੀਂ ਮਿਲੀਆਂ, ਮੈਂ ਅਰਜ਼ ਕਰਦਾ ਹਾਂ ਕਿ ਟੀਚਰਾਂ ਦਾ ਇਸ ਨਾਲ ਬੁਰਾ ਹਾਲ ਹੈ ਉਨ੍ਹਾਂ ਨੂੰ ਤਨਖਾਹਾਂ ਨਹੀਂ ਮਿਲਦੀਆਂ । ਇਨ੍ਹਾਂ ਵਲੋਂ ਜਿਹੜੀਆਂ ਗਰਾਂਟਾਂ ਨਹੀਂ ਦਿਤੀਆਂ ਗਈਆਂ ਉਨ੍ਹਾਂ ਦੇ ਲਈ ਮੈਂ ਕਾਰਨ ਜਾਣਨਾ ਚਾਹੁੰਦਾ ਹਾਂ ਕਿ ਗਰਾਂਟਾਂ ਨਾ ਦੇਣ ਦੇ ਕੀ ਕਾਰਨ ਸਨ ।

ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਪਹਿਲਾਂ ਹੀ ਦੇ ਚੁਕਾ ਹਾਂ ਕਿ 36 ਸਕੂਲਾਂ ਨੇ ਹਾਲੇ ਤਕ ਕਲੇਮ ਹੀ ਨਹੀਂ ਭੇਜੇ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ 36 ਸਕੂਲਾਂ ਨੇ ਕਲੇਮ ਨਹੀਂ ਭੇਜੇ ਅਤੇ 8 ਸਕੂਲ ਕਲੇਮ ਹੀ ਨਹੀਂ ਕਰ ਰਹੇ । ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਕਲੇਮ ਨਹੀਂ ਭੇਜੇ ਜਾਂ ਜਿਨ੍ਹਾਂ ਨੇ ਕਲੇਮ ਨਹੀਂ ਕਰਨਾ ਕੀ ਉਨ੍ਹਾਂ ਦੀਆਂ ਕੋਈ ਕਮਜ਼ੋਰੀਆਂ ਹਨ; ਕੋਈ ਆਡਿਟ ਦੀ ਵਜ੍ਹਾ ਕਰਕੇ ਜਾਂ ਟੀਚਰਾਂ ਦਾ ਮਨੇਜਮੈਂਟਾਂ ਨਾਲ ਕੋਈ ਝਗੜਾ ਕਰਕੇ ਹੈ ਜਾਂ ਕੀ ਰੀਜ਼ਨ ਹਨ ?

ਮੰਤਰੀ : ਸਪੀਕਰ ਸਾਹਿਬ, ਕਲੇਮ ਤਾਂ ਹੈਡਮਾਸਟਰ ਭੇਜਦਾ ਹੈ । ਮਨੇਜਮੈਂਟ ਦੀ ਤਾਂ ਇਸ ਦੇ ਵਿਚ ਕੋਈ ਗੱਲ ਨਹੀਂ ਆਉਂਦੀ । (ਵਿਘਨ) ਉਨ੍ਹਾਂ ਨੂੰ ਇਹ ਕਹਿ ਕੇ ਭਿਜਵਾ ਦੇਣ ।

ਸ਼੍ਰੀ ਪਰਤਾਪ ਚੰਦ ਭੰਡਾਰੀ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਟੀਚਰਾਂ ਨੂੰ ਤਨਖਾਹਾਂ ਲੈਣ ਦੇ ਵਿਚ ਜਿਹੜੀ ਤਕਲੀਫ ਹੁੰਦੀ ਹੈ ਜਾਂ ਟੀਚਰਾਂ ਨੂੰ ਸਹੀ ਤਨਖਾਹ ਨਹੀਂ ਮਿਲਦੀ ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਕੀ ਉਨ੍ਹਾਂ ਨੂੰ ਡਾਇਰੈਕਟ ਟਰੇਜ਼ਰੀ ਵਿਚੋਂ ਤਨਖਾਹ ਦੇ ਦਿਤੇ ਜਾਣ ਲਈ ਕੋਈ ਫੈਸਲਾ ਹੋਇਆ ਸੀ; ਜੇ ਨਹੀਂ ਤਾਂ ਹੁਣ ਇਹ ਫੈਸਲਾ ਕਰਨਗੇ ?

ਮੰਤਰੀ : ਇਸ ਪੁਆਇੰਟ ਨੂੰ ਐਗਜ਼ਾਮਿਨ ਕਰ ਲਵਾਂਗੇ । (ਵਿਘਨ)

ਗੜ੍ਹਸ਼ੰਕਰ ਵਿਧਾਨ ਸਭਾ ਚੋਣ ਹਲਕੇ ਵਿਚ ਗੌਰਮਿੰਟ ਪ੍ਰਾਇਮਰੀ ਸਕੂਲ ਟੂਟੋਮਾਜਰਾ ।

*3032 ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਵਿਦਿਆ ਵਿਭਾਗ ਨੇ ਗੜ੍ਹ ਸ਼ੰਕਰ ਵਿਧਾਨ ਸਭਾ ਚੋਣ ਹਲਕੇ ਵਿਚ ਗੌਰਮਿੰਟ ਪ੍ਰਾਇਮਰੀ ਸਕੂਲ ਟੂਟੋਮਾਜਰਾ ਨੂੰ ਅਪਗਰੇਡ ਕੀਤਾ ਹੈ;

(ਅ) ਕੀ ਉਕਤ ਅਪਗਰੇਡ ਹੋਇਆ ਸਕੂਲ ਵਿਦਿਆ ਵਿਭਾਗ ਦੁਆਰਾ ਰੱਖੀਆਂ ਗਈਆਂ ਸਾਰੀਆਂ ਸ਼ਰਤਾਂ ਜਿਵੇਂ ਕਿ ਲੋੜੀਂਦੀ ਇਮਾਰਤ, ਖੇਡਾਂ ਦੇ ਮੈਦਾਨ ਆਦਿ ਦੇ ਹੋਣ ਦੀਆਂ, ਪੂਰੀਆਂ ਕਰਦਾ ਹੈ;

(ੲ) ਕੀ ਉਕਤ ਸਕੂਲ ਦੇ ਤਿੰਨ ਕਿਲੋਮੀਟਰ ਦੇ ਅੰਦਰ ਕੋਈ ਮਿਡਲ ਜਾਂ ਹਾਈ ਸਕੂਲ ਵੀ ਹੈ; ਜੇਕਰ ਅਜਿਹਾ ਹੋਵੇ ਤਾਂ ਉਹ ਕਿੰਨੀ ਦੂਰੀ ਤੇ ਹੈ;

(ਸ) ਕੀ ਉਕਤ ਪ੍ਰਾਇਮਰੀ ਸਕੂਲ ਨੂੰ ਅਪਗਰੇਡ ਕਰਨ ਦੇ ਕੇਸ ਦੀ ਬਲਾਕ ਅਤੇ ਜ਼ਿਲ੍ਹਾ ਸਿਖਿਆ ਅਫਸਰ ਨੇ ਸਿਫਾਰਸ਼ ਕੀਤੀ ਸੀ; ਜੇਕਰ ਅਜਿਹਾ ਹੋਵੇ ਤਾਂ ਕਿਨ੍ਹਾਂ ਕਿਨ੍ਹਾਂ ਤਰੀਕਾਂ ਨੂੰ ਉਨ੍ਹਾਂ ਨੇ ਅਜਿਹੀ ਸਿਫਾਰਸ਼ ਕੀਤੀ ਸੀ;

(ਹ) ਕੀ 1973 ਦੇ ਦੌਰਾਨ ਇਲਾਕੇ ਦੇ ਬੀ. ਈ. ਓ., ਡੀ. ਈ. ਓ. ਦੁਆਰਾ ਕਿਸੇ ਹੋਰ ਪ੍ਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਨ ਦੀ ਵੀ ਸਿਫ਼ਾਰਸ਼ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਸਕੂਲਾਂ ਦੇ ਨਾਂ ਕੀ ਕੀ ਹਨ ਅਤੇ ਉਨ੍ਹਾਂ ਨੂੰ ਅਪਗਰੇਡ ਨਾ ਕਰਨ ਦੇ ਕਾਰਨ ਕੀ ਹਨ ?

ਸ੍ਰੀ ਗੁਰਮੇਲ ਸਿੰਘ : (ੳ) ਹਾਂ ਜੀ;

(ਅ) ਸਕੂਲਾਂ ਦਾ ਪੱਧਰ ਉਨਤ ਕਰਨ ਸਮੇਂ ਸਰਕਾਰ ਵਲੋਂ ਕੋਈ ਵਿਸ਼ੇਸ਼ ਸ਼ਰਤਾਂ ਨਹੀਂ ਲਗਾਈਆਂ ਜਾਂਦੀਆਂ ਕਿਉਂ ਜੋ ਅਪਗਰੇਡਿੰਗ ਦਾ ਕੰਮ ਇਲਾਕੇ ਦੀਆਂ ਵਿਦਿਅਕ ਲੋੜਾਂ ਨੂੰ ਮੁੱਖ ਰਖਕੇ ਕੀਤਾ ਜਾਂਦਾ ਹੈ। ਪਰੰਤੂ ਖੇਡਾਂ ਦੇ ਮੈਦਾਨ ਅਤੇ ਬਿਲਡਿੰਗ ਦਾ ਪ੍ਰਬੰਧ ਲੋੜ ਮੁਤਾਬਿਕ ਇਲਾਕੇ ਦੇ ਲੋਕਾਂ ਵਲੋਂ ਬਿਨਾ ਕਿਸੇ ਕੀਮਤ ਦੇ ਕਰਨ ਦੀ ਮੰਗ ਵਿਭਾਗ ਵਲੋਂ ਕੀਤੀ ਜਾਂਦੀ ਹੈ ਪਰ ਅੱਧ ਪਹਾੜੀ/ਬਾਰਡਰ/ਪਛੜੇ ਹੋਏ ਇਲਾਕਿਆਂ ਵਿਚ ਪੰਚਾਇਤਾਂ ਆਮ ਤੌਰ ਤੇ ਵਿੱਤੀ ਪੱਖ ਤੋਂ ਕਮਜ਼ੋਰ ਹੁੰਦੀਆਂ ਹਨ ਅਤੇ ਉਹ ਮਹਿਕਮੇ ਦੀ ਇਸ ਮੰਗ ਨੂੰ ਪੂਰਾ ਨਹੀਂ ਕਰ ਸਕਦੀਆਂ;

(ੲ) ਹਾਂ ਜੀ।

(1) ਭਾਰਤ ਹਾਈ ਸਕੂਲ, ਟੂਟੋਮਾਜਰਾ (ਲੋਕਲ)	ਤਿਨ ਕਿਲੋਮੀਟਰ ਦੇ ਅੰਦਰ
(2) ਗੌਰਮਿੰਟ ਹਾਈ ਸਕੂਲ, ਸਕਰੂਲੀ	
(3) ਗੌਰਮਿੰਟ ਮਿਡਲ ਸਕੂਲ, ਮੇਘੋਵਾਲ ਦਵਾਬਾ	

(ਸ) ਨਹੀਂ ਜੀ;

(ਹ) ਹਾਂ ਜੀ;

ਭਡਿਆਰ ਪੰਡੋਰੀ, ਬੀਰਮਪੁਰ, ਮਹਿਦੂਦ, ਸਾਰੰਗਵਾਲ, ਮੁਖਲਿਆਣਾ, ਕੁਕੜਾਂ, ਮੰਗੋਵਾਲ, ਭਰਵਾਲ ਬਡੰਸਰੋਂ, ਮਨਣ ਹਾਣਾ, ਨੰਗਲ ਖੁਰਦ, ਸਮੁਦੜਾ, ਪੰਡੋਰੀ ਗੰਗਾ ਸਿੰਘ ਅਤੇ ਗੜ੍ਹੀ ਮਟੋ।

ਸਕੂਲ ਅਪਗਰੇਡਿੰਗ ਦੀਆਂ ਮੰਗਾਂ ਬਹੁਤ ਜ਼ਿਆਦਾ ਹੋਣ ਕਰਕੇ ਅਤੇ ਇਸ ਮੰਤਵ ਲਈ ਰੱਖੇ ਜਾਂਦੇ ਫੰਡਜ਼ ਸੀਮਤ ਹੋਣ ਕਾਰਨ ਸਾਰੇ ਸਕੂਲ ਇਕੋ ਵਾਰੀ ਹੀ ਅਪਗਰੇਡ ਕਰਨੇ ਸੰਭਵ ਨਹੀਂ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਸਕੂਲ ਨੂੰ ਅਪਗਰੇਡ ਕਰਨ ਲਈ ਵਿਦਿਅਕ ਲੋੜਾਂ ਨੂੰ ਮੁੱਖ ਰਖਣ ਦੀ ਗੱਲ ਕਹੀ ਹੈ। ਜਿਥੇ ਪਹਿਲਾਂ ਹੀ ਹਾਈ ਸਕੂਲ ਚਲਦਾ ਹੈ ਨਾਲ ਦੇ ਸਕੂਲ ਨੂੰ ਜਿਸ ਦੀ ਕੰਧ ਨਾਲ ਕੰਧ ਹੈ ਉਸ ਨੂੰ ਅਪਗਰੇਡ ਕਰ ਦਿਤਾ ਪਰ ਮੇਰੇ ਹਲਕੇ ਦੇ ਤਿੰਨ ਇਹ ਸਕੂਲ ਹਨ ਔਰ 14 ਹੋਰ ਸਕੂਲ ਐਸੇ ਹਨ ਜਿਨ੍ਹਾਂ ਦੇ ਕੇਸ ਬਿਲਕੁਲ ਕੰਪਲੀਟ ਹਨ ਔਰ ਉਨ੍ਹਾਂ 14 ਵਿਚੋਂ 8 ਕੰਡੀ ਏਰੀਏ ਦੇ ਸਕੂਲ ਹਨ ਉਥੇ ਕਿਹੜੀ ਵਿਦਿਅਕ ਲੋੜ ਦੀ ਕਮੀ ਹੈ ? ਇਹ ਮੰਦ ਭਾਵਨਾ ਅਤੇ ਧੜੇਬਾਜ਼ੀ ਕਰਕੇ ਇਸ ਤਰ੍ਹਾਂ ਕਰਦੇ ਹਨ। ਮੈਂ ਵਜ਼ੀਰ ਸਾਹਿਬ ਤੇ ਇਲਜ਼ਾਮ ਲਾਉਣਾ ਚਾਹੁੰਦਾ ਹਾਂ....(ਵਿਘਨ)

ਸ੍ਰੀ ਸਪੀਕਰ : ਤੁਸੀਂ ਇਲਜ਼ਾਮ ਨਾ ਲਾਓ, ਸਵਾਲ ਕਰੋ। (Please do not level allegations; put your supplementary question.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਸਵਾਲ ਹੀ ਪੁੱਛਦਾ ਹਾਂ। ਮੈਨੂੰ ਇਹ ਸਮਝਾਉਣ ਕਿ ਪੈਸੇ ਇਨ੍ਹਾਂ ਦੇ ਕੋਲ ਹੈ ਨਹੀਂ ਪਰ ਉਹ ਸਕੂਲ ਇਹ ਅਪਗਰੇਡ ਕਿਉਂ ਕਰਨ ਜਿਥੇ ਕੰਧ ਨਾਲ ਕੰਧ ਮਿਲੀ ਹੋਈ ਹੈ ਅਤੇ ਜਿਥੇ ਹਾਈ ਸਕੂਲਾਂ ਦੀ ਲੋੜ ਹੈ ਉਥੇ ਕਿਉਂ ਨਾ ਕਰਨ ? ਉਥੇ ਇਹ ਕਿਹੜੀ ਵਿਦਿਅਕ ਲੋੜ ਨੂੰ ਮੁੱਖ ਰਖਦੇ ਹਨ ?

ਮੰਤਰੀ : ਸਪੀਕਰ ਸਾਹਿਬ, ਜਿਸ ਦੀ ਇਹ ਗੱਲ ਕਰਦੇ ਹਨ ਉਸ ਪਿੰਡ ਦੇ ਲੋਕਾਂ ਦਾ ਡੈਪੂਟੇਸ਼ਨ ਮੈਨੂੰ ਮਿਲਿਆ। ਉਥੇ ਇਕ ਪ੍ਰਾਈਵੇਟ ਸਕੂਲ ਚਲਦਾ ਸੀ ਲੇਕਿਨ ਉਥੋਂ ਦੀ ਪੰਚਾਇਤ ਦੀ ਮੰਗ ਸੀ ਅਤੇ ਲੋਕਾਂ ਦੀ ਮੰਗ ਸੀ ਕਿ ਸਾਡੇ ਸਕੂਲ ਨੂੰ ਅੱਪ-ਗਰੇਡ ਕੀਤਾ ਜਾਵੇ। ਉਸ ਮੰਗ ਨੂੰ ਮੁੱਖ ਰਖਦੇ ਹੋਏ ਅਸੀਂ ਉਸ ਸਕੂਲ ਨੂੰ ਅੱਪ-ਗਰੇਡ ਕੀਤਾ ਹੈ। ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਨੇ ਇਲਜ਼ਾਮ ਲਗਾਇਆ, ਹੈ। ਇਹ ਇਲਜ਼ਾਮ ਬਾਹਰ ਲਾਉਣ, ਬਾਹਰ ਪਬਲਿਕ ਵਿਚ ਲਾਉਣ ਫਿਰ ਮੈਂ ਇਨ੍ਹਾਂ ਨੂੰ ਦਸਾਂਗਾ ਕਿ ਕਿਵੇਂ ਗਲਤ ਇਲਜ਼ਾਮ ਲਗਾਈਦਾ ਹੈ।

ਸ੍ਰੀ ਸਪੀਕਰ : ਜੇ ਇਲਜ਼ਾਮ ਲਾਉਣੇ ਹਨ ਤਾਂ ਉਸ ਦੇ ਲਈ ਸਬਸਟਾਂਟਿਵ ਮੋਸ਼ਨ ਲਿਆਉਣ। (If the hon. Member wants to level allegations, then he should give notice of a substantive motion.)

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਗੱਲ ਕੀਤੀ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਨੇਡੀਅਨ ਸਾਹਿਬ ਦੇ ਹਲਕੇ ਦਾ ਇਕ ਰੁੜਕੀਖਾਸ ਪਿੰਡ ਹੈ ਉਥੇ ਇਹ ਮੈਨੂੰ ਲੈ ਗਏ। ਸਰਦਾਰ ਦਿਲਬਾਗ ਸਿੰਘ ਜੀ ਵੀ ਮੇਰੇ ਨਾਲ ਸਨ। ਇਨ੍ਹਾਂ ਨੇ ਡੀਮਾਂਡ ਕੀਤੀ ਕਿ ਸਕੂਲ ਅੱਪਗਰੇਡ ਕਰ ਦਿਓ। ਮੈਂ ਗੱਲ ਮੰਨ ਲਈ। ਜਿਥੇ ਇਲਾਕੇ ਦੀ ਮੰਗ ਹੈ ਉਥੇ ਸਕੂਲ ਜ਼ਰੂਰ ਅੱਪਗਰੇਡ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਜਿਹੜੇ ਲੋਕਾਂ ਨੂੰ ਇਹ ਨਹੀਂ ਝਲਦੇ ਉਨ੍ਹਾਂ ਲੋਕਾਂ ਦੀ ਮੰਗ ਵੀ ਹੋ ਸਕਦੀ ਹੈ ਉਸ ਨੂੰ ਕੰਸਿਡਰ ਕਰਨਾ ਸਰਕਾਰ ਦਾ ਕੰਮ ਹੈ। ਉਸ ਪਿੰਡ ਦੇ ਸਰਪੰਚ ਅਤੇ ਹੋਰ ਲੋਕਾਂ ਨੇ ਇਸ ਬਾਰੇ ਸਰਕਾਰ ਦਾ ਧੰਨਵਾਦ ਕੀਤਾ ਹੈ ਅਤੇ ਇਹ ਮੇਰੇ ਕੋਲ ਉਸ ਦੀ ਕਾਪੀ ਹੈ ਜਿਹੜੀ ਕਿ ਮੈਂ ਟੇਬਲ ਆਫ਼ ਦੀ ਹਾਊਸ ਤੇ ਰੱਖਦਾ ਹਾਂ।

ਸ੍ਰੀ ਸਪੀਕਰ : ਇਹ ਪਹਿਲਾਂ ਮੇਰੇ ਕੋਲ ਭੇਜ ਦਿਓ । (Please first send it to me.)

(ਇਸ ਸਮੇਂ ਜਿਹੜੀ ਕਾਪੀ* ਮਨਿਸਟਰ ਸਾਹਿਬ ਨੇ ਟੇਬਲ ਤੇ ਰੱਖਣੀ ਸੀ ਸਪੀਕਰ ਸਾਹਿਬ ਕੋਲ ਭੇਜ ਦਿਤੀ ਗਈ ।)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਦੱਸਣਗੇ ਜਿਵੇਂ ਇਹ ਜਿਹੜਾ ਹੁਣੇ ਹੁਣੇ ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਸਕੂਲ ਅੱਪਗਰੇਡ ਕਰਨ ਵਾਸਤੇ ਕੋਈ ਸ਼ਰਤਾਂ ਨਹੀਂ ਲਾਈਆਂ ਜਾਂਦੀਆਂ, ਕੀ ਸਕੂਲ ਅੱਪਗਰੇਡ ਕਰਨ ਵਾਸਤੇ ਇਹ ਸ਼ਰਤ ਨਹੀਂ ਹੈ ਕਿ ਉਸ ਦੇ ਨੇੜੇ ਤੇੜੇ ਜਾਂ 3 ਮੀਲ ਦੀ ਦੂਰੀ ਤੇ ਕੋਈ ਹੋਰ ਸਕੂਲ ਨਾ ਹੋਵੇ ?

ਮੰਤਰੀ : ਸਪੀਕਰ ਸਾਹਿਬ, 6-7 ਸ਼ਰਤਾਂ ਹਨ । ਜੇ ਉਨ੍ਹਾਂ ਵਿਚੋਂ ਕੋਈ ਇਕ ਅੱਧੀ ਪੂਰੀ ਨਾ ਹੋਵੇ ਅਤੇ ਅਸੀਂ ਸਮਝੀਏ ਕਿ ਇਲਾਕੇ ਦੀ ਲੋੜ ਹੈ ਤਾਂ ਭੀ ਅਸੀਂ ਅੱਪਗਰੇਡ ਕਰ ਦਿੰਦੇ ਹਾਂ । ਲੋਕਾਂ ਦੀਆਂ ਮੰਗਾਂ ਆਉਂਦੀਆਂ ਹਨ ਕਿ ਸਾਡੇ ਸਕੂਲ ਨੂੰ ਟੇਕ ਓਵਰ ਕਰ ਲਵੋ, ਜਾਂ ਪੰਜਵੀ ਤੋਂ ਅੱਠਵੀਂ ਤਕ ਕਰ ਲਵੋ । ਉਹ ਮੈਂ ਸਮਝਦਾ ਹਾਂ ਕਿ ਕਿਉਂ ਆਉਂਦੀਆਂ ਹਨ । ਉਹ ਇਸ ਲਈ ਆਉਂਦੀਆਂ ਹਨ ਕਿਉਂਕਿ ਗੌਰਮਿੰਟ ਦੇ ਸਕੂਲਾਂ ਵਿਚ ਫ਼ੀਸ ਕੰਸੈਸ਼ਨ ਹੈ ਇਸ ਕਰ ਕੇ ਲੋਕ ਡਿਮਾਂਡ ਕਰਦੇ ਹਨ । ਜਿਹੜੇ ਪ੍ਰਾਈਵੇਟ ਸਕਲ ਚਲਦੇ ਹਨ ਉਹ ਚਲਾ ਨਹੀਂ ਸਕਦੇ ਕਿਉਂਕਿ ਫ਼ੀਸ ਕੰਸੈਸ਼ਨ ਪ੍ਰਾਈਵੇਟ ਸਕੂਲਾਂ ਵਿਚ ਨਹੀਂ ਹੈ ।

आचार्य पृथ्वी सिंह आजाद : क्या शिक्षा मन्त्री महोदय यह बताने की कृपा करेंगे कि क्या ऐसी कोई हिदायतें हैं कि अगर किसी इलाके का कोई ऐम. ऐल. ए. यह सिफारिश करे कि फलां जगह प्राइमरी से मिडल और मिडल से हाई स्कूल कर दिया जाये, तो उसको प्रैफरैंस दी जायेगी ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਦਸਿਆ ਹੈ ਕਿ ਰੁੜਕੀਖਾਸ ਦੇ ਇਲਾਕੇ ਵਿਚ ਕਨੇਡੀਅਨ ਸਾਹਿਬ ਨੇ ਸਿਫ਼ਾਰਸ਼ ਕੀਤੀ ਸੀ ਅਤੇ ਮੈਂ ਉਨ੍ਹਾਂ ਦੀ ਸਿਫਾਰਸ਼ ਮੰਨ ਕੇ ਐਲਾਨ ਕਰ ਦਿਤਾ ਸੀ । (ਵਿਘਨ) ਵੈਸੇ ਵੀ ਕਈ ਜਗ੍ਹਾ ਤੇ ਪੁੱਛ ਗਿੱਛ ਕਰਨੀ ਪੈਂਦੀ ਹੈ, ਪਰ ਐਮ. ਐਲ. ਏ. ਸਾਹਿਬਾਨ ਦੀ ਸਿਫ਼ਾਰਸ਼ ਨੂੰ ਵਜ਼ਨ ਦਿਤਾ ਜਾਂਦਾ ਹੈ । (ਵਿਘਨ)

ਸ੍ਰੀ ਸਪੀਕਰ : ਕੀ ਗੌਰਮਿੰਟ ਵਲੋਂ ਕੋਈ ਇੰਸਟਰਕੱਸ਼ਨਜ਼ ਜਾਰੀ ਕੀਤੀ ਗਈਆਂ ਹਨ ? (Are there any instructions of the Government in this behalf ?)

ਮੰਤਰੀ : ਇਹ ਮੇਰੇ ਨੋਟਿਸ ਵਿਚ ਨਹੀਂ ।

---

*The copy was returned to the Education Minister.

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਐਮ. ਐਲ. ਏ. ਦੀ ਸਿਫ਼ਾਰਸ਼ ਨੂੰ ਵਜ਼ਨ ਦਿੱਤਾ ਜਾਂਦਾ ਹੈ। ਮੈਂ ਇਹ ਪੁੱਛਦਾ ਹਾਂ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਿਆਂ ਵਿਚ ਐਡਵਾਈਜ਼ਰੀ ਕਮੇਟੀਆਂ ਬਣਾਈਆਂ ਹੋਈਆਂ ਹਨ ਜਿਨ੍ਹਾਂ ਦੇ ਵਿਚ ਜ਼ਿਲ੍ਹੇ ਦੇ ਮੁੱਖੀ ਅਤੇ ਐਮ. ਐਲ. ਏ. ਸ਼ਾਮਲ ਹੁੰਦੇ ਹਨ। ਉਨ੍ਹਾਂ ਦੀ ਸਿਫ਼ਾਰਸ਼ ਵੀ ਇਨ੍ਹਾਂ ਕੋਲ ਆਈ ਹੈ। ਜ਼ਿਲ੍ਹਾ ਬਠਿੰਡਾ ਵਿਚ ਨਥਾਣਾ ਅਤੇ ਅਮਰਾਜਾ ਦੀ ਮੈਂ ਸਿਫ਼ਾਰਸ਼ ਕੀਤੀ ਹੈ। ਉਥੇ ਦੀ ਆਬਾਦੀ 10 ਹਜ਼ਾਰ ਹੈ ਅਤੇ ਲੜਕੀਆਂ ਦਾ ਸਕੂਲ ਹੈ ਅਤੇ ਇਸ ਤੋਂ ਇਲਾਵਾ ਇਨ੍ਹਾਂ ਦੀ ਜਿਹੜੀ ਮੰਗ ਸੀ ਉਸ ਤੋਂ ਵੀ ਜ਼ਿਆਦਾ ਬਿਲਡਿੰਗ ਦਿੱਤੀ ਅਤੇ ਹੋਰ ਵੀ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਇਸ ਦੇ ਨਾਲ ਹੀ ਮੈਂ ਇਸ ਤਰ੍ਹਾਂ ਦੇ ਹੋਰ 8-10 ਸਕੂਲਾਂ ਦੀਆਂ ਸਿਫ਼ਾਰਸ਼ਾਂ ਕੀਤੀਆਂ ਹਨ। ਇਹ ਦੱਸ ਦੇਣ ਕਿ ਉਨ੍ਹਾਂ ਨੂੰ ਕੀ ਇਹ ਬਣਾ ਦੇਣਗੇ ਜਾਂ ਬਣਾਉਣ ਦਾ ਕੋਈ ਭਰੋਸਾ ਦੇਣਗੇ ?

ਮੰਤਰੀ : ਐਮ. ਐਲ. ਏਜ਼. ਦੀ ਕਮੇਟੀ ਹੋਵੇ ਜਾਂ ਨਾ ਹੋਵੇ, ਪਰ ਐਮ. ਐਲ. ਏਜ਼. ਜੋ ਸਿਫ਼ਾਰਸ਼ ਕਰਦੇ ਹਨ ਉਸ ਨੂੰ ਅਸੀਂ ਵਜ਼ਨ ਦਿੰਦੇ ਹਾਂ। ਆਜ਼ਾਦ ਸਾਹਿਬ ਦਾ ਤਾਂ ਪਹਿਲੋਂ ਹੀ ਵਜ਼ਨ ਕਾਫ਼ੀ ਹੈ। (ਹਾਸਾ) ਲੋਕਾਂ ਦੀ ਜਿਹੜੀ ਲੋੜ ਹੈ ਉਸ ਨੂੰ ਮੁੱਖ ਰੱਖ ਕੇ ਐਮ. ਐਲ. ਏ. ਸਾਹਿਬਾਨ ਸਿਫ਼ਾਰਸ਼ਾਂ ਕਰਦੇ ਹਨ, ਲੇਕਿਨ ਗੌਰਮਿੰਟ ਦਾ ਵੀ ਫ਼ਰਜ਼ ਬਣ ਜਾਂਦਾ ਹੈ ਕਿ ਜੇ ਹੋਰ ਕਿਤੇ ਲੋੜ ਹੋਵੇ ਤਾਂ ਉਥੇ ਵੀ ਦੇਵੇ। ਪਰ ਜੇ ਕਨੇਡੀਅਨ ਸਾਹਿਬ ਨੂੰ ਕਿਸੇ ਪਿੰਡ ਦੇ ਲੋਕਾਂ ਨੇ ਕਿਹਾ ਹੋਵੇ ਅਤੇ ਇਹ ਨਾ ਮੰਨੇ ਹੋਣ ਅਤੇ ਉਨ੍ਹਾਂ ਨੇ ਮੈਨੂੰ ਕਿਹਾ ਹੋਵੇ, ਮੈਂ ਮੰਨ ਲਿਆ ਹੋਵੇ ਤਾਂ ਇਸ ਵਿਚ ਕੋਈ ਇਤਰਾਜ਼ ਵਾਲੀ ਗੱਲ ਨਹੀਂ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਰੁੱਸੇ ਹੋਏ ਲੋਕ ਇਨ੍ਹਾਂ ਕੋਲ ਜਾਂਦੇ ਹਨ ਅਤੇ ਇਨ੍ਹਾਂ ਕੋਲ ਧੰਨਵਾਦ ਦਾ ਮਤਾ ਭੇਜਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅੱਪ ਗਰੇਡ ਕਰਨ ਤੋਂ ਪਹਿਲਾਂ ਕੀ ਉਥੇ ਦੀ ਪੰਚਾਇਤ ਨੇ ਜਾਂ ਮੁੱਖੀ ਲੋਕਾਂ ਨੇ ਇਨ੍ਹਾਂ ਨਾਲ ਕੋਈ ਕੁਮਿਟਮੈਂਟ ਕੀਤੀ ਕਿ ਅਸੀਂ ਇਹ ਸ਼ਰਤ ਮੰਨਦੇ ਹਾਂ ਅਤੇ ਕਮਰਾ ਵਗੈਰਾ ਪਾ ਦਿਆਂਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਰੁੜਕੀਖਾਸ ਸਕੂਲ ਦੀ ਖਾਸ ਕਰਕੇ ਗੱਲ ਕੀਤੀ ਹੈ। ਉਥੇ ਦੇ ਲੋਕਾਂ ਨੇ ਕੋਈ ਲਿਖ ਕੇ ਨਹੀਂ ਦਿੱਤਾ ਕਿ ਸਾਡਾ ਸਕੂਲ ਅੱਪਗਰੇਡ ਕਰੋ। ਕਨੇਡੀਅਨ ਸਾਹਿਬ ਨੇ ਸਟੇਜ ਤੇ ਕਿਹਾ ਕਿ ਮੈਂ ਸਿਫ਼ਾਰਸ਼ ਕਰਦਾ ਹਾਂ ਅਤੇ ਮੈਂ ਮੰਨ ਲਿਆ (ਵਿਘਨ) ਉਹ ਸਕੂਲ ਇਸ ਸਾਲ ਅੱਪ ਗਰੇਡ ਹੋ ਗਿਆ ਅਤੇ ਉਥੇ 9ਵੀਂ 10ਵੀਂ ਦੇ ਵਿਦਿਆਰਥੀ ਵੀ ਦਾਖਲ ਹੋ ਗਏ। ਉਥੇ ਜੇ ਸਕੂਲ ਦੀ ਮੰਗ ਕਨੇਡੀਅਨ ਸਾਹਿਬ ਨੇ ਲਿਖਵਾਕੇ ਨਹੀਂ ਦਿੱਤੀ ਸੀ ਤਾਂ ਫਿਰ ਹੁਣ ਢੂਟੋਮਢਾਰਾ ਵੇਲੇ ਕੀ ਲੋੜ ਪੈ ਗਈ।

ਰਾਜ ਵਿਚ ਆਵਾਜਾਈ ਪ੍ਰਣਾਲੀ ਵਿਚ ਸੁਧਾਰ ਆਦਿ ਦਾ ਸੁਝਾਅ ਦੇਣ ਲਈ ਸਰਕਾਰ ਦੁਆਰਾ ਬਣਾਈ ਗਈ ਕਮੇਟੀ

*3048. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਸਰਕਾਰ ਨੇ ਪੰਜਾਬ ਵਿਚ ਆਵਾਜਾਈ ਪ੍ਰਣਾਲੀ ਨੂੰ ਚੰਗੇਰਾ ਬਣਾਉਣ ਅਤੇ ਸੁਧਾਰਨ ਲਈ ਸੁਝਾਅ ਦੇਣ ਲਈ ਵਿਧਾਇਕਾਂ ਦੀ ਕੋਈ ਕਮੇਟੀ ਬਣਾਈ

ਹੈ; ਜੇਕਰ ਅਜਿਹਾ ਹੋਵੇ ਤਾਂ ਉੱਕਤ ਕਮੇਟੀ ਦੇ ਮੈਂਬਰਾਂ ਦੇ ਨਾਂ ਕੀ ਕੀ ਹਨ;

(ਅ) ਕੀ ਉੱਕਤ ਕਮੇਟੀ ਦੁਆਰਾ ਸਰਕਾਰ ਨੂੰ ਕੋਈ ਰਿਪੋਰਟ ਪੇਸ਼ ਕੀਤੀ ਗਈ ਹੈ। ਜੇਕਰ ਅਜਿਹਾ ਹੋਵੇ ਤਾਂ ਇਸ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) ਸਰਕਾਰ ਨੇ ਇਕ ਕਮੇਟੀ ਬਣਾਈ ਸੀ ਜਿਸ ਵਿਚ ਦੋ ਵਿਧਾਇਕ ਵੀ ਸ਼ਾਮਲ ਸਨ। ਕਮੇਟੀ ਦੇ ਮੈਂਬਰਾਂ ਦੇ ਇਹ ਨਾਂ ਹਨ :—

1.	ਸ੍ਰੀ ਦਿਲਬਾਗ ਸਿੰਘ ਡਾਲੇਕੇ, ਰਾਜ ਮੰਤਰੀ ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ।	..	ਚੇਅਰਮੈਨ
2.	ਸ੍ਰੀ ਬਲਰਾਮ, ਉਪ ਮੰਤਰੀ, ਸਿੰਚਾਈ ਤੇ ਬਿਜਲੀ	..	ਮੈਂਬਰ
3.	ਸ੍ਰੀ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ, ਮੁੱਖ ਸੰਸਦੀ ਸਕੱਤਰ, ਪੰਜਾਬ।	..	ਮੈਂਬਰ
4.	ਸ੍ਰੀ ਬੇਅੰਤ ਸਿੰਘ, ਐਮ.ਐਲ.ਏ.	..	ਮੈਂਬਰ
5.	ਸ੍ਰੀ ਉਜਾਗਰ ਸਿੰਘ, ਐਮ.ਐਲ.ਏ.	..	ਮੈਂਬਰ
6.	ਸਕੱਤਰ, ਟ੍ਰਾਂਸਪੋਰਟ ਵਿਭਾਗ	..	ਮੈਂਬਰ ਸਕੱਤਰ

(ਅ) ਇਸ ਕਮੇਟੀ ਦੀ ਰਿਪੋਰਟ ਅਜੇ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਦੀ ਕਾਪੀ ਸਮੇਂ ਸਿਰ ਸਦਨ ਨੂੰ ਪੇਸ਼ ਕੀਤੀ ਜਾਵੇਗੀ।

Comrade Shamsher Singh Josh : Mr. Speaker, my question is whether any report has been submitted by the said Committee to the Government; if so, a copy thereof be laid on the Table of the House ? ਮੈਂ ਪੁੱਛਿਆ ਹੈ ਕਿ ਜੇ ਰਿਪੋਰਟ ਕਮੇਟੀ ਨੇ ਦਿਤੀ ਹੈ ਤਾਂ ਉਹ ਰਿਪੋਰਟ ਸਦਨ ਦੀ ਮੇਜ਼ ਤੇ ਰੱਖੀ ਜਾਏ। ਇਨ੍ਹਾਂ ਨੇ ਮੰਨਿਆ ਹੈ ਕਿ ਕਮੇਟੀ ਨੇ ਰਿਪੋਰਟ ਦੇ ਦਿਤੀ ਹੈ। ਕੀ ਮਨਿਸਟਰ ਸਾਹਿਬ ਇਸ ਹਾਊਸ ਨੂੰ ਵਿਸ਼ਵਾਸ਼ ਵਿਚ ਲੈਣਗੇ ਅਤੇ ਉਸ ਕਮੇਟੀ ਦੀਆਂ ਮੁੱਖ ਸਿਫ਼ਾਰਸ਼ਾਂ ਜਿਸ ਤਰ੍ਹਾਂ ਕੁਰੱਪਸ਼ਨ ਨੂੰ ਦੂਰ ਕਰਨ ਲਈ, ਨੈਸ਼ਨੇਲਾਈਜ਼ੇਸ਼ਨ ਲਈ ਜਾਂ ਹੋਰ ਕੋਈ ਇਸ ਤਰ੍ਹਾਂ ਦੇ ਮੁੱਖ ਸੁਝਾਓ ਹੋਣ, ਇਸ ਸਦਨ ਵਿਚ ਰੱਖਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਉਸ ਕਮੇਟੀ ਨੇ ਆਪਣੀ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਭੇਜੀ ਹੈ। ਇਸ ਲਈ ਮੈਂ ਖਾਸ ਸਿਫ਼ਾਰਸ਼ਾਂ ਨਹੀਂ ਦਸ ਸਕਦਾ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮੰਤਰੀ ਮਹੋਦਯ ਇਹ ਦਸਣ ਦੀ ਕਿਰਪਾ ਕਰਨਗੇ ਕਿ ਉਸ ਕਮੇਟੀ ਨੇ ਨੈਸ਼ਨੇਲਾਈਜ਼ੇਸ਼ਨ ਦੀ ਸਿਫ਼ਾਰਸ਼ ਕੀਤੀ ਹੈ ਜਾਂ ਡੀਨੈਸ਼ਨੇਲਾਈਜ਼ੇਸ਼ਨ ਦੀ ?

ਰਾਜ ਮੰਤਰੀ : ਮੈਂ ਇਸ ਬਾਰੇ ਕੁਝ ਨਹੀਂ ਦਸ ਸਕਦਾ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਇਹ ਜਿਹੜੇ ਕਮੇਟੀ ਦੇ ਮੈਂਬਰਾਂ ਦੇ ਬੜੇ ਬੜੇ ਆਦਮੀਆਂ ਦੇ ਨਾਮ ਇਨ੍ਹਾਂ ਨੇ ਲਏ ਹਨ ਅਤੇ ਜਿਨ੍ਹਾਂ ਵਿਚ ਸਰਦਾਰ ਉਜਾਗਰ ਸਿੰਘ ਜੀ ਵੀ ਹਨ, ਕੀ ਇਹ ਕੋਈ ਆਪੋਜ਼ੀਸ਼ਨ ਦਾ ਮੈਂਬਰ ਨਹੀਂ ਸੀ ਲੈ ਸਕਦੇ ਜਿਹੜਾ ਇਸ ਦੀਆਂ ਬਾਰੀਕੀਆਂ ਬਾਰੇ ਸੋਚ ਸਕਦਾ ਜਿੰਨਾਂ ਉਜਾਗਰ ਸਿੰਘ ਸਮਝ ਸਕਦਾ ਹੈ । ?

ਰਾਜ ਮੰਤਰੀ : ਸਪੀਕਰ ਸਾਹਿਬ, ਐਸੀ ਕੋਈ ਗਲ ਨਹੀਂ ਸੀ । ਕੈਬਨਿਟ ਸਬ-ਕਮੇਟੀ ਬਣਾਉਣ ਲਈ ਕਿਹਾ ਸੀ ਮੈਂ 2 ਐਮ.ਐਲ.ਏ. ਸਹਿਬਾਨ ਪਾ ਲਏ । ਸਰਦਾਰ ਉਜਾਗਰ ਸਿੰਘ ਨੂੰ ਹਰੀਜਨ ਮੈਂਬਰ ਹੋਣ ਦੇ ਕਾਰਣ ਉਹਨਾਂ ਨੂੰ ਨੁਮਾਇੰਗੀ ਦੇ ਤੌਰ ਤੇ ਲਿਆ ਗਿਆ ਹੈ । ਜੇ ਕਰ ਅੱਗੇ ਨੂੰ ਬਾਰੀਕੀ ਵਿਚ ਸੋਚਣ ਦੀ ਕੋਈ ਗੱਲ ਹੋਈ ਤਾਂ ਖ਼ਾਲਸਾ ਜੀ ਨੂੰ ਲੈ ਲਵਾਂਗੇ । (ਹਾਸਾ)

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ 1972-73 ਵਿਚ ਇਕ ਕਮੇਟੀ ਬਣੀ ਸੀ ਜਿਸਦੇ ਕਨਵੀਨਰ ਡਿਪਟੀ ਸੈਕਟਰੀ, ਟਰਾਂਸਪੋਰਟ, ਸਰਦਾਰ ਭਗਤ ਸਿੰਘ ਸੀ । ਇਹ ਕਮੇਟੀ ਰੋਡਵੇਜ਼ ਵਿਚ ਕੁਰੱਪਸ਼ਨ ਦੀ ਇਨਕੁਆਇਰੀ ਕਰਨ ਲਈ ਬਣਾਈ ਗਈ ਸੀ । ਇਸ ਕਮੇਟੀ ਨੇ ਰਿਪੋਰਟ ਵੀ ਦਿਤੀ ਸੀ । ਕੀ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਉਸ ਰਿਪੋਰਟ ਦਾ ਕੀ ਬਣਿਆ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਵਿਚੋਂ ਤਾਂ ਇਹ ਸਪਲੀਮੈਂਟਰੀ ਉਠਦਾ ਹੀ ਨਹੀਂ । ਦੁਬਾਰਾ ਸਵਾਲ ਦੇ ਦੇਣ ਮੈਂ ਜਵਾਬ ਦੇ ਦੇਵਾਂਗਾ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਸਵਾਲ ਵਿਚ ਲਿਖਿਆ ਹੈ : "Whether any report has been submitted by any Committee "?

ਸ੍ਰੀ ਸਪੀਕਰ : ਨਹੀਂ ਜੀ, ਸਵਾਲ ਹੈ ਕਿ "Whether any report has been submitted by the said Committee." (No, the question is "Whether any report has been submitted by the said Committee.")

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਇਹ ਕਮੇਟੀ ਸਟਰੀਮਲਾਇਨਿੰਗ ਅਤੇ ਇੰਪਰੂਵਮੈਂਟ ਲਈ ਬਣਾਈ ਗਈ ਸੀ ਨਾ ਕਿ ਨੇਸ਼ਨੇਲਾਈਜ਼ੇਸ਼ਨ ਲਈ । ਕੀ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਪਿਛਲੇ ਪੰਜ ਮਹੀਨਿਆਂ ਵਿਚ ਮੇਰੀ ਇਤਲਾਹ ਦੇ ਮੁਤਾਬਿਕ ਨੇਸ਼ਨੇਲਾਈਜ਼ੇਸ਼ਨ ਕਰਨਾ ਤਾਂ ਇਕ ਪਾਸੇ ਰਿਹਾ ਸਗੋਂ 5000 ਮਾਈਲੇਜ ਮਿੱਸ ਹੋਈ ਹੈ । ਇਸ ਦੀ ਰੈਮੇਡੀ ਲਈ ਕੀ ਸਟੈਪਸ ਲਏ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਅੱਗੇ ਨਾਲੋਂ ਸਾਡੀ ਮਾਈਲੇਜ ਘੱਟ ਮਿੱਸ ਹੋਈ ਹੈ । ਪਿਛਲੇ ਸਾਲ ਨਵੰਬਰ, 1973, ਤਕ ਸਾਡੀ 16% ਮਾਈਲੇਜ ਮਿਸ ਹੋਈ ਸੀ ਲੇਕਿਨ ਨਵੰਬਰ, 1974 ਤਕ 11% ਮਾਈਲੇਜ ਮਿਸ ਹੋਈ ਹੈ । ਛੋਟੇ ਰੂਟਾਂ ਤੇ ਕਈ ਵਾਰੀ ਬੱਸਾਂ ਨਹੀਂ ਚਲ ਸਕਦੀਆਂ ਜਿਸ ਕਾਰਣ ਇਹ ਮਾਈਲੇਜ ਮਿੱਸ ਹੋ ਜਾਂਦੀ ਹੈ । ਵੈਸੇ ਐਡੀ ਵੱਡੀ ਫੀਲਡ ਵਿਚ ਬਰੇਕਡਾਊਨ ਹੋ ਹੀ ਜਾਂਦੀਆਂ ਹਨ । ਜਿਹੜੀ ਇਸ ਕਮੇਟੀ ਦੀ ਰਿਪੋਰਟ ਹੈ ਉਸ ਦੇ ਵਿਚ ਸਾਰੇ ਸੁਝਾਓ ਦਿਤੇ ਗਏ ਹਨ । ਜਦੋਂ ਕੈਬਿਨਟ ਵਿਚੋਂ ਇਹ ਰਿਪੋਰਟ ਅਪਰੂਵ ਹੋ ਜਾਵੇਗੀ ਅਤੇ ਸਦਨ ਦੀ ਮੇਜ਼ ਤੇ ਪੇਸ਼ ਹੋਵੇਗੀ ਤਾਂ ਸਾਰੀਆਂ ਗੱਲਾਂ ਦਾ ਪਤਾ ਲੱਗ ਜਾਵੇਗਾ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਲੰਬੇ ਰੂਟਾਂ ਤੇ ਜਿਹੜੀਆਂ ਬੱਸਾਂ ਚਲਦੀਆਂ ਹਨ ਉਹ ਰਸਤੇ ਦੇ ਵਿਚ ਵਾਧੂ ਟਾਇਰ ਨਾ ਹੋਣ ਕਰਕੇ ਖੜੀਆਂ ਹੋ ਜਾਂਦੀਆਂ ਹਨ ਜਾਂ ਜੇ ਕੋਈ ਮਾਈਨਰ ਡਿਫੈਕਟ ਹੋ ਜਾਂਦਾ ਹੈ ਤਾਂ ਕੰਡਕਟਰ ਅਤੇ ਡਰਾਈਵਰ ਉਥੇ ਹੀ ਬੈਠ ਜਾਂਦੇ ਹਨ ਅਤੇ ਦੋ ਤਿੰਨ ਦਿਨ ਉਹ ਬੱਸ ਆਪਣੇ ਮੰਜ਼ਲੇ-ਮਕਸੂਦ ਤੇ ਨਹੀਂ ਪਹੁੰਚਦੀ। ਇਸ ਨਾਲ ਸਵਾਰੀਆਂ ਨੂੰ ਬੇਆਰਾਮੀ ਹੁੰਦੀ ਹੈ ਅਤੇ ਮਾਈਲੇਜ ਵੀ ਮਿੱਸ ਹੁੰਦੀ ਹੈ। ਕੀ ਵਜ਼ੀਰ ਸਾਹਿਬ ਇਸ ਤਰ੍ਹਾਂ ਦਾ ਪ੍ਰਬੰਧ ਕਰਾਉਣਗੇ ਕਿ ਉਹ ਡਰਾਈਵਰ ਖ਼ੁਦ ਹੀ ਮਾਈਨਰ ਡਿਫੈਕਟ ਠੀਕ ਕਰ ਲੈਣ ਅਤੇ ਇਸ ਤਰ੍ਹਾਂ ਨਾਲ ਸਵਾਰੀਆਂ ਨੂੰ ਕੋਈ ਬੇਆਰਾਮੀ ਨਾ ਹੋਵੇ ?

ਰਾਜ ਮੰਤਰੀ : ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਅਤੇ ਟਾਇਰ ਵੀ ਕਾਫੀ ਲੈ ਕੇ ਆਏ ਹਾਂ, ਪਰ ਮਸ਼ੀਨਰੀ ਵਿਚ ਕਦੇ ਨਾ ਕਦੇ ਕੋਈ ਖਰਾਬੀ ਆ ਹੀ ਜਾਂਦੀ ਹੈ। ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਵਾਧੂ ਟਾਇਰ ਲੰਬੇ ਰੂਟ ਤੇ ਸਫਰ ਕਰਨ ਵਾਲੀਆਂ ਬੱਸਾਂ ਦੇ ਨਾਲ ਹੋਣ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਵਜ਼ੀਰ ਸਾਹਿਬ ਤੋਂ ਪੁੱਛਦਾ ਹਾਂ ਕਿ ਬੱਸਾਂ ਤੇ ਅਸੀਂ ਸਫਰ ਕਰਦੇ ਹਾਂ ਪਰ ਉਹਨਾਂ ਦੇ ਨਾਲ ਵਾਧੂ ਟਾਇਰ ਨਹੀਂ ਹੁੰਦੇ। ਰਸਤੇ ਵਿਚ ਬਰੇਕਡਾਊਨ ਹੋ ਜਾਂਦੀ ਹੈ। ਇਸ ਦੇ ਮੁਕਾਬਲੇ ਵਿਚ ਪ੍ਰਾਈਵੇਟ ਟਰਾਂਸਪੋਟਰਾਂ ਦੀਆਂ ਬੱਸਾਂ ਦੇ ਨਾਲ ਵਾਧੂ ਟਾਇਰ ਹੁੰਦੇ ਹਨ। ਕੀ ਇਹ ਜਾਣ ਬੁਝ ਕੇ ਨਹੀਂ ਕੀਤਾ ਜਾ ਰਿਹਾ ਕਿ ਰੋਡਵੇਜ਼ ਦੀਆਂ ਬੱਸਾਂ ਨੂੰ ਪੂਰੀਆਂ ਚੀਜ਼ਾਂ ਨਾ ਮਿਲਨ, ਬਰੇਕਡਾਊਨ ਹੁੰਦੇ ਰਹਿਣ ਅਤੇ ਇਸ ਤਰ੍ਹਾਂ ਨੇਸ਼ਨੇਲਾਈਜ਼ੇਸ਼ਨ ਦੇ ਹੱਕ ਵਿਚ ਲੋਕ ਨਾ ਹੋਣ ਅਤੇ ਪ੍ਰਾਈਵੇਟ ਰੂਟ ਚਲਦੇ ਰਹਿਣ ?

ਰਾਜ ਮੰਤਰੀ : ਐਸੀ ਕੋਈ ਗੱਲ ਨਹੀਂ ਹੈ। ਪ੍ਰਾਈਵੇਟ ਆਪਰੇਟਰ ਬਲੈਕ ਵਿਚ ਟਾਇਰ ਖਰੀਦ ਸਕਦੇ ਹਨ ਲੇਕਿਨ ਅਸੀਂ ਤਾਂ ਟਾਇਰ ਬਲੈਕ ਵਿਚ ਨਹੀਂ ਲੈ ਸਕਦੇ। ਸਪਲਾਈ ਦੇ ਮੁਤਾਬਿਕ ਹੀ ਟਾਇਰ ਮਿਲਦੇ ਹਨ। ਅਗਰ ਟਾਇਰ ਨਾ ਮਿਲਣ ਤਾਂ ਫਿਰ ਇਹ ਔਖ ਆ ਹੀ ਜਾਂਦੀ ਹੈ।

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਟਾਇਰਾਂ ਤੋਂ ਬਗੈਰ ਕਿਤਨੀਆਂ ਬੱਸਾਂ ਡਿੱਪੂਆਂ ਤੇ ਖਾਲੀ ਖੜੀਆਂ ਹਨ ?

ਰਾਜ ਮੰਤਰੀ : ਇਹ ਅਲਿਹਦਾ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ। ਇਸ ਸਵਾਲ ਵਿਚੋਂ ਤਾਂ ਇਹ ਸਪਲੀਮੈਂਟਰੀ ਉਠਦਾ ਨਹੀਂ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਛੋਟੇ ਛੋਟੇ ਰੂਟਾਂ ਤੇ ਜਿਥੇ ਕਿ ਆਮ ਤੌਰ ਤੇ ਸਰਕਾਰ ਬੱਸਾਂ ਨਹੀਂ ਚਲਾਉਂਦੀ ਕਿਉਂਕਿ ਉਹ ਅਨਇਕਨਾਮਿਕ ਹੁੰਦੇ ਹਨ, ਕੀ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਾਸਤੇ ਮਿਨੀ ਬੱਸ ਸਰਵਿਸ ਚਲਾਉਣਗੇ ਅਤੇ ਇਸ ਦੇ ਪਰਮਿੱਟ ਸਿਰਫ ਅਨਇੰਪਲਾਇਡ ਗਰੈਜੂਏਟਸ ਨੂੰ ਹੀ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਵਿਚਾਰ ਅਧੀਨ ਹੈ ਜਦੋਂ ਇਸ ਤੇ ਫੈਸਲਾ ਹੋ ਗਿਆ ਤਾਂ ਦੱਸ ਦਿਤਾ ਜਾਵੇਗਾ।

Mr. Speaker : Shri Prem Gupta ji.

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਕੀ ਗਲ ਹੈ, ਸਾਡੇ ਨਾਲ ਨਜ਼ਰ ਨਹੀਂ ਮਿਲਦੀ।

ਸ੍ਰੀ ਸਪੀਕਰ : ਜਬ ਨਜ਼ਰ ਸੇ ਨਜ਼ਰ ਨਹੀਂ ਮਿਲਤੀ ਤੱਬ ਦਿਲ ਸੇ ਦਿਲ ਮਿਲਤਾ ਹੈ। (ਹਾਸਾ) (When eyes do not meet, hearts meet.)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1 ਅਪ੍ਰੈਲ, 1974 ਤੋਂ ਲੈ ਕੇ 31 ਦਸੰਬਰ, 1974 ਤਕ ਟਰਾਂਸਪੋਰਟ ਡਿਪਾਰਟਮੈਂਟ ਨੇ ਪ੍ਰਾਈਵੇਟ ਆਪਰੇਟਰਾਂ ਨੂੰ ਕਿਤਨੇ ਪਰਮਿੱਟ ਦਿਤੇ, ਉਹਨਾਂ ਵਿਚੋਂ ਹਰੀਜਨਾਂ ਲਈ ਕਿਤਨੇ ਰਿਜ਼ਰਵ ਕੀਤੇ ਗਏ ਅਤੇ ਉਹਨਾਂ ਨੂੰ ਕਿਤਨੇ ਮਿਲੇ ?

ਰਾਜ ਮੰਤਰੀ : ਇਹ ਅਲਹਿਦਾ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਟਾਇਰਾਂ ਦੀ ਸ਼ਾਰਟੇਜ਼ ਕਾਰਣ ਕਈ ਵਾਰੀ ਬੱਸਾਂ ਦੇ ਨਾਲ ਵਾਧੂ ਟਾਇਰ ਨਹੀਂ ਹੁੰਦੇ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੋਟਰ ਵਹੀਕਲ ਐਕਟ ਦੇ ਤਹਿਤ ਇਕ ਸਰਟੀਫਿਕੇਟ ਆਫ ਫਿਟਨੈਸ ਹੁੰਦਾ ਹੈ ਜਿਸ ਦੇ ਵਿਚ ਇਹ ਸ਼ਰਤ ਹੁੰਦੀ ਹੈ ਕਿ ਜਦੋਂ ਤਕ ਸਪੇਅਰ ਟਾਇਰ ਨਹੀਂ ਹੋਵੇਗਾ, ਮੇਰਾ ਮਤਲਬ ਹੈ ਕਿ ਸਰਟੀਫਿਕੇਟ ਆਫ ਫਿਟਨੈਸ ਨਹੀਂ ਮਿਲਦਾ। ਕੀ ਵਜ਼ੀਰ ਸਾਹਿਬ ਨੇ ਇਹ ਸ਼ਰਤ ਉੜਾ ਦਿੱਤੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸ਼ਰਤ ਤਾਂ ਨਹੀਂ ਉੜਾਈ ਲੇਕਿਨ ਇਹ ਜਾਣਦੇ ਹਨ ਕਿ ਪਿੱਛੇ ਜਿਹੇ ਟਾਇਰਾਂ ਦੀ ਸ਼ਾਰਟੇਜ਼ ਆ ਗਈ ਸੀ ਇਸ ਕਾਰਣ ਵਾਧੂ ਟਾਇਰ ਬੱਸਾਂ ਨਾਲ ਨਹੀਂ ਸਨ। ਜੇਕਰ ਅਸੀਂ ਕੈਪਟਨ ਰਤਨ ਸਿੰਘ ਜੀ ਦੀ ਗਲ ਮੰਨ ਲਈਏ ਤਾਂ ਫਿਰ ਬੱਸਾਂ ਖੜੀਆਂ ਕਰਨੀਆਂ ਪੈਣਗੀਆਂ।

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਪੈਪਸੂ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਅੰਦਰ ਇਕ ਬੜਾ ਭਾਰੀ ਸਕੈਂਡਲ ਚਲਿਆ ਸੀ। ਗੌਰਮਿੰਟ ਨੇ ਇਸ ਦੀ ਇਨਕੁਆਇਰੀ ਕਰਵਾਈ ਸੀ। ਕੀ ਵਜ਼ੀਰ ਸਾਹਿਬ ਉਸ ਇਨਕੁਆਇਰੀ ਦੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣ ਲਈ ਤਿਆਰ ਹਨ ਅਤੇ ਦੱਸਣ ਲਈ ਤਿਆਰ ਹਨ ਕਿ ਕਿਹੜੇ ਕਿਹੜੇ ਅਫਸਰ ਇਸ ਦੇ ਵਿਚ ਇਨਵਾਲਵਡ ਸਨ।

ਰਾਜ ਮੰਤਰੀ : ਇਹ ਅਲਹਿਦਾ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਸਾਡੀ ਪਾਰਟੀ ਦਾ ਵੀ ਇਹ ਡਿਸੀਜ਼ਨ ਹੈ ਕਿ ਰੋਡ ਟਰਾਂਸਪੋਰਟ ਨੂੰ ਨੇਸ਼ਨੇਲਾਈਜ਼ ਕਰਨਾ ਹੈ। ਜਿਹੜੇ ਆਲਰੈਡੀ ਫੁੱਲੀ ਨੇਸ਼ਨੇਲਾਈਜ਼ਡ ਰੂਟ ਹਨ, ਫਿਰੋਜ਼ਪੁਰ ਅਤੇ ਅੰਮ੍ਰਿਤਸਰ ਦੇ ਏਰੀਏ ਵਿਚ, ਕੀ ਉਹਨਾਂ ਦੀ ਜਿਹੜੀ ਹੋਲਸੇਲ ਡੀਨੇਸ਼ਨੇਲਾਈਜ਼ੇਸ਼ਨ ਇਹਨਾਂ ਨੇ ਸ਼ੁਰੂ ਕੀਤੀ ਹੈ, ਉਸ ਨੂੰ ਬੰਦ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ. ਐਸੀ ਕੋਈ ਗੱਲ ਨਹੀਂ ਹੈ।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਪਿਛਲੇ ਦਿਨਾਂ ਦੇ ਵਿਚ ਕਈ ਬੱਸਾਂ ਤੇ ਲੋਕਾਂ ਨੇ ਹਮਲਾ ਕਰਕੇ ਉਨ੍ਹਾਂ ਸਵਾਰੀਆਂ ਦਾ ਸਮਾਨ ਲੁੱਟਿਆ ਅਤੇ ਉਨ੍ਹਾਂ ਦੀਆਂ ਜੇਬ੍ਹਾਂ ਵਿਚੋਂ ਪੈਸੇ ਕੱਢੇ । ਕੀ ਸਰਕਾਰ ਨੇ ਇਸ ਤਰ੍ਹਾਂ ਦੀ ਤਕਲੀਫ ਨੂੰ ਦੂਰ ਕਰਨ ਲਈ ਕੋਈ ਇੰਤਜ਼ਾਮ ਕੀਤਾ ਹੈ ?

ਰਾਜ ਮੰਤਰੀ : ਭਾਵੇਂ ਇਹ ਮੇਨ ਸਵਾਲ ਨਾਲ ਸਬੰਧ ਨਹੀਂ ਰੱਖਦਾ ਪਰ ਫਿਰ ਵੀ ਮੈਂ ਇਸ ਸਬੰਧੀ ਇਨਫਰਮੇਸ਼ਨ ਦੇ ਦਿੰਦਾ ਹਾਂ । ਸਾਰੇ ਜ਼ਿਲ੍ਹਿਆਂ ਦੇ ਐਸ. ਐਸ. ਪੀ ਸਾਹਿਬਾਨ ਦੀ ਮੀਟਿੰਗ ਬੁਲਾਈ ਸੀ । ਉਥੇ ਇਹ ਫੈਸਲਾ ਕੀਤਾ ਗਿਆ ਕਿ ਜਦੋਂ ਵੀ ਇਕ ਬੱਸ ਜ਼ਿਲ੍ਹੇ ਦੀ ਹੱਦ ਪਾਰ ਕਰੇਗੀ ਤਾਂ ਦੂਜੇ ਜ਼ਿਲੇ ਦੀ ਪੁਲਿਸ ਦੀ ਵੈਨ ਉਸ ਬਸ ਨੂੰ ਅੱਗਲੇ ਜ਼ਿਲ੍ਹੇ ਤਕ ਛੱਡੇਗੀ ।

2-00 P.M. **Mr. Speaker :** Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਰਾਜ ਵਿਚ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਕੀਤੀ ਗਈ ਕਾਰਵਾਈ

*2986. ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਸਰਕਾਰ ਨੇ ਆਪਣੇ 12 ਨੁਕਤਾ ਪ੍ਰੋਗਰਾਮ ਵਿਚ ਐਲਾਨ ਕੀਤੇ ਅਨੁਸਾਰ ਰਾਜ ਵਿਚ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਕਰਨ ਲਈ ਕੋਈ ਕਾਰਵਾਈ ਕੀਤੀ ਹੈ, ਜੇਕਰ ਅਜਿਹਾ ਹੋਵੇ, ਅਜਿਹੀ ਕਾਰਵਾਈ ਦਾ ਵੇਰਵਾ ਕੀ ਹੈ;

(ਅ) ਰਾਜ ਵਿਚ ਕੁੱਲ ਕਿੰਨੇ ਪਿੰਡਾਂ ਵਿਚ ਅਜੇ ਪੀਣ ਵਾਲਾ ਪਾਣੀ ਮੁਹੱਈਆ ਕਰਨਾ ਰਹਿੰਦਾ ਹੈ ?

ਸਰਦਾਰ ਬਲਬੀਰ ਸਿੰਘ : (ੳ) ਹਾਂ ਜੀ । ਪਰੰਤੂ ਕੇਵਲ 3100 ਪਿੰਡਾਂ ਵਿਚ ਜਿਨ੍ਹਾਂ ਵਿਚ ਪੀਣ ਵਾਲੇ ਪਾਣੀ ਦੀ ਬਹੁਤ ਥੁੜ ਹੈ ਜਾਂ ਪਾਣੀ ਸਿਹਤ ਲਈ ਹਾਨੀਕਾਰਕ ਹੈ । ਭਾਰਤ ਸਰਕਾਰ ਨੇ ਅਜਿਹੇ ਥੁੜ ਵਾਲੇ ਪਿੰਡਾਂ ਵਿਚ ਸਾਫ ਸੁਥਰਾ ਤੇ ਕੀਟਾਣੂ ਰਹਿਤ ਪਾਣੀ ਸਪਲਾਈ ਕਰਨ ਲਈ ਇਕ ਕੌਮੀ ਪ੍ਰੋਗਰਾਮ "National Water Supply and Sanitation Programme" ਦੇ ਨਾਮ ਨਾਲ 1954 ਤੋਂ ਸ਼ੁਰੂ ਕੀਤਾ ਹੋਇਆ ਹੈ ਅਤੇ ਪੰਜਾਬ ਰਾਜ ਉਦੋਂ ਤੋਂ ਹੀ ਇਸ ਵਿਚ ਹਿੱਸਾ ਲੈ ਰਿਹਾ ਹੈ । ਇਸ ਪ੍ਰੋਗਰਾਮ ਅਧੀਨ 1954 ਤੋਂ ਮਾਰਚ 1972 ਦੇ ਅੰਤ ਤਕ ਕੇਵਲ 456.00 ਲੱਖ ਰੁਪਏ ਦੀ ਰਕਮ ਖਰਚ ਕੀਤੀ ਗਈ । ਮੌਜੂਦਾ ਸਰਕਾਰ ਨੇ ਇਸ ਰਕਮ ਵਿਚ ਕਾਫੀ ਵਾਧਾ ਕਰ ਦਿਤਾ ਹੈ ਅਤੇ ਪਿਛਲੇ ਤਿੰਨ ਸਾਲਾਂ ਵਿਚ ਭਾਵ 1972-73, 1973-74 ਅਤੇ 1974-75 ਵਿਚ 1230.00 ਲੱਖ ਰੁਪਏ ਦੀ ਰਕਮ ਮੰਜ਼ੂਰ ਕੀਤੀ ਹੈ ਜਿਹੜੀ ਕਿ ਪਿਛਲੇ 18 ਸਾਲ੍ਹਾਂ ਵਿਚ

[ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ]

ਖਰਚ ਕੀਤੀ ਗਈ ਰਕਮ ਦੇ 2½ ਗੁਣਾਂ ਤੋਂ ਵੱਧ ਹੈ। ਇਸ ਰਕਮ ਨਾਲ 1567 ਪਿੰਡਾਂ ਦੀਆਂ ਵਾਟਰ ਸਪਲਾਈ ਸਕੀਮਾਂ ਮੰਜ਼ੂਰ ਹੋ ਚੁਕੀਆਂ ਹਨ, ਜਿਨ੍ਹਾਂ ਵਿਚੋਂ ਸਤੰਬਰ 1974 ਤੱਕ 570 ਪਿੰਡਾਂ ਵਿਚ ਸਕੀਮਾਂ ਮੁਕੰਮਲ ਹੋ ਚੁੱਕੀਆਂ ਹਨ ਅਤੇ 997 ਪਿੰਡਾਂ ਦੀਆਂ ਸਕੀਮਾਂ ਦਾ ਕੰਮ ਪ੍ਰਗਤੀ ਵਿਚ ਹੈ।

(ਅ) ਹੁਣ ਕੇਵਲ ਪਾਣੀ ਦੀ ਕਿੱਲਤ ਵਾਲੇ 1,533 ਪਿੰਡਾਂ ਵਿਚ ਸਾਫ਼ ਪਾਣੀ ਸਪਲਾਈ ਕਰਨ ਦਾ ਕੰਮ ਬਾਕੀ ਰਹਿੰਦਾ ਹੈ।

ਰਾਜ ਵਿਚ 520 ਪਿੰਡਾਂ ਨੂੰ ਪੀਣ ਵਾਲਾ ਪਾਣੀ ਸਪਲਾਈ ਕਰਨ ਲਈ ਸਕੀਮਾਂ

*3020 **ਸ੍ਰੀ ਪਿਆਰਾ ਰਾਮ ਧੰਨੋਵਾਲੀ:** ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਰਾਜ ਵਿਚ ਦਿਹਾਤੀ ਇਲਾਕਿਆਂ ਵਿਚ 520 ਪਿੰਡਾਂ ਨੂੰ ਪੀਣ ਵਾਲਾ ਪਾਣੀ ਸਪਲਾਈ ਕਰਨ ਲਈ ਸਕੀਮਾਂ ਕਿਸ ਤਰੀਕ ਨੂੰ ਸ਼ੁਰੂ ਕੀਤੀਆਂ ਗਈਆਂ ਸਨ:

(ਅ) ਉਪਰੋਕਤ ਭਾਗ (ੳ) ਵਿਚ ਦੱਸੀਆਂ ਗਈਆਂ ਸਕੀਮਾਂ ਤੋਂ ਰਾਜ ਵਿਚ ਅੱਜ ਤੱਕ ਜ਼ਿਲਾਵਾਰ ਕਿੰਨੇ ਪਿੰਡਾਂ ਨੂੰ ਲਾਭ ਪੁੱਜਾ ਹੈ ?

ਸਰਦਾਰ ਬਲਬੀਰ ਸਿੰਘ: (ੳ) ਇਸ ਪ੍ਰਸ਼ਨ ਤੋਂ ਇਹ ਪਤਾ ਨਹੀਂ ਲਗਦਾ ਕਿ ਮਾਨਯੋਗ ਮੈਂਬਰ ਸਾਹਿਬ ਕਿਹੜੇ 520 ਪਿੰਡਾਂ ਦਾ ਜ਼ਿਕਰ ਕਰ ਰਹੇ ਹਨ ਕਿਉਂਕਿ ਪੰਜਾਬ ਰਾਜ ਵਿਚ 3100 ਅਜਿਹੇ ਪਿੰਡ ਹਨ ਜਿਨ੍ਹਾਂ ਵਿਚ ਪੀਣ ਵਾਲੇ ਪਾਣੀ ਦੀ ਤੰਗੀ ਹੈ ਜਾਂ ਪਾਣੀ ਸਿਹਤ ਲਈ ਹਾਨੀਕਾਰਕ ਹੈ। ਇਨ੍ਹਾਂ 3100 ਪਿੰਡਾਂ ਵਿਚੋਂ ਹੁਣ ਤਕ 1567 ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀਆਂ ਸਕੀਮਾਂ ਮੰਜ਼ੂਰ ਹੋ ਚੁਕੀਆਂ ਹਨ। ਇਨ੍ਹਾਂ ਵਿਚੋਂ ਸਤੰਬਰ 1974 ਦੇ ਅੰਤ ਤੱਕ 570 ਪਿੰਡਾਂ ਵਿਚ ਸਕੀਮਾਂ ਮੁਕੰਮਲ ਹੋ ਚੁਕੀਆਂ ਹਨ ਅਤੇ 997 ਪਿੰਡਾਂ ਵਿਚ ਸਕੀਮਾਂ ਦਾ ਕੰਮ ਪ੍ਰਗਤੀ ਵਿਚ ਹੈ।

ਇਹ ਸਕੀਮਾਂ ਸਾਲ 1954 ਤੋਂ 1974 ਦੇ ਦੌਰਾਨ ਸਮੇਂ ਸਮੇਂ ਪੰਜਾਬ ਰਾਜ ਸੈਨੇਟਰੀ ਬੋਰਡ ਵਲੋਂ ਮੰਜ਼ੂਰ ਕੀਤੀਆਂ ਗਈਆਂ ਅਤੇ ਮੰਜ਼ੂਰੀ ਤੋਂ ਬਾਦ ਮਹਿਕਮੇ ਵਲੋਂ ਇਨ੍ਹਾਂ ਦਾ ਕੰਮ ਸ਼ੁਰੂ ਕੀਤਾ ਗਿਆ।

(ਅ) ਉਪਰੋਕਤ 1567 ਮੰਜ਼ੂਰ ਹੋਈਆਂ ਸਕੀਮਾਂ ਦਾ ਜ਼ਿਲ੍ਹੇਵਾਰ ਵੇਰਵਾ ਇਸ ਤਰ੍ਹਾਂ ਹੈ:—

ਜ਼ਿਲਾ	ਪਿੰਡਾਂ ਦੀ ਗਿਣਤੀ ਜਿਨ੍ਹਾਂ ਵਿਚ ਸਕੀਮਾਂ ਮੁਕੰਮਲ ਹੋ ਚੁਕੀਆਂ ਹਨ।	ਪਿੰਡਾਂ ਦੀ ਗਿਣਤੀ ਜਿਨ੍ਹਾਂ ਵਿਚ ਸਕੀਮਾਂ ਪ੍ਰਗਤੀ ਵਿਚ ਹਨ।
ਹੁਸ਼ਿਆਰਪੁਰ	142	320
ਗੁਰਦਾਸਪੁਰ	106	39
ਰੋਪੜ	90	268
ਪਟਿਆਲਾ	76	94

ਬਠਿੰਡਾ	56	151
ਫਰੀਦਕੋਟ	62	45
ਫਿਰੋਜ਼ਪੁਰ	23	73
ਸੰਗਰੂਰ	15	7
	570	997

ਜੇਕਰ ਇਹ ਦਸਿਆ ਜਾਵੇ ਕਿ ਪ੍ਰਸ਼ਨ ਵਿਚ ਕਿਹੜੇ 520 ਪਿੰਡਾਂ ਦਾ ਜ਼ਿਕਰ ਹੈ ਤਾਂ ਉਨ੍ਹਾਂ ਦੀਆਂ ਸਕੀਮਾਂ ਨੂੰ ਸ਼ੁਰੂ ਕਰਨ ਦੀਆਂ ਤਾਰੀਖਾਂ ਅਤੇ ਜ਼ਿਲੇਵਾਰ ਵੇਰਵਾ ਭੇਜ ਦਿਤਾ ਜਾਵੇਗਾ ਜੀ ।

ਨਕਲੀ ਦਵਾਈਆਂ ਬਣਾਉਣ ਦੇ ਕੇਸ

*3022 **ਸ਼੍ਰੀ ਪਿਆਰਾ ਰਾਮ ਧੰਨੋਵਾਲੀ** : ਕੀ ਸਿਹਤ ਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਵੱਖ ਵੱਖ ਸਾਲ 1973 ਅਤੇ 1974 ਦੇ ਦੌਰਾਨ ਰਾਜ ਵਿਚ ਨਕਲੀ ਅਤੇ ਘਟੀਆ ਦਵਾਈਆਂ ਬਣਾਉਣ ਦੇ ਕਿੰਨੇ ਕੇਸ ਪਕੜੇ ਗਏ;

(ਅ) ਦਵਾਈਆਂ ਵਿਚ ਮਿਲਾਵਟ ਨੂੰ ਰੋਕਣ ਲਈ ਸਰਕਾਰ ਦੁਆਰਾ ਕੀਤੀ ਕਾਰਵਾਈ ਦਾ ਵੇਰਵਾ ਕੀ ਹੈ ;

(ੲ) ਕੀ ਸਰਕਾਰ ਨੇ ਨਕਲੀ ਅਤੇ ਘਟੀਆ ਦਵਾਈਆਂ ਦੇ ਬੁਰੇ ਪ੍ਰਭਾਵ ਬਾਰੇ ਲੋਕਾਂ ਨੂੰ ਸਿੱਖਿਆ ਦੇਣ ਲਈ ਮੈਡੀਕਲ ਪੇਸ਼ੇ ਦੇ ਵਿਅਕਤੀਆਂ ਨੂੰ ਦਲੀਲ ਦਿਤੀ ਹੈ ?

ਸਰਦਾਰ ਬਲਬੀਰ ਸਿੰਘ : (ੳ) ਸਾਲ 1973 ਅਤੇ 1974 ਦੇ ਦੌਰਾਨ ਨਕਲੀ ਦਵਾਈਆਂ ਬਣਾਉਣ ਦਾ ਕੋਈ ਕੇਸ ਨਹੀਂ ਫੜਿਆ ਗਿਆ, ਪਰੰਤੂ ਨਕਲੀ ਦਵਾਈਆਂ ਵੇਚਣ ਅਤੇ ਘਟੀਆ ਦਵਾਈਆਂ ਬਣਾਉਣ ਦੇ ਕੇਸ ਹੇਠ ਲਿਖੇ ਅਨੁਸਾਰ ਪਕੜੇ ਗਏ :—

ਸਾਲ	ਨਕਲੀ ਦਵਾਈਆਂ ਦੀ ਵੇਚ	ਘਟੀਆ ਦਵਾਈਆਂ ਬਣਾਉਣਾ
1973	2	136
1974	4	234

(ਅ) ਮਿਲਾਵਟ ਵਾਲੀਆਂ ਦਵਾਈਆਂ ਦੀ ਬਣਾਉਣ/ਵੇਚ ਨੂੰ ਰੋਕਣ ਲਈ ਹੇਠ ਲਿਖੇ ਕਦਮ ਚੁਕੇ ਗਏ :—

1. ਰਾਜ ਵਿਚ ਜਿੰਨੇ ਫਾਰਮੂਲੇਸ਼ਨਜ਼ ਫੈਕਟਰੀਆਂ ਬਣਾਉਂਦੀਆਂ ਹਨ, ਦੀ ਮੁੜ ਕੇ ਛਾਣ ਬੀਣ ਕੀਤੀ ਗਈ । 3 ਤਕਨੀਕੀ ਮਾਹਰਾਂ ਦੀ ਕਮੇਟੀ, ਉਨ੍ਹਾਂ ਫਾਰਮੂਲੇਸ਼ਨਜ਼ ਨੂੰ ਚੈਕ ਕਰਨ ਲਈ ਬਣਾਈ ਗਈ, ਜੋ ਪੰਜਾਬ ਵਿਚ ਦਵਾਈਆਂ ਬਣਾਉਣ ਵਾਲਿਆਂ ਦੁਆਰਾ ਅਪਣਾਏ ਜਾਂਦੇ ਹਨ ।

[ਰਾਜ ਮੰਤਰੀ, ਸਿਹਤ ਤੇ ਪਰਿਵਾਰ ਨਿਯੋਜਨ]

2. ਭਾਰਤ ਸਰਕਾਰ ਦੇ ਡਰੱਗ ਇਨਸਪੈਕਟਰ ਤੇ ਡਵੀਜ਼ਨਲ ਡਰੱਗ ਇਨਸਪੈਕਟਰਾਂ ਦੁਆਰਾ ਸਮੁਚੇ ਰਾਜ਼ ਵਿਚ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੀ ਜਾਂਚ ਕਰਵਾਈ ਗਈ।

3. ਉਨ੍ਹਾਂ ਫਰਮਾਂ ਦੇ ਲਾਇਸੰਸ ਜੋ ਐਕਟ ਵਿਚ ਦਿਤੇ ਸਟੈਂਡਰਡ ਦੇ ਮੁਤਾਬਿਕ ਦਵਾਈਆਂ ਨਹੀਂ ਬਣਾਉਂਦੇ ਸਨ, ਕੈਂਸਲ ਜਾਂ ਮੁਅੱਤਲ ਕਰ ਦਿਤੇ ਗਏ।

4. ਤਿਆਰ ਕੀਤੀਆਂ ਨਵੀਆਂ ਦਵਾਈਆਂ ਦੇ ਪਹਿਲੇ 5 ਬੈਂਚਿਜ਼ ਜੋ ਕਿ ਦਵਾਈਆਂ ਤਿਆਰ ਕਰਨ ਵਾਲੀ ਫ਼ਰਮ ਵਲੋਂ ਬਣਾਏ ਜਾਂਦੇ ਹਨ, ਪ੍ਰਵਾਨਿਤ ਪ੍ਰਯੋਗਸ਼ਾਲਾ ਰਾਹੀਂ ਫਰਮ ਵਲੋਂ ਮਾਰਕੀਟ ਵਿਚ ਭੇਜਣ ਤੋਂ ਪਹਿਲਾਂ, ਜਾਂਚ ਕਰਵਾਏ ਜਾਂਦੇ ਹਨ।

5. ਫ਼ਰਮਾਂ ਵਲੋਂ ਪਰਾਈਵੇਟ ਦਵਾਈਆਂ ਦੇ ਸੈਂਪਲਾਂ ਦੀ ਜਾਂਚ ਕਰਾਉਣ ਲਈ 3 ਉੱਚ ਪੱਧਰ ਦੀਆਂ ਪ੍ਰਵਾਨਿਤ ਲਬਾਰੇਟਰੀਆਂ ਹਨ।

6. ਨਾਨ-ਬਾਇਲੋਜ਼ੀਕਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਚੈਕ ਕਰਨ ਲਈ ਸਾਰੇ ਡਰੱਗ ਇਨਸਪੈਕਟਰਾਂ ਨੂੰ ਤਾਕਤਾਂ ਦਿਤੀਆਂ ਗਈਆਂ ਹਨ।

7. ਹਰ ਜ਼ਿਲ੍ਹੇ ਵਿਚ ਸਿਵਲ ਸਰਜਨ ਅਤੇ ਉਸ ਵਲੋਂ 2 ਪ੍ਰਤਿ-ਨਿਯੁਕਤ ਕੀਤੇ ਅਧਿਕਾਰੀਆਂ ਨੂੰ ਪਦਵੀ ਵਜੋਂ ਡਰੱਗ ਇਨਸਪੈਕਟਰ ਘੋਸ਼ਿਤ ਕਰ ਦਿਤਾ ਗਿਆ। ਪਦਵੀ ਵਜੋਂ ਡਰੱਗ ਇਨਸਪੈਕਟਰਾਂ ਨੂੰ ਡਰੱਗਜ਼ ਅਤੇ ਕਾਸਮੈਟਿਕ ਡਰੱਗ 1940 ਅਤੇ ਇਸ ਅਧੀਨ ਬਣੇ ਰੂਲ 1945 ਅਧੀਨ ਸਾਰੇ ਕੈਮਿਸਟਾਂ ਦੀਆਂ ਦੁਕਾਨਾਂ ਚੈਕ ਕਰਨ ਦੇ ਅਧਿਕਾਰ ਹਨ।

8. ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੇ ਥੋੜੇ ਥੋੜੇ ਸਮੇਂ ਬਾਦ ਸੈਂਪਲ ਲਏ ਜਾਂਦੇ ਹਨ ਅਤੇ ਦਵਾਈਆਂ ਦੀ ਕੁਆਲਟੀ ਦਾ ਪਤਾ ਕਰਨ ਲਈ ਟੈਸਟ ਕਰਵਾਏ ਜਾਂਦੇ ਹਨ। ਜੇਕਰ ਕੋਈ ਨਕਲੀ ਦਵਾਈਆਂ ਵੇਚਦਾ ਪਕੜਿਆ ਜਾਵੇ ਤਾਂ ਦੋਸ਼ੀ ਦੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਂਦੀ ਹੈ।

9. ਪੰਜਾਬ ਰਾਜ ਵਿਚ ਬਣੀਆਂ ਦਵਾਈਆਂ ਦੇਸ਼ ਦੇ ਦੂਜੇ ਰਾਜਾਂ ਵਿਚ ਵੀ ਵੇਚੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਦੇ ਸੈਂਪਲ ਭਿੰਨ ਭਿੰਨ ਰਾਜਾਂ ਵਿਚ ਵੀ ਲਏ ਜਾਂਦੇ ਹਨ। ਅਜੇ ਤਕ ਕਿਸੇ ਵੀ ਰਾਜ ਦੁਆਰਾ ਪੰਜਾਬ ਰਾਜ ਵਿਚ ਬਣੀ ਦਵਾਈ ਦੇ ਨਕਲੀ ਹੋਣ ਦਾ ਕੋਈ ਕੇਸ ਨਹੀਂ ਪਕੜਿਆ ਗਿਆ।

10. ਇਕ ਉੱਚ ਯੋਗਤਾ ਅਤੇ ਤਕਨੀਕੀ ਤਜ਼ਰਬਾ ਰੱਖਣ ਵਾਲੇ ਸਰਕਾਰੀ ਵਿਸ਼ਲੇਸ਼ਕ ਦੀ ਦੇਖ ਰੇਖ ਅਧੀਨ ਰਾਜ ਵਿਚ ਬਾਇਲੋਜੀਕਲ ਅਤੇ ਨਾਨ-ਬਾਇਲੋਜੀਕਲ ਦੋਨੋਂ ਕਿਸਮਾਂ ਦੀਆਂ ਦਵਾਈਆਂ ਦੀ ਜਾਂਚ ਕਰਨ ਲਈ ਲਬਾਰੇਟਰੀ ਨੂੰ ਵੱਧ ਸਹੂਲਤਾਂ ਦਿਤੀਆਂ ਗਈਆਂ।

11. ਸਾਰੇ ਡਰੱਗ ਇਨਸਪੈਕਟਰਾਂ ਨੂੰ ਰਾਜ ਦੇ ਕਿਸੇ ਹਿੱਸੇ ਵਿਚ ਵੀ ਛਾਪਾ ਮਾਰਨ ਦਾ ਅਧਿਕਾਰ ਦਿਤਾ ਗਿਆ ਹੈ। ਸੈਂਪਲਾਂ ਨੂੰ ਪਕੜਨ ਲਈ ਰਾਜ ਦੇ ਸਾਰੇ ਡਰੱਗ

ਇਨਸਪੈਕਟਰਾਂ ਵਲੋਂ ਸਾਂਝੇ ਤੌਰ ਤੇ ਕੰਟ੍ਰੋਲਿੰਗ ਅਧਿਕਾਰੀ ਦੀਆਂ ਹਦਾਇਤਾਂ ਅਨੁਸਾਰ ਰਾਜ ਵਿਚ ਬਹੁਤ ਛਾਪੇ ਮਾਰੇ ਜਾਂਦੇ ਹਨ ।

12. ਹਰ ਜ਼ਿਲ੍ਹੇ ਵਿਚ ਰਜਿਸਟਰ ਤਿਆਰ ਕੀਤੇ ਗਏ ਹਨ ਜਿਨ੍ਹਾਂ ਵਿਚ ਲਾਇਸੰਸਦਾਰ ਕੈਮਿਸਟ ਦਾ ਨਾਂ, ਪਤਾ ਤੇ ਹੋਰ ਪੂਰੀ ਸੂਚਨਾ ਲਿਖੀ ਹੁੰਦੀ ਹੈ ।

13. ਜ਼ਿਲ੍ਹੇ ਪੱਧਰ ਤੇ ਦਵਾਈਆਂ ਬਣਾਉਣ ਵਾਲੇ ਅਤੇ ਵੇਚਣ ਵਾਲੇ ਕੈਮਿਸਟਾਂ ਨਾਲ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ, ਜਿਸ ਵਿਚ ਇਹ ਜ਼ੋਰ ਦਿਤਾ ਜਾਂਦਾ ਹੈ ਕਿ ਨਕਲੀ ਦਵਾਈਆਂ ਦੀ ਰੋਕ ਲਈ ਕੈਮਿਸਟਾਂ ਨੂੰ ਖਰੀਦ ਵਾਊਚਰ ਤੋਂ ਬਿਨਾਂ ਮਾਲ ਨਹੀਂ ਲੈਣਾ ਚਾਹੀਦਾ । ਰਾਜ ਪੱਧਰ ਤੇ ਡਰੱਗ ਸਲਾਹਕਾਰ ਬੋਰਡ ਬਣਾਇਆ ਗਿਆ ਹੈ ਤੇ ਉਸ ਦੀ ਤਿਮਾਹੀ ਮੀਟਿੰਗ ਹੁੰਦੀ ਹੈ । ਇਸੇ ਤਰ੍ਹਾਂ ਹੀ ਜ਼ਿਲਾ ਪੱਧਰ ਤੇ ਸਲਾਹਕਾਰ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ ।

(ੲ) ਜਨਤਾ ਨੂੰ ਨਕਲੀ ਅਤੇ ਘਟੀਆ ਦਵਾਈਆਂ ਤੋਂ ਬਚਾਉਣ ਅਤੇ ਜਾਣੂ ਕਰਵਾਉਣ ਲਈ ਹੇਠ ਲਿਖੇ ਕਦਮ ਚੁਕੇ ਗਏ ਹਨ :—

1. ਅੰਗਰੇਜ਼ੀ ਤੇ ਪੰਜਾਬੀ ਵਿਚ ਬਣੇ ਹੋਏ ਇਸ਼ਤਿਹਾਰ ਵੰਡੇ ਗਏ ਹਨ ।

2. ਨੁਮਾਇਸ਼ਾਂ ਲਾਈਆਂ ਗਈਆਂ ਹਨ ।

3. ਰੇਡੀਓ ਤੇ ਖਬਰਾਂ ਦਿੱਤੀਆਂ ਤੇ ਅਖਬਾਰਾਂ ਵਿਚ ਵੀ ਖਬਰਾਂ ਛਪਵਾਈਆਂ ਗਈਆਂ ।

4. ਦਵਾਈਆਂ ਵੇਚਣ ਵਾਲੇ ਦੁਕਾਨਦਾਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ।

5. ਮੈਡੀਕਲ ਅਤੇ ਸਿਵਲ ਮੰਤਰਾਂ ਵਿਚ ਸਮੂਹਕ ਸਾਧਨਾਂ ਦੀਆਂ ਸੇਵਾਵਾਂ ਦੀ ਵਰਤੋਂ ਵੀ ਕੀਤੀ ਗਈ ਹੈ ਅਤੇ (voluntary organisations) ਦਾ ਵੀ ਸਹਿਯੋਗ ਪ੍ਰਾਪਤ ਕੀਤਾ ਜਾਂਦਾ ਹੈ ।

STARRED QUESTION NO. 3045**

(Extension has been asked for in respect of Starred Question 3045).

ਰਾਜ ਵਿਚ ਸਰਕਾਰੀ ਕਰਮਚਾਰੀਆਂ ਦੀ ਭਲਾਈ ਲਈ ਕੀਤੀ ਗਈ ਕਾਰਵਾਈ

*2988 **ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਰਾਜ ਸਰਕਾਰ ਦੇ ਬਾਰਾਂ ਨੁਕਤਾ ਪ੍ਰੋਗਰਾਮ ਵਿਚੋਂ ਇਕ ਸੀ ਕਿ ਰਾਜ ਵਿਚ ਸਰਕਾਰੀ ਕਰਮਚਾਰੀਆਂ ਦੀ ਭਲਾਈ ਲਈ ਕਾਰਵਾਈ ਕੀਤੀ ਜਾਵੇਗੀ ;

**For Starred Question No. 3045 and reply thereto please see appendix to this Debate.

(ਸ਼੍ਰੀ ਸਰਦਾਰੀ ਲਾਲ ਕਪੂਰ)

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਸਰਕਾਰ ਦੁਆਰਾ ਉਸ ਸਬੰਧ ਵਿਚ ਹੁਣ ਤਕ ਕੀ ਕਾਰਵਾਈ ਕੀਤੀ ਗਈ ਹੈ ?

ਗਿਆਨੀ ਜ਼ੈਲ ਸਿੰਘ : (ੳ) ਜੀ ਹਾਂ ।

ਸਰਕਾਰ ਦੇ 12 ਨੁਕਤਾ ਪਰੋਗਰਾਮ ਵਿਚ ਮੱਦ 9 ਉਤੇ ਇਸ ਪਰਕਾਰ ਸੀ :

"ਸਰਕਾਰੀ ਕਰਮਚਾਰੀਆਂ ਦੀਆਂ ਉਚਿੱਤ ਤਕਲੀਫਾਂ ਨੂੰ ਦੂਰ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਕਲਿਆਣ ਹਿੱਤ ਯੋਗ ਕਦਮ ਚੁਕੇ ਜਾਣਗੇ ।"

(ਅ) ਜਿਹਾ ਕਿ ਭਾਗ (ੳ) ਦੇ ਸਬੰਧ ਵਿਚ ਦੱਸਿਆ ਗਿਆ ਹੈ ਸਰਕਾਰੀ ਕਰਮਚਾਰੀਆਂ ਦੀਆਂ ਉਚਿੱਤ ਤਕਲੀਫਾਂ ਦੂਰ ਕਰਨ ਲਈ ਸਰਕਾਰ ਬਚਨ-ਬੱਧ ਹੈ। ਜਿਥੋਂ ਤਕ ਸਰਕਾਰ ਵਲੋਂ ਮੁੱਖ ਤੌਰ ਤੇ ਕੀਤੀ ਕਾਰਵਾਈ ਦਾ ਸਬਧ ਹੈ ਇਸ ਦਾ ਵਿਸਥਾਰ ਸਬੰਧੀ ਸੂਚੀ-ਪੱਤਰ ਸਭਾ ਦੀ ਮੇਜ਼ ਤੇ ਰੱਖਿਆ ਜਾਂਦਾ ਹੈ । ਇਸ ਸੂਚੀ-ਪੱਤਰ ਤੋਂ ਸਪੱਸ਼ਟ ਹੈ ਕਿ ਸਰਕਾਰ ਨੇ ਕਰਮਚਾਰੀਆਂ ਦੀ ਭਲਾਈ ਅਤੇ ਉਨ੍ਹਾਂ ਦੀਆਂ ਤਕਲੀਫਾਂ ਦੂਰ ਕਰਨ ਲਈ ਅਨੇਕਾਂ ਉਤਸ਼ਾਹਜਨਕ ਕਦਮ ਉਠਾਏ ਹਨ ।

ਸਰਕਾਰੀ ਕਰਮਚਾਰੀਆਂ ਦੀਆਂ ਉਚਿਤ ਤਕਲੀਫ਼ਾਂ (grievances) ਸਬੰਧੀ ਸਰਕਾਰ ਵਲੋਂ 12 ਨੁਕਤਾ ਪ੍ਰੋਗਰਾਮ ਅਧੀਨ ਕੀਤੀ ਗਈ ਕਾਰਵਾਈ ਸਬੰਧੀ ਵਿਸਥਾਰ ਸੂਚੀ ।

ਮਾਲੀ ਸਹਾਇਤਾ

ਅਡੀਸ਼ਨਲ ਰਿਲੀਫ ਦੇ ਰੂਪ ਵਿਚ ਨਿਮਨ ਸਹਾਇਤਾ ਦਿੱਤੀ ਗਈ :—

17-3-72 ਤੋਂ	ਤਨਖਾਹ ਦੀ ਦਰ	ਅਡੀਸ਼ਨਲ ਸਹਾਇਤਾ
	(ਰੁਪਏ)	(ਰੁਪਏ)
	85 ਤੋਂ ਨੀਚੇ	15/- ਪ੍ਰਤੀ ਮਹੀਨਾ
	85 ਤੋਂ 209 ਤੱਕ	25/- ,, ,,
	210 ਤੋਂ 499 ਤੱਕ	30/- ,, ,,
	500 ਤੋਂ 575 ਤੱਕ	45/- ,, ,,
	576 ਤੋਂ 1,250 ਤੱਕ	60/- ,, ,,
11-8-72 ਤੋਂ		
	85 ਤੋਂ ਨੀਚੇ	7/- ਪ੍ਰਤੀ ਮਹੀਨਾ
	85 ਤੋਂ 209 ਤੱਕ	8/— ,, ,,
	210 ਤੋਂ 575 ਤੱਕ	10/— ,, ,,

(ਅ) ਅਡੀਸ਼ਨਲ ਮਹਿੰਗਾਈ ਭੱਤਾ :--ਜਿਹਾ ਕਿ ਭਾਰਤ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਸਮੇਂ ਸਮੇਂ 1. 5. 73 ਤੋਂ ਦਿੱਤਾ ਹੈ, ਉਹ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ 1. 10. 73, 1. 1. 74 ਅਤੇ 1. 2. 74 ਤੋਂ ਦਿੱਤਾ ਗਿਆ । ਵਾਧੂ ਮਹਿੰਗਾਈ ਭੱਤਾ ਦਰਜਾ 1, 2, 3 ਅਤੇ 4 ਸੇਵਾਵਾਂ ਨੂੰ 1. 4. 74 ਤੋਂ ਭਾਰਤ ਸਰਕਾਰ ਦੀਆਂ ਨਿਮਨ ਦਰਾਂ ਤੇ ਦਿੱਤਾ ਗਿਆ :—

ਤਨਖਾਹ ਦੀ ਦਰ	ਵਾਧੂ ਡੀ. ਏ. ਦੀ ਦਰ
(ਰੁਪਏ)	(ਪ੍ਰਤੀਸ਼ਤ)
300 ਤੱਕ	24% ਤਨਖਾਹ ਦਾ
300 ਤੋਂ ਉਪਰ ਅਤੇ 2250 ਤੱਕ	18% ਤਨਖਾਹ ਦਾ

(ੲ) ਕੈਪੀਟਲ ਮੁਆਵਜ਼ੀ ਭੱਤੇ ਦੇ ਰੂਪ ਵਿਚ :—

1. 1. 8. 73 ਤੋਂ ਇਸ ਭੱਤੇ ਦੀ ਉਪਲਬਧੀ ਲਈ ਤਨਖਾਹ ਦੀਆਂ ਸੀਮਾਂ ਨੂੰ 416.25 ਰੁਪਏ ਤੋਂ 575, (ਸਣੇ ਰੁਪਏ 646.87 ਤਕ ਮਾਰਜਨਲ ਐਡਜਸਟਮੈਂਟ ਦੇ) ।

2. 1.8.74 ਤੋਂ ਸਮੂਹ ਕਰਮਚਾਰੀਆਂ ਨੂੰ (ਕੇਂਦਰੀ ਸੇਵਾਵਾਂ ਦੇ ਮੈਂਬਰਾਂ ਨੂੰ ਪਾ ਕੇ) ਜਿਹੜੇ ਚੰਡੀਗੜ੍ਹ ਵਿਖੇ ਸਥਿਤ ਹਨ ਪੇ ਹੱਦ ਦਾ ਖਿਆਲ ਨਾ ਕਰਦੇ ਹੋਏ 12½% ਦੀ ਦਰ ਤੇ ਵੱਧ ਤੋਂ ਵੱਧ 50/- ਰੁਪਏ ਮਹੀਨਾ ਦੀ ਹੱਦ ਤੱਕ ਇਹ ਭੱਤਾ ਦਿੱਤਾ ਗਿਆ ਹੈ ।

(ਸ) ਪੈਨਸ਼ਨ ਵਿਚ ਐਡਹਾਕ ਵਾਧੇ ਦੇ ਤੌਰ ਤੇ :——

(i) 1. 3. 73 ਤੋਂ 10% ਵਾਧਾ 40/- ਤੋਂ 300/- ਰੁਪਏ ਤਕ ਪੈਨਸ਼ਨ ਲੈਣ ਵਾਲਿਆਂ ਨੂੰ ।

(ii) 1. 4. 74 ਤੋਂ 10/- ਰੁਪਏ ਮਹੀਨਾ ਵਾਧਾ 40/- ਤੋਂ 200/- ਰੁਪਏ ਤਕ ਪੈਨਸ਼ਨ ਲੈਣ ਵਾਲਿਆਂ ਨੂੰ, 1. 7. 74 ਤੋਂ ਇਸ ਵਾਧੇ ਦਾ ਲਾਭ ਗੁਜ਼ਾਰਾ ਅਤੇ ਅਸਤੀਫਾ ਪੈਨਸ਼ਨ ਲੈਣ ਵਾਲਿਆਂ ਨੂੰ ਦਿੱਤਾ ਗਿਆ ਹੈ ।

(ਹ) ਸਵਾਰੀ ਭੱਤਾ : —

1. 1. 74 ਤੋਂ ਦਰਜਾ 4 ਦੇ ਸਮੂਹ ਕਰਮਚਾਰੀਆਂ ਨੂੰ 5/- ਰੁਪਏ ਪ੍ਰਤੀ ਮਹੀਨਾ ਦੀ ਦਰ ਤੇ ਅਤੇ ਕਾਂਸਟੇਬਲ ਅਤੇ ਹੈਡ ਕਾਂਸਟੇਬਲਾਂ ਨੂੰ 10/- ਰੁਪਏ ਪ੍ਰਤੀ ਮਹੀਨਾ ਦੀ ਦਰ ਤੇ ਦਿੱਤਾ ਗਿਆ ।

(ਕ) ਕਿੱਟ ਅਲਾਊਂਸ–ਪੁਲਿਸ ਵਿਭਾਗ ਨੇ ਨਾਨ-ਗਜ਼ਟਿੱਡ ਕਰਮਚਾਰੀਆਂ ਨੂੰ 10 ਰੁ: ਪ੍ਰਤੀ ਮਹੀਨਾ ਕਿੱਟ ਅਲਾਊਂਸ ਦਿੱਤਾ ਹੈ ਅਤੇ ਕਾਂਸਟੇਬਲ/ਹੈਡ-ਕਾਂਸਟੇਬਲਜ਼ ਦਾ ਕਿੱਟ ਅਲਾਊਂਸ 5 ਰੁ: ਤੋਂ ਵਧਾ ਕੇ 7.50 ਰੁ: ਕਰ ਦਿੱਤਾ ਗਿਆ ਹੈ ।

[ਮੁੱਖ ਮੰਤਰੀ]

(ਖ) ਤਨਖਾਹ ਸਕੇਲਾਂ ਦੀ ਸੋਧ ਦੇ ਫਲਸਰੂਪ ਨਿਮਨ ਸ਼੍ਰੇਣੀਆਂ ਦੇ ਕਰਮਚਾਰੀਆਂ ਦੀ ਔਖਿਆਈ ਦੀ ਅਵਸਥਾ ਅਤੇ ਤਨਖਾਹ ਸਕੇਲ ਵਿਚ ਤਰੁੱਟੀਆਂ ਦੇ ਸਨਮੁੱਖ ਉਨ੍ਹਾਂ ਦੀ ਤਨਖਾਹ ਸਕੇਲ ਸੋਧੇ ਗਏ :—

1. ਪੀ. ਸੀ. ਐਮ. ਐਸ. I ਅਤੇ II,
2. ਉਪ ਸੁਪਰਡੰਟ ਅਤੇ ਨਿੱਜੀ ਸਹਾਇਕ,
3. ਪੰਜਾਬ ਡੰਗਰ ਡਾਕਟਰ ਕਲਾਸ 2 ਅਤੇ ਸਹਾਇਕ ਡੰਗਰ ਡਾਕਟਰ (ਨਾਨ–ਗਜ਼ਟਿੱਡ),
4. ਲੈਬਾਟਰੀ ਟੈਕਨੀਸ਼ੀਅਨ ਗਰੇਡ I,
5. ਪੰਜਾਬ ਵਿਧਾਨ ਸਭਾ ਦੇ ਰਿਪੋਰਟਰਜ਼,
6. ਟਿਊਬਵੈਲ ਓਪਰੇਟਰਜ਼,
7. ਡੀ. ਪੀ. ਆਈ., ਕਮਿਸ਼ਨਰਜ਼ ਗਵਰਨਰ, ਦੇ ਸਕੱਤਰ ਅਤੇ ਮੁੱਖ ਇੰਜੀਨੀਅਰ, ਪੀ.ਡਬਲਯੂ. ਡੀ. (ਸਿੰਜਾਈ ਸ਼ਾਖਾ) ਦੇ ਦਫਤਰਾਂ ਦੇ ਡਰਾਈਵਰਜ਼,
8. ਅਧੀਨ ਸਕੱਤਰ (ਨਾਨ ਪੀ. ਸੀ. ਐਸ. ਅਤੇ ਮੰਤਰੀਆਂ ਦੇ ਸਕੱਤਰਾਂ ਜਿਹੜੇ ਕਿ ਸਕਤਰੇਤ ਵਿਚ ਕੰਮ ਕਰ ਰਹੇ ਹਨ ਅਤੇ ਵਿੱਤੀ ਕਮਿਸ਼ਨਰਾਂ ਦੇ ਦਫਤਰਾਂ ਦੇ),
9. ਪੰਜਾਬ ਸਿਵਲ ਸਕੱਤਰੇਤ ਅਤੇ ਵਿੱਤੀ ਕਮਿਸ਼ਨਰਜ਼ ਦੇ ਦਫਤਰਾਂ ਦੇ ਸੁਪਰਡੰਟ,
10. ਟਰਾਂਸਪੋਰਟ ਵਿਭਾਗ ਦੇ ਕਮੱਰਸ਼ੀਅਲ ਗੱਡੀਆਂ ਦੇ ਡਰਾਈਵਰਾਂ ਨੂੰ 20% ਸਿਲੈਕਸ਼ਨ ਗਰੇਡ,
11. ਪੀ. ਸੀ. ਐਸ. (ਈ. ਬੀ.) ਨੂੰ ਸੁਪਰ ਸਿਲੈਕਸ਼ਨ ਗਰੇਡ 1500–1750 ਵਿਚ 20% ਅਸਾਮੀਆਂ,
12. ਟਰੇਸਰ ਆਦਿ ਨੂੰ 110-250 ਦਾ ਸਕੇਲ,
13. ਕਾਂਸਟੇਬਲਾਂ ਦੇ ਟਾਈਮ ਸਕੇਲ ਨੂੰ 25 ਸਾਲ ਤੋਂ ਘਟਾ ਕੇ 10 ਸਾਲ,
14. ਜ਼ਿਲ੍ਹਾ ਭਲਾਈ ਅਫ਼ਸਰ, ਰਿਜਨਲ ਭਲਾਈ ਅਫਸਰ ਅਤੇ ਉੱਪ-ਡਾਇਰੈਕਟਰ, ਭਲਾਈ ਵਿਭਾਗ ਦੇ ਪੇ-ਸਕੇਲ,
15. ਪਸ਼ੂ ਮੇਲਾ ਅਫਸਰ ਜਿਹੜੇ ਕਿ ਵਿਕਾਸ ਦਫਤਰ ਵਿਚ ਹਨ ਦੇ ਪੇ ਸਕੇਲ,
16. ਸਕੂਲ ਲੈਕਚਹਾਰਜ਼ (ਥਰਡ ਡਵੀਜ਼ਨਰਜ਼) ਦੇ ਪੇ ਸਕੇਲ,
17. ਜੇ. ਬੀ. ਟੀ. ਅਧਿਆਪਕਾਂ ਦੇ ਅਰਸੇ ਨੂੰ 30 ਸਾਲ ਤੋਂ ਘਟਾ ਕੇ 19 ਸਾਲ,
18. ਟਰੇਡ ਸਨਾਤਕਾਂ ਦੇ ਅਰਸੇ ਨੂੰ 25 ਸਾਲ ਤੋਂ ਘਟਾ ਕੇ 21 ਸਾਲ,
19. ਪੰਜਾਬ ਰੋਡਵੇਜ਼ ਦੇ ਇੰਸਪੈਕਟਰਾਂ ਦੇ ਪੇ ਸਕਲ ਦੀ ਰਿਵੀਜ਼ਨ,

(ਘ) ਤਨਖਾਹ ਸਕੇਲ ਦੇ ਸੋਧ ਦੇ ਮਾਮਲਿਆਂ ਨੂੰ ਪ੍ਰੇਖਨ ਲਈ ਇਕ ਪੇ ਰਿਵੀਜ਼ਨ ਕਮੇਟੀ ਬਣਾਈ ਗਈ ਹੈ ।

(ङ) ਦਰਜਾ 4 ਦੇ ਕਰਮਚਾਰੀਆਂ ਨੂੰ ਪੱਕੇ ਸਫਰ ਭੱਤੇ ਵਿਚ ਸੱਤ ਪ੍ਰਤੀਸ਼ਤ ਵਾਧਾ ਕੀਤਾ ਗਿਆ ਹੈ। ਹੋਰਨਾਂ ਕਰਮਚਾਰੀਆਂ ਨੂੰ ਸਫ਼ਰੀ ਭੱਤੇ ਵਿਚ 25 ਤੋਂ 50% ਵਾਧਾ ਕੀਤਾ ਗਿਆ ਹੈ।

(ਚ) ਦਰਜਾ 4 ਕਰਮਚਾਰੀਆਂ ਨੂੰ ਕਣਕ ਕਰਜ਼ਾ 300 ਰੁਪਏ ਅਤੇ ਹੋਰਨਾਂ ਕਰਮਚਾਰੀਆਂ ਨੂੰ 400 ਰੁਪਏ ਸਾਲ 1974-75 ਵਿਚ ਦਿੱਤਾ ਗਿਆ।

II. ਅਧੀਨ ਸੇਵਾਵਾਂ ਦੇ ਦੁਖੜਿਆਂ ਦਾ ਜਾਇਜ਼ਾ ਲੈਣ ਲਈ ਇਕ ਕਮੇਟੀ ਆਫੀਸਰਾਂ ਦੀ ਬਣਾਈ ਗਈ ਹੈ, ਜਿਹੜੀ ਮਾਮਲਿਆਂ ਦਾ ਨਿਮਨ ਅਨੁਸਾਰ ਜਾਇਜ਼ਾ ਲਵੇਗੀ :—

"In order to look into the problems and grievances of the subordinate employees as listed by them in various representations from time to time"

III. ਪੁਲਿਸ ਕਰਮਚਾਰੀਆਂ ਦੀਆਂ ਸੇਵਾਵਾਂ ਸ਼ਰਤਾਂ ਵਿਚ ਆਮ ਸੋਧ :—

(1) ਕੰਸਟੇਬਲਾਂ ਨੂੰ ਚੌਥੇ ਦਰਜੇ ਦੇ ਕਰਮਚਾਰੀਆਂ ਦੀ ਬਜਾਏ ਤੀਸਰੇ ਦਰਜੇ ਦਾ ਕਰਮਚਾਰੀ ਕਰ ਦਿਤਾ ਹੈ।

(2) ਸਰਕਾਰ ਨੇ ਪੁਲਿਸ ਕਰਮਚਾਰੀਆਂ ਦੇ ਮਨੋਰੰਜਨ ਲਈ 22 ਟੈਲੀਵੀਜ਼ਨ ਸੈਟ ਖਰੀਦਣ ਦੀ ਮਨਜ਼ੂਰੀ ਦੇ ਦਿਤੀ ਹੈ। ਇਸ ਦਾ ਖਰਚਾ ਪੁਲਿਸ ਬੱਜਟ ਗਰਾਂਟ ਦੀ ਬੱਚਤ ਵਿਚੋਂ ਕਰਨਾ ਹੈ। ਇਸ ਤੋਂ ਇਲਾਵਾ ਸਰਕਾਰ ਨੇ 20 ਹਜ਼ਾਰ ਰੁਪਏ ਪੁਲਿਸ ਖੇਡਾਂ ਲਈ ਵੀ ਹੋਰ ਦਿੱਤੇ ਹਨ।

(3) ਪੁਲਿਸ ਸਿਪਾਹੀਆਂ ਦੀਆਂ ਰਿਹਾਇਸ਼ੀ ਬੈਰਕਾਂ ਵਿਚ ਬਿਜਲੀ ਦੇ ਛੱਤ ਵਾਲੇ ਪੱਖੇ ਲਗਾਉਣ ਸਬੰਧੀ ਲੋੜੀਂਦੀ ਪਰੋਵੀਜ਼ਨ ਸਾਲ 1975-76 ਦੀ ਬੱਜਟ ਗਰਾਂਟ ਵਿਚ ਪਾ ਦਿਤਾ ਹੈ।

(4) ਸਰਕਾਰ ਨੇ ਇਸ ਸਾਲ ਪੁਲਿਸ ਹਾਊਸਿੰਗ ਲਈ 81 ਲੱਖ ਰੁਪਏ ਮਨਜ਼ੂਰ ਕੀਤੇ ਹਨ।

(5) ਸਰਕਾਰ ਨੇ ਪੁਲਿਸ ਵੈਲਫੇਅਰ ਫੰਡ ਦੀ ਸਾਲਾਨਾ ਗਰਾਂਟ ਜੋ 5/- ਰੁਪਏ ਪ੍ਰਤੀ ਪੁਲਿਸ ਕਰਮਚਾਰੀ ਮਿਲਦੀ ਸੀ, ਵਧਾ ਕੇ 10/- ਰੁਪਏ ਪ੍ਰਤੀ ਪੁਲਿਸ ਕਰਮਚਾਰੀ ਕਰ ਦਿਤੀ ਹੈ।

(6) ਜ਼ਿਲ੍ਹਾ ਪੁਲਿਸ ਲਾਈਨਾਂ ਵਿਚ ਫੇਅਰ ਪਰਾਈਸ ਸ਼ਾਪਸ ਖੋਲ੍ਹ ਦਿਤੀਆਂ ਹਨ ਅਤੇ ਮੁਨਾਸਿਬ ਕੀਮਤਾਂ ਤੇ ਚੀਜ਼ਾਂ ਪੁਲਿਸ ਕਰਮਚਾਰੀਆਂ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਹਨ।

IV. ਪਹਿਲਾਂ ਨਿਸ਼ਚਿਤ ਨੀਤੀ ਅਨੁਸਾਰ ਕੇਵਲ ਸੇਵਾਦਾਰਾਂ ਅਤੇ ਜਮਾਦਾਰਾਂ ਨੂੰ ਸਰਕਾਰ ਵਲੋਂ ਮੁਫ਼ਤ ਵਰਦੀ ਮਿਲਦੀ ਸੀ, ਹੁਣ ਇਹ ਲਾਭ ਪੰਜਾਬ ਸਰਕਾਰ ਦੇ ਸਮੂਹ ਦਰਜਾ 4 ਦੇ ਕਰਮਚਾਰੀਆਂ ਨੂੰ 7 ਜਨਵਰੀ, 1974 ਤੋਂ ਦਿੱਤਾ ਜਾਂਦਾ ਹੈ।

[ਮੁੱਖ ਮੰਤਰੀ]

V. ਅਨੇਕਾਂ ਉਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਨਿਯਮਤ ਕੀਤੀਆਂ ਗਈਆਂ ਹਨ ਜਿਹੜੇ ਤੱਦ-ਅਰਥ ਤੌਰ ਤੇ ਹੋਰ ਸ਼ਰਤਾਂ ਸਹਿਤ 1 ਜਨਵਰੀ, 1973 ਨੂੰ ਇਕ ਸਾਲ ਦੀ ਸੇਵਾ ਪੂਰੀ ਕਰ ਚੁਕੇ ਹਨ । ਉਨ੍ਹਾਂ ਤੱਦ-ਅਰਥ ਕਰਮਚਾਰੀਆਂ ਦੀਆਂ ਸੇਵਾਵਾਂ ਭੀ ਨਿਯਮਤ ਕੀਤੀਆਂ ਗਈਆਂ ਭਾਵੇਂ ਜਿਨ੍ਹਾਂ ਨੇ ਇਕ ਸਾਲ ਦੀ ਸੇਵਾ ਕਰ ਲਈ ਸੀ ਪਰੰਤੂ 17 ਮਾਰਚ, 1972 ਤੋਂ ਬਾਅਦ ਸੇਵਾ ਤੋਂ ਮੁਕਤ ਕਰ ਦਿਤੇ ਗਏ ਸਨ ।

VI. ਦਰਜਾ 3 ਅਤੇ 4 ਦੇ ਕਰਮਚਾਰੀਆਂ ਦੇ ਹਾਲਾਤ ਨੂੰ ਮੁੱਖ ਰਖਦਿਆਂ 1974-75 ਵਿਖੇ ਉਨ੍ਹਾਂ ਨੂੰ ਆਮ ਤੌਰ ਤੇ ਬਦਲਣ ਦੀ ਮਨਾਹੀ ਕੀਤੀ ਗਈ ।

VII. ਸਵਰਗਵਾਸੀ ਕਰਮਚਾਰੀਆਂ ਦੇ ਪਰੀਵਾਰਾਂ ਨੂੰ ਸਥਾਈ ਤੌਰ ਤੇ ਰਾਹਤ ਦੇਣ ਲਈ ਮਿਤੀ 18 ਅਪਰੈਲ, 1973 ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਜਿਸ ਦੇ ਅਨੁਸਾਰ ਅਜਿਹੇ ਪ੍ਰੀਵਾਰਾਂ ਦੇ ਇਕ ਮੈਂਬਰ ਨੂੰ ਨੌਕਰੀ ਵਿਚ ਪਹਿਲ ਦੇ ਕੇ ਨਿਯੁਕਤ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ । ਅਜਿਹਾ ਉਪਬੰਧ ਨਿਮਨ ਸ਼੍ਰੇਣੀਆਂ ਲਈ ਵੀ ਕੀਤਾ ਗਿਆ ਹੈ :—

Priority No.	Categories of Candidates
1.	Employees declared surplus on account of abolition of organisation or some other reasons considered fit by Government *inter alia* on account of assessment made by Staff Inspection Units.
2.	Disabled Ex-Servicemen (not unfit for Civil Service)
3.	A Member of the family of deceased Government Employees or of a Government employee who is retired from service on medical grounds.
4.	A member of the family of the Defence Services Personnel :— (i) Killed in action, or (ii) who are severely disabled and totally unfit for re-employment. (iii) Physically handicapped persons.

21 ਅਗਸਤ, 1972 ਨੂੰ (1 ਨਵੰਬਰ, 1970 ਤੋਂ ਲਾਗੂ) ਸਵਰਗਵਾਸੀ ਕਰਮਚਾਰੀਆਂ ਦੇ ਪਰੀਵਾਰਾਂ ਨੂੰ ਜਿਨ੍ਹਾਂ ਨੇ ਮਕਾਨ ਉਸਾਰੀ ਅਤੇ ਬੱਚਿਆਂ ਦੀ ਸਿੱਖਿਆ ਲਈ ਕਰਜ਼ਾ ਲਿੱਤਾ ਹੋਵੇ ਅਤੇ ਉਨ੍ਹਾਂ ਦੀ ਮਿਰਤਯੂ ਤਕ ਉਹ ਅਦਾਇਗੀ ਨਾ ਹੋਈ ਹੋਵੇ ਤਾਂ ਉਸ ਨੂੰ ਵੀ ਮੁਆਫ ਕਰਨ ਦੇ ਮਸਲੇ ਨੂੰ ਵਿਚਾਰਿਆ ਜਾ ਸਕਦਾ ਹੈ ।

ਦਰਜਾ 4 ਦੇ ਉਨ੍ਹਾਂ ਕਰਮਚਾਰੀਆਂ ਨੂੰ ਜਿਹੜੇ ਦਰਜਾ 3 ਦੀਆਂ ਅਸਾਮੀਆਂ ਦੀ ਯੋਗਤਾ ਰਖਦੇ ਹਨ ਨੂੰ ਉਤਸ਼ਾਹ ਦੇਣ ਲਈ ਦਰਜਾ 3 ਵਿਚ ਨਿਯੁਕਤੀ ਲਈ 10% ਆਸਾਮੀਆਂ ਦਾ ਕੋਟਾ 25 ਅਪਰੈਲ, 1972 ਨੂੰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਨਿਸਚਿਤ ਕੀਤਾ ਗਿਆ ।

ਫਰੀਦਕੋਟ ਵਿਖੇ ਕਰਮਚਾਰੀਆਂ ਦੀ ਬਸਤੀ ਬਣਾਉਣਾ

*3014. **ਸਰਦਾਰ ਗੁਰਦੇਵ ਸਿੰਘ ਬਾਦਲ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਸੱਚ ਹੈ ਕਿ ਫਰੀਦਕੋਟ ਵਿਚ, ਇਸ ਨੂੰ ਇਕ ਅਲੱਗ ਜ਼ਿਲ੍ਹਾ ਬਣਾਉਣ ਤੋਂ ਬਾਅਦ, ਮਕਾਨਾਂ ਦੀ ਬੜੀ ਘਾਟ ਪੈਦਾ ਹੋਈ ਹੈ;

(ਅ) ਕੀ ਸਰਕਾਰ ਉਥੇ ਕਰਮਚਾਰੀਆਂ ਦੀ ਬਸਤੀ ਬਣਾਉਣ ਦਾ ਵਿਚਾਰ ਰਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤਕ ਬਣਾਏ ਜਾਣ ਦੀ ਸੰਭਾਵਨਾ ਹੈ?

ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ (ਮਕਾਨ ਉਸਾਰੀ ਦੇ ਰਾਜ ਮੰਤਰੀ): (ੳ) ਜੀ ਹਾਂ।

(ਅ) ਸਰਕਾਰ ਨੇ ਫਰੀਦਕੋਟ ਵਿਖੇ ਆਪਣੇ ਕਰਮਚਾਰੀਆਂ ਲਈ 42 ਮਕਾਨ ਬਣਾਉਣ ਦੀ ਪ੍ਰਵਾਨਗੀ ਦਿਤੀ ਸੀ, ਜਿਨ੍ਹਾਂ ਵਿਚੋਂ 12 ਮਕਾਨ ਮੁਕੰਮਲ ਕਰਕੇ ਸਬੰਧਤ ਕਰਮਚਾਰੀਆਂ ਨੂੰ ਅਲਾਟ ਕੀਤੇ ਜਾ ਚੁਕੇ ਹਨ ਅਤੇ ਬਾਕੀ ਦੇ 30 ਮਕਾਨਾਂ ਦੀ ਉਸਾਰੀ ਹੋ ਰਹੀ ਹੈ।

1971 ਦੀ ਭਾਰਤ-ਪਾਕਿਸਤਾਨ ਜੰਗ ਦੇ ਕਾਰਨ ਉਜੜੇ ਪਰਿਵਾਰਾਂ ਨੂੰ ਮੁੜ ਵਸਾਉਣਾ

*2987. **ਸ੍ਰੀ ਸਰਦਾਰੀ ਲਾਲ ਕਪੂਰ**: ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) 1971 ਦੀ ਭਾਰਤ-ਪਾਕਿ ਜੰਗ ਦੇ ਨਤੀਜੇ ਵਜੋਂ ਉਨ੍ਹਾਂ ਪਰਿਵਾਰਾਂ ਨੂੰ, ਜਿਨ੍ਹਾਂ ਨੇ ਆਪਣੇ ਪਰਿਵਾਰ ਅਤੇ ਘਰ ਛੱਡ ਦਿਤੇ ਸਨ, ਨੂੰ ਮੁੜ-ਵਸਾਉਣ ਲਈ ਸਰਕਾਰ ਦੁਆਰਾ ਹੁਣ ਤਕ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ;

(ਅ) ਉਕਤ ਜੰਗ ਦੇ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਆਸ਼ਰਤਾਂ ਨੂੰ ਮੁੜ-ਵਸਾਉਣ ਲਈ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ?

ਸਰਦਾਰ ਉਮਰਾਓ ਸਿੰਘ: (ੳ) ਅਤੇ (ਅ) ਸਰਕਾਰ ਵਲੋਂ ਦਿਤੀਆਂ ਗਈਆਂ ਸਹੂਲਤਾਂ ਦਾ ਵੇਰਵਾ ਨਾਲ ਲੱਗੇ ਅਨੁਲੱਗ ਵਿਚ ਦਿਤਾ ਗਿਆ ਹੈ ਜੋ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

ਅਨੁਲੱਗ

ਹਿੰਦ-ਪਾਕਿ ਜੰਗ 1971 ਦੇ ਯੁੱਧ ਪੀੜਤ ਲੋਕਾਂ ਨੂੰ ਨਿਮਨ-ਲਿਖਤ ਸਹੂਲਤਾਂ/ਗ੍ਰਾਂਟਾਂ ਦਿੱਤੀਆਂ ਗਈਆਂ ਹਨ :—

(1) ਕੈਸ਼ ਡੋਲਜ਼ ਅਤੇ ਕਪੜੇ, ਕੰਬਲ ਅਤੇ ਬਰਤਨਾਂ ਆਦਿ ਲਈ ਸਹਾਇਤਾ, ਅਤੇ ਸ਼ਾਦੀਆਂ ਲਈ ਸਹਾਇਤਾ ਆਦਿ।

[ਮਾਲ ਅਤੇ ਚੋਣ ਮੰਤਰੀ]

(2) ਮੁੜ ਵਸਾਣ ਲਈ ਮਾਲੀ ਸਹਾਇਤਾ ।

(3) ਪਸ਼ੂਆਂ ਦੇ ਨੁਕਸਾਨ ਦਾ ਮੁਆਵਜ਼ਾ ਅਤੇ ਚਾਰਾ ਗ੍ਰਾਂਟ ।

(4) ਗੈਰ ਕਾਸ਼ਤਕਾਰਾਂ ਨੂੰ ਗ੍ਰਾਂਟਾਂ ।

(5) ਯੁੱਧ ਦੇ ਕਾਰਨ ਮਕਾਨਾਂ ਦੀ ਉਸਾਰੀ ਲਈ ਗ੍ਰਾਂਟਾਂ ਅਤੇ ਨਲਕੇ ਲਗਾਉਣ ਲਈ ਸਹਾਇਤਾ ।

(6) ਫਸਲਾਂ ਦਾ ਮੁਆਵਜ਼ਾ ।

(7) ਟਿਊਬਵੈਲਾਂ ਅਤੇ ਪੰਪਿੰਗ-ਸੈਟਾਂ ਆਦਿ ਮਸ਼ੀਨਰੀ ਨੂੰ ਬਹਾਲ ਕਰਨ ਲਈ ਗ੍ਰਾਂਟਾਂ ।

8. ਪਾਕਿਸਤਾਨ ਦੇ ਕਬਜ਼ੇ ਵਿਚ ਰਹੀ ਜ਼ਮੀਨ ਨੂੰ ਸਰਕਾਰੀ ਖਰਚ ਤੇ ਟਰੈਕਟਰਾਂ ਰਾਹੀਂ ਵਾਹੁਣ ਦਾ ਪ੍ਰਬੰਧ ।

9. ਨਹਿਰਾਂ, ਪੁਲਾਂ, ਸੜਕਾਂ ਅਤੇ ਹੋਰ ਸਰਕਾਰੀ ਇਮਾਰਤਾਂ ਨੂੰ ਮੁੜ ਬਣਾਉਣ ਲਈ ਸਹਾਇਤਾ । ਉਪਰੋਕਤ ਸਹਾਇਤਾ ਦੇ ਫਲਸਰੂਪ ਸਰਕਾਰ ਵਲੋਂ 19.50 ਕਰੋੜ ਰੁਪਏ ਖਰਚ ਕੀਤੇ ਜਾ ਚੁਕੇ ਹਨ ।

(ਅ) ਜੰਗ ਦੇ ਦੌਰਾਨ ਮਾਰੇ ਗਏ/ਫੱਟੜ ਹੋਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਨਿਮਨ-ਲਿਖਤ ਸਹਾਇਤਾ ਦਿਤੀ ਗਈ ਹੈ :—

(1) ਹਮੇਸ਼ਾ ਲਈ ਨਕਾਰਾ ਹੋਏ ਵਿਅਕਤੀਆਂ ਲਈ .. ਰੁ: 1,500

(2) ਫੱਟੜ ਹੋਏ ਵਿਅਕਤੀਆਂ ਲਈ .. ਰੁ: 500

STARRED QUESTION NO. 3061**

(Extension has been asked for in respect of Starred Question No. 3061.)

ਸਾਲ 1974-75 ਦੌਰਾਨ ਜੇ. ਬੀ. ਟੀ. ਕੋਰਸ ਲਈ ਮਿਲੀਆਂ ਅਰਜ਼ੀਆਂ

*3062. **ਮਾਸਟਰ ਚੰਦ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਨੇ ਵਿਦਿਅੱਕ ਸਾਲ 1974-75 ਦੇ ਦੌਰਾਨ ਜੇ.ਬੀ.ਟੀ. ਕੋਰਸ ਲਈ ਕੋਈ ਅਰਜ਼ੀਆਂ ਮੰਗੀਆਂ ਸਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਨੂੰ ਜ਼ਿਲ੍ਹਾ-ਵਾਰ ਕਿੰਨੀਆਂ ਅਰਜ਼ੀਆਂ ਮਿਲੀਆਂ ?

** *For* Starred Question No. 3061 and reply thereto please *see* appendix to this Debate.

ਸ੍ਰੀ ਗੁਰਮੇਲ ਸਿੰਘ: ਹਾਂ ਜੀ। ਜ਼ਿਲ੍ਹਾ-ਵਾਰ ਅਰਜ਼ੀਆਂ ਦੀ ਗਿਣਤੀ ਇਸ ਤਰ੍ਹਾਂ ਹੈ :—

(1)	ਅੰਮ੍ਰਿਤਸਰ	..	1,738
(2)	ਬਠਿੰਡਾ	..	1,458
(3)	ਗੁਰਦਾਸਪੁਰ	..	1,712
(4)	ਹੁਸ਼ਿਆਰਪੁਰ	..	1,181
(5)	ਫਰੀਦਕੋਟ	..	2,183
(6)	ਰੋਪੜ	..	1,602
(7)	ਫ਼ਿਰੋਜ਼ਪੁਰ	..	1,212
(8)	ਸੰਗਰੂਰ	..	1,612
(9)	ਪਟਿਆਲਾ	..	1,381
(10)	ਕਪੂਰਥਲਾ	..	809
(11)	ਲੁਧਿਆਣਾ	..	1,247
(12)	ਜਲੰਧਰ	..	704

ਪਿੰਡ ਮੁਹਾਲੀ ਦੇ ਪੁਰਾਣੇ ਵਸਨੀਕਾਂ ਵਲੋਂ ਮੇਜਰਨਾਮਾ

*3049. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਉਨ੍ਹਾਂ ਨੂੰ, ਪਿੰਡ ਮੁਹਾਲੀ ਦੇ ਪੁਰਾਣੇ ਵਸਨੀਕਾਂ ਵਲੋਂ, ਜਿਨ੍ਹਾਂ ਨੂੰ ਕਿ ਉਠਾਏ ਜਾਣਾ ਹੈ, ਉਨ੍ਹਾਂ ਦੀਆਂ ਮੰਗਾਂ ਸਬੰਧੀ, ਹਾਲ ਹੀ ਵਿਚ ਕੋਈ ਮੇਜਰਨਾਮਾ ਮਿਲਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

(ਅ) ਸਰਕਾਰ ਨੇ ਉੱਕਤ ਮੇਜਰਨਾਮੇ ਤੇ ਕੀ ਫੈਸਲਾ ਕੀਤਾ ਹੈ ?

ਸ੍ਰੀ ਹੰਸ ਰਾਜ ਸ਼ਰਮਾ : (ੳ) ਜੀ ਹਾਂ। ਇਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਇਹ ਅਜੇ ਵਿਚਾਰ ਅਧੀਨ ਹੈ।

[ਵਿੱਤ ਮੰਤਰੀ]

ਸੇਵਾ ਵਿਖੇ

ਸ੍ਰੀ ਹੰਸ ਰਾਜ ਸ਼ਰਮਾ,
ਵਿੱਤ ਅਤੇ ਮਕਾਨ ਉਸਾਰੀ ਮੰਤਰੀ, ਪੰਜਾਬ ।

ਵਿਸ਼ਾ:—ਪਿੰਡ ਮੁਹਾਲੀ ਨਿਵਾਸੀਆਂ ਵਲੋਂ ਪ੍ਰਤੀ ਬੇਨਤੀ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅਸੀਂ ਪਿੰਡ ਨਿਵਾਸੀ ਮੁਹਾਲੀ ਆਪ ਜੀ ਨੂੰ ਮਿਤੀ 14 ਅਗਸਤ, 1974 ਨੂੰ ਡੈਪੂਟੇਸ਼ਨ ਦੇ ਤੌਰ ਤੇ ਮਿਲੇ ਸੀ ਅਤੇ ਮੁਹਾਲੀ ਪਿੰਡ ਨੂੰ ਮਾਡਲ ਟਾਊਨ ਵਿਚ ਬਦਲਣ ਲਈ ਬੇਨਤੀ ਕੀਤੀ ਸੀ ਪਰ ਆਪ ਜੀ ਨੇ ਅਜਿਹਾ ਕਰਨ ਤੋਂ ਅਸਮਰਥਾ ਪ੍ਰਗਟ ਕੀਤਾ ਸੀ ਅਤੇ ਇਸ ਦੇ ਬਦਲੇ ਵਿਚ ਹੋਰ ਕੋਈ ਸੁਝਾਓ ਪੇਸ਼ ਕਰਨ ਲਈ ਹੁਕਮ ਦਿਤਾ ਸੀ । ਇਸ ਦੇ ਸਬੰਧ ਵਿਚ ਪਿੰਡ ਮੁਹਾਲੀ ਨਿਵਾਸੀਆਂ ਵਲੋਂ ਸਰਵ ਸੰਮਤੀ ਨਾਲ ਹੇਠ ਲਿਖੇ ਸੁਝਾਓ ਪੇਸ਼ ਕੀਤੇ ਜਾਂਦੇ ਹਨ :—

(1) ਜਿਸ ਕੀਮਤ ਤੇ ਪਿੰਡ ਦੀਂ ਆਬਾਦੀ ਦੀ ਕੀਮਤ ਦਿਤੀ ਜਾਵੇ, ਉਸੇ ਕੀਮਤ ਤੇ ਸਾਨੂੰ ਪਲਾਟ ਦਿਤੇ ਜਾਣ ।

(2) ਪਲਾਟ ਜੋ ਸਾਨੂੰ ਦੇਣੇ ਹਨ, ਉਨ੍ਹਾਂ ਨੂੰ 4 ਦਰਜਿਆਂ ਵਿਚ ਵੰਡਿਆ ਜਾਵੇ ਜਿਵੇਂ ਇਕ ਕਨਾਲ, 10 ਮਰਲੇ, ਸਾਢੇ ਸੱਤ ਮਰਲੇ, ਅਤੇ 5 ਮਰਲੇ।

(3) ਮਕਾਨ ਬਣਾਉਣ ਲਈ ਮੈਟੀਰੀਅਲ ਜਿਵੇਂ ਇੱਟਾਂ, ਸੀਮਿੰਟ, ਲੋਹਾ ਆਦਿ ਕੰਟਰੋਲ ਰੇਟ ਤੇ ਦਿੱਤਾ ਜਾਵੇ ਜੀ।

(4) ਪਲਾਟ ਦੀ ਅਲਾਟਮੈਂਟ ਨਿਵਾਸੀਆਂ ਦੀ ਹੈਸੀਅਤ ਦੇ ਅਨੁਸਾਰ ਕੀਤੀ ਜਾਵੇ ਜੀ।

(5) ਡਿਵੈਲਪਮੈਂਟ ਦਾ ਖਰਚਾ ਜਿਵੇਂ ਸੜਕਾਂ, ਨਾਲੇ ਅਤੇ ਬਿਜਲੀ ਆਦਿ ਦਾ ਸਰਕਾਰ ਕਰੇ ।

(6) ਪਲਾਟ ਪਿੰਡ ਦੇ ਨੇੜੇ ਯਾਨੀ ਚੰਡੀਗੜ੍ਹ ਰੋਪੜ ਰੋਡ ਦੇ ਨਾਲ, ਪਹਿਲੀ ਫੇਜ਼ ਜਾਂ ਛੇਵੀਂ ਫੇਜ਼ ਵਿਚ ਦੇਣ ਦੀ ਕਿਰਪਾਲਤਾ ਕੀਤੀ ਜਾਵੇ ਜੀ ।

(7) ਮਕਾਨਾਂ ਦੀ ਕੀਮਤ ਪਹਿਲਾਂ ਦਿੱਤੀ ਜਾਵੇ ਅਤੇ ਕਰਜ਼ਾ ਮਕਾਨ ਬਣਾਉਣ ਲਈ ਆਸਾਨ ਕਿਸ਼ਤਾਂ ਅਤੇ ਘੱਟ ਵਿਆਜ ਤੇ ਦਿਤਾ ਜਾਵੇ ।

(8) ਮਕਾਨਾਂ ਆਦਿ ਦਾ ਮੁਆਵਜ਼ਾ ਸਾਨੂੰ ਇਸ ਸਮੇਂ ਦੀ ਮਹਿੰਗਾਈ ਨੂੰ ਮੁੱਖ ਰਖਦੇ ਹੋਏ ਦਿੱਤਾ ਜਾਵੇ ।

(9) ਮਕਾਨਾਂ ਦੀ ਕੀਮਤ ਲਾਉਣ ਵੇਲੇ ਮਕਾਨ ਦੀ ਉਮਰ ਉਤੇ ਡੈਪਰੀਸੇਸ਼ਨ ਕੱਟ ਨਾ ਲਾਈ ਜਾਵੇ । ਕਿਉਂ ਜੋ ਅਸੀਂ ਖੁਸ਼ੀ ਨਾਲ ਨਹੀਂ ਉਠ ਰਹੇ, ਸਗੋਂ ਸਰਕਾਰ ਹੀ ਉਠਾਣ ਲਈ ਮਜ਼ਬੂਰ ਕਰ ਰਹੀ ਹੈ ।

(10) ਮੁਆਵਜ਼ੇ ਦੇ ਨਾਲ ਜੋ ਸਰਕਾਰ ਕਨਸੈਸ਼ਨ ਦੇ ਤੌਰ ਤੇ 15% ਔਸਟੀ ਨੂੰ ਦਿੰਦੀ ਹੈ, ਉਸ ਦੀ ਦਰ ਵਧਾਈ ਜਾਵੇ ਜੀ। ਕਿਉਂ ਜੋ ਇਹ ਦਰ ਅੱਜ ਤੋਂ ਬਹੁਤ ਪਹਿਲੇ ਦੀ ਨੀਯਤ/ਮੁਕੱਰਰ ਕੀਤੀ ਹੋਈ ਹੈ, ਸਮੇਂ ਦੀ ਮਹਿੰਗਾਈ ਨੂੰ ਮੁੱਖ ਰਖਦੇ ਹੋਏ ਇਹ ਦਰ ਬਹੁਤ ਘੱਟ ਹੈ।

(11) ਪਿੰਡ ਦੀ ਆਬਾਦੀ ਦੀ ਜਗ੍ਹਾ 165 ਕਨਾਲ 2 ਮਰਲੇ ਬਣਦੀ ਹੈ, ਇਕ ਥਾਂ ਇਕੱਠੀ ਰਾਖਵੀਂ ਰਖੀ ਜਾਵੇ।

(12) ਸਾਨੂੰ ਛੋਟੇ ਮੋਟੇ ਧੰਦੇ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ।

(13) ਪਲਾਟ 1 ਕਨਾਲ ਅਤੇ 10 ਮਰਲੇ ਵਿਚ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਰਖਣ ਦੀ ਆਗਿਆ ਹੋਣੀ ਚਾਹੀਦੀ ਹੈ।

(14) ਸਾਨੂੰ ਆਪਣੇ ਮਕਾਨ ਬਣਾਉਣ ਲਈ ਗਾਰਡਰ, ਵਾਲੇ, ਟਾਈਲਾਂ ਆਦਿ ਪਾਉਣ ਦੀ ਆਗਿਆ ਹੋਣੀ ਚਾਹੀਦੀ ਹੈ।

(15) ਜਿੰਨਾਂ ਚਿਰ ਅਸੀਂ ਆਪਣੇ ਮਕਾਨ ਰਹਿਣ ਲਈ ਨਹੀਂ ਬਣਾ ਲੈਂਦੇ, ਉਦੋਂ ਤਕ ਪਹਿਲੇ ਮਕਾਨ ਤੋਂ ਬੇ-ਦਖ਼ਲ ਨਾ ਕੀਤਾ ਜਾਵੇ।

(16) ਪਿੰਡ ਦੀ ਧਰਮਸ਼ਾਲਾ/ਗੁਰਦੁਆਰਾ ਲਈ, ਇਸ ਵੇਲੇ ਜਿੰਨੀ ਧਰਮਸ਼ਾਲਾ ਬਰਾਬਰ ਹੈ। ਰਕਬਾ ਜਿਥੇ ਪਿੰਡ ਦੇ ਪਲਾਟ ਕਟੇ ਜਾਣ, ਕੱਟਿਆ ਜਾਵੇ।

(17) ਮੁਹਾਲੀ ਅਸਟੇਟ ਵਿਚ ਨਿਕਲਣ ਵਾਲੀਆਂ ਨੌਕਰੀਆਂ ਵਿਚ ਕੁਝ ਹਿੱਸਾ ਪਿੰਡ ਵਾਸੀਆਂ ਲਈ ਰਾਖਵਾਂ ਰਖਿਆ ਜਾਵੇ।

ਅਸੀਂ ਆਸ ਕਰਦੇ ਹਾਂ ਕਿ ਪਿਛਲੇ ਪੰਨੇ ਤੇ ਦਿਤੇ ਹੋਏ ਸੁਝਾਉ ਤੇ ਹਮਦਰਦੀ ਭਰਿਆ ਵਿਚਾਰ ਕੀਤਾ ਜਾਵੇ ਤਾਂ ਜੋ ਸਾਨੂੰ ਗਰੀਬ ਜਨਤਾ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਅਸੀਂ ਪਿੰਡ ਨਿਵਾਸੀ ਮੁਹਾਲੀ ਸਰਕਾਰ ਦੇ ਫੈਸਲੇ ਦਾ ਪੂਰਨ ਤੌਰ ਤੇ ਪਾਲਣਾ ਕਰਾਂਗੇ।

ਧੰਨਵਾਦ ਸਹਿਤ।

ਅਸੀਂ ਹਾਂ ਪਿੰਡ ਨਿਵਾਸੀ ਮੁਹਾਲੀ,
ਤਹਿਸੀਲ ਖਰੜ, ਜ਼ਿਲ੍ਹਾ ਰੋਪੜ।

ਮੁਹਾਲੀ ਵਿਖੇ ਪਲਾਟ ਅਲਾਟ ਕਰਨ ਦੀ ਵਿੱਧੀ

*3050. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਹਿਲੀ ਅਵਸਥਾ ਵਿਚ ਸ਼ਹਿਰੀ ਮਿਲਖ ਮੁਹਾਲੀ ਵਿਚ ਪਲਾਟ ਅਲਾਟ ਕਰਨ ਲਈ ਕੀ ਤਰੀਕਾ ਰੱਖਿਆ ਗਿਆ;

(ਅ) ਉਕਤ ਤਰੀਕੇ ਵਿਚ ਸਮੇਂ ਸਮੇਂ ਕੀਤੀਆਂ ਗਈਆਂ ਬਾਅਦ ਦੀਆਂ ਤਬਦੀਲੀਆਂ ਦਾ ਵੇਰਵਾ ਕੀ ਹੈ;

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

(ੲ) ਉਕਤ ਮਿਲਖ ਵਿਚ ਪਲਾਟਾਂ ਦੀ ਅਲਾਟਮੈਂਟ ਕਰਨ ਲਈ ਇਸ ਵਕਤ ਕਿਹੜਾ ਅੰਤਿਮ ਤਰੀਕਾ ਵਰਤੋਂ ਵਿਚ ਹੈ ?

ਸ੍ਰੀ ਹੰਸ ਰਾਜ ਸ਼ਰਮਾ : (ੳ), (ਅ), (ੲ) ਲੋੜੀਂਦੀ ਸੂਚਨਾ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

ਮੁਹਾਲੀ ਵਿਖੇ ਪਲਾਟ ਅਲਾਟ ਕਰਨ ਦੀ ਵਿੱਧੀ :—

ਸਵਾਲ	ਜਵਾਬ
(ੳ) ਪਹਿਲੀ ਅਵਸਥਾ ਵਿਚ ਸ਼ਹਿਰੀ ਮਿਲਖ ਮੁਹਾਲੀ ਵਿਚ ਪਲਾਟ ਅਲਾਟ ਕਰਨ ਲਈ ਕੀ ਤਰੀਕਾ ਰੱਖਿਆ ਗਿਆ ?	ਅਰੰਭ ਵਿਚ ਮੁਹਾਲੀ ਸ਼ਹਿਰੀ ਮਿਲਖ ਦੇ ਫੇਜ਼-I ਦੇ ਪਲਾਟਾਂ ਦੀ ਅਲਾਟਮੈਂਟ ਲਈ ਇਹ ਤਰੀਕਾ ਅਪਣਾਇਆ ਗਿਆ ਸੀ ਕਿ ਹਰ ਨਿਕਾਸੀ (ਆਊਸਟੀ) ਜਿਸ ਦੀ ਕਿ ਭੌਂ ਪ੍ਰਾਪਤ ਕੀਤੀ ਗਈ ਹੈ ਤੇ ਮੁਆਵਜ਼ਾ ਦਿੱਤਾ ਗਿਆ ਹੈ, ਪਲਾਟ ਲੈਣ ਦਾ ਹੱਕਦਾਰ ਹੈ । ਪਹਿਲਾਂ ਪਲਾਟ ਉਨ੍ਹਾਂ ਨੂੰ ਅਲਾਟ ਕਰਕੇ ਬਾਕੀ ਦੇ ਪਲਾਟਾਂ ਦੀ ਵੰਡ ਇਸ ਪ੍ਰਕਾਰ ਕੀਤੀ ਗਈ ਸੀ :—

1.	ਸਰਕਾਰੀ ਮੁਲਾਜ਼ਮ ..	20%
2.	ਐਮਪਲਾਈਜ਼/ਐਮਪਲਾਈਜ਼ ਪ੍ਰੋਫੈਸ਼ਨਲਜ਼ (ਰਾਈਟਰਜ਼ ਆਦਿ) ..	10%
3.	ਡੀਫੈਂਸ ..	10%
4.	ਜਨਰਲ ..	50%
5.	ਪੰਜਾਬ ਦੇ ਐਮ.ਐਲ.ਏਜ਼./ਐਮ.ਪੀਜ਼ ..	5%
6.	ਮੰਤਰੀ ਜੀ ਦਾ ਰੀਜ਼ਰਵ ਕੋਟਾ ..	5%

ਸਵਾਲ	ਜਵਾਬ
(ਅ) ਉਕਤ ਤਰੀਕੇ ਵਿਚ ਸਮੇਂ ਸਮੇਂ ਕੀਤੀਆਂ ਗਈਆਂ ਬਾਅਦ ਦੀਆਂ ਤਬਦੀਲੀਆਂ ਦਾ ਵੇਰਵਾ ਕੀ ਹੈ?	ਅਗਲੇ ਫੇਜ਼ਾਂ II, IIIਏ, IIIਬੀ ਅਤੇ 4 ਅਤੇ 5 ਵਿਚ ਅਲਾਟਮੈਂਟ ਲਈ ਪਾਲਿਸੀ ਨਿਮਨ ਲਿਖਤ ਅਨੁਸਾਰ ਅਪਣਾਈ ਗਈ ਸੀ :—

ਫੇਜ਼ II ਤੇ III ਏ	ਫੇਜ਼ 3ਬੀ, 4 ਅਤੇ 5
1. ਨਿਕਾਸੀ	1. ਨਿਕਾਸੀ

	2. ਬਦੇਸ਼ਾਂ ਵਿਚ ਵਸਦੇ ਭਾਰਤੀ	2. ਬਦੇਸ਼ਾਂ ਵਿਚ ਵਸਦੇ ਭਾਰਤੀ
	3. ਕੈਸ਼ ਡਾਊਨ	3. ਕੈਸ਼ ਡਾਊਨ

ਉਪਰੋਕਤ ਕੈਟੇਗਰੀਆਂ ਤੋਂ ਬਚਦੇ ਪਲਾਟਾਂ ਦੀ ਅਲਾਟਮੈਂਟ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਗਈ ਸੀ :—

1. ਸਰਕਾਰੀ ਮੁਲਾਜ਼ਮ	20%	20%
2. ਹਰੀਜਨ (ਹਰੀਜਨ ਮੁਲਾਜ਼ਮਾਂ ਤੋਂ ਸਵਾਏ)	10%	10%
3. ਡੀਫੈਂਸ	10%	10%
4. ਜਨਰਲ	40%	45%
5. ਐਮ.ਐਲ.ਏਜ਼/ ਐਮ.ਪੀਜ਼.	5%	—
6. ਮਨਿਸਟਰ ਕੋਟਾ	5%	5%
7. ਪ੍ਰੋਫੈਸ਼ਨਲ (ਉਦਯੋਗਪਤੀ ਡਾਕਟਰਜ਼ ਤੇ ਵਕੀਲ ਆਦਿ)	10%	10%

(ੲ) ਉਕਤ ਮਿਲਖ ਵਿਚ ਪਲਾਟਾਂ ਦੀ ਅਲਾਟਮੈਂਟ ਕਰਨ ਲਈ ਇਸ ਵਕਤ ਕਿਹੜਾ ਅੰਤਿਮ ਤਰੀਕਾ ਵਰਤੋਂ ਵਿਚ ਹੈ ?

ਪਲਾਟਾਂ ਦੀ ਅਲਾਟਮੈਂਟ ਦੀ ਵਰਤਮਾਨ ਪਾਲਸੀ ਹੇਠ ਲਿਖੇ ਅਨੁਸਾਰ ਹੈ :—

1. ਸਾਰੇ ਨਿਕਾਸੀਆਂ ਜਿਨ੍ਹਾਂ ਦੀ ਜ਼ਮੀਨ ਸ਼ਹਿਰੀ ਮਿਲਖਾਂ ਦੀ ਸਥਾਪਨਾ ਲਈ ਐਕਵਾਇਰ ਕੀਤੀ ਹੈ ।
2. ਸਾਰੀਆਂ ਵਾਰ ਵਿਡੋਜ਼ ।

ਉਪਰੋਕਤ ਤੋਂ ਬਚਦੇ ਪਲਾਟ ਨਿਮਨ ਲਿਖਤ ਅਨੁਸਾਰ ਅਲਾਟ ਕੀਤੇ ਜਾਣੇ ਹਨ :—

ਗਰੁਪ–I	ਗਰੁਪ–II
(250 ਵਰਗ ਗਜ਼ ਤੋਂ 500 ਵਰਗ ਗਜ਼ ਦੇ ਪਲਾਟ)	(100 ਵਰਗ ਗਜ਼ ਤੋਂ 200 ਵਰਗ ਗਜ਼ ਦੇ ਪਲਾਟ)

[ਵਿੱਤ ਮੰਤਰੀ]

1. ਡੀਫੈਂਸ ਪ੍ਰਸੋਨਲ ਤੇ ਬੀ. ਐਸ.ਐਫ. ਦੇ ਕਰਮਚਾਰੀ 9 : 1 ਰੇਸ਼ੋ ਵਿਚ	10%	10%
2. ਪੰਜਾਬ ਸਰਕਾਰ ਦੇ ਕਰਮਚਾਰੀ	10%	20%
3. ਪ੍ਰੋਫੈਸ਼ਨਲਜ਼/ਡਿਸਏਬਲ ਐਕਸ ਸਰਵਿਸਮੈਨ/ ਪੋਲੀਟੀਕਲ ਸਫ਼ਰਰਜ਼/ ਫਰੀਡਮ ਫਾਈਟਰਜ਼ ਆਦਿ	10%	10%
4. ਨਾਨ-ਰੇਜ਼ੀਡੈਂਟ ਭਾਰਤੀ	5%	—
5. ਜਨਰਲ	60%	55%
6. ਡਿਸਕਰੀਸ਼ਨਰੀ ਕੋਟਾ	5%	5%

2. ਉਪਰੋਕਤ ਕੈਟੇਗਰੀਆਂ ਵਿਚ (ਡੀਫੈਂਸ ਪ੍ਰਸੋਨਲ ਤੇ ਸਰਕਾਰੀ ਮੁਲਾਜ਼ਮ ਕੈਟੇਗਰੀ ਨੂੰ ਛੱਡ ਕੇ) 100, 125, 150 ਵਰਗ ਗਜ਼ ਦੇ ਪਲਾਟਾਂ ਦਾ 50% ਤੇ 200 ਵਰਗ ਗਜ਼ ਪਲਾਟਾਂ ਦਾ 20% ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਨੂੰ ਅਲਾਟ ਕੀਤੇ ਜਾਣੇ ਹਨ। ਡੀਫੈਂਸ ਪ੍ਰਸੋਨਲ ਤੇ ਸਰਕਾਰੀ ਮੁਲਾਜ਼ਮ ਕੈਟਾਗਰੀ ਦੇ ਰਾਖਵੇਂ ਪਲਾਟਾਂ ਦੇ ਗਰੁਪ-I (250 ਵਰਗ ਗਜ਼ ਤੋਂ 500 ਵਰਗ ਗਜ਼) ਦੇ ਪਲਾਟਾਂ ਦਾ 25% ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਨੂੰ ਅਲਾਟ ਕੀਤਾ ਜਾਣਾ ਹੈ। ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਨੂੰ ਪਲਾਟਾਂ ਦੀ ਅਲਾਟਮੈਂਟ 4:1 ਦੀ ਰੇਸ਼ੋ ਵਿਚ ਕੀਤੀ ਜਾਂਦੀ ਹੈ।

3. ਗਰੁਪ-I (250 ਵਰਗ ਗਜ਼ ਤੋਂ 500 ਵਰਗ ਗਜ਼) ਦੇ ਪਲਾਟ (ਡੀਫੈਂਸ ਤੇ ਸਰਕਾਰੀ ਮੁਲਾਜ਼ਮਾਂ ਲਈ ਰੀਜ਼ਰਵ ਪਲਾਟ ਛੱਡ ਕੇ) ਕੈਸ਼ ਡਾਊਨ ਬੇਸਿਜ਼ ਤੇ ਵੇਚੇ ਜਾਣੇ ਹਨ। ਬਾਕੀ ਦੀਆਂ ਕੈਟੇਗਰੀਆਂ (ਜਿਨ੍ਹਾਂ ਵਿਚ ਡੀਫੈਂਸ ਤੇ ਸਰਕਾਰੀ ਮੁਲਾਜ਼ਮ ਭੀ ਸ਼ਾਮਲ ਹਨ) ਦੇ ਉਨ੍ਹਾਂ ਬਿਨੈਕਾਰਾਂ ਨੂੰ ਪਲਾਟਾਂ ਦੀ ਅਲਾਟਮੈਂਟ ਵਿਚ ਪ੍ਰਮੁੱਖਤਾ ਦਿੱਤੀ ਜਾਣੀ ਹੈ ਜੋ ਪਲਾਟ ਦੀ ਕੀਮਤ ਯਕ-ਮੁਸ਼ਤ ਤਰੀਕੇ ਨਾਲ ਦੇਣ।

4. ਛੋਟੇ ਸਾਈਜ਼ਾਂ ਦੇ ਪਲਾਟ ਹੇਠ ਲਿਖੇ ਵਿਅਕਤੀਆਂ ਨੂੰ ਹੀ ਅਲਾਟ ਕੀਤੇ ਜਾ ਸਕਦੇ ਹਨ :—

ਪਲਾਟਾਂ ਦਾ ਸਾਈਜ਼	ਮਾਹਵਾਰੀ ਆਮਦਨ ਦੀ ਹੱਦ
1. 100 ਵਰਗ ਗਜ਼	350 ਰੁਪਏ ਤੱਕ
2. 125 ਵਰਗ ਗਜ਼	550 ਰੁਪਏ ਤੱਕ

3. 150 ਵਰਗ ਗਜ਼ 750 ਰੁਪਏ ਤੱਕ

4. 200 ਵਰਗ ਗਜ਼ 1000 ਰੁਪਏ ਤੱਕ

ਨੋਟ : ਉਪਰੋਕਤ ਆਮਦਨ ਗਰੁੱਪ ਵਿਅਕਤੀਆਂ ਨੂੰ ਵੱਡੇ ਪਲਾਟ, ਜੇਕਰ ਉਹ ਚਾਹੁਣ ਅਲਾਟ ਕਰਨ ਬਾਰੇ ਕੋਈ ਰੁਕਾਵਟ ਨਹੀਂ ।

ਮਿਊਂਸਪਲ ਕਮੇਟੀਆਂ ਦੀਆਂ ਚੋਣਾਂ

*2969. 1. ਕਾਮਰੇਡ ਦਾਨਾ ਰਾਮ
2. ਕਾਮਰੇਡ ਸੱਤਪਾਲ ਡਾਂਗ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਕਿਹੜੀਆਂ ਕਿਹੜੀਆਂ ਮਿਊਂਸਪਲ ਕਮੇਟੀਆਂ ਦੀਆਂ ਚੋਣਾਂ 5 ਸਾਲ ਤੋਂ ਵੱਧ ਸਮੇਂ ਤੋਂ ਨਹੀਂ ਹੋਈਆਂ ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਮੇਟੀਆਂ ਦੀਆਂ ਚੋਣਾਂ ਕਦੋਂ ਤਕ ਕਰਵਾਉਣ ਦੀ ਤਜਵੀਜ਼ ਹੈ ?

ਸ੍ਰੀ ਹੰਸ ਰਾਜ ਸ਼ਰਮਾ : (ੳ) 20 ਨਗਰਪਾਲਕਾਵਾਂ ਦੀ ਸੂਚੀ ਜਿਨ੍ਹਾਂ ਦੀਆਂ ਚੋਣਾਂ 5 ਸਾਲ ਤੋਂ ਵੱਧ ਸਮੇਂ ਤੋਂ ਨਹੀਂ ਹੋਈਆਂ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਉਪਰੋਕਤ ਭਾਗ (ੳ) ਦੇ ਉੱਤਰ ਵਿਚ ਵਰਣਿਤ ਨਗਰਪਾਲਕਾਵਾਂ ਦੀਆਂ ਚੋਣਾਂ ਕਾਨੂੰਨੀ ਉਪਬੰਧਾਂ ਅਨੁਸਾਰ 18 ਮਈ, 1975 ਤੋਂ ਪਹਿਲਾਂ ਕਰਾਈਆਂ ਜਾਣੀਆਂ ਹਨ ।

ਅਨੁਲਗ

20 ਨਗਰਪਾਲਕਾਵਾਂ ਜਿਨ੍ਹਾਂ ਦੀਆਂ ਚੋਣਾਂ 5 ਸਾਲ ਤੋਂ ਵੱਧ ਸਮੇਂ ਤੋਂ ਨਹੀਂ ਹੋਈਆਂ ।

ਲੜੀ ਨੰ:	ਨਗਰਪਾਲਕਾ ਦਾ ਨਾਂ
1.	ਲੁਧਿਆਣਾ
2.	ਪਠਾਨਕੋਟ
3.	ਮਲੋਟ
4.	ਜਲਾਲਾਬਾਦ
5.	ਮੋਗਾ
6.	ਮੁਕਤਸਰ
7.	ਖਰੜ

[ਵਿੱਤ ਮੰਤਰੀ]

8. ਪਟਿਆਲਾ
9. ਨਾਭਾ
10. ਸਰਹਿੰਦ
11. ਰਾਜਪੁਰਾ
12. ਭਦੌੜ
13. ਬਰਨਾਲਾ
14. ਬਠਿੰਡਾ
15. ਫਰੀਦਕੋਟ
16. ਜੈਤੋ
17. ਬਰੇਟਾ
18. ਫਗਵਾੜਾ
19. ਸੁਲਤਾਨਪੁਰ ਲੋਧੀ
20. ਹੁਸ਼ਿਆਰਪੁਰ ।

ਹੁਸ਼ਿਆਰਪੁਰ—ਟਾਂਡਾ ਸੜਕ ਉਤੇ ਪੁਲ ਬਣਾਉਣਾ

*3059. ਸਰਦਾਰ ਦਿਲਬਾਗ ਸਿੰਘ: ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਹੁਸ਼ਿਆਰਪੁਰ—ਟਾਂਡਾ ਸੜਕ ਤੇ ਬਣਾਏ ਜਾਣ ਵਾਲੇ ਪੁਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਲਈ ਉਥੇ ਪੱਥਰ ਸੁੱਟੇ ਹੋਏ ਹਨ ?

(ਅ) ਅਜਿਹੇ ਪੁਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਤੇ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਅਧੂਰੇ ਰਹਿ ਗਏ ਸਨ ;

(ੲ) ਕੀ ਕੋਈ ਅਜਿਹੇ ਪੁਲ ਵੀ ਹਨ, ਜਿਥੇ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਪਰੰਤੂ ਉਹ ਅਧੂਰਾ ਛੱਡ ਦਿਤਾ ਗਿਆ ਸੀ ਅਤੇ ਉਥੇ ਕੰਮ ਬੰਦ ਕਰ ਦਿਤਾ ਗਿਆ ਸੀ ;

(ਸ) ਕੀ ਸਰਕਾਰ ਇਲਾਕੇ ਦੇ ਲੋਕਾਂ ਦੀ ਸਹੂਲਤ ਨੂੰ ਮੱਦੇ ਨਜ਼ਰ ਰਖਦਿਆਂ ਉਪਰੋਕਤ ਭਾਗ (ੳ) ਵਿਚ ਵਰਣਿਤ ਪੁਲਾਂ ਨੂੰ ਛੇਤੀ ਪੂਰਾ ਕਰਨ ਲਈ ਕਾਰਵਾਈ ਕਰਨ ਦਾ ਵਿਚਾਰ ਰਖਦੀ ਹੈ ?

ਸ਼੍ਰੀ ਜੋਗਿੰਦਰ ਪਾਲ ਪਾਂਡੇ: (ੳ) ਹੁਸ਼ਿਆਰਪੁਰ-ਟਾਂਡਾ ਸੜਕ ਤੇ ਬਣਾਏ ਜਾਣ ਵਾਲੇ ਵਡੇ ਪੁਲ੍ਹਾਂ ਦੀ ਗਿਣਤੀ ਸੱਤ (7) ਹੈ । ਇਨ੍ਹਾਂ ਵਿਚੋਂ ਪੰਜ (5) ਪੁਲਾਂ ਦੀ ਪ੍ਰਵਾਨਗੀ ਭਾਰਤ ਸਰਕਾਰ ਪਾਸੋਂ ਇਸ ਸਾਲ ਦੀ ਤੀਸਰੀ ਤਿਮਾਹੀ ਤਕ ਪ੍ਰਾਪਤ ਹੋਈ ਹੈ । ਜਿਨ੍ਹਾਂ ਵਿਚੋਂ 3 ਪੁਲਾਂ ਦੀ ਉਸਾਰੀ ਦਾ ਕੰਮ ਪ੍ਰਗਤੀ ਵਿਚ ਹੈ ।

(ਅ) ਅਤੇ (ੲ) ਦੇ ਪੁਲਾਂ ਦੀ ਉਸਾਰੀ ਦਾ ਚਾਲੂ ਕੰਮ ਕੁਝ ਸਮੇਂ ਲਈ ਇੱਟਾਂ ਦੀ ਘਾਟ ਕਾਰਨ ਰੁਕਿਆ ਸੀ, ਪਰ ਹੁਣ ਫਿਰ ਕੰਮ ਚਾਲੂ ਹੈ ।

(ਸ) ਹਾਂ ਜੀ । ਪੁਲਾਂ ਦੀ ਉਸਾਰੀ ਦੇ ਕੰਮ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ।

ਰਾਜ ਵਿਚ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਪ੍ਰਬੰਧ ਹੇਠਲੇ ਸਕੂਲਾਂ ਦੀਆਂ ਸਮੱਸਿਆਵਾਂ/ ਮੰਗਾਂ ਸਬੰਧੀ ਇਕ ਵਿਧਾਇਕ ਵਲੋਂ ਯਾਦ ਪੱਤਰ

*3041. ਕਾਮਰੇਡ ਰਾਜ ਕੁਮਾਰ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਉਨ੍ਹਾਂ ਨੂੰ ਦਸੰਬਰ, 1971 ਦੇ ਅਖਰੀ ਹਫਤੇ ਵਿਚ ਰਾਜ ਵਿਚ ਸਹਾਇਤਾ ਪ੍ਰਾਪਤ ਪ੍ਰਾਈਵੇਟ ਪ੍ਰਬੰਧ ਹੇਠਲੇ ਸਕੂਲਾਂ ਦੀਆਂ ਸਮੱਸਿਆਵਾਂ/ ਮੰਗਾਂ ਸਬੰਧੀ ਕਿਸੇ ਵਿਧਾਇਕ ਵਲੋਂ ਕੋਈ ਯਾਦ ਪੱਤਰ ਮਿਲਿਆ; ਜੇਕਰ ਅਜਿਹਾ ਹੋਵੇ, ਤਾਂ ਉੱਕਤ ਯਾਦ ਪੱਤਰ ਵਿਚ ਵਰਣਿਤ ਮੰਗਾਂ/ਸਮੱਸਿਆਵਾਂ ਦੀ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਸਰਕਾਰ ਦੁਆਰਾ ਇਸ ਸਬੰਧੀ ਕੀ ਕਾਰਵਾਈ ਕੀਤੀ ਗਈ ?

ਸ੍ਰੀ ਗੁਰਮੇਲ ਸਿੰਘ : (ੳ) ਹਾਂ ਜੀ । ਮੰਗਾਂ/ਸਮੱਸਿਆਵਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਸਕੂਲਾਂ ਵਾਸਤੇ ਇਕ ਕੰਪਰੀਹੈਂਸਿਵ ਕਾਨੂੰਨ ਬਣਾਉਣ ਦਾ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ । ਬਹੁਤ ਸਾਰੀਆਂ ਮੰਗਾਂ ਦਾ ਫੈਸਲਾ ਇਸ ਨਾਲ ਸਬੰਧਿਤ ਹੈ ਜਿਨ੍ਹਾਂ ਦਾ ਇਸ ਕਾਨੂੰਨ ਦੇ ਬਣਾਉਣ ਨਾਲ ਨਿਪਟਾਰਾ ਹੋ ਜਾਵੇਗਾ ।

LIST OF DEMANDS

1. The promise of parity given to the privately managed schools by the Punjab Government shall be fully implemented. The instalments of D.A. granted to the Government school employees shall also be available to the staff of aided schools and the arrears should be paid as early as possible.

2. The payment to the individual employee of the aided schools shall be made by the District Education Officer through the cheques before the tenth of each month, otherwise the grants-in-aid and Harijan grants should be released simultaneously and in time to facilitate the payment to the staff regularly and without delay.

3. The grant to the aided schools for the months October to December, 1974 has not been released. That should be done immediately to mitigate the suffering of the staff of the said schools.

4. The Government issues the grants to the tune of ninety-five per cent of the deficit borne by the managements but the liability imposed on the schools further reduces the grant to 90%. Consequently 10% cut is levied on the payment of the teachers. The liability clause should be done away with.

5. The service and the leave rules should be so framed that these should be applicable uniformly to all the aided schools in the Punjab.

[ਵਿਦਿਆ ਮੰਤਰੀ]

6. The border allowance, hill allowance and the medical allowance should also be given to the employees working in the aided schools.

7. The posts in the aided schools had been frozen in December, 1970. But the strength of the students in the aided schools has gone up considerably. Therefore, the posts in such schools should be increased in proportion to the increase in the strength of the students of the Schools.

8. The services of the employees working in the aided schools should be made pensionable.

9. The benefit of the provident fund scheme should also be made available to the fourth class employees in the aided schools.

10. The teachers rendered surplus in the aided schools due to the shortage of periods shall be adjusted in other schools. The transfer among the aided schools should be allowed all the benefits of the service.

11. The loopholes in the security of service act for the privately managed schools should be plugged. The services of teachers are terminated on flimsy grounds. The Deputy Commissioner simply hears the appeals. In this act the Education department has altogether ignored, the District Education Officer should be authorised and competent to hold enquiry into the allegations levelled against the teacher by management before he is suspended, reduced in rank and terminated. No teacher should be harmed any way before the department looks into the case.

12. The managements which are vindictive and notorious and are not in position to meet their share of 5% and makes illegal deductions from the pays of the employees should be declared sick and be suspended by D.E.O.

1. The post of the lecturer should be given in high schools to benefit the post-graduate teachers as it has been done in Government schools.

14. The Central Government should be moved for the nationalisation of the privately managed schools for the amelioration of the employees of the schools.

ਰਾਜ ਦੇ ਸਕੂਲਾਂ ਵਿਚੋਂ ਕੰਮ ਕਰ ਰਹੇ ਅਧਿਆਪਕਾਂ/ਮਾਸਟਰਾਂ ਦੇ ਗਰੇਡ ਦੇ ਅੰਤਰ ਵਿਚ ਤਜਵੀਜ਼ਤ ਕਮੀ

*3044. **ਸ੍ਰੀ ਪ੍ਰੇਮ ਗੁਪਤਾ:** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਸਰਕਾਰ ਨੇ ਰਾਜ ਦੇ ਸਕੂਲਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਅਤੇ ਮਾਸਟਰਾਂ ਦੇ ਗਰੇਡ ਦੇ ਅੰਤਰ ਨੂੰ ਘਟਾਉਣ ਲਈ ਫੈਸਲਾ ਕਰ ਲਿਆ ਹੈ; ਜੇਕਰ ਅਜਿਹਾ ਹੋਵੇ ਤਾਂ ਘਟਾਏ ਗਏ ਅੰਤਰ ਦਾ ਵੇਰਵਾ ਕੀ ਹੈ ਅਤੇ ਫੈਸਲਾ ਲਾਗੂ ਕਰਨ ਲਈ ਕੀ ਕਾਰਵਾਈ ਕੀਤੀ ਗਈ ?

ਸ੍ਰੀ ਗੁਰਮੇਲ ਸਿੰਘ: ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

UNSTARRED QUESTIONS AND ANSWERS

ਪੰਜਾਬ ਸਿਵਲ ਸਕੱਤਰੇਤ ਦੇ ਕਰਮਚਾਰੀਆਂ ਦੀਆਂ ਕੁਝ ਸ਼੍ਰੇਣੀਆਂ ਦੇ ਸੇਵਾ ਨਿਯਮ

954. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਪੰਜਾਬ ਸਿਵਲ ਸਕੱਤਰੇਤ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਵੱਖ ਵੱਖ ਸ਼੍ਰੇਣੀਆਂ ਦੇ ਸੇਵਾ ਨਿਯਮਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ;

(ਅ) ਸਿਵਲ ਸਕੱਤਰੇਤ ਦੇ ਕਰਮਚਾਰੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਸੇਵਾ ਨਿਯਮਾਂ ਵਿਚ ਸੋਧਨਾ ਕੀਤੇ ਜਾਣ ਦਾ ਪ੍ਰਸਤਾਵ ਹੈ ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ ।

(ਅ) ਪੰਜਾਬ ਸਿਵਲ ਸਕੱਤਰੇਤ (ਸਟੇਟ ਸਰਵਿਸ ਕਲਾਸ-II) ਨਿਯਮ 1963 ਅਤੇ ਪੰਜਾਬ ਸਿਵਲ ਸਕੱਤਰੇਤ (ਸਟੇਟ ਸਰਵਿਸ ਕਲਾਸ-III) ਨਿਯਮ 1952 ਵਿਚ ਸੋਧਨਾ ਕੀਤੇ ਜਾਣ ਦੀ ਤਜਵੀਜ਼ ਹੈ ।

ਪਸ਼ੂ ਪਾਲਣ ਵਿਭਾਗ ਦੇ ਕਰਮਚਾਰੀਆਂ ਦੇ ਸੇਵਾ ਨਿਯਮ

955. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਪਸ਼ੂ ਪਾਲਣ ਵਿਭਾਗ ਦੇ ਕਰਮਚਾਰੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਸੇਵਾ ਨਿਯਮ ਅਧਿਸੂਚਿਤ ਕਰ ਦਿੱਤੇ ਗਏ ਹਨ;

(ਅ) ਉਕਤ ਵਿਭਾਗ ਦੇ ਕਰਮਚਾਰੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਸੇਵਾ ਨਿਯਮਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਅਤੇ ਅਧਿਸੂਚਿਤ ਨਹੀਂ ਕੀਤੇ ਗਏ ਅਤੇ ਇਸ ਦੇ ਕੀ ਕਾਰਨ ਹਨ ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) (1) ਪੀ.ਵੀ.ਐਸ. ਕਲਾਸ—I ।

(2) ਪੀ.ਵੀ.ਐਸ. ਕਲਾਸ—II ।

(3) ਸਿਵਲ ਵੈਟਰਨਰੀ ਡਿਪਾਰਟਮੈਂਟ ਸੁਬਾਰਡੀਨੇਟ ਸਰਵਿਸ ।

(ਅ) ਨਿੱਲ ।

ਲੋਕ ਸਿਹਤ ਵਿਭਾਗ ਦੇ ਕਰਮਚਾਰੀਆਂ ਦੇ ਸੇਵਾ ਨਿਯਮ

956. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਲੋਕ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਲੋਕ ਸਿਹਤ ਵਿਭਾਗ ਦੇ ਕਰਮਚਾਰੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਸੇਵਾ ਨਿਯਮਾਂ ਨੂੰ ਸਰਕਾਰ ਦੁਆਰਾ ਅੰਤਿਮ ਰੂਪ ਦੇ ਦਿੱਤਾ ਗਿਆ ਹੈ ;

(ਅ) ਉਕਤ ਵਿਭਾਗ ਦੇ ਕਰਮਚਾਰੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਸੇਵਾ ਨਿਯਮਾਂ ਨੂੰ ਅਜੇ ਅੰਤਿਮ ਰੂਪ ਦਿੱਤਾ ਜਾਣਾ ਹੈ ਅਤੇ ਇਨ੍ਹਾਂ ਸੇਵਾ ਨਿਯਮਾਂ ਨੂੰ ਅੰਤਿਮ ਰੂਪ ਦੇਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ।

ਸਰਦਾਰ ਸੋਹਨ ਸਿੰਘ ਜਲਾਲਉਸਮਾਂ : (ੳ) ਹੇਠ ਲਿਖੀ ਸ਼੍ਰੇਣੀਆਂ ਦੇ ਸੇਵਾ ਨਿਯਮਾਂ ਨੂੰ ਸਰਕਾਰ ਦੁਆਰਾ ਅੰਤਮ ਰੂਪ ਦੇ ਦਿੱਤਾ ਗਿਆ ਹੋਇਆ ਹੈ :—

(1) ਪੰਜਾਬ ਸਰਵਿਸ ਆਫ਼ ਇੰਜੀਨੀਅਰਜ਼ ਸ਼੍ਰੇਣੀ ਪਹਿਲੀ, ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ)

(2) ਪੰਜਾਬ ਸਰਵਿਸ ਆਫ਼ ਇੰਜੀਨੀਅਰਜ਼ ਸ਼੍ਰੇਣੀ ਦੂਜੀ, ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ)

(ਅ) ਹੇਠ ਲਿਖੀਆਂ ਸ਼੍ਰੇਣੀਆਂ ਦੇ ਸੇਵਾ ਨਿਯਮਾਂ ਨੂੰ ਅਜੇ ਅੰਤਿਮ ਰੂਪ ਦਿੱਤਾ ਜਾਣਾ ਹੈ :—

(1) ਪੰਜਾਬ ਲੋਕ ਨਿਰਮਾਣ ਵਿਭਾਗ, ਜਨ ਸਿਹਤ ਸ਼ਾਖਾ, ਸੈਕਸ਼ਨਲ ਅਫ਼ਸਰ (ਇੰਜੀਨੀਅਰਿੰਗ) ਸੇਵਾ ਸ਼੍ਰੇਣੀ ਤੀਜੀ।

(2) ਪੰਜਾਬ ਲੋਕ ਨਿਰਮਾਣ ਵਿਭਾਗ, ਜਨ ਸਿਹਤ ਸ਼ਾਖਾ, ਡਰਾਫਟਸਮੈਨ ਤੇ ਟਰੇਸਰਜ਼ ਪ੍ਰਾਂਤ ਸੇਵਾ ਸ਼੍ਰੇਣੀ ਤੀਜੀ।

(3) ਪੰਜਾਬ ਲੋਕ ਨਿਰਮਾਣ ਵਿਭਾਗ, (ਜਨ ਸਿਹਤ ਸ਼ਾਖਾ) ਮੁੱਖ ਇੰਜੀਨੀਅਰ, ਦਾ ਦਫ਼ਤਰ ਪ੍ਰਾਂਤ ਸੇਵਾ (ਸ਼੍ਰੇਣੀ ਤੀਜੀ—ਮਨੀਸਟਰੀਅਲ)।

(4) ਪੰਜਾਬ ਜਨ ਸਿਹਤ ਇੰਜੀਨੀਅਰਿੰਗ ਹਲਕਾ ਮਨੀਸਟਰੀਅਲ ਅਮਲਾ (ਪ੍ਰਾਂਤ ਸੇਵਾ ਸ਼੍ਰੇਣੀ ਤੀਜੀ) ਸੇਵਾ।

(5) ਪੰਜਾਬ ਲੋਕ ਨਿਰਮਾਣ ਵਿਭਾਗ (ਜਨ ਸਿਹਤ) ਪ੍ਰਾਂਤ ਸੇਵਾਵਾਂ ਆਫ਼ ਟੈਕਨੀਸ਼ਨਜ਼।

ਉਪਰੋਕਤ (1), (3), (4) ਅਤੇ (5) ਤੇ ਦੱਸੇ ਗਏ ਨਿਯਮਾਂ ਬਾਰੇ ਪੰਜਾਬ ਲੋਕ ਸੇਵਾ ਕਮਿਸ਼ਨ, ਵਿੱਤ ਵਿਭਾਗ, ਮੁੱਖ ਸਕੱਤਰ (ਸੇਵਾਵਾਂ ਸ਼ਾਖਾ II) ਦੀਆਂ ਟਿੱਪਣੀਆਂ ਆ ਗਈਆਂ ਹਨ ਅਤੇ ਇਨ੍ਹਾਂ ਤੇ ਵਿਚਾਰ ਕੀਤਾ ਜਾ ਰਿਹਾ ਹੈ।

ਉਪਰੋਕਤ 2 ਬਾਰੇ ਨਿਯਮਾਂ ਦਾ ਖਰੜਾ ਮੁੱਖ ਇੰਜੀਨੀਅਰ ਤੋਂ ਪ੍ਰਾਪਤ ਹੋ ਗਏ ਹਨ ਅਤੇ ਇਨ੍ਹਾਂ ਤੇ ਪੰਜਾਬ ਲੋਕ ਸੇਵਾ ਕਮਿਸ਼ਨ ਵਿੱਤ, ਵਿਭਾਗ ਅਤੇ ਮੁੱਖ ਸਕੱਤਰ (ਸੇਵਾਵਾਂ ਸ਼ਾਖਾ-II) ਤੋਂ ਟਿਪਣੀ ਮੰਗੀ ਜਾ ਰਹੀ ਹੈ।

ਪੀ. ਡਬਲਯੂ. ਡੀ. (ਬੀ. ਐਂਡ ਆਰ.) ਸ਼ਾਖਾ ਦੇ ਕਰਮਚਾਰੀਆਂ ਦੇ ਸੇਵਾ ਨਿਯਮ

957. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਪੀ. ਡਬਲਯੂ. ਡੀ. (ਬੀ. ਐਂਡ ਆਰ.) ਸ਼ਾਖਾ ਦੇ ਕਰਮਚਾਰੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਦੇ ਸੇਵਾ ਨਿਯਮ ਅਧਿਸੂਚਿਤ ਕਰ ਦਿੱਤੇ ਗਏ ਹਨ,

(ਅ) ਉਕਤ ਵਿਭਾਗ ਦੇ ਕਰਮਚਾਰੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਸੇਵਾ ਨਿਯਮਾਂ ਨੂੰ ਅਜੇ ਅੰਤਿਮ ਰੂਪ ਨਹੀਂ ਦਿੱਤਾ ਗਿਆ ਅਤੇ ਅਧਿਸੂਚਿਤ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਅਵਸਥਾਵਾਂ ਨੂੰ ਪੂਰਾ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸ੍ਰੀ ਜੋਗਿੰਦਰ ਪਾਲ ਪਾਂਡੇ : (ੳ) 1. ਪੀ.ਐਸ.ਈ. ਕਲਾਸ I

2. ਪੀ.ਐਸ.ਈ. ਕਲਾਸ-II

3. ਭਾਗ ਅਫ਼ਸਰ (ਸਿਵਲ)

4. ਰੋਡ ਇੰਸਪੈਕਟਰ

5. ਡਰਾਇੰਗ ਅਮਲਾ (ਸਿਵਲ)

6. ਮੁੱਖ ਇੰਜੀਨੀਅਰ ਦੇ ਦਫਤਰ ਦਾ ਕਲੈਰੀਕਲ ਅਮਲਾ

(ਅ) 1. ਸਰਕਲ ਕਲੈਰੀਕਲ ਕੇਡਰ, ਭਾਗ ਅਫ਼ਸਰ (ਬਿਜਲੀ ਅਤੇ ਮਕੈਨੀਕਲ) ਡਰਾਇੰਗ ਅਮਲਾ (ਬਿਜਲੀ ਅਤੇ ਮਕੈਨੀਕਲ):—ਇਨ੍ਹਾਂ ਸ਼੍ਰੇਣੀਆਂ ਦੇ ਸਰਵਿਸ ਰੂਲਜ਼ ਵਿਚਾਰ ਅਧੀਨ ਹਨ।

2. ਉਪ-ਮੰਡਲ ਇੰਜੀਨੀਅਰ (ਹਾਰਟੀਕਲਚਰ) ਅਤੇ ਭਾਗ ਅਫ਼ਸਰ (ਹਾਰਟੀਕਲਚਰ), ਮਿਲਖ ਅਫ਼ਸਰ ਦੇ ਦਫ਼ਤਰ ਤੇ ਸੁਪਰਵਾਈਜ਼ਰ, ਸਹਾਇਕ ਸੁਪਰਵਾਈਜ਼ਰ, ਸਟੋਰ ਕੀਪਰ ਅਤੇ ਸਹਾਇਕ ਸਟੋਰ ਕੀਪਰ, ਇਨ੍ਹਾਂ ਦੇ ਸੇਵਾ ਨਿਯਮ ਨਹੀਂ ਹਨ। ਇਸ ਸਬੰਧ ਵਿਚ ਮੁੱਖ ਇੰਜੀਨੀਅਰ ਵੱਲੋਂ ਯੋਗ ਕਾਰਵਾਈ ਕੀਤੀ ਜਾ ਰਹੀ ਹੈ।

3. ਵਰਕਚਾਰਜਡ ਅਮਲਾ:—ਇਨ੍ਹਾਂ ਦੇ ਸੇਵਾ ਨਿਯਮ ਨਹੀਂ ਹੁੰਦੇ।

ਬਿਨਾ ਨਿਸ਼ਾਨ ਸਵਾਲ ਨੰ: 958

ਪੰਜਾਬ ਵਿਧਾਨ ਸਭਾ ਦੇ ਸਵਾਲ ਨੰ: 958, ਜੋ ਮਿਤੀ 15.1.75 ਲਈ ਅਨ-ਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼, ਅੱਮ.ਐਲ.ਏ. ਵੱਲੋਂ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

ਸਹੀ/—
ਸੰਤੋਖ ਸਿੰਘ
ਰਾਜ ਮੰਤਰੀ, ਵਿਕਾਸ, ਪੰਜਾਬ।

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗ:ਸ:ਪ:ਨੰ: 332-1 ਐਚ.ਜੀ.-75/ਮਿਤੀ 15-1-1975

1974 ਵਿਚ ਜੰਗਲਾਤ ਸਿਖਲਾਈ ਸਕੂਲ, ਹੁਸ਼ਿਆਰਪੁਰ ਵਿਖੇ ਸਿਖਲਾਈ ਲਈ ਭੇਜਿਆ ਗਿਆ ਜੰਗਲਾਤ ਗਾਰਡ

959. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1974 ਵਿਚ ਜੰਗਲਾਤ ਸਿਖਲਾਈ ਸਕੂਲ, ਹੁਸ਼ਿਆਰਪੁਰ ਵਿਖੇ ਸਿਖਲਾਈ ਲਈ ਕਿੰਨੇ ਜੰਗਲਾਤ ਗਾਰਡ ਭੇਜੇ ਗਏ;

(ਅ) ਵਿਭਾਗ ਨੇ ਕਿੰਨੇ ਟਰੇਨੀਜ਼ ਨੂੰ ਵਰਦੀਆਂ ਸਪਲਾਈ ਕੀਤੀਆਂ ਸਨ;

(ੲ) ਕੀ ਕੋਈ ਟਰੇਨੀਜ਼ ਨੂੰ ਆਪਣੀਆਂ ਵਰਦੀਆਂ ਆਪਣੇ ਖਰਚੇ ਤੇ ਲੈਣ ਬਾਰੇ ਕਿਹਾ ਗਿਆ ਸੀ । ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਟਰੇਨੀਜ਼ ਦੀ ਗਿਣਤੀ ਕਿੰਨੀ ਹੈ;

(ਸ) ਹਰ ਇਕ ਟਰੇਨੀ ਦੀ ਵਰਦੀ ਦੀ ਅਨੁਮਾਨਤ ਲਾਗਤ ਕਿੰਨੀ ਹੈ;

(ਹ) ਕੀ ਸਰਕਾਰ ਸਾਰੇ ਟਰੇਨੀਜ਼ ਨੂੰ ਵਰਦੀਆਂ ਖੁਦ ਸਪਲਾਈ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕੀਤੇ ਜਾਣ ਦਾ ਵਿਚਾਰ ਹੈ ?

ਮਾਸਟਰ ਗੁਰਬੰਤਾ ਸਿੰਘ : (ੳ) 42 ।

(ਅ) ਕਿਸੇ ਨੂੰ ਨਹੀਂ ।

(ੲ) ਹਾਂ ਜੀ । ਸਾਰੇ ਦੇ ਸਾਰੇ 42 ਵਣ ਗਾਰਡਾਂ ਨੂੰ ।

(ਸ) ਲੱਗ ਭੱਗ 95 ਰੁਪਏ ।

(ਹ) ਸਰਕਾਰ ਟਰੇਨੀਜ਼ ਨੂੰ ਖਾਸ ਤੌਰ ਤੇ ਵਰਦੀਆਂ ਦੇਣ ਦਾ ਕੋਈ ਵਿਚਾਰ ਨਹੀਂ ਰੱਖਦੀ, ਪਰ ਇਥੇ ਦੱਸਣਾ ਯੋਗ ਹੋਵੇਗਾ ਕਿ ਸੇਵਾ ਰੂਲਾਂ ਅਨੁਸਾਰ ਵਣ ਗਾਰਡਾਂ ਨੂੰ ਸਰਕਾਰ ਦੀ ਤਰਫੋਂ ਵਰਦੀ ਦੇਣੀ ਪੈਂਦੀ ਹੈ । ਕਿਉਂਕਿ ਪਹਿਲਾ ਸਕੇਲ ਬਹੁਤ ਪੁਰਾਣਾ ਹੋ ਚੁਕਾ ਹੈ ਅਤੇ ਕੀਮਤ ਦੀ ਮਨਜ਼ੂਰੀ ਘਟ ਸੀ, ਇਸ ਲਈ ਸੋਧੇ ਹੋਏ ਨਮੂਨੇ, ਸਕੇਲ ਅਤੇ ਮੁਲ ਅਨੁਸਾਰ ਵਣ ਗਾਰਡਾਂ, ਫਾਰੈਸਟਰਾਂ, ਉਪ ਰੇਂਜਰਾਂ ਅਤੇ ਵਣ ਰੇਂਜਰਾਂ ਨੂੰ ਵਰਦੀਆਂ ਦੇਣ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਜਦੋਂ ਇਹ ਸਿਰੇ ਚੜ੍ਹ ਜਾਵੇਗਾ ਤਾਂ ਟਰੇਨੀਜ਼ ਨੂੰ ਉਨ੍ਹਾਂ ਦੀ ਸ਼ਰੇਣੀ ਅਨੁਸਾਰ ਵਰਦੀਆਂ ਆਪਣੇ ਆਪ ਮਿਲ ਜਾਣਗੀਆਂ ।

ਸ਼੍ਰੀ ਸਪੀਕਰ : ਹੁਣ ਵਿੱਤ ਮੰਤਰੀ ਜੀ ਸਾਲ 1975-76 ਲਈ ਬਜਟ ਪੇਸ਼ ਕਰਨਗੇ । (Now the Finance Minister will present the Budget for the year 1975-76.)

PRESENTATION OF THE BUDGET FOR THE YEAR 1975-76.

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ) : ਸ਼੍ਰੀਮਾਨ ਜੀ, ਮੈਂ ਸਾਲ 1975-76 ਦਾ ਬਜਟ ਪੇਸ਼ ਕਰਨ ਲਈ ਖੜ੍ਹਾ ਹੋਇਆ ਹਾਂ ।

ਆਰਥਕ ਹਾਲਤ

ਬਜਟ ਬਾਰੇ ਗੱਲ ਕਰਨ ਤੋਂ ਪਹਿਲਾਂ, ਮੈਂ ਸਤਿਕਾਰਯੋਗ ਮੈਂਬਰਾਂ ਨੂੰ ਸਾਲ 1974-75 ਵਿਚ ਰਾਜ ਦੀ ਆਰਥਿਕ ਹਾਲਤ ਦੇ ਕੁਝ ਕੁ ਜ਼ਰੂਰੀ ਪਹਿਲੂਆਂ ਤੋਂ ਜਾਣੂ ਕਰਾਉਣਾ ਚਾਹਾਂਗਾ । ਜਿਵੇਂ ਕਿ ਸਤਿਕਾਰ ਯੋਗ ਮੈਂਬਰਾਂ ਨੂੰ ਪਤਾ ਹੀ ਹੈ ਕਿ ਸਾਲ 1974- 75 ਬਿਲਾ-ਸ਼ਕ ਸਾਰੇ ਦੇਸ਼ ਲਈ ਇਕ ਕਠਨ ਸਾਲ ਸੀ। ਦੇਸ਼ ਅਤੇ ਬਦੇਸ਼ ਵਿਚ ਕਰੰਸੀ ਦੇ ਫੈਲਾਉ ਦੇ ਝੁਕਾਵਾਂ ਕਰਕੇ, ਬਾਰਸ਼ਾਂ ਨਾ ਹੋਣ ਕਰਕੇ ਜਿਸ ਦਾ ਬਿਜਲੀ ਉਤਪਾਦਨ ਤੇ ਬੁਰਾ ਅਸਰ ਪਿਆ, ਅਤੇ ਸਨਅਤੀ ਤੇ ਰੇਲਵੇ ਕਰਮਚਾਰੀਆਂ ਦੀਆਂ ਹੜਤਾਲਾਂ ਕਰਕੇ ਉਤਪਾਦਨ, ਖਪਤ ਅਤੇ ਸਨਅਤੀ ਵਸਤਾਂ ਦੀ ਵੱਧ ਰਹੀ ਮੰਗ ਨੂੰ ਪੂਰਾ ਨਹੀਂ ਕਰ ਸਕਿਆ । ਪਟਰੋਲ ਅਤੇ ਡੀਜ਼ਲ ਜਿਹੀਆਂ ਬੁਨਿਆਦੀ ਸਨਅਤੀ ਅਤੇ ਜ਼ਰਾਇਤੀ ਵਸਤਾਂ ਦੀਆਂ ਕੀਮਤਾਂ ਵਿਚ ਸਾਡੇ ਵਸ ਤੋਂ ਹਾਲਾਤ ਬਾਹਰ ਹੋਣ ਕਰਕੇ ਕਾਫ਼ੀ ਵਾਧਾ ਹੋਇਆ । ਪੰਜਾਬ ਵਿਚ ਜ਼ਰਾਇਤੀ ਖਾਦਾਂ ਆਦਿ ਦੀ ਭਾਰੀ ਕਮੀ ਅਤੇ ਬਾਰਸ਼ਾਂ ਦੇ ਨਾ ਹੋਣ ਦਾ ਜ਼ਰਾਇਤੀ ਉਤਪਾਦਨ ਤੇ ਬੁਰਾ ਅਸਰ ਪਿਆ । ਬਿਜਲੀ ਦੀ ਕਮੀ ਦਾ ਸਨਅਤਾਂ ਉਤੇ ਬਹੁਤ ਬੁਰਾ ਅਸਰ ਪਿਆ । ਪਰ ਫ਼ਿਰ ਵੀ, ਪੰਜਾਬ ਵਿਚ, ਲੋਕਾਂ ਨੂੰ ਅਨਾਜ ਕਾਫ਼ੀ ਮਿਕਦਾਰ ਵਿਚ ਪ੍ਰਾਪਤ ਹੋਣ ਕਰਕੇ, ਕਰੰਸੀ ਦੇ ਫੈਲਾਉ ਦਾ ਅਸਰ ਹੋਰਨਾਂ ਰਾਜਾਂ ਦੇ ਮੁਕਾਬਲੇ ਤੇ ਘੱਟ ਪਿਆ । ਸਗੋਂ ਇਹ ਖੁਸ਼ੀ ਦੀ ਗੱਲ ਹੈ ਕਿ ਖਰਾਬ ਹਾਲਾਤ ਦੇ ਬਾਵਜੂਦ ਵੀ ਅਸੀਂ ਆਪਣੀ ਪੈਦਾਵਾਰ ਦੀ ਰਫ਼ਤਾਰ ਨੂੰ ਬਰਕਰਾਰ ਰੱਖ ਸਕੇ ਹਾਂ । ਇਸ ਦਾ ਵੱਡਾ ਕਾਰਨ ਇਹ ਹੈ ਕਿ ਸਰਕਾਰ ਆਰਥਕਤਾ ਦੇ ਭਿੰਨ ਭਿੰਨ ਖੇਤਰਾਂ ਅਤੇ ਰਾਜ ਦੇ ਬਹਾਦਰ ਕਿਸਾਨਾਂ ਦੇ ਮਿਹਨਤ ਦੇ ਜਜ਼ਬੇ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਬਾਖ਼ਬਰ ਹੈ ।

ਮੈਂ ਆਪ ਜੀ ਨੂੰ ਰਾਜ ਦੀ ਆਰਥਕਤਾ ਦੇ ਵਿਕਾਸ-ਦਰ ਦੀ ਮੋਟੇ ਤੌਰ ਤੇ ਜਾਣਕਾਰੀ ਦੇਣਾ ਚਾਹੁੰਦਾ ਹਾਂ । ਸਾਲ 1972-73 ਵਿਚ, ਸਥਿਰ ਕੀਮਤਾਂ ਤੇ, ਰਾਜ ਦੀ ਆਮਦਨ 754.13 ਕਰੋੜ ਰੁਪਏ ਬਣਦੀ ਹੈ ਜਿਹੜੀ ਕਿ ਸਾਲ 1971-72 ਤੋਂ 1.9 ਫ਼ੀ ਸਦੀ ਵੱਧ ਹੈ । ਰਾਜ ਦੀ ਆਮਦਨ ਦੇ ਸਾਲ 1973-74 ਲਈ ਆਰਜ਼ੀ ਅਨੁਮਾਨ 777.11 ਕਰੋੜ ਰੁਪਏ ਹਨ ਜਿਹੜੇ ਕਿ ਪਿਛਲੇ ਸਾਲ ਦੇ ਮੁਕਾਬਲੇ ਤੇ 3 ਫ਼ੀ ਸਦੀ ਵੱਧ ਹਨ । ਵਰਤਮਾਨ ਕੀਮਤਾਂ ਦੇ ਆਧਾਰ ਤੇ ਸਾਲ 1972-73 ਲਈ ਰਾਜ ਦੀ ਆਮਦਨ ਦਾ ਅਨੁਮਾਨ 1,749.96 ਕਰੋੜ ਰੁਪਏ ਹੈ ਜਦ ਕਿ 1971-72 ਲਈ ਇਹ ਅਨੁਮਾਨ 1,620.09 ਕਰੋੜ ਰੁਪਏ ਸੀ, ਜੋ ਕਿ 8 ਫ਼ੀ ਸਦੀ ਵੱਧ ਹੈ । ਵਰਤਮਾਨ ਕੀਮਤਾਂ ਦੇ ਆਧਾਰ ਤੇ ਰਾਜ ਵਿਚ ਸਾਲ 1971-72 ਵਿਚ ਫ਼ੀਕਸ ਆਮਦਨ 1,054 ਰੁਪਏ ਸੀ, ਸਾਲ 1972-73 ਵਿਚ ਵੱਧ ਕੇ 1,105 ਰੁਪਏ ਹੋ ਗਈ, ਇਸ ਨਾਲ 4.8 ਫ਼ੀ ਸਦੀ ਦਾ ਵਾਧਾ ਹੋਇਆ ।

ਜ਼ਰਾਇਤ ਅਤੇ ਉਸ ਨਾਲ ਸਬੰਧਤ ਹੋਰ ਕਿੱਤਿਆਂ ਦੀ ਪ੍ਰਧਾਨਤਾ ਅਤੇ ਰਾਜ ਦੀ ਆਰਥਕਤਾ ਵਿਚ ਵੱਡੇ ਪੈਮਾਨੇ ਦੇ ਉਦਯੋਗਾਂ ਦੀ ਅਣਹੋਂਦ, ਆਰਥਕ ਵਿਕਾਸ ਦੀ ਉਚੇਰੀ ਦਰ ਪ੍ਰਾਪਤ ਕਰਨ ਵਿਚ ਰੁਕਾਵਟ ਬਣੀ ਹੋਈ ਹੈ । ਸਨਅਤੀ ਕੱਚਾ ਮਾਲ ਅਤੇ ਸਾਜ਼ ਸਾਮਾਨ

[ਵਿੱਤ ਮੰਤਰੀ]

ਘੱਟ ਮੁਯੱਸਰ ਹੋਣ ਕਰਕੇ, ਬਹੁਤ ਦੂਰ ਹੋਣ ਕਰਕੇ ਅਤੇ ਬਿਜਲੀ ਦੀ ਕਮੀ ਕਰਕੇ ਸਾਨੂੰ ਆਪਣੇ ਆਰਥਕ ਢਾਂਚੇ ਨੂੰ ਨਵਾਂ ਮੋੜ ਦੇਣਾ ਪਿਆ ।

ਲੇਖੇ

ਸੋਧੇ ਹੋਏ ਅਨੁਮਾਨਾਂ ਅਨੁਸਾਰ ਸਾਲ 1973-74 ਮਨਫ਼ੀ 18.75 ਕਰੋੜ ਰੁਪਏ ਦੀ ਅੰਤਮ ਬਾਕੀ ਨਾਲ ਖ਼ਤਮ ਹੋਣ ਦੀ ਆਸ ਸੀ। ਅਕਾਊਂਟੈਂਟ ਜਨਰਲ, ਪੰਜਾਬ ਵੱਲੋਂ ਬਣਾ ਕੇ ਭੇਜੇ ਹੋਏ ਲੇਖਿਆਂ ਤੋਂ ਪਤਾ ਲਗਦਾ ਹੈ ਕਿ ਇਹ ਸਾਲ ਮਨਫ਼ੀ 15.61 ਕਰੋੜ ਰੁਪਏ ਦੇ ਬਕਾਏ ਨਾਲ ਖ਼ਤਮ ਹੋਇਆ ਜਿਸ ਨਾਲ 3.14 ਕਰੋੜ ਰੁਪਏ ਦਾ ਵਾਧਾ ਰਿਹਾ । ਐਪਰ ਰਾਜ ਸਰਕਾਰ ਨੇ ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ 19.98 ਕਰੋੜ ਰੁਪਏ ਦੇ ਉਪਾ ਤੇ ਸਾਧਨ ਦੀ ਬਕਾਇਆ ਪੇਸ਼ਗੀ ਲਈ ਸੀ । ਇਸ ਤਰ੍ਹਾਂ ਨਾਲ ਰਾਜ ਸਰਕਾਰ ਨੇ ਸਾਲ 1973-74 ਵਿਚ ਆਪਣੇ ਲੇਖੇ ਮਨਫ਼ੀ 35.59 ਕਰੋੜ ਰੁਪਏ ਨਾਲ ਬੰਦ ਕੀਤੇ ਸਨ । ਇਸ ਕਮੀ ਦੇ ਕਾਰਣ, ਵਿੱਤ ਸਕੱਤਰ ਦੇ ਯਾਦ ਪੱਤਰ ਮੀਮੋ ਵਿਚ ਵਿਸਤਾਰ ਨਾਲ ਦਿੱਤੇ ਗਏ ਹਨ ਜਿਹੜਾ ਕਿ ਆਪ ਜੀ ਨੂੰ ਬਜਟ ਦਸਤਾਵੇਜ਼ਾਂ ਨਾਲ ਪੇਸ਼ ਕੀਤਾ ਗਿਆ ਹੈ । ਸਾਲ 1974-75 ਦੇ ਬਜਟ ਅਨੁਮਾਨਾਂ ਅਨੁਸਾਰ ਇਹ ਸਾਲ ਮਨਫ਼ੀ 38.39 ਕਰੋੜ ਰੁਪਏ ਦੇ ਬਕਾਏ ਨਾਲ ਖ਼ਤਮ ਹੋਣ ਦੀ ਆਸ ਸੀ । ਤਾਂ ਵੀ ਮਿਤੀ 31 ਮਾਰਚ, 1974 ਨੂੰ ਉਪਾ ਅਤੇ ਸਾਧਨ ਪੇਸ਼ਗੀਆਂ ਦੇ ਖੜੇ ਬਕਾਏ ਦੀ ਮੁੜ ਅਦਾਇਗੀ ਨੂੰ ਧਿਆਨ ਵਿਚ ਰੱਖਦੇ ਹੋਏ, ਇਹ ਸਾਲ 58.37 ਕਰੋੜ ਰੁਪਏ ਦੀ ਮਨਫ਼ੀ ਬਾਕੀ ਨਾਲ ਸਮਾਪਤ ਹੋਣਾ ਸੀ । ਰਾਜ ਸਰਕਾਰ ਨੇ ਇਸ ਖੱਪੇ ਨੂੰ ਪੂਰਣ ਅਤੇ ਬੰਦ ਕਰਨ ਲਈ ਹੋਰ ਸਾਧਨ ਜੁਟਾਉਣ, ਬਜਟ-ਅਨੁਸ਼ਾਸ਼ਨ ਲਾਗੂ ਕਰਨ ਅਤੇ ਫਜ਼ੂਲ ਖਰਚੀ ਨੂੰ ਖਤਮ ਕਰਨ ਆਦਿ ਦੇ ਕੁਝ ਉਪਾ ਕੀਤੇ । ਇਨ੍ਹਾਂ ਸਾਰੇ ਉਪਾਵਾਂ ਦੇ ਫਲਸਵਰੂਪ ਮਾਲ ਖਾਤੇ ਆਮਦਨ ਵਿਚ 13 12 ਕਰੋੜ ਰੁਪਏ ਦਾ ਵਾਧਾ ਅਤੇ ਮਾਲਖਾਤੇ ਖਰਚ ਵਿਚ 6.24 ਕਰੋੜ ਰੁਪਏ ਦੀ ਕਮੀ ਹੋਵੇਗੀ, ਜਿਸ ਨਾਲ 19.36 ਕਰੋੜ ਰੁਪਏ ਦਾ ਸਮੁਚਾ ਵਾਧਾ ਹੋਵੇਗਾ । ਸਾਲ 1974-75 ਦੇ ਦੌਰਾਨ ਅਨਾਜ ਦੀ ਖਰੀਦ ਲਈ ਅਤੇ 1973-74 ਦੇ ਸਾਲ ਦੇ ਅੱਗੇ ਲਿਆਂਦੇ ਸਟਾਕ ਦੇ ਮੁਕਾਬਲੇ ਵਿਚ ਬੈਂਕ ਤੋਂ ਮਿਲਣ ਵਾਲੀ ਰਕਮ ਕਾਰਣ ਪੂੰਜੀਗਤ ਲੇਖੇ ਵਿਚ 30.89 ਕਰੋੜ ਰੁਪਏ ਦਾ ਨਿੱਗਰ ਵਾਧਾ ਹੋਣ ਦੀ ਆਸ ਹੈ । ਮਾਲਖਾਤੇ ਆਮਦਨ ਵਿਚ ਪਹਿਲਾਂ ਦੱਸਿਆ 13.12 ਕਰੋੜ ਰੁਪਏ ਦਾ ਵਾਧਾ ਮੁੱਖ ਤੌਰ ਤੇ ਇਸ ਸਾਲ ਦੇ ਦੌਰਾਨ ਹੋਰ ਸਾਧਨ ਜੁਟਾਉਣ ਕਰਕੇ ਹੋਇਆ ਹੈ । ਮੈਨੂੰ ਵਿਸ਼ਵਾਸ ਹੈ ਕਿ ਮਾਨਯੋਗ ਮੈਂਬਰ ਸਾਹਿਬਾਨ ਪਿਛਲੇ ਕੁਝ ਸਾਲਾਂ ਦੇ ਦੌਰਾਨ ਪਲਾਨ ਦੇ ਖਰਚ ਵਿਚ ਹੋ ਰਹੇ ਲਗਾਤਾਰ ਵਾਧੇ ਨੂੰ ਧਿਆਨ ਵਿਚ ਰੱਖਦੇ ਹੋਏ, ਵਧੇਰੇ ਸਾਧਨ ਜੁਟਾਉਣ ਸਬੰਧੀ ਸਰਕਾਰ ਦੇ ਯਤਨ ਜ਼ੇਰ-ਗੌਰ ਰੱਖਣਗੇ । 1974-75 ਲਈ ਪੂਰਵ-ਅਨੁਮਾਨਤ ਯੋਜਨਾਗਤ ਖਰਚ ਪਿਛਲੇ ਸਾਲ ਦੇ ਅਸਲ ਖਰਚ ਨਾਲੋਂ 2.6 ਫ਼ੀ ਸਦੀ ਵੱਧ ਹੈ । ਇਹ ਵਾਧਾ ਇਸ ਗੱਲ ਦੇ ਬਾਵਜੂਦ ਹੋਇਆ ਹੈ ਕਿ ਪੰਜਵੀਂ ਪੰਜ-ਸਾਲਾ ਯੋਜਨਾ ਦੇ ਸ਼ੁਰੂ ਵਿਚ 17.50 ਕਰੋੜ ਰੁਪਏ ਦੀ ਰਕਮ 'ਵਚਨਬੱਧ ਖਰਚ' ਦੇ ਤੌਰ ਤੇ ਨਾਨ-ਪਲਾਨ ਲੇਖੇ ਵਿਚ ਮੁੰਤਕਿਲ ਕੀਤੀ ਗਈ ਸੀ । ਬਾਵਜੂਦ ਇਸ ਗੱਲ ਦੇ ਕਿ ਵਿਕਾਸ ਦੇ ਕੰਮਾਂ ਤੇ ਖਰਚ ਬਹੁਤ ਵਧਿਆ, ਲੇਕਿਨ ਫਿਰ ਵੀ ਸਾਲ 1974-75 ਵਿਚ ਕੇਵਲ 4.43 ਕਰੋੜ ਰੁਪਏ ਦਾ ਘਾਟਾ ਰਿਹਾ । (ਥੰਪਿੰਗ)

ਸਾਲ 1975-76 ਦੇ ਬਜਟ ਅਨੁਮਾਨ

ਸਾਲ 1975-76 ਦੇ ਬਜਟ ਵਿਚ ਕੁਲ ਮਿਲਾ ਕੇ 6.83 ਕਰੋੜ ਰੁਪਏ ਦਾ ਸਮੁਚਾ ਘਾਟਾ ਹੈ, ਜੋ ਨਿਮਨ ਲੈਣ ਦੇਣ ਕਾਰਣ ਹੈ :—

		(ਰੁਪਏ ਕਰੋੜਾਂ ਵਿਚ)	
(i)	ਮੁੱਢਲੀ ਬਾਕੀ		(—)4.43
(ii)	ਮਾਲ ਖਾਤਾ—		
	(ੳ) ਆਮਦਨ	285.00	
	(ਅ) ਖਰਚ	240.76	
	ਵਾਧਾ		(+)44.24
(iii)	ਪੂੰਜੀਗਤ ਖਰਚ		(—)27.91
(iv)	ਸਰਕਾਰੀ ਰਿਣ—		
	(ੳ) ਲਏ ਰਿਣ	264.51	
	(ਅ) ਭੁਗਤਾਏ ਰਿਣ	241.71	
	ਨਿਰੋਲ		(+)22.80
(v)	ਕਰਜ਼ੇ ਅਤੇ ਪੇਸ਼ਗੀਆਂ—		
	(ੳ) ਪੇਸ਼ਗੀਆਂ	73.86	
	(ਅ) ਵਸੂਲੀਆਂ	16.96	
	ਨਿਰੋਲ		(—)56.90
(vi)	ਅੰਤਰ ਰਾਜੀ ਨਿਪਟਾਰੇ		..
(vii)	ਪੰਜਾਬ ਅਚੇਤ ਫੰਡ		..
(viii)	ਫੰਡ-ਰਹਿਤ ਰਿਣ		(+)5.36
(ix)	ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ (ਨਿਰੋਲ)		10.01
(x)	ਭੇਜੀਆਂ ਰਕਮਾਂ	..	..
	ਅੰਤਮ ਬਾਕੀ	..	—6.83

[ਵਿੱਤ ਮੰਤਰੀ]

ਬਜਟ ਦੇ ਘਾਟੇ ਬਾਰੇ ਮੈਂ ਉਸ ਵੇਲੇ ਗੱਲ ਕਰਾਂਗਾ ਜਿਸ ਵੇਲੇ ਮੈਂ ਮਾਲੀ ਨੀਤੀ ਅਤੇ ਮਾਲੀ ਇੰਤਾਜਮ ਦੇ ਖਾਸ ਪਹਿਲੂਆਂ ਦਾ ਜ਼ਿਕਰ ਕਰਾਂਗਾ।

ਯੋਜਨਾ-ਗਤ ਖਰਚ

ਸਾਲ 1975-76 ਲਈ ਮਖਸੂਸ ਕੀਤਾ ਹੋਇਆ 163.45 ਕਰੋੜ ਰੁਪਏ ਦਾ ਯੋਜਨਾ-ਗਤ ਖੱਰਚ, ਸਾਲ 1974-75 ਦੇ ਪੂਰਵ ਅਨੁਮਾਨਤ ਯੋਜਨਾ ਖਰਚ ਨਾਲੋਂ 29 ਫੀ ਸਦੀ ਵੱਧ ਹੈ। (ਥੰਪਿੰਗ) ਖਰਚ ਦੀ ਰਕਮ ਵਿਚ ਇਹ ਵਾਧਾ ਇਸ ਲਈ ਕੀਤਾ ਗਿਆ ਹੈ ਤਾਂ ਜੋ ਕੀਮਤਾਂ ਦੇ ਵਾਧੇ ਦੇ ਅਸਰ ਨੂੰ ਜ਼ਾਇਲ ਕੀਤਾ ਜਾ ਸਕੇ ਅਤੇ ਸਹੀ ਅਰਥਾਂ ਵਿਚ ਆਰਥਕਤਾ ਵਿਚ ਪੂੰਜੀ ਲਾਉਣ ਲਈ ਕਾਫ਼ੀ ਵੱਡੀ ਰਕਮ ਦਾ ਉਪਬੰਧ ਕੀਤਾ ਜਾ ਸਕੇ।

ਵਿਕਾਸ ਦੀ ਵਿਉਂਤ ਅਤੇ ਆਰਥਕ ਨੀਤੀ

ਵਿਕਾਸ ਦੀ ਵਿਉਂਤ ਜਿਸ ਦੇ ਅਧਾਰ ਤੇ 1975-76 ਦੀ ਯੋਜਨਾ ਤਿਆਰ ਕੀਤੀ ਗਈ ਹੈ, ਅੱਠ ਪੱਖੀ ਹੈ :—

(ੳ) ਅਜਿਹੇ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨਾ ਜਿਨ੍ਹਾਂ ਤੋਂ ਬਿਜਲੀ ਮਿਲ ਸਕੇ।

(ਅ) ਜ਼ਰਾਇਤੀ ਪੈਦਾਵਾਰ ਲਈ ਲੋੜੀਂਦੀਆਂ ਚੀਜ਼ਾਂ ਮੁਹੱਈਆ ਕਰਨ ਨੂੰ ਯਕੀਨੀ ਬਣਾਉਣਾ।

(ੲ) ਉਦਯੋਗਿਕ ਅਧਾਰ ਨੂੰ ਵਿਸ਼ਾਲ ਬਣਾਉਣਾ ਅਤੇ ਉਦਯੋਗਿਕ ਢਾਂਚੇ ਵਿਚ ਨਵਾਂ ਮੋੜ ਲਿਆਉਣਾ।

(ਸ) ਸਮਾਜ ਦੇ ਵੱਖ ਵੱਖ ਵਰਗਾਂ ਵਿਚ ਸਮਾਜਕ ਆਰਥਿਕ ਅੰਤਰ ਨੂੰ ਘੱਟ ਕਰਨ ਲਈ ਹਰੀਜਨਾਂ, ਪਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ ਅਤੇ ਸਮਾਜ ਦੇ ਆਰਥਿਕ ਤੌਰ ਤੇ ਹੋਰ ਕਮਜ਼ੋਰ ਵਰਗਾਂ ਦੀ ਹਾਲਤ ਸੁਧਾਰਨ ਲਈ ਚੋਖੇ ਫੰਡਾਂ ਦਾ ਉਪਬੰਧ ਕਰਨਾ।

(ਹ) ਸਿਖਿਆ ਅਤੇ ਡਾਕਟਰੀ ਦੀਆਂ ਸਹੂਲਤਾਂ ਬਣਾਈ ਰੱਖਣਾ ਅਤੇ ਉਨ੍ਹਾਂ ਦਾ ਵਿਸਤਾਰ ਕਰਨਾ।

(ਕ) ਸ਼ਹਿਰੀ ਵਿਕਾਸ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਾਂਝੇ ਅਤੇ ਜੁੜਵੇਂ ਯਤਨ ਕਰਨਾ।

(ਖ) ਜ਼ਰੂਰੀ ਵਸਤਾਂ ਦੀ ਸਪਲਾਈ, ਸਾਰਾ ਸਾਲ ਵਾਜਬ ਕੀਮਤਾਂ ਦੇ ਜਾਰੀ ਰੱਖਣ ਨੂੰ ਯਕੀਨੀ ਬਨਾਉਣਾ। (ਥੰਪਿੰਗ)

(ਗ) ਵਧੀਆ ਟ੍ਰਾਂਸਪੋਰਟ ਅਤੇ ਆਵਾਜਾਈ ਦੇ ਸਾਧਨ ਮੁਹੱਈਆ ਕਰਨਾ, ਵਿਸ਼ੇਸ਼ ਕਰਕੇ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਮਿਲਾਉਣਾ। (ਥੰਪਿੰਗ)

ਇਨ੍ਹਾਂ ਮੰਤਵਾ ਨੂੰ ਮੁੱਖ ਰੱਖਦੇ ਹੋਏ, ਵਸੀਲਿਆਂ ਨੂੰ ਖੇਤਰ-ਵਾਰ ਵੰਡਿਆ ਗਿਆ ਹੈ। ਬਿਜਲੀ ਦੀ ਭਾਰੀ ਕਮੀ ਹੋਣ ਕਰਕੇ ਅਤੇ ਇਸ ਦੀ ਵਰਤੋਂ ਜ਼ਰਾਇਤ ਅਤੇ ਉਦਯੋਗ ਵਿਕਾਸ ਵਿਚ ਵਧੇਰੇ ਹੋਣ ਕਰਕੇ, ਬਿਜਲੀ ਪੈਦਾ ਕਰਨ ਵਾਲੀਆਂ ਸਕੀਮਾਂ ਨੂੰ ਸਭ ਤੋਂ ਵੱਧ ਪਹਿਲ ਦੇਣ ਦੀ ਤਜਵੀਜ਼ ਕੀਤੀ ਗਈ ਹੈ। ਮੌਜੂਦਾ ਕਰੰਸੀ ਦੇ ਫੈਲਾਉ ਦੀ ਹਾਲਤ ਨੂੰ ਮੁੱਖ ਰੱਖਦੇ ਹੋਏ ਵਧੇਰੇ ਜ਼ਰਾਇਤ ਅਤੇ ਸਨਅਤੀ ਪੈਦਾਵਾਰ ਦੇਣ ਵਾਲੀਆਂ ਸਕੀਮਾਂ ਨੂੰ ਤਰਜੀਹ ਦਿੱਤੀ ਗਈ ਹੈ। ਸਮਾਜਿਕ ਇਨਸਾਫ਼ ਦੇਣ ਦੇ ਮੰਤਵ ਨਾਲ, ਉਨ੍ਹਾਂ ਸਕੀਮਾਂ ਤੇ ਉਚੇਚੇ ਤੌਰ ਤੇ ਵਿਚਾਰ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨਾਲ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਲਾਭ ਪਹੁੰਚਦਾ ਹੋਵੇ ਅਤੇ ਖ਼ਾਸ ਕਰਕੇ ਉਹ ਜਿਨ੍ਹਾਂ ਨਾਲ ਨੀਮ-ਪਹਾੜੀ, ਸਰਹੱਦੀ, ਬੇਟ ਅਤੇ ਪਛੜੇ ਹੋਏ ਇਲਾਕਿਆਂ ਦੀ ਹਾਲਤ ਵਿਚ ਸੁਧਾਰ ਕੀਤਾ ਜਾ ਸਕਦਾ ਹੋਵੇ।

ਬਿਜਲੀ

ਸਾਲ 1975-76 ਦੇ ਪਲਾਨ ਵਿਚ ਬਿਜਲੀ ਲਈ 70.31 ਕਰੋੜ ਰੁਪਏ ਰੱਖੇ ਗਏ ਹਨ ਜਦ ਕਿ ਕੁਲ ਖਰਚ 163.45 ਕਰੋੜ ਰੁਪਏ ਕੀਤਾ ਜਾਣਾ ਹੈ (ਥੰਪਿੰਗ)। ਬਿਜਲੀ ਦੀ ਮੰਗ ਅਤੇ ਸਪਲਾਈ ਦਾ ਖੱਪਾ ਵਧਦਾ ਹੀ ਜਾ ਰਿਹਾ ਹੈ, ਇਸ ਨੂੰ ਘਟ ਕਰਨ ਲਈ ਅਨਥੱਕ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਗੁਰੂ ਨਾਨਕ ਥਰਮਲ ਪਲਾਂਟ, ਬਠਿੰਡਾ ਦਾ ਪਹਿਲਾ ਯੂਨਿਟ, ਜਿਸ ਤੋਂ 110 ਮੈਗਾਵਾਟ ਬਿਜਲੀ ਮਿਲ ਸਕੇਗੀ, 22 ਸਤੰਬਰ, 1974 ਨੂੰ ਚਾਲੂ ਕੀਤਾ ਗਿਆ ਸੀ। ਦੂਜਾ ਯੂਨਿਟ ਸਤੰਬਰ, 1975 ਵਿਚ ਚਾਲੂ ਹੋ ਜਾਣ ਦੀ ਆਸ ਹੈ। ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦੇ ਚਾਰ ਯੂਨਿਟਾਂ ਉਤੇ ਕੰਮ ਸ਼ੁਰੂ ਹੋ ਚੁਕਾ ਹੈ। ਹੋਰ ਸਕੀਮਾਂ ਜਿਨ੍ਹਾਂ ਤੇ ਕੰਮ ਸ਼ੁਰੂ ਕੀਤਾ ਜਾਣਾ ਹੈ ਉਹ ਬਿਆਸ ਪ੍ਰਾਜੈਕਟ ਯੂਨਿਟ ਨੰ: 1 ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਦਾ ਦੂਜਾ ਯੂਨਿਟ ਅਤੇ ਸ਼ਾਨਨ ਪ੍ਰਾਜੈਕਟ ਹਨ। ਦਿਹਾਤੀ ਇਲਾਕਿਆਂ ਨੂੰ ਬਿਜਲੀ ਦੇਣ ਦੀਆਂ ਸਕੀਮਾਂ ਅਤੇ ਟਿਊਬਵੈਲਾਂ ਨੂੰ ਬਿਜਲੀ ਦੇਣ ਦੇ ਕੰਮ ਵੱਲ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ। ਸਾਲ 1975-76 ਵਿੱਚ 12,000 ਟਿਊਬਵੈਲਾਂ ਨੂੰ ਬਿਜਲੀ ਦੇਣ ਦੀ ਤਜਵੀਜ਼ ਹੈ, ਜਦ ਕਿ ਸਾਲ 1974-75 ਵਿਚ 10,450 ਨੂੰ ਹੀ ਬਿਜਲੀ ਦਿੱਤੀ ਜਾ ਰਹੀ ਹੈ। ਮਾਰਚ, 1975 ਦੇ ਅੰਤ ਤੱਕ 80,000 ਆਮ ਅਤੇ 4,000 ਸਨਅਤੀ ਕੁਨੈਕਸ਼ਨ ਦਿੱਤੇ ਜਾਣਗੇ। ਸਾਲ 1975-76 ਵਿਚ 50,000 ਆਮ ਅਤੇ 2,000 ਸਨਅਤੀ ਕੁਨੈਕਸ਼ਨ ਦੇਣ ਦੀ ਤਜਵੀਜ਼ ਹੈ।

ਸਿੰਜਾਈ, ਹੜ੍ਹ-ਕੰਟਰੋਲ ਅਤੇ ਜਲ-ਨਿਕਾਸ

ਸਿੰਜਾਈ, ਹੜ੍ਹ-ਕੰਟਰੋਲ ਅਤੇ ਜਲ-ਨਿਕਾਸ ਸਕੀਮਾਂ ਤੇ ਸਾਲ 1975-76 ਵਿਚ 11.47 ਕਰੋੜ ਰੁਪਏ ਖਰਚ ਕੀਤੇ ਜਾਣਗੇ। ਬਹੁਤ ਸਾਰੀਆਂ ਸਕੀਮਾਂ ਦੇ ਸ਼ੁਰੂ ਹੋ ਜਾਣ ਨਾਲ ਇਹ ਆਸ ਕੀਤੀ ਜਾਂਦੀ ਹੈ ਕਿ ਪੰਜਵੀਂ ਯੋਜਨਾ ਦੇ ਅਖੀਰ ਤੱਕ 10 ਲੱਖ ਏਕੜ ਹੋਰ ਰਕਬਾ ਸਿੰਜਾਈ ਅਧੀਨ ਲਿਆਂਦਾ ਜਾਵੇਗਾ। ਮਾਰਚ, 1975 ਦੇ ਅੰਤ ਤੱਕ ਬਹੁਤ ਸਾਰੀਆਂ ਵੱਡੀਆਂ, ਦਰਮਿਆਨੀ ਅਤੇ ਛੋਟੀ ਸਿੰਜਾਈ ਅਤੇ ਬਹੁ-ਮੰਤਵੀ ਸਕੀਮਾਂ ਤੇ 4.83 ਕਰੋੜ ਰੁਪਏ ਦੀ ਰਕਮ ਖਰਚ ਕੀਤੇ ਜਾਣ ਦੀ ਆਸ ਹੈ। ਸਾਲ 1975-76 ਵਿਚ ਹੜ੍ਹ-ਕੰਟਰੋਲ ਅਤੇ ਜਲ-ਨਿਕਾਸ ਲਈ 3 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ, ਇਸ ਤਰ੍ਹਾਂ ਇਕ ਲੱਖ ਏਕੜ ਰਕਬੇ ਨੂੰ ਸੇਮ ਅਤੇ ਭੋਂ ਖੁਰਨ ਤੋਂ ਬਚਾਇਆ ਜਾ ਸਕੇਗਾ। (ਥੰਪਿੰਗ)

[ਵਿੱਤ ਮੰਤਰੀ]

ਥੀਨ ਡੈਮ ਸਬੰਧੀ ਬਹੁਤ ਖਬਰਾਂ ਛਪਦੀਆਂ ਰਹੀਆਂ ਹਨ । ਇਹ ਉਨ੍ਹਾਂ ਪ੍ਰਾਜੈਕਟਾਂ ਵਿਚੋਂ ਹੈ ਜਿਸ ਉਤੇ ਸਾਡੀਆਂ ਉਮੀਦਾਂ ਲੱਗੀਆਂ ਹੋਈਆਂ ਹਨ । ਸਾਨੂੰ ਆਸ ਸੀ ਕਿ ਇਹ ਸਕੀਮ ਪੰਜਵੀਂ ਯੋਜਨਾ ਦੀਆਂ ਨਵੀਆਂ ਸਕੀਮਾਂ ਵਿਚ ਸ਼ਾਮਲ ਕੀਤੀ ਜਾਵੇਗੀ । ਐਪਰ, ਕੁਝ ਤਕਨੀਕੀ ਕਾਰਨਾਂ ਕਰਕੇ ਭਾਰਤ ਸਰਕਾਰ ਦੁਆਰਾ ਹੁਣ ਤੱਕ ਇਸ ਦੀ ਮਨਜ਼ੂਰੀ ਨਹੀਂ ਦਿੱਤੀ ਗਈ । ਫਿਰ ਵੀ, ਇਸ ਪ੍ਰਾਜੈਕਟ ਦੀ ਪੜਤਾਲ ਅਤੇ ਯੋਜਨਾਬੰਦੀ ਦਾ ਕੰਮ ਉਸੇ ਤਰ੍ਹਾਂ ਜਾਰੀ ਰੱਖ ਰਹੇ ਹਾਂ ਜਿਸ ਤੇ ਸਾਲ 1974-75 ਦੇ ਦੌਰਾਨ 1.35 ਕਰੋੜ ਰੁਪਏ ਖ਼ਰਚ ਹੋ ਜਾਣੇ ਹਨ । ਅਤੇ ਸਾਲ 1975-76 ਵਿਚ ਦੋ ਕਰੋੜ ਰੁਪਏ ਦੀ ਰਕਮ ਇਸ ਮੰਤਵ ਲਈ ਰੱਖੀ ਗਈ ਹੈ । (ਥੰਪਿੰਗ)

ਜ਼ਰਾਇਤ

ਰਾਜ ਦੇ ਪ੍ਰਗਤੀਸ਼ੀਲ ਅਤੇ ਸ਼ਕਤੀਸ਼ਾਲੀ ਕਿਸਾਨਾਂ ਦੁਆਰਾ ਅਨਾਜ ਦੇ ਉਤਪਾਦਨ ਦਾ ਪੱਧਰ ਖਰੀਫ 1974 ਦੇ ਦੌਰਾਨ ਕਾਇਮ ਰਖਿਆ ਗਿਆ । ਸਰਕਾਰ ਵੱਲੋਂ ਥੁੜਾਂ ਦੇ ਬਾਵਜੂਦ ਜ਼ਰਾਇਤ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਮਾਕੂਲ ਸਪਲਾਈ ਨੂੰ ਯਕੀਨੀ ਬਣਾਉਣ ਲਈ ਸਮੇਂ ਸਿਰ ਉਪਾਅ ਕੀਤੇ ਗਏ । ਵੱਧ ਬਿਜਲੀ ਪਰਾਪਤ ਕਰਨ ਲਈ ਅਤੇ ਪਿਛਲੇ ਸਾਲ ਨਾਲੋਂ ਡੀਜ਼ਲ ਦੀ ਦੁਗਣੀ ਮਿਕਦਾਰ ਹਾਸਲ ਕਾਰਨ ਲਈ ਸਾਰੇ ਸੰਭਵ ਯਤਨ ਕੀਤੇ ਗਏ । ਰਿਆਇਤੀ ਦਰਾਂ ਤੇ ਦੋਗਲੀ ਮੱਕੀ ਦਾ ਬੀਜ ਅਤੇ ਧਾਨ ਦਾ ਕੀਮੀਆਈ ਬੀਜ ਮਹਿਕਮੇ ਦੇ ਸਟੋਰਾਂ ਰਾਹੀਂ ਸਪਲਾਈ ਕੀਤਾ ਗਿਆ । ਹਰੀ ਖਾਦ ਵਾਲੀਆਂ ਫਸਲਾਂ ਲਈ ਮੁਹਿੰਮ ਸ਼ੁਰੂ ਕੀਤੀ ਗਈ ਅਤੇ ਰਿਆਇਤੀ ਦਰ ਤੇ ਢੈਂਚਾ ਬੀਜ ਸਪਲਾਈ ਕੀਤਾ ਗਿਆ ਤਾਂ ਜੋ 4,000 ਏਕੜ ਰਕਬੇ ਵਿਚ ਇਸ ਬੀਜ ਤੋਂ ਹੋਰ ਬੀਜ ਤਿਆਰ ਕੀਤਾ ਜਾਵੇ । ਕਿਸਾਨਾਂ ਲਈ ਵੱਡੇ ਪੈਮਾਨੇ ਤੇ ਟ੍ਰੇਨਿੰਗ ਦੇਣ ਦਾ ਪਰੋਗਰਾਮ ਬਣਾਇਆ ਗਿਆ ਜਿਸ ਵਿਚ 1 ਲੱਖ ਕਾਸ਼ਤਕਾਰ ਪਰਿਵਾਰਾਂ ਨੂੰ ਟਰੇਨਿੰਗ ਦਿੱਤੀ ਗਈ। ਸਹਿਕਾਰੀ ਸਭਾਵਾਂ ਰਾਹੀ ਕੀਮੀਆਈ ਖਾਦਾਂ ਸਪਲਾਈ ਕੀਤੀਆਂ ਗਈਆਂ । ਇਸ ਦੇ ਨਤੀਜੇ ਵਜੋਂ, ਪਿਛਲੇ ਸਾਲ ਦੀ 20.5 ਲੱਖ ਟਨ ਉਪਜ ਦੇ ਮੁਕਾਬਲੇ ਤੇ ਜਿਹੜੀ ਕਿ ਉਸ ਸਮੇਂ ਆਪਣੇ ਆਪ ਵਿਚ ਇਕ ਰਿਕਾਰਡ ਸੀ, ਲੱਗ ਭੱਗ 21.5 ਲੱਖ ਟਨ ਦੀ ਰਿਕਾਰਡ ਫ਼ਸਲ ਹੋਣ ਦੀ ਆਸ ਹੈ। ਵੱਧੀਆ ਕਿਸਮ ਦੇ ਬੀਜ ਪੈਦਾ ਕਰਨ, ਪੌਦਿਆਂ ਦੀ ਸੁਰੱਖਿਆ ਅਤੇ ਜ਼ਮੀਨ ਦੇ ਸੁਧਾਰ ਉਤੇ ਉਚਿਤ ਜ਼ੋਰ ਦਿੱਤਾ ਜਾ ਰਿਹਾ ਹੈ । ਛੋਟੇ ਅਤੇ ਸੀਮਾਂਤੀ ਕਿਸਾਨਾਂ ਅਤੇ ਜ਼ਰਾਇਤੀ ਮਜ਼ਦੂਰਾਂ ਦੀ ਸਮੱਸਿਆ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਮੈਨੂੰ ਇਹ ਦੱਸਣ ਵਿਚ ਪ੍ਰਸੰਨਤਾ ਹੈ ਕਿ ਪੰਜਾਬ, ਦੇਸ਼ ਵਿਚ ਪਹਿਲਾ ਰਾਜ ਹੈ, ਜਿਸ ਨੇ ਸਾਰੇ ਜ਼ਿਲ੍ਹਿਆਂ ਵਿਚ ਛੋਟੇ ਅਤੇ ਮਾਰਜਨਲ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਵਿਕਾਸ ਏਜੰਸੀਆਂ ਕਾਇਮ ਕੀਤੀਆਂ ਹਨ ।

ਪਸ਼ੂ ਪਾਲਣ

ਰਾਜ ਨੇ ਬਦੇਸ਼ੀ ਅਤੇ ਆਜ਼ਮੂਦਾ-ਨਸਲ ਦੇ ਸਾਨ੍ਹਾਂ ਨਾਲ ਚੰਗੀਆਂ ਗਊਆਂ ਦੀ ਨਸਲਕਸ਼ੀ ਵਿਚ ਨਵੀਂ ਸਿਖਰ ਛੋਹੀ ਹੈ । ਇਸ ਮੰਤਵ ਲਈ, ਪਟਿਆਲਾ, ਨਾਭਾ ਅਤੇ ਮਲੇਰ ਕੋਟਲਾ ਵਿਖੇ ਤਿੰਨ ਵੱਗ ਰੱਖੇ ਹੋਏ ਹਨ, ਜਿਨ੍ਹਾਂ ਵਿਚ 73 ਜਰਸੀ, 323 ਹੋਲਸਟਨ ਫਰੀਜ਼ੀਅਨ ਤੇ 322 ਬ੍ਰਾਊਨ ਸਵਿਸ ਗਊਆਂ ਸ਼ਾਮਲ ਹਨ । ਸਾਲ 1974-75 ਦੇ ਦੌਰਾਨ 88,292 ਮਸਨੂਈ ਵੀਰਜ ਦਾਖ਼ਲ ਕਰਨ ਦੇ ਕੇਸ ਕੀਤੇ ਗਏ । ਇਹ ਖੁਸ਼ੀ ਦੀ ਗੱਲ ਹੈ ਕਿ ਪਿਛੇ ਜਿਹੇ ਹੋਏ ਪਸ਼ੂ ਸ਼ੋ ਵਿਚ, ਜਿਹੜਾ ਕਿ ਉਨ੍ਹੀਵੀਂ ਅੰਤਰ ਰਾਸ਼ਟਰੀ-ਡੇਅਰੀ ਕਾਂਗਰਸ ਦੇ ਨਾਲ

ਦਿੱਲੀ ਵਿਚ ਕੀਤਾ ਗਿਆ ਸੀ, ਰਾਜ ਨੂੰ 44 ਇਨਾਮ ਮਿਲੇ, ਜਿਨ੍ਹਾਂ ਵਿਚੋਂ 22 ਪਹਿਲੇ ਦਰਜੇ ਦੇ ਇਨਾਮ ਹਨ ।

ਸਾਲ 1974-75 ਦੇ ਦੌਰਾਨ ਪਸ਼ੂਆਂ ਦੇ ਇਲਾਜ ਲਈ 33 ਨਵੀਆਂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਜਿਨ੍ਹਾਂ ਵਿਚ ਨੀਮ-ਪਹਾੜੀ, ਸਰਹੱਦੀ, ਬੇਟ ਅਤੇ ਪਛੜੇ ਇਲਾਕੇ ਵਿਚ ਖੋਲ੍ਹੀਆ ਗਈਆਂ 14 ਡਿਸਪੈਂਸਰੀਆਂ ਸ਼ਾਮਲ ਹਨ । 15 ਡਿਸਪੈਂਸਰੀਆਂ ਨੂੰ ਹਸਪਤਾਲਾਂ ਵਿਚ ਬਦਲਿਆ ਗਿਆ । ਇਸ ਤੋਂ ਇਲਾਵਾ ਰਾਜ ਦੇ ਸਰਹੱਦੀ ਇਲਾਕਿਆਂ ਵਿਚ 18 ਗਸ਼ਤੀ ਪਸ਼ੂ ਇਲਾਜ ਡਿਸਪੈਂਸਰੀਆਂ ਦਾ ਉਪਬੰਧ ਕੀਤਾ ਜਾ ਰਿਹਾ ਹੈ । ਸਾਲ 1975-76 ਵਿਚ 32 ਨਵੀਆਂ ਡਿਸਪੈਂਸਰੀਆਂ ਖੋਲ੍ਹਣ ਅਤੇ 30 ਡਿਸਪੈਂਸਰੀਆਂ ਦਾ ਦਰਜਾ ਵਧਾ ਕੇ ਹਸਪਤਾਲਾਂ ਵਿਚ ਬਦਲਣ ਦੀ ਤਜਵੀਜ਼ ਹੈ ।

ਬਦੇਸ਼ੀ ਅਤੇ ਨਸਲ-ਕਸ਼ੀ ਕੀਤੇ ਪਸ਼ੂਆਂ ਨੂੰ ਪੈਰਾਂ ਅਤੇ ਮੂੰਹ ਦੀ ਬੀਮਾਰੀ ਬੜੀ ਛੇਤੀ ਲੱਗ ਜਾਂਦੀ ਹੈ ਅਤੇ ਸਰਕਾਰ ਨੇ ਇਨ੍ਹਾਂ ਪਸ਼ੂਆਂ ਲਈ ਰਿਆਇਤੀ ਦਰ ਦੇ ਅਧਾਰ ਤੇ ਸੂਏ ਲਾਉਣ ਦਾ ਪਰਬੰਧ ਕੀਤਾ ਹੋਇਆ ਹੈ । ਵੈਕਸੀਨ ਦੀ ਅੱਧੀ ਕੀਮਤ ਪਸ਼ੂ ਦੇ ਮਾਲਿਕ ਨੂੰ ਅਦਾ ਕਰਨੀ ਪੈਂਦੀ ਹੈ ਅਤੇ ਅੱਧੀ ਸਰਕਾਰ ਦੁਆਰਾ ਅਦਾ ਕੀਤੀ ਜਾਂਦੀ ਹੈ ।

ਡੇਅਰੀ ਵਿਕਾਸ

ਡੇਅਰੀ ਵਿਕਾਸ ਤੇ ਯੋਜਨਾ ਖਰਚ ਲਈ ਸਾਲ 1974-75 ਦੇ 51.41 ਲੱਖ ਰੁਪਏ ਦੇ ਮੁਕਾਬਲੇ ਤੇ ਸਾਲ 1975-76 ਵਿਚ 62.96 ਲੱਖ ਰੁਪਏ ਰੱਖੇ ਗਏ ਹਨ । ਅਸੀਂ ਸਫੈਦ ਇਨਕਲਾਬ ਦੀ ਦਹਿਲੀਜ਼ ਤੇ ਖੜੇ ਹਾਂ, ਡੇਅਰੀ ਵਿਕਾਸ ਵਿਚ ਸਾਰੇ ਦੇਸ਼ ਵਿਚ ਸਾਡਾ ਰਾਜ ਮੋਢੀ ਰਾਜ ਹੈ, ਦੁੱਧ ਦਾ ਉਤਪਾਦਨ ਵੱਧ ਕੇ ਪ੍ਰਤੀ ਦਿਨ 57 ਲੱਖ ਲਿਟਰ ਹੋ ਗਿਆ ਹੈ, ਜਿਹੜਾ ਕਿ ਪਿਛਲੇ ਸਾਲ ਦੇ ਉਤਪਾਦਨ ਦੇ ਮੁਕਾਬਲੇ ਤੇ 7 ਫ਼ੀ ਸਦੀ ਵਧੇਰੇ ਹੈ । ਖੇਤੀ ਬਾੜੀ ਦੇ ਸੈਕਟਰ ਵਿਚ ਡੇਅਰੀ ਦਾ ਕੰਮ ਮੁੱਖ ਸਹਾਇਕ ਕਿੱਤੇ ਦੇ ਤੌਰ ਤੇ ਅਪਣਾਉਣ ਨਾਲ, ਅਪੂਰਣ ਰੋਜ਼ਗਾਰ ਅਤੇ ਮੌਸਮੀ ਬੇਰੋਜ਼ਗਾਰ ਦੀ ਸਮਸਿਆ ਕਾਫ਼ੀ ਹੱਦ ਤੱਕ ਹੱਲ ਹੋ ਜਾਵੇਗੀ । ਦਿਹਾਤੀ ਆਰਥਕਤਾ ਇਕ ਨਵੀਂ ਕਰਵਟ ਲਵੇਗੀ ਅਤੇ ਛੋਟੇ ਕਿਸਾਨਾਂ ਦੀ ਡੇਅਰੀ ਫਾਰਮਿੰਗ ਦੇ ਜ਼ਰੀਏ ਆਮਦਨ ਵਧੇਗੀ । ਪਿਛੇ ਜਿਹੇ ਦਿੱਲੀ ਵਿਖੇ ਹੋਈ, ਅੰਤਰ ਰਾਸ਼ਟਰੀ ਡੇਅਰੀ ਕਾਂਗਰਸ ਨੇ ਵੀ ਸਾਡੇ ਦੇਸ਼ ਦਾ ਧਿਆਨ ਡੇਅਰੀ ਪਰਾਜੈਕਟ ਸ਼ੁਰੂ ਕਰਨ ਦੀ ਅਹਿਮੀਅਤ ਅਤੇ ਜ਼ਰੂਰਤ ਵੱਲ ਦਿਵਾਇਆ । ਮੈਂ ਮਾਨਯੋਗ ਮੈਂਬਰਾਂ ਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਡੇਅਰੀ ਦੇ ਕੰਮ ਨੂੰ ਅੱਜ ਸਾਡੀ ਆਰਥਕਤਾ ਵਿਚ ਉਹ ਮਹੱਤਵ-ਪੂਰਣ ਸਥਾਨ ਦਿਵਾਉਣ ਲਈ ਸਰਕਾਰ ਹਰ ਸੰਭਵ ਕਾਰਵਾਈ ਕਰੇਗੀ, ਜਿਹੜਾ ਕਿ ਖੇਤੀ ਬਾੜੀ ਦਾ ਹੈ ।

ਸਹਿਕਾਰਤਾ

ਸਹਿਕਾਰੀ ਸਭਾਵਾਂ ਦੇ ਕਿਸਾਨ ਮੈਂਬਰਾਂ ਦੀਆਂ ਵੱਧ ਰਹੀਆਂ ਕਰਜ਼ੇ ਦੀਆਂ ਲੋੜਾਂ ਪੂਰੀਆਂ ਕਰਨ ਲਈ, ਉਨ੍ਹਾਂ ਦੀ ਕਰਜ਼ਾ ਲੈਣ ਦੀ ਹੱਦ 6,000 ਰੁਪਏ ਤੋਂ ਵਧਾ ਕੇ 9,000 ਰੁਪਏ ਤੱਕ ਕਰ ਦਿੱਤੀ ਗਈ ਹੈ । ਇਨ੍ਹਾਂ ਸਭਾਵਾਂ ਵੱਲੋਂ ਉਪਬੰਧਿਤ ਕਰਜ਼ੇ ਦੀ ਰਕਮ ਸਾਲ 1974-75 ਵਿਚ ਵਧ ਕੇ 95 ਕਰੋੜ ਰੁਪਏ ਹ ਜਾਵੇਗੀ ਜਦ ਕਿ ਇਹ 1973-74 ਵਿਚ 60 ਕਰੋੜ ਰੁਪਏ ਸੀ । ਇਨ੍ਹਾਂ ਸਭਾਵਾਂ ਵੱਲੋਂ ਖਰੀਫ 1974 ਵਿਚ 24.27 ਕਰੋੜ ਰੁਪਏ ਦਾ ਪੇਸ਼ਗੀ ਕਰਜ਼ਾ ਦਿੱਤਾ ਗਿਆ ।

[ਵਿੱਤ ਮੰਤਰੀ]

ਕਾਸ਼ਤਕਾਰਾਂ ਦੀਆਂ ਦਰਮਿਆਨੇ ਅਤੇ ਲੰਮੇ ਸਮੇਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਭੋਂ-ਵਿਕਾਸ, ਛੋਟੀ ਸਿੰਜਾਈ ਅਤੇ ਟ੍ਰੈਕਟਰਾਂ ਲਈ ਉਨ੍ਹਾਂ ਨੂੰ ਲੱਗ ਭੱਗ 10 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ । ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਆਦਿ ਸਰਹੱਦੀ ਇਲਾਕਿਆਂ ਵਿਚ ਟਿਊਬਵੈੱਲ ਲਾਉਣ ਲਈ ਇਕ ਵਿਸ਼ੇਸ਼ ਪਰੋਗਰਾਮ ਸ਼ੁਰੂ ਕੀਤਾ ਗਿਆ ਸੀ ਅਤੇ ਇਨ੍ਹਾਂ ਇਲਾਕਿਆਂ ਵਿਚ 8000 ਨਵੇਂ ਪੰਪਿੰਗ ਸੈੱਟ ਲਾਉਣ ਲਈ 181 ਲੱਖ ਰੁਪਏ ਦੇ ਕਰਜ਼ੇ ਦਿੱਤੇ ਗਏ ।

ਸਮਾਜ ਦੇ ਕਮਜ਼ੋਰ ਵਰਗਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਹਿਕਾਰੀ ਸੰਸਥਾਵਾਂ ਦੀ ਕਰਜ਼ਾ ਦੇਣ, ਪ੍ਰਬੰਧ ਅਤੇ ਭਰਤੀ ਦੀ ਨੀਤੀ ਤੇਜ਼ ਕੀਤੀ ਗਈ ਹੈ । ਇਸ ਤਰ੍ਹਾਂ ਖੇਤੀ ਬਾੜੀ ਸੇਵਾ ਸੁਸਾਇਟੀਆਂ ਵੱਲੋਂ ਦਿੱਤੇ ਗਏ ਕੁਲ ਕਰਜ਼ੇ ਦਾ ਘੱਟੋ ਘੱਟ 30 ਫ਼ੀ ਸਦੀ ਹਿੱਸਾ ਛੋਟੇ ਅਤੇ ਮਾਰਜਨਲ ਕਿਸਾਨਾਂ ਲਈ ਲਾਜ਼ਮੀ ਕੀਤਾ ਗਿਆ ਹੈ । ਹਰੇਕ ਪ੍ਰਬੰਧਕੀ ਕਮੇਟੀ ਵਿਚ ਅਨੁਸੂਚਿਤ ਜਾਤੀਆਂ, ਤੇ ਪਛੜੀਆਂ ਸ਼੍ਰੇਣੀਆਂ ਦਾ ਇਕ ਮੈਂਬਰ ਲੈਣਾ ਜ਼ਰੂਰੀ ਕੀਤਾ ਗਿਆ ਹੈ ।

ਸਹਿਕਾਰੀ ਸੰਸਥਾ ਨੇ ਭਾਰਤ ਸਰਕਾਰ ਦੀ ਕਪਾਹ ਕਾਰਪੋਰੇਸ਼ਨ ਦੀ ਏਜੈਂਟ ਦੇ ਤੌਰ ਤੇ 27.70 ਕਰੋੜ ਰੁਪਏ ਦੀ ਲਾਗਤ ਨਾਲ 8.80 ਲੱਖ ਕੁਇੰਟਲ ਕਪਾਹ ਖਰੀਦ ਕੀਤੀ । ਕਪਾਹ ਕਾਸ਼ਤ ਕਰਨ ਵਾਲਿਆਂ ਨੂੰ ਚੰਗੀ ਕੀਮਤ ਦਿਵਾਉਣ ਲਈ, ਸਰਕਾਰ ਨੇ ਸਹਿਕਾਰੀ ਸੰਸਥਾਵਾਂ ਨੂੰ ਚਾਲੂ ਮੌਸਮ ਵਿਚ ਮੰਡੀਆਂ ਵਿਚ ਦਾਖਲ ਹੋਣ ਅਤੇ ਕਪਾਹ ਖਰੀਦ ਕਰਨ ਦੀ ਹਦਾਇਤ ਕੀਤੀ ਹੈ ਜਿਵੇਂ ਕਿ ਭਾਰਤ ਦੀ ਕਪਾਹ ਕਾਰਪੋਰੇਸ਼ਨ ਨੇ ਸਾਲ 1973-74 ਵਿਚ ਕੀਤਾ ਸੀ । ਇਕ ਕਰੋੜ ਰੁਪਏ ਦੀ ਲਾਗਤ ਦਾ ਇਕ ਕਾਟਨ ਸੀਡ ਪਲਾਂਟ ਗਿਦੜਬਾਹਾ ਵਿਖੇ ਲਾਇਆ ਜਾ ਰਿਹਾ ਹੈ ।

ਸਹਿਕਾਰੀ ਸੰਸਥਾ ਨੇ ਰਾਜ ਵਿਚ ਵੱਡੇ ਪੈਮਾਨੇ ਤੇ ਮਕਾਨ ਉਸਾਰੀ ਦਾ ਪਰੋਗਰਾਮ ਵੀ ਹੱਥ 'ਚ ਲੈ ਲਿਆ ਹੈ । ਇਸ ਮੰਤਵ ਲਈ ਇਕ ਸਹਿਕਾਰੀ ਮਕਾਨ ਉਸਾਰੀ ਫੈਡਰੇਸ਼ਨ ਬਣਾਈ ਗਈ ਹੈ ।

ਰਾਜ ਵਿਚ ਸਹਿਕਾਰੀ ਸਰਗਰਮੀ ਦੇ ਵਿਕਾਸ ਦੇ ਦਿਹਾਤੀ ਇਲਾਕਿਆਂ ਵਿਚ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਨ ਵਿਚ ਵੀ ਮਦਦ ਕੀਤੀ ਹੈ । ਸਾਲ 1973-74 ਦੇ ਦੌਰਾਨ ਸ਼ੁਰੂ ਕੀਤੇ ਗਏ "5 ਲੱਖ ਨੌਕਰੀਆਂ ਦੇ ਪਰੋਗਰਾਮ" ਅਧੀਨ 4,592 ਟਰੇਂਡ ਕੀਤੇ ਗਏ ਵਿਅਕਤੀਆਂ ਵਿਚੋਂ ਸਾਲ 1974-75 ਵਿਚ 2,083 ਵਿਅਕਤੀਆਂ ਨੂੰ ਰੋਜ਼ਗਾਰ ਮੁਹੱਈਆ ਕੀਤਾ ਗਿਆ ਹੈ ਅਤੇ ਬਾਕੀਆਂ ਨੂੰ ਸਾਲ 1975-76 ਦੇ ਦੌਰਾਨ ਰੋਜ਼ਗਾਰ ਮੁਹੱਈਆ ਕੀਤਾ ਜਾਵੇਗਾ ।

ਉਦਯੋਗ

ਸਾਲ 1974-75 ਦੇ ਦੌਰਾਨ ਉਦਯੋਗਿਕ ਵਿਕਾਸ ਉਤੇ 6.75 ਕਰੋੜ ਰੁਪਏ ਖਰਚ ਕੀਤੇ ਗਏ ਸਨ ਜਦ ਕਿ ਸਾਲ 1975-76 ਲਈ 7.87 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਹੈ । ਮੈਂ ਪਹਿਲਾਂ ਵੀ ਦੱਸਿਆ ਹੈ ਕਿ ਸਾਡਾ ਰਾਜ, ਵੱਡੇ ਪੈਮਾਨੇ ਦੇ ਉਦਯੋਗ ਨਾ ਹੋਣ ਕਰਕੇ ਸਨਅਤੀ ਖੇਤਰ ਵਿਚ ਪਿਛੇ ਰਹਿ ਗਿਆ ਹੈ । ਸਰਕਾਰ ਇਨਫਰਾ ਸਟ੍ਰਕਚਰ

ਬਣਾਉਣ ਲਈ ਅਤੇ ਰਾਜ ਵਿਚ ਸਰਮਾਇਆ ਲਾਉਣ ਦੇ ਚਾਹਵਾਨ ਸਨਅਤਕਾਰਾਂ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ, ਰਾਜ ਸਰਕਾਰ ਨੇ ਪਛੜੇ ਤੇ ਸਰਹੱਦੀ ਇਲਾਕਿਆਂ ਵਿਚ 850 ਏਕੜ ਭੂਮੀ ਦੀ ਪ੍ਰਾਪਤੀ ਤੇ ਵਿਕਾਸ ਅਤੇ ਫੋਕਲ ਪੁਆਇੰਟਾਂ ਉਤੇ ਉਦਯੋਗ ਲਾਉਣ ਵਿਚ ਉਤਸ਼ਾਹ ਦੇਣ ਲਈ ਸਾਲ 1975-76 ਵਿਚ 2·80 ਕਰੋੜ ਰੁਪਏ ਦਾ ਉਪਬੰਧ ਕਰਨ ਦਾ ਫੈਸਲਾ ਕੀਤਾ ਹੈ। ਕੁਝ ਸਮੇਂ ਤੋਂ ਸਨਅਤ ਵਿਚ ਰੁਪਿਆ ਲਾਉਣ ਵਾਲਿਆਂ ਦਾ ਰੁਝਾਨ ਬੜਾ ਤਸੱਲੀਬਖਸ਼ ਰਿਹਾ ਹੈ ਅਤੇ ਰਾਜ ਵਿਚ ਸਨਅਤੀ ਮਾਹੌਲ ਬਿਹਤਰ ਹੋ ਗਿਆ ਹੈ। ਇਸ ਗਲ ਦੀ ਪੱਕੀ ਗਵਾਹੀ ਇਹ ਹੈ ਕਿ 1973-74 ਦੇ ਪੂਰੇ ਸਾਲ ਵਿਚ ਜਾਰੀ ਕੀਤੇ 44 ਆਸ਼ੇ-ਪੱਤਰਾਂ ਅਤੇ ਸਨਅਤੀ ਲਸੰਸਾ ਦੇ ਮੁਕਾਬਲੇ ਵਿਚ 1974-75 ਦੇ ਪਹਿਲੇ ਅੱਠਾਂ ਮਹੀਨਿਆਂ ਵਿਚ ਹੀ ਅਜਿਹੇ 59 ਆਸ਼ੇ-ਪੱਤਰ ਅਤੇ ਲਸੰਸ ਜਾਰੀ ਕੀਤੇ ਗਏ।

ਰਾਜ ਸਰਕਾਰ ਨੇ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਦੇ ਰਾਹੀਂ ਪਬਲਿਕ ਖੇਤਰ ਅਤੇ ਸਾਂਝੇ ਖੇਤਰ ਵਿਚ 12 ਨਵੇਂ ਵੱਡੇ ਅਤੇ ਦਰਮਿਆਨੇ ਉਦਯੋਗਿਕ ਅਦਾਰੇ ਸਥਾਪਤ ਕੀਤੇ ਹਨ ਜਿਨ੍ਹਾਂ ਉਤੇ 61 ਕਰੋੜ ਰੁਪਏ ਦਾਂ ਸਰਮਾਇਆ ਲਾਇਆ ਗਿਆ ਹੈ ਅਤੇ ਜਿਨ੍ਹਾਂ ਨੇ ਪੰਜਵੀਂ ਯੋਜਨਾ ਦੇ ਅੰਤ ਤੱਕ ਤਕਰੀਬਨ ਤਕਰੀਬਨ 50 ਹਜ਼ਾਰ ਵਿਅਕਤੀਆਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਨੇ ਹਨ।

ਰਾਜ ਦੇ ਬਜਟ ਵਿਚ ਉਦਯੋਗ ਲਈ ਰੱਖੀ ਰਕਮ ਜਾਂ ਪੰਜਾਬ ਵਿੱਤੀ ਕਾਰਪੋਰੇਸ਼ਨ ਜਾਂ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਦੀ ਹਿੱਸਾ-ਪੂੰਜੀ ਵਿਚ ਪਾਏ ਹਿੱਸੇ ਤੋਂ ਹੀ ਸਨਅਤ ਵਿਚ ਰੁਪਿਆ ਲਾਉਣ ਵਾਲੇ ਹੱਕਦਾਰ ਸਨਅਤਕਾਰਾਂ ਦੀ ਮਾਲੀ ਮਦਦ ਦਾ ਪੂਰਾ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ। ਦਰਅਸਲ ਇਹ ਰਕਮ ਤਾਂ ਮਾਲੀ ਅਦਾਰਿਆਂ ਅਤੇ ਰੀਜ਼ਰਵ ਬੈਂਕ ਆਫ਼ ਇੰਡੀਆ, ਇੰਡਸਟਰੀਅਲ ਡਿਵੈਲਪਮੈਂਟ ਬੈਂਕ ਆਫ਼ ਇੰਡੀਆ, ਇੰਡਸ-ਟਰੀਅਲ ਫਾਈਨੈਂਸ ਕਾਰਪੋਰੇਸ਼ਨ ਆਫ਼ ਇੰਡੀਆ ਅਤੇ ਵਪਾਰਕ ਬੈਂਕਾਂ ਵਰਗੇ ਅਦਾਰਿਆਂ ਤੋਂ ਸਰਮਾਇਆ ਹਾਸਲ ਕਰਨ ਦਾ ਇਕ ਮੁੱਢਲਾ ਯਤਨ ਹੈ।

ਪੰਜਾਬ ਰਾਜ ਦੀ ਛੋਟੇ ਉਦਯੋਗਾਂ ਸਬੰਧੀ ਕਾਰਪੋਰੇਸ਼ਨ ਕਿੱਲਤ ਵਾਲੇ ਕੱਚੇ ਮਾਲ ਦੀ ਸਪਲਾਈ ਵਿਚ ਵਡਮੁੱਲੀ ਸੇਵਾ ਕਰ ਰਹੀ ਹੈ ਤਾਂਕਿ ਉਦਯੋਗ ਵਿਚ ਵਰਤੇ ਜਾਣ ਵਾਲੇ ਕੱਚੇ ਮਾਲ ਦੀ ਸਪਲਾਈ ਲਾਈਨ ਨੂੰ ਚਾਲੂ ਰੱਖਿਆ ਜਾ ਸਕੇ।

ਸਾਡੀ ਉਦਯੋਗਿਕ ਨੀਤੀ ਉਦਯੋਗਿਕ ਅਦਾਰਿਆਂ ਨੂੰ ਇਕ ਥਾਂ ਇਕੱਠਾ ਹੋਣ ਤੋਂ ਬਚਾਉਣ ਦੀ ਹੈ ਤਾਕਿ ਉਦਯੋਗਿਕ ਅਦਾਰਿਆਂ ਦੇ ਕੇਂਦਰੀ-ਕਰਣ ਅਤੇ ਇਸ ਦੇ ਸਿੱਟੇ ਵਜੋਂ ਗੰਦੀਆਂ ਬਸਤੀਆਂ ਦੇ ਵਾਧੇ ਨੂੰ ਰੋਕਿਆ ਜਾ ਸਕੇ। ਇਸ ਆਸ਼ੇ ਨੂੰ ਮੁੱਖ ਰੱਖ ਕੇ ਫੋਕਲ ਪੁਆਇੰਟ ਸਾਰੇ ਰਾਜ ਵਿਚ ਫੈਲਾ ਦਿੱਤੇ ਗਏ ਹਨ। ਰਾਜ ਦੇ ਪਛੜੇ ਹੋਏ ਜ਼ਿਲ੍ਹਿਆਂ ਅਰਥਾਤ ਹੁਸ਼ਿਆਰਪੁਰ, ਬਠਿੰਡਾ ਅਤੇ ਸੰਗਰੂਰ ਵਿਚ ਉਦਯੋਗਿਕ ਯੂਨਿਟ ਸਥਾਪਤ ਕਰਨ ਵਾਲੇ ਸਨਅਤਕਾਰਾਂ ਨੂੰ ਉਪਦਾਨ ਅਤੇ ਹੋਰ ਮਾਲੀ ਸਹੂਲਤਾਂ ਦੇਣ ਵੱਲ ਖ਼ਾਸ ਧਿਆਨ ਦਿੱਤਾ ਗਿਆ ਹੈ।

ਸਨਅਤੀ ਸਿਖਲਾਈ

ਅਸੀਂ ਸਨਅਤੀ ਸਿਖਲਾਈ ਦੀਆਂ ਸਹੂਲਤਾਂ ਵਿਚ ਬਹੁਤ ਵਾਧਾ ਕੀਤਾ ਹੈ। ਇਸੇ ਤਰ੍ਹਾਂ ਰਾਜ ਵਿਚ ਵੱਖ ਵੱਖ ਸਥਾਨਾਂ ਤੇ ਦਸਤਕਾਰੀ ਦੀ ਸਿਖਲਾਈ ਦੀਆਂ ਸਹੂਲਤਾਂ ਵਿਚ

[ਵਿੱਤ ਮੰਤਰੀ]

ਇਜ਼ਾਫਾ ਕੀਤਾ ਗਿਆ ਹੈ । ਸਾਲ 1975-76 ਦੇ ਦੌਰਾਨ ਸਿਖਲਾਈ ਪਰੋਗਰਾਮ ਨੂੰ ਬਿਹਤਰ ਬਣਾਉਣ ਲਈ ਜ਼ਰੂਰੀ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੰਤਵ ਲਈ 23.75 ਲੱਖ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ । ਜਲੰਧਰ, ਗੁਰਦਾਸਪੁਰ ਅਤੇ ਅੰਮ੍ਰਿਤਸਰ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਟੈਲੀਵਿਜ਼ਨ ਦੀ ਸਿਖਲਾਈ ਦੇ ਕੋਰਸ ਸ਼ੁਰੂ ਕਰਨ ਦੀ ਵੀ ਤਜਵੀਜ਼ ਹੈ ।

ਕਿਰਤ ਅਤੇ ਰੋਜ਼ਗਾਰ

ਰਾਜ ਸਰਕਾਰ ਨੇ ਘੱਟੋ ਘੱਟ ਉਜਰਤ ਐਕਟ ਦੇ ਅਧੀਨ ਆਉਂਦੇ ਆਮ ਕਾਮਗਾਰਾਂ ਦੀਆਂ ਘੱਟੋ ਘੱਟ ਉਜਰਤਾਂ ਨੂੰ ਵਧਾ ਕੇ 166.50 ਰੁਪਏ ਮਾਹਵਾਰ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਇਸ ਨੂੰ 1 ਜੁਲਾਈ, 1974 ਦੇ ਪ੍ਰਾਈਸ ਇਨਡੈਕਸ ਨਾਲ ਜੋੜ ਦਿੱਤਾ ਗਿਆ ਹੈ। ਖਪਤਕਾਰ ਪ੍ਰਾਈਸ ਇਨਡੈਕਸ ਵਿਚ ਇਕ ਪੁਆਇੰਟ ਦੇ ਵਧਣ ਨਾਲ ਘੱਟੋ ਘੱਟ ਉਜਰਤ ਵਿਚ ਹੋਣ ਯੋਗ ਵਾਧੇ ਨੂੰ 50 ਪੈਸਿਆਂ ਤੋਂ ਵਧਾ ਕੇ 75 ਪੈਸੇ ਕਰ ਦਿੱਤਾ ਗਿਆ ਹੈ। ਜਿਹੜਾ ਕਿ ਸਾਰੇ ਰਾਜਾਂ ਨਾਲੋਂ ਜ਼ਿਆਦਾ ਹੈ । (ਥੰਪਿੰਗ)

ਮਜ਼ਦੂਰ ਭਲਾਈ ਬੋਰਡ ਨੇ ਸਨਅਤੀ ਮਜਦੂਰਾਂ ਅਤੇ ਭੂਮੀਹੀਣ ਜ਼ਰਾਇਤੀ ਕਾਮਿਆਂ ਦੇ ਬੱਚਿਆਂ ਨੂੰ ਤਕਨੀਕੀ ਵਿਦਿਆਂ ਦੀ ਉਚੇਰੀ ਪੜ੍ਹਾਈ ਕਰਨ ਲਈ 50 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ 200 ਵਜ਼ੀਫੇ ਦੇਣ ਅਤੇ 200 ਸਨਅਤੀ ਮਜ਼ਦੂਰਾਂ ਨੂੰ ਆਪਣੀ ਆਮਦਨ ਵਧਾਉਣ ਲਈ ਸਿਲਾਈ ਮਸ਼ੀਨਾਂ ਖਰੀਦਣ ਲਈ ਵਿਆਜ-ਰਹਿਤ ਕਰਜ਼ੇ ਦੇਣ ਦਾ ਫ਼ੈਸਲਾ ਕੀਤਾ ਹੈ । ਸਾਲ 1975-76 ਵਿਚ ਫਾਇਦਾ ਉਠਾਉਣ ਵਾਲੇ ਅਜਿਹੇ ਲੋਕਾਂ ਦੀ ਗਿਣਤੀ ਦੁਗਣੀ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ । ਪ੍ਰਸਿੱਧ ਸਨਅਤੀ ਨਗਰਾਂ ਵਿਚ ਸਨਅਤੀ ਮਜ਼ਦੂਰਾਂ ਲਈ ਮਾਡਲ ਭਲਾਈ ਕੇਂਦਰ ਚਾਲੂ ਕਰਨ ਦੀ ਵੀ ਤਜਵੀਜ਼ ਹੈ । (ਥੰਪਿੰਗ)

ਰਾਜ ਸਰਕਾਰ ਦੁਆਰਾ ਅਪਣਾਈਆਂ ਅਗਾਂਹਵਧੂ ਕਿਰਤ-ਨੀਤੀਆਂ ਦੇ ਨਤੀਜੇ ਵਜੋਂ ਆਰਥਕਤਾ ਵਿਚ ਕਰੰਸੀ ਦੇ ਫੈਲਾਓ ਦੇ ਦਬਾਓ ਤੋਂ ਪੈਦਾ ਹੋਈਆਂ ਮੁਸ਼ਕਲਾਂ ਦੇ ਬਾਵਜੂਦ ਰਾਜ ਵਿਚ ਸਨਅਤੀ ਸ਼ਾਂਤੀ ਕਾਇਮ ਰੱਖੀ ਗਈ ਹੈ । ਨਵੰਬਰ, 1974 ਦੇ ਅੰਤ ਤੱਕ ਰਾਜ ਵਿਚ ਕੇਵਲ 23 ਹੜਤਾਲਾਂ ਅਤੇ ਤਾਲਾਬੰਦੀਆਂ ਹੋਈਆਂ ਜਿਨ੍ਹਾਂ ਕਰਕੇ 57,410 ਦਿਹਾੜੀਆਂ ਖਰਾਬ ਹੋਈਆਂ ਜਦੋਂ ਕਿ 1973 ਦੇ ਦੌਰਾਨ 55 ਹੜਤਾਲਾਂ ਅਤੇ ਤਾਲਾਬੰਦੀਆਂ ਹੋਈਆਂ ਅਤੇ 81,837 ਦਿਹਾੜੀਆਂ ਖਰਾਬ ਹੋਈਆਂ ।

ਵਿਸ਼ੇਸ਼ ਰੋਜ਼ਗਾਰ ਪ੍ਰੋਗਰਾਮ

ਪੜ੍ਹੇ-ਲਿਖੇ ਬੇਰੋਜ਼ਗਾਰ ਵਿਅਕਤੀਆਂ ਵਿਚ ਫ਼ੈਲੀ ਨਿਰਾਸ਼ਾ ਤੋਂ ਸੁਚੇਤ ਹੋਣ ਕਰਕੇ ਸਾਲ 1975-76 ਦੀ ਯੋਜਨਾ ਵਿਚ ਦੋ ਕਰੋੜ ਰੁਪਏ ਦੀ ਰਕਮ ਦਾ ਵਿਸ਼ੇਸ਼ ਉਪਬੰਧ ਕੀਤਾ ਗਿਆ ਹੈ ਤਾਂਕਿ ਉਨ੍ਹਾਂ ਲਈ ਰੋਜ਼ਗਾਰ ਮੁਹੱਈਆ ਕੀਤਾ ਜਾ ਸਕੇ । ਇਹ ਰਕਮ ਖੇਤਰ-ਵਾਰ ਲਈ ਉਸ ਪੂੰਜੀ ਤੋਂ ਇਲਾਵਾ ਹੈ ਜਿਸ ਨਾਲ ਟਰੇਂਡ ਅਮਲੇ ਨੂੰ ਵੱਡੇ ਪੈਮਾਨੇ ਤੇ ਹੋਰ ਰੋਜ਼ਗਾਰ ਮੁਹੱਈਆ ਕੀਤੇ ਜਾਣਗੇ। ਅਸੀਂ ਰੋਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਕੇਵਲ ਸਰਕਾਰੀ ਏਜੰਸੀਆਂ ਤੇ ਹੀ ਭਰੋਸਾ ਨਹੀਂ ਕਰ ਰਹੇ, ਸਗੋਂ ਅਜਿਹਾ ਮਾਹੌਲ ਪੈਦਾ ਕਰਨ ਤੇ ਜ਼ੋਰ

ਦਿੱਤਾ ਜਾ ਰਿਹਾ ਹੈ ਜਿਸ ਨਾਲ ਡਾਕਟਰਾਂ ਅਤੇ ਇੰਜਨੀਅਰਾਂ ਆਦਿ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਵਿਚ ਸਹਾਇਤਾ ਦਿੱਤੀ ਜਾ ਸਕੇ ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ

ਸਰਕਾਰ ਅਨੁਸੂਚਿਤ ਜਾਤੀਆਂ, ਵਿਮੁਕਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਹਾਲਤ ਸੁਧਾਰਨ ਦੀ ਚਾਹਵਾਨ ਰਹੀ ਹੈ । ਉਨ੍ਹਾਂ ਦੀ ਸਿਖਿਆ ਨੂੰ ਯਕੀਨੀ ਬਣਾਉਣ ਲਈ ਵਜ਼ੀਫੇ ਦੇਣ ਅਤੇ ਫੀਸਾਂ ਮੁਆਫ਼ ਕਰਨ ਦਾ ਇਕ ਵੱਡਾ ਪਰੋਗਰਾਮ ਪਹਿਲਾ ਹੀ ਸ਼ੁਰੂ ਕੀਤਾ ਹੋਇਆ ਹੈ । ਹੁਣੇ ਜਿਹੇ ਸਰਕਾਰ ਨੇ ਵਜ਼ੀਫਿਆਂ ਲਈ ਪਾਤਰਤਾ ਦੇ ਫ਼ਾਰਮੂਲੇ ਵਜੋਂ ਮਾਪਿਆਂ ਦੀ ਸਾਲਾਨਾ ਆਮਦਨ ਦੀ ਸੀਮਾਂ 3,600 ਰੁਪਏ ਤੋਂ ਵਧਾ ਕੇ 6,000 ਰੁਪਏ ਸਾਲਾਨਾ ਕਰ ਦਿੱਤੀ ਹੈ । (ਥੰਪਿੰਗ) ਇਨ੍ਹਾਂ ਵਰਗਾਂ ਦੇ ਸਿਖਿਆਰਥੀਆਂ ਲਈ ਉਦਯੋਗਿਕ ਸਿਖਲਾਈ ਸੰਸਥਾਵਾਂ ਜਾਂ ਉਦਯੋਗਿਕ ਸਿਖਲਾਈ ਕੇਂਦਰਾਂ ਵਿਚ ਦਾਖਲਾ ਲੈਣ ਵਿਚ ਸਹਾਇਤਾ ਕਰਨ ਲਈ ਵੀ ਵੱਖਰਾ ਉਪਬੰਧ ਕੀਤਾ ਗਿਆ ਹੈ ।

ਅਨੁਮਾਨ ਹੈ ਕਿ "ਪੰਜਾਬ ਅਨੁਸੂਚਿਤ-ਜਾਤੀ, ਭੌਂ ਵਿਕਾਸ ਅਤੇ ਵਿੱਤ-ਕਾਰਪੋਰੇਸ਼ਨ" ਜ਼ਰਾਇਤੀ ਵਿਕਾਸ, ਛੋਟੇ ਪੈਮਾਨੇ ਦੇ ਉਦਯੋਗਾਂ, ਇਮਾਰਤਾਂ, ਟਰਾਂਸਪੋਰਟ ਅਤੇ ਅਜਿਹੇ ਹੋਰ ਪਰਵਾਨ ਕੀਤੇ ਕਾਰੋਬਾਰ, ਜ਼ਮੀਨ ਦੀ ਖਰੀਦ ਅਤੇ ਵਪਾਰ ਉਤੇ, ਸਾਲ 1974-75 ਵਿਚ 95 ਲੱਖ ਰੁਪਏ ਅਤੇ 1975-76 ਵਿਚ ਇਕ ਕਰੋੜ ਰੁਪਏ ਦੀ ਰਕਮ ਖਰਚ ਕਰੇਗੀ । ਕਾਰਪੋਰੇਸ਼ਨ ਦੁਆਰਾ ਦਿੱਤੇ ਕਰਜ਼ੇ ਨਾਲ ਖਰੀਦੀ ਜ਼ਮੀਨ ਦੀ ਰਜਿਸਟਰੀ ਤੇ ਲਗਣ ਵਾਲੀ ਅਸ਼ਟਾਮ ਡਿਊਟੀ ਵੀ ਮੁਆਫ਼ ਕਰ ਦਿੱਤੀ ਗਈ ਹੈ । (ਥੰਪਿੰਗ)

ਅਸੀਂ ਅਨੁਸੂਚਿਤ ਜਾਤੀਆਂ ਲਈ ਵੱਡੇ ਪੈਮਾਨੇ ਤੇ ਧਰਮਸ਼ਾਲਾਂ ਅਤੇ ਚੌਪਾਲਾ ਬਣਾਉਣ ਦਾ ਪਰੋਗਰਾਮ ਸ਼ੁਰੂ ਕੀਤਾ ਹੈ ਅਤੇ ਇਸ ਮੰਤਵ ਲਈ ਸਾਲ 1974-75 ਲਈ 1.25 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਸੀ । ਇਤਨੀ ਹੀ ਰਕਮ 1975-76 ਦੇ ਸਾਲ ਲਈ ਵੀ ਰੱਖੀ ਗਈ ਹੈ ।

ਸਾਲ 1972-73 ਵਿਚ "ਹਰੀਜਨ ਬਸਤੀਆਂ ਦੇ ਸੁਧਾਰ" ਦੀ ਸਕੀਮ ਸ਼ੁਰੂ ਕੀਤੀ ਗਈ ਸੀ, ਜਿਸ ਅਧੀਨ 1974-75 ਦੇ ਦੌਰਾਨ 132 ਹਰੀਜਨ ਬਸਤੀਆਂ ਵਿਚ ਗਲੀਆਂ ਪੱਕੀਆਂ ਕਰਨ, ਨਾਲੀਆਂ ਬਣਾਉਣ ਅਤੇ ਜਲ-ਸਪਲਾਈ ਦਾ ਪ੍ਰਬੰਧ ਕਰਨ ਸਬੰਧੀ ਕੰਮ ਮੁਕੰਮਲ ਹੋ ਜਾਵੇਗਾ ਅਤੇ ਸਾਲ 1975-76 ਵਿਚ ਇਸ ਮੰਤਵ ਲਈ 93 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ ।

ਸਾਲ 1974-75 ਦੇ ਦੌਰਾਨ ਨਵੇਂ ਖੂਹ ਲਾਉਣ, ਪੁਰਾਣਿਆਂ ਦੀ ਮੁਰੰਮਤ ਕਰਨ ਅਤੇ ਨਲਕੇ ਲਾਉਣ ਲਈ 7 ਲੱਖ ਰੁਪਏ ਦੀ ਰਕਮ ਰੱਖੀ ਗਈ ਸੀ । ਜ਼ਮੀਨ ਖਰੀਦਣ ਲਈ ਰਜਿਸਟਰੀ ਦੀ ਅਸ਼ਟਾਮ ਫ਼ੀਸ ਅਤੇ ਇਸ ਤਰ੍ਹਾਂ ਖ਼ਰੀਦੀ ਜ਼ਮੀਨ ਤੇ ਮਕਾਨ ਬਣਾਉਣ ਅਤੇ ਖੂਹ ਲਾਉਣ ਲਈ 180 ਹਰੀਜਨਾਂ ਨੂੰ 1974-75 ਦੇ ਦੌਰਾਨ 11 ਲੱਖ ਰੁਪਏ ਦੀ ਸਬਸਿਡੀ ਦਿੱਤੀ ਗਈ । ਇਸ ਮੰਤਵ ਲਈ ਸਾਲ 1975-76 ਵਿਚ ਇਤਨੀ ਹੀ ਰਕਮ ਰੱਖੀ ਗਈ ਹੈ ।

[ਵਿੱਤ ਮੰਤਰੀ]

ਸਾਲ 1974-75 ਵਿਚ ਹਰੀਜਨ ਵਿਦਿਆਰਥੀਆਂ ਲਈ "ਕਾਨੂੰਨ, ਡਾਕਟਰੀ ਅਤੇ ਇੰਜਨੀਅਰੀ" ਦੀਆਂ ਪੁਸਤਕਾਂ ਖਰੀਦਣ ਲਈ ਸਬਸਿਡੀ ਦੀ ਨਵੀਂ ਸਕੀਮ ਸ਼ੁਰੂ ਕੀਤੀ ਗਈ ਹੈ। ਇਸ ਪ੍ਰੋਗਰਾਮ ਤੇ 72,000 ਰੁਪਏ ਦੀ ਰਕਮ ਖ਼ਰਚ ਕੀਤੀ ਜਾਣੀ ਹੈ। 3 ਲੱਖ ਰੁਪਏ ਦੇ ਖ਼ਰਚ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜ਼ੋਨਲ ਕੋਚਿੰਗ ਸੈਂਟਰ ਵਿਖੇ ਹਰੀਜਨਾਂ ਦੇ 49 ਉਮੀਦਵਾਰਾਂ ਨੂੰ ਭਾਰਤੀ ਪ੍ਰਸ਼ਾਸਕੀ ਸੇਵਾ ਅਤੇ ਸੰਬਧ ਸੇਵਾਵਾਂ ਦੇ ਮੁਕਾਬਲੇ ਦੇ ਇਮਤਿਹਾਨਾਂ ਲਈ ਸਿਖਲਾਈ ਦਿੱਤੀ ਗਈ। ਇਹ ਕੇਂਦਰ ਹਰੀਜਨ ਉਮੀਦਵਾਰਾਂ ਨੂੰ ਅੱਗੇ ਵੀ ਅਜਿਹੀ ਸਿਖਲਾਈ ਦਿੰਦਾ ਰਹੇਗਾ।

ਇੱਕ ਵਿਸ਼ੇਸ਼ ਰੋਜ਼ਗਾਰ ਸੈੱਲ ਕਾਇਮ ਕੀਤਾ ਗਿਆ ਹੈ ਜਿਥੇ ਪੜ੍ਹੇ-ਲਿਖੇ ਬੇਰੋਜ਼ਗਾਰ ਹਰੀਜਨਾਂ ਦੇ ਨਾਂ ਦਰਜ ਕੀਤੇ ਜਾਂਦੇ ਹਨ। ਇਹ ਸੈੱਲ ਇਨ੍ਹਾਂ ਵਿਅਕਤੀਆਂ ਨੂੰ ਛੇਤੀ ਰੋਜ਼ਗਾਰ ਹਾਸਿਲ ਕਰਨ ਵਿਚ ਸਹਾਇਤਾ ਵੀ ਦਿੰਦਾ ਹੈ।

ਖੇਤੀ ਬਾੜੀ ਸਬ-ਇਨਸਪੈਕਟਰਾਂ ਦੀਆਂ ਅਸਾਮੀਆਂ ਲਈ ਹਰੀਜਨ ਉਮੀਦਵਾਰਾਂ ਨੂੰ ਸਿਖਲਾਈ ਦੇਣ ਲਈ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਵਿਸ਼ੇਸ਼ ਸਿਖਲਾਈ ਕੋਰਸ ਸ਼ੁਰੂ ਕੀਤਾ ਗਿਆ ਹੈ, ਜਿਸ ਲਈ 76,000 ਰੁਪਏ ਦੀ ਰਕਮ ਰੱਖੀ ਗਈ ਹੈ।

ਰਾਜ ਸਰਕਾਰ ਹਰੀਜਨਾਂ ਦੀ ਸਮਾਜਕ ਵਿਦਿਅਕ ਅਤੇ ਆਰਥਕ ਭਲਾਈ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਇਨ੍ਹਾਂ ਮੰਤਵਾਂ ਲਈ ਬਜਟ ਉਪਬੰਧਾਂ ਵਿਚ ਕਾਫ਼ੀ ਵਾਧਾ ਕਰ ਰਹੀ ਹੈ। ਸਾਲ 1974-75 ਵਿਚ ਰੱਖੀ 2.99 ਕਰੋੜ ਰੁਪਏ ਦੀ ਰਕਮ ਦੇ ਮੁਕਾਬਲੇ ਤੇ ਸਾਲ 1975-76 ਵਿਚ 4.22 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ, (ਥੰਪਿੰਗ) ਜਿਹੜੀ ਕਿ 1.23 ਕਰੋੜ ਰੁਪਏ ਵੱਧ ਹੈ।

ਸੜਕਾਂ

ਮਾਨਯੋਗ ਮੈਂਬਰ, ਰਾਜ ਸਰਕਾਰ ਵੱਲੋਂ ਹਰ ਪਿੰਡ ਨੂੰ ਪੱਕੀ ਸੜਕ ਨਾਲ ਮਿਲਾਉਣ ਸਬੰਧੀ ਪਿਛਲੇ ਦੋ ਸਾਲਾਂ ਵਿਚ ਕੀਤੇ ਭਰਪੂਰ ਯਤਨਾਂ ਤੋਂ ਭਲੀ ਪ੍ਰਕਾਰ ਜਾਣੂ ਹਨ। ਗ੍ਰਾਮ ਸੜਕਾਂ ਲਈ ਸਾਲ 1974-75 ਲਈ 1.80 ਕਰੋੜ ਰੁਪਏ ਦਾ ਉਪਬੰਧ ਇਸ ਖ਼ਿਆਲ ਨਾਲ ਕੀਤਾ ਗਿਆ ਸੀ ਕਿ ਮਾਰਕਿਟ ਕਮੇਟੀਆਂ ਲਿੰਕ ਸੜਕਾਂ ਦੀ ਉਸਾਰੀ ਵਿਚ ਕਾਫ਼ੀ ਸਹਾਇਤਾ ਦੇਣਗੀਆਂ। ਐਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਅਨੁਸਾਰ ਮਾਰਕਿਟ ਕਮੇਟੀਆਂ ਦੁਆਰਾ ਮੁਹੱਈਆ ਕੀਤੇ ਜਾਣ ਵਾਲੇ ਫੰਡ ਜਿਨ੍ਹਾਂ ਦਾ ਬਜਟ ਤਿਆਰ ਕਰਨ ਸਮੇਂ ਕਿਆਸ ਕੀਤਾ ਗਿਆ ਸੀ, ਪੂਰੇ ਪ੍ਰਾਪਤ ਨਹੀਂ ਕੀਤੇ ਜਾ ਸਕੇ, ਇਸ ਲਈ ਰਾਜ ਸਰਕਾਰ ਨੂੰ ਸਾਲ 1974-75 ਲਈ 3.25 ਕਰੋੜ ਰੁਪਏ ਦੇ ਹੋਰ ਫੰਡ ਮੁਹੱਈਆ ਕਰਨੇ ਪਏ। ਸਾਲ 1975-76 ਵਿਚ ਸੜਕਾਂ ਲਈ 8.22 ਕਰੋੜ ਰੁਪਏ ਰੱਖੇ ਗਏ ਹਨ। ਸੜਕਾਂ ਦੀ ਮੁਰੰਮਤ ਲਈ ਰੱਖੀ ਰਕਮ $1\frac{1}{2}$ ਕਰੋੜ ਰੁਪਏ ਤੋਂ ਵਧਾ ਕੇ ਤਿੰਨ ਕਰੋੜ ਰੁਪਏ ਕਰਕੇ ਦੁਗਣੀ ਕਰ ਦਿੱਤੀ ਗਈ ਹੈ। (ਥੰਪਿੰਗ)

ਟ੍ਰਾਂਸਪੋਰਟ

ਪੰਜਾਬ ਰੋਡਵੇਜ਼ ਦੇ ਫਲੀਟ ਵਿਚ ਸਾਲ 1974-75 ਦੇ ਦੌਰਾਨ 135 ਲੱਖ ਰੁਪਏ ਦੀ ਲਾਗਤ ਨਾਲ 130 ਹੋਰ ਬੱਸਾਂ ਸ਼ਾਮਿਲ ਕੀਤੀਆਂ ਜਾਣਗੀਆਂ ਜਿਸ ਨਾਲ ਇਸ ਦੀਆਂ ਬੱਸਾਂ ਦੀ

ਗਿਣਤੀ 1,696 ਤੋਂ ਵੱਧ ਕੇ 1,826 ਅਤੇ ਪੂੰਜੀਗਤ ਲਾਗਤ 14.23 ਕਰੋੜ ਰੁਪਏ ਹੋ ਜਾਵੇਗੀ। ਸਾਲ 1975-76 ਦੇ ਦੌਰਾਨ 175 ਲੱਖ ਰੁਪਏ ਰੱਖੇ ਗਏ ਹਨ, ਜਿਸ ਨਾਲ 135 ਬੱਸਾਂ ਦਾ ਹੋਰ ਵਾਧਾ ਹੋ ਜਾਵੇਗਾ। ਇਸ ਨਾਲ ਕੁਲ ਪੂੰਜੀਗਤ ਲਾਗਤ 15.98 ਕਰੋੜ ਰੁਪਏ ਅਤੇ ਫਲੀਟ ਵਿਚ ਬੱਸਾਂ ਦੀ ਗਿਣਤੀ 1,961 ਹੋ ਜਾਵੇਗੀ।

ਸਾਲ 1974-75 ਦੇ ਦੌਰਾਨ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਫਲੀਟ ਵਿਚ ਬੱਸਾਂ ਦੀ ਗਿਣਤੀ 712 ਤੋਂ ਵੱਧ ਕੇ 792 ਹੋ ਜਾਵੇਗੀ। ਰਾਜ ਸਰਕਾਰ ਵੱਲੋਂ ਪੈਪਸੂ ਰੋਡ ਕਾਰਪੋਰੇਸ਼ਨ ਨੂੰ 50 ਲੱਖ ਰੁਪਏ ਹੋਰ ਦੇਣ ਦੀ ਤਜਵੀਜ਼ ਹੈ।

ਸਿਵਲ ਹਵਾਬਾਜ਼ੀ

ਪੰਜਾਬ ਵਿਚ ਸਾਰੇ ਦੇਸ਼ ਤੋਂ ਵੱਧ ਫਲਾਇੰਗ ਕਲੱਬ ਹਨ, ਇਨ੍ਹਾਂ ਪਾਸ 24 ਪੁਸ਼ਪਕ ਹਵਾਈ ਜਹਾਜ਼ ਅਤੇ 4 ਰੋਹਨੀ ਗਲਾਈਂਡਰਜ਼ ਹਨ। ਪੰਜਾਬ ਵਿਚ ਹਵਾਬਾਜ਼ੀ ਦਾ ਸ਼ੌਕ ਪੈਦਾ ਕਰਨ ਦੀ ਸਕੀਮ ਲਾਗੂ ਕਰਨ ਅਤੇ ਫ਼ਸਲਾਂ ਉਤੇ ਸਪਰੇ ਕਰਨ ਦੀ ਉਚੇਰੀ ਸਿਖਲਾਈ ਦੇਣ ਲਈ ਸਿਖਲਾਈ ਦੇਣ ਵਾਲੇ ਹਵਾਈ ਜਹਾਜ਼ ਖਰੀਦਣ ਲਈ ਸਾਲ 1975-76 ਦੇ ਦੌਰਾਨ 14.50 ਲੱਖ ਰੁਪਏ ਖਰਚ ਕਰਨ ਦੀ ਤਜਵੀਜ਼ ਹੈ।

ਟੂਰਿਜ਼ਮ

ਰਾਜ ਸਰਕਾਰ ਨੇ ਹੁਣ ਜਿਹੇ ਟੂਰਿਜ਼ਮ, ਸਭਿਆਚਾਰਕ ਮਾਮਲਿਆਂ, ਆਰਕਿਆਲੋਜੀ ਅਤੇ ਅਜਾਇਬ-ਘਰ ਦੇ ਵਿਭਾਗਾਂ ਨੂੰ ਇਕੱਠਾਂ ਕਰ ਦਿੱਤਾ ਹੈ। ਪਠਾਨਕੋਟ, ਨੰਗਲ, ਅਨੰਦਪੁਰ ਸਾਹਿਬ ਅਤੇ ਸ਼ਾਹਪੁਰ ਕੰਢੀ ਵਿਖੇ ਟੂਰਿਸਟਾਂ ਦੇ ਠਹਿਰਣ ਦੀ ਥਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਰੋਪੜ ਅਤੇ ਲੁਧਿਆਣਾ ਵਿਖੇ ਟੂਰਿਸਟ ਕੰਮਪਲੈਕਸ ਮਾਰਚ, 1975 ਤੱਕ ਤਿਆਰ ਹੋ ਜਾਣਗੇ। ਅੰਮ੍ਰਿਤਸਰ ਵਿਖੇ ਤਿੰਨ-ਸਟਾਰ ਹੋਟਲ, ਨੀਲੋਂ ਵਿਖੇ ਟੂਰਿਸਟ ਕੰਮਪਲੈਕਸ, ਸਰਹੰਦ ਵਿਖੇ ਫਲੋਟਿੰਗ ਰੈਸਟੋਰੈਂਟ ਅਤੇ ਫ਼ਗਵਾੜਾ ਵਿਖੇ ਸਨੈਕ ਬਾਰ ਦੀ ਤਮੀਰ ਹੋ ਰਹੀ ਹੈ। ਅੰਮ੍ਰਿਤਸਰ ਵਿਖੇ 50 ਯੁਵਕਾਂ ਲਈ ਯੂਥ ਹੋਸਟਲ ਤਿਆਰ ਹੋ ਗਿਆ ਹੈ। ਸਾਲ 1975-76 ਵਿਚ ਵਾਘਾ ਅਤੇ ਨੰਗਲ ਵਿਖੇ ਨਵੇਂ ਸੂਚਨਾ ਤੇ ਸੁਆਗਤ ਕੇਂਦਰ ਮੁਕੰਮਲ ਕੀਤੇ ਜਾਣਗੇ। ਸਾਲ 1975-76 ਵਿਚ ਸ਼ੁਰੂ ਕਰਨ ਵਾਲੀਆਂ ਹੋਰ ਸਕੀਮਾਂ ਵਿਚ ਆਮ ਖ਼ਾਸ ਬਾਗ ਸਰਹੰਦ, ਸ਼ੀਸ਼ ਮਹਿਲ ਪਟਿਆਲਾ, ਝੀਲ ਖਨੌਰੀ, ਕਿਸ਼ਤੀ ਕਲੱਬ, ਕਾਂਮਲੀ, ਸ਼ੰਭੂ ਅਤੇ ਕੀਰਤਪੁਰ ਵਿਖੇ ਸਨੈਕ ਬਾਰ ਦਾ ਵਿਕਾਸ ਕਰਨਾ ਹੈ।

ਸਿਖਿਆ

ਸਿਖਿਆ ਸਬੰਧੀ ਖ਼ਰਚ ਲਗਾਤਾਰ ਵਧਦਾ ਜਾ ਰਿਹਾ ਹੈ। 1975-76 ਵਿਚ 54.38 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਜਦੋਂ ਕਿ ਸਾਲ 1974-75 ਵਿਚ 48.74 ਕਰੋੜ ਰੁਪਏ ਰੱਖੇ ਗਏ ਸਨ।

ਸਾਲ 1974-75 ਵਿਚ 500 ਪ੍ਰਾਇਮਰੀ ਸਕੂਲ ਖੋਲ੍ਹੇ ਗਏ। ਵਿਗਿਆਨ ਦਾ ਮਜ਼ਮੂਨ ਪ੍ਰਾਇਮਰੀ ਪੱਧਰ ਤੋਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਸ ਸਾਲ ਦੇ ਅੰਤ ਤੱਕ ਦੋ-ਤਿਹਾਈ ਸਕੂਲਾਂ ਵਿਚ ਵਿਗਿਆਨ ਦੀ ਪੜ੍ਹਾਈ ਲਈ ਜ਼ਰੂਰੀ ਸਾਮਾਨ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ।

[ਵਿੱਤ ਮੰਤਰੀ]

ਸਿਖਿਆ ਨੂੰ ਰੋਜ਼ਗਾਰ ਅਨੁਕੂਲ ਬਣਾਉਣਾ

ਪੰਜਾਬ ਪਹਿਲਾ ਰਾਜ ਹੈ, ਜਿਸ ਨੇ ਸਿਖਿਆ ਪ੍ਰਣਾਲੀ ਨੂੰ ਰੋਜ਼ਗਾਰ ਅਨੁਕੂਲ ਕਰਨ ਦਾ ਨਵਾਂ ਤਜਰਬਾ ਕੀਤਾ ਹੈ। ਇਹ ਠੀਕ ਹੈ ਕਿ ਸਾਡੀ ਮੌਜੂਦਾ ਸਿਖਿਆ ਪ੍ਰਣਾਲੀ ਅੱਜ ਕਲ੍ਹ ਦੀ ਆਰਥਿਕ ਹਾਲਤ ਦੀ ਅਸਲੀਅਤ ਦੇ ਅਨੁਕੂਲ ਨਹੀਂ ਅਤੇ ਇਹ ਸਾਡੇ ਨੌਜਵਾਨਾ ਨੂੰ ਪੜ੍ਹਾਈ ਮੁਕੰਮਲ ਕਰਨ ਤੋਂ ਮਗਰੋਂ ਇਸ ਯਗ ਨਹੀਂ ਬਣਾਉਂਦੀ ਕਿ ਉਹ ਕੋਈ ਉਪਜਾਊ ਕੰਮ ਕਰ ਸਕਣ। ਅਸੀਂ 100 ਮਿਡਲ ਸਕੂਲ ਅਤੇ 50 ਹਾਇਰ ਸੈਕੰਡਰੀ ਸਕੂਲਾਂ ਨੂੰ ਚੁਣਿਆ ਹੈ ਜਿਥੇ ਸਿਖਿਆ ਕੋਰਸ ਰੋਜ਼ਗਾਰ ਅਨੁਕੂਲ ਹੋਣਗੇ ਤਾਂ ਜੋ ਇਸ ਤਰ੍ਹਾਂ ਟਰੇਂਡ ਕੀਤੇ ਵਿਦਿਆਰਥੀ ਫੌਰਨ ਉਪਜਾਊ ਕਿੱਤਿਆਂ ਵਿਚ ਲੱਗ ਸਕਣ। ਇਹ ਕੋਰਸ ਤੁਰੰਤ ਸ਼ੁਰੂ ਕੀਤੇ ਜਾ ਰਹੇ ਹਨ, ਅਤੇ ਸਾਲ 1975-76 ਦੇ ਬਜਟ ਅਨੁਮਾਨਾਂ ਵਿਚ 37.81 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਤਾਂਕਿ ਇਹ ਸਕੀਮ ਜਾਰੀ ਰੱਖੀ ਜਾ ਸਕੇ। (ਥੰਪਿੰਗ)

ਯੁਵਕ ਭਲਾਈ

ਯੁਵਕ ਭਲਾਈ ਵਿਭਾਗ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਨੇ ਗੈਰ-ਵਿਦਿਆਰਥੀ ਯੁਵਕਾਂ ਨੂੰ ਵੱਖ ਵੱਖ ਸਰਗਰਮੀਆਂ ਵਿਚ ਹਿੱਸਾ ਲੈਣ ਦਾ ਮੌਕਾ ਦਿੱਤਾ ਹੈ। ਇਸ ਵਿਭਾਗ ਵਾਸਤੇ 1975-76 ਲਈ 9 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਮੈਡੀਕਲ

ਮੈਡੀਕਲ ਅਤੇ ਸਿਹਤ ਪਰੋਗਰਾਮ ਦੀ ਇਕ ਮਹੱਤਵ ਪੂਰਣ ਗੱਲ ਇਹ ਹੈ ਕਿ ਪਿੰਡਾਂ ਨੂੰ ਅਜਿਹੀਆਂ ਸਹੂਲਤਾਂ ਦੇਣ ਦਾ ਪ੍ਰਬੰਧ ਕੀਤਾ ਜਾਵੇ ਤਾਂਕਿ ਸ਼ਹਿਰੀ ਅਤੇ ਦਿਹਾਤੀ ਇਲਾ-ਕਿਆਂ ਵਿਚ ਕੋਈ ਨਾ-ਬਰਾਬਰੀ ਨਾ ਰਹੇ। ਸਾਲ 1975-76 ਵਿਚ ਦਿਹਾਤੀ ਇਲਾਕਿਆਂ ਦੀਆਂ 10 ਡਿਸਪੈਂਸਰੀਆਂ ਨੂੰ ਅਪਗਰੇਡ ਕਰਨ ਦੀ ਤਜਵੀਜ਼ ਹੈ। ਤੀਹਰ ਬਹੁ-ਪੱਖੀ ਟੀਮਾਂ ਪੰਜਾਬ ਦੇ ਹਰ ਪਿੰਡ ਦਾ ਤਿੰਨ ਵਾਰ ਦੌਰਾ ਕਰ ਚੁਕੀਆਂ ਹਨ, ਅਤੇ ਹੁਣ ਚੌਥੀ ਵਾਰ ਦੌਰਾ ਕਰ ਰਹੀਆਂ ਹਨ। ਰਾਜ ਦੇ 9 ਜ਼ਿਲ੍ਹਿਆਂ ਵਿਚ ਮੈਡੀਕਲ ਮੰਥਨ ਮੁਕੰਮਲ ਹੋ ਚੁਕੇ ਹਨ ਜਿਨ੍ਹਾਂ ਵਿਚ 5 ਲੱਖ ਵਿਅਕਤੀਆਂ ਦਾ ਡਾਕਟਰੀ ਮੁਆਇਨਾ ਕੀਤਾ ਗਿਆ ਹੈ। ਪੰਜਾਬ, ਦੇਸ਼ ਦੇ ਉਨ੍ਹਾਂ ਤਿੰਨਾਂ ਰਾਜਾਂ ਵਿਚੋਂ ਇਕ ਹੈ ਜਿਸ ਦੀ ਚੌਥੀ ਯੋਜਨਾ ਦੇ ਅੰਤ ਤੱਕ ਜਨਮ-ਦਰ ਹਜ਼ਾਰ ਦੀ ਆਬਾਦੀ ਪਿਛੇ 32 ਤੱਕ ਲੈ ਆਉਣ ਦੇ ਕੌਮੀ-ਨਿਸ਼ਾਨੇ ਨੂੰ ਪੂਰਾ ਕਰਨ ਦੀ ਸੰਭਾਵਨਾ ਹੈ।

ਪ੍ਰਾਈਵੇਟ ਮੈਡੀਕਲ ਕਾਲਜਾਂ ਅਤੇ ਉਨ੍ਹਾਂ ਨਾਲ ਸੰਬਧ ਹਸਪਤਾਲਾਂ ਨੂੰ ਉਚਿਤ ਮਾਲੀ ਸਹਾਇਤਾ ਦਿੱਤੇ ਜਾਣ ਨੂੰ ਮੁੱਖ ਰੱਖਦਿਆ, ਸਰਕਾਰ ਨੇ ਦਿਆਨੰਦ ਮੈਡੀਕਲ ਕਾਲਜ ਅਤੇ ਕਰਿਸ਼ਚੀਅਨ ਮੈਡੀਕਲ ਕਾਲਜ ਨੂੰ ਦਿੱਤੀ ਜਾਣ ਵਾਲੀ ਗ੍ਰਾਂਟ ਦੀ ਰਕਮ ਵਧਾ ਕੇ ਦੁਗਣੀ ਕਰ ਦਿੱਤੀ ਹੈ। ਸਾਲ 1975-76 ਵਿਚ ਮੈਡੀਕਲ ਸਿਖਿਆ ਦੀ ਪਲਾਨ ਸਕੀਮ ਲਈ 76 ਲੱਖ ਰੁਪਏ ਦੀ ਰਕਮ ਰੱਖੀ ਹੈ ਜਦੋਂ ਕਿ ਸਾਲ 1974-75 ਵਿਚ ਇਹ ਰਕਮ ਕੇਵਲ 58 ਲੱਖ ਰੁਪਏ ਸੀ।

ਜਲ ਸਪਲਾਈ

ਸਰਕਾਰ ਨੇ ਫੈਸਲਾ ਕੀਤਾ ਹੈ ਕਿ ਨੀਮ-ਪਹਾੜੀ ਇਲਾਕੇ ਦੇ ਉਨ੍ਹਾਂ ਸਾਰੇ ਪਿੰਡਾਂ ਵਿਚ ਜਿਥੇ ਸਾਲ 1974-75 ਦੇ ਦੌਰਾਨ ਪਾਣੀ ਦੀ ਭਾਰੀ ਕਿੱਲਤ ਸੀ, ਪੀਣ ਦੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ, ਮਾਰਚ, 1975 ਦੇ ਅੰਤ ਤੱਕ ਪੀਣ ਦੇ ਪਾਣੀ ਦੀ ਸਪਲਾਈ ਦਾ ਪ੍ਰਬੰਧ ਅਜਿਹੇ 1,073 ਪਿੰਡਾਂ ਵਿਚ ਮੁਕੰਮਲ ਕਰ ਦਿੱਤੇ ਜਾਣ ਦੀ ਆਸ ਹੈ, ਸਾਲ 1975-76 ਵਿਚ 3 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ ਅਤੇ ਇਹ ਸਕੀਮ ਹੋਰ 100 ਪਿੰਡਾਂ ਤੇ ਲਾਗੂ ਕੀਤੀ ਜਾਵੇਗੀ । ਬਾਕੀ ਦੇ ਪਿੰਡਾਂ ਨੂੰ ਪੰਜਵੀਂ ਪੰਜ-ਸਾਲਾ ਯੋਜਨਾ ਦੇ ਅੰਤ ਤਕ ਇਸ ਸਕੀਮ ਅਧੀਨ ਲੈ ਆਂਦਾ ਜਾਵੇਗਾ ।

ਲੋਕ ਰਾਜ ਦੀਆਂ ਜੜ੍ਹਾਂ

ਪੰਚਾਇਤੀ ਰਾਜ ਦਾ ਡਾਇਰੈਕਟੋਰੇਟ ਕਾਇਮ ਕਰ ਦਿਤਾ ਗਿਆ ਹੈ, ਜੋ ਪੰਚਾਇਤੀ ਰਾਜ ਦੇ ਅਦਾਰਿਆਂ ਵਿਚਕਾਰ ਤਾਲਮੇਲ ਬਣਾਈ ਰੱਖੇਗਾ ਅਤੇ ਪ੍ਰਸ਼ਾਸਕੀ ਭਾਗ ਤੇ ਨਿਗਰਾਨੀ ਰੱਖੇਗਾ । ਸਾਲ 1974-75 ਦੇ ਦੌਰਾਨ ਆਮਦਨ ਦੇਣ ਵਾਲੀਆਂ ਸਕੀਮਾਂ ਲਈ 9.4 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ। ਇਨ੍ਹਾਂ ਸਕੀਮਾਂ ਲਈ ਸਾਲ 1975-76 ਵਿਚ ਵੀ ਇਤਨੀ ਹੀ ਰਕਮ ਦਾ ਉਪਬੰਧ ਕਰਕੇ 150 ਹੋਰ ਪੰਚਾਇਤਾਂ ਨੂੰ ਲਾਭ ਪਹੁੰਚਾਉਣ ਦੀ ਤਜਵੀਜ਼ ਹੈ । ਪੰਜ ਲੱਖ ਨੌਕਰੀਆਂ ਦੇਣ ਦੇ ਪ੍ਰੋਗਰਾਮ ਅਧੀਨ, 900 ਪੰਚਾਇਤ ਸਕੱਤਰਾਂ ਨੂੰ ਸੇਵਾ-ਪੂਰਵ ਸਿਖਲਾਈ ਦੇਣ ਤੋਂ ਬਾਅਦ ਨਿਯੁਕਤ ਕਰ ਦਿੱਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ 925 ਪੰਚਾਇਤ ਸਕੱਤਰ ਪਹਿਲਾਂ ਹੀ ਕੰਮ ਕਰ ਰਹੇ ਹਨ। ਸਾਲ 1974-75 ਦੇ ਦੌਰਾਨ 10,000 ਸਰਪੰਚਾਂ ਅਤੇ ਪੰਚਾਂ ਨੂੰ ਦਰਜਾ-ਵਾਰ ਪ੍ਰੋਗਰਾਮ ਅਨੁਸਾਰ, ਜੋ ਸਾਲ 1973 ਵਿਚ ਸ਼ੁਰੂ ਕੀਤਾ ਗਿਆ ਸੀ, ਸਿਖਲਾਈ ਦੇ ਦਿੱਤੀ ਜਾਵੇਗੀ । ਸਾਲ 1975-76 ਵਿਚ ਹੋਰ 20,000 ਪੰਚ ਸਰਪੰਚਾਂ ਨੂੰ ਸਿਖਲਾਈ ਦਿੱਤੀ ਜਾਵੇਗੀ ।

ਨਗਰ ਪਾਲਕਾਵਾਂ/ਇਮਪਰੂਵਮੈਂਟ ਟ੍ਰਸਟ

ਸਰਕਾਰ ਨੇ ਨਗਰਪਾਲਿਕਾਵਾਂ ਦੇ ਮੌਜੂਦਾ ਸਾਧਨਾਂ ਨੂੰ ਮਜ਼ਬੂਤ ਕਰਨ ਲਈ ਅਨੇਕਾਂ ਕਾਰਵਾਈਆਂ ਕੀਤੀਆਂ ਹਨ, ਜਿਵੇਂ ਕਿ ਚੁੰਗੀ ਅਤੇ ਮਕਾਨ ਟੈਕਸ ਦੇ ਦਰਾਂ ਵਿਚ ਸੋਧ ਅਤੇ ਇਕਸਾਰਤਾ ਲਿਆਂਦੀ ਗਈ ਹੈ । ਸਥਾਨਕ ਸੰਸਥਾਵਾਂ ਦੇ ਅਧਿਕਾਰ ਖੇਤਰ ਦੀਆਂ ਹੱਦਾਂ ਵਿਚ ਵਾਧਾ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਕਰਜ਼ੇ ਅਤੇ ਗ੍ਰਾਂਟਾਂ ਵੀ ਮਨਜ਼ੂਰ ਕੀਤੀਆਂ ਗਈਆਂ ਹਨ । ਸਾਲ 1974-75 ਦੇ ਦੌਰਾਨ ਬਹੁਤ ਸਾਰੀਆਂ ਨਗਰਪਾਲਿਕਾਵਾਂ ਨੂੰ ਵਿਕਾਸ ਦੇ ਚਾਲੂ ਕੰਮ ਨੂੰ ਮੁਕੰਮਲ ਕਰਨ, ਅਤੇ ਹੋਰ ਨਵੇਂ ਕੰਮ ਸ਼ੁਰੂ ਕਰਨ ਲਈ 1.69 ਕਰੋੜ ਰੁਪਏ ਦੀ ਰਕਮ ਕਰਜ਼ੇ ਅਤੇ ਗ੍ਰਾਂਟਾਂ ਲਈ ਦਿੱਤੀ ਜਾ ਰਹੀ ਹੈ । ਇਸ ਮੰਤਵ ਲਈ 1975-76 ਦੇ ਦੌਰਾਨ 2.20 ਕਰੋੜ ਦੀ ਰਕਮ ਰੱਖੀ ਗਈ ਹੈ । ਸਰਕਾਰ ਵੱਲੋਂ ਰਾਜ ਦੇ 18 ਇੰਪਰੂਵ-ਮੈਂਟ ਟ੍ਰਸਟਾਂ ਨੂੰ ਵੀ ਮੁਨਾਸਿਬ ਮਾਲੀ ਸਹਾਇਤਾ ਦਿੱਤੀ ਜਾ ਰਹੀ ਹੈ ।

ਸਾਲ 1974-75 ਵਿਚ 50 ਲੱਖ ਰੁਪਏ ਦੀ ਰਕਮ, ਗੰਦੀਆਂ ਬਸਤੀਆਂ ਸੁਧਾਰ ਲਈ ਖ਼ਰਚ ਕੀਤੀ ਜਾ ਰਹੀ ਹੈ, ਇਸ ਅਨੁਸਾਰ ਜ਼ਰੂਰੀ ਮੁਢਲੀਆਂ ਸਹੂਲਤਾਂ ਜਿਵੇਂ ਕਿ ਪੀਣ ਦੇ ਪਾਣੀ ਜਨਤਕ ਸਹੂਲਤਾਂ ਲਈ, ਜਲ-ਨਿਕਾਸ, ਗਲੀਆਂ ਪੱਕੀਆਂ ਕਰਨਾ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ ਹੈ । ਸਾਲ 1975-76 ਵਿਚ ਵੀ ਇਤਨੀ ਹੀ ਰਕਮ ਖ਼ਰਚ ਕੀਤੀ ਜਾਵੇਗੀ ।

[ਵਿੱਤ ਮੰਤਰੀ]

ਸਰਕਾਰ ਉਨ੍ਹਾਂ ਰਿਕਸ਼ਾ-ਚਾਲਕਾਂ ਨੂੰ ਜਿਨ੍ਹਾਂ ਪਾਸ ਆਪਣੇ ਰਿਕਸ਼ੇ ਨਹੀਂ ਹਨ, ਰਿਕਸ਼ੇ ਲੈਣ ਲਈ ਬੈਂਕਾਂ ਤੋਂ ਆਸਾਨ ਕਿਸ਼ਤਾਂ ਤੇ ਕਰਜ਼ੇ ਲੈਣ ਦੀ ਸਹੂਲਤ ਦੇ ਰਹੀ ਹੈ । ਕਰਜ਼ੇ ਦੀ ਰਕਮ ਤੇ ਬਣਦੇ ਵਿਆਜ ਦੀ ਸਾਰੀ ਰਕਮ ਸਰਕਾਰ ਵੱਲੋਂ ਗ੍ਰਾਂਟ ਵਜੋਂ ਅਦਾ ਕੀਤੀ ਜਾਵੇਗੀ । ਹੁਣ ਤੱਕ ਲੱਗ ਭੱਗ 2,000 ਰਿਕਸ਼ਾ-ਚਾਲਕ ਮਾਲਕ ਬਣ ਚੁਕੇ ਹਨ । ਸਾਲ 1975-76 ਵਿਚ ਹੋਰ 2,000 ਰਿਕਸ਼ਾ-ਚਾਲਕ ਰਿਕਸ਼ਿਆਂ ਦੇ ਮਾਲਕ ਬਣ ਜਾਣਗੇ । (ਥੰਪਿੰਗ)

ਸ਼ਹਿਰੀ ਵਿਕਾਸ

ਅਰਬਨ ਐਸਟੇਟ ਵਿਭਾਗ ਰਾਜ ਦੇ ਵਿਕਾਸ ਵਿਚ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਸਾਲ 1975-76 ਵਿਚ ਮੌਜੂਦਾ ਸੱਤ ਐਸਟੇਟਾਂ ਨੂੰ ਵਧਾਉਣ ਅਤੇ ਤਿੰਨ ਹੋਰ ਅਰਬਨ ਐਸਟੇਟਾਂ ਕਾਇਮ ਕਰਨ ਦੀ ਤਜਵੀਜ਼ ਹੈ । ਸਾਲ 1974-75 ਦੇ ਦੌਰਾਨ ਲੱਗ ਭੱਗ 3,000 ਰਿਹਾਇਸ਼ੀ ਪਲਾਟ ਹੱਕਦਾਰ ਵਿਅਕਤੀਆਂ ਨੂੰ ਅਲਾਟ ਕੀਤੇ ਜਾ ਰਹੇ ਹਨ ਅਤੇ ਇਸ ਸਕੀਮ ਅਧੀਨ 1.60 ਕਰੋੜ ਰੁਪਏ ਦੇ ਮੂਲ ਖ਼ਰਚ ਦੇ ਮੁਕਾਬਲੇ ਤੇ 4.10 ਕਰੋੜ ਰੁਪਏ ਖ਼ਰਚ ਹੋਣ ਦਾ ਅਨੁਮਾਨ ਹੈ । ਇਸ ਮੰਤਵ ਲਈ ਸਾਲ 1975-76 ਲਈ 4.50 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਅਤੇ 1975-76 ਦੇ ਦੌਰਾਨ 6,000 ਪਲਾਟ ਅਲਾਟ ਕੀਤੇ ਜਾਣਗੇ । (ਥੰਪਿੰਗ)

ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਨੇ ਸਮਾਜ ਦੇ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਲਈ ਮੁਹਾਲੀ ਵਿਖੇ ਇਕ ਹਾਊਸਿੰਗ ਕਾਲੋਨੀ ਮੁਕੰਮਲ ਕੀਤੀ ਸੀ, ਜਿਸ ਦਾ ਉਦਘਾਟਨ ਰਾਸ਼ਟਰਪਤੀ ਜੀ ਨੇ 3 ਨਵੰਬਰ, 1974 ਨੂੰ ਕੀਤਾ ਸੀ । 1974-75 ਵਿਚ ਦੋ ਹੋਰ ਕਾਲੋਨੀਆਂ ਇਕ ਮੁਹਾਲੀ ਅਤੇ ਦੂਜੀ ਪਟਿਆਲੇ ਵਿਖੇ ਜਿਨ੍ਹਾਂ ਤੋਂ ਕਮਜ਼ੋਰ ਵਰਗਾਂ ਨੂੰ ਵੀ ਬਹੁਤ ਲਾਭ ਹੋਵੇਗਾ, ਮੁਕੰਮਲ ਕੀਤੇ ਜਾਣ ਦੀ ਆਸ ਹੈ । ਬੋਰਡ ਨੇ ਰਾਜ ਵਿਚ ਚੋਣਵੇਂ ਸਥਾਨਾਂ ਤੇ ਸੰਯੁਕਤ ਮਕਾਨ ਉਸਾਰੀ ਕਾਲੋਨੀਆਂ ਕਾਇਮ ਕਰਨ ਦੀ ਯੋਜਨਾ ਬਣਾਈ ਹੈ, ਜਿਸ ਲਈ ਹੁਡਕੋ (HUDCO) ਤੋਂ ਮਾਲੀ ਸਹਾਇਤਾ ਪ੍ਰਾਪਤ ਕੀਤੀ ਜਾ ਰਹੀ ਹੈ । ਇਸ ਤੋਂ ਇਲਾਵਾ, ਬੋਰਡ ਨੂੰ ਸਾਲ 1975-76 ਵਿਚ ਰਾਜ ਸਰਕਾਰ ਦੁਆਰਾ 2.80 ਕਰੋੜ ਰੁਪਏ ਦਾ ਕਰਜ਼ਾ ਦਿੱਤੇ ਜਾਣ ਦੀ ਤਜਵੀਜ਼ ਹੈ ।

ਨਗਰ ਅਤੇ ਗ੍ਰਾਮ ਯੋਜਨਾ-ਬੰਦੀ ਵਿਭਾਗ ਦੁਆਰਾ ਲੁਧਿਆਣਾ ਵਿਖੇ ਕਾਇਮ ਕੀਤੀ ਐਨ-ਵਾਇਰਨਮੈਂਟਲ ਰੀਸਰਚ ਪਲੈਨਿੰਗ ਐਂਡ ਡੀਜ਼ਾਈਨ ਆਰਗੇਨਾਈਜ਼ੇਸ਼ਨ ਨੇ ਲੁਧਿਆਣਾ ਸ਼ਹਿਰ ਦੇ ਸਮੁੱਚੇ ਵਿਕਾਸ ਸਬੰਧੀ ਵਿਸਤਾਰ-ਪੂਰਵਕ ਰਿਪੋਰਟ ਤਿਆਰ ਕੀਤੀ ਹੈ । ਇਸ ਪ੍ਰਾਜੈਕਟ ਲਈ ਭਾਰਤ ਸਰਕਾਰ ਤੋਂ ਪ੍ਰਾਪਤ ਹੋਣ ਵਾਲੀ ਮਾਲੀ ਸਹਾਇਤਾ ਨਾਲ ਸਾਡੇ ਯਤਨਾਂ ਵਿਚ ਬਹੁਤ ਵਾਧਾ ਹੋਵੇਗਾ ।

ਜਲੰਧਰ ਅਤੇ ਅੰਮ੍ਰਿਤਸਰ ਲਈ ਵੀ ਇਸ ਪ੍ਰਕਾਰ ਦੀਆਂ ਰਿਪੋਰਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ । ਇਸ ਤੋਂ ਇਲਾਵਾ, ਸਰਬ-ਅੰਗੀ ਨਗਰ ਅਤੇ ਰਿਜਨਲ ਯੋਜਨਾ-ਬੰਦੀ ਕਾਨੂੰਨ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ ਅਤੇ ਇਸ ਦੇ ਲਾਗੂ ਹੋਣ ਨਾਲ ਰਾਜ ਦੀ ਸ਼ਹਿਰੀ ਵਿਕਾਸ ਨੀਤੀ ਦੀ ਨਿਸ਼ਚਿਤ ਸ਼ਕਲ ਤਿਆਰ ਹੋ ਜਾਵੇਗੀ ।

ਬੇ-ਘਰੇ ਲੋਕਾਂ ਨੂੰ ਮਕਾਨਾਂ ਲਈ ਥਾਂ

ਪਿਛਲੇ ਸਾਲ ਵਾਂਗ ਦਿਹਾਤੀ ਬੇ-ਜ਼ਮੀਨੇ ਕਾਮਿਆਂ ਨੂੰ ਮਕਾਨਾਂ ਲਈ ਮੁਫ਼ਤ ਥਾਵਾਂ ਅਲਾਟ ਕਰਨ ਲਈ ਸਕੀਮ ਨੂੰ ਸਭ ਤੋਂ ਵੱਧ ਪਹਿਲ ਦਿੱਤੀ ਗਈ । 1.87 ਲੱਖ ਵਿਅਕਤੀ, ਜਿਨ੍ਹਾਂ ਨੂੰ ਥਾਵਾਂ ਅਲਾਟ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਹੁਣ ਵਾਸਤਵਿਕ ਕਬਜ਼ਾ ਦਿੱਤਾ ਜਾ ਚੁਕਾ ਹੈ । ਬਾਕੀ ਦੇ 80 ਹਜ਼ਾਰ ਹੋਰ ਹੱਕਦਾਰ ਵਿਅਕਤੀਆਂ ਨੂੰ ਪਲਾਟ ਦੇਣ ਲਈ, ਭੋਂ ਪ੍ਰਾਪਤ ਕਰਨ ਵਾਸਤੇ ਸਾਲ 1974-75 ਦੇ ਦੌਰਾਨ 1.80 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾ ਰਹੀ ਹੈ । ਇਸ ਸਕੀਮ ਨੂੰ ਮੁਕੰਮਲ ਕਰਨ ਲਈ ਸਾਲ 1975-76 ਵਿਚ 2 ਕਰੋੜ ਰੁਪਏ ਹੋਰ ਰੱਖੇ ਗਏ ਹਨ । ਅਲਾਟੀਆਂ ਦੁਆਰਾ ਵਧੀਆ ਨਕਸ਼ੇ ਵਾਲੇ ਸਾਦਾ ਅਤੇ ਲੋੜਾਂ ਪੂਰੀਆਂ ਕਰਨ ਵਾਲੇ ਮਕਾਨਾਂ ਦੀ ਉਸਾਰੀ ਨੂੰ ਉਤਸ਼ਾਹ ਦੇਣ ਲਈ ਸਸਤੇ ਮਾਡਲ ਘਰਾਂ ਦੇ ਦੋ ਸਟੈਂਡਰਡ ਡੀਜ਼ਾਈਨ ਤਿਆਰ ਕੀਤੇ ਗਏ ਹਨ ਅਤੇ ਇਹ ਅਲਾਟੀਆਂ ਨੂੰ ਮੁਹੱਈਆ ਕੀਤੇ ਜਾ ਰਹੇ ਹਨ ਤਾਕਿ ਉਹ ਮਕਾਨਾਂ ਦੀ ਉਸਾਰੀ ਕਰ ਸਕਣ । ਸਹਿਕਾਰੀ ਮਕਾਨ ਉਸਾਰੀ ਸਭਾਵਾਂ ਰਾਹੀਂ ਕਰਜ਼ੇ ਦਿੱਤੇ ਜਾ ਰਹੇ ਹਨ ।

ਅਨਾਜ ਦੀ ਵਸੂਲੀ

ਪੰਜਾਬ ਕਣਕ ਅਤੇ ਚਾਵਲ ਦੇ ਰਾਸ਼ਟਰੀ ਭੰਡਾਰ ਵਿਚ ਆਪਣਾ ਹਿੱਸਾ ਪਾਉਣ ਵਿਚ ਸਾਲ 1974-75 ਦੇ ਦੌਰਾਨ ਸਾਰਿਆਂ ਰਾਜਾਂ ਤੋਂ ਫਿਰ ਅੱਗੇ ਰਿਹਾ । ਪੰਜਾਬ ਦੇ ਮਿਹਨਤੀ ਅਤੇ ਅਗਾਂਹਵਧੂ ਕਿਸਾਨਾਂ ਦੀ ਮਿਹਨਤ ਦੇ ਫਲਸਵਰੂਪ ਅਤੇ ਰਾਜ ਸਰਕਾਰ ਦੀਆਂ ਤੀਬਰ ਅਤੇ ਲਗਾਤਾਰ ਕੋਸ਼ਿਸ਼ਾਂ ਸਦਕਾ ਰਾਜ ਨੇ 10.15 ਲੱਖ ਟਨ ਕਣਕ ਕੇਂਦਰੀ ਭੰਡਾਰ ਨੂੰ ਦਿੱਤੀ ਹੈ । ਹੋਰ 4.25 ਲੱਖ ਟਨ ਕਣਕ ਥੁੜ ਵਾਲੇ ਰਾਜਾਂ ਨੂੰ ਮਾਰਕਫੈਡ ਅਤੇ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ (ਪੰਨਸੁਪ) ਦੁਆਰਾ ਭੇਜੀ ਗਈ ਹੈ ।

ਜ਼ਰੂਰੀ ਵਸਤਾਂ ਦੀ ਵੰਡ

ਕਿਸਾਨਾਂ ਨੂੰ ਵਾਜਬ ਕੀਮਤ ਦੇਣ ਲਈ ਅਤੇ ਆਮ ਜਨਤਾ ਲਈ ਵੰਡ ਦੇ ਸਾਧਨਾਂ ਰਾਹੀਂ ਯੋਗ ਦਰਾਂ ਤੇ ਖਪਤਕਾਰਾਂ ਨੂੰ ਜ਼ਰੂਰੀ ਵਸਤਾਂ ਬਾਕਾਇਦਾ ਪਹੁੰਚਾਉਣ ਲਈ ਇਕ ਠੋਸ ਅਤੇ ਮਹੱਤਵ ਪੂਰਨ ਸਾਧਨ ਦੇ ਤੌਰ ਤੇ ਮਾਰਚ, 1974 ਵਿਚ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਬਣਾਈ ਗਈ । ਕਾਰਪੋਰੇਸ਼ਨ ਵਾਜਬ ਕੀਮਤ ਦੀਆਂ ਸਰਕਾਰੀ ਦੁਕਾਨਾਂ ਰਾਹੀਂ ਕਣਕ, ਕਣਕ ਦਾ ਆਟਾ, ਦਾਲਾਂ, ਬਨਾਸਪਤੀ ਘੀ ਅਤੇ ਖੰਡ ਦੀ ਵੰਡ ਦਾ ਕੰਮ ਪਹਿਲਾਂ ਹੀ ਹੱਥ ਵਿਚ ਲੈ ਚੁੱਕੀ ਹੈ ਅਤੇ ਦਰਜੇ-ਬੱਧ ਢੰਗ ਅਨੁਸਾਰ ਹੋਰ ਵਸਤਾਂ ਦੀ ਵੰਡ ਦਾ ਕੰਮ ਵੀ ਹੱਥ ਵਿਚ ਲੈਣ ਦੀ ਤਜਵੀਜ਼ ਹੈ । ਕਾਰਪੋਰੇਸ਼ਨ ਨੇ ਉਨ੍ਹਾਂ ਥਾਵਾਂ ਤੇ ਜਿਥੇ ਪ੍ਰਾਈਵੇਟ ਵਪਾਰੀ ਅਨਾਜ ਨੂੰ ਨਹੀਂ ਖਰੀਦਦੇ, ਕਣਕ ਅਤੇ ਧਾਨ ਨੂੰ ਖਰੀਦ ਕੇ ਇਸ ਦੀ ਸਪੋਰਟ ਕੀਮਤ ਕਾਇਮ ਰੱਖਣ ਵਿਚ ਸਹਾਇਤਾ ਕੀਤੀ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਬਨਾਸਪਤੀ, ਸੀਮਿੰਟ ਅਤੇ ਕੋਲੇ ਵਰਗੀਆਂ ਕਈ ਜ਼ਰੂਰੀ ਵਸਤਾਂ ਦੀ ਥੁੜ ਮਹਿਸੂਸ ਕੀਤੀ ਗਈ ਅਤੇ ਕੁਝ ਕੁ ਸੂਰਤਾਂ ਵਿਚ ਇਹ ਅਜੇ ਵੀ ਮਹਿਸੂਸ ਕੀਤੀ ਜਾ ਰਹੀ ਹੈ, ਪਰ ਸਰਕਾਰ ਨੇ ਵਸਤਾਂ ਨੂੰ ਵਾਜਬ ਢੰਗ ਨਾਲ ਵੰਡੇ ਜਾਣ ਲਈ ਤਸੱਲੀਬਖਸ਼ ਪ੍ਰਬੰਧ ਕੀਤੇ ਹਨ । ਕੋਲਾ, ਸੀਮਿੰਟ ਅਤੇ ਹੋਰ ਜ਼ਰੂਰੀ ਵਸਤਾਂ ਦੀ ਵਧੀਕ ਸਪਲਾਈ ਪ੍ਰਾਪਤ ਕਰਨ ਲਈ ਜਤਨ ਜਾਰੀ ਹਨ ।

ਸਰਕਾਰ ਨੇ ਹੋਰ ਵਪਾਰਕ ਕੁਰੀਤੀਆਂ ਤੋਂ ਇਲਾਵਾ, ਜ਼ਖੀਰੇ ਬਾਜ਼ੀ, ਸਮਗਲਿੰਗ ਅਤੇ ਚੋਰ-ਬਾਜ਼ਾਰੀ ਨੂੰ ਰੋਕਣ ਲਈ ਬਹੁਤ ਸਾਰੇ ਕਦਮ ਉਠਾਏ ਹਨ । ਜ਼ਖੀਰਿਆਂ ਨੂੰ ਬਾਹਰ ਲਿਆਉਣ ਦੀ ਮੁਹਿੰਮ ਵਜੋਂ ਸਰਕਾਰ ਨੇ ਪੰਜਾਬ ਕਣਕ (ਪਾਬੰਦੀਆਂ ਅਤੇ ਉਤਪਾਦਕਾਂ ਦੁਆਰਾ ਸਟਾਕ) ਹੁਕਮ, 1974 ਜਾਰੀ ਕੀਤਾ ਅਤੇ ਕਣਕ ਦੇ ਲਸੰਸਦਾਰ ਵਪਾਰੀਆਂ ਦੁਆਰਾ ਸਟਾਕ ਰੱਖਣ ਦੀ ਹੱਦ ਵਿਚ ਵੀ ਕਮੀ ਕੀਤੀ । ਕਣਕ ਲਈ ਵਪਾਰੀਆਂ ਨੂੰ ਬਰਾਮਦ ਪਰਮਿਟ ਦੇਣੇ ਬੰਦ ਕਰਨ ਦੇ ਨਾਲ ਨਾਲ ਇਨ੍ਹਾਂ ਕਾਰਵਾਈਆਂ ਨਾਲ ਕਣਕ ਦੀਆਂ ਕੀਮਤਾਂ ਨੂੰ ਵਾਜਬ ਪੱਧਰ ਤੇ ਕਾਇਮ ਰੱਖਣ ਵਿਚ ਸਹਾਇਤਾ ਮਿਲੀ । ਇਸ ਤੋਂ ਇਲਾਵਾ ਜ਼ਰੂਰੀ ਵਸਤਾਂ ਐਕਟ ਅਤੇ ਭਾਰਤੀ ਸੁਰੱਖਿਆ ਨਿਯਮ ਅਧੀਨ ਜ਼ਖੀਰੇਬਾਜ਼ਾਂ ਅਤੇ ਚੋਰਬਾਜ਼ਾਰੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਗਈ ।

ਸਮਾਜ ਭਲਾਈ

ਸਮਾਜਵਾਦ ਦੇ ਮਨੋਰਥ ਦੀ ਪ੍ਰਾਪਤੀ ਲਈ ਸਮਾਜ ਦੇ ਕਮਜ਼ੋਰ ਵਰਗਾਂ, ਜਿਨ੍ਹਾਂ ਵਿਚ ਨਿਆਸਰੇ ਅਤੇ ਦਿਮਾਗ਼ੀ ਤੌਰ ਤੇ ਕਮਜ਼ੋਰ ਬੱਚੇ, ਵਿਧਵਾਵਾਂ, ਬੁੱਢੇ, ਨਿਰਬਲ, ਅੰਨ੍ਹੇ, ਬੋਲੇ, ਗੂੰਗੇ ਅਤੇ ਲੰਗੜੇ-ਲੂਲ੍ਹੇ ਆਦਿ ਸ਼ਾਮਲ ਹਨ, ਦੀ ਭਲਾਈ ਵਿਚ ਵਾਧਾ ਕਰਨ ਲਈ ਪੰਜਵੀਂ ਪੰਜ-ਸਾਲਾ ਯੋਜਨਾ ਵਿਚ 90 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਸਮਾਜ ਭਲਾਈ ਵਿਭਾਗ ਲਈ ਪਲਾਨ ਅਤੇ ਨਾਨ-ਪਲਾਨ ਲੇਖਿਆਂ ਵਿਚ 1974-75 ਵਿਚ 3.14 ਕਰੋੜ ਰੁਪਏ ਅਤੇ 1975-76 ਵਿਚ 3.38 ਕਰੋੜ ਰੁਪਏ ਦਾ ਕੁਲ ਉਪਬੰਧ ਕੀਤਾ ਗਿਆ ਹੈ ।

ਰਾਜ ਦੇ ਸਮਾਜ ਭਲਾਈ ਪ੍ਰੋਗਰਾਮਾਂ ਦਾ ਵਧੇਰੇ ਪ੍ਰਚਾਰ ਕਰਨ ਲਈ ਇਕ ਕਰੈਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਅਤੇ ਪੰਜਾਬ ਵਿਚ ਬਹੁਤ ਸਾਰੀਆਂ ਥਾਵਾਂ ਤੇ ਕੈਂਪ ਲਗਾਏ ਜਾ ਰਹੇ ਹਨ । ਵੱਖ ਵੱਖ ਸਕੀਮਾਂ ਅਧੀਨ ਵਿੱਤੀ ਸਹਾਇਤਾ ਦੇਣ ਲਈ ਬਿਨੇ-ਪੱਤਰ ਪੇਸ਼ ਕਰਨ ਵਾਸਤੇ ਲੋੜੀਂਦੇ ਸਾਰੇ ਜ਼ਾਬਤੇ ਮੌਕੇ ਤੇ ਹੀ ਮੁਕੰਮਲ ਕੀਤੇ ਜਾਂਦੇ ਹਨ । ਆਸ ਕੀਤੀ ਜਾਂਦੀ ਹੈ ਕਿ ਇਨ੍ਹਾਂ ਯਤਨਾਂ ਨਾਲ ਉਨ੍ਹਾਂ 22,000 ਵਿਅਕਤੀਆਂ ਤੋਂ ਇਲਾਵਾਂ ਜਿਨ੍ਹਾਂ ਨੂੰ ਪਹਿਲਾਂ ਹੀ ਇਹ ਸਹਾਇਤਾ ਦਿੱਤੀ ਜਾ ਰਹੀ ਹੈ, 15,000 ਹੋਰ ਵਿਅਕਤੀਆਂ ਲਈ ਬੁਢਾਪਾ ਪੈਨਸ਼ਨ ਮਨਜ਼ੂਰ ਕੀਤੀ ਜਾਵੇਗੀ । ਆਸ ਹੈ ਕਿ ਹੋਰਨਾਂ ਸਕੀਮਾਂ ਅਧੀਨ ਵੀ ਲਾਭਪਾਤਰਾਂ ਦੀ ਗਿਣਤੀ ਵਿਚ ਕਾਫ਼ੀ ਵਾਧਾ ਹੋਵੇਗਾ ।

ਸਰਕਾਰੀ ਕਰਮਚਾਰੀਆਂ ਨੂੰ ਰਿਆਇਤਾਂ

ਸਰਕਾਰ ਆਪਣੇ ਕਰਮਚਾਰੀਆਂ ਦੀ ਭਲਾਈ ਦੀ ਸਦਾ ਫ਼ਿਕਰ ਰਹੀ ਹੈ । ਸਰਕਾਰ ਨੇ ਆਪਣੇ ਸੀਮਤ ਆਰਥਕ ਸਾਧਨਾਂ ਦੇ ਬਾਵਜੂਦ ਕੀਮਤਾਂ ਵੱਧ ਜਾਣ ਕਾਰਨ ਕਰਮਚਾਰੀਆਂ ਨੂੰ ਪੇਸ਼ ਆਉਂਦੀ ਆਰਥਕ ਕਠਨਾਈ ਨੂੰ ਦੂਰ ਕਰਨ ਲਈ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਹੈ । ਉਨ੍ਹਾਂ ਨੂੰ ਭਾਰਤ ਸਰਕਾਰ ਦੇ ਪੈਟਰਨ ਅਨੁਸਾਰ 1 ਜਨਵਰੀ, 1 ਫ਼ਰਵਰੀ ਅਤੇ 1 ਅਪਰੈਲ, 1974 ਤੋਂ ਲਾਗੂ ਹੁੰਦੀਆਂ ਅਧਿਕ ਮਹਿੰਗਾਈ ਭੱਤੇ ਦੀਆਂ ਤਿੰਨ ਕਿਸ਼ਤਾਂ ਦਿੱਤੀਆਂ ਗਈਆਂ ਹਨ, ਜਿਸ ਨਾਲ ਸਰਕਾਰ ਦੇ ਖਜ਼ਾਨੇ ਤੇ 6 ਕਰੋੜ ਰੁਪਏ ਦਾ ਹੋਰ ਭਾਰ ਪਿਆ ਹੈ । ਬਹੁਤ ਸਾਰੇ ਕੇਸਾਂ ਵਿਚ ਜਿਥੇ ਕੋਈ ਤਰੁੱਟੀ ਜਾਂ ਬੇਇਨਸਾਫ਼ੀ ਸੀ, ਤਨਖਾਹ ਸਕੇਲਾਂ ਦੀ ਸੋਧ ਕੀਤੀ ਗਈ ਹੈ । 40 ਰੁਪਏ ਤੋਂ 200 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲੈਣ ਵਾਲੇ ਪੈਨਸ਼ਨਰਾਂ ਲਈ 210

ਰੁਪਏ ਤੱਕ ਦੀ ਮਾਰਜਨਲ ਐਡਜਸਟਮੈਂਟ ਨਾਲ 1 ਅਪਰੈਲ, 1974 ਤੋਂ 10 ਰੁਪਏ ਪ੍ਰਤੀ ਮਹੀਨੇ ਦਾ ਐਡਹਾਕ ਵਾਧਾ ਕਰ ਦਿੱਤਾ ਗਿਆ ਹੈ । ਇਹ ਲਾਭ ਸਾਬਕਾ ਪੈਪਸੂ ਰਾਜ ਵੱਲੋਂ ਮਨਜ਼ੂਰ ਕੀਤੀ ਗਈ ਪਰਿਵਾਰ ਪੈਨਸ਼ਨ, ਵਜ਼ੀਫ਼ਾ ਤੇ ਗੁਜ਼ਾਰਾ ਪੈਨਸ਼ਨ ਕਰਨ ਵਾਲੇ ਪੈਨਸ਼ਨਰਾਂ ਨੂੰ 1 ਜੁਲਾਈ, 1974 ਤੋਂ ਦਿੱਤੇ ਗਏ । ਸਰਕਾਰ ਨੇ ਪੁਲਿਸ ਵਿਭਾਗ ਦੇ ਕਾਨਸਟੇਬਲਾਂ ਅਤੇ ਹੈਡ-ਕਸਨਟੇਬਲਾਂ ਨੂੰ 1 ਜੁਲਾਈ, 1974 ਤੋਂ ਸਵਾਰੀ ਭੱਤਾ ਵੀ ਦਿੱਤਾ ਹੈ ਜਿਸ ਨਾਲ 25 ਲੱਖ ਰੁਪਏ ਦਾ ਹੋਰ ਸਾਲਾਨਾ ਮਾਲੀ ਬੋਝ ਪਿਆ ਹੈ ।

ਮਾਲੀ ਨੀਤੀ

ਹੁਣ ਮੈਂ ਰਾਜ ਦੇ ਮਾਲੀ ਪ੍ਰਬੰਧ ਅਤੇ ਮਾਲੀ ਨੀਤੀ ਦੇ ਮੁਸ਼ਕਲ ਕੰਮ ਦਾ ਜ਼ਿਕਰ ਕਰਦਾ ਹਾਂ । ਸਾਲ 1973-74 ਵਿਚ ਘਾਟੇ ਦਾ ਇਕ ਮੁੱਖ ਕਾਰਣ ਇਹ ਸੀ ਕਿ ਕੁਝ ਇਕ ਵੱਡੇ ਵਿਭਾਗਾਂ ਨੇ ਆਪਣੇ ਬਜਟ-ਉਪਬੰਧਾਂ ਤੋਂ ਵਧੇਰੇ ਰਕਮ ਖ਼ਰਚ ਕਰ ਦਿੱਤੀ ਸੀ । ਇਸ ਸਾਲ ਅਸੀਂ ਖ਼ਰਚ ਨੂੰ ਕਾਬੂ ਵਿਚ ਰੱਖਣ ਅਤੇ ਬੇਕਾਇਦਗੀਆਂ ਦੂਰ ਕਰਨ ਸਬੰਧੀ ਇਕ ਨਵਾਂ ਢੰਗ ਅਪਨਾਇਆ ਹੈ ਤਾਕਿ ਕੋਈ ਵੀ ਵਿਭਾਗ ਆਪਣੇ ਬਜਟ ਉਪਬੰਧਾਂ ਤੋਂ ਵਧੇਰੇ ਰਕਮ ਖ਼ਰਚ ਨਾ ਕਰ ਸਕੇ । ਹੋ ਸਕਦਾ ਹੈ ਕਿ ਪਹਿਲੇ ਢੰਗ ਵਿਚ ਤਬਦੀਲੀ ਕਰਨ ਵਿਚ ਕੁੱਝ ਦਿਕਤਾਂ ਆਈਆਂ ਹੋਣ ਪਰੰਤੂ ਇਹ ਆਰਜ਼ੀ ਸਮੇਂ ਲਈ ਹੀ ਸਨ । ਨਵੇਂ ਢੰਗ, ਜਿਹੜਾ ਰਾਜ ਦੇ ਚੰਗੇ ਵਿੱਤ-ਪ੍ਰਬੰਧ ਦੇ ਹਿੱਤ ਵਿਚ ਹੈ, ਬਾਰੇ ਜੋ ਵੀ ਕੋਈ ਟੀਕਾ-ਟਿਪਣੀ ਕੀਤੀ ਜਾਂਦੀ ਹੈ, ਉਹ ਇਸ ਢੰਗ ਨੂੰ ਨਾ ਸਮਝ ਸਕਣ ਕਾਰਣ ਹੀ ਹੋ ਸਕਦੀ ਹੈ ।

ਸਾਡੇ ਵਿੱਤੀ ਪ੍ਰਬੰਧ ਵਿਚ ਇਸ ਸੁਧਾਰ ਦੇ ਨਤੀਜੇ ਵਜੋਂ ਅਸੀਂ ਮਾਮੂਲੀ ਘਾਟੇ ਨਾਲ ਸਾਲ 1975-76 ਦੀ ਸਾਲਾਨਾ ਯੋਜਨਾ ਲਈ ਭਾਰੀ ਰਕਮ ਦਾ ਉਪਬੰਧ ਕਰ ਸਕੇ ਹਾਂ ।

ਮੈਂ ਰਾਜ ਦੇ ਵਿਕਾਸ ਵਿਚ ਬੈਂਕਾਂ ਦੇ ਰੋਲ ਦਾ ਜ਼ਿਕਰ ਕਰਨਾ ਚਾਹਾਂਗਾ । ਜਿਵੇਂ ਕਿ ਸਤਿਕਾਰ ਯੋਗ ਮੈਂਬਰਾਂ ਨੂੰ ਪਤਾ ਹੀ ਹੈ ਕਿ ਪੰਜਾਬ ਦੇ ਵਪਾਰਕ ਬੈਂਕਾਂ ਵਿਚ ਜਮ੍ਹਾਂ ਹੋਈਆਂ ਰਕਮਾਂ ਦੀ ਰਾਜ ਦੇ ਸਨਅਤੀ ਵਿਕਾਸ ਅਤੇ ਵਪਾਰਕ ਸਰਗਰਮੀਆਂ ਵਿਚ ਧਨ ਲਾਉਣ ਲਈ ਪੂਰੀ ਤਰ੍ਹਾਂ ਵਰਤੋਂ ਨਹੀਂ ਕੀਤੀ ਗਈ । ਸਾਡੀ ਕਰੈਡਿਟ-ਡਿਪਾਜ਼ਿਟ ਦੀ ਨਿਸਬਤ ਬਹੁਤ ਹੀ ਘੱਟ ਸੀ । ਇਹ ਪਿਛਲੇ ਬਹੁਤ ਸਾਰੇ ਸਾਲਾਂ ਤੋਂ 30 ਫ਼ੀ ਸਦੀ ਦੇ ਲੱਗ ਭੱਗ ਸੀ ਅਤੇ 1972 ਵਿਚ ਇਹ ਵਧ ਕੇ 33 ਫ਼ੀ ਸਦੀ ਹੋ ਗਈ । ਪੰਜਾਬ ਦੇ ਬੈਂਕਾਂ ਵਿਚ ਜਮ੍ਹਾਂ ਹੋਈਆਂ ਰਕਮਾਂ ਵਿਚ ਪੰਜਾਬ ਦੀ ਆਰਥਕਤਾ ਵਿਚ ਵੱਧ ਤੋਂ ਵਧ ਸਰਮਾਇਆ ਲਾਉਣ ਲਈ ਪਰੇਰਿਤ ਕਰਨ ਸਬੰਧੀ ਸਾਡੇ ਅਣਥਕ ਯਤਨ ਸਫਲ ਸਿੱਧ ਹੋਏ ਹਨ । ਸਤਿਕਾਰਯੋਗ ਮੈਂਬਰਾਂ ਨੂੰ ਇਹ ਦੱਸਣ ਵਿਚ ਮੈਨੂੰ ਪ੍ਰਸੰਨਤਾ ਹੋ ਰਹੀ ਹੈ ਕਿ ਕਰੈਡਿਟ-ਡਿਪਾਜ਼ਿਟ ਦੀ ਨਿਸਬਤ 1972 ਵਿਚ 33 ਫ਼ੀ ਸਦੀ ਤੋਂ ਵੱਧ ਕੇ 1973 ਵਿਚ 41.3 ਫ਼ੀ ਸਦੀ ਹੋ ਗਈ ਹੈ । ਇਕ ਸਾਲ ਵਿਚ ਇਹ ਬਹੁਤ ਵਡਾ ਵਾਧਾ ਹੈ । ਸਾਡੀਆਂ ਕੋਸ਼ਿਸ਼ਾਂ ਉਸੇ ਸਰਗਰਮੀ ਨਾਲ ਜਾਰੀ ਹਨ ਅਤੇ ਸਾਲ 1974-75 ਵਿਚ ਇਸ ਨਿਸਬਤ ਵਿਚ ਹੋਰ ਵਾਧਾ ਹੋਣ ਦੀ ਆਸ ਹੈ । ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਸਨਅਤੀ ਅਤੇ ਜ਼ਰਾਇਤੀ ਖੇਤਰ ਵਿਚ ਲਾਈ ਪੂੰਜੀ ਦੇ ਸਬੰਧ ਵਿਚ ਬਜਟ ਉਪਬੰਧਾਂ ਦੇ ਸਮੁੱਚੇ ਅਸਰ ਨੂੰ ਐਗਰੀਕਲਚਰ ਰਿਫਿਨਾਂਸ ਕਾਰਪੋਰੇਸ਼ਨ, ਇੰਡਸਟਰੀਅਲ ਡਿਵੈਲਪਮੈਂਟ ਬੈਂਕ ਆਫ਼ ਇੰਡੀਆ, ਇੰਡਸਟਰੀਅਲ

[ਵਿੱਤ ਮੰਤਰੀ]

ਫਿਨਾਂਸ ਕਾਰਪੋਰੇਸ਼ਨ ਆਫ ਇੰਡੀਆ ਅਤੇ ਵਪਾਰਕ ਬੈਂਕਾਂ ਜਿਹੀਆਂ ਸੰਸਥਾਵਾਂ ਦੁਆਰਾ ਪਾਏ ਹਿੱਸੇ ਨੂੰ ਨਜ਼ਰ-ਅੰਦਾਜ਼ ਕਰਦਿਆਂ ਵੱਖਰਾ ਨਾ ਸਮਝਿਆ ਜਾਵੇ । ਡੇਅਰੀ ਵਿਕਾਸ ਦੇ ਸਬੰਧ ਵਿਚ ਵੀ ਅਸੀਂ ਨੈਸ਼ਨਲ ਡੇਅਰੀ ਡਿਵੈਲਪਮੈਂਟ ਬੋਰਡ ਅਤੇ ਇੰਡੀਅਨ ਡੇਅਰੀ ਕਾਰ-ਪੋਰੇਸ਼ਨ ਤੋਂ ਕਾਫ਼ੀ ਸਹਾਇਤਾ ਲੈ ਰਹੇ ਹਾਂ । ਇਸੇ ਤਰ੍ਹਾਂ, ਆਪਣੀ ਮਕਾਨ-ਉਸਾਰੀ ਦੀ ਸਰਗਰਮੀ ਲਈ ਅਸੀਂ ਹੁਡਕੋ (HUDCO) ਅਤੇ ਜੀਵਨ ਬੀਮਾ ਕਾਰਪੋਰੇਸ਼ਨ ਤੋਂ ਕਰਜ਼ੇ ਲੈ ਰਹੇ ਹਾਂ । ਸਹਿਕਾਰੀ ਸੰਸਥਾਵਾਂ ਨੇ ਜ਼ਰਾਇਤੀ ਖੇਤਰ ਵਿਚ ਮਹੱਤਵ-ਪੂਰਣ ਰੋਲ ਅਦਾ ਕੀਤਾ ਹੈ । ਮਾਰਕਫੈਡ ਦਾ ਖੇਤਰ ਕਾਫ਼ੀ ਵੱਧ ਗਿਆ ਹੈ । ਇਸ ਦੀਆਂ ਸਰਗਰਮੀਆਂ ਬਹੁਪੱਖੀ ਹੋ ਗਈਆਂ ਹਨ, ਜਿਨ੍ਹਾਂ ਵਿਚ ਕਿਸਾਨਾਂ ਨੂੰ ਰਸਾਇਣਕ ਖਾਦ ਦੀ ਸਪਲਾਈ ਤੋਂ ਲੈ ਕੇ ਮੌਸਮੀ— ਫਲਾਂ ਅਤੇ ਸਬਜ਼ੀਆਂ ਦੀ ਪਰੋਸੈਸਿੰਗ ਅਤੇ ਅਨਾਜ ਦੀ ਵਸੂਲੀ ਸ਼ਾਮਲ ਹੈ । ਇਸ ਦੀਆਂ ਸਰਗਰਮੀਆਂ ਲਈ ਵਪਾਰਕ ਅਤੇ ਸਹਿਕਾਰੀ ਬੈਂਕਾਂ ਤੋਂ ਕਰਜ਼ੇ ਰਾਹੀਂ ਧਨ ਜੁਟਾਇਆ ਜਾ ਰਿਹਾ ਹੈ । ਵਿੱਤ ਵਿਭਾਗ ਦਾ ਪੂੰਜੀ ਲਾਉਣ ਸਬੰਧੀ ਸੈੱਲ ਇਸ ਸਬੰਧ ਵਿਚ ਇਹ ਅਧਿਐਨ ਕਰ ਰਿਹਾ ਹੈ ਕਿ ਪੰਜਾਬ ਦੇ ਸਨਅਤੀ ਵਿਕਾਸ ਨੂੰ ਹੋਰ ਵਧਾਉਣ ਲਈ ਦੂਜੀਆਂ ਵਿੱਤੀ ਸੰਸਥਾਵਾਂ ਨੂੰ ਕਿਵੇਂ ਪਰੇਰਿਆ ਜਾ ਸਕਦਾ ਹੈ । ਇਸ ਸਬੰਧ ਵਿਚ ਦੋ ਸੰਸਥਾਵਾਂ ਦਾ ਖ਼ਾਸ ਤੌਰ ਤੇ ਜ਼ਿਕਰ ਕਰਨਾ ਚਾਹਾਂਗਾ, ਜਿਨ੍ਹਾਂ ਦੇ ਯੋਗਦਾਨ ਵਿਚ ਹੋਰ ਵਾਧਾ ਕੀਤਾ ਜਾ ਸਕਦਾ ਹੈ । ਇਹ ਸੰਸਥਾਵਾਂ ਹਨ ਇੰਡੀਅਨ ਕਰੈਡਿਟ ਐਂਡ ਇਨਵੈਸਟਮੈਂਟ ਕਾਰਪੋਰੇਸ਼ਨ ਅਤੇ ਯੂਨਿਟ ਟਰਸਟ ਆਫ਼ ਇੰਡੀਆ । ਇਹ ਇਸ ਦੇਸ਼ ਦੀਆਂ ਵੱਡੀਆਂ ਵੱਡੀਆਂ ਵਿੱਤੀ ਸੰਸਥਾਵਾਂ ਤੋਂ ਵੱਡੇ ਪੈਮਾਨੇ ਤੇ ਕਰਜ਼ੇ ਦੀ ਸਹਾਇਤਾ ਲੈਣ ਦਾ ਨਤੀਜਾ ਹੈ ਕਿ ਅਸੀਂ ਰਾਜ ਦੀ ਆਮਦਨ ਵਿਚੋਂ ਪ੍ਰਾਪਤ ਹੋਣ ਵਾਲੀ ਰਕਮ ਅਤੇ ਸਨਅਤੀ ਵਿਕਾਸ ਲਈ ਲੋੜੀਂਦੀ ਰਕਮ ਦੇ ਫਰਕ ਨੂੰ ਪੂਰਾ ਕਰਨ ਦੀ ਤਜਵੀਜ਼ ਰੱਖਦੇ ਹਾਂ ।

ਵਿਕਾਸ ਲਈ ਧਨ ਪਰਾਪਤ ਕਰਨ ਲਈ ਜਿਸ ਦੂਸਰੇ ਖੇਤਰ ਵੱਲ ਸਾਡਾ ਧਿਆਨ ਲੱਗਾ ਹੋਇਆ ਹੈ, ਉਹ ਹੈ ਇਨਵੈਂਟਰੀ ਕੰਟਰੋਲ ਅਤੇ ਮੈਨੇਜਮੈਂਟ । ਭਾਰੀ ਲਾਗਤ ਵਾਲੇ ਪ੍ਰਾਜੈਕਟਾਂ ਦੀ ਪੂਰਤੀ ਲਈ ਜਿਵੇਂ ਕਿ ਸਿੰਜਾਈ ਅਤੇ ਬਿਜਲੀ ਦੇ ਵੱਡੇ ਪ੍ਰਾਜੈਕਟ ਆਦਿ ਹਨ,ਵੱਡੀਆਂ ਵੱਡੀਆਂ ਇਨਵੈਂਟਰੀਆਂ ਅਤੇ ਸਟੋਰ ਬਣਾ ਦਿੱਤੇ ਗਏ ਹਨ । ਇਨ੍ਹਾਂ ਸਟੋਰਾਂ ਵਿਚ ਪ੍ਰਾਜੈਕਟਾਂ ਨੂੰ ਨੇਪਰੇ ਚਾੜ੍ਹਨ ਲਈ ਪੂੰਜੀ ਲਾਉਣੀ ਭਾਵੇਂ ਬਹੁਤ ਜ਼ਰੂਰੀ ਹੈ ਪਰ ਇਹ ਪੂੰਜੀ ਇਸ ਤਰ੍ਹਾਂ ਵਿਨਿਯਮਤ ਕੀਤੀ ਜਾ ਸਕਦੀ ਹੈ, ਜਿਸ ਨਾਲ ਕਿ ਸਰਮਾਇਆ ਫਜ਼ੂਲ ਹੀ ਰੁਕ ਨਾ ਜਾਵੇ । ਅਸੀਂ ਇਸ ਸਬੰਧ ਵਿਚ ਪੰਜਾਬ ਰਾਜ ਬਿਜਲੀ ਬੋਰਡ ਦੇ ਕੰਮ ਸਬੰਧੀ ਵਿਸ਼ੇਸ਼ ਅਧਿਐਨ ਕਰ ਰਹੇ ਹਾਂ ਅਤੇ ਇਨਵੈਂਟਰੀ ਕੰਟਰੋਲ ਅਤੇ ਪ੍ਰਬੰਧ ਸਬੰਧੀ ਵਿਗਿਆਨਕ ਲੀਹਾਂ ਤਜਵੀਜ਼ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ । ਲੋਕ ਨਿਰਮਾਣ ਵਿਭਾਗ ਦੇ ਇਨ-ਵੈਂਟਰੀ ਪ੍ਰਬੰਧ ਬਾਰੇ ਵੀ ਇਸ ਪ੍ਰਕਾਰ ਦਾ ਅਧਿਐਨ ਕਰਨ ਦੀ ਤਜਵੀਜ਼ ਹੈ । ਅਸੀਂ ਸਰਕਾਰੀ ਖੇਤਰ ਦੀਆਂ ਵੱਖ ਵੱਖ ਕਾਰਪੋਰੇਸ਼ਨਾਂ ਅਤੇ ਪੰਜਾਬ ਰੋਡਵੇਜ਼ ਦੇ ਕੰਮ ਵਿਚ ਵੀ ਅਜਿਹੇ ਸੁਧਾਰ ਕਰ ਰਹੇ ਹਾਂ ।

ਮਾਲੀ ਨੀਤੀ ਅਤੇ ਪ੍ਰਬੰਧ ਦੇ ਵੱਖ ਵੱਖ ਪਹਿਲੂਆਂ ਤੇ ਵਿਚਾਰ ਕਰਦੇ ਹੋਏ ਮੈਂ ਰਾਜ ਵਿਚ ਟੈਕਸ ਕਾਨੂੰਨਾਂ ਦੇ ਪ੍ਰਬੰਧ ਦਾ ਵਿਸ਼ੇਸ਼ ਜ਼ਿਕਰ ਕਰਨਾ ਚਾਹਾਂਗਾ । ਤਜਾਰਤੀ ਸਰ-ਗਰਮੀਆਂ ਵਿਚ ਵਾਧਾ ਹੋਣ ਨਾਲ, ਸਾਡੇ ਵਿਕਰੀ ਕਰ ਦੀ ਆਮਦਨ ਵਿਚ ਬਰਾਬਰ ਵਾਧਾ ਹੋ ਗਿਆ ਹੈ । ਮਨੋਰੰਜਨ ਕਰ, ਆਬਕਾਰੀ ਕਰ, ਅਸ਼ਟਾਮ ਕਰ ਆਦਿ ਵਿਚ ਵੀ ਇਸੇ

ਤਰ੍ਹਾਂ ਵਾਧਾ ਹੋ ਰਿਹਾ ਹੈ । ਅਸੀਂ ਕਰ-ਪ੍ਰਬੰਧ ਵਿਚ ਹੋਰ ਸੁਧਾਰ ਕਰ ਰਹੇ ਹਾਂ ਤਾਂਕਿ ਉਨ੍ਹਾਂ ਨੁਕਸਾਂ ਨੂੰ ਦੂਰ ਕੀਤਾ ਜਾ ਸਕੇ ਜਿਨ੍ਹਾਂ ਕਰਕੇ ਟੈਕਸਾਂ ਦੀ ਚੋਰੀ ਹੁੰਦੀ ਹੈ। ਵਕਤ ਸਿਰ ਨਿਰਧਾਰਣ ਰਾਹੀਂ ਅਤੇ ਟੈਕਸ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨ ਨਾਲ ਟੈਕਸਾਂ ਦੀ ਵਸੂਲੀ ਦੀ ਰਫ਼ਤਾਰ ਨੂੰ ਤੇਜ਼ ਕੀਤਾ ਜਾ ਸਕੇ । ਅਜਿਹਾ ਕਰਨ ਦੇ ਨਾਲ ਨਾਲ ਅਸੀਂ ਵਪਾਰੀ ਤਬਕੇ ਨੂੰ ਪੇਸ਼ ਆਉਣ ਵਾਲੀਆਂ ਔਕੜਾਂ ਨੂੰ ਅਖੋਂ ਉਹਲੇ ਨਹੀਂ ਕੀਤਾ । ਅਜਿਹੀਆਂ ਔਕੜਾਂ ਜਿਹੜੀਆਂ ਨਾ ਤਾਂ ਟੈਕਸ ਉਗਰਾਹੁਣ ਲਈ ਹੀ ਸਹਾਈ ਹਨ ਅਤੇ ਨਾ ਹੀ ਰਾਜ ਦੇ ਵਪਾਰ ਦੇ ਹਿਤ ਵਿਚ ਹਨ, ਨੂੰ ਦੂਰ ਕਰਨ ਲਈ ਵਪਾਰੀਆਂ ਨੂੰ ਵਿਕਰੀ ਕਰ ਦੇ ਦਰ ਵਿਚ ਬਹੁਤ ਸਾਰੀਆਂ ਰਿਆਇਤਾਂ ਅਤੇ ਛੋਟਾਂ ਦਿੱਤੀਆਂ ਗਈਆਂ ਹਨ । ਆਮ ਵਪਾਰੀਆਂ ਦੀ ਕਰ-ਯੋਗ ਆਮਦਨ ਦੀ ਹੱਦ 40,000 ਰੁਪਏ ਤੋਂ ਵਧਾ ਕੇ ਇਕ ਲੱਖ ਰੁਪਏ ਕਰ ਦਿਤੀ ਗਈ ਹੈ ਅਤੇ ਢਾਬੇ ਅਤੇ ਤੰਦੂਰਾਂ ਵਾਲਿਆਂ ਦੀ ਸੂਰਤ ਵਿਚ ਇਹ ਹੱਦ 25,000 ਰੁਪਏ ਤੋਂ ਵਧਾ ਕੇ 40,000 ਰੁਪਏ ਕਰ ਦਿੱਤੀ ਗਈ ਹੈ। ਵਪਾਰੀਆਂ ਨਾਲ ਚੰਗੇਰਾ ਸੰਪਰਕ ਕਾਇਮ ਕਰਨ ਲਈ ਅਤੇ ਉਨ੍ਹਾਂ ਦੀਆਂ ਤਕਲੀਫ਼ਾਂ ਨੂੰ ਦੂਰ ਕਰਨ ਲਈ ਜ਼ਿਲ੍ਹਿਆਂ ਵਿਚ ਕਮੇਟੀਆਂ ਕਾਇਮ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਹਰ ਕਿਸਮ ਦੇ ਵਪਾਰੀ ਤਬਕੇ ਦੇ ਪ੍ਰਤੀਨਿਧ ਸ਼ਾਮਲ ਕੀਤੇ ਗਏ ਹਨ । ਸਰਕਾਰ ਨੇ ਕਰ-ਪ੍ਰਬੰਧ ਵਿਚ ਸੁਧਾਰ ਕਰਨ ਅਤੇ ਵਿੱਕਰੀ ਕਰ ਦੀ ਉਗਰਾਹੀ ਅਤੇ ਨਿਰਧਾਰਣ ਦੇ ਤਰੀਕੇ ਨੂੰ ਆਸਾਨ ਬਨਾਉਣ ਲਈ ਉਪਾਅ ਅਤੇ ਸਾਧਨਾਂ ਦੇ ਸੁਝਾ ਦੇਣ ਲਈ ਸ੍ਰੀ ਨਿਰੰਜਣ ਸਿੰਘ ਤਾਲਿਬ, ਮੈਂਬਰ ਪਾਰਲੀਮੈਂਟ ਦੀ ਪ੍ਰਧਾਨਗੀ ਅਧੀਨ ਇਕ ਉੱਚ ਅਧਿਕਾਰ ਪ੍ਰਾਪਤ ਕਮੇਟੀ ਵੀ ਨਿਯੁਕਤ ਕੀਤੀ ਹੈ ।

ਕਫ਼ਾਇਤ ਦੇ ਪੱਖ ਬਾਰੇ ਮੈਂ ਮਾਨਯੋਗ ਮੈਂਬਰਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਰਾਜ ਸਰਕਾਰ ਅਣ-ਉਤਪਾਦਕ ਸਕੀਮਾਂ ਅਤੇ ਪ੍ਰਾਜੈਕਟਾਂ ਸਬੰਧੀ ਨਵੇਂ ਖਰਚਾਂ ਦੀ ਮਨਜ਼ੂਰੀ ਦੇਣ ਦੇ ਮਾਮਲੇ ਵਿਚ ਬੜੀ ਸਖ਼ਤ ਰਹੀ ਹੈ । ਲਿੱਖਣ ਸਮਿਗਰੀ ਖਰੀਦਣ, ਟੈਲੀਫ਼ੂਨ ਕਾਲਾਂ ਦੀ ਅਦਾਇਗੀ ਅਤੇ ਅਚੇਤ ਕਿਸਮ ਦੀਆਂ ਹੋਰ ਮੱਦਾਂ ਦੇ ਖ਼ਰਚ ਵਿਚ ਭਾਰੀ ਕਮੀ ਕੀਤੀ ਗਈ ਹੈ । ਗੈਰ-ਜ਼ਰੂਰੀ ਮੱਦਾਂ ਅਤੇ ਅਣਉਤਪਾਦਕ ਇਮਾਰਤਾਂ ਦੀ ਉਸਾਰੀ ਵਿਚ ਕਫ਼ਾਇਤ ਕਰਨ ਲਈ ਖ਼ਰਚ ਤੇ ਨਿਰੰਤਰ ਨਜ਼ਰਸਾਨੀ ਕੀਤੀ ਜਾਂਦੀ ਹੈ । ਸਾਲ 1975-76 ਦੇ ਦੌਰਾਨ ਇਹ ਯਤਨ ਵਧੇਰੇ ਜ਼ੋਰ ਨਾਲ ਜਾਰੀ ਰੱਖੇ ਜਾਣਗੇ । ਮੈਨੂੰ ਯਕੀਨ ਹੈ ਕਿ 6.83 ਕਰੋੜ ਰੁਪਏ ਦਾ ਮਾਮੂਲੀ ਘਾਟਾ ਸਾਲ 1975-76 ਦੇ ਅੰਤ ਤੱਕ ਕਫ਼ਾਇਤਾਂ, ਚੰਗੇਰੇ ਕਰ ਪ੍ਰਬੰਧ ਅਤੇ ਹੋਰ ਯਤਨਾ ਰਾਹੀਂ ਜਿਨ੍ਹਾਂ ਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕਾ ਹਾਂ, ਪੂਰਾ ਹੋ ਜਾਵੇਗਾ । (ਥੰਪਿੰਗ)

ਸਾਡੇ ਸਾਧਨਾਂ ਤੇ ਕਾਫ਼ੀ ਭਾਰ ਹੋਣ ਦੇ ਬਾਵਜੂਦ ਵੀ ਅਸੀਂ ਸਹੀ ਅਰਥਾਂ ਵਿਚ ਸਾਲ 1975-76 ਲਈ ਯੋਜਨਾ ਗਤ ਖ਼ਰਚ ਵਿਚ ਅਗੇ ਵੱਧ ਰਹੇ ਹਾਂ, ਉਨ੍ਹਾਂ ਖੇਤਰਾਂ ਨੂੰ ਕਾਫ਼ੀ ਰਕਮ ਦੇ ਰਹੇ ਹਾਂ, ਜਿਨ੍ਹਾਂ ਖੇਤਰਾਂ ਨੂੰ ਆਪਣੀ ਸਮਾਜਿਕ ਨੀਤੀ ਅਤੇ ਪ੍ਰੋਗਰਾਮ ਅਨੁਸਾਰ ਕਾਫ਼ੀ ਪਹਿਲ ਦਿੱਤੀ ਜਾਣੀ ਚਾਹੀਦੀ ਹੈ । ਇਸ ਦੇ ਨਾਲ ਨਾਲ ਰਾਜ ਦੀ ਆਮਦਨ ਦੇ ਸੁਯੋਗ ਪ੍ਰਬੰਧ ਕਾਰਣ ਬਜਟ ਦੇ ਘਾਟੇ ਨੂੰ ਵਸ ਵਿਚ ਰੱਖਿਆ ਗਿਆ ਹੈ । ਮੈਂ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਮੈਂ ਕੋਈ ਨਵਾਂ ਟੈਕਸ ਲਾਉਣ ਦੀ ਤਜਵੀਜ਼ ਪੇਸ਼ ਨਹੀਂ ਕਰ ਰਿਹਾ (ਥੰਪਿੰਗ)

ਮੈਂ ਸਰਕਾਰ ਦੀ ਅਗਾਂਹ ਵਧੂ ਅਤੇ ਸਮਾਜਵਾਦੀ ਨੀਤੀ ਨੂੰ ਮੁੱਖ ਰੱਖਦਿਆਂ ਕੁਝ ਹੋਰ

[ਵਿੱਤ ਮੰਤਰੀ]

ਰਿਆਇਤਾਂ ਦੇਣ ਦਾ ਵੀ ਐਲਾਨ ਕਰਨਾ ਚਾਹਾਂਗਾ :-

(1) ਪ੍ਰਾਈਵੇਟ ਕਾਲਜਾਂ ਦੇ ਟੀਚਿੰਗ ਅਤੇ ਨਾਨ-ਟੀਚਿੰਗ ਅਮਲੇ ਤੇ ਆਉਣ ਵਾਲੇ ਖ਼ਰਚ ਸਬੰਧੀ ਸਾਲਾਨਾ ਐਡ-ਹਾਕ ਸਹਾਇਤਾ ਗ੍ਰਾਂਟ ਦੀ ਰਕਮ 18 ਲੱਖ ਰੁਪਏ ਤੋਂ ਵਧਾ ਕੇ 48 ਲੱਖ ਰੁਪਏ ਕਰ ਦਿੱਤੀ ਗਈ ਹੈ । (ਥੰਪਿੰਗ)

(2) ਇਹ ਫ਼ੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਨੂੰ ਸਹਾਇਤਾ ਗ੍ਰਾਂਟ ਦਾ ਕੇਂਦਰੀ ਪੈਟਰਨ, ਜੋ ਹਰ 16 ਪੁਆਇੰਟ ਦੇ ਵਾਧੇ ਤੇ, ਜੋ ਕਿ ਆਲ ਇੰਡੀਆ ਵਰਕਿੰਗ ਕਲਾਸ ਕੰਨਜ਼ਿਉਮਰ ਪ੍ਰਾਇਸ ਇੰਡੈਕਸ ਦੀ ਬਾਰ੍ਹਾਂ ਮਹੀਨਿਆਂ ਦੀ ਔਸਤ ਤੇ ਬਣਦਾ ਹੈ, ਪੰਜਾਬ ਵਿਚ ਵੀ ਅਪਣਾ ਲਿਆ ਜਾਵੇ ਇਸ ਨਾਲ 65 ਲੱਖ ਰੁਪਏ ਦਾ ਹੋਰ ਖਰਚਾ ਵੱਧ ਜਾਵੇਗਾ । (ਥੰਪਿੰਗ)

(3) ਸਤਿਕਾਰਯੋਗ ਮੈਂਬਰਾਂ ਨੂੰ ਇਹ ਪਤਾ ਹੀ ਹੈ ਕਿ ਸਰਕਾਰੀ ਸਕੂਲਾਂ ਵਿਚ ਅੱਠਵੀਂ ਕਲਾਸ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਮੁਫ਼ਤ ਸਿਖਿਆ ਦਿੱਤੀ ਜਾਂਦੀ ਹੈ ਅਤੇ ਸਰਕਾਰੀ ਸਕੂਲਾਂ ਵਿਚ ਨੌਵੀਂ ਦੱਸਵੀਂ ਅਤੇ ਗਿਆਰਵੀਂ ਕਲਾਸ ਵਿਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਦਿੱਤੀ ਗਈ ਹੈ, ਜੇ ਕਰ ਉਨ੍ਹਾਂ ਦੇ ਮਾਪਿਆਂ ਦੀ ਆਮਦਨ 6000 ਰੁਪਏ ਸਲਾਨਾਂ ਤੋਂ ਵੱਧ ਨਾ ਹੋਵੇ । (ਥੰਪਿੰਗ)

(ੳ) ਹੁਣ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਸਰਕਾਰੀ ਸਕੂਲਾਂ ਵਿਚ ਨੌਵੀਂ, ਦੱਸਵੀਂ ਅਤੇ ਗਿਆਰ੍ਹਵੀਂ ਕਲਾਸ ਵਿਚ ਪੜ੍ਹ ਰਹੇ ਲੜਕਿਆਂ ਦੀ ਸੂਰਤ ਵਿਚ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਪੂਰੀ ਛੋਟ ਦੇਣ ਲਈ, ਉਹਨਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਦੀ ਹੱਦ 1,000 ਰੁਪਏ ਤੋਂ ਵਧਾ ਕੇ 3,600 ਰੁਪਏ ਅਤੇ ਕੁੜੀਆਂ ਦੀ ਸੂਰਤ ਵਿਚ ਇਹ ਹੱਦ 3,000 ਰੁਪਏ ਤੋਂ ਵਧਾ ਕੇ 6,000 ਰੁਪਏ ਕਰ ਦਿੱਤੀ ਜਾਵੇ ।

(ਅ) ਇਹ ਵੀ ਫ਼ੈਸਲਾ ਕੀਤਾ ਗਿਆ ਹੈ ਕਿ ਸਰਕਾਰੀ ਸਕੂਲਾਂ ਵਿਚ ਨੌਵੀਂ, ਦੱਸਵੀਂ ਅਤੇ ਗਿਆਰਵੀਂ ਕਲਾਸ ਵਿਚ ਪੜ੍ਹ ਰਹੇ ਉਨ੍ਹਾਂ ਲੜਕਿਆਂ ਤੋਂ ਅੱਧੀ ਟਿਊਸ਼ਨ ਫ਼ੀਸ ਹੀ ਲਈ ਜਾਵੇ, ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 3,601 ਰੁਪਏ ਤੋਂ 6,000 ਰੁਪਏ ਤਕ ਹੈ, ਇਸ ਤੋਂ ਪਹਿਲਾਂ ਉਕਤ ਆਮਦਨ ਦੀ ਇਹ ਹਦ 1,001 ਰੁਪਏ ਤੋਂ 3,000 ਰੁਪਏ ਸਾਲਾਨਾ ਸੀ । ਇਸੇ ਤਰ੍ਹਾਂ ਦੀ ਰਿਆਇਤ ਉਨ੍ਹਾਂ ਕੁੜੀਆਂ ਨੂੰ ਵੀ ਦਿੱਤੀ ਜਾਵੇਗੀ, ਜਿਨ੍ਹਾਂ ਦੇ ਮਾਪਿਆਂ ਦੀ ਆਮਦਨ 6,000 ਰੁਪਏ ਸਾਲਾਨਾ ਤੋਂ ਵੱਧ ਨਾ ਹੋਵੇ । ਜਦੋਂ ਕਿ ਆਮਦਨ ਦੀ ਮੌਜੂਦਾ ਹੱਦ 3,000 ਰੁਪਏ ਸਾਲਾਨਾ ਹੈ ।

(ੲ) ਸਰਕਾਰੀ ਕਾਲਜਾਂ ਵਿਚ ਪੜ੍ਹਨ ਵਾਲੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਮੁਕੰਮਲ

ਛੋਟ ਦੇਣ ਦਾ ਵੀ ਫੈਸਲਾ ਕੀਤਾ ਗਿਆ ਹੈ । (ਥੰਪਿੰਗ) ਬਸ਼ਰਤੇ ਕਿ ਉਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 6,000 ਰੁਪਏ ਤੋਂ ਵੱਧ ਨਾ ਹੋਵੇ, ਜਦ ਕਿ ਇਹ ਸੀਮਾਂ ਇਸ ਵੇਲੇ 1,800 ਰੁਪਏ ਹੈ ।

ਸ਼੍ਰੀ ਮਾਨ ਜੀ, ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ, ਮੈਂ, ਸ਼੍ਰੀ ਐਸ. ਪੀ. ਬਾਗਲਾ, ਵਿੱਤ ਸਕੱਤਰ ਪੰਜਾਬ ਸਰਕਾਰ ਅਤੇ ਵਿੱਤ ਵਿਭਾਗ ਦੇ ਹੋਰ ਅਫਸਰਾਂ ਤੇ ਅਮਲੇ ਦਾ, ਜਿਨ੍ਹਾਂ ਦੀ ਮਿਹਨਤ ਅਤੇ ਸ਼ਲਾਘਾਯੋਗ ਕੰਮ ਸਦਕਾ ਹੀ ਮੈਂ ਸਮੇਂ ਸਿਰ ਸਦਨ ਸਾਹਮਣੇ ਬਜਟ ਪੇਸ਼ ਕਰ ਸਕਿਆ ਹਾਂ, ਧੰਨਵਾਦ ਕਰਦਾ ਹਾਂ । ਇਸ ਸਾਲ ਬਜਟ ਅਨੁਮਾਨ ਤਿਆਰ ਕਰਨ ਲਈ ਉਨ੍ਹਾਂ ਨੂੰ ਬਹੁਤ ਘਟ ਸਮਾਂ ਦਿੱਤਾ ਗਿਆ ਸੀ । ਮੈਂ ਮਹਾ ਲੇਖਾਕਾਰ ਪੰਜਾਬ ਦਾ ਵੀ ਉਨ੍ਹਾਂ ਦੀ ਕੀਮਤੀ ਸਹਇਤਾ ਲਈ ਧੰਨਵਾਦੀ ਹਾਂ । ਮੈਂ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ, ਚੰਡੀਗੜ੍ਹ ਅਤੇ ਉਨ੍ਹਾਂ ਦੇ ਅਮਲੇ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਬਜਟ ਦਸਤਾਵੇਜ਼ਾਂ ਨੂੰ ਛਾਪਣ ਵਿਚ ਸਹਿਯੋਗ ਦਿੱਤਾ ਹੈ ।

ਹੁਣ ਸ੍ਰੀਮਾਨ ਜੀ, ਮੈਂ ਸਾਲ 1975-76 ਦੇ ਬਜਟ ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ ।

ਜੈ ਹਿੰਦ

Mr. Speaker : The House stands adjourned till 9.00 a.m. on Thursday, the 16th January, 1975.

2.55 p.m.	*(The Sabha then adjourned till 9-00 a.m. on Thursday, the 16th January 1975.)*

1443—10-6-75—286—Govt. Press, Patiala

APPENDIX

TO

PUNJAB VIDHAN SABHA

DEBATES

Vol. I—No. 6

Dated 15th January, 1975

ਰਾਜ ਵਿਚ ਘੱਟ ਆਮਦਨ ਗਰੁਪ ਦੇ ਵਿਅਕਤੀਆਂ ਲਈ ਗ੍ਰਿਹ ਨਿਰਮਾਣ ਵਿਭਾਗ ਦੁਆਰਾ ਬਣਾਏ ਗਏ ਚੀਪ ਹਾਊਸ

*3045 **ਸ੍ਰੀ ਪ੍ਰੇਮ ਗੁਪਤਾ** : ਕੀ ਗ੍ਰਿਹ ਨਿਰਮਾਣ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਗ੍ਰਿਹ ਨਿਰਮਾਣ ਵਿਭਾਗ ਵਿਚ ਸਰਕਾਰ ਨੇ ਘੱਟ ਆਮਦਨ ਗਰੁਪ ਦੇ ਵਿਅਕ-ਤੀਆਂ ਲਈ ਰਾਜ ਵਿਚ ਵੱਖ ਵੱਖ ਸਥਾਨਾਂ ਤੇ ਚੀਪ ਹਾਊਸ ਬਣਾਉਣ ਦਾ ਫੈਸਲਾ ਕਰ ਲਿਆ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਪਹਿਲਾਂ ਹੀ ਬਣਾਏ ਗਏ ਅਤੇ ਅਲਾਟ ਕੀਤੇ ਗਏ ਮਕਾਨਾਂ ਦੀ ਗਿਣਤੀ ਕਿੰਨੀ ਹੈ;

(ਅ) ਸਾਲ 1975-76 ਵਿਚ ਬਣਾਏ ਜਾਣ ਵਾਲੇ ਅਜਿਹੇ ਤਜਵੀਜ਼ਤ ਮਕਾਨਾਂ ਦੀ ਗਿਣਤੀ ਕਿੰਨੀ ਹੈ ?

ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ : (ੳ) ਅਤੇ (ਅ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸੂਚਨਾ

(ੳ) ਗ੍ਰਿਹ ਨਿਰਮਾਣ ਵਿਭਾਗ ਵਿਚ ਸਰਕਾਰ ਘੱਟ ਆਮਦਨ ਗਰੁਪ ਦੇ ਵਿਅਕਤੀਆਂ ਲਈ ਅਤੇ ਆਰਥਕ ਤੌਰ ਤੇ ਕਮਜ਼ੋਰ ਵਰਗ ਦੇ ਵਿਅੱਕਤੀਆਂ ਲਈ ਰਾਜ ਵਿਚ ਵੱਖ ਵੱਖ ਸਥਾਨਾਂ ਤੇ ਚੀਪ ਹਾਊਸਿਜ਼ ਬਣਾਉਣ ਵਾਸਤੇ ਇਛੱਕ ਹੈ। ਇਨ੍ਹਾਂ ਸ਼੍ਰੇਣੀਆਂ ਵਾਸਤੇ ਮਕਾਨ ਬਣਾਉਣ ਲਈ ਵੱਖ ਵੱਖ ਏਜੰਸੀਆਂ ਹਨ ਅਤੇ ਵੱਖ ਵੱਖ ਸਕੀਮਾਂ ਹਨ। ਹੁਣ ਤਕ ਵੱਖ ਵੱਖ ਸਕੀਮਾਂ ਅਧੀਨ ਵੱਖ ਵੱਖ ਏਜੰਸੀਆਂ ਨੇ ਜੋ ਮਕਾਨ ਬਣਾਏ ਹਨ ਅਤੇ ਅਲਾਟ ਕੀਤੇ ਹਨ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

(1) 304 ਮਕਾਨ ਹਾਊਸਿੰਗ ਬੋਰਡ ਵਲੋਂ ਬਣਾਏ ਗਏ ਹਨ। ਅਜੇ ਕੋਈ ਮਕਾਨ ਅਲਾਟ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ 794 ਮਕਾਨ ਉਸਾਰੀ ਅਧੀਨ ਹਨ।

(2) 1,216 ਮਕਾਨ ਸਬਸੀਡਾਈਜ਼ਡ ਇੰਡਸਟਰੀਅਲ ਸਕੀਮ ਅਧੀਨ ਸਟੇਟ ਸੈਕਟਰ ਵਿਚ ਉਦਯੋਗਿਕ ਕਾਮਿਆਂ ਲਈ ਬਣਾਏ ਜਾ ਚੁਕੇ ਹਨ ਅਤੇ ਇਸਤੇਮਾਲ ਵਿਚ ਹਨ। ਇਨ੍ਹਾਂ ਵਿਚੋਂ 285 ਮਕਾਨ ਕਿਰਾਇਆ—ਖਰੀਦ ਪੱਧਰ ਤੇ ਦਿਤੇ ਜਾ ਚੁਕੇ ਹਨ ਅਤੇ ਬਾਕੀ ਮਕਾਨਾਂ ਨੂੰ ਵੀ ਇਸ ਪੱਧਰ ਤੇ ਦੇਣ ਦੀ ਕਾਰਵਾਈ ਕੀਤੀ ਜਾ ਰਹੀ ਹੈ।

(3) 577 ਮਕਾਨ ਸਬਸੀਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਅਧੀਨ ਕੋਆਪ੍ਰੇਟਿਵ ਸੈਕਟਰ ਵਿਚ ਬਣਾਏ ਗਏ ਹਨ।

(4) 1,797 ਮਕਾਨ ਸਬਸੀਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਅਧੀਨ ਇੰਪਲਾਇਰ ਸੈਕਟਰ ਵਿਚ ਬਣਾਏ ਗਏ ਹਨ।

(5) 196 ਮਕਾਨ ਨਗਰ ਸੁਧਾਰ ਟਰੱਸਟਾਂ ਵਲੋਂ ਬਣਾਏ ਗਏ ਹਨ ਅਤੇ 134 ਅਲਾਟ ਕੀਤੇ ਗਏ ਹਨ।

(ਅ) 1975—76 ਵਿਚ ਇਨ੍ਹਾਂ ਵਰਗਾਂ ਲਈ ਤਜਵੀਜ਼ਤ ਮਕਾਨਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

(1) 1,772 ਮਕਾਨ ਪੰਜਾਬ ਹਾਊਸਿੰਗ ਵਿਕਾਸ ਬੋਰਡ ਵਲੋਂ

(2) ਲਗਭਗ 750 ਮਕਾਨ ਸਬਸੀਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਅਧੀਨ

(3) 1,090 ਮਕਾਨ ਨਗਰ ਸੁਧਾਰ ਟਰੱਸਟਾਂ ਵਲੋਂ।

1-11-1966 ਅਤੇ 30-11-74 ਨੂੰ ਬਲਾਕ ਸਿਖਿਆ ਅਫਸਰਾਂ, ਜ਼ਿਲਾ ਸਿਖਿਆ ਅਫਸਰਾਂ ਅਤੇ ਸਰਕਲ ਅਫਸਰਾਂ ਦੇ ਦਫ਼ਤਰਾਂ ਵਿਚ ਕੰਮ ਕਰ ਰਹੇ ਕਲਰਕ, ਸਹਾਇਕ ਅਤੇ ਸੁਪਰਡੰਟ,

* 3061 **ਮਾਸਟਰ ਚੰਦ ਸਿੰਘ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ 1-11-1966 ਅਤੇ 30-11-1974 ਨੂੰ ਸਿਖਿਆ ਵਿਭਾਗ ਵਿਚ ਜ਼ਿਲ੍ਹਾਵਾਰ ਬੀ. ਈ. ਓਜ਼., ਡੀ. ਈ. ਓਜ਼ ਅਤੇ ਸੀ. ਈ. ਓਜ਼ ਦੇ ਦਫਤਰਾਂ ਵਿਚ ਕੰਮ ਕਰ ਰਹੇ ਕਲਰਕਾਂ, ਸਹਾਇਕਾਂ ਅਤੇ ਸੁਪਰਡੰਟਾਂ ਦੀ ਵੱਖ ਵੱਖ ਗਿਣਤੀ ਕਿੰਨੀ ਕਿੰਨੀ ਹੈ ?

ਸ੍ਰੀ ਗੁਰਮੇਲ ਸਿੰਘ : 1-11-1966 ਅਤੇ 30-11-1974 ਨੂੰ ਬੀ. ਈ. ਓਜ਼ ਡੀ. ਈ. ਓਜ਼ ਅਤੇ ਸੀ. ਈ. ਓਜ਼, ਦੇ ਦਫਤਰਾਂ ਵਿਚ ਕੰਮ ਕਰ ਰਹੇ ਕਲਰਕਾਂ, ਸਹਾਇਕਾਂ ਅਤੇ ਸੁਪਰਡੰਟਾਂ ਸਬੰਧੀ ਅੰਕੜਿਆਂ ਬਾਰੇ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ ਜੀ।

[Statement regarding number of Clerks, Assistants and Superintendents in the offices of the Block Education Officers, District Education Officers and Circle Education Officer as on 1-11-1966 and 30-11-1974 is laid on the Table of the House.]

ਸੂਚੀ

1-11-1966

ਜ਼ਿਲ੍ਹਾ ਸਿਖਿਆ ਅਫਸਰ/ ਮੰਡਲ ਸਿਖਿਆ ਅਫਸਰ ਦੇ ਨਾਂ	ਸੁਪਰਡੰਟ	ਸਹਾਇਕ	ਕਲਰਕ	ਬੀ.ਈ.ਓਜ਼. ਦੇ ਦਫਤਰਾਂ ਵਿਚ ਕਲਰਕਾਂ ਦੀ ਗਿਣਤੀ
1.	2	3	4	5
1. ਜ਼ਿਲ੍ਹਾ ਸਿਖਿਆ ਅਫਸਰ ਬਠਿੰਡਾ	1	11	22	13
2. ਜ਼ਿਲ੍ਹਾ ਸਿਖਿਆ ਅਫਸਰ ਜਲੰਧਰ	1	12	32	18
3. ਜ਼ਿਲ੍ਹਾ ਸਿਖਿਆ ਅਫਸਰ ਅੰਮ੍ਰਿਤਸਰ	1	13	38	22
4. ਜ਼ਿਲ੍ਹਾ ਸਿਖਿਆ ਅਫਸਰ ਰੋਪੜ	1	6	15	9
5. ਜ਼ਿਲ੍ਹਾ ਸਿਖਿਆ ਅਫਸਰ ਫਿਰੋਜ਼ਪੁਰ	1	10	28	26
6. ਜ਼ਿਲ੍ਹਾ ਸਿਖਿਆ ਅਫਸਰ ਗੁਰਦਾਸਪੁਰ	1	10	27	16
7. ਜ਼ਿਲ੍ਹਾ ਸਿਖਿਆ ਅਫਸਰ ਕਪੂਰਥਲਾ	1	8	15	5
8. ਜ਼ਿਲ੍ਹਾ ਸਿਖਿਆ ਅਫਸਰ ਲੁਧਿਆਣਾ	1	10	34	16
9. ਜ਼ਿਲ੍ਹਾ ਸਿਖਿਆ ਅਫਸਰ ਸੰਗਰੂਰ	1	7	12	9
10. ਜ਼ਿਲ੍ਹਾ ਸਿਖਿਆ ਅਫਸਰ ਹੁਸ਼ਿਆਰਪੁਰ	1	10	32	14
11. ਜ਼ਿਲ੍ਹਾ ਸਿਖਿਆ ਅਫਸਰ ਪਟਿਆਲਾ	1	12	30	16
12. ਮੰਡਲ ਸਿਖਿਆ ਅਫਸਰ ਨਾਭਾ	—	8	12	—
13. ਮੰਡਲ ਸਿਖਿਆ ਅਫਸਰ ਜਲੰਧਰ	—	14	20	—

30-11-74

1	2	3	4	5
ਜ਼ਿਲ੍ਹਾ ਸਿਖਿਆ ਅਫਸਰ, ਬਠਿੰਡਾ	1	9	17	11
,, ਜਲੰਧਰ	1	15	35	21
,, ਅੰਮ੍ਰਿਤਸਰ	1	16	41	25
,, ਰੋਪੜ	1	8	16	13
,, ਫਿਰੋਜ਼ਪੁਰ	1	6	30	19
,, ਗੁਰਦਾਸਪੁਰ	1	11	29	20
,, ਕਪੂਰਥਲਾ	1	9	16	7
,, ਲੁਧਿਆਣਾ	1	12	37	19
,, ਸੰਗਰੂਰ	1	11	19	13
,, ਹੁਸ਼ਿਆਰਪੁਰ	1	11	33	20
,, ਪਟਿਆਲਾ	1	15	31	21
,, ਫਰੀਦਕੋਟ	1	13	26	14
ਮੰਡਲ ਸਿਖਿਆ ਅਫਸਰ ਪਟਿਆਲਾ, ਮੰਡਲ ਨਾਭਾ	—	8	12	—
ਮੰਡਲ ਸਿਖਿਆ ਅਫਸਰ ਜਲੰਧਰ ।	—	14	21	—

STATEMENT

1st November, 1966

Name of D.E.O./C.E.O.	Number of Superintendents	No. of Assistants	Number of Clerks	Number of Clerks in the B.E.O. Offices
1	2	3	4	5
1. District Education Officer, Bhatinda ..	1	11	22	13
2. District Education Officer, Jullundur ..	1	10	32	18
3. District Education Officer, Amritsar ..	1	13	38	22

1443—10-6-75—286 Govt. Press, Patiala

ERRATA

TO

PUNJAB VIDHAN SABHA DEBATES

Dated the 15th January, 1975

Vol. I—No. 6

Read	*For*	*Page*	*Line*
Important	Imdnrtant	(6)7	15th from below
ancillary	man cilliary	(6)11	25th from below
Co-operation	Co-oparation	(6)11	22nd from below
Parishad	Parished	(6)15	13
Parishad	Parished	(6)15	10th from below
suo motu	suomoto	(6)22	20th from below
liqueur	liquer	(6)23	21
rural	tural	(6)32	19th from below
advise	advice	(6)35	23
castes	ca s	(6)41	5th from below
scheduled	sch led	(6)41	4th from below
among	ong	(6)41	3rd from below
B.D.P.O.	D.P.O.	(6)41	2nd from below
executive	elecutive	(6)42	20
tier	tire	(6)48	22nd from below
ਹਾਈ	ਰਾਹੀ	(6)64	11
ਮੁੱਖ	ਖਮੁੱ	(6)73	5th from below

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

16th January, 1975

Vol. I—No. 7

OFFICIAL REPORT

CONTENTS

Thursday, the 16th January, 1975

Punjab Vidhan Sabha Secretariat, Chandigarh.

Price: Rs. 41-83

PUNJAB VIDHAN SABHA

Thursday, the 16th January, 1975.

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 9-00 a.m. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

Mr. Speaker : Questions will begin with supplementaries to Starred Question No. 2973 printed at page 4 of the List of Starred Questions for the 9th January, 1975 and there after the list of Starred Questions for the 14th January, 1975 (fixed for 15th January), will be taken up.

SUPPLEMENTARIES TO STARRED QUESTION No. 2973.*

ਚੌਧਰੀ ਦਰਸ਼ਨ ਸਿੰਘ : 43 ਕੇਸ ਸਰਕਾਰ ਨੇ ਫੜੇ ਹਨ, ਜਿਥੇ ਉਨ੍ਹਾਂ ਵਿਅਕਤੀਆਂ ਨੇ, ਜਿਹੜੇ ਨਾਨ-ਹਰੀਜਨ ਹਨ ਹਰੀਜਨਾਂ ਦੇ ਸਰਟੀਫਿਕੇਟ ਦੇ ਕੇ ਐਡਮਿਸ਼ਨ ਲਈ ਹੈ । 12–13 ਕੇਸ ਪੁਲਿਸ ਨੂੰ ਦਿਤੇ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪਰਾਈਮਾ ਫਸਾਈ ਕੇਸ ਐਸਟੈਬਲਿਸ਼ ਹੋ ਗਏ ਕਿ ਉਹ ਨਾਨ-ਹਰੀਜਨ ਹਨ, ਤਾਂ ਉਨ੍ਹਾਂ ਨੂੰ ਸਰਵਿਸ ਵਿਚ ਕਿਉਂ ਰਖਿਆ ਗਿਆ ਹੈ, ਉਹ ਸਰਵਿਸ ਵਿਚ ਕੰਟੀਨਿਊ ਕਿਉਂ ਕਰ ਰਹੇ ਹਨ ?

ਰਾਜ ਮੰਤਰੀ, ਸਮਾਜ ਭਲਾਈ (ਕੁਮਾਰੀ ਸਰਲਾ ਪਰਾਸ਼ਰ) : ਸਪੀਕਰ ਸਾਹਿਬ, ਜਿਹੜਾ ਸਵਾਲ ਚੌਧਰੀ ਸਾਹਿਬ ਨੇ ਪੁਛਿਆ ਹੈ, ਉਸ ਬਾਰੇ ਮੈਂ ਸਦਨ ਨੂੰ ਇਹ ਦਸਣਾ ਚਾਹੁੰਦੀ ਹਾਂ ਕਿ ਜਿਹੜੇ 42 ਕੇਸ ਹਨ, ਉਨ੍ਹਾਂ ਸਾਰਿਆਂ ਦੀ ਇਨਕੁਆਇਰੀ ਚਲ ਰਹੀ ਹੈ। ਜਿਨ੍ਹਾਂ ਕੇਸਾਂ ਦੀ ਪ੍ਰਿਲਿਮੀਨਰੀ ਸਟੇਜ ਕੰਪਲੀਟ ਹੋ ਚੁੱਕੀ ਹੈ, ਉਹ ਪੁਲਿਸ ਨੂੰ ਰੈਫਰ ਕਰ ਦਿਤੇ ਜਾਂਦੇ ਹਨ ਅਤੇ ਜਿਨ੍ਹਾਂ ਦੇ ਖਿਲਾਫ ਇਨਕੁਆਇਰੀ ਕੰਪਲੀਟ ਨਹੀਂ ਹੋਈ ਜਾਂ ਜਿਹੜੇ ਸਰਵਿਸ ਵਿਚ ਹਨ, ਉਨ੍ਹਾਂ ਦੇ ਖਿਲਾਫ ਇਨਕੁਆਇਰੀ ਚਲ ਰਹੀ ਹੈ। ਕਈ ਵਜੂਹਾਤ ਕਰਕੇ ਇਹ ਇਨਕੁਆਇਰੀ ਅਜੇ ਤਕ ਕੰਪਲੀਟ ਨਹੀਂ ਹੋਈ ਲੇਕਿਨ ਇਹ ਇਨਕੁਆਇਰੀ ਤੇ[illegible]ਲ ਕੰਪਲੀਟ ਕੀਤੀ ਜਾ ਰਹੀ ਹੈ ਅਤੇ ਜਦੋਂ ਇਨਕੁਆਇਰੀ ਕੰਪਲੀਟ ਹੋ ਗਈ ਐਕਸ਼ਨ ਲਿਆ ਜਾਵੇਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸਰਕਾਰ ਨੂੰ ਅੜਚਨਾਂ ਆ ਰਹੀਆਂ ਹਨ, ਉਹ ਕਿਹੜੀਆਂ ਹਨ; ਕੀ ਇਹ ਚੀਜ਼ ਸਿੱਧ ਨਹੀਂ ਹੋ ਰਹੀ ਕਿ ਉਹ ਝੂਠੇ ਸਰਟੀਫਿਕੇਟ ਹਨ ?

ਰਾਜ ਮੰਤਰੀ : ਕੁਝਇਕ ਤਾਂ ਇਹ ਹਨ। ਇਕ ਤਾਂ ਇਹ ਗੱਲ ਹੈ ਕਿ ਕਈ ਲੋਕਾਂ ਨੇ ਆਪਣੇ ਪਤੇ ਜਿਹੜੇ ਲਿਖਵਾਏ ਹਨ, ਉਹ ਗੁਪਤ ਹਨ ਇਸ ਕਰਕੇ ਬੜੀ ਦਿੱਕਤ ਆ ਰਹੀ ਹੈ ਅਤੇ ਇਸ ਚੀਜ਼ ਨੂੰ ਪਤਾ ਕਰਨ ਵਿਚ ਦੇਰ ਲਗ ਜਾਂਦੀ ਹੈ ।

---

*For Starred Question No. 2973 and reply thereto please see Punjab Vidhan Sabha Debates dated 9th January, 1975.

ਸ਼੍ਰੀ ਪ੍ਰੇਮ ਗੁਪਤਾ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬੋਗਸ ਸਰਟੀਫਿਕੇਟ ਵੀ ਇਸ਼ੂ ਹੋਏ, ਐਡਮਿਸ਼ਨਜ਼ ਕੈਂਸਿਲ ਵੀ ਹੋਈਆਂ ,ਕੇਸ ਪੁਲਿਸ ਨੂੰ ਵੀ ਚਲੇ ਗਏ । ਜਿਹੜੇ ਬੋਗਸ ਸਰਟੀਫਿਕੇਟ ਇਸ਼ੂ ਹੋਏ , ਉਸ ਬੇਸਿਜ਼ ਤੇ ਐਡਮਿਸ਼ਨ ਕੈਂਸਲ ਹੋ ਗਈ, ਤੇ ਫਿਰ ਕਿਹੜੀ ਇਨਕੁਆਇਰੀ ਬਾਕੀ ਰਹਿ ਗਈ ਕਿ ਡਿਪਾਰਟਮੈਂਟਲ ਜਾਂ ਐਡਮਿਨਿਸਟਰੇਟਿਵ ਐਕਸ਼ਨ ਵਿਚ ਦੇਰ ਹੋ ਰਹੀ ਹੈ ?

ਰਾਜ ਮੰਤਰੀ : ਕੁਲ 42 ਕੇਸ ਹਨ , ਜਿਨ੍ਹਾਂ ਵਿਚੋਂ 12 ਕੇਸ ਜਿਹੜੇ ਹਨ ਉਹ ਪੁਲਿਸ ਨੂੰ ਦਿਤੇ ਜਾ ਚੁਕੇ ਹਨ, ਇਨਕੁਆਇਰੀ ਕੰਪਲੀਟ ਹੋ ਚੁੱਕੀ ਹੈ । 13 ਕੇਸਾਂ ਵਿਚ ਪ੍ਰਿਲਿਮਿਨਰੀ ਇਨਕੁਆਇਰੀ ਹੋ ਚੁਕੀ ਹੈ ਅਤੇ ਉਹ ਕੇਸ ਪੁਲਿਸ ਨੂੰ ਰੈਫਰ ਕੀਤੇ ਜਾਣੇ ਹਨ । ਇਸ ਤੋਂ ਇਲਾਵਾ 17 ਕੇਸ ਹਨ, ਜਿਹੜੇ ਅੰਡਰ ਇਨਕੁਆਇਰੀ ਹਨ ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬਾ ਨੂੰ ਇਸ ਗੱਲ ਦਾ ਇਲਮ ਹੈ ਕਿ ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਵਿਚ ਹਾਲੇ ਵੀ ਉਹ ਸਟੂਡੈਂਟਸ ਹਨ, ਜਿਹੜੇ ਸ਼ਿਡਿਊਲਡ ਕਾਸਟਸ ਨਹੀਂ ਹਨ ਅਤੇ ਜਿਨ੍ਹਾਂ ਨੇ ਜਾਹਲੀ ਸਰਟੀਫਿਕੇਟਸ ਦਿਤੇ ਸਨ ਅਤੇ ਉਨ੍ਹਾਂ ਦੇ ਖਿਲਾਫ ਅੱਜ ਤਕ ਕੋਈ ਕਾਰਵਾਈ ਨਹੀਂ ਹੋਈ । ਕੀ ਮਨਿਸਟਰ ਸਾਹਿਬਾ ਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਵਿਚ ਘੱਟੋ ਘੱਟ 4 ਐਡਮਿਸ਼ਨਾਂ ਇਸ ਸਾਲ ਬੈਕਵਰਡ ਏਰੀਏ ਦੇ ਕੋਟੇ ਵਿਚੋਂ ਝੂਠੇ ਸਰਟੀਫਿਕੇਟਸ ਦੇ ਕੇ ਹੋਈਆਂ ਹਨ ?

ਰਾਜ ਮੰਤਰੀ : ਜਿੰਨੀ ਮੈਡੀਕਲ ਕਾਲਜਾਂ ਵਿਚ ਝੂਠੇ ਸਰਟੀਫਿਕੇਸਟਸ ਦੇ ਕੇ ਐਡਮਿਸ਼ਨ ਹੋਈ ਉਹ ਸਾਰੀ ਕੈਂਸਿਲ ਕਰ ਦਿਤੀ ਹੈ ਸਿਰਫ ਇਕ ਕੇਸ ਜਿਹੜਾ ਕਿ 1974 ਤੋਂ ਪਹਿਲਾਂ ਦਾ ਹੈ ।

आचार्य पृथ्वी सिंह आज़ाद : स्पीकर साहिब, राज्य मन्त्री महोदय ने अभी यह कहा है कि मैडीकल कालजों में शैडियूल्ड कास्टस के झूठे सर्टीफिकेट देने वालों को वहां से हटा दिया गया है । मैं राज्य मन्त्री महोदय जी के नोटिस में यह लाना चाहता हूं कि पटियाला गवर्नमैंट मैडीकल कालज में अभी तक श्री वासुदेव सिंह और इन्द्र सिंह बतौर शैडियूल्ड कास्टस के पढ़ रहे हैं, और उन के खिलाफ़ कोई कारवाई नहीं हुई ?

ਰਾਜ ਮੰਤਰੀ : ਜਿਹੜੀ ਇਨਕੁਆਇਰੀ ਸਾਡੇ ਤਕ ਪੁੱਜੀ ਹੈ, ਉਸ ਦੇ ਮੁਤਾਬਕ ਜਿਨ੍ਹਾਂ ਮੈਡੀਕਲ ਕਾਲਜਾਂ ਵਿਚ ਐਡਮਿਸ਼ਨ ਲਈ ਸੀ, ਉਹ ਸਾਰੇ ਵਿਦਡਰਾ ਕਰ ਲਏ ਹਨ । ਇਕ ਕੇਸ ਸਾਡੀ ਇਨਫਰਮੇਸ਼ਨ ਦੇ ਮੁਤਾਬਕ ਰਹਿੰਦਾ ਹੈ । ਜਿਹੜੇ ਆਚਾਰਿਆ ਸਾਹਿਬ ਨੇ ਹੁਣ ਨਾਂ ਦਸੇ ਹਨ , ਉਨ੍ਹਾਂ ਦੇ ਬਾਰੇ ਵਿਚ ਇਨਕੁਆਇਰੀ ਕਰ ਲਵਾਂਗੇ ਅਤੇ ਜੇ ਉਹ ਉਥੇ ਹੋਣਗੇ ਤਾਂ ਇਮੀਜੇਟਲੀ ਵਿਦਡਰਾ ਕਰ ਲਵਾਂਗੇ ।

ਚੌਧਰੀ ਰਾਮ ਸਿੰਘ : ਜਿਹੜਾ ਇਹ ਕਿਹਾ ਗਿਆ ਹੈ ਕਿ ਕੁਝ ਕੇਸ ਪੁਲਿਸ ਨੂੰ ਦੇ ਦਿਤੇ ਹਨ ਅਤੇ ਕੁਝ ਦੀ ਪ੍ਰਿਲਿਮਿਨਰੀ ਇਨਕੁਆਇਰੀ ਹੋ ਚੁੱਕੀ ਹੈ, ਉਨ੍ਹਾਂ ਵਿਚ ਸਰਕਾਰੀ ਤੇ ਗੈਰ-ਸਰਕਾਰੀ ਕਿੰਨੇ ਬੰਦੇ ਹਨ ਅਤੇ ਉਨ੍ਹਾਂ ਦੇ ਵਿਰੁਧ ਕੀ ਐਕਸ਼ਨ ਹੋਇਆ ਹੈ ?

ਰਾਜ ਮੰਤਰੀ : ਗੈਰ-ਸਰਕਾਰੀ ਦਾ ਸਵਾਲ ਨਹੀਂ ਹੈ । ਜਿਹੜੇ ਸਰਕਾਰੀ ਆਫੀਸਰਜ਼ ਹਨ, ਜਿਨ੍ਹਾਂ ਨੇ ਗਲਤ ਸਰਟੀਫਿਕੇਟਸ ਇਸ਼ੂ ਕੀਤੇ ਹਨ, ਉਨ੍ਹਾਂ ਦੇ ਖਿਲਾਫ ਇਨਕੁਆਇਰੀ ਚਲ ਰਹੀ ਹੈ । ਕੁਝ ਇਨਕੁਆਇਰੀ ਸਾਬਤ ਹੋ ਚੁੱਕੀ ਹੈ ਕਿ ਉਨ੍ਹਾਂ ਨੇ ਗਲਤ ਚੀਜ਼ ਕੀਤੀ । ਉਨ੍ਹਾਂ ਦੇ ਖਿਲਾਫ ਐਕਸ਼ਨ ਚੀਫ ਸੈਕਟਰੀ ਲੈ ਸਕਦੇ ਹਨ ਤੇ ਕੁਝ ਕੇਸ ਚੀਫ ਸੈਕਟਰੀ ਨੂੰ ਰੈਫਰ ਕੀਤੇ ਜਾ ਚੁਕੇ ਹਨ । ਕੁਝ

ਕੇਸ ਜਿਨ੍ਹਾਂ ਦੀ ਪ੍ਰਿਲਿਮਿਨਰੀ ਇਨਕੁਆਇਰੀ ਹੋ ਚੁਕੀ ਹੈ ਉਹ ਅਸੀਂ ਚੀਫ ਸੈਕਟਰੀ ਨੂੰ ਰੈਫਰ ਕਰਨ ਜਾ ਰਹੇ ਹਾਂ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਵੈਲਫੇਅਰ ਮਨਿਸਟਰ ਸਾਹਿਬਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਆਰਡੀਨਰੀ ਆਦਮੀ ਥੋੜ੍ਹਾ ਜਿਹਾ ਵੀ ਜੁਰਮ ਕਰੇ ਤਾਂ ਉਸ ਦੇ ਖਿਲਾਫ ਐਡਮਿਨਿਸਟਰੇਸ਼ਨ ਘੰਟਿਆਂ ਦੇ ਅੰਦਰ ਦਿਨਾਂ ਦੇ ਅੰਦਰ ਐਕਸ਼ਨ ਲੈਂਦੀ ਹੈ ਅਤੇ ਕਾਰਵਾਈ ਕਰਨ ਨੂੰ ਤਿਆਰ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਕੀਤਾ ਜਾਂਦਾ ਹੈ। ਪਰ ਇਸ ਕੇਸ ਵਿਚ 4-5 ਮਹੀਨੇ ਹੋ ਗਏ ਹਨ, ਆਈ. ਏ. ਐਸ. ਔਰ ਪੀ.ਸੀ.ਐਸ. ਅਫਸਰਾਂ ਨੇ ਝੂਠੇ ਸਰਟੀਫਿਕੇਟਸ ਦਿਤੇ ਅਤੇ ਇਹ ਚੀਜ਼ ਸਾਬਿਤ ਹੋ ਚੁਕੀ ਹੈ, ਮਨਿਸਟਰ ਸਾਹਿਬਾ ਦੇ ਕਹਿਣ ਦੇ ਮੁਤਾਬਕ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਕਿਸੇ ਇਕ ਦੇ ਖਿਲਾਫ ਹੁਣ ਤਕ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ ?

ਰਾਜ ਮੰਤਰੀ : ਜਿਹੜੇ ਅਸਫਰ ਅਟੈਸਟੇਸ਼ਨ ਕਰਦੇ ਹਨ, ਉਹ ਆਈ.ਏ.ਐਸ ਤੇ ਪੀ.ਸੀ.ਐਸ. ਹੁੰਦੇ ਹਨ ਅਜੇ ਜਿਹੜੇ ਪ੍ਰਿਲਿਮਿਨਰੀ ਇਨਕੁਆਇਰੀ ਹੁੰਦੀ ਹੈ ਉਹ ਡਿਸਟ੍ਰਿਕਟ ਵੈਲਫੇਅਰ ਅਫਸਰ ਕਰਦਾ ਹੈ ਅਤੇ ਇਨਕੁਆਇਰੀ ਕਰਕੇ ਡਿਪਾਰਟਮੈਂਟ ਨੂੰ ਕਨਵੇ ਕਰਦਾ ਹੈ । ਪਰ ਕਿਉਂਕਿ ਇਹ ਗਜ਼ਟਿਡ ਅਫਸਰ ਆਈ.ਏ.ਐਸ. ਅਤੇ ਪੀ.ਸੀ.ਐਸ. ਅਫਸਰਾਂ ਦੇ ਖਿਲਾਫ ਐਕਸ਼ਨ ਨਹੀਂ ਲੈ ਸਕਦਾ ਅਤੇ ਉਨ੍ਹਾਂ ਦੇ ਖਿਲਾਫ ਚੀਫ ਸੈਕਟਰੀ ਦੇ ਲੈਵਲ ਤੇ ਹੀ ਐਕਸ਼ਨ ਲਿਆ ਜਾ ਸਕਦਾ ਹੈ, ਇਸ ਕਰਕੇ ਜਿਹੜੇ ਇਹ ਕੇਸ ਹਨ । ਇਨ੍ਹਾਂ ਤੇ ਚੀਫ ਸੈਕਟਰੀ ਦੇ ਲੈਵਲ ਤੇ ਹੀ ਐਕਸ਼ਨ ਲਿਆ ਜਾਣਾ ਹੈ । ਇਹ ਮੈਂ ਐਸ਼ੋਰੈਂਸ ਦਿਵਾਉਂਦੀ ਹਾਂ ਕਿ ਐਕਸ਼ਨ ਜ਼ਰੂਰ ਲਿਆ ਜਾਵੇਗਾ ।

ਚੌਧਰੀ ਦਰਸ਼ਨ ਸਿੰਘ : ਮਨਿਸਟਰ ਸਾਹਿਬਾ ਨੇ ਦਸਿਆ ਹੈ ਕਿ 12 ਕੇਸ ਪੁਲਿਸ ਨੂੰ ਦਿਤੇ ਹਨ। ਪਰ ਇਨਕੁਆਇਰੀ ਅਜੇ ਤਕ ਨਹੀਂ ਹੋਈ । ਇਸ ਬਾਰੇ ਮੈਂ ਮੰਤਰੀ ਜੀ ਨੂੰ ਦੋ ਲੈਟਰ ਲਿਖੇ ਕਿ ਉਹ ਨਾਨ-ਹਰੀਜਨ ਹਨ, ਲੇਕਿਨ ਉਹ ਅਜੇ ਤਕ ਸਰਵਿਸ ਵਿਚ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਪਰੂਵ ਹੋ ਗਿਆ ਕਿ ਉਹ ਨਾਨ-ਹਰੀਜਨ ਹਨ ਤਾਂ ਫਿਰ ਉਹ ਸਰਵਿਸ ਵਿਚ ਕਿਉਂ ਹਨ ? ਕੀ ਰੁਕਾਵਟ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦਸ ਚੁੱਕੀ ਹਾਂ ਕਿ ਜਿਹੜੇ 17 ਕੇਸਿਜ਼ ਹਨ ਉਨ੍ਹਾਂ ਵਿਚੋਂ 2 ਕੇਸਿਜ਼ ਅਜਿਹੇ ਹਨ ਜਿਨ੍ਹਾਂ......

ਚੌਧਰੀ ਦਰਸ਼ਨ ਸਿੰਘ : ਮੈਂ 12 ਕੇਸਿਜ਼ ਦੀ ਗੱਲ ਕਰਦਾ ਹਾਂ ਪਰ ਇਨ੍ਹਾਂ ਦਾ ਜਵਾਬ..

ਰਾਜ ਮੰਤਰੀ : ਮੈਂ ਪਹਿਲਾਂ ਇਸ ਬਾਰੇ ਦਸਿਆ ਹੈ ਕਿ 12 ਜਿਹੜੇ ਕੇਸਿਜ਼ ਹਨ ਉਹ ਪੁਲਿਸ ਕੋਲ ਰਜਿਸਟਰ ਹੋ ਚੁਕੇ ਹਨ ਅਤੇ ਨਾਲ ਇਹ ਵੀ ਦਸਿਆ ਹੈ ਕਿ 13 ਕੇਸਿਜ਼ ਦੀ ਪੜਤਾਲ ਹੋ ਚੁੱਕੀ ਹੈ ਅਤੇ 17 ਬਾਕੀ ਹਨ ਜਿਨ੍ਹਾਂ ਦੀ ਪੜਤਾਲ ਹੋ ਰਹੀ ਹੈ ਇਨ੍ਹਾਂ ਵਿਚ 3 ਅਜਿਹੇ ਕੇਸ ਹਨ ,ਜਿਨ੍ਹਾਂ ਦਾ ਤੁਅੱਲਕ ਮੈਡੀਕਲ ਐਡਮਿਸ਼ਨ ਨਾਲ ਨਹੀਂ ......(ਵਿਘਨ)

ਸ੍ਰੀ ਸਪੀਕਰ : ਮੈਂ ਮਨਿਸਟਰ ਸਾਹਿਬਾ ਨੂੰ ਕਹਾਂਗਾ ਕਿ ਜਿਹੜਾ ਸਵਾਲ ਮੈਂਬਰ ਸਾਹਿਬ ਨੇ ਪੁਛਿਆ ਹੈ ਉਹ 12 ਕੇਸਾਂ ਦੇ ਬਾਰੇ ਵਿਚ ਹੈ ਕਿ ਤੁਸੀਂ ਉਨ੍ਹਾਂ ਅਫਸਰਾਂ ਦੇ ਖਿਲਾਫ ਐਕਸ਼ਨ ਕਿਉਂ ਨਹੀਂ ਲਿਆ ? (I would like to point out to the hon. Minister that the question put by the hon. Member relates to those twelve cases. He wishes to know why action has not been taken against the officers, responsible for these irregularities.)

ਚੌਧਰੀ ਦਰਸ਼ਨ ਸਿੰਘ : ਨਹੀਂ ਜੀ, ਉਹ ਮੁਲਾਜ਼ਮ ਸਰਵਿਸ ਵਿਚੋਂ ਕਿਉਂ ਨਹੀਂ ਕੱਢੇ ?

ਸ੍ਰੀ ਸਪੀਕਰ : ਠੀਕ ਹੈ ਐਕਸ਼ਨ ਕਿਉਂ ਨਹੀਂ ਲਿਆ ? (Yes, why action was not taken against them ?)

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁੱਕੀ ਹਾਂ ਕਿ ਇਹ ਜਿਹੜੇ ਦੋ ਕੇਸਿਜ਼ ਹਨ ਇਹ 17 ਕੇਸਿਜ਼ ਵਿਚ ਹਨ ਅਤੇ 12 ਕੇਸਿਜ਼ ਵਿਚ ਸ਼ਾਮਲ ਨਹੀਂ ਹਨ । (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰਾਂ ਨੇ ਇਹ ਗਲਤ ਅਟੈਸਟੇਸ਼ਨ ਕੀਤੀ ਹੈ, ਉਸ ਵਿਚ ਸਰਪੰਚ ਵੀ ਹਨ ,ਐਮ.ਐਲ.ਏ.ਵੀ ਹੋਣਗੇ ਅਤੇ ਮਿਉਂਨਿਸਪਲ ਕਮਿਸ਼ਨਰ ਵੀ ਹੋਣਗੇ, ਕੀ ਇਨ੍ਹਾਂ ਨੇ ਹੁਣ ਤਕ ਇਸ ਕੇਸ ਵਿਚ ਕਿਸੇ ਸਰਪੰਚ ਜਾਂ ਮਿਉਂਨਿਸਪਲ ਕਮਿਸ਼ਨਰ ਨੂੰ ਸਸਪੈਂਡ ਕੀਤਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਦੇ ਉਤੇ ਪਿਛਲੇ ਦਿਨ ਵੀ ਵਿਚਾਰ ਹੋਇਆ ਸੀ ਅਤੇ ਕਿਹਾ ਗਿਆ ਸੀ ਕਿ ਇਸ ਵਿਚ ਜੋ ਘਾਲਾ ਮਾਲਾ ਹੋਇਆ ਹੈ ਅਤੇ ਜਿਨ੍ਹਾਂ ਸਰਕਾਰੀ ਅਫਸਰਾਂ ਨੇ ਗਲਤ ਅਟੈਸਟੇਸ਼ਨ ਕੀਤੀ ਹੈ ਉਨ੍ਹਾਂ ਨੂੰ ਸਜ਼ਾ ਕਿਉਂ ਨਹੀਂ ਦਿਤੀ ਗਈ ਜਾਂ ਉਨ੍ਹਾਂ ਨੂੰ ਸਜ਼ਾ ਦੇਣ ਵਿਚ ਕੀ ਰੁਕਾਵਟ ਹੈ ਔਰ ਜਿਹੜੇ ਗਲਤ ਸਰਟੀਫਿਕੇਟ ਫੜ੍ਹੇ ਗਏ ਹਨ ਉਨ੍ਹਾਂ ਨੂੰ ਕਿਉਂ ਨਹੀਂ ਕਢਿਆ ਗਿਆ ਜਾਂ ਇਸ ਵਿਚ ਕੀ ਰੁਕਾਵਟ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਜਾਣਕਾਰੀ ਵਾਸਤੇ ਸਰਕਾਰ ਨੇ ਇਕ ਕਮਿਸ਼ਨਰ ਦੇ ਰੈਂਕ ਦਾ ਅਫਸਰ ਮੁਕੱਰਰ ਕਰਨ ਦਾ ਹੁਕਮ ਦੇ ਦਿਤਾ ਹੈ ਤੇ ਉਹ ਇਸ ਦੀ ਇਨਕੁਆਇਰੀ ਕਰੇਗਾ ।

(ਇਸ ਵੇਲੇ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ)

Mr. Speaker : Next question by Com. Achhara Singh.

ਜ਼ਿਲ੍ਹਾ ਸੰਗਰੂਰ ਵਿਚ 150 ਰੁਪਏ ਪ੍ਰਤੀ ਮਹੀਨੇ ਤੇ ਰਖੇ ਗਏ ਜੇ.ਬੀ.ਟੀ. ਅਧਿਆਪਕਾਂ (ਜਿਹੜੇ ਕਿ ਨਿਸ਼ਚਿਤ ਤਨਖਾਹ ਤੇ ਨਿਯੁਕਤ ਕੀਤੇ ਸਨ) ਨੂੰ ਤਨਖਾਹ ਆਦਿ ਦੀ ਨਾ-ਅਦਾਇਗੀ

*2990. **ਕਾਮਰੇਡ ਅੱਛਰਾ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ:-

(ੳ) ਕੀ 1973—74 ਦੇ ਦੌਰਾਨ ਜ਼ਿਲ੍ਹਾ ਸੰਗਰੂਰ ਵਿਚ ਨਿਸਚਿਤ ਤਨਖਾਹ ਦੇ ਆਧਾਰ ਤੇ (150 ਰੁਪਏ ਪ੍ਰਤੀ ਮਹੀਨਾ) ਨਿਯੁਕਤ ਕੀਤੇ ਕਿਸੇ ਜੇ.ਬੀ.ਟੀ. ਅਧਿਆਪਕ ਨੂੰ ਅਪਰੈਲ, 1974 ਤੋਂ ਅਕਤੂਬਰ 1974, ਤਕ ਦੇ ਸਮੇਂ ਦੇ ਦੌਰਾਨ ਉਨ੍ਹਾਂ ਦੀਆਂ ਤਨਖਾਹਾਂ ਨਹੀਂ ਦਿਤੀਆਂ ਗਈਆਂ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕੀ ਕਾਰਣ ਹਨ ;

(ਅ) ਉਕਤ ਦੇਰੀ ਲਈ ਕਿਹੜੇ ਕਿਹੜੇ ਵਿਅਕਤੀ/ਅਧਿਕਾਰੀ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਦੇ ਵਿਰੁਧ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸ੍ਰੀ ਗੁਰਮੇਲ ਸਿੰਘ : (ੳ) ਹਾਂ ਜੀ। ਹਾਫ ਏ ਮਿਲਿਅਨ ਜਾਬਜ਼ ਪ੍ਰੋਗਰਾਮ ਨਾਮ ਦੀ ਸਕੀਮ ਅਧੀਨ ਰੱਖੇ ਟੀਚਿੰਗ ਅਮਲੇ ਨੂੰ 1973 ਦੇ ਅੰਤ ਵਿਚ ਸਮਾਪਤੀ ਹੋਣ ਉਪਰੰਤ ਰਾਜ ਸਰਕਾਰ ਨੇ

ਦੂਜੀਆਂ ਸਕੀਮਾਂ ਅਧੀਨ ਅਡਜਸਟ ਕਰਨਾ ਸੀ । ਇਨ੍ਹਾਂ ਸਕੀਮਾਂ ਨੂੰ ਬਣਾਉਣ ਤੇ ਮਨਜ਼ੂਰ ਕਰਵਾਉਣ ਦੇ ਸਬੰਧ ਵਿਚ ਅੜਚਨਾਂ ਕਾਰਨ ਅਦਾਇਗੀਆਂ ਲਈ ਦੇਰੀ ਹੋਈ ।

(ਅ) ਉਤੇ 'ੳ' ਤੇ ਦੱਸੀ ਸਥਿਤੀ ਨੂੰ ਮੁੱਖ ਰਖਦਿਆਂ ਕਿਸੇ ਦੇਰੀ ਦਾ ਸਵਾਲ ਪੈਦਾ ਨਹੀਂ ਹੁੰਦਾ ।

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਹਿਬ ਨੇ ਆਪਣੇ ਜਵਾਬ ਵਿਚ ਫਰਮਾਇਆ ਹੈ ਕਿ ਦੇਰੀ ਹੋਈ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਕੱਲ ਦੇ ਮਹਿੰਗਾਈ ਦੇ ਜ਼ਮਾਨੇ ਵਿਚ ਕੀ ਇਹ ਯਕੀਨ ਦਿਵਾਉਣਗੇ ਕਿ ਇਹ ਕਦੋਂ ਤਕ ਪੇਮੈਂਟ ਕਰ ਦੇਣਗੇ ਅਤੇ ਦੂਸਰਾ ਜਿਹੜੇ ਅਫਸਰ ਇਸ ਦੇਰੀ ਦੇ ਲਈ ਜ਼ਿੰਮੇਵਾਰ ਹਨ, ਉਨ੍ਹਾਂ ਦੇ ਖਿਲਾਫ ਕੀ ਐਕਸ਼ਨ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਆਪਣੇ ਜਵਾਬ ਵਿਚ ਦੱਸਿਆ ਹੈ ਕਿ ਇਹ ਕਿਉਂ ਦੇਰੀ ਹੋ ਗਈ ਕਿਉਂਕਿ ਪੰਜਾਬ ਸਰਕਾਰ ਨੇ ਆਪਣੀਆਂ ਦੂਜੀਆਂ ਸਕੀਮਾਂ ਅਧੀਨ ਐਡਜਸਟ ਕਰਨਾ ਸੀ ਅਤੇ ਇਨ੍ਹਾਂ ਸਕੀਮਾਂ ਨੂੰ ਬਣਾਉਣ ਤੇ ਫਿਨਾਂਸ ਤੋਂ ਮੰਜ਼ੂਰ ਕਰਾਉਣ ਦੇ ਸਬੰਧ ਵਿਚ ਅੜਚਨਾਂ ਕਾਰਨ ਅਦਾਇਗੀ ਕਰਨ ਵਿਚ ਦੇਰੀ ਹੋ ਗਈ । ਦੂਜਾ ਜੋ ਇਨ੍ਹਾਂ ਨੇ ਕਿਹਾ ਹੈ ਕਿ ਉਸ ਦੇ ਬਾਰੇ ਵਿਚ ਜੇ ਕਿਸੇ ਦਾ ਬਕਾਇਆ ਸੀ ਤਾਂ ਉਸ ਨੂੰ ਮਿਲ ਗਿਆ ਹੈ, ਜੇ ਰਹਿੰਦਾ ਹੈ ਤਾਂ ਮਿਲ ਜਾਵੇਗਾ ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਜੇ.ਬੀ.ਟੀ. ਅੱਧੀ ਤਨਖਾਹ ਤੇ ਰਖੇ ਸਨ ਕੀ ਉਨ੍ਹਾਂ ਨੂੰ ਸਰਕਾਰ ਰੈਗੂਲਰ ਕਰੇਗੀ ਜਾਂ ਬੋਰਡ ਰੈਗੂਲਰ ਕਰੇਗਾ ।

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੂੰ ਯਾਦ ਹੋਵੇਗਾ ਕਿ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ ਕਿ ਉਨ੍ਹਾਂ ਨੂੰ ਰੈਗੂਲਰ ਗਰੇਡ ਵਿਚ ਐਡਜਸਟ ਕਰ ਰਹੇ ਹਾਂ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਪੋਸਟਾਂ ਖਾਲ੍ਹੀ ਪਈਆਂ ਹਨ ਅਤੇ ਇਹ ਕੁਆਲੀਫਿਕੇਸ਼ਨਜ਼ ਵੀ ਫੁਲਫਿਲ ਕਰਦੇ ਹਨ ਤਾਂ ਫਿਰ ਇਨ੍ਹਾਂ ਨੂੰ ਕਿਉਂ ਨਹੀਂ ਐਡਜਸਟ ਕੀਤਾ ਜਾਂਦਾ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਕਿਹਾ ਹੈ ਕਿ ਉਨ੍ਹਾਂ ਨੂੰ ਰੈਗੂਲਰ ਗਰੇਡ ਵਿਚ ਐਡਜਸਟ ਕਰ ਦਿੱਤਾ ਗਿਆ ਹੈ ਅਤੇ ਕਰ ਰਹੇ ਹਾਂ । ਜੇ ਇਨ੍ਹਾਂ ਨੂੰ ਰੈਗੂਲਰ ਗਰੇਡ ਦੇ ਮਤਲਬ ਦਾ ਪਤਾ ਨਹੀਂ ਤਾਂ ਫਿਰ ਪੁੱਛ ਲੈਣ ।

ਸ੍ਰੀ ਪ੍ਰੇਮ ਗੁਪਤਾ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਹ ਰੈਗੂਲਰ ਗਰੇਡ ਕਿਹੜੀ ਡੇਟ ਤੋਂ ਮਿਲ ਜਾਵੇਗਾ ?

ਮੰਤਰੀ: 1 ਅਪ੍ਰੈਲ, 1974 ਤੋਂ ਬਾਅਦ ਰੈਗੂਲਰ ਗਰੇਡ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਿਆ ਸੀ ਕਿ ਰੈਗੂਲਰ ਕਰਨ ਬਾਰੇ, ਉਨ੍ਹਾਂ ਦੀ ਐਪੁਆਇੰਟਮੈਂਟਸ ਬਾਰੇ, ਨਾ ਕਿ ਰੈਗੂਲਰ ਗਰੇਡ ਬਾਰੇ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਇਹ ਰੈਗੂਲਰ ਕਰ ਰਹੇ ਹਨ ਜਾਂ ਉਨ੍ਹਾਂ ਨੂੰ ਐਸ.ਐਸ.ਐਸ ਬੋਰਡ ਪਾਸ ਜਾਣਾਂ ਪਵੇਗਾ ?

ਮੰਤਰੀ : ਉਨ੍ਹਾਂ ਨੂੰ ਰੈਗੂਲਰ ਗਰੇਡ ਦੇ ਦਿਤਾ ਗਿਆ ਹੈ ।

Mr. Speaker : Next question.

STARRED QUESTION NO. 2991*

Mr. Speaker : Extension has been asked for in respect of Starred Question No.2991.

ਜ਼ਿਲ੍ਹਾ ਫਰੀਦ ਕੋਟ ਵਿਚ ਜ਼ਿਲ੍ਹਾ ਸਿਖਿਆ ਅਫਸਰ ਦੀ ਖਾਲ੍ਹੀ ਆਸਾਮੀ

*3012. **ਸਰਦਾਰ ਗੁਰਦੇਵ ਸਿੰਘ ਬਾਦਲ**: ਕੀ ਵਿਦਿਆ ਮੰਤਰੀ ਕਿਰਪਾ ਕਰਕੇ ਇਹ ਦੱਸਣਗੇ ਕਿ ਜ਼ਿਲ੍ਹਾ ਫਰੀਦ ਕੋਟ ਵਿਚ ਜ਼ਿਲ੍ਹਾ ਸਿਖਿਆ ਅਫਸਰ ਦੀ ਆਸਾਮੀ ਕਦੋਂ ਤੋਂ ਖਾਲ੍ਹੀ ਪਈ ਹੈ ਅਤੇ ਇਸ ਦੇ ਕੀ ਕਾਰਣ ਹਨ ?

ਸ਼੍ਰੀ ਗੁਰਮੇਲ ਸਿੰਘ: ਜ਼ਿਲ੍ਹਾ ਸਿਖਿਆ ਅਫਸਰ, ਫਰੀਦਕੋਟ ਦੀ ਆਸਾਮੀ ਖਾਲ੍ਹੀ ਨਹੀਂ ਹੈ, ਇਹ ਭਰੀ ਜਾ ਚੁੱਕੀ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਆਸਾਮੀ ਹੁਣ ਭਰੀ ਜਾ ਚੁੱਕੀ ਹੈ ਇਸ ਦੇ ਖਾਲ੍ਹੀ ਰਹਿਣ ਦੇ ਕੀ ਕਾਰਣ ਸਨ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਕੋਈ ਵੱਡੀ ਗੱਲ ਨਹੀਂ ਹੈ । ਜੇ ਇਕ ਦੋ ਮਹੀਨੇ ਕੋਈ ਆਸਾਮੀ ਖਾਲ੍ਹੀ ਰਹਿ ਜਾਵੇ ਤਾਂ ਉਥੇ ਦੂਜਾ ਅਫਸਰ ਕੰਮ ਚਲਾ ਲੈਂਦਾ ਹੈ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਹ ਆਸਾਮੀ ਭਰੀ ਨੂੰ ਕਿੰਨਾ ਚਿਰ ਹੋ ਗਿਆ ਹੈ ?

ਮੰਤਰੀ : ਇਹ ਆਸਾਮੀ 8 ਜਨਵਰੀ,1975 ਨੂੰ ਭਰੀ ਗਈ ਸੀ ।

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਫਰੀਦਕੋਟ ਵਿਖੇ ਇਕ ਸਾਲ ਵਿਚ ਕਿਤਨੇ ਡੀ.ਈ.ਓ. ਬਦਲੇ ਗਏ ਹਨ ?

ਮੰਤਰੀ : ਮੈਂ ਪਤਾ ਕਰਕੇ ਦਸ ਦੇਵਾਂਗਾ ।

Mr. Speaker: Next question by Shri Piara Ram Dhanowali.

1973-74 ਦੇ ਦੌਰਾਨ ਨਾਜਾਇਜ਼ ਸ਼ਰਾਬ ਕੱਢਣ ਦੇ ਕੇਸ

*3017. **ਸ਼੍ਰੀ ਪਿਆਰਾ ਰਾਮ ਧੰਨੋਵਾਲੀ** : ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1974 ਦੇ ਦੌਰਾਨ ਰਾਜ ਵਿਚ ਆਬਕਾਰੀ ਵਿਭਾਗ ਦੁਆਰਾ ਨਾਜਾਇਜ਼ ਸ਼ਰਾਬ ਕੱਢਣ ਦੀਆਂ ਜ਼ਿਲ੍ਹੇ-ਵਾਰ ਕਿੰਨੀਆਂ ਭੱਠੀਆਂ ਫੜੀਆਂ ਗਈਆਂ ਅਤੇ 1973 ਵਿਚ ਕਿੰਨੀਆਂ ਫੜੀਆਂ ਗਈਆਂ ਸਨ ?

ਸ਼੍ਰੀ ਯਸ਼ ਪਾਲ : ਸਬੰਧਤ ਸੂਚਨਾਂ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

---

*For Starred Question No.2991 and reply thereto please see Punjab Vidhan Sabha Debates dated, 27th January, 1975.

ਸਾਲ 1973 ਵਿਚ ਨਾਜਾਇਜ਼ ਸ਼ਰਾਬ ਦੀਆਂ 684 ਅਤੇ ਇਕ ਜਨਵਰੀ ਤੋਂ 30 ਨਵੰਬਰ, 1974 ਤਕ 581 ਭੱਠੀਆਂ ਫੜੀਆਂ ਗਈਆਂ । ਇਨ੍ਹਾਂ ਦਾ ਜ਼ਿਲ੍ਹੇ-ਵਾਰ ਵੇਰਵਾ ਇਸ ਪ੍ਰਕਾਰ ਹੈ:—

ਜ਼ਿਲ੍ਹੇ ਦਾ ਨਾਂ		ਸਾਲ 1973	ਸਾਲ 1974 (1 ਜਨਵਰੀ, 1974 ਤੋਂ 30 ਨਵੰਬਰ, 1974)
ਹੁਸ਼ਿਆਰਪੁਰ	..	36	65
ਜਲੰਧਰ	..	134	101
ਅੰਮ੍ਰਿਤਸਰ	..	186	77
ਗੁਰਦਾਸਪੁਰ	..	47	42
ਕਪੂਰਥਲਾ	..	32	22
ਪਟਿਆਲਾ	..	19	39
ਸੰਗਰੂਰ	..	17	11
ਲੁਧਿਆਣਾ	..	45	54
ਰੋਪੜ	..	12	10
ਫਿਰੋਜ਼ਪੁਰ	..	100	110
ਬਠਿੰਡਾ	..	12	16
ਫਰੀਦਕੋਟ	..	44	34

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਦੇ ਜਵਾਬ ਤੋਂ ਪਤਾ ਲਗਦਾ ਹੈ ਕਿ 1973—74 ਵਿਚ ਕਿੰਨੇ ਛਾਪੇ ਮਾਰੇ ਗਏ ਅਤੇ ਕਿੰਨੀਆਂ ਨਾਜਾਇਜ਼ ਸ਼ਰਾਬ ਦੀਆਂ ਭੱਠੀਆਂ ਫੜੀਆਂ ਗਈਆਂ ਇਸ ਹਿਸਾਬ ਨਾਲ ਅਗੇ ਨਾਲੋਂ ਨਾਜਾਇਜ਼ ਸ਼ਰਾਬ ਘੱਟ ਗਈ ਹੈ । ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਐਸੀ ਸਕੀਮ ਬਣਾਉਣਗੇ ਜਿਸ ਨਾਲ ਕਿ ਇਸ ਵੇਲੇ ਜਿਹੜੀ ਠੇਕਿਆਂ ਤੇ 14,16 ਰੁਪਏ ਬੋਤਲ ਦੀ ਕੀਮਤ ਤੇ ਸ਼ਰਾਬ ਵਿਕ ਰਹੀ ਹੈ, ਉਸ ਦੀ ਡਿਗਰੀ ਵਧਾ ਦਿੱਤੀ ਜਾਵੇ ਅਤੇ ਉਸ ਦੀ ਕੀਮਤ 10 ਰੁਪਏ ਕਰ ਦਿਤੀ ਜਾਵੇ ਤਾਂਕਿ ਜਿਹੜੀ ਨਾਜਾਇਜ਼ ਸ਼ਰਾਬ ਨਿਕਲਦੀ ਹੈ ਉਹ ਬੰਦ ਹੋ ਜਾਵੇ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਸ਼ਰਾਬ ਵਿਕਦੀ ਹੈ ਉਸ ਦੇ ਬਾਰੇ ਪੀਣ ਵਾਲੇ ਅਤੇ ਪਿਲਾਉਣ ਵਾਲਿਆਂ ਦੀ ਰਾਏ ਇਹ ਹੈ ਕਿ ਕਿ ਸ਼ਰਾਬ ਦੀ ਡਿਗਰੀ ਅੱਗੇ ਹੀ ਘੱਟ ਹੈ , ਜੇ ਹੋਰ ਘਟਾ ਦਿਤੀ ਤਾਂ ਠੀਕ ਨਹੀਂ ਰਹੇਗਾ ਇਸ ਨਾਲ ਤਾਂ ਭੱਠੀਆਂ ਵਾਲਿਆਂ ਦੀ ਸ਼ਰਾਬ ਹੋਰ ਵਧੇਗੀ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਸ਼ਰਾਬ ਦੀ ਨਾਜਾਇਜ਼ ਵਰਤੋਂ ਵੇਖਣ ਵਾਸਤੇ ਇਕ ਕਮੇਟੀ ਅਕਾਲੀਆਂ ਵੇਲੇ ਬਣਾਈ ਗਈ ਸੀ । ਕੀ ਵਜ਼ੀਰ ਸਾਹਿਬ ਉਸ ਦੇ ਬਾਰੇ ਵਿਚ ਦੱਸਣਗੇ ਕਿ ਇਹ ਰਿਪੋਰਟ ਉਨ੍ਹਾਂ ਦੇ ਨੋਟਿਸ ਵਿਚ ਹੈ ਅਤੇ ਕੀ ਇਸ ਰਿਪੋਰਟ ਦੇ ਅਨੁਸਾਰ ਨਾਜਾਇਜ਼ ਸ਼ਰਾਬ ਬੰਦ ਹੋ ਸਕਦੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਨਹੀਂ ਵੇਖੀ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਸਪੀਕਰ ਸਾਹਿਬ, ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਇਨ੍ਹਾਂ ਨੇ ਸੜਕਾਂ ਤੇ ਬੋਰਡ ਲਾਏ ਹੋਏ ਹਨ, ਜੰਮੂ ਕਸ਼ਮੀਰ ਤਕ ਇਨ੍ਹਾ ਨੇ ਬੋਰਡ ਲਾਏ ਹੋਏ ਹਨ,ਪਰਚਾਰ ਲਈ ਤਾਂ ਜੋ ਵਧ ਤੋਂ ਵਧ ਵਿਕਰੀ ਹੋਵੇ। ਦੂਸਰੇ ਪਾਸੇ ਵਜ਼ੀਰ ਸਾਹਿਬ ਇਹ ਕਹਿੰਦੇ ਹਨ ਕਿ ਸ਼ਰਾਬ ਬੰਦ ਹੋਣੀ ਚਾਹੀਦੀ ਹੈ ।

ਸ੍ਰੀ ਸਪੀਕਰ : ਉਹ ਕਹਿੰਦੇ ਹਨ ਕਿ ਨਾਜਾਇਜ਼ ਸ਼ਰਾਬ ਦੀ ਵਿਕਰੀ ਬੰਦ ਹੋਣੀ ਚਾਹੀਦੀ ਹੈ । (What the hon. Minister means to say is that the sale of illicit liquor should be banned.)

ਸਰਦਾਰ ਜਸਵਿੰਦਰ ਸਿੰਘ ਬਰਾੜ : ਇਹੋ ਤਾਂ ਮੈਂ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਸਪੀਕਰ ਸਾਹਿਬ, ਪੰਜਾਬ ਵਿਚ ਇਨ੍ਹਾਂ ਨੇ ਸ਼ਰਾਬ ਆਮ ਕਰ ਦਿਤੀ ਹੈ ਤਾਂ ਫੇਰ ਕੀ ਵਜ੍ਹਾ ਹੈ ਕਿ ਦਿਨੋ ਦਿਨ ਨਾਜਾਇਜ਼ ਸ਼ਰਾਬ ਕਿਉਂ ਜ਼ਿਆਦਾ ਕਢੀ ਜਾ ਰਹੀ ਹੈ ?

ਮੰਤਰੀ : ਇਕ ਗੱਲ ਤਾਂ ਇਨ੍ਹਾਂ ਨੇ ਇਹ ਕਹੀ ਹੈ ਕਿ ਜੰਮੂ ਕਸ਼ਮੀਰ ਤਕ ਜਿਹੜੇ ਬੋਰਡ ਲਾਉਣ ਦੀ ਇਨ੍ਹਾਂ ਨੇ ਗੱਲ ਕਹੀ ਹੈ ਉਸ ਦਾ ਉੱਤਰ ਇਹ ਹੈ ਕਿ ਜਿਹੜਾ ਬੋਰਡ ਲਗਾਇਆ ਇਹ ਕਹਿੰਦੇ ਹਨ ਕਿ, ਉਸ ਦਾ ਉਦਘਾਟਨ ਤਾਂ ਇਨ੍ਹਾ ਦੀ ਪਾਰਟੀ ਦੇ ਲੀਡਰ ਖੁਦ ਬਾਦਲ ਸਾਹਿਬ ਨੇ ਹੀ ਕੀਤਾ ਸੀ । ਮੈਂ ਤਾਂ ਪਹਿਲਾਂ ਵੀ ਕਿਹਾ ਸੀ ਕਿ ਅਸੀਂ ਕੁਝ ਨਹੀਂ ਕਰ ਰਹੇ ਅਸੀਂ ਤਾਂ ਜੋ ਉਹ ਬੇਬੀ ਦੇ ਗਏ ਹਨ ਉਸ ਨੂੰ ਪਾਲ ਰਹੇ ਹਾਂ । ਤੁਸੀਂ ਕਾਰਖਾਨਾ ਲਾ ਗਏ ਸੀ, ਜਿਤਨਾ ਰੁਪਿਆ ਉਸ ਦੇ ਬਣਾਉਣ ਲਈ ਤੁਸੀਂ ਖਰਾਬ ਕੀਤਾ, ਹੁਣ ਕੀ ਕਰੀਏ ਨਾ ਚਾਲੂ ਰਖੀਏ ? ਦੂਸਰੀ ਗੱਲ ਇਨ੍ਹਾਂ ਦੀ ਨਾਜਾਇਜ਼ ਸ਼ਰਾਬ ਦੀ ਹੈ। ਇਸ ਲਈ ਮੇਰਾ ਜਵਾਬ ਇਹੋ ਹੈ ਕਿ ਕੁਝ ਲੋਕ ਜੁਰਮ ਕਰਨ ਦੇ ਆਦੀ ਹੋ ਚੁਕੇ ਹਨ, ਨਾਜਾਇਜ਼ ਸ਼ਰਾਬ ਉਹ ਤਿਆਰ ਕਰਦੇ ਹਨ, ਕੁਝ ਸ਼ਰਾਬ ਪੀਣ ਦੇ ਆਦੀ ਹਨ ਉਹ ਵੀ ਨਾਜਾਇਜ਼ ਸ਼ਰਾਬ ਹਾਸਲ ਕਰਕੇ ਜਾਂ ਕਢਕੇ ਪੀਂਦੇ ਰਹਿੰਦੇ ਹਨ ।

ਡਾਕਟਰ ਅਮੀਰ ਸਿੰਘ ਕਲਕਟ: ਵਜ਼ੀਰ ਸਾਹਬ, ਨੇ ਜਵਾਬ ਦਿਤਾ ਹੈ ਕਿ ਬਾਦਲ ਸਾਹਿਬ ਦੇ ਵੇਲੇ ਦਾ ਬੇਬੀ ਹੈ ਜਿਸ ਨੂੰ ਇਹ ਪਾਲ ਰਹੇ ਹਨ । ਮੈਂ ਜਾਨਣਾ ਚਾਹੁੰਦਾ ਹਾਂ ਕਿ ਹੋਰ ਉਨ੍ਹਾਂ ਦੇ ਕਿਤਨੇਕੁ ਬੇਬੀਜ਼ ਹਨ ਜਿਨ੍ਹਾਂ ਨੂੰ ਉਹ ਪਾਲ ਰਹੇ ਹਨ ?(ਹਾਸਾ)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਾਕਟਰ ਸਾਹਿਬ ਵੀ ਕਾਂਗਰਸ ਦੇ ਇਕ ਬੇਬੀ ਹੀ ਹਨ । (ਹਾਸਾ)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਵਜ਼ੀਰ ਸਾਹਿਬ ਨੇ ਹਾਊਸ ਦੀ ਇਨਫਰਮੇਸ਼ਨ ਲਈ ਦਸਿਆ ਹੈ ਕਿ ਇਹ ਅਕਾਲੀਆਂ ਦਾ ਲਾਇਆ ਹੋਇਆ ਬੂਟਾ ਹੈ ਇਹ ਤਾਂ ਉਸ ਨੂੰ ਪਾਲ ਰਹੇ ਹਨ । ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ

ਚਾਹੁੰਦਾ ਹਾਂ ਕਿ ਜਦੋਂ ਉਨ੍ਹਾਂ ਨੇ ਹੋਰ ਅਕਾਲੀਆਂ ਦੇ ਕੀਤੇ ਹੋਏ ਬੁਰੇ ਕੰਮ ਬੰਦ ਕਰ ਦਿਤੇ ਹਨ ਤਾਂ ਕੀ ਇਹ ਬੰਦ ਨਹੀਂ ਕਰ ਸਕਦੇ ?

ਮੰਤਰੀ : ਮੈਂ ਆਚਾਰਿਆ ਜੀ ਦੀ ਵਾਕਫੀਅਤ ਲਈ ਅਰਜ਼ ਕਰਾਂਗਾ ਕਿ ਜਦੋਂ ਇਕ ਕਾਰਖਾਨੇ ਤੇ ਸਰਕਾਰ ਦਾ ਇਤਨਾ ਖਰਚ ਹੋ ਗਿਆ ਹੋਵੇ ਇਹ ਮਹਿਜ਼ ਇਸ ਕਰਕੇ ਬੰਦ ਕੀਤਾ ਜਾਵੇ ਕਿਉਂਕਿ ਦੂਸਰੀ ਪਾਰਟੀ ਕਰ ਗਈ ਸੀ, ਇਹ ਮੁਨਾਸਿਬ ਨਹੀਂ ਹੋਵੇਗਾ ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਮੈਂ ਵਜ਼ੀਰ ਸਾਹਿਬ ਨੂੰ ਅਗੇ ਵੀ ਕਿਹਾ ਸੀ ਕਿ ਸ਼ਰਾਬ ਦੀ ਕੀਮਤ ਘਟ ਕੀਤੀ ਜਾਵੇ ਅਤੇ ਨਾਜਾਇਜ਼ ਕੱਢਣ ਵਾਲਿਆਂ ਤੇ ਛਾਪੇ ਮਾਰੇ ਜਾਣ, ਕਿਉਂਕਿ ਇਤਨਾ ਇਨ੍ਹਾਂ ਦਾ ਸਟਾਫ ਹੈ ਜਿਹੜਾ ਪੂਰਾ ਇਸਤੇਮਾਲ ਨਹੀਂ ਹੁੰਦਾ । ਜੇ ਸੁਪਰਵਾਈਜ਼ਰੀ ਸਟਾਫ ਦਾ ਪੂਰਾ ਇਸਤੇਮਾਲ ਹੋਵੇ ਤਾਂ ਇਹ ਨਾਜਾਇਜ਼ ਸ਼ਰਾਬ ਕਢਣੀ ਖਤਮ ਹੋ ਸਕਦੀ ਹੈ । ਕੀ ਇਹ ਇਧਰ ਧਿਆਨ ਦੇਣਗੇ ?

ਮੰਤਰੀ : ਮੈਂ ਇਸ ਦਾ ਜਵਾਬ ਪਹਿਲਾਂ ਹੀ ਦੇ ਚੁੱਕਾ ਹਾਂ ।

ਸਰਦਾਰ ਪਰਕਾਸ਼ ਸਿੰਘ ਬਾਦਲ : ਇਲਿਸਿਟ ਡਿਸਟਿਲੇਸ਼ਨ ਜੋ ਹੁੰਦੀ ਹੈ ਇਸ ਦਾ ਮੇਨ ਕਾਰਨ ਇਹ ਹੈ ਕਿ ਜਿਹੜੀ ਸ਼ਰਾਬ ਵਿਕਦੀ ਹੈ ਘਟੀਆ ਕਿਸਮ ਦੀ ਹੁੰਦੀ ਹੈ, ਠੇਕੇਦਾਰ ਮਿਲ ਮਿਲਾ ਕੇ ਕੈਪਸੂਲਜ਼ ਤੋਂ ਨਾਜਾਇਜ਼ ਸ਼ਰਾਬ ਤਿਆਰ ਕਰਕੇ ਵੇਚਦੇ ਹਨ, ਕੀ ਸਰਕਾਰ ਬੈਟਰ ਕੁਆਲਿਟੀ ਦੀ ਸ਼ਰਾਬ ਬਨਾਉਣ ਦਾ ਯਤਨ ਕਰੇਗੀ ?

ਮੰਤਰੀ : ਸ਼ਰਾਬ ਜਿਹੜੀ ਸਰਕਾਰ ਵਲੋਂ ਠੇਕੇਦਾਰਾਂ ਨੂੰ ਸਪਲਾਈ ਕੀਤੀ ਜਾਂਦੀ ਹੈ, ਇਹ ਇਕ ਸੈਟ ਫਾਰਮੂਲੇ ਦੇ ਮੁਤਾਬਕ ਤਿਆਰ ਹੁੰਦੀ ਹੈ, ਇਹਦੀ ਇਕ ਡਿਗਰੀ ਮੁਕਰਰ ਹੈ, ਇਹ ਦੇ ਵਿਚ ਹੁਣ ਕੀ ਬਦਲੀ ਕੀਤੀ ਜਾਵੇ, ਇਹ ਮੈਨੂੰ ਸਮਝ ਨਹੀਂ ਸਕਿਆ ।

ਸਰਦਾਰ ਪਰਕਾਸ਼ ਸਿੰਘ ਬਾਦਲ: ਕੀ ਇਹ ਗੱਲ ਉਨ੍ਹਾਂ ਦੀ ਨਾਲਿਜ ਵਿਚ ਹੈ ਕਿ ਕੈਪਸੂਲਜ਼ ਤੋਂ ਠੇਕੇਦਾਰ ਸ਼ਰਾਬ ਤਿਆਰ ਕਰਦੇ ਹਨ ?

ਮੰਤਰੀ : ਇਹ ਗਲਤ ਗੱਲ ਹੈ ।

ਚੌਧਰੀ ਜਗਤ ਰਾਮ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਉਨ੍ਹਾਂ ਲੋਕਾਂ ਦੀ ਰਾਏ ਲੈਣਗੇ ਜਿਹੜੇ ਬਿਨਾਂ ਡਿਗਰੀ ਦੀ ਸ਼ਰਾਬ ਪੀਂਦੇ ਹਨ, ਕਿਉਂਕਿ ਉਹ ਪੀ ਪੀ ਕੇ ਹੁਣ ਕਾਫੀ ਐਕਸਪਰਟ ਹੋ ਗਏ ਹਨ ?

Mr. Speaker: Not allowed.

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ—

ਚਲੇ ਹੈਂ ਆਜ ਯੇ ਮੈਖਾਨੇ ਮੇਂ ਪੀਨੇ,
ਬਹੁਤ ਬੇਤਾਬ ਕਰ ਰਖਾ ਥਾ ਇਨਕੋ ਜੀ ਨੇ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾਂ ਹਾਂ ਕਿ ਜਿਹੜਾ ਸ਼ਰਾਬ ਦੀਆਂ ਖਰਾਬੀਆਂ ਦਾ ਆਮ ਰੌਲਾ ਪਿਆ ਹੋਇਆ ਹੈ, ਇਸ ਦਾ ਕਾਰਨ ਇਹ ਹੈ ਕਿ ਸ਼ਹਿਰਾਂ ਦੇ ਬਾਜ਼ਾਰਾਂ ਅਤੇ ਗਲੀਆਂ ਦੇ ਨਾਕਿਆਂ ਤੇ ਆਮ ਦੁਕਾਨਾਂ ਖੁਲ੍ਹ ਗਈਆਂ ਹਨ, ਕੋਈ ਜ਼ਨਾਨੀ ਉਥੋਂ ਦੀ ਲੰਘ ਨਹੀਂ ਸਕਦੀ, ਉਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ। ਜਿਹੜੇ ਛਾਪੇ ਮਾਰਦੇ ਹਨ ਉਹ ਗਰੀਬ ਲੋਕਾਂ ਨੂੰ ਫੜ ਲੈਂਦੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਜਦੋਂ ਵੀ ਛਾਪਾ ਮਾਰਨ ਤਾਂ ਕਿਸੇ ਜ਼ਿੰਮੇਵਾਰ ਬੰਦੇ ਨੂੰ ਜਿਸਤਰ੍ਹਾਂ ਕਿ ਪਿੰਡ ਦਾ ਪੰਚ ਸਰਪੰਚ ਹੁੰਦਾ ਹੈ, ਨਾਲ ਲੈ ਕੇ ਜਾਣ।

ਸ੍ਰੀ ਸਪੀਕਰ ; ਮਰੜ੍ਹੀ ਜੀ ਇਹ ਤਾਂ ਸੁਝਾਓ ਹੈ ਸਪਲੀਮੈਂਟਰੀ ਨਹੀਂ। (Mararhi ji, it is a suggestion and not a supplementary.)

ਸ੍ਰੀ ਸਰਦਾਰੀ ਲਾਲ ਕਪੂਰ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਆਪ ਆਬਕਾਰੀ ਮੰਤਰੀ ਬਣੇ ਸੀ ਤਾਂ ਕਿਹਾ ਸੀ ਕਿ ਜਿਹੜੇ ਲੋਕ ਸ਼ਰਾਬ ਬਹੁਤ ਜ਼ਿਆਦਾ ਪੀਂਦੇ ਹਨ ਉਹ ਹੌਲੀ ਹੌਲੀ ਘੱਟ ਜਾਣਗੇ। ਪਰ ਹੁਣ ਜ਼ਾਹਰ ਇਹ ਹੁੰਦਾ ਹੈ ਕਿ ਇਹ ਘਟਣ ਨਾਲੋਂ ਵੱਧੀ ਹੈ।

ਮੰਤਰੀ : ਮੇਰੀ ਗੁਜ਼ਾਰਿਸ਼ ਇਹ ਹੈ ਕਿ ਸਵਾਲ ਇਹੋ ਹੈ ਕਿ ਕਿਤਨੀਆਂ ਨਾਜਾਇਜ਼ ਭੱਠੀਆਂ ਫੜੀਆਂ ਗਈਆਂ ਹਨ। ਇਹ ਸਬੰਧਤ ਸਵਾਲ ਤੇ ਸਪਲੀਮੈਂਟਰੀ ਕਰਨ ਮੈਂ ਜਵਾਬ ਦੇਣ ਨੂੰ ਤਿਆਰ ਹਾਂ।

ਡਾਕਟਰ ਬਲਦੇਵ ਪ੍ਰਕਾਸ਼ : ਸਰਕਾਰ ਨੇ ਆਪਣੀ ਨੀਤੀ ਬਿਆਨ ਕੀਤੀ ਸੀ ਕਿ ਸ਼ਰਾਬ ਪੀਣੀ ਹੌਲੀ ਹੌਲੀ ਘਟਾ ਕਿ ਬਿਲਕੁਲ ਬੰਦ ਕੀਤੀ ਜਾਵੇਗੀ। ਪਰ ਹੁਣ ਤਾਂ ਪੰਜਾਬ ਤੋਂ ਬਾਹਰ ਵੀ ਵੱਡੇ ਵੱਡੇ ਬੋਰਡ ਸ਼ਰਾਬ ਦੇ ਲਗੇ ਹੋਏ ਹਨ। ਕੀ ਇਹ ਸਰਕਾਰ ਦੀ ਨੀਤੀ ਦੇ ਬਰਖਿਲਾਫ ਨਹੀਂ ?

ਮੰਤਰੀ : ਇਥੇ ਤਾਂ ਇਲਿਸਿਟ ਸ਼ਰਾਬ ਫੜਨ ਦਾ ਸਵਾਲ ਹੈ, ਕਿਸੇ ਪਾਰਟੀ ਦੀ ਨੀਤੀ ਦਾ ਸਵਾਲ ਨਹੀਂ।

ਚੌਧਰੀ ਦਰਸ਼ਨ ਸਿੰਘ : ਵਜ਼ੀਰ ਸਾਹਿਬ ਨੇ ਜਵਾਬ ਦੇਂਦੇ ਹੋਏ ਆਖਿਆ ਹੈ ਕਿ ਪੀਣ ਵਾਲੇ ਅਤੇ ਪਿਲਾਉਣ ਵਾਲੇ, ਪਰ ਪਿਲਾਉਣ ਵਾਲੇ ਤਾਂ ਉਹ ਆਪ ਹੀ ਹਨ। ਕੀ ਉਹ ਦਸਣਗੇ ਕਿ ਜਿਹੜੇ ਇਨ੍ਹਾਂ ਨੇ ਬੋਰਡ ਲਾਏ ਹਨ ਜਿਹੜਾ ਅੰਗਰੇਜ਼ੀ ਵਿਚ ਹੈ ਉਸ ਦਾ ਤਰਜਮਾ ਪੰਜਾਬੀ ਨਾਲੋਂ ਡਿਫਰੈਂਟ ਹੈ। ਅੰਗਰੇਜ਼ੀ ਦਾ ਮਤਲਬ ਇਹ ਹੈ ਕਿ "ਇਹਦਾ ਇਸਤੇਮਾਲ ਨੁਕਸਾਨਦੇਹ ਹੈ।" ਪੰਜਾਬੀ ਦਾ ਬੋਰਡ ਇਹ ਹੈ ਕਿ "ਇਹ ਦਾ ਜ਼ਿਆਦਾ ਇਸਤੇਮਾਲ ਨੁਕਸਾਨ ਦੇਹ ਹੈ।" ਇਹ ਫਰਕ ਕਿਉਂ ?

ਮੰਤਰੀ : ਹੁਣ ਇਨ੍ਹਾਂ ਵਿਚ ਦਰੁਸਤੀ ਕਰ ਦਿਤੀ ਗਈ ਹੈ। ਇਨ੍ਹਾਂ ਤੇ ਹੁਣ ਲਿਖਿਆ ਹੈ ਕਿ, "ਸ਼ਰਾਬ ਪੀਣਾ ਸੇਹਤ ਵਾਸਤੇ ਮੁਜ਼ਰ ਹੈ।"

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਕੀ ਇਹ ਗੱਲ ਸਰਕਾਰ ਦੇ ਧਿਆਨ ਵਿਚ ਹੈ ਕਿ ਬਹੁਤ ਸਾਰੇ ਲੋਕਾਂ ਨੇ ਜਿਨ੍ਹਾਂ ਨੇ ਸ਼ਰਾਬ ਨਾਜਾਇਜ਼ ਕਢਣ ਦਾ ਕੰਮ ਅਪਣਾਇਆ ਹੋਇਆ

ਹੈ, ਉਹ ਐਸੇ ਹਜ਼ਾਰਾਂ ਲੋਕ ਹਨ ਜਿਹੜੇ ਆਪਣਾ ਰੋਜ਼ਗਾਰ ਚਲਾਉਂਦੇ ਹਨ । ਇਥੇ ਕੋਈ ਲਾਅ ਐਂਡ ਆਰਡਰ ਦੀ ਵੀ ਬਹੁਤੀ ਪ੍ਰਾਬਲਮ ਨਹੀਂ । ਕੀ ਸਰਕਾਰ ਜਿਸ ਤਰ੍ਹਾਂ ਕੋਈ ਸਮਾਲ ਸਕੇਲ ਇੰਡਸਟਰੀ ਖੋਲ੍ਹਣ ਦੀ ਇਜਾਜ਼ਤ ਦੇ ਦੇਂਦੀ ਹੈ , ਇਨ੍ਹਾਂ ਨੂੰ ਵੀ ਇਜਾਜ਼ਤ ਦੇਵੇਗੀ ਤਾਂ ਜੋ ਉਹ ਬਿਨਾ ਪੁਲਿਸ ਦੇ ਡਰ ਤੋਂ ਇਹ ਧੰਦਾ ਚਲਾ ਸਕਣ, ਅਤੇ ਆਪਣਾ ਗੁਜ਼ਾਰਾ ਚਲਾ ਸਕਣ ।

ਮੰਤਰੀ : ਸਪੀਕਰ ਸਾਹਿਬ, ਕਮਿਊਨਿਸਟ ਪਾਰਟੀ ਵਲੋਂ ਜੋ ਸੁਝਾ ਆਇਆ ਹੈ , ਇਸ ਉਤੇ ਗੌਰ ਕਰ ਲਵਾਂਗੇ ਪਰ ਇਸ ਤੇ ਅਮਲ ਨਹੀਂ ਕੀਤਾ ਜਾ ਸਕਦਾ ।(ਹਾਸਾ)

ਰਾਜ ਵਿਚ ਬਣਾਈਆਂ ਗਈਆਂ ਲਿੰਕ ਰੋਡਜ਼ ਤੇ ਪੁਲੀਆਂ ਬਣਾਉਣਾ

*2976. **ਮਾਸਟਰ ਦਲੀਪ ਚੰਦ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਸਰਕਾਰ ਦੀ ਰਾਜ ਵਿਚ ਬਣਾਈਆਂ ਗਈਆਂ ਲਿੰਕ ਰੋਡਜ਼ ਤੇ ਪੁਲੀਆਂ ਬਣਾਉਣ ਦਾ ਇਰਾਦਾ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ?

ਸ੍ਰੀ ਜੋਗਿੰਦਰ ਪਾਲ ਪਾਂਡੇ : ਆਮ ਤੌਰ ਤੇ ਛੋਟੀਆਂ ਪੁਲੀਆਂ ਤਾਂ ਲਿੰਕ ਸੜਕ ਦੀ ਉਸਾਰੀ ਦੇ ਨਾਲ ਨਾਲ ਹੀ ਬਣਾ ਦਿਤੀਆਂ ਜਾਂਦੀਆਂ ਹਨ । ਪਰ ਕੁਝ ਸਮੇਂ ਤੋਂ ਸੀਮਿੰਟ ਦੇ ਹਿਊਮਪਾਈਪ ਨਾਂ ਮਿਲਣ ਕਾਰਨ ਪੁਲੀਆਂ ਬਣਾਉਣ ਦਾ ਕੰਮ ਕੁਝ ਪਿਛੇ ਰਹਿ ਗਿਆ ਸੀ । ਸਰਕਾਰ ਦਾ ਬਾਕੀ ਰਹਿੰਦੀਆਂ ਪੁਲੀਆਂ ਨੂੰ ਵੀ ਬਣਾਉਣ ਦਾ ਇਰਾਦਾ ਹੈ। ਹੁਣ ਹਿਊਮਪਾਈਪ ਮਿਲਣੇ ਸ਼ੁਰੂ ਹੋ ਗਏ ਹਨ ਅਤੇ ਬਾਕੀ ਰਹਿੰਦੀਆਂ ਪੁਲੀਆਂ ਦਾ ਕੰਮ ਹੱਥ ਵਿਚ ਲੈ ਲਿਆ ਗਿਆ ਹੈ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਖਾਸ ਕਰਕੇ ਕੰਡੀ ਦੇ ਇਲਾਕੇ ਵਿਚ ਬਹੁਤ ਨਾਲੇ ਅਤੇ ਚੋਅ ਹਨ, ਪਰ ਉਥੇ ਸੜਕਾਂ ਤਾਂ ਹਨ ਪਰ ਪੁਲੀਆਂ ਨਹੀਂ ਹਨ ਜਿਨ੍ਹਾਂ ਕਰਕੇ ਬਰਸਾਤ ਦੇ ਦਿਨਾਂ ਵਿਚ ਬੜੀ ਤਕਲੀਫ ਹੁੰਦੀ ਹੈ ਇਸ ਕਰਕੇ ਕੀ ਇਹ ਦੱਸਣਗੇ ਕਿ ਉਥੇ ਕਦੋਂ ਤਕ ਪੁਲੀਆਂ ਕੰਪਲੀਟ ਕਰ ਦੇਣ ਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਹੁਣ ਹਿਊਮਪਾਈਪਾਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ, ਹੁਣ ਛੇਤੀ ਹੀ ਉਥੇ ਪੁਲੀਆਂ ਬਣਾਉਣੀਆਂ ਸ਼ੁਰੂ ਕਰਵਾ ਦਿਆਂਗੇ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ, ਬਲਾਚੌਰ ਵਿਚ ਬਹੁਤ ਨਾਲੇ ਵਗੈਰਾ ਹਨ ਅਤੇ ਪਾਣੀ ਸੜਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ । ਕੀ ਇਸ ਲਈ ਉਥੇ ਪੁਲੀਆਂ ਬਣਾਉਣ ਲਈ ਕੁਝ ਪਹਿਲ ਦੇਣਗੇ ।

ਰਾਜ ਮੰਤਰੀ : ਜ਼ਰੂਰ ਪਹਿਲ ਦਿਆਂਗੇ । ਮੈਂ ਅਰਜ਼ ਕਰਦਾ ਹਾਂ ਕਿ ਸਬਮਾਊਨ- ਟੇਨੀਅਸ ਇਲਾਕੇ ਨੂੰ ਤਾਂ ਅਸੀਂ ਪਹਿਲਾਂ ਹੀ ਤਰਜੀਹ ਦੇ ਰਹੇ ਹਾਂ ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਜ਼ਿਲ੍ਹਾ ਸੰਗਰੂਰ ਵਿਚ ਕਈ ਸੜਕਾਂ ਬਣੀਆਂ ਨੂੰ 10 ਸਾਲ ਹੋ ਗਏ ਹਨ ਪਰ ਉਥੇ ਅਜੇ ਤਕ ਪੁਲੀਆਂ ਨਹੀਂ ਬਣੀਆਂ । ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਉਨ੍ਹਾਂ ਤੇ ਪੁਲੀਆਂ ਕਦੋਂ ਤਕ ਬਣਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਇਹ ਗੱਲ ਨਹੀਂ ਹੈ ਕਿ ਦਸ ਸਾਲ ਸੜਕ ਬਣਨ ਤੋਂ ਬਾਅਦ ਵੀ ਪੁਲੀਆਂ ਨਹੀਂ ਬਣੀਆਂ । ਇਹ ਮੇਰੇ ਨੋਟਿਸ ਵਿਚ ਲਿਆਉਣ, ਹੁਣ ਕਿਉਂਕਿ ਹਿਊਮ ਪਾਈਪਾਂ ਮਿਲਣ ਲੱਗ ਪਈਆਂ ਹਨ, ਇਸ ਲਈ ਉਥੇ ਕੰਮ ਸ਼ੁਰੂ ਕਰਵਾ ਦਿਆਂਗੇ ।

ਮਾਸਟਰ ਚੰਦ ਸਿੰਘ : ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਧੂਰੀ ਬਰਨਾਲੇ ਵਾਲੀ ਸੜਕ ਤੇ ਪੁਲ ਬਣਨ ਤੋਂ ਪਹਿਲਾਂ ਹੀ ਟੁਟ ਗਿਆ ਹੈ ? ਕੀ ਇਸ ਦੀ ਇਨਕੁਆਇਰੀ ਕਰਕੇ ਕੋਈ ਐਕਸ਼ਨ ਲੈਣਗੇ ?

ਰਾਜ ਮੰਤਰੀ : ਇਹ ਚੀਜ਼ ਮੇਰੇ ਨੋਟਿਸ ਵਿਚ ਨਹੀਂ ਹੈ । ਇਹ ਮੇਰੇ ਨੋਟਿਸ ਵਿਚ ਲੈ ਆਉਣ, ਜ਼ਰੂਰ ਇਨਕੁਆਇਰੀ ਕਰਵਾਵਾਂਗੇ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਹੁਣ ਹਿਊਮ ਪਾਈਪਾਂ ਮਿਲ ਰਹੀਆਂ ਹਨ, ਪਹਿਲਾਂ ਨਹੀਂ ਸੀ ਮਿਲ ਰਹੀਆਂ; ਇਸ ਕਰਕੇ ਕੰਮ ਰੁਕਿਆ ਰਿਹਾ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਨਹਿਰਾਂ ਦੇ ਪੁਲਾਂ ਲਈ ਵੀ ਹਿਊਮ ਪਾਈਪਾਂ ਨਾ ਮਿਲਣ ਕਰਕੇ ਕੰਮ ਰੁਕਿਆ ਰਿਹਾ ?

(ਕੋਈ ਜਵਾਬ ਨਾ ਦਿੱਤਾ ਗਿਆ)

ਸਪੀਕਰ ਸਾਹਿਬ, ਮੇਰੇ ਸਵਾਲ ਦਾ ਕੋਈ ਜਵਾਬ ਨਹੀਂ ਆਇਆ ।

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ ।

ਸਰਦਾਰ ਸੁਰਜੀਤ ਸਿੰਘ ਸਿੱਧੂ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਕੀ ਜ਼ਿਲ੍ਹਾ ਬਠਿੰਡਾ ਵਿਚ ਸੇਖੋਂ ਤੋਂ ਰਾਮਾਮੰਡੀ ਸੜਕ ਇਕ ਥਾਂ ਤੇ ਬੜੀ ਟੇਢੀ ਹੈ ਅਤੇ ਪੁਲੀ ਨਾ ਹੋਣ ਕਰਕੇ ਲੋਕਾਂ ਨੂੰ ਬੜੀ ਤਕਲੀਫ ਪੇਸ਼ ਆ ਰਹੀ ਹੈ, ਕੀ ਉਥੇ ਪੁਲੀ ਬਣਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਇਸ ਵਾਰੀ ਜਦੋਂ ਮੈਂ ਗਰੀਵੈਂਸਿਜ਼ ਕਮੇਟੀ ਦੀ ਮੰਥਲੀ ਮੀਟਿੰਗ ਵਿਚ ਉਥੇ ਆਵਾਂਗਾ ਤਾਂ ਇਹ ਗਲ ਉਥੇ ਮੇਰੇ ਨੋਟਿਸ ਵਿਚ ਲਿਆਉਣ ।

ਚੌਧਰੀ ਕਾਂਸ਼ੀ ਰਾਮ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਉਨ੍ਹਾਂ ਨੇ ਆਪਣੇ ਮਹਿਕਮੇ ਨੂੰ ਕੋਈ ਹਦਾਇਤਾਂ ਦਿਤੀਆਂ ਹੋਈਆਂ ਸੀ ਕਿ ਜਦੋਂ ਤਕ ਹਿਊਮ ਪਾਈਪਾਂ ਨਾ ਮਿਲਣ, ਕੰਮ ਨਾ ਸ਼ੁਰੂ ਕੀਤਾ ਜਾਵੇ ?

ਰਾਜ ਮੰਤਰੀ : ਅਜਿਹੀਆਂ ਕੋਈ ਹਦਾਇਤਾਂ ਨਹੀਂ ਸੀ ਦਿਤੀਆਂ ਗਈਆਂ ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਹੁਣੇ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸਬ-ਮਾਊਂਟੇਨੀਅਸ ਇਲਾਕੇ ਵਿਚ ਪੁਲੀਆਂ ਛੇਤੀ ਬਣਾ ਦੇਣਗੇ । ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਰੋਪੜ, ਵਿਚ ਅਨੰਦਪੁਰ ਸਾਹਿਬ, ਜਿਥੋਂ ਕਿ ਚੀਫ ਮਨਿਸਟਰ

ਸਾਹਿਬ ਜਿੱਤ ਕੇ ਆਏ ਹਨ ਤੋਂ ਲੈ ਕੇ ਤਹਿਸੀਲ ਖਰੜ ਤਕ ਜੋ ਸਬ-ਮਾਊਂਟੇਂਨਸ ਏਰੀਆ ਹੈ, ਇਥੋਂ ਤਕ ਬਰਸਾਤੀ ਨਦੀਆਂ ਉਤੇ ਪੁਲੀਆਂ ਬਣਾਉਣ ਦੀ ਕੋਈ ਸਕੀਮ ਹੈ, ਕਿਉਂਕਿ ਲੋਕਾਂ ਨੂੰ ਤਕਲੀਫ ਹੁੰਦੀ ਹੈ ਬਰਸਾਤਾਂ ਵਿਚ; ਜੇ ਸਕੀਮ ਹੈ ਤਾਂ ਕਦੋਂ ਤਕ ਇਹ ਕੰਮ ਮੁਕੰਮਲ ਕਰਵਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਇਸ ਬਾਰੇ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦਿਆਂਗਾ ।

ਚੌਧਰੀ ਕਾਂਸ਼ੀ ਰਾਮ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿਤਾ ਸੀ ਕਿ ਹੁਣ ਹਿਊਮਪਾਈਪਾਂ ਮਿਲ ਰਹੀਆਂ ਹਨ ਇਸ ਕਰਕੇ ਪੁਲੀਆਂ ਦਾ ਕੰਮ ਸ਼ੁਰੂ ਕਰ ਦਿਤਾ ਹੈ ਔਰ ਇਕ ਹੋਰ ਸਪਲੀਮੈਂਟਰੀ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੇ ਕੋਈ ਹਦਾਇਤਾਂ ਨਹੀਂ ਦਿਤੀਆਂ ਆਪਣੇ ਮਹਿਕਮੇਂ ਨੂੰ ਕਿ ਹਿਊਮਪਾਈਪਾਂ ਤੋਂ ਬਿਨਾਂ ਕੰਮ ਸ਼ੁਰੂ ਨਾ ਕੀਤਾ ਜਾਵੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕਿ ਇਨ੍ਹਾਂ ਦੇ ਮਹਿਕਮੇਂ ਕੋਲ 30–35 ਹਜ਼ਾਰ ਬੋਰੀ ਸੀਮਿੰਟ ਪਿਆ ਹੈ, ਤਾਂ ਫੇਰ ਉਸ ਸੀਮਿੰਟ ਨਾਲ ਪੁਲੀਆਂ ਦਾ ਕੰਮ ਕਿਉਂ ਨਹੀਂ ਕੀਤਾ ਗਿਆ ?

(ਕੋਈ ਜਵਾਬ ਨਾ ਦਿਤਾ ਗਿਆ)

ਸਰਦਾਰ ਬਸੰਤ ਸਿੰਘ ਖਾਲਸਾ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਉਹ ਬਾਕੀ ਸਟੇਟ ਵਿਚ ਤਾਂ ਪੁਲੀਆਂ ਬਨਾਉਣਗੇ ਪਰ ਕੀ ਆਪਣੇ ਜ਼ਿਲ੍ਹੇ ਵਿਚ, ਜਿਸ ਦੇ ਨਾਲ ਕਿ ਉਨ੍ਹਾਂ ਦਾ ਆਪਣਾ ਸਬੰਧ ਹੈ, ਉਸ ਦੇ ਪਿਛਲੇ ਪਾਸੇ ਪਿੰਡ ਅਲਪਾਈ ਵਿਚ 1948 ਦੀ ਸੜਕ ਹੈ ਪਰ ਉਸ ਤੇ ਪੁਲੀ ਨਹੀਂ ਹੈ ਜਿਸ ਕਰਕੇ ਲੋਕਾਂ ਨੂੰ 10 ਮੀਲ ਦਾ ਵਲ ਪਾਕੇ ਆਉਣਾ ਪੈਂਦਾ ਹੈ, ਕੀ ਉਸ ਵਲ ਵੀ ਧਿਆਨ ਦੇਣਗੇ ?

ਰਾਜ ਮੰਤਰੀ : ਜ਼ਰੂਰ ਦਿਆਂਗੇ ਜੀ ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇਕ ਮਸਤੋਂ ਰਿਵਰ ਹੈ, ਜਿਸ ਦਾ ਪਾਣੀ ਇਲਾਕਾ ਰੋੜ੍ਹ ਕੇ ਲੈ ਜਾਂਦਾ ਹੈ । ਕੀ ਉਥੇ ਪੱਕਾ ਪੁਲ ਬਨਾਉਣ ਵਾਸਤੇ ਉਸ ਨੂੰ ਇਸ ਸਾਲ ਦੇ ਪਲਾਨ ਵਿਚ ਇਨਕਲੂਡ ਕਰਕੇ, ਉਥੇ ਕੰਮ ਸ਼ੁਰੂ ਕਰਵਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਪੁਲੀਆਂ ਬਾਰੇ ਹੈ, ਪੁੱਲਾਂ ਬਾਰੇ ਨਹੀਂ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਹੁਣ ਵਜ਼ੀਰ ਸਾਹਿਬ ਨੇ ਇਕ ਸਪਲੀਮੈਂਟਰੀ ਦੇ ਜਵਾਬ ਵਿਚ ਕਿਹਾ ਹੈ ਕਿ ਨਹਿਰਾਂ ਦੇ ਪੁਲ ਨਹਿਰੀ ਮਹਿਕਮੇਂ ਕੋਲ ਹਨ...... (ਵਿਘਨ)।

ਰਾਜ ਮੰਤਰੀ : ਨਹੀਂ ਜੀ ਮੈਂ ਬਿਲਕੁਲ ਨਹੀਂ ਕਿਹਾ । ਮੈਂ ਇਹ ਕਿਹਾ ਹੈ ਕਿ ਉਸ ਸਪਲੀਮੈਂਟਰੀ ਦਾ ਸਬੰਧ ਜੋ ਕਿ ਪੁੱਲਾਂ ਬਾਰੇ ਸੀ ਇਸ ਸਵਾਲ ਨਾਲ ਨਹੀਂ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸੰਗਰੂਰ–ਦੀਮਾਂ ਰੋਡ ਤੇ ਪੁੱਲ ਬਣਨਾ ਹੈ ਪਰ ਇਹ ਫੈਸਲਾ ਨਹੀਂ ਹੋ ਸਕਿਆ ਕਿ ਇਹ ਪੁਲ ਨਹਿਰੀ ਮਹਿਕਮਾਂ ਬਣਾਏਗਾ ਜਾਂ ਬੀ. ਐਂਡ ਆਰ. ਦਾ ਮਹਿਕਮਾ ਬਣਾਏਗਾ ਕੀ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਫਿਰ ਪੁੱਲਾਂ ਦੀਆਂ ਗੱਲਾਂ ਕਰ ਰਹੇ ਹਨ ਪੁਲੀਆਂ ਦੀਆਂ ਨਹੀਂ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਦੋਂ ਤਕ ਹਰ ਪਿੰਡ ਨੂੰ ਸੜਕ ਨਹੀਂ ਪਹੁੰਚ ਜਾਂਦੀ ਜਦੋਂ ਕਿ ਅਜੇ ਤਕ ਤੀਬਨ ਇਕ ਹਜ਼ਾਰ ਪਿੰਡ ਅਜਿਹੇ ਹਨ ਜਿਥੇ ਸੜਕ ਨਹੀਂ ਹੈ ਉਦੋਂ ਤਕ ਪੁਲੀਆਂ ਨਾ ਬਣਾਈਆ ਜਾਣ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਸੜਕਾਂ ਨਾਲ ਸਬੰਧਤ ਨਹੀਂ ਹੈ ।

STARRED QUESTION NO. 2992**

ਸ੍ਰੀ ਸਪੀਕਰ : ਇਸ ਸਵਾਲ ਵਾਸਤੇ ਐਕਸਟੈਨਸ਼ਨ ਮੰਗੀ ਗਈ ਹੈ । ਪਰ ਮਨਿਸਟਰ ਸਾਹਿਬ ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਤੁਹਾਡਾ ਮਹਿਕਮਾ ਸਾਨੂੰ ਐਕਸਟੈਨਸ਼ਨ ਬਾਰੇ ਡੀ.ਓ. ਨਹੀਂ ਲਿਖਦਾ । ਪਿਛਲੇ ਸੈਸ਼ਨ ਵਿਚ ਵੀ ਇਹੀ ਗੱਲ ਉਠੀ ਸੀ । (Extension has been asked for in respect of Starred Question No. 2992. But Minister Sahib, I am sorry that in such cases no demi-official letter is received from your Department. This issue was raised even during the last Session.)

ਰਾਜ ਮੰਤਰੀ (ਸ੍ਰੀ ਜੋਗਿੰਦਰ ਪਾਲ ਪਾਂਡੇ) ਅੱਜ ਹੀ ਮੈਂ ਆਪਣੇ ਮਹਿਕਮੇ ਨੂੰ ਹਦਾਇਤ ਕਰ ਦਿੰਦਾ ਹਾਂ ਜੀ ।

ਫਰੀਦਕੋਟ ਵਿਧਾਨ ਸਭਾ ਹਲਕੇ ਵਿਚ 31 ਦਸੰਬਰ, 1974 ਤਕ ਬਣਾਈਆਂ ਗਈਆਂ ਲਿੰਕ ਸੜਕਾਂ ।

* 3011. **ਸਰਦਾਰ ਗੁਰਦੇਵ ਸਿੰਘ ਬਾਦਲ** : ਕੀ ਲੋਕ ਨਿਰਮਾਣ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ 31 ਦਸੰਬਰ, 1974 ਤਕ ਫਰੀਦਕੋਟ ਵਿਧਾਨ ਸਭਾ ਚੋਣ ਹਲਕੇ ਵਿਚ ਬਣਾਈਆਂ ਗਈਆਂ ਲਿੰਕ ਸੜਕਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ?

ਸ੍ਰੀ ਜੋਗਿੰਦਰ ਪਾਲ ਪਾਂਡੇ : 64 ਸੜਕਾਂ । ਸੜਕਾਂ ਦੇ ਨਾਵਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਮਿਲਾਉ ਸੜਕਾਂ ਦੀ ਲਿਸਟ ਜੋ ਕਿ ਫ਼ਰੀਦਕੋਟ ਵਿਧਾਨ ਸਭਾ ਦੇ ਚੋਣ ਹਲਕੇ ਵਿਚ ਆਉਂਦੀਆਂ ਹਨ ।

ਕ੍ਰਮ ਨੰਬਰ	ਸੜਕ ਦਾ ਨਾਂ
1.	ਕਾਮਿਆਨਾ ਤੋਂ ਕਿਲ੍ਹਾ ਲਾਉ ।
2.	ਕਾਮਿਆਨਾ ਤੋਂ ਰੱਤੀ ਰੋੜੀ ।
3.	ਚੰਦਬਾਜਾ ਤੋਂ ਧੂਨਕੋਟ ਬਰਾਸਤਾ ਮੰਡਲ ਵਾਲਾ ।

**For Starred Question No. 2992 and reply thereto please see Punjab Vidhan Sabha Debates dated 27-1-1975.

ਕ੍ਰਮ ਨੰ:	ਸੜਕ ਦਾ ਨਾਂ
4.	ਪਿੱਪਲੀ ਤੋਂ ਪੱਖਾਂ ਕਲਾਂ ।
5.	ਮਹਿਮਆਣ ਤੋਂ ਸ਼ੇਰ ਸਿੰਘ ਵਾਲਾ ।
6.	ਜਨੇਰੀਆਂ ਤੋਂ ਸੰਗਰਾਹੂਰ ।
7.	ਫਰੀਦਕੋਟ –ਸਾਦਕ–ਦੀਪ ਸਿੰਘ ਵਾਲਾ ਸੜਕ ਤੋਂ ਮਨੀ ਸਿੰਘ ਵਾਲਾ ।
8.	ਫਰੀਦਕੋਟ–ਸਾਦਕ–ਦੀਪ ਸਿੰਘ ਵਾਲਾ ਸੜਕ ਤੋਂ ਕੋਣੀ।
9.	ਰੱਤੀ ਰੋੜੀ ਤੋਂ ਦਾਨਾ ਰੁਮਾਣਾ ।
10.	ਰੱਤੀ ਰੋੜੀ ਤੋਂ ਡਗੂ ਰੁਮਾਣਾ ।
11.	ਅਰਾਇਆ ਵਾਲਾ ਤੋ ਘੁਗਿਆਣਾ ।
12.	ਫਰੀਦਕੋਟ–ਫਿਰੋਜ਼ਪੁਹ ਸੜਕ ਤੋਂ ਪਿਪਲ ਤੋਂ ਅਰਾਈਆਂ ਵਾਲਾ ।
13.	ਈਦ ਗਾਹ ਤੋਂ ਜਹਾਜ਼ ਗਰਾਉਂਡ ।
14.	ਮਿਲਾਓ ਸੜਕ ਫਰੀਦਕੋਟ ਕੋਟਕਪੂਰਾ ਸੜਕ ਤੋਂ ਬਾਬਾ ਫਰੀਦ ਗੋਦੜੀ ਵਾਲਾ ।
15.	ਫਰੀਦਕੋਟ ਤੋਂ ਬਸਤੀ ਗੋਬਿੰਦਸਰ ।
16.	ਸੰਗਰਾਹੂਰ ਤੋਂ ਭੁਟਰ ।
17.	ਮੁਕਤਸਰ–ਫਿਰੋਜ਼ਪੁਰ ਸੜਕ ਤੋਂ ਮਨੀ ਸਿੰਘ ਵਾਲਾ ।
18.	ਮੁਕਤਸਰ–ਫਿਰੋਜ਼ਪੁਰ ਸੜਕ ਤੋਂ ਢਿਲਵਾਂ ਖੁਰਦ ।
19.	ਕਾਨਿਆਂ ਵਾਲੀ ਤੋਂ ਜੰਡ ਸਾਹਿਬ ।
20.	ਫਰੀਦ ਕੋਟ–ਫਿਰੋਜ਼ਪੁਰ ਸੜਕ ਤੋਂ ਹਰਦਿਆਲਆਣਾ ।
21.	ਜੰਡ ਸਾਹਿਬ ਤੋਂ ਵੀਰੇਵਾਲਾ ।
22.	ਫਰੀਦਕੋਟ ਸਾਦਕ ਦੀਪ ਸਿੰਘ ਵਾਲਾ ਸੜਕ ਤੋਂ ਜੰਡਵਾਲਾ ।
23.	ਘੁਦਵਾਲਾ ਤੋਂ ਸੰਗਤਪੁਰਾ ।
24.	ਚੰਨੀਆਂ ਤੋਂ ਗੁਜਰਾਂ ।
25.	ਡੋਡ ਸਿਮਰੇ ਵਾਲਾ ਘੁਗਿਆਣਾ ਬਰਾਸਤਾ ਚੱਕ ਸਾਹੂ ।
26.	ਫਰੀਦਕੋਟ ਤੋਂ ਭੋਲੂਵਾਲਾ ।
27.	ਜੰਡ ਸਾਹਿਬ ਤੋਂ ਅਹਿਲ ।
28.	ਭਾਲਾਂ ਚੰਮੋਬੋਲੀ ਨੰਗਲ ।
29.	ਜੰਡ ਸਾਹਿਬ ਤੇ ਮਰਾੜ ਤੋਂ ਧਮਦੂ ਵਾਲਾ ।
30.	ਫਰੀਦਕੋਟ ਫਿਰੋਜ਼ਪੁਰ ਸੜਕ ਤੋਂ ਝੰਡੀ ਵਾਲਾ ।
31.	ਫਰੀਦਕੋਟ ਸਾਦਕ ਦੀਪ ਸਿੰਘ ਵਾਲਾ ਸੜਕ ਤੋਂ ਸਦੋਕੇ ।
32.	ਕਲੋਹ ਢੱਡੀ ਕੋਟ ਸੁਖੀਆ ਤੋਂ ਬਾਗਿਆਨਾ ਅਤੇ ਕੋਟ ਸੁਖੀਆ ਤੋਂ ਸਿਰਸੜੀ
33.	ਕਿਲਾ ਨਾਉ ਤੋਂ ਸੁਖਣ ਵਾਲਾ ।
34.	ਫਰੀਦ ਕੋਟ ਸਾਦਕ ਦੀਪ ਸਿੰਘ ਵਾਲਾ ਸੜਕ ਤੋਂ ਮਚਾਕੀ ਮੱਲ ਸਿੰਘ ।
35.	ਦਾਨਾ ਰੋਮਾਣਾ ਤੋਂ ਹਰੀਏਵਾਲਾ ।
36.	ਕੋਉਟੀ ਤੋਂ ਝੋਕ ਸਰਕਾਰੀ ।
37.	ਫਿਰੋਜ਼ਪੁਰ ਮੁਕਤਸਰ ਸੜਕ ਤੋਂ ਮੁਮਾਰਾ ।

(ਲੋਕ ਨਿਰਮਾਣ ਦੇ ਰਾਜ ਮੰਤਰੀ)

ਕ੍ਰਮ ਨੰ:	ਸੜਕ ਦਾ ਨਾਂ
38.	ਮਹਿਮੂਆਣਾ ਤੋਂ ਝੋਟੀਵਾਲਾ ਬਰਾਸਤਾ ਮਿਡੂ ਮਾਣ ।
39.	ਜਨੇਰੀਆ ਤੋਂ ਰੁਪੀਆਂ ਵਾਲੀ ।
40.	ਫਰੀਦਕੋਟ ਤੋਂ ਡੋਗਰਬਸਤੀ ।
41.	ਕੀਗਰਾ ਤੋਂ ਬੀਲੇਵਾਲਾ ।
42.	ਪੱਕਾ ਤੋਂ ਮੋਗਾ ਵਾਲੀ ।
43.	ਪੱਖੀ ਕਲਾਂ ਤੋਂ ਪਹਿਲੂਵਾਲਾ ਬਰਾਸਤਾ ਮਲੇਵਾਲਾ ।
44.	ਫਰੀਦਕੋਟ ਬੀੜ ਚੇਹਲ ਸੜਕ ਤੋਂ ਨੱਥੇਵਾਲਾ ਸੀਰਸਰੀ ਔਲਖ ਘੰਨੀਏਵਾਲਾ।
45.	ਮਚਾਕੀ ਕਲਾਂ ਤੋਂ ਦੇਤ ਸਿੰਘ ਵਾਲਾ ।
46.	ਚਨੀਆਂ ਤੋਂ ਡੋਡ ।
47.	ਫਰੀਦਕੋਟ ਤੋਂ ਮਚਾਕੀ ਮਲ ਸਿੰਘ ।
48.	ਘਦੂਵਾਲਾ ਤੋਂ ਭਾਗ ਸਿੰਘ ਵਾਲਾ ।
49.	ਪੱਖੀ ਕਲਾਂ ਤੋਂ ਭਾਗਥਲਾਂ ਕਲਾਂ ।
50.	ਗੋਲੇਵਾਲਾ ਕਾਬੂਲ ਵਾਲਾ ।
51.	ਵੀਰੇਵਾਲਾ ਤੋਂ ਸਰਹੰਦ ਫੀਡਰ ।
52.	ਕੋਟ ਕਪੂਰਾ ਤੋਂ ਸਿਰਸੜੀ ਬਰਾਸਤਾ ਦੇਵੀ ਵਾਲਾ ।
53.	ਢੰਦਵਾੜਾ ਤੋਂ ਗਿਲ ।
54.	ਵਾਂਦਰ ਜਟਾਨਾ ਤੋਂ ਢਿਡਾ ਕਲਾਂ ਬਰਾਸਤਾ ਚੱਕ ਕਲਿਆਣ ।
55.	ਚੋਹਨ ਤੋਂ ਭਾਨਾ ।
56.	ਦਵਾਰਆਨਾ ਤੋਂ ਢਿਮਾਂ ਵਾਲੀ ।
57.	ਭਲੂਰ ਤੋਂ ਧੂਲਕੋਟ ।
58.	ਚੈਹਲ ਤੋਂ ਟੈਹਣਾ ।
59.	ਪੰਜ ਗਰਾਇਆ ਤੋਂ ਔਲਖ ।
60.	ਵੀਰੇਵਾਲਾ ਖੁਰਦ ਤੋਂ ਮਕੰਦ ਸਿੰਘ ਵਾਲਾ ।
61.	ਡੱਗ ਰੁਮਾਣਾ ਤੋਂ ਢਿੱਡਾ ਕਲਾਂ ਮੁਧਾਰ ।
62.	ਫਰੀਦਕੋਟ ਤਲਵੰਡੀ ਤੋਂ ਮਿਸਰੀਵਾਲਾ, ਘੁਮਿਆਰਾ ਅਤੇ ਭਾਗਥਲਾ ਤੋਂ ਕਬਰ ਵੱਛਾ।
63.	ਸੰਧਵਾ ਤੋਂ ਭਾਨਾ ਬਰਾਸਤਾ ਬੀੜ ਚੈਹਲ ।
64.	ਵਾਂਦਰ ਜਟਾਲਾਂ ਤੋਂ ਢਿਡਾ ਖੁਰਦ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਫਰੀਦਕੋਟ ਤੋਂ ਵੀਰੇ ਵਾਲਾ, ਵੀਰੇ ਵਾਲਾ ਤੋਂ ਜਲਾਲੇ ਵਾਲਾ ਸੜਕ, ਮਚਾਕੀ ਮੱਲ ਸਿੰਘ ਤੋਂ ਚੀਮਾਂ ਵਾਲੀ, ਸੜਕ, ਢਗੋ ਰੁਮਾਣੇ ਤੋਂ ਢਿਡੇ ਕਲਾਂ ਸੜਕ, ਹਰੀਏ ਵਾਲਾ ਤੋਂ ਵੱਟੂ ਸੜਕ, ਗੋਲੇ ਵਾਲਾ ਤੋਂ ਡਲੇ ਵਾਲਾ ਸੜਕ ਅਤੇ ਚੰਦ ਕਲੇਰੇ ਤੋਂ ਮੋਰਾਂ ਵਾਲੀ ਸੜਕ ਤੇ ਪੁਲੀਆਂ ਦਾ ਕੰਮ ਅਧੂਰਾ ਪਿਆ ਹੈ , ਕੀ ਉਸ ਨੂੰ ਪੂਰਾ ਕਰਵਾਉਣ ਵਾਸਤੇ ਇਹ ਕੋਈ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ : ਇਹ ਸੜਕਾਂ ਅੰਡਰ ਕੰਨਸਟਰਕਸ਼ਨ ਹਨ । ਇਨ੍ਹਾਂ ਛੇ ਸੜਕਾਂ ਤੋਂ ਇਲਾਵਾ ਹੋਰ ਵੀ ਲੈ ਰਹੇ ਹਾਂ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸੜਕਾਂ ਤੇ ਰੋੜੀ, ਪੱਥਰ ਆਦਿ ਸੁਟਿਆ ਪਿਆ ਹੈ ਅਤੇ ਇਹ ਮਿੱਟੇ ਪਏ ਨੂੰ ਵੀ ਡੇੜ੍ਹ ਡੇੜ੍ਹ, ਦੋ ਦੋ ਸਾਲ ਹੋ ਗਏ ਹਨ, ਕੀ ਕਾਰਣ ਹੈ ਕਿ ਉਨ੍ਹਾਂ ਨੂੰ ਸਪੀਡ ਅੱਪ ਕਰਕੇ ਕੰਮ ਨੂੰ ਮੁਕਾਇਆ ਨਹੀਂ ਜਾਂਦਾ ਹੈ ? ਇਹ ਫਰੀਦਕੋਟ ਕਾਂਸਟੀਚੂਐਂਸੀ ਦੀ ਗੱਲ ਹੈ ।

ਰਾਜ ਮੰਤਰੀ : ਮੈਂ ਉਨ੍ਹਾਂ ਬਾਰੇ ਪਤਾ ਕਰ ਲਵਾਂਗਾ ।

ਸਰਦਾਰ ਗੁਰਬਚਨ ਸਿੰਘ (ਰੋਪੜ) : ਰੋਪੜ ਕਾਂਸਟੀਚੂਐਂਸੀ ਵਿਚ ਬਹੁਤ ਸਾਰੇ ਪਿੰਡ ਅਜਿਹੇ ਹਨ (ਵਿਘਨ) ਜਿਕੇ ਤਿੰਨ ਤਿੰਨ ਮੀਲ ਤੱਕ ਕੋਈ ਲਿੰਕ ਰੋਡਜ਼ ਨਹੀਂ ਹਨ । ਇਕੋ ਲਾਈਨ ਤੇ ਕਈ ਕਈ ਪਿੰਡ ਹਨ ਜਿਨ੍ਹਾਂ ਵਾਸਤੇ ਕੋਈ ਲਿੰਕ ਰੋਡਜ਼ ਨਹੀਂ ਹਨ । ਕੀ ਇਹ ਇਨ੍ਹਾਂ ਪਿੰਡਾਂ ਵਾਸਤੇ ਲਿੰਕ ਰੋਡਜ਼ ਬਨਾਉਣ ਨੂੰ ਤਿਆਰ ਹਨ ?

ਸ੍ਰੀ ਸਪੀਕਰ : ਸਵਾਲ ਦੇ ਦਿਉ ਜਵਾਬ ਮਿਲ ਜਾਏਗਾ। (Separate notice may be given in this respect and you will get reply to it.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ, ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਤੇ ਅਜਿਹੀ ਗੱਲ ਤਾਂ ਨਹੀਂ ਕਿ ਕਿਉਂਕਿ ਫਰੀਦਕੋਟ ਅਤੇ ਕੋਟਕਪੂਰਾ ਤੋਂ ਅਕਾਲੀ ਮੈਂਬਰਜ਼ ਜਿੱਤ ਕੇ ਆਏ ਹਨ ਇਸ ਲਈ ਉਨ੍ਹਾਂ ਕਾਂਸਟੀਚੂਐਂਸੀਜ਼ ਵਿਚ ਇਸ ਕੰਮ ਵਿਚ ਢਿਲ ਮਿਸ ਕੀਤੀ ਜਾਂਦੀ ਹੈ ?

ਰਾਜ ਮੰਤਰੀ : ਇਹ ਫਰੀਦਕੋਟ ਕਾਂਸਟੀਚੂਐਂਸੀ ਦਾ ਸਵਾਲ ਸੀ ਅਤੇ ਮੈਂ ਉਸ ਦਾ ਜਵਾਬ ਦੇ ਦਿਤਾ ਹੈ । ਜਿਸ ਤਰ੍ਹਾਂ ਇਹ ਹੁਣ ਬਰਾੜ ਸਾਹਿਬ ਹੋਰ ਇਲਾਕੇ ਬਾਰੇ ਕਹਿ ਰਹੇ ਹਨ । ਉਸ ਬਾਰੇ ਇਹ ਸਵਾਲ ਦੇ ਦੇਣ, ਮੈਂ ਜਵਾਬ ਦੇ ਦਿਆਂਗਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਆਪਦੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਾਨਸਾ ਤੋਂ ਤਲਵੰਡੀ ਉਥੇ ਦੁਬਾਰਾ ਨੀਂਹ ਪੱਥਰ ਰਖਿਆ ਗਿਆ ਹੈ । ਪਹਿਲਾਂ ਗਿੱਲ ਸਾਹਿਬ ਵੇਲੇ ਰਖਿਆ ਗਿਆ ਸੀ । ਕੀ ਹੁਣ ਉਥੇ ਕੁਝ ਬਨਾਉਣ ਦਾ ਇਰਾਦਾ ਹੈ ਜਾਂ ਦੁਬਾਰਾ ਨੀਂਹ ਰਖਿਆ ਜਾਏਗਾ ?

ਰਾਜ ਮੰਤਰੀ : ਚਾਹੇ ਇਸ ਸਵਾਲ ਦਾ ਨਾਲ ਕੋਈ ਤਾਲੁਕ ਨਹੀਂ ਹੈ ਫੇਰ ਵੀ ਮੈਂ ਸਪੀਕਰ ਸਾਹਿਬ, ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਜੋ ਸੜਕਾਂ ਆਪਣੇ ਪ੍ਰੋਗਰਾਮ ਵਿਚ ਲਿਆਂਦੀਆਂ ਹਨ ਉਹ ਪ੍ਰੋਗਰਾਮ ਅਨੁਸਾਰ ਜ਼ਰੂਰ ਕੰਮ ਕਰਨਾ ਹੈ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਹੁਸ਼ਿਆਰਪੁਰ ਵਰਗੇ ਪਿਛੜੇ ਹੋਏ ਜ਼ਿਲ੍ਹੇ ਵਿਚ ਅਨੇਕਾਂ ਪਿੰਡ ਅਜਿਹੇ ਹਨ ਜੋ ਕਿ ਸੜਕਾਂ ਤੋਂ ਚਾਰ ਪੰਜ ਮੀਲ ਦੂਰ ਹਨ । ਉਥੇ ਸੜਕਾਂ ਨਹੀਂ ਹਨ । ਕੀ ਜਿੰਨਾ ਚਿਰ ਹੁਸ਼ਿਆਰਪੁਰ ਜ਼ਿਲ੍ਹੇ ਦਾ ਕੰਮ ਨਹੀਂ ਹੋ ਜਾਂਦਾ ਉਨਾਂ ਚਿਰ ਕਿਸੇ ਹੋਰ ਜ਼ਿਲ੍ਹੇ ਨੂੰ ਲਿੰਕ ਰੋਡਜ਼ ਨਹੀਂ ਦਿਤੀਆਂ ਜਾਣਗੀਆਂ ?

ਰਾਜ ਮੰਤਰੀ: ਚਾਹੇ ਇਸ ਦਾ ਸਵਾਲ ਨਾਲ ਕੋਈ ਤਾਲੁਕ ਨਹੀਂ ਫੇਰ ਵੀ ਸਪੀਕਰ ਸਾਹਿਬ, ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਐਮ. ਐਲ. ਏਜ਼. ਦੀਆਂ ਕਮੇਟੀਆਂ ਬਣੀਆਂ ਹੋਈਆਂ ਹਨ ,ਬੀ.ਐਂਡ ਆਰ. ਵਾਸਤੇ । ਉਸ ਦੀਆਂ ਦੋ ਮੀਟਿੰਗਜ਼ ਕਰ ਬੈਠੇ ਹਾਂ ਉਥੇ ਮੈਂਬਰ ਸਾਹਿਬਾਨ ਨਹੀਂ ਆਉਂਦੇ । ਕਈ ਦਫਾ ਤਾਂ ਕੋਰਮ ਵੀ ਪੂਰਾ ਨਹੀਂ ਹੁੰਦਾ ਹੈ ਅਤੇ ਮੈਂਬਰਜ਼ ਸਾਹਿਬਾਨ ਨਾ ਹੋਣ ਕਰਕੇ ਮੀਟਿੰਗ ਪੋਸਟਪੋਨ ਕਰਨੀ ਪੈਂਦੀ ਹੈ । ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਮੀਟਿੰਗਜ਼ ਵਿਚ ਮੈਂਬਰ ਸਾਹਿਬਾਨ ਨੂੰ ਆਉਣਾ ਚਾਹੀਦਾ ਹੈ, ਤਾਂ ਕਿ ਲੋੜੀਂਦਾ ਕੰਮ ਸਿਰੇ ਚਾੜ੍ਹਿਆ ਜਾ ਸਕੇ ।

ਸਰਦਾਰ ਧੰਨਾ ਸਿਘ ਗੁਲਸ਼ਨ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਕਿ ਜ਼ਿਲ੍ਹਾ ਬਠਿੰਡਾ ਸਾਰੇ ਪੰਜਾਬ ਵਿਚੋਂ ਪਿਛੜਿਆ ਹੋਇਆ ਹੈ । ਉਥੇ ਬਹੁਤ ਸਾਰੇ ਪਿੰਡ ਸੜਕਾਂ ਨਾਲ ਜੁੜੇ ਹੋਏ ਨਹੀਂ ਹਨ । ਨਥਾਨੇ ਦੇ ਹਲਕੇ ਵਿਚ ਕਈ ਅਜਿਹੇ ਪਿੰਡ ਹਨ ਜਿਥੇ ਸੜਕਾਂ ਨਹੀਂ ਹਨ ਅਤੇ ਜਿਹੜੀਆਂ ਹਨ ਉਹ ਟੁਟੀਆਂ ਪਈਆਂ ਹਨ (ਵਿਘਨ) ਰਾਮਪੁਰਾ ਮੰਡੀ ਤੋਂ ਰਾਮਪੁਰਾ ਪਿੰਡ, ਨਥਾਨਾ ਤੋਂ ਗੰਗਾ, ਗੰਗਾ ਤੋਂ ਗਿਦੜ ਆਦਿ (ਵਿਘਨ) ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੜਕਾਂ ਕਦੋਂ ਤਕ ਬਨਾਉਣ ਦਾ ਯਤਨ ਕੀਤਾ ਜਾਏਗਾ ?

ਰਾਜ ਮੰਤਰੀ: ਇਸ ਵਿਚੋਂ ਇਹ ਸਵਾਲ ਨਹੀਂ ਉਠਦਾ ਹੈ। ਗੁਲਸ਼ਨ ਜੀ ਇਸ ਬਾਰੇ ਸੈਪਰੇਟ ਨੋਟਿਸ ਦੇਣ । ਮੈਂ ਜਵਾਬ ਦੇ ਦਿਆਂਗਾ ।

ਮਿਸਿਜ਼ ਗੁਰਦੇਵ ਕੌਰ ਗਿੱਲ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਇਹ ਕਹਿਣਾ ਚਾਹੁੰਦੀ ਹਾਂ ਕਿ ਪਹਿਲੇ ਜ਼ਮਾਨੇ ਵਿਚ ਲੜਕੀਆਂ ਨੂੰ ਊਠਾਂ ਤੇ ਘੋੜੀਆਂ ਤੇ ਲਿਜਾਕੇ ਅੰਦਰ ਤਾੜ ਦਿੰਦੇ ਸੀ ਅਤੇ ਸਾਲ ਸਾਲ ਛੇ ਛੇ ਮਹੀਨੇ ਅੰਦਰੋਂ ਕੱਢਣ ਦੀ ਲੋੜ ਨਹੀਂ ਸੀ ਸਮਝਦੇ । ਪਰ ਹੁਣ ਲੜਕੀਆ ਨੂੰ ਸਕੂਲਾਂ ਵਿਚ ਪੜ੍ਹਾਉਣ ਜਾਣਾ ਪੈਂਦਾ ਹੈ ਅਤੇ ਪੜ੍ਹਨ ਜਾਣਾ ਪੈਂਦਾ ਹੈ । ਇਸ ਲਈ ਹਰ ਜਗ੍ਹਾ ਸੜਕਾਂ ਹੋਣੀਆਂ ਚਾਹੀਦੀਆਂ ਹਨ । ਮੈਂ ਕਹਿਣਾ ਚਾਹੁੰਦੀ ਹਾਂ ਕਿ ਜਿਸ ਪਿੰਡ ਵਿਚ ਸੜਕ ਨਹੀਂ ਉਥੇ ਲੜਕੀ ਵਿਆਹ ਨਹੀਂ ਕਰਾਉਣਾ ਚਾਹੁੰਦੀ ਹੈ ਜਿਸ ਤਰ੍ਹਾਂ ਕਿਹਾ ਜਾਂਦਾ ਹੈ :—

"ਮਹਿੰਦੀ ਮਹਿੰਦੀ ਸਭ ਜਗ ਕਹਿੰਦਾ
ਮਹਿੰਦੀ ਬਾਗ ਵਿੱਚ ਰਹਿੰਦੀ,
ਬਾਗਾਂ ਦੇ ਵਿੱਚ ਸਸਤੀ ਵਿਕਦੀ,
ਹੱਟੀਆਂ ਦੇ ਵਿੱਚ ਮਹਿੰਗੀ,
ਘੋਟ ਘੋਟ ਹੱਥਾਂ ਨੂੰ ਲਾਉਂਦੇ,
ਭੋਰਜ਼ ਹੋ ਹੋ ਲਹਿੰਦੀ,
ਵਿਆਹ ਨਾ ਕਰਾਇਉ ਕੁੜੀਉ,
ਜਿੱਥੇ ਪੱਕੀ ਸੜਕ ਨਾ ਪੈਂਦੀ ।

ਰਾਜ ਮੰਤਰੀ : ਮਾਰਕਿਟਿੰਗ ਬੋਰਡ ਦੇ ਜ਼ਰੀਏ ਪਿੰਡਾਂ ਵਿਚ ਸੜਕਾਂ ਬਣਾਈਆਂ ਜਾਂਦੀਆਂ ਹਨ (ਵਿਘਨ) ਜਿਸ ਤਰ੍ਹਾਂ ਬੀਬੀ ਜੀ ਨੇ ਕਿਹਾ ਹੈ ਇਹ ਸੈਪਰੇਟ ਨੋਟਿਸ ਦੇ ਦੇਣ ਮੈਂ ਜ਼ਰੂਰ ਕੋਸ਼ਿਸ਼ ਕਰਾਂਗਾ ।

ਸਰਦਾਰ ਰਣਧੀਰ ਸਿੰਘ ਚੀਮਾ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਪਿਛਲੇ ਫੇਜ਼ਾਂ ਵਿਚ ਬਣ ਚੁੱਕੀਆਂ ਹਨ ਉਥੇ ਸੈਕਿੰਡ ਕੋਟ ਨਹੀਂ ਹੋਇਆ ਹੈ । ਕੀ ਇਹ ਸਾਰੇ ਪੰਜਾਬ ਵਿਚ ਜਿਥੇ ਜਿਥੇ ਸੈਕਿੰਡ ਕੋਟ ਨਹੀਂ ਹੋਇਆ ਹੈ ਉਥੇ ਉਥੇ ਸੈਕਡ ਕੋਟ ਕਰਾਉਣ ਦਾ ਪ੍ਰਬੰਧ ਜਲਦੀ ਤੋਂ ਜਲਦੀ ਕਰਾਉਣਗੇ ?

ਰਾਜ ਮੰਤਰੀ : ਇਸ ਵਾਸਤੇ ਅਗਲੇ ਸਾਲ ਦੇ ਬਜਟ ਵਿਚ ਪ੍ਰੋਵੀਜ਼ਨ ਕੀਤੀ ਹੈ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਾਮਾਣਾ ਹਲਕੇ ਵਿਚ ਕਈ ਸੜਕਾਂ ਇਨਕੰਪਲੀਟ ਪਈਆਂ ਹਨ । ਉਥੋਂ ਕਈ ਨੁਮਾਇੰਦੇ ਮਨਿਸਟਰ ਸਾਹਿਬ ਨੂੰ ਇਕ ਕੰਮ ਵਾਸਤੇ ਮਿਲਣ ਗਏ ਪਰ ਕਿਉਂਕਿ ਉਹ ਹਲਕੇ ਤੋਂ ਅਕਾਲੀ ਮੈਂਬਰ ਜਿੱਤ ਕੇ ਆਇਆ ਹੋਇਆ ਹੈ, ਇਸ ਲਈ ਉਨ੍ਹਾਂ ਨੇ ਕਿਹਾ ਕਿ ਇਹ ਕੰਮ ਮੈਂ ਨਹੀਂ ਕਰਨਾ ਹੈ (ਵਿਘਨ) ਕੀ ਮਨਿਸਟਰ ਸਾਹਿਬ ਭਰੋਸਾ ਦਿਵਾਉਣਗੇ ਕਿ ਜਿਥੇ ਜਿਥੇ ਰੋੜੀ, ਪੱਥਰ ਆਦਿ ਸੁਟੇ ਹੋਏ ਹਨ ,ਉਥੇ ਉਥੇ ਇਸ ਸਾਲ ਵਿਚ ਸੜਕਾਂ ਕੰਪਲੀਟ ਕੀਤੀਆਂ ਜਾਣਗੀਆਂ ?

ਰਾਜ ਮੰਤਰੀ : ਇਸ ਬਾਰੇ ਸੇਪਰੇਟ ਨੋਟਿਸ ਦੇ ਦੇਣ, ਜ਼ਰੂਰ ਕੋਸ਼ਿਸ਼ ਕਰਾਂਗੇ ।

ਰਾਜ ਵਿਚ ਆਖਰੀ ਪਸ਼ੂ ਗਿਣਤੀ ਅਨੁਸਾਰ ਗਊਆਂ ਅਤੇ ਮੱਝਾਂ

* **2931. ਚੌਧਰੀ ਰਾਮ ਸਿੰਘ** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਸਰਕਾਰ ਦੁਆਰਾ ਰਾਜ ਵਿਚ ਕੀਤੀ ਗਈ ਆਖਰੀ ਪਸ਼ੂ ਗਿਣਤੀ, ਜੇਕਰ ਕੋਈ ਹੋਵੇ, ਦੇ ਅਨੁਸਾਰ ਗਊਆਂ ਤੇ ਮੱਝਾਂ ਦੀ ਕੁਲ ਗਿਣਤੀ ਕਿੰਨੀ ਕਿੰਨੀ ਹੈ ?

ਸਰਦਾਰ ਸੰਤੋਖ ਸਿੰਘ ਰੰਧਾਵਾ : ਪਸ਼ੂ ਧਨ ਗਣਨਾ ਸਾਲ 1972:

ਗਊਆਂ	.. 9,21,700
ਮੱਝਾਂ	.. 19,44,798

ਚੌਧਰੀ ਰਾਮ ਸਿੰਘ : ਸਰਕਾਰ ਨੇ ਫੈਸਲਾ ਕੀਤਾ ਹੋਇਆ ਹੈ ਕਿ ਇਥੇ ਸਫੇਦ ਇਨਕਲਾਬ ਲਿਆਉਣਾ ਹੈ (ਵਿਘਨ) ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਨਸਲ ਨੂੰ ਅੱਛਾ ਕਰਨ ਵਾਸਤੇ ਕੀ ਕੀ ਕਾਰਵਾਈ ਕੀਤੀ ਹੈ ਜਾਂ ਕਰ ਰਹੇ ਹਨ ਤਾਂ ਕਿ ਜ਼ਿਆਦਾ ਦੁੱਧ ਪੈਦਾ ਕਰਕੇ ਇਥੇ ਸਫੇਦ ਇਨਕਲਾਬ ਲਿਆਂਦਾ ਜਾ ਸਕੇ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਐਨੀਮਲ ਹਸਬੈਂਡਰੀ ਡਿਪਾਰਟਮੈਂਟ ਇਹਦੇ ਵਾਸਤੇ ਬਹੁਤ ਉਪਰਾਲੇ ਕਰ ਰਿਹਾ ਹੈ ਆਰਟੀਫੀਸ਼ਲ ਇਨਸੇਮੀਨੇਸ਼ਨ ਸੈਂਟਰ ਖੋਲ੍ਹੇ ਜਾ ਰਹੇ ਹਨ (ਵਿਘਨ) ਪਰ ਮੈਂ ਚੌਧਰੀ ਰਾਮ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ। (ਵਿਘਨ) ਇਨ੍ਹਾਂ ਨੇ ਜੋ ਪੁਛਿਆ ਹੈ ਇਨ੍ਹਾਂ ਦੇ ਪਹਾੜੀ ਇਲਕੇ ਵਿਚ ਜਿਹੜੀਆਂ ਗਊਆਂ ਹਨ ਜਿਡੇ ਇਹ ਆਪ ਛੋਟੇ ਕੱਦ ਦੇ ਹਨ ਉਨਾ ਹੀ ਉਨ੍ਹਾਂ ਗਊਆਂ ਦਾ ਛੋਟਾ ਕੱਦ ਹੈ । (ਹਾਸਾ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਆਪ ਦੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੀਆਂ ਗਊਆਂ ਅਤੇ ਮੱਝਾਂ ਦੀ ਗਿਣਤੀ ਦਿੱਤੀ ਹੈ ਉਨ੍ਹਾਂ ਵਿਚੋਂ ਬਾਹਰੋਂ ਜਿਹੜੀਆਂ ਚੰਗੀ ਨਸਲ ਦੀਆਂ ਗਊਆਂ ਮੰਗਵਾਈਆਂ ਹਨ ਉਨ੍ਹਾਂ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਦੀ ਗਿਣਤੀ ਕਿੰਨੀ ਹੈ ਅਤੇ ਉਹ ਕਿਹੜੇ ਕਿਹੜੇ ਅਦਾਰੇ ਕੋਲ ਹਨ । ਇਸੇ ਤਰ੍ਹਾਂ ਜਿਹੜੀਆਂ ਮੱਝਾਂ ਮੰਗਵਾਈਆਂ ਹਨ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਇਹ ਕਿਹੜੇ ਕਿਹੜੇ ਅਦਾਰੇ ਦੇ ਕੋਲ ਹਨ ਅਤੇ ਉਨ੍ਹਾਂ ਦੀ ਗਿਣਤੀ ਉਨ੍ਹਾਂ ਕੋਲ ਕਿੰਨੀ ਕਿੰਨੀ ਹੈ ?

ਰਾਜ ਮੰਤਰੀ : ਇਹ ਸਵਾਲ ਕਰ ਦੇਣ ਜਵਾਬ ਦੇ ਦਿਤਾ ਜਾਏਗਾ ।

ਭਗਤ ਗੁਰਾਂ ਦਾਸ ਹੰਸ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਚੌਧਰੀ ਜੀ ਦੇ ਕੱਦ ਦਾ ਜ਼ਿਕਰ ਕੀਤਾ ਹੈ ਅਤੇ ਉਨ੍ਹਾਂ ਦੇ ਪਹਾੜੀ ਇਲਾਕੇ ਦਾ ਜ਼ਿਕਰ ਕੀਤਾ ਹੈ । (ਵਿਘਨ) ਇਹ ਜਿਹੜੀਆਂ ਤੁਸੀਂ ਸਰਕਾਰੀ ਤੌਰ ਤੇ ਗਊਆਂ ਜ਼ਿਆਦਾ ਦੁੱਧ ਦੇਣ ਵਾਲੀਆਂ ਬਾਹਰੋਂ ਮੰਗਉਂਦੇ ਹੋ, ਇਹ ਉਸ ਪਛੜੇ ਇਲਾਕੇ ਵਿਚ ਰੱਖਣ ਦਾ ਪ੍ਰਬੰਧ ਕਰੋਗੇ ।

ਰਾਜ ਮੰਤਰੀ : ਇਹ ਤਾਂ ਕਰਾਸ ਬਰੀਡਿੰਗ ਕਰਵਾ ਰਹੇ ਹਾਂ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚੋਂ ਹਜ਼ਾਰਾਂ ਮੱਝਾਂ ਦੋ ਢਾਈ ਹਜ਼ਾਰ ਮੱਝ ਦੇ ਹਿਸਾਬ ਨਾਲ ਲੈ ਕੇ ਬਾਹਰ ਬੰਬਈ ਲੇਜਾਈਆਂ ਜਾਂਦੀਆਂ ਹਨ ਅਤੇ ਉਥੇ ਉਨ੍ਹਾਂ ਨੂੰ ਕਤਲ ਕੀਤਾ ਜਾਂਦਾ ਹੈ । ਇਸ ਲਈ ਕੀ ਸਰਕਾਰ ਇਸ ਚੀਜ਼ ਤੇ ਪਾਬੰਦੀ ਲਾਉਣ ਲਈ ਤਿਆਰ ਹੈ , ਤਾਕਿ ਪੰਜਾਬ ਦੇ ਪਸ਼ੂ ਬਾਹਰ ਜਾ ਕੇ ਇਸ ਤਰ੍ਹਾਂ ਕਤਲ ਨਾ ਹੋਣ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸੁਜੈਸ਼ਨ ਇਨ੍ਹਾਂ ਦੀ ਬਹੁਤ ਅੱਛੀ ਹੈ । ਮੈਂ ਸੀਰੀਅਸਲੀ ਇਸ ਉਤੇ ਗੌਰ ਕਰ ਰਿਹਾ ਹਾਂ । ਅਸੀਂ ਐਲ.ਆਰ. ਨੂੰ ਕੇਸ ਭੇਜਿਆ ਹੈ । ਅਸੀਂ ਬਹੁਤ ਜਲਦੀ ਇਸ ਉਤੇ ਅਮਲ ਕਰਨ ਦੀ ਕੋਸ਼ਿਸ਼ ਕਰਾਂਗੇ ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਆਰਟੀਫੀਸ਼ਲ ਇਨਸੈਮੀਨੇਸ਼ਨ ਦਾ ਤਰੀਕਾ ਬਰੀਡਿੰਗ ਨੂੰ ਇੰਪਰੂਵ ਕਰਨ ਵਾਸਤੇ ਚਲ ਰਿਹਾ ਹੈ ਪਰ ਜਿਹੜੇ ਡਾਕਟਰ ਹਨ ਉਹ ਆਰਟੀਫੀਸ਼ਲ ਇਨਸੈਮੀਨੇਸ਼ਨ ਵਿਚ ਐਕਸਪਰਟ ਨਹੀਂ ਹਨ ਜਿਸ ਦਾ ਨਤੀਜਾ ਇਹ ਹੈ ਕਿ ਮੱਝਾਂ ਅਤੇ ਗਊਆਂ ਖਰਾਬ ਹੋ ਰਹੀਆਂ ਹਨ ਅਤੇ ਉਹ ਠੀਕ ਦੁਧ ਨਹੀਂ ਦੇ ਰਹੀਆਂ । ਇਸ ਲਈ ਕੀ ਉਹ ਐਕਸਟੈਨਸ਼ਨ ਪ੍ਰੋਗਰਾਮ ਬਣਾਕੇ ਅਤੇ ਇਸ ਕੰਮ ਵਾਸਤੇ ਜਿਹੜੇ ਡਾਕਟਰ ਹਨ ਉਨ੍ਹਾਂ ਨੂੰ ਚੰਗੀ ਟਰੇਨਿੰਗ ਦੇ ਕੇ ਇਸ ਪਾਸੇ ਲਗਾਉਣਗੇ ਤਾਕਿ ਇਹ ਸਕੀਮ ਕਾਮਯਾਬ ਹੋ ਸਕੇ (ਵਿਘਨ) ਤਾਂਕਿ ਮੱਝਾ ਅਤੇ ਗਊਆਂ ਦੀ ਨਸਲ ਠੀਕ ਕਾਮਯਾਬ ਹੋਵੇ । ਡਾਕਟਰ ਕੰਪਾਉਂਡਰਾਂ ਨੂੰ ਟੀਕਾ ਲਗਾਉਣ ਵਾਸਤੇ ਕਹਿੰਦੇ ਹਨ ਪਰ ਉਹ ਐਕਸਪਰਟ ਨਹੀਂ ਹੁੰਦੇ । ਇਸ ਲਈ ਕੀ ਇਹ ਇਸ ਪਾਸੇ ਧਿਆਨ ਦੇਣਗੇ ਅਤੇ ਡਾਕਟਰਾਂ ਨੂੰ ਅੱਛੀ ਟਰੇਨਿੰਗ ਦੇ ਕੇ ਇਸ ਪਾਸੇ ਲਗਾਉਣਗੇ ?

ਰਾਜ ਮੰਤਰੀ : ਜਿਹੜੇ ਡਾਕਟਰ ਹਨ ਉਨ੍ਹਾਂ ਨੂੰ ਬਕਾਇਦਾ ਟਰੇਨਿੰਗ ਦਿੱਤੀ ਜਾਂਦੀ ਹੈ ਅਤੇ ਉਸ ਦੇ ਬਾਅਦ ਹੀ ਸਿਲੈਕਟਿਡ ਆਦਮੀ ਜਿਹੜੇ ਹੁੰਦੇ ਹਨ ਉਹ ਲਗਦੇ ਹਨ । ਜਿਹੜਾ ਇਹ ਕਹਿੰਦੇ ਹਨ ਕਿ ਡਾਕਟਰ ਕੰਪਾਉਂਡਰ ਨੂੰ ਭੇਜ ਦਿੰਦੇ ਹਨ, ਇਹ ਬੜੀ ਸੀਰੀਅਸ ਗੱਲ ਹੈ । ਇਹ ਮੇਰੇ ਨੋਟਿਸ ਵਿਚ ਲਿਆਉਣ ਮੈਂ ਇਨਕੁਆਇਰੀ ਕਰਕੇ ਐਕਸ਼ਨ ਲਵਾਂਗਾ ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੈਂਸਿਜ਼ ਕਿੰਨੀ ਦੇਰ ਬਾਅਦ ਹੁੰਦੀ ਹੈ । ਪਿਛਲੇ ਸਾਲ ਜਿਹੜੀ ਸੈਂਸਿਜ਼ ਹੋਈ ਸੀ ਉਸ ਮੁਤਾਬਕ ਪੰਜਾਬ ਵਿਚ ਕੀ ਇਨ੍ਹਾਂ ਦੀ ਗਿਣਤੀ ਵਧ ਰਹੀ ਹੈ ਜਾਂ ਘਟ ਰਹੀ ਹੈ ?

ਰਾਜ ਮੰਤਰੀ : ਸੈਂਸਸ 5 ਸਾਲ ਬਾਅਦ ਹੁੰਦੀ ਹੈ । ਪਹਿਲੇ 1966 ਵਿਚ ਹੋਈ ਸੀ । ਉਸ ਦੇ ਬਾਅਦ 1971 ਵਿਚ ਹੋਣੀ ਸੀ ਲੇਕਿਨ ਉਦੋਂ ਕਿਉਂਕਿ ਐਗਰੀਕਲਚਰ ਦੀ ਸੈਂਸਸ ਹੋ ਰਹੀ ਸੀ ਇਸ ਕਰਕੇ ਉਦੋਂ ਇਹ ਨਹੀਂ ਕਰਵਾ ਸਕੇ । ਫਿਰ 1972 ਵਿਚ ਸੈਂਸਸ ਹੋਈ ਅਤੇ ਇਹ ਗਿਣਤੀ ਵੱਧੀ ਹੈ । ਇਹ ਗਿਣਤੀ 15.75 % ਵਧੀ ਹੈ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਹਿੰਦੁਸਤਾਨ ਭਰ ਵਿਚੋਂ ਚੰਗੀਆਂ ਨੀਲੀ ਨਸਲ ਦੀਆਂ ਮੱਝਾਂ ਅਤੇ ਗਊਆਂ ਹਨ । ਪਰ ਹਾਲਤ ਇਹ ਹੈ ਕਿ ਉਥੇ ਉਨ੍ਹਾਂ ਗਊਆਂ ਨੂੰ ਚਾਰ ਚਾਰ ਦਫਾ ਲੋਕ ਟੀਕੇ ਕਰਵਾਉਂਦੇ ਹਨ । ਪਰ ਫਿਰ ਵੀ ਗਊਆਂ ਅਤੇ ਮੱਝਾਂ ਠਹਿਰਦੀਆਂ ਨਹੀਂ ਹਨ। ਡਾਕਟਰ ਸੀਮੈਨ ਦੀ ਠੀਕ ਤਰ੍ਹਾਂ ਦੇਖ ਭਾਲ ਨਹੀਂ ਕਰਦੇ। ਕਿਸਾਨਾਂ ਵਿਚ ਇਸ ਗੱਲ ਦਾ ਬੜਾ ਵਿਚਾਰ ਹੈ ਕਿ ਚਾਰ ਚਾਰ ਵੇਰ ਟੀਕੇ ਕਰਵਾਇਆਂ ਵੀ ਮੱਝਾਂ ਗਾਈਆਂ ਨਹੀਂ ਠਹਿਰਦੀਆਂ, ਇਸ ਲਈ ਇਸ ਪਾਸੇ ਵੱਲ ਧਿਆਨ ਦਿਤਾ ਜਾਵੇ । ਡਾਕਟਰ ਕੋਈ ਧਿਆਨ ਨਹੀਂ ਦੇ ਰਹੇ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਸ ਤਰ੍ਹਾਂ ਦਸਿਆ ਹੈ ਕਿ ਉਥੇ ਅੱਛੀ ਨਸਲ ਦੀਆਂ ਗਊਆਂ ਅਤੇ ਮੱਝਾਂ ਹਨ ,ਇਹ ਠੀਕ ਹੈ । ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਅਸੀਂ ਅੰਮ੍ਰਿਤਸਰ ਵਿਚ ਸੀਮੈਨ ਬੈਂਕ ਬਣਾ ਰਹੇ ਹਾਂ ਅਤੇ ਇਸ ਤਰ੍ਹਾਂ ਤੁਹਾਡੀ ਜੋ ਸ਼ਿਕਾਇਤ ਹੈ ਉਹ ਦੂਰ ਹੋ ਜਾਵੇਗੀ ।

ਸਰਦਾਰ ਰਣਧੀਰ ਸਿੰਘ ਚੀਮਾ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਲਗ ਭਗ 8 ਸਾਲ ਪਹਿਲਾਂ ਇਕ ਪ੍ਰਾਜੈਕਟ ਆਇਆ ਸੀ ਅਤੇ ਉਹ ਵੀ ਵੰਡ ਵੇਲੇ ਹਿਮਾਚਲ ਪ੍ਰਦੇਸ਼ ਨੂੰ ਚਲਾ ਗਿਆ । ਉਸ ਪ੍ਰਾਜੈਕਟ ਵਿਚ ਜਰਮਨ ਦੀਆਂ ਗਊਆਂ ਇਥੇ ਸੁਧਾਰ ਕਰਨ ਵਾਸਤੇ ਆਈਆਂ ਸਨ ਪਰ 8 ਸਾਲਾਂ ਬਾਅਦ ਉਹ ਪ੍ਰਾਜੈਕਟ ਫੇਲ੍ਹ ਹੋਇਆ ਅਤੇ ਇਸ ਨਾਲ ਸਾਡੇ ਹਿੰਦੁਸਤਾਨ ਦਾ ਨਾਮ ਬਦਨਾਮ ਹੋਇਆ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸੰਗਰੂਰ ਅਤੇ ਪਟਿਆਲਾ ਵਿਚ ਇੰਡੋ-ਸਵਿਸ ਸੈਂਟਰ ਖੋਲ੍ਹੇ ਹਨ ਅਤੇ ਉਥੇ ਜਿਹੜੇ ਸਾਨ੍ਹ ਲਿਆਂਦੇ ਹਨ ਉਹ ਚੰਗੇ ਨਹੀਂ ਹਨ ਅਤੇ ਜਿਹੜੀਆਂ ਗਊਆਂ ਹਨ ਉਹ ਚੰਗੀਆਂ ਨਹੀਂ ਹਨ । ਇਸ ਲਈ ਕੀ ਵਜ਼ੀਰ ਸਾਹਿਬ ਇਸ ਗੱਲ ਦਾ ਯਕੀਨ ਦਿਵਾਉਣਗੇ ਕਿ ਇਸ ਨੂੰ ਇੰਪਰੂਵ ਕਰਨ ਵਾਸਤੇ ਸਾਨ੍ਹ ਚੰਗੀ ਨਸਲ ਦੇ ਮੰਗਵਾਉਣਗੇ ਤਾਂਕਿ ਇਸ ਸਕੀਮ ਨੂੰ ਕਾਮਯਾਬ ਕੀਤਾ ਜਾ ਸਕੇ ?

ਰਾਜ ਮੰਤਰੀ : ਸਪੀਕਰ ਸਾਹਬ, ਮੇਰਾ ਖਿਆਲ ਹੈ ਕਿ ਚੀਮਾ ਸਾਹਿਬ ਨੂੰ ਪਤਾ ਨਹੀਂ ਹੈ, ਮੇਰੇ ਕੋਲ ਡੇਅਰੀ ਫਾਰਮ ਵਿਚ ਐਸੀਆਂ ਗਊਆਂ ਹਨ ਜਿਹੜੀਆਂ ਬਾਹਰੋਂ ਆਈਆਂ ਹਨ ਅਤੇ ਉਹ 43–43 ਕਿਲੋ ਦੁੱਧ ਦਿੰਦੀਆਂ ਹਨ । ਜਿਹੜੇ ਸਾਨ੍ਹ (ਬੁੱਲ੍ਹ) ਹਨ ਉਹ ਵੀ ਬਹੁਤ ਅੱਛੇ ਹਨ । ਲੇਕਿਨ ਤੁਹਾਡੇ ਖਿਆਲ ਵਿਚ ਜੇ ਕੋਈ ਨਿਕੰਮੇ ਬੁਲ(ਸਾਨ੍ਹ) ਹਨ, ਅਸੀਂ ਨਿਲਾਮੀ ਕਰਦੇ ਹੁੰਦੇ ਹਾਂ , ਜੇ ਨਿਕੰਮੇ ਸਾਨ੍ਹ ਹੋਏ ਤਾਂ ਉਸ ਵਿਚ ਉਹ ਵੀ ਨਿਲਾਮ ਕਰ ਦਿਆਂਗੇ ।

ਪਿੰਡ ਘਨੌਰ ਕਲਾਂ, ਜ਼ਿਲ੍ਹਾ ਸੰਗਰੂਰ, ਦੇ ਪਹਿਲੇ ਸਰਪੰਚ ਵਿਰੁੱਧ ਕੀਤੀ ਗਈ ਪੜਤਾਲ ।

*3000. **ਮਾਸਟਰ ਚੰਦ ਸਿੰਘ** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਪਹਿਲੀ ਜੂਨ, 1973 ਤੋਂ 31 ਜੁਲਾਈ, 1973 ਦੇ ਸਮੇਂ ਦੇ ਦੌਰਾਨ ਪਿੰਡ ਘਨੌਰ ਕਲਾਂ, ਤਹਿਸੀਲ ਮਲੇਰਕੋਟਲਾ ,ਜ਼ਿਲ੍ਹਾ ਸੰਗਰੂਰ ਦੇ ਪਹਿਲੇ ਸਰਪੰਚ ਵਿਰੁੱਧ ਕੋਈ ਪੜਤਾਲ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਉਕਤ ਪੜਤਾਲੀਆ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸਰਦਾਰ ਸੰਤੋਖ ਸਿੰਘ ਰੰਧਾਵਾ : ਹਾਂ ਜੀ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ, ਸੰਗਰੂਰ ਵਲੋਂ ਕੀਤੀ ਗਈ ਪੜਤਾਲੀਆ ਰਿਪੋਰਟ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਰਿਪੋਰਟ ਦੀ ਨਕਲ

ਵਲੋਂ,

ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ,
ਸੰਗਰੂਰ ।

ਸੇਵਾ ਵਿਖੇ,

ਡਾਇਰੈਕਟਰ ਪੰਚਾਇਤ , ਪੰਜਾਬ ।
ਚੰਡੀਗੜ੍ਹ ।

ਯਾਦ ਪੱਤਰ ਨੰ: 251/ ਟੀ.ਡੀ.ਪੀ.ਓ./ ਸਟੈਨੋ
ਮਿਤੀ 12 ਫਰਵਰੀ, 1974.

ਵਿਸ਼ਾ:— ਸ੍ਰੀ ਗੁਰਦੇਵ ਸਿੰਘ ਸਾਬਕਾ ਸਰਪੰਚ, ਗਰਾਮ ਪੰਚਾਇਤ ਘਨੌਰ ਕਲਾਂ, ਤਹਿਸੀਲ ਮਲੇਰਕੋਟਲਾ ਦੇ ਵਿਰੁੱਧ ਸ਼ਿਕਾਇਤ ।

ਹਵਾਲਾ:— ਆਪ ਦਾ ਯਾਦ ਪੱਤਰ ਨੰ: ਡੀ.ਪੀ.ਸੀ. 1–73/31846 ਮਿਤੀ 11 ਸਤੰਬਰ,1973 ਅਤੇ ਨੰ: ਡੀ.ਪੀ.ਸੀ. 2–73/4, ਮਿਤੀ 2 ਜਨਵਰੀ, 1974 ਉਪਰੋਕਤ ਵਿਸ਼ੇ ਦੇ ਸਬੰਧ ਵਿਚ ।

ਸ੍ਰੀ ਗੁਰਦੇਵ ਸਿੰਘ ਸਾਬਕਾ ਸਰਪੰਚ, ਪਿੰਡ ਘਨੌਰ ਕਲਾਂ ਵਿਰੁੱਧ ਸਰਵਸ੍ਰੀ ਬਚਨ ਸਿੰਘ, ਸੁਰਜੀਤ ਸਿੰਘ, ਜੰਗੀਰ ਸਿੰਘ ਆਦਿ ਦੀ ਸ਼ਕਾਇਤ ਦੀ ਪੜਤਾਲ ਕੀਤੀ ਗਈ, ਜਿਸ ਦੀ ਪੜਤਾਲੀਆ ਰਿਪੋਟ ਨਿਮਨ ਲਿਖਤ ਅਨੁਸਾਰ ਹੈ। ਪ੍ਰਾਰਥੀਆਂ ਨੇ ਸ੍ਰੀ ਗੁਰਦੇਵ ਸਿੰਘ, ਸਾਬਕਾ ਸਰਪੰਚ ਦੇ ਖਿਲਾਫ ਜੋ ਦੋਸ਼ ਲਾਏ ਹਨ ਉਹ ਇਸ ਪਰਕਾਰ ਹਨ :—

(1) ਕਿ ਸ੍ਰੀ ਗੁਰਦੇਵ ਸਿੰਘ, ਸਾਬਕਾ ਸਰਪੰਚ ਨੇ ਪਿੰਡ ਦੀ ਸ਼ਾਮਲਾਤ ਦੇਹ (ਆਬਾਦੀ ਦੇਹ) ਬਿਨਾਂ ਮਨਜ਼ੂਰੀ ਵੇਚੀ ਅਤੇ ਕਈਆਂ ਵਿਅੱਕਤੀਆਂ ਕੋਲੋਂ ਪਲਾਟਾਂ ਦੀ ਕੀਮਤ ਵਸੂਲ ਕਰ ਕੇ ਸਭਾ ਫੰਡ ਵਿਚ ਜਮ੍ਹਾਂ ਨਹੀਂ ਕੀਤੀ ।

(2) ਸਥਾਨਕ ਸਕੂਲ ਦੀ ਚਾਰ ਦੀਵਾਰੀ ਬਣਾਉਣ ਵਿਚ ਖਰਚਾ ਵਧਾ ਕੇ ਚੜ੍ਹਾਇਆ ਗਿਆ ਅਤੇ ਇਸ ਤਰ੍ਹਾਂ ਗ਼ਬਨ ਕੀਤਾ ਗਿਆ ਹੈ ।

(3) ਮੌਡਲ ਪਿੰਡ ਸਕੀਮ ਅਧੀਨ ਸਰਪੰਚ ਨੇ ਸਕੀਮ ਤੋਂ ਉਲਟ ਸਭਾ ਫੰਡ ਵਿਚੋਂ ਮਜ਼ਦੂਰੀ ਅਤੇ ਇੱਟਾਂ ਦੀ ਢੁਆਈ ਦੀ ਨਾਜਾਇਜ਼ ਰਕਮ ਪਾਈ ਹੈ ।

(4) ਪੰਚਾਇਤ ਦੀ ਥਾਂ ਵਿਚੋਂ ਦਰੱਖ਼ਤ ਵੇਚ ਕੇ ਰਕਮ ਸਭਾ ਫੰਡ ਵਿਚ ਸ਼ਾਮਲ ਨਹੀਂ ਕੀਤੀ ਗਈ ।

(5) ਪਿੰਡ ਦੀ ਸਫ਼ਾਈ ਲਈ ਨਿਯੁਕਤ ਜਮਾਦਾਰ ਦੀ ਤਨਖ਼ਾਹ ਵਿਚ ਹੇਰਾ ਫੇਰੀ ਕੀਤੀ ਗਈ ਹੈ ।

ਉਪਰੋਕਤ ਦੋਸ਼ਾਂ ਦੀ ਪੜਤਾਲ ਲਈ ਕਈ ਵਾਰ ਮੌਕੇ ਤੇ ਜਾ ਕੇ ਪ੍ਰਾਰਥੀਆਂ ਅਤੇ ਸਾਬਕਾ ਸਰਪੰਚ ਨੂੰ ਆਪਣਾ ਆਪਣਾ ਪੱਖ ਪੇਸ਼ ਕਰਨ ਲਈ ਮੌਕੇ ਦਿੱਤੇ ਗਏ ਸਨ । ਪੜਤਾਲ ਦੇ ਸਿੱਟੇ ਵਜੋਂ ਇਲਜ਼ਾਮ ਵਾਰ ਰਿਪੋਰਟ ਨਿਮਨ ਲਿਖਤ ਹੈ—

(1) ਸ਼ਾਮਲਾਤ ਦੇਹ (ਆਬਾਦੀ ਦੇਹ) ਬਿਨਾਂ ਮਨਜ਼ੂਰੀ ਵੇਚਣ ਬਾਰੇ

ਸ੍ਰੀ ਗੁਰਦੇਵ ਸਿੰਘ ਦੇ ਸਰਪੰਚ ਹੋਣ ਸਮੇਂ ਗਰਾਮ ਪੰਚਾਇਤ, ਘਨੌਰ ਕਲਾਂ ਨੇ ਆਪਣੇ ਮਤੇ ਨੰ: 89 ਮਿਤੀ 21 ਅਕਤੂਬਰ 1969 ਰਾਹੀਂ ਆਬਾਦੀ ਦੇ ਨੇੜੇ ਪਈ ਸ਼ਾਮਲਾਤ ਦੇਹ ਨੂੰ ਵੇਚਣ ਦਾ ਫ਼ੈਸਲਾ ਕੀਤਾ । ਕਾਮਨ ਲੈਂਡ ਰੈਗੂਲੇਸ਼ਨ ਰੂਲਜ਼ 1964 ਦੇ ਨਿਯਮ 8(3) ਅਧੀਨ ਅਜਿਹੀਆਂ ਪੰਚਾਇਤਾਂ ਦੀ ਗ਼ੈਰ ਮਜਕਰਾਂ ਜ਼ਮੀਨਾਂ ਕੇਵਲ ਪੰਚਾਇਤ ਸੰਮਤੀ ਦੀ ਪਹਿਲੀ ਪਰਵਾਨ ਕੀਤੀ ਪਰਵਾਨਗੀ ਨਾਲ ਹੀ ਵੇਚੀਆਂ ਜਾ ਸਕਦੀਆਂ ਸਨ । ਸ੍ਰੀ ਗੁਰਦੇਵ ਸਿੰਘ ਨੇ ਆਪਣੇ ਬਿਆਨ ਵਿਚ ਸਪੱਸ਼ਟੀਕਰਨ ਦਿਤਾ ਹੈ ਕਿ ਉਸਨੇ ਇਹ ਜ਼ਮੀਨ ਉਸ ਵੇਲੇ ਦੇ ਖੰਡ ਵਿਕਾਸ ਤੇ ਪੰਚਾਇਤ ਅਫ਼ਸਰ, ਧੂਰੀ, (ਸ੍ਰੀ ਨਰਿੰਦਰ ਸਿੰਘ ਸੋਢੀ) ਦੇ ਹੁਕਮ ਨਾਲ ਵੇਚੀ ਸੀ, ਅਤੇ ਉਨ੍ਹਾਂ ਦੇ ਪਰਵਾਨਗੀ ਵਲੋਂ ਦਸਤਖ਼ਤ ਮਤ ਤੇ ਮੌਜੂਦ ਹਨ । ਇਸ ਤਰ੍ਹਾਂ ਇਹ ਜ਼ਮੀਨ ਵੇਚਣਾ ਅਨਿਯਮਤ ਸਾਬਤ ਹੁੰਦਾ ਹੈ । ਪੜਤਾਲ ਤੋਂ ਪਤਾ ਲਗਿਆ ਹੈ ਕਿ ਸਾਬਕਾ ਪੰਚਾਇਤ ਨੇ ਕੁੱਲ 40,624 ਰੁਪਏ ਦੀ ਕੀਮਤ ਦੀ ਆਬਾਦੀ ਦੇਹ ਵੇਚੀ ਅਤੇ ਕੇਵਲ 13,292 ਰੁਪਏ ਵਸੂਲ ਕੀਤੇ ਤੇ ਇਸ ਤਰ੍ਹਾਂ 27,332 ਰੁਪਏ ਵਸੂਲ ਹੋਣੇ ਰਹਿ ਗਏ ਪਰ ਇਸ ਜ਼ਮੀਨ ਦੇ ਕਬਜ਼ੇ ਵੇਚਣ ਵਾਲਿਆਂ ਨੂੰ ਸੌਂਪ ਦਿੱਤੇ ਗਏ, ਜੋ ਹੋਰ ਵੀ ਕਾਬਲੇ ਇਤਰਾਜ਼ ਕਾਰਵਾਈ ਸਿੱਧ ਹੁੰਦੀ ਹੈ । ਇਸ ਤੋਂ ਉਪਰੰਤ ,ਸਾਬਕਾ ਸਰਪੰਚ ਸ੍ਰੀ ਗੁਰਦੇਵ ਸਿੰਘ ਵਿਰੁੱਧ ਦੋਸ਼ ਲਗਾਇਆ ਗਿਆ ਕਿ ਉਸਨੇ ਕਈ ਖ਼ਰੀਦਦਾਰਾਂ ਤੋਂ ਪਲਾਟਾਂ ਦੀ ਕੀਮਤ ਵਸੂਲ ਕਰਕੇ ਸਭਾ ਫੰਡ ਵਿਚ ਸ਼ਾਮਲ ਨਹੀਂ ਕੀਤੀ । ਪੜਤਾਲ ਦੇ ਦੌਰਾਨ ਸਰਵਸ੍ਰੀ ਮੋਹਰ ਸਿੰਘ ਪੁੱਤਰ ਰਾਣਾ ਸਿੰਘ ਨੇ 600 ਰੁਪਏ, ਸ੍ਰੀ ਮੋਹਰ ਸਿੰਘ ਪੁੱਤਰ ਸ੍ਰੀ ਕਿਸ਼ਨ ਸਿੰਘ 170 ਰੁਪਏ ਸੋਹਣ ਸਿੰਘ, ਪੁੱਤਰ ਸ੍ਰੀ ਸੋਹਨਾ ਸਿੰਘ 300 ਰੁਪਏ ਤੇ ਰਾਮ ਸਿੰਘ ਪੁੱਤਰ ਤਿਲਕ ਰਾਮ 150 ਰੁਪਏ ਅਤੇ ਰੌਣਕ ਸਿੰਘ ਪੁੱਤਰ ਕੇਹਰ ਸਿੰਘ ਨੇ 100— ਰੁਪਏ ਦੀਆਂ ਸਾਬਕਾ ਸਰਪੰਚ ਸ੍ਰੀ ਗੁਰਦੇਵ ਸਿੰਘ ਵਲੋਂ ਕੱਚੀਆਂ ਰਸੀਦਾਂ ਪੇਸ਼ ਕੀਤੀਆਂ । ਇਸ ਤੋਂ ਉਪਰੰਤ ਵੀ ਕਈ ਖ਼ਰੀਦਦਾਰਾਂ ਨੇ ਇਲਜ਼ਾਮ ਲਗਾਇਆ ਹੈ ਕਿ ਕੀ ਉਨ੍ਹਾਂ ਨੇ ਵੀ ਆਪਣੇ ਪਲਾਟਾਂ ਦੀਆਂ ਪੂਰੀਆਂ ਕੀਮਤਾਂ ਸਾਬਕਾ ਸਰਪੰਚ ਨੂੰ ਅਦਾ ਕਰ ਦਿੱਤੀਆਂ ਹਨ । ਪਰ ਉਨ੍ਹਾਂ ਨੂੰ ਨਾ ਤਾਂ ਕੱਚੀਆਂ ਅਤੇ ਨਾ ਬਕਾਇਦਾ ਰਸੀਦਾਂ ਸ੍ਰੀ ਗੁਰਦੇਵ ਸਿੰਘ ਨੇ ਜਾਰੀ ਕੀਤੀਆਂ ਸਨ । ਪਿੰਡ ਵਿਚ ਖਿਚਾਓ ਤੇ ਪਾਰਟੀਬਾਜ਼ੀ ਦੇ ਤਨਾਉ ਅਤੇ ਰਸੀਦਾਂ ਦੀ ਅਣਹੋਂਦ ਵਿਚ ਇਹ ਦੋਸ਼ ਸਾਬਤ ਕਰਨਾ ਕਠਨ ਹੈ । ਪਰ ਜਿਹੜੀਆਂ ਉਪਰੋਕਤ ਵਰਨਣ 1,320 ਰੁਪਏ ਦੀਆਂ ਕੱਚੀਆਂ ਰਸੀਦਾਂ ਸ੍ਰੀ ਗੁਰਦੇਵ ਨੇ ਜਾਰੀ ਕੀਤੀਆਂ

[ਵਿਕਾਸ ਦੇ ਰਾਜ ਮੰਤਰੀ]

ਸਨ, ਉਸ ਦੁਆਰਾ ਉਹ ਗ਼ਬਨ ਦਾ ਦੋਸ਼ੀ ਬਣਦਾ ਹੈ । ਹੁਣ ਸ੍ਰੀ ਗੁਰਦੇਵ ਸਿੰਘ ਨੇ ਇਹ 1,320 ਰੁਪਏ ਪੜਤਾਲ ਦੇ ਦੌਰਾਨ ਹੀ ਪੰਚਾਇਤ ਘਨੌਰ ਕਲਾਂ ਦੇ ਖਾਤੇ ਵਿਚ ਮਿਤੀ 26 ਦਸੰਬਰ, 1973 ਨੂੰ ਜਮ੍ਹਾਂ ਕਰਵਾ ਦਿੱਤੇ ਹਨ । ਪਰ ਫਿਰ ਵੀ ਦੋਸ਼ ਦਾ ਤਕਨੀਕੀ ਪੱਖ ਬਣਿਆ ਰਹਿੰਦਾ ਹੈ ।

(2) ਸਥਾਨਕ ਸਕੂਲ ਦੀ ਚਾਰਦੀਵਾਰੀ ਬਣਾਉਣ ਬਾਰੇ ।

ਸ੍ਰੀ ਗੁਰਦੇਵ ਸਿੰਘ, ਸਾਬਕਾ ਸਰਪੰਚ ਵੇਲੇ ਪੰਚਾਇਤ ਨੇ ਸਥਾਨਕ ਪਰਾਇਮਰੀ ਸਕੂਲ ਦੀ ਚਾਰ ਦੀਵਾਰੀ ਬਣਾਈ ਸੀ ਅਤੇ ਇਸ ਬਾਬਤ 3,199.18 ਰੁਪਏ ਦਾ ਖ਼ਰਚ ਪੰਚਾਇਤ ਦੀ ਕੈਸ਼ ਬੁੱਕ ਵਿਚ ਦਰਜ ਕੀਤਾ ਸੀ । ਬਲਾਕ ਓਵਰਸੀਅਰ ਰਾਹੀਂ ਇਸ ਚਾਰ ਦੀਵਾਰੀ ਦੀ ਪੈਮਾਇਸ਼ ਰਾਹੀਂ ਤਖਸੀਸ ਕਰਵਾਈ ਗਈ ਹੈ, ਜਿਸ ਦੀ ਰਿਪੋਰਟ ਅਨੁਸਾਰ 1,380 ਰੁਪਏ ਦਾ ਖ਼ਰਚਾ ਜਾਇਜ਼ ਕਰਾਰ ਦਿੱਤਾ ਗਿਆ ਅਤੇ ਇਸ ਤਰ੍ਹਾਂ 1,819— ਰੁਪਏ ਦਾ ਖ਼ਰਚਾ ਫ਼ਰਜੀ ਤੌਰ ਤੇ ਰਸੀਦਾਂ ਵਧਾ ਕੇ ਦਰਜ ਕੀਤਾ ਸਾਬਤ ਹੁੰਦਾ ਹੈ, ਜਿਸ ਨਾਲ ਸਭਾ ਫ਼ੰਡ ਨੂੰ 1,819.18 ਰੁਪਏ ਦਾ ਗ਼ਬਨ ਹੋਇਆ ਸਾਬਤ ਹੁੰਦਾ ਹੈ ।

(3) ਮਾਡਲ ਪਿੰਡ ਬਾਰੇ ਦੋਸ਼ ।

ਪਿੰਡ ਘਨੌਰ ਕਲਾਂ ਮਾਡਲ ਪਿੰਡ ਸਕੀਮ ਅਧੀਨ ਨਮੂਨੇ ਦਾ ਪਿੰਡ ਬਣਾਉਣ ਲਈ ਸਭ ਤੋਂ ਪਹਿਲਾਂ ਚੁਣਿਆ ਗਿਆ ਸੀ । ਸਕੀਮ ਅਨੁਸਾਰ ਪੰਚਾਇਤ ਨੇ ਆਪਣੇ ਵਸੀਲਿਆਂ ਵਿਚੋਂ ਕੇਵਲ 10,000 ਰੁਪਏ ਲੋਕ ਹਿੱਸੇ ਵੱਜੋਂ ਜਮ੍ਹਾਂ ਕਰਵਾਏ ਸਨ ਅਤੇ ਬਾਕੀ ਦਾ ਖ਼ਰਚ ਸਰਕਾਰੀ ਪੱਧਰ ਤੇ ਕੀਤਾ ਜਾਣਾ ਸੀ, ਪਰ ਪੰਚਾਇਤ ਦੇ ਲੇਖੇ ਦੀ ਪੜਤਾਲ ਤੋਂ ਪਤਾ ਲਗਾ ਹੈ ਕਿ ਇਸ ਸਕੀਮ ਅਧੀਨ ਗਲੀਆਂ, ਨਾਲੀਆਂ ਪੱਕੀਆਂ ਕਰਨ ਲਈ 1,790 ਰੁਪਏ ਮਜ਼ਦੂਰੀ ਆਦਿ ਦੇ ਅਤੇ 3,734 ਰੁਪਏ ਇੱਟਾਂ ਦੀ ਢੁਆਈ ਦੇ ਖ਼ਰਚੇ ਦੇ ਦਰਜ ਕੀਤੇ ਹੋਏ ਹਨ । ਸ੍ਰੀ ਗੁਰਦੇਵ ਸਿੰਘ, ਸਾਬਕਾ ਸਰਪੰਚ ਨੇ ਸਪਸ਼ਟੀਕਰਨ ਦਿਤਾ ਹੈ ਕਿ ਅਜਿਹਾ ਉਸਨੇ ਉਸ ਵੇਲੇ ਦੇ ਖੰਡ ਵਿਕਾਸ ਤੇ ਪੰਚਾਇਤ ਅਫ਼ਸਰ (ਸ੍ਰੀ ਨਰਿੰਦਰ ਸਿੰਘ ਸੋਢੀ) ਦੇ ਹੁਕਮ ਅਨੁਸਾਰ ਕੀਤਾ ਹੈ। ਪ੍ਰਾਰਥੀਆਂ ਦਾ ਦੋਸ਼ ਕਿ ਇੱਟਾਂ ਦੀ ਢੁਆਈ ਪਿੰਡ ਵਾਲਿਆਂ ਨੇ ਜਾਂ ਤਾਂ ਮੁਫ਼ਤ ਕੀਤੀ ਹੈ ਜਾਂ ਇਸ ਬਾਬਤ 12—12 ਰੁਪਏ ਵੱਖਰੇ ਢਾਲੇ ਗਏ ਸਨ ਪਰ ਕੋਈ ਲਿਖਤੀ ਜਾਂ ਠੋਸ ਸਬੂਤ ਨਾ ਹੋਣ ਕਾਰਨ ਇਹ ਦੋਸ਼ ਪੂਰੀ ਤਰ੍ਹਾਂ ਸਿੱਧ ਨਹੀਂ ਹੋ ਸਕਦਾ । ਇਹ ਗੱਲ ਇਤਰਾਜ਼ ਯੋਗ ਬਣੀ ਰਹੇਗੀ ਕਿ ਸਕੀਮ ਤੋਂ ਵਿਰੁੱਧ ਸਭਾ ਫ਼ੰਡ ਦਾ 5524 ਰੁਪਏ ਦਾ ਖਰਚਾ ਅਜਾਈਂ ਕੀਤਾ ਗਿਆ।

ਇਸੇ ਹੀ ਪਰਸੰਗ ਵਿਚ ਸ੍ਰੀ ਗੁਰਦੇਵ ਸਿੰਘ ਵਿਰੁੱਧ ਇਹ ਵੀ ਦੋਸ਼ ਹੈ ਕਿ ਉਸ ਨੇ 400 ਰੁਪਏ ਦੀ ਬਜਰੀ ਸਭਾ ਫ਼ੰਡ ਵਿਚੋਂ ਖਰੀਦੀ ਪਰ ਇਸ ਦਾ ਕਿਤੇ ਵੀ ਇਸਤੇਮਾਲ ਨਹੀਂ ਹੋਇਆ ਅਤੇ ਇਸ ਤਰ੍ਹਾਂ ਸਭਾ ਫ਼ੰਡ ਨੂੰ ਨੁਕਸਾਨ ਹੋਇਆ ਹੈ । ਇਸ ਬਾਬਤ ਸ੍ਰੀ ਗੁਰਦੇਵ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਇਹ ਦੋ ਟਰੱਕ ਬਜਰੀ ਕੁਝ ਗਲੀਆਂ, ਨਾਲੀਆਂ ਦੇ ਬਣਾਉਣ ਪਰ ਲਾਈ ਗਈ ਅਤੇ ਕੁਝ ਦਰਵਾਜ਼ੇ ਦੀਆਂ ਥੜੀਆਂ ਆਦਿ ਬਣਾਉਣ ਤੇ ਖ਼ਰਚ ਹੋਈ। ਇਹ ਖ਼ਰਚਾ ਵੀ ਅਯੋਗ ਸਿੱਧ ਹੁੰਦਾ ਹੈ ।

(4) ਪੰਚਾਇਤ ਦੀ ਥਾਂ ਵਿਚੋਂ ਦਰਖ਼ਤ ਵੇਚਣ ਬਾਰੇ ।

ਸਾਬਕਾ ਸਰਪੰਚ ਵਿਰੁੱਧ ਇਹ ਵੀ ਇਲਜ਼ਾਮ ਲਾਇਆ ਹੈ ਕਿ ਉਸਨੇ ਸਭਾ ਖੇਤਰ ਵਿਚੋਂ ਇਕ ਨਿੰਮ ਦਾ ਦਰੱਖ਼ਤ 160 ਰੁਪਏ ਵਿਚ ਅਤੇ ਪਿੰਡ ਦੇ ਸ਼ਮਸ਼ਾਨ ਘਾਟਾਂ ਵਿਚੋਂ 400 ਰੁਪਏ ਦੇ ਦਰੱਖ਼ਤ ਵੇਚ ਕੇ ਇਹ ਰਕਮ ਸਭਾ ਫ਼ੰਡ ਵਿਚ ਦਾਖ਼ਲ ਨਹੀਂ ਕੀਤੀ । ਕਿਉਂਕਿ ਇਹ ਵਾਕਿਆ 5—6 ਸਾਲ ਪੁਰਾਣਾ ਹੋ ਚੁੱਕਾ ਹੈ ਅਤੇ ਇਸ ਵੇਲੇ ਜਦੋਂ ਮੌਕੇ ਤੇ ਦਰੱਖ਼ਤਾਂ ਦੇ ਕੋਈ ਨਾ ਨਿਸ਼ਾਨ ਨਹੀਂ ਸਨ , ਇਲਜ਼ਾਮ ਪੂਰੀ ਤਰ੍ਹਾਂ ਸਿੱਧ ਕਰਨਾ ਕਠਨ ਹੈ ।

(5) ਪਿੰਡ ਦੇ ਸਫ਼ਾਈ ਕਰਮਚਾਰੀ ਦੀ ਤਨਖ਼ਾਹ ਬਾਰੇ ।

ਸਾਬਕਾ ਪੰਚਾਇਤ ਨੇ ਪਿੰਡ ਦੀ ਸਫ਼ਾਈ ਲਈ ਇਕ ਸਫ਼ਾਈ ਕਰਮਚਾਰੀ 70 ਰੁਪਏ ਮਹੀਨਾ ਦੀ ਤਨਖ਼ਾਹ ਤੇ ਰਖਿਆ ਸੀ । ਇਸ ਬਾਬਤ ਇਲਜ਼ਾਮ ਇਹ ਹੈ ਕਿ ਸਫ਼ਾਈ ਕਰਮਚਾਰੀ ਨੂੰ ਤਨਖਾਹ ਤਾਂ ਪਿੰਡ ਵਿਚੋਂ ਢਾਲ ਪਾ ਕੇ ਜਾਂ ਦਾਣੇ ਇਕੱਠੇ ਕਰਕੇ ਦਿੱਤੀ ਜਾਂਦੀ ਰਹੀ ਹੈ, ਪਰ ਸਾਬਕਾ ਸਰਪੰਚ ਨੇ ਇਸਦੀ ਤਨਖ਼ਾਹ ਦਾ ਖ਼ਰਚਾ ਸਭਾ ਫ਼ੰਡ ਵਿਚ ਸ਼ਾਮਲ ਕੀਤਾ ਹੋਇਆ ਹੈ । ਰਿਕਾਰਡ ਦੀ ਪੜਤਾਲ ਤੋਂ ਪਤਾ ਲਗਿਆ ਹੈ ਕਿ ਸਫ਼ਾਈ ਕਰਮਚਾਰੀ ਸ੍ਰੀ ਪਰੇਮ ਚੰਦ ਨੂੰ ਢਾਈ ਸਾਲ ਤਕ 70 ਰੁਪਏ ਮਹੀਨਾ ਤੇ ਨੌਕਰ ਰਖਿਆ ਗਿਆ ਸੀ ਅਤੇ ਇਸ ਤਰ੍ਹਾਂ ਉਸਨੂੰ ਕੁੱਲ 2,100 ਰੁਪਏ ਤਨਖ਼ਾਹ ਦੇਣੀ ਬਣਦੀ ਸੀ ਪਰ ਸਭਾ ਫ਼ੰਡ ਵਿਚੋਂ ਉਸ ਨੂੰ ਕੇਵਲ 840 ਰੁਪਏ 12 ਮਹੀਨੇ ਦੀ ਤਨਖ਼ਾਹ ਵਜੋਂ ਦਰਜ ਹਨ । ਇਸ ਤੋਂ ਸਿਧ ਹੁੰਦਾ ਹੈ ਕਿ ਬਾਕੀ 1,260 ਰੁਪਏ ਉਸਨੂੰ ਲੋਕਾਂ ਕੋਲੋਂ ਇਕੱਠੇ ਕਰਕੇ ਜਾਂ ਦਾਣਿਆਂ ਦੇ ਰੂਪ ਵਿਚ ਦਿਤੇ ਗਏ । ਖ਼ੁਦ ਸਫਾਈ ਸੇਵਕ ਸ੍ਰੀ ਪ੍ਰੇਮ ਚੰਦ ਆਪਣੇ ਬਿਆਨ ਵਿਚ ਮੰਨਦਾ ਹੈ ਕਿ ਉਸ ਨੂੰ ਤਨਖਾਹ ਪੂਰੇ ਸਮੇਂ ਦੀ ਮਿਲ ਚੁਕੀ ਹੈ । ਇਸ ਤੋਂ ਇਹ ਸਿੱਟਾ ਕਢਿਆ ਜਾ ਸਕਦਾ ਹੈ ਕਿ ਬਾਕੀ ਦੇ 1,280 ਰੁਪਏ ਲੋਕਾਂ ਕੋਲੋਂ ਇਕੱਠੀ ਰਕਮ ਦੇ ਦਿੱਤੇ ਗਏ । ਕਿਉਂਕਿ ਇਸ ਉਗਰਾਹੀ ਦੀਆਂ ਕੋਈ ਰਸੀਦਾਂ ਜਾਰੀ ਨਹੀਂ ਕੀਤੀਆਂ ਗਈਆਂ ਸਨ ਅਤੇ ਕੋਈ ਲਿਖਤੀ ਸਬੂਤ ਮੌਜੂਦ ਨਹੀਂ, ਇਸ ਲਈ ਇਹ ਸਿੱਟਾ ਕਢਣਾ ਕਿ ਅਸਲ ਵਿਚ ਕੁੱਲ ਕਿੰਨੀ ਰਕਮ ਉਗਰਾਹੀ ਅਤੇ ਉਸ ਵਿਚੋਂ ਕੁਲ ਕਿਤਨੀ ਤਨਖ਼ਾਹ ਦਿੱਤੀ ਗਈ, ਮੁਸ਼ਕਲ ਹੈ ।

ਉਪਰੋਕਤ ਵਿਚ ਦਰਜ ਹਕੀਕਤ ਤੋਂ ਸਿੱਧ ਹੈ ਕਿ ਕੁਝ ਦੋਸ਼ ਪੂਰੀ ਤਰ੍ਹਾਂ ਸਾਬਤ ਹੁੰਦੇ ਹਨ, ਜਿਨ੍ਹਾਂ ਵਿਚ ਕਿ ਸਭਾ ਫ਼ੰਡ ਦੇ ਗ਼ਬਨ ਅਤੇ ਹੇਰਾ ਫੇਰੀ ਦੇ ਦੋਸ਼ ਨਿਤਰਦੇ ਸਾਹਮਣੇ ਆਉਂਦੇ ਹਨ । ਜਿਨ੍ਹਾਂ ਬਾਬਤ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਣੀ ਵਾਜਬ ਹੈ ।

ਸਹੀ—

ਰਨਜੀਤ ਸਿੰਘ,

ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ,

ਸੰਗਰੂਰ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਪੰਚ ਘਨੌਰ ਕਲਾਂ ਦੇ ਵਿਰੁਧ ਪਿੰਡ ਦੀ ਸ਼ਾਮਲਾਤ ਦੇਹ ਬਿਨਾਂ ਮਨਜ਼ੂਰੀ ਦੇ ਵੇਚਣ ਅਤੇ ਹੋਰ ਕਈ ਕਿਸਮਾਂ ਦੇ ਗ਼ਬਨ ਉਸ ਨੇ ਕੀਤੇ ਇਸ ਲਈ ਕੀ ਸਰਕਾਰ ਉਸ ਦੇ ਖਿਲਾਫ਼ ਮੁਕੱਦਮਾ ਕਰਕੇ ਕੇਸ ਚਲਾਏਗੀ ਅਤੇ ਕਦੋਂ ਤਕ ਚਲਾਏਗੀ ?

ਰਾਜ ਮੰਤਰੀ : ਇਹ ਠੀਕ ਹੈ ਕਿ ਉਸ ਦੇ ਖਿਲਾਫ਼ ਤਿੰਨ ਚਾਰ ਦੋਸ਼ ਸਨ ਜਿਨ੍ਹਾਂ ਦੀ ਕਿ ਪੜਤਾਲ ਕਰਵਾ ਲਈ ਗਈ ਹੈ । ਹੁਣ ਮੈਂ ਹਦਾਇਤ ਕਰ ਰਿਹਾ ਹਾਂ ਕਿ ਉਸ ਦੇ ਖਿਲਾਫ਼ 409 ਦੇ ਅਧੀਨ ਕੇਸ ਦਰਜ਼ ਕਰਵਾ ਦਿੱਤਾ ਜਾਵੇ ।

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਗੁਰਦੇਵ ਸਿੰਘ ਸਰਪੰਚ ਦੇ ਖਿਲਾਫ਼ ਕੇਸ ਸਾਬਤ ਹੋ ਗਏ ਹਨ। ਇਹ ਦੋ ਸਾਲ ਤੋਂ ਕੇਸ ਚਲ ਰਿਹਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀ ਦੇਰ ਤਕ ਉਸ ਦੇ ਖਿਲਾਫ਼ ਕੇਸ ਰਜਿਸਟਰ ਹੋ ਜਾਵੇਗਾ ? ਉਸ ਨੇ 50 ਹਜ਼ਾਰ ਰੁਪਏ ਦਾ ਗ਼ਬਨ ਕੀਤਾ ਹੈ । ਉਸ ਨੇ ਦਰਖ਼ਤ ਕੱਟੇ ਹਨ ਪਿੰਡ ਦੀ ਸ਼ਾਮਲਾਤ ਦੇਹ ਦੀ ਜ਼ਮੀਨ ਬਿਨਾਂ ਮਨਜ਼ੂਰੀ ਦੇ ਵੇਚੀ ਹੈ ਅਤੇ ਪੰਚਾਇਤ ਦੇ ਫੰਡ ਵੀ ਖਾਂਦੇ ਹਨ ।

ਰਾਜ ਮੰਤਰੀ : ਮੈਂ ਤਾਂ ਕਿਹਾ ਹੈ ਕਿ 26 ਸਤੰਬਰ, 1973 ਨੂੰ ਇਹ ਨੋਟਿਸ ਵਿਚ ਆਇਆ ਸੀ ਅਤੇ ਇਨਕੁਆਰੀ ਹੋ ਰਹੀ ਸੀ । ਅੱਗੇ ਵੀ ਪੁਲਿਸ ਅਤੇ ਮਹਿਕਮੇ ਵਿਚਕਾਰ ਚਿੱਠੀ ਪੱਤਰ ਚੱਲ ਰਿਹਾ ਸੀ । ਜਦ ਮੈਂ ਆਪਣੀ ਤਸੱਲੀ ਕਰ ਲਈ ਤਾਂ ਮੈਂ ਕਿਹਾ ਕਿ ਕੇਸ ਦਰਜ ਹੋਣਾ ਚਾਹੀਦਾ ਹੈ । ਇਸ ਲਈ ਫੌਰੀ ਤੌਰ ਤੇ ਕੇਸ ਦਰਜ ਹੋ ਜਾਵੇਗਾ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਬਹੁਤ ਸਾਰੇ ਹੋਰ ਸਰਪੰਚ ਵੀ ਹਨ ਜਿਨ੍ਹਾਂ ਦੇ ਖਿਲਾਫ਼ ਗ਼ਬਨ ਦੇ ਕੇਸ ਬਣਦੇ ਹਨ ਅਤੇ ਜਿਨ੍ਹਾਂ ਨੇ ਹਾਲਾਂ ਤਕ ਚਾਰਜ ਨਹੀਂ ਦਿੱਤਾ । ਇਸ ਲਈ ਕੀ ਵਜ਼ੀਰ ਸਾਹਿਬ ਜਨਰਲ ਸਰਕੁਲਰ ਰਾਹੀਂ ਹਦਾਇਤ ਕਰਨਗੇ ਕਿ ਆਪਣੇ ਹੇਠਲੇ ਅਫ਼ਸਰਾਂ ਨੂੰ ਕਿ ਇਸ ਕਿਸਮ ਦੇ ਕੇਸਿਜ਼ ਵਿਚ ਫੌਰੀ ਤੌਰ ਤੇ ਐਕਸ਼ਨ ਲੈ ਕੇ ਦਰੁੱਸਤ ਕੀਤਾ ਜਾਵੇ ।

ਰਾਜ ਮਤਰੀ : ਮੇਰੇ ਨੋਟਿਸ ਵਿਚ ਜਿਹੜਾ ਵੀ ਕੇਸ ਆਉਂਦਾ ਹੈ ਅਸੀਂ ਉਸ ਦੇ ਖਿਲਾਫ਼ ਫੌਰੀ ਤੌਰ ਤੇ ਇਨਕੁਆਰੀ ਕਰਦੇ ਹਾਂ ਅਤੇ ਐਕਸ਼ਨ ਲੈਂਦੇ ਹਾਂ । ਜਿਥੋਂ ਤਕ ਉਨ੍ਹਾਂ ਨੇ ਕਿਹਾ ਹੈ ਕਿ ਹਾਲੇ ਤੱਕ ਸਰਪੰਚਾਂ ਨੇ ਚਾਰਜ ਨਹੀਂ ਦਿੱਤੇ ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਵੇਲੇ 9,430 ਪੰਚਾਇਤਾਂ ਹਨ ਜਿਨ੍ਹਾਂ ਵਿਚੋਂ ਸਿਰਫ਼ 65 ਸਰਪੰਚ ਐਸੇ ਹਨ ਜਿਨ੍ਹਾਂ ਨੇ ਚਾਰਜ ਨਹੀਂ ਦਿਤਾ ਅਤੇ ਉਨ੍ਹਾਂ ਨੇ ਕੋਰਟ ਵਿਚੋਂ ਸਟੇ ਲਿਆ ਹੋਇਆ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ ਬੀ.ਡੀ.ਓ., ਕੋਟਕਪੂਰਾ ਨੇ ਗ਼ਬਨ ਕੀਤਾ ਹੈ । ਡੀ.ਸੀ. ਨੇ ਉਸ ਦੇ ਖਿਲਾਫ਼ ਰਿਪੋਰਟ ਕੀਤੀ ਹੈ । ਡੀ.ਸੀ. ਨੂੰ ਰਿਪੋਰਟ ਕੀਤੇ ਨੂੰ 3–4 ਮਹੀਨੇ ਹੋ ਗਏ ਹਨ । ਡੀ.ਸੀ. ਨੇ ਰਿਪੋਰਟ ਕੀਤੀ ਹੈ ਕਿ ਦੋਸ਼ ਸਿੱਧ ਹੋ ਗਏ ਹਨ । ਜਦ ਡੀ.ਸੀ. ਨੇ ਲਿਖਿਆ ਸੀ ਤਾਂ ਉਸ ਬੀ.ਡੀ.ਓ. ਦੇ ਖਿਲਾਫ਼ ਉਸ ਵੇਲੇ ਹੀ 409 ਅਧੀਨ ਪਰਚਾ ਦਰਜ ਹੋਣਾ ਚਾਹੀਦਾ ਸੀ । ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿ ਉਸ ਦੇ ਖਿਲਾਫ਼ ਜੋ ਪਰਚਾ ਦਰਜ ਨਹੀਂ ਹੋਇਆ ਉਸ ਦੇ ਕੀ ਕਾਰਣ ਹਨ ?

ਰਾਜ ਮੰਤਰੀ : ਇਥੇ ਇਹ ਸਵਾਲ ਪੈਦਾ ਨਹੀਂ ਹੁੰਦਾ । ਸਵਾਲ ਤਾਂ ਸਰਪੰਚਾਂ ਦਾ ਸੀ ਪਰ ਇਨ੍ਹਾਂ ਨੇ ਬੀ ਡੀ.ਓ. ਦਾ ਵਿਚ ਸਵਾਲ ਲੈ ਆਂਦਾ ਹੈ । ਮੈਂ ਹਾਊਸ ਨੂੰ ਐਸ਼ੋਰੈਂਸ ਦਿਵਾਉਂਦਾ ਹਾਂ ਕਿ ਜਦ ਵੀ ਮੇਰੇ ਨੋਟਿਸ ਵਿਚ ਆਉਂਦਾ ਹੈ ਭਾਵੇਂ ਉਹ ਕਰਮਚਾਰੀ ਹੋਵੇ ਜਾਂ ਪੰਚਾਇਤ ਦਾ ਜ਼ਿੰਮੇਵਾਰ ਆਦਮੀ ਹੋਵੇ ਜੋ ਗ਼ਬਨ ਕਰਦਾ ਹੈ ਜਾਂ ਆਪਣੇ ਫ਼ਰਜ਼ ਵਿਚ ਕੋਤਾਹੀ ਕਰਦਾ ਹੈ ਤਾਂ ਉਸ ਨੂੰ ਮੈਂ ਮੁਆਫ਼ ਨਹੀਂ ਕੀਤਾ ਅਤੇ ਨਾ ਹੀ ਮੁਆਫ਼ ਕਰਾਂਗਾ ।

———

Mr. Speaker: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਰਾਜ ਵਿਚ ਹਰੀਜਨਾਂ ਦੀ ਭਲਾਈ ਲਈ ਸਰਕਾਰ ਦੁਆਰਾ ਲਾਗੂ ਕੀਤੀਆਂ ਗਈਆਂ ਸਕੀਮਾਂ

* 2983. **ਸ੍ਰੀ ਸਰਦਾਰੀ ਲਾਲ ਕਪੂਰ** : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਰ ਰਾਜ ਸਰਕਾਰ ਦੁਆਰਾ 12 ਨੁਕਤਾ ਪ੍ਰੋਗਰਾਮ ਦੇ ਐਲਾਨ ਕਰਨ ਤੋਂ

ਬਾਅਦ ਰਾਜ ਵਿਚ ਸਰਕਾਰ ਦੁਆਰਾ ਹਰੀਜਨਾਂ ਦੀ ਭਲਾਈ ਲਈ ਭਲਾਈ ਵਿਭਾਗ ਵਿਚ ਲਾਗੂ ਕੀਤੀਆਂ ਗਈਆਂ ਸਕੀਮਾਂ ਦਾ ਮੁਕੰਮਲ ਵੇਰਵਾ ਕੀ ਹੈ ?

ਕੁਮਾਰੀ ਸਰਲਾ ਪਰਾਸ਼ਰ : ਸਰਕਾਰ ਦੁਆਰਾ 12 ਨੁਕਤਾ ਪ੍ਰੋਗਰਾਮ ਦੇ ਐਲਾਨ ਬਾਅਦ ਰਾਜ ਵਿਚ ਹਰੀਜਨਾਂ ਦੀ ਭਲਾਈ ਸਬੰਧੀ ਚਲ ਰਹੀਆਂ ਸਕੀਮਾਂ ਦਾ ਵੇਰਵਾ ਸਦਨ ਦੀ ਟੇਬਲ ਤੇ ਰਖਿਆ ਜਾਂਦਾ ਹੈ ।

ਰਾਜ ਵਿਚ ਹਰੀਜਨਾਂ ਦੀ ਭਲਾਈ ਲਈ ਲਾਗੂ ਕੀਤੀਆਂ ਗਈਆਂ ਸਕੀਮਾਂ ।

ਪੰਜਾਬ ਰਾਜ ਵਿਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਭਲਾਈ ਵਿਭਾਗ ਦੀ ਸਥਾਪਨਾ ਕੀਤੀ ਹੋਈ ਹੈ ਜਿਸ ਵਲੋਂ ਇਨ੍ਹਾਂ ਜਾਤੀਆਂ ਦੀ ਉਨਤੀ ਲਈ ਉਪਰਾਲੇ ਕੀਤੇ ਜਾ ਰਹੇ ਹਨ । ਚੌਥੀ ਪਲੈਨ ਵਿਚ ਜਿਥੇ ਇਨ੍ਹਾਂ ਜਾਤੀਆਂ ਲਈ 2 ਕਰੋੜ ਅਤੇ 45 ਲੱਖ ਸਟੇਟ ਸੈਕਟਰ ਅਤੇ ਸੈਂਟਰਲ ਸੈਕਟਰ ਵਿੱਚ ਉਪਬੰਧ ਸੀ । ਉਹ ਹੁਣ ਪੰਜਵੀ ਪੰਜ ਸਾਲਾ ਯੋਜਨਾ ਵਿਚ 614 ਲੱਖ ਅਤੇ 121 ਲੱਖ ਅਨੁਸੂਚਿਤ ਜਾਤੀਆਂ/ ਪੱਛੜੀਆਂ ਸ਼੍ਰੇਣੀਆਂ ਅਤੇ ਵਿਮੁੱਕਤ ਜਾਤੀਆਂ ਲਈ ਵੱਖ ਵੱਖ ਸਕੀਮਾਂ ਤਹਿਤ ਭਲਾਈ ਲਈ ਵੰਡੇ ਜਾਣ ਦਾ ਟੀਚਾ ਮਿਥਿਆ ਹੈ ਜਿਸ ਦਾ ਵਿਸਥਾਰ ਹੇਠ ਲਿਖੇ ਅਨੁਸਾਰ ਹੈ :—

ਵਜ਼ੀਫ਼ੇ ਰਕਮਾਂ ਦੀ ਪਰਵਾਨਗੀ ਅਤੇ ਸਕੂਲ/ਕਾਲਜ ਫ਼ੀਸ ਅਤੇ ਇਮਤਿਹਾਨਾਂ ਦੀਆਂ ਫ਼ੀਸਾਂ ਦੀ ਵਾਪਸੀ ।

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀ ਜੋ ਕਿ ਹਾਈ/ ਹਾਇਰ ਸੈਕੰਡਰੀ ਜਮਾਤਾਂ ਵਿਚ ਪੜ੍ਹਦੇ ਹਨ ਨੂੰ ਵਜ਼ੀਫ਼ੇ ਅਤੇ ਫ਼ੀਸ ਮੁਆਫ਼ੀ ਦੀ ਰਿਆਇਤ ਦਿੱਤੀ ਜਾਂਦੀ ਹੈ । ਇਨ੍ਹਾਂ ਜਾਤੀਆਂ ਦੇ ਵਿਦਿਆਰਥੀਆਂ ਜਿਹੜੇ ਫ਼ਸਟ/ਸੈਕੰਡ ਕਲਾਸ ਪਾਸ ਸ਼ੁਦਾ ਹਨ ਉਨ੍ਹਾਂ ਨੂੰ 10 ਰੁ: ਮਾਹਵਾਰ ਵਜ਼ੀਫ਼ਾ ਦਿਤਾ ਜਾਂਦਾ ਹੈ ਅਤੇ ਜਿਹੜੇ ਤੀਜੇ ਦਰਜੇ ਅਥਵਾ ਥਰਡ ਡਵੀਜ਼ਨਰ ਹਨ ਉਨ੍ਹਾਂ ਨੂੰ 6 ਰੁਪਏ ਮਾਸਕ ਵਜ਼ੀਫ਼ਾ ਮਿਲਦਾ ਹੈ ਬਸ਼ਰਤੇਕਿ ਉਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 6,000 ਰੁਪਏ ਹੋਵੇ । ਵਜ਼ੀਫ਼ਾ ਦਰ ਨੂੰ ਵਧਾਏ ਜਾਣ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਜਿਹੜੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ ਪੋਸਟ ਮੈਟ੍ਰਿਕ ਵਜ਼ੀਫ਼ਾ ਸਕੀਮ ਤਹਿਤ ਵਜ਼ੀਫ਼ੇ ਲੈਣਾ ਚਾਹੁੰਣਗੇ ਉਨ੍ਹਾਂ ਦੇ ਮਾਪਿਆਂ ਦੀ ਆਮਦਨ 9,000 ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ। ਸਾਲ 1971-72 ਤੋਂ 1973–74 ਤਕ ਇਨ੍ਹਾਂ ਸਕੀਮਾਂ ਤਹਿਤ ਕੀਤੇ ਖ਼ਰਚ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਸਾਲ 1971–72	122.22 ਲੱਖ ਰੁਪਏ	1,83,691 ਲਾਭ ਪਾਤਰੀ
ਸਾਲ 1972–73	181.32 ,, ,,	1,95,362 ,,
ਸਾਲ 1973–74	135.213 ,, ,,	1,99,864 ,,

ਇਸ ਤੋਂ ਇਲਾਵਾ 176.56 ਲੱਖ ਰੁਪਏ ਸਾਲ 1974–75 ਲਈ ਖ਼ਰਚ ਕੀਤੇ ਜਾਣ ਦਾ ਪ੍ਰੋਗਰਾਮ ਹੈ ਅਤੇ ਸਾਲ 1975–76 ਲਈ 198.35 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

[ਸਮਾਜ ਭਲਾਈ ਦੇ ਰਾਜ ਮੰਤਰੀ]

(2) **ਜ਼ਮੀਨ ਖਰੀਦ ਸਕੀਮ**

ਇਸ ਸਕੀਮ ਦੇ ਤਹਿਤ ਬੇ-ਜ਼ਮੀਨੇ ਹਰੀਜਨ ਵਿਅੱਕਤੀਆਂ ਨੂੰ ਭੂਮੀ ਖ਼ਰੀਦਣ ਲਈ 5,000 ਰੁਪਏ ਜ਼ਮੀਨ ਲਈ 1,000 ਰੁਪਏ ਮਕਾਨ ਅਤੇ ਖੂਹ ਲਗਾਉਣ ਅਤੇ 180 ਰੁਪਏ ਰਜਿਸਟਰੀ ਦੇ ਖ਼ਰਚੇ ਲਈ ਮੁਫ਼ਤ ਸਹਾਇਤਾ ਵਜੋਂ ਦਿੱਤੇ ਜਾਂਦੇ ਹਨ ਅਤੇ ਜ਼ਮੀਨ ਘੱਟੋ ਘੱਟ ਤਿੰਨ ਕਿਲੇ ਖ਼ਰੀਦਣੀ ਹੁੰਦੀ ਹੈ। ਬਾਕੀ ਦੀ ਰਕਮ ਲਾਭ ਪਾਤਰੀ ਨੂੰ ਆਪਣੇ ਪਲਿਉਂ ਖਰੀਦਣੀ ਪੈਂਦੀ ਹੈ। ਇਸ ਸਕੀਮ ਤਹਿਤ ਹੇਠ ਲਿਖੇ ਅਨੁਸਾਰ ਖ਼ਰਚ ਕੀਤਾ ਗਿਆ ਹੈ :—

ਸਾਲ 1971–72	1.839 ਲੱਖ ਰੁਪਏ	33 ਲਾਭ ਪਾਤਰੀ
ਸਾਲ 1972–73	1.818 ,, ,,	32 ,,
ਸਾਲ 1973–74	1.818 ,, ,,	32 ,,

ਇਸ ਤੋਂ ਇਲਾਵਾ ਚਲਦੇ ਸਾਲ ਵਿਚ 11.34 ਲੱਖ ਰੁਪਏ ਇਸ ਸਕੀਮ ਤਹਿਤ ਖ਼ਰਚ ਕੀਤੇ ਜਾਣ ਦਾ ਟੀਚਾ ਮਿਥਿਆ ਗਿਆ ਹੈ। ਅਤੇ ਸਾਲ 1975—76 ਲਈ ਭੀ ਇਤਨੀ ਹੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਉਦਯੋਗਿਕ ਸੰਸਥਾਵਾਂ/ਸੈਂਟਰਾਂ ਵਿਚ ਉਦਯੋਗਿਕ ਸਿਖਲਾਈ

ਇਹ ਸਕੀਮਾਂ ਉਦਯੋਗਿਕ ਸਿਖਲਾਈ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਹਨ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਜਿਹੜੇ ਆਈ.ਟੀ.ਆਈ., ਸੀ.ਟੀ.ਆਈ. ਵਿਚ ਸਿਖਿਆ ਪ੍ਰਾਪਤ ਕਰਦੇ ਹਨ ਨੂੰ 45/ ਰੁਪਏ ਮਹੀਨਾ ਵਜ਼ੀਫ਼ਾ ਦਿੱਤਾ ਜਾਂਦਾ ਹੈ। ਅਤੇ ਇਸ ਵਜ਼ੀਫ਼ੇ ਦੀ ਦਰ ਨੂੰ ਵਧਾਏ ਜਾਣ ਬਾਰੇ ਸਰਕਾਰ ਵਿਚਾਰ ਕਰ ਰਹੀ ਹੈ। ਇਸ ਸਕੀਮ ਤਹਿਤ ਹੇਠ ਲਿਖੇ ਅਨੁਸਾਰ ਰਕਮ ਖਰਚ ਕੀਤੀ ਗਈ ਹੈ :—

ਸਾਲ 1971–72	10.44 ਲੱਖ ਰੁਪਏ	1,374 ਸਿਖਿਆਰਥੀ
ਸਾਲ 1972–73	10.30 ,, ,,	1,721 ,,
ਸਾਲ 1973–74	9.08 ,, ,,	1.130 ,,

ਇਸ ਤੋਂ ਇਲਾਵਾ ਸਾਲ 1974–75 ਵਿਚ 7.20 ਲੱਖ ਰੁਪਏ ਖ਼ਰਚ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਸਾਲ 1975–76 ਲਈ ਭੀ ਇਤਨੀ ਹੀ ਰਕਮ ਇਸ ਮੰਤਵ ਲਈ ਰੱਖੀ ਗਈ ਹੈ।

(4) **ਪੀਣ ਵਾਲੇ ਪਾਣੀ ਦੀ ਸਕੀਮ**

ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਲਈ ਜਿਥੇ ਪਾਣੀ ਪੀਣ ਦੇ ਸਾਧਨ ਨਹੀਂ ਹਨ ਨੂੰ ਨਵੇਂ ਖੂਹ ਆਦਿ ,ਖੋਦਣ, ਪੁਰਾਣਿਆਂ ਦੀ ਮੁਰੰਮਤ ਅਤੇ ਨਲਕੇ ਆਦਿ ਲਗਵਾਉਣ ਲਈ ਸਹਾਇਤਾ ਦਿੱਤੀ ਜਾਂਦੀ ਹੈ। ਸਹਾਇਤਾ ਰੇਟ ਹੇਠ ਲਿਖੇ ਅਨੁਸਾਰ ਹਨ :—

(ੳ) ਨਵੇਂ ਖੂਹ ਖੋਦਣ ਲਈ 4,000/ ਰੁਪਏ

(ਅ) ਪੁਰਾਣੇ ਖੂਹ ਦੀ ਮੁਰੰਮਤ .. 700/ ਰੁਪਏ

(ੲ) ਨਲਕਾ ਲਗਾਉਣ ਲਈ .. 450/ ਰੁਪਏ

ਇਸ ਸਕੀਮ ਤਹਿਤ ਸਾਲ 1972-73 ਤੋਂ ਸਾਲ 1973–74 ਤਕ ਹੇਠ ਲਿਖੇ ਅਨੁਸਾਰ ਖ਼ਰਚ ਕੀਤਾ ਜਾ ਚੁਕਿਆ ਹੈ :—

ਸਾਲ 1971–72	..	3.73 ਲੱਖ ਰੁਪਏ	1,249 ਟੀਚੇ
ਸਾਲ 1972–73	..	5.40 ,, ,,	1,431 ਟੀਚੇ
ਸਾਲ 1973—74	..	6.982 ,, ,,	1,718 ਟੀਚੇ

ਇਸ ਸਕੀਮ ਤਹਿਤ ਸਾਲ 1973–75 ਲਈ 7 ਲੱਖ ਰੁਪਏ ਖ਼ਰਚ ਕੀਤੇ ਜਾਣ ਦੀ ਸੰਭਾਵਨਾ ਹੈ ।

(5) ਸਮਾਜ ਕਲਿਆਣ ਕੇਂਦਰ

ਭਲਾਈ ਵਿਭਾਗ ਵਲੋਂ ਇਸ ਵੇਲੇ 119 ਕਲਿਆਣ ਕੇਂਦਰ ਚਲਾਏ ਜਾ ਰਹੇ ਹਨ, ਜਿਥੇ ਹਰੀਜਨ ਲੜਕੀਆਂ ਨੂੰ ਸਿਲਾਈ, ਕਢਾਈ, ਕਸੀਦਾਕਾਰੀ ਆਦਿ ਦੀ ਸਿਖਲਾਈ ਦਿਤੀ ਜਾਂਦੀ ਹੈ । ਇਨ੍ਹਾਂ ਸੈਂਟਰਾਂ ਵਿਚ ਦੂਸਰੀ ਪ੍ਰਾਪਤੀਆਂ ਜਿਹਾ ਕਿ ਬਾਲਵਾੜੀ ਖੇਡਾਂ ਅਤੇ ਪਰਾਇਮਰੀ ਕਲਾਸ ਯੋਗ ਬੱਚਿਆਂ ਨੂੰ ਸਿਖਿਆ ਦਿੱਤੀ ਜਾਂਦੀ ਹੈ । ਇਨ੍ਹਾਂ ਕਲਿਆਣ ਕੇਂਦਰਾਂ ਤੋਂ ਬਹੁਤਾ ਲਾਭ ਅਨੁਸੂਚਿਤ ਜਾਤੀਆਂ ਨੂੰ ਪਹੁੰਚਦਾ ਹੈ । ਇਸ ਸਕੀਮ ਤਹਿਤ ਹੇਠ ਲਿਖੇ ਅਨੁਸਾਰ ਖ਼ਰਚ ਕੀਤਾ ਜਾ ਚੁਕਿਆ ਹੈ :—

ਸਾਲ 1971–72	..	1.56 ਲੱਖ ਰੁਪਏ	11 ਸੈਂਟਰ
ਸਾਲ 1972–73	..	2.27 ਲੱਖ ਰੁਪਏ	11 ਸੈਂਟਰ
ਸਾਲ 1973–74	..	3.54 ਲੱਖ ਰੁਪਏ	11 ਸੈਂਟਰ

ਸਾਲ 1974–75 ਤੋਂ ਇਹ ਸਕੀਮ ਸਮਾਪਤ ਹੋ ਚੁਕੀ ਹੈ ਅਤੇ ਹੁਣ ਤਾਈਂ ਪੰਜਾਬ ਰਾਜ ਵਿਚ 119 ਕਲਿਆਣ ਕੇਂਦਰ ਚਲ ਰਹੇ ਹਨ ਜਿਨ੍ਹਾਂ ਨੂੰ ਅਗੋਂ ਲਈ ਚਲਦੇ ਰੱਖਣ ਦਾ ਪ੍ਰੋਗਰਾਮ ਹੈ ।

(6) ਸੂਰ ਖਰੀਦਣ ਦੀ ਸਕੀਮ

ਇਸ ਸਕੀਮ ਤਹਿਤ 800 ਰੁਪਏ ਸੂਰ ਖਰੀਦਣ ਲਈ ਪ੍ਰਤੀ ਲਾਭਪਾਤਰੀ ਸਹਾਇਤਾ ਦਿੱਤੀ ਜਾਂਦੀ ਹੈ ਜਿਸਦੇ ਤਹਿਤ 4 ਸੂਰ ਖਰੀਦਣੇ ਹੁੰਦੇ ਹਨ (ਇਕ ਸੂਰ ਤੇ ਤਿੰਨ ਸੂਰੀਆਂ) ਅਤੇ 200 ਰੁਪਏ ਲਾਭਪਾਤਰੀ ਨੂੰ ਆਪਣੇ ਪਾਸੋਂ ਇਨ੍ਹਾਂ ਦੀ ਖ਼ੁਰਾਕ ਆਦਿ ਲਈ ਖਰਚਣੇ ਹੁੰਦੇ ਹਨ । ਇਹ ਸਕੀਮ ਹੁਣ ਸਾਲ 1974–75 ਤੋਂ ਸਮਾਪਤ ਹੋ ਗਈ ਹੈ । ਇਸ ਸਕੀਮ ਤਹਿਤ ਸਾਲ 1971–72 ਤੋਂ 1973-74 ਤਕ ਹੇਠ ਲਿਖੇ ਅਨੁਸਾਰ ਖ਼ਰਚ ਕੀਤਾ ਜਾ ਚੁਕਿਆ ਹੈ ।

ਸਾਲ 1971–72	0.496 ਲੱਖ ਰੁਪਏ	62 ਲਾਭਪਾਤਰੀ

ਸਮਾਜ ਭਲਾਈ ਦੇ ਰਾਜ ਮੰਤਰੀ]

ਸਾਲ 1972—73	..	0.64 ਲੱਖ ਰੁਪਏ	80 ਲਾਭ ਪਾਤਰੀ
ਸਾਲ 1973—74	..	0.64 „ „	80 „

(7) ਲੜਕੀਆਂ ਲਈ ਹੋਸਟਲ

ਇਸ ਸਕੀਮ ਤਹਿਤ ਹਰੀਜਨ ਲੜਕੀਆਂ ਲਈ ਨਵੇਂ ਹੋਸਟਲ ਦੀ ਉਸਾਰੀ, ਪਹਿਲੋਂ ਹੋਸਟਲਾਂ ਵਿਚ ਨਵੇਂ ਬਲਾਕਾਂ ਦਾ ਵਾਧਾ ਕਰਨ ਲਈ, ਤਾਂ ਕਿ ਸੀਟਾਂ ਜ਼ਿਆਦਾ ਵੱਧ ਜਾਣ, ਲਈ ਸਹਾਇਤਾ ਦਿੱਤੀ ਜਾਂਦੀ ਹੈ । ਇਸ ਨਾਲ ਯੂਨੀਵਰਸਿਟੀ ਪੱਧਰ ਤੇ ਇਨ੍ਹਾਂ ਦੀ ਭਲਾਈ ਬਾਰੇ ਕਾਫ਼ੀ ਵਾਧਾ ਹੋ ਸਕਦਾ ਹੈ । ਇਸ ਸਕੀਮ ਤਹਿਤ ਸਾਲ 1971-72 ਤੋਂ ਲੈਕੇ ਹੁਣ ਤਾਈਂ ਹੇਠ ਲਿਖੇ ਅਨੁਸਾਰ ਖ਼ਰਚ ਕੀਤਾ ਜਾ ਚੁਕਿਆ ਹੈ ।

ਸਾਲ 1971—72	..	0.55 ਲੱਖ ਰੁਪਏ	1 ਹੋਸਟਲ
ਸਾਲ 1972—73	..	0.60 ਲੱਖ ਰੁਪਏ	2 ਹੋਸਟਲਾਂ
ਸਾਲ 1973—74	..	0.50 ਲੱਖ ਰੁਪਏ	1 ਹੋਸਟਲ

ਇਸ ਤੋਂ ਇਲਾਵਾ 1974—75 ਲਈ 0.50 ਲੱਖ ਰੁਪਏ ਖ਼ਰਚ ਕੀਤੇ ਜਾਣ ਦੀ ਵਿਉਂਤ ਹੈ ਅਤੇ ਸਾਲ 1975—76 ਲਈ 1.00 ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

(8) ਮੁਕਾਬਲੇ ਦੇ ਇਮਤਿਹਾਨਾਂ ਲਈ ਕੋਚਿੰਗ ਸੈਂਟਰ

ਅਨੁਸੂਚਿਤ ਜਾਤੀਆਂ ਦੀ ਆਈ.ਏ.ਐਸ./ਆਈ.ਪੀ.ਐਸ. ਅਤੇ ਹੋਰ ਜ਼ਰੂਰੀ ਵੱਖਰੀਆਂ ਵੱਖਰੀਆਂ ਸੇਵਾਵਾਂ ਵਿਚ ਪ੍ਰਤੀਨਿਧਤਾ ਪੂਰੀ ਕਰਵਾਉਣ ਲਈ ਇਨ੍ਹਾਂ ਕੇਡਰਾਂ ਦੇ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਕਰਵਾਉਣ ਲਈ ਇਕ ਕੋਚਿੰਗ ਸੈਂਟਰ ਪਟਿਆਲਾ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਿਤ ਕੀਤਾ ਹੋਇਆ ਹੈ । ਇਥੇ ਯੋਗ ਉਮੀਦਵਾਰਾਂ ਨੂੰ ਮੁਫ਼ਤ ਕੋਚਿੰਗ ਦਿੱਤੀ ਜਾਂਦੀ ਹੈ ਅਤੇ ਮੁਫ਼ਤ ਖੁਰਾਕ ਦਾ ਭੀ ਪ੍ਰਬੰਧ ਹੈ । ਸਾਲ 1971—72 ਤੋਂ ਲੈਕੇ 1973—74 ਤੱਕ ਹੇਠ ਲਿਖੇ ਅਨੁਸਾਰ ਜੋ ਉਪਬੰਧ ਰੱਖਿਆ ਗਿਆ ਸੀ ਖ਼ਰਚ ਕੀਤਾ ਜਾ ਚੁਕਿਆ ਹੈ :—

ਸਾਲ 1971—72	..	0.50 ਲੱਖ ਰੁਪਏ
ਸਾਲ 1972—73	..	2.25 ਲੱਖ ਰੁਪਏ
ਸਾਲ 1973—74	..	1.80 ਲੱਖ ਰੁਪਏ

ਇਸ ਤੋਂ ਇਲਾਵਾ ਚਲਦੇ ਸਾਲ 1974-75 ਲਈ 3.00 ਲੱਖ ਰੁਪਏ ਖ਼ਰਚ ਕੀਤੇ ਜਾਣ ਦਾ ਪ੍ਰੋਗਰਾਮ ਹੈ ਅਤੇ 1975—76 ਲਈ ਭੀ ਇਤਨੀ ਹੀ ਰਕਮ ਦਾ ਉਪਬੰਧ ਹੈ ।

(9) ਸਵੀਪਰਾਂ/ਸਕਵੈਂਜਰਾਂ/ਟੈਨਰਾਂ ਅਤੇ ਫਲੋਅਰਜ਼ ਲਈ ਨਵੇਂ ਮਕਾਨ ਬਣਾਉਣ ਵਾਸਤੇ ਸਹਾਇਤਾ :

ਇਸ ਸਕੀਮ ਤਹਿਤ ਸ਼ਹਿਰਾਂ (ਅਰਬਨ ਏਰੀਏ) ਵਿਚ ਜਿਥੇ ਸਵੀਪਰਾਂ, ਸਕਵੈਂਜਰਾਂ ਨੂੰ ਜੋ ਕਿ ਗੰਦੇ (ਸਲੱਮ ਏਰੀਏ) ਥਾਂ ਤੇ ਰਹਿੰਦੇ ਹਨ ਅਤੇ ਉਨ੍ਹਾਂ ਪਾਸ ਚੰਗੇ ਮਕਾਨ ਨਹੀਂ ਹਨ ਨੂੰ ਮਕਾਨ ਬਣਾਉਣ

ਲਈ 900 ਰੁਪਏ ਦੀ ਗਰਾਂਟ ਦਿੱਤੀ ਜਾਂਦੀ ਹੈ, ਬਾਕੀ ਰਕਮ ਮਕਾਨ ਮੁਕੰਮਲ ਕਰਨ ਲਈ ਲਾਭਪਾਤਰੀ ਨੂੰ ਆਪਣੀ ਜੇਬ ਵਿਚੋਂ ਖ਼ਰਚਣੀ ਹੁੰਦੀ ਹੈ ਬਸ਼ਰਤੇ ਕਿ ਉਸ ਪਾਸ ਆਪਣਾ ਪਲਾਟ ਹੋਵੇ । ਇਸ ਸਕੀਮ ਤਹਿਤ ਇਕ ਕਮਰਾ, ਵਰਾਂਡਾ ਅਤੇ ਰਸੋਈ ਅਤੇ ਵੇਹੜਾ ਜਿਸਦਾ ਏਰੀਆ ਘੱਟੋ ਘੱਟ ਛੇ ਮਰਲੇ ਹੋਵੇ ਬਣਾਉਣਾ ਪੈਂਦਾ ਹੈ। ਇਸ ਸਾਲ (74–75) ਵਿਚ ਇਸ ਮੰਤਵ ਲਈ ਕੋਈ ਉਪਬੰਧ ਨਹੀਂ ਹੈ । ਇਸ ਸਕੀਮ ਤਹਿਤ ਹੇਠ ਲਿਖੇ ਅਨੁਸਾਰ ਖ਼ਰਚ ਕੀਤਾ ਜਾ ਚੁਕਿਆ ਹੈ ।

ਸਾਲ 1971–72 ..	.. 1.40 ਲੱਖ ਰੁਪਏ	100 ਲਾਭਪਾਤਰੀ
ਸਾਲ 1972–73 ..	.. 1.50 ਲੱਖ ਰੁਪਏ	120 ਲਾਭਪਾਤਰੀ
ਸਾਲ 1973–74 ..	.. 1.50 ਲੱਖ ਰੁਪਏ	120 ਲਾਭਪਾਤਰੀ

ਇਸ ਤੋਂ ਇਲਾਵਾ ਇਸ ਸਕੀਮ ਦੀ ਉਪਰੋਕਤ ਜਾਤੀਆਂ ਨੂੰ ਵ੍ਹੀਲ-ਬੈਰੋਜ਼ ਆਈਟਮ ਤਹਿਤ ਸਾਲ 1971-72 ਵਿਚ 44 ਮਿਊਨਸਪੈਲਟੀਆਂ 1972-73 ਵਿਚ 45 ਮਿਊਂਸਪੈਲਟੀਆਂ ਅਤੇ 1973-74 ਵਿਚ 38 ਮਿਊਂਸਪੈਲਟੀਆਂ ਨੂੰ ਉਪਰੋਕਤ ਵਿਅਕਤੀਆਂ ਵਾਸਤੇ ਹੱਥ ਰੇਹੜੀਆਂ, ਖੁਰਚਣ,ਗਮ ਬੂਟਸ, ਆਦਿ ਖ਼ਰੀਦਕੇ ਦੇਣ ਲਈ ਸਹਾਇਤਾ ਭੀ ਦਿੱਤੀ ਜਾ ਚੁੱਕੀ ਹੈ ।

ਸਾਲ 1974–75 ਲਈ ਇਸ ਸਕੀਮ ਤਹਿਤ ਕੇਂਦਰੀ ਸਰਕਾਰ ਵਲੋਂ ਕੋਈ ਉਪਬੰਧ ਨਹੀਂ ਕੀਤਾ ਗਿਆ ਜਿਸ ਕਰਕੇ ਹੁਣ ਤਾਂਈਂ ਕੋਈ ਖ਼ਰਚ ਨਹੀਂ ਹੋਇਆ ।

(10) ਵਿਮੁੱਕਤ ਜਾਤੀਆਂ ਦੇ ਲੋਕਾਂ ਨੂੰ ਮਕਾਨ ਬਣਾਉਣ ਲਈ ਸਹਾਇਤਾ

ਵਿਮੁੱਕਤ ਜਾਤੀਆਂ ਦੇ ਲੋਕੀ ਆਮ ਤੌਰ ਤੇ ਅਰਬਨ ਏਰੀਏ ਵਿਚ ਨੀਵੇਂ ਅਤੇ ਗੰਦੇ ਥਾਵਾਂ ਤੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਪਾਸ ਚੰਗੀਆਂ ਥਾਵਾਂ ਨਹੀਂ ਹਨ ਇਸ ਲਈ ਇਨ੍ਹਾਂ ਦੀ ਬੇਹਤਰੀ ਲਈ ਯੋਗ ਵਿਅੱਕਤੀਆਂ ਨੂੰ 900 ਰੁਪਏ ਮਕਾਨ ਬਨਾਉਣ ਲਈ ਜਿਸ ਵਿਚ ਇਕ ਕਮਰਾ, ਵਰਾਂਡਾ ਅਤੇ ਰਸੋਈ ਤੇ ਵਿਹੜਾ ਹੋਵੇ ਅਤੇ ਏਰੀਆ 5,6 ਮਰਲੇ ਹੋਵੇ, ਸਹਾਇਤਾ ਵਜੋਂ ਦਿੱਤੇ ਜਾਂਦੇ ਹਨ । ਚਲਦੇ ਸਾਲ 1974–75 ਲਈ ਇਸ ਮੰਤਵ ਲਈ ਕੇਂਦਰੀ ਸਰਕਾਰ ਨੇ ਅਜੇ ਕੋਈ ਸਹਾਇਤਾ ਪਰਵਾਨ ਨਹੀਂ ਕੀਤੀ।

ਇਸ ਸਕੀਮ ਤਹਿਤ ਸਾਲ 1971–72 ਤੋਂ 1973–74 ਤਕ ਹੇਠ ਲਿਖੇ ਅਨੁਸਾਰ ਰਕਮ ਖ਼ਰਚੀ ਜਾ ਚੁਕੀ ਹੈ :—

ਸਾਲ 1971–72 ..	0.099 ਲੱਖ ਰੁਪਏ	11 ਮਕਾਨ	11 ਲਾਭਪਾਤਰੀ
ਸਾਲ 1972–73 ..	0.099 ਲੱਖ ਰੁਪਏ	11 ਮਕਾਨ	11 ਲਾਭਪਾਤਰੀ
ਸਾਲ 1973–74 ..	0.099 ਲੱਖ ਰੁਪਏ	11 ਮਕਾਨ	11 ਲਾਭਪਾਤਰੀ

(11) ਧਰਮਸ਼ਾਲਾ ਸਕੀਮ

ਇਹ ਸਕੀਮ ਸਾਲ 1969-70 ਵਿਚ ਚਾਲੂ ਕੀਤੀ ਗਈ ਸੀ । ਇਸ ਦੇ ਤਹਿਤ ਹੁਣ 7,000/ ਰੁਪਏ ਨਵੀਂ ਧਰਮਸ਼ਾਲਾ ਉਸਾਰਨ ਅਤੇ 2,000 ਰੁਪਏ ਪੁਰਾਣੀਆਂ ਦੀ ਮੁਰੰਮਤ ਕਰਨ ਲਈ ਜਿਥੇ ਅਨੁਸੂਚਿਤ ਜ਼ਾਤੀਆਂ ਦੇ ਲੋਕਾਂ ਨੂੰ ਲੋੜ ਹੋਵੇ ਸਹਾਇਤਾ ਵਜੋਂ ਦਿੱਤੇ ਜਾਂਦੇ ਹਨ । ਇਸ ਸਕੀਮ ਤਹਿਤ

[ਸਮਾਜ ਭਲਾਈ ਦੇ ਰਾਜ ਮੰਤਰੀ]

ਸਾਲ 1971-72 ਤੋਂ ਲੈ ਕੇ 1973-74 ਤਕ ਹੇਠ ਲਿਖੇ ਅਨੁਸਾਰ ਖ਼ਰਚ ਕੀਤਾ ਜਾ ਚੁਕਿਆ ਹੈ ।

ਸਾਲ 1971–72	..	46.935 ਲੱਖ ਰੁਪਏ	1023 ਟੀਚੇ
ਸਾਲ 1972–73	..	47. 50 ਲੱਖ ਰੁਪਏ	921 ਟੀਚੇ
ਸਾਲ 1973–74	..	124.995 ਲੱਖ ਰੁਪਏ	2,650 ਟੀਚੇ

ਸਾਲ 1974–75 ਲਈ ਜਿਸ ਸਕੀਮ ਤਹਿਤ 1.25 ਕਰੋੜ ਰੁਪਏ ਖਰਚ ਕੀਤੇ ਜਾਣ ਦੀ ਵਿਉਂਤ ਹੈ ਅਤੇ ਸਾਲ 1975–76 ਲਈ ਵੀ ਇਤਨੀ ਹੀ ਰਕਮ ਦਾ ਉਪਬੰਧ ਕੀਤਾ ਗਿਆ ਹੈ ।

(12) ਅਨੁਸੂਚਿਤ ਜਾਤੀਆਂ ਭੂਮੀ ਸੁਧਾਰ ਅਤੇ ਵਿੱਤ ਕਾਰਪੋਰੇਸ਼ਨ

ਪੰਜਾਬ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਆਰਥਕ ਦਸ਼ਾ ਸੁਧਾਰਨ ਲਈ ਇਕ ਅਨੁਸੂਚਿਤ ਜਾਤੀ ਭੂਮੀ ਸੁਧਾਰ ਤੇ ਵਿੱਤ ਕਾਰਪੋਰੇਸ਼ਨ ਦੀ 1970—71 ਵਿਚ ਸਥਾਪਨਾ ਕੀਤੀ ਗਈ ਹੈ । ਜਿਸ ਵਲੋਂ ਲੋੜਵੰਦ ਹਰੀਜਨ ਵਿਅਕਤੀਆਂ ਨੂੰ ਆਪਣੇ ਧੰਦਿਆਂ ਨੂੰ ਵਧਾਉਣ ਵਾਸਤੇ ਅਤੇ ਨਵੇਂ ਧੰਦੇ ਚਾਲੂ ਕਰਨ ਵਾਸਤੇ ਥੋੜੇ ਵਿਆਜ ਤੇ ਕਰਜ਼ੇ ਦਿੱਤੇ ਜਾਂਦੇ ਹਨ । ਇਸ ਤੋਂ ਇਲਾਵਾ ਟਰਾਂਸਪੋਰਟ ਲਈ ਸਕੂਟਰ ,ਟਰੈਕਟਰ, ਟਿਊਬਵੈਲ ਅਤੇ ਹੋਰ ਖੇਤੀ ਬਾੜੀ ਦੇ ਉਜ਼ਾਰ ਖਰੀਦਣ ਵਾਸਤੇ ਕਰਜ਼ੇ ਦਿੱਤੇ ਜਾ ਰਹੇ ਹਨ । ਇਸ ਕਾਰਪੋਰੇਸ਼ਨ ਵਲੋਂ ਹੁਣ ਤਾਈਂ 2.11 ਕਰੋੜ ਰੁਪਏ 3,950 ਲੋੜਵੰਦ ਹਰੀਜਨ ਵਿਅੱਕਤੀਆਂ ਨੂੰ ਕਰਜ਼ੇ ਵਜੋਂ ਸਤੰਬਰ, 74 ਤਕ ਦਿੱਤੇ ਜਾ ਚੁਕੇ ਹਨ ।

(13) ਕਾਨੂੰਨੀ ਸਹਾਇਤਾ

ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਵੱਡੇ ਵੱਡੇ ਜ਼ਿਮੀਂਦਾਰਾਂ, ਜਗੀਰਦਾਰਾਂ, ਸਿਵਲ ਦੇ ਕੇਸਾਂ ਅਤੇ ਹੋਰ ਗੁੰਮਰਾਹ ਕਰਨ ਵਾਲੇ ਅਫਸਰਾਂ ਤੋਂ ਬਚਾਉਣ ਲਈ, ਲੋੜਵੰਦ ਹਰੀਜਨ ਵਿਅੱਕਤੀਆਂ ਨੂੰ ਇਸ ਸਕੀਮ ਤਹਿਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ । ਇਸ ਸਕੀਮ ਤਹਿਤ ਸਾਲ 1971–72 ਤੋਂ ਲੈਕੇ ਸਾਲ 1973–74 ਤਕ ਹੇਠ ਲਿਖੇ ਅਨੁਸਾਰ ਖ਼ਰਚਾ ਕੀਤਾ ਗਿਆ ਹੈ ।

ਸਾਲ 1971–72	..	0.025 ਲੱਖ ਰੁਪਏ	13 ਕੇਸ
ਸਾਲ 1972–73	..	0. 10 ਲੱਖ ਰੁਪਏ	43 ਕੇਸ
ਸਾਲ 1973–74	..	0. 10 ਲੱਖ ਰੁਪਏ	42 ਕੇਸ

ਚਲਦੇ ਸਾਲ 1974–75 ਲਈ ਜਿਸ ਸਕੀਮ ਤਹਿਤ 10 ਹਜ਼ਾਰ ਰੁਪਏ ਖ਼ਰਚ ਕੀਤੇ ਜਾਣ ਦੀ ਵਿਉਂਤ ਹੈ ।

ਹੇਠ ਲਿਖੀਆਂ ਸਕੀਮਾਂ ਸਾਲ 1972–73 ਤੋਂ ਜੋ ਕਿ 12 ਨੁਕਾਤੀ ਪ੍ਰੋਗਰਾਮ ਵਿਚ ਆਉਂਦੀਆਂ ਹਨ ਚਾਲੂ ਕੀਤੀਆਂ ਗਈਆਂ ।

(1) ਹਰੀਜਨ ਬਸਤੀ ਸੁਧਾਰ ਸਕੀਮ :—

ਆਮ ਤੌਰ ਤੇ ਹਰੀਜਨਾਂ ਵਿਦਿਅਕ ਅਤੇ ਆਰਥਕ ਦਸ਼ਾ ਬਹੁਤ ਕਮਜ਼ੋਰ ਹੈ । ਇਨ੍ਹਾਂ ਵਿਚੋਂ ਬਹੁਤਿਆਂ ਪਾਸੋਂ ਅੱਵਲ ਤਾਂ ਮਕਾਨ ਹੁੰਦੇ ਹੀ ਨਹੀਂ ਜੇ ਹਨ ਉਹ ਬਹੁਤ ਤੰਗ, ਬੇ–ਢੰਗ ਅਤੇ ਗੰਦੇ ਹਨ । ਹਰੀਜਨ ਬਸਤੀਆਂ ਆਮ ਤੌਰ ਤੇ ਬਹੁਤ ਗੰਦੀਆਂ ਥਾਂਵਾਂ ਤੇ ਵਸੀਆਂ ਹੋਈਆਂ ਹਨ । ਇਨ੍ਹਾਂ ਦੀ ਹਾਲਤ ਸੁਧਾਰਨ ਲਈ ਸਰਕਾਰ ਨੇ ਇਕ "ਹਰੀਜਨ ਬਸਤੀ ਸੁਧਾਰ ਸਕੀਮ" ਸਾਲ 1972–73 ਤੋਂ ਚਾਲੂ ਕੀਤੀ ਹੈ । ਇਸਦੇ ਤਹਿਤ ਗਲੀਆਂ ਦੀ ਮੁਰੰਮਤ ਅਤੇ ਨਵੀਂਆਂ ਨਾਲੀਆਂ ਦੀ ਬਣਾਈ, ਗੁਸਲਖਾਨੇ, ਬੱਚਿਆਂ ਲਈ ਪਾਰਕ ਆਦਿ ਬਣਾਏ ਜਾਂਦੇ ਹਨ । ਸਾਲ 1972–73 ਤੇ 1973–74 ਵਿਚ ਹੇਠ ਲਿਖੇ ਅਨੁਸਾਰ ਖਰਚ ਕੀਤਾ ਗਿਆ ਹੈ :—

(1)	ਸਾਲ 1972–73	.. 46.90 ਲੱਖ ਰੁਪਏ	86 ਪਿੰਡ
(2)	ਸਾਲ 1973–74	.. 99.196 ਲੱਖ ਰੁਪਏ	217 ਪਿੰਡ

ਸਾਲ 1974–75 ਲਈ ਇਸ ਸਕੀਮ ਤਹਿਤ 93.00 ਲੱਖ ਰੁਪਏ ਖ਼ਰਚ ਕੀਤੇ ਜਾਣ ਦੀ ਸੰਭਾਵਨਾ ਹੈ ।

(2) ਜੈਯੰਤੀ ਵਿਲੇਜ ਸਕੀਮ ਤਹਿਤ ਹਰੀਜਨਾਂ ਨੂੰ ਮਕਾਨਾਂ ਲਈ ਸਹਾਇਤਾ

ਇਹ ਕੇਂਦਰੀ ਸਰਕਾਰ ਦੀ ਸਕੀਮ ਹੈ ਅਤੇ ਇਸ ਦੇ ਤਹਿਤ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਜਿਨ੍ਹਾਂ ਪਾਸ ਆਪਣੇ ਮਕਾਨ ਨਹੀਂ ਹਨ ਉਨ੍ਹਾਂ ਨੂੰ ਮਕਾਨ ਬਣਾਉਣ ਵਾਸਤੇ ਸਹਾਇਤਾ ਦਿੱਤੀ ਜਾਣੀ ਹੈ। ਇਸ ਸਕੀਮ ਦੇ ਤਹਿਤ ਲੋੜਵੰਦ ਯੋਗ ਹਰੀਜਨ ਵਿਅਕਤੀਆਂ ਨੂੰ ਨਵੇਂ ਮਕਾਨ ਬਣਾਉਣ ਵਾਸਤੇ 2,000 ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ ਅਤੇ ਤਾਂਹੀ 1,050 ਹਰੀਜਨ ਵਿਅੱਕਤੀਆਂ ਨੂੰ ਪਰਵਾਨਗੀ ਦਿੱਤੀ ਜਾ ਚੁਕੀ ਹੈ। ਅਤੇ ਕੇਂਦਰੀ ਸਰਕਾਰ ਵਲੋਂ ਇਸ ਸਕੀਮ ਨੂੰ ਚਾਲੂ ਕਰਨ ਲਈ 1973–74 ਵਿਚ 21 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ ।

(3) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲਾਅ ਮੈਡੀਕਲ ਅਤੇ ਇੰਜੀਨੀਅਰਿੰਗ ਕੋਰਸਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਸਹਾਇਤਾ :—

ਇਹ ਇਕ ਨਵੀਂ ਸਕੀਮ ਹੈ । ਇਸਦੇ ਤਹਿਤ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲਾਅ, ਮੈਡੀਕਲ ਅਤੇ ਇੰਜੀਨੀਅਰਿੰਗ ਕੋਰਸਾਂ ਵਿਚ ਪੜ੍ਹਨ ਵਾਲੇ ਲੋੜਵੰਦ ਵਿਦਿਆਰਥੀਆਂ ਨੂੰ ਕਿਤਾਬਾਂ ਆਦਿ ਦੀ ਸਹਾਇਤਾ ਦਿੱਤੀ ਜਾਵੇਗੀ । ਚਲਦੇ ਸਾਲ ਲਈ ਇਸ ਮੰਤਵ ਵਾਸਤੇ 72,000 ਰੁਪਏ ਦਾ ਉਪਬੰਧ ਕੀਤਾ ਗਿਆ ਹੋਇਆ ਹੈ ।

(4) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੁਵਕਾਂ ਨੂੰ ਸਹਾਇਕ ਖੇਤੀ ਬਾੜੀ ਕੋਰਸ ਦੀ ਟਰੇਨਿੰਗ ਦੇਣ ਬਾਰੇ ਸਕੀਮ :—

ਪੰਜਾਬ ਰਾਜ ਦੇ ਖੇਤੀ ਬਾੜੀ ਵਿਭਾਗ ਅਤੇ ਭੂਮੀ ਪਾਲ ਵਿਭਾਗ ਵਿਚ ਸਹਾਇਕ ਖੇਤੀ ਬਾੜੀ ਕੇਡਰ ਵਿਚ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੀ ਰਿਜ਼ਰਵੇਸ਼ਨ ਪੂਰੀ ਨਹੀਂ ਸੀ । ਜਿਸ ਕਰਕੇ ਇਸ ਕੇਡਰ ਵਿਚ ਰਿਜ਼ਰਵੇਸ਼ਨ ਪੂਰੀ ਕਰਨ ਲਈ ਸਰਕਾਰ ਵਲੋਂ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ

[ਸਮਾਜ ਭਲਾਈ ਦੇ ਰਾਜ ਮੰਤਰੀ]

ਵਿਖੇ 55 ਹਰੀਜਨ ਯੁਵਕਾਂ ਨੂੰ ਸਪੈਸ਼ਲ ਟਰੇਨਿੰਗ ਦੇਣ ਦਾ ਪਰੋਗਰਾਮ ਬਣਾਇਆ ਗਿਆ ਹੈ । ਇਸ ਮੰਤਵ ਲਈ 76,000 ਰੁਪਏ ਦੀ ਰਕਮ ਦਾ ਉਪਬੰਧ ਕਰਕੇ ਯੂਨੀਵਰਸਿਟੀ ਨੂੰ ਟਰੇਨਿੰਗ ਚਾਲੂ ਕਰਨ ਵਾਸਤੇ ਭੇਜੀ ਜਾ ਚੁਕੀ ਹੈ ।

ਜਨਰਲ ਫ਼ਸਲੇ

ਇਨ੍ਹਾਂ ਸਕੀਮਾਂ ਤੋਂ ਇਲਾਵਾ ਹਰੀਜਨ ਭਲਾਈ ਲਈ ਹੋਰ ਭੀ ਹੇਠ ਲਿਖੇ ਅਨੁਸਾਰ ਸਾਲ 1972–73 ਤੋਂ ਹੁਣ ਤਾਈਂ ਮਹੱਤਵ ਪੂਰਬਕ ਫ਼ੈਸਲੇ ਕੀਤੇ ਗਏ ਹਨ :—

(1) ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼ਰੇਣੀਆਂ ਲਈ ਨੌਕਰੀਆਂ ਵਿਚ ਭਰਤੀ ਕਰਨ ਲਈ ਰਿਜ਼ਰਵੇਸ਼ਨ 20% ਤੋਂ 25% ਅਨੁਸੂਚਿਤ ਜਾਤੀਆਂ ਲਈ ਅਤੇ 2% ਤੋਂ 5% ਪੱਛੜੀਆਂ ਸ਼ਰੇਣੀਆਂ ਲਈ ਵਧਾਈ ਗਈ ਹੈ ।

(2) ਪੁਲਿਸ ਵਿਭਾਗ ਦੇ ਸਿਪਾਹੀ ਕੇਡਰ ਅਤੇ ਮਾਲ ਵਿਭਾਗ ਦੇ ਪਟਵਾਰੀ ਕੇਡਰ ਵਿਚ ਰਿਜ਼ਰਵੇਸ਼ਨ ਪੂਰੀ ਕਰਨ ਲਈ ਅਨੁਸੂਚਿਤ ਜਾਤੀਆਂ ਲਈ 40% ਅਤੇ ਪਛੜੀਆਂ ਸ਼ਰੇਣੀਆਂ ਲਈ 10% ਨਿਯਤ ਕੀਤੀ ਗਈ ਹੈ ।

(3) ਕਲਾਸ I ਅਤੇ II ਵਿਚ ਜਿਹੜੀ ਤਰੱਕੀਆਂ ਸਮੇਂ ਰਿਜ਼ਰਵੇਸ਼ਨ ਬੰਦ ਕੀਤੀ ਗਈ ਸੀ ਉਹ ਮੁੜ ਸੁਰਜੀਤ ਕੀਤੀ ਗਈ ਅਤੇ ਅਨੁਸੂਚਿਤ ਜਾਤੀਆਂ ਲਈ 14% ਅਤੇ ਪਛੜੀਆਂ ਜਾਤੀਆਂ ਲਈ 2% ਰਿਜ਼ਰਵੇਸ਼ਨ ਕੀਤੀ ਗਈ ਹੈ।

(4) ਪੱਛੜੀਆਂ ਸ਼ਰੇਣੀਆਂ ਦੇ ਕਰਮਚਾਰੀਆਂ ਨੂੰ ਤਰੱਕੀਆਂ ਸਮੇਂ ਜੋ 1,800 ਰੁਪਏ ਸਾਲਾਨਾ ਆਮਦਨੀ ਦੀ 1966 ਵਿਚ ਬੰਦਸ਼ ਲਗਾਈ ਸੀ ਉਹ ਹੁਣ ਹਟਾ ਦਿਤੀ ਗਈ ਹੈ ।

(5) ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼ਰੇਣੀਆਂ ਦੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਵਾਸਤੇ ਆਮਦਨ ਦੀ ਹੱਦ 6,000 ਰੁਪਏ ਸਾਲਾਨਾ ਕੀਤੀ ਗਈ ਹੈ ।

(6) ਪਿੰਡਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼ਰੇਣੀਆਂ ਦੇ ਲੋਕਾਂ ਨੂੰ ਚੌਕੀਦਾਰਾ ਟੈਕਸ ਤੋਂ ਮੁਆਫ਼ੀ ਦਿਤੀ ਗਈ ।

(7) ਪਿੰਡਾਂ ਵਿਚ ਕੰਮ ਕਰਨ ਵਾਲੇ ਖੇਤ ਮਜ਼ਦੂਰਾਂ ਦੀਆਂ ਦਿਹਾੜੀਆਂ ਦੇ ਦਰ ਵਧਾਏ ਗਏ ਹਨ । ਜਿਨ੍ਹਾਂ ਵਿਚ ਜ਼ਿਆਦਾ ਤੌਰ ਤੇ ਹਰੀਜਨ ਕਾਮਿਆਂ ਨੂੰ ਲਾਭ ਪੁੰਹਚਿਆ ਹੈ ।

(8) ਪੰਜਾਬ ਰਾਜ ਵਿਚ ਮੈਡੀਕਲ ਕਾਲਜਾਂ ਵਿਚ ਹੇਰਾ ਫੇਰੀ ਨਾਲ ਜਿਨ੍ਹਾਂ ਗੈਰ ਹਰੀਜਨ ਵਿਦਿਆਰਥੀਆਂ ਨੇ ਹਰੀਜਨ ਹੋਣ ਦੇ ਝੂਠੇ ਸਰਟੀਫ਼ਿਕੇਟ ਪ੍ਰਾਪਤ ਕਰਕੇ ਦਾਖਲਾ ਲੈਣ ਦੀ ਕੋਸ਼ਿਸ਼ ਕੀਤੀ ਸੀ ਜਾਂ ਦਾਖਲਾ ਲਿਆ ਸੀ ਉਨ੍ਹਾਂ ਵਿਰੁੱਧ ਪੜਤਾਲ ਕਰਵਾ ਕੇ ਬਾਰ੍ਹਾਂ ਅਜਿਹੇ ਗੈਰ ਹਰੀਜਨ ਵਿਅਕਤੀਆਂ ਦੇ ਵਿਰੁਧ ਕਾਨੂੰਨੀ ਕਾਰਵਾਈ ਕਰਨ ਲਈ ਕੇਸ ਪੁਲਿਸ ਅਧਿਕਾਰੀਆਂ ਨੂੰ ਘੱਲੇ ਗਏ ।

ਬੀ.ਏ.ਟਰੇਂਡ ਅਧਿਆਪਕਾਂ ਨੂੰ ਬੀ.ਐਡ. ਕਰਨ ਦੀ ਆਗਿਆ

*3035. **ਮਾਸਟਰ ਚੰਦ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਬੀ.ਏ. ਟਰੇਂਡ ਅਧਿਆਪਕਾਂ (ਜੇ.ਬੀ.ਟੀ.ਸੀ.ਐਂਡ ਵੀ.) ਨੂੰ ਬੀ.ਐਡ ਕਲਾਸਾਂ ਵਿਚ ਦਾਖਲ ਹੋਣ ਦੀ ਆਗਿਆ ਹੈ। ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ ?

ਸ੍ਰੀ ਗੁਰਮੇਲ ਸਿੰਘ : ਨਹੀਂ ਜੀ, ਕਿਉਂ ਜੋ ਸਿਖਿਆ ਵਿਭਾਗ ਪਾਸ ਪਹਿਲਾਂ ਹੀ ਬਹੁਤ ਸਾਰੇ ਬੀ.ਐਂਡ ਟਰੇਂਡ ਜੇ.ਬੀ.ਟੀ. ਅਤੇ ਸੀ.ਐਡ. ਵੀ ਟੀਚਰ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਬਣਦੇ ਕੋਟੇ ਅਨੁਸਾਰ ਐਡਜਸਟ ਕਰਨ ਲਈ ਵਿਚਾਰਨਾ ਰਹਿੰਦਾ ਹੈ।

[No. Because there is a large number of B.Ed. trained J.B.T. and C&V Teachers who shall still remain to be considered for adjustment according to their quota.]

ਰਾਜ ਵਿਚ ਸੰਸਕ੍ਰਿਤ ਭਾਸ਼ਾ ਦਾ ਵਿਕਾਸ।

*2929. **ਚੌਧਰੀ ਰਾਮ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਰਕਾਰ ਦੁਆਰਾ ਰਾਜ ਵਿਚ ਸੰਸਕ੍ਰਿਤ ਭਾਸ਼ਾ ਦੇ ਵਿਕਾਸ ਲਈ ਕੀਤੀ ਜਾ ਰਹੀ ਕਾਰਵਾਈ ਦਾ ਵੇਰਵਾ ਕੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾਂਹ ਵਿਚ ਹੋਵੇ, ਤਾਂ ਉਸਦੇ ਕੀ ਕਾਰਨ ਹਨ ?

ਸ੍ਰੀ ਗੁਰਮੇਲ ਸਿੰਘ : (ੳ) (1) ਸੰਸਕ੍ਰਿਤ ਭਾਸ਼ਾ ਦੀ ਤਰੱਕੀ ਲਈ ਸਰਕਾਰ ਵਲੋਂ ਸੰਸਕ੍ਰਿਤ ਵਿਦਿਆਲਾ, ਨਾਭਾ ਅਤੇ ਗੌਰਮਿੰਟ ਇੰਸਟੀਚਿਊਟ ਆਫ਼ ਓਰੀਐਂਟਲ ਐਂਡ ਮਾਡਰਨ ਇੰਡੀਅਨ ਲੈਂਗੂਏਜ, ਪਟਿਆਲਾ, ਚਾਲੂ ਕੀਤੇ ਹੋਏ ਹਨ।

(2) ਪ੍ਰਾਈਵੇਟ ਸੰਸਕ੍ਰਿਤ ਐਫ਼ੀਲੀਏਟਿਡ ਸੰਸਥਾਵਾਂ ਨੂੰ ਸਰਕਾਰ ਵਲੋਂ ਹਰ ਸਾਲ 25,000 ਰੁਪਏ ਦੀ ਗਰਾਂਟ ਦਿੱਤੀ ਜਾਂਦੀ ਹੈ।

(3) ਸੰਸਕ੍ਰਿਤ ਦਾ ਵਿਸ਼ਾ ਸਕੂਲਾਂ ਦੇ ਸਿਲੇਬਸ ਵਿਚ ਅਖ਼ਤਿਆਰੀ ਵਿਸ਼ੇ ਦੇ ਤੌਰ ਤੇ ਲਾਗੂ ਕੀਤਾ ਗਿਆ ਹੈ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

ਦਿਹਾਤੀ ਇਲਾਕਿਆਂ ਨੂੰ ਜਲਦੀ ਬਿਜਲੀ ਦੇਣ ਲਈ ਕੀਤੀ ਗਈ ਕਾਰਵਾਈ

*2985. **ਸ੍ਰੀ ਸਰਦਾਰੀ ਲਾਲ ਕਪੂਰ** : ਕੀ ਲੋਕ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਸਰਕਾਰ ਨੇ ਆਪਣੇ 12 ਨੁਕਾਤੀ ਪ੍ਰੋਗਰਾਮ ਵਿਚ ਐਲਾਨ ਕੀਤੇ ਅਨੁਸਾਰ ਰਾਜ ਵਿਚ ਪਿੰਡਾਂ ਨੂੰ ਜਲਦੀ ਬਿਜਲੀ ਦੇਣ ਲਈ ਕੋਈ ਕਾਰਵਾਈ ਕੀਤੀ ਹੈ;

[ਸ੍ਰੀ ਸਰਦਾਰੀ ਲਾਲ ਕਪੂਰ]

ਜੇਕਰ ਅਜਿਹਾ ਹੋਵੇ ਤਾਂ ਇਸ ਤਰ੍ਹਾਂ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ;

(ਅ) ਰਾਜ ਵਿਚ ਕੁੱਲ ਕਿੰਨਿਆਂ ਪਿੰਡਾਂ ਵਿਚ ਅਜੇ ਤਕ ਬਿਜਲੀ ਦੇਣੀ ਰਹਿੰਦੀ ਹੈ ?

ਸ੍ਰੀ ਖੁਸ਼ਹਾਲ ਬਹਿਲ (ਉਪ ਮੰਤਰੀ, ਘਰੇਲੂ ਉਦਯੋਗ) : (ੳ) ਜੀ ਹਾਂ। ਦਿਹਾਤੀ ਬਿਜਲੀਕਰਨ ਲਈ ਸਰਕਾਰ ਬਿਜਲੀ ਬੋਰਡ ਨੂੰ ਆਪਣੇ ਬਜਟ ਵਿਚੋਂ ਧਨ ਵੀ ਦੇਂਦੀ ਹੈ ਅਤੇ ਦਿਹਾਤੀ ਬਿਜਲੀਕਰਨ ਕਾਰਪੋਰੇਸ਼ਨ, ਨਵੀਂ ਦਿੱਲੀ, ਤੋਂ ਵੀ ਮਾਲੀ ਸਹਾਇਤਾ ਲੈ ਕੇ ਦੇਂਦੀ ਹੈ। ਇਸ ਸਹਾਇਤਾ ਨਾਲ ਰਾਜ ਦੇ ਪਿੰਡਾਂ ਵਿਚ ਬਿਜਲੀ ਦੇਣ ਦਾ ਕੰਮ ਕਾਫ਼ੀ ਅੱਗੇ ਵਧਿਆ ਹੈ।

(ਅ) ਕੁੱਲ 12,188 ਪਿੰਡਾਂ ਵਿਚੋਂ ਨਵੰਬਰ, 1974 ਤਕ 7,270 ਪਿੰਡਾਂ ਨੂੰ ਬਿਜਲੀ ਦਿਤੀ ਜਾ ਚੁਕੀ ਹੈ ਅਤੇ 1,918 ਪਿੰਡ ਰਹਿੰਦੇ ਹਨ।

ਪੰਜਾਬ ਰੋਡਵੇਜ਼ ਵਿਚ ਦੂਹਰੀ ਟਿਕਟ ਸਕੈਂਡਲ

*2949. **ਡਾਕਟਰ ਬਲਦੇਵ ਪ੍ਰਕਾਸ਼** : ਕੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਪੰਜਾਬ ਰੋਡਵੇਜ਼ ਵਿਚ ਇਕ ਦੂਹਰੀ ਟਿਕਟ ਸਕੈਂਡਲ ਸਾਲ,1974 ਦੇ ਦੌਰਾਨ ਸਰਕਾਰ ਦੇ ਧਿਆਨ ਵਿਚ ਆਇਆ ;

(ਅ) ਕੀ ਇਸ ਸਬੰਧੀ ਕਈ ਕੇਸ ਪੁਲਿਸ ਕੋਲ ਦਰਜ ਕਰਵਾਇਆ ਗਿਆ ਅਤੇ ਉਨ੍ਹਾਂ ਵਿਅੱਕਤੀਆਂ, ਜਿਨ੍ਹਾਂ ਦਾ ਇਸ ਵਿਚ ਹੱਥ ਹੈ, ਨੂੰ ਫੜ ਲਿਆ ਗਿਆ ਹੈ ;

(ੲ) ਉਕਤ ਸਕੈਂਡਲ ਕਾਰਨ ਵਿਭਾਗ ਨੂੰ ਲਗ ਭਗ ਕਿੰਨਾ ਨੁਕਸਾਨ ਹੋਇਆ ?

ਸਰਦਾਰ ਦਿਲਬਾਗ ਸਿੰਘ ਡਾਲੇਕੇ (ੳ) ਪੰਜਾਬ ਰੋਡਵੇਜ਼, ਅੰਮ੍ਰਿਤਸਰ ਦੇ ਕੰਡਕਟਰਾਂ ਵਲੋਂ ਜਾਲ੍ਹੀ ਟਿਕਟਾਂ ਦੀ ਵਰਤੋਂ ਦਾ ਇਕ ਕੇਸ ਜੁਲਾਈ,1974 ਵਿਚ ਫੜਿਆ ਗਿਆ ਸੀ।

(ਅ) ਇਹ ਕੇਸ ਅੰਮ੍ਰਿਤਸਰ ਵਿਚ 30 ਜੁਲਾਈ,1974 ਨੂੰ ਪੁਲਿਸ ਕੋਲ ਦਰਜ ਕਰਾਇਆ ਗਿਆ ਸੀ,ਅਤੇ ਤਿੰਨ ਕੰਡਕਟਰ,ਜਿਨ੍ਹਾਂ ਤੇ ਧੋਖਾ ਦੇਣ ਦਾ ਇਲਜ਼ਾਮ ਸੀ, ਨੂੰ ਅਕਤੂਬਰ ਤੇ ਨਵੰਬਰ,1974 ਵਿਚ ਗਿਰਫਤਾਰ ਕੀਤਾ ਗਿਆ ਸੀ।

(ੲ) ਵਿਭਾਗ ਨੂੰ ਹੋਏ ਨੁਕਸਾਨ ਦੀ ਸਹੀ ਰਾਸ਼ੀ ਦਾ ਅੰਦਾਜ਼ਾ ਉਦੋਂ ਤਕ ਨਹੀਂ ਲਗਾਇਆ ਜਾ ਸਕਦਾ; ਜਦ ਤਕ ਕਿ ਪੁਲਿਸ ਇਸ ਕੇਸ ਦੀ ਛਾਣ ਬੀਣ ਪੂਰੀ ਨਹੀਂ ਕਰ ਲੈਂਦੀ। ਫੇਰ ਵੀ ਵੱਖ ਵੱਖ ਕੀਮਤਾਂ ਦੀਆਂ 634—80 ਰੁਪਏ ਦੀ ਰਕਮ ਦੀਆਂ ਜਾਲ੍ਹੀ ਟਿਕਟਾਂ ,ਉਸ ਡਿਪੂ ਦੇ ਕੰਡਕਟਰ ਦੇ ਬਕਸਿਆਂ ਵਿਚੋਂ ਫੜੀਆਂ ਗਈਆਂ ਹਨ।

1973 ਦੇ ਦੌਰਾਨ ਪੰਜਾਬ ਰੋਡਵੇਜ਼ ਵਿਚ ਹੇਰਾ ਫੇਰੀ ਅਤੇ ਚੋਰੀ ਦੇ ਕੇਸ

*2950. **ਡਾਕਟਰ ਬਲਦੇਵ ਪ੍ਰਕਾਸ਼** : ਕੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਾਲ 1974 ਦੇ ਦੌਰਾਨ ਪੰਜਾਬ ਰੋਡਵੇਜ਼ ਦੇ ਗੁਦਾਮਾਂ ਵਿਚ ਕੋਈ ਹੇਰਾ ਫੇਰੀ ਅਤੇ ਚੋਰੀ ਦੇ ਕੁਲ ਕਿੰਨੇ ਕੇਸ ਸਰਕਾਰ ਦੇ ਧਿਆਨ ਵਿਚ ਆਏ ;

(ਅ) ਉਕਤ ਕੇਸਾਂ ਦੇ ਸਿਟੇ ਵਜੋਂ 1974 ਵਿਚ ਰੋਡਵੇਜ਼ ਨੂੰ ਕੁਲ ਕਿੰਨਾਂ ਘਾਟਾ ਹੋਇਆ ;

(ੲ) ਅਜਿਹੇ ਸਾਰੇ ਕੇਸਾਂ ਵਿਚ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) 16

(ਅ) ਰੁਪਏ 18,939

(ੲ) 16 ਕੇਸਾਂ ਵਿਚੋਂ 12 ਕੇਸਾਂ ਦੀਆਂ ਰਿਪੋਰਟਾਂ ਪੁਲਿਸ ਪਾਸ ਦਰਜ ਕਰਵਾ ਦਿੱਤੀਆਂ ਹਨ ਤੇ ਪੁਲਿਸ ਤਫ਼ਤੀਸ਼ ਕਰ ਰਹੀ ਹੈ । ਬਾਕੀ ਦੇ ਚਾਰ ਕੇਸਾਂ ਵਿਚ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ। ਇਨ੍ਹਾਂ ਸਾਰਿਆਂ ਕੇਸਾਂ ਵਿਚ 6 ਕਸੂਰਵਾਰ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਹੋਇਆ ਹੈ ।

Starred Question No. 3007**

(Extension bas been asked for in respect of Statred Question No. 3007).

ਇਕ ਦੁਰਘਟਨਾ ਵਿਚ ਜ਼ਖਮੀ ਹੋਏ ਵਿਅੱਕਤੀਆਂ ਨੂੰ ਨਾ ਦੇਖਣ ਵਿਚ ਕੁਝ ਡਾਕਟਰਾਂ ਦੀ ਕਥਿਤ ਕੋਤਾਹੀ ।

*2948. **ਡਾਕਟਰ ਬਲਦੇਵ ਪ੍ਰਕਾਸ਼** : ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੁਲਿਸ ਰਿਪੋਰਟ ਅਨੁਸਾਰ, ਪਿਛੇ ਜਿਹੇ ਵਾਪਰੀ ਇਕ ਦੁਰਘਟਨਾ ਵਿਚ ਜ਼ਖ਼ਮੀ ਹੋਏ ਵਿਅਕਤੀਆਂ, ਜਿਨ੍ਹਾਂ ਵਿਚ ਇਕ ਮੰਤਰੀ ਦੀ ਧੀ ਅਤੇ ਜਵਾਈ ਸਨ, ਰਾਜ ਵਿਚ ਵੱਖ ਵੱਖ ਹਸਪਤਾਲਾਂ ਵਿਚ ਜਿਥੇ ਉਹ ਦੁਰਘਟਨਾਂ ਤੋਂ ਬਾਅਦ ਲਿਜਾਏ ਗਏ, ਕੋਈ ਇਲਾਜ ਨਾ ਕੀਤਾ ਗਿਆ; ਜੇਕਰ ਅਜਿਹਾ ਹੋਵੇ, ਤਾਂ ਉਸ ਸਮੇਂ ਡਿਊਟੀ ਤੇ ਕੋਤਾਹੀ ਕਰਨ ਵਾਲੇ ਡਾਕਟਰਾਂ ਵਿਰੁੱਧ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ ?

ਸਰਦਾਰ ਬਲਬੀਰ ਸਿੰਘ : ਪੁਲਿਸ ਨੇ ਸਿਹਤ ਵਿਭਾਗ ਨੂੰ ਅਜਿਹੀ ਕੋਈ ਰਿਪੋਰਟ ਨਹੀਂ ਕੀਤੀ ਹੈ । ਫਿਰ ਵੀ ਕੋਤਾਹੀ ਕਰਨ ਵਾਲੇ ਕੁਝ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ । ਅਤੇ ਉਹਨਾਂ ਵਿਰੁਧ ਅਨੁਸ਼ਾਸਨਕ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਕੁਝ ਬਾਬਤ ਪੁਛਗਿਛ ਜਾਰੀ ਹੈ ।

ਫਰੀਦਕੋਟ ਵਿਚ ਵਾਟਰ ਵਰਕਸ ਸਹੂਲਤਾਂ ਉਪਲਬਧ ਕਰਨਾ

*3010. **ਸਰਦਾਰ ਗੁਰਦੇਵ ਸਿੰਘ ਬਾਦਲ** : ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਫ਼ਰੀਦਕੋਟ ਵਿਚ ਥਲ ਪਾਣੀ, ਪੀਣ ਲਈ ਠੀਕ ਨਹੀਂ ਹੈ ਅਤੇ ਇਸ ਨਾਲ ਉਸ ਇਲਾਕੇ ਵਿਚ ਰੋਗ ਪੈਦਾ ਹੋ ਗਏ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਉਥੇ ਵਾਟਰ ਵਰਕਸ ਸਹੂਲਤਾਂ ਉਪਲੱਬਧ ਕਰਨ ਦਾ ਪ੍ਰਸਤਾਵ ਰਖਦੀ ਹੈ , ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**For Starred Question No.3007 and reply thereto, please *see* appendix to this Debate.

ਸਰਦਾਰ ਬਲਬੀਰ ਸਿੰਘ : (ੳ) ਹਾਂ ਜੀ, ਇਹ ਠੀਕ ਹੈ ਕਿ ਫ਼ਰੀਦਕੋਟ ਦੇ ਜ਼ਿਲ੍ਹੇ ਵਿਚ ਕਿਧਰੇ ਕਿਧਰੇ ਜ਼ਮੀਨ ਹੇਠਲਾ ਪਾਣੀ ਖਾਰਾ ਹੈ ਜਾਂ ਫ਼ਲੋਰਾਈਡ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਪਾਣੀ ਪੀਣ ਯੋਗ ਨਹੀਂ । ਇਸ ਕਾਰਨ ਫ਼ਰੀਦਕੋਟ ਇਲਾਕੇ ਵਿਚ ਕਿਤੇ ਕਿਤੇ ਫਲੋਰੋਸਿਸ ਨਾਂ ਦੀ ਬਿਮਾਰੀ ਦਾ ਪਤਾ ਲਗਾ ਹੈ । ਪਰ ਇਹ ਬੀਮਾਰੀ ਉਥੇ ਚਿੰਤਾਜਨਕ ਰੂਪ ਵਿਚ ਨਹੀਂ ਹੈ ।

(ਅ) ਹੁਣ ਤਕ ਕੀਤੀ ਗਈ ਸਰਵੇ ਅਨੁਸਾਰ ਫ਼ਰਦੀਕੋਟ ਜ਼ਿਲ੍ਹੇ ਦੇ 440 ਪਿੰਡ ਹਨ , ਜਿਨ੍ਹਾਂ ਦਾ ਪਾਣੀ ਪੀਣ ਯੋਗ ਨਹੀਂ । ਇਨ੍ਹਾਂ ਵਿਚੋਂ ਸਤੰਬਤ, 74 ਦੇ ਅੰਤ ਤਕ 55 ਪਿੰਡਾਂ ਵਿਚ ਸਾਫ਼ ਅਤੇ ਕੀਟਾਣੂ ਰਹਿਤ ਪਾਣੀ ਵਾਟਰ ਸਪਲਾਈ ਸਕੀਮਾਂ ਦੁਆਰਾ ਸਪਲਾਈ ਕੀਤਾ ਰਿਹਾ ਹੈ ਅਤੇ 52 ਹੋਰ ਪਿੰਡਾਂ ਵਿਚ ਸਕੀਮਾਂ ਚਾਲੂ ਹਨ ।

ਇਨ੍ਹਾਂ ਸਾਰੇ 440 ਪਿੰਡਾਂ ਵਿਚ ਛਵੇਂ ਪੰਜ ਸਾਲਾ ਪਲੈਨ ਦੇ ਅੰਤ ਤਕ ਸਾਫ਼ ਪਾਣੀ ਦੀ ਸਪਲਾਈਜ਼ ਦਾ ਪ੍ਰਬੰਧ ਕੀਤੇ ਜਾਣ ਦੀ ਆਸ ਹੈ ।

ਰਾਜ ਵਿਚ ਦਹੇਜ ਪ੍ਰਥਾ ਤੇ ਪਾਬੰਦੀਆਂ ਲਗਾਉਣ ਦੀ ਤਜਵੀਜ਼

*2930. **ਚੌਧਰੀ ਰਾਮ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਰਾਜ ਵਿਚ ਦਹੇਜ ਦੀ ਪ੍ਰਥਾ ਤੇ ਪਾਬੰਦੀਆਂ ਲਗਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ ?

ਕੁਮਾਰੀ ਸਰਲਾ ਪਰਾਸ਼ਰ (ਰਾਜ ਮੰਤਰੀ ਸਮਾਜ ਭਲਾਈ) : ਨਹੀਂ ਜੀ, ਕਿਉਂਕਿ The Dowery Prohibition Act, 1961 ਮਿਤੀ 1 ਜੁਲਾਈ 1961 ਤੋਂ ਸਾਰੇ ਭਾਰਤ ਵਿਚ, ਪਹਿਲਾਂ ਤੋਂ ਹੀ ਲਾਗੂ ਹੈ ਇਸ ਲਈ ਪੰਜਾਬ ਵਿਚ ਇਕ ਅਲੱਗ ਕਾਨੂੰਨ ਬਨਾਉਣ ਦੀ ਕੋਈ ਲੋੜ ਨਹੀਂ ।

ਨਵੰਬਰ-ਦਸੰਬਰ, 1974 ਦੇ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਪੰਜਾਬ ਰਾਜ ਬਿਜਲੀ ਬੋਰਡ ਦੇ ਕੁਝ ਦਫ਼ਤਰਾਂ ਅਤੇ ਬਿਜਲੀ ਘਰਾਂ ਦਾ ਘਿਰਾਉ

*3016. **ਕਾਮਰੇਡ ਰਾਜ ਕੁਮਾਰ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ —

(ੳ) ਕੀ ਨਵੰਬਰ—ਦਸੰਬਰ 1974, ਦੇ ਮਹੀਨਿਆਂ ਦੇ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਕਿਸਾਨਾਂ ਦੁਆਰਾ ਪੰਜਾਬ ਰਾਜ ਬਿਜਲੀ ਬੋਰਡ ਦੇ ਕੁਝ ਦਫ਼ਤਰਾਂ/ਬਿਜਲੀ ਘਰਾਂ ਦਾ ਘਿਰਾਉ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਘੇਰੇ ਗਏ ਦਫ਼ਤਰਾਂ/ਬਿਜਲੀ ਘਰਾਂ ਦੇ ਨਾਮ ਕੀ ਕੀ ਹਨ ਅਤੇ ਹਰ ਇਕ ਜਗ੍ਹਾ ਤੇ ਕਿੰਨੀ ਕਿੰਨੀ ਦੇਰ ਤਕ ਘਿਰਾਉ ਰਿਹਾ ;

(ਅ) ਕੀ ਉਕਤ ਜ਼ਿਲ੍ਹੇ ਵਿਚ ਬੋਰਡ ਦੇ ਘੇਰੇ ਗਏ ਕਿਸੇ ਦਫ਼ਤਰ ਜਾਂ ਬਿਜਲੀ ਘਰ ਜਾਂ ਦਫ਼ਤਰਾਂ/ਬਿਜਲੀ ਘਰਾਂ ਤੇ ਕਿਸਾਨਾਂ ਦੀਆਂ ਗਿਰਫ਼ਤਾਰੀਆਂ ਕੀਤੀਆਂ ਗਈਆਂ ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਹੁਣ ਤਕ ਗਿਰਫ਼ਤਾਰ ਕੀਤੇ ਹੋਏ ਵਿਅਕਤੀਆਂ ਦੀ ਮਿਤੀਵਾਰ ਅਤੇ ਸਥਾਨਵਾਰ ਗਿਣਤੀ ਕਿੰਨੀ ਹੈ ਅਤੇ ਗਿਰਫ਼ਤਾਰ ਕੀਤੇ ਗਏ ਵਿਅਕਤੀਆਂ ਦੁਆਰਾ ਕੀਤੇ ਗਏ ਕਥਿਤ ਜੁਰਮ ਕਿਸ ਕਿਸਮ ਦੇ ਸਨ ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ । ਪਾਵਰ ਹਾਊਸ ਧਾਰੀਵਾਲ ,ਗੁਰਦਾਸਪੁਰ ਤੇ ਕਲਾਨੌਰ ਜਿਥੇ ਬਿਜਲੀ ਬੋਰਡ ਦੇ ਸਥਾਨਕ ਦਫ਼ਤਰ ਭੀ ਹਨ । ਹਰ ਘਿਰਾਓ ਦਾ ਸਮਾਂ ਕੋਈ ਲਗਭਗ ਅੱਧ ਘੰਟਾ ਸੀ ।

(ਅ) ਹਾਂ ਜੀ ।

(ੲ) ਗ੍ਰਿਫ਼ਤਾਰ ਕੀਤੇ ਬੰਦਿਆ ਦੀ ਗਿਣਤੀ ਅਤੇ ਜੁਰਮਾਂ ਬਾਰੇ ਸੂਚਨਾਂ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਪਾਵਰ ਹਾਊਸ ਅਤੇ ਦਫ਼ਤਰਾਂ ਦੇ ਘਿਰਾਓ ਕਾਰਨ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਅਤੇ ਜੁਰਮਾਂ ਦੀ ਸੂਚੀ :—

ਮਿਤੀ	ਸਥਾਨ	ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਗਿਣਤੀ	
		ਪੱਕੇ ਕਾਨੂੰਨ ਅਧੀਨ	ਹਿਫ਼ਾਜ਼ਤੀ ਕਾਨੂੰਨ ਅਧੀਨ
		ਅਧੀਨ ਧਾਰਾ 342–353–186–506–109–120/ਬੀ	107/151 ਸੀ.ਆਰ.ਪੀ.ਸੀ.
6–11–74	ਧਾਰੀਵਾਲ	ਨਿੱਲ	2
6–11–74	ਗੁਰਦਾਸਪੁਰ	,,	3
6–11–74	ਕਲਾਨੌਰ	,,	4
7–11–74	ਧਾਰੀਵਾਲ	,,	4
8–11–74	ਧਾਰੀਵਾਲ	,,	3
9–11–74	ਗੁਰਦਾਸਪੁਰ	,,	2
10–11–74	ਗੁਰਦਾਸਪੁਰ	,,	10
17–11–74	ਧਾਰੀਵਾਲ	,,	6
18–11–74	ਧਾਰੀਵਾਲ	,,	5
19–11–74	ਧਾਰੀਵਾਲ	,,	5
20–11–74	ਧਾਰੀਵਾਲ	,,	5
21–11–74	ਧਾਰੀਵਾਲ	,,	5
22–11–74	ਧਾਰੀਵਾਲ	,,	5
1–12–74	ਧਾਰੀਵਾਲ	4	ਨਿੱਲ
6–12–74	ਧਾਰੀਵਾਲ	33	ਨਿੱਲ

[ਮੁੱਖ ਮੰਤਰੀ]

ਮਿਤੀ	ਸਥਾਨ	ਗ੍ਰਿਫ਼ਤਾਰ ਕੀਤੇ ਵਿਅੱਕਤੀਆਂ ਦੀ ਗਿਣਤੀ	
		ਪੱਕੇ ਕਾਨੂੰਨ ਅਧੀਨ	ਹਿਫ਼ਾਜ਼ਤੀ ਕਾਨੂੰਨ ਅਧੀਨ
		ਅਧੀਨ ਧਾਰਾ 342-353-186-106-109-120-ਬੀ	107/151 ਸੀ.ਆਰ.ਪੀ.ਸੀ.
7-12-74	ਧਾਰੀਵਾਲ	ਨਿੱਲ	16
8-12-74	ਧਾਰੀਵਾਲ	,,	40
9 12-74	ਧਾਰੀਵਾਲ	,,	11
10-12-74	ਧਾਰੀਵਾਲ	,,	10
11-12-74	ਧਾਰੀਵਾਲ	,,	22
13-12-74	ਧਾਰੀਵਾਲ	,,	28
15-12-74	ਧਾਰੀਵਾਲ	,,	58
15-12-74	ਗੁਰਦਾਸਪੁਰ	,,	1
16-12-74	ਧਾਰੀਵਾਲ	,,	11
17-12-74	ਧਾਰੀਵਾਲ	,,	54
18-12-74	ਧਾਰੀਵਾਲ	,,	36
19-12-74	ਧਾਰੀਵਾਲ	,,	24
20-12-74	ਧਾਰੀਵਾਲ	,,	16
20-12-74	ਗੁਰਦਾਸਪੁਰ	,,	23
23-12-74	ਧਾਰੀਵਾਲ	160	ਨਿੱਲ
	ਜੋੜ	197	ਜੋੜ 409

STARRED QUESTION No 2984**

(Extension has been asked for in respect of Starred Question No. 2984.)

ਪਿੰਡ ਮਲਕਪੁਰ ਕੰਬੋਆ, ਜ਼ਿਲ੍ਹਾ ਪਟਿਆਲਾ, ਵਿਚ ਜ਼ਮੀਨ ਦੇ ਕੁਝ ਰਕਬੇ ਤੇ ਕਥਿਤ ਤੌਰ ਤੇ ਜ਼ਬਰੀ ਵਾਹੀ ਕਰਨ ਸਬੰਧੀ ਵਿਧਾਇਕਾਂ ਵਲੋਂ ਕਮਿਸ਼ਨਰ, ਪਟਿਆਲਾ ਡਿਵੀਜ਼ਨ, ਅਤੇ ਡਿਪਟੀ ਕਮਿਸ਼ਨਰ, ਪਟਿਆਲਾ, ਨੂੰ ਮਿਲੀਆਂ ਤਾਰਾਂ ।

*2999. ਸਰਦਾਰ ਸੁਰਜੀਤ ਸਿੰਘ ਸਿੱਧੂ : ਕੀ ਮਾਲ ਅਤੇ ਚੋਣਾਂ ਦੇ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ —

(ੳ) ਕੀ ਸਤੰਬਰ/ਅਕਤੂਬਰ, 1974 ਦੇ ਦੌਰਾਨ ਕਮਿਸ਼ਨਰ, ਪਟਿਆਲਾ ਡਿਵੀਜ਼ਨ, ਪਟਿਆਲਾ, ਡਿਪਟੀ ਕਮਿਸ਼ਨਰ ਪਟਿਆਲਾ, ਅਤੇ ਐਸ. ਡੀ. ਐਮ.

**For Starred Question No. 2984 and reply thereto please *see* Appendix to this Debates.

ਪਟਿਆਲਾ, ਨੂੰ ਕੁਝ ਵਿਧਾਇਕਾਂ ਵਲੋਂ ਤਾਰਾਂ ਮਿਲੀਆਂ ਜੋ ਪਿੰਡ ਮਲਕਪੁਰ ਕੰਬੋਆ, ਸਬ-ਤਹਿਸੀਲ ਦੂਦਾ ਸੱਦਾਂ, ਜ਼ਿਲ੍ਹਾ ਪਟਿਆਲਾ, ਵਿਚ ਨੱਥਾ ਅਤੇ ਦੂਜਿਆਂ ਦੁਆਰਾ ਪਟਵਾਰੀ ਅਤੇ ਨਾਇਬ ਤਹਿਸੀਲਦਾਰਾਂ ਨਾਲ ਕਥਿਤ ਤੌਰ ਤੇ ਮਿਲ ਕੇ ਜ਼ਮੀਨ ਮਾਲਕਾਂ ਦੀ ਜ਼ਮੀਨ ਦੇ ਕੁਝ ਹਿੱਸੇ ਤੇ ਜਬਰੀ ਵਾਹੀ ਕਰਨ ਬਾਰੇ ਸਨ; ਜੇਕਰ ਅਜਿਹਾ ਹੋਵੇ ਤਾਂ ਵਿਧਾਇਕਾਂ ਦੇ ਨਾਂ ਕੀ ਕੀ ਹਨ ਅਤੇ ਇਹ ਤਾਰਾਂ ਕਿਸ ਕਿਸ ਤਾਰੀਕ ਨੂੰ ਮਿਲੀਆਂ ਸਨ ;

(ਅ) ਮਾਮਲੇ ਵਿਚ ਉਕਤ ਹਰ ਇਕ ਅਫਸਰ ਦੁਆਰਾ ਕੀ ਕਾਰਵਾਈ ਕੀਤੀ ਗਈ;

(ੲ) ਕੀ ਇਹ ਵੀ ਠੀਕ ਹੈ ਕਿ ਸਬੰਧਤ ਨਾਇਬ ਤਹਿਸੀਲਦਾਰ ਅਤੇ ਪਟਵਾਰੀ ਨੇ ਨਾਂ ਤਾਂ ਕਾਨੂੰਨ ਭੰਗ ਕਰਨ ਵਾਲੇ ਵਿਅੱਕਤੀਆਂ ਵਿਰੁੱਧ ਆਪਣੇ ਆਪ ਕੋਈ ਕਾਰਵਾਈ ਕੀਤੀ, ਨਾ ਹੀ ਉਦੋਂ ਤੱਕ ਇਸ ਬਾਰੇ ਸਬੰਧਤ ਅਧਿਕਾਰੀਆਂ ਨੂੰ ਦੱਸਿਆ ਜਦੋਂ ਤਕ ਇਸ ਨੂੰ ਵਿਧਾਇਕਾਂ ਜਾਂ ਜ਼ਮੀਨ ਮਾਲਕਾਂ ਦੁਆਰਾ ਉੱਚ-ਅਧਿਕਾਰੀਆਂ ਦੇ ਨੋਟਿਸ ਵਿਚ ਨਹੀਂ ਲਿਆਂਦਾ ਗਿਆ। ਜੇਕਰ ਅਜਿਹਾ ਹੋਵੇ; ਤਾਂ ਸਰਕਾਰ ਦੁਆਰਾ ਕਸੂਰਵਾਰ ਅਫਸਰਾਂ/ਕਰਮਚਾਰੀਆਂ ਵਿਰੁੱਧ ਕੀ ਕਾਰਵਾਈ ਕੀਤੀ ਗਈ; ਜੇਕਰ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਉਮਰਾਓ ਸਿੰਘ : (ੳ) ਜੀ, ਹਾਂ ਕੇਵਲ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ, ਪਟਿਆਲਾ ਨੂੰ ਤਾਰਾਂ ਮਿਲੀਆਂ। ਕਮਿਸ਼ਨਰ, ਪਟਿਆਲਾ, ਨੂੰ ਇਕ ਤਾਰ ਸ੍ਰੀ ਰਣਧੀਰ ਸਿੰਘ ਚੀਮਾਂ, ਐਮ.ਐਲ.ਏ., ਵਲੋਂ ਮਿਤੀ 22 ਅਕਤੂਬਰ, 1974 ਨੂੰ ਅਤੇ ਦੂਜੀ ਸ੍ਰੀ ਗੁਰਦੇਵ ਸਿੰਘ, ਐਮ.ਐਲ.ਏ. ਮਿਤੀ 24 ਅਕਤੂਬਰ, 1974 ਨੂੰ ਮਿਲੀ ਅਤੇ ਡੀ.ਸੀ. ਪਟਿਆਲਾ, ਨੂੰ ਵੀ ਸ੍ਰੀ ਰਣਧੀਰ ਸਿੰਘ, ਐਮ.ਐਲ.ਏ. ਵਲੋਂ ਇਕ ਤਾਰ ਮਿਤੀ 22 ਅਕਤੂਬਰ, 1974 ਨੂੰ ਮਿਲੀ।

(ਅ) ਕਮਿਸ਼ਨਰ, ਪਟਿਆਲਾ, ਨੇ ਤਾਰਾਂ ਤੁਰੰਤ ਰਿਪੋਰਟ ਲਈ ਡਿਪਟੀ ਕਮਿਸ਼ਨਰ, ਪਟਿਆਲਾ, ਨੂੰ ਭੇਜ ਦਿਤੀਆਂ ਅਤੇ ਡੀ.ਸੀ. ਨੇ ਜਾਂਚ ਲਈ ਐਸ.ਡੀ.ਐਮ., ਪਟਿਆਲਾ ਨੂੰ ਭੇਜ ਦਿਤੀਆਂ।

(ੲ) ਜੀ ਨਹੀਂ। ਇਹ ਠੀਕ ਨਹੀਂ।

Starred Question No. 3018.**

[Extension has been asked for in respect of Starred Question No. 3018.]

1974 ਦੇ ਦੌਰਾਨ ਨਿਊਇਜਰਟਨ ਵੂਲਨ ਮਿਲਜ਼, ਧਾਰੀਵਾਲ, ਦੇ ਕਾਮਿਆਂ ਦੀ ਛਾਂਟੀ ਅਤੇ ਜਬਰੀ ਛੁੱਟੀ ਦੇਣਾ

*3015. **ਕਾਮਰੇਡ ਰਾਜ ਕੁਮਾਰ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ —

(ੳ) ਕੀ ਸਾਲ 1974 ਦੇ ਦੌਰਾਨ ਨਿਊਇਜਰਟਨ ਵੂਲਨ ਮਿਲਜ਼, ਧਾਰੀਵਾਲ ਦੇ ਬਹੁਤ ਸਾਰੇ ਕਾਮਿਆਂ ਦੀ ਛਾਂਟੀ ਕੀਤੀ ਗਈ ਅਤੇ ਜ਼ਬਰੀ ਛੁਟੀ ਦਿੱਤੀ ਗਈ; ਜੇਕਰ ਅਜੇਹਾ ਹੋਵੇ ਤਾਂ ਛਾਂਟੀ ਕੀਤੇ ਗਏ ਅਤੇ ਜ਼ਬਰੀ ਛੁੱਟੀ ਭੇਜੇ ਗਏ ਕਾਮਿਆਂ ਦੀ ਮਾਹਵਾਰ ਗਿਣਤੀ ਕਿੰਨੀ ਹੈ ;

***For* Starred Question No. 3018 and reply thereto please *see* Appendix to this Debates.

[ਕਾਮਰੇਡ ਰਾਜ ਕੁਮਾਰ]

(ਅ) ਇਸ ਕੀਤੀ ਗਈ ਛਾਂਟੀ ਅਤੇ ਜਬਰੀ ਛੁੱਟੀ ਦੇ ਕਾਰਨ ਮੈਨੇਜਮੈਂਟ ਦੁਆਰਾ ਕੀ ਦੱਸੇ ਗਏ ਅਤੇ ਕਰਮਕਾਰਾਂ ਦੀ ਯੂਨੀਅਨਾਂ ਵਲੋਂ ਇਸ ਵਿਸ਼ੇ ਤੇ ਮੈਨੇਜਮੈਂਟ ਦੀ ਪੋਜ਼ੀਸ਼ਨ ਤੇ ਕੀ ਵਿਚਾਰ ਪ੍ਰਗਟ ਕੀਤੇ ਗਏ ;

(ੲ) ਉਕਤ ਕਾਮਿਆਂ ਦੀ ਛਾਂਟੀ ਅਤੇ ਜ਼ਬਰੀ ਛੁੱਟੀ ਕੀਤੇ ਜਾਣ ਕਾਰਨ ਉਨ੍ਹਾਂ ਨੂੰ ਵਿਹਲੇ ਬਿਤਾਉਣ ਵਾਲੀਆਂ ਮੁਸ਼ਕਲਾਂ ਨੂੰ ਹਲ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਸ੍ਰੀ ਹੰਸ ਰਾਜ ਸ਼ਰਮਾ : ਸਾਲ 1974 ਦੇ ਦੌਰਾਨ ਨਵੰਬਰ, ਮਹੀਨੇ ਵਿਚ 567 ਅਤੇ ਦਸੰਬਰ ਮਹੀਨੇ ਵਿਚ 629 ਕਿਰਤੀਆਂ ਨੂੰ ਬਿਜਲੀ ਅਤੇ ਕੋਲੇ ਦੀ ਕਮੀ ਕਾਰਨ ਜ਼ਬਰੀ ਛੁੱਟੀ ਕੀਤੀ ਗਈ । ਸਾਲ 1974 ਵਿਚ ਕਿਸੇ ਕਿਰਤੀ ਦੀ ਛਾਂਟੀ ਨਹੀਂ ਕੀਤੀ ਗਈ ।

(ਅ) ਮੈਨੇਜਮੈਂਟ ਨੇ ਕਿਰਤੀਆਂ ਦੀ ਜ਼ਬਰੀ ਛੁੱਟੀ ਬਿਜਲੀ ਅਤੇ ਕੋਲੇ ਦੀ ਕਮੀ ਕਾਰਨ ਕੀਤੀ ਦੱਸੀ ਹੈ । ਯੂਨੀਅਨ ਨੇ ਇਸ ਦਾ ਕਾਰਨ ਬਿਜਲੀ ਦੀ ਕਮੀ ਦੱਸੀ ਹੈ ।

(ੲ) ਕੋਲੇ ਦੀ ਕਮੀ ਬਾਰੇ ਖੁਰਾਕ ਅਤੇ ਸਪਲਾਈ ਵਿਭਾਗ, ਪੰਜਾਬ ਨੂੰ ਅਤੇ ਤਾਲਮੇਲ ਅਫ਼ਸਰ, ਕਲਕੱਤਾ ਨੂੰ ਪਹੁੰਚ ਕੀਤੀ ਗਈ ਕਿ ਮੈਨੇਜਮੈਂਟ ਨੂੰ ਕੋਲੇ ਦੀ ਸਪਲਾਈ ਪੂਰੀ ਦਿਤੀ ਜਾਵੇ । ਬਿਜਲੀ ਦੀ ਆਮ ਘਾਟ ਵਾਸਤੇ ਸਰਕਾਰ ਬਿਜਲੀ ਉਤਪਾਦਨ ਦੀਆਂ ਸਕੀਮਾਂ ਨੂੰ ਪਰਮ ਅਗੇਤ ਦੇ ਰਹੀ ਹੈ ਅਤੇ ਕਾਰਖਾਨੇਦਾਰਾਂ ਨੂੰ ਜਨਰੇਟਿੰਗ ਸੈਟ ਲਗਾਉਣ ਲਈ ਅਨੁਦਾਨ ਭੀ ਦੇ ਰਹੀ ਹੈ ।

ਲੁਧਿਆਣਾ ਅਤੇ ਬਠਿੰਡਾ ਵਿਚ ਸ਼ੁਰੂ ਕੀਤੇ ਗਏ ਮਿਲਕ ਪਲਾਂਟ

*3019. **ਸ੍ਰੀ ਪਿਆਰਾ ਰਾਮ ਧੰਨੋਵਾਲੀ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਲੁਧਿਅਣਾ ਅਤੇ ਬਠਿੰਡਾ ਮਿਲਕ ਪਲਾਂਟਾਂ ਨੇ ਜਨਤਾ ਦੀ ਵਰਤੋਂ ਲਈ ਕਿਸ ਕਿਸ ਮਿਤੀ ਨੂੰ ਦੁੱਧ ਪੈਦਾ ਕਰਨਾ ਸ਼ੁਰੂ ਕੀਤਾ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਦੋਵੇਂ ਪਲਾਂਟਾਂ ਤੋਂ ਲਾਭ ਹੋ ਰਿਹਾ ਹੈ ਜਾਂ ਨੁਕਸਾਨ ?

ਸ੍ਰੀ ਗੁਰਮੇਲ ਸਿੰਘ : (ੳ) ਦੁੱਧ ਪਲਾਂਟ, ਲੁਧਿਆਣਾ, ਅਤੇ ਬਠਿੰਡਾ ਨਵੰਬਰ, 1973 ਅਤੇ ਨਵੰਬਰ, 1974 ਕਰਮਵਾਰ ਤੋਂ ਅਜ਼ਮਾਇਸ਼ੀ ਤੌਰ ਤੇ ਚਾਲੂ ਕੀਤੇ ਗਏ ।

(ਅ) ਦੁਧ ਪਲਾਂਟ, ਲੁਧਿਆਣਾ, ਨੂੰ ਵਿੱਤੀ ਸਾਲ 1973–74 ਵਿਚ 15,16,069/–ਰੁਪਏ ਦਾ (ਅਨ ਅੰਤਮ) ਘਾਟਾ ਪਿਆ ਜਦ ਕਿ ਦੋਵੇਂ ਪਲਾਂਟਾ ਦੀ ਸਥਿਤੀ ਵਿਤੀ ਸਾਲ 1974–75 ਦੇ ਖ਼ਤਮ ਹੋਣ ਤੇ ਪਤਾ ਲਗੇਗੀ ।

UNSTARRED QUESTIONS AND ANSWERS

1973-74 ਅਤੇ 1974-75 ਵਿਚ ਦਿਤੀਆਂ ਗਈਆਂ ਬੁਢਾਪਾ ਵਿਧਵਾ ਪੈਨਸ਼ਨਾਂ

932. **ਸ਼੍ਰੀ ਗੁਰਦਿਆਲ ਸੈਣੀ** : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਰਾਜ ਵਿਚ ਸਾਲ 1973–74 ਅਤੇ 1974–75 ਦੇ ਦੌਰਾਨ ਹੁਣ ਤੀਕ ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਲਈ ਵੱਖ ਵੱਖ ਕਿੰਨੀਆਂ ਕਿੰਨੀਆਂ ਦਰਖ਼ਾਸਤਾਂ ਸਰਕਾਰ ਨੂੰ ਮਿਲੀਆਂ ਅਤੇ ਅਜਿਹੇ ਕਿੰਨੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ ;

(ਅ) ਉਕਤ ਸਮੇਂ ਦੇ ਦੌਰਾਨ ਜ਼ਿਲ੍ਹਾ ਜਲੰਧਰ ਤੋਂ ਹਰ ਇਕ ਕੇਸ ਵਿਚ ਅਜਿਹੀਆਂ ਕਿੰਨੀਆਂ ਦਰਖ਼ਾਸਤਾਂ ਮਿਲੀਆਂ ਅਤੇ ਇਨ੍ਹਾਂ ਦੋ ਸਾਲਾਂ ਵਿਚ ਕਿੰਨੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ ?

ਕੁਮਾਰੀ ਸਰਲਾ ਪਰਾਸ਼ਰ : (ੳ) ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਲਈ ਵੱਖ ਵੱਖ ਪ੍ਰਾਪਤ ਹੋਈਆਂ ਦਰਖਾਸਤਾਂ ਦੀ ਗਿਣਤੀ :—

	ਸਾਲ 1973–1974	ਸਾਲ 1974–75 ਵਿਚ 30 ਅਕਤੂਬਰ, 1974 ਤੱਕ ।
ਬੁਢਾਪਾ ਪੈਨਸ਼ਨ	9,425	9,449
ਵਿਧਵਾ ਪੈਨਸ਼ਨ	2,351	2,989
ਨਿਪਟਾਰਾ ਕੀਤੀਆਂ ਦਰਖ਼ਾਸਤਾਂ ਦੀ ਗਿਣਤੀ :		
ਬੁਢਾਪਾ ਪੈਨਸ਼ਨ	5,727	1,914
ਵਿਧਵਾ ਪੈਨਸ਼ਨ	1,418	221

(ਅ) ਜ਼ਿਲ੍ਹੇ ਵਾਰ ਦਰਖ਼ਾਸਤਾਂ ਪ੍ਰਾਪਤ ਹੋਣ ਸਬੰਧੀ ਪਹਿਲਾਂ ਕੋਈ ਰਿਕਾਰਡ ਨਹੀਂ ਰਖਿਆ ਜਾਂਦਾ ਸੀ । ਹੁਣ ਜ਼ਿਲ੍ਹੇ ਵਾਰ ਮਹਿਕਮੇ ਨੂੰ ਰਿਕਾਰਡ ਰਖਣ ਲਈ ਹੁਕਮ ਦਿੱਤਾ ਗਿਆ ਹੈ । 1 ਅਪਰੈਲ, 1973 ਤੋਂ 31 ਅਕਤੂਬਰ,1974 ਤਕ ਜਲੰਧਰ ਜ਼ਿਲ੍ਹੇ ਦੇ 849 ਵਿਅੱਕਤੀਆਂ ਨੂੰ ਬੁਢਾਪਾ ਪੈਨਸ਼ਨ ਅਤੇ 284 ਵਿਧਵਾ ਔਰਤਾਂ ਨੂੰ ਵਿਧਵਾ ਪੈਨਸ਼ਨ ਮਨਜ਼ੂਰ ਕੀਤੀ ਜਾ ਚੁਕੀ ਹੈ ।

UNSTARRED QUESTION No. 933.

[Extension has been asked for in respect of Unstarred Question No. 933.]

ਵਿਸ਼ਾ : ਵਿਧਾਨ ਸਭਾ ਅਨਸਟਾਰਡ ਸਵਾਲ ਨੰ: 933 ਵਲੋਂ ਕਾਮਰੇਡ ਸੱਤ ਪਾਲ ਡਾਂਗ, ਐਮ.ਐਲ.ਏ. ਬਾਬਤ ਪੰਜਾਬ ਅਤੇ ਪੈਪਸੂ ਕਾਨੂੰਨ ਅਧੀਨ ਉਪ ਮੰਡਲ ਵਾਰ ਹੁਣ ਤਕ ਜ਼ਮੀਨ ਦਾ ਕਿਤਨਾ ਰਕਬਾ ਵਾਧੂ ਕਰਾਰ ਦਿੱਤਾ ਗਿਆ ਹੈ ।

[ਸ੍ਰੀ ਸਪੀਕਰ]

ਸਭਾ ਦੇ ਅਨਸਟਾਰਡ ਸਵਾਲ ਨੰ: 933 ਜੋ ਕਿ 16 ਜਨਵਰੀ, 1973 ਲਈ ਸ੍ਰੀ ਸੱਤ ਪਾਲ ਡਾਂਗ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

2. ਸਬੰਧਤ ਸੂਚਨਾਂ ਇਕਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ–
ਉਮਰਾਓ ਸਿੰਘ,
ਮਾਲ ਮੰਤਰੀ, ਪੰਜਾਬ ।

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗੋ:ਸਪ: ਨੰ: 416-ਭਸ-4-75/1649 ਚੰਡੀਗੜ੍ਹ, ਮਿਤੀ 15 ਜਨਵਰੀ, 1975 ।

Unstarred Question No. 934.

[Extension has been asked for in respect of Unstarred Question No. 934.]

ਵਿਸ਼ਾ:–ਅਨਸਟਾਰਡ ਸਵਾਲ ਨੰ: 934 ਜੋ ਕਿ ਕਾਮਰੇਡ ਸੱਤਪਾਲ ਡਾਂਗ, ਐਮ.ਐਲ.ਏ. ਨੇ ਸੈਕਸ਼ਨ 15 ਪੰਜਾਬ ਲੈਂਡ ਰਿਫ਼ਾਰਮ ਐਕਟ, 1972, ਅਧੀਨ ਆਈਆਂ ਦਰਖ਼ਾਸਤਾਂ ਬਾਰੇ ਪੁੱਛਿਆ ।

ਸਭਾ ਦੇ ਅਨਸਟਾਰਡ ਸਵਾਲ ਨੰ: 934, ਜੋ ਕਿ ਮਿਤੀ 16 ਜਨਵਰੀ, 1975 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਸ੍ਰੀ ਸੱਤ ਪਾਲ ਡਾਂਗ ,ਐਮ,ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

2. ਸਬੰਧਤ ਸੂਚਨਾਂ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ–
ਉਮਰਾਓ ਸਿੰਘ,
ਮਾਲ ਮੰਤਰੀ, ਪੰਜਾਬ ।

ਸਕੱਤਰ,
ਪੰਜਾਬ ਵਿਧਾਨ ਸਭਾ ,
ਚੰਡੀਗੜ੍ਹ ।

ਗੋ:ਸ:ਪ: ਨੰ: 330–ਭਸ–5–75/1646 ਚੰਡੀਗੜ੍ਹ, ਮਿਤੀ 15 ਜਨਵਰੀ, 1975.

UNSTARRED QUESTION No. 935

[Extension has been asked for in respect of Unstarred Question No. 935.]

ਸਭਾ ਦੇ ਸੁਆਲ ਨੰ: 935 ਜੋ ਮਿਤੀ 16 ਜਨਵਰੀ, 1975 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤਪਾਲ ਡਾਂਗ, ਐਮ.ਐਲ.ਏ. ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ।

ਸਬੰਧਤ ਸੂਚਨਾਂ ਇਕਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ—
ਉਮਰਾਓ ਸਿੰਘ ,
ਚੋਣ ਅਤੇ ਮਾਲ ਮੰਤਰੀ, ਪੰਜਾਬ

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ:ਸ:ਪ:ਨੰ: 112—2—ਐਚ—ਜੀ.75—ਮਿਤੀ, ਚੰਡੀਗੜ੍ਹ 10 ਜਨਵਰੀ, 1975.

ਮੁਹਾਲੀ ਵਿਖੇ ਉਦਯੋਗਿਕ ਮਿਲਖ ਅਤੇ ਰਿਹਾਇਸ਼ੀ ਮਕਾਨਾਂ ਲਈ ਪ੍ਰਾਪਤ ਕੀਤੀ ਗਈ ਜ਼ਮੀਨ

*936. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਉਦਯੋਗਿਕ ਮਿਲਖ, ਮੁਹਾਲੀ ਲਈ ਹੁਣ ਤਕ ਪਿੰਡ ਵਾਰ ਕਿੰਨੀ ਜ਼ਮੀਨ ਪ੍ਰਾਪਤ ਕੀਤੀ ਗਈ ਹੈ;

(ਅ) ਉਕਤ ਮਿਲਖ, ਵਿਚ ਰਿਹਾਇਸ਼ੀ ਮਕਾਨਾਂ ਲਈ ਪਿੰਡ ਵਾਰ ਕਿੰਨੀ ਜ਼ਮੀਨ ਪ੍ਰਾਪਤ ਕੀਤੀ ਗਈ ਹੈ ?

ਸ੍ਰੀ ਹੰਸ ਰਾਜ ਸ਼ਰਮਾ :

(ੳ)	ਸਿਆਹੀ ਮਾਜਰਾ	172.77 ਏਕੜ
	ਮਟੌਰ	143.59 ਏਕੜ
	ਬਲੌਂਗੀ	139.67 ਏਕੜ
	ਸੋਹਾਣਾ	115.18 ਏਕੜ
	ਮੁਹਾਲੀ	346.24 ਏਕੜ
	ਮਦਨ ਪੁਰ	6.05 ਏਕੜ
	ਜੋੜ	923.50 ਏਕੜ
(ਅ)	ਮੁਹਾਲੀ	291.94 ਏਕੜ
	ਮਦਨ ਪੁਰ	366.25 ਏਕੜ
	ਮਟੌਰ	695.24 ਏਕੜ
	ਲੰਬੇ	122.41 ਏਕੜ
	ਸੁਹਾਣਾ	1.81 ਏਕੜ
	ਕੁੱਲ	1477.75 ਏਕੜ

1975 ਦੇ ਦੌਰਾਨ ਮੁਹਾਲੀ ਸ਼ਹਿਰੀ ਅਤੇ ਉਦਯੋਗਿਕ ਮਿਲਖ ਦੇ ਵਾਧੇ ਲਈ ਜ਼ਮੀਨ ਪ੍ਰਾਪਤ ਕਰਨ ਦੀ ਤਜਵੀਜ਼

937. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਾਲ 1975 ਵਿਚ ਮੁਹਾਲੀ ਸ਼ਹਿਰੀ ਅਤੇ ਉਦਯੋਗਿਕ ਮਿਲਖ ਦੇ ਵਾਧੇ ਲਈ ਪ੍ਰਾਪਤ ਕੀਤੀ ਜਾਣੀ ਤਜਵੀਜ਼ਤ ਜ਼ਮੀਨ ਜਾਂ ਜਿਸ ਲਈ ਨੋਟਿਸ ਦਿੱਤੇ ਜਾ ਚੁਕੇ ਹਨ, ਦਾ ਕੁਲ ਰਕਬਾ ਕਿੰਨਾ ਹੈ ;

(ਅ) ਰਿਹਾਇਸ਼ੀ ਅਤੇ ਉਦਯੋਗਿਕ ਮਕਸਦ ਲਈ ਪ੍ਰਾਪਤ ਕੀਤੀ ਜਾ ਰਹੀ ਜ਼ਮੀਨ ਦਾ ਵੱਖ ਵੱਖ ਕੁਲ ਰਕਬਾ ਕਿੰਨਾ ਹੈ ?

ਸ੍ਰੀ ਹੰਸ ਰਾਜ ਸ਼ਰਮਾ : (ੳ) 890.05 ਏਕੜ

(ਅ) (i) 619.43 ਏਕੜ ਰਿਹਾਇਸ਼ੀ ਮਿਲਖ ਲਈ ।

(ii) 270.62 ਏਕੜ ਉਦਯੋਗਿਕ ਮਿਲਖ ਲਈ ।

ਸਹਿਕਾਰਤਾ ਵਿਭਾਗ ਦੇ ਕਰਮਚਾਰੀਆਂ ਲਈ ਸੇਵਾ ਨਿਯਮ

938. **ਕਾਮਰੇਡ ਸੱਘੜ ਸਿੰਘ**
ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਸਹਿਕਾਰੀ ਵਿਭਾਗ ਦੇ ਕਰਮਚਾਰੀਆਂ ਦੀਆਂ ਕਿਹੜੀਆਂ ਕਿਹੜੀਆਂ ਸ਼ਰੇਣੀਆਂ ਲਈ ਸੇਵਾ ਨਿਯਮ ਨੂੰ ਅੰਤਮ ਰੂਪ ਦਿਤਾ ਗਿਆ/ਅਧਿਸੂਚਿਤ ਕੀਤਾ ਗਿਆ;

(ਅ) ਉਕਤ ਵਿਭਾਗ ਦੇ ਕਰਮਚਾਰੀਆਂ ਦੀਆਂ ਕਿਹੜੀਆਂ ਕਿਹੜੀਆਂ ਸ਼ਰੇਣੀਆਂ ਲਈ ਸੇਵਾ ਨਿਯਮਾਂ ਨੂੰ ਅਜੇ ਅੰਤਮ ਰੂਪ ਨਹੀਂ ਦਿਤਾ ਗਿਆ ਅਤੇ ਉਨ੍ਹਾਂ ਨੂੰ ਅੰਤਿਮ ਰੂਪ ਦੇਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਗਿਆਨੀ ਜ਼ੈਲ ਸਿੰਘ : (ੳ) ਸਟੈਟਿਸਟੀਕਲ ਸਹਾਇਕ ਅਤੇ ਅਮਲਾ ਅਫਸਰ ਤੋਂ ਬਿਨਾਂ ਸਹਿਕਾਰਤਾ ਵਿਭਾਗ ਦੇ ਕਰਮਚਾਰੀਆਂ ਦੀਆਂ ਸਾਰੀਆਂ ਸ਼ਰੇਣੀਆਂ ਲਈ ਸੇਵਾ ਨਿਯਮ ਬਣੇ ਹੋਏ ਹਨ ਅਤੇ ਅਧਿਸੂਚਿਤ ਕੀਤੇ ਹੋਏ ਹਨ ।

(ਅ) ਉਪਰੋਕਤ ਪਦਵੀਆਂ ਨੂੰ ਸਬੰਧਤ ਸੇਵਾ ਨਿਯਮਾਂ ਵਿਚ ਲਿਆਉਣ ਬਾਰੇ ਕਾਰਵਾਈ ਕੀਤੀ ਜਾ ਰਹੀ ਹੈ ।

ਚੌਥੇ ਦਰਜੇ ਦੇ ਅਮਲੇ ਲਈ ਵਧੀਕ ਸਮਾਂ ਭੱਤਾ

939. **ਕਾਮਰੇਡ ਦਾਨਾ ਰਾਮ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਨੇ ਚੌਥੇ ਦਰਜੇ ਦੇ ਅਮਲੇ ਨੂੰ ਵਧੀਕ ਸਮਾਂ ਭੱਤਾ ਦੇ ਦਿਤਾ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦੀ ਦਰ ਕੀ ਹੈ ਅਤੇ ਇਸ ਸਬੰਧੀ ਸਰਕਾਰ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰਖੀ ਜਾਵੇ ?

ਸ਼੍ਰੀ ਹੰਸ ਰਾਜ ਸ਼ਰਮਾ : ਹਾਂ, ਜੀ । ਸਬੰਧਤ ਹਦਾਇਤਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

[Yes, Sir.

Copies of instructions issued are placed on the Table of the House.]

No.1211—SII(6) 69/5432

From

The Chief Secretary to Government, Punjab.

To,

All Heads of Departments, Commissioners of Divisions, District and Sessions Judges, Deputy Commissioners in the Punjab and the Registrar, Punjab and Harayana, High Court, Chandigarh.

Dated, Chandigarh, the 27th February, 1969.

Subject :- Grant of over time allowance to peons who are called to duty after office hours and on holidays.

Sir,

I am directed to invite a reference to the instructions contained in Punjab Government letter No. 1669—Pol(3)-64/3714, dated the 22nd/24th February, 1964 (copy enclosed for ready reference) according to which Peons including Jamadars in Secretariat offices, and in the offices of Heads of Departments at their headquarters, if they are called upon to work more than one hour earlier than the usual office hours, were made entitled to overtime allowance at the rate of 37 paise per day. Government have further considered the matter and have decided that over-time allowance should be paid to peons including Jamadars in the Secretariat offices and offices of the Heads of Departments at their headquarters, if they put in extra duty in excess of one hour before and /or after the office hours on holidays and the rate of overtime allowances will be at 37 paise per hour for the period spent in a day, in excess of one hour.

2. This issues with the concurrence of the Finance Department *vide* their U.O.No. 9428 -3FR-68 dated, 13th/16th December, 1968.

Sd/—

Deputy Secretary Services & Political.
for Chief Secretary to Government, Punjab.

A copy is forwarded to the Secretary to the Council, Punjab for information with reference to his U.O. No.170- Cabinet 69, dated the 10th February, 1969.

Sd/—

Deputy Secretary Services & Political,
for Chief Secretary to Government, Punjab.

To,

The Secretary to the Council,
Punjab, Chandigarh.

U.O.No 1211—SII(6)—69 dated Chandigarh, the 27th February, 1969.

No. 1211 SII(6)—69/ dated Chandigarh, the 27th February, 1969.

A copy is forwarded to the Accountant General, Punjab, Simla, for information.

Sd/-

Deputy Secretary ,Services & Political
for Chief Secretary to Government, Punjab.

[Finance Minister]

A copy is forwarded to all Financial Commissioners, Punjab/Administrative Secretaries to Government ,Punjab, for information.

Sd/—

Deputy Secretary Services & Political,
for Chief Secretary to Government,Punjab.

To,

1. All the Financial Commissioners, Punjab.

2. All the Administrative Secretaries to Government,Punjab.

U.O.No. 1211—S II (6) 69, dated Chandigarh, the February 27, 1969.

Copy of letter No. 1569 Pol(3)—64/3714 dated,Chandigarh the 22nd/24th February,1964 from the Chief Secretary to Government,Punjab,to all Heads of Departments in the Punjab and the Registrar,Punjab High Court.

Subject:- Grant of overtime allowance to persons who are called to duty after office hours and on holidays.

I am directed to invite a reference to the instructions contained in Punjab Government letter No. 6476—PI(C)—57/18832dated 23rd September,1957 which *interalia* lay down that the peons licluding jamadars employed in the Secretariat offices and in the offices of Heads of Departments at their Headquarters are entitled to an overtime allo—wances of 00.37N.P. per day ,when they are detained in offices on official duty after one hour of the usual office hours. The question regarding grant of ovdrtime allowances to thes peons and jamadars if they are called upon to work more than one hour earlier than the usual office hours has been engaging the attention of Government for some time past. It has now been decided by Government that these peons and jamadars if they are called upon to work more than one hour earlier than the usual office hours will also be entitled to the overtime allowance at the same rates and conditions as laid down in the letter under referenece.

2. This issues with the concurrence of the Finance Department *vide* U.O.No. 1148-3FR—63 dated the 23rd January,1964.

— — —

ਰਾਜ ਦੇ ਕੁਝ ਬਲਾਕਾਂ ਵਿਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ

940.* **ਕਾਮਰੇਡ ਦਾਨਾ ਰਾਮ:** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਧਰ, ਸੜੋਆ, ਨੂਰਪੁਰ ਬੇਦੀ, ਅਤੇ ਆਨੰਦਪੁਰ ਸਾਹਿਬ ਬਲਾਕਾਂ ਵਿਚ ਪੁਰਸ਼ ਅਤੇ ਇਸਤਰੀ ਅਧਿਆਪਕਾਂ ਦੀਆਂ ਵੱਖ ਵੱਖ ਕਿੰਨੀਆਂ ਕਿੰਨੀਆਂ ਅਸਾਮੀਆਂ ਛੇ ਮਹੀਨਿਆਂ ਤੋਂ ਵੱਧ ਸਮੇਂ ਤੋਂ ਖਾਲੀ ਪਈਆਂ ਹਨ ;

(ਅ) ਉਕਤ ਬਲਾਕਾਂ ਵਿਚ ਖਾਲੀ ਆਸਾਮੀਆਂ ਤੇ ਅਧਿਆਪਕ ਲਗਾਉਣ ਲਈ ਸਰਕਾਰ ਦੀ ਕੀ ਕਾਰਵਾਈ ਕਰਨ ਦੀ ਤਜਵੀਜ਼ ਹੈ ?

ਸ਼੍ਰੀ ਗੁਰਮੇਲ ਸਿਘ : (ੳ) ਸੂਚੀ ਨਾਲ ਨੱਥੀ ਹੈ ।

(ਅ) ਇਨ੍ਹਾਂ ਅਸਾਮੀਆਂ ਵਿਰੁਧ ਕਈ ਵਾਰ ਨਿਯੁਕਤੀਆਂ ਕੀਤੀਆਂ ਗਈਆਂ ਹਨ, ਪਰ ਉਮੀਦ-ਵਾਰ ਹਾਜ਼ਰ ਨਹੀਂ ਹੋਏ । ਹੁਣ ਫੇਰ ਇਨ੍ਹਾਂ ਆਸਾਮੀਆਂ ਵਿਰੁਧ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ।

(a) List attached.

(b) Appointments against these vacancies were matle many times but candidates did not join. Appointments against these vacancies are being made now a fresh.

ਲੜੀ ਨੰ:	ਬਲਾਕ ਦਾ ਨਾਉਂ	ਜਿੰਨੀਆਂ ਅਸਾਮੀਆਂ ਖਾਲੀ ਹਨ
1.	ਧਰ	5 (ਪੁਰਸ਼)
2.	ਸੜੋਆ	17(11 ਪੁਰਸ਼ ਅਤੇ 6 ਇਸਤਰੀਆਂ
3.	ਨੂਰਪੁਰ ਬੇਦੀ	—
4.	ਅਨੰਦ ਪੁਰ ਸਾਹਿਬ	—

Sr. No.	Nama of the Block	Name of Vacancies
1.	Dhar	5 (Men)
2.	Saroa	17 (11 men & 6 women)
3.	Nur Pur Bedi	—
4.	Anandpur Sahib	—

ਅਨੁਸੂਚਿਤ ਜਾਤੀਆਂ ਲਈ ਕਾਨੂੰਨੀ ਸਹਾਇਤਾ

941. ਕਾਮਰੇਡ ਸੱਤ ਪਾਲ ਡਾਂਗ : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਦੇਣ ਲਈ ਸਕੀਮ ਵਿਸਤ੍ਰਿਤ ਕੀਤੀ ਜਾ ਰਹੀ ਹੈ ਤਾਂ ਕਿ ਅਜਿਹੀ ਸਹਾਇਤਾ ਸਮਾਜ ਦੇ ਗਰੀਬ ਤਬਕੇ ਨੂੰ ਵੀ ਦਿਤੀ ਜਾਵੇਗੀ ?

ਕੁਮਾਰੀ ਸਰਲਾ ਪਰਾਸਰ : ਨਹੀਂ ਜੀ ।

ਪਿੰਡ ਧੂਤ ਕਲਾਂ ਜ਼ਿਲ੍ਹਾ ਹੁਸਿਆਰਪੁਰ, ਵਿਚ ਟਿਊਬਵੈਲ ਕੁਨੈਕਸਨ ਲਈ ਪੈਂਡਿੰਗ ਅਰਜ਼ੀਆਂ

942. ਕਾਮਰੇਡ ਸੱਤ ਪਾਲ ਡਾਂਗ : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਹਣਗੇ ਕਿ —

(ੳ) ਪਿੰਡ ਧੂਤ ਕਲਾਂ, ਤਹਿਸੀਲ ਅਤੇ ਜ਼ਿਲਾ ਹੁਸ਼ਿਆਰਪੁਰ ਵਿਚ ਟਿਊਬਵੈਲ ਕੁਨੈਕਸ਼ਨ ਦੇਣ ਲਈ ਇਸ ਵੇਲੇ ਪੈਂਡਿੰਗ ਪਈਆਂ ਅਰਜ਼ੀਆਂ ਦੀ ਗਿਣਤੀ ਕਿੰਨੀ ਹੈ,

(ਅ) ਬਿਨੈਕਾਰਾਂ ਦੁਆਰਾ ਜ਼ਮਾਨਤਾਂ ਕਿੰਨ੍ਹਾਂ ਕਿੰਨ੍ਹਾਂ ਤਰੀਕਾਂ ਨੂੰ ਜਮ੍ਹਾਂ ਕਰਵਾਈਆਂ ਗਈਆਂ ।

[ਕਾਮਰੇਡ ਸੱਤ ਪਾਲ ਡਾਂਗ]

(ਬ) ਉਕਤ ਪਿੰਡ ਵਿਚ ਬਿਜਲੀ ਦੇ ਕੁਨੈਕਸ਼ਨ ਦੇਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸਰਦਾਰ ਗੁਰਬਖਸ ਸਿੰਘ ਸਿਬੀਆ : (ੳ) 16

(ਅ) ਸੂਚਨਾ ਹੇਠ ਲਿਖੇ ਅਨੁਸਾਰ ਹੈ :-

ਲੜੀ ਨੰ:	ਬਿਨੈਕਾਰ ਦਾ ਨਾਂ	ਬਿਨੈ ਪਤਰ ਨੰ:	ਸਮੇਤ ਸਿਕਿਉਰਟੀ ਜਮਾਂ ਕਰਾਉਣ ਦੀ ਮਿਤੀ
1.	ਸ੍ਰੀ ਨਰਿੰਦਰ ਸਿੰਘ	71	ਮਿਤੀ 28-8-68
2.	,, ਬਾਬੂ ਰਾਮ	72	,, 28-8-68
3.	,, ਗੁਰਮੇਲ ਸਿੰਘ	79	,, 2-1-69
4.	,, ਉਧਮ ਸਿੰਘ ਪੁਤਰ ਸ੍ਰੀ ਬਸੰਤ ਸਿੰਘ	80	,, 2-1-69
5.	,, ਕਿਸ਼ਨ ਸਿੰਘ	81	,, 2-1-69
6.	ਬਲਵੰਤ ਸਿੰਘ	82	,, 2-1-69
7.	,, ਹਰਬੰਸ ਸਿੰਘ	84	,, 7-1-69
8.	,, ਫੌਜਾ ਸਿੰਘ	92	,, 1-2-69
9.	,, ਊਧਮ ਸਿੰਘ ਪੁਤਰ ਸ੍ਰੀ ਸੰਤਾ ਸਿੰਘ	164	,, 5-6-69
10.	,, ਸਵਰਨ ਸਿੰਘ	165	,, 5-6-69
11.	,, ਕਰਮ ਸਿੰਘ	180	,, 17-6-69
12.	,, ਦਰਸ਼ਨ ਸਿੰਘ	232	,, 4-8-69
13.	,, ਮੋਹਿੰਦਰ ਸਿੰਘ	235	,, 6-8-69
14.	ਸ੍ਰੀਮਤੀ ਕਰਮ ਕੌਰ	375	,, 7-12-71
15.	,, ਚੰਨਨ ਕੌਰ	388	,, 7-6-72
16.	ਸ੍ਰੀ ਗੁਰਬਖਸ਼ ਸਿੰਘ	402	,, 2-1-73 (ਅੰਦਾਜ਼ਨ)

(ੲ) ਲੜੀ ਨੰ: 1 ਤੋਂ ਲੈਕੇ 10 ਤੱਕ ਦੇ ਬਿਨੈਕਾਰਾਂ ਨੂੰ 15 ਜਨਵਰੀ, 1974, ਤੋਂ ਲੈਕੇ 22 ਜਨਵਰੀ 1974, ਤੱਕ ਡੀਮਾਂਡ ਨੋਟਿਸ ਘਲੇ ਗਏ ਸਨ ਪਰ ਟੈਸਟ ਰਿਪੋਟਾਂ ਰੀਮਾਂਈਂਡਰ ਘਲਣ ਦੇ ਬਾਵਜੂਦ ਨਹੀਂ ਆਈਆਂ । ਲੜੀ ਨੰ: 11 ਦੇ ਬਿਨੈਕਾਰ ਦੀ ਟੈਸਟ ਰਿਪੋਟ ਆ ਚੁੱਕੀ ਹੈ । ਪਰ ਲਾਈਨ ਦੀ ਉਸਾਰੀ ਦਾ ਕੰਮ ਹਾਲੇ ਸ਼ੁਰੂ ਨਹੀਂ ਕੀਤਾ ਕਿਉਂਕਿ ਮੈਟੀਰੀਅਲ ਦੀ ਥੁੜ ਹੈ । ਕੁਨੈਕਸ਼ਨ ਉਸ ਸਮੇਂ ਚਾਲੂ ਕੀਤੇ ਜਾਣਗੇ ਜਦ ਲਾਈਨਾਂ ਉਸਾਰੀਆਂ ਜਾਣਗੀਆਂ ਤੇ ਚਾਲੂ ਹੋ ਜਾਣਗੀਆਂ । ਜਿਥੋਂ ਤਕ ਲੜੀ ਨੰ: 12 ਤੋਂ ਲੈ ਕੇ 16 ਤੱਕ ਬਿਨੇਕਾਰਾਂ ਦਾ ਸਬੰਧ ਹੈ ਐਸਟੀਮੇਟ ਤਿਆਰ ਕੀਤੇ ਜਾ ਰਹੇ ਹਨ ਤੇ ਡੀਮਾਂਡ ਨੋਟਿਸ ਉਸ ਸਮੇਂ ਘਲੇ ਜਾਣਗ ਜਦ ਪੰਜਾਬ ਰਾਜ ਬਿਜਲੀ ਬੋਰਡ ਇਹ ਫੈਸਲਾ ਕਰ ਲਵੇਗਾ ਕਿ ਜੂਨ, 1969 ਤੋਂ ਮਗਰੋਂ ਆਈਆਂ ਅਰਜ਼ੀਆਂ ਦੇ ਟਿਊਬਵੈਲ ਕੁਨੈਕਸ਼ਨ ਵੀ ਦੇ ਦਿਤੇ ਜਾਣ। ਪਿੰਡ ਧੂਤਕਲਾਂ ਨੂੰ ਬਿਜਲੀ ਦਿਤੀ ਜਾ ਚੁੱਕੀ ਹੈ ।

UNSTARRED QUESTION NO. 943

(Extension has been asked for in respect of Unstarred Question No. 943.)

ਵਿਸ਼ਾ:— ਪੰਜਾਬ ਵਿਧਾਨ ਸਭਾ ਅਨਸਟਾਰਡ ਸਵਾਲ ਨੰ: 943 ਵਲੋਂ ਕਾਮਰੇਡ ਸਘੜ ਸਿੰਘ, ਐਮ.ਐਲ. ਏ.—ਅਧਿਆਪਕਾਂ ਦੀਆਂ ਆਸਾਮੀਆਂ ਜਿਵੇਂ ਕਿ 1 ਨਵੰਬਰ, 1966, 1 ਨਵੰਬਰ, 1970 ਅਤੇ 1 ਨਵੰਬਰ,1974 ਨੂੰ ਸਨ ।

ਵਿਧਾਨ ਸਭਾ ਦੇ ਸਵਾਲ ਨੰ: 943 ਜੋ ਮਿਤੀ 16 ਨਵੰਬਰ,1975, ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ, ਸੱਘੜ ਸਿੰਘ, ਐਮ.ਐਲ.ਏ. ਵਲੋਂ ਦਰਜ ਹੈ , ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ—
ਗੁਰਮੇਲ ਸਿੰਘ,
ਸਿਖਿਆ ਮੰਤਰੀ, ਪੰਜਾਬ

ਸੇਵਾ ਵਿਖੇ,
ਸਕੱਤਰ,
ਪੰਜਾਬ ਵਿਧਾਨ ਸਭਾ,

ਗ:ਸ:ਪ:ਨੰ:186 ਸਿ 2 (4) (ਸ)—75 ਮਿਤੀ ਚੰਡੀਗੜ੍ਹ 14/15—1—75.

ਜ਼ਿਲ੍ਹਾ ਫਿਰੋਜ਼ਪੁਰ ਵਿਚ ਕੁਝ ਸਰਕਾਰੀ ਹਾਈ ਸਕੂਲਾਂ ਦੇ ਹੈਡਮਾਸਟਰਾਂ ਦੁਆਰਾ ਹਾਇਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਵਲੋਂ ਉਨ੍ਹਾਂ ਦੀ ਹੈਸੀਅਤ ਵਿਚ ਸਕੂਲਾਂ ਦੇ ਨਤੀਜਿਆਂ ਸਬੰਧੀ ਭੇਜੀ ਗਈ ਕਥਿਤ ਗਲਤ ਸੂਚਨਾ

944. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਜ਼ਿਲਾ ਫਿਰੋਜ਼ਪੁਰ ਦੇ ਕੁਝ ਸਰਕਾਰੀ ਹਾਈ ਸਕੂਲਾਂ ਦੇ ਹੈਡਮਾਸਟਰਾਂ ਨੂੰ 1974 ਵਿਚ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਿਫਾਰਸ਼ ਤੇ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਪੀ.ਈ.ਐਸ. ਕਲਾਸ-II ਵਿਚ ਸਰਕਾਰੀ ਹਾਇਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਵਜੋਂ ਨਿਯੁਕਤ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਨਾਂ ਕੀ ਕੀ ਹਨ ਅਤੇ ਹੈਡਮਾਸਟਰਾਂ ਵਜੋਂ ਉਹ ਕਿਨ੍ਹਾਂ ਕਿਨ੍ਹਾਂ ਥਾਵਾਂ ਤੇ ਕੰਮ ਕਰ ਰਹੇ ਸਨ ;

(ਅ) ਕੀ ਇਹ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਹੈਡਮਾਸਟਰਾਂ ਵਿਚੋਂ ਕੁਝ ਨੇ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਆਪਣੇ ਸਕੂਲਾਂ ਦੇ ਗਲਤ ਨਤੀਜੇ ਦਿਤੇ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਨਾਂ ਕੀ ਕੀ ਹਨ ਅਤੇ ਉਨ੍ਹਾਂ ਦੁਆਰਾ ਕਮਿਸ਼ਨ ਨੂੰ ਪੇਸ਼ ਕੀਤੇ ਗਏ ਨਤੀਜਿਆਂ ਅਤੇ ਅਸਲ ਨਤੀਜਿਆਂ ਦਾ ਵੇਰਵਾ ਕੀ ਹੈ ;

(ੲ) ਕੀ ਸਰਕਾਰ ਨੂੰ ਸਕੱਤਰ, ਪੰਜਾਬ ਅਧੀਨ ਸੇਵਾਵਾਂ ਫੈਡਰੇਸ਼ਨ, ਵਲੋਂ ਕੋਈ ਮੇਜਰ-ਨਾਮਾ ਮਿਲਿਆ ਹੈ ਜਿਸ ਵਿਚ ਉਕਤ ਹੈਡਮਾਸਟਰਾਂ ਦੁਆਰਾ ਕੀਤੀਆਂ ਗਈਆਂ ਬੇਕਾਇਦਗੀਆਂ ਦਰਸਾਈਆਂ ਗਈਆਂ ਸਨ ; ਜੇਕਰ ਅਜਿਹਾ ਹੋਵੇ, ਤਾਂ ਸਬੰਧਤ ਵਿਅਕਤੀਆਂ ਵਿਰੁਧ ਕੀ ਕਾਰਵਾਈ ਕੀਤੀ ਗਈ ?

ਸ੍ਰੀ ਗੁਰਮੇਲ ਸਿੰਘ : (ੳ) ਫਿਰੋਜ਼ਪੁਰ ਜ਼ਿਲੇ ਦੇ ਕੇਵਲ ਇਕ ਹੈਡਮਾਸਟਰ, ਸ੍ਰੀ ਗੁਰਦਿਆਲ ਸਿੰਘ, ਜਿਹੜੇ ਕਿ ਹਾਈ ਸਕੂਲ, ਅਬੋਹਰ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਲਗੇ ਹੋਏ ਸਨ, ਨੂੰ ਪੀ.ਈ.ਐਸ. ਕਲਾਸ II ਵਿਚ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਿਫਾਰਸ਼ ਤੇ ਨਿਯੁਕਤ ਕੀਤਾ ਗਿਆ ਸੀ ਅਤੇ ਹੁਣ ਉਹ ਬਤੌਰ ਪ੍ਰਿੰਸੀਪਲ ,ਸਰਕਾਰੀ ਹਾਇਰ ਸੈਕੰਡਰੀ ਸਕੂਲ, ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ, ਵਿਖੇ ਕੰਮ ਕਰ ਰਹੇ ਹਨ ।

(ਅ) ਐਸੀ ਕੋਈ ਗੱਲ ਸਰਕਾਰ ਦੇ ਨੋਟਿਸ ਵਿਚ ਨਹੀਂ ਆਈ ।

(ੲ) ਪੰਜਾਬ ਅਧੀਨ ਸੇਵਾਵਾਂ ਫੈਡਰੇਸ਼ਨ ਵਲੋਂ ਦਿਤੇ ਗਏ ਮੇਜਰਨਾਮੇ ਦੀ ਮਿਤੀ ਦਾ ਜਦ ਤਕ ਪਤਾ ਨਾ ਲਗੇ ,ਉਦੋਂ ਤਕ ਇਹ ਦਸਣਾ ਅਸੰਭਵ ਹੈ ਕਿ ਸ੍ਰੀ ਗੁਰਦਿਆਲ ਸਿੰਘ, ਹੈਡਮਾਸਟਰ, ਦੇ ਖਿਲਾਫ ਕੋਈ ਮੇਜਰਨਾਮਾ ਸਿਖਿਆ ਵਿਭਾਗ ਵਿਚ ਪ੍ਰਾਪਤ ਹੋਇਆ ਹੈ ਕਿ ਨਹੀਂ ।

ਗਰਾਮ ਸੇਵਕਾਂ ਅਤੇ ਸੇਵਿਕਾਵਾਂ ਦੀਆਂ ਮੰਗਾਂ ਸਬੰਧੀ ਮੇਜਰਨਾਮਾ

945. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸ੍ਰੀ ਰਣਬੀਰ ਢਿਲੋਂ, ਜਨਰਲ ਸਕੱਤਰ, ਪੰਜਾਬ ਅਧੀਨ ਸੇਵਾਵਾਂ ਫੈਡਰੇਸ਼ਨ, ਨੇ ਜਨਵਰੀ/ਫਰਵਰੀ, 1974 ਵਿਚ ਗਰਾਮ ਸੇਵਕਾਂ ਅਤੇ ਸੇਵਿਕਾਵਾਂ ਦੀਆਂ ਮੰਗਾਂ ਨਾਲ ਸਬੰਧਤ ਇਕ ਮੇਜਰਨਾਮਾਂ ਸਰਕਾਰ ਨੂੰ ਭੇਜਿਆ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰਖੀ ਜਾਵੇ;

(ਅ) ਸਰਕਾਰ ਦੁਆਰਾ ਉਕਤ ਮੇਜਰਨਾਮੇ ਤੇ ਜੇਕਰ ਕੋਈ ਕਾਰਵਾਈ ਕੀਤੀ ਗਈ, ਤਾਂ ਕੀ ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਹਾਂ ਜੀ । ਨਕਲ-ਨੱਥੀ ਕਰਕੇ ਸਦਨ ਦੀ ਮੇਜ਼ ਤੇ ਰੱਖਣ ਲਈ ਪੇਸ਼ ਹੈ ।

(ਅ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

[(a) Yes. A copy of the same is enclosed for placing it on the Table of the House.

(b) The matter is under consideration of the Government.]

PUNJAB SUBORDINATE SERVICES FEDERATION

(A representative Organisation of Punjab Government Employees)Phone. No.27430 P.P.

HEAD OFFICE: 1880 Sector 22—B
Chandigarh. 31-1-74

Ref.No. PSSF/138-74/985.

Shri Paramjit Singh,

Development Commissioner, Punjab,
and Secretary to Government ,Punjab,
Development Department,Chandigarh.

Subject :—Demands of Gram Sevaks and Sevikas.

Sir,

I have been directed by the Secretariat of Punjab Subordinate Services Federation to invite your kind attention towards the resentment amongst the Gram-Sevaks and Sevikas due to the inaction on the part of the Punjab Government to settle their long standing demands.

2. The situation of resentment has particulary precipitated following the decision of Punjab Government to create Community Development and the Panchayati Raj Directorate in which there is an apprehension amongst the gram sevaks and sevikas that the panchayat secretaries who are no more Government Employees may be equated with them and chances of promotion extended to them from their quota.The Punjab State Gram Sewaks and Sevikas Union is understood to have pointed that the Moqadams of Agriculture Department were given the training and then promoted as sub-Inspectors agriculture and they also want the same analogy to be followed.

The Federation requests you to clarify and remove the apprehension that the Panchayat Secretaries would not mar their chances of promotion as Gram Sewaks at present have virtually no chances of promotion as the present Panchayat Officers are all young and there are no chances of promotion of Panchayat Officers to higher posts which could only create vacancies for promotion for gram sewaks.

3. The fixed Travelling Allowance of various categories of employees and officers has recently been revised *vide* Finance Department letter No.5860—3FR-73/21792 dated 24th Sept. 1973.but the case of revision of cycle allowances of gram sevaks and sevikas have not been settled so far by the Finance Department even though the Development Commissioner has time and again assured the gram sewaks that their case of revision to Rs15/- has been sent to the Finance Department. Kindly take up this case with the Finance Department ,to remove the resentment amongst the Gram Sewaks and Sevikas.

A line in reply would oblige.

Yours faithfully,

Sd/-

(Ranbir Dhillon)
General Secretary.

ਰਾਜ ਵਿਚ ਗਰਾਮ ਸੇਵਕਾਂ/ਸੇਵਕਾਵਾਂ ਨੂੰ ਦਿੱਤਾ ਗਿਆ ਸਾਈਕਲ ਭੱਤਾ

946. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ—

(ੳ) ਦਸਣਗੇ ਕਿ ਰਾਜ ਵਿਚ ਗਰਾਮ ਸੇਵਕਾ/ਸੇਵਕਾਵਾਂ ਨੂੰ ਦਿਤੇ ਗਏ ਸਾਇਕਲ ਭੱਤੇ ਦੀ ਦਰ ਕੀ ਹੈ ;

(ਅ) ਇਸ ਸਬੰਧ ਵਿਚ ਸਰਕਾਰ ਦੁਆਰਾ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਨਕਲ ਸਦਨ ਦੀ ਮੇਜ਼ ਤੇ ਰਖਣਗੇ ;

(ੲ) ਦਸਣਗੇ ਕਿ ਕੀ ਸਰਕਾਰ ਵਧ ਰਹੀਆਂ ਕੀਮਤਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਉਕਤ ਭੱਤੇ ਦੀਆਂ ਦਰਾਂ ਵਿਚ ਸੋਧਨਾ ਕਰਨ ਦਾ ਵਿਚਾਰ ਰੱਖਦੀ ਹੈ ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) 4 ਰੁਪਏ 50 ਪੈਸੇ ਪ੍ਰਤੀ ਮਹੀਨਾ ।

(ਅ) ਜੀ ਹਾਂ । ਕਾਪੀ ਨੱਥੀ ਹੈ ।

(ੲ) ਹਾਂ ਜੀ । ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

[(a) At the rate of Rs.4.50 paise pei month.

(b) Yes. A copy is enclosed.

(c) Yes. The matter is under active consideration of the Government.]

Copy of Development Deptt. Memo No. 2349-NES-CH-54/356 dated 17th March, 1954 from the Under Secretary to the All Development Officers.

Subject :—Grant of Cycle Allowance to the V.LWS.

The Governor of Punjab is pleased to accord sanction to the grant of cycle allowance of Rs. 4/8/- per mensum subject to their production of certificates that they are maintaining the cycles for which the cycle allowance has been sanctioned.

The expenditure involved will be met from the existing grant under head "57.Misc. S.-Development Scheme N.E.S."

ਭੂਮੀ ਸੰਭਾਲ ਵਿਭਾਗ ਵਿਚ ਕਰਮਚਾਰੀਆਂ ਦੇ ਸੇਵਾ ਨਿਯਮ

947. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਕੀ ਖੇਤੀ ਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਭੂਮੀ ਸੰਭਾਲ ਵਿਭਾਗ ਦੇ ਕਰਮਚਾਰੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਦੇ ਸੇਵਾ ਨਿਯਮ ਅਧਿਸੂਚਿਤ ਕਰ ਦਿਤੇ ਗਏ ਹਨ ;

(ਅ) ਉਕਤ ਵਿਭਾਗ ਵਿਚ ਕਰਮਚਾਰੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਦੇ ਸੇਵਾ ਨਿਯਮ ਨੂੰ ਵਿਭਾਗ ਦੁਆਰਾ ਅੰਤਿਮ ਰੂਪ ਦੇ ਦਿਤਾ ਗਿਆ ਹੈ ਅਤੇ ਪ੍ਰਵਾਨਗੀ ਲਈ ਸਰਕਾਰ ਨੂੰ ਭੇਜ ਦਿਤੇ ਗਏ ਹਨ ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਸੇਵਾ ਨਿਯਮਾਂ ਨੂੰ ਕਦੋਂ ਤਕ ਪ੍ਰਵਾਨਗੀ ਦਿਤੇ ਜਾਣ ਅਤੇ ਅਧਿਸੂਚਿਤ ਕੀਤੇ ਜਾਣ ਦੀ ਸੰਭਾਵਨਾ ਹੈ ?

ਮਾਸਟਰ ਗੁਰਬੰਤਾ ਸਿੰਘ : (ੳ) ਭੂਮੀ ਰਖਿਆ ਤੇ ਇੰਜਨੀਅਰਿੰਗ ਸੇਵਾ ਕਲਾਸ –2.

(ਅ) ਭੂਮੀ ਰਖਿਆ ਤੇ ਇੰਜਨੀਅਰਿੰਗ ਸੇਵਾ ਕਲਾਸ—1 ਅਤੇ ਕਲਾਸ–3.

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਸੇਵਾ ਨਿਯਮਾਂ ਨੂੰ ਜਲਦੀ ਹੀ ਅਧਿਸੂਚਿਤ ਕਰ ਦਿਤਾ ਜਾਵੇਗਾ ।

ਉਦਯੋਗਿਕ ਸਿਖਲਾਈ ਵਿਭਾਗ ਦੇ ਕਰਮਚਰੀਆਂ ਦੇ ਸੇਵਾ ਨਿਯਮ

948. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਇਹ ਸੱਚ ਹੈ ਕਿ ਸਰਕਾਰ ਨੇ ਉਦਯੋਗਿਕ ਸਿਖਲਾਈ ਵਿਭਾਗ ਦੇ ਕਰਮਚਾਰੀਆਂ ਦੀਆਂ ਕੁਝ ਸ਼੍ਰੇਣੀਆਂ ਦੇ ਸੇਵਾ ਨਿਯਮ ਅਧਿਸੂਚਿਤ ਕਰ ਦਿਤੇ ਹਨ, ਜੇ ਕਰ ਅਜਿਹਾ ਹੋਵੇ ਤਾਂ ਉਕਤ ਕਰਮਚਾਰੀਆਂ ਦੀਆਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ ?

ਗਿਆਨੀ ਜ਼ੈਲ ਸਿੰਘ : ਉਦਯੋਗਿਕ ਸਿਖਲਾਈ ਵਿਭਾਗ ਦੇ ਕਲਾਸ I ਅਤੇ II ਦੇ ਸੇਵਾ ਨਿਯਮ ਅਧਿਸੂਚਿਤ ਕੀਤੇ ਜਾ ਚੁਕੇ ਹਨ । ਕਰਮਚਾਰੀਆਂ ਦੀਆਂ ਸ਼੍ਰੇਣੀਆਂ ਦੇ ਨਾਉਂ ਨੱਥੀ ਹਨ ਜੀ ।

ਸ਼੍ਰੇਣੀਆਂ ਦੀ ਸੂਚੀ

1. ਮੀਤ ਡਾਇਰੈਕਟਰ, ਉਦਯੋਗਿਕ ਸਿਖਲਾਈ ।
2. ਉਪ ਡਾਇਰੈਕਟਰ ,ਉਦਯੋਗਿਕ ਸਿਖਲਾਈ/ਉਪ ਸਿਖਿਆਰਥੀਪਣ ਸਲਾਹਕਾਰ ।
3. ਸਹਾਇਕ ਡਾਇਰੈਕਟਰ, ਉਦਯੋਗਿਕ ਸਿਖਲਾਈ/ਸਹਾਇਕ ਸਿਖਿਆਰਥੀਪਣ ਸਲਾਹਕਾਰ/ ਪ੍ਰਿੰਸੀਪਲ, ਆਈ. ਟੀ. ਆਈਜ਼. ।
4. ਪ੍ਰਿੰਸੀਪਲ ,ਆਈ.ਟੀ.ਆਈਜ਼./ਸਹਾਇਕ ਡਾਇਰੈਕਟਰ, ਉਦਯੋਗਿਕ ਸਿਖਲਾਈ ।
5. ਵਾਈਸ ਪ੍ਰਿੰਸੀਪਲ ।
6. ਉਪ ਡਾਇਰੈਕਟਰ , ਉਦਯੋਗਿਕ ਸਿਖਲਾਈ (ਪ੍ਰ)
7. ਲੇਖਾ ਅਫਸਰ ।
8. ਉਪ–ਡਾਇਰੈਕਟਰ, ਉਦਯੋਗਿਕ ਸਿਖਲਾਈ ।
9. ਇਨਸਪੈਕਟਰ ਆਫ ਇਨਡਸਟਰੀਅਲ ਸਕੂਲ ।

[ਮੁੱਖ ਮੰਤਰੀ]

10. ਸਹਾਇਕ ਡਾਇਰੈਕਟਰਜ਼ਾਂ ।

11. ਸਹਾਇਕ ਡਾਇਰੈਕਟਰ/ਸਹਾਇਕ ਕੰਟਰੋਲਰ ਆਫ ਐਗਜ਼ਾਮੀਨੇਸ਼ਨਜ਼/ਐਗਜ਼ੈਕਟਿਵ ਅਫ਼ਸਰ (ਟ੍ਰੇਨਿੰਗ)।

12. ਪ੍ਰਿੰਸੀਪਲ ,ਆਈ.ਟੀ.ਸੀ., ਗੜ੍ਹਸ਼ੰਕਰ ।

13. ਪ੍ਰਿੰਸੀਪਲ, ਇਨਸਟੀਚਿਊਟ ਆਫ਼ ਟੈਕਸਟਾਈਲ ਕਮਿਸਟਰੀ ਤੇ ਨਿਟਿੰਗ ਟੈਕਨਾਲੋਜੀ, ਲੁਧਿਆਣਾ ।

14. ਹੈੱਡ ਆਫ਼ ਡਿਪਾਰਟਮੈਂਟ ਜਾਂ ਸੀਨੀਅਰ ਲੈਕਚਰਾਰ(ਨਿਟਿੰਗ) ਟੈਕਸਟਾਈਲ ਕਮਿਸਟਰੀ ਤੇ ਨਿਟਿੰਗ ਟੈਕਨਾਲੋਜੀ, ਲੁਧਿਆਣਾ ।

15. ਹੈੱਡ ਆਫ਼ ਵੀਵਿੰਗ ਡਿਪਾਰਟਮੈਂਟ (ਪ੍ਰਿੰਸੀਪਲ)

16. ਹੈੱਡ ਆਫ਼ ਸਪਿਨਿੰਗ ਡਿਪਾਰਟਮੈਂਟ, ਇਨਸਟੀਚਿਊਟ ਆਫ ਟੈਕਸਟਾਈਲ ਟੈਕਨਾਲੋਜੀ, ਅੰਮ੍ਰਿਤਸਰ ।

17. ਪ੍ਰਿੰਸੀਪਲ, ਗੌਰਮਿੰਟ ਇੰਸ਼ਟੀਚਿਊਟ ਆਫ਼ ਗਾਰਮੈਂਟ ਟੈਕਨਾਲੋਜੀ, ਅੰਮ੍ਰਿਤਸਰ ।

18. ਲੈਕਚਰਾਰ ਇਨ ਟੈਕਸਟਾਈਲ ਕਮਿਸਟਰੀ (ਪ੍ਰਿੰਟਿੰਗ), ਗੌਰਮਿੰਟ ਇਨਸਟੀਚਿਊਟ ਆਫ਼ ਟੈਕਸ-ਟਾਈਲ ਕਮਿਸਟਰੀ ਅਤੇ ਨਿਟਿੰਗ ਟੈਕਨਾਲੋਜੀ ,ਲੁਧਿਆਣਾ ।

19. ਪ੍ਰਿੰਸੀਪਲ, ਗੌਰਮਿੰਟ ਪਾਲੀਟੈਕਨਿਕ ਫ਼ਾਰ ਵਿਮੈਨ, ਜਲੰਧਰ ।

20. ਲੈਕਚਰਾਰ ਇਨ ਸਪਿਨਿੰਗ, ਵੀਵਿੰਗ, ਡਾਇੰਗ ਅਤੇ ਪ੍ਰਿੰਟਿੰਗ ,ਪੰਜਾਬ ਇਨਸਟੀਚਿਊਟ ਆਫ਼ ਟੈਕਸਟਾਈਲ ਟੈਕਨਾਲੋਜੀ ,ਅੰਮ੍ਰਿਤਸਰ ।

21. ਲੈਕਚਰਾਰ ਇਨ ਟੈਕਸਟਾਈਲ ਕਮਿਸਟਰੀ (ਡਾਇੰਗ) ਗੌਰਮਿੰਟ ਇਨਸਟੀਚਿਊਟ ਆਫ ਟੈਕਸਟਾਈਲ ਕਮਿਸਟਰੀ ਐਂਡ ਨਿਟਿੰਗ ਟੈਕਨਾਲੋਜੀ, ,ਲੁਧਿਆਣਾ ।

22. ਲੈਕਚਰਾਰ ਇਨ ਅੰਡਰ ਵੀਅਰ (ਨਿਟਿੰਗ)

23. ਲੈਕਚਰਾਰ ਇਨ ਆਊਟਰ ਵੀਅਰ (ਨਿਟਿੰਗ)

24. ਲੈਕਚਰਾਰ ਇਨ ਗਾਰਮੈਂਟ ਟੈਕਨਾਲੋਜੀ, ਗੌਰਮਿੰਟ ਇਨਸਟੀਚਿਊਟ ਆਫ਼ ਗਾਰਮੈਂਟ ਟੈਕਨਾਲੋਜੀ, ਅੰਮ੍ਰਿਤਸਰ ।

25. ਪ੍ਰਿੰਸੀਪਲ, ਗੌਰਮਿੰਟ ਵੁੱਡ ਵਰਕਿੰਗ ਇਨਸਟੀਚਿਊਟ, ਜਲੰਧਰ ।

26. ਪ੍ਰਿੰਸੀਪਲ, ਗੌਰਮਿੰਟ ਆਰਟ ਤੇ ਕਰਾਫਟ ਟੀਚਰਜ਼ ਟਰੇਨਿੰਗ ਇਨਸਟੀਚਿਊਟ, ਨਾਭਾ ।

27. ਲੈਕਚਰਾਰ ਇਨ ਕਮੱਰਸ਼ਲ ਪ੍ਰੈਕਟਿਸ ਤੇ ਸਟੈਨੋਗਰਾਫੀ ।

28. ਲੈਕਚਰਾਰ ਇਨ ਲਾਇਬਰੇਰੀ ਸਾਇੰਸ ।

29. ਲੈਕਚਰਾਰ ਇਨ ਫ਼ਾਰਮੇਸੀ ।

30. ਮੈਨੇਜਰ, ਗੌਰਮਿੰਟ ਵਰਕ ਸੈਂਟਰ, ਰਾਜਪੁਰਾ ।

31. ਅਸਿਸਟੈਂਟ ਮੈਨੇਜਰ, ਵਰਕ ਸੈਂਟਰ, ਰਾਜਪੁਰਾ ।

ਉਦਯੋਗ ਵਿਭਾਗ ਦੇ ਕਰਮਚਾਰੀਆਂ ਦੇ ਸੇਵਾ ਨਿਯਮ

949. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਉਦਯੋਗ ਵਿਭਾਗ , ਪੰਜਾਬ ਦੇ ਕਰਮਚਾਰੀਆਂ ਦੀਆਂ ਕਿਹੜੀਆਂ ਕਿਹੜੀਆਂ ਸ਼ਰੇਣੀਆਂ ਦੇ ਸੇਵਾ ਨਿਯਮ ਅਧਿਸੂਚਿਤ ਕਰ ਦਿੱਤੇ ਗਏ ਹਨ;

(ਅ) ਉਕਤ ਵਿਭਾਗ ਦੇ ਕਰਮਚਾਰੀਆਂ ਦੀਆਂ ਉਨ੍ਹਾਂ ਸ਼ਰੇਣੀਆਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਦੇ ਸੇਵਾ ਨਿਯਮਾਂ ਨੂੰ ਅਜੇ ਅੰਤਿਮ ਰੂਪ ਨਹੀਂ ਦਿੱਤਾ ਗਿਆ ਅਤੇ ਅਧਿ-ਸੂਚਿਤ ਨਹੀਂ ਕੀਤੇ ਗਏ ਅਤੇ ਉਨਾਂ ਨੂੰ ਅੰਤਿਮ ਰੂਪ ਦੇਣ ਅਤੇ ਅਧਿਸੂਚਿਤ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਗਿਆਨੀ ਜ਼ੈਲ ਸਿੰਘ : (ੳ) ਉਦਯੋਗ ਵਿਭਾਗ ਦੇ ਕਰਮਚਾਰੀ ਕਲਾਸ 1, 2, 3 ਅਤੇ 4 ਸ਼ਰੇਣੀਆਂ ਅਧੀਨ ਆਉਂਦੇ ਹਨ । ਕਲਾਸ 1 ਅਤੇ 2 ਕਰਮਚਾਰੀਆਂ ਲਈ ਸਰਵਿਸ ਰੂਲਜ਼ ਮਿਤੀ 31 ਅਕਤੂਬਰ,1966 ਅਤੇ 21 ਅਕਤੂਬਰ,1966 ਕ੍ਰਮਵਾਰ ਅਧਿਸੂਚਿਤ ਕੀਤੇ ਗਏ ਸਨ । ਕਲਾਸ 3 ਰੂਲਜ਼ 9 ਜੁਲਾਈ, 1956 ਨੂੰ ਅਧਿਸੂਚਿਤ ਕੀਤੇ ਗਏ ਸਨ । ਕਲਾਸ 4 ਦੇ ਰੂਲਜ਼ ਗ੍ਰਹਿ ਵਿਭਾਗ ਵਲੋਂ ਬਣਾਏ ਗਏ ਪੰਜਾਬ ਸਟੇਟ ਕਲਾਸ—4 ਸਰਵਿਸ ਰੂਲਜ਼ 1963 ਸਾਰੇ ਕਰਮਚਾਰੀਆਂ ਤੇ ਲਾਗੂ ਹੁੰਦੇ ਹਨ

(ਅ) ਉਕਤ 'ੳ' ਅਨੁਸਾਰ ਸਵਾਲ ਨਹੀਂ ਉਠਦਾ ।

ਪੰਜਾਬ ਵਿਦਿਆ ਸੇਵਾ ਕਲਾਸ III ਨਿਯਮਾਂ ਅਧੀਨ ਆਉਂਦੇ ਅਧਿਆਪਕ

950. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਅਧਿਆਪਕਾਂ ਦੀਆਂ ਉਨ੍ਹਾਂ ਸ਼ਰੇਣੀਆਂ ਦੇ ਨਾਂ ਕੀ ਕੀ ਹਨ ਜੋ ਪੰਜਾਬ ਵਿਦਿਆ ਸੇਵਾ ਕਲਾਸ III ਨਿਯਮਾਂ ਅਧੀਨ ਆਉਂਦੇ ਹਨ ;

(ਅ) ਕੀ ਸਰਕਾਰ ਨੇ ਸਕੂਲ ਲੈਕਚਰਾਰਾਂ ਨੂੰ ਇਨ੍ਹਾਂ ਨਿਯਮਾਂ ਅਧੀਨ ਲਿਆਉਣ ਲਈ 1966 ਤੋਂ ਪਹਿਲਾਂ ਵਾਲੇ ਸੇਵਾ ਨਿਯਮਾਂ ਵਿਚ ਸੋਧਨਾ ਕੀਤੀ ਹੈ ਜਾਂ ਅਧਿ-ਸੂਚਿਤ ਕੀਤੇ ਹਨ ?

ਸ੍ਰੀ ਗੁਰਮੇਲ ਸਿੰਘ : (ੳ) ਪੰਜਾਬ ਵਿਦਿਆ ਸੇਵਾ ਕਲਾਸ III ਪਰਚਲਤ ਨਿਯਮਾਂ ਅਨੁਸਾਰ ਹੇਠ ਲਿਖੀਆਂ ਅਧਿਆਪਕਾਂ ਦੀਆਂ ਸ਼ਰੇਣੀਆਂ ਆਉਂਦੀਆਂ ਹਨ :—

1. ਹੈੱਡਮਾਸਟਰ, ਹੈੱਡਮਿਸਟਰੈਸਿਜ਼, ਲੈਕਚਰਾਰ ।

[ਵਿਦਿਆ ਮੰਤਰੀ]

2. ਮਾਸਟਰ/ਮਿਸਟਰੈਸਿਜ਼ ਮਾਸਟਰਾਂ ਦੀਆਂ ਸਾਰੀਆਂ ਸ਼੍ਰੇਣੀਆਂ ।

3. ਜੇ.ਬੀ.ਟੀ. ਟੀਚਰ, ਕਲਾਸੀਕਲ ਅਤੇ ਵਰਨੈਕੂਲਰ ਟੀਚਰ ਆਦਿ ।

(ਅ) ਅਧਿਸੂਚਨਾਂ ਰਾਹੀਂ ਰੂਲਾਂ ਵਿਚ ਸੋਧ ਕੀਤੀ ਗਈ ਹੈ ।

UNSTARRED QUESTION NO. 951

(Extension has been asked for in respect of Unstarred Question No. 951.)

ਵਿਸ਼ਾ:—ਅਨਸਟਾਰਡ ਅਸੈਂਬਲੀ ਸਵਾਲ ਨੰ: 951 ਜੋ ਕਿ ਕਾਮਰੇਡ ਸੱਤ ਪਾਲ ਡਾਂਗ ਐਮ.ਐਲ.ਏ., ਪੰਜਾਬ ਨੇ ਭੋਂ ਸੁਧਾਰ ਐਕਟ ਅਧੀਨ ਬਣਾਈ ਗਈ ਸਕੀਮ 1973 ਬਾਰੇ ਪੁਛਿਆ ।

ਸਭਾ ਦੇ ਅਨਸਟਾਰਡ ਸਵਾਲ ਨੰ: 951 ਜੋ ਕਿ ਮਿਤੀ 16 ਜਨਵਰੀ, 1975 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਸ੍ਰੀ ਸੱਤ ਪਾਲ ਡਾਂਗ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ/—
ਉਮਰਾਓ ਸਿੰਘ,
ਮਾਲ ਮੰਤਰੀ, ਪੰਜਾਬ ।

ਸੇਵਾ ਵਿਖੇ

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ:ਸ:ਪ:ਨੰ: 271—ਭਸ—5—75/1645 ਚੰਡੀਗੜ੍ਹ, ਮਿਤੀ 15 ਜਨਵਰੀ, 1975.

ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਪ੍ਰਬੰਧ ਵਿਚ ਕਾਮਿਆਂ ਦੁਆਰਾ ਹਿੱਸਾ ਲੈਣ ਲਈ ਸਕੀਮ

952. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਪ੍ਰਬੰਧ ਵਿਚ ਕਾਮਿਆਂ ਦੁਆਰਾ ਹਿੱਸਾ ਲੈਣ ਲਈ ਪਹਿਲਾਂ ਹੀ ਕੋਈ ਸਕੀਮ ਲਾਗੂ ਹੈ ਜਾਂ ਅਜਿਹੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿਚ ਅਜਿਹੀ ਕੋਈ ਸਕੀਮ ਲਾਗੂ ਨਹੀਂ ਹੈ ਅਤੇ ਨਾ ਹੀ ਇਹ ਸਕੀਮ ਲਾਗੂ ਕਰਨ ਦਾ ਵਿਚਾਰ ਹੈ । ਪੰਜਾਬ ਰੋਡਵੇਜ਼ ਵਿਚ ਜਨਰਲ ਮੈਨੇਜਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਉਹ ਕਾਮਿਆਂ ਦੀਆਂ ਯੂਨੀਅਨਾਂ ਦੇ ਨੁਮਾਇੰਦਿਆਂ ਦੇ ਸਹਿਯੋਗ ਨਾਲ ਸਥਾਨਕ ਮਹੱਤਤਾ ਦੇ ਮਾਮਲੇ ਨੂੰ ਨਿਪਟਾ ਲਿਆ ਕਰਨ ।

1973-74 ਅਤੇ 1974-75 ਦੇ ਦੌਰਾਨ ਰਾਜ ਵਿਚ ਪੰਜਾਬ ਟਿਊਬਵੈਲ ਕਾਰਪੋਰੇਸ਼ਨ ਦੁਆਰਾ ਲਾਏ ਗਏ ਡੂੰਘੇ ਟਿਊਬਵੈਲ

953. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼:** ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1973-74 ਅਤੇ 1974-75 ਦੇ ਦੌਰਾਨ ਪੰਜਾਬ ਟਿਊਬਵੈਲ ਕਾਰਪੋਰੇਸ਼ਨ ਦੁਆਰਾ ਕਿਨ੍ਹਾਂ ਕਿਨ੍ਹਾਂ ਪਿੰਡਾਂ ਵਿਚ ਡੂੰਘੇ ਟਿਊਬਵੈਲ ਲਗਾਏ ਗਏ ਹਨ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ: ਲੋੜੀਂਦਾ ਵਿਵਰਣ ਨੱਥੀ ਹੈ ।

[A statement containing the requisite information is enclosed.]

List of villages in which direct irrigation tubewells have been installed by the P.S.T.C. Ltd. during 1973-74 and 1974-75

1973-74	1974-75
DERA BASSI BLOCK	
1. Rampur Saian	1. Untalla—I
2. Fatehpur	2. Untalla—II
3. Samgoli	3. Handesra
4. Joli	4. Mirpur
5. Mainpur	
6. Jaulan Kalan—I	
7. Jaulan Kalan—II	
8. Jaula Khurd	
9. Jaula Kurli	
10. Malikpur	
11. Ballo Majra	
12. Jastana Khurd	
13. Jastana Kalan	
14. Kaula Majra	
15. Chandari	
16. Jalalpur Bassi	
17. Dehar	
18. Alamgir	
19. Sarsini	
20. Jharmeri	
21. Sadanpur	

1973-74		1974-75	
	BALACHAUR BLOCK		
1.	Allowal	1.	Malewal
2.	Ami	2.	Jogewal
3.	Bharapur		
4.	Sahiba-I		
5.	Sahiba—II		
6.	Sahiba—III		
7.	Karaur—I		
8.	Karaur—II		
9.	Gulpur		
10.	Sadra—I		
11.	Kharaur		
12.	Chanakoi		
13.	Kaurgarh		
14.	Khuni Majara		
15.	Mohar		
16.	Ghamaur		
17.	Thopin		
18.	Khuni Majra—II		
19.	Bichori		
	ROPAR KHARAR AND SIALBA MAJRI BLOCK:		
1.	Jhangheri—I		
2.	Popna—I		Nil.
3.	Popna—II		
4.	Chohlta Kalan		
5.	Sante Majra		
6.	Ballo Majra		
7.	Bhago Majra		
8.	Khuni Majra		
9.	Chajju Majra		
10.	Chapar Cheri Kalan		
11.	Chapar Cheri Khurd		
12.	Kailon		
13.	Bhajeri		
14.	Badala		
15.	Majat		
16.	Todar Majra—I		
17.	Todar Majra—II		
18.	Chuni Kalan		
19.	Niamian		
20.	Sahaura—I		
21.	Khanpur—I		
22.	Tole Majra		
23.	Chuni Khurd		
24.	Daon		
25.	Radiala		
26.	Ghataur		
27.	Allapur		
28.	Bhukri		
29.	Khanpur.-II		

1973-74	1974-75
30. Padiala	
31. Basian	
32. Chintgarh	
33. Chalari	
34. Channaula	
35. Kalewal	
36. Hasanpur	
37. Kurali	
38. Kishanpur	
39. Atalgarh	
40. Kakran	
41. Chaklan	
42. Laharian	
43. Kalalmajra	
SAROYA BLOCK	
1. Begampur	1. Lehra
2. Sanghuran I	2. Kulpur
	3. Bharatpur-II
	4. Bilron.
	5. Salimpur
	6. Parkhowal.
	7. Kakron-1
	8. Khanpur
	9. Rurmajra-II
	10. Pakhowal-I
	11. Kunail
	12. Rurmajra-I
	13. Pakhowal-II.
	14. Saila Kalan
	15. Kakron-II
	16. Saila Khurad
	17. Bagampur
	18. Pansera
	19. Nangla
	20. Dadial
	21. Ghaghon Rooranwali
BAJWARA BLOCK.	
1. Khanuran	1. Nasran.
2. Mehlanwali—III	2. Malmajra
	3. Mehlanwali-.I
	4. Basti Hastkhan
	5. Bassi Bhaian.
	6. Mehlanwali-II.
	7. Chabewal
	8. Singhpur.
	9. Mehatpur
	10. Mona Kalan

QUESTIONS OF PRIVILEGE

Mr. Speaker : (1) On the 10th January, 1975, I informed the House that I have received a notice of Privilege Motion from Sarvshri Sukhdev Singh Dhindsa and Balwinder Singh Bhunder, M.L.A.s. stating that at page 4 of the Address read by the Governor in the House on the 27th February, 1973, it was mentioned that "the State Government had obtained clearance of Thein Dam Project by negotiations with other States and the Central Government" and that Shri K.C. Pant, Minister of State at the Centre had now made a statement that the Project could not be cleared because the concerned States were not agreeable. I had on that day observed that I would examine the matter and give my ruling later on.

I wrote a letter to the Chief Minister requesting him to clarify the position. He has sent me a detailed reply alongwith a copy of the summary record of discussion of a Conference of the Chief Ministers of the concerned States presided over by Dr. K.L. Rao, Union Minister for Irrigation and Power, which was held on the 24th December, 1972 in New Delhi. In the letter of the Chief Minister, it has been stated that "in this Conference the inter-State disputes/claims were discussed at length and it was ultimately decided that the Central Government would take up the construction of the Thein Dam without any further delay." This is fully substantiated by the summary record of the discussion.

Therefore, the statement made by the Governor while delivering his address on the 27th February, 1973, that the State Government had obtained clearance of Thein Dam Project by negotiations with other States and the Central Government was entirely correct and is corroborated by the summary record of discussions, mentioned, by me earlier.

I would also like to point out that the Chief Minister has also stated in his letter "that the situation changed later on, presumably because the Central Government could not find funds for this Project on making a reference to the Union Ministry of Finance/Planning Commission. The Punjab Government was first informed of this changed position by the Union Minister for Irrigation and Power in his letter dated the 17th July, 1973,—*vide* which he suggested the financing of this Project by five States by sharing the cost on an *adhoc* basis but the Punjab Government did not accept this proposal. In February, 1974, it was consequently pointed out in the Governor's Address that the State Government was making efforts to have this Project cleared, because the earlier decision vide which the Project could be deemed to have been sanctioned and construction was to be taken up by the Central Government without further delay was no longer valid." This assertion of the hon. Chief Minister is also correct as will be evident from the following extract from page 5 of the Address delivered by the Governor of Punjab on the 18th February, 1974 to the Members of the Punjab Vidhan Sabha.

> "Efforts at all levels have been made and are still being made for seeking clearance for various power projects, such as Anandpur Sahib Hydel Project, Shanan Hydel Project and *Thein Dam.*'

Now I would also like to draw the attention of the hon. Members who have given notice of the Privilege Motion to Rule 254 of our Rules of Procedure which clearly lays down that a question of privilege in order to be admissible should be restricted to a specific matter of recent occurrence. The Governor's Address containing the portion on which the Privilege Motion has been based, was delivered to the Members on the 27th February, 1973. Subsequently, the Governor informed the House of the changed position in respect of the Thein Dam Project when he delivered his Address next year to the Members of the Vidhan Sabha on the 18th February, 1974 and now after a lapse of about two years, a question of privilege has been sought to be raised. Clearly, this notice is inadmissible under Rule 254. In this connection, I would also like to invite the attention of the hon. Members to the following observation made in the Practice and 'Procedure of Parliament' by Kaul and Shakdher at page 258—

> "A question of privilege should thus be raised by a Member at the earliest opportunity and should require the interposition of the House. Even a delay of one day might prove fatal to the notice of privilege provided the specific matter sought to be raised was of urgent importance at a particular time."

For these reasons, I am sorry I cannot give my consent to the question of privilege being raised. At the same time, I would request the Punjab Government to vigorously pursue the matter regarding the construction of Thein Dam with the Union Government and the other State Governments concerned because all sections of the House and the public of the State are interested in the early construction of the Dam.

(2) On the 11th January, 1975, I informed the House that I had received a notice of privilege motion from Comrade Shamsher Singh Josh, M.L.A., wherein he had stated that on 10th January, 1975 Master Gurbanta Singh, Minister for Agriculture had given wrong information to the House while replying to Starred Question No 2900. I also informed the House that I was writing to the Minister concerned to clarify the position and on receipt of his reply, I would examine the matter with reference to his reply and the relevant proceedings of the Vidhan Sabha.

The Minister concerned has furnished the necessary clarification and the matter has been examined. The Minister, in his written clarification, has stated:

> "In the question, it was specifically asked whether at any time during 1974 any Legislator submitted to the Chief Minister any memorandum alleging evasion of market fee to the tune of Rs 8.00 lacs at Moga Market alone. On the basis of available information and record the answer was given in the negative. No memorandum in this behalf from any M.L.A. was found to have been submitted to the Chief Minister.

[Mr. Speaker]

> However, a note was received from the Chief Parliamentary Secretary regarding evasion of market fee in Moga Mandi and a reference to that was made by me while giving reply to the supplementaries to the aforesaid question. The aforesaid note can neither be said to be a memorandum nor the same was submitted to the Chief Minister."

In view of the clarification given by the Minister, I find that the Minister did not give any wrong information. I, therefore, do not give my consent to the question of privilege being raised.

(3) The House will recall that on the 11th January, 1975, Sardar Darbara Singh, M.L.A., sought to move Privilege Motion alleging that Sardar Umrao Singh, by making mis-statement, had misled the House and it involved a Question of Breach of Privilege. Thereupon, I said that I would examine the matter and give my ruling later on.

Subsequently, I wrote a letter to Sardar Darbara Singh requesting him to let me know the basis on which he made the aforesaid remarks while raising the Questions of Privilege. I also asked him to supply to me by the 15th January, 1975, documentary evidence duly certified, alongwith clarification, if any, in support of his assertion that Sardar Umrao Singh had made a mis-statement. So far I have not received any reply from him.

I had also written a letter to the Minister for Revenue and Election enquiring if the note produced in the House by Sardar Surjit Singh (Barnala) was released under his authority or at his instance or with his permission. He has, in reply, categorically stated that it was neither released under his authority nor at his instance nor with his permission. He has also intimated that the Secretary to Government, Punjab, Public Relations Department has been asked to enquire into the matter.

While I reiterate the ruling given by me earlier on the 11th January, 1975, that leakage of Budget proposals or official secrets does not form any basis for a Breach of Privilege, I would like to make it quite clear that it does not mean that anyone can disclose with impunity Budget proposals to anyone before their presentation to the House. The proposals are required to be kept secret and if there is any leakage of the Budget proposals the House has ample powers to enquire into the matter. Giving premature publicity to any matter connected with the business of House is against convention and propriety, though it does not constitute a Breach of Privilege or contempt of the House.

For the reasons stated above, I do not give my consent to Sardar Darbara Singh to raise the Question of Privilege. However, I reiterate that until the financial proposals are placed before the House, these are official secret. Propriety demands that these should not be disclosed.

(4) Then there is another Privilege Motion given notice of by Comrade Raj Kumar, M.L.A. relating to four Call Attention Notices of the hon. Member admitted on the 8th, 9th and 10th January, 1975

during the current Session, in respect of which the Ministers concerned have not so far given statements. In this connection, I would invite the attention of hon. Members to the following extract from page 254 of the book entitled "Practice and Procedure of Parliament" (Second Edition) by Kaul and Shakdher :—

> "Breaches of rules, conventions and practices are not regarded as breaches of privilege. If breaches of rules, etc. take place, they may invite the displeasure of the Speaker or censure of the House on a proper Motion."

2. I, therefore, do not give my consent to the hon. Member to raise the Question of Privilege.

3. However, I would like to inform the House that on the 30th December, 1974, the Punjab Government issued instructions to the Finacial Commissioners and Administrative Secretaries to the effect that replies to Call Attention Notices duly approved should invariably be sent to Vidhan Sabha Secretariat immediately but in no case later than seven days of the date of admission of the notice and within two days if a Minister gives assurance on the Floor of the House that he would place a copy of the statement on the Floor of the House.

4. I would, therefore, request the Chief Minister to ensure that these instructions are strictly followed both in letter and spirit.

5. I might also point out that statements/replies in respect of 11 Call Attention Notices admitted during the Budget and Monsoon Sessions, 1974, have not so far been received from the Government Departments concerned. I would, further, request the hon. Chief Minister to ensure that statements/replies in respect of these Call Attention Notices are also given during the current Session.

(5) Then, I have also received notice of Privilege Motion from Doctor Baldev Prakash, M.L.A., wherein he has stated that the Chief Minister while speaking in the House last week in connection with a certain Minister, gave wrong information and misled the House.

I have examined the matter raised in the Privilege Motion with reference to the relevant proceedings of the Punjab Vidhan Sabha. The words attributed to the Chief Minister were not actually uttered by him. Further, a copy of the document attached to the Privilege Motion has not been authenticated or certified and it cannot, therefore, be relied upon. Again, the hon'ble Member has not given any proof to show that the Chief Minister is in the knowledge of the facts stated in the Motion, or has received that document. On the other hand, the hon'ble Member has himself stated in the motion that the document must have been sent to the Chief Minister. It is simply a conjecture and not a categorical statement. I, therefore, do not give my consent to the Question of Privilege being raised. I would also like to point out here that this House should not be made the forum for levelling allegations against the Ministers or Members indiscriminately and without any basis. Some concrete proof should be produced to substantiate the allegations.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਅਤੇ ਢੀਂਡਸਾ ਸਾਹਿਬ ਨੇ ਜਿਹੜੀ ਪ੍ਰਿਵਿਲਿਜ ਮੋਸ਼ਨ ਦਿੱਤੀ ਸੀ . . . .(ਵਿਘਨ)

ਸ੍ਰੀ ਸਪੀਕਰ : ਰੂਲਿੰਗ ਤੇ ਕੋਈ ਡਿਸਕਸ਼ਨ ਨਹੀਂ ਹੋ ਸਕਦੀ (ਵਿਘਨ) (No discussion on my ruling.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਰੂਲਿੰਗ ਤੇ ਕੋਈ ਗੱਲ ਨਹੀਂ ਕਹਿਣੀ, ਮੈਂ ਆਪਣੀ ਗੱਲ ਕਲੀਅਰ ਕਰਨੀ ਹੈ। (ਵਿਘਨ)

ਸ੍ਰੀ ਸਪੀਕਰ : ਪ੍ਰਿਵਿਲਿਜ ਮੋਸ਼ਨ ਤੇ ਕੁਝ ਨਹੀਂ ਕਹਿਣਾ, ਤੁਸੀਂ ਆਪਣਾ ਪੁਆਇੰਟ ਆਫ਼ ਆਰਡਰ ਰੇਜ਼ ਕਰੋ। (ਵਿਘਨ) (Nothing is to be said with regard to Privilege Motion. However, you can raise your point of order.) (*Noise*)

ਸਰਦਾਰ ਬਲਵਿੰਦਰ ਸਿੰਘ ਭੂੰਦੜ : ** **

ਸ੍ਰੀ ਸਪੀਕਰ : ਇਹ ਪ੍ਰੋਸੀਡਿੰਗਜ਼ ਦਾ ਪਾਰਟ ਨਾ ਬਣੇ। (ਵਿਘਨ) (ਸ਼ੋਰ) (It should not form part of the proceedings.) (*Interruption*) (*Noise*)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜੀ ਰੀਸੈਂਟ ਅਕਰੈਂਸ ਵਾਲੀ ਗੱਲ ਤੁਸੀਂ ਫ਼ਰਮਾਈ ਹੈ, ਸ਼ਾਇਦ ਤੁਹਾਨੂੰ ਇਨਫ਼ਰਮੇਸ਼ਨ ਠੀਕ ਨਹੀਂ ਦਿੱਤੀ ਗਈ। ਗਵਰਨਰ ਸਾਹਿਬ ਨੇ ਹੁਣ ਵੀ ਇਥੇ ਹਾਊਸ ਵਿਚ ਇਸ ਦਾ ਰੈਫ਼ਰੈਂਸ ਕੀਤਾ ਸੀ (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਸ ਦੇ ਲਈ 2 ਕਰੋੜ ਰੁਪਏ ਰਖੇ ਹਨ ਹੁਣ ਵੀ ਅਤੇ 1974 ਵਿਚ ਵੀ ਰਖੇ ਸਨ। (An amount of Rs. two crores has been provided for in this Budget as was done in the budget for 1974.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਰੀਸੈਂਟ ਇਸ ਕਰਕੇ ਹੈ ਕਿਉਂਕਿ ਸੈਂਟਰ ਦੇ ਮਨਿਸਟਰ ਸਾਹਿਬ ਨੇ ਅਕਤੂਬਰ, ਵਿਚ ਸਟੇਟਮੈਂਟ ਦਿੱਤੀ ਸੀ ਅਤੇ ਉਸ ਵੇਲੇ ਹਾਊਸ ਨਹੀਂ ਸੀ ਬੈਠਾ ਹੋਇਆ ਅਤੇ ਹੁਣ ਬੈਠਾ ਹੈ (ਵਿਘਨ) ਹੁਣ ਇਸ ਨੂੰ ਇਸ ਹਾਊਸ ਵਿਚ ਚੈਲੰਜ ਕੀਤਾ ਜਾ ਸਕਦਾ ਹੈ। ਕਾਇੰਡਲੀ ਸੀ, ਇਹ ਕਲੀਅਰ ਪ੍ਰਿਵਿਲਿਜ ਮੋਸ਼ਨ ਬਣਦੀ ਹੈ (ਵਿਘਨ)

ਸ੍ਰੀ ਸਪੀਕਰ : ਥੀਨ ਡੈਮ ਲਈ ਤਾਂ ਪੰਜਾਬ ਗੌਰਮਿੰਟ ਆਪ ਬੜੀ ਸੀਰੀਅਸ ਹੈ। I have already given my ruling. Please resume your seat. (The Punjab Government is itself serious about the construction of the Thein Dam, I have already given my ruling. Please resume your seat.)

Sardar Surjit Singh (Barnala) : Kindly hear me.

**Expunged as ordered by the Chair.

Mr. Speaker : I cannot revise my ruling. Please don't discuss my ruling. (*Interruptions*)

Sardar Surjit Singh (Barnala): ** **

Mr. Speaker : Whatever the hon'ble Member is saying, should not be recorded.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਜਿਹੜਾ ਹੈ ਇਹ ਤੁਹਾਡੀ ਰੂਲਿੰਗ ਨੂੰ ਰਿਲੇਟ ਨਹੀਂ ਕਰਦਾ। ਮੈਂ ਪੁਆਇੰਟ ਆਫ਼ ਆਰਡਰ ਰਾਹੀਂ ਤੁਹਾਡੇ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਇਸ ਹਾਉਸ ਦਾ ਕੋਈ ਆਨਰੇਬਲ ਮੈਂਬਰ ਤੁਹਾਨੂੰ ਕੋਈ ਕਾਪੀ ਦੇਵੇ, ਜਿਹੜਾ ਕਹੇ ਕਿ ਡਿਪਟੀ ਡਾਇਰੈਕਟਰ ਸੀ. ਬੀ. ਆਈ. ਜਲੰਧਰ ਦੀ ਰਿਪੋਰਟ.... (ਵਿਘਨ) (ਸ਼ੋਰ)

ਸ੍ਰੀ ਸਪੀਕਰ : ਰੂਲਿੰਗ ਬਾਰੇ ਕੁਝ ਨਹੀਂ ਕਹਿਣਾ। (ਵਿਘਨ) (ਸ਼ੋਰ) (No discussion can be held on my ruling.) (*Interruption*) (*Noise.*)

Comrade Satya Pal Dang : This is entirely a separate question. ਕੈਬਨਿਟ ਦਾ ਇਕ ਮਨਿਸਟਰ ਸਮਗਲਿੰਗ ਵਿਚ ਇਨਵਾਲਵਡ ਹੋਵੇ......(ਵਿਘਨ)

Mr. Speaker : I would not allow.

ਕਾਮਰੇਡ ਸੱਤ ਪਾਲ ਡਾਂਗ : ** **

Mr. Speaker : It should not form part of the proceedings. (*Interruptions*)

ਕਾਮਰੇਡ ਸੱਤ ਪਾਲ ਡਾਂਗ : ** ** (ਵਿਘਨ)

Mr. Speaker : It should not form part of the proceedings. Please resume your seat. (*Interruptions*).

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਇਹ ਫਰਮਾਇਆ ਹੈ ਕਿ ਮੈਂ ਇਹ ਨਹੀਂ ਕਿਹਾ ਕਿ ਚੀਫ ਮਨਿਸਟਰ ਸਾਹਿਬ ਨੂੰ ਕੋਈ ਇਨਫ਼ਰਮੇਸ਼ਨ ਹੈ.................(ਵਿਘਨ)

Mr. Speaker : I have already given my ruling. Please resume your seat.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਹਿਬ, ਮੈਂ ਰੇਫ਼ਰੈਂਸ ਦਿੱਤਾ ਹੈ ਸੀ. ਬੀ. ਆਈ. ਦੀ ਰਿਪੋਰਟ ਦਾ ਜਿਹੜੀ ਦੋ ਦਿਨਾਂ ਤੋਂ ਚਲ ਰਹੀ ਹੈ। (*Interruption*) The Chief Minister is in the know of the thing.

Mr. Speaker : Please resume your seat. No discussion on my ruling. (*Interruption and Noise in the House.*)

Dr. Baldev Prakash : ** **

Mr. Speaker : Whatever the hon. Member is saying, should not be recorded. (*Interruption and Noise in the House.*)

**Expunged/Not recorded as ordered by the Chair.

QUESTION ARISING OUT OF REPLY TO CALL ATTENTION NOTICE No. 9

(ਇਸ ਸਮੇਂ ਕਈ ਆਨਰੇਬਲ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ਼ ਆਰਡਰ ਤੇ ਬੋਲਣ ਦੀ ਮੰਗ ਕਰ ਰਹੇ ਸਨ ।) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਮੇਰੀ ਐਡਜਰਨਮੈਂਟ ਮੋਸ਼ਨ ਇਸ ਬਿਨ੍ਹਾ ਤੇ ਰਿਜੈਕਟ ਕੀਤੀ ਹੈ ਕਿ ਬਜਟ ਦੀ ਤਕਰੀਰ ਦੇ ਦੌਰਾਨ ਇਸ ਨੂੰ ਰੈਫ਼ਰ ਕਰ ਸਕਦੇ ਹਾਂ । ਸਪੀਕਰ ਸਾਹਿਬ, ਇਹ ਇਸ਼ੂ ਬੜਾ ਇੰਪਾਰਟੈਂਟ ਹੈ । ਬਿਜਲੀ ਦੀ ਘਾਟ ਕਾਰਨ ਕਾਰਖਾਨੇ ਬੰਦ ਹੋ ਗਏ ਹਨ ਅਤੇ ਹਜ਼ਾਰਾਂ ਮਜ਼ਦੂਰਾਂ ਨੂੰ ਤਨਖ਼ਾਹ ਨਹੀਂ ਮਿਲ ਰਹੀ ਅਤੇ ਨਾ ਹੀ ਲੇ-ਆਫ਼ ਕੰਪੇਨਸੇਸ਼ਨ ਮਿਲਦਾ ਹੈ ਅਤੇ ਇਸ ਕਾਰਨ ਉਹ ਭੁੱਖੇ ਮਰ ਰਹੇ ਹਨ ਅਤੇ ਸਕਿੱਲਡ ਵਰਕਜ਼ ਇਥੋਂ ਮਾਈਗਰੇਟ ਕਰ ਰਹੇ ਹਨ। ਤੁਸੀਂ ਕਿਹਾ ਹੈ ਕਿ ਇਸ ਨੂੰ ਬਜਟ ਦੀ ਤਕਰੀਰ ਵੇਲੇ ਰੈਫ਼ਰ ਕਰ ਲੈਣਾ ।

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ: 9 ਐਡਮਿਟ ਹੋ ਚੁਕੀ ਹੈ । ਤੁਸੀਂ ਉਸਦੇ ਜਵਾਬ ਤੇ ਸਵਾਲ ਕਰ ਲੈਣਾ । (Call Attention Motion No. 9 has been admitted. You may put a question on its reply.)

ਵਿੱਤ ਮੰਤਰੀ : ਮੈਂ ਇਸ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਦੇ ਚੁਕਿਆ ਹਾਂ । ਇਹ ਉਸ ਤੇ ਸਵਾਲ ਕਰ ਲੈਣ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਵਾਬ ਆ ਚੁਕਿਆ ਹੈ । ਇਨ੍ਹਾਂ ਨੇ ਕਿਹਾ ਹੈ ਕਿ ਮਾਲੀ ਔਕੜ ਕਰਕੇ ਅਸੀਂ ਵਰਕਰਾਂ ਦੀ ਕੋਈ ਸਹਾਇਤਾ ਨਹੀਂ ਕਰਨੀ । ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ 1969 ਤੋਂ ਪਹਿਲਾਂ ਵੀ ਇਥੇ ਪੰਜਾਬ ਵਿਚ ਕਾਂਗਰਸ ਦਾ ਰਾਜ ਸੀ । ਉਸ ਸਰਕਾਰ ਨੇ ਬਿਜਲੀ ਦੇ ਸੰਕਟ ਵੇਲੇ ਮਜ਼ਦੂਰਾਂ ਦੀ ਸਹਾਇਤਾ ਕੀਤੀ ਸੀ । ਇਹ ਤਾਂ ਪ੍ਰੋਗਰੈਸਿਵ ਕਾਂਗਰਸ ਹੈ ਅਤੇ ਸਪਲਿਟ ਤੋਂ ਬਾਅਦ ਇਹ ਜ਼ਿਆਦਾ ਰੈਡੀਕਲ ਹੋ ਗਏ ਹਨ । (ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ, ਤੁਸੀਂ ਤਸ਼ਰੀਫ਼ ਰੱਖੋ । (Mr. Dang, please resume your seat.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਹਜ਼ਾਰਾਂ ਵਰਕਰ ਭੁੱਖੇ ਮਰ ਰਹੇ ਹਨ । ਉਨ੍ਹਾਂ ਨੂੰ ਲੇ-ਆਫ਼ ਕੰਪੇਨਸੇਸ਼ਨ ਨਹੀਂ ਮਿਲ ਰਹੀ । ਉਨ੍ਹਾਂ ਨੂੰ ਤਨਖ਼ਾਹ ਵੀ ਨਹੀਂ ਮਿਲਦੀ ।

ਸ੍ਰੀ ਸਪੀਕਰ : ਤੁਸੀਂ ਇਸ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਤੇ ਸਵਾਲ ਕਰ ਲਓ । (You may put a question on the reply to this Call Attention Motion.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸ਼ਰਮਾ ਜੀ ਨੇ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਵਿੱਚ ਕਿਹਾ ਹੈ ਕਿ ਅਸੀਂ ਵਰਕਰਾਂ ਦੀ ਕੋਈ ਮਦਦ ਨਹੀਂ ਕਰਨੀ । ਸਪੀਕਰ ਸਾਹਿਬ, ਨਵਾਂ ਬਜਟ ਪੇਸ਼ ਹੋ ਗਿਆ ਹੈ । ਮੈਂ ਇਨ੍ਹਾਂ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਹਜ਼ਾਰਾਂ ਵਰਕਰਾਂ ਨੂੰ ਬਿਜਲੀ ਦੀ ਕੱਟ ਕਰਕੇ ਕੰਮ ਨਹੀਂ ਮਿਲਦਾ ਅਤੇ ਨਾ ਹੀ ਕੋਈ ਲੇ-ਆਫ਼ ਕੰਪੇਨਸੇਸ਼ਨ ਮਿਲਦੀ ਹੈ ਵੱਡੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਤਾਂ ਮਿਲਦੀ ਹੈ ਪਰ ਛੋਟੇ ਕਾਰਖਾਨਿਆਂ ਵਿਚ ਕੰਮ ਕਰਨ ਵਾਲਿਆਂ ਮਜ਼ਦੂਰਾਂ ਨੂੰ ਨਹੀਂ ਮਿਲ ਰਹੀ । ਇਸ ਵਿਚ ਉਨ੍ਹਾਂ ਦਾ ਕੋਈ ਕਸੂਰ ਨਹੀਂ

ਉਹ ਭੁੱਖੇ ਮਰ ਰਹੇ ਹਨ । ਕੀ ਸ਼ਰਮਾ ਸਾਹਿਬ ਅਸ਼ੋਰੈਂਸ ਦੇਣ ਨੂੰ ਤਿਆਰ ਹਨ ਕਿ ਉਨ੍ਹਾਂ ਦੀ ਮਾਲੀ ਸਹਾਇਤਾ ਗਰਾਂਟ ਦੀ ਸ਼ਕਲ ਵਿੱਚ ਕੀਤੀ ਜਾਵੇਗੀ ?

ਵਿੱਤ ਮੰਤਰੀ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਦੇ ਦਿੱਤਾ ਹੈ । ਜਵਾਬ ਇਹ ਦਿੱਤਾ ਸੀ ਕਿ ਪੈਸੇ ਦੀ ਘਾਟ ਹੋਣ ਕਰਕੇ ਅਸੀਂ ਕੋਈ ਜ਼ਿਆਦਾ ਪੈਸੇ ਇਸ ਕੰਮ ਲਈ ਨਹੀਂ ਰੱਖੇ । ਉਸ ਦੇ ਬਾਅਦ ਇਹ ਵੀ ਕਿਹਾ ਸੀ ਕਿ ਅਸੀਂ 1974 75 ਔਰ 1975–76 ਵਿਚ ਜ਼ਿਆਦਾ ਪੈਸਾ ਬਿਜਲੀ ਪੈਦਾ ਕਰਨ ਦੇ ਸਾਧਨਾਂ ਤੇ ਲਾਇਆ ਹੈ ਅਤੇ ਲਾ ਰਹੇ ਹਾਂ ਤਾਕਿ ਕਾਰਖਾਨੇ ਚਲਣ ਅਤੇ ਪੈਦਾਵਾਰ ਵੀ ਵਧੇ ਅਤੇ ਮਜ਼ਦੂਰਾਂ ਨੂੰ ਕੋਈ ਕਸ਼ਟ ਵੀ ਨਾ ਹੋਵੇ । ਇਸ ਤੋਂ ਇਲਾਵਾ ਜਵਾਬ ਵਿਚ ਇਹ ਵੀ ਦਸਿਆ ਸੀ ਕਿ ਇੰਡਸਟਰੀਅਲ ਡਿਸਪਿਊਟ ਐਕਟ ਦੇ ਰਾਹੀਂ ਜਿਸ ਫ਼ੈਕਟਰੀ ਵਿੱਚ 50 ਜਾਂ 50 ਤੋਂ ਵੱਧ ਮਜ਼ਦੂਰ ਕੰਮ ਕਰਦੇ ਹਨ ਉਥੇ ਲੇ-ਆਫ਼ ਕੰਪੈਨਸੇਸ਼ਨ ਮਿਲਦਾ ਹੈ ਅਤੇ ਉਥੇ ਮਜ਼ਦੂਰਾਂ ਦੇ ਭੁਖੇ ਮਰਨ ਦਾ ਸਵਾਲ ਹੀ ਨਹੀਂ। ਜਿਥੇ 50 ਤੋਂ ਘੱਟ ਵਰਕਰ ਕੰਮ ਕਰਦੇ ਹਨ ਉਨ੍ਹਾਂ ਦੇ ਲਈ ਅਸੀਂ ਦੋ-ਪੱਖੀ ਇਲਾਜ ਕੀਤਾ ਹੈ । ਇਕ ਗੌਰਮਿੰਟ ਆਫ਼ ਇੰਡੀਆ ਦੇ ਲੇਬਰ ਮਨਿਸਟਰ ਨੂੰ ਲਿਖਿਆ ਹੈ ਕਿ ਇੰਡਸਟਰੀਅਲ ਡਿਸਪਿਊਟ ਐਕਟ ਵਿਚ ਜਲਦੀ ਤੋਂ ਜਲਦੀ ਅਮੈਂਡਮੈਂਟ ਲਿਆਂਦੀ ਜਾਵੇ ਤਾਕਿ ਜਿਥੇ ਵੀ 20 ਜਾਂ 20 ਤੋਂ ਜ਼ਿਆਦਾ ਵਰਕਰ ਕੰਮ ਕਰਦੇ ਹਨ ਉਸ ਕਾਰਖਾਨੇ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਲੇ-ਆਫ਼ ਕੰਪੈਨਸੇਸ਼ਨ ਮਿਲੇ । ਬਾਕੀ ਡਾਂਗ ਸਾਹਿਬ ਅਤੇ ਹੋਰ ਦੂਸਰੇ ਹਾਊਸ ਦੇ ਮੈਂਬਰਾਂ ਨੂੰ ਇਹ ਗੱਲ ਸੁਣ ਕੇ ਖੁਸ਼ੀ ਹੋਵੇਗੀ ਕਿ ਅਸੀਂ 10 ਲੱਖ ਰੁਪਿਆ ਇੰਟਰੈਸਟ-ਫਰੀ ਲੋਨ ਦੇਣ ਵਾਸਤੇ ਰੱਖਿਆ ਹੈ। ਜਿਥੇ ਕੋਈ ਹੋਰ ਸਾਧਨ ਨਾ ਮਿਲਣ ਉਥੇ ਅਸੀਂ ਇਸ ਪੈਸੇ ਵਿਚੋਂ ਮਜ਼ਦੂਰਾਂ ਨੂੰ ਇੰਟਰੈਸਟ-ਫਰੀ ਲੋਨ ਦੇਵਾਂਗੇ ।

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । ਇਹ ਪ੍ਰੋਸੀਡਿੰਗਜ਼ ਦਾ ਹਿਸਾ ਨਾ ਬਣੇ । (This is no point of order. It should not form part of the proceedings.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ । ਕਾਮਰੇਡ ਮਹਿਤਾਬ ਸਿੰਘ ਜੀ ਆਪਣੀ ਕਾਲ ਅਟੈਨਸ਼ੈਨ ਮੋਸ਼ਨ ਪੜ੍ਹਨ । ਸਰਦਾਰ ਗੁਰਦੇਵ ਸਿੰਘ ਬਾਦਲ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹਨ । ਜੇ ਇਨ੍ਹਾਂ ਨੇ ਨਹੀਂ ਪੜ੍ਹਨੀ ਤਾਂ ਜੋਸ਼ ਜੀ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ । (Whatever the hon. Member is saying should not be recorded. Comrade Mehtab Singh may read his Call Attention Motion. Sardar Gurdev Singh Badal may read his Call Attention Motion. If he does not want to read his Call Attention Motion then Comrade Shamsher Singh Josh may read his Call Attention Motion.)

**Expunged/Not recorded as ordered by the Chair.

CALL ATTENTION NOTICES UNDER RULE 66

(ਕ੍ਰਮ ਨੰ: 49)

ਕਾਮਰੇਡ ਮਹਿਤਾਬ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਪੰਜਾਬ ਰਾਜ ਦੇ ਅੰਮ੍ਰਿਤਸਰ, ਗੁਰਦਾਸਪੁਰ ਫਿਰੋਜ਼ਪੁਰ ਜ਼ਿਲਿਆਂ ਨੂੰ 16 ਕਿਲੋ ਮੀਟਰ ਦੀ ਪੱਟੀ ਦੇ ਕਿਸਾਨਾਂ ਨੂੰ ਟਿਊਬਵੈਲਾਂ ਲਈ ਕਰਜ਼ਾ ਤੇ ਜਿਸਦਾ 50 ਫ਼ੀਸਦੀ ਸਬਸਿਡੀ ਦਿਤੀ ਜਾਵੇਗੀ ਉਸ ਵਿਚ ਕੁਝ ਕੇਸ ਜਿਨ੍ਹਾਂ ਨੂੰ ਕਰਜ਼ਾ 2,500 ਰੁਪਏ ਰਕਮ ਮਿਲ ਗਈ ਤੇ ਉਸ ਨਾਲ ਬੋਰਿੰਗ ਦਾ ਕੰਮ ਹੋ ਗਿਆ ਪਰ ਜੋ 2,500 ਰੁਪਏ ਸਬਸਿਡੀ ਦੀ ਰਕਮ ਜਿਸ ਨਾਲ ਇੰਜਨ ਖਰੀਦਣਾ ਸੀ ਨਹੀਂ ਦਿੱਤੀ ਗਈ। ਸਰਕਾਰ ਬਾਕੀ ਬਾਰਡਰ ਦੇ ਕਿਸਾਨਾਂ ਨੂੰ 50 ਫ਼ੀਸਦੀ ਸਬਸਿਡੀ ਦੇਣ ਦਾ ਐਲਾਨ ਕਰੇ। ਕਿਸਾਨਾਂ ਵਿਚ ਬੇਚੈਨੀ ਹੈ। ਸਬੰਧਤ ਮੰਤਰੀ ਇਸ ਸਦਨ ਵਿਚ ਬਿਆਨ ਦੇਣ ਦੀ ਕਿਰਪਾ ਕਰਨ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The Minister concerned may please make a statement.)

(ਕ੍ਰਮ ਨੰ: 53)

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਪਿੰਡ ਵਾਸੀਆਂ ਹਲਕਾ ਮਲੋਟ, ਜ਼ਿਲ੍ਹਾ ਫ਼ਰੀਦਕੋਟ ਵਿਚ ਹੈ ਜਿਥੇ ਕੋਈ ਹਲਕਾ ਕੁੱਤਾ ਵਾਟਰ ਵਰਕਸ ਦੀ ਢਿੱਗੀ ਵਿਚ ਡਿੱਗ ਕੇ ਮਰ ਗਿਆ ਹੈ ਤੇ ਉਸ ਦੇ ਮਰਨ ਨਾਲ ਕੋਈ ਐਸਾ ਜ਼ਹਿਰ ਫ਼ੈਲ ਗਿਆ ਹੈ ਕਿ ਪਿੰਡ ਦੀਆਂ ਅੱਜ ਤੀਕ ਕੋਈ 10 ਮੱਝਾਂ ਤੇ ਬਲਦ ਮਰ ਚੁੱਕੇ ਹਨ ਤੇ ਉਨ੍ਹਾਂ ਲੋਕਾਂ ਨੇ ਯੂਨੀਵਰਸਿਟੀ ਲੁਧਿਆਣਾ ਕੋਲੋਂ ਚੈਕ ਅੱਪ ਕਰਵਾਇਆ ਤੇ ਉਨ੍ਹਾਂ ਨੇ ਰਿਪੋਟ ਦਿੱਤੀ ਹੈ ਕਿ ਪਿੰਡ ਵਿਚ ਹਲਕ ਦੀ ਬਿਮਾਰੀ ਫ਼ੈਲ ਗਈ ਹੈ ਤੇ ਸਾਰਾ ਪਿੰਡ ਹੀ ਟੀਕੇ ਲਵਾਉ, ਸਾਰੇ ਮਾਲ ਡੰਗਰਾਂ ਨੂੰ ਵੀ ਟੀਕੇ ਲਵਾਉ ਸੋ ਸਾਰੇ ਪਿੰਡ ਨੂੰ ਵੀ ਹਲਕ ਹੋ ਜਾਣ ਦਾ ਖਤਰਾ ਹੈ। ਸਰਕਾਰ ਤੁਰੰਤ ਉਥੇ ਸਪੈਸ਼ਲ ਡਾਕਟਰ ਭੇਜ ਕੇ ਸਾਰੇ ਪਿੰਡ ਨੂੰ ਹਲਕਣ ਤੋਂ ਬਚਾਇਆ ਜਾਵੇ ਤੇ ਲੋਕਾਂ ਦੀ ਬੇਚੈਨੀ ਨੂੰ ਤੁਰੰਤ ਰੋਕਿਆ ਜਾਵੇ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The Minister concerned may Please make a statement).

(*Serial No. 58*)

Comrade Shamsher Singh Josh : Sir, I beg to draw the attention of the Government towards a matter of urgent public importance, namely, decision of the Central Government to accept the recommendation of the University Grants Commission regarding the enhancement of the grades of College and University Teachers all over the country. The Punjab Government has not taken any decision in the matter although Central Government has also declared that 80% of the expenditure to be incurred as a result of implementation of new grades will be contributed by the Central Government and State Government will have to contribute only 20% of the expenditure.

There is a widespread resentment amongst the lecturers and professors. The State Government may be asked to make a statement in the House.

Mr. Speaker : Admitted. The Minister concerned may please make a statement.

ਸਰਦਾਰ ਬਸੰਤ ਸਿੰਘ ਖਾਲਸਾ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever is being said without the permission of the Chair, should not be recorded.)

(ਇਸ ਸਮੇਂ ਆਪੋਜ਼ੀਸ਼ਨ ਬੈਂਚਾਂ ਵੱਲੋਂ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਕਈ ਮੈਂਬਰ ਖੜ੍ਹੇ ਹੋ ਕੇ ਬੋਲ ਰਹੇ ਸਨ) (ਸ਼ੋਰ)

ਸ੍ਰੀ ਸਪੀਕਰ : ਸਰਦਾਰ ਬਲਵਿੰਦਰ ਸਿੰਘ ਭੂੰਦੜ ਕਾਲ ਅਟੈਨਸ਼ਨ ਮੋਸ਼ਨ ਨੰ: 59 ਪੜ੍ਹਨ । ਜੇ ਉਨ੍ਹਾਂ ਨੇ ਨਹੀਂ ਪੜ੍ਹਨੀ ਤਾਂ ਸ੍ਰੀ ਪਿਆਰਾ ਰਾਮ ਧੰਨੋਵਾਲੀ ਆਪਣੀ ਕਾਲ ਅਟੈਨਸ਼ਨ ਮੋਸ਼ਨ ਨੰਬਰ 60 ਪੜ੍ਹਨ । (Sardar Balwinder Singh Bhunder may read his Call Attention Motion No. 59. If he does not want to read it then Shri Piara Ram Dhanowali may read his Call Attention Motion No. 60.)

(ਕ੍ਰਮ ਨੰ: 59)

ਸਰਦਾਰ ਬਲਵਿੰਦਰ ਸਿੰਘ ਭੂੰਦੜ
ਸਰਦਾਰ ਸੁਰਜੀਤ ਸਿੰਘ ਸਿੱਧੂ } : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, 26 ਦਸੰਬਰ, 1974 ਨੂੰ ਪਿੰਡ ਨਗਾਹ, ਥਾਣਾ ਸਦਰ, ਗੁਰਦਾਸਪੁਰ, ਵਿਚ ਬਿਜਲੀ ਦਾ ਟ੍ਰਾਂਸਫਾਰਮਰ, ਨਿਹੱਥੇ ਕਿਸਾਨਾਂ ਉਤੇ ਅੰਧਾ ਧੁੰਦ ਲਾਠੀ ਚਾਰਜ, ਟੀਅਰ ਗੈਸ ਛੱਡਕੇ ਅਰਥਾਤ ਤਸ਼ੱਦਦ ਕਰਕੇ, ਲਾਹ ਲਿਆ । 2 ਮਹੀਨੇ ਤੋਂ ਫੀਡਰ ਬੰਦ ਹਨ, 66 ਪਿੰਡ ਦੁਖੀ ਹਨ ਬਿਜਲੀ ਪੱਖੋਂ, ਲੋਕਾਂ ਵਿਚ ਤਸ਼ੱਦਦ ਕਾਰਨ ਅਤੇ ਬਿਜਲੀ ਨਾ ਮਿਲਣ ਕਾਰਨ ਸਖ਼ਤ ਬੇਚੈਨੀ ਹੈ । ਸਰਕਾਰ ਤੁਰੰਤ ਬਿਆਨ ਦੇਵੇ ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement.)

(Serial No. 60)

Shri Piara Ram Dhanowali : Sir, I beg to draw the attention of the Government towards a matter of urgent public importance, namely, there is reservation in the allotment of residential plots in the Urban Estates for Scheduled Castes and Ex-Servicemen and Military personnel. The allottees were required to pay the price of the plot in four instalments. The Government has now changed its policy by which only the Government servants and the Military personnel have been allowed this concession of making payment in four instalments in respect of the plots

**Not recorded as ordered by the Chair.

[Shri Piara Ram Dhanowali]

to be allotted to them. The poor Harijans who are neither Government servants nor Military personnel nor Ex-Servicemen have been deprived of this concession of paying prices in four instalments. Harijans are required to pay the entire cost in lump sum. The poor Harijans will not be able to avail of this reservation. They should be allowed to make payment in four instalments. There is a great resentment among the Harijans. The Government may please make a statement.

Mr. Speaker : Admitted. The Minister concerned may please make a statement.

(ਕ੍ਰਮ ਨੰ: 67)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਰਜਿਸਟਰਾਰ, ਕੋਆਪਰੇਟਿਵ ਸੁਸਾਇਟੀਜ਼, ਪੰਜਾਬ ਦੇ ਹੁਕਮ ਅਨੁਸਾਰ ਪੰਜਾਬ ਦੇ ਸਾਰੇ ਕੋਆਪਰੇਟਿਵ ਬੈਂਕਾਂ ਨੇ ਆਪਣੇ ਡਿਫ਼ਾਲਟਰ ਮੈਂਬਰਾਂ ਦੇ ਵਿਆਜ ਦੀ ਦਰ 1 ਪ੍ਰਤੀਸ਼ਤ ਦੀ ਬਜਾਏ 3 ਪ੍ਰਤੀਸ਼ਤ ਕਰ ਦਿੱਤੀ ਹੈ, ਜਦੋਂ ਕਿ ਆਮ ਦਰ 12 ਪ੍ਰਤੀਸ਼ਤ ਹੈ ਅਤੇ ਡਿਫ਼ਾਲਟਰ ਮੈਂਬਰ ਲਈ 13 ਪ੍ਰਤੀਸ਼ਤ ਹੁੰਦਾ ਸੀ ਜੋ ਹੁਣ 15 ਪ੍ਰਤੀਸ਼ਤ ਕਰ ਦਿੱਤਾ ਹੈ। ਜਿਸ ਨਾਲ ਪੰਜਾਬ ਦੇ ਲੋਕਾਂ ਵਿਚ ਬੇਚੈਨੀ ਪਾਈ ਜਾਂਦੀ ਹੈ। ਇਸ ਸੰਬੰਧ ਵਿਚ ਸਰਕਾਰ ਬਿਆਨ ਦੇਵੇ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The Minister concerned may please make a statement.)

(ਇਸ ਸਮੇਂ ਆਪੋਜ਼ੀਸ਼ਨ ਬੈਂਚਾਂ ਵਲੋਂ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਕਈ ਆਨਰਬਲ ਮੈਂਬਰਜ਼ ਨਾਹਰੇ ** ** ** ** ਲਗਾ ਰਹੇ ਸਨ)

ਸ੍ਰੀ ਸਪੀਕਰ : ਇਹ ਜੋ ਨਾਹਰੇ ਲਗਾਏ ਜਾ ਰਹੇ ਹਨ, ਰਿਕਾਰਡ ਨਾ ਕੀਤੇ ਜਾਣ। (These slogans should not be recorded.)

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ।)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਆਪੋਜ਼ੀਸ਼ਨ ਪਾਰਟੀ ਵਾਲੇ ਬਾਰ ਬਾਰ ਹੱਥ ਉਠਾ ਕੇ ਇਹ ਕਹਿੰਦੇ ਹਨ ਕਿ ਇਹ ਸੀ. ਬੀ. ਆਈ. ਦੀ ਰਿਪੋਰਟ ਹੈ, ਇਹ ਸੀ. ਬੀ. ਆਈ. ਦੀ ਰਿਪੋਰਟ ਹੈ। ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਦਰਖ਼ਾਸਤ ਕਰਨਾ ਚਾਹੁੰਦਾ ਹਾਂ ਕਿ ਸੀ. ਬੀ. ਆਈ. ਦੀ ਰਿਪੋਰਟ ਇਕ ਸੀਕਰਿਟ ਡਾਕੂਮੈਂਟ ਹੈ। ਸਰਕਾਰ ਇਹ ਪਤਾ ਲਗਾਵੇ ਕਿ ਇਨ੍ਹਾਂ ਨੇ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਇਹ ਸੀਕਰਿਟ ਡਾਕੂਮੈਂਟ ਕਿਥੋਂ ਲਿਆ ਹੈ। ਅਗਰ ਚੋਰੀ ਕੀਤਾ ਹੈ ਤਾਂ ਇਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇ ਅਤੇ ਜੇ ਰਿਕਾਰਡ ਠੀਕ ਹੈ ਤਾਂ ਸਰਕਾਰ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰੇ ਜਿਨ੍ਹਾਂ ਦੇ ਨਾਂ ਇਸ ਰਿਪੋਰਟ ਵਿਚ ਆਏ ਹਨ। (ਥੰਪਿੰਗ)।

**Not recorded as ordered by the Chair.

ਸ੍ਰੀ ਸਪੀਕਰ: ਇਹ ਤਾਂ ਗੌਰਮਿੰਟ ਆਫ਼ ਇੰਡੀਆ ਦਾ ਡਾਕੂਮੈਂਟ ਹੈ। ਸੀ.ਬੀ.ਆਈ. ਦੀ ਰਿਪੋਰਟ ਗੌਰਮਿੰਟ ਆਫ਼ ਇੰਡੀਆ ਦੀ ਰਿਪੋਰਟ ਹੈ। (This is a document of the Government of India. The report of C.B.I. is the Report of Government of India.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

Mr. Speaker : This is no point of order. ਤੁਸੀਂ ਬੈਠੋ । (This is no point of order. Please resume your seat).

(ਇਸ ਸਮੇਂ ਸਰਦਾਰ ਜਸਵਿੰਦਰ ਸਿੰਘ ਬਰਾੜ ਜੀ ਬੋਲੀ ਜਾ ਰਹੇ ਸਨ ** **)।

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon'ble Member is saying, should not be recorded.)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਹਰ ਇਕ ਮੈਂਬਰ ਨੂੰ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਦਾ ਪੂਰਾ ਪੂਰਾ ਹੱਕ ਹੈ ਪਰ ਇਥੇ ਆਨਰੇਬਲ ਮੈਂਬਰ ਨੇ ** ** ** ਹੈ । ਮੈਂ ਸਮਝਦਾ ਹਾਂ ਕਿ ਉਸ ਮੈਂਬਰ ਨੂੰ ਸਸਪੈਂਡ ਕਰਨਾ ਚਾਹੀਦਾ ਹੈ। ਉਸ ਦੇ ਖਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ।

ਆਵਾਜ਼ਾਂ : ਨਹੀਂ ਜੀ, ਕਿਸੇ ਨੇ ਨਹੀਂ ਕਿਹਾ।

ਸ੍ਰੀ ਸਪੀਕਰ : ਸਰਦਾਰ ਗੁਰਦੇਵ ਸਿੰਘ ਬਾਦਲ ਨੇ ਇਸ ਤਰ੍ਹਾਂ ਦੇ ਨਾਹਰੇ ਲਗਾਏ ਹਨ। (Sardar Gurdev Singh Badal has raised such slogans.)

ਆਵਾਜ਼ਾਂ : ਨਹੀਂ ਜੀ, ਬਿਲਕੁਲ ਨਹੀਂ ਲਗਾਏ।

ਸ੍ਰੀ ਸਪੀਕਰ : ਸਰਦਾਰ ਗੁਰਦੇਵ ਸਿੰਘ ਬਾਦਲ ਔਰ ਮਿਸਟਰ ਬਰਾੜ ਨੇ ਨਾਹਰੇ ਲਗਾਏ ਹਨ। ਅਗਰ ਕੋਈ ਇਸ ਤਰ੍ਹਾਂ ਦੇ ਨਾਹਰੇ ਲਗਾਏ ਹਨ ਤਾਂ ਉਹ ਰਿਗਰੇਟ ਸ਼ੋ ਕਰਨ ਨਹੀਂ ਤਾਂ ਮੈਂ ਕਹਾਂਗਾ ਇਸ ਸਦਨ ਨੂੰ ਕਿ ਉਹ ਮੈਂਬਰ ਜਿਹੜੇ ਕਿ ਇਸ ਹਾਊਸ ਦੀ ਕਾਰਵਾਈ ਵਿਚ ਰੁਕਾਵਟ ਪਾਉਂਦੇ ਹਨ, ਪੰਜਾਬ ਦੇ ਨੁਮਾਇੰਦੇ ਜਿਹੜੇ ਕਿ ਇਸ ਹਾਊਸ ਦੀ ਹੀਨਤਾ ਕਰਦੇ ਹਨ, ਜਿਹੜੇ ਇਸ ਹਾਊਸ ਦਾ ਅਪਮਾਨ ਕਰਦੇ ਹਨ, ਚੇਅਰ ਦਾ ਕਹਿਣਾ ਨਹੀਂ ਮੰਨਦੇ ; ਕਾਨਸਟੀਚਿਊਸ਼ਨ ਦੀ ਉਲੰਘਣਾ ਕਰਦੇ ਹਨ, ਹਾਊਸ ਦੀ ਕਾਰਵਾਈ ਨੂੰ ਚਲਣ ਨਹੀਂ ਦਿੰਦੇ ਔਰ ਇਹੋ ਜਿਹੇ ਨਾਹਰੇ ਲਗਾਉਂਦੇ ਹਨ, ਉਨ੍ਹਾਂ ਦੇ ਖਿਲਾਫ਼ ਹਾਊਸ ਨੂੰ ਸਖਤ ਐਕਸ਼ਨ ਲੈਣਾ ਚਾਹੀਦਾ ਹੈ। (Sardar Gurdev Singh Badal and Mr. Brar have raised slogans. If such slogans have been raised then they should show regret otherwise I would request the House to take stern action against those who obstruct the proceedings of the House. Although they represent Punjab, yet they lower the dignity of the House and insult the House. They do not obey the Chair, violate the Constitution, obstruct the proceedings of the House and also raise such unbecoming slogans.)

**Expunged/Not recorded as ordered by the Chair.

(ਇਸ ਸਮੇਂ ਹਾਊਸ ਵਿਚ ਕਾਫੀ ਸ਼ੋਰ ਸੀ।)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਜੇਕਰ ਸਪੀਕਰ ਸਾਹਿਬ ਵੀ ਜੋਸ਼ ਵਿਚ ਆ ਜਾਣ ਤਾਂ ਠੀਕ ਨਹੀਂ ਹੈ।

(ਇਸ ਸਮੇਂ ਮੁੱਖ ਸੰਸਦੀ ਸਕੱਤਰ ਸਾਹਿਬ ਮੋਸ਼ਨ ਪੜ੍ਹਨ ਲਈ ਖੜ੍ਹੇ ਹੋਏ ਪਰ ਹਾਊਸ ਵਿਚ ਜ਼ਿਆਦਾ ਸ਼ੋਰ ਹੋਣ ਕਾਰਣ ਪੜ੍ਹ ਨਾ ਸਕੇ।)

ਸ੍ਰੀ ਸਪੀਕਰ : ਮੈਂ ਜੋਸ਼ ਵਿਚ ਨਹੀਂ ਆਇਆ ਪਰ ਇਹ ਹਾਊਸ ਦਾ ਅਪਮਾਨ ਹੈ। (This is contempt of the House. (I have not become emotional but this is contempt of the House).

ਸਰਦਾਰ ਪਰਕਾਸ਼ ਸਿੰਘ ਬਾਦਲ : ਸਾਡੇ ਵਲੋਂ ਸਪੀਕਰ ਦੇ ਖਿਲਾਫ਼ ਕੋਈ ਨਾਹਰਾ ਨਹੀਂ ਲਗਾਇਆ ਗਿਆ।

ਸ੍ਰੀ ਸਪੀਕਰ : ਮੈਂ ਨਾਹਰੇ ਐਕਸਪੰਜ ਕਰਵਾਏ ਹਨ। ਨਾਹਰੇ ਤਾਂ ਲਗਾਏ ਹਨ। ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਕਹਾਂਗਾ ਕਿ ਉਹ ਰਿਗਰੇਟ ਸ਼ੋ ਕਰਨ ਅਦਰਵਾਈਜ਼ ਮੈਂ ਮਜ਼ਬੂਰ ਹੋ ਜਾਵਾਂਗਾ ਐਕਸ਼ਨ ਲੈਣ ਲਈ। (I have ordered the expunction of the slogans. Slogans have certainly been raised. I would request the Leader of the Opposition that he may show regret otherwise I will be constrained to take action.)

ਸਰਦਾਰ ਪਰਕਾਸ਼ ਸਿੰਘ ਬਾਦਲ : ** ** **

Mr. Speaker : This is an aspersion on the Chair. This should not form part of the proceedings of the House.

ਸਰਦਾਰ ਪਰਕਾਸ਼ ਸਿੰਘ ਬਾਦਲ : ਅਸੀਂ ਚੇਅਰ ਦਾ ਫੁੱਲ ਸਤਿਕਾਰ ਕਰਦੇ ਹਾਂ ਔਰ ਇਹੋ ਜਿਹੀ ਗੱਲ ਨਹੀਂ ਕਰਾਂਗੇ। ਪਰ ਜਦੋਂ ਤੁਸੀਂ ਸਾਡਾ ਜਿਹੜਾ ਹੱਕ ਹੈ ਉਹ ਦਬਾਓਗੇ ਤਾਂ ਅਸੀਂ ਪ੍ਰੋਟੈਸਟ ਕਰਾਂਗੇ।

(ਇਸ ਸਮੇਂ ਮੁੱਖ ਸੰਸਦੀ ਸਕੱਤਰ ਸਾਹਿਬ, ਮੋਸ਼ਨ ਮੂਵ ਕਰਨ ਲਈ ਖੜ੍ਹੇ ਹੋਏ।)

ਸ੍ਰੀ ਸਪੀਕਰ : ਚਲੋ ਜੀ ਮੂਵ ਕਰੋ। (Please move the motion.)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਖੜ੍ਹੇ ਹੋਕੇ ਪੁਆਇੰਟ ਆਫ਼ ਆਰਡਰ ਤੇ ਬੋਲਣ ਦੀ ਮੰਗ ਕਰ ਰਹੇ ਸਨ। ਆਪੋਜ਼ੀਸ਼ਨ ਬੈਂਚਾਂ ਦੇ ਕਈ ਮੈਂਬਰ ਸਾਹਿਬਾਨ ਬੈਂਚਾਂ ਖੜਕਾ ਰਹੇ ਸਨ। ਹਾਊਸ ਵਿਚ ਬਹੁਤ ਸ਼ੋਰ ਸੀ।)

ਸ੍ਰੀ ਸਪੀਕਰ : ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ? (Sardar Surjit Singh Barnala, what do you want to say ?)

**Expunged as ordered by the Chair.

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜਦੋਂ ਤੁਸੀਂ ਰੂਲਿੰਗ ਦਿੰਦੇ ਹੋ ਤਾਂ ਸਾਡੇ ਤੇ ਬਾਇੰਡਿੰਗ ਹੋ ਜਾਂਦੀ ਹੈ, ਅਸੀਂ ਬੋਲ ਨਹੀਂ ਸਕਦੇ। ਸੋ ਮੇਰੀ ਅਰਜ਼ ਹੈ ਕਿ ਜਾਂ ਤਾਂ ਤੁਸੀਂ ਰੂਲਿੰਗ ਦੇਣ ਤੋਂ ਪਹਿਲਾਂ ਸੁਣ ਲਿਆ ਕਰੋ। ਤੁਸੀਂ ਇਕ ਤਰਫ਼ਾ ਰੂਲਿੰਗ ਦਿੰਦੇ ਹੋ।

ਸ੍ਰੀ ਸਪੀਕਰ : ਨਹੀਂ ਜੀ, ਮੈਂ ਦੋਨਾਂ ਪੱਖਾਂ ਨੂੰ ਸੁਣਦਾ ਹਾਂ। ਰੂਲਿੰਗ ਸੋਚ ਵਿਚਾਰ ਤੋਂ ਬਾਅਦ ਦਿੱਤਾ ਜਾਂਦਾ ਹੈ। ਜਦੋਂ ਤੁਸੀਂ ਪ੍ਰਿਵਿਲਜ ਮੋਸ਼ਨ ਲਿਆਉਂਦੇ ਹੋ ਤਾਂ ਤੁਹਾਡਾ ਪੱਖ ਆ ਜਾਂਦਾ ਹੈ। (No please, I hear both the sides. Ruling is given after full thought. When you move a privilege motion, you give your opinion thereon.)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਜਦੋਂ ਤੁਸੀਂ ਥੀਨ ਡੈਮ ਦੇ ਬਾਰੇ ਰੂਲਿੰਗ ਦਿੱਤੀ ਹੈ ਤਾਂ ਤੁਸੀਂ ਸਾਡੀ ਗਲ ਨਹੀਂ ਸੁਣੀ।...

ਸ੍ਰੀ ਸਪੀਕਰ : ਬਰਨਾਲਾ ਜੀ ਬੈਠੋ, ਹਾਊਸ ਦੇ ਵਿਚ ਮੈਂਬਰਜ਼ ਨੇ ਨਾਹਰੇ ਲਗਾਏ ਹਨ ਔਰ ਉਹ ਐਕਸਪੰਜ ਕਰ ਦਿੱਤੇ ਗਏ ਹਨ। ਹੁਣ ਜਾਂ ਤਾਂ ਉਹ ਮੈਂਬਰ ਜਿਸ ਨੇ ਨਾਹਰੇ ਲਗਾਏ ਹਨ, ਰਿਗਰੇਟ ਸ਼ੋ ਕਰਨ ਨਹੀਂ ਤਾਂ ਮੈਂ ਸਮਝਦਾ ਹਾਂ ਕਿ ਹਾਊਸ ਨੂੰ ਪੂਰਾ ਇਖਤਿਆਰ ਹੈ ਐਕਸ਼ਨ ਲੈਣ ਦਾ। (Barnala Ji, Please resume your seat. Members have raised some slogans in the House and those have been expunged. Now, the Member who raised the slogan should show regret otherwise I think the House has got full right to take action against him.)

ਆਵਾਜ਼ਾਂ : ਨਹੀਂ ਜੀ, ਨਹੀਂ ਜੀ, ਕੋਈ ਨਾਹਰੇ ਨਹੀਂ ਲਗਾਏ।

(ਇਸ ਸਮੇਂ ਸਰਦਾਰ ਜਸਵਿੰਦਰ ਸਿੰਘ ਬਰਾੜ ਔਰ ਵਿੱਤ ਮੰਤਰੀ ਜੀ ਬੋਲਣ ਲਈ ਖੜ੍ਹੇ ਹੋਏ।)

ਸ੍ਰੀ ਸਪੀਕਰ : ਬਰਾੜ ਸਾਹਿਬ, ਪਹਿਲਾਂ ਸ਼ਰਮਾ ਜੀ ਨੂੰ ਸੁਣ ਲਈਏ, ਉਹ ਖੜੇ ਹਨ। ਤੁਸੀਂ ਬੈਠੋ। (Brar Sahib, let us first listen to Mr. Sharma, who is on his legs. Please resume your seat.)

ਸਰਦਾਰ ਜਸਵਿੰਦਰ ਸਿੰਘ ਬਰਾੜ : ਇਹ ਕਿਵੇਂ ਖੜੇ ਹਨ, ਪਹਿਲਾਂ ਸਾਨੂੰ ਸੁਣੋ।

ਸ੍ਰੀ ਸਪੀਕਰ : ਮਨਿਸਟਰ ਨੂੰ ਹੱਕ ਹੈ ਇੰਟਰਵੀਨ ਕਰਨ ਦਾ। (The Minister has got the right to intervene.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ, ਉਸ ਨੂੰ ਹਾਊਸ ਦੀ ਕਾਰਵਾਈ ਵਿਚੋਂ ਐਕਸਪੰਜ ਕੀਤਾ ਜਾਵੇ। (Whatever the hon. Member is saying without the permission of the Chair, should be expunged from the proceedings of the House.)

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ। ਅਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਬੈਂਚਾਂ ਖੜਕਾ ਰਹੇ ਸਨ।)

**Expunged as ordered by the Chair.

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਤੋਂ ਬਾਦ ਉਸ ਨੂੰ ਚੈਲੰਜ ਕਰਨਾ ਔਰ ਇਸ ਤਰ੍ਹਾਂ ਹਾਊਸ ਦੀ ਕਾਰਵਾਈ ਨੂੰ ਚੱਲਣ ਨਾ ਦੇਣਾ, ਠੀਕ ਨਹੀਂ ਹੈ। ਬਾਦਲ ਸਾਹਿਬ ਆਪਣੇ ਮੈਂਬਰਾਂ ਨੂੰ ਸ਼ੋਰ ਕਰਨ ਤੋਂ ਬੰਦ ਨਹੀਂ ਕਰਵਾ ਸਕੇ। ਉਨ੍ਹਾਂ ਨੂੰ ਡੈਸਕਾਂ ਵਜਾਉਣ ਤੋਂ ਬੰਦ ਨਹੀਂ ਕਰਦੇ। ਇਸ ਲਈ ਅਸੀਂ ਐਕਸ਼ਨ ਲਵਾਂਗੇ ਔਰ ਮੋਸ਼ਨ ਲਿਆ ਕੇ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰਾਂਗੇ। (ਬਹੁਤ ਸ਼ੋਰ)

SUSPENSION OF SARDAR GURDEV SINGH BADAL

Chief Parliamentary Secretary (Sardar Gurcharan Singh Nihalsinghwala) Sir, I beg to move—

> That Rule 97 of the Rules of Procedure and Conduct of Business in the Punjab Legislative Assembly be suspended.

(Noise and uproar)

Mr. Speaker : Motion moved—

> That Rule 97 of the Rules of Procedure and Conduct of Business in the Punjab Legislative Assembly be suspended.

Mr. Speaker : Question is—

> That Rule 97 of the Rules of Procedure and Conduct of Business in the Punjab Legislative Assembly be suspended.

The Motion was carried.

Chief Parliamentary Secretary (Sardar Gurcharan Singh Nihalsinghwala): Sir, I beg to move—

> That Sardar Gurdev Singh Badal be suspended from the service of the House for the remainder of the Session.

(Noise and uproar)

Mr. Speaker : Motion moved—

> That Sardar Gurdev Singh Badal be suspended from the service of the House for the remainder of the Session.

(Noise)

Mr. Speaker : Question is—

> That Sardar Gurdev Singh Badal be suspended from the service of the House for the remainder of the Session.

(Noise and uproar)

The Motion was carried.

Mr. Speaker : Sardar Gurdev Singh Badal may please withdraw from the House.

ਸਰਦਾਰ ਪਰਕਾਸ਼ ਸਿੰਘ ਬਾਦਲ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਬਾਦਲ ਸਾਹਿਬ ਕਹਿ ਰਹੇ ਹਨ, ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ। (ਆਪੋਜ਼ੀਸ਼ਨ ਵਲੋਂ ਬਹੁਤ ਸ਼ੋਰ ਤੇ ਵਿਘਨ) ਇਹ ਕੁਝ ਵੀ ਰਿਕਾਰਡ ਨਾ ਕੀਤਾ ਜਾਵੇ। (Whatever Mr. Badal is saying should not form part of the proceedings. (Noise and interruptions by the opposition) Nothing should be recorded.)

**Expunged/Not recorded as ordered by the Chair.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਪੰਜਾਬ ਦੇ ਮਸਲੇ ਨਾ ਸੁਣੇ ਜਾਣ ਤਾਂ.........

(ਬਹੁਤ ਸ਼ੋਰ ਤੇ ਵਿਘਨ)

ਸ਼੍ਰੀ ਸਪੀਕਰ : ਇਹ ਕਹਿਣਾ ਕਿ ਹਾਊਸ ਦੀ ਕਾਰਵਾਈ ਨਹੀਂ ਚੱਲਣ ਦੇਣੀ, ਇਹ ਠੀਕ ਨਹੀਂ । ਤੁਸੀਂ (ਅਕਾਲੀ ਮੈਂਬਰਜ਼) ਅੱਗੇ ਵੀ ਨਾਨ-ਆਫੀਸ਼ਲ ਡੇ ਤੇ ਇਸ ਤਰ੍ਹਾਂ ਹੀ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਸੀ । ਅਜ ਹਰੀਜਨਾਂ ਦਾ ਮਸਲਾ ਡਿਸਕੱਸ ਹੋਣਾ ਹੈ ਅਤੇ ਹਾਊਸ ਨੇ ਆਪਣੇ ਕੀਮਤੀ ਵਿਚਾਰ ਪੇਸ਼ ਕਰਨੇ ਹਨ, ਹਰੀਜਨਾਂ ਦੀ ਨਾਕਾਬੰਦੀ ਤੇ ਬਾਈਕਾਟ ਦੇ ਮਸਲੇ ਤੇ ਡਿਸਕਸ਼ਨ ਹੋਣੀ ਹੈ । ਮੈਨੂੰ ਅਫਸੋਸ ਹੈ ਕਿ ਆਨਰੇਬਲ ਮੈਂਬਰਜ਼ ਹਾਊਸ ਦੇ ਕੰਮ ਵਿਚ ਵਿਘਨ ਪਾ ਰਹੇ ਹਨ ਅਤੇ ਹਾਊਸ ਦੀ ਕਾਰਵਾਈ ਚੱਲਣ ਵਿਚ ਰੁਕਾਵਟ ਬਣ ਰਹੇ ਹਨ । ਮੈਂ ਸਰਦਾਰ ਗੁਰਦੇਵ ਸਿੰਘ ਬਾਦਲ ਨੂੰ ਕਹਾਂਗਾ ਕਿ ਉਹ ਹਾਊਸ ਵਿਚੋਂ ਵਿਦਡਰਾ ਕਰਨ । (ਵਿਘਨ ਅਤੇ ਸ਼ੋਰ) (To say that the House will not be allowed to proceed with its business is not proper. On the previous non-official day, too, you (Akali Members) tried to obstruct the proceedings of the House like this. Today, the matter regarding Nakabandi and boycott of Harijans is to be discussed and the hon. Members have to express their valuable views on the matter. I am sorry that the hon. Members are obstructing the proceedings of the House and are not allowing the House to proceed with its business. I would ask Sardar Gurdev Singh Badal to please withdraw from the House.)

SHORT ADJOURNMENTS OF THE HOUSE

(*Interruption and Noise in the House*)

Mr. Speaker : As there is grave disorder in the House, I adjourn it for 15 minutes.

10.43 A.M.	*The House then adjourned at 10.43 A.M. and reassembled at 10.58 A.M. Mr. Deputy Speaker was in the Chair*).

ਸ਼੍ਰੀ ਡਿਪਟੀ ਸਪੀਕਰ : ਅਜੇ ਲੀਡਰ ਆਫ ਦੀ ਆਪੋਜ਼ੀਸ਼ਨ ਅਤੇ ਮੁੱਖ ਮੰਤਰੀ ਦੀ ਮੀਟਿੰਗ ਹੋ ਰਹੀ ਹੈ । ਹਾਊਸ ਅਜੇ ਵੀ ਡਿਸਆਰਡਰਲੀ ਹੈ, ਇਸ ਵਾਸਤੇ ਹਾਊਸ ਅੱਧੇ ਘੰਟੇ ਵਾਸਤੇ ਹੋਰ ਐਡਜਰਨ ਕੀਤਾ ਜਾਂਦਾ ਹੈ । (The meeting between the Leader of the Opposition and the Chief Minister is still going on. The House is still disorderly. So it is adjourned further for half an hour.)

11.00 A. M.	(*The House then adjourned at 11.00 A.M. and reassembled at 11.30 A. M. Mr. Speaker was in the Chair.*)

11.30 A.M.

ਸ੍ਰੀ ਸਪੀਕਰ : ਮੈਂ ਪਹਿਲਾਂ ਸ੍ਰੀ ਗੁਰਦੇਵ ਸਿੰਘ ਬਾਦਲ ਨੂੰ ਰਿਕੁਐਸਟ ਕਰਾਂਗਾ ਕਿ ਪਹਿਲਾਂ ਉਹ ਹਾਊਸ ਵਿਚੋਂ ਆਪਣੇ ਆਪ ਚਲੇ ਜਾਣ ਇਹ ਹਾਊਸ ਦਾ ਡਿਸੀਜ਼ਨ ਹੈ ਅਤੇ ਤੁਸੀਂ ਸਸਪੈਂਡ ਕੀਤੇ ਗਏ ਹੋ । Please withdraw from the House. (I would request hon. Member, Sardar Gurdev Singh Badal that he should first withdraw from the House. He has been suspended by the decision of the House. Please withdraw from the House.)

ਸਰਦਾਰ ਪਰਕਾਸ਼ ਸਿੰਘ ਬਾਦਲ : ਪਹਿਲਾਂ ਤੁਸੀਂ ਮੇਰੀ ਗੱਲ ਤਾਂ ਸੁਣ ਲਉ (ਸ਼ੋਰ)

ਸ੍ਰੀ ਸਪੀਕਰ ; ਪਹਿਲਾਂ ਉਨ੍ਹਾਂ ਨੂੰ ਕਹੋ ਕਿ ਉਹ ਹਾਊਸ ਵਿਚੋਂ ਵਿਦਡਰਾ ਕਰਨ ਫੇਰ ਹੀ ਮੈਂ ਤੁਹਾਡੀ ਗੱਲ ਸੁਣਾਂਗਾ । (Please ask him first to withdraw from the House. Only then I will listen to you.)

ਸਰਦਾਰ ਪਰਕਾਸ ਸਿੰਘ ਬਾਦਲ : ਮੇਰੀ ਗੱਲ ਤਾਂ ਸੁਣੋ । (ਸ਼ੋਰ)

ਸ੍ਰੀ ਸਪੀਕਰ : Badal Sahib, I am very sorry, ਸਦਨ ਨੇ ਇਕ ਫ਼ੈਸਲਾ ਕੀਤਾ ਹੈ ਅਤੇ ਉਸਨੂੰ ਕੈਰੀ ਆਊਟ ਕਰਨਾ ਮੇਰਾ ਫ਼ਰਜ਼ ਹੈ । ਰੂਲਜ਼ ਦੇ ਮੁਤਾਬਿਕ ਹਾਊਸ ਦੀ ਕਾਰਵਾਈ ਨਹੀਂ ਚਲ ਸਕਦੀ, ਜਦੋਂ ਤਕ ਸਰਦਾਰ ਗੁਰਦੇਵ ਸਿੰਘ ਬਾਦਲ ਹਾਊਸ ਤੋਂ ਬਾਹਰ ਨਹੀਂ ਚਲੇ ਜਾਂਦੇ। (ਸ਼ੋਰ) (Sardar Parkash Singh Badal, I am very sorry. A decision has been taken by the House. It is my duty to carry out the same. Under the rules, the House can not proceed further unless Sardar Gurdev Singh Badal withdraws from the House.) (*Noise*)

ਵਿਦਿਆ ਮੰਤਰੀ : ਸਪੀਕਰ ਸਾਹਿਬ, ਜਦੋਂ ਤੱਕ ਉਹ ਹਾਊਸ ਤੋਂ ਬਾਹਰ ਨਹੀਂ ਚਲੇ ਜਾਂਦੇ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਹਾਊਸ ਦੀ ਕਾਰਵਾਈ ਚਲੇ । (ਸ਼ੋਰ)

ਸ੍ਰੀ ਸਪੀਕਰ : ਇਹ ਕੰਟੈਂਪਟ ਆਫ਼ ਦੀ ਹਾਊਸ ਹੈ, I am sorry. ਉਹ ਫੈਸਲੇ ਤੇ ਅਮਲ ਕਰਨ । (It is contempt of the House. I am sorry. He must act upon the decision of the House.)

ਵਿਦਿਆ ਮੰਤਰੀ : ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਆਨਰੇਬਲ ਮੈਂਬਰਾਂ ਨੂੰ ਰੂਲਜ਼ ਐਂਡ ਰੈਗੂਲੇਸ਼ਨਜ਼ ਤੇ ਸਟ੍ਰਿਕਟਲੀ ਚਲਣਾ ਚਾਹੀਦਾ ਹੈ ।

ਸਰਦਾਰ ਪਰਕਾਸ ਸਿੰਘ ਬਾਦਲ : ਸਪੀਕਰ ਸਾਹਿਬ, ਪਹਿਲਾਂ ਤੁਸੀਂ ਮੇਰੀ ਗੱਲ ਤਾਂ ਸੁਣੋ । ਤੁਸੀਂ ਜੇ ਮੇਰੀ ਗੱਲ ਹੀ ਨਹੀਂ ਸੁਣੋਗੇ ਤਾਂ ਇਹ ਘੁੰਡੀ ਕਿਵੇਂ ਖੁਲ੍ਹੇਗੀ । ਮੈਂ ਇਹ ਵੀ ਨਹੀਂ ਮੁਕਰਦਾ ਕਿ ਅੰਦਰ ਅਸੀਂ ਗਲ ਕਰਕੇ ਆਏ ਹਾਂ । ਮੈਂ ਇਹ ਗੱਲ ਕਹਾਂਗਾ ਕਿ..(ਸ਼ੋਰ)

ਸ੍ਰੀ ਸਪੀਕਰ : Badal Sahib, please resume your seat. ਗੁਰਦੇਵ ਸਿੰਘ ਬਾਦਲ ਜੀ, ਤੁਹਾਡੇ ਮੁਤਅਲਕ ਜੋ ਹਾਊਸ ਨੇ ਫ਼ੈਸਲਾ ਕੀਤਾ ਹੈ ਤੁਸੀਂ ਉਸ ਤੇ ਅਮਲ ਕਰੋ । ਤੁਹਾਡਾ ਇਸ ਵੇਲੇ ਹਾਊਸ ਵਿਚ ਬੈਠਣਾ ਕੰਟੈਂਪਟ ਆਫ਼ ਦੀ ਹਾਊਸ ਹੈ । (Badal Sahib, please resume your seat, Sardar

Gurdev Singh Badal, you should act upon the decision of the House. Your presence in the House is contempt of the House.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਮੇਰੀ ਰਿਕੁਐਸਟ ਤਾਂ ਸੁਣੋ ।

ਸ੍ਰੀ ਸਪੀਕਰ : ਜਿਤਨੀ ਦੇਰ ਸਰਦਾਰ ਗੁਰਦੇਵ ਸਿੰਘ ਬਾਦਲ ਹਾਊਸ ਦੇ ਅੰਦਰ ਬੈਠੇ ਹਨ, ਰੂਲਜ਼ ਦੇ ਮੁਤਾਬਿਕ ਹਾਊਸ ਦੀ ਕੋਈ ਕਾਰਵਾਈ ਨਹੀਂ ਚਲ ਸਕਦੀ । ਰੂਲਜ਼ ਪਰਮਿਟ ਨਹੀਂ ਕਰਦੇ । (Under the rules the House cannot proceed with any other business until Sardar Gurdev Singh Badal is in the House. Rules do not permit it.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਤੁਸੀਂ ਹਰੀਜਨਾਂ ਨਾਲ ਧੱਕਾ ਕਰ ਰਹੇ ਹੋ...(ਸ਼ੋਰ)

ਸ੍ਰੀ ਸਪੀਕਰ : ਮੈਂ ਮਾਰਸ਼ਲ ਨੂੰ ਰਿਕੁਐਸਟ ਕਰਾਂਗਾ ਕਿ ਉਹ ਸਰਦਾਰ ਗੁਰਦੇਵ ਸਿੰਘ ਬਾਦਲ ਨੂੰ ਹਾਊਸ ਤੋਂ ਬਾਹਰ ਲੈ ਜਾਣ । (I would request the Marshal that he should escort Sardar Gurdev Singh Badal out of the House.)

(ਜਦੋਂ ਮਾਰਸ਼ਲ ਸਰਦਾਰ ਗੁਰਦੇਵ ਸਿੰਘ ਬਾਦਲ ਦੀ ਸੀਟ ਕੋਲ ਗਿਆ ਤਾਂ ਬਹੁਤ ਸਾਰੇ ਅਕਾਲੀ ਐਮ. ਐਲ. ਏਜ਼. ਉਸ ਦੇ ਆਲੇ ਦੁਆਲੇ ਖੜ੍ਹੇ ਹੋ ਗਏ ਅਤੇ ਮਾਰਸ਼ਲ ਨੂੰ ਕਹਿਣ ਲਗੇ ਜਾਉ ਉਧਰ ਜਾਕੇ ਬੈਠੋ ।)

ਸ੍ਰੀ ਸਪੀਕਰ : ਬਾਦਲ ਸਾਹਿਬ, ਅਕਾਲੀ ਮੈਂਬਰਜ਼ ਹਾਊਸ ਦੀ ਕਾਰਵਾਈ ਵਿਚ ਵਿਘਨ ਪਾ ਰਹੇ ਹਨ ...... (ਸ਼ੋਰ) (ਵਿਘਨ) (Badal Sahib, the Akali Members are obstructing the proceedings of the House.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਨੂੰ ਪਹਿਲਾਂ ਵੀ ਗੱਲ ਸੁਣਨ ਨੂੰ ਕਿਹਾ ਸੀ ਪਰ ਤੁਸੀਂ ਕੋਈ ਗੱਲ ਹੀ ਸੁਣਨ ਨੂੰ ਤਿਆਰ ਨਹੀਂ......(ਵਿਘਨ)

ਸ੍ਰੀ ਸਪੀਕਰ : ਜਿਤਨੀ ਦੇਰ ਸਰਦਾਰ ਗੁਰਦੇਵ ਸਿੰਘ ਬਾਦਲ ਬਾਹਰ ਨਹੀਂ ਚਲੇ ਜਾਂਦੇ (ਸ਼ੋਰ) ਜੋ ਮੈਂਬਰ ਇਸ ਤਰ੍ਹਾਂ ਬੋਲ ਰਹੇ ਹਨ, ਉਨ੍ਹਾਂ ਦੀ ਕੋਈ ਗੱਲ ਰਿਕਾਰਡ ਨਾ ਕੀਤੀ ਜਾਵੇ । ਜਿਹੜੇ ਆਨਰੇਬਲ ਮੈਂਬਰਜ਼ ਸਰਦਾਰ ਗੁਰਦੇਵ ਸਿੰਘ ਬਾਦਲ ਨੂੰ ਬਾਹਰ ਲੈ ਜਾਣ ਵਿਚ ਰੁਕਾਵਟ ਪੈਦਾ ਕਰ ਰਹੇ ਹਨ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਵੀ ਉਸ ਦੇ ਨਾਲ ਹੀ ਹਾਊਸ ਤੋਂ ਬਾਹਰ ਚਲੇ ਜਾਣ ਤਾਂ ਜੋ ਹਾਊਸ ਦੀ ਕਾਰਵਾਈ ਜਾਰੀ ਕੀਤੀ ਜਾਵੇ । ਇਸ ਤਰ੍ਹਾਂ ਹੁਣ ਕੁਝ ਵੀ ਰਿਕਾਰਡ ਨਹੀਂ ਕੀਤਾ ਜਾਵੇਗਾ । (Nothing should be recorded, unless Sardar Gurdev Singh Badal withdraws from the House. (*Noise*) Those hon'ble Members who are obstructing the withdrawal of Sardar Gurdev Singh Badal, should also withdraw from the House along with him so that the House may proceed with its business. Nothing would be recorded like that.)

Doctor Baldev Prakash : ** ** **

**Not recorded as ordered by the Chair.

ਸ੍ਰੀ ਸਪੀਕਰ : ਕੋਈ ਪੁਆਇੰਟ ਆਫ ਆਰਡਰ ਨਹੀਂ ਉਠਾਇਆ ਜਾ ਸਕਦਾ ਜਦੋਂ ਤੱਕ ਸਰਦਾਰ ਗੁਰਦੇਵ ਸਿੰਘ ਬਾਦਲ ਬਾਹਰ ਨਹੀਂ ਚਲੇ ਜਾਂਦੇ । ਹਾਊਸ ਦੀ ਮਾਨ ਮਰਯਾਦਾ ਰਖਣਾ ਸਰਕਾਰ ਦਾ ਫ਼ਰਜ਼ ਹੈ । (ਸ਼ੋਰ) ਜਦੋਂ ਤਕ ਉਹ ਬਾਹਰ ਨਹੀਂ ਜਾਂਦੇ ਕੁਝ ਲਿਖਿਆ ਹੀ ਨਾ ਜਾਵੇ । (ਸ਼ੋਰ, ਨਾਹਰੇ)

ਜੋ ਕੁਝ ਹਾਊਸ ਨੇ ਫ਼ੈਸਲਾ ਕੀਤਾ ਹੈ, ਮੈਂ ਤਾਂ ਪਹਿਲਾਂ ਉਸਦੀ ਪਾਲਣਾ ਕਰਨੀ ਹੈ । ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਉਹ ਏਥੇ ਬੈਠਣ । ਜੋ ਹਾਊਸ ਨੇ ਫ਼ੈਸਲਾ ਕੀਤਾ ਹੈ ਪਹਿਲਾਂ ਉਸ ਤੇ ਅਮਲ ਕਰੋ । ਇਸ ਤਰ੍ਹਾਂ ਹਰੀਜਨਾਂ ਦੀ ਨਾਕਾਬੰਦੀ ਦੇ ਮੁਤਅਲਕ ਜੋ ਅੱਜ ਇਸ ਹਾਊਸ ਨੇ ਇਕ ਅਹਿਮ ਫ਼ੈਸਲਾ ਕਰਨਾ ਹੈ, ਜਿਹੜਾ ਕਿ ਹਰੀਜਨਾਂ ਦੇ ਨਾਲ ਸਬੰਧ ਰਖਦਾ ਹੈ ਉਸ ਵਿਚ ਵਿਘਨ ਪਵੇਗਾ । (ਸ਼ੋਰ) ਮੈਨੂੰ ਅਫ਼ਸੋਸ ਹੈ ਕਿ ਹਾਊਸ ਵਿਚ ਬੈਠਣ ਤੋਂ ਪਹਿਲਾਂ ਬਾਕਾਇਦਾ ਮੈਂਬਰਜ਼ ਨੇ ਇਕ ਹਲਫ਼ ਲਿਆ ਸੀ ਕਿ ਅਸੀਂ ਕਾਂਸਟੀਚਿਊਸ਼ਨ ਦੇ ਮੁਤਾਬਿਕ ਇਸ ਸਦਨ ਵਿਚ ਕੰਮ ਚਲਾਵਾਂਗੇ ਪਰ ਅਕਾਲੀ ਮੈਂਬਰਜ਼ ਅਜ ਭੁੱਲ ਗਏ ਹਨ (ਸ਼ੋਰ) ਹਾਊਸ ਦੀ ਕਾਰਵਾਈ ਨਹੀਂ ਚਲੇਗੀ ਜਦੋਂ ਤੱਕ ਹਾਊਸ ਦੇ ਆਰਡਰਜ਼ ਦੀ ਪਾਲਣਾ ਨਹੀਂ ਹੁੰਦੀ (ਸ਼ੋਰ) (Sardar Gurdev Singh Badal should withdraw from the House immediately. The House is supreme. It is a sacred temple. I cannot tolerate this rowdyism. No point of order can be raised and nothing can be recorded till Sardar Gurdev Singh Badal withdraws from the House. It is the duty of the Government to maintain the decorum of the House (*Noise*) Nothing is to be recorded until he withdraws from the House (*Noise-Slogans*) First I have to act upon the decision of the House. I cannot tolerate that he should sit in the House. He should first act on the decision of the House otherwise the House will not be able to discuss the important resolution regarding the Nakabandi of Harijans which mainly concerns the Harijans, (*Noise*) The Members had duly taken an oath before taking their seats in this House to carry on the business according to the Constitution. I am sorry to note that to-day Akali Members have forgotten all that. (*Noise*) No work will be done in the House unless you act upon the decision of the House. (*Noise*) Sardar Gurdev Singh Badal should withdraw from the House immediately. The House is supreme. It is a sacred temple. I cannot tolerate this rowdyism.)

(ਹਾਊਸ ਵਿਚ ਬਹੁਤ ਸ਼ੋਰ ਸੀ, ਬਹੁਤ ਸਾਰੇ ਮੈਂਬਰ ਬੋਲ ਰਹੇ ਸੀ, ਨਾਹਰੇ ਲਗ ਰਹੇ ਸੀ)

* * * *

ਸ੍ਰੀ ਸਪੀਕਰ : ਇਹ ਜੋ ਕੁਝ ਬਿਨਾ ਇਜਾਜ਼ਤ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । ਮੈਨੂੰ ਅਫ਼ਸੋਸ ਹੈ ਕਿ ਜਦੋਂ ਕਿ ਹਾਊਸ ਨੇ ਇਹ ਫ਼ੈਸਲਾ ਕੀਤਾ ਹੈ ਕਿ ਸਰਦਾਰ ਗੁਰਦੇਵ ਸਿੰਘ ਬਾਦਲ ਹਾਊਸ ਵਿਚੋਂ ਬਾਹਰ ਜਾਣ, ਉਨ੍ਹਾਂ ਨੂੰ ਹਾਊਸ ਨੇ ਸਸਪੈਂਡ ਕੀਤਾ ਹੈ, ਪਰ ਅਕਾਲੀ ਪਾਰਟੀ ਦੇ ਮੈਂਬਰ ਉਨ੍ਹਾਂ ਨੂੰ ਬਾਹਰ ਭੇਜਣ ਵਿਚ ਰੁਕਾਵਟ ਪਾ ਰਹੇ ਹਨ, ਔਰ ਹਾਊਸ ਨੂੰ ਡਿਸਆਰਡਰਲੀ ਕਰ ਰਹੇ ਹਨ, ਇਸ ਲਈ ਹਾਊਸ ਨੂੰ

**Not recorded as ordered by the Chair.

ਅੱਧੇ ਘੰਟੇ ਲਈ ਐਡਜਰਨ ਕੀਤਾ ਜਾਂਦਾ ਹੈ । (All that these hon. Members are saying, should not be recorded. I am sorry to say that when the House has decided to suspend Sardar Gurdev Singh Badal and directed him to withdraw from the House, the hon. Members of the Akali Party are obstructing the implementation of this decision and making the House disorderly. Hence the House is adjourned for half-an-hour.)

11.45 a.m. | *(The House then adjourned at 11.45 a. m. and reassembled at 12.15 p.m)*

Mr. Speaker : Sardar Parkash Singh Badal may speak please.

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਕੁਝ ਸਮੇਂ ਤੋਂ ਜੋ ਵਾਕਿਆਤ ਹਾਊਸ ਵਿਚ ਹੋਏ ਹਨ ਉਸਦੇ ਵਿਚ ਇੱਕ ਆਨਰੇਬਲ ਮੈਂਬਰ ਨੂੰ ਰੈਜ਼ੋਲਿਊਸ਼ਨ ਮੂਵ ਕਰਕੇ ਸਸਪੈਂਡ ਕੀਤਾ ਗਿਆ। ਉਸਦੇ ਕਾਰਨ ਤੁਹਾਡੇ ਵਲੋਂ ਹੁਕਮ ਕੀਤਾ ਗਿਆ। ਮੈਂਬਰ ਸਾਹਿਬ ਨੇ ਇਹੋ ਜਿਹੇ ਸ਼ਬਦ ਵਰਤੇ ਹਨ ਜਿਹੜੇ ਕਿ ਚੇਅਰ ਦੀ ਸ਼ਾਨ ਲਈ ਠੀਕ ਨਹੀਂ। ਜੋ ਕੁਝ ਇਹੋ ਜਿਹੇ ਸ਼ਬਦ ਵਰਤੇ ਗਏ ਹਨ ਜੋ ਕਿ ਆਬਜੇਕਸ਼ਨੇਬਲ ਹੋਣ ਉਨ੍ਹਾਂ ਬਾਰੇ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸੌਰੀ ਫ਼ੀਲ ਕਰਦਾ ਹਾਂ । ਮੈਂ ਇਹ ਵੀ ਫ਼ੀਲ ਕਰਦਾ ਹਾਂ ਕਿ ਇਸ ਹਾਊਸ ਵਿਚ ਜੋ ਕੁਝ ਹੋਇਆ ਹੈ ਉਸ ਨੂੰ ਸਾਨੂੰ ਭੁਲਣਾ ਚਾਹੀਦਾ ਹੈ ਆਨਰੇਬਲ ਮੈਂਬਰਾਂ ਦਾ ਵਕਤ ਬੜਾ ਵੈਲਿਯੂਏਬਲ ਹੈ। ਉਹ ਮੋਸ਼ਨ ਰਿਸਿੰਡ ਕੀਤੀ ਜਾਏ ਜਿਸ ਦੀ ਵਜ੍ਹਾ ਨਾਲ ਸਾਡੇ ਮੈਂਬਰ ਐਜੀਟੇਟ ਹੋਏ ਹਨ। (ਵਿਘਨ) ਥੇਈਂ ਡੈਮ ਦਾ ਮਸਲਾ ਹੈ ਉਸ ਵਾਸਤੇ ਹਾਊਸ ਵਲੋਂ ਰੈਜ਼ੋਲਿਊਸ਼ਨ ਹੋਣਾ ਚਾਹੀਦਾ ਹੈ। ਸੈਂਟਰ ਦੀ ਸਰਕਾਰ ਨੂੰ ਬੇਨਤੀ ਕੀਤੀ ਜਾਣੀ ਚਾਹੀਦੀ ਹੈ ਕਿ ਤੁਰਤ ਉਹ ਇਸ ਦੀ ਮਨਜ਼ੂਰੀ ਦੇਵੇ ਤਾਕਿ ਪੰਜਾਬ ਤਰੱਕੀ ਕਰ ਸਕੇ।

ਸ੍ਰੀ ਸਪੀਕਰ : ਆਪੋਜ਼ੀਸ਼ਨ ਦੇ ਲੀਡਰ ਬਾਦਲ ਸਾਹਿਬ ਨੇ ਜੋ ਕੁਝ ਵੀ ਆਪਣੇ ਆਨਰੇਬਲ ਮੈਂਬਰ ਦੇ ਬਿਹੇਵੀਅਰ ਦੇ ਬਾਰੇ ਆਪਣੇ ਖ਼ਿਆਲਾਂ ਦਾ ਇਜ਼ਹਾਰ ਕੀਤਾ ਹੈ, ਉਸ ਸਬੰਧ ਵਿਚ ਸੀ.ਐਮ. ਸਾਹਿਬ ਕੁਝ ਕਹਿਣਾ ਚਾਹੁੰਦੇ ਹੋਣ ਤਾਂ ਕਹਿਣ। (ਵਿਘਨ) (Whatever the Leader of Opposition Mr. Badal has said in connection with the behaviour of an hon'ble Member of his Party the Chief Minister if he so desires, may also refer to it in a few words.)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਆਪੋਜ਼ੀਸ਼ਨ ਦੇ ਲੀਡਰ ਸਾਹਿਬ ਦੇ ਇਨ੍ਹਾਂ ਸ਼ਬਦਾਂ ਤੋਂ ਬਾਅਦ ਜਿਹੜਾ ਫ਼ੈਸਲਾ ਹਾਊਸ ਨੇ ਇਕ ਮੈਂਬਰ ਨੂੰ ਇਸ ਸੈਸ਼ਨ ਵਾਸਤੇ ਬਾਹਰ ਕੱਢਣ ਦਾ ਕੀਤਾ ਸੀ ਉਹ ਰੈਜ਼ੋਲਿਊਸ਼ਨ ਮੂਵ ਕਰਕੇ ਉਸ ਨੂੰ ਵਾਪਸ ਲਿਆ ਜਾਏ ਔਰ ਉਨ੍ਹਾਂ ਨੂੰ ਆਗਿਆ ਦਿੱਤੀ ਜਾਏ ਕਿ ਉਹ ਹਾਊਸ ਵਿਚ ਬੈਠ ਸਕਣ ।

RECESSION OF THE RESOLUTION SUSPENDING SARDAR GURDEV SINGH BADAL

Chief Parliamentary Secretary : Sir, I beg to move—

> That this House rescinds its earlier decision suspending Sardar Gurdev Singh Badal , M.L.A. from the service of the House for the remainder of the Session in view of the assurance given by the Leader of the Opposition.

Mr. Speaker ; Motion moved—

> That this House rescinds its earlier decision suspending Sardar Gurdev Singh Badal, M.L.A. from the service of the House for the remainder of the Session in view of the assurance given by the Leader of the Opposition.

Mr. Speaker ; Question is—

> That this House rescinds its earlier decision suspending Sardar Gurdev Singh Badal, M.L.A. from the service of the House for the remainder of the Session in view of the assurance given by the Leader of the Opposition.

The Motion was carried

MESSAGE FROM THE GOVERNOR

Mr. Speaker ; I have received a D.O. letter dated the 11th January, 1975 from Shri M.M. Chaudhury, Governor of Punjab , which reads a follows —

> "Many thanks for your letter dated 11th January, 1975 conveying me that the Punjab Vidhan Sabha has passed the Motion of Thanks on the Address I delivered on the 7th January, 1975, opening day of the Session. Kindly convey my thanks to all the Members of the Vidhan Sabha for the generosity they have shown towards me by adopting the motion.
>
> With Kind regards,"

ਕਾਮਰੇਡ ਸੱਤ ਪਾਲ ਡਾਂਗ : ਕਾਲ ਅਟੈਨਸ਼ਨ ਮੋਸ਼ਨਜ਼ ਰਹਿੰਦੀਆਂ ਹਨ ਜੀ। (ਵਿਘਨ)

ਸ੍ਰੀ ਸਪੀਕਰ : ਜਿਹੜੀਆਂ ਐਡਮਿਟ ਹੋ ਗਈਆਂ ਹਨ ਉਹ ਪ੍ਰਵਾਨ ਹੋਈਆਂ ਸਮਝੀਆਂ ਗਈਆਂ ਹਨ। (All the Call Attention Notices which have been accepted today have been treated as having been admitted.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ .... ।

STATEMENTS LAID ON THE TABLE OF THE HOUSE IN REPLY TO CALL ATTENTION NOTICES.

Chief Parliamentary Secretary : Sir, I lay on the Table of the Hou replies to Call Attention Notices Nos. 8, 25, 32, 38, 43 and 48.

(Serial No. 8)

Comrade Satya Pal Dang,
Comrade Dana Ram : to draw the attention of the Government towards a matter of urgent public importance, namely, teachers of the aided-Colleges in the State have not yet been given the grades recommended by the University Grants Commission. The long delay in deciding the matter has resulted in acute discontentment among the college teachers in the State and they are planning to resort direct action.

In view of the obvious and urgent importance of the matter, the Government may please be asked to make a statement in the House.

Shri Gurmail Singh (Education Minister): The said U.G.C. grades were first announced by the Union Education Minister in March-April, 1974. However, no details were announced at that time. The State Government wrote a number of times to get these details from the Government of India. These details were finally worked out by the Government of India and sent to States on the 2nd November, 1974. At that time XXXVII meeting of Central Advisory Board of Education was also in session. These grades were taken up for discussion in this meeting at some length. Some other points which figured for discussion and which were relevant for the introduction of these grades were as under :

(a) that introduction of these grades should imply stopping of all other emoluments earned by college/university teachers like conduct of examinations, marking of papers, paper setting, etc.

(b) that these grades were not obligatory and had to be applied by the States concerned keeping in view existing pay structures.

(c) that the States had to contend with cent-per-cent liability after lapse of 5 years which had to take into accounts among other things proposed expansion of university education in the Sxth Plan, increasing emphasis on elementary education and over-all constraint of resources faced by the States.

It was, therefore, unanimously decided that before States take further action, it would be desirable to observe some measure of uniformity. It was, therefore, resolved by the C.A.B.E. as follows :—

> "The Board recommends that in view of various implications of question of pay scales of colleges and university teachers, the Chairman is requested to convene a Conference of all State Education Ministers to examine this question."

This meeting to be convened by the Union Education Minister has not so far been held.

Government in the meanwhile are working out short as well as long range implications in the implementation of the pay scales.

Government of India also have not issued any directive for enforcement of these grades or adopting of the grades as such. The States are free to accept, reject or modify these recommendations. The matter is being examined from all points of view and it is under the active consideration of the Government.

(Serial No. 25)

Comrade Raj Kumar : to draw the attention of the Government towards a matter of urgent public importance, namely, Shri Harbans Lal, allegedly suspect in some case, was declared dead in custody of Mahalpur Police (District Hoshiarpur) on or about 3rd January, 1975. People of the town, disbelieving suicide theory put forward by S.H.O., went in for demonstrations, hartal in the town and alleging that it was murder by the Police. Hartal is still continuing in Mahalpur. In a period of one month, two persons have been declared dead by S. H.O. Mahalpur in Police custody.

It is a cause of great resentment in that area. In view of the urgent importance of the matter, the Government may be asked to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਧਿਆਨ ਦਿਵਾਊ ਨੋਟਿਸ ਵਿਚ ਦੱਸੇ ਦੋਵੇਂ ਵਾਕਿਆਂ ਬਾਰੇ ਡਾਕਟਰ ਦੀ ਰਿਪੋਰਟ ਇਹ ਹੈ ਕਿ ਇਨ੍ਹਾਂ ਵਿਅਕਤੀਆਂ ਦੀ ਮੌਤ ਫਾਹਾ ਲੈਣ ਕਰਕੇ ਸਾਹ ਘੁੱਟਣ ਕਰਕੇ ਹੋਈ ਹੈ। ਸਬ-ਡਵੀਜ਼ਨਲ ਮੈਜਿਸਟਰੇਟ ਗੜ੍ਹਸ਼ੰਕਰ ਇਨ੍ਹਾਂ ਦੋਵੇਂ ਵਾਕਿਆਂ ਦੀ ਪੜਤਾਲ ਅ/ਧ 176 ਸੀ. ਆਰ. ਪੀ. ਸੀ. ਕਰ ਰਹੇ ਹਨ। ਐਸ. ਆਈ. ਸਰਦੂਲ ਸਿੰਘ ਅਤੇ ਥਾਣੇ ਦੇ ਸਾਰੇ ਸਟਾਫ ਨੂੰ ਪੁਲਿਸ ਲਾਈਨ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਤਾਂ ਜੋ ਮੈਜਿਸਟਰੇਟ ਦੀ ਪੜਤਾਲ ਨਿਰਪੱਖ ਤੌਰ ਤੇ ਹੋ ਸਕੇ। ਇਸ ਮਾਮਲੇ ਵਿਚ ਅਗਲੀ ਕਾਰਵਾਈ ਮੈਜਿਸਟਰੇਟ ਦੀ ਰਿਪੋਰਟ ਪ੍ਰਾਪਤ ਹੋਣ ਤੇ ਕੀਤੀ ਜਾਵੇਗੀ। ਇਲਾਕੇ ਦੇ ਲੋਕੀ ਸਰਕਾਰ ਵਲੋਂ ਕੀਤੀ ਕਾਰਵਾਈ ਤੋਂ ਸੰਤੁਸ਼ਟ ਹਨ ਅਤੇ ਉਨ੍ਹਾਂ ਨੇ ਹੜਤਾਲ ਖੋਲ੍ਹ ਦਿੱਤੀ ਹੈ। ਹਾਲਾਤ ਬਿਲਕੁਲ ਨਾਰਮਲ ਹਨ।

(Serial No. 32)

Sardar Jaswinder Singh Brar : to draw the attention of the Government towards a matter of urgent public importance, namely, that the agricultural land of city Faridkot, village Kila Nau and Machaki Kalan has since been acquired by he Military Authorities but up-til-now no compensation has been paid to the persons concerned. The people of the above-said villages have, therefore, suffered heavily, economically and financially.

2. This is a matter of public importance and requires immediate attention of the Government. The Government may be asked to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਫਰੀਦਕੋਟ, ਕਿਲਾ ਨੌਂ ਅਤੇ ਮਚਾਕੀ ਕਲਾਂ ਵਿਖੇ ਪਹਿਲੀ ਛਾਉਣੀ ਦੇ ਨਾਲ ਲਗਦੀ ਜ਼ਮੀਨ ਮਿਲਟਰੀ ਨੇ ਐਕਵਾਇਰ ਕੀਤੀ ਹੈ ਅਤੇ ਇਸ ਸਬੰਧ ਵਿਚ ਭੋਂ ਪ੍ਰਾਪਤੀ ਐਕਟ, 1894 ਦੇ ਅਧੀਨ ਨੋਟੀਫੀਕੇਸ਼ਨ ਸਰਕਾਰ ਨੇ ਅਗਸਤ, 1974 ਵਿਚ ਜਾਰੀ ਕੀਤੇ ਸਨ। ਇਸ ਜ਼ਮੀਨ ਦਾ ਕਬਜ਼ਾ ਮਿਲਟਰੀ ਨੇ 5 ਅਕਤੂਬਰ, 1974 ਨੂੰ ਪ੍ਰਾਪਤ ਕੀਤਾ ਹੈ। ਜਿਥੋਂ ਤੱਕ ਇਸ ਜ਼ਮੀਨ ਦਾ ਮੁਆਵਜ਼ਾ ਦੇਣ ਦਾ ਸਬੰਧ ਹੈ, ਇਸ ਬਾਰੇ ਵਿਚ ਦੱਸਿਆ ਜਾਂਦਾ ਹੈ ਕਿ ਇਹ ਮੁਆਵਜ਼ਾ ਮਿਲਟਰੀ ਅਥਾਰਟੀਜ਼ ਨੇ ਦੇਣਾ ਹੈ ਅਤੇ ਵਿਸ਼ੇਸ਼ ਭੋਂ ਪ੍ਰਾਪਤੀ ਕੁਲੈਕਟਰ, ਜਲੰਧਰ ਨੇ ਇਸ ਦੀ ਰਕਮ ਅਸੈੱਸ ਕਰਨੀ ਹੈ। ਉਹ ਇਸ ਸਬੰਧ ਵਿਚ ਮੁਆਵਜ਼ੇ ਦੇ ਕਾਗਜ਼ ਤਿਆਰ ਕਰ ਰਹੇ ਹਨ। ਉਨ੍ਹਾਂ ਨੂੰ ਇਹ ਕੰਮ ਛੇਤੀ ਨਜਿੱਠਣ ਲਈ ਕਿਹਾ ਜਾ ਰਿਹਾ ਹੈ।

(ਕ੍ਰਮ ਨੰ: 38)

ਸਰਦਾਰ ਬਸੰਤ ਸਿੰਘ ਖਾਲਸਾ
ਸਰਦਾਰ ਧੰਨਾ ਸਿੰਘ ਗੁਲਸ਼ਨ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ
ਸਰਦਾਰ ਕਰਨੈਲ ਸਿੰਘ ਮਰੜੀ

ਮਾਮਲੇ ਵੱਲ ਦਿਵਾਉਣਗੇ, ਅਰਥਾਤ, ਜ਼ਿਲ੍ਹਾ ਜਲੰਧਰ ਦੇ ਪਿੰਡ ਸੰਫੀਪੁਰ ਦੇ ਹਰੀਜਨਾਂ ਨੂੰ ਉਜਾੜ ਦਿੱਤਾ ਹੈ ਉਨ੍ਹਾਂ ਦੀ ਫ਼ਸਲ ਨੂੰ ਉਜਾੜ ਦਿੱਤਾ ਤੇ ਜ਼ਮੀਨ ਤੇ ਤਾਕਤ ਨਾਲ ਕਬਜ਼ਾ ਕਰ ਲਿਆ ਹੈ। ਉਸ ਜ਼ਮੀਨ ਤੇ ਹਰੀਜਨਾਂ ਦਾ 20 ਸਾਲ ਦਾ ਕਬਜ਼ਾ ਹੈ। ਇਸ ਘਟਨਾ ਦਾ ਸਾਰੇ ਹਰੀਜਨਾਂ ਵਿਚ ਬਹੁਤ ਗੁਸਾ ਹੈ। ਇਸ ਬਾਰੇ ਸਰਕਾਰ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰੇ।

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਪਿੰਡ ਦਾ ਸਹੀ ਨਾਉਂ ਸਾਈਪੁਰ ਹੈ, ਸੰਫੀਪੁਰ ਨਹੀਂ ਹੈ ਅਤੇ ਇਹ ਪਿੰਡ ਜਲੰਧਰ ਬਾਈ-ਪਾਸ ਕੋਲ ਸਥਿੱਤ ਹੈ।

2. ਸਹੀ ਹਾਲਾਤ ਇਸ ਪ੍ਰਕਾਰ ਹਨ ਕਿ ਝਗੜੇ ਵਾਲੀ ਜ਼ਮੀਨ ਉਸ ਜ਼ਮੀਨ ਦਾ ਇਕ ਹਿਸਾ ਹੈ ਜਿਹੜੀ ਕਿ ਜਲੰਧਰ ਇੰਪਰੂਵਮੈਂਟ ਟਰੱਸਟ ਨੇ ਮਹਿਕਮਾ ਮੁੜ ਵਸਾਊ ਤੋਂ ਬਦਲੇ ਰੁਪਏ 22 ਲੱਖ 22 ਹਜ਼ਾਰ

ਸੰਨ 1964 ਵਿਚ ਖਰੀਦੀ ਸੀ । ਇਸ ਜ਼ਮੀਨ ਦਾ ਵਾਸਤਵਿਕ ਕਬਜ਼ਾ ਰੋਜ਼ਨਾਮਚਾ ਰਪਟ ਨੰ: 251 ਮਿਤੀ 27 ਫ਼ਰਵਰੀ, 1964-ਮੁਤਾਬਕ ਇੰਪਰੂਵਮੈਂਟ ਟਰੱਸਟ ਨੂੰ ਦੇ ਦਿੱਤਾ ਗਿਆ ਸੀ ਅਤੇ ਇੰਤਕਾਲ ਭੀ ਉਨ੍ਹਾਂ ਦੇ ਹੱਕ ਵਿਚ ਤਸਦੀਕ ਕੀਤਾ ਗਿਆ ਸੀ । ਕਿਉਂ ਜੋ ਇਹ ਜ਼ਮੀਨ ਟਰੱਸਟ ਨੂੰ ਤੁਰੰਤ ਨਹੀਂ ਲੋੜੀਂਦੀ ਸੀ, ਸੋ ਉਨ੍ਹਾਂ ਨੇ ਇਹ ਜ਼ਮੀਨ ਅਮੀਂ ਚੰਦ, ਸੁੰਦਰ, ਮੀਂਹਾ ਮਲ ਤੇ ਭਗਤਾ ਆਦਿ ਨੂੰ ਇਕ ਸਾਲ ਦੇ ਪੱਟੇ ਤੇ ਦੇ ਦਿੱਤੀ । ਇਸ ਤੋਂ ਬਾਦ ਇਹ ਜ਼ਮੀਨ ਇਨ੍ਹਾਂ ਹੀ ਵਿਅਕਤੀਆਂ ਨੂੰ ਸਾਲ ਦਰ ਸਾਲ ਪਟੇ ਤੇ ਦਿੱਤੀ ਜਾਂਦੀ ਰਹੀ । ਸੰਨ 1969 ਵਿਚ ਟਰੱਸਟ ਨੇ ਉਨ੍ਹਾਂ ਨੂੰ ਇਹ ਜ਼ਮੀਨ ਲੀਜ਼ ਤੇ ਨਾ ਦਿੱਤੀ ਅਤੇ ਮੁਜ਼ਾਰਿਆਂ ਨੂੰ ਜ਼ਮੀਨ ਖਾਲੀ ਕਰਨ ਬਾਰੇ ਕਿਹਾ ਗਿਆ । ਪਰੰਤੂ ਮੁਜ਼ਾਰੇ ਜ਼ਮੀਨ ਖਾਲੀ ਕਰਨਾ ਨਾ ਮੰਨੇ ਸਗੋਂ ਇਸ ਤੇ ਗੈਰ ਕਾਨੂੰਨੀ ਤੌਰ ਤੇ ਕਾਸ਼ਤ ਕਰਦੇ ਰਹ ਅਤੇ ਉਨ੍ਹਾਂ ਨੇ ਜ਼ਿਲ੍ਹਾ ਸਬ-ਜੱਜ, ਜਲੰਧਰ ਦੀ ਅਦਾਲਤ ਵਿਚ ਟਰੱਸਟ ਦੇ ਵਿਰੁਧ ਦੀਵਾਨੀ ਮੁਕੱਦਮਾ ਕਰ ਦਿੱਤਾ ਜਿਸ ਵਿਚ ਮੁਜ਼ਾਰੇ ਫਰਵਰੀ, 1972 ਵਿਚ ਹਾਰ ਗਏ ਟਰੱਸਟ ਨੇ ਦੁਬਾਰਾ ਜਦੋਂ ਜ਼ਮੀਨ ਖਾਲੀ ਕਰਵਾਉਣ ਲਈ ਕਦਮ ਚੁਕੇ ਤਾਂ ਮੁਜ਼ਾਰਿਆਂ ਨੇ ਅਦਾਲਤ ਤੋਂ ਬੰਦੀ ਦਾ ਹੁਕਮ ਲੈ ਆਂਦਾ ਜਿਹੜਾ ਕਿ ਮਿਤੀ 2 ਜਨਵਰੀ, 1975 ਨੂੰ ਸਬ-ਜੱਜ ਪਹਿਲਾ ਦਰਜਾ ਜਲੰਧਰ ਨੇ ਮਨਸੂਖ ਕਰ ਦਿੱਤਾ ਅਤੇ ਬੰਦੀ ਖੋਲ੍ਹ ਦਿੱਤੀ ਗਈ । ਇਹ ਜ਼ਮੀਨ ਟਰੱਸਟ ਨੇ 543 ਮਕਾਨ ਆਰਥਕ ਤੌਰ ਤੇ ਕਮਜ਼ੋਰ ਵਿਅਕਤੀਆਂ ਵਾਸਤੇ ਬਣਾਉਣ ਲਈ ਨਿਸਚਿਤ ਕੀਤੀ ਹੋਈ ਹੈ । ਮਿਤੀ 3 ਜਨਵਰੀ, 1975 ਨੂੰ ਟਰੱਸਟ ਨੇ ਇਸ ਜ਼ਮੀਨ ਦਾ ਕਬਜ਼ਾ ਲੈ ਲਿਆ ਹੈ ਅਤੇ ਇਸ ਮੌਕੇ ਤੇ ਦੰਗਾ-ਫਸਾਦ ਨੂੰ ਰੋਕਣ ਹਿਤ ਡੀ. ਸੀ. ਸਾਹਿਬ, ਜਲੰਧਰ ਦੇ ਹੁਕਮ ਮੁਤਾਬਕ ਪੁਲਿਸ ਭੇਜੀ ਗਈ ਸੀ ।

3. ਇਨ੍ਹਾਂ ਹਾਲਾਤ ਤੋਂ ਇਹ ਸਪੱਸ਼ਟ ਹੈ ਕਿ ਮੁਜ਼ਾਰੇ ਧੱਕੇ ਨਾਲ ਜ਼ਮੀਨ ਤੇ ਕਬਜ਼ਾ ਕਰੀ ਬੈਠੇ ਸਨ ਅਤੇ ਪਿਛਲੇ ਪੰਜਾਂ ਸਾਲਾਂ ਤੋਂ ਉਨ੍ਹਾਂ ਨੇ ਟਰੱਸਟ ਨੂੰ ਚਕੋਤੇ ਵਜੋਂ ਕੋਈ ਰਕਮ ਨਹੀਂ ਦਿੱਤੀ ਸੀ । ਇਸ ਕੇਸ ਵਿਚ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਗਈ ਹੈ । ਇਲਾਕੇ ਦੇ ਵਸਨੀਕਾਂ ਵਿਚ ਕੋਈ ਰੋਸ ਨਹੀਂ ਹੈ ।

(Serial No. 43)

Shri Gurdial Saini : to draw the attention of the Government towards a matter of urgent public importance, namely , that the Punjab Government, during its last August Session, provided for the security of service of the teachers of the affiliated colleges of the State but this was not done so far as the non-teaching staff is concerned. In order to give a feeling of honour and dignity to members of the non-teaching staff of the affiliated colleges, it is but meet and proper that the Government should treat them also at par with the teachers of the affiliated colleges of the State. It is therefore, a fit matter on which the Government should make statement on the floor of the House as to what it proposes doing for the benefit of non-teaching staff of affiliated colleges of Punjab. Hence the Call Attention Motion.

Shri Gurmail Singh (Education Minister) : The Government have been receiving from time to time representations from various categories of staff for security of service. Regarding teaching staff in private colleges, necessary legislation to give them security of service has already been enacted. The case of providing security of service to non-teaching staff is under consideration of the Government.

(Serial No. 48)

Shri Sardari Lal Kapur : to draw the attention of the Government towards a matter of urgent public importance, namely, that there are 450 Ayurvedic dispensaries in the State in which Vaids have already been appointed and are actually at their posts. It is surprising indeed that during the whole year 1974 Ayurvedic medicines worth Rs. 800/- were supplied to all these 450 dispensaries . At present there are no medicines in these dispensaries. It is very necessary that there should be a separate Ayurvedic Directorate in the State of Punjab. Hence this call-attention motion on which the Health Minister should make a statement on the floor of the House as to what the Government propose doing to set up a separate Directorate for Ayurvedic Dispensaries and what the Government proposes to do to supply Ayurvedic medicines to the 450 dispensaries in the State.

ਸਰਦਾਰ ਬਲਬੀਰ ਸਿੰਘ (ਰਾਜ ਮੰਤਰੀ, ਸਿਹਤ ਤੇ ਪਰਿਵਾਰ ਨਿਯੋਜਨ) : ਪੰਜਾਬ ਵਿਚ ਆਯੁਰਵੈਦਿਕ ਡਿਸਪੈਂਸਰੀਆਂ ਦੀ ਗਿਣਤੀ 450 ਨਹੀਂ, ਸਿਰਫ 355 ਹੈ । ਇਹ ਗੱਲ ਠੀਕ ਨਹੀਂ ਹੈ ਕਿ ਸਾਲ 1974 ਵਿਚ ਸਿਰਫ 800 ਰੁਪਏ ਦੀਆਂ ਦਵਾਈਆਂ ਇਨ੍ਹਾਂ ਸਾਰੀਆਂ ਡਿਸਪੈਂਸਰੀਆਂ ਨੂੰ ਦਿੱਤੀਆਂ ਗਈਆਂ ਸਨ। ਅਸਲੀਅਤ ਇਹ ਹੈ ਕਿ ਦਸੰਬਰ, 1974 ਤੱਕ 1,59,960 ਰੁਪਏ 65 ਪੈਸੇ ਦੀਆਂ ਦਵਾਈਆਂ ਬਣ ਕੇ ਸੈਂਟਰਲ ਫਾਰਮੇਸੀ, ਪਟਿਆਲਾ ਵਿਚੋਂ ਇਨ੍ਹਾਂ ਡਿਸਪੈਂਸਰੀਆਂ ਨੂੰ ਭੇਜੀਆਂ ਗਈਆਂ ਹਨ, ਜਿਨ੍ਹਾਂ ਦਾ ਜ਼ਿਲ੍ਹੇਵਾਰ ਵੇਰਵਾ ਇਸ ਪ੍ਰਕਾਰ ਹੈ :—

ਨੰ:	ਜ਼ਿਲ੍ਹਾ		ਰਕਮ
			ਰੁ:
1.	ਸੰਗਰੂਰ	..	18,870.16
2.	ਫਿਰੋਜ਼ਪੁਰ	..	11,430.65
3.	ਫਰੀਦਕੋਟ	..	8,394.09
4.	ਬਠਿੰਡਾ	..	13,253.91
5.	ਕਪੂਰਥਲਾ	..	6,687.52
6.	ਜਲੰਧਰ	..	10,436.75
7.	ਹੁਸ਼ਿਆਰਪੁਰ	..	16,864.98
8.	ਰੋਪੜ	..	12,499.40
9.	ਲੁਧਿਆਣਾ	..	13,217.26
10.	ਅੰਮ੍ਰਿਤਸਰ	..	18,738.02
11.	ਗੁਰਦਾਸਪੁਰ	..	15,396.87
12.	ਪਟਿਆਲਾ	..	14,971.04
	ਜੋੜ :		1,59,960.65

ਇਸ ਤੋਂ ਇਲਾਵਾ ਸਰਕਾਰੀ ਆਯੁਰਵੈਦਿਕ ਹਸਪਤਾਲ, ਪਟਿਆਲਾ ਨੂੰ 42,500 ਰੁਪਏ 50 ਪੈਸੇ ਦੀਆਂ ਦਵਾਈਆਂ ਵੀ ਦਿੱਤੀਆਂ ਗਈਆਂ ਸਨ ।

ਇਹ ਗੱਲ ਵੀ ਠੀਕ ਨਹੀਂ ਹੈ ਕਿ ਇਸ ਵਲੇ ਇਨ੍ਹਾਂ ਡਿਸਪੈਂਸਰੀਆਂ ਵਿਚ ਕੋਈ ਦਵਾਈ ਨਹੀਂ ਹੈ । ਇਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ ਪੰਜਾਬ ਸਰਕਾਰ ਨੇ ਇਨ੍ਹਾਂ ਡਿਸਪੈਂਸਰੀਆਂ ਨੂੰ ਦਵਾਈਆਂ ਦੇਣ ਵਾਸਤੇ ਪਿਛਲੇ 2 ਸਾਲਾਂ ਵਿਚ ਕਿੰਨਾ ਖਰਚ ਕੀਤਾ ਹੈ :—

(ੳ) ਸਾਲ 1972—73 ਵਿੱਚ .. 6,90,660/— ਰੁਪਏ

(ਅ) ਸਾਲ 1973—74 ਵਿੱਚ .. 2,05,442/— ਰੁਪਏ

(ੲ) ਸਾਲ 1974–75 ਵਿੱਚ	..	ਸੈਂਟਰਲ ਫਾਰਮੇਸੀ ਵਿੱਚ ਰਾ-ਡਰੱਗਜ਼ ਖਰੀਦਣ ਦਾ ਬਜਟ 5,19,000 ਰੁਪਏ ਦਾ ਹੈ, ਜਿਸ ਵਿੱਚੋਂ 3,19,548 ਰੁਪਏ ਦੀਆਂ ਰਾ–ਡਰੱਗਜ਼ ਖਰੀਦੀਆਂ ਜਾ ਚੁੱਕੀਆਂ ਹਨ । ਇਨ੍ਹਾਂ ਤੋਂ ਦਵਾਈਆਂ ਬਣ ਰਹੀਆਂ ਹਨ ਅਤੇ ਬਣਨ ਮਗਰੋਂ ਸਪਲਾਈ ਹੋਣਗੀਆਂ । ਇਸ ਤੋਂ ਇਲਾਵਾ, 1,58,851 ਰੁਪਏ ਦੇ ਆਰਡਰ ਦਿੱਤੇ ਜਾ ਚੁੱਕੇ ਹਨ ਅਤੇ 40,601 ਰੁਪਏ ਦੀਆਂ ਰਾ–ਡਰੱਗਜ਼ ਖਰੀਦਣ ਵਾਸਤੇ ਟੈਂਡਰਜ਼ ਮੰਗਵਾਏ ਗਏ ਹਨ । ਅਤੇ ਜਲਦੀ ਹੀ ਰਾ–ਡਰੱਗਜ਼ ਖਰੀਦੀਆਂ ਜਾਣਗੀਆਂ ਤੇ ਦਵਾਈਆਂ ਤਿਆਰ ਕਰਕੇ ਡਿਸਪੈਂਸਰੀਆਂ ਨੂੰ ਸਪਲਾਈ ਕੀਤੀਆਂ ਜਾਣਗੀਆਂ ।

ਇਸ ਵੇਲੇ ਹਰ ਡਿਸਪੈਂਸਰੀ ਲਈ ਔਸਤਨ 1,000 ਰੁਪਏ ਦੀਆਂ ਦਵਾਈਆਂ ਸਪਲਾਈ ਕਰਨ ਲਈ ਬਜਟ ਵਿੱਚ ਉਪਬੰਧ ਹੈ । ਕਿਉਂਜੋ ਰਾ-ਡਰੱਗਜ਼ ਦੀਆਂ ਕੀਮਤਾਂ ਵੱਧ ਗਈਆਂ ਹਨ, ਇਸ ਲਈ ਸਰਕਾਰ ਇਸ ਰਕਮ ਨੂੰ ਵਧਾਉਣ ਬਾਰੇ ਵਿਚਾਰ ਕਰ ਰਹੀ ਹੈ । ਸੈਂਟਰਲ ਫ਼ਾਰਮੇਸੀ ਨੂੰ ਆਧੁਨਿਕਤਮ ਮਿਆਰਾਂ ਉਤੇ ਲਿਆਉਣ ਲਈ ਵੀ ਵਿਚਾਰ ਕੀਤਾ ਜਾ ਰਿਹਾ ਹੈ । ਆਯੁਰਵੇਦ ਸਿਸਟਮ ਦੇ ਬੜ੍ਹਾਵੇ ਲਈ ਸਰਕਾਰ ਨੇ ਅੱਗੇ ਵੀ ਕਈ ਕਦਮ ਉਠਾਏ ਹਨ । ਆਯੁਰਵੇਦ ਦਾ ਡਿਪਟੀ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ ਅਤੇ ਉਸ ਨੂੰ ਵਧੇਰੇ ਅਧਿਕਾਰ ਦੇਣ ਦਾ ਛੇਤੀ ਹੀ ਫੈਸਲਾ ਕੀਤਾ ਜਾਵੇਗਾ । ਆਯੁਰਵੇਦਾਂ ਦਾ ਵੱਖਰਾ ਡਾਇਰੈਕਟੋਰੇਟ ਬਣਾਉਣ ਸਮੇਂ ਸਰਕਾਰ ਨੂੰ ਕਈ ਪੱਖਾਂ ਨੂੰ ਮੁਖ ਰਖਦਿਆਂ ਹੋਇਆਂ ਇਹ ਫ਼ੈਸਲਾ ਕਰਨਾ ਪਵੇਗਾ ਅਤੇ ਸਰਕਾਰ ਇਸ ਉਤੇ ਸਰਗਰਮੀ ਅਤੇ ਹਮਦਰਦੀ ਨਾਲ ਵਿਚਾਰ ਕਰ ਰਹੀ ਹੈ ।

FINANCIAL BUSINESS

(i) Presentation of the Supplementary Estimates (Second Instalment) for the year 1974-75.

(ii) Presentation of the Report of the Committee on Estimates on the Supplementary Estimates (Second Instalment) for the year 1974-75.

Finance Minister (Shri Hans Raj Sharma) : Sir, I beg to present the Supplementary Estimates (Second Instalment) for the year 1974-75.

Chairman , Estimates Committee (Chaudhri Sunder Singh): Sir, I beg to present the Report of the Committee on Estimates on the Supplementary Estimates (Second Instalment) for the year 1974-75.

LEGISLATIVE BUSINESS

THE PUNJAB COMPULSORY SERVICE (Repeal) BILL, 1975

Revenue and Election Minister (Sardar Umrao Singh) : Sir, I beg to ask for leave to introduce the Punjab Compulsory Service (Repeal) Bill, 1975.

Mr. Speaker ; Motion moved—

> That leave be granted to introduce the Punjab Compulsory Service (Repeal) Bill, 1975.

Mr. Speaker ; Question is—

> That leave be granted to introduce the Punjab Compulsory Service (Repeal) Bill, 1975.

The Motion was carried.

Revenue and Election Minister ; Sir, I beg to introduce the Punjab Compulsory Service (Repeal) Bill, 1975.

Comrade Satya Pal Dang ; Sir, I would like to know whether these two motions which have been moved by the honb'le Minister were included in the business for today.

ਸ਼੍ਰੀ ਸਪੀਕਰ : ਲਿਸਟ ਆਫ਼ ਬਿਜ਼ਨੈਸ ਪੜ੍ਹੋ ਉਹਦੇ ਵਿਚ ਹੈ । (These are there in the list of Business. Please read it.)

ਕਾਮਰੇਡ ਸੱਤ ਪਾਲ ਡਾਂਗ : ਇਹ ਤਾਂ ਏਜੰਡੇ ਵਿਚ ਇਨਕਲੂਡਿਡ ਨਹੀਂ ਹੈ।(ਵਿਘਨ)

ADJOURNMENT MOTION

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਅੱਗੇ ਹੀ ਹਾਊਸ ਵਿਚ ਅਨਪਲੈਜ਼ੈਂਟਨੈੱਸ ਰਹੀ ਹੈ । (ਵਿਘਨ) ਮੈਂ ਇਕ ਗੱਲ ਵਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਆਪਣੇ ਪੁਆਇੰਟ ਆਫ਼ ਆਰਡਰ ਬਾਰੇ ਦੱਸੋ । (ਵਿਘਨ) (What is your point of order ?)

ਡਾਕਟਰ ਬਲਦੇਵ ਪ੍ਰਕਾਸ਼ : ਮੇਰਾ ਆਬਜੈੱਕਸ਼ਨ ਇਹ ਹੈ ਕਿ ਤੁਸੀਂ ਦੋ ਵਰਡਜ਼ ਨਹੀਂ ਸੁਣਨਾ ਚਾਹੁੰਦੇ (ਵਿਘਨ) ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ, ਸਪੀਕਰ ਸਾਹਿਬ, ਜੇ ਅਸੀਂ ਇਥੇ ਆਏ ਹਾਂ ਕੋਈ ਗੱਲ ਕਹਿਣੀ ਚਾਹੁੰਦੇ ਹਾਂ, ਉਹ ਤੁਸੀਂ ਸੁਣ ਤਾਂ ਲਿਆ ਕਰੋ । ਮੇਰੀ ਐਡਜਰਨਮੈਂਟ ਮੋਸ਼ਨ ਨੰ: 10 ਰਿਜੈੱਕਟ ਹੋਈ ਹੈ, ਰੂਲਿੰਗ ਇਹ ਦਿੱਤੀ ਹੈ — that it is not accompanied by a brief Explanatory Memorandum.

ਰੂਲਜ਼ ਮੈਂ ਪੜ੍ਹੇ ਹੋਏ ਹਨ । ਉਹ ਐਡਜਰਨਮੈਂਟ ਮੋਸ਼ਨ ਇਨ ਇਟਸੈਲਫ ਐਕਸਪਲੈਨੇਟਰੀ ਹੈ । ਸਾਰੇ ਫ਼ੈੱਕਟਸ ਉਹਦੇ ਵਿਚ ਲਿਖੇ ਹੋਏ ਹਨ। ਗੌਰਮੈਂਟ ਜਵਾਬ ਦੇ ਸਕਦੀ ਹੈ। ਆਫ਼ਟਰ ਆਲ ਇਹ ਕੋਈ ਚੀਜ਼ ਐਸੀ ਨਹੀਂ ਹੈ (ਵਿਘਨ)

ਸ਼੍ਰੀ ਸਪੀਕਰ : ਰੂਲਜ਼ ਦੇ ਮੁਤਾਬਿਕ ਹੋਣਾ ਚਾਹੀਦਾ ਹੈ । ਉਹਦੇ ਵਿਚ ਐਕਸਪਲੈਨੇਟਰੀ ਮੈਮੋਰੰਡਮ ਨਹੀਂ ਦਿੱਤਾ ਹੈ। Please resume your seat. (It should comply with the rules. It was not accompanied by an Explanatory Memorandum. Please resume your seat.)

NON-OFFICIAL RESOLUTIONS

(I) RESOLUTION REG. NAKABANDI OF HARIJANS-
(Resumption of Discussion)

Mr. Speaker: Now the House will resume discussion on the *Resolution moved by Comrade Saghar Singh, M.L.A. on the 9th January, 1975.

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰੀ ਬੇਨਤੀ ਹੈ ਕਿ ਥੇਈਂ ਡੈਮ ਬਾਰੇ ਬੜਾ ਜ਼ਰੂਰੀ ਰੇਜ਼ੋਲਿਊਸ਼ਨ ਹੈ, ਨਾਨ-ਕੰਟ੍ਰੋਵਰਸ਼ਲ ਹੈ, ਇਸ ਨਾਲ ਸਾਰੇ ਸਹਿਮਤ ਹਨ । (ਵਿਘਨ)

ਸ਼੍ਰੀ ਸਪੀਕਰ : ਪਾਰਟੀ ਲੀਡਰਜ਼ ਦਾ ਫੈਸਲਾ ਇਹਦੇ ਬਾਰੇ ਹੋ ਚੁੱਕਾ ਹੈ। ਇਹ ਅਜ ਆ ਰਿਹਾ ਹੈ । Please resume your seat. ਕਾਮਰੇਡ ਸੱਘੜ ਸਿੰਘ ਜੀ । (Party Leaders have taken a decision in this respect. It will come before the House today. Please resume your seat. Comrade Saghar Singh Ji.)

ਸਰਦਾਰ ਦਰਬਾਰਾ ਸਿੰਘ : ਇਸ ਨਾਲ ਸਾਰਾ ਹਾਊਸ ਸਹਿਮਤ ਹੈ । ਇਸ ਬਾਰੇ ਜੋ ਅਮੈਂਡਮੈਂਟ ਆਉਣੀ ਹੈ ਉਸ ਨੂੰ ਲਿਆ ਕੇ ਪੇਸ਼ ਕਰ ਦਿੱਤਾ ਜਾਵੇ । (ਵਿਘਨ)

ਕਾਮਰੇਡ ਸੱਘੜ ਸਿੰਘ (ਨਿਹਾਲਸਿੰਘ ਵਾਲਾ, ਐਸ. ਸੀ.) : ਸਪੀਕਰ ਸਾਹਿਬ, ਨਾਕਾਬੰਦੀਆਂ ਕਾਰਣ ਪਿੰਡ ਬਾਠ ਵਿਚ ਹਰੀਜਨ ਭਰਾ, ਸ਼ਹੀਦ ਹੋਏ ਮਹੀਨਾ ਪਹਿਲਾਂ ਨਾਕਾਬੰਦੀ ਹੋਈ ਪਿੰਡ ਬਾਠ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਅਤੇ ਉਹਦੇ ਵਿਚ ਉਥੇ ਚਾਰ ਸ਼ਹੀਦ ਹੋਏ ਅਤੇ ਕਈ ਜ਼ਖ਼ਮੀ ਹੋਏ । ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਅਤੇ ਨਾਲ ਹੀ ਸਰਕਾਰ ਦਾ ਧੰਨਵਾਦ ਕਰਦਾ ਹਾਂ (ਵਿਘਨ)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਸੱਘੜ ਸਿੰਘ ਨੇ ਇਕ ਪਿੰਡ ਦੇ ਕੇਸ ਦਾ ਜ਼ਿਕਰ ਕੀਤਾ ਹੈ, ਉਹ ਸਬਜੁਡਿਸ ਮੈਟਰ ਹੈ ਅਤੇ ਕੇਸ ਅਦਾਲਤ ਵਿਚ ਪੈਂਡਿੰਗ ਹੈ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਸ ਦਾ ਨਾਮ ਨਾ ਲਿਆ ਜਾਵੇ ।

ਸ਼੍ਰੀ ਸਪੀਕਰ : ਸਬਜੁਡਿਸ ਮੈਟਰ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ । (There should be no reference to the sub-judice matter.)

ਕਾਮਰੇਡ ਸੱਘੜ ਸਿੰਘ : ਮੈਂ ਤਾਂ ਸਰਕਾਰ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਸੀ।

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਉਨ੍ਹਾਂ ਨੇ ਕੋਈ ਲੀਗਲ ਪਹਿਲੂ ਦਾ ਜ਼ਿਕਰ ਨਹੀਂ ਕੀਤਾ ।

ਸ਼੍ਰੀ ਸਪੀਕਰ: ਠੀਕ ਹੈ । ਇਹ ਐਕਸਪੰਜ ਨਹੀਂ ਕੀਤਾ । (That is right. It has not been expunged.)

---

*"This House recommends to the Government to take steps so as to make *Nakabandi* and boycott of Harijans (Agricultural labourers) in the State cognizable offences and to provide deterrent punishment for those who organise, abet or incite the same."....

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜਿਹੜੀ ਸਾਡੀ ਸਰਕਾਰ ਹੈ ਇਸ ਨੇ ਉਸ ਵਿਚ ਬੜਾ ਚੰਗਾ ਪਾਰਟ ਅਦਾ ਕੀਤਾ ਹੈ। ਸਰਕਾਰ ਨੇ ਚੰਨਣ ਸਿੰਘ ਦੇ ਵਾਰਸਾਂ ਨੂੰ 5,000 ਰੁਪਿਆ ਦਿੱਤਾ ਹੈ। ਆਲਾ ਸਿੰਘ ਦੇ ਵਾਰਸਾਂ ਨੂੰ 5,000 ਰੁਪਿਆ, ਚਤ੍ਰ ਸਿੰਘ ਦੇ ਵਾਰਸਾਂ ਨੂੰ 2,000 ਰੁਪਿਆ, ਜੀਤ ਕੌਰ ਨੂੰ 2,000 ਰੁਪਿਆ ਅਤੇ ਜ਼ਖਮੀਆਂ ਨੂੰ ਪੰਜ ਪੰਜ ਸੌ ਰੁਪਏ ਦੀ ਇਸ ਸਰਕਾਰ ਨੇ ਮੱਦਦ ਕੀਤੀ ਹੈ, ਇਹ ਬੜਾ ਅੱਛਾ ਕੀਤਾ ਹੈ। (ਤਾੜੀਆਂ)

12.25 p.m. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, 19 ਸਤੰਬਰ, 1973 ਨੂੰ ਕਿਰਤ ਸਲਾਹਕਾਰ ਕਮੇਟੀ ਦੀ ਮੀਟਿੰਗ ਹੋਈ ਸੀ। ਉਸ ਵਿਚ ਸਿਫਾਰਸ਼ ਕੀਤੀ ਗਈ ਸੀ ਕਿ ਜਿਹੜੇ ਬਾਈਕਾਟ ਹਨ ਇਨ੍ਹਾਂ ਨੂੰ ਗ਼ੈਰ ਕਾਨੂੰਨੀ ਕਰਾਰ ਦਿੱਤਾ ਜਾਵੇ ਪਰ ਅੱਜ ਤੱਕ ਉਸ ਦਾ ਕੋਈ ਫ਼ੈਸਲਾ ਨਹੀਂ ਹੋਇਆ, ਉਸ ਤੇ ਕੋਈ ਕਾਰਵਾਈ ਨਹੀਂ ਹੋਈ।

ਡਿਪਟੀ ਸਪੀਕਰ ਸਾਹਿਬ, ਮੈਨੂੰ ਬਹੁਤ ਪਿੰਡਾਂ ਦਾ ਤਾਂ ਪਤਾ ਨਹੀਂ ਹੈ ਪਰ ਜਿਹੜੇ ਪਿੰਡ ਮੇਰੇ ਇਲਮ ਵਿਚ ਹਨ ਜਿਥੇ ਕਿ ਪਿੰਡਾਂ ਵਿਚ ਨਾਕਾਬੰਦੀ ਹੁੰਦੀ ਰਹੀ ਹੈ, ਉਨ੍ਹਾਂ ਦਾ ਜ਼ਿਕਰ ਮੈਂ ਇਥੇ ਕਰਦਾ ਹਾਂ। ਜਿਲ੍ਹਾ ਪਟਿਆਲਾ, ਤਹਿਸੀਲ ਨਾਭਾ ਵਿਚ ਪਿੰਡ ਲੋਟ ਵਿਚ 60 ਦਿਨ ਤੱਕ ਨਾਕਾਬੰਦੀ ਰਹੀ। ਪਿੰਡ ਬਿਰ ਦੁਨੋ ਵਿਚ 30 ਦਿਨ ਨਾਕਾਬੰਦੀ ਰਹੀ। ਪਿੰਡ ਮੋਟੋ ਤੜਾ ਵਿਚ 30 ਦਿਨ ਨਾਕਾਬੰਦੀ ਰਹੀ। ਇਸੇ ਤਰ੍ਹਾਂ ਹੀ ਪਿੰਡ ਚਾਹਲ ਅਤੇ ਝਾਵਲੀ ਮੰਨਾਲੀ ਵਿਚ ਨਾਕਾਬੰਦੀਆਂ ਰਹੀਆਂ। ਤਹਿਸੀਲ ਮੁਕਤਸਰ ਵਿਚ ਪਿੰਡ ਥਾਕਾਨ, ਬਾਵੇ ਦੀ ਸੀਲ ਅਤੇ ਚੱਕ ਸ਼ੇਰੇ ਵਾਲਾ ਵਿਚ ਨਾਕਾਬੰਦੀ ਅਤੇ ਬਾਈਕਾਟ ਰਹੇ। ਤਹਿਸੀਲ ਮਲੇਰਕੋਟਲਾ ਦੇ ਪਿੰਡ ਖੁਟੀਆਂ ਕਾਲੇ, ਏਸੜਾਂ ਪਿੰਡ, ਪਿੰਡ ਨਰੀਕੇ ਅਤੇ ਨਿਆਮਤ ਪੁਰ ਪਿੰਡਾਂ ਵਿਚ ਨਾਕਾ ਬੰਦੀਆਂ ਰਹੀਆਂ। ਇਹ ਪਿੰਡ ਸੈਂਕੜਿਆਂ ਦੀ ਗਿਣਤੀ ਵਿਚ ਹਨ ਜਿਨ੍ਹਾਂ ਵਿਚ ਕਿ ਇਸੇ ਸਾਲ ਵਿਚ ਨਾਕਾਬੰਦੀਆਂ ਰਹੀਆਂ ਹਨ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਗਰੀਬਾਂ ਤੇ ਜ਼ਬਰ ਵੀ ਹੁੰਦੇ ਹਨ ਜਿਥੇ ਨਾਕਾਬੰਦੀਆਂ ਹੁੰਦੀਆਂ ਹਨ। ਇਸ ਦਾ ਕਾਰਨ ਹੈ ਨਾਬਰਾਬਰੀ। ਜਿਹੜੇ ਗਰੀਬ ਲੋਕ ਹਨ ਉਨ੍ਹਾਂ ਨੂੰ ਬਹੁਤ ਸਾਰੇ ਪਿੰਡਾਂ ਦੇ ਲੋਕ ਬੁਰਾ ਸਮਝਦੇ ਹਨ। ਜਿਹੜੇ ਉਚੀ ਪੱਧਰ ਦੇ ਕਿਰਸਾਨ, ਜ਼ਿਮੀਦਾਰ ਹਨ ਉਹ ਗਰੀਬ ਲੋਕਾਂ ਵਿਚ ਸ਼ਰਾਰਤ ਖੜੀ ਕਰਕੇ ਉਨ੍ਹਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਜੱਟ ਅਤੇ ਮਜ਼ਦੂਰ ਦਾ ਸਵਾਲ ਪੈਦਾ ਕੀਤਾ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਦੋ ਧੜਿਆਂ ਵਿਚ ਵੰਡਿਆ ਜਾਂਦਾ ਹੈ। ਉਨ੍ਹਾਂ ਵਿਚ ਪਾੜੇ ਪਾਏ ਜਾਂਦੇ ਹਨ। ਮੈਂ ਬੇਨਤੀ ਕਰਾਂਗਾ ਕਿ ਜਿਹੜੇ ਪਿੰਡਾਂ ਵਿਚ ਕਿਰਸਾਨ ਅਤੇ ਮਜ਼ਦੂਰ ਇਕ ਖੇਤ ਵਿਚ ਸਾਂਝਾ ਕੰਮ ਕਰਦੇ ਹਨ ਉਨ੍ਹਾਂ ਵਿਚ ਪਾੜਾ ਨਹੀਂ ਹੋਣਾ ਚਾਹੀਦਾ। ਸਰਕਾਰ ਨੂੰ ਇਸ ਪਾਸੇ ਤਵੱਜੋ ਦੇਣੀ ਚਾਹੀਦੀ ਹੈ।

ਸ਼ਰਮਾ ਜੀ ਨੇ ਪਿਛਲੇ ਅਗਸਤ ਵਿਚ ਦੱਸਿਆ ਸੀ ਕਿ ਅਸੀਂ ਇਕ ਸੈੱਲ ਕਾਇਮ ਕੀਤਾ ਹੈ ਪਰ, ਡਿਪਟੀ ਸਪੀਕਰ ਸਾਹਿਬ, ਜਿਥੇ ਨਾਕਾਬੰਦੀਆਂ ਹੁੰਦੀਆਂ ਹਨ ਮੈਂ ਉਥੇ ਜਾਂਦਾ ਰਿਹਾ ਹਾਂ, ਉਥੇ ਅੱਜ ਤਕ ਇਨ੍ਹਾਂ ਦਾ ਕੋਈ ਸੈੱਲ ਨਹੀਂ ਦੇਖਿਆ। ਇਨ੍ਹਾਂ ਦੇ ਉਸ ਸੈੱਲ ਨੇ ਜਿਥੇ ਨਾਕਾਬੰਦੀਆਂ ਹੁੰਦੀਆਂ ਹਨ, ਉਥੇ ਕੋਈ ਦਖ਼ਲ ਨਹੀਂ ਦਿੱਤਾ। ਜੇ ਸਰਕਾਰ ਨੇ ਸੈੱਲ ਕਾਇਮ ਕੀਤਾ ਹੈ ਤਾਂ ਉਹ ਫ਼ੌਰੀ ਤੌਰ ਤੇ ਦਖ਼ਲ ਦੇਵੇ। ਇਹ ਜਿਹੜੀਆਂ ਨਾਕਾਬੰਦੀਆਂ ਹੁੰਦੀਆਂ ਹਨ, ਇਸ ਬਾਰੇ ਸਾਨੂੰ ਬਹੁਤ ਲੋਕ ਮਿਲਦੇ ਹਨ। ਇਸੇ ਕਰਕੇ ਅਸੀਂ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ।

ਡਿਪਟੀ ਸਪੀਕਰ ਸਾਹਿਬ, ਮਿਹਨਤੀ ਲੋਕਾਂ ਅਤੇ ਮਜ਼ਦੂਰਾਂ ਦੇ ਪਲਾਟਾਂ ਦਾ ਮਸਲਾ ਹੈ। ਇਹ ਮਸਲਾ ਹਰ ਥਾਂ ਤੇ ਉਲਝਿਆ ਹੋਇਆ ਹੈ। ਜਿਵੇਂ ਕਿ ਮੁਰੱਬਾਬੰਦੀ ਦੀਆਂ ਛੱਡੀਆਂ ਹੋਈਆਂ ਜ਼ਮੀਨਾਂ ਦੇ ਹਰੀਜਨਾਂ ਨੂੰ ਪਲਾਟ ਦੇਣੇ ਸੀ ਉਹ ਅੱਜ ਤਕ ਕੋਈ ਸੌ ਵਿਚੋਂ ਪੰਜ ਪਿੰਡਾਂ ਵਿਚ ਹੀ ਦਿੱਤੇ ਗਏ ਹਨ ਬਾਕੀ

ਵਿਚ ਨਹੀਂ ਦਿੱਤੇ ਗਏ। ਮੇਰੇ ਕੋਲ ਮਿਸਾਲਾਂ ਬਹੁਤ ਹਨ। ਪਿੰਡ ਬਿਲਾਸਪੁਰ ਵਿਚ ਉਥੇ ਦੀ ਜਿਹੜੀ ਜ਼ਮੀਨ ਪਲਾਟ ਦੇਣ ਲਈ ਛੱਡੀ ਹੋਈ ਹੈ ਉਥੇ ਪਲਾਟ ਵਾਲੀ ਜਗ੍ਹਾ ਤੇ ਹਾੜ੍ਹੀ ਬੀਜ ਦਿੱਤੀ ਹੈ। ਇਸ ਲਈ ਅਜਿਹੇ ਪਲਾਟ ਹਰੀਜਨ, ਗਰੀਬਾਂ ਨੂੰ ਦੇਣੇ ਚਾਹੀਦੇ ਹਨ। ਇਸੇ ਤਰ੍ਹਾਂ ਹੀ ਗਰੀਬ ਲੋਕਾਂ ਲਈ ਜਿਹੜੀਆਂ ਜ਼ਮੀਨਾਂ ਟੋਏ ਆਦਿ ਖੋਦਣ ਲਈ ਛੱਡੀਆਂ ਗਈਆਂ ਹਨ ਉਹ ਉਨ੍ਹਾਂ ਨੂੰ ਨਹੀਂ ਦਿੱਤੀਆਂ ਗਈਆਂ, ਉਹ ਉਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਹਨ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਇਹ ਜਿਹੜੀ ਨਾਕਾਬੰਦੀ ਹੁੰਦੀ ਹੈ, ਇਸ ਚੀਜ਼ ਦਾ ਅਸੀਂ ਜਾਇਜ਼ਾ ਲਿਆ ਹੈ, ਅਤੇ ਉਹ ਇਹ ਹੈ ਕਿ ਪਿੰਡਾਂ ਵਿਚ ਵਾਹੀਕਾਰ ਯੂਨੀਅਨ ਬਣੀ ਹੋਈ ਹੈ ਜਿਹੜੀ ਕਿ ਪਿੰਡਾਂ ਵਿਚ ਨਾਕਾਬੰਦੀ ਕਰਾਉਂਦੀ ਹੈ। ਮੈਂ ਨਹੀਂ ਕਹਿੰਦਾ ਕਿ ਉਹ ਕਿਸ ਪਾਰਟੀ ਦੇ ਹਨ। ਉਨ੍ਹਾਂ ਨੇ ਪਿੰਡਾਂ ਵਿਚ ਅੰਨ੍ਹੀ ਪਾਈ ਹੋਈ ਹੈ। ਪੰਜਾਬ ਵਿਚ ਹਰ ਥਾਂ ਨਾਕਾਬੰਦੀ ਕਰਾਉਣ ਦੀ ਜ਼ਿੰਮੇਵਾਰ ਵਾਹੀਕਾਰ ਯੂਨੀਅਨ ਹੈ। ਇਸ ਲਈ ਇਸ ਪਾਸੇ ਵੀ ਸਰਕਾਰ ਫੌਰੀ ਤੌਰ ਤੇ ਧਿਆਨ ਦੇਵੇ ਤਾਕਿ ਕਿਰਸਾਨ ਅਤੇ ਮਜ਼ਦੂਰ ਵਿਚ ਇਹ ਜਿਹੜੀ ਖਿੱਚੋਤਾਣ ਪੈਦਾ ਕੀਤੀ ਜਾ ਰਹੀ ਹੈ, ਉਹ ਦੂਰ ਹੋ ਸਕੇ। ਪਿੰਡਾਂ ਵਿਚ ਖੇਤ ਮਜ਼ਦੂਰ ਸਭਾਵਾਂ ਹਨ, ਕਿਰਸਾਨ ਸਭਾਵਾਂ ਹਨ। ਜੇ ਉਨ੍ਹਾਂ ਕੋਲੋਂ ਫੈਸਲਾ ਨਹੀਂ ਹੁੰਦਾ ਤਾਂ ਇਸ ਵਾਸਤੇ ਪਿੰਡਾਂ ਵਿਚ ਪੰਚਾਇਤਾਂ ਹਨ, ਜਿਨ੍ਹਾਂ ਵਿਚ ਹਰੀਜਨਾਂ ਦੇ ਨੁਮਾਇੰਦੇ ਵੀ ਹਨ। ਉਥੇ ਫੈਸਲੇ ਹੋ ਸਕਦੇ ਹਨ। ਪਰ ਇਹ ਜਿਹੜੀ ਇਨ੍ਹਾਂ ਵਿਚ ਖਿੱਚੋਤਾਣ ਪੈਦਾ ਹੋ ਰਹੀ ਹੈ ਇਹ ਨਹੀਂ ਹੋਣੀ ਚਾਹੀਦੀ। ਡਿਪਟੀ ਸਪੀਕਰ ਸਾਹਿਬ, ਸਾਡੇ ਪਿੰਡਾਂ ਵਿਚ ਜਿਹੜੇ ਹਰੀਜਨ ਹਨ ਉਨ੍ਹਾਂ ਤੇ ਬਹੁਤ ਤਸ਼ੱਦਦ ਕੀਤੇ ਜਾਂਦੇ ਹਨ। ਹਰੀਜਨ, ਗਰੀਬ ਆਦਮੀ ਵੀ ਆਜ਼ਾਦ ਹੈਸੀਅਤ ਵਿਚ ਰਹਿਣਾ ਚਾਹੁੰਦੇ ਹਨ। ਅੱਜ ਲੋਕ ਜਾਗ ਪਏ ਹਨ, ਉਨ੍ਹਾਂ ਵਿਚ ਜਾਗਰਤੀ ਆ ਗਈ ਹੈ ਅਤੇ ਇਹ ਉਨ੍ਹਾਂ ਦਾ ਹੱਕ ਵੀ ਹੈ। ਅੱਜ ਕੀਮਤਾਂ ਵਧ ਰਹੀਆਂ ਹਨ। ਇਸ ਮਹਿੰਗਾਈ ਦੇ ਕਾਰਨ ਉਹ ਉਜਰਤਾਂ ਵੱਧ ਮੰਗਦੇ ਹਨ। ਜਿਹੜੀ ਉਨ੍ਹਾਂ ਲਈ ਦਿਹਾੜੀ ਸਾਢੇ ਪੰਜ ਰੁਪਏ ਤੋਂ ਸਾਢੇ ਛੇ ਰੁਪਏ ਕੀਤੀ ਗਈ ਹੈ ਉਹ ਉਨ੍ਹਾਂ ਨੂੰ ਨਹੀਂ ਦਿੱਤੀ ਜਾਂਦੀ। ਜੇ ਉਹ ਦਿਹਾੜੀ ਸਾਢੇ ਪੰਜ ਰੁਪਏ ਤੋਂ ਸਾਢੇ ਛੇ ਰੁਪਏ ਮੰਗਦੇ ਹਨ ਤਾਂ ਕਿਰਸਾਨ ਉਨ੍ਹਾਂ ਦਾ ਬਾਈਕਾਟ ਅਤੇ ਨਾਕਾਬੰਦੀ ਕਰਦੇ ਹਨ। ਇਸ ਲਈ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਜਿਥੇ ਉਨ੍ਹਾਂ ਨੂੰ ਸਾਢੇ ਪੰਜ ਰੁਪਏ ਦੀ ਬਜਾਏ ਸਾਢੇ ਛੇ ਰੁਪਏ ਦਿਹਾੜੀ ਨਹੀਂ ਦਿੱਤੀ ਜਾਂਦੀ, ਉਥੇ ਉਨ੍ਹਾਂ ਨੂੰ ਉਜ਼ਰਤ ਠੀਕ ਦਿਵਾਈ ਜਾਵੇ ਤਾਕਿ ਕਿਸੇ ਕਿਸਮ ਦਾ ਫ਼ਸਾਦ ਨਾ ਹੋਵੇ।

ਸਰਕਾਰ ਨੇ ਐਲਾਨ ਕੀਤਾ ਸੀ ਕਿ ਅਸੀਂ ਪਿੰਡਾਂ ਵਿਚ ਡਿਪੋ ਖੋਲ੍ਹਾਂਗੇ ਅਤੇ ਗਰੀਬਾਂ ਨੂੰ ਵਾਜਬ ਕੀਮਤ ਤੇ ਅਨਾਜ ਦਿਆਂਗੇ। ਕੋਆਪ੍ਰੇਟਿਵ ਸੁਸਾਇਟੀਆਂ ਦੇ ਰਾਹੀਂ ਅਨਾਜ, ਦਾਲਾਂ ਆਦਿ ਦੇਣ ਵਾਸਤੇ ਕਿਹਾ ਸੀ ਪਰ ਮੇਰਾ ਖ਼ਿਆਲ ਹੈ ਕਿ ਅਜੇ ਤੱਕ ਕਿਤੇ ਵੀ ਅਜਿਹੇ ਡਿਪੋ ਨਹੀਂ ਖੁਲ੍ਹੇ। ਮੇਰੇ ਇਲਮ ਵਿਚ ਅਜਿਹਾ ਕੋਈ ਡਿਪੋ ਪਿੰਡਾਂ ਵਿਚ ਖੋਲ੍ਹਿਆ ਨਹੀਂ ਗਿਆ। ਮੇਰੇ ਹਲਕੇ ਤਹਿਸੀਲ ਮੋਗਾ ਵਿਚ ਕਿਤੇ ਡਿਪੋ ਨਹੀਂ ਖੋਲ੍ਹਿਆ। ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਮਜ਼ਦੂਰਾਂ ਦੀ ਹਾਲਤ ਦਿਨ ਬਦਿਨ ਖਰਾਬ ਹੁੰਦੀ ਜਾ ਰਹੀ ਹੈ, ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਹਰੀਜਨਾਂ ਦੇ ਨਾਹਰੇ ਲਾਉਂਦੀ ਹੈ ਕਿ ਅਸੀਂ ਉਨ੍ਹਾਂ ਨੂੰ ਉਚਾ ਚੁੱਕਣ ਵਾਸਤੇ ਉਨ੍ਹਾਂ ਨੂੰ ਮਕਾਨਾਂ ਲਈ ਥਾਂ ਦੇਣੀ ਹੈ, ਉਨ੍ਹਾਂ ਨੂੰ ਜ਼ਮੀਨਾਂ ਦੇਣੀਆਂ ਹਨ। ਇਸ ਦਾ ਨਤੀਜਾ ਤੁਸੀਂ ਜਾਣਦੇ ਹੋ ਕਿ ਕੀ ਹੋਇਆ ਹੈ। (ਵਿਘਨ) ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੇਰੇ ਭਰਾ ਇਧਰ (ਅਕਾਲੀ ਪਾਰਟੀ ਵੱਲ ਇਸ਼ਾਰਾ) ਵੀ ਬੈਠੇ ਅਤੇ ਉਧਰ (ਕਾਂਗਰਸ ਵੱਲ ਇਸ਼ਾਰਾ) ਵੀ ਬੈਠੇ ਹਨ। (ਵਿਘਨ) ਪਿਛਲੇ ਵੀਰਵਾਰ ਨਾਨ—ਆਫੀਸ਼ੀਅਲ ਡੇ ਸੀ। ਉਹ ਵੀ ਖ਼ਤਮ ਕਰ ਦਿੱਤਾ ਅਤੇ ਅੱਜ ਵੀ ਮਸਾਂ ਹੀ ਇਕ ਘੰਟਾ ਟਾਈਮ ਮਿਲਿਆ ਹੈ। ਉਸ ਦਿਨ ਵੀ ਰੌਲਾ ਪੈਂਦਾ ਰਿਹਾ ਅਤੇ ਅੱਜ ਵੀ ਰੌਲਾ ਹੀ ਪੈਂਦਾ ਰਿਹਾ, ਮਸਾਂ ਹੁਣ ਇਕ ਘੰਟਾ ਹੀ ਮਿਲਿਆ ਹੈ। (ਵਿਘਨ) ਇਹ ਕਹਿੰਦੇ ਹਨ ਕਿ ਬਾਦਲ ਵੱਲ ਕਿਉਂ ਉਂਗਲ ਕੀਤੀ ਹੈ। ਜੇ ਇਨ੍ਹਾਂ ਨੂੰ ਹਰੀਜਨਾਂ ਨਾਲ ਹਮਦਰਦੀ ਹੈ (ਵਿਘਨ) ਖਾਲਸਾ ਜੀ ਅਤੇ ਗੁਲਸ਼ਨ ਜੀ ਕਹਿੰਦੇ ਹਨ ਇਹ ਪਾਰਟੀ ਦੀ ਪਾਲਿਸੀ

[ਕਾਮਰੇਡ ਸੱਘੜ ਸਿੰਘ]

ਹੈ। ਇਹ ਕਹਿੰਦੇ ਹਨ ਕਿ ਸਾਨੂੰ ਹਰੀਜਨਾਂ ਨਾਲ ਹਮਦਰਦੀ ਹੈ ਅਤੇ ਇਹ ਸਾਡੀ ਪਾਲਿਸੀ ਹੈ। ਇਹ ਕਹਿੰਦੇ ਹਨ ਕਿ ਸਾਡੀ ਇਹ ਪਾਲਿਸੀ ਹੈ ਤਾਂ ਪਿਛਲੇ ਵੀਰਵਾਰ ਨੂੰ ਜਿਸ ਦਿਨ ਇਹ ਹਰੀਜਨ ਇਥੇ ਭੁੰਜੇ ਆਕੇ ਬੈਠੇ ਸੀ ਤਾਂ ਉਨ੍ਹਾਂ ਨਾਲ ਬਾਦਲ ਸਾਹਿਬ ਕਿਉਂ ਨਾ ਆਕੇ ਭੁੰਜੇ ਬੈਠੇ। ਹਰੀਜਨ ਇਕੱਲੇ ਹੀ ਕਿਉਂ ਸੀ? ਇਹ ਸਾਡੇ ਭਰਾਵਾਂ ਨੂੰ ਬਰਾਬਰ ਨਹੀਂ ਆਉਣ ਦਿੰਦੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਸ ਪਾਰਟੀ ਦੀ ਇਹ ਪਾਲਿਸੀ ਆਖੀ ਜਾਂਦੀ ਹੈ ਉਹ ਆਪ ਕੁਰਸੀਆਂ ਤੇ ਬੈਠਣ ਅਤੇ ਹਰੀਜਨ ਥੱਲੇ ਬੈਠਣ, ਇਹ ਠੀਕ ਨਹੀਂ। ਇਹ ਗਰੀਬਾਂ ਨੂੰ ਆਪਣੇ ਬਰਾਬਰ ਨਹੀਂ ਲਿਆਉਣਾ ਚਾਹੁੰਦੇ। ਜੇ ਇਹ ਹਰੀਜਨਾਂ ਨਾਲ ਇਨਸਾਫ ਕਰਦੇ ਤਾਂ ਫਿਰ ਸਰਦਾਰ ਅਜਾਇਬ ਸਿੰਘ ਸੰਧੂ ਦੀ ਜਗ੍ਹਾ ਤੇ ਸਾਡਾ ਭਰਾ ਬਿਠਾਉਂਦੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਬੇਨਤੀ ਕਰਾਂਗਾ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਹੈ, ਇਹ ਸਰਵਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ। ਜਿਹੜੇ ਲੋਕ ਇਸ ਤਰ੍ਹਾਂ ਨਾਕਾਬੰਦੀਆਂ ਕਰਾਕੇ ਅਤੇ ਬਾਈਕਾਟ ਕਰਕੇ ਉਨ੍ਹਾਂ ਨੂੰ ਤੰਗ ਕਰਦੇ ਹਨ ਅਤੇ ਇਕ ਇਕ ਮਹੀਨਾ, ਡੇਢ ਡੇਢ ਮਹੀਨਾ ਉਨ੍ਹਾਂ ਨੂੰ ਘਰਾਂ ਤੋਂ ਬਾਹਰ ਨਹੀਂ ਨਿਕਲਣ ਦਿੰਦੇ ਉਨ੍ਹਾਂ ਦੇ ਖਿਲਾਫ ਐਸਾ ਕਾਨੂੰਨ ਹੋਣਾ ਚਾਹੀਦਾ ਹੈ ਤਾਕਿ ਉਹ ਫਿਰ ਨਾਕਾਬੰਦੀਆਂ ਅਤੇ ਬਾਈਕਾਟ ਨਾ ਕਰ ਸਕਣ। ਜੇ ਉਹ ਨਾਕਾਬੰਦੀਆਂ ਅਤੇ ਬਾਈਕਾਟ ਕਰਨ ਤਾਂ ਫਿਰ ਪੁਲਿਸ ਵਾਲੇ ਉਨਾਂ ਦੇ ਖਿਲਾਫ ਰਿਪੋਟਾਂ ਦਰਜ ਕਰਨ ਅਤੇ ਉਨ੍ਹਾਂ ਨੂੰ ਅੰਦਰ ਕੀਤਾ ਜਾਵੇ ਤਾਕਿ ਫਿਰ ਉਹ ਨਾਕਾਬੰਦੀ ਅਤੇ ਬਾਈਕਾਟ ਦਾ ਨਾਮ ਨਾ ਲੈ ਸਕਣ ਅਤੇ ਸਾਡੇ ਗਰੀਬ ਕਿਰਸਾਨ ਅਤੇ ਮਜ਼ਦੂਰ ਸਾਂਝੀਵਾਲਤਾ ਵਿਚ ਪੈਕੇ ਸੋਸ਼ਲਿਜ਼ਮ ਵਾਲੇ ਪਾਸੇ ਜਾ ਸਕਣ ਅਤੇ ਉਨ੍ਹਾਂ ਵਿਚ ਵਿਤਕਰਾ ਨਾ ਪਵੇ। ਡਿਪਟੀ ਸਪੀਕਰ ਸਾਹਿਬ, ਐਨੀ ਗੱਲ ਕਹਿੰਦਾ ਹੋਇਆ ਮੈਂ ਬੈਠਦਾ ਹਾਂ।

ਸਰਦਾਰ ਧੰਨਾ ਸਿੰਘ ਗੁਲਸ਼ਨ (ਨਥਾਣਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਕਾਮਰੇਡ ਸੱਘੜ ਸਿੰਘ ਜੀ ਨੇ ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਹੈ...(ਵਿਘਨ)

ਸਰਦਾਰ ਹਰਚੰਦ ਸਿੰਘ (ਅਮਲੋਹ, ਐਸ.ਸੀ.) : ਮੇਰੀ ਇਕ ਅਮੈਂਡਮੈਂਟ ਹੈ ਜੀ।

Sir, I beg to move—

That at the end of the resolution, following be added :

> This House further recommends that special cells be set up so that wherever there is such Nakabandi and Boycott they reach the spot and apprehend the accused. This House also recommends to the Government to ensure that such cases are tried expeditiously.

ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਹੈ......(ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਡਿਪਟੀ ਸਪੀਕਰ ਸਾਹਿਬ, ਆਪੇ ਹੀ ਅਮੈਂਡਮੈਂਟ ਕਹਿਕੇ ਪੜ੍ਹ ਦਿੱਤੀ, ਆਪੇ ਹੀ ਪ੍ਰਵਾਨ ਕਰ ਲਈ ਅਤੇ ਆਪੇ ਹੀ ਫਿਰ ਬੋਲਣ ਲਗ ਪਏ। ਇਹ ਕੀ ਤਰੀਕਾ ਹੈ। ਪਹਿਲਾਂ ਤੁਸੀਂ ਧੰਨਾ ਸਿੰਘ ਗੁਲਸ਼ਨ ਨੂੰ ਟਾਈਮ ਦਿਉ ਜੀ। (ਵਿਘਨ)

ਸਰਦਾਰ ਹਰਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਆਨਰੇਬਲ ਮੈਂਬਰਾਂ ਨੇ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ, ਇਹ ਇਨ੍ਹਾਂ ਨੇ ਆਪਣੀ ਗਰੀਬ ਜਨਤਾ ਤੇ ਬੜਾ ਅਹਿਸਾਨ ਕੀਤਾ ਹੈ। ਇਸ ਰੈਜ਼ੋਲਿਊਸ਼ਨ ਦੀ ਬੜੀ ਭਾਰੀ ਜ਼ਰੂਰਤ ਸੀ। ਇਹ ਰੈਜ਼ੋਲਿਊਸ਼ਨ ਤਾਂ ਪਿਛਲੇ ਹਫਤੇ ਹੀ ਆ ਜਾਣਾ ਸੀ ਪਰ ਕੁਝ ਨਾਖੁਸ਼ਗਵਾਰ ਵਾਕਿਆਤ ਦੀ

ਵਜ੍ਹਾ ਨਾਲ ਇਹ ਨਹੀਂ ਆ ਸਕਿਆ। ਅੱਜ ਵੀ ਇਹ ਵਾਕਿਆ ਹੋਣ ਵਾਲਾ ਸੀ ਪਰ ਤੁਹਾਡੀ ਕਿਰਪਾ ਨਾਲ ਸਾਰਾ ਕੰਮ ਠੀਕ ਹੋ ਗਿਆ ਹੈ । ਗੱਲ ਇਹ ਹੈ ਕਿ ਪਿੰਡਾਂ ਵਿਚ ਕਈ ਜਗ੍ਹਾ ਤੇ ਲੋਕ ਭੋਲੇ ਭਾਲੇ ਰਹਿੰਦੇ ਹਨ ਔਰ ਕੋਈ ਚਾਲਾਕ ਆਦਮੀ ਉਨ੍ਹਾਂ ਨੂੰ ਆ ਕੇ ਭੜਕਾ ਦਿੰਦੇ ਹਨ ਅਤੇ ਉਹ ਆਪਸ ਵਿਚ ਇਤਨੇ ਲੜ ਪੈਂਦੇ ਹਨ ਕਿ ਇਕ ਦੂਜੇ ਦੀ ਨਾਕਾਬੰਦੀ ਕਰ ਦਿੰਦੇ ਹਨ । ਇਸ ਦੇ ਵਿਚ ਨੁਕਸਾਨ ਗਰੀਬ ਆਦਮੀ ਦਾ ਹੁੰਦਾ ਹੈ ਅਤੇ ਖਾਸ ਤੌਰ ਤੇ ਹਰੀਜਨ ਦਾ ਨੁਕਸਾਨ ਹੁੰਦਾ ਹੈ ਜਿਨ੍ਹਾਂ ਦੀ ਆਪਣੀ ਕੋਈ ਜ਼ਮੀਨ ਨਹੀਂ ਹੁੰਦੀ । ਉਹ ਆਪਣੇ ਡੰਗਰਾਂ ਨੂੰ ਬਾਹਰ ਨਹੀਂ ਲਿਜਾ ਸਕਦੇ । ਸਾਗ, ਸੱਤੂ ਤੋਂ ਔਖੇ ਹੁੰਦੇ ਹਨ ਅਤੇ ਲਕੜੀਆਂ ਆਦਿ ਤੋਂ ਵੀ ਔਖੇ ਹੋ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਕੰਮ ਦੋਨਾਂ ਧਿਰਾਂ ਦਾ, ਜੱਟ ਦਾ ਅਤੇ ਹਰੀਜਨ ਦਾ, ਰੁੱਕ ਜਾਂਦਾ ਹੈ ਜਿਸ ਦੇ ਨਾਲ ਸੂਬੇ ਨੂੰ ਨੁਕਸਾਨ ਪਹੁੰਚਦਾ ਹੈ । ਇਸ ਲਈ ਮੇਰੀ ਅਰਜ਼ ਹੈ ਕਿ ਇਹ ਰੈਜ਼ੋਲਿਊਸ਼ਨ ਬੜਾ ਜ਼ਰੂਰੀ ਹੈ ਕਿ ਸਰਕਾਰ ਜਿਥੇ ਕੋਈ ਇਹੋ ਜਿਹਾ ਵਾਕਿਆ ਹੋਵੇ ਫੌਰਨ ਦੋਹਾਂ ਧਿਰਾਂ ਨੂੰ ਸਮਝਾ ਬੁਝਾ ਕੇ ਆਪਸ ਵਿਚ ਰਾਜ਼ੀ ਨਾਮਾ ਕਰਵਾ ਦੇਵੇ ਤਾਂ ਕਿ ਉਹ ਲੜਾਈ ਤੋਂ ਬਾਜ਼ ਆ ਕੇ ਆਪਣਾ ਆਪਣਾ ਕੰਮ ਕਰਨ ਔਰ ਜਿਹੜੇ ਸੱਜਣ ਇਹ ਬਾਈਕਾਟ ਕਰਵਾਉਂਦੇ ਹਨ ਉਨ੍ਹਾਂ ਦੇ ਖਿਲਾਫ਼ ਸਖ਼ਤ ਐਕਸ਼ਨ ਲਿਆ ਜਾਵੇ ਤਾਂ ਕਿ ਅੱਗੇ ਵਾਸਤੇ ਉਹ ਇਹ ਕੰਮ ਨਾ ਕਰਨ । ਕਈ ਵਾਰ, ਡਿਪਟੀ ਸਪੀਕਰ ਸਾਹਿਬ, ਮਹੀਨਾ ਮਹੀਨਾ ਨਾਕਾਬੰਦੀ ਰਹਿੰਦੀ ਹੈ ਅਤੇ ਪੁਲਿਸ ਡਰਦੀ ਮਾਰੀ ਆਉਂਦੀ ਨਹੀਂ । ਪੁਲਿਸ ਕਹਿੰਦੀ ਹੈ ਕਿ ਸਾਰਾ ਪਿੰਡ ਉਲਝਿਆ ਹੋਇਆ ਹੈ, ਅਸੀਂ ਕੀ ਕਰੀਏ । ਡਿਪਟੀ ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਪਹਿਲਾਂ ਵੀ ਇਕ ਵਾਰੀ ਇਹ ਕਿਹਾ ਸੀ ਕਿ ਅਸੀਂ ਇਕ ਸੈਲ ਬਣਾਇਆ ਹੋਇਆ ਹੈ, ਫ਼ਲਾਇੰਗ ਸਕੁਐਡ ਬਣਇਆ ਹੋਇਆ ਹੈ ਕਿ ਜੇ ਕੋਈ ਇਹੋ ਜਿਹਾ ਵਾਕਿਆ ਹੋਵੇ ਤਾਂ ਫੌਰਨ ਪੁਲਿਸ ਪਹੁੰਚੇ, ਪਰ ਪੁਲਿਸ ਉਥੇ ਪਹੁੰਚਦੀ ਨਹੀਂ । ਜੇ ਪੁਲਿਸ ਉਸ ਵੇਲੇ ਮੌਕੇ ਤੇ ਪਹੁੰਚ ਜਾਵੇ ਜਾਂ ਕੋਈ ਆਲ੍ਹਾ ਕਿਸਮ ਦਾ ਅਫਸਰ ਐਸ.ਪੀ. ਜਾਂ ਡੀ. ਸੀ. ਆ ਜਾਵੇ ਤਾਂ ਝਗੜਾ ਉਸੇ ਵੇਲੇ ਹੀ ਖ਼ਤਮ ਹੋ ਸਕਦਾ ਹੈ । ਉਨ੍ਹਾਂ ਲੋਕਾਂ ਦਾ ਆਪਸੀ ਝਗੜਾ ਤਾਂ ਕੋਈ ਖਾਸ ਹੁੰਦਾ ਨਹੀਂ ਮਾਮੂਲੀ ਜਿਹੀ ਗੱਲ ਪਿਛੇ ਉਹ ਆਪਸ ਵਿਚ ਉਲਝ ਜਾਂਦੇ ਹਨ । ਕਈ ਪਾਰਟੀਆਂ ਉਨ੍ਹਾਂ ਨੂੰ ਆਪਸ ਵਿਚ ਉਲਝਾ ਦਿੰਦੀਆਂ ਹਨ ਜਿਸ ਦੇ ਨਾਲ ਪਿੰਡ ਦਾ ਨੁਕਸਾਨ ਹੁੰਦਾ ਹੈ, ਇਲਾਕੇ ਦਾ ਨੁਕਸਾਨ ਹੁੰਦਾ ਹੈ, ਸੂਬੇ ਦਾ ਨੁਕਸਾਨ ਹੁੰਦਾ ਹੈ ਔਰ ਦੋਨਾਂ ਧਿਰਾਂ ਦਾ ਇਸ ਦੇ ਵਿਚ ਨੁਕਸਾਨ ਹੁੰਦਾ ਹੈ । ਗੱਲ ਮਾਮੂਲੀ ਜਿਹੀ ਹੁੰਦੀ ਹੈ, ਉਨ੍ਹਾਂ ਨੇ ਆਪਸ ਵਿਚ ਦੀ ਕੋਈ ਚੀਜ਼ ਵੰਡਣੀ ਲੈਣੀ ਤਾਂ ਹੁੰਦੀ ਨਹੀਂ ਬਸ ਮਾਮੂਲੀ ਜਿਹੀ ਗੱਲ ਤੋਂ ਆਪਸ ਵਿਚ ਉਲਝ ਜਾਂਦੇ ਹਨ ਅਤੇ ਜਿਹੜੀ ਪਾਰਟੀ ਉਨ੍ਹਾਂ ਨੂੰ ਆਪਸ ਵਿਚ ਉਲਝਾਂਦੀ ਹੈ ਉਹ ਫਾਇਦਾ ਉਠਾ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਵਾਕਿਆ ਦੱਸਣਾ ਚਾਹੁੰਦਾ ਹਾਂ। ਥਾਣਾ ਨਿਹਾਲਸਿੰਘਵਾਲਾ ਦੇ ਇਕ ਪਿੰਡ ਬਿਲਾਸਪੁਰ ਵਿਚ 200 ਸਾਲ ਤੋਂ ਹਰੀਜਨਾਂ ਦਾ ਜ਼ਮੀਨ ਤੇ ਕਬਜ਼ਾ ਸੀ । ਮਾਮੂਲੀ ਜਿਹੀ ਗੱਲ ਤੇ ਕੋਈ ਲੜਾਈ ਹੋ ਗਈ ਅਤੇ ਸਾਰੇ ਪਿੰਡ ਵਿਚ ਹੱਲ ਚੱਲ ਮਚ ਗਈ। ਫਿਰ ਸਰਕਾਰ ਨੇ ਉਥੇ ਆਪ ਦਖਲ ਦੇ ਕੇ ਉਥੇ ਮਾਮਲੇ ਨੂੰ ਨਜਿੱਠਿਆ । ਮੇਰੇ ਕਹਿਣ ਦਾ ਮਤਲਬ ਹੈ ਕਿ ਜੇ ਇਹੋ ਜਿਹਾ ਕੋਈ ਰੌਲਾ ਪੈ ਜਾਵੇ, ਕੋਈ ਨਾਕਾਬੰਦੀ ਵਗੈਰਾ ਹੋ ਜਾਵੇ ਤਾਂ ਸਰਕਾਰ ਦਖਲ ਦੇ ਕੇ ਫੌਰਨ ਮਸਲਾ ਹੱਲ ਕਰ ਦੇਵੇ । ਜੇ ਕੋਈ ਨਾਕਾਬੰਦੀ ਹੋ ਜਾਵੇ ਤਾਂ ਗਰੀਬ ਲੋਕ, ਗਰੀਬ ਹਰੀਜਨ ਵਿਚਾਰੇ ਭੁਖੇ ਮਰਨ ਲਗ ਜਾਂਦੇ ਹਨ, ਔਖੇ ਹੋ ਜਾਂਦੇ ਹਨ, 5–5 ਮੀਲ ਤੇ ਆਪਣੇ ਡੰਗਰਾਂ ਨੂੰ ਲੈ ਕੇ ਜਾਂਦੇ ਹਨ, 5–5 ਮੀਲ ਤੋਂ ਕੱਖ ਲਿਆਉਂਦੇ ਹਨ, ਸਾਗ ਸੱਤੂ ਤੋਂ ਰਹਿ ਜਾਂਦੇ ਹਨ । ਸੋ ਮੇਰੀ ਬੇਨਤੀ ਹੈ ਕਿ ਸਰਕਾਰ ਇਸ ਪਾਸੇ ਵਲ ਆਪਣਾ ਪੂਰਾ ਧਿਆਨ ਦੇਵੇ ਅਤੇ ਆਪਣੇ ਅਹਿਲਕਾਰਾਂ ਨੂੰ ਖਾਸ ਤੌਰ ਤੇ ਐਸ. ਪੀ. ਅਤੇ ਡੀ. ਸੀ. ਨੂੰ ਹਦਾਇਤਾਂ ਕਰੇ ਕਿ ਜਿਸ ਵੇਲੇ ਕੋਈ ਅਜਿਹਾ ਵਾਕਿਆ ਹੋ ਜਾਵੇ ਤਾਂ ਉਹ ਫੌਰਨ ਉਥੇ ਪਹੁੰਚ ਕੇ, ਮੌਕੇ ਤੇ ਜਾ ਕੇ ਇਸ ਮਸਲੇ ਨੂੰ ਹੱਲ ਕਰਨ ਅਤੇ ਉਨ੍ਹਾਂ ਦਾ ਸਮਝੌਤਾ ਕਰਵਾ ਦੇਣ ਅਤੇ ਬਾਈਕਾਟ ਨੂੰ ਦੂਰ ਕਰਨ । ਇਤਨਾ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

Mr. Deputy Speaker : Motion moved—

That at the end of the resolution, the following be added :

> This House further recommends that special cells be set up so that wherever there is such Nakabandi and Boycott they reach the spot and apprehend the accused. This House also recommends to the Government to ensure that such cases are tried expeditiously.

ਸਰਦਾਰ ਧੰਨਾ ਸਿੰਘ ਗੁਲਸ਼ਨ (ਰਥਾਣਾ ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਪਿੰਡਾਂ ਵਿਚ ਹੋ ਰਹੇ ਬਾਈਕਾਟ ਉਤੇ ਰੋਕ ਲਾਉਣ ਵਾਸਤੇ ਕਾਮਰੇਡ ਸੱਘੜ ਸਿੰਘ ਜੀ ਨੇ ਲਿਆਂਦਾ ਹੈ, ਮੈਂ ਇਸ ਦੀ ਤਾਈਦ ਕਰਦਾ ਹਾਂ। ਨਾਲ ਹੀ ਜਿਹੜੀ ਅਮੈਂਡਮੈਂਟ ਆਈ ਹੈ ਉਸਦੀ ਵੀ ਮੈਂ ਤਾਈਦ ਕਰਦਾ ਹਾਂ । ਲੇਕਿਨ ਇਕ ਗੱਲ ਮੈਂ ਤੁਹਾਡੇ ਰਾਹੀਂ ਸਰਕਾਰ ਦੇ ਨੋਟਿਸ ਵਿਚ ਲਿਆਉਂਦਾ ਹਾਂ ਕਿ ਇਹ ਬਿਮਾਰੀ ਵੱਧਦੀ ਚਲੀ ਜਾ ਰਹੀ ਹੈ । ਇਹ ਵੱਧਦੀ ਕਿਨ੍ਹਾਂ ਕਾਰਨਾਂ ਕਰਕੇ ਹੈ, ਇਸ ਦੀ ਜੜ੍ਹ ਨੂੰ ਦੇਖਣਾ ਪਵੇਗਾ । ਮੇਰੇ ਕੋਲ ਪਿਛਲੇ ਬਹੁਤ ਸਾਰੇ ਸਾਲਾਂ ਵਿਚ ਹੋਏ ਬਾਈਕਾਟਾਂ ਦਾ ਵੇਰਵਾ ਹੈ ਜੇ ਮੈਂ ਸਾਰੇ ਪੜ੍ਹ ਕੇ ਸੁਣਾਵਾਂ ਤਾਂ ਇਹ ਇਕ ਬੜੀ ਲੰਬੀ ਕਹਾਣੀ ਹੈ ਅਤੇ ਇਸ ਦੇ ਲਈ ਬਹੁਤ ਵਕਤ ਚਾਹੀਦਾ ਹੈ, ਪਰ ਮੈਂ ਕੁਝ ਇਕ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਸੋਈਆਂ ਵਿਚ ਬਾਈਕਾਟ ਹੋਇਆ ਅਤੇ ਖ਼ਬਰ ਮਿਲੀ ਹੈ ਕਿ ਹਰੀਜਨਾਂ ਨੂੰ ਦਿੱਤੀਆਂ ਜ਼ਮੀਨਾਂ ਵੀ ਉਜਾੜ ਦਿਤੀਆਂ । ਇਹ ਵੀ ਖ਼ਬਰ ਮਿਲੀ ਹੈ ਕਿ ਹਰੀਜਨਾਂ ਦੀ ਜ਼ਮੀਨ ਜ਼ਬਰਦਸਤੀ ਖੋਹ ਲਈ ਅਤੇ ਸਟੇ ਮਿਲਣ ਤੇ ਵੀ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ, ਪਿੰਡ ਹਰਗੋਬਿੰਦ ਤੋਂ ਇਹੀ ਖ਼ਬਰ ਮਿਲੀ ਹੈ । ਮਾਨਸਾ ਤੋਂ ਇਹ ਖ਼ਬਰ ਆਈ ਹੈ ਕਿ ਹਰੀਜਨਾਂ ਨੂੰ ਉਥੇ ਬੜਾ ਤੰਗ ਕੀਤਾ ਜਾ ਰਿਹਾ ਹੈ ਅਤੇ ਇਥੋਂ ਤਕ ਕਿ ਹਰੀਜਨਾਂ ਦੀਆਂ 12 ਭੇਡਾਂ ਵੀ ਫੜ ਲਈਆਂ ਗਈਆਂ । ਫਰੀਦਕੋਟ ਦੇ ਵਿਚ ਪਿੰਡ ਬਘੇਲ ਸਿੰਘ ਵਿਚ ਇਕ ਕਿਸਾਨ ਨਾਲ ਇਕ ਹਰੀਜਨ ਸੀਰੀ ਸੀ ਉਸ ਨੂੰ ਊਠ ਪਿਛੇ ਬੰਨ੍ਹ ਕੇ ਘੜੀਸ ਘੜੀਸ ਕੇ ਮਾਰ ਦਿਤਾ । ਪਟਿਆਲਾ ਵਿਚ ਬਡੂੰਗਰ ਬਸਤੀ ਦੇ ਹਰੀਜਨਾਂ ਤੇ ਬੜਾ ਭਾਰੀ ਤਸ਼ੱਦਦ ਹੋਇਆ ਅਤੇ ਉਨ੍ਹਾਂ ਦੀਆਂ ਝੁਗੀਆਂ ਢਾਹ ਦਿਤੀਆਂ । ਮੇਰੇ ਕਹਿਣ ਦਾ ਮਤਲਬ ਹੈ ਕਿ ਇਸ ਦੇ ਕਾਰਨ ਕੀ ਹਨ, ਇਸ ਦੀ ਸਾਨੂੰ ਜੜ੍ਹ ਲਭਣੀ ਪਵੇਗੀ । ਡਿਪਟੀ ਸਪੀਕਰ ਸਾਹਿਬ, ਪੋਲੀਟੀਕਲ ਪਾਰਟੀਆਂ ਇਨ੍ਹਾਂ ਦੇ ਭੋਲੇਪਣ ਤੋਂ ਜਾਂ ਇਨ੍ਹਾਂ ਦੇ ਸਿਆਸੀ ਅਣਸੂਝ ਤੋਂ ਜਾਂ ਇਨ੍ਹਾਂ ਦੇ ਆਰਥਕ ਮੰਦਵਾੜੇ ਤੋਂ ਫਾਇਦਾ ਉਠਾ ਕੇ ਜੱਟ ਜਾਂ ਕਿਸਾਨ ਨੂੰ ਖੇਤ ਮਜ਼ਦੂਰ ਨੂੰ ਆਪਸ ਵਿਚ ਪਾੜ ਕੇ ਆਪਣਾ ਪੋਲੀਟੀਕਲ ਮਸਲਾ ਹੱਲ ਕਰਦੀਆਂ ਹਨ । ਉਹ ਪੋਲੀਟੀਕਲ ਪਾਰਟੀਆਂ ਜੱਟ ਕੋਲ ਜਾ ਕੇ ਇਹ ਕਹਿੰਦੀਆਂ ਹਨ ਕਿ ਤੂੰ ਖੇਤ ਮਜ਼ਦੂਰ ਨੂੰ ਉਸ ਦੀ ਦਿਹਾੜੀ ਵੱਧ ਕਿਉਂ ਦਿੰਦਾ ਹੈ, ਉਹ ਆਪਣਾ ਘਾਹ ਸਾਗ ਵੀ ਤੇਰੇ ਖੇਤਾਂ ਵਿਚੋਂ ਲੈ ਜਾਂਦਾ ਹੈ। ਜੱਟ ਫਿਰ ਆਪਸ ਵਿਚ ਇੱਕਠੇ ਹੋ ਕੇ ਇਹ ਗੱਲ ਸੋਚਦੇ ਹਨ । ਫਿਰ ਉਹ ਸਿਆਸੀ ਵਰਕਰ ਹਰੀਜਨਾਂ ਦੇ ਮੁਹੱਲੇ ਵਿਚ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਅੱਜ ਮਹਿੰਗਾਈ ਜ਼ਿਆਦਾ ਹੋ ਗਈ ਹੈ, ਕਿਤਨੀ ਹਰ ਚੀਜ਼ ਦੀ ਔਖਿਆਈ ਹੋ ਗਈ ਹੈ ਪਰ ਕਿਸਾਨ ਤੈਨੂੰ ਦਿਹਾੜੀ ਘੱਟ ਦਿੰਦਾ ਹੈ। ਜੱਟਾਂ ਨੂੰ ਇਕ ਗੱਲ ਕਹਿ ਕੇ ਅਤੇ ਹਰੀਜਨਾਂ ਨੂੰ, ਖੇਤ ਮਜ਼ਦੂਰਾਂ ਨੂੰ ਦੂਜੀ ਗੱਲ ਕਹਿ ਕੇ ਉਨ੍ਹਾਂ ਨੂੰ ਆਪਸ ਵਿਚ ਲੜਾ ਕੇ ਆਪਣਾ ਸਿਆਸੀ ਮਸਲਾ ਹੱਲ ਕਰਦਾ ਹੈ। ਡਿਪਟੀ ਸਪੀਕਰ ਸਾਹਿਬ, ਕਿਹੜੀਆਂ ਪਾਰਟੀਆਂ ਇਹ ਕੰਮ ਕਰਦੀਆਂ ਹਨ ? ਇਹ ਉਹ ਪਾਰਟੀਆਂ ਕਰਦੀਆਂ ਹਨ ਜਿਨ੍ਹਾਂ ਦੇ ਆਖੇ ਤੇ ਅਫ਼ਸਰ ਲਗਦੇ ਹਨ, ਇਹ ਉਹ ਪਾਰਟੀਆਂ ਕਰਦੀਆਂ ਹਨ ਜਿਨ੍ਹਾਂ ਦੀ ਸਰਕਾਰ ਚਲਦੀ ਹੈ । ਉਹ ਪਾਰਟੀਆਂ ਪਿੰਡਾਂ ਵਿਚ ਜਾ ਕੇ ਕਿਸਾਨਾਂ ਦਾ ਅਤੇ ਹਰੀਜਨਾਂ ਦਾ ਆਪਸ ਵਿਚ ਝਗੜਾ ਕਰਵਾ ਦਿੰਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਤੁਸੀਂ ਰੋਜ਼ ਅਖ਼ਬਾਰਾਂ ਵਿਚ ਪੜ੍ਹਦੇ ਹੋ ਕਿ ਅੱਜ ਫਲਾਣੀ ਥਾਂ ਹਰੀਜਨ ਦੀ ਲੜਕੀ ਦੀ ਬੇਪਤੀ ਹੋ ਗਈ, ਅੱਜ ਕਿਸੇ ਹਰੀਜਨ ਦੀ ਲੜਕੀ ਚੁੱਕੀ ਗਈ । ਇਸ ਦਾ ਕਾਰਨ ਕੀ ਹੈ? ਕੀ ਇਥੇ ਸਵਰਨ ਜਾਤੀਆਂ ਦੀਆਂ ਲੜਕੀਆਂ ਨਹੀਂ ਵਸਦੀਆਂ, ਉਨ੍ਹਾਂ ਨੂੰ

ਕਿਉਂ ਕੋਈ ਚੁੱਕ ਕੇ ਨਹੀਂ ਲੈ ਜਾਂਦਾ? ਉਨ੍ਹਾਂ ਦੀ ਬੇਪੱਤੀ ਕਿਉਂ ਨਹੀਂ ਹੁੰਦੀ? ਕਾਰਨ ਇਹ ਹੈ ਕਿ ਹਰੀਜਨਾਂ ਕੋਲ ਆਪਣੀ ਜ਼ਮੀਨ ਨਹੀਂ ਹੁੰਦੀ ਅਤੇ ਜ਼ਮੀਨ ਨਾ ਹੋਣ ਕਰਕੇ ਇਨ੍ਹਾਂ ਲੋਕਾਂ ਦੀਆਂ ਧੀਆਂ ਭੈਣਾਂ ਬਾਹਰ ਖੇਤਾਂ ਵਿਚ ਜਾਂਦੀਆਂ ਹਨ, ਲਕੜੀਆਂ ,ਘਾਹ, ਸਾਗ ਵਗੈਰਾ ਲਿਆਉਂਦੀਆਂ ਹਨ ਅਤੇ ਉਹ ਇੱਕਲੀਆਂ ਵਿਚਾਰੀਆਂ ਦਿਹਾੜੀ ਕਰਨ ਜਾਂਦੀਆਂ ਹਨ ਅਤੇ ਉਥੇ ਉਨ੍ਹਾਂ ਵਿਚਾਰੀਆਂ ਨਾਲ ਜ਼ਿਆਦਤੀਆਂ ਹੁੰਦੀਆਂ ਹਨ। ਇਸ ਕਰਕੇ ਅਸੀਂ ਕਹਿੰਦੇ ਹਾਂ ਕਿ, ਡਿਪਟੀ ਸਪੀਕਰ ਸਾਹਿਬ, ਜਿਹੜੀ ਮੂਲ ਜੜ੍ਹ ਹੈ ਉਹ ਇਹ ਹੈ ਕਿ ਹਰੀਜਨਾਂ ਕੋਲ ਜ਼ਮੀਨ ਨਹੀਂ। ਜੇ ਬੇਜ਼ਮੀਨੇ ਹਰੀਜਨਾਂ ਨੂੰ ਜ਼ਮੀਨ ਦੇ ਦਿਤੀ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਹ ਮਸਲਾ ਹੱਲ ਹੋ ਸਕਦਾ ਹੈ। ਕਿਉਂਕਿ ਜਿਸ ਹਰੀਜਨ ਦੇ ਕੋਲ ਆਪਣੀ ਜ਼ਮੀਨ ਹੋਵੇਗੀ ਉਹ ਆਪਣੇ ਖੇਤਾਂ ਵਿਚ ਜਾਵੇਗਾ ਅਤੇ ਜਿਹੜੀ ਉਸ ਦੀ ਜ਼ਰੂਰਤ ਦੀ ਚੀਜ਼ ਹੈ ਉਹ ਲੈ ਆਵੇਗਾ। ਫਿਰ ਕਿਸੇ ਕਿਸਮ ਦਾ ਕੋਈ ਝਗੜਾ ਨਹੀਂ ਹੋ ਸਕੇਗਾ। ਦੂਜੇ ਕੋਈ ਇਸ ਗੱਲ ਦੀ ਜ਼ਰੂਰਤ ਜਾਂ ਲੋੜ ਨਹੀਂ ਪਏਗੀ ਕਿ ਇਸ ਤਰ੍ਹਾਂ ਦੇ ਰੈਜ਼ੋਲਿਊਸ਼ਨ ਇਥੇ ਪੇਸ਼ ਕੀਤੇ ਜਾਣ। ਇਸ ਲਈ ਉਹ ਜਿਹੜੀ ਜ਼ਮੀਨ ਸੀ, ਹਰਚੰਦ ਸਿੰਘ ਕਮੇਟੀ ਨੇ ਜਿਸ ਦੀ ਰਿਪੋਰਟ ਪੰਜਾਬ ਦੀ ਸਰਕਾਰ ਨੂੰ ਕੀਤੀ ਸੀ, ਉਸ ਨੂੰ ਹਰੀਜਨਾਂ ਵਿਚ ਵੰਡਿਆ ਜਾਵੇ। ਮੈਂ ਨਾਂ ਲਏ ਬਗੈਰ ਨਹੀਂ ਰਹਿ ਸਕਦਾ ਕਿ ਇਸ ਬਿਮਾਰੀ ਦੀ ਜੜ੍ਹ ਲਭੀ ਸੀ ਸਵਰਗੀ ਸਰਦਾਰ ਪਰਤਾਪ ਸਿੰਘ ਕਰੋਂ ਨੇ ਅਤੇ ਸੈਂਟਰਲ ਗੌਰਮਿੰਟ ਤੋਂ 1961 ਵਿਚ ਸਾਢੇ ਤਿੰਨ ਲੱਖ ਏਕੜ ਤੋਂ ਵੱਧ ਜ਼ਮੀਨ ਲਿਆਂਦੀ, 105 ਰੁਪਏ ਏਕੜ ਅਤੇ 131 ਰੁਪਏ ਏਕੜ ਤੇ ਅਤੇ ਲੱਖਾਂ ਏਕੜ ਜ਼ਮੀਨ 90 ਰੁਪਏ ਏਕੜ ਤੇ ਲੈ ਕੇ ਇਹ ਗੱਲ ਕਹੀ ਸੀ ਕਿ ਮੈਂ ਪਿੰਡਾਂ ਵਿਚ ਬਾਈਕਾਟ ਨਹੀਂ ਹੋਣ ਦੇਣੇ। ਮੈਂ ਹਰੀਜਨਾਂ ਦੀਆਂ ਨੂੰਹਾਂ ਧੀਆਂ ਦੀ ਬੇਪੱਤੀ ਨਹੀਂ ਵੇਖਣੀ ਚਾਹੁੰਦਾ ਅਤੇ ਕਿਹਾ ਸੀ ਕਿ ਅਗਰ ਉਸ ਦੇ ਕੋਲ ਚਾਰ ਘੁਮਾ ਜ਼ਮੀਨ ਹੋਵੇਗੀ ਤਾਂ ਉਹ ਹਰੀਜਨ ਆਪਣੀਆਂ ਮੁਛਾਂ ਨੂੰ ਵੱਟ ਦੇ ਕੇ ਕਹੇਗਾ ਕਿ ਮੈਂ ਵੀ ਜ਼ਮੀਨ ਦਾ ਮਾਲਕ ਹਾਂ। ਪਰ ਹਰੀਜਨਾਂ ਨਾਲ ਠੱਗੀ ਕੀਤੀ ਗਈ। ਉਹ ਜ਼ਮੀਨ ਰਾਏ ਸਿੱਖਾਂ, ਹਰੀਜਨਾਂ ਆਦਿ ਵਾਸਤੇ ਲਈ ਗਈ ਸੀ ਤਾਂ ਕਿ ਉਹ ਵੀ ਆਪਣੇ ਖੇਤਾਂ ਵਿਚੋਂ ਘਾਹ, ਸਾਗ ਲਿਆ ਸਕਣ। ਡਿਪਟੀ ਸਪੀਕਰ ਸਾਹਿਬ, ਹਰੀਜਨ ਹਰ ਖੇਤਰ ਵਿਚ ਲਤਾੜਿਆ ਜਾ ਰਿਹਾ ਹੈ। ਇਧਰ ਐਲਾਨ ਹੋ ਜਾਂਦੇ ਹਨ, ਜੇ ਮੈਂ ਇਕੱਲਾ ਇਕੱਲਾ ਐਲਾਨ ਪੜ੍ਹ ਕੇ ਸੁਣਾਵਾਂ ਜਿਨ੍ਹਾਂ ਰਾਹੀਂ ਕਿ ਹਾਊਸ ਵਿਚ ਵਿਸ਼ਵਾਸ ਦਿਵਾਏ ਗਏ ਹਨ, ਤਾਂ ਉਸ ਦੇ ਲਈ ਬੜਾ ਸਮਾਂ ਲਗੇਗਾ ਅਤੇ ਹੋਰ ਦੋਸਤਾਂ ਨੇ ਵੀ ਬੋਲਣਾ ਹੈ। ਕਿਹਾ ਗਿਆ ਕਿ ਹਰੀਜਨਾਂ ਨੂੰ ਜ਼ਮੀਨ ਦਿਤੀ ਗਈ, ਪਰ ਹਰਚੰਦ ਸਿੰਘ ਕਮੇਟੀ ਨੇ ਇਨ੍ਹਾਂ ਨੂੰ ਨੰਗਾ ਕਰ ਦਿਤਾ ਅਤੇ ਦਸਿਆ ਕਿ ਵੱਡੇ ਵੱਡੇ ਆਦਮੀਆਂ ਕੋਲ ਜ਼ਮੀਨਾਂ ਨਾਜਾਇਜ਼ ਹਨ, ਹਾਲਾਂਕਿ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਵੱਡਾ ਹਰੀਜਨ ਬੋਲੀ ਨਹੀਂ ਦੇ ਸਕੇਗਾ ਅਤੇ ਜਿਹੜਾ ਹਰੀਜਨ ਸਰਕਾਰੀ ਕਰਮਚਾਰੀ ਹੈ ਉਹ ਵੀ ਨਹੀਂ ਦੇ ਸਕੇਗਾ ਪਰ ਉਨ੍ਹਾਂ ਕੋਲ ਦੋ ਦੋ ਸੌ ,ਢਾਈ ਢਾਈ ਸੌ ਏਕੜ ਉਹ ਜ਼ਮੀਨ ਨਿਕਲੀ ਜਿਨ੍ਹਾਂ ਕੋਲ ਪਹਿਲਾਂ ਹੀ ਤਿੰਨ ਤਿੰਨ ਸੌ, ਚਾਰ ਚਾਰ ਸੌ ਏਕੜ ਜ਼ਮੀਨ ਸੀ, ਪਰ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ। ਕੁਝ ਨੂੰ ਤਾਂ ਗਿਆਨੀ ਜੀ ਨੇ ਮਾਫ਼ ਕਰ ਦਿਤਾ ਅਤੇ ਕੁਝ ਨੂੰ ਸੈਂਟਰ ਨੇ। ਜਿਹੜੇ ਹਰੀਜਨ ਹਨ ਉਨ੍ਹਾਂ ਦੇ ਬਾਈਕਾਟ ਇਸ ਕਰਕੇ ਹੁੰਦੇ ਹਨ ਕਿਉਂਕਿ ਉਨ੍ਹਾਂ ਕੋਲ ਜ਼ਮੀਨ ਨਹੀਂ। ਜਿੰਨਾਂ ਚਿਰ ਤਕ ਜ਼ਮੀਨ ਦਾ ਮਸਲਾ ਹਲ ਨਹੀਂ ਹੁੰਦਾ ਇਸੇ ਤਰ੍ਹਾਂ ਉਨ੍ਹਾਂ ਦੀਆਂ ਨੂੰਹਾਂ ਧੀਆਂ ਦੀ ਜਿਹੜੀ ਇਜ਼ਤ ਹੈ ਉਹ ਮਹਿਫ਼ੂਜ਼ ਨਹੀਂ ਰਹਿ ਸਕਦੀ। ਚੀਫ਼ ਮਨਿਸਟਰ ਸਾਹਿਬ ਨੇ ਬਿਆਨ ਤਾਂ ਦੇ ਦਿੱਤਾ ਪਰ ਜੇ ਕਰ ਅਮਲ ਨਾ ਹੋਇਆ ਤਾਂ ਉਹ ਵੀ ਹਵਾਈ ਫ਼ਾਇਰ ਹੋਵੇਗਾ। ਇਸੇ ਤਰ੍ਹਾਂ ਸਰਕਾਰ ਨੇ ਇਲਾਨ ਕੀਤਾ ਕਿ ਜਿਹੜੀਆਂ ਗੰਦੀਆਂ ਬਸਤੀਆਂ ਹਨ ਅਸੀਂ ਉਨ੍ਹਾਂ ਨੂੰ ਸਾਫ਼ ਕਰਕੇ ਦਿਆਂਗੇ। ਕਲ੍ਹ ਸ਼ਰਮਾ ਜੀ ਨੇ ਵੀ ਕਿਹਾ ਕਿ ਅਸੀਂ ਦੋ ਸੌ ਦੇ ਕਰੀਬ ਗੰਦੀਆਂ ਬਸਤੀਆਂ ਸੁਧਾਰ ਦਿਤੀਆਂ ਹਨ। ਲੇਕਿਨ, ਡਿਪਟੀ ਸਪੀਕਰ ਸਾਹਿਬ, ਕਿਸੇ ਇਕ ਬਸਤੀ ਵਿਚ ਇਕ ਇੱਟ ਤਕ ਨਹੀਂ ਲਗੀ। ਡਿਪਟੀ ਸਪੀਕਰ ਸਾਹਿਬ, ਜਿਤਨਾ ਵੱਡਾ ਆਦਮੀ ਹੋਵੇ ਉਤਨਾ ਵੱਡਾ ਝੂਠ ਬੋਲਦਾ ਹੈ। ਇਨ੍ਹਾਂ ਨੇ ਕਿਹਾ ਕਿ

[ਸਰਦਾਰ ਧੰਨਾ ਸਿੰਘ ਗੁਲਸ਼ਨ]

ਪਲਾਟ ਦੇ ਦਿੱਤੇ । ਵਾਸਤਵ ਵਿਚ ਉਹ ਕਾਗਜ਼ਾਂ ਵਿਚ ਹਨ ਅਤੇ ਸੌ ਵਿਚੋਂ ਪੰਜਾਂ ਦਾ ਵੀ ਕਬਜ਼ਾ ਨਹੀਂ ਦਿੱਤਾ ਗਿਆ । ਇਸ ਕਰਕੇ ਮੈਂ ਕਹਾਂਗਾ ਕਿ ਜੇ ਕਰ ਸਰਕਾਰ ਨੇ 100 ਦੇਣੇ ਹਨ ਤਾਂ 99 ਦਾ ਇਲਾਨ ਕਰੇ । ਗੰਦੀਆਂ ਬਸਤੀਆਂ ਦਾ ਜਦੋਂ ਇਲਾਨ ਕੀਤਾ ਤਾਂ ਮੈਂ 17 ਅਗਸਤ, 1974 ਨੂੰ ਚਿੱਠੀ ਲਿਖੀ, ਮੇਰੀ ਬਸਤੀ ਜਿਸ ਦੇ ਵਿਚ ਮੈਂ ਆਪ ਰਹਿੰਦਾ ਹਾਂ ਉਸ ਦੇ ਵਿਚ 90% ਬਾਲਮੀਕ ਵਸਦੇ ਹਨ......... ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜਾ ਮਸਲਾ ਸਾਡੇ ਸਾਹਮਣੇ ਹੈ ਇਹ ਬੜਾ ਸਪੱਸ਼ਟ ਹੈ, ਇਸ ਦਾ ਸਬੰਧ ਹੈ ਨਾਕਾ ਬੰਦੀਆਂ ਅਤੇ ਬਾਈਕਾਟਸ ਨਾਲ ਜਿਹੜੇ ਕਿ ਹਰੀਜਨਾਂ (ਐਗਰੀਕਲਚਰਲ ਲੇਬਰ) ਦੇ ਹੁੰਦੇ ਹਨ । ਪਰ ਇਹ ਚਲੇ ਗਏ ਪਲਾਟਾਂ ਅਤੇ ਗੰਦੀਆਂ ਬਸਤੀਆਂ ਵਲ । ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਆਨਰੇਬਲ ਮੈਂਬਰ ਸਾਹਿਬ ਇਰਰੈਲੇਵੇਂਟ ਬੋਲ ਰਹੇ ਹਨ ।

ਸ੍ਰੀ ਡਿਪਟੀ ਸਪੀਕਰ : ਗੁਲਸ਼ਨ ਜੀ, ਜਿਹੜਾ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਹੈ ਉਸ ਤੇ ਬੋਲੋ । (Gulshan Jee, please confine your discussion to the resolution which is before the House.)

ਸਰਦਾਰ ਧੰਨਾ ਸਿੰਘ ਗੁਲਸ਼ਨ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਦਸ ਰਿਹਾ ਹਾਂ ਕਿ ਇਨ੍ਹਾਂ ਨਾਕਾਬੰਦੀਆਂ ਅਤੇ ਬਾਈਕਾਟਾਂ ਦੀ ਜੜ੍ਹ ਕੀ ਹੈ। (ਵਿਘਨ) ਸੋ ਮੈਂ ਦਸ ਰਿਹਾ ਸੀ ਕਿ ਮੇਰੀ ਬਸਤੀ ਸਭ ਤੋਂ ਗੰਦੀ ਬਸਤੀ ਹੈ । ਮੈਂ ਚਿੱਠੀਆਂ ਲਿਖੀਆਂ ਮੇਰੇ ਕੋਲ ਜਵਾਬ ਆ ਗਿਆ, ਸ੍ਰੀਮਤੀ ਗੁਰਬਖਿੰਦਰ ਕੌਰ ਦਾ , 22 ਅਗਸਤ, 1974 ਨੂੰ । ਹੋ ਸਕਦਾ ਹੈ ਕਿ ਮਨਿਸਟਰ ਸਾਹਿਬ ਦੀ ਕੋਈ ਮਜਬੂਰੀ ਹੋਵੇ ....

ਸਰਦਾਰ ਬੇਅੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ 1964 ਕਹਿ ਰਹੇ ਹਨ, ਕੀ ਇਹ ਆਪਣੀ ਅਕੱਲ ਵਿਚ ਹਨ ......

ਸਰਦਾਰ ਧੰਨਾ ਸਿੰਘ ਗੁਲਸ਼ਨ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ 1974 ਕਿਹਾ ਹੈ ,ਮੈਂ ਅਕੱਲ ਮੰਗ ਕੇ ਨਹੀਂ ਲਿਆਂਦੀ ਹੋਈ । (ਵਿਘਨ)

ਸੋ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਹੋ ਸਕਦਾ ਹੈ ਕਿ ਉਨ੍ਹਾਂ ਕੋਲ ਪੈਸੇ ਨਾ ਹੋਣ । ਇਥੇ ਸ਼ਰਮਾ ਜੀ ਬਾਹਵਾਂ ਉਲਾਰ ਉਲਾਰ ਕੇ ਕਹਿੰਦੇ ਸੀ ਕਿ ਅਸੀਂ ਇਹ ਕਰਾਂਗੇ, ਉਹ ਕਰਾਂਗੇ, ਗੰਦੀਆਂ ਬਸਤੀਆਂ ਦਾ ਸੁਧਾਰ ਕਰਾਂਗੇ । ਮੈਂ ਨਹੀਂ ਮੰਨ ਸਕਦਾ ਕਿ ਇਨ੍ਹਾਂ ਨੇ ਕਿਤੇ ਕੁਝ ਕੀਤਾ ਹੋਵੇ, ਕਿਉਂਕਿ ਇਨ੍ਹਾਂ ਨੇ ਮੇਰੀ ਬਸਤੀ ਵਿਚ ਕੁਝ ਨਹੀਂ ਕੀਤਾ । ਮੈਂ 5 ਸਤੰਬਰ, 74 ਨੂੰ ਫਿਰ ਲਿਖਿਆ ਕਿ ਪਿੰਡ ਖਲੋਂਵਾਲਾ, ਬਾਜੇਵਾਲਾ, ਚੱਕ ਬਸਤੇ, ਭੁਚੋਕਲਾਂ, ਚੰਦ ਭਾਨ (ਦੋ ਪਿੰਡ ਹਨ) ਨਗਰ ਦਲਸਿੰਘਵਾਲਾ, ਕਰੀਲ ਆਦਿ ਹੋਰ ਵੀ ਕਈ ਪਿੰਡ ਹਨ, ਇਨ੍ਹਾਂ ਦਾ ਸੁਧਾਰ ਕੀਤਾ ਜਾਏ । ਡਿਪਟੀ ਸਪੀਕਰ ਸਾਹਿਬ, ਚੂੰਕਿ ਇਹ ਪਿੰਡ ਮੇਰੇ ਹਲਕੇ ਵਿਚ ਹਨ ਇਸ ਕਰਕੇ ਸਰਕਾਰ ਵਿਤਕਰਾ ਕਰਦੀ ਰਹੀ ਅਤੇ ਇਨ੍ਹਾਂ ਬਸਤੀਆਂ ਵਿਚ ਇਕ ਵੀ ਨਾਲੀ ਨਹੀਂ ਬਣਾਈ ਅਤੇ ਨਾ ਹੀ ਕੋਈ ਗਲੀ ਪੱਕੀ ਕੀਤੀ ਹੈ ਅਤੇ ਇਕ ਇੱਟ ਵੀ ਨਹੀਂ ਲਾਈ ।

ਸਰਕਾਰ ਕਹਿੰਦੀ ਹੈ ਕਿ ਅਸੀਂ ਹਰੀਜਨਾਂ ਲਈ ਨੌਕਰੀਆਂ ਬੜੀਆਂ ਦਿੱਤੀਆਂ ਹਨ । ਇਸ ਬਾਰੇ ਬੜੇ ਨਾਅਰੇ ਲਾਏ । ਮੈਂ ਦਸਦਾ ਹਾਂ ਮੇਰੇ ਕੋਲ ਬੜੀ ਲੰਬੀ ਲਿਸਟ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਨੌਕਰੀਆਂ ਦੇ ਮਾਮਲੇ ਵਿਚ ਵੀ ਸਰਕਾਰ ਨੇ ਇਲਾਨ ਨਾਲ ਹੀ ਹਰੀਜਨਾਂ ਨੂੰ ਰਾਜ਼ੀ ਕੀਤਾ ਹੈ, ਇਸ ਵਿਚ ਵੀ ਇਨਸਾਫ਼ ਵਾਲੀ ਕੋਈ ਗੱਲ ਨਹੀਂ । ਪਿਛੇ ਜਿਹੇ ਇਲਾਨ ਕੀਤਾ ਸੀ, ਮੇਰਾ ਖ਼ਿਆਲ ਹੈ ਕਿ 26 ਅਪ੍ਰੈਲ, 1974 ਨੂੰ, ਕਿ ਅਸੀਂ ਪਰਮੋਸ਼ਨਜ਼ ਵਿਚ 14% ਸ਼ੈਡਿਊਲਡ ਕਾਸਟਸ ਨੂੰ ਅਤੇ 2% ਬੈਕਵਰਡ ਕਲਾਸਿਜ਼ ਨੂੰ ਦਿਆਂਗੇ ਅਤੇ ਇਹ ਵੀ ਕਿਹਾ ਸੀ ਕਿ ਜਿਹੜੇ ਅੱਧ ਸਰਕਾਰੀ ਅਦਾਰੇ ਹਨ ਉਨ੍ਹਾਂ ਵਿਚ ਵੀ ਪਰਮੋਸ਼ਨਜ਼ ਅਤੇ ਨੌਕਰੀਆਂ ਵੀ 25% ਦਿੱਤੀਆਂ ਜਾਣਗੀਆਂ ਮੇਰੇ ਕੋਲ ਇਕ ਅਰਜ਼ੀ ਹੈ । ਕਪੂਰਥਲੇ ਦੀ ਮਿਊਂਸਪੈਲਿਟੀ ਵਿਚ ਇਕ ਛੋਟੀ ਜਿਹੀ ਕਲਰਕ ਦੀ ਪੋਸਟ ਵਾਸਤੇ ਇਕ ਹਰੀਜਨ ਨੇ ਐਪਲਾਈ ਕੀਤਾ । ਉਸ ਦਾ ਹੱਕ ਵੀ ਬਣਦਾ ਸੀ । (ਵਿਘਨ)

ਸ੍ਰੀ ਡਿਪਟੀ ਸਪੀਕਰ : ਗੁਲਸ਼ਨ ਜੀ, ਜਿਹੜੇ ਬਾਈਕਾਟ ਹੁੰਦੇ ਹਨ ਉਹ (ਐਗਰੀਕਲਚਰਲ ਲੇਬਰ) ਹਰੀਜਨਾਂ ਦੇ ਹੁੰਦੇ ਹਨ । ਇਸ ਕਰਕੇ ਉਥੇ ਤਕ ਹੀ ਕਨਫਾਈਨ ਰਹੋ । (Gulshan ji, please confine your self to the extent of boycotts of Harijans (Agricultural Labour)

ਸਰਦਾਰ ਪੰਨਾ ਸਿੰਘ ਗੁਲਸ਼ਨ : ਇਹ ਸਾਰੀਆਂ ਗੱਲਾਂ ਸੰਬੰਧਤ ਹਨ । ਮੈਂ ਅਰਜ਼ ਕਰ ਰਿਹਾ ਸੀ ਕਿ ਡਿਪਟੀ ਕਮਿਸ਼ਨਰ, ਕਪੂਰਥਲਾ ਨੇ ਸ਼ਰਮਾ ਜੀ ਨੂੰ ਚਿੱਠੀ ਲਿਖੀ ਹੈ । ਇਸੇ ਤਰ੍ਹਾਂ ਡੀ. ਸੀ. ਬਠਿੰਡਾ ਨੇ ਜਿੰਨੇ ਹਰੀਜਨ ਵਰਕਰਜ਼ ਸਨ ਸਾਰਿਆਂ ਦੀਆਂ ਰਿਪੋਰਟਾਂ ਗੰਦੀਆਂ ਕਰ ਦਿਤੀਆਂ । ਮੇਰੇ ਖ਼ਿਲਾਫ਼ ਵੀ ਉਸ ਨੇ ਕੁਝ ਕੀਤਾ । ਮੈਂ ਕਹਿੰਦਾ ਹਾਂ ਕਿ ਜੇਕਰ ਉਹ ਆਰਥਿਕ ਤੌਰ ਤੇ ਤਕੜੇ ਹੋਣ ਤਾਂ ਫਿਰ ਕਿਸੇ ਦੀ ਤਾਕਤ ਨਹੀਂ ਪੈਂਦੀ ਉਨ੍ਹਾਂ ਦੇ ਖ਼ਿਲਾਫ਼ ਇਸ ਤਰ੍ਹਾਂ ਕਰਨ ਦੀ, ਅਤੇ ਨਾ ਹੀ ਕੋਈ ਨਫ਼ਰਤ ਕਰੇਗਾ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਆਪਣੇ ਖੇਤਾਂ ਵਿਚ ਜਾ ਕੇ, ਬੇਧੜਕ ਹੋ ਕੇ ਰਹਿੰਦੇ ਹੋ ਅਤੇ ਤੁਹਾਨੂੰ ਕੋਈ ਕੱਢ ਨਹੀਂ ਸਕਦਾ । ਇਸ ਕਰਕੇ ਮੈਂ ਕਹਾਂਗਾ ਕਿ ਜ਼ਮੀਨ ਦਾ ਮਸਲਾ ਹੱਲ ਕਰੋ । ਜਿਹੜੀ ਨਿਕਾਸੀ ਜ਼ਮੀਨ ਹੈ, ਵਣ ਵਿਭਾਗ ਨੂੰ ਦਿੱਤੀ ਹੋਈ ਹੈ, ਉਹ ਵਾਪਸ ਕਰੋ ਅਤੇ ਜਿਸ ਤਰ੍ਹਾਂ ਮੇਰੇ ਦੋਸਤ ਸਰਦਾਰ ਹਰਚੰਦ ਸਿੰਘ ਨੇ ਅਮੈਂਡਮੈਂਟ ਲਿਆਂਦੀ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ ।

ਤਾਈਦ ਤਾਂ ਮੈਂ ਕਰ ਦਿੱਤੀ ਪਰ ਮੇਰਾ ਦਿਲ ਇਸ ਦੀ ਤਾਈਦ ਕਰਨ ਨੂੰ ਨਹੀਂ ਕਰਦਾ ਸੀ ਕਿਉਂਕਿ ਇਨ੍ਹਾਂ ਦੇ ਸੈੱਲ ਅੱਗੇ ਵੀ ਕਾਇਮ ਕੀਤੇ ਹਨ, ਨੌਕਰੀਆਂ ਵਾਸਤੇ, ਨਾਕਾਬੰਦੀ ਤੋੜਨ ਵਾਸਤੇ ਜ਼ਮੀਨ ਦਿਵਾਉਣ ਵਾਸਤੇ, ਇਨ੍ਹਾਂ ਨੇ ਸੈਲ ਕਾਇਮ ਕੀਤੇ ਹੋਏ ਹਨ । ਜ਼ਮੀਨ ਦੀ ਇਨਕੁਆਇਰੀ ਕਰਨ ਵਾਲੀ ਕਮੇਟੀ ਦਾ ਚੇਅਰਮੈਨ ਸਰਦਾਰ ਹਰਚੰਦ ਸਿੰਘ ਸੀ । ਇਸ ਲਈ ਇਹ ਜਿਤਨੇ ਵੀ ਸੈਲ ਕਾਇਮ ਕੀਤੇ ਸਨ ਇਹ ਸਾਰੇ ਠੰਢੇ ਹੋ ਗਏ ਹਨ, ਇਹ ਫ਼ਰੀਜ਼ ਹੋ ਗਏ ਹਨ । ਸਰਕਾਰ ਨੂੰ ਸਾਫ ਨੀਅਤ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਜਿਥੇ ਵੀ ਬੇਇਨਸਾਫ਼ੀ ਹੋਵੇ ਭਾਵੇਂ ਨੌਕਰੀਆਂ ਵਿੱਚ ਹੋਵੇ ਜਾਂ ਹੋਰ ਕਿਸੇ ਗੱਲ ਵਿੱਚ, ਉਹ ਦੂਰ ਹੋਣੀ ਚਾਹੀਦੀ ਹੈ । ਬਾਈਕਾਟਾਂ ਦਾ ਸਭ ਤੋਂ ਵੱਡਾ ਕਾਰਣ ਜ਼ਮੀਨ ਹੈ । ਹਰੀਜਨਾਂ ਕੋਲ ਜ਼ਮੀਨ ਨਹੀਂ ਹੁੰਦੀ । ਜੇਕਰ ਉਨ੍ਹਾਂ ਨੂੰ ਜ਼ਮੀਨ ਮਿਲ ਜਾਵੇ ਤਾਂ ਸਾਰੇ ਪਿੰਡਾਂ ਵਿਚ ਭਰਾ ਬਣਕੇ ਰਹਿਣਗੇ, ਇੱਕ ਦੂਜੇ ਦੀ ਇਜ਼ੱਤ ਕਰਨਗੇ । ਕਮਜ਼ੋਰ ਆਦਮੀਆਂ ਨੂੰ ਹੀ ਜ਼ਿਆਦਾ ਬੁਰੀ ਨਿਗਾਹ ਨਾਲ ਵੇਖਿਆ ਜਾਂਦਾ ਹੈ । ਕਮਜ਼ੋਰ ਹੋਣ ਦੇ ਨਾਤੇ ਹੀ ਇਨ੍ਹਾਂ ਦੇ ਬਾਈਕਾਟ ਹੁੰਦੇ ਹਨ । ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ।

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਬੜਾ ਸ਼ਾਨਦਾਰ ਰੈਜ਼ੋਲਿਊਸ਼ਨ ਹੈ । ਇਹ ਅਮੈਂਡਮੈਂਟ ਦੇ ਨਾਲ ਹੀ ਪਾਸ ਹੋਣਾ ਚਾਹੀਦਾ ਹੈ । ਲੈਂਡ ਰਿਫਾਰਮ ਇਥੇ ਕਦੇ ਨਹੀਂ ਹੋਏ । 1952 ਤੋਂ ਲੈ ਕੇ ਹੁਣ ਤਕ ਇਥੇ ਸਰਕਾਰਾਂ ਕੋਸ਼ਿਸ਼ ਕਰਦੀਆਂ

[ਚੌਧਰੀ ਸੁੰਦਰ ਸਿੰਘ]

ਰਹੀਆਂ ਪਰ ਬੜੀ ਮੁਸ਼ਕਲ ਨਾਲ ਹੁਣ ਤਕ ਥੋੜ੍ਹਾ ਬਹੁਤ ਕੰਮ ਹੋਇਆ ਹੈ । ਬਹੁਤ ਸਾਰੀਆਂ ਇਸ ਵਿੱਚ ਤਰੁੱਟੀਆਂ ਹਨ । ਕੁਝ ਨੂੰ ਦੂਰ ਕਰਨ ਦੀ ਗਿਆਨੀ ਜੀ ਨੇ ਕੋਸ਼ਿਸ਼ ਕੀਤੀ ਹੈ ਅਤੇ ਉਨ੍ਹਾਂ ਦੇ ਦਿਲ ਵਿਚ ਖਾਹਿਸ਼ ਹੈ ਕਿ ਇਹ ਦੂਰ ਹੋਣ। ਇਹ ਇਸ ਕਰਕੇ ਦੂਰ ਨਹੀਂ ਹੁੰਦੀਆਂ ਕਿਉਂਕਿ ਹਰੀਜਨ ਸਾਰੇ ਸਾਥ ਨਹੀਂ ਦਿੰਦੇ । ਇਥੇ ਅਸੀਂ 23–24 ਹਰੀਜਨ ਮੈਂਬਰ ਹਾਂ । ਜੇਕਰ ਅਸੀਂ ਸਾਰੇ ਤਕੜੇ ਹੋ ਕੇ ਪੈ ਜਾਈਏ ਤਾਂ ਜ਼ਿਮੀਦਾਰ ਭਾਵੇਂ ਕਿਸੇ ਵੀ ਪਾਰਟੀ ਦੇ ਨਾਲ ਤੁਅੱਲਕ ਰੱਖਦਾ ਹੋਵੇ ਉਸ ਨੂੰ ਸਾਡੀ ਗੱਲ ਮੰਨਣੀ ਪਵੇਗੀ। ਇਥੇ ਜ਼ਿਮੀਂਦਾਰ ਸੋਸ਼ਲਿਜ਼ਮ ਦੇ ਹੱਕ ਵਿਚ ਨਹੀਂ ਹੈ । ਲੈਂਡ ਰਿਫਾਰਮ ਤਾਂ ਜੰਮੂ ਅਤੇ ਕਸ਼ਮੀਰ ਵਿੱਚ ਹੋਏ ਹਨ । ਉਥੇ ਕੋਈ ਝਗੜਾ ਨਹੀਂ । ਲੈਂਡ ਰਿਫਾਰਮ ਮਿਸਰ ਵਿੱਚ ਹੋਏ ਸੀ। ਉਥੇ ਮੁਸਲਮਾਨ ਜ਼ਿਆਦਾ ਸਨ । ਇਥੇ ਤਾਂ ਸਿਰਫ ਤਕਰੀਰਾਂ ਹੀ ਹੋਂਦੀਆਂ ਰਹਿੰਦੀਆਂ ਹਨ । ਇਥੇ ਤਾਂ ਲੋਕ ਧਰਮ ਦੇ ਮਗਰ ਪਏ ਹਨ । ਦਰਅਸਲ ਗੱਲ ਭਾਵੇਂ ਜੋ ਵੀ ਹੋਵੇ ਇਹ ਧਰਮ ਨੂੰ ਕਾਬੂ ਕਰਨਗੇ ਪਰ ਇਨ੍ਹਾਂ ਤੇ ਅਮਲ ਨਹੀਂ ਕਰਨਾ । ਇਨ੍ਹਾਂ ਨੇ ਸਾਨੂੰ ਇਸੇ ਤਰ੍ਹਾਂ ਰਗੜੀ ਜਾਣਾ ਹੈ । 1947 ਤੋਂ ਲੈ ਕੇ ਹੁਣ ਤਕ ਕਾਂਗਰਸ ਨੇ ਕੋਸ਼ਿਸ਼ ਕੀਤੀ ਹੈ ਅਤੇ ਕੁਝ ਬਣਿਆ ਵੀ ਹੈ । ਪਰ ਇਥੇ ਸੈਲਫਿਸ਼ਨੈਸ ਦੀ ਟੈਂਡੇਂਸੀ ਹੈ । ਇਹ ਲੋਕ ਮੰਦਰ ਜਾਂ ਗੁਰਦੁਆਰੇ ਵਿੱਚ ਜਾ ਕੇ ਕੀ ਪ੍ਰਾਰਥਨਾ ਕਰਦੇ ਹਨ । ਇਹ ਪ੍ਰਾਰਥਨਾ ਕਰਦੇ ਹਨ ਕਿ ਰੱਬ ਜੀ ਸਭ ਕਝ ਮੈਨੂੰ ਦੇ ਦੇ, ਪੈਸੇ ਵੀ ਮੈਨੂੰ ਦੇ ਦੇ, ਅਖ਼ਤਿਆਰ ਵੀ ਮੈਨੂੰ ਦੇ ਦੇ ਫਿਰ ਮੇਰੀ ਮਰਜ਼ੀ ਹੈ ਕਿ ਮੈਂ ਕਿਸੇ ਨੂੰ ਕੁਝ ਦਿਆਂ ਜਾਂ ਨਾ ਦਿਆਂ । ਇਹ ਹਿੰਦੂ ਸਿੱਖ ਦੋਹਾਂ ਦਾ ਇਹੀ ਧਰਮ ਹੈ । ਲੈਂਡ ਰਿਫਾਰਮ ਤਾਂ ਇਥੇ ਹੋਈ ਨਹੀਂ । ਜੇ ਇਨ੍ਹ ਹਰੀਜਨਾਂ ਕੋਲ ਵੀ ਜ਼ਮੀਨ ਹੋਵੇ ਤਾਂ ਇਥੇ ਬਾਈਕਾਟ ਬਿਲਕੁਲ ਨਾ ਹੋਣ ਕਿਉਂਕਿ ਫਿਰ ਸਭ ਬਰਾਬਰ ਹੋਣਗੇ । ਡਿਪਟੀ ਸਪੀਕਰ ਸਾਹਿਬ, ਸਾਡੀ ਕਿਸਮਤ ਵਿੱਚ ਕਿਤਨਾ ਚਿਰ ਹੋਰ ਜੁੱਤੀਆਂ ਹਨ? ਕੀ ਇਹ ਕੋਟਾ ਸਿਰਫ ਸਾਡੇ ਵਾਸਤੇ ਹੀ ਹੈ? ਮੈਂ ਦੇਖਿਆ ਹੈ ਕਿ ਦੇਹਾਤਾਂ ਵਿੱਚ ਹਰੀਜਨ ਬੁਰੀ ਤਰ੍ਹਾਂ ਮਰਦੇ ਪਏ ਹਨ । ਮੇਰੇ ਇਲਾਕੇ ਵਿੱਚ ਵੀ ਹਰੀਜਨ ਇਸੇ ਤਰ੍ਹਾਂ ਮਰਦੇ ਪਏ ਹਨ । ਗਿਰਦਾਵਰੀ ਕਿਸੇ ਦੇ ਨਾਂ ਹੁੰਦੀ ਨਹੀਂ । ਛੇ ਸਾਲਾਂ ਦੀਆਂ ਫਸਲਾਂ ਉਹ ਜ਼ਿਮੀਂਦਾਰ ਲੈ ਗਏ ਹਨ, ਬਟਾਈ ਵੀ ਲੈ ਗਏ ਹਨ ਪਰ ਉਨ੍ਹਾਂ ਨੂੰ ਰਸੀਦ ਨਹੀਂ ਦਿੰਦੇ । ਮੈਂ ਰੈਵਿਨਿਊ ਮਨਿਸਟਰ ਸਾਹਿਬ ਨਾਲ ਗੱਲ ਕੀਤੀ ਸੀ । ਉਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੀ ਅਮੈਂਡਮੈਂਟ ਲਿਆਉਣ । ਰੈਵਿਨਊ ਮਨਿਸਟਰ ਸਾਹਿਬ ਦੇ ਮਗਰ ਤਾਂ ਸਾਰੇ ਆਦਮੀ ਲੱਗੇ ਹਨ । ਇਨ੍ਹਾਂ ਨੂੰ ਇਹ ਕੰਮ ਕਰਕੇ ਹੀ ਜਾਣਾ ਚਾਹੀਦਾ ਹੈ । ਜ਼ਿਮੀਂਦਾਰ ਫਸਲ ਦੀ ਬਟਾਈ ਲੈ ਕੇ ਉਸ ਨੂੰ ਰਸੀਦ ਜ਼ਰੂਰ ਦੇਵੇ । ਜੇਕਰ ਉਹ ਜ਼ਿਮੀਂਦਾਰ ਰਸੀਦ ਨਹੀਂ ਦਿੰਦਾ ਤਾਂ ਮੁਜ਼ਾਰਾ ਤਹਿਸੀਲ ਵਿਚ ਜਾ ਕੇ ਉਸ ਨੂੰ ਜ਼ਮ੍ਹਾਂ ਕਰਾ ਦੇਵੇ ਤਾਂ ਲੋਕਾਂ ਵਿੱਚ ਕੁਝ ਬੇਚੈਨੀ ਦੂਰ ਹੋ ਜਾਵੇਗੀ ਅਤੇ ਪੀਸ ਆਫ ਮਾਈਂਡ ਹੋ ਜਾਵੇਗਾ । ਜਿਥੋਂ ਤਕ ਦਿਹਾਤਾਂ ਵਿਚ ਹਰੀਜਨਾਂ ਦੀ ਤਰੱਕੀ ਕਰਨ ਦਾ ਤੁਅੱਲਕ ਹੈ, ਮੈਂ ਕਹਾਂਗਾ ਕਿ ਹਰੀਜਨਾਂ ਦਾ ਦਿਹਾਤਾਂ ਵਿੱਚ ਕਾਮਯਾਬ ਹੋਣਾ ਬੜਾ ਮੁਸ਼ਕਿਲ ਹੈ । ਨੌਕਰੀਆਂ ਵਿੱਚ ਗਿਆਨੀ ਜੀ ਨੇ ਹਰੀਜਨਾਂ ਨੂੰ ਹਿੱਸਾ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਕੁਝ ਨੌਕਰੀਆਂ ਮਿਲੀਆਂ ਵੀ ਹਨ । ਮਗਰ ਉਸਦੀ ਵੀ ਮੁਕੰਮਲ ਇੰਪਲੀਮੈਂਟੇਸ਼ਨ ਨਹੀਂ ਹੋਈ । ਕੱਲ੍ਹ ਰਾਤ ਮੈਨੂੰ ਇੱਕ ਡੈਪੂਟੇਸ਼ਨ ਮਿਲਿਆ ਅਤੇ ਉਨ੍ਹਾਂ ਨੇ ਕਿਹਾ ਕਿ ਸਾਡੇ ਤੋਂ ਦੂਜੇ ਦੋ ਚਾਰ ਸਟੈਪ ਅੱਗੇ ਨਿਕਲ ਗਏ ਹਨ। ਮੈਂ ਕਿਹਾ ਕਿ ਸਰਦਾਰ ਹਰਚੰਦ ਸਿੰਘ ਜੀ ਨੂੰ ਜਾ ਕੇ ਮਿਲੋ ਕਿਉਂਕਿ ਉਹ ਸ਼ੈਡਿਊਲਡ ਕਾਸਟਸ ਵੈਲਫੇਅਰ ਕਮੇਟੀ ਦੇ ਚੇਅਰਮੈਨ ਹਨ। ਮੈਂ ਇਹ ਵੀ ਕਿਹਾ ਕਿ ਮੈਂ ਤਾਂ ਇਸ ਦੇ ਹੱਕ ਵਿਚ ਹਾਂ। ਕੁਝ ਲੋਕ ਸਾਨੂੰ ਕਹਿੰਦੇ ਹਨ ਕਿ ਸਾਡੇ ਨਾਲ ਬੇਇਨਸਾਫੀ ਹੋਈ ਹੈ । ਮੈਂ ਕਿਹਾ ਚੀਫ ਮਨਿਸਟਰ ਸਾਹਿਬ ਨੂੰ ਜਾ ਕੇ ਮਿਲੋ । ਇਹ ਕਹਿੰਦੇ ਹਨ ਕਿ ਸ਼ੈਡਿਊਲਡ ਕਾਸਟ ਸਾਡੇ ਉਤੇ ਬਹਿ ਗਏ ਹਨ। ਮੈਂ ਕਹਿੰਦਾ ਹਾਂ ਕਿ ਤੁਸੀਂ ਸਾਰੀ ਜ਼ਿੰਦਗੀ ਸਾਡੇ ਉਤੇ ਚੜ੍ਹੇ ਰਹੇ ਹੋ । ਅਸੀਂ ਹੁਣ ਜੇ ਗੋਡੇ ਭਰਨੀ ਚੜ੍ਹੇ ਹਾਂ ਤਾਂ ਸਾਨੂੰ ਤੁਸੀਂ ਚੜ੍ਹਨ ਨਹੀਂ ਦਿੰਦੇ । ਮੈਂ ਸਮਝਦਾ ਹਾਂ, ਡਿਪਟੀ ਸਪੀਕਰ

ਸਾਹਿਬ, ਕਿ ਜਿਥੋਂ ਤਕ ਹਰੀਜਨ ਦਾ ਤੁਅੱਲਕ ਹੈ, ਮੈਂ ਕਹਾਂਗਾ ਕਿ ਇਹ ਸੋਚ ਸਮਝ ਕੇ ਆਪ ਹੀ ਕੁਝ ਠੀਕ ਕਰ ਦੇਣ । ਇਹ ਇਨ੍ਹਾਂ ਦੀ ਬੇਹਤਰੀ ਵਾਸਤੇ ਹੈ । ਗ਼ਰੀਬ ਆਦਮੀ ਨੂੰ ਦਬਾਉਣਾ ਤਾਂ ਆਪਣੇ ਆਪ ਨੂੰ ਦਬਾਉਣਾ ਹੈ। ਅਸੀਂ ਸੋਸ਼ਲਿਜ਼ਮ ਇਥੇ ਲਿਆਉਣਾ ਚਾਹੁੰਦੇ ਹਾਂ । ਸੋਸ਼ਲਿਜ਼ਮ ਤਾਂ ਹੀ ਆਵੇਗਾ ਜੇ ਸਾਰੇ ਲੋਕ ਬਰਾਬਰ ਹੋ ਜਾਣਗੇ । ਜਿਹੜਾ ਆਦਮੀ ਸੁਸਾਇਟੀ ਕੋਲੋਂ ਸਭ ਕੁਝ ਖਾਈ ਜਾਂਦਾ ਹੈ ਅਤੇ ਵਾਪਸ ਕੁਝ ਨਹੀਂ ਕਰਦਾ ਉਸ ਨੇ ਜੁੱਤੀਆਂ ਹੀ ਖਾਣੀਆਂ ਹਨ । ਅਸੀਂ ਤਾਂ ਮਾਰਾਂ ਖਾਣ ਗਿਝੇ ਹੋਏ ਹਾਂ । ਮੈਂ ਸਮਝਦਾ ਹਾਂ ਕਿ ਆਖਿਰ ਜੁਤੀਆਂ ਖਾਣ ਦਾ ਸਾਡਾ ਕੋਟਾ ਖਤਮ ਹੋ ਜਾਣਾ ਹੈ । ਬਾਈਕਾਟ ਅਤੇ ਸਾਡੀ ਬੇਇੱਜ਼ਤੀ ਵਿਆਜ ਦੇ ਨਾਲ ਇਨ੍ਹਾਂ ਨੂੰ ਮੋੜਨੀ ਪੈਣੀ ਹੈ । ਮੈਨੂੰ ਤਾਂ ਇਨ੍ਹਾਂ ਤੇ ਰਹਿਮ ਆਉਂਦਾ ਹੈ । ਇਨ੍ਹਾਂ ਦਾ ਕੀ ਬਣੇਗਾ । ਅਸੀਂ ਤਾਂ ਕੱਟ ਹੀ ਲੈਣੀ ਹੈ । ਦਿਹਾਤ ਵਿੱਚ ਜਾ ਕੇ ਵੇਖਿਆ ਹੈ ਕਿ ਇਹ ਤਾਂ ਗੋਡੀ ਵੀ ਨਹੀਂ ਕਰ ਸਕਦੇ । ਇਹ ਤਾਂ ਕਪੜੇ ਪਾ ਕੇ ਦੀਨਾਨਗਰ ਅਤੇ ਗੁਰਦਾਸਪੁਰ ਸਮੋਸੇ ਖਾਣ ਲਈ ਚਲੇ ਜਾਂਦੇ ਹਨ । ਜੇ ਮਜ਼ਦੂਰ ਮਜ਼ਦੂਰੀ ਜ਼ਿਆਦਾ ਮੰਗਦੇ ਹਨ ਤਾਂ ਬਾਈਕਾਟ ਕਰ ਦਿੰਦੇ ਹਨ। ਹੁਣ ਕੁਝ ਜ਼ਿਮੀਂਦਾਰ ਆਪਣੇ ਹਰੀਜਨਾਂ ਦਾ ਨਾਂ ਲੈਣ ਲਗ ਗਏ ਹਨ । ਪਰ ਮੈਂ ਤਾਂ ਖਚਰਾ ਆਦਮੀ ਹਾਂ । ਮੈਨੂੰ ਪਤਾ ਹੈ ਕਿ ਕਿਹੜਾ ਦਿਲੋਂ ਨਾਂ ਲੈਂਦਾ ਹੈ । ਜਦੋਂ ਤਕ ਇਨ੍ਹਾਂ ਗਰੀਬ ਆਦਮੀਆਂ ਦੇ ਹੱਥ ਵਿੱਚ ਗੌਰਮਿੰਟ ਨਹੀਂ ਆਏਗੀ ਤਦ ਤਕ ਮੈਂ ਸਮਝਦਾ ਹਾਂ ਕਿ ਇਨ੍ਹਾਂ ਗਰੀਬ ਮਜ਼ਲੂਮਾਂ ਦਾ ਮਸਲਾ ਹੱਲ ਨਹੀਂ ਹੋਵੇਗਾ ।

ਜਿਨ੍ਹਾਂ ਦੇ ਹੱਥ ਵਿਚ ਗੌਰਮਿੰਟ ਹੋਵੇ ਔਰ ਉਹ ਹੀ ਦੇਣ ਵਾਲੇ ਹੋਣ ਤਾਂ ਦੇਣਾ ਮੋਇਆਂ ਨੇ ਹੈ । (ਹਾਸਾ) ਇਸ ਲਈ ਗ਼ਰੀਬ ਕਿਸਾਨ ਜਿਹੜੇ ਹਨ। (ਵਿਘਨ) ਹਾਂ ਕਿਸਾਨ ਵੀ ਗ਼ਰੀਬ ਹਨ ਜਿਹੜੇ ਦਸ ਦਸ ਵੀਹ ਵੀਹ, ਘੁਮਾਵਾਂ ਦੇ ਮਾਲਕ ਹਨ, ਉਹ ਗਰੀਬ ਕਿਸਾਨ ਹਨ। ਜਦ ਤਕ ਉਹ 75% ਸਾਡੇ ਨਾਲ ਨਾ ਮਿਲਣ ਤਦ ਤਕ ਸਾਡਾ ਕੰਮ ਨਹੀਂ ਬਣਦਾ। ਸਾਡਾ ਕੰਮ ਬਣਨਾ ਮੁਸ਼ਕਲ ਹੈ । (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਇਹ ਪਤਾ ਨਹੀਂ ਹੈ ਕਿ ਤੁਸੀਂ ਸਾਡੇ ਨਾਲ ਸ਼ਾਮਲ ਹੋ ਸਕਦੇ ਹੋ ਜਾਂ ਨਹੀਂ। ਇਸ ਲਈ ਮੇਰਾ ਟਾਰਗੇਟ ਇਹ ਹੈ ਕਿ ਜਦੋਂ ਤਕ 75 ਫ਼ੀ ਸਦੀ ਗ਼ਰੀਬ ਆਦਮੀ ਸਾਡੇ ਨਾਲ ਨਾ ਮਿਲਣ ਅਸੀਂ ਕੰਮ ਨਹੀਂ ਕਰਨਾ ਤੇ ਨਾ ਸਾਡਾ ਕੰਮ ਹੋਣਾ ਹੀ ਹੈ । (ਹਾਸਾ) ਹੁਣ ਵੇਖ ਲਵੋ ਸਾਡਾ ਚੀਫ਼ ਮਨਿਸਟਰ ਇਹ ਵੀ ਛੋਟਾ ਕਿਸਾਨ ਹੈ ਪਰ ਵੱਡੇ ਵਡੇ ਇਸ ਦਾ ਵੱਸ ਨਹੀਂ ਚਲਣ ਦਿੰਦੇ । ਇਥੇ ਬਹਿ ਕੇ ਮੰਨ ਜਾਂਦਾ ਹੈ ਪਰ ਉਸ ਉਪਰ ਅਮਲ ਕਰਨਾ ਮੁਸ਼ਕਲ ਹੋ ਜਾਂਦਾ ਹੈ । ਅਮਲ ਕਰਾਉਣਾ ਤਾਂ ਉਨ੍ਹਾਂ ਦੇ ਹੱਥ ਹੈ ਜਿਹੜੇ ਕਿ ਵੱਡੇ ਵੱਡੇ ਕਿਸਾਨ ਹਨ । ਇਸ ਲਈ ਜਿਹੜੀ ਅਮੈਂਡਮੈਂਟ ਹੈ, ਉਸ ਨੂੰ ਮੰਨ ਲਓ ਤਾਕਿ ਜਿਹੜਾ ਬਾਈਕਾਟ ਹੈ ਉਹ ਖਤਮ ਹੋ ਜਾਵੇ। ਹੁਣ ਪਤਾ ਨਹੀਂ ਹੈ ਕਿ ਤੁਹਾਡੀ ਪਾਰਟੀ ਮੈਨੂੰ ਮੱਦਦ ਦਿੰਦੀ ਹੈ ਜਾਂ ਨਹੀਂ । ਮੈਂ ਤਾਂ ਉਸ ਵੇਲੇ ਦਾ ਹੀ ਚਲਿਆ ਆ ਰਿਹਾ ਹਾਂ ਔਰ ਅਸੀਂ ਅਗੇ ਵਧ ਰਹੇ ਹਾਂ ਜਦੋਂ ਤੋਂ ਸਾਨੂੰ ਕੋਈ ਨੇੜੇ ਨਹੀਂ ਸੀ ਲੱਗਣ ਦਿੰਦਾ । ਸਰਦਾਰ ਬਸੰਤ ਸਿੰਘ ਜੀ, ਜਿਹੜੀ ਪਾਰਟੀ ਹੈ ਉਹ ਉਸ ਤੇ ਅਮਲ ਕਰਨਾ ਚਾਹੁੰਦੀ ਹੈ । ਤੁਸੀਂ ਧਰਮਾਂ ਸ਼ਰਮਾਂ ਨੂੰ ਵੱਖ ਰੱਖ ਲਵੋ । (ਹਾਸਾ) ਤੁਸੀਂ ਜੇਕਰ ਮੇਰੀ ਗੱਲ ਮੰਨੋ, ਮੇਰੇ ਇਸ਼ਾਰੇ ਤੇ ਚੱਲੋ ਤਾਂ ਸਾਰੇ ਕੰਮ ਠੀਕ ਹੋ ਜਾਣ (ਹਾਸਾ) ਮਰ ਜਾਓ, ਇਸ ਪਾਸੇ ਕੁਝ ਨਹੀਂ ਬਣਨਾ । ਹੁਣ ਤੁਹਾਨੂੰ ਚਾਹੀਦਾ ਹੈ ਕਿ ਤਕੜੇ ਹੋਕੇ, ਇਕੱਠੇ ਹੋ ਕੇ ਆਪਾਂ ਰਹੀਏ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਚੌਧਰੀ ਸਾਹਿਬ ਨੂੰ ਸੁਝਾਓ ਦੇਵਾਂਗਾ ਕਿ ਉਹ ਮੁੱਖ ਮੰਤਰੀ ਬਣ ਜਾਣ, ਅਸੀਂ ਸਾਰੇ ਉਨ੍ਹਾਂ ਦੇ ਨਾਲ ਹਾਂ ।

ਚੌਧਰੀ ਸੁੰਦਰ ਸਿੰਘ : ਇਹ ਬੜਾ ਸੋਹਣਾ ਆਖਿਆ ਹੈ ਕਿ ਚੌਧਰੀ ਸੁੰਦਰ ਸਿੰਘ ਮੁੱਖ ਮੰਤਰੀ ਬਣ ਜਾਏ ।

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਸਰਦਾਰ ਧੰਨਾ ਸਿੰਘ ਗੁਲਸ਼ਨ ਜੀ ਨੇ ਕਿਹਾ ਹੈ ਕਿ ਚੌਧਰੀ ਸਾਹਿਬ ਮੁੱਖ ਮੰਤਰੀ ਬਣ ਜਾਣ ਤਾਂ ਅਸੀਂ ਸਾਰੇ ਉਨ੍ਹਾਂ ਦੇ ਨਾਲ ਹਾਂ । ਉਨ੍ਹਾਂ ਨੂੰ ਕਹੋ ਕਿ ਸਾਰੇ ਐਲਾਨ ਕਰ ਦੇਣ ਇਸ ਗੱਲ ਦਾ, ਤਾਂ ਅਸੀਂ ਚੌਧਰੀ ਸਾਹਿਬ ਨੂੰ ਮੁੱਖ ਮੰਤਰੀ ਬਨਾਉਣ ਨੂੰ ਤਿਆਰ ਹਾਂ । (ਥੰਪਿੰਗ) (ਹਾਸਾ)

ਸਰਦਾਰ ਬਸੰਤ ਸਿੰਘ ਖਾਲਸਾ : ਤੁਸੀਂ ਪਹਿਲਾਂ ਵੋਟਾਂ ਪਾਓ, ਅਸੀਂ ਨਾਲ ਹਾਂ । (ਹਾਸਾ)

(ਸਰਦਾਰ ਦਰਬਾਰਾ ਸਿੰਘ ਜੀ ਵਲੋਂ ਵਿਘਨ)

ਚੌਧਰੀ ਸੁੰਦਰ ਸਿੰਘ : ਤੁਸੀਂ ਸਾਡੇ ਨਾਲ ਰਹੋ । ਕਿਸੇ ਮੌਕੇ ਤੇ ਜੋ ਕੁਝ ਕਰਨਾ ਚਾਹੋ ਕਰ ਲੈਣਾ ਚਾਹੀਦਾ ਹੈ । ਤੁਸੀਂ ਕਹਿੰਦੇ ਹੋ ਕਿ ਮੈਂ ਚੀਫ ਮਨਿਸਟਰ ਬਣ ਜਾਵਾਂ (ਵਿਘਨ) ਬਾਬਾ ਤੁਸੀਂ ਮੇਰੀ ਗੱਲ ਤਾਂ ਸੁਣੋ। ਜੇਕਰ ਕੋਈ ਗਰੀਬਾਂ ਦੀ ਮਜਾਰਿਟੀ ਨਾਲ ਚੀਫ ਮਨਿਸਟਰ ਬਣੇ, ਜੱਟ ਜ਼ਿਮੀਂਦਾਰ ਵੀ ਨਾਲ ਹੋਣ ਤਾਂ ਹੀ ਉਹ ਚੀਫ ਮਨਿਸਟਰ ਕੁਝ ਕਰ ਸਕੇਗਾ ਵਰਨਾ ਕੁਝ ਨਹੀਂ ਕਰ ਸਕਦਾ । ਇਸ ਵਾਸਤੇ ਤੁਹਾਨੂੰ ਚਾਹੀਦਾ ਹੈ ਕਿ ਦੋ ਮਨਿਸਟਰ ਇਧਰ ਵੀ ਬੈਠੇ ਹੋਏ ਹਨ, ਕਿਤਨਾ ਰੌਲਾ ਪਿਆ ਹੋਇਆ ਹੈ, ਜੇਕਰ ਇਹ ਕੁਝ ਕਰਨ ਜੋਗੇ ਹੁੰਦੇ ਤਾਂ ਕਰ ਕੇ ਵਿਖਾ ਦਿੰਦੇ । ਪਰ ਇਸ ਤਰ੍ਹਾਂ ਦਾ ਕੰਮ ਕਰਨਾ ਬੜਾ ਮੁਸ਼ਕਲ ਹੁੰਦਾ ਹੈ । ਇਹ ਗੱਲ ਕਰਨੀ ਬੜੀ ਮੁਸ਼ਕਲ ਹੁੰਦੀ ਹੈ । ਜਿਹੜਾ ਕੈਬਨਿਟ ਵਿਚ ਹੁੰਦਾ ਹੈ ਉਹ ਕਹਿ ਦੇਵੇ ਕਿ ਜਾਂ ਤਾਂ ਇਸ ਨੂੰ ਤੋੜ ਦਿਓ ਤੇ ਜਾਂ ਇਹ ਕੰਮ ਕਰ ਦਿਓ ।

ਆਵਾਜ਼ਾਂ : ਠੀਕ ਹੈ, ਠੀਕ ਹੈ ।

ਚੌਧਰੀ ਸੁੰਦਰ ਸਿੰਘ : (ਚੌਧਰੀ ਬਲਰਾਮ ਜੀ ਵਲ ਇਸ਼ਾਰਾ ਕਰਦੇ ਹੋਏ) ਚੌਧਰੀ ਸਾਹਿਬ, ਇਹ ਗੱਲ ਬੜੀ ਮੁਸ਼ਕਲ ਹੈ । ਗਰੀਬਾਂ ਦਾ ਭਲਾ ਉਹ ਕੀ ਕਰ ਸਕਦਾ ਹੈ ਜਿਸ ਦਾ ਲਿੰਕ ਪਰਮਾਤਮਾ ਨਾਲ ਨਾ ਹੋਵੇ । ਇਸ ਲਈ ਗਰੀਬਾਂ ਦਾ ਨਾਮ ਲੈਣਾ ਮੁਸ਼ਕਲ ਹੈ । ਬੜੇ ਬੜੇ ਐਲਾਨ ਕਰਨ ਦੀ ਜ਼ਰੂਰਤ ਨਹੀਂ ਹੈ, ਅਮਲ ਕਰਨ ਦੀ ਜ਼ਰੂਰਤ ਹੈ । ਹੁਣ ਅਮਲ ਤਦ ਹੋ ਸਕਦਾ ਹੈ ਜੇਕਰ ਤੁਸੀਂ ਪਾਲੇਟਿਕਸ ਨੂੰ ਸਮਝੋ । ਖੈਰ ਤੁਹਾਡੇ ਵਿਚ ਵੀ ਕਈ ਚੰਗੇ ਆਦਮੀ ਹਨ ਔਰ ਉਧਰ ਵੀ ਬੜੇ ਚੰਗੇ ਆਦਮੀ ਹਨ । ਕਈ ਲੀਡਰ ਐਸੇ ਹੁੰਦੇ ਹਨ । ਜੋ ਲੋਕਾਂ ਦੇ ਕੰਮਾਂ ਤੇ ਆਪਣੀ ਸੀ. ਆਈ. ਡੀ. ਬਣਾਉਂਦੇ ਹਨ ਤੇ ਹੋਰ ਕੁਝ ਨਹੀਂ ਕਰ ਸਕਦੇ ।

(ਇਸ ਸਮੇਂ ਸ੍ਰੀ ਪ੍ਰੇਮ ਗੁਪਤਾ ਜੀ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਬੈਠੋ । Shri Gupta is on a point of order. (Chaudhri Sahib, please resume your seat. Shri Gupta is on a point of order).

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਇਸ ਮਸਲੇ ਤੇ ਹਾਊਸ ਦਾ ਕੋਈ ਵੀ ਮੱਤ-ਭੇਦ ਨਹੀਂ ਹੈ । ਇਸ ਲਈ ਬੇਨਤੀ ਹੈ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰਵਾ ਦਿਓ ਔਰ ਥੀਨ ਡੈਮ ਦੇ ਮਤੇ ਨੂੰ ਲੈ ਲਵੇ । ਇਸ ਮਤੇ ਤੇ ਹਰ ਪਾਰਟੀ ਦੇ ਜਜ਼ਬਾਤ ਆ ਚੁੱਕੇ ਹਨ । ਇਸ ਲਈ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਕੀ ਇਹ ਸਾਰਿਆਂ ਦੀ ਸਹਿਮਤੀ ਹੈ ? (Is it the pleasure of the House ?)

ਆਵਾਜ਼ਾਂ : ਹਾਂ ਜੀ, ਹਾਂ ਜੀ ।

Mr. Deputy Speaker : Question is—

> That at the end of resolution, the following be added:—
>
> This House further recommends that special cells be set up so that wherever there is such Nakabandi and boycott they reach the spot and apprehend the accused. This House also recommends to the Government to ensure that such cases are tried expeditiously.

The Motion was carried

Mr. Deputy Speaker : Question is—

> This House recommends to the Government to take steps so as to make Nakabandi and boycott of Harijans (Agricultural labourers) in the State cognizable offences and to provide deterrent punishment for those who organise, abet or incite the same.
>
> This House further recommends that special cells be set up so that wherever there is such Nakabandi and boycott they reach the spot and apprehend the accused. This House also recommends to the Government to ensure that such cases are tried expeditiously.

The motion was carried

(ii) RESOLUTION REG. THE CONSTRUCTION OF THEIN DAM

Comrade Satya Pal Dang (Amritsar West) : I beg to move—

> This House recommends to the Government to take all possible steps to ensure that the Government of India sanction the construction of **Thein Dam** without any further delay.

ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਦਾ ਮਸਲਾ ਇਸ ਵੇਲੇ ਪੰਜਾਬ ਦੇ ਲਈ, ਪੰਜਾਬ ਦੀ ਆਰਥਿਕਤਾ ਦੇ ਲਈ, ਪੰਜਾਬ ਦੀ ਜਨਤਾ ਦੇ ਹਰ ਹਿੱਸੇ ਦੇ ਲੋਕਾਂ ਦੇ ਲਈ ਇਕ ਬੜਾ ਵੱਡਾ ਅਹਿਮ ਮਸਲਾ ਬਣ ਗਿਆ ਹੈ । ਕਿਉਂਕਿ ਥੀਨ ਡੈਮ ਦਾ ਮਸਲਾ, ਕਿ ਪੰਜਾਬ ਦੇ ਲਈ ਲੋੜ ਅਨੁਸਾਰ ਬਿਜਲੀ ਹੋਵੇ, ਇਸ ਦੇ ਨਾਲ ਜੁੜਿਆ ਹੋਇਆ ਹੈ । ਇਸ ਵੇਲੇ ਬਜਲੀ ਕਰਕੇ, ਬਿਜਲੀ ਦੇ ਸੰਕਟ ਕਰਕੇ ਕਿੰਨੀ ਹਾਹਾਕਾਰ ਮਚੀ ਹੋਈ ਹੈ ਮੈਂ ਇਸ ਦੀ ਤਫ਼ਸੀਲ ਵਿਚ, ਡਿਪਟੀ ਸਪੀਕਰ ਸਾਹਿਬ, ਨਹੀਂ ਜਾਣਾ ਚਾਹੁੰਦਾ । ਸਾਡੀ ਆਰਥਿਕਤਾ ਭਾਵੇਂ ਉਹ ਉਦਯੋਗਿਕ ਖੇਤਰ ਵਿਚ ਹੈ, ਭਾਵੇਂ ਉਹ ਖੇਤੀ ਬਾੜੀ ਦੇ ਖੇਤਰ ਵਿਚ ਹੈ, ਬਿਜਲੀ ਦੀ ਸਪਲਾਈ ਉਤੇ ਨਿਰਭਰ ਹੈ। ਬਿਜਲੀ ਦੇ ਸੰਕਟ ਕਰਕੇ ਚੀਫ਼ ਮਨਿਸਟਰ ਸਾਹਿਬ ਨੇ ਕਈ ਵਾਰ ਕਿਹਾ ਹੈ ਕਿ ਸਿਰਫ ਇੰਡਸਟਰੀਜ਼ ਦੇ ਵਿਚ ਦੋ ਕਰੋੜ ਰੁਪਏ ਦਾ ਹਰ ਰੋਜ਼ ਦਾ ਘਾਟਾ ਪੈਂਦਾ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਢੰਗ ਨਾਲ ਖੇਤੀ ਬਾੜੀ ਦੇ ਵਿਚ ਪੰਜਾਬ ਬੜਾ ਅੱਗੇ ਹੈ, ਪੰਜਾਬ ਇਸ ਤੋਂ ਹੋਰ ਬੜਾ ਅਗੇ ਹੋ ਸਕਦਾ ਸੀ। ਸਾਰੇ ਦੇਸ਼ ਦੇ ਅੰਨ ਦੇ ਮਸਲੇ ਦੇ ਵਿਚ ਔਰ ਸਨਅਤਾਂ ਦੇ ਵਾਸਤੇ ਕੱਚੇ ਮਾਲ ਦੇ ਸਬੰਧ ਵਿਚ, ਇਸ ਤੋਂ ਕਿਤੇ ਵੱਧ ਰੋਲ ਅਦਾ ਕਰ ਸਕਦਾ ਹੈ । ਅਗਰ ਪੰਜਾਬ ਨੂੰ ਖੇਤੀ ਬਾੜੀ ਵਿਚ ਬਿਜਲੀ ਦੇ ਸੰਕਟ ਦਾ ਸਾਹਮਣਾ ਨਾ ਕਰਨਾ ਪਵੇ ਤਾਂ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਬਹੁਤ ਅਗੇ ਜਾ ਸਕਦੇ ਹਾਂ । ਅੱਜ ਬਿਜਲੀ ਦਾ ਸੰਕਟ, ਡਿਪਟੀ ਸਪੀਕਰ ਸਾਹਿਬ, ਇਤਨਾਂ ਡੂੰਘਾ ਹੋ ਗਿਆ ਹੈ ਕਿ ਸਾਡੇ ਵਿਦਿਆਰਥੀ ਪੜ੍ਹ ਨਹੀਂ ਸਕਦੇ, ਮਿਊਂਸਿਪਲ ਕਮੇਟੀਆਂ ਸਫਾਈ ਨਹੀਂ ਕਰ ਸਕਦੀਆਂ ਕਿਉਂਕਿ ਗੰਦੇ ਪਾਣੀ ਦੇ ਨਿਕਾਸ ਲਈ ਸੀਵਰੇਜ ਬਣੇ ਹੋਏ ਹਨ, ਉਨ੍ਹਾਂ ਲਈ ਬਿਜਲੀ ਨਹੀਂ ਹੁੰਦੀ ਔਰ ਨਿਕਾਸ ਨਹੀਂ ਹੋ ਸਕਦਾ ਔਰ ਸ਼ਹਿਰਾਂ ਵਿਚ ਗੰਦਗੀ ਫੈਲਦੀ ਹੈ । ਮੈਂ ਹੋਰ

[ਕਾਮਰੇਡ ਸੱਤਪਾਲ ਡਾਂਗ]

ਤਫ਼ਸੀਲ ਨਹੀਂ ਦਿੰਦਾ ਪਰ ਅੱਜ ਬਿਜਲੀ ਦਾ ਸੰਕਟ ਇਤਨਾਂ ਡੂੰਘਾ ਬਣ ਗਿਆ ਹੈ ਕਿ ਕੋਈ ਵੀ ਪਹਿਲੂ ਨਹੀਂ ਹੈ ਜਿੱਥੇ ਕਿ ਇਹ ਨਾ ਹੋਵੇ । ਭਾਵੇਂ ਖੇਤੀ ਬਾੜੀ ਵਿਚ ਪੈਦਾਵਾਰ ਕਰਨੀ ਹੈ, ਭਾਵੇਂ ਬੱਚਿਆਂ ਨੇ ਪੜ੍ਹਨਾ ਹੈ, ਭਾਵੇਂ ਘਰ ਦੇ ਕੰਮਾਂ ਕਾਰਾਂ ਨੂੰ ਕਰਨਾ ਹੈ ਔਰ ਜਾਂ ਹੋਰ ਅਨੇਕਾਂ ਕੰਮ ਹਨ ਜਿਸ ਵੇਲੇ ਬਿਜਲੀ ਹਫਤੇ ਵਿਚ ਤਿੰਨ ਤਿੰਨ ਦਿਨ ਨਹੀਂ ਮਿਲਦੀ ਜੇਕਰ ਮਿਲਦੀ ਹੈ ਤਾਂ ਚਾਰ ਘੰਟੇ ਮਿਲਦੀ ਹੈ, ਉਹ ਵੀ ਇਕ ਇਕ ਘੰਟਾ ਤੋੜ ਕੇ ਮਿਲਦੀ ਹੈ ਔਰ ਜ਼ਿੰਦਗੀ ਦਾ ਕੋਈ ਕੰਮ ਨਹੀਂ ਹੁੰਦਾ ।

ਸਾਨੂੰ ਇਕ ਬਹੁਤ ਵੱਡੇ ਸੰਕਟ ਦਾ ਸਾਮ੍ਹਣਾ ਕਰਨਾ ਪੈਂਦਾ ਹੈ । ਇਹ ਗੱਲ ਠੀਕ ਹੈ ਕਿ ਇਸ ਸੰਕਟ ਦਾ ਕਾਰਨ ਬਹੁਤ ਵੱਡੀ ਬਦਇੰਤਜ਼ਾਮੀ ਹੈ ਅਤੇ ਬਿਜਲੀ ਬੋਰਡ ਵਿਚ ਕੁਰੱਪਸ਼ਨ ਹੈ । ਇਸ ਬੋਰਡ ਦੇ ਮੈਂਬਰ ਉਹ ਲਗਾਏ ਜਾਣੇ ਚਾਹੀਦੇ ਹਨ ਜੋ ਠੀਕ ਢੰਗ ਨਾਲ ਅਤੇ ਇਮਾਨਦਾਰੀ ਨਾਲ ਕੰਮ ਕਰਨ । ਮੈਨੂੰ ਅੰਮ੍ਰਿਤਸਰ ਦਾ ਪਤਾ ਹੈ । ਉਸ ਵੇਲੇ ਬਿਜਲੀ ਨਾ ਮਿਲਣ ਕਾਰਨ ਸਾਰੇ ਪੰਜਾਬ ਵਿਚ ਕਾਰਖਾਨੇ ਬੰਦ ਸਨ । ਲੇਕਿਨ ਸਾਡੇ ਬਿਜਲੀ ਬੋਰਡ ਦੇ ਅਫ਼ਸਰਾਂ ਨੇ ਛਿਹਰਟਾ ਦੇ ਵਿਚ ਇਕ ਬਹੁਤ ਵੱਡੇ ਸਰਮਾਏਦਾਰ ਨੂੰ ਇਕ ਨਵਾਂ ਕੁਨੈਕੱਸ਼ਨ ਨਵਾਂ ਕਾਰਖਾਨਾ ਚਲਾਉਣ ਵਾਸਤੇ ਦਿੱਤਾ । ਜਿਹੜਾ ਨਵੇਂ ਕਾਰਖਾਨੇ ਦਾ ਕੁਨੈਕਸ਼ਨ ਦਿਤਾ ਹੈ, ਉਹ ਪੰਜਾਬ ਦੇ ਵਿਚ ਜਿੰਨੇ ਵੀ ਇੰਡਸਟਰੀਅਲ ਕੁਨੈਕੱਸ਼ਨ ਹਨ, ਉਨ੍ਹਾਂ ਨਾਲੋਂ ਵੱਡਾ ਹੈ । ਅੰਮ੍ਰਿਤਸਰ ਵਿਚ ਜਦੋਂ ਕਿ ਹੋਰ ਕਾਰਖਾਨੇ ਬਿਜਲੀ ਨਾ ਮਿਲਣ ਕਾਰਨ ਬੰਦ ਸਨ, ਤਾਂ ਫਿਰ ਇਕ ਵੱਡਾ ਨਵਾਂ ਕੁਨੈਕਸ਼ਨ ਦੇਣ ਦੀ ਕੀ ਲੋੜ ਸੀ । ਜਦੋਂ ਬਿਜਲੀ ਦਾ ਪਹਿਲ ਹੀ ਉਥੇ ਡੂੰਘਾ ਸੰਕਟ ਸੀ, ਤਾਂ ਫਿਰ ਇਸ ਤਰ੍ਹਾਂ ਕਰਨ ਦੀ ਕੀ ਲੋੜ ਸੀ, ਇਸ ਦਾ ਜਵਾਬ ਤਾਂ ਬਿਜਲੀ ਬੋਰਡ ਦੇ ਸਕਦਾ ਹੈ । ਇਸ ਬਾਰੇ ਮੈਂ ਇਹ ਕਹਾਂਗਾ ਕਿ ਬਿਜਲੀ ਬੋਰਡ ਦੇ ਅੰਦਰ ਉਹ ਮੈਂਬਰ ਹੋਣੇ ਚਾਹੀਦੇ ਹਨ, ਜਿਹੜੇ ਠੀਕ ਢੰਗ ਨਾਲ ਕੰਮ ਕਰ ਸਕਣ । ਬਿਜਲੀ ਬੋਰਡ ਦੇ ਵਿਚ ਜਿਹੜੇ ਵਰਕਰਜ਼ ਹਨ, ਸਾਧਾਰਨ ਮੁਲਾਜ਼ਮ ਹਨ, ਜਿਹੜੇ ਜ਼ਿਮੀਂਦਾਰ ਹਨ, ਉਨਾਂ ਨੂੰ ਵੀ ਇਹ ਹੱਕ ਦੇਣਾ ਚਾਹੀਦਾ ਹੈ । ਇਹ ਗੱਲ ਬੜੀ ਵਾਜਿਬ ਹੈ ਕਿਉਂਕਿ ਜਦੋਂ ਕਾਰਖਾਨੇ ਬੰਦ ਹੁੰਦੇ ਹਨ, ਤਾਂ ਕਾਰਖਾਨਾ ਜੇ ਨਾ ਚਲੇ ਤਾਂ ਕਾਰਖਾਨੇਦਾਰ ਤਾਂ ਆਪਣਾ ਗੁਜ਼ਾਰਾ ਕਰ ਸਕਦਾ ਹੈ, ਪਰ ਜਿਹੜਾ ਗਰੀਬ ਵਰਕਰ ਹੈ, ਗਰੀਬ ਕਿਸਾਨ ਹੈ, ਉਹ ਤਾਂ ਮਾਰਿਆਂ ਜਾਂਦਾ ਹੈ । ਇਸ ਕਰਕੇ ਬਿਜਲੀ ਬੋਰਡ ਵਿਚ ਇਨ੍ਹਾਂ ਵਰਕਰਜ਼ ਤੇ ਕਿਸਾਨਾਂ ਦੇ ਨੁਮਾਇੰਦੇ ਵੀ ਹੋਣੇ ਚਾਹੀਦੇ ਹਨ ਤਾਕਿ ਬਿਜਲੀ ਬੋਰਡ ਨੂੰ ਠੀਕ ਤਰ੍ਹਾਂ ਨਾਲ ਚਲਾਇਆ ਜਾ ਸਕੇ । ਜੇ ਬਿਜਲੀ ਬੋਰਡ ਦੇ ਵਰਕਰਜ਼ ਅਤੇ ਮੁਲਾਜ਼ਮ ਆਪਣੀਆਂ ਵਾਜਬ ਮੰਗਾਂ ਵਾਸਤੇ ਹੜਤਾਲ ਕਰਦੇ ਹਨ, ਤਾਂ ਉਨ੍ਹਾਂ ਨੂੰ ਕੱਢ ਦਿਤਾ ਜਾਂਦਾ ਹੈ ਅਤੇ ਮੁੜ ਕੇ ਬਹਾਲ ਤਕ ਨਹੀਂ ਕੀਤਾ ਜਾਂਦਾ ਅਤੇ ਸਰਵਿਸ ਵਿਚ ਬਰੇਕ ਤਕ ਪਾ ਦਿਤੀ ਜਾਂਦੀ ਹੈ, ਇਹ ਨੀਤੀ ਠੀਕ ਨਹੀਂ ਹੈ । ਮੈਂ ਤਫਸੀਲ ਵਿਚ ਨਹੀਂ ਜਾਣਾ ਚਾਹੁੰਦਾ, ਪਰ ਬਿਜਲੀ ਬੋਰਡ ਦੇ ਵਿਚ ਬੜੀ ਬਦਇੰਤਜ਼ਾਮੀ ਅਤੇ ਕੁਰੱਪਸ਼ਨ ਹੈ । ਇਹ ਹਕੀਕਤ ਹੈ ਕਿ ਸਾਡੀਆਂ ਵਧਦੀਆਂ ਲੋੜਾਂ ਦੇ ਮੁਤਾਬਿਕ ਬਿਜਲੀ ਹੋਰ ਚਾਹੀਦੀ ਹੈ ਅਤੇ ਸਾਡੇ ਕੋਲ ਬਿਜਲੀ ਨਹੀਂ ਹੈ । ਪਰ ਬਿਜਲੀ ਬੋਰਡ ਵਿਚ ਮਿਸਮੈਨੇਜਮੈਂਟ ਵੀ ਬਹੁਤ ਹੈ ਅਤੇ ਯੋਜਨਾਵਾਂ ਠੀਕ ਤਰੀਕੇ ਨਾਲ ਨਹੀਂ ਚਲਾਈਆ ਜਾਂਦੀਆਂ ਅਤੇ ਨਾ ਉਨ੍ਹਾਂ ਨੂੰ ਸਿਰੇ ਚੜ੍ਹਾਇਆ ਜਾਂਦਾ ਹੈ । ਇਹ ਠੀਕ ਹੈ ਕਿ ਬਿਜਲੀ ਵਿਚ ਵਾਧਾ ਕਰਨ ਵਾਸਤੇ ਥੀਂਨ ਡੈਮ ਦੀ ਇਕ ਬਹੁਤ ਵੱਡੀ ਕਲੀਦੀ ਥਾਂ ਹੈ ਅਤੇ ਇਹ ਜਿੰਨੀ ਜਲਦੀ ਬਣੇ ਠੀਕ ਹੈ ਅਤੇ ਬਣਾਇਆ ਕਿਉਂ ਨਹੀਂ ਜਾਂਦਾ। ਪਾਕਿਸਤਾਨ ਨੂੰ ਪਾਣੀ ਜਾ ਰਿਹਾ ਹੈ, ਕਈ ਸਾਲ ਦਾ ਐਗਰੀਮੈਂਟ ਖਤਮ ਹੋ ਗਿਆ, ਉਸ ਦੇ ਬਾਵਜੂਦ ਵੀ ਜਿਹੜਾ ਪਾਣੀ ਅਸੀਂ ਵਰਤ ਸਕਦੇ ਹਾਂ, ਉਹ ਨਹੀਂ ਵਰਤਦੇ । ਪਿਛੇ ਜਿਹੇ ਹਿੰਦੁਸਤਾਨ ਦੀ ਸਰਕਾਰ ਦੇ ਮਤੱਲਿਕਾ ਮਨਿਸਟਰ ਸਾਹਿਬ ਨੇ ਇਕ ਬਿਆਨ ਦੇ ਵਿਚ ਕਿਹਾ ਕਿ ਨਵੀਂ ਪੰਜਵੀਂ ਯੋਜਨਾ ਦੇ ਪਹਿਲੇ ਸਾਲ ਵਿਚ ਵੀ ਇਹ ਪ੍ਰਾਜੈਕੱਟ ਮਨਜ਼ੂਰ ਨਹੀਂ ਕੀਤਾ ਗਿਆ । ਡਿਪਟੀ ਸਪੀਕਰ

ਸਾਹਿਬ, ਇਸ ਦੇ ਉਨ੍ਹਾਂ ਨੇ ਦੋ ਕਾਰਨ ਦੱਸੇ ਸਨ । ਇਕ ਇਹ ਕਿ ਪੈਸੇ ਦੀ ਘਾਟ ਹੈ । ਬੜੇ ਅਫਸੋਸ ਦੀ ਗੱਲ ਹੈ ਕਿ ਜਿਸ ਯੋਜਨਾ ਦੇ ਉਤੇ ਸਾਰੇ ਹਿੰਦੁਸਤਾਨ ਦੇ ਮੁਸਤਕਬਿਲ ਦਾ ਦਾਰੋਮਦਾਰ ਹੈ, ਉਹ ਸਿਰੇ ਨਹੀਂ ਚਾੜ੍ਹੀ ਜਾਂਦੀ ਜਦੋਂ ਕਿ ਕਿੰਨੀ ਬਿਜਲੀ ਅਤੇ ਪਾਣੀ ਦੀ ਲੋੜ ਹੈ । ਇਸ ਕਰਕੇ ਸਿਰੇ ਨਹੀਂ ਚੜ੍ਹਦੀ ਕਿ ਪੈਸੇ ਦੀ ਘਾਟ ਹੈ । ਇਸ ਬਾਰੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੋ ਸੈਂਕੜੇ ਕਰੋੜ ਰੁਪਏ ਬਿਰਲਿਆਂ, ਟਾਟਿਆਂ ਅਤੇ ਵੱਡੇ ਵੱਡੇ ਜਾਗੀਰਦਾਰਾਂ ਕੋਲੋਂ ਬਤੌਰ ਇਨਕਮ ਟੈਕਸ ਦੇ ਲਏ ਜਾਣ ਤਾਂ ਬਹੁਤ ਲਾਭ ਹੋ ਸਕਦਾ ਹੈ । ਇਹ ਠੀਕ ਹੈ ਕਿ ਇਸ ਪ੍ਰਾਜੈਕਟ ਨੂੰ ਸਿਰੇ ਚੜ੍ਹਾਉਣ ਵਾਸਤੇ ਪੈਸੇ ਦੀ ਲੋੜ ਹੈ, ਲੇਕਿਨ ਪੈਸਾ ਜਿਸ ਤਰ੍ਹਾਂ ਮੈਂ ਦੱਸਿਆ ਹੈ, ਉਨ੍ਹਾਂ ਵੱਡੇ ਵੱਡੇ ਲੋਕਾਂ ਕੋਲੋਂ ਜਿਹੜਾ ਗੌਰਮਿੰਟ ਨੇ ਲੈਣਾ ਹੈ, ਲਵੇ । ਦੂਜੀ ਗੱਲ ਉਨ੍ਹਾਂ ਨੇ ਇਹ ਕਹੀ ਕਿ ਇਹ ਪ੍ਰਾਜੈਕਟ ਸਿਰਫ ਇਸ ਕਰਕੇ ਸਿਰੇ ਨਹੀਂ ਚੜ੍ਹਦਾ ਕਿ ਜਿਨ੍ਹਾਂ ਸੂਬਿਆਂ ਨੂੰ ਇਸ ਦੇ ਨਾਲ ਬੈਨੇਫਿਟ ਹੋਣਾ ਹੈ, ਜਿਨ੍ਹਾਂ ਨੂੰ ਇਸ ਪ੍ਰਾਜੈਕਟ ਦਾ ਲਾਭ ਹੋਣਾ ਹੈ, ਉਨ੍ਹਾਂ ਵਿਚ ਆਪੋ ਵਿਚ ਝਗੜਾ ਹੈ । ਇਹ ਜਗ੍ਹਾ ਜੰਮੂ ਅਤੇ ਕਸ਼ਮੀਰ ਵਿਚ ਹੈ ਅਤੇ ਉਸ ਗੌਰਮਿੰਟ ਦੇ ਅਧੀਨ ਹੈ । ਮੈਂ ਇਸ ਬਾਰੇ ਇਹ ਬੇਨਤੀ ਕਰਦਾ ਹਾਂ ਕਿ ਜੰਮੂ ਅਤੇ ਕਮਸ਼ਮੀਰ ਵਿਚ ਵੀ ਤਾਂ ਕਾਂਗਰਸ ਦੀ ਹੀ ਸਰਕਾਰ ਹੈ ਅਤੇ ਬਾਕੀ ਮੁਤੱਲਿਕਾ ਸੂਬਿਆਂ ਵਿਚ ਕਾਂਗਰਸ ਦੀ ਹੀ ਸਰਕਾਰ ਹੈ ਅਤੇ ਦਿੱਲੀ ਵਿਚ ਵੀ ਕਾਂਗਰਸ ਦੀ ਸਰਕਾਰ ਹੈ । (ਘੰਟੀ) ਇਸ ਕਰਕੇ ਮੈਨੂੰ ਸਮਝ ਨਹੀਂ ਆਉਂਦੀ ਕਿ ਝਗੜੇ ਦਾ ਨਾਂ ਲੈਣ ਦੀ ਕੀ ਲੋੜ ਹੈ, ਝਗੜੇ ਨੂੰ ਨਿਪਟਾ ਲਿਆ ਜਾਵੇ ਅਤੇ ਇਸ ਪ੍ਰਾਜੈਕਟ ਦੀ ਫੌਰੀ ਤੌਰ ਤੇ ਕੰਸਟਰਕਸ਼ਨ ਸ਼ੁਰੂ ਹੋਣੀ ਚਾਹੀਦੀ ਹੈ । ਇਸ ਗੱਲ ਤੇ ਅਸੀਂ ਵੀ ਸਹਿਮਤ ਹਾਂ, ਪੰਜਾਬ ਸਰਕਾਰ ਵੀ ਸਹਿਮਤ ਹੈ ਅਤੇ ਅਕਾਲੀ ਪਾਰਟੀ ਵੀ ਸਹਿਮਤ ਹੈ ਅਤੇ ਸਾਰੇ ਸਹਿਮਤ ਹਨ । ਇਸ ਕਰਕੇ ਮੈਂ ਇਹ ਬੇਨਤੀ ਕਰਾਂਗਾ ਕਿ ਹਿੰਦੁਸਤਾਨ ਦੀ ਸਰਕਾਰ ਨੂੰ ਇਹ ਬੇਨਤੀ ਕੀਤੀ ਜਾਵੇ ਕਿ ਜੇ ਕੋਈ ਅੜਚਨ ਹੈ (ਘੰਟੀ) ਬਸ ਜੀ. ਮੈਂ ਥੋੜ੍ਹਾ ਹੀ ਟਾਈਮ ਲ-ਵਾਂਗਾ; ਤਾਂ ਉਸ ਨੂੰ ਦੂਰ ਕਰਵਾਇਆ ਜਾਵੇ ਅਤੇ ਇਸ ਪ੍ਰਾਜੈਕੱਟ ਦੀ ਮਨਜ਼ੂਰੀ ਦਿਤੀ ਜਾਵੇ । ਇਸ ਦੇ ਨਾਲ ਮੈਂ ਇਹ ਗੱਲ ਵੀ ਕਹਿਣੀ ਹੈ ਕਿ ਇਸ ਪ੍ਰਾਜੈਕੱਟ ਦੀ ਜਲਦੀ ਮਨਜ਼ੂਰੀ ਮਿਲਣੀ ਇਕ ਹੋਰ ਪਖੋਂ ਵੀ ਜ਼ਰੂਰੀ ਹੈ । ਜਦੋਂ ਦਾ ਪੌਂਗ ਡੈਮ ਬਣਿਆ ਹੈ, ਹਜ਼ਾਰਾਂ ਦੀ ਗਿਣਤੀ ਵਿਚ ਵਰਕਰਾਂ ਦੀ ਛਾਂਟੀ ਹੋ ਚੁਕੀ ਹੈ ਅਤੇ ਹਜ਼ਾਰਾਂ ਵਰਕਰਾਂ ਦੀ ਛਾਂਟੀ ਹੋਣ ਵਾਲੀ ਹੈ । ਉਹ ਵਰਕਰਜ਼ ਕਿਧਰ ਜਾਣਗੇ । ਜਿਨ੍ਹਾਂ ਵਰਕਰਜ਼ ਨੇ ਭਾਖੜਾ ਬਣਾਇਆ ਸੀ, ਉਨ੍ਹਾਂ ਨੂੰ ਪੌਂਗ ਡੈਮ ਵਿਚ ਲਗਾ ਲਿਆ ਗਿਆ ਸੀ ਅਤੇ ਜੇ ਥੀਂਨ ਡੈਮ ਦੀ ਮਨਜ਼ੂਰੀ ਛੇਤੀ ਨਾ ਮਿਲੀ ਤਾਂ ਇਹ ਸਾਰੇ ਵਰਕਰਜ਼ ਭੁਖ ਦਾ ਸ਼ਿਕਾਰ ਹੋਣਗੇ। ਇਸ ਕਰਕੇ ਜੇ ਥੀਂਨ ਡੈਮ ਦੀ ਮਨਜ਼ੂਰੀ ਛੇਤੀ ਮਿਲ ਜਾਵੇ ਤਾਂ ਅਸੀਂ ਇਨ੍ਹਾਂ ਹਜ਼ਾਰਾਂ ਸਕਿਲਡ ਵਰਕਰਜ਼ ਨੂੰ ਇਸ ਦੇ ਵਿਚ ਐਬਜ਼ਾਰਵ ਕਰ ਸਕਦੇ ਹਾਂ । ਇਕ ਗੱਲ ਹੋਰ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਸ਼ਾਹ ਨਹਿਰ ਹੈ, ਉਸ ਦਾ ਕੰਮ ਸ਼ੁਰੂ ਹੋ ਗਿਆ ਹੈ । ਇਸ ਕਰਕੇ ਜਿਹੜੇ ਵਰਕਰਜ਼ ਪੌਂਗ ਡੈਮ ਤੋਂ ਛਾਂਟੀ ਹੋਏ ਹਨ, ਉਨ੍ਹਾਂ ਨੂੰ ਇਥੇ ਐਬਜ਼ਾਰਬ ਕੀਤਾ ਜਾਵੇ ਅਤੇ ਦੂਜਿਆਂ ਪ੍ਰਾਜੈਕਟਾਂ ਵਿਚ ਐਬਜ਼ਾਰਬ ਕੀਤਾ ਜਾਵੇ । ਇਹ ਵਰਕਰਜ਼ ਹਜ਼ਾਰਾਂ ਦੀ ਗਿਣਤੀ ਵਿਚ ਛਾਂਟੀ ਹੋਣ ਵਾਲੇ ਹਨ (ਘੰਟੀ) ਬਸ ਜੀ, ਮੈਂ ਖਤਮ ਕਰਨ ਵਾਲਾ ਹਾਂ । ਇਸ ਕਰਕੇ ਇਹ ਪੰਜਾਬ ਦੇ ਮੁਫਾਦ ਵਿਚ ਵੀ ਹੈ, ਵਰਕਰ ਦੇ ਮੁਫ਼ਾਦ ਵਿਚ ਵੀ ਹੈ, ਲੋਕਾਂ ਦੇ ਮੁਫਾਦ ਵਿਚ ਵੀ ਹੈ ਅਤੇ ਸੈਂਟਰ ਦੀ ਸਰਕਾਰ ਦੇ ਮੁਫਾਦ ਅਤੇ ਹੋਰ ਸਭ ਦੇ ਮੁਫਾਦ ਵਿਚ ਵੀ ਹੈ ਕਿ ਇਹ ਥੀਂਨ ਡੈਮ ਪ੍ਰਾਜੈਕੱਟ ਜਲਦੀ ਤੋਂ ਜਲਦੀ ਬਣਾਈ ਜਾਵੇ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਹ ਮਤਾ ਪਾਸ ਕਰਕੇ ਇਸ ਹਾਊਸ ਵਲੋਂ ਸੈਂਟਰ ਦੀ ਸਰਕਾਰ ਨੂੰ ਭੇਜਿਆ ਜਾਵੇ ਕਿ ਉਹ ਜਲਦੀ ਤੋਂ ਜਲਦੀ ਇਸ ਪ੍ਰਾਜੈਕਟ ਨੂੰ ਬਣਾਉਣ ਦੀ ਮਨਜ਼ੂਰੀ ਦੇਣ ।

Mr. Deputy Speaker: Motion moved —

This House recommends to the Government to take all possible steps to ensure that the Government of India sanctions the construction of Thein Dam without any further delay.

ਚੌਧਰੀ ਦਰਸ਼ਨ ਸਿੰਘ (ਨੂਰਮਹਿਲ) : ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਦਾ ਰੈਜ਼ੋਲਿਊਸ਼ਨ ਭਾਵੇਂ ਘਰ ਦੇ ਖੇਤਰ ਵਿਚ ਹੋਵੇ, ਭਾਵੇਂ ਇੰਡਸਟਰੀਅਲ ਖੇਤਰ ਵਿਚ ਹੋਵੇ, ਬੜੀ ਅਹਿਮੀਅਤ ਰਖਦਾ ਹੈ। ਬਹੁਤ ਅਫਸੋਸ ਦੀ ਗੱਲ ਹੈ ਕਿ ਇਹ ਥੀਨ ਡੈਮ ਬਹੁਤ ਪਹਿਲਾਂ ਸ਼ੁਰੂ ਹੋ ਜਾਣਾ ਚਾਹੀਦਾ ਸੀ। ਇਹ ਗੱਲ ਵੀ ਵਿਚਾਰ ਅਧੀਨ ਹੈ ਕਿ ਰਾਵੀ ਦਾ ਪਾਣੀ, ਜਿਸ ਦੇ ਬਦਲੇ ਅਸੀਂ 100 ਕਰੋੜ ਰੁਪਿਆ ਪਾਕਿਸਤਾਨ ਨੂੰ 31 ਮਾਰਚ, 1970 ਤੋਂ ਬਾਅਦ ਦਿਤਾ, ਬੰਦ ਹੋਣਾ ਚਾਹੀਦਾ ਹੈ। ਲੇਕਿਨ ਇਹ ਮੇਰਾ ਖਿਆਲ ਹੈ 20 ਲੱਖ ਕਿਊਸਿਕ ਪਾਣੀ ਹਾਲੀ ਵੀ ਫਰੀ ਆਫ ਕਾਸਟ ਪਾਕਿਸਤਾਨ ਨੂੰ ਜਾਂਦਾ ਹੈ। ਸਾਨੂੰ ਬਿਜਲੀ ਦੀ ਅਤੇ ਇਰੀਗੇਸ਼ਨ ਦੀ ਲੋੜ ਹੈ ਅਤੇ ਜੇ ਇਹ ਥੀਨ ਡੈਮ ਬਣ ਜਾਵੇ ਤਾਂ ਇਰੀਗੇਸ਼ਨ ਅਤੇ ਬਿਜਲੀ ਦੀ ਸਾਨੂੰ ਬਹੁਤ ਸਹੂਲਤ ਮਿਲ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਆਂਕੜਿਆਂ ਦੇ ਮੁਤਾਬਕ 1972–73 ਦੇ ਵਿਚ ਸਾਡੀ ਸਟੇਟ ਨੂੰ 258 ਮੈਗਾਵਾਟ ਬਿਜਲੀ ਦੀ ਸ਼ਾਰਟੇਜ਼ ਸੀ, 1974 ਵਿਚ 428 ਮੈਗਾਵਾਟ ਦੀ ਸ਼ਾਰਟੇਜ ਹੈ ਅਤੇ 1979–80 ਵਿਚ 1000 ਮੈਗਾਵਾਟ ਦੀ ਸ਼ਾਰਟੇਜ ਹੋਣੀ ਹੈ। ਜੋ ਥੀਨ ਡੈਮ ਬਣਨੀ ਹੈ, ਉਸ ਤੋਂ 660 ਮੈਗਾਵਾਟ ਬਿਜਲੀ ਬਣਨੀ ਹੈ, ਜੇ ਉਹ ਆਪਣੀ ਪੂਰੀ ਕੈਪੇਸਿਟੀ ਨਾਲ ਕੰਮ ਕਰੇ। ਇਸ ਦੇ ਨਾਲ ਹੀ ਕਾਸਟ ਆਫ ਕੰਸਟ੍ਰਕਸ਼ਨ ਡੇਲੀ ਇਨਕਰੀਜ਼ ਹੁੰਦੀ ਜਾ ਰਹੀ ਹੈ। ਇਸ ਵੇਲੇ ਕਾਸਟ ਆਫ ਕੰਸਟ੍ਰਕਸ਼ਨ 145 ਕਰੋੜ ਦੇ ਕਰੀਬ ਹੈ ਜਿਹੜੀ ਕਿ ਬਾਈ ਸਪੇਸ ਆਫ ਟਾਈਮ 200 ਕਰੋੜ ਦੇ ਕਰੀਬ ਚਲੀ ਜਾਵੇਗੀ। 1969 ਤੋਂ ਲੈ ਕੇ ਸੈਂਟਰ ਦੀ ਸਰਕਾਰ ਤੇ ਪਰੈਸ਼ਰ ਪਾਉਂਦੇ ਰਹੇ। ਟੈਕਨੀਕਲੀ ਤਾਂ ਸੈਂਟਰ ਪੰਜਾਬ ਸਰਕਾਰ ਨਾਲ ਸਹਿਮਤ ਹੈ ਲੇਕਿਨ ਫਿਰ ਵੀ ਥੀਨ ਡੈਮ ਦੀ ਕਲੀਅਰੈਂਸ ਨਹੀਂ ਹੋ ਸਕੀ। ਕਿਸੇ ਪ੍ਰਾਜੈਕਟ ਦੀ ਜਿਸ ਦੀ ਕਾਸਟ ਆਫ ਕੰਸਟ੍ਰਕਸ਼ਨ 5 ਕਰੋੜ ਜਾਂ ਇਸ ਤੋਂ ਵੱਧ ਹੋਵੇ ਤਾਂ ਉਸ ਦੀ ਕਲੀਅਰੈਂਸ ਸੈਂਟਰ ਦੀ ਸਰਕਾਰ ਤੋਂ ਲੈਣੀ ਪੈਂਦੀ ਹੈ ਅਤੇ ਇਹ ਨਹੀਂ ਹੋ ਸਕਿਆ। ਬਾਦਲ ਸਾਹਿਬ ਨੇ ਆਖਿਆ ਕਿ 1972 ਦੇ ਬਜਟ ਵਿਚ ਇਹ ਆਖਿਆ ਗਿਆ ਹੈ ਕਿ ਇਸ ਦੀ ਕਲੀਅਰੈਂਸ ਮਿਲ ਜਾਵੇਗੀ। ਤੁਹਾਨੂੰ ਯਾਦ ਹੋਣਾ ਹੈ ਕਿ ਪੌਂਗ ਡੈਮ ਦੇ ਆਊਸਟੀਜ਼ ਜਿਨ੍ਹਾਂ ਦੀ ਲੈਂਡ ਐਕੁਆਇਰ ਕੀਤੀ ਗਈ, ਉਨ੍ਹਾਂ ਨੂੰ ਜਿਹੜਾ ਕੰਪੈਨ-ਸੇਸ਼ਨ ਦੇਣਾ ਸੀ, ਉਹ ਸੈਟਲ ਹੋ ਗਿਆ ਸੀ, ਪਰ 4–5 ਸਾਲ ਪੇਮੈਂਟ ਨਹੀਂ ਹੋਈ ਅਤੇ ਬਾਅਦ ਵਿਚ ਡਬਲ ਕਾਸਟ ਦੇਣੀ ਪਈ। ਇਸ ਤਰ੍ਹਾਂ ਹੁਣ ਵੀ ਹੋਣਾ ਹੈ। ਮਾਧੋਪੁਰ ਤੋਂ ਥੀਨ ਡੈਮ ਦੀ ਜਗ੍ਹਾ 5 ਮੀਲ ਤੇ ਹੈ, ਇਹ ਇਕ ਛੋਟਾ ਵਿਲੇਜ ਹੈ। ਇਸ ਦੇ ਨਾਲ ਤਿੰਨ ਸਰਕਾਰਾਂ ਲਗਦੀਆਂ ਹਨ ਹਿਮਾਂਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਫਿਰ ਪੰਜਾਬ। ਇਹ ਠੀਕ ਹੈ ਕਿ ਸਿਰਫ ਜੰਮੂ ਅਤੇ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਜਿਨ੍ਹਾਂ ਦੇ ਆਊਸਟੀਜ਼ ਹਨ, ਉਨ੍ਹਾਂ ਨੇ ਪਾਣੀ ਅਤੇ ਬਿਜਲੀ ਅਗੇ ਦੇਣੀ ਹੈ, ਪਿਛੇ ਤਾਂ ਆਉਣੀ ਨਹੀਂ। ਹਿਮਾਚਲ ਪ੍ਰਦੇਸ਼ ਵਿਚ ਬਿਜਲੀ ਦੀ ਪੋਟੈਂਸ਼ਿਐਲਿਟੀ ਬਹੁਤ ਜ਼ਿਆਦਾ ਹੈ। ਲੇਕਿਨ ਕੋਈ ਸੂਬਾ ਹੋਵੇ–ਹਰਿਆਣਾ ਲੈ ਲਵੋ–ਉਹ ਆਪਣੇ ਸੂਬੇ ਲਈ ਵਧ ਤੋਂ ਵਧ ਲੈਣ ਦੀ ਕੋਸ਼ਿਸ਼ ਕਰਦਾ ਹੈ ਅਤੇ ਯਤਨ ਕਰਦਾ ਹੈ। ਜੰਮੂ ਅਤੇ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਇਸ ਦੀ ਕੰਸਟ੍ਰਕਸ਼ਨ ਵਿਚ ਰੁਕਾਵਟ ਪਾਉਂਦੇ ਰਹੇ। ਉਨ੍ਹਾਂ ਨੇ ਯਤਨ ਕੀਤਾ ਕਿ ਇਨ੍ਹਾਂ ਜ਼ਮੀਨਾਂ ਦੇ ਪਾਣੀ ਦਾ ਇਨ੍ਹਾਂ ਨੂੰ ਪੈਸਾ ਦਿਤਾ ਜਾਵੇ। ਇਸ ਦੇ ਵਿਚ ਇਨ੍ਹਾਂ ਦਾ ਸ਼ੇਅਰ ਹੋਣਾ ਚਾਹੀਦਾ ਹੈ। ਪੰਜਾਬ ਸ਼ੇਅਰ ਇਸ ਦੇ ਵਿਚ 60% ਹੈ ਅਤੇ ਦੂਜੇ ਪ੍ਰਾਂਤ, ,ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਜਿਹੜੇ ਹਨ ਉਹ ਇਸ ਪਾਣੀ ਵਿਚੋਂ ਰਾਇਲਟੀ ਮੰਗਦੇ ਹਨ ਜਿਥੋਂ ਪਾਣੀ ਫਰਦਰ ਫਲੋ ਕਰਕੇ ਅਗੇ ਨਿਕਲਣਾ ਹੈ। ਇਹ ਇਸ ਕਰਕੇ ਮੰਗਦੇ ਹਨ ਰਾਇਲਟੀ ਕਿ ਜਿਹੜਾ ਰੀਆਰਗੇਨਾਈਜੇਸ਼ਨ ਐਕੱਟ ਹੈ, ਉਸ ਦੇ ਥੱਲੇ ਕੁਝ ਪ੍ਰਸੈਂਟੇਂਜ ਹੈ, ਉਸ ਦੇ ਮੁਤਾਬਕ ਇਹ ਰਾਇਲਟੀ ਮੰਗਦੇ ਹਨ।

ਜੇ ਸਿਰਫ ਇਹ ਇੱਕਲੇ ਪੰਜਾਬ ਦੀ ਗੱਲ ਹੋਵੇ ਤਾਂ ਪੰਜਾਬ ਸਰਕਾਰ ਇਸ ਨੂੰ ਸ਼ੁਰੂ ਕਰ ਸਕਦੀ ਸੀ। ਆਪੋਜ਼ੀਸ਼ਨ ਦੇ ਮੈਂਬਰ ਇਥੇ ਇਹ ਕਹਿੰਦੇ ਹਨ ਕਿ ਸੈਂਟਰ ਦੀ ਸਰਕਾਰ ਨੇ ਮਨਜ਼ੂਰੀ ਨਹੀਂ ਦਿੱਤੀ।

EXTENSION OF TIME OF THE SITTING

ਸ੍ਰੀ ਡਿਪਟੀ ਸਪੀਕਰ: ਜੇ ਹਾਊਸ ਚਾਹੇ ਤਾਂ ਸਿਟਿੰਗ ਦਾ ਟਾਈਮ ਐਕਸਟੈਂਡ ਕਰ ਦਿੱਤਾ ਜਾਵੇ । (If the House agrees, the time of sitting of the House may be extended.)

ਕਈ ਆਵਾਜ਼ਾਂ : ਹਾਂ ਜੀ, ਨਹੀਂ ਜੀ ।

ਸ੍ਰੀ ਡਿਪਟੀ ਸਪੀਕਰ : ਹਾਊਸ ਦੀ ਰਜ਼ਾਮੰਦੀ ਨਾਲ 10 ਮਿੰਟ ਵਾਸਤੇ ਟਾਈਮ ਜ਼ਿਆਦਾ ਐਕਸਟੈਂਡ ਕੀਤਾ ਜਾਂਦਾ ਹੈ । (The time of its sitting is extended by 10 minutes with the consent of the House.)

NON-OFFICIAL RESOLUTION

RESOLUTION REGARDING THE CONSTRUCTION OF THEIN DAM (*Resumption of Discussion*)

ਚੌਧਰੀ ਦਰਸ਼ਨ ਸਿੰਘ : ਇਸ ਨਾਲ 8 ਲੱਖ 63 ਹਜ਼ਾਰ ਏਕੜ ਜ਼ਮੀਨ ਨੂੰ ਪਾਣੀ ਦਿਤਾ ਜਾਣਾ ਹੈ। ਜੇ ਪੂਰੀ ਕਪੈਸਿਟੀ ਨਾ ਵੀ ਹੋਵੇ ਤਾਂ 440 ਮੈਗਾਵਾਟ ਬਿਜਲੀ ਇਥੇ ਪੈਦਾ ਨਾ ਹੋ ਸਕੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਸੈਂਟਰ ਦੀ ਸਰਕਾਰ ਨਾਲ ਪੰਜਾਬ ਦੀਆਂ ਆਉਣ ਵਾਲੀਆਂ ਸਰਕਾਰਾਂ ਨੇ ਇਹੋ ਜਿਹਾ ਵਾਯੂਮੰਡਲ ਪੈਦਾ ਕਰ ਦਿੱਤਾ ਸੀ ਜਿਸ ਨਾਲ ਕਿ ਸਾਡੇ ਜਿੰਨੇ ਵੀ ਰਿਸੋਰਸਿਜ਼ ਸਨ ਉਹ ਬਾਹਰ ਚਲੇ ਗਏ । ਕਿੰਨੇ ਹੀ ਜੰਗਲਾਤ ਚਲੇ ਗਏ, ਇਹ ਸਭ ਗਲਤ ਤਾਲੁਕਾਤ ਦੀ ਬਿਨਾਂ ਤੇ ਹੀ ਐਸਾ ਰਵੱਈਆ ਸੈਂਟਰ ਨੇ ਅਖਤਿਆਰ ਕੀਤਾ। ਮੈਨੂੰ ਯਾਦ ਹੈ ਕਿ ਇਥੇ ਸਰਦਾਰ ਬਲਵੰਤ ਸਿੰਘ ਜੀ ਨੇ ਆਪਣੀ ਸਪੀਚ ਵਿਚ ਇਹ ਕਿਹਾ ਸੀ ਕਿ ਸੈਂਟਰ ਇਹ ਨਹੀਂ ਕਰਦੀ, ਸੈਂਟਰ ਉਹ ਨਹੀਂ ਕਰਦੀ । ਸੈਂਟਰ ਕੋਲ ਇਕੱਲੀ ਪੰਜਾਬ ਸਟੇਟ ਹੀ ਨਹੀਂ, ਉਸ ਨੇ ਹਿਮਾਚਲ ਅਤੇ ਹਰਿਆਣਾ ਨੂੰ ਵੀ ਵੇਖਣਾ ਹੈ । ਜੇ ਅਸੀਂ ਆਪ ਹੀ ਇਸ ਨੂੰ ਸ਼ੁਰੂ ਕਰਨਾ ਹੁੰਦਾ ਤਾਂ ਜਦੋਂ ਮਰਜ਼ੀ ਸ਼ੁਰੂ ਕਰ ਲਿਆ ਜਾਂਦਾ। (ਘੰਟੀ) ਡਿਪਟੀ ਸਪੀਕਰ ਸਾਹਿਬ, ਇਸ ਵਾਸਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਸੈਂਟਰ ਕੋਲੋਂ ਮੰਗ ਕਰੇਗੀ ਅਤੇ ਇਸ ਡੈਮ ਦੀ ਜਲਦੀ ਹੀ ਕੰਸਟ੍ਰਕਸ਼ਨ ਸ਼ੁਰੂ ਹੋ ਜਾਵੇਗੀ। ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੇ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ ਅਤੇ ਡਾਂਗ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਵਾਸਤੇ ਸੈਂਟਰ ਕੋਲੋਂ ਜਲਦੀ ਹੀ ਮੰਜ਼ੂਰੀ ਲਈ ਜਾਵੇਗੀ ਅਤੇ ਜਲਦੀ ਹੀ ਕੰਮ ਸ਼ੁਰੂ ਕੀਤਾ ਜਾਵੇਗਾ ।

ਸਰਦਾਰ ਕ੍ਰਿਪਾਲ ਸਿੰਘ ਰੰਧਾਵਾ (ਮਜੀਠਾ): ਡਿਪਟੀ ਸਪੀਕਰ ਸਾਹਿਬ, ਇਥੇ ਥੀਨ ਡੈਮ ਬਾਰੇ ਜੋ ਮਤਾ ਪੇਸ਼ ਕੀਤਾ ਗਿਆ ਹੈ, ਇਹ ਪੰਜਾਬ ਵਿਚ ਕਾਫੀ ਦੇਰ ਤੋਂ ਚਲਦਾ ਆ ਰਿਹਾ ਹੈ । ਇਸ ਦੇ ਪੂਰਾ ਹੋ ਜਾਣ ਨਾਲ ਸਾਡੇ ਕਈ ਇਕਤਸਾਦੀ ਹਾਲਾਤ ਹਲ ਹੋ ਜਾਣਗੇ, ਸਾਡੀ ਸਟੇਟ ਇੰਡਸਟਰੀ ਵਲ ਜਾਵੇਗੀ ਇਸ ਵਿਚ ਜਿਹੜੀ ਰੁਕਾਵਟ ਹੈ ਉਹ ਇਕ ਟੈਕਨੀਕਲ ਪੁਆਇੰਟ ਹੈ। ਇਸ ਦੇ ਬਣਨ ਵਿਚ 3 ਸੂਬਿਆਂ ਦੀ ਜ਼ਮੀਨ ਆਉਂਦੀ ਹੈ । ਥੋੜ੍ਹੀ ਜਿਹੀ 6–7 ਸੌ ਏਕੜ ਜ਼ਮੀਨ ਤਾਂ ਜੰਮੂ ਕਸ਼ਮੀਰ ਦੀ ਹੈ ਅਤੇ ਕੁਝ ਹਿਮਾਚਲ ਪ੍ਰਦੇਸ਼ ਦੀ ਵੀ ਹੈ । ਸਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਹਿਮਾਚਲ ਦਾ ਪਾਣੀ ਪੰਜਾਬ ਵਿਚੋਂ ਲੰਘਦਾ ਹੋਇਆ, ਹੜ੍ਹਾਂ ਦੀ ਮਾਰ ਕਰਦਾ ਹੋਇਆ, ਜ਼ਿਮੀਦਾਰਾਂ ਦੀਆਂ ਫ਼ਸਲਾਂ ਬਰਬਾਦ ਕਰਦਾ ਹੋਇਆ ਪੰਜਾਬ ਸਰਕਾਰ ਦਾ ਕਰੋੜਾਂ ਰੁਪਏ ਦਾ ਨੁਕਸਾਨ ਕਰਦਾ ਹੈ ।

[ਸਰਦਾਰ ਕ੍ਰਿਪਾਲ ਸਿੰਘ ਰੰਧਾਵਾ]
ਹਰ ਸਾਲ ਅਸੀਂ ਕਰੋੜਾਂ ਰੁਪਏ ਫਲੱਡ ਰਿਲੀਫ ਦੀਆਂ ਸਕੀਮਾਂ ਤੇ ਖ਼ਰਚ ਕਰਦੇ ਹਾਂ, ਕਈ ਮੁਆਵਜ਼ੇ ਦਿੱਤੇ ਜਾਂਦੇ ਹਨ ਅਤੇ ਹੋਰ ਕਈ ਤਰ੍ਹਾਂ ਦਾ ਖਰਚ ਕੀਤਾ ਜਾਂਦਾ ਹੈ। ਜੇ ਇਹ ਮਸਲਾ ਹਲ ਹੋ ਜਾਵੇ ਤਾਂ ਇਸ ਨਾਲ ਪੰਜਾਬ ਦਾ ਬਹੁਤ ਭਲਾ ਹੋ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਇਸ ਵਿਚ ਜਿਹੜੀ ਮੇਨ ਔਕੜ ਹੈ ਉਹ ਟੈਕਨੀਕਲ ਮੰਜ਼ੂਰੀ ਦੀ ਹੈ। ਪਰ ਇਸ ਦੇ ਨਾ ਬਣਨ ਕਾਰਨ ਲੋਕਾਂ ਦੇ ਮਨ ਵਿਚ ਕਈ ਕਿਸਮ ਦੇ ਸ਼ੱਕ ਪੈਦਾ ਹੋ ਰਹੇ ਹਨ। ਆਪੋਜ਼ੀਸ਼ਨ ਦੀ ਪਾਰਟੀ ਅਤੇ ਹੋਰ ਵਿਰੋਧੀ ਧੜੇ ਦੇ ਮੈਂਬਰ ਤਾਂ ਇਸ ਕਿਸਮ ਦੀ ਚਰਚਾ ਚਲਾਉਂਦੇ ਰਹਿੰਦੇ ਹਨ ਕਿ ਸ਼ਾਇਦ ਇਹ ਸ਼ਿਮਲਾ ਸਮਝੌਤੇ ਵਿਚ ਕਾਂਗਰਸ ਨੇ ਪਾਕਿਸਤਾਨ ਨੂੰ ਇਹ ਪਾਣੀ ਦੇਣਾ ਮੰਜ਼ੂਰ ਕਰ ਲਿਆ ਹੈ, ਇਸ ਕਿਸਮ ਦੀਆਂ ਅਫਵਾਹਾਂ ਦੇਸ਼ ਵਿਚ ਫੈਲਾਈਆਂ ਜਾਂਦੀਆਂ ਹਨ, ਪਰ ਇਹ ਠੀਕ ਨਹੀਂ। ਇਸ ਦੀ ਮੰਜ਼ੂਰੀ ਸਾਨੂੰ ਮਿਲਣੀ ਚਾਹੀਦੀ ਹੈ ਅਤੇ ਜ਼ਰੂਰ ਮਿਲ ਜਾਵੇਗੀ (ਘੰਟੀ) ਡਿਪਟੀ ਸਪੀਕਰ ਸਾਹਿਬ, ਅੰਤ ਵਿਚ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਮਤਾ ਡਾਂਗ ਸਾਹਿਬ ਨੇ ਪੇਸ਼ ਕੀਤਾ ਹੈ, ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ।

ਸਰਦਾਰ ਪਰਕਾਸ਼ ਸਿੰਘ ਬਾਦਲ (ਗਿੱਦੜਬਾਹਾ): ਡਿਪਟੀ ਸਪੀਕਰ ਸਾਹਿਬ, ਜੋ ਮਤਾ ਥੀਨ ਡੈਮ ਦੇ ਬਾਰੇ ਡਾਂਗ ਸਾਹਿਬ ਨੇ ਪੇਸ਼ ਕੀਤਾ ਹੈ, ਇਹ ਮਸਲਾ ਕਾਫੀ ਦੇਰ ਤੋਂ ਇਥੇ ਲਟਕ ਰਿਹਾ ਹੈ ਇਸ ਦੇ ਪੂਰਾ ਨਾ ਹੋਣ ਕਾਰਣ ਸਾਡੇ ਪੰਜਾਬ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਅੱਜ ਕੋਈ ਵੀ ਪੰਜਾਬ ਵਿਚ ਇੰਡਸਟਰੀ ਲਗਾਉਣ ਨੂੰ ਤਿਆਰ ਨਹੀਂ। ਪੰਜਾਬ ਵਿਚ ਬਿਜਲੀ ਦੀ ਇਤਨੀ ਕਮੀ ਹੋ ਗਈ ਹੈ ਕਿ ਇਸ ਵੇਲੇ ਸਮਝ ਵਿਚ ਨਹੀਂ ਆਉਂਦਾ ਕਿ ਅਸੀਂ ਕਿਸ ਤਰ੍ਹਾਂ ਇਸ ਮਸਲੇ ਨੂੰ ਹਲ ਕਰ ਸਕਾਂਗੇ। ਇਹੋ ਜਿਹਾ ਕੋਈ ਵੀ ਸਪੈਸ਼ਲ ਤਰੀਕਾ ਨਜ਼ਰ ਹੀ ਨਹੀਂ ਆਉਂਦਾ ਜਿਸ ਨਾਲ ਇਹ ਮਸਲਾ ਹੱਲ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਬਿਜਲੀ ਪੈਦਾ ਕਰਨ ਵਾਸਤੇ 2,3 ਸਾਧਨ ਹਨ, ਇਕ ਤਾਂ ਹਾਈਡਰੋ ਪਾਵਰ ਹੁੰਦਾ ਹੈ ਅਤੇ ਇਕ ਥਰਮਲ ਪਾਵਰ ਹੁੰਦਾ ਹੈ। ਪਰ, ਡਿਪਟੀ ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਜਦੋਂ 1960 ਵਿਚ ਇੰਡਸ ਵਾਟਰ ਟਰੀਟੀ ਹੋਈ ਸੀ ਤਾਂ ਉਸ ਵੇਲੇ ਸਤਲੁਜ ਬਿਆਸ ਅਤੇ ਰਾਵੀ ਦਾ ਪਾਣੀ 1970 ਤੋਂ ਪੰਜਾਬ ਨੂੰ ਦੇਣ ਵਾਸਤੇ ਮੰਨਿਆ ਗਿਆ ਸੀ ਪਰ ਹੁਣ ਤਕ ਕੁਝ ਵੀ ਅਮਲ ਨਹੀਂ ਹੋਇਆ। ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਉਸ ਤੇ ਅਮਲ ਕਰਾਇਆ ਜਾਵੇ। ਜਿਹੜਾ ਪਾਣੀ ਸਾਨੂੰ ਦਿੱਤਾ ਗਿਆ ਹੈ ਉਹ ਤਾਂ ਸਾਡਾ ਹੱਕ ਸੀ, ਲੇਕਿਨ ਇਹ ਚੀਜ਼ ਮੈਂ ਫਿਰ ਦੁਹਰਾਉਂਦਾ ਹਾਂ ਕਿ ਸੈਂਟਰ ਦੀ ਸਰਕਾਰ ਆਪਣੀ ਜ਼ਿੰਮੇਵਾਰੀ ਨੂੰ ਨਹੀਂ ਸਮਝ ਰਹੀ, ਉਨ੍ਹਾਂ ਨੂੰ ਇਸ ਬਾਰੇ ਚੰਗੀ ਤਰ੍ਹਾਂ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਇਹ ਕਹਿੰਦੇ ਹਨ ਕਿ ਕਈ ਸੂਬਿਆਂ ਦਾ ਝਗੜਾ ਹੈ ਪਰ ਅਸਲ ਵਿਚ ਸੂਬਿਆਂ ਦਾ ਝਗੜਾ ਨਹੀਂ। ਜੇ ਸੈਂਟਰ ਦੀ ਸਰਕਾਰ ਚਾਹੇ ਤਾਂ ਇਹ ਝਗੜਾ ਮਿੱਟ ਸਕਦਾ ਹੈ। ਲੇਕਿਨ ਦੀਦਾ ਦਾਨਿਸਤਾ ਇਹ ਝਗੜਾ ਬਣਾਇਆ ਗਿਆ ਹੈ। ਸਾਡਾ ਜਿਹੜਾ ਹੱਕ ਹੈ ਉਹ ਖਤਮ ਕੀਤਾ ਜਾ ਰਿਹਾ ਹੈ। ਹੋਰ ਕਿਸੇ ਸੂਬੇ ਦਾ ਕੋਈ ਝਗੜਾ ਨਹੀਂ ਸਿਰਫ ਜੰਮੂ ਕਸ਼ਮੀਰ ਦਾ 10% ਹੱਕ ਬਣਦਾ ਹੈ, ਇਹ ਇਸ ਝਗੜੇ ਨੂੰ ਖਤਮ ਕਰ ਸਕਦੇ ਹਨ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਸਿਰਫ਼ ਇਤਨਾ ਹੀ ਕਹਾਂਗਾ ਕਿ ਇਹ ਜਿਹੜੀ ਥੀਨ ਡੈਮ ਦੀ ਮਨਜ਼ੂਰੀ ਹੈ ਇਸ ਦੀ ਪਰਵਾਨਗੀ ਸੈਂਟਰ ਦੀ ਸਰਕਾਰ ਨੂੰ ਜਲਦੀ ਦੇਣੀ ਚਾਹੀਦੀ ਹੈ ਔਰ ਇਸ ਤੇ ਕੰਮ ਜਲਦੀ ਸ਼ੁਰੂ ਹੋਣਾ ਚਾਹੀਦਾ ਹੈ ਤਾਕਿ ਸਾਰੇ ਪੰਜਾਬ ਨੂੰ ਬਿਜਲੀ ਦੀ ਪੂਰੀ ਸਪਲਾਈ ਮਿਲ ਸਕੇ ਅਤੇ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ ਅਤੇ ਪੰਜਾਬ ਦਾ ਕਿਸਾਨ ਜਿਸ ਦੀ ਕਿ ਫ਼ਸਲ ਸੁੱਕ ਰਹੀ ਹੈ ਉਹ ਨਾ

ਸੁਕੇ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਕਿਸਾਨ ਹੋ, ਤੁਸੀਂ ਬਠਿੰਡਾ ਅਤੇ ਮੁਕਤਸਰ ਦਾ ਜ਼ਿਲ੍ਹਾ ਵੇਖਿਆ ਹੈ ਉਥੇ ਨਰਮਾ 2,3 ਕੁਇੰਟਲ ਇਕ ਏਕੜ ਵਿਚ ਵੀ ਨਹੀਂ ਹੋਇਆ । ਕਣਕ ਨੂੰ ਵੀ ਪੂਰਾ ਪਾਣੀ ਨਹੀਂ ਮਿਲ ਸਕਿਆ, ਲੇਕਿਨ ਪਾਕਿਸਤਾਨ ਨੂੰ ਸਾਡਾ ਪਾਣੀ ਜਾ ਰਿਹਾ ਹੈ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਵਕਤ ਹਾਊਸ ਦਾ ਨਾ ਲੈਂਦਾ ਹੋਇਆ ਕਿਉਂਕਿ ਮੈਂ ਆਪਣਾ ਵਿਊ ਪੁਆਇੰਟ ਤਾਂ ਦਸ ਦਿੱਤਾ ਹੈ ਹੁਣ ਮੈਂ ਸਿਰਫ ਐਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਥੀਨ ਡੈਮ ਦਾ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ ।

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਜ਼ਰੂਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਿਫੈਂਸ ਪੁਆਇੰਟ ਆਫ਼ ਵਿਊ ਨਾਲ ਵੀ ਇਹ ਬਹੁਤ ਜ਼ਰੂਰੀ ਹੈ ਕਿ ਪੰਜਾਬ ਨੂੰ ਪਾਣੀ ਪੂਰਾ ਮਿਲਣਾ ਚਾਹੀਦਾ ਹੈ । ਜਿਸ ਵਕਤ ਹਮਲਾ ਹੁੰਦਾ ਹੈ, ਸਾਨੂੰ ਇਹ ਹੁੰਦਾ ਹੈ ਕਿ ਡਰੇਨਾਂ ਵਿਚ ਪਾਣੀ ਦਿੱਤਾ ਜਾਵੇ । ਇਸ ਵਾਸਤੇ ਜਦੋਂ ਤਕ ਇਹ ਡੈਮ ਬਣਦਾ ਨਹੀਂ ,ਇਨ੍ਹਾਂ ਡਰੇਨਾਂ ਵਿਚ ਪਾਣੀ ਨਹੀਂ ਛਡਿਆ ਜਾ ਸਕਦਾ । ਇਸ ਵਾਸਤੇ ਡਿਫੈਂਸ ਪੁਆਇੰਟ ਆਫ਼ ਵਿਊ ਨਾਲ ਵੀ ਥੀਨ ਡੈਮ ਦਾ ਪੂਰਾ ਹੋਣਾ ਬਹੁਤ ਜ਼ਰੂਰੀ ਹੈ ਔਰ ਇਸ ਲਈ ਸੈਂਟਰ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਸ ਨੂੰ ਇਹ ਮੰਜ਼ੂਰੀ ਜਲਦੀ ਦੇਣੀ ਚਾਹੀਦੀ ਹੈ ।

ਮਾਸਟਰ ਚੰਦ ਸਿੰਘ (ਸ਼ੇਰਪੁਰ ਐਸ.ਸੀ.): ਡਿਪਟੀ ਸਪੀਕਰ ਸਾਹਿਬ, ਜਿਹੜਾ ਹੁਣ ਮਤਾ ਇਹ ਪਾਸ ਕਰਨ ਲਗੇ ਹਨ ਪਤਾ ਨਹੀਂ 1972 ਤੋਂ ਲੈਕੇ ਹੁਣ ਤੱਕ ਕਿੰਨੇ ਕੁ ਮਤੇ ਇਹ ਪਾਸ ਕਰ ਚੁਕੇ ਹਨ, ਪਰ ਕੋਈ ਅਮਲ ਨਹੀਂ ਹੋਇਆ । ਮੈਂ ਕਹਾਂਗਾ ਕਿ ਜੋ ਵੀ ਮਤਾ ਪਾਸ ਹੋਵੇ ਸਰਕਾਰ ਨੂੰ ਉਸ ਤੇ ਅਮਲ ਕਰਨਾ ਚਾਹੀਦਾ ਹੈ । ਇਹ ਸਾਰਿਆਂ ਨੂੰ ਹੀ ਪਤਾ ਹੈ ਕਿ ਜੇ ਕਿਸਾਨਾਂ ਨੂੰ ਬਿਜਲੀ ਜ਼ਿਆਦਾ ਮਿਲੇਗੀ ਤਾਂ ਖੇਤੀ–ਬਾੜੀ ਚੰਗੀ ਹੋ ਸਕਦੀ ਹੈ, ਪੈਦਾਵਾਰ ਜ਼ਿਆਦਾ ਹੋ ਸਕਦੀ ਹੈ । ਪਰ ਅੱਜ ਹਿੰਦੁਸਤਾਨ ਵਿਚ ਹੀ ਜਿਤਨੇ ਕੰਮ ਹੁੰਦੇ ਸਨ ਸਭ ਬੰਦ ਹੋ ਗਏ ਹਨ ਅਤੇ ਹਜ਼ਾਰਾਂ ਹੀ ਨਹੀਂ ਲੱਖਾਂ ਮਜ਼ਦੂਰ ਬੇਕਾਰ ਹੋ ਗਏ ਹਨ । ਪੰਜਾਬ ਵਿਚ ਤਿੰਨ ਚਾਰ ਥਾਂ ਤੇ ਕੰਮ ਚਲਦਾ ਸੀ ਜਿਹੜਾ ਅਜ ਬਿਲਕੁਲ ਹੀ ਬੰਦ ਹੈ । ਪੌਂਗ ਡੈਮ ਤੇ ਕੰਮ ਬੰਦ ਹੈ ਜੇ ਥੀਨ ਡੈਮ ਦੀ ਮਨਜ਼ੂਰੀ ਹੋ ਜਾਵੇ ਤਾਂ ਪੌਂਗ ਡੈਮ ਮਜ਼ਦੂਰ ਦੇ ਏਥੇ ਲਾਏ ਜਾ ਸਕਦੇ ਹਨ । ਸਰਕਾਰ ਨੂੰ ਥੀਨ ਡੈਮ ਦੀ ਮੰਜ਼ੂਰੀ ਛੇਤੀ ਤੋਂ ਛੇਤੀ ਲੈਣੀ ਚਾਹੀਦੀ ਹੈ । ਜਿਹੜਾ ਇਹ ਕਹਿੰਦੇ ਹਨ ਕਿ ਸੈਂਟਰ ਦੀ ਸਰਕਾਰ ਨੇ ਮੰਜ਼ੂਰੀ ਦੇਣੀ ਹੈ, ਮੈਂ ਕਹਾਂਗਾ ਕਿ ਇਸ ਡੈਮ ਦਾ ਫਾਇਦਾ ਪੰਜਾਬ, ਜੰਮੂ–ਕਸ਼ਮੀਰ ਅਤੇ ਹਿਮਾਚਲ ਨੂੰ ਹੋਣਾ ਹੈ । ਇਹ ਸਾਰੀਆਂ ਥਾਵਾਂ ਤੇ ਕਾਂਗਰਸ ਦੀ ਹੀ ਸਰਕਾਰ ਹੈ, ਕਿਸੇ ਹੋਰ ਦੀ ਸਰਕਾਰ ਨਹੀਂ ਉਨ੍ਹਾਂ ਨੂੰ ਏਥੇ ਛੇਤੀ ਤੋਂ ਛੇਤੀ ਮੰਜ਼ੂਰੀ ਦੇਣੀ ਚਾਹੀਦੀ ਹੈ । ਫੇਰ, ਡਿਪਟੀ ਸਪੀਕਰ ਸਾਹਿਬ, ਬਠਿੰਡੇ ਦਾ ਥਰਮਲ ਪਲਾਂਟ ਜਦੋਂ ਦਾ ਲਗਾ ਹੈ 326 ਵਾਰੀ ਬੰਦ ਹੋਇਆ ਹੈ, ਜਿਸ ਲਈ ਬਿਜਲੀ ਦੀ ਸਾਡੇ ਸੂਬੇ ਵਿਚ ਘਾਟ ਹੈ । ਇਸ ਲਈ ਬਿਜਲੀ ਹਾਸਲ ਕਰਨ ਲਈ ਸਰਕਾਰ ਨੂੰ ਛੇਤੀ ਤੋਂ ਛੇਤੀ ਸੈਂਟਰ ਤੋਂ ਥੀਨ ਡੈਮ ਦੀ ਪਹਿਲਾਂ ਮੰਜ਼ੂਰੀ ਲੈਣੀ ਚਾਹੀਦੀ ਹੈ । ਇਹ ਕਹਿੰਦਾ ਹੋਇਆ, ਮੈਂ ਆਪਣੀ ਸਪੀਚ ਦੀ ਸਮਾਪਤੀ ਕਰਦਾ ਹਾਂ ।

ਚੌਧਰੀ ਕਾਂਸ਼ੀ ਰਾਮ (ਫਾਜ਼ਿਲਕਾ): ਇਹ ਜਿਹੜੀ ਥੀਨ ਡੈਮ ਦੇ ਮੁਤਾਲਿਕ ਰੈਜ਼ੋਲਿਊਸ਼ਨ ਰਾਹੀਂ ਗੱਲ ਚਲਾਈ ਜਾ ਰਹੀ ਹੈ, ਮੈਂ ਅਰਜ਼ ਕਰਾਂਗਾ ਕਿ ਪੰਜਾਬ ਦੀ ਇਕਾਨੋਮੀ ਨੂੰ ਸਟੈਬੇਲਾਈਜ਼ ਕਰਨ ਲਈ ਇਸ ਡੈਮ ਦਾ ਬਣਾਉਣਾ ਨਿਹਾਇਤ ਹੀ ਜ਼ਰੂਰੀ ਹੈ । ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਰਿਸੋਰਸਿਜ਼ ਹੋਣ ਦੇ ਬਾਵਜੂਦ ਵੀ ਪੰਜਾਬ ਨੂੰ ਪੂਰਾ ਫਾਇਦਾ ਨਹੀਂ ਹੋ ਰਿਹਾ ਹੈ । ਪੁਲੀਟੀਕਲ ਝਗੜਾ ਹੋਣ ਦੀ ਵਜ੍ਹਾ ਨਾਲ ਪੰਜਾਬ ਦਾ ਅੱਧਾ ਹਿੱਸਾ ਪਾਕਿਸਤਾਨ ਵਿਚ ਚਲਾ ਗਿਆ ਅਤੇ 5

[ਚੌਧਰੀ ਕਾਂਸ਼ੀ ਰਾਮ]

ਦੀ ਥਾਂ ਅੱਜ ਸਿਰਫ 3 ਦਰਿਆ ਪੰਜਾਬ ਦੀ ਧਰਤੀ ਉਤੋਂ ਦੀ ਬਹਿੰਦੇ ਹਨ । ਜਦੋਂ ਸਾਡੇ ਪਾਕਿ-ਸਤਾਨ ਨਾਲ ਅਛੇ ਤੁਆਲੁਕਾਤ ਸੀ ਤਾਂ ਇਹ ਪੰਡਤ ਜਵਾਹਰ ਲਾਲ ਦੀ ਸੂਝ ਬੂਝ ਦਾ ਨਤੀਜਾ ਹੈ ਕਿ ਸਾਡੇ ਲੀਡਰ ਨੇ ਇੰਡਸ ਵਾਟਰ ਟਰੀਟੀ ਕੀਤੀ, ਜਿਸ ਰਾਹੀਂ ਪਾਕਿਸਤਾਨ ਨੇ ਇਹ ਹੱਕ ਤਸਲੀਮ ਕੀਤਾ ਕਿ ਅਸੀਂ ਸਤਲੁਜ ,ਬਿਆਸ ਅਤੇ ਰਾਵੀ ਦਾ ਪਾਣੀ ਇਸਤੇਮਾਲ ਕਰ ਸਕਦੇ ਹਾਂ । ਇਸ ਟਰੀਟੀ ਅਨੁਸਾਰ 1 ਅਪ੍ਰੈਲ, 70 ਤੱਕ ਡੈਮ ਬਣਾ ਕੇ ਸਾਡੀ ਸਰਕਾਰ ਨੇ ਮੁਕੰਮਲ ਯੂਟੇਲਾਈਜ਼ੇਸ਼ਨ ਕਰਨੀ ਸੀ । ਪਰ ਇਹਦੇ ਬਾਰੇ ਮੈਨੂੰ ਇਕ ਕਹਾਵਤ (ਵਿਘਨ) ਜਦੋਂ ਇਹ ਅਕਾਲੀ ਭਰਾ ਕਹਿੰਦੇ ਹਨ ਕਿ ਸੈਂਟਰ ਦੀ ਸਰਕਾਰ ਸਾਡੇ ਨਾਲ ਠੀਕ ਸਲੂਕ ਨਹੀਂ ਕਰ ਰਹੀ ਤਾਂ ਇਸ ਤਰ੍ਹਾਂ ਮੈਨੂੰ ਕਹਿਣਾ ਪੈਂਦਾ ਹੈ ਕਿ ......(ਵਿਘਨ)

ਸ਼੍ਰੀ ਡਿਪਟੀ ਸਪੀਕਰ : ਕਾਂਸ਼ੀ ਰਾਮ ਜੀ, ਤੁਸੀਂ ਹੋਰ ਕਿਤਨਾ ਟਾਈਮ ਲੈਣਾ ਹੈ ? (How much time will the hon. Member take ?)

ਚੌਧਰੀ ਕਾਂਸ਼ੀ ਰਾਮ : ਮੈਂ 1-2 ਮਿੰਟ ਵਿਚ ਹੀ ਖਤਮ ਕਰ ਦੇਵਾਂਗਾ । ਇਹ ਲੋਕ ਜਿਹੜੇ ਕਹਿੰਦੇ ਹਨ ਕਿ ਸੈਂਟਰ ਦੀ ਸਰਕਾਰ ਨੇ ਸਾਡੇ ਨਾਲ ਵਿਤਕਰਾ ਕੀਤਾ ਹੈ, ਬੇ-ਬੁਨਿਆਦ ਗੱਲ ਹੈ । ਮੈਂ ਅਰਜ਼ ਕਰਾਂ ਕਿ ਇਨ੍ਹਾਂ ਦੀ ਤਾਂ ਉਹ ਗੱਲ ਹੈ ਕਿ ਕੋਈ ਪਿੰਡ ਵਿਚ ਚੱਕੀ ਰਾਹੁਣ ਵਾਲਾ ਗਿਆ। ਕਿਸੇ ਬੁੱਢੀ ਨੇ ਉਸ ਨੂੰ ਚੱਕੀ ਰਾਹੁਣ ਲਈ ਅੰਦਰ ਬੁਲਾ ਲਿਆ । ਉਸ ਦਾ ਨਾਉਂ ਸੀ ਗੋਧੂ । ਬੁੱਢੀ ਕਹਿੰਦੀ ਕਿ ਗੋਧੂ ਮੈਂ ਜ਼ਰਾ ਪਾਣੀ ਦਾ ਘੜਾ ਭਰ ਲਿਆਵਾਂ ਅਤੇ ਤੂੰ ਉਤਨਾ ਚਿਰ ਮੇਰੀ ਚੱਕੀ ਰਾਹ। ਪਰ ਜਦੋਂ ਬੁੱਢੀ ਚਲੀ ਗਈ ਤਾਂ ਗੋਧੂ ਤੋਂ ਰਾਹੁੰਦੇ ਰਾਹੁੰਦੇ ਜ਼ੋਰ ਦੀ ਤੇਸੀ ਲਗੀ ਅਤੇ ਚੱਕੀ ਟੁਟ ਗਈ । ਪਰ ਜਦੋਂ ਉਹ ਡਰ ਕੇ ਉਠਣ ਲਗਾ ਕਿ ਬੁੱਢੀ ਆਕੇ ਮੈਨੂੰ ਗਾਲਾਂ ਨਾ ਕਢੇ, ਤਾਂ ਉਪਰ ਇਕ ਘਿਓ ਦਾ ਕੂਨਾ ਲਟਕਦਾ ਸੀ ਸਿਰ ਲਗਣ ਕਰਕੇ ਨੀਚੇ ਆਇਆ ਅਤੇ ਟੁਟ ਗਿਆ । ਹੁਣ ਤਾਂ ਗੋਧੂ ਦੀ ਜਾਨ ਨੂੰ ਬਣੀ ਪਈ ਬੁੱਢੀ ਕਿਤੇ ਆ ਹੀ ਨਾ ਜਾਵੇ, ਭੱਜ ਕੇ ਬਾਹਰ ਜਾਣ ਲਗਾ। ਪਰ ਘਬਰਾਹਟ ਵਿਚ ਜ਼ੋਰ ਦੀ ਤਖਤੇ ਨਾਲ ਜਾਕੇ ਵਜਾ । ਬਾਹਰ ਬੁਢੀ ਆਉਂਦੀ ਸੀ ਤਖਤਾ ਟੁਟ ਕੇ ਬੁਢੀ ਦੇ ਵਿੱਚ ਵਜਾ, ਬੁਢੀ ਗਿਰ ਗਈ ਅਤੇ ਪਾਣੀ ਦਾ ਘੜਾ ਵੀ ਟੁਟ ਗਿਆ । ਜਦੋਂ ਗੋਧੂ ਦੋੜਨ ਲਗਾ ਤਾਂ ਉਸ ਨੇ ਕਿਹਾ ਕਿ ਜਾਂਦਾ ਕਿਥੇ ਹੈਂ, ਮੈਂ ਤੇਨੂੰ ਇਹ ਘੜੇ ਪਾਸ ਬਠਾ ਕੇ ਰੋ ਲਵਾਂ । ਉਹ ਜਾਂਦਾ ਜਾਂਦਾ ਕਹਿੰਦਾ ਹੈ ਕਿ ਮਾਈ ਇਕ ਘੜੇ ਨੂੰ ਕਿਉਂ ਰੋਂਦੀ ਹੈਂ, ਜਿਉਂ ਜਿਉਂ ਅੰਦਰ ਜਾਵੇਂਗੀ ਤਾਂ ਪਤਾ ਲਗੇਗਾ ਕਿ ਕਿਸ ਕਿਸ ਨੂੰ ਰੋਣਾ ਹੈ। ਮੈਂ ਕਹਿੰਦਾ ਹਾਂ ਕਿ ਇਹ ਸਾਹਮਣੇ ਬੈਠੇ ਗੋਧੂ ਹਨ ਜਿਨ੍ਹਾਂ ਨੇ ਇਹ ਡਿਸਪਿਊਟ ਪੈਦਾ ਕੀਤਾ ਹੈ । ਅੱਜ ਇਹ ਗੋਧੂ ਥੀਨ ਡੈਮ ਨੂੰ ਰੋਂਦੇ ਹਨ, ਕਲ ਨੂੰ ਅਗੇ ਅਗੇ ਵੇਖਣ ਇਨ੍ਹਾਂ ਨਾਲ ਕੀ ਕੀ ਹੋਣਾ ਹੈ । ਇਹ ਸਾਰੇ ਉਸ ਚੱਕੀ ਰਾਹੇ ਗੋਧੂ ਦੀ ਤਰ੍ਹਾਂ ਹਨ, ਜਿਹੜੇ ਆਪ ਝਗੜਾ ਛੇੜਨ ਵਾਲੇ ਹਨ ਅਤੇ ਨਾਂ ਲਾਉਂਦੇ ਹਨ ਸੈਂਟਰ ਦੀ ਸਰਕਾਰ ਦਾ ।

Mr. Deputy Speaker : The House stands adjourned till 2.00 P. M. on Monday, the 20th January, 1975.

1.40 P.M. *(The Sabha then adjourned till 2.00 P. M. on Monday, the 20th January, 1975.)*

APPENDIX

TO

PUNJAB VIDHAN SABHA DEBATES

Dated 16th January, 1975

Vol. I—No. 7

1973 ਅਤੇ 1974 ਦੇ ਦੌਰਾਨ ਵਿਅਕਤੀਆਂ/ਪ੍ਰਾਈਵੇਟ ਕੰਪਨੀਆਂ ਨੂੰ ਸਵਾਰੀ ਟ੍ਰਾਂਸਪੋਰਟ ਲਈ ਦਿੱਤੇ ਗਏ ਰੂਟ ਪਰਮਿਟ

*3007. **ਕਾਮਰੇਡ ਅੱਛਰਾ ਸਿੰਘ**
ਕਾਮਰੇਡ ਸੱਤ ਪਾਲ ਡਾਂਗ } : ਕੀ ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਉਨ੍ਹਾਂ ਵਿਅਕਤੀਆਂ, ਪ੍ਰਾਈਵੇਟ ਕੰਪਨੀਆਂ ਆਦਿ ਦੇ ਨਾਂ ਅਤੇ ਪਤੇ ਕੀ ਕੀ ਹਨ ਜਿਨ੍ਹਾਂ ਨੂੰ ਸਾਲ 1973 ਅਤੇ 1974 ਦੇ ਦੌਰਾਨ, ਪ੍ਰਾਈਵੇਟ ਸਵਾਰੀ ਟ੍ਰਾਂਸਪੋਰਟ ਚਲਾਉਣ ਲਈ ਰੂਟ ਪਰਮਿਟ ਦਿੱਤੇ ਗਏ ਸਨ;

(ਅ) ਉਕਤ ਰੂਟ ਪਰਮਿਟਾਂ ਦਾ ਵੇਰਵਾ ਕੀ ਹੈ ਅਤੇ ਹਰ ਇਕ ਕੇਸ ਵਿਚ ਇਹ ਕਿਨ੍ਹਾਂ ਤਰੀਕਾਂ ਨੂੰ ਜਾਰੀ ਕੀਤੇ ਗਏ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) ਅਤੇ (ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ANNEXURE 'A'

Jullundur Region

A list showing the names of the Companies/Societies alongwith the details of routes sanctioned from January, 1973 to December, 1974.

Sr. No.	Name of the Company	Route	Single Length of the route. Miles.	No. of permits	No. of Daily R/Ts.	Total daily Mileage	Date of issue
1.	2.	3	4	5	6	7	8
1.	Delight Transporters, Gurdaspur	Batala-Chona Via Ranger Nangal	12	1	3	72	27-3-73
2.	Ditto	Batala-Sri Hargobindpur	29	1	1	58	26-5-73

1	2	3	4	5	6	7	8
3.	Delight Transporters, Gurdaspur	Batala-Kahnuan-Gurdaspur	30	1	1	30	23-8-73
4	Ditto	Batala-Qadian	12	1	1	24	27-7-73
5.	Ditto	Gurdaspur-Behram	12	1	2	48 —— 232	Sanctioned on 11th September, 1974 but not obtained so far.
1	Dasmesh Trpt. Co., Ludhiana	Ludhiana-Bilaspur	25	1	2	100	3-1-73
1.	Public Roadways, Hoshiar pur.	Hoshiarpur-Kapurthala Via Adampur Alawalpur	32	1	1	64	15-1-73
2.	Ditto	Moranwali-Nawanshehr	14	1	3	84	28-6-73
3.	Ditto	Hoshiarpur-Budhawar	43	1	1	86	30-5-73
4.	Ditto	Hoshiarpur-Jullundur	28	1	1	56 —— 290	22-1-74
1.	Sewak Bus & Trpt. Co; Moga	Raunta-Jagraon via Jawaharsinghwala	30	1	1	60	14-3-73
2.	Ditto	Moga-Rampura Phul	56	1	1	112	27-9-74
3.	Ditto	Dina-Jagraon Via Nihalsingh wala	37	1	1	74	8-11-74
1.	New Janta Bus Service, Batala	Gurdaspur-Batala via Udhowal.	39	1	1	78	16-5-73
1.	New Jhang Trpt. Co., Batala	Gurdaspur-Batala via Udhowal	39	1	1	78	18-7-73
1.	Amritsar Pathankot Bus Service, Amritsar	Amritsar-Pathankot	67	1	1	134	14-3-73
2.	Ditto	Sultanpur-Amritsar	60	1	1	120 —— 254	5-11-74
1.	Gulmarg.Trpt. Co., Pathankot	Amritsar-Pathankot	67	1	1	134	11-4-73

1	2	3	4	5	6	7	8
1.	Suraj Bus Service, Amritsar	Amritsar Dhianpur via Sangatpur	25	1	1	50	13-3-73
2.	Ditto	Amritsar-Hargobindpur via Mehta	38	2	2	152	11-3-74
						202	
1.	Randhawa Transport Co; Amritsar	Amritsar-Jalalusman via Rayya	28	1	1	56	21-3-73
1.	Malwa Bus Service, Moga	Ferozepur Kishan pur	50	1	1	100	27-3-73
2.	Ditto	Hoshiapur-Ferozepur	108	1	1	216	21-9-73
3.	Ditto	Moga-Dagru-Chhotaghar	20	1	1	40	10-10-73
4.	Ditto	Khalra-Ferozepur	77	1	1	154	12-11-74
						510	
1.	Nirbhai Roadways, Ludhiana	Ludhiana-Faridkot	80	2	2	320	5-4-73
2.	Ditto	Ludhiana-Nihalsinghwala	65	1	1	130	28-9-73
						450	
1.	Kartar Bus Service Jullundur	Jullundur-Jandiala via Samrai	16	1	1	32	18-6-73
2.	Ditto	Gidderpindi-Zira	27	1	1	54	22-1-74
3.	Ditto	Malout-Muktsar-Jullundur	132	2	1	264	3-6-74
4.	Ditto	Mukatsar-Jullundur	110	2	1	220	3-7-74
1.	New Sutlej Trpt. Co; Jullundur	Rahon-Ludhiana.	22	2	2	88	27-4-73
2.	Ditto	Jullundur-Masanian via Goraya.	28	1	1	56	23-6-73
3	Ditto	Jullundur-Batala via Kapurthala	52	1	1	104	30-5-74
4.	Ditto	Thein Dam-Batala via Kapurthala.	52	1	1	104	30-5-74
5.	Ditto	Kapurthala-Batala via Sultanpur.	40	1	1	80	19-9-74
y.	Ditto	Jullundur-Ludhiana (Night Service)	37	3	3	222	19-6-74

1	2	3	4	5	6	7	8
7.	New Sutlej Trpt. Co., Jullundur	Nawanshehr-Ludhiana	31	1	1	62	14-10-74
						716	
1.	Azad Nakodar. Bus Service, Julludur	Jullundur—Nakodar via. Cantt.	20	1	1	40	26-6-73
2.	Ditto	Kapurthala-Ludhiana via Kala Singhian	52	1	1	104	28-9-73
3.	Ditto	Muktsar-Gidderpindi	26	1	1	52	28-1-74
4.	Ditto	Nakodar-Amritsar	67	1	1	134	5-11-74
						330	
1.	Rohtak District Trpt. Coop. Scy., Amritsar	Pathankot-Jandwal	39	1	1	78..	30-5-73
2.	Ditto	Amritsar-Talwara via Hajipur	100	1	1	200	8-2-74
3.	Ditto	Amritsar-Anandpur- Sahib	125	2	1	250	1-7-74
4.	Ditto	Muktsar-Amritsar	115	2	1	230	20-10-74
						758	
1.	Onkar Bus Service Jullundur	Jullundur - Phagwara	14	1	1	28	9-7-73
2.	Ditto	Jullundur-Garhshanker	36	1	1	72	12-10-73
3.	Ditto	Nawanshehr-Garhshanker via Simbly	12	1	1	24	11-2-74
4.	Ditto	Jullundur-Rurki Khas	40	1	1	80	19-6-74
						204	
1.	Amritsar Frontier Trpt. Scy., Amritsar	Amritsar-Attari via Golwar.	35	1	1	70	2-3-73
2.	Ditto	Tarn Taran-Attari	27	1	1	54	21-3-73
						124	
1.	Azad Trpt. Coop. Scy., Amritsar	Tarn Taran-Attari via Golwarkot	27	1	1	54	15-9-73
2.	Ditto	Amritsar-Majitha	12	1	2	48	26-6-73
						102	

1	2	3	4	5	6	7	8
1.	New United Trpt. Co; Amritsar	Amritsar-Butari	22	1	1	44	17-9-73
2.	Ditto	Pathankot-Thein Dam	25	1	1	50 — 94	(Sanctioned but not obtained.)
.1	Nishat & Malwa Bus Service. Amritsar	Pathankot Dunera-Thein Dam	25	1	1	50	11-12-73
2.	Ditto	Gurdaspur Kalanaur.	12	1	2	48 — 98	29-1-74
1.	Distt.Trpt. Coop. Scy., Amritsar	Amritsar-Karial via Othian	19	1	2	76	8-8-74
2.	Ditto	Amritsar-Aiam Pur via E.G. Churian	18	1	1	36	9-8-74
3.	Ditto	F.G.Churian-Chugawan via Harsa Chhiana	22	1	1	44	8-8-74
4.	Ditto	Amritsar-Majitha	12	1	2	48	25-6-74
5.	Ditto	Amritsar-Dullarwal-Ajnala	28	1	1	56 — 260	13-11-73
1.	New Piar Bus Service, Amritsar	Amritsrar-Jlal Usman via Rayya	28	1	1	56	1-8-73
2.	Ditto	Rayya-Tarn-Taran via Ghasitpur	28	1	1	56	5-3-74
3.	Ditto	Jandiala-Pul Dhaar	15	1	1	30 — 142	
1.	New Midh Bhabra. Trpt. Co., Batala	Batala-Kahnuwan-Gurdaspur	30	1	1	60	14.3.73
1.	New Majha Transport Coop. Scy., Amritsar	Amritsar-Attari-Golwar	35	1	2	140	28.9.73
2.	Ditto	Amritsar-Talwandi Sobha Singh	40	1	1	80	20.12.73
3.	Ditto	Khemkaran-Ludhiana	118	1	½	118	16.4.73
4.	Ditto	Khemkaran-Amritsar	40	1	1	80	22.5.74
5.	Ditto	Amritsar Rajoke	51	2	2	204	26.9.74

1	2	3	4	5	6	7	8
6.	New Majha Transport Coop. Scy., Amritsar	Ferozepur-Khem Karan	80	1	1	160	15.11.74
						782	
1.	Ludhiana Trpt. Co.,Ludhiana	Jagron-Halwara via.Dehlon	16	1	1	32	7.9.73
2.	Ditto	Jagraon-Ahmedgarh via Dehlon	28	1	1	56	26.4.74
						88	
1.	Deol Transport Co.,Ludhiana	Jagraon-Halwara via Dehlon	16	1	1	32	5.9.73
2.	Ditto	Jagraon-Ahmedgarh, via Dehlon	28	1	1	56	26.4.74
						88	
1.	Pritam Bus Service Jullundur	Pathankot-Mukatsar	175	1	½	175	22.9.73
1.	Jullundur-Trpt. Coop.Scy Jullundur	Pathankot-Mukatsar	175	1	½	175	6.9.74
1.	Hoshiarpur Doaba Tpt.Co., Hoshiarpur	Hoshiarpur-Faridkot	110	1	½	110	5.2.74
2.	Ditto	Hoshiarpur-Jullundur	28	1	1	56	24.9.73
3.	Ditto	Hoshiarpur-Mehngowal	15	1	1	30	Surrendered
4.	Ditto	Jullundur-Gharial	21	1	½	21	7.11.73
						217	
1.	Doaba Roadways Hoshiarpur	Hoshiarpur-Faridkot	110	1	½	110	5.2.74
2.	Ditto	Hoshiarpur-Jullundur	28	1	1	56	24.9.73
3.	Ditto	Hoshiarpur-Mehgnowal	15	1	1	30	Surrendered
4.	Ditto	Jullundur-Gharial	21	1	½	21	7.11.73
						217	
1.	Akal Tpt. Co., Ludhiana	Ludhiana- Kishanpura via Bhundri	35	1	1	70	25.9.73
2.	Ditto	Ludhiana-Nihalsingh wala	65	1	1	130	28.9.74
3.	Ditto	Jagron-D.kot. via S.Bet	28	1	1	56	8.11.73
						256	
1.	Fazilka Dabwali Tpt.Co.,Abohar	Ferozepur-Abohar via Panniwala	35	1	1	70	4.5.74
2.	Ditto	Ludhiana-Moga-Mukatsar	97	2	1	194	29.4.74

1	2	3	4	5	6	7	8
3.	Fazilka-Dabwali Tpt. Co., Abohar	Abohar-Mukatsar via Panniwala	35	1	1	70	4.5.74
4.	Ditto	Abohar-Malout	20	1	1	40	4.5.74
						374	
1.	Hargobind Bus Service, Jaitu	Gidderbaha-Jaitu via Dhoor kot	30	1	1	60	24.9.73
1	Malout Tpt.Co. Malout	Gidderbaha-Jaitu via Dhoor kot	30	1	1	60	3.10.73
2.	Ditto	Gidderbaha-Millan	20	1	1	40	3.10.73
						100	
[illegible]	Jullundur-Mahalaxmi Tpt. Society, Hoshiarpur	Mangowal-Jullundur	37	1	1	74	27.9.73
1.	Hoshiarpur Express Tpt. Co. Hoshiarpur	Hoshiarpur-Mahil pur-Bassi-Kalan	18	1	2	72	1.10.73
2.	Ditto	Hoshiarpur-Nawanshehr	40	1	1	80	15.10.74
3.	Ditto	H.Pur-Bham	15	1	1	30	5.11.74
4.	Ditto	Hoshiarpur Jullowal	[illegible]	1	2	48	14.6.74
5.	Ditto	Garshanker-Chankoya	[illegible]	1	1	22	7.7.74
						252	
1.	Prince Bus & Tpt. Co. Kapurthala	Kapurthala-Ludhiana via Kalasanghian	53	1	[illegible]	106	[illegible]
2.	Ditto	Kapurthala-PKT via-Subhanpur	80	1		60	12.11.74
3.	Ditto	Kapurthala-Batala via Subhan pur	40	1	[illegible]	80	18.5.74
						346	
1	Preet Bus Service Sunam	Ludhiana-Sangrur via Malerkotla	48	[illegible]	½	48	26.9.73
1	Pal Bus Services Sangrur	Ludhiana-Sangrur via Malerkotla	48	1	½	48	26.9.73
1.	Ambala Bus Syndicate Rupar	Hoshiarpur-Chandigarh	81	1	1	162	19.10.73
	Deluxe Coop. Society, Jullundur	Jullundur-Moranwali via Banga	34	1	1	68	27.11.73

1	2	3	4	5	6	7	8
2.	Deluxe Coop. Society Jullundur	Jullundur-Dharam-kot	37	1	1	74	31.5.74
						142	
1.	People Bus Service, Mukatsar	Mukatsar-F.kot. via Kot Kapura	50	1	2	200	6.12.73
2.	Ditto	Dabwali-F.kot. via Mukatsar	67	1	1	134	5.6.74
						334	
1.	Green Road-ways. Faridkot	Muktsar-F.kot. via Kotkapura	50	1	2	200	6.12.73
2.	Ditto	Amritsar-Bhatinda	119	1	½	119	5.11.74
						319	
1.	Raj Transport Co., Amritsar	Amritsar-Tarn Taran via Nurdi	18	1	2	72	21.12.73
2.	Ditto	Amritsar-Bhatinda	119	1	½	119	4.11.74
3.	Ditto	Amritsar-Jhabal	10	1	1	20	21.10.73
						211	
1.	New Suraj Tpt. Co., Amritsar	ASR-Talwandi Soba Singh	40	1	1	80	14.10.74
2.	Ditto	Gurdaspur-PKT	20	1	1	40	14.10.74
						120	
1.	Abohar Bhawalpur Pursharthi Socy., Abohar	Abohar-Shergarh	21	1	1	42	14.1.74
2.	Lahore Sargodha Tpt.Co., Malout	Giddarbaha-Millan via Bhillana	20	1	1	40	3.10.73
3.	Ditto	Muktsar-Malout via Tamkot	25	1	½	75	12.6.74
						115	
1.	Dabwali Tpt.Co., Bhatinda	Gidderbaha-Millan via Bhilliana	20	1	1	40	27.9.73
2.	Ditto	Gidderbaha-Bhundar	15	2	4	120	19.11.74
						160	
1.	Punjab Tpt. Co. Socy., Amritsar	Rayya-Tarn Taran via Ghasitpur	28	1	1	56	11.2.74
2.	Ditto	Tarantaran-Sukhera via Mughal Chak	8	1	1	16	11.2.74
3.	Ditto	T.Taran. D. Kasel	16	1	1	32	11.2.74
4.	Ditto	Jandiala-Pul Dharar	15	1	1	30	11.2.74
						134	

1	2	3	4	5	6	7	8
1.	Modern Deluxe Coop.Tpt. Socty. Amritsar.	Tarn Taran-Sukkera via Mughal Chak	8	1	1	16	25.2.74
2.	Ditto	Tarantaran-D,Kasel	16	1	1	32	25.2.74
3.	Ditto	Jandiala-Pul. Dharar	15	1	1	30	25.2.74
						78	
1.	Ex-Servicemen Coop. Tpt. Society, Rupar	Rupar-Lodhi Majra-Ghanauli	46	1	1	92	5.4.7.4
1	Rupar Ex-Service & Central Co., Rupar	Rupar-Lodhi Majra-Ghanauli.	46	1	1	92	5.4.74
1.	Shakti Coop. Tpt. Society, Malout	Malout-Sardarpura	19	1	1	38	8.2.74
1.	Hoshiarpur National Tpt. Hoshiarpur	Dasuya-Makkowal	13	1	1	26	25.1.74
2.	Ditto	KPT-Pathankot via Subhanpur	80	1	½	80	16.11.74
3.	Ditto	Mukerian-Dharampur Devi	25	1	½	25	21.10.74
						131	
1.	Hoshiarpur Azad Tpt.Co., Hoshiarpur	Dasuya-Mokkowal	13	1	1	26	25.1.74
2.	Ditto	KPT-Pathankot via SubhanPur	80..	1	½	80	16.11.74
3.	Ditto	Mukerian-Dharampur Devi	25	1	½	25	21.10.74
						131	
1.	Navdip Tpt. Co., Amritsar	Tarn Taran-Sursinghwala	22	2	2	88	13.7.74
1.	Suraj Bus Service Asr.	Amritsar-Srihargobindpur via Mehta	38	2	2	152	11.3.74
2.	Ditto	Amritsar-Ranian	27	1	1	54	13.4.73.
						206	
1.	Samundri Roadways Ferozepur	Ferozpur-Muktsat via Sadiq	35	1	2	140	7.2.74
2.	Ditto	Dabwali- Fardikot via Malout-Muktsar	67	1	1	134	5.6.74
						174	
1.	Zimindara Tpt. Co.Ludhiana	Ludhiana- Khanna	26	1	1	52	16.4.74

1	2	3	4	5	6	7	8
1.	Ferozpur-Border Tpt.-Co.Ferozepur	Abohar Muktsar via Panniwala	35	2	2	140	15.5.74
1	Jai Tpt. Co., Abohar	Abohar- Muktsar via Panniwala	35	1	1	70	13.5.74
1.	New Freozepur Fazilka Tpt. Co. Abohar	Abohar- Malout.	20	1	2	80	4.5.74
1.	Guru Nanak Coop. Society, Muktsar	Mukatsar- Surewala	18	1	2	72	16.4.74
1.	Punjab S.B.C.Coop. Society,Ludhiana	Ludhiana-Raikot via Talwandi	27	1	1	54	11.7.74
1.	Nirankar Tpt. Co., Raikot	Ludhiana-Raikot via Talwandi	27	2	2	108	11.7.74
1.	Sharanarthi Coop Tpt. Society, Abohar	Muktsar -Malout via Tamkot	25	1	1½	75	24.6.74
1.	Workers Tpt. Co., Abohar	Muktsar-Malout via Tamkot	25	1	1	50	24.6.74
1.	Ex-servicemen Coop. Tpt. Society, Kapurthala	Kapurthala-Moga via Makhu	80	1	1	160	25.9.74
1.	New Fatehgarh Sirhand Bus Tpt. Sirhind.	Fatehgarh-Sahib-Amritsar-Jagraon	120	2	1	240	26.9.74
1.	Highway Coop. Tpt. Society., Moga	Dina-via Nihal singhwala	37	1	1	74	5.11.74
1.	Pritam Singh Kuka Bus Service Ludhiana	Ludhiana-Talvan	23	1	1	46	20.11.74
1.	Libra Bus Service, Malerkotla	Ludhiana-Sangrur	48	1	½	48	4.11 74

ANNEXURE 'B'

Patiala Region

S. No.	Name of the Company/Society and address	Name of route	Name of permits trips	No. of return	Date of grant
1	2	3	4	5	6
1.	Punjab Bus Service Regd.,Mansa	Maur- Peeron	1	1	9.1.73
2.	Bir Bus Service Regd., Patiala	Patiala-Nabha via Chano	2	3	9.1.73
3.	Guru Nanak Bus Service Regd., Bhadaur	Extension of Bhadaur Phool up to Rampura	1	2	9.1.73
4.	Prem Tpt. Coop. Society Ltd.,Bhadaur	Ditto	1	2	9.1.73

1	2	3	4	5	6
5.	Ambala Bus syndicate P.Ltd.Rupar.	Anandpur Sahib Nangal via Bhullan.	1	2	10.1.73.
6.	Ambala Bus syndicate P.Ltd. Rupar.	Rupar- Nangal via Bhullan Nurpurbedi.	1	1	25.1.73.
7.	Mallowal Bus Service Regd, Patiala.	Patiala -Mallewal via Bakshiwala.	1	1	5.3.73.
8.	Patiala Bus & General Transporters P. Ltd. Patiala now Patiala Bus Highways P.Ltd.Patiala.	Ditto	1	1	5.3.73
9.	Kotkapura Bus Service P.Ltd. Kotkapura.	Extension of Moga-Kotkapura route up to Faridkot.	1	3	12.3.73.
10.	Pepsu Tpt. Co. P. Ltd. Kotkapura.	Ditto	1	1	12.3.73.
11.	Garg.Tpt. Coop. Society ,Samana.	Sangrur-Mehlan Nagra- Gharachon Bhawanigarh.	1	1	31.3.73.
12.	Sardar Bus service Regd., Sangrur.	Ditto	1	1	31.3.73.
13.	National Tpt. & Engg. Co.P.Ltd. Patiala.	Patiala -Samana via Chano.	1	1	3.4.73.
14.	Dabwali Tpt. Co. Ltd. Bhatinda.	Bhatinda -Abohar via Badal.	1	1	18.5.73.
15.	Ambala Bus syndicate P.Ltd.Rupar.	Ropar-Nurpurbedi via Abiyana.	1	1	3.5.73.
16.	Ambala Bus syndicate P.Ltd. Rupar.	Extension of Kharar Morinda Bela route upto Behrampur.	1	2	3.5.73.
17.	Ex-servicemen Motor Tpt. Coop. Socy. Ltd. Rupar.	Rupar-Rajpura.via Kharar. Banaur.	1	2	3.5.73.
18.	Dashmesh Tpt. Co. P. Ltd. Ludhiana	Malerkotla-Ludhiana.	1	1	27.6.73.
19.	New Sutlej Tpt. Co. P.Ltd. Jullundur.	Sangrur- Hoshiarpur Via Ludhiana.	2	1	27.6.73.
20.	Hem Kund Bus service P.Ltd. Bhatinda.	Bhatinda-Faridkot via Chand Bhan Jaitu.	1	1	13.8.73.
21.	Raj Motors Regd., Barnala.	Barnala -Rampura New Road Sehna.	1	1	17.8.73.
22.	Prem Coop. Tpt. Society Ltd. Bhadaur.	Ditto	1	1	17.8.73.

1	2	3	4	5	6
23.	Ambala Bus Syndicate P.Ltd. Rupar.	Nangal -Ludhiana (increase in trip from one to two.)	without	Milege.	10.7.73.
24.	Ditto	Nangal-Takhatgarh.	1	1	17.8.73.
25.	Ditto	Rupar- Thakhatgarh.	1	1	17.8.73.
26.	Malwa Tpt. Co. P. Ltd., Barnala.	Extension of Barnala-Chak bhaika route upto Raikot via Nathowal.	1	¾	17.8.73
27.	Sandhu Bus service Regd. Barnala.	Ditto	1	¾	17.8.73.
28.	Raikot Bus Service Regd., Raikot.	Ditto	1	1½	17.8.73
29.	Cheema Bus Regd. Bhadaur.	Extension of Bhatinda-Bhadaur up to Barnala.	1	1	17.8.73.
30.	Baba Bus service Regd., Patiala.	Extension of Patiala-Balbera route upto Samana.	1	2	17.8.73.
31.	Partap Road-ways Regd.Patiala.	Ditto	1	2	17.8.73.
32.	Bir Bus service Regd., Patiala.	Ditto	1	2	17.8.73.
33.	Malwa Tpt Co. P. Ltd. Barnala.	Extension of Barnala-Thikriwala route up to Gehian.	1	2	17.8.73.
34.	Hira Bus service Regd. Amloh	Extension of Nabha-Gobindgarh route upto Khanna.	1	1	17.8.73.
35.	Ambala Bus Syndicate P.Ltd. Rupar.	Extension of Rupar Rajpura via Kharar Banaur up to Patiala.	1 (Operation stopped on the extended portion on 22.1.74. vide High Court decision.)	2	17.8.73.
36.	Hargobind Bus Service regd. Jaitu.	Jaitu-Muktsar via Doda-Mallan.	1	1	21.9.73.
37.	Malout Tpt. Co. P. Ltd. Malaout.	Ditto	1	1	21.9.73.
38.	Lok Sewak Bus Service P. Ltd., Sirhind	Rajpura-Kharar via. Manakpur Saneta-Landran	1	1	21-9-73
39.	Prem Coop. Tpt. Society Ltd., Bhadaur	Jaiti-Pakho Kanchianal route extended upto Barnala	1	1	21-9-73
40.	Sant Chita Nand Gaushala Aklia	Tapa-Bhikhi via Rurke	1	2	21-9-73
41.	Ditto	Extension of Bhadaur-Tapa route upto Barnala	1	3	21-9-73

1	2	3	4	5	6
42.	Lok Sewak Bus Service (P) Ltd., Sirhind	Handesra -Dera Bassi via Jeola, Jeola Kalan	1	1	13-12-73
43.	Ditto	Handesra-Dakauli via Lalru	1	1	13-12-73
44.	Ditto	Extension of Rajpura-Dera Bassi upto vill. Chandiala	1	1	13-12-73
45.	The Ambala Bus Syndicate (P) Ltd. Rupar	Handesra-Dakauli via Lalru	1	1	13-12-73
46.	Ditto	Handesra-Dera Bassi via Jeola, Jeola-Kalan	1	1	13-12-73
47.	Lehra Bus Service Regd., Patran	Sunam-Khadial - Rotailan-Patran	1	4	14-12-73
48.	Ditto	Extension of Patran-Lehra route upto Kulrain via Kishan-garh Bareta	1	2	14-12-73
49.	Hind Motors Regd. Barnala	Extension of Sangrur-Sehna route upto Bahadaur	1	1	13/14-12-73
50.	Indra Bus Service Regd., Barnala	Ditto	2	2	13/14-12-73
51.	The Karamgarh Transport Coop. Society Ltd. Bhadaur	Extension of Bhatinda Bhadaur route upto Barnala	1	1	13/14-12-73
52.	The Shere Punjab Transport Co. Regd., Patiala	Increase of trip on Patiala-Sunam route	1	1 from 1/2 to 1	13/14-12-73
53.	The Ambala Bus Syndicate (P) Ltd., Rupar	Extension of Nangal-Khanpur Khui upto Garhshankar	1	1	13/14-12-73
54.	Ditto	Extension of Chandi-garh-Landran route upto Manakpur	1	2	13/14-12-73
55.	Ditto	Extension of Ropar-Kurali route upto Gurangon	1	2	13/14-12-73
56.	Green Roadways P. Ltd. Faridkot	Bhatinda-Faridkot via Chand Bhan Jaitu	1	1	29-1-74
57.	Hargobind Bus Service Regd., Jaitu	Bhagta-Baghapurana	1	1	8-2-74
58.	Kotkapura Bus Service P. Ltd., Kotkapura	Moga-Rampura Phool	1	1	8-2-74

1	2	3	4	5	6
59.	Patiala Bus Sirhind P.Ltd. Sirhind	Extension of Patiala-Bassi route upto Morinda	1	2	11-2-74
60.	Sirhind Khanna Transporters P.Ltd. Sirhind	Ditto	1	2	11-2-74
61.	Ditto	Rajpura-Kharar via. Serai Banjara-Bhagrana-Ch uni	1	1	11-2-74
62.	Patiala Bus Sirhind P. Ltd., Sirhind	Patiala-Kharar via Serai Banjara- Chuni Landran	1	1	11-2-74
63.	Lok Sewak Bus, Service P. Ltd., Sirhind	Rajpura -Bassi - Pathana via Serai Banjara-Bhagrana Chuni-Badala Alasingh	1	1	11-2-74
64.	Public Bus Service P. Ltd. Sirhind	Ditto	1	1	11-2-74
65.	Patiala Bus Sirhind P. Ltd. Sirhind	Ballianwali-Bhatinda via Harkishanpura-Garhi	1	1	11-2-74
66.	Patiala Bus and General Transporters Ltd. Patiala now Sandeep Bus Service P. Ltd., Mansa	Ballianwali-Bhatinda via Harkishanpura Garhi	1	1	11-2-74
67.	Mansahia Tpt. Co. P. Ltd., Mansa	Ditto	1	1	11-2-74
68.	Ambala Bus Syndicate P. Ltd. Rupar	Kharar-Chandigarh	1	3	9/10-5-74
69.	Baba Bus Service Regd., Patiala	Patiala-Maggar via Masingan-Faridkot	1	1	9/10-5-74
70.	Bir Bus Service Regd., Patiala	Ditto	1	1	9/10-5-74
71.	Shere Punjab Tpt. Co. P. Ltd., Patiala	Extension of Patiala-Sunam upto Gandua	1	1	9/10-5-74
72.	Sardar Bus Service Regd., Sangrur	Samana-Sangrur via Premsingh wala-Shafipur	1	1	9/10-5-74
73.	Pal Bus Service Regd., Sangrur	Samana-Sunam via Kularan-Bhawanigarh	1	1	9/10-5-74
74.	Prem Coop. Tpt. Socy. Ltd., Bhadaur	Extension of Jaitu-Bhadaur route upto Barnala	1	2	9/10-5-74
75.	Hira Bus Service Regd. Amloh	Extension of Jaitu-Bhadaur route upto Barnala	1	2	9/10-5-74
76.	Ludhiana Bus Service Regd., Nabha	Ditto	6	6	9/10-5-74

1	2	3	4	5	6
77.	Amloh Bus Service Regd., Gobindgarh	Extension of Nabha-Khanna route upto Samrala	5	5	9/10-5-74
78.	Gobindgarh Roadways Regd., Gobindgarh	Ditto	4	4	9/10-5-74
79.	Nabha Tpt. Co. P. Ltd., Nabha	Extension of Nabha-Khanna route upto Samrala via Bhari	8	8	9/10-5-74
80.	Indra Bus Service Regd., Barnala	Extension of Barnala-Raikot-Ahmedgarh route upto Payal	1	2	9/10-5-74
81.	New Fatehgarh Sahib Bus Transport P. Ltd., Sirhind	Bassi-Pathana-Malerkotla via Mullanpur-Sounda Head Amloh Rauni	1	1	23-7-74
82.	Lehra Bus Service Regd., Patran	Samana -Sunam via Prensinghwala Shafipur Dirba Kaurian	1	1	22-7-74
83.	Randhawa Tpt. Service Regd., Sangrur	Ditto	1	1	22-7-74
84.	Sirhind -Khanna Transporters P.Ltd. Sirhind	Bassi Pathana-Malerkotla via Sirhind-Bhamarsi	1	1	22-8-74
85.	Ex-Servicemen Motor Tpt. Coop. Socy. Ltd. Rupar	Rupar-Nangal via Lodhi Majra	1	1	22-7-74
86.	Hargobind Bus Service Regd., Jaitu	Faridkot-Muktsar via Jaitu Malan doda (Guru Gobind Singh Marg)	1	1	3-9-74
87.	People Bus Service P. Ltd., Faridkot	Faridkot-Muktsar via Jaitu-Malla doda (Guru Gobind Singh Ji Marg)	1	1	3-9-74
88.	Dabwali Tpt. Co. P. Ltd. Bhatinda	Bhatinda-Talwandi via Jangiarana (G. G. Singh Marg)	1	1	8-10-74
89.	Dhillon Roadways Regd., Mansa	Ditto	1	1	8-10-74
90.	Kamal Bus Service Regd. Sunam	Sunam-Bareta via Bakhshiwala	1	1	15-10-74
91.	Lok Sewak Bus Service P. Ltd., Sirhind	Rajpura-Shamboo via Thuhi	1	2	15-10-74
92.	Patiala Bus and General Transporters P. Ltd. Patiala	Sangrur-Khanauri via Upli Sunam	1	1	15-10-74
93.	Lahore Sargodha Tpt. Co. P. Ltd., Malout	Muktsar-Bhatinda via Rupana Bhunder (G.G. Singh Marg)	1	1	8-10-74

1	2	3	4	5	6
94.	Ferozepur Border Tpt. Co. Regd., Ferozepur	Muktsar-Bhatinda via Rupana Bhunder (G. G. Marg.)	1	1/2	8-10-74
95.	Samundri Roadways Regd., Ferozepur	Ditto	1	1/2	8-10-74
96.	Sewak Bus & Tpt. Co. P. Ltd. Moga	Barnala-Moga via Bakhsiwala	1	1	14-10-74
97.	New Sutlej Tpt. Co. P. Ltd. Jullundur	Sangrur-Gurdaspur via Dhuri Malerkotla-Ludhiana	2	1	14-10-74
98.	Ambala Bus Syndicate P. Ltd. Rupar	Kharar-Kurali-Gharuan	1	1	15-10-74
99.	Preet Bus Service P. Ltd., Sunam	Sangrur-Khanauri via Upli Sunam	1	1	15-10-74
100.	Sangrur Progressive Workers Coop. Society, Sangrur	Extension of Sangrur-Cheema route upto Fatehgarh	4	3	15-10-74
101.	Pal Bus Service Regd., Sangrur	Extension of Sangrur-Fatehgarh upto Lehra	1	3	15-10-74
102.	Ditto	Extension of Sangrur-Cheema upto Fatehgarh	1	3	15-10-74
103.	Hargobind Bus Service Regd. Jaitu	Extension of Mukatsar Bhagta Route upto Bagha-purana	1	2	15-10-74

ਰਾਜ ਵਿਚ ਭੂਮੀਹੀਣ ਅਤੇ ਛੋਟੇ ਕਿਸਾਨਾਂ ਨੂੰ ਮੁੜ-ਵਸਾਉਣ ਲਈ ਸਕੀਮਾਂ

*2984. **ਸ੍ਰੀ ਸਰਦਾਰੀ ਲਾਲ ਕਪੂਰ :** ਕੀ ਮਾਲ ਅਤੇ ਚੋਣਾਂ ਬਾਰੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) 1, ਐਪਰਲ, 1972 ਤੋਂ ਅੱਜ ਤੱਕ ਦੇ ਸਮੇਂ ਦੇ ਦੌਰਾਨ ਰਾਜ ਦੇ ਭੂਮੀਹੀਣ ਅਤੇ ਛੋਟੇ ਕਿਸਾਨਾਂ ਨੂੰ ਮੁੜ–ਵਸਾਉਣ ਲਈ ਸਰਕਾਰ ਦੁਆਰਾ ਲਾਗੂ ਕੀਤੀ ਗਈ ਸਕੀਮ ਦਾ ਮੁਕੰਮਲ ਵੇਰਵਾ ਕੀ ਹੈ;

(ਅ) ਉਕਤ ਸਮੇਂ ਦੇ ਦੌਰਾਨ ਭੂਮੀਹੀਣ ਅਤੇ ਛੋਟੇ ਕਿਸਾਨਾਂ ਵਿੱਚ ਵਾਧੂ ਸਰਕਾਰੀ ਜ਼ਮੀਨ ਦਾ ਕਿੰਨਾ ਕਿੰਨਾ ਰਕਬਾ ਵੰਡਿਆ ਗਿਆ ?

ਸਰਦਾਰ ਉਮਰਾਓ ਸਿੰਘ: (ੳ) ਪੰਜਾਬ ਭੋਂ ਸੁਧਾਰ ਐਕਟ, 1972, 2 ਅਪਰੈਲ, 1973 ਤੋਂ ਲਾਗੂ ਹੋਇਆ ਸੀ ਅਤੇ ਉਸ ਦੇ ਸੈਕਸ਼ਨ 11(2) ਅਧੀਨ ਪੰਜਾਬ ਵਾਫ਼ਰ ਏਰੀਆ ਵਰਤੋਂ ਸਕੀਮ, 1973, ਬਣਾਈ ਗਈ ਸੀ, ਜੋ ਕਿ 4 ਜੁਲਾਈ, 1973 ਤੋਂ ਲਾਗੂ ਹੋਈ । ਇਸ ਸਕੀਮ ਦਾ ਮੁਕੰਮਲ ਵੇਰਵਾ ਅਨੁਲੱਗ 'ੳ' ਤੇ ਨੱਥੀ ਕੀਤਾ ਜਾਂਦਾ ਹੈ । ਉਪਰੋਕਤ ਐਕਟ ਲਾਗੂ ਹੋਣ ਤੋਂ ਪਹਿਲਾਂ ਰਾਜ ਵਿੱਚ ਪੈਪਸੂ ਟੈਨਨਸੀ ਅਤੇ ਐਗਰੀਕਲਚਰਲ ਲੈਂਡਜ਼ ਐਕਟ, 1955, ਅਤੇ ਪੰਜਾਬ ਸਿਕਿਉਰਿਟੀ ਆਫ ਲੈਂਡ ਟੈਨਿਉਰਜ਼ ਐਕਟ, 1953 ਲਾਗੂ ਸੀ ।

(ਅ) 1 ਅਪਰੈਲ, 1972 ਤੋਂ ਜੋ ਹੁਣ ਤੀਕ 8,568 ਸਟੈਂਡਰਡ ਏਕੜ ਭੂਮੀਹੀਣਾਂ ਵਿੱਚ ਅਤੇ 2314 ਸਟੈਂਡਰਡ ਏਕੜ ਛੋਟੇ ਕਿਸਾਨਾਂ ਵਿੱਚ ਵਾਧੂ ਏਰੀਆ ਵੰਡਿਆ ਗਿਆ ।

ਅਨੁਲੱਗ 'ੳ'

Subject :- The Punjab Utilisation of Surplus Area Scheme, 1973.

The Punjab Land Reforms Act, 1972, received the assent of the President of India on 24th March, 1973, and it was published in the official Gazette on 2nd April, 1973.

1. According to Sub-section (2) of section 11 of the Act, the State Government has by notification dated 4th July, 1973 in the official gazette, formed a scheme for utilising the surplus area under the Punjab Law, the PEPSU Law or this Act. The salient features of this Scheme are as follows:-

'eligible person' means a major person who has been residing in the State of Punjab for a period of five years before the commencement of this scheme and is primarily engaged in agriculture as his, occupation and who is —

(i) a tenant, or a member of Scheduled Caste or Backward Class and does not own or hold any land or owns or holds land less than two hectares of the first quality land or its equivalent area, or

(ii) a landless agricultural worker.

(2) An eligible person, as defined above, has to make an application to the Circle Revenue Officer for allotment of land comprised in the surplus area. Such applications were to be received within three months of the date of the notification of the scheme. The Circle Revenue Officer has been given the discreation to extend the period for receiving such applications after recording reasons. The Circle Revenue Officer has also been given powers to initiate proceedings for the allotment of land *suomotu*.

(3) The Cirlce Revenue Officer shall prepare lists of eligible persons in each revenue estate in such a manner that the names of persons who own or held no land come on the top and the names of other applicants are arranged according to the area of land owned or held by them in the ascending order. Where more than one person have equal claims, their names shall be included in the list by drawing of lots by the circle revenue officer so that a person whose lot is drawn first gets preference over the persons whose lots are drawn subsequently.

(4) After preparing lists of eligible persons and of Khasra numbers available for allotment, the Circle Revenue Officer shall forward the record to the Collector i.e., S.D.O. (c) who shall proceed to allot the surplus area to eligible persons in order of the priority given above.

(5) The allotment of the surplus area determined under the Punjab law and the Pepsu law may be undertaken before the determination of the surplus area under the Act.

(6) Where land is not available for allotment to all the applicants, residing in a revenue estate, surplus land may be allotted to them in other villages of the district and even outside the district, provided the surplus land is available is such villages for allotment.

(7) After making the allotment of the surplus land, the Collector shall also pass orders for delivering possession of the land to the allottees

(8) Where possession of land is given with standing crops, the allottee shall pay to the land-owner or the tenant, as the case may be, compensation in respect of such crops. This compensation shall be determined by the Circle Revenue Officer in accordance with the provisions of the Punjab Tenancy Act, 1 887.

(9) The allottee shall be liable to pay for the land and amount on the following basis:-

i) Land under ass ured irrigation and capable of yielding at least two crops a year—twelve times the fair rent or Rs. 5,000 per hectare, whichever is less

ii) Land under assured irrigation for only one crop in a year twelve times the fair rent or Rs. 3,500 per hectare, whichever is less;

iii) barani land-twelve times the fair rent or Rs. 1,750 per hectare, whichever is less;

iv) Bhud, Sailab Bet-Barani, Bet Sailab, Dakar, Rosli, Banjar Jadid having no means of irrigation and uncultivated Thur Sem and Kallar lands twelve times the fair rent or Rs 1,750 per hectare whichever is less.

(v) banjar land- twelve times the fair rent or Rs. 1500 per hectare, whichever is less.

The allottee shall become the owner of the land alloted to him after all payments due in respect of such land have been made.

Provided that the allottee may transfer the land by way of mortgage without possession in favour of a land Mortgage Bank, the State or Central Co-operative Bank or any other bank for the purpose of raising loan for development of land.

(10). The amount due from an allottee shall be paid by him into the Government Treasury or sub-treasury in lumpsum or in half yearly instalments of Rs. 500/- each, the last instalment being equal to or less than Rs. 500/-

(11) Tenants resettled on the surplus area of a land-owner in accordance with the provisions of the Punjab law and the rules framed thereunder, shall be deemed to have been allotted land in accordance with provisions of this scheme.

1973 ਅਤੇ 74 ਦੇ ਦੌਰਾਨ ਰਾਜ ਵਿਚ ਮੁਜ਼ਾਰਿਆਂ ਨੂੰ ਬੇਦਖਲ ਕਰਨ ਦੇ ਕੇਸ

*3018. **ਸ੍ਰੀ ਪਿਆਰਾ ਰਾਮ ਧੰਨੋਵਾਲੀ**: ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਰਾਜ ਵਿੱਚ ਸਾਲ 1974 ਦੇ ਦੌਰਾਨ ਸਾਲ 1973 ਦੇ ਮੁਕਾਬਲੇ ਜ਼ਮੀਨ—ਮਾਲਕਾਂ ਦੁਆਰਾ ਰਾਜ ਵਿੱਚ ਜ਼ਰਾਇਤੀ ਭੂਮੀ ਤੋਂ ਮੁਜ਼ਾਰਿਆਂ ਨੂੰ ਬੇਦਖਲ ਕਰਨ ਦੇ ਜ਼ਿਲ੍ਹਾਵਾਰ ਕੁੱਲ ਕਿੰਨੇ ਕੇਸ ਹੋਏ ।

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਬੇਦਖਲੀ ਦੇ ਕੇਸ ਬਹੁਤ ਵੱਧ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਰਾਜ ਵਿੱਚ ਅੱਗੇ ਵਾਸਤੇ ਅਜਿਹੀਆਂ ਬੇਦਖਲੀਆਂ ਰੋਕਣ ਲਈ ਸਰਕਾਰ ਕੀ ਕਾਰਵਾਈ ਕਰਨ ਦਾ ਵਿਚਾਰ ਰੱਖਦੀ ਹੈ ?

ਸਰਦਾਰ ਉਮਰਾਓ ਸਿੰਘ : (ੳ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ ।

(ਅ) ਨਹੀਂ ਜੀ । ਰਾਜ ਵਿੱਚ ਸਾਲ 1974 ਦੇ ਦੌਰਾਨ ਸਾਲ 1973 ਦੇ ਮੁਕਾਬਲੇ ਅਜਿਹੇ ਕੇਸ ਕੁੱਝ ਘੱਟ ਗਏ ਹਨ ।

ਅਨੁਲੱਗ 'ੳ'

ਕ੍ਰਮ ਨੰ:	ਜ਼ਿਲ੍ਹੇ ਦਾ ਨਾਂ	ਸਾਲ 1973 ਵਿੱਚ ਕੁੱਲ ਕੇਸਾਂ ਦੀ ਗਿਣਤੀ	ਸਾਲ 1974 ਵਿੱਚ ਕੁਲ ਕੇਸਾਂ ਦੀ ਗਿਣਤੀ
1.	ਫਰੀਦਕੋਟ	189	91
2.	ਬਠਿੰਡਾ	—	—
3.	ਲੁਧਿਆਣਾ	5	7
4.	ਅੰਮ੍ਰਿਤਸਰ	119	157
5.	ਜਲੰਧਰ	129	61
6.	ਗੁਰਦਾਸਪੁਰ	93	112
7.	ਰੋਪੜ	29	45
8.	ਪਟਿਆਲਾ	38	36
9.	ਸੰਗਰੂਰ	1	—
10.	ਹੁਸ਼ਿਆਰਪੁਰ	76	63
11.	ਕਪੂਰਥਲਾ	29	20
12.	ਫਿਰੋਜ਼ਪੁਰ	437	502
	ਕੁਲ ਜੋੜ	1,145	1,112

1474—1-7-75—286 ਪੰਜਾਬ ਗੌਰਮਿੰਟ ਪਰੈਸ, ਪਟਿਆਲਾ ।

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

8
SP.

PUNJAB VIDHAN SABHA

DEBATES

20th January, 1975

Vol. I—No. 8

OFFICIAL REPORT

LEGISLATIVE ASSEMBLY PUNJAB

CONTENTS

Monday, the 20th January, 1975

Punjab Vidhan Sabha Secretariat, Chandigarh.

Price : Rs. 30-60

PUNJAB VIDHAN SABHA

Monday, the 20th January, 1975

The Vidhan Sabha met in the Punjab Vidhan Sabha Hall, Vidhan Bhavan, Sector-1, Chandigarh—160001, at 2.00 P. M. of the Clock. Mr. Speaker (Doctor Kewal Krishan) in the Chair.

POSTPONED STARRED QUESTIONS AND ANSWERS

ਫੌਜੀ ਛਾਉਣੀ ਲਈ ਪ੍ਰਾਪਤ ਕੀਤੀ ਗਈ ਬੀਬੀਵਾਲਾ ਆਦਿ ਪਿੰਡਾਂ ਦੀ ਜ਼ਮੀਨ

*2910. **ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਮਾਲ ਅਤੇ ਚੋਣਾਂ ਬਾਰੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਤਹਿਸੀਲ ਅਤੇ ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਮਿਹਨਾ, ਬੀਬੀਵਾਲਾ ਆਦਿ ਦੇ ਜ਼ਿਮੀਂਦਾਰਾਂ ਦੀ ਜ਼ਮੀਨ ਸਰਕਾਰ ਨੇ ਚਾਰ ਸਾਲ ਪਹਿਲਾਂ ਫ਼ੌਜੀ ਛਾਉਣੀ ਲਈ ਪਰਾਪਤ ਕੀਤੀ ਸੀ ;

(ਅ) ਜੇਕਰ ਉਪਰੋਕਤ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਵਿਅਕਤੀਆਂ ਨੂੰ ਕੋਈ ਹੋਰ ਜ਼ਮੀਨ ਖਰੀਦਣ ਲਈ ਕੋਈ ਮੁਆਵਜ਼ਾ ਦਿੱਤਾ ਗਿਆ ਹੈ, ਜੇਕਰ ਅਜਿਹਾ ਹੋਵੇ, ਤਾਂ ਜ਼ਿਮੀਂਦਾਰਾਂ ਨੂੰ ਦਿੱਤੇ ਗਏ ਮੁਆਵਜ਼ੇ ਦੀ ਦਰ ਕੀ ਹੈ; ਜੇਕਰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਤਾਂ ਇਸ ਦੇ ਕੀ ਕਾਰਨ ਹਨ;

(ੲ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਿਮੀਂਦਾਰ ਉਨ੍ਹਾਂ ਨੂੰ ਮਿਲਣਯੋਗ ਮੁਆਵਜ਼ੇ ਦੀ ਅਦਾਇਗੀ ਲਈ ਨਵੰਬਰ, 1974 ਮਹੀਨੇ ਵਿਚ ਜ਼ਿਲ੍ਹਾ ਕਚਹਿਰੀਆਂ ਦੇ ਸਾਹਮਣੇ 15 ਦਿਨ ਲਈ ਧਰਨੇ ਤੇ ਬੈਠੇ ਸਨ ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸੱਕਤਰ) : (ੳ) ਜੀ ਹਾਂ, ਜ਼ਮੀਨ 21 ਅਕਤੂਬਰ, 1971 ਨੂੰ ਰੈਕਵੀਜ਼ੀਸ਼ਨ ਕੀਤੀ ਗਈ ਸੀ ।

(ਅ) ਇਨ੍ਹਾਂ ਪਿੰਡਾਂ ਦੇ ਵਿਅਕਤੀਆਂ ਨੂੰ 21 ਅਕਤੂਬਰ, 1974 ਤੱਕ ਰੈਕਵੀਜ਼ੀਸ਼ਨ ਕੀਤੀ ਗਈ ਜ਼ਮੀਨ ਦਾ ਠੇਕਾ ਦਿੱਤਾ ਜਾ ਚੁੱਕਾ ਹੈ ਜਿਸ ਦੀ ਦਰ ਹੇਠ ਲਿਖੇ ਅਨੁਸਾਰ ਹੈ—

ਨਹਿਰੀ ਜ਼ਮੀਨ	..	400 ਰੁਪਏ ਪ੍ਰਤੀ ਏਕੜ
ਚਾਹੀ ਅਤੇ ਨਹਿਰੀ ਚਾਹੀ ਜ਼ਮੀਨ	..	500 ਰੁਪਏ ਪ੍ਰਤੀ ਏਕੜ
ਬਰਾਨੀ ਜ਼ਮੀਨ	..	250 ਰੁਪਏ ਪ੍ਰਤੀ ਏਕੜ
ਗੈਰ ਮੁਮਕਿਨ ਜ਼ਮੀਨ	..	125 ਰੁਪਏ ਪ੍ਰਤੀ ਏਕੜ

[ਮੁੱਖ ਸੰਸਦੀ ਸਕੱਤਰ]

(ੲ) ਇਨ੍ਹਾਂ ਜ਼ਿਮੀਂਦਾਰਾਂ ਨੇ ਪੂਰੀ ਕੀਮਤ ਪਰਾਪਤ ਕਰਨ ਲਈ ਧਰਨਾਂ ਮਾਰਿਆ ਸੀ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਕੀ ਇਹ ਠੀਕ ਹੈ ਕਿ ਜਿਹੜੇ ਕਿਸਾਨਾਂ ਦੇ ਟਿਊਬਵੈਲ ਔਰ ਮਕਾਨ ਉਸ ਜ਼ਮੀਨ ਵਿਚ ਪਏ ਸੀ ਉਨ੍ਹਾਂ ਦੀ ਅੱਜ ਤੱਕ ਉਨ੍ਹਾਂ ਨੂੰ ਕੋਈ ਕੀਮਤ ਨਹੀਂ ਦਿੱਤੀ ਗਈ ? ਜਿਹੜਾ ਇਥੇ ਦੱਸਿਆ ਗਿਆ ਹੈ ਕਿ ਗੈਰ-ਮੁਮਕਿਨ ਜ਼ਮੀਨ ਦੀ ਕੀਮਤ 125 ਰੁਪਏ ਪ੍ਰਤੀ ਏਕੜ ਹੈ, ਅੱਜ ਜੇ ਇਹਦੀ ਕੀਮਤ ਪਾਈ ਜਾਏ ਤਾਂ ਇਹ 500 ਰੁਪਏ ਪ੍ਰਤੀ ਏਕੜ ਤੋਂ ਘੱਟ ਨਹੀਂ ਪਏਗੀ । ਕੀ ਅੱਜ ਦੇ ਹਿਸਾਬ ਨਾਲ ਉਨ੍ਹਾਂ ਨੂੰ ਕੀਮਤ ਦਿੱਤੀ ਜਾਏਗੀ, ਇਹ ਜ਼ਮੀਨ ਲਈ ਹੋਈ ਨੂੰ ਵੀ ਤਿੰਨ ਸਾਲ ਹੋ ਗਏ ਹਨ?

ਮੁੱਖ ਸੰਸਦੀ ਸਕੱਤਰ : ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਜ਼ਮੀਨ ਵਿਚ ਟਿਊਬਵੈਲ ਵਗੈਰਾ ਲੱਗੇ ਹੋਏ ਸੀ ਅਤੇ ਉਨ੍ਹਾਂ ਦੀ ਕੀਮਤ ਨਹੀਂ ਦਿੱਤੀ ਗਈ । ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ 80% ਕੀਮਤ ਦਿੱਤੀ ਜਾ ਚੁੱਕੀ ਹੈ । ਜਦੋਂ ਜ਼ਮੀਨ ਆਦਿ ਐਕੁਆਇਰ ਕਰ ਲਈ ਜਾਏਗੀ ਉਦੋਂ ਸੈਂਟਰਲ ਗੌਰਮੈਂਟ ਪੂਰੀ ਕੀਮਤ ਦੇ ਦੇਵੇਗੀ । ਦੂਸਰੀ ਜਿਹੜੀ ਗੈਰ-ਮੁਮਕਿਨ ਜ਼ਮੀਨ ਬਾਰੇ ਗੱਲ ਕੀਤੀ ਗਈ ਹੈ, ਇਸ ਬਾਰੇ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਉਥੇ ਦੀ ਐਵਰੇਜ ਕੀਮਤ ਕੱਢੀ ਜਾਂਦੀ ਹੈ । ਸਰਕਾਰ ਨੇ ਐਵਰੇਜ ਕੱਢ ਕੇ ਜੋ ਮੁਨਾਸਿਬ ਕੀਮਤ ਹੋਣੀ ਹੈ ਉਹ ਦਿੱਤੀ ਹੈ । ਫਿਰ, ਇਸ ਤੋਂ ਅੱਗੇ ਉਨ੍ਹਾਂ ਨੂੰ ਹੱਕ ਹੈ ਕਿ ਉਹ ਅਪੀਲ ਵੀ ਕਰ ਸਕਦੇ ਹਨ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਇਹ ਜ਼ਮੀਨ ਸਰਕਾਰ ਨੇ ਕਿਸਾਨਾਂ ਤੋਂ ਤਿੰਨ ਸਾਲ ਪਹਿਲਾਂ ਲੈ ਰੱਖੀ ਹੈ । ਕਿਸਾਨ ਜ਼ਮੀਨ ਨੂੰ ਵਾਹ ਨਹੀਂ ਸਕਦੇ, ਠੇਕੇ ਤੇ ਨਹੀਂ ਦੇ ਸਕਦੇ । ਇਸ ਲਈ ਜਿਹੜਾ ਇਸ ਕਾਰਨ ਉਨ੍ਹਾਂ ਨੂੰ ਨੁਕਸਾਨ ਹੋਇਆ ਹੈ ਉਸ ਲਈ ਕੀ ਸਰਕਾਰ ਸਰਵੇ ਕਰਵਾਕੇ ਉਸ ਨੁਕਸਾਨ ਨੂੰ ਪੂਰਾ ਕਰਾਉਣ ਨੂੰ ਤਿਆਰ ਹੈ ?

ਮੁੱਖ ਸੰਸਦੀ ਸਕੱਤਰ : ਪਹਿਲੀ ਗੱਲ ਤਾਂ ਇਹ ਹੈ ਕਿ ਜ਼ਮੀਨ ਮੁਲਕ ਦੀ ਫ਼ੌਜ ਵਾਸਤੇ ਲੈਣੀ ਹੈ । ਇਹ ਐਕੁਆਇਰ ਕੀਤੀ ਜਾਂਦੀ ਹੈ ਪਰ ਫ਼ਿਲਹਾਲ ਇਹਦੀ ਰੈਕਵੀਜ਼ੀਸ਼ਨ ਕੀਤੀ ਗਈ ਹੈ । ਜਦੋਂ ਐਕੁਆਇਰ ਹੋ ਜਾਏਗੀ ਉਦੋਂ ਉਨ੍ਹਾਂ ਨੂੰ ਪੂਰੀ ਕੀਮਤ ਦਿੱਤੀ ਜਾਏਗੀ। ਇਸ ਸਬੰਧ ਵਿਚ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ ਡਿਫ਼ੈਂਸ ਮਨਿਸਟਰ ਆਫ਼ ਇੰਡੀਆ ਨੂੰ ਲਿਖ ਕੇ ਭੇਜਿਆ ਹੋਇਆ ਹੈ ਕਿ ਇਨ੍ਹਾਂ ਨੂੰ ਕੀਮਤ ਦਿੱਤ ਜਾਏ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਸ ਜ਼ਮੀਨ ਦੀ ਰੈਕਵੀਜ਼ੀਸ਼ਨ ਕਦੋਂ ਹੋਈ ਸੀ ਔਰ ਜੋ ਰੈਕਵੀਜ਼ੀਸ਼ਨ ਦੀ ਥਾਂ ਤੇ, ਧਰਨਾ ਮਾਰਿਆ ਹੋਇਆ ਹੈ ਇਹ ਐਕੁਆਇਰ ਕਦੋਂ ਤੱਕ ਹੋਏਗੀ ਅਤੇ ਉਨ੍ਹਾਂ ਨੂੰ ਪੂਰੀ ਕੀਮਤ ਕਦੋਂ ਤੱਕ ਦਿੱਤੀ ਜਾਏਗੀ ?

ਮੁੱਖ ਸੰਸਦੀ ਸਕੱਤਰ : 21 ਅਕਤੂਬਰ, 1971 ਨੂੰ ਰੇਕਵੀਜ਼ੀਸ਼ਨ ਕੀਤੀ ਗਈ ਸੀ ਅਤੇ ਧਰਨਾ 1974 ਵਿਚ ਮਾਰਿਆ ਗਿਆ ਸੀ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਇਨ੍ਹਾਂ ਭੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1971 ਤੋਂ ਲੈਕੇ 1974 ਤੱਕ ਤ੍ਰਿੰਨ ਸਾਲ ਹੋ ਗਏ ਹਨ । ਇਨ੍ਹਾਂ ਤਿੰਨਾਂ ਸਾਲਾਂ ਤੱਕ ਠੇਕਾ ਦੇਣ ਨਾਲ ਇਨ੍ਹਾਂ ਦੇ ਉਥੇ ਟਿਊਬਵੈਲ ਸੀ ਜਾਂ ਮਕਾਨ ਸੀ, ਇਸ ਕਾਰਨ ਜੋ ਇਨ੍ਹਾਂ ਨੂੰ ਨੁਕਸਾਨ ਹੋਇਆ ਹੈ, ਕੀ ਇਸ ਨੁਕਸਾਨ ਨੂੰ ਮੱਦੇ ਨਜ਼ਰ ਰੱਖਦੇ ਹੋਏ ਉਹ ਕੀਮਤ ਲਗਾਕੇ ਠੇਕਾ ਦੇਣ ਨੂੰ ਤਿਆਰ ਹਨ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਪੂਰੀ ਤਫਸੀਲ ਨਾਲ ਦੱਸ ਚੁੱਕਾ ਹਾਂ ਕਿ ਕਿੰਨੀ ਕਿਸਮ ਦੀ ਜ਼ਮੀਨ ਹੈ ਅਤੇ ਇਹ ਨਹਿਰੀ ਜ਼ਮੀਨ 400 ਰੁਪਏ ਪ੍ਰਤੀ ਏਕੜ, ਚਾਹੀ ਅਤੇ ਨਹਿਰੀ ਚਾਰੀ ਜ਼ਮੀਨ 500 ਰੁਪਏ ਪ੍ਰਤੀ ਏਕੜ, ਬਰਾਨੀ ਜ਼ਮੀਨ 250 ਰੁਪਏ ਪ੍ਰਤੀ ਏਕੜ ਅਤੇ ਗੈਰ ਮੁਮਕਿਨ ਜ਼ਮੀਨ 125 ਰੁਪਏ ਪ੍ਰਤੀ ਏਕੜ, ਦੇ ਹਿਸਾਬ ਨਾਲ ਠੇਕੇ ਤੇ ਦਿੱਤੀ ਜਾ ਚੁਕੀ ਹੈ । ਜਦੋ ਗੌਰਮਿੰਟ ਆਫ਼ ਇੰਡੀਆ ਇਸ ਨੂੰ ਐਕੁਆਇਰ ਕਰੇਗੀ ਉਦੋਂ ਇਹਦੀ ਕੀਮਤ ਦਿੱਤੀ ਜਾਏਗੀ । ਇਸ ਮਾਮਲੇ ਨੂੰ ਐਕਸਪੀਡਾਈਟ ਕਰਾਉਣ ਲਈ ਚੀਫ਼ ਮਨਿਸਟਰ ਸਾਹਿਬ ਸੈਂਟਰ ਤੇ ਜ਼ੋਰ ਪਾ ਰਹੇ ਹਨ ਕਿ ਇਸ ਨੂੰ ਜਲਦੀ ਐਕੁਆਇਰ ਕੀਤਾ ਜਾਵੇ । ਇਹ ਆਰਮੀ ਦਾ ਮਸਲਾ ਹੈ ।

ਚੌਧਰੀ ਰਾਮ ਸਿੰਘ : ਜਿਹੜੀ ਥੀਬੀਵਾਲਾ ਆਦਿ ਪਿੰਡਾਂ ਵਿਚ ਜ਼ਮੀਨ ਐਕੁਆਇਰ ਹੋਣੀ ਹੈ ਉਸ ਜ਼ਮੀਨ ਵਿਚ ਟਿਊਬਵੈਲ ਆਦਿ ਹਨ, ਕੀ ਹੋਮ ਸੈਕਟਰੀ ਸਾਹਿਬ ਦੇ ਸਰਟੀ-ਫ਼ੀਕੇਟ ਦੇਣ ਉਪਰੰਤ ਇਹ ਜ਼ਮੀਨ ਐਕੁਆਇਰ ਹੋਈ ਹੈ ? ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਚੰਗੀਆਂ ਜ਼ਮੀਨਾਂ ਵਾਸਤੇ ਅਜਿਹੇ ਸਰਟੀਫ਼ਿਕੇਟ ਨਹੀਂ ਦੇਣੇ ਚਾਹੀਦੇ ਤਾਂ ਕਿ ਵੱਧੀਆ ਜ਼ਮੀਨਾਂ ਪੰਜਾਬ ਤੋਂ ਬਾਹਰ ਨਾ ਰਹਿ ਜਾਣ ।

ਮੁੱਖ ਸੰਸਦੀ ਸਕੱਤਰ : ਇਹ ਡਿਫ਼ੈਂਸ ਦੀ ਖਾਤਰ ਕੀਤਾ ਹੈ । ਇਹ ਪੰਜਾਬ ਗੌਰਮਿੰਟ ਨੇ ਨਹੀਂ ਕੀਤਾ । ਅਸੀਂ ਤਾਂ ਸਿਰਫ਼ ਐਕਸਪੀਡਾਈਟ ਕਰਾਉਣ ਲਈ ਦਖ਼ਲ ਦੇ ਸਕਦੇ ਹਾਂ। ਜ਼ਮੀਨ ਸੈਂਟਰ ਨੇ ਸਿਲੈਕਟ ਕਰਨੀ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ 10 ਦਸੰਬਰ ਨੂੰ ਮੈਂ ਅਤੇ ਕਾਮਰੇਡ ਜੰਗੀਰ ਸਿੰਘ ਜੋਗਾ ਡਿਫ਼ੈਂਸ ਮਨਿਸਟਰ ਆਫ਼ ਇੰਡੀਆ ਨੂੰ ਇਸ ਸਬੰਧ ਵਿਚ ਦਿੱਲੀ ਵਿਚ ਮਿਲੇ ਸੀ ਅਤੇ ਉਨ੍ਹਾਂ ਨੇ ਯਕੀਨ ਦਿਲਾਇਆ ਸੀ ਕਿ ਦਸੰਬਰ ਵਿਚ ਹੀ ਇਹ ਮਾਮਲਾ ਤਹਿ ਕਰ ਦਿੱਤਾ ਜਾਏਗਾ । ਮੈਂ ਇਹ ਪਤਾ ਕਰਨਾ ਚਾਹੁੰਦਾ ਹਾਂ ਕੀ ਡਿਫ਼ੈਂਸ ਮਨਿਸਟਰ ਆਫ਼ ਇੰਡੀਆ ਤੋਂ ਇਨ੍ਹਾਂ ਨੂੰ ਕੋਈ ਕਮਿਊਨੀਕੇਸ਼ਨ ਆਈ ਹੈ?

ਮੁੱਖ ਸੰਸਦੀ ਸਕੱਤਰ: ਸਾਨੂੰ ਕੋਈ ਇਤਲਾਹ ਨਹੀਂ ਆਈ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਇੱਕ ਬਾਰਡਰ ਸਟੇਟ ਹੋਣ ਦੇ ਨਾਤੇ ਹਰ ਸਾਲ ਹਜ਼ਾਰਾਂ ਏਕੜ ਜ਼ਮੀਨ ਇਥੇ ਐਕੁਆਇਰ ਹੁੰਦੀ ਹੈ । ਜਿਨ੍ਹਾਂ ਦੀ ਜ਼ਮੀਨ ਜਾਂਦੀ ਹੈ ਉਨ੍ਹਾਂ ਲਈ ਹੋਰ ਕੋਈ ਆਲਟਰ-ਨੇਟਿਵ ਨਹੀਂ ਹੈ । ਕੀ ਸਰਕਾਰ ਇਸ ਪਾਸੇ ਕੋਸ਼ਿਸ਼ ਕਰ ਰਹੀ ਹੈ ਕਿ ਜਿਨ੍ਹਾਂ ਕਿਸਾਨਾਂ ਦੀ

[ਸਰਦਾਰ ਪਰਕਾਸ਼ ਸਿੰਘ ਬਾਦਲ]

ਜ਼ਮੀਨ ਲਈ ਜਾਂਦੀ ਹੈ ਉਨ੍ਹਾਂ ਨੂੰ ਉਸ ਦੇ ਇਵਜ਼ ਵਿਚ ਪੰਜਾਬ ਵਿਚ ਜਾਂ ਪੰਜਾਬ ਤੋਂ ਬਾਹਰ ਜ਼ਮੀਨ ਲੈਕੇ ਦਿੱਤੀ ਜਾਏ ?

Chief Parliamentary Secretary : It is a suggestion, Sir.

ਪਿੰਡ ਮਲਿਕਪੁਰ ਕੰਬੋਆਂ, ਜ਼ਿਲ੍ਹਾ ਪਟਿਆਲਾ ਦੇ ਵਸਨੀਕਾਂ ਦੀ ਜ਼ਮੀਨ ਤੇ ਜ਼ਬਰਦਸਤੀ ਕਬਜ਼ਾ ਕਰਨ ਲਈ ਕੁਝ ਵਿਅਕਤੀਆਂ ਦੀਆਂ ਨਜ਼ਾਇਜ਼ ਕੋਸ਼ਿਸ਼ਾਂ ਸਬੰਧੀ ਫ਼ੌਜੀ ਅਫਸਰਾਂ ਵੱਲੋਂ ਮੇਜਰਨਾਮੇ

*2966. 1. **ਸਰਦਾਰ ਰਣਧੀਰ ਸਿੰਘ ਚੀਮਾ**
2. **ਸਰਦਾਰ ਸੁਰਜੀਤ ਸਿੰਘ ਸਿੱਧੂ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਉਨ੍ਹਾਂ, ਮੁੱਖ ਮੰਤਰੀ, ਪੰਜਾਬ ਅਤੇ ਡਿਪਟੀ ਕਮਿਸ਼ਨਰ, ਪਟਿਆਲਾ ਨੂੰ, ਪਿੰਡ ਮਲਿਕਪੁਰ ਕੰਬੋਆਂ, ਸਬ-ਤਹਿਸੀਲ ਦੂਦਨ ਸਾਧਾਂ, ਜ਼ਿਲ੍ਹਾਂ ਪਟਿਆਲਾ ਦੇ ਕੁਝ ਵਸਨੀਕਾਂ ਦੀ ਜ਼ਮੀਨ ਤੇ ਪਟਵਾਰੀ ਹਲਕਾ ਬੇਹਰੂ ਅਤੇ ਨਾਇਬ-ਤਹਿਸੀਲਦਾਰ ਦੂਦਨ ਸਾਧਾਂ ਦੀ ਮੱਦਦ ਨਾਲ ਜ਼ਬਰਦਸਤੀ ਕਬਜ਼ਾ ਕਰਨ ਲਈ ਕੁਝ ਅਣਅਧਿਕਾਰਿਤ ਵਿਅਕਤੀਆਂ ਵੱਲੋਂ ਨਜਾਇਜ਼ ਕੋਸ਼ਿਸ਼ਾਂ ਸਬੰਧੀ, ਪਹਿਲੀ ਅਕਤੂਬਰ, 1974 ਤੋਂ 15 ਨਵੰਬਰ, 1974 ਦੇ ਸਮੇਂ ਦੇ ਦੌਰਾਨ ਬ੍ਰਿਗੇਡੀਅਰਾਂ ਸਮੇਤ ਕੁਝ ਫ਼ੌਜੀ ਅਫ਼ਸਰਾਂ ਵੱਲੋਂ ਕੋਈ ਮੇਜਰਨਾਮੇ ਮਿਲੇ ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਮੇਜਰਨਾਮਿਆਂ ਦੀਆਂ ਨਕਲਾਂ ਸਦਨ ਦੀ ਮੇਜ਼ ਤੇ ਰੱਖੀਆਂ ਜਾਣ ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਮੇਜਰਨਾਮਿਆਂ ਵਿੱਚ ਕੀਤੀਆਂ ਗਈਆਂ ਸ਼ਿਕਾਇਤਾਂ/ਲਗਾਏ ਗਏ ਦੋਸ਼ਾਂ ਦੀ ਸਰਕਾਰ ਜਾਂ ਡਿਪਟੀ ਕਮਿਸ਼ਨਰ, ਪਟਿਆਲਾ ਦੁਆਰਾ ਕੋਈ ਜਾਂਚ ਪੜਤਾਲ ਕੀਤੀ ਗਈ ਸੀ ; ਜੇਕਰ ਅਜਿਹਾ ਹੋਵੇ, ਤਾਂ ਇਸ ਤਰ੍ਹਾਂ ਕੀਤੀ ਗਈ ਜਾਂਚ ਪੜਤਾਲ ਦੀ ਰਿਪੋਰਟ ਵੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ੲ) ਉਪਰੋਕਤ ਭਾਗ (ਅ) ਵਿੱਚ ਵਰਣਿਤ ਜਾਂਚ ਪੜਤਾਲ ਰਿਪੋਰਟ ਤੇ ਅਤੇ ਸ਼ਾਮਲ ਅਫਸਰਾਂ, ਜੇਕਰ ਕੋਈ ਹੋਣ, ਦੇ ਵਿਰੁੱਧ ਸਰਕਾਰ/ਸਬੰਧਤ ਅਧਿਕਾਰੀਆਂ ਦੁਆਰਾ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ;

(ਸ) ਉਕਤ ਪਿੰਡ ਦੇ ਵਸਨੀਕਾਂ ਦੀ ਜ਼ਮੀਨ ਜ਼ਬਰਦਸਤੀ ਵਾਹੁਣ ਦੀ ਨਜ਼ਾਇਜ਼ ਕੋਸ਼ਿਸ਼ ਲਈ ਜ਼ਿਮੇਂਵਾਰ ਪਾਏ ਗਏ ਵਿਅਕਤੀਆਂ ਵਿਰੁੱਧ ਹੁਣ ਤੱਕ ਕੀ ਕਾਰਵਾਈ ਕੀਤੀ ਗਈ ; ਜੇਕਰ ਕੋਈ ਕਾਰਵਾਈ ਨਹੀਂ ਕੀਤੀ ਗਈ, ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਉਮਰਾਓ ਸਿੰਘ : (ੳ) ਕੇਵਲ ਬ੍ਰਿਗੇਡੀਅਰ ਜੇ. ਐਸ. ਘਰਾਇਆ ਵੱਲੋਂ ਦਰਖ਼ਾਸਤ ਮਿਲੀ, ਜਿਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਇਸ ਸਾਰੇ ਮਾਮਲੇ ਵਿੱਚ ਜਾਂਚ ਪੜਤਾਲ ਕੀਤੀ ਜਾ ਰਹੀ ਹੈ ।

(ੲ) ਅਜੇ ਸਵਾਲ ਪੈਦਾ ਨਹੀਂ ਹੁੰਦਾ ।

(ਸ) ਝਗੜੇ ਵਾਲੀ ਜ਼ਮੀਨ ਧਾਰਾ 145 ਸੀ. ਆਰ. ਪੀ. ਸੀ. ਦੇ ਅਧੀਨ ਅਟੈਚ ਹੋਈ ਹੋਈ ਹੈ ਅਤੇ ਕੇਸ ਅਦਾਲਤ ਵਿੱਚ ਲੰਬਿਤ ਹੈ ।

COPY

From
Brig. J.S. Gharaya, M.V.C., K.C., V.S.M.
Headquarters
91 Infantry Brigade
C/O 56 A.P.O.

To
The Chief Minister,
Punjab.

ILLEGAL OCCUPATION OF LAND BELONGING TO S. MIHAN SINGH, VILLAGE MALIKPUR KAMBOAN, SUB TEHSIL DUDAN SADAN, DISTRICT PATIALA.

Sir,

1. With due respect I want to submit the following for your consideration and timely action.

2. My father -in-law S. Mihan Singh, son of S. Ganda Singh owns about 267 canals of land jointly with his other family members in village Malikpur Kamboan, Sub Tehsil Dudan Sadan, District Patiala. He is a refugee and this land was allotted to him in 1951. He has been cultivating this land and living in the village after retirement from the service. In the year 1973 during Kharif Girdawari he fell sick and had to go to Chandigarh for treatment. In his absence two persons Labh Singh and Waryam Singh with some other members of their party got the Girdawari done in their names although the land was not cultivated by them. However, after my father-in-law came back after treatment he had the 1973-74 Girdawari done in his name. However, he did not know that the previous Girdawari was done in somebody else's name, in spite of the fact that the cultivation was arranged by him (my father-in-law).

3. As all the family members except my father-in-law are in service and he stays alone in the village, this year in May the other party tried to take possession of the land forcibly and the situation became serious. Therefore, the S.H.O. Police Station, Julkan recommended to S.D.O. Civil to impose Section 145 Cr. P.C. on the land. This was done and since then the land was lying uncultivated under the receivership of Naib Tehsildar of Dudan Sadan. This land, therefore, has not so far been given on contract or lease basis by him.

4. Recently I understood, with the consent of the Patwari Raghbir Chand and the Naib Tehsildar of Dudan Sadan, the other party has started cultivating the land without necessary authority in order to show Girdawari in their names so that they can take possession at a later date. My father-in-law has also informed me that some false entries are being made in the records with the connivance of local officials, i.e. Patwari.

5. The other party is also harassing my father-in-law and not allowing him to stay in the village or to visit his land. According to him the Patwari is openly encouraging to plough the land.

6. I, therefore, request that necessary action may please be taken immediately to ensure that the other party does not take possession of the land while it is under receivership and the case is decided by the Court of law.

Yours faithfully,

Sd/—
(JOGINDER SINGH GHARAYA)
Brigadier

Station : C/o 56 A.P.O.
Date : 28th October, 1974.

Copy to.—
The Revenue Minister, Punjab, Chandigarh.
The Deputy Inspector-General of Police, Patiala Range, Patiala.

ਸਰਦਾਰ ਰਣਧੀਰ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਸਵਾਲ ਦੇ ਭਾਗ (ਸ) ਵਿਚ ਦੱਸਿਆ ਹੈ ਕਿ ਜ਼ਮੀਨ ਅਟੈਚ ਹੋਈ ਹੋਈ ਹੈ, ਪਰ ਫਿਰ ਵੀ ਗਿਰਦਾਵਰੀ ਜਿਹੜੀ ਹੈ ਉਹ ਪਟਵਾਰੀਆਂ ਔਰ ਨਾਇਬ ਤਹਿਸੀਲਦਾਰਾਂ ਨੇ, ਕਈ ਸੱਜਣਾਂ ਦੇ ਨਾਂ ਕਰ ਦਿੱਤੀ ਹੈ। 29 ਸਤੰਬਰ ਨੂੰ ਮੌਕੇ ਤੇ ਅਫ਼ਸਰਾਂ ਨੇ ਜਾਕੇ ਇਹ ਕਰ ਦਿੱਤਾ (ਵਿਘਨ) ਜਿਨ੍ਹਾਂ ਨੇ ਨਾਜਾਇਜ਼ ਗਿਰਦਾਵਰੀ ਕੀਤੀ ਹੈ। ਕੀ ਉਨ੍ਹਾਂ ਦੇ ਖਿਲਾਫ਼ ਕੋਈ ਕਾਰਵਾਈ ਕੀਤੀ ਗਈ ਹੈ।

ਮੰਤਰੀ: ਇਸ ਐਪਲੀਕੇਸ਼ਨ ਵਿਚ ਇਸ ਚੀਜ਼ ਦਾ ਜ਼ਿਕਰ ਨਹੀਂ। ਜੇ ਇਹ ਲਿਖਕੇ ਮੈਨੂੰ ਭੇਜ ਦੇਣਗੇ ਤਾਂ ਮੈਂ ਪਤਾ ਕਰਵਾ ਲਵਾਂਗਾ। ਜਿਹੜੀ ਐਪਲੀਕੇਸ਼ਨ ਭੇਜੀ ਗਈ ਸੀ ਉਹ ਐਸ. ਪੀ. ਸਾਹਿਬ ਨੂੰ ਭੇਜ ਦਿੱਤੀ ਗਈ ਹੈ (ਵਿਘਨ) ਕਿਸੇ ਨਾਲ ਜ਼ਬਰਦਸਤੀ ਨਹੀਂ ਹੋਣ ਦਿੱਤੀ ਜਾਏਗੀ।

ਸ਼੍ਰੀ ਪ੍ਰੇਮ ਗੁਪਤਾ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਹੜੇ ਮੁਜ਼ਾਰੇ ਜ਼ਮੀਨ ਤੇ ਬੈਠੇ ਹੋਏ ਹਨ ਉਨ੍ਹਾਂ ਨੂੰ ਉਦੋਂ ਵੀ ਨਹੀਂ ਉਠਾਇਆ ਜਾਏਗਾ ਚਾਹੇ ਜ਼ਮੀਨ ਕਿਸੇ ਹੋਰ ਨੂੰ ਵੀ ਵੇਚ ਦਿੱਤੀ ਜਾਏ।

ਮੰਤਰੀ: ਮੁਜ਼ਾਰਿਆਂ ਦੇ ਹੱਕ ਪ੍ਰੋਟੈਕਟਿਡ ਹਨ ਅਤੇ ਇਹ ਉਸੇ ਕਾਨੂੰਨ ਦੇ ਮੁਤਾਬਿਕ ਹੋਏਗਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ 29-9-1974 ਨੂੰ ਇਹ ਜ਼ਮੀਨ ਅਟੈਚਮੈਂਟ ਵਿਚ ਆਈ ਕੀ ਉਨ੍ਹਾਂ ਡੇਟਸ ਵਿਚ ਜੋ ਕੋਈ ਗਿਰਦਾਵਰੀ ਹੋਈ ਹੈ ਤਾਂ ਇਸ ਲਈ ਪੜਤਾਲ ਕਰਾਉਣਗੇ (ਵਿਘਨ) ਅਤੇ ਜੇ ਹੋਈ ਹੋਵੇ ਤਾਂ ਕੀ ਇਹ ਉਨ੍ਹਾਂ ਅਫ਼ਸਰਾਂ ਤੇ ਐਕਸ਼ਨ ਲੈਣਗੇ ਜਿਨ੍ਹਾਂ ਨੇ ਇਹ ਕੰਮ ਕਰਾਇਆ ਹੋਵੇਗਾ।

ਮੰਤਰੀ: ਰੀਸੀਵਰ ਮੁਕੱਰਰ ਹੋਇਆ ਸੀ। ਪਤਾ ਨਹੀਂ ਉਸ ਵੇਲੇ ਕਾਸ਼ਤ ਹੋਈ ਹੈ ਜਾਂ ਨਹੀਂ। ਜੇ ਕਾਸ਼ਤ ਨਹੀਂ ਕੀਤੀ (ਵਿਘਨ) ਮੈਂ ਦੁਬਾਰਾ ਦੇਖ ਸਕਦਾ ਹਾਂ ਅਜਿਹੀ ਕੋਈ ਗੱਲ ਨਹੀਂ ਹੈ।

ਸ਼੍ਰੀ ਕੇਸ਼ੋ ਰਾਮ ਗੋਇਲ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਜ਼ਮੀਨ ਤੇ ਪਹਿਲਾਂ ਮੁਜ਼ਾਰੇ ਬੈਠੇ ਸੀ, ਉਨ੍ਹਾਂ ਨੂੰ ਉਥੋਂ ਉਠਾ ਦਿੱਤਾ ਗਿਆ ਅਤੇ ਫਿਰ ਉਥੇ ਧਾਰਾ 145 ਲਗਾਈ ਗਈ।

ਮੰਤਰੀ: ਇਸ ਚੀਜ਼ ਦੀ ਅਸੀਂ ਪੜਤਾਲ ਕਰ ਰਹੇ ਹਾਂ।

ਸ਼੍ਰੀ ਪ੍ਰੇਮ ਗੁਪਤਾ: ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਸ਼੍ਰੀ ਕੇਸ਼ੋ ਰਾਮ ਨੇ ਕਿਹਾ ਹੈ ਕਿ ਉਸ ਜ਼ਮੀਨ ਤੇ ਧਾਰਾ 145 ਲੱਗਣ ਤੋਂ ਬਾਅਦ ਜਿਹੜੇ ਮੁਜ਼ਾਰੇ ਸਨ ਉਹ ਉਠਾਏ ਗਏ। ਕੀ ਸਰਕਾਰ ਉਨ੍ਹਾਂ ਨੂੰ ਉਹ ਜ਼ਮੀਨ ਜਾਂ ਕੋਈ ਹੋਰ ਜ਼ਮੀਨ ਦੇਣ ਵਾਸਤੇ ਤਿਆਰ ਹੈ। ਕਿਉਂਕਿ ਉਹ ਜਿਹੜੀ ਜ਼ਮੀਨ ਸੀ ਉਹ ਕਿਸੇ ਦੀ ਸੀ ਅਤੇ ਵੇਚ ਕਿਸੇ ਹੋਰ ਨੂੰ ਦਿੱਤੀ ਹੈ। ਦੋਨਾਂ ਮਾਲਕਾਂ ਨੇ 25-30 ਆਦਮੀ ਲਿਜਾ ਕੇ ਉਥੇ ਮੁਜ਼ਾਰਿਆਂ ਨੂੰ

ਮਾਰਿਆ, ਕੁੱਟਿਆ ਅਤੇ ਉਨ੍ਹਾਂ ਤੋਂ ਖਾਲੀ ਕਰਾਉਣ ਵਾਸਤੇ ਫਿਰ ਧਾਰਾ 145 ਲਗਾਈ ਗਈ। ਇਸ ਲਈ ਕੀ ਜਿਹੜੇ ਮੁਜ਼ਾਰੇ ਬੇਘਰੇ ਹੋਏ ਹਨ ਉਨ੍ਹਾਂ ਨੂੰ ਇਹ ਰੀਹੈਬਿਲੀਟੇਟ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਇਸ ਕੇਸ ਵਿਚ ਕਾਫ਼ੀ ਐਲੀਗੇਸ਼ਨਜ਼ ਹਨ ਜਿਵੇਂ ਕਿ ਮੁਜ਼ਾਰਿਆਂ ਅਤੇ ਮਾਲਕਾਂ ਦਾ ਝਗੜਾ ਸੀ। ਮਾਲਕਾਂ ਨੇ ਜ਼ਮੀਨ ਵੇਚ ਦਿੱਤੀ ਅਤੇ ਜਿਨ੍ਹਾਂ ਨੂੰ ਵੇਚੀ ਉਨ੍ਹਾਂ ਨੇ ਜ਼ਬਰਦਸਤੀ ਕਢਾਉਣ ਦੀ ਕੋਸ਼ਿਸ਼ ਕੀਤੀ। ਇਸ ਮੁਆਮਲੇ ਨੂੰ ਵਿਚਾਰਿਆ ਜਾ ਰਿਹਾ ਹੈ। ਚੀਮਾ ਜੀ ਨੇ ਡੀ. ਸੀ. ਨੂੰ ਟੈਲੀਗ੍ਰਾਮ ਦਿੱਤੀ ਹੈ। ਉਨ੍ਹਾਂ ਦਾ ਵੀ ਹੱਕ ਬਣਦਾ ਹੈ ਕਿ ਉਹ ਵੀ ਇਸ ਪਾਸੇ ਧਿਆਨ ਦੇਣ। ਅਸੀਂ ਤਾਂ ਕਾਨੂੰਨ ਦੇ ਮੁਤਾਬਿਕ ਹੀ ਪਾਰਟੀਆਂ ਨੂੰ ਸੁਣ ਕੇ ਫਿਰ ਫ਼ੈਸਲਾ ਕਰਨਾ ਹੈ। ਕੇਸ ਐਸ.ਡੀ.ਓ. ਕੋਲ ਹੈ ਅਤੇ ਧਾਰਾ 145 ਲੱਗੀ ਹੋਈ ਹੈ। ਜੁਡੀਸ਼ਿਅਲੀ ਉਸ ਕੇਸ ਦਾ ਫ਼ੈਸਲਾ ਹੋ ਰਿਹਾ ਹੈ।

STARRED QUESTIONS AND ANSWERS

*2903. **ਕਾਮਰੇਡ ਸੱਤ ਪਾਲ ਡਾਂਗ**
ਕਾਮਰੇਡ ਦਾਨਾ ਰਾਮ } : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :-

(ੳ) ਕੀ ਇਹ ਸੱਚ ਹੈ ਕਿ ਨਵੰਬਰ, 1974 ਦੇ ਮਹੀਨੇ ਵਿਚ ਖਜ਼ਾਨਿਆਂ ਦੁਆਰਾ ਰਾਜ ਵਿਚ ਵੱਖ ਵੱਖ ਜ਼ਿਲ੍ਹਿਆਂ ਵਿਚ ਪੀ. ਡਬਲਯੂ. ਡੀ. (ਬੀ. ਐਂਡ ਆਰ.) ਦੇ ਠੇਕੇਦਾਰਾਂ ਨੂੰ ਉਨ੍ਹਾਂ ਦੇ ਬਿਲਾਂ ਦੇ ਸਬੰਧ ਵਿਚ ਜਾਰੀ ਕੀਤੇ ਗਏ ਅਦਾਇਗੀ ਹੁਕਮ ਸਟੇਟ ਬੈਂਕ ਅਧਿਕਾਰੀਆਂ ਦੁਆਰਾ ਨਹੀਂ ਮੰਨੇ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਨ ਹਨ।

(ਅ) ਕੀ ਇਹ ਵੀ ਸੱਚ ਹੈ ਕਿ ਪੀ. ਡਬਲਯੂ. ਡੀ. (ਬੀ. ਐਂਡ ਆਰ.) ਵਿਚ ਬਹੁਤ ਸਾਰੇ ਵਰਕਚਾਰਜ ਅਮਲੇ ਨੂੰ ਇਹੋ ਜਿਹੇ ਹਾਲਾਤ ਵਿਚ ਅਕਤੂਬਰ, 1974 ਦੇ ਮਹੀਨੇ ਲਈ ਸਮੇਂ ਸਿਰ ਤਨਖਾਹਾਂ ਆਦਿ ਨਹੀਂ ਮਿਲੀਆਂ ਸਨ, ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਨ ਹਨ ?

ਸ੍ਰੀ ਜੋਗਿੰਦਰ ਪਾਲ ਪਾਂਡੇ: (ੳ) ਅਤੇ (ਅ) ਹਾਂ ਜੀ। ਵਿੱਤ ਵਿਭਾਗ ਵੱਲੋਂ ਲੋਕ ਨਿਰਮਾਣ ਵਿਭਾਗ ਨੂੰ ਫ਼ੰਡਜ਼ ਰਲੀਜ਼ ਕਰਨ ਦਾ ਢੰਗ ਬਦਲਣ ਕਰਕੇ ਕੁਝ ਰੁਕਾਵਟ ਪੈਦਾ ਹੋਈ ਸੀ ਜੋ ਨਵਾਂ ਪ੍ਰੋਸੀਜਰ ਲਾਗੂ ਹੋ ਜਾਣ ਨਾਲ ਦੂਰ ਹੋ ਗਈ ਹੈ।

ਕਾਮਰੇਡ ਸੱਤ ਪਾਲ ਡਾਂਗ: ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਢੰਗ ਬਦਲਿਆ ਸੀ ਅਤੇ ਠੇਕੇਦਾਰਾਂ ਅਤੇ ਵਰਕਚਾਰਜ ਅਮਲੇ ਨੂੰ ਤਨਖਾਹਾਂ ਨਹੀਂ ਮਿਲੀਆਂ। ਇਸ ਲਈ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਇਹ ਹਕੀਕਤ ਨਹੀਂ ਕਿ ਨਵੰਬਰ ਵਿਚ ਹੀ ਨਹੀਂ, ਦਸੰਬਰ ਵਿਚ ਅਤੇ ਜਨਵਰੀ ਵਿਚ ਵੀ ਬਹੁਤ ਸਾਰੇ ਠੇਕੇਦਾਰਾਂ ਨੂੰ ਪੇਮੈਂਟਸ ਨਹੀਂ ਹੋ ਰਹੀਆਂ। ਕੀ ਇਸ ਦਾ ਸਬੰਧ ਇਸ ਗੱਲ ਨਾਲ ਨਹੀਂ ਕਿ ਪੰਜਾਬ ਸਰਕਾਰ ਦੇ ਫ਼ਾਈਨੈਂਸਿਜ਼ ਦੀ ਹਾਲਤ ਕਾਫ਼ੀ ਵਿਗੜੀ ਹੋਈ ਹੈ।

ਰਾਜ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦੀ ਦੂਸਰੀ ਗੱਲ ਤਾਂ ਬਿਲਕੁਲ ਗ਼ਲਤ ਹੈ। ਜਿਹੜੀ ਇਨ੍ਹਾਂ ਦੀ ਪਹਿਲੀ ਗੱਲ ਹੈ, ਜੇ ਇਨ੍ਹਾਂ ਕੋਲ ਕੋਈ ਐਸੇ ਠੇਕੇਦਾਰ ਹਨ ਜਿਨ੍ਹਾਂ ਨੂੰ ਪੇਮੈਂਟ ਨਹੀਂ ਹੋਈ, ਇਹ ਦੱਸ ਦੇਣ, ਪੇਮੈਂਟ ਕਰਵਾ ਦਿਆਂਗੇ।

STARRED QUESTION NO. 3105**

ਸ੍ਰੀ ਸਪੀਕਰ: *3105 ਲਈ ਐਕਸਟੈਂਸ਼ਨ ਮੰਗੀ ਗਈ ਹੈ। ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਸ ਦਾ ਜਵਾਬ ਇਸੇ ਸੈਸ਼ਨ ਵਿਚ ਦੇ ਦੇਣ। (Extension has been asked for in respect of Starred Question No. 3105. I would request the hon. Minister concerned to give its reply during the current session.)

ਲੋਕ ਨਿਰਮਾਣ ਦੇ ਰਾਜ ਮੰਤਰੀ: ਇਸੇ ਸੈਸ਼ਨ ਵਿਚ ਇਸ ਦਾ ਜਵਾਬ ਦੇ ਦੇਵਾਂਗੇ।

Mr. Speaker: Starred Question No. 3129 by Sardar Surjit Singh Sidhu.

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਸਿੱਧੂ ਸਾਹਿਬ ਮੈਨੂੰ ਸਵਾਲ ਪੇਸ਼ ਕਰਨ ਲਈ ਕਹਿ ਗਏ ਸਨ।

ਸ੍ਰੀ ਸਪੀਕਰ: ਸਰਦਾਰ ਬਲਵਿੰਦਰ ਸਿੰਘ ਜੀ, ਜੇ ਤੁਹਾਡੇ ਕੋਲ ਰਿਟਨ ਅਥਾਰਿਟੀ ਹੈ ਤਾਂ ਉਹ ਤੁਸੀਂ ਮੈਨੂੰ ਭੇਜ ਦਿਓ। (Sardar Balwinder Singh ji, if you have got written authority from the hon. Member concerned, please send it to me.)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸੋਹੀ ਸਰ। ਉਹ ਮੈਨੂੰ ਜ਼ਬਾਨੀ ਕਹਿ ਗਏ ਸਨ, ਲਿਖਤੀ ਮੇਰੇ ਪਾਸ ਨਹੀਂ ਹੈ।

Mr. Speaker: All right.

ਪਿੰਡਾਂ ਵਿਚ ਉਪ ਸਿਹਤ ਕੇਂਦਰ ਖੋਲ੍ਹਣ ਦੀ ਤਜਵੀਜ਼

*3129. ਸਰਦਾਰ ਸੁਰਜੀਤ ਸਿੰਘ ਸਿੱਧੂ (ਸਰਦਾਰ ਬਲਵਿੰਦਰ ਸਿੰਘ ਭੂੰਦੜ ਵੱਲੋਂ ਪੇਸ਼ ਕੀਤਾ ਗਿਆ): ਕੀ ਸਿਹਤ ਅਤੇ ਪਰਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਰ ਇਕ ਪਿੰਡ ਵਿਚ ਉਪ ਸਿਹਤ ਕੇਂਦਰ ਖੋਲ੍ਹਣ ਅਤੇ ਹਰ ਪਿੰਡ ਵਿਚ ਰੋਜ਼ਾਨਾ ਇਕ ਜਾਂ ਦੋ ਘੰਟੇ ਲਈ ਗਸ਼ਤੀ ਸਟਾਫ਼ ਰਾਹੀਂ ਡਾਕਟਰੀ ਸਹਾਇਤਾ ਦੇਣ ਦਾ ਪ੍ਰਬੰਧ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

ਸਰਦਾਰ ਬਲਬੀਰ ਸਿੰਘ: ਨਹੀਂ ਜੀ।

ਹਰ ਪਿੰਡ ਵਿਚ ਉਪ ਸਿਹਤ ਕੇਂਦਰ ਖੋਲ੍ਹਣੇ ਆਰਥਿਕ ਕਾਰਨਾਂ ਕਰਕੇ ਅਸੰਭਵ ਹਨ। 10 ਹਜ਼ਾਰ ਦੀ ਆਬਾਦੀ ਪਿਛੇ ਇਕ ਉਪ ਸਿਹਤ ਕੇਂਦਰ ਖੋਲ੍ਹਿਆ ਜਾਂਦਾ ਹੈ। ਇਸ ਸਮੇਂ

**For Starred Question No. 3105 and reply thereto please see P.V.S. Debate dated 3rd February, 1975.

856 ਉਪ ਸਿਹਤ ਕੇਂਦਰ ਕੰਮ ਕਰ ਰਹੇ ਹਨ ਅਤੇ ਇਸ ਪਲੈਨ ਦੇ ਦੌਰਾਨ 178 ਉਪ ਸਿਹਤ ਕੇਂਦਰ ਹੋਰ ਖੋਲ੍ਹੇ ਜਾਣ ਦੀ ਤਜਵੀਜ਼ ਹੈ । ਹਰ ਪਿੰਡ ਵਿਚ ਇਹ ਸਹੂਲਤ ਦੇਣ ਦੀ ਘਾਟ ਨੂੰ ਪੂਰਾ ਕਰਨ ਲਈ ਬਹੁ-ਮੁੱਖੀ ਟੀਮਾਂ ਹਰ ਪ੍ਰਾਇਮਰੀ ਹੈਲਥ ਸੈਂਟਰ ਵਿਚੋਂ ਹਫ਼ਤੇ ਵਿਚ ਦੋ ਦਿਨ ਪਿੰਡਾਂ ਵਿਚ ਦਵਾਈਆਂ ਦੇਣ ਵਾਸਤੇ ਜਾਂਦੀਆਂ ਹਨ ।

ਚੌਧਰੀ ਰਾਮ ਸਿੰਘ: ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਸ ਤਰ੍ਹਾਂ ਜਲੰਧਰ ਅਤੇ ਅੰਮ੍ਰਿਤਸਰ ਜਿਹੇ ਸ਼ਹਿਰਾਂ ਵਿਚ ਜਿਨ੍ਹਾਂ ਪੁਰਾਣੀਆਂ ਯਾਦਗਾਰਾਂ ਦੇ ਨਾਮ ਤੇ ਹਸਪਤਾਲ ਸਨ, ਜਿਸ ਤਰ੍ਹਾਂ ਵਿਕਟੋਰੀਆ ਦੇ ਨਾਮ ਤੇ ਹਸਪਤਾਲ ਸੀ, ਉਹ ਯਾਦਗਾਰਾਂ ਮਿਟ ਰਹੀਆਂ ਹਨ (ਵਿਘਨ) ਕੀ ਇਹ ਸ਼ਹੀਦਾਂ ਦੇ ਨਾਮ ਤੇ ਹਸਪਤਾਲਾਂ ਦਾ ਨਾਮ ਰੱਖਣਗੇ ਤਾਕਿ ਸ਼ਹੀਦਾਂ ਦਾ ਨਾਮ ਜ਼ਿੰਦਾ ਰਹੇ । ਕੀ ਸਰਕਾਰ ਇਸ ਬਾਰੇ ਕੋਈ ਫ਼ੈਸਲਾ ਕਰੇਗੀ ?

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ । ਫ਼ਿਰ ਵੀ ਚੌਧਰੀ ਜੀ ਨੇ ਜਿਹੜਾ ਸੁਝਾਓ ਦਿੱਤਾ ਹੈ ਇਸ ਉਤੇ ਗੌਰ ਕਰਾਂਗੇ । ਪਹਿਲਾਂ ਵੀ ਕਈ ਹਸਪਤਾਲਾਂ ਦੇ ਨਾਮ ਸ਼ਹੀਦਾਂ (ਫ਼ਰੀਡਮ ਫ਼ਾਈਟਰਜ਼) ਦੇ ਨਾਮ ਤੇ ਰੱਖੇ ਗਏ ਹਨ ।

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ 10 ਹਜ਼ਾਰ ਦੀ ਆਬਾਦੀ ਮਗਰ ਇਕ ਉਪ ਸਿਹਤ ਕੇਂਦਰ ਖੋਲ੍ਹਿਆ ਜਾਂਦਾ ਹੈ ਕੀ ਵਜ਼ੀਰ ਸਾਹਿਬ ਦਾ ਵਿਚਾਰ ਹੈ ਕਿ ਇਸ ਤੋਂ ਘੱਟ ਆਬਾਦੀ ਮਗਰ ਵੀ ਡਿਸਪੈਂਸਰੀਆਂ ਖੋਲ੍ਹੀਆਂ ਜਾਣ ? ਦੂਸਰਾ ਮੇਰਾ ਸਵਾਲ ਇਹ ਹੈ ਕਿ ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਹਫ਼ਤੇ ਵਿਚ ਦੋ ਦਿਨ ਪਿੰਡਾਂ ਵਿਚ ਤੁਰਦੀਆਂ ਫਿਰਦੀਆਂ ਡਿਸਪੈਂਸਰੀਆਂ ਜਾਂਦੀਆਂ ਹਨ । ਮੈਂ ਦੱਸਦਾ ਹਾਂ ਕਿ ਇਹ ਚੀਜ਼ ਕਾਗਜ਼ਾਂ ਵਿਚ ਹੀ ਹੈ । ਇਸ ਲਈ ਕੀ ਉਹ ਪੜਤਾਲ ਕਰਨਗੇ ਕਿ ਕੀ ਅਸਲ ਵਿਚ ਇਹ ਡਿਸਪੈਂਸਰੀਆਂ ਪਿੰਡਾਂ ਵਿਚ ਜਾਂਦੀਆਂ ਵੀ ਹਨ ਜਾਂ ਕਿ ਐਵੇਂ ਕਾਗਜ਼ਾਂ ਵਿਚ ਹੀ ਵਿਖਾਇਆ ਜਾਂਦਾ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਇਨ੍ਹਾਂ ਦਾ ਵੇਗ ਐਲੀਗੇਸ਼ਨ ਹੈ । ਇਹ ਸਪੈਸੀਫ਼ਿਕ ਗੱਲ ਲਿਆਉਣ ਅਸੀਂ ਪੜਤਾਲ ਕਰਾਂਗੇ ਤਾਂਕਿ ਜਿਸ ਤਰ੍ਹਾਂ ਇਹ ਕਹਿੰਦੇ ਹਨ ਕਿ ਕਾਗਜ਼ਾਂ ਵਿਚ ਹੀ ਨਾ ਰਹਿ ਜਾਵੇ । ਤੁਸੀਂ ਕੋਈ ਸਪੈਸੀਫ਼ਿਕ ਕੇਸ ਦੱਸੋ ਅਸੀਂ ਪਰੈਕਟੀਕਲੀ ਹੋਵਾਂਗੇ ।

ਸਰਦਾਰ ਧੰਨਾ ਸਿੰਘ ਗੁਲਸ਼ਨ: ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਡਿਸਪੈਂਸਰੀਆਂ ਨਾ ਹੋਣ ਕਰਕੇ ਪਿੰਡਾਂ ਦੇ ਲੋਕ ਸ਼ਹਿਰਾਂ ਵਿਚ ਆਉਂਦੇ ਹਨ ਪਰ ਸ਼ਹਿਰਾਂ ਦੇ ਹਸਪਤਾਲਾਂ ਵਿਚ ਪਹਿਲੇ ਹੀ ਬਹੁਤ ਰੱਸ਼ ਹੋਣ ਕਰਕੇ ਡਾਕਟਰ ਮਰੀਜ਼ਾਂ ਦੀ ਦੇਖ ਭਾਲ ਨਹੀਂ ਕਰ ਸਕਦੇ । ਇਸ ਗੱਲ ਨੂੰ ਸਾਹਮਣੇ ਰੱਖਦੇ ਹੋਏ ਕੀ ਉਹ ਪਿੰਡਾਂ ਵਿਚ ਛੋਟੇ ਹੈਲਥ ਸੈਂਟਰ ਖੋਲ੍ਹਣਗੇ ? ਕੀ ਪਿੰਡਾਂ ਵਿਚ ਛੋਟੇ ਹੈਲਥ ਸੈਂਟਰ ਖੋਲ੍ਹਣ ਦੀ ਇਨ੍ਹਾਂ ਦੀ ਸਕੀਮ ਹੈ ?

ਰਾਜ ਮੰਤਰੀ: ਜਿਹੜੀ ਪੰਜ ਸਾਲਾ ਪਲਾਨ ਹੈ ਉਸ ਵਿਚ 178 ਸਬ ਸੈਂਟਰ ਖੋਲ੍ਹਣੇ ਹਨ । ਇਹ ਮੈਨੂੰ ਦਸ ਦੇਣ ਕਿ ਇਹ ਕਿਹੜੀ ਜਗ੍ਹਾ ਨੂੰ ਪ੍ਰਾਇਰਟੀ ਦੇਣਗੇ, ਉਸ ਨੂੰ ਜ਼ਰੂਰ ਕੰਸਿਡਰ ਕਰਾਂਗੇ ।

ਭਗਤ ਗੁਰਾਂ ਦਾਸ ਹੰਸ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਛੜੇ ਹੋਏ ਇਲਾਕਿਆਂ ਵਿਚ ਡਿਸਪੈਂਸਰੀਆਂ ਖੋਲ੍ਹਣ ਦਾ ਇਨ੍ਹਾਂ ਦਾ ਖ਼ਿਆਲ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਜੇ ਉਹ ਸਪੈਸੀਫ਼ਿਕ ਸਵਾਲ, ਜਿਹੜੇ ਕਿ ਇਸ ਸਵਾਲ ਨਾਲ ਰੈਲੇਵੈਂਟ ਹੋਣ, ਪੁੱਛਣ ਤਾਂ ਜਵਾਬ ਠੀਕ ਅਤੇ ਐਗਜ਼ੈਕਟ ਦਿੱਤਾ ਜਾ ਸਕਦਾ ਹੈ। ਇਹ ਮੰਤ੍ਰੀਆਂ ਨੂੰ ਇਨਸਾਈਕਲੋਪੀਡੀਆ ਨਾ ਸਮਝਣ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਸਾਡੇ ਸਬ ਹੈਲਥ ਸੈਂਟਰ ਹਨ, ਪਹਿਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਵਿਚ ਦਵਾਈਆਂ ਨਹੀਂ ਹਨ। ਇਸ ਵਾਸਤੇ ਬਜਟ ਥੋੜ੍ਹਾ ਹੈ। ਜੇ ਦਵਾਈਆਂ ਕੁਝ ਪਹੁੰਚ ਵੀ ਜਾਣ ਤਾਂ ਜਿਹੜੇ ਅਸਰ ਰਸੂਖ ਵਾਲੇ ਆਦਮੀ ਹੁੰਦੇ ਹਨ ਉਹ ਦਵਾਈਆਂ ਆਪ ਵਰਤ ਲੈਂਦੇ ਹਨ। ਇਸ ਲਈ ਕੀ ਇਹ ਇਸ ਪਾਸੇ ਕਦਮ ਚੁੱਕਣਗੇ ਕਿ ਇਸ ਪਾਸੇ ਪੈਸਾ ਵਧਾਉਣ ਅਤੇ ਦੂਸਰਾ ਇਹ ਕਿ ਜਿਹੜੇ ਇਸ ਕਿਸਮ ਦੀਆਂ ਦਵਾਈਆਂ ਦੀ ਨਜਾਇਜ਼ ਵਰਤੋਂ ਕਰਦੇ ਹਨ ਉਸ ਨੂੰ ਰੋਕਿਆ ਜਾਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਇਨ੍ਹਾਂ ਦਾ ਵੇਗ ਐਲੀਗੇਸ਼ਨ ਹੈ। (ਵਿਘਨ) ਜੇ ਇਨ੍ਹਾਂ ਪਾਸ ਕੋਈ ਐਸਾ ਕੇਸ ਹੈ ਤਾਂ ਇਹ ਦੱਸਣ, ਉਸ ਦੀ ਜ਼ਰੂਰ ਪੜਤਾਲ ਕਰਾਈ ਜਾਵੇਗੀ।

ਸਰਦਾਰ ਰਣਧੀਰ ਸਿੰਘ ਚੀਮਾ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਬੱਸੀ ਪਠਾਣਾਂ ਵਿਚ ਕੋਈ ਹੈਲਥ ਸੈਂਟਰ ਨਹੀਂ ਹੈ। ਪਹਿਲਾਂ ਉਸ ਏਰੀਆ ਵਿਚ ਜਿਹੜਾ ਹੈਲਥ ਸੈਂਟਰ ਐਗਜ਼ਿਸਟ ਕਰਦਾ ਸੀ, ਉਹ ਉਥੋਂ ਰੋਪੜ ਜ਼ਿਲ੍ਹੇ ਵਿਚ ਚਲਾ ਗਿਆ ਹੈ। ਇਸ ਲਈ ਇਹ ਕਦੋਂ ਤੱਕ ਸਾਡੇ ਬਲਾਕ ਵਿਚ ਉਥੇ ਨਵਾਂ ਹੈਲਥ ਸੈਂਟਰ ਦੇ ਦੇਣਗੇ ? ਇਹ ਜਲਦੀ ਤੋਂ ਜਲਦੀ ਉਥੇ ਹੈਲਥ ਸੈਂਟਰ ਦੇਣ ਤਾਂ ਕਿ ਜਨਤਾ ਉਸ ਦਾ ਫ਼ਾਇਦਾ ਉਠਾ ਸਕੇ।

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਗੌਰ ਕਰ ਰਹੇ ਹਾਂ। ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ, ਠੀਕ ਹੈ ਪਹਿਲਾ ਹੈਲਥ ਸੈਂਟਰ ਦੂਸਰੇ ਜ਼ਿਲ੍ਹੇ ਵਿਚ ਚਲਾ ਗਿਆ ਹੈ। ਸਾਡਾ ਹਰ ਬਲਾਕ ਵਿਚ ਇਕ ਇਕ ਹੈਲਥ ਸੈਂਟਰ ਹੈ, ਇਸ ਲਈ ਇਨ੍ਹਾਂ ਦੇ ਉਥੇ ਬਲਾਕ ਵਿਚ ਜਲਦੀ ਹੈਲਥ ਸੈਂਟਰ ਖੋਲ੍ਹਣ ਦਾ ਯਤਨ ਕਰਾਂਗੇ।

ਭਗਤ ਗੁਰਾਂ ਦਾਸ ਹੰਸ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਸਿਹਤ ਕੇਂਦਰ, ਜਦੋਂ ਦੇ ਇਹ ਮਨਿਸਟਰ ਬਣੇ ਹਨ, ਕੋਈ ਨਹੀਂ ਖੁਲ੍ਹਿਆ। ਇਸ ਲਈ ਕੀ ਇਹ ਹੁਣ ਉਥੇ ਕੋਈ ਸਿਹਤ ਕੇਂਦਰ ਖੋਲ੍ਹਣਗੇ ?

ਰਾਜ ਮੰਤਰੀ : ਇਨ੍ਹਾਂ ਦਾ ਖਿਆਲ ਰੱਖਾਂਗੇ।

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੇਰੇ ਹਲਕੇ ਭਦੌੜ ਵਿਚ ਦਿਲਵਾਂ ਪਿੰਡ ਬਹੁਤ ਵੱਡਾ ਹੈ। ਕੀ ਉਥੇ ਵੀ ਇਹ ਡਿਸਪੈਂਸਰੀ ਖੋਲਣਗੇ ? ਦੂਸਰਾ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਇਹ ਮੰਤਰੀਆਂ ਨੂੰ ਇਨਸਾਈਕਲੋਪੀਡੀਆ ਨਾ ਸਮਝਣ। (ਵਿਘਨ) ਉਸ ਦੀ ਕੋਸ਼ ਨਾਲੋਂ ਸਗੋਂ ਜ਼ਿਆਦਾ ਕੀਮਤ ਹੁੰਦੀ ਹੈ।

(ਕੋਈ ਉੱਤਰ ਨਹੀਂ ਆਇਆ।)

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਅਜ ਕਲ ਟਰੈਫ਼ਿਕ ਬਹੁਤ ਜ਼ਿਆਦਾ ਹੋ ਗਈ ਹੈ ਅਤੇ ਹਾਦਸੇ ਬਹੁਤ ਹੁੰਦੇ ਹਨ ਅਤੇ ਟੰਗਾਂ, ਬਾਹਾਂ ਟੁੱਟ ਜਾਂਦੀਆਂ ਹਨ । ਅਜੇ ਤੱਕ ਸਾਰੇ ਪੰਜਾਬ ਵਿਚ ਇਸ ਕਿਸਮ ਦੇ ਹੱਡੀਆਂ ਚੜ੍ਹਾਉਣ ਦੇ ਦੋ ਸੈਂਟਰ ਪਟਿਆਲਾ ਅਤੇ ਅੰਮ੍ਰਿਤਸਰ ਵਿਚ ਹਨ । ਇਸ ਲਈ ਕੀ ਮਨਿਸਟਰ ਸਾਹਿਬ ਹਰ ਜ਼ਿਲ੍ਹੇ ਵਿਚ, ਜ਼ਿਲ੍ਹਾ ਹੈਡਕੁਆਰਟਰ ਤੇ ਅਜਿਹੇ ਸੈਂਟਰ ਖੋਲ੍ਹਣ ਲਈ ਵਿਚਾਰ ਕਰਨਗੇ ?

Mr. Speaker : Supplementary ruled out.

ਰਾਜ ਮੰਤਰੀ : ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਕੋਈ ਸਪੈਸੀਫ਼ਿਕ ਕੁਐਸਚਨ ਕਰ ਦੇਣ ਤਾਂ ਉਸ ਦਾ ਜਵਾਬ ਦੇ ਦਿਆਂਗੇ ।

ਜ਼ਿਲ੍ਹਾ ਰੋਪੜ ਦੇ ਨੀਮ-ਪਹਾੜੀ ਇਲਾਕੇ ਵਚ ਪਿੰਡਾਂ ਨੂੰ ਮੁਹੱਈਆ ਕੀਤੀਆਂ ਗਈਆਂ ਸਿੰਜਾਈ ਦੀਆਂ ਸਹੂਲਤਾਂ ।

*3084. **ਸਰਦਾਰ ਗੁਰਬਚਨ ਸਿੰਘ (ਰੋਪੜ)** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਰੋਪੜ ਵਿਚ ਹਿਮਾਚਲ ਪ੍ਰਦੇਸ਼ ਸਰਹੱਦ ਸਮੇਤ ਨੀਮ-ਪਹਾੜੀ ਇਲਾਕੇ ਵਿਚ ਕੁਲ ਕਿੰਨੇ ਪਿੰਡ ਹਨ ਜਿਨ੍ਹਾਂ ਨੂੰ 31 ਦਸੰਬਰ, 1974, ਤਕ ਡੂੰਘੇ ਟਿਊਬਵੈਲਾਂ ਰਾਹੀਂ ਸਿੰਜਾਈ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਹਨ ;

(ਅ) ਅਜਿਹੇ ਟਿਊਬਵੈਲਾਂ ਦੀ ਗਿਣਤੀ ਕਿੰਨੀ ਹੈ ਜੋ ਅਸਲ ਵਿਚ ਕੰਮ ਕਰਨ ਦੀ ਹਾਲਤ ਵਿਚ ਹਨ ;

(ੲ) ਜ਼ਿਲ੍ਹਾ ਰੋਪੜ ਦੇ ਨੀਮ-ਪਹਾੜੀ ਇਲਾਕੇ ਦੇ ਸਾਰੇ ਪਿੰਡ ਕਿਸ ਸਮੇਂ ਤਕ ਡੂੰਘੇ ਟਿਊਬਵੈੱਲ ਸਿੰਜਾਈ ਸਕੀਮ ਹੇਠ ਆ ਜਾਣਗੇ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : (ੳ) 29

(ਅ) 14

(ੲ) ਜਿਵੇਂ ਹੀ ਏ. ਆਰ. ਸੀ. ਕੋਲੋਂ ਮਨਜ਼ੂਰੀ ਪ੍ਰਾਪਤ ਹੋ ਜਾਂਦੀ ਹੈ ਕੰਮ ਹੱਥ ਵਿਚ ਲੈ ਲਿਆ ਜਾਵੇਗਾ ।

ਸਰਦਾਰ ਗੁਰਬਚਨ ਸਿੰਘ (ਰੋਪੜ) : ਸਪੀਕਰ ਸਾਹਿਬ, ਸਬ-ਮਾਊਂਟੇਨਸ ਏਰੀਆ ਦੇ ਲਈ ਇਕ ਡਿਵੈਲਪਮੈਂਟ ਬੋਰਡ ਬਣਿਆ ਹੋਇਆ ਹੈ । ਇਨ੍ਹਾਂ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ ਕੋਈ ਟਿਊਬਵੈਲ ਨਹੀਂ ਲਾਇਆ । ਇਸ ਦਾ ਮਤਲਬ ਇਹ ਹੋਇਆ ਕਿ 1972 ਤੋਂ ਲੈ ਕੇ 1975 ਟੱਕ, ਅਰਥਾਤ ਤਿੰਨ ਸਾਲ ਦੇ ਅਰਸੇ ਵਿਚ ਕੋਈ ਟਿਊਬਵੈਲ ਉਹ ਨਹੀਂ ਲਾ ਸਕੇ । ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾ ਕਿ ਕੀ ਇਹ ਜਿਹੜਾ ਸਬ-ਮਾਊਟੇਨਸ ਏਰੀਏ ਲਈ ਡਿਵੈਲਪਮੈਂਟ ਬੋਰਡ ਬਣਿਆ ਹੋਇਆ ਹੈ ਇਹ ਡਮੀ ਹੈ ? ਜੇ ਡਮੀ ਨਹੀਂ ਬਣਿਆ ਹੋਇਆ ਤਾਂ ਕਦੋਂ ਤਕ ਇਹ ਟਿਊਬਵੈਲਜ਼ ਦਾ ਕੰਮ ਸ਼ੁਰੂ ਕਰ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਰੋਪੜ ਡਿਸਟ੍ਰਿਕਟ ਵਿਚ 5 ਬਲਾਕ ਹਨ ਅੌਰ ਇਨ੍ਹਾਂ ਵਿਚੋਂ ਖਰੜ ਅੌਰ ਸਿਆਲਬਾ ਮਾਜਰੀ ਵਿਚ ਕੁਝ ਟਿਊਬਵੈਲਜ਼ ਲਗਾਏ ਹਨ। ਇਹ ਜਿਹੜੇ ਟਿਊਬਵੈਲਜ਼ ਲਗਦੇ ਹਨ ਇਹਦੇ ਲਈ ਏ. ਆਰ. ਸੀ. ਤੋਂ ਫ਼ਾਈਨੈਂਸ਼ਲ ਅਸਿਸਟੈਂਸ ਮਿਲਦੀ ਹੈ। ਇਸ ਦੇ ਲਈ ਅਸੀਂ ਵਾਟਰ ਸੋਰਸਿਜ਼ ਦੀ ਜਾਣਕਾਰੀ ਕਰਵਾ ਰਹੇ ਹਾਂ ਕਿ ਕਿਥੇ ਕਿਥੇ ਟਿਊਬਵੈਲਜ਼ ਦਾ ਪਾਣੀ ਅਵੇਲੇਬਲ ਹੈ। ਜਦੋਂ ਇਸ ਦੀ ਰਿਪੋਰਟ ਆ ਜਾਵੇਗੀ ਅਤੇ ਏ. ਆਰ. ਸੀ. ਟਿਊਬਵੈਲਜ਼ ਦੀ ਸੈਂਕਸ਼ਨ ਦੇ ਦੇਵੇਗਾ, ਉਦੋਂ ਉਥੇ ਅਸੀਂ ਕੰਮ ਸ਼ੁਰੂ ਕਰ ਦੇਵਾਂਗੇ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਇਹ ਸਰਕਾਰ ਦੀ ਬੜੀ ਅੱਛੀ ਸਕੀਮ ਸੀ ਕਿ ਕੰਢੀ ਅੌਰ ਪਹਾੜੀ ਇਲਾਕੇ ਵਿਚ ਸਿੰਜਾਈ ਲਈ ਪਾਣੀ ਦਿੱਤਾ ਜਾਵੇ। ਮੇਰੇ ਆਪਣੇ ਹਲਕੇ ਵਿਚ ਪਹਾੜੀ ਇਲਾਕਾ ਹੈ ਜਿਥੇ ਟਿਊਬਵੈਲ ਕਾਰਪੋਰੇਸ਼ਨ ਨੇ ਜਿਤਨੇ ਵੀ ਟਿਊਬਵੈਲਜ਼ ਲਗਾਏ ਹਨ ਉਨ੍ਹਾਂ ਵਿਚੋਂ ਇਕ ਵੀ ਔਪਰੇਟ ਨਹੀਂ ਹੋਇਆ। ਦੂਸਰਾ ਇਹ ਹੈ ਕਿ ਜਿਹੜੇ ਪਹਾੜ ਦੀ ਧਾਰ ਦੇ ਨਾਲ ਨਾਲ ਜਿਹੜੇ ਪਿੰਡ ਹਨ ਉਹ ਪਿੰਡ ਛੱਡ ਦਿੱਤੇ ਹਨ। ਮੈਂ ਵਜ਼ੀਰ ਸਾਹਿਬ ਤੋਂ ਇਹ ਆਸ਼ਵਾਸਨ ਲੈਣਾ ਚਾਹੁੰਦਾ ਹਾਂ ਕਿ ਹਰ ਇਕ ਉਸ ਪਿੰਡ ਨੂੰ, ਜਿਥੇ ਜ਼ਮੀਨ ਵਾਹੀ ਯੋਗ ਹੈ, ਕੀ ਉਥੇ ਟਿਊਬਵੈਲ ਦੇਣਗੇ?

ਰਾਜ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਬੜਾ ਜਨਰਲ ਜਿਹਾ ਸਵਾਲ ਕੀਤਾ ਹੈ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਹ ਟਿਊਬਵੈਲਜ਼ ਏ.ਆਰ. ਸੀ. ਸਕੀਮ ਦੇ ਥੱਲੇ ਲਾਉਂਦੇ ਹਾਂ, ਹੋਰ ਕਿਧਰੇ ਨਹੀਂ।

ਸਰਦਾਰ ਗੁਰਬਚਨ ਸਿੰਘ (ਰੋਪੜ) : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਮੇਰੇ ਸਵਾਲ ਦੇ ਜਵਾਬ ਵਿਚ ਇਹ ਫਰਮਾਇਆ ਹੈ ਕਿ ਸਿਆਲਬਾ ਮਾਜਰੀ ਅੌਰ ਖਰੜ ਦੇ ਇਲਾਕੇ ਵਿਚ ਕੁਝ ਟਿਊਬਵੈਲਜ਼ ਲਗਾਏ ਗਏ ਹਨ। ਮੈਂ ਸਮਝਦਾ ਹਾਂ ਕਿ ਵਜ਼ੀਰ ਸਾਹਿਬ ਨੇ ਮੇਰੇ ਸਵਾਲ ਨੂੰ ਚੰਗੀ ਤਰ੍ਹਾਂ ਪੜ੍ਹਿਆ ਨਹੀਂ ਹੈ। ਇਸ ਦੇ ਵਿਚ ਲਿਖਿਆ ਹੈ ਕਿ "along the Himachal Pradesh border" ਕੀ ਇਹ ਕਿਰਪਾ ਕਰਕੇ ਦੱਸਣਗੇ ਕਿ ਹਿਮਾਚਲ ਦੇ ਨਾਲ ਲਗਦੇ ਇਲਾਕੇ ਵਿਚ ਕਿੰਨੇ ਟਿਊਬਵੈਲ ਲਗਾਏ ਹਨ? ਸਵਾਲ ਗੰਧਮ ਅਤੇ ਜਵਾਬ ਮੱਕੀ ਵਾਲੀ ਗੱਲ ਹੈ। (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਮੇਰਾ ਖ਼ਿਆਲ ਹੈ ਕਿ ਮੈਂਬਰ ਸਾਹਿਬ ਨੇ ਸਵਾਲ ਆਪ ਹੀ ਨਹੀਂ ਪੜ੍ਹਿਆ।

Part (a) of the question reads as under:—

> "the total number of villages in sub-mountaneous area along the Himachal Pradesh Border in District Ropar which have been provided irrigation facilities through deep tubewells upto 31st December, 1974."

ਉਹ ਮੈਂ ਨੰਬਰ ਦੇ ਦਿੱਤਾ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਲਿਖਤੀ ਰੂਪ ਵਿਚ ਦਿੱਤਾ ਸੀ ਕਿ ਟਿਊਬਵੈਲ ਬੋਰ ਕਰਨ ਵਾਸਤੇ ਪੰਜਾਬ ਦੇ ਮਾੜੇ ਜ਼ਿਲ੍ਹਿਆਂ ਵਿਚ......(ਵਿਘਨ)

ਇਕ ਆਵਾਜ਼ : ਤੁਹਾਡਾ ਨਾ ਜ਼ਿਲ੍ਹਾ ਰੋਪੜ ਨਾ ਪਹਾੜੀ ਏਰੀਆ....(ਵਿਘਨ) (ਹਾਸਾ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਇਕ ਅਰਜ਼ੀ ਲਿਖ ਕੇ ਦਿੱਤੀ ਸੀ ਕਿ ਫ਼ਿਰੋਜ਼ਪੁਰ, ਬਠਿੰਡਾ ਔਰ ਫ਼ਰੀਦਕੋਟ ਦਾ ਪਾਣੀ ਬਹੁਤ ਮਾੜਾ ਹੈ। ਉਥੇ ਲੱਖਾਂ ਕਰੋੜਾਂ ਮਣ ਅਨਾਜ ਪੈਦਾ ਹੋ ਸਕਦਾ ਹੈ। ਮੈਂ ਬੇਨਤੀ ਕੀਤੀ ਸੀ ਕਿ ਕੀ ਉਥੇ ਕੋਈ ਟਿਊਬਵੈਲਜ਼ ਲਾਉਣ ਦਾ ਵਿਚਾਰ ਹੈ, ਤਾਂ ਇਨ੍ਹਾਂ ਨੇ ਲਿਖ ਕੇ ਮੈਨੂੰ ਜਵਾਬ ਦਿੱਤਾ ਸੀ ਕਿ ਉਥੇ ਛੇਤੀ ਹੀ ਟਿਊਬਵੈਲਜ਼ ਲਾਉਣ ਦਾ ਵਿਚਾਰ ਕਰਾਂਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਤੋਂ ਬਾਅਦ ਕੋਈ ਉਪਰਾਲਾ ਕੀਤਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਸਵਾਲ ਕਰਦੇ ਸਮੇਂ ਆਪ ਹੀ ਫਰਮਾਇਆ ਹੈ ਕਿ ਫਿਰੋਜ਼ਪੁਰ, ਬਠਿੰਡਾ ਔਰ ਫ਼ਰੀਦਕੋਟ ਦਾ ਪਾਣੀ ਮਾੜਾ ਹੈ। ਜੇ ਪਾਣੀ ਮਾੜਾ ਹੈ ਤਾਂ ਟਿਊਬਵੈਲ ਕਿਵੇਂ ਲੱਗਣਗੇ ? (ਵਿਘਨ) (ਹਾਸਾ)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਕ ਬੜੀ ਠੋਸ ਗੱਲ ਪੁੱਛੀ ਸੀ ਪਰ ਉਹ ਟਰਕਾ ਗਏ ਹਨ। ਮੈਂ ਦੁਬਾਰਾ ਫਿਰ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਗੜ੍ਹਸ਼ੰਕਰ ਵਿਚ ਜਿਹੜੇ ਪਿੰਡ ਪਹਾੜ ਦੀ ਧਾਰ ਦੇ ਨਾਲ ਨਾਲ ਹਨ ਉਨ੍ਹਾਂ ਨੂੰ ਛਡਿਆ ਜਾ ਰਿਹਾ ਹੈ। ਪਹਿਲਾਂ ਉਹ ਪਲਾਨ ਵਿਚ ਸੀ ਪਰ ਹੁਣ ਉਨ੍ਹਾਂ ਨੂੰ ਛੱਡ ਦਿੱਤਾ ਹੈ ਇਹ ਕਹਿ ਕੇ ਕਿ ਪੈਸੇ ਨਹੀਂ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਥੇ ਇਹ ਸਹੂਲਤ ਦਿੱਤੀ ਜਾਵੇਗੀ ਜਿਥੇ ਜ਼ਮੀਨ ਵਾਹੀਯੋਗ ਹੈ ? (ਵਿਘਨ)

(ਕੋਈ ਜਵਾਬ ਨਹੀਂ ਦਿੱਤਾ ਗਿਆ।)

ਸ਼੍ਰੀ ਸਪੀਕਰ : ਇਹ ਸਵਾਲ ਰੋਪੜ ਜ਼ਿਲ੍ਹੇ ਦਾ ਹੈ। (The question relates to Ropar District)

ਚੌਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਸਬ-ਮਾਊਂਟੇਨਸ ਏਰੀਆ ਦੇ ਬਾਰੇ ਜਿਹੜੀ ਡੀਪ ਟਿਊਬਵੈਲਜ਼ ਸਕੀਮ ਬਣੀ ਸੀ ਉਸ ਦੇ ਵਿਚ ਬਹੁਤ ਸਾਰੇ ਸਬ-ਮਾਊਂਟੇਨਸ ਏਰੀਆਜ਼ ਐਸੇ ਲੇ ਲਏ ਹਨ ਜਿਹੜੇ ਡੀਪ ਟਿਊਬਵੈਲਜ਼ ਸਕੀਮ ਨਾਲ ਤੁਅੱਲਕ ਨਹੀਂ ਰੱਖਦੇ ਲੇਕਿਨ ਜਿਹੜੇ ਏਰੀਆਜ਼ ਤੁਅੱਲਕ ਰੱਖਦੇ ਹਨ ਜਿਵੇਂ ਕਿ ਜ਼ਿਲ੍ਹਾ ਗੁਰਦਾਸਪੁਰ, ਰੋਪੜ ਜਾਂ ਹੁਸ਼ਿਆਰਪੁਰ ਵਿਚ ਹਨ। ਉਹ ਛੱਡ ਦਿੱਤੇ ਗਏ ਹਨ ਜਿਹੜੇ ਫ਼ਲੈਟ ਏਰੀਆਜ਼ ਹਨ ਉਨ੍ਹਾਂ ਨੂੰ ਪ੍ਰਾਇਰਟੀ ਕਿਉਂ ਦਿੱਤੀ ਗਈ ਹੈ ? ਕੀ ਵਜ਼ੀਰ ਸਾਹਿਬ ਉਨ੍ਹਾਂ ਸਬ-ਮਾਊਂਟੇਨਸ ਏਰੀਆਜ਼ ਨੂੰ ਪ੍ਰਾਇਰਟੀ ਦੇਣਗੇ ਜਿਹੜੇ ਛੱਡ ਦਿੱਤੇ ਗਏ ਹਨ ? (ਵਿਘਨ)

ਰਾਜ ਮੰਤਰੀ : ਇਹ ਜੋ ਸੁਜੇਸ਼ਨ ਇਨ੍ਹਾਂ ਨੇ ਦਿੱਤੀ ਹੈ, ਮੈਂ ਇਹ ਨੋਟ ਕਰ ਲਈ ਹੈ। (ਵਿਘਨ)

ਮੁਹਾਲੀ ਵਿਖੇ ਅਲਾਟ ਕੀਤੇ ਗਏ ਪਲਾਟ

*2961 **ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਹਾਊਸਿੰਗ ਦੇ ਰਾਜ ਮਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ 1970 ਤੋਂ ਮੁਹਾਲੀ, ਜ਼ਿਲ੍ਹਾ ਰੋਪੜ ਵਿਖੇ ਇਕ ਨਵੀਂ ਕਾਲੋਨੀ ਬਣ ਰਹੀ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ 1 ਜਨਵਰੀ, 1975 ਤੱਕ ਉਥੇ ਕਿੰਨੇ ਵਿਅਕਤੀਆਂ ਨੂੰ ਪਲਾਟ ਅਲਾਟ ਕੀਤੇ ਗਏ ਹਨ ;

(ੲ) ਉਕਤ ਅਲਾਟੀਆਂ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕਿੰਨੇ ਵਿਅਕਤੀ ਹਨ ਅਤੇ ਉਨ੍ਹਾਂ ਦੇ ਪਤੇ ਕੀ ਕੀ ਹਨ ?

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ) : (ੳ) 1969 ਵਿਚ ਮੁਹਾਲੀ ਵਿਖੇ ਸ਼ਹਿਰੀ ਮਿਲਖ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਸੀ ।

(ਅ) 5,627

(ੲ) 315 (ਇਨ੍ਹਾਂ 315 ਅਲਾਟੀਆਂ ਦੇ ਨਾਮ ਅਤੇ ਪਤਿਆਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

LIST OF ONE KANAL PLOTS ALLOTTED TO SCHEDULED CASTES PHASES II AND III-A

Serial No.	Name and Address
1.	Sh. Sada Nand, I.A.S., Labour Commissioner, Punjab, Chandigarh (Now Housing Commissioner).
2.	Sh. Amrik Singh, P.C.S. Under Secretary, Government Punjab, Welfare Department, Chandigarh.
3.	Sh. Pritam Singh, M.Sc. P.E. S. House No. 1143, Sector 21-B, Chandigarh.
4.	Sh. Surinder Singh, H. No. 1821 Sector 22-B, Chandigarh.
5.	Sh. M.S. Kailay, S.D.M., Malerkotla.
6.	Sh. Ranjit Singh Kailey, Administrative Officer, D.P.I. Office, Haryana.
7.	Sh. R.D. Nar, Chief Medical Officer, Ludhiana.
8.	Sh. S.S. Sandhu, P.C.S., S.D.M., Sangrur.
9.	Shrimati Indra, c/o Sh. Ajit Ram, Executive Magistrate, Moga.
10.	Sh. Bhapur Singh, Assistant Punjab Financial Commissioner Office, Chandigarh.
11.	Sh. Gian Singh Sandhu, District Transport Officer, Ferozepore.
12.	Sh. Karam Singh Raju, P.C.S., S.D.O. (C) Gurdaspur.
13.	Sh. H.G. Trighatia, P.C.S., Regional Deputy Director, Local Government, Amritsar.
14.	Smt. Tejinder Trighatia, 280/L, Model Town, Ludhiana.
15.	Sh. Nirmal Singh Lekh, Judicial Magistrate Ist Class, Batala.
16.	Sh. Nanak Chand Kichi, Judicial Magistrate, Moga.
17.	Sh. Gurdial Singh S.D.O. (C), Barnala.
18.	Sh. Sham Singh, Village Rurka Khurd, District Jullundur.

Serial No.	Name and Address
19.	Miss Vimla Bhano t, House No. 364, Sector 15-A, Chandigarh.
20.	Sh. Chanan Singh, House No. 747, Mohalla Kotli Nangal, Gurdaspur.
21.	Sh. Joginder Singh, 317/9 Chowk Hakiman Wala, Amritsar.
22.	Sh. Puran Singh, Medical Officer c/o Civil Hospital, Ludhiana.
23.	Sh. R.C. Paul, P.C.S., Sub-Judge, 1st Class, Ludhiana.
24.	Smt. Basanti Devi, 4-C Basant Villa, Udham Singh Nagar, Ludhiana .
25.	Sh. Jaswant Singh Korey P.C.S. Judicial Magistrate, Amritsar.
26.	Smt. Rataur Kaur, c/o Randhir Singh, S.D.M., Mansa.
27.	Sh. Kaushal Singh Sandhu, Assistant Registrar, Co-operative Society, Amritsar.
28.	Sh. Mohinder Singh Sub-Judge-cum-Magistrate, Samrala.

LIST OF SCHEDULED CASTES ALLOTTED ONE KANAL PLOTS PHASES IV AND V

Serial No.	Name and Address
1.	Sh. Manohar Singh, P.C.S., Secretary, Scheduled Castes Financial Corporation, 540, Sector 16-D, Chandigarh.
2.	Sh. D.S. Mohi, Supdt. of Police (Pb).
3.	Sh. Charanji Lal, Registrar of Operathly, Amritsar.
4.	Sh. Banta Ram, Village Mubarkpur, P.O. Ala Chaur, Tehsil Nawan Shahar Jullundur.
5.	Sh. Girdhari Lal Angu Rala, Village Mustfabad, P.O. Khanna Nagar, Batala Road, Amritsar.
6.	Sh. Ram Gopal, I.A.S., Deputy Commissioner, Jullundur..
7.	Sh. Balwant Rai Mahay, Sub-Divisional P.H. Division, Dharamkot, District Ferozepur.
8.	Sh. Tarsem Lal Mahay, Taxation Inspector, Excise and Taxation Office, 10-Court Road, Amritsar.
9.	Sh. Wattan Singh, Village Chabewal, P.O. Chabewal, Tehsil and District Hoshiarpur.
10.	Smt. Harbans Kaur wife of S. Piara Singh Bhardwaj, Village Gohawar, Tehsil Phillaur, via Goraya, District Jullundur.
11.	Shri Hari Ram, I.A.S., Jt. Secretary, Education, Punjab Government, Chandigar
12.	Sh. Munshi Ram, Village Chak Churar, P.O. Samundra, Tehsil Garhshank District Hoshiarpur.
13.	Sh. Sher Singh, c/o Prof. Mukhtiar Singh, Government College, Kapurthala.
14.	Sh. Gulzari Bhatti c/o Sh. Tulsi Ram Dhanda, House No.1387, Sector 23-B, Chandigarh.
15.	Sh. Ram Chand, 27 Nursery Square, Nangal Township.
16.	Smt. Shanti Devi, Retired Teacher, Ward No. 4, House No. 65, Trimmu Road, Gurdaspur.
17.	Sh. Harbans Lal, 47-A, Model House, Jullundur City.
18.	Sh. B.C. Mahey, I.A.S., D.A.G., Punjab.
19.	Sh. Bakshish Singh c/o Shri Lachhman Singh, D.A.G. 5 Circular Avenue (West), Nangal Township.
20.	Sh. Sansar Chand, 67/6, Jawahar Nagar, Ludhiana.

LIST OF ALLOTTEES WHO HAVE BEEN ALLOTTED 10-MARLA PLOTS IN PHASES II AND III IN MOHALI URBAN ESTATE—SCHEDULED CASTES CATEGORY

Serial No.	Name and Address
	Sh./Smt.
1.	Bakshish Singh, 2750/22-C, Chandigarh.
2.	Gurdip Pawar, 527/11-B, Chandigarh.
3.	Gurnam Singh, 1862/22-B, Chandigarh.
4.	Gurdev Singh, 2434, Sector-28, Chandigarh.
5.	Pall Singh, 1127/23-B, Chandigarh.

[Finance Minister]

6. Mangat Ram, 455, Labour Colony, Sector-26, Chandigarh.
7. Ram Rakha, 392-L, Model Town, Jullundur.
8. Karnail Singh, Head master, Government Middle School, Barlaspur, District Ropar.
9. Smt. Dharam Kaur, House No. 35, Sector-17, Chandigarh.
10. Darshan Singh, 1229-A, Sector 20-B, Chandigarh.
11. Kartar Singh, 3029, Sector 27-D, Chandigarh.
12. Dev Raj Virdi, Assistant, office of C.E,P.W.D. Irrigation, Punjab, Chandigarh.
13. Buta Ram, 210/22-A, Chandigarh.
14. Bakshish Singh, 106 Engr. Reg C/o 56 A.P.O.
15. Sucha Singh, office of D.E. Phones, Sector-18, Chandigarh.
16. Baldev Singh, 1862/22-B, Chandigarh.
17. Raghbir Singh, Village Bhikhi, P.O. Karamgarh, Ludhiana
18. Paramjit Raivkar, D-46, Sector-14, Chandigarh.
19. Puran Chand, Q. No. E-65, R.C. No. 2, Amritsar.
20. Gurcharan Singh, S.C.O. 35-36, Sector 17, Chandigarh.
21. Surjit Kaur, 133, Model House, Ludhiana.
22. Rattan Chand c/o B.K. Sood, 1523/23-B, Chandigarh.
23. Viru Mal, Deputy Superintendent, Mil. Br., Punjab Civil Secretariat, Chandigarh.
24. Amar Chand, Food and Civil Supplies Department, Punjab Chandigarh.
25. Bhag Singh, Address present—not available.
26. Bakshish Singh, Village Bhagatiarpur, District, Hoshiarpur.
27. Lachhman Singh, Village Bingle, Gurdwara Road, Ghumar Mandi, Ludhiana.
28. Joginder Singh, Inspector, Weight and Measure, Ropar.
29. Ujagar Singh, ES-542, Abadpur, Jullundur City.
30. Ram Rattan ES-553 Abadpur, Jullundur City.
31. H.S. Sandhu, V. and P.O. Dhunda, District Jullundur.
32. Gurdev Singh Dhaliwal, Furniture Service Machhiwara Road, Samrala.

$7\frac{1}{2}$ MARLA PLOTS ALLOTTED TO SCHEDULED CASTES PHASES II AND III-A

Serial No.	Name and Address.
1.	Smt. Tejwant Kaur, 127/19-A, Chandigarh.
2.	Sh. Ajaib Singh, Shishwan Road, Kurali, District Ropar.
3.	Sh. Baldev Singh, T.T. S. Central Telegraph Office Jullundur City.
4.	Sh. Sardara Singh, 2155/28-C, Chandigarh.
5.	Sh. Joginder Pal, 263-Phase-II Mohali, Ropar.
6.	Sh. Jagjit Singh Wadhanwan, 3442/15-D, Chandigarh.
7.	Sh. Ajit Singh, 2377/19-C, Chandigarh.
8.	Sh. Gurdial Singh, 517, Sector 14, Chandigarh.
9.	Sh. Nachhatar Singh, Punjab Treasury, Chandigarh.
10.	Sh. Hardyal Singh, V.P.O. Mauli Baidwan, District Ropar.
11.	Sh. Balwant Singh c/o Sh. Partap Singh, 1247/12-D, Sector 23-B, Chandigarh.
12.	Sh. Chaman Lal, 1295/21-B, Chandigarh.
13.	Sh. Bagga Ram Patti, 2283/20-C, Chandigarh.
14.	Sh. Gurdas Singh, 503 Gurdwara Road, Ghumar Mandi, Ludhiana.
15.	Sh. Amar Singh, 12-JE/2316, Sector 27-C, Chandigarh.
16.	Sh. Ram Singh, Dhaliwal 3420/35-D, Chandigarh.
17.	Sh. Dharam Singh, Village Gandhan Kalan, P.O. Rangilpur, Ropar.
18.	Sh. Pitam Singh, V. P. O. Sarhala Kalan, District Hoshiarpur.
19.	Sh. Arjan Singh, Assistant District Attorney Grade-II, District Courts, Gurdaspur.
20.	Pritam Dass Kalsi, H.A., office of Industrial Training, Punjab, Chandigarh.
21.	Sh. Shamsher Singh, Village Majat, Tehsil Kharar, District Ropar.
22.	Shri Raghbir Singh, 3439/23-D, Chandigarh.

LIST OF ALLOTTEES FROM SCHEDULED CASTES ALLOTTED $7\frac{1}{2}$ MARLA PLOTS IN IV AND V PHASES

Serial No.	R. No.	Name and Address
1.	R—1075	S/Sh. Jaswant Singh Gochali, Central Telegraph Office, Ludhiana.
2.	R—1737	Pritam Singh Kothi No. 1006/21-B, Chandigarh.
3.	R—2426	Gurmail Ram, son of Inder Ram village Bahaderke, P.O. Bhatian, Ludhiana.
4.	R—3483	Partap Singh, son of Late S. Hardyal Singh Clerk D.C. Office, Ludhiana.
5.	R—3287	Gurbax Singh, 2445, Sector 20-C, Chandigarh.
6.	R—4536	Tarlok Singh, c/o Chief Conservator Punjab, Chandigarh.
7.	R—5074	Charan Singh Q. No. 292, Sector 23-A, Chandigarh.
8.	R—7730	Ram Asra Suman Kothi No. 64/20—A, Chandigarh.
9.	R—7754	Channu Ram Sidhy, House No. 3073, Sector 29, Tribune Colony Chandigarh.
10.	R—7766	Balak Singh, Railway Colony, Kalka.
11.	R—7935	Thakur Singh, son of S. Ujjagar, Singh Plot No. 507, Labour Colony, Sector-14, Chandigarh.
12.	R—7936	Mohan Singh, Economics and Statistical Organisation, Punjab Kothi No. 609/18-B, Chandigarh.
13.	R—7937	Dyal Singh, Economics and Statistical Organisation Punjab
14.	R—7938	Pirthi Singh, R.M. S. Chandigarh—17.
15.	R—7939	Surjit Singh, V.P.O. Badheri.
16.	R—7940	Ajit Singh Persion V. o/o The A.G. Punjab Amar Bldg. Sector 17, Chandigarh.
17.	R—7941	Charanjit Singh, House No. 26, Sector 35-B, Chandigarh.
18.	R—7942	Amrik Kaur, c/o Sh. Bulda Ram, village Fatehgarh Churiai, P. O. Bhawanigarh, District Patiala.
19.	R—7943	Smt. Chander Kanta, wife of Rattan Lal, House No. 3130-U-Sector 15-D, Chandigarh.
20.	R—7944	Garja Singh, House No. 608, Sector 11-B, Chandigarh.
21	R—7945	Piara Singh, Assistant, Punjab Civil Secretariat, Chandigarh.
22.	R—7947	Mrs. Kanta Devi wife of S.V. Shastri, 11 F. 16, Sector 23-A, Chandigarh.
23.	R—7946	Jit Ram Bashan, House No. 1527, Sector 20-B, Chandigarh.
24.	R—7948	Chaman Lal, House No. 2358, Sector 20-C, Chandigarh.
25.	R—7949	Harbans, House No. 1527, Sector 20-B, Chandigarh.
26.	R—7950	Gurbax Singh, V.P.O. Maloya U.T. Chandigarh.
27.	R—7965	Gurdev Singh Mohindra, House No. 2074, Sector 28-C, Chandigarh.
28.	R—8068	Gurnam Singh c/o Kothi No. 3420, Sector 35-D, Chandigarh.
29.	R—8069	Smt. Balbir Kaur, wife of Sh. Ajmer Singh. V.P.O., Kalewal.
30.	R—8070	Baldev Krishan Ghai, House No. 2024-College Road, Nehru Nagar, Ropar.
31	R—8071	Sarain Singh, Telephone Operator Telephone Exchange, Sector 17, Chandigarh.
32.	R—8072	Jit Ram, House No. 11 JD/3, Block No. 4, Sector 24-D, Chandigarh.
33.	R—8073	Baldev Singh, House No. 3333, Sector 27-D, Chandigarh.
34.	R—8074	Smt. Jasbir Kaur, wife of Sh. Devinder Singh, V.P.O. Kalewal Tehsil Kharar
35.	R—8075	Chamba Singh, V.P.O. Landran, Tehsil Kharar, District Ropar.
36.	R—8076	Baldev Rai Chopra c/o Sh. Joginder Lal, Village Palsora P.O. Badheri U.T. Chandigarh.
37.	R—8077	Karam Chand Assistant office of D.I. Punjab Chandigarh.
38.	R—8078	Paras Ram and Naranjan Dass, village Nanowal, P.O. Malewal *via* Saroa, Tehsil Garhshankar.
39.	R—8079	Karnail Singh c/o Sh. D.S. Dhillon, House No. 21, Sector 10-A, Chandigarh.
40.	R—8079	Tara Chand c/o Sh. Dewan Singh and Sons, Sector 18, Booth No. 22 Chandigarh.

[ਵਿੱਤ ਮੰਤਰੀ]

41.	R—8080	Mukhtiar Singh, House No. 3180, Sector 15-D, Chandigarh.
42.	R—8081	Jeeta Ram, Telephone Bhawan, Sector 17, Chandigarh.
43.	R—8082	Tara Singh, 2134-A, Sector 28-C, Chandigarh.
44.	R—8083	Smt. Shanti Devi, House No. 2531, Sector 22-C, Chandigarh.
45.	R—8084	Darshan Singh, Kothi No. 2531, Sector 22-C, Chandigarh.
46.	R—8086	Ajaib Singh, Steno-Typist, D.I.T. Punjab, Chandigarh.
47.	R—8087	Swaran Singh, D.I.T., Punjab, Chandigarh.
48.	R—8088	Bachan Singh, V.P.O. Sihon Majra.
49.	R—8089	Gurdev Singh, son of Sh. Inder Singh near Khalsa High School, Ropar
50.	R—8090	Smt. Parkash Kaur, wife of S. Mohinder Singh, V.P.O. Badheri
51.	R—8091	Malkiat Singh, village Meghowal Janjain, District Hoshiarpur.
52.	R—8092	Surjit Singh, V. P.O. Chak Kalan District Ludhiana.

LIST OF ALLOTTEES OF 10-MARLA PLOTS BELONGING TO SCHEDULED CASTES-PHASES IV AND V

Serial No.	Registration No.	Name and Address
		Sarvshri/Smt.
1.	7419	Tulsi Ram Dhanda, 1787/23 D, Chandigarh.
2.	626	Surjit Singh, 2539, 20-C, Chandigarh.
3.	627	Bhag Singh, 2578/A, 27-C, Chandigarh.
4.	3249	Smt. Lajwanti Chander, 2262/27-C, Chandigarh.
5.	3383	Smt. Parseen Kaur, 2295/35-C, Chandigarh
6.	4043	Gurcharan Singh, Director of Industries, Punjab Chandigarh.
7.	5363	Gurdev Singh, office of Director of Agriculture, Punjab, Chandigarh
8.	5670	Sh. Amrik Singh, 232/23-A, Chandigarh.
9.	6194	Bal Krishan c/o Khushi Ram, 3105/19-D, Chandigarh
10.	6653	Gurmit Singh, Bawa Medical Store, Opp. Chamkaur Salib.
11.	8083	Prem Parkash, Accountant District Welfare Officer, Kapurthala
12.	8039	Dr. Mittal Parshad, Department of Hindi, Punjab, University, Punjab, Chandigarh, Sector 14.
13.	8040	Bant Singh, Veternity Hospital, Sohana, District Ropar
14.	7698	Smt. Tej Kaur, House No. B/7, 1688-G Near Khalsa High School, Ropar
15.	7760	Gian Singh House No. 125/5, Gurdaspur.
16.	7761	Bakhshish Singh House No. 41, Sector 27-A, Chandigarh
17.	7762	Smt. Charanjit Kaur 3136, Sector 24-A, Chandigarh
18.	7763	Parkash Kaur, House No. 3136, 24-D, Chandigarh.
19.	7764	Mohinder Kaur, House No. 2329/9, Opp. Gali Nathe Khan, Khalsa Hakiman, Amritsar.
20.	7765	Narain Singh, 1172/9, Gate Hakiman, Amritsar.
21.	7772	Som Dutt, office of D.P I. Punjab, Chandigarh
22.	7832	Julfi Ram, House No. 271, Sector 26, Chandigarh.
23.	7917	Amarjit Singh Sidhu
24.	7918	Lashkar Singh, Inspectorate of Armaments Gun Carrage Factory, Jabalpur.
25.	7919	Mukhtiar Singh Bilaki Meat Shop, Ghumar Mandi, Ludhiana
26.	7814	Ishar Dass, 270 Labour Colony, Sector 26, Chandigarh
27.	7920	Shamsher Singh, Bilaki Meat Shop, Ghumar Mandi, Ludhiana
28.	7921	Mangat Ram, office of Punjab State Co-op. Marketing Federation, Chandigarh
29.	7922	Shanti Ram village Chowk Mai Dass, Tehsil Nawan Shahar, Jullundur
30.	7923	Nasib Singh office of P.M.G. Ambala Cantt.
31.	7924	Jagtar Singh, Water Treatment Plant, Guru Nanak Thermal Plant, Bhatinda.
32.	7925	Kamaljeet Sahal office of Director Food and Supplies, Chandigarh.

Serial No.	Registration No.	Name and Address
		Sarvshri/Smt.
33.	7926	Hazura Singh, 693, Mohalli Fauzian, Nabha.
34.	7927	Tarsem Singh, Village and Post Office Hukaman, New Kothi, Hoshiarpur
35.	7928	Budh Ram, 3155/23-D, Chandigarh.
36.	7929	Karam Chand, D-69, Joti Puram, District Udhampur, J & K.
37.	7930	Ram Parshad, House No. 2600, Sector 19-A, Chandigarh
38.	7931	Indira Devi, 335-R Model Town, Jullundur City.
39.	7932	Vidya Wati, 358/15-A, Chandigarh
40.	7933	Milkhi Ram S.O. 168 S-3, B.S.L. Colony Sunder Nagar, Township Mandi.
41.	7934	Surja Ram, V.P.O. Churora, District, Bhawani.
42.	7952	Rajesh Kumar, 2416, 35-C, Chandigarh.
43.	8005	Lal Dai, 1203, 15-D, Chandigarh.
44.	8006	Sh. Balbir Singh Suman, 106, 21-B, Chandigarh.
45.	8007	Amar Singh, 196/21-B, Chandigarh.
46	8008	Inderjeet Singh, 362/15-A Chandigarh.
47.	8009	Niram Dass, 129/Type BI Sector 2 Naya Nangal, District Ropar.
48.	8010	Daljeet Kaur, 523 Shop Road, Krishan Nagar, Ludhiana.
49.	8011	Surinder Singh.
50.	8012	Harbans Lal, 88/28-A, Chandigarh
51.	8013	Sham Sunder 324 Ram Nagar, Jullundur City-4.
52.	8014	Shadi Ram Leather Merchant, Ratanpura, G.T. Road, Phagwara.
53.	8015	Gian Singh Virdi, Inspector E & T, Brar Bldg. Sector 17, Chandigarh.
54.	8016	Chhota Singh 8606/20-C, Chandigarh.
55.	8017	Pritam Singh, 13 JE/13, Sector 24-C, Chandigarh
46.	8018	Chaman Lal, 355, Mohalla Ram Nagar Patti, Mohalla Dodian, Jullundur.
57.	8019	Kartar Singh, 127/15-B, Chandigarh.
58.	8020	Mewa Singh, Printing and Stationery Department, Punjab Chandigarh.
59.	8021	Joginder Singh 2068/ 15-C, Chandigarh.
60.	8022	Chotta Singh Near Khalsa-School, Ropar.
61.	8023	Sudershan Kumar, Assistant Manager, Ordinance Factory, Kulfi Road, Kanpur.
62.	8024	Munshi Ram, 1372/ 20-B, Chandigarh
63.	8025	Karnail Chand, 1544/20-B, Chandigarh.
64.	8026	Nirmal Singh, V. P.O. Rampur Landiala, Tehsil Sirhind, Patiala
65.	8027	Bihari Lal, S.C.O. No. 92-94, 17-D, Chandigarh
66.	8028	Iqbal Singh, Dhelon Road, Shewal, Ludhiana
67.	8029	Shingara Ram, office of I.P. Punjab Chandigarh.
68.	8030	Rajinder Singh, 1862/ 22-B, Chandigarh.
69.	8031	Gurmail Singh, 302/10-F, Sector 22-A, Chandigarh
70.	8032	S.S. Dhariwal Kothi No. 19, Sector 8-A, Chandigarh
71.	8033	Albel Singh, 3323 / 23-D, Chandigarh.
72.	8034	Smt. Laxmi Devi, 24 Rivel View Road, Nangal Township.
73.	8035	Smt. Surinder Kaur, Q. No. 6 Type 13-JE, Sector 12, Chandigarh.
74.	8036	Mohan Lal 1237/18-C, Chandigarh.
75.	8037	Hari Singh, 3825/22-D, Chandigarh
76	8041	Gurcharan Singh, 3474/ 23-D, Chandigarh.

[ਵਿੱਤ ਮੰਤਰੀ]

LIST OF ALLOTTEES WHO HAVE BEEN ALLOTTED 10 MARLA PLOTS IN MOHALI PHASE III-B SCHEDULED CASTES CATEGORY.

Serial No.	Name and Address
	Sarvshri/Smt.
1.	S.K. Salhotra, Assistant Punjab Vidhan Sabha, Chandigarh.
2.	Kehar Singh, Address presently not available.
3.	Gurcharan Singh, House No. 6 Block-A Model House, Jullundur City.
4.	Chaman Lal, 1021/19-B, Chandigarh.
5.	Harbans Singh, Supdt. F.C. Punjab, Chandigarh.
6.	Nachhattar Devi, 1021/19-B, Chandigarh.
7.	Vidhya Wati, Mohalla Jogian, Kharar.
8.	Pritam Singh Bhupal, Village Lal kalan, P.O. Kubi, *via* Doraha Mandi, Ludhiana.
9.	Bhagwan Singh, Address presently not available.
10.	Ajit Singh Madhar, 1152-A/20-B, Chandigarh.
11.	Mukhtiar Singh, Government College, Kapurthala
12.	O.P. Bhangur, 117 Sewak Colony, Patiala.
13.	Rajmal Jassi, Assistant Superintendent Central Jail, Ferozepur.
14.	Rattan Chand, E.T.O. Mohali, Ropar.
15.	Inderjit Singh, Address presently not available.
16.	Amar Singh Executive Engineer, Northern Railway Madhopur, District Gurdaspur.
17.	Krishan Kumar Kalsey, 1305/15-B, Chandigarh.
18.	Ramsaran Dass, c/o Shri P.C. Suman, 3333/15-D, Chandigarh.
19.	Durga Dass, Government Model High School, Sector 35, Chandigarh.
20.	Pritam Singh, Village Dosarana via Kurali District Ropar.
21.	Nant Ram, Azad Shoe Maker 10 Sector 23, Chandigarh.
22.	Mangal Dass Shop No. 10, Sector 23, Chandigarh.
23.	Mehar Singh Kohli, 3333/27-D, Chandigarh.
24.	Ruldu Ram, 339 Ist, IInd Naya Nangal.
25.	M.R. Bhagat, 3453 Sector 35-D, Chandigarh.
26.	Amar Kaur ,2778/9 Chaura Bazar, Katra Hakiman, Amritsar.
27.	Karam Singh, Address presently not available.
28.	Gurcharan Singh 10 M/11 Sector 24-D, Chandigarh.
29.	Smt. Parkash Wati (Refused)
30.	Puran Singh Village Bhikhowal, Tehsil and District Hoshiarpur.
31.	Raj Kaur c/o 696 Sector 16-A, Chandigarh.
32.	Hardev Singh 696/16-A, Chandigarh.
33.	Pritam Singh, Chowk Hakiman, House No. 4831/9, Amritsar.
34.	Surjit Singh 4833/9, Chowk Hakiman, Amritsar.
35.	Lachhmi, c/o District Public Relations Officer, Hoshiarpur.
36.	Gian Chand, Gali No. 8, Gobindpura Kalkaji, New Delhi
37.	Amar Nath, Bunglow No. 4 Sector 19-A, Chandigarh.
38.	Prem Kaur, 3007/27-D, Chandigarh.
39.	Tulsi Ram Dhanda, 1174/20-B, Chandigarh.
40.	Channa Ram, Village Mangowal District Hoshiarpur.
41.	Parkashwati (Application transferred to Jullundur Urban Estate).

LIST OF SCHEDULED CASTES ALLOTTED ONE KANAL PLOTS III-B

Serial No.	Name and Address
1.	Sh. Bachittar Singh V.P.O. Bilga.
2.	Smt. Ram Pyari c/o Sh. Deep Chand 3 VI. 1127 Bangroo, Mohalla Ludhiana.
3.	Dr. Gurcharan Kaur Dhillon, General Hospital Sector 16, Chandigarh.
4.	S. S. S. Bali, son of Amir Singh, XEN, N. Rly. 3023, Sector 21-D, Chandigarh.

Serial No.	Name and Address
5.	Sh. Dalip Singh, P.C.S.,P.G.O., Amritsar.
6.	Sh. Om Parkash Gadgala, 349, Sector 15-C, Chandigarh.
7.	Sh. Popinder Singh Kamal c/o Beant Singh and Sons, Waten Dealers, Clock Tower, Hoshiarpur.
8.	Shri Baldev Singh Major House No. 125/5 Amarmhara, Gurdaspur.
9.	Miss Vineet Kaur Dhillon, House No. 21, Sector 10-A, Chandigarh.
10.	Shri Nadhan Singh c/o S.D.O. Civil Barnala.
11.	Shri Karamjit Singh c/o Joginder Singh Village Sansowal P.O. Panj Grain near Machhiwara District Ludhiana.
12.	Dev Raj son of Shri Bhagat Raj Bakshi Diesel Engg. Works, Manimajra, Chandigarh.
13.	Shri Bakhshish Singh son of Late Shri Puran Singh Bakshi Diesel Engg. Works Manimajra, Chandigarh.
14.	Shri Fateh Singh Bains Shop No. Sector I Type 2 Naya Nangal, Ropar.
15.	Shri Joginder Singh Bains Shop No. 55, Main, Market Nangal Township, Ropar
16.	Sh. Dalip Singh Behra Road, Patiala
17.	Sh. Harbans Singh Syan 102, The Mall , Ludhiana
18.	Smt. Usha Cheema wife of Shri C.D. Cheema 154, Sector 11-A, Chandigarh.
19.	Sh. S.R. Chaudhuri First, Secretary Embassy of India c/o M.E.A.N. Delhi.
20.	Sh. Naranjan Singh I.A.S. Deputy Secretary, Ministry of Food, Government of India, New Delhi.
	LIST OF GOVERNMENT EMPLOYEES HARIJANS
21.	Sh. S.K. Bali House No. 27/18-A, Chandigarh.
22.	Sh. Joginder Singh, Deputy Labour Commissioner, Punjab, Sector 17-E, Chandigarh.
23.	Sh. Piara Singh Bhopal, Public Relation Officer, Bhakra Management Board Nangal Township.
24.	Sh. Ram Manorath P.S.A.S. Accounts Officer, Punjab Scheduled Castes Land Development and Finance Corporation, Kothi No. 650/16-D, Chandigarh.
25.	Sh. O.P. Jasewal, Assistant Food and Supplies Officer, Garshankar, District. Hoshiarpur.
26.	Sh. Basant Ram, Tehsildar Garhshankar, District Hoshiapur.
27.	Sh. Karam Singh Bains, House No. 3106, Sector 23-D, Chandigarh.
28.	Sh. Sube Singh, I.P.S. Punjab, Home Guard, 17 Bays Building, Chandigarh.

7½ MARLA PLOTS ALLOTTED TO SCHEDULED CASTES IN PHASE III-B

Serial No.	Name and Address
	Sarvshri/Smt.
1.	Chint Ram House, No. 3534, Sector 22-D, Chandigarh.
2.	Mast Ram, Assistant c/o The Director Panchayat, Punjab, Chandigarh.
3.	Chaman Lal Assistant c/o The Director of Industrial Training, Punjab, Chandigarh.
4.	Surinder Singh Harijan of colony No. Industrial Area House No. 67 Bakshi Colony, Chandigarh.
5.	Devinder Kumar c/o Inspector General of Police, Punjab, Chandigarh.
6.	Chet Singh, village Dughtri P.O. Bur Majra, Tehsil Kharar.
7.	Manjit Singh, Assistant Soil Conservator Office, Hoshiarpur.
8.	Shri Hari Singh Assistant office of the Housing & Urban Development Punjab, Chandigarh.
9.	Pritam Singh, Q. No. 1092-A, Sector 23-B, Chandigarh.
10.	Mulakh Raj, Branch No. 4 Quarter No. 13, Gandhi Nagar, Jullundur.
11.	Amar Nath, Shop No. 83, Sector 15-D, Chandigarh.
12.	Rattan Parkash House No. 2283-A, Sector 20-C, Chandigarh.
13.	Smt. Harbans Devi wife of Sh. Hans Raj Bhagat 2348/12 JE 20-C, Chandigarh.
14.	Sh. Danu Ram, Lecturer in experimental medium Punjab Chandigarh.
15.	Shri Hans Raj c/o Shri Chaman Lal Assistant office of Director of Industrial Training Punjab Chandigarh.
16.	Sh. Swara Singh House No. 482, Sector 14, L.C. Chandigarh.

ਸਰਦਾਰ ਧੰਨਾ ਸਿੰਘ ਗੁਲਸ਼ਨ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਜਿਹੜੀ ਇਨ੍ਹਾਂ ਨੇ 315 ਆਦਮੀਆਂ ਦੀ ਲਿਸਟ ਦਸੀ ਹੈ ਇਨ੍ਹਾਂ ਵਿਚੋਂ ਸ਼ੈਡਿਊਲਡ ਕਾਸਟਸ ਕਿਹੜੇ ਹਨ ? ਕੀ ਉਹ ਆਮ ਵਰਕਰ ਹਨ, ਅਮੀਰ ਹਨ ਜਾਂ ਕਿ ਸਾਰੇ ਅਫਸਰ ਹੀ ਹਨ ?

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ 315 ਹਰੀਜਨ ਹਨ ਇੰਨਾ ਮੈਨੂੰ ਪਤਾ ਹੈ ਕਿ ਇਹ ਹਰੀਜਨ ਹਨ । ਇਹ ਨਹੀਂ ਪਤਾ ਕਿ ਉਹ ਆਮ ਵਰਕਰ ਹਨ ਜਾਂ ਥੋੜੇ ਜਿਹੇ ਅਮੀਰ ਹਨ ਜਾਂ ਕਿ ਅਫਸਰ ਹਨ । ਉਸ ਵੇਲੇ ਇਤਨੀਆਂ ਹੀ ਅਰਜ਼ੀਆਂ ਸਾਡੇ ਕੋਲ ਆਈਆਂ ਸਨ ਅਸੀਂ ਇਨ੍ਹਾਂ ਸਾਰਿਆਂ ਨੂੰ ਪਲਾਟ ਦੇ ਦਿਤੇ ਹਨ ।

आचार्य पृथ्वी सिंह आज़ाद : क्या मंत्री महोदय यह बताने की कृपा करेंगे कि 1969 से लेकर इन अलाटमैंट्स तक, जो इस सवाल के जवाब में बताई गई हैं, कितने हरिजन थे जो नान-पी. सी. एस., नान-आई. ए. एस., नान-गैज़टिड या गैज़टिड आफीसर्ज थे जो इगनोर हो गये हैं, or only officers have been selected ?

ਮੰਤਰੀ : ਸਪੀਕਰ ਸਾਹਿਬ, ਹਾਲਾਂ ਤਕ ਅਫਸਰ ਔਰ ਅਮੀਰ ਹਰੀਜਨ, ਹਰੀਜਨਾਂ ਦੀ ਲਿਸਟ ਵਿਚੋਂ ਕੱਢੇ ਨਹੀਂ ਗਏ । ਹਾਲੇ ਕੰਸਟੀਚਿਊਸ਼ਨ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ । ਬਾਕੀ ਇਹ ਹੈ ਕਿ ਮੈਂ ਪਿਛਲੇ ਸੈਸ਼ਨ ਵਿਚ ਵੀ ਦਸਿਆ ਸੀ ਕਿ ਹੁਣ ਅਸੀਂ ਮੁਖਤਲਿਫ ਕੈਟੇਗਰੀਜ਼ ਵਿਚ ਜਿਥੇ ਕਿ ਗਰੀਬ ਹਰੀਜਨ ਆ ਸਕਣ ਉਨ੍ਹਾਂ ਲਈ ਰਿਜ਼ਰਵੇਸ਼ਨ ਲਾਗੂ ਕਰ ਦਿੱਤੀ ਹੈ । ਮਿਸਾਲ ਦੇ ਤੌਰ ਤੇ ਜਿਹੜੇ ਪਲਾਟ 100, 125 ਜਾਂ 150 ਗਜ਼ ਦੇ ਹਨ ਉਨ੍ਹਾਂ ਵਿਚ ਰਿਜ਼ਰਵੇਸ਼ਨ 50 ਪ੍ਰਤੀਸ਼ਤ, ਫਿਰ 200 ਗਜ਼ ਦੇ ਪਲਾਟਾਂ ਵਿਚ 20%, ਇਸ ਤਰ੍ਹਾਂ ਵੱਡੇ ਪਲਾਟਾਂ ਵਿਚ 10% ਰਿਜ਼ਰਵੇਸ਼ਨ ਲਾਗੂ ਕਰ ਦਿੱਤੀ ਹੈ । ਟੋਟਲ 25% ਰਿਜ਼ਰਵੇਸ਼ਨ ਕਰ ਦਿੱਤੀ ਹੈ ਜਿਸ ਵਿਚ 5% ਬੈਕਵਰਡ ਕਲਾਸਿਜ਼ ਵਾਸਤੇ ਹਨ । ਇਸ ਤਰ੍ਹਾਂ ਜਿਨ੍ਹਾਂ ਗਰੀਬਾਂ ਦੀਆਂ ਅਰਜ਼ੀਆਂ ਆਉਂਦੀਆਂ ਜਾਣਗੀਆਂ ਅਸੀਂ ਪਲਾਟ ਦਿੰਦੇ ਜਾਵਾਂਗੇ । ਇਹ ਪਾਲਿਸੀ ਪਹਿਲਾਂ ਨਹੀਂ ਸੀ । ਅਸੀਂ ਇਹ ਪਾਲਿਸੀ ਹੁਣ ਬਦਲੀ ਹੈ ਅਤੇ ਗਰੀਬ ਹਰੀਜਨਾਂ ਦੀਆਂ ਅਰਜ਼ੀਆਂ ਆਉਣ ਲਗ ਗਈਆਂ ਹਨ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਸਕੀਮ 1969-70 ਜਾਂ 1970-71 ਤੋਂ ਚਾਲੂ ਹੋਈ ਹੈ, ਇਸ ਦੌਰਾਨ ਜਿਹੜੀਆਂ ਅਰਜ਼ੀਆਂ ਆਈਆਂ ਸਨ ਉਨ੍ਹਾਂ ਵਿਚੋਂ ਕਿੰਨੀਆਂ ਪੈਂਡਿੰਗ ਪਈਆਂ ਹਨ ਜਿਨ੍ਹਾਂ ਨੂੰ ਹਾਲੇ ਤਕ ਪਲਾਟ ਨਹੀਂ ਮਿਲੇ ?

ਮੰਤਰੀ : ਹੁਣ ਇਹ ਨਵੀਂ ਪਾਲਿਸੀ ਬਦਲਣ ਨਾਲ ਇਕ ਕਨਾਲ ਵਾਸਤੇ 84 ਅਰਜ਼ੀਆਂ, 10 ਮਰਲੇ ਵਾਸਤੇ 158 ਅਰਜ਼ੀਆਂ ਅਤੇ ਸਾਢੇ ਸੱਤ ਮਰਲੇ ਵਾਸਤੇ 74 ਅਰਜ਼ੀਆਂ ਪੈਂਡਿੰਗ ਹਨ, ਟੋਟਲ 316 ਹਨ । ਅਸੀਂ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਨੂੰ ਵੀ ਨਵੀਂ ਪਾਲਿਸੀ ਦੇ ਮਾਤਿਹਤ ਪਲਾਟ ਮਿਲ ਜਾਣ । ਹੁਣ ਇਨ੍ਹਾਂ ਨੂੰ ਕੋਈ ਸ਼ੰਕਾ ਨਹੀਂ ਹੋਣੀ ਚਾਹੀਦੀ, ਅਸੀਂ ਪਾਲਿਸੀ ਬਦਲ ਦਿੱਤੀ ਹੈ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਕਿ ਨਹੀਂ ਕਿ ਇਨ੍ਹਾਂ ਨੇ ਅਕਤੂਬਰ, 1969 ਵਿਚ ਅਰਜ਼ੀਆਂ ਲਈ ਇਕ ਆਖ਼ਰੀ ਤਾਰੀਖ਼ ਮੁਕੱਰਰ ਕੀਤੀ ਸੀ ਇਸ ਦੌਰਾਨ ਜਿਹੜੀਆਂ ਅਰਜੀਆਂ ਸਾਧਾਰਣ ਲੋਕਾਂ ਦੀਆਂ, ਸ਼ੈਡਿਊਲਡ ਕਾਸਟਸ ਆਦਿ ਦੀਆਂ ਆਈਆਂ ਅਫਸਰਾਂ ਨੂੰ ਪਲਾਟ ਦੇਣ ਲਈ ਇਨ੍ਹਾਂ ਨੇ ਨੀਤੀ ਬਦਲ ਦਿੱਤੀ ਅਤੇ ਉਹ ਅਰਜ਼ੀਆਂ ਪੈਂਡਿੰਗ ਰਹਿਣ ਦਿਤੀਆਂ। ਕੀ ਉਨ੍ਹਾਂ ਸ਼ੈਡਿਊਲਡ ਕਾਸਟਸ ਨੂੰ ਪਹਿਲਾਂ ਪਲਾਟ ਦਿਤੇ ਗਏ ਹਨ?

ਮੰਤਰੀ : ਇਸ ਦਾ ਜਵਾਬ ਮੈਂ ਪਹਿਲਾਂ ਹੀ ਦੇ ਬੈਠਾ ਹਾਂ। ਮੈਂ ਦਸਣਾ ਚਾਹੁੰਦਾ ਹਾਂ ਕਿ ਉਹ ਜਿਹੜੇ ਪਲਾਟ ਸਨ ਉਨ੍ਹਾਂ ਵਿਚ ਕੁਝ ਪਰਸੇਂਟੇਜ ਅਸੀਂ ਰਾਖਵੇਂ ਰਖੇ ਸਨ। ਮਿਲਟਰੀ ਸਰਵਿਸਿਜ਼ ਅਤੇ ਗੌਰਮਿੰਟ ਐਂਪਲਾਈਜ਼ ਤੋਂ ਇਲਾਵਾ ਅਸੀਂ ਕਿਹਾ ਕਿ ਜਿਹੜਾ ਲੰਪ ਸਮ ਪੈਸੇ ਅਦਾ ਕਰੇਗਾ ਉਸਨੂੰ ਪ੍ਰੈਫਰੈਂਸ ਦਿਆਂਗੇ ਤਾਂਕਿ ਸਾਨੂੰ ਪੈਸੇ ਮਿਲ ਜਾਣ ਅਤੇ ਅਸੀਂ ਹੋਰ ਪਲਾਟ ਕਰੀਏਟ ਕਰਦੇ ਜਾਈਏ।

आचार्य पृथ्वी सिंह आज़ाद : स्पीकर साहिब, सरकार ने यह जो रैजीडैंशल हाउसिज़ के लिये रिजर्वेशन दे दी है मैं इनका धन्यवाद करता हूं। मैं यह पूछना चाहता हूं कि पिछले साल इस असैम्बली में शैडियूल्ड कास्टस लैजिस्लेटर्ज़ ने सरकार को रीप्रेजैंटेशन दी थी कि रैज़ीडैंशल हाउसिज़ के इलावा इन्डस्ट्रीयल प्लाटों में भी रिज़र्वेशन दी जाये, उस का क्या बना है इस बात को एक साल बीत चुका है ?

ਮੰਤਰੀ : ਇਹ ਹੋਰ ਮਹਿਕਮੇ ਦਾ ਸੁਆਲ ਹੈ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਪਾਰਟ 'ਸੀ' ਵਿਚ ਪੁਛਿਆ ਗਿਆ ਸੀ। 'the number of persons belonging to the Scheduled Castes amongst the said allottees.' ਅਤੇ ਉਨ੍ਹਾਂ ਨੇ ਜਵਾਬ ਦਿੱਤਾ ਕਿ 315 ਅਰਜ਼ੀਆਂ ਆਈਆਂ ਸਨ ਅਤੇ 315 ਨੂੰ ਅਲਾਟ ਕਰ ਦਿੱਤੇ ਗਏ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਫੈਕਟ ਹੈ ?

ਮੰਤਰੀ : ਮੈਂ ਤਾਂ ਫੇਜ਼ ਦਾ ਜਵਾਬ ਦਿੱਤਾ ਸੀ ਕਿ ਜਦ ਤੋਂ ਪਾਲਿਸੀ ਬਦਲੀ ਹੈ ਜਿਨ੍ਹਾਂ ਦੀਆਂ ਐਪਲੀਕੇਸ਼ਨਜ਼ ਪੈਂਡਿੰਗ ਹਨ ਉਨ੍ਹਾਂ ਨੂੰ ਪਲਾਟ ਦੇ ਦਿੱਤੇ ਜਾਣਗੇ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੁਹਾਲੀ ਮੇਰੀ ਕੰਸਟੀਚਿਊਐਂਸੀ ਵਿਚ ਹੈ ਇਸ ਕਰਕੇ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਲੋਕਾਂ ਨੇ 1972 ਵਿਚ, ਕੁਝ ਨੇ 1973 ਵਿਚ ਅਤੇ ਕੁਝ ਨੇ 1974 ਵਿਚ ਦਰਖਾਸਤਾਂ ਦਿੱਤੀਆਂ। ਮਨਿਸਟਰ ਸਾਹਿਬ ਨੇ ਕਿਹਾ ਕਿ ਜੋ ਲੰਪਸਮ ਅਮਾਊਂਟ ਦੇਵੇਗਾ ਉਸ ਨੂੰ ਪਲਾਟ ਨਾਲ ਦੀ ਨਾਲ ਅਲਾਟ ਕੀਤੇ ਜਾਣਗੇ। ਜਿਨ੍ਹਾਂ ਨੇ 1972 ਵਿਚ ਦਰਖਾਸਤਾਂ ਦਿਤੀਆਂ, ਉਦੋਂ ਰੇਟ 35 ਰੁਪਏ ਗਜ਼ ਸੀ ਅਤੇ ਹੁਣ 55 ਰੁਪਏ ਗਜ਼ ਹੈ, ਕੀ ਉਨ੍ਹਾਂ ਨੂੰ ਪਿਛਲੇ ਰੇਟ ਤੇ ਪਲਾਟ ਦੇਣਗੇ ਜਾਂ ਨਵੇਂ ਰੇਟ ਦੇ ਮੁਤਾਬਕ ਦੇਣਗੇ ?

ਮੰਤਰੀ : ਇਸ ਬਾਰੇ ਮੈਂ ਇਸ ਹਾਊਸ ਵਿਚ ਅਗੇ ਜਵਾਬ ਦੇ ਬੈਠਾ ਹਾਂ। ਇਹ ਜਿਹੜੀਆਂ ਸਕੀਮਾਂ ਹਨ ਇਹ ਜੁਦਾ ਜੁਦਾ ਚਲਦੀਆਂ ਹਨ। ਜ਼ਮੀਨ ਐਕੁਆਇਰ ਕਰਨ ਵੇਲੇ ਜਿੰਨਾ ਰੁਪਿਆ ਕਾਸ਼ਤਕਾਰਾਂ ਨੂੰ ਜ਼ਮੀਨਾਂ ਦਾ ਵੱਧ ਦੇਣਾ ਪੈਂਦਾ ਹੈ ਉਸ ਦੇ ਮੁਤਾਬਕ ਰੇਟਸ ਵੱਧ ਜਾਂਦੇ ਹਨ। ਜ਼ਮੀਨਾਂ ਜਦ ਐਕੁਆਇਰ ਕਰਨ ਦਾ ਮੌਕਾ ਆਉਂਦਾ ਹੈ ਤਾਂ ਜੌਸ਼ ਸਾਹਿਬ, ਜ਼ਮੀਨਾਂ ਵਾਲਿਆਂ ਨੂੰ ਪੈਸੇ ਵੱਧ ਦੇਣ ਲਈ ਡੈਪੂਟੇਸ਼ਨ ਲੈ ਕੇ ਆਉਂਦੇ ਹਨ ਜੇ ਜ਼ਿਮੀਂਦਾਰਾਂ ਨੂੰ ਵੱਧ ਪੈਸਾ ਦਿਆਂਗੇ ਤਾਂ ਪਾਲਿਸੀ ਦੇ ਮੁਤਾਬਕ ਪਲਾਟਾਂ ਦੀ ਕੀਮਤ ਵੀ ਵੱਧ ਕਰਾਂਗੇ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਸ ਗਲ ਨੂੰ ਮੁਖ ਰਖ ਕੇ ਕਿ 35 ਰੁਪਏ ਗਜ਼ ਦੇ ਹਿਸਾਬ ਨਾਲ ਪਲਾਟ ਲੈਣ ਵਾਲਿਆਂ ਦੀਆਂ 315 ਅਰਜ਼ੀਆਂ ਆਉਂਦੀਆਂ ਹਨ, ਇਸ ਦਾ ਮਤਲਬ ਹੈ ਕਿ ਹਰੀਜਨਾਂ ਕੋਲ ਮਕਾਨ ਬਣਾਉਣ ਦੇ ਕੋਈ ਸਾਧਨ ਨਹੀਂ, ਕੀ ਸਰਕਾਰ ਹਰੀਜਨਾਂ ਦੇ ਇਕਤਸਾਦੀ ਢਾਂਚੇ ਨੂੰ ਉੱਚਾ ਕਰਨ ਲਈ ਅਤੇ ਜਿਹੜੇ ਬਗੈਰ ਮਕਾਨਾਂ ਤੋਂ ਰਹਿੰਦੇ ਹਨ ਉਨ੍ਹਾਂ ਨੂੰ ਮਕਾਨ ਦੇਣ ਲਈ ਕੋਈ ਉਚੇਚੇ ਉਪਰਾਲੇ ਕਰੇਗੀ ਤਾਂ ਕਿ ਉਹ ਮਕਾਨ ਬਣਾਉਣ ਦੇ ਕਾਬਲ ਹੋ ਸਕਣ ?

ਮੰਤਰੀ : ਪਿਛੇ ਜਿਹੇ ਮੁੱਖ ਮੰਤਰੀ ਸਾਹਿਬ, ਮੁਹਾਲੀ ਅਤੇ ਜਲੰਧਰ ਵਿਚ ਛੋਟੇ ਗਰੀਬਾਂ ਦੀਆਂ ਕਾਲੋਨੀਜ਼ ਖੋਲ੍ਹ ਕੇ ਆਏ ਹਨ ਅਤੇ ਅੰਮ੍ਰਿਤਸਰ ਵਿਚ ਮੈਂ ਉਨ੍ਹਾਂ ਨੂੰ ਛੋਟੇ ਛੋਟੇ ਪਲਾਟਾਂ ਉਪਰ ਮਕਾਨ ਬਣਾ ਕੇ ਦੇ ਆਇਆ ਹਾਂ। ਅਸੀਂ ਗਰੀਬ ਆਦਮੀਆਂ ਨੂੰ ਦੇ ਰਹੇ ਹਾਂ ਅਤੇ ਹਰੀਜਨਾਂ ਦੀ ਰਿਜ਼ਰਵੇਸ਼ਨ ਰਖੀ ਹੋਈ ਹੈ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਜਿਸ ਤਰ੍ਹਾਂ ਮੁਹਾਲੀ ਅਰਬਨ ਅਸਟੇਟ ਹੈ ਇਸ ਤਰ੍ਹਾਂ ਹੋਰ ਸ਼ਹਿਰਾਂ ਵਿਚ ਵੀ ਪਲਾਟਾਂ ਲਈ ਅਰਬਨ ਅਸਟੇਟਸ ਬਣ ਰਹੀਆਂ ਹਨ ਅਤੇ ਅਰਜ਼ੀਆਂ ਲਿਖੀਆਂ ਜਾ ਰਹੀਆਂ ਹਨ। ਉਨ੍ਹਾਂ ਦੇ ਵਿਚ 25% ਰਿਜ਼ਰਵੇਸ਼ਨ ਹੈ, ਜਿਸ ਵਿਚ 5 % ਬੈਕਵਰਡ ਕਲਾਸਿਜ਼ ਵਾਸਤੇ ਹੈ। ਕੀ ਇਹ ਸਰਕਾਰ ਵਲੋਂ ਹਦਾਇਤ ਹੈ ਕਿ ਹਰ ਜਗ੍ਹਾਂ ਰਾਖਵੇਂ ਪਲਾਟ ਰਖੇ ਜਾਣਗੇ ?

ਮੰਤਰੀ : ਇਹ ਸਕੀਮ ਅਸੀਂ ਹਰ ਜਗ੍ਹਾ ਲਾਗੂ ਕਰ ਦਿੱਤੀ ਹੈ। ਜਿਥੇ ਹਰੀਜਨਾਂ ਦੀਆਂ ਅਰਜ਼ੀਆਂ ਆਉਣਗੀਆਂ ਉਥੇ ਪੂਰੀ ਪਰਸੈਂਟੇਜ ਕਾਇਮ ਰਖੀ ਜਾਏਗੀ ਜੇ ਕਰ ਨਹੀਂ ਆਉਣਗੀਆਂ ਤਾਂ ਜਨਰਲ ਪੂਲ ਵਿਚ ਉਹ ਪਲਾਟ ਚਲੇ ਜਾਣਗੇ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪਲਾਟਾਂ ਵਿਚ ਰਿਜ਼ਰਵੇਸ਼ਨ ਰਖੀ ਹੈ, ਕੀ ਉਨ੍ਹਾਂ ਨੂੰ ਉਸਾਰਨ ਵਾਸਤੇ ਇਟਾਂ ਅਤੇ ਸੀਮਿੰਟ ਵਿਚ ਵੀ ਰਿਜ਼ਰਵੇਸ਼ਨ ਕੀਤੀ ਜਾਵੇਗੀ ?

ਮੰਤਰੀ : ਉਹ ਤਾਂ ਪਹਿਲਾਂ ਹੀ ਤਰਜੀਹ ਦਿੱਤੀ ਜਾਂਦੀ ਹੈ।

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਲੈਂਡ ਜਿਹੜੀ ਐਕੁਆਇਰ ਕਰਦੇ ਹਾਂ ਉਸ ਦੇ ਲਈ ਜ਼ਿਮੀਂਦਾਰਾਂ ਨੂੰ ਵੱਧ ਪੈਸੇ ਦੇਣੇ ਪੈਂਦੇ ਹਨ ਇਸ ਲਈ ਪਲਾਟਾਂ ਦੀ ਕੀਮਤ ਵੱਧ ਜਾਂਦੀ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਅਕਤੂਬਰ, 1969 ਵਿਚ, ਜਿਹੜੀ ਆਖਰੀ ਤਾਰੀਖ ਮੁਕੱਰਰ ਕੀਤੀ ਸੀ, ਉਸ ਤਾਰੀਖ ਤੋਂ

ਪਹਿਲਾਂ ਦਰਖਾਸਤਾਂ ਦੇ ਦਿਤੀਆਂ ਸਨ ਅਤੇ ਉਨ੍ਹਾਂ ਨੂੰ ਪਲਾਟ ਉਸ ਕੀਮਤ ਤੇ ਨਹੀਂ ਮਿਲੇ ਅਤੇ ਅਰਜ਼ੀਆਂ ਪੈਂਡਿੰਗ ਪਈਆਂ ਹਨ ਅਤੇ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਵੱਧ ਕੀਮਤ ਤੇ ਲਵੋ, ਪਰ ਜਿਨ੍ਹਾਂ ਅਫਸਰਾਂ ਨੇ ਅਤੇ ਯਾਰਾਂ ਦੋਸਤਾਂ ਨੇ ਜਿਨ੍ਹਾਂ ਨੇ ਬਾਅਦ ਵਿਚ ਦਰਖਾਸਤਾਂ ਦਿਤੀਆਂ ਉਨ੍ਹਾਂ ਨੂੰ ਘੱਟ ਕੀਮਤ ਤੇ ਪਲਾਟ ਮਿਲ ਗਏ, ਕੀ ਇਹ ਸਮਝਾਉਣਗੇ ਕਿ ਇਹ ਕਿਥੋਂ ਦਾ ਇਨਸਾਫ ਹੈ ?

ਮੰਤਰੀ : ਇਹ ਚੀਜ਼ ਮੇਰੇ ਨੋਟਿਸ ਵਿਚ ਨਹੀਂ, ਮੈਂ ਐਗਜ਼ਾਮਿਨ ਕਰ ਲਵਾਂਗਾ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਕੀ ਮੰਤਰੀ ਮਹੋਦਯ ਦਸਣ ਦੀ ਖੇਚਲ ਕਰਨਗੇ ਕਿ ਵੱਡੇ ਸ਼ਹਿਰਾਂ ਵਿੱਚ ਤਾਂ ਸਰਕਾਰ ਨੇ ਗਰੀਬਾਂ ਲਈ ਇਹੋ ਜਿਹੀਆਂ ਕਾਲੋਨੀਆਂ ਖੋਲ੍ਹ ਕੇ ਬੜਾ ਚੰਗਾ ਕੰਮ ਕੀਤਾ ਹੈ, ਕੀ ਛੋਟੇ ਸ਼ਹਿਰਾਂ ਅਤੇ ਵੱਡੇ ਪਿੰਡਾਂ ਵਿਚ ਵੀ ਪੰਜਵੀਂ ਪੰਜ ਸਾਲਾ ਪਲਾਨ ਦੇ ਵਿੱਚ ਇਹੋ ਜਿਹੀ ਸਕੀਮ ਚਾਲੂ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਪਿੰਡਾਂ ਵਿੱਚ ਗਰੀਬ ਹਰੀਜ਼ਨਾਂ ਨੂੰ ਮੁਫਤ ਪਲਾਟ ਦਿੱਤੇ ਗਏ ਹਨ । ਉਨ੍ਹਾਂ ਦੇ ਵਾਸਤੇ ਅਸੀਂ ਕੁਆਪਰੇਟਿਵ ਡਿਪਾਰਟਮੈਂਟ ਵਿੱਚ ਕਾਫੀ ਪੈਸਾ ਰੱਖਿਆ ਹੈ ਤਾਂਕਿ ਉਨ੍ਹਾਂ ਨੂੰ ਲੋਨ ਦੇ ਕੇ ਮਕਾਨ ਬਣਵਾਈਏ । ਇਸ ਲੋਨ ਨੂੰ ਮੋੜਨ ਦਾ ਅਰਸਾ ਵੀ ਬੜਾ ਲੰਬਾ ਹੈ ਅਤੇ 20 ਸਾਲ ਦੇ ਬਾਅਦ ਰਿਕਵਰ ਕਰਨਾ ਹੈ ਅਤੇ ਰੇਟ ਆਫ ਇੰਟਰੈਸਟ ਵੀ ਬੜਾ ਨਾਮੀਨਲ ਹੈ ।

ਸਰਕਾਰ ਦੁਆਰਾ ਪਿੰਡਾਂ ਵਿਚ ਦਰਮਿਆਨੀ ਆਮਦਨ ਵਾਲੇ ਤਬਕੇ ਦੇ ਲੋਕਾਂ ਲਈ ਮਕਾਨ ਬਣਾਉਣਾ

*3130. **ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕੀ ਹਾਊਸਿੰਗ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਸਰਕਾਰ ਦਰਮਿਆਨੀ ਆਮਦਨ ਵਾਲੇ ਤਬਕੇ ਦੇ ਲੋਕਾਂ ਲਈ ਮਕਾਨ ਬਣਾਉਣ ਦੀ ਜੋ ਸਕੀਮ ਲਾਗੂ ਹੈ ਉਸ ਅਨੁਸਾਰ ਪਿੰਡਾਂ ਵਿਚ ਮਕਾਨ ਬਣਾਉਣ ਦਾ ਕੋਈ ਵਿਚਾਰ ਰੱਖਦੀ ਹੈ;

(ਅ) ਕੀ ਪੇਂਡੂਆਂ ਲਈ ਸਸਤੇ ਦਰਾਂ ਤੇ ਮਕਾਨ ਬਣਾਉਣ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦਾ ਵੇਰਵਾ ਕੀ ਹੈ ?

ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ : (ੳ) ਦਰਮਿਆਨੀ ਆਮਦਨ ਵਾਲੇ ਤਬਕੇ ਦੇ ਲੋਕਾਂ ਲਈ ਪਿੰਡਾਂ ਵਿਚ ਮਕਾਨ ਬਣਾਉਣ ਦੀ ਕੋਈ ਵੀ ਸਕੀਮ ਲਾਗੂ ਨਹੀਂ ਹੈ ।

(ਅ) ਕੋਈ ਨਹੀਂ ਜੀ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਮਹਿੰਗਾਈ ਇਤਨੀ ਵੱਧ ਗਈ ਹੈ ਕਿ ਕੋਈ ਚੀਜ਼ ਮਿਲਦੀ ਨਹੀਂ, ਕੀ ਸਰਕਾਰ ਦੇ ਗਰੀਬੀ ਹਟਾਓ ਦੇ ਨਾਹਰੇ ਨੂੰ ਮੁਖ ਰਖ ਕੇ ਸਵਰਨ ਜਾਤੀਆਂ ਦੇ ਜਿਨ੍ਹਾਂ ਲੋਕਾਂ ਦੇ ਕੋਲ ਕੋਈ ਜ਼ਮੀਨ ਤੇ ਘਰ ਨਹੀਂ ਉਨ੍ਹਾਂ ਵਾਸਤੇ ਮਕਾਨ ਬਣਾਉਣ ਵਾਸਤੇ ਕੋਈ ਸਕੀਮ ਬਣਾਉਣ ਵਾਸਤੇ ਸਰਕਾਰ ਮੁੜ ਵਿਚਾਰ ਕਰੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ ਗਰੀਬ ਤਬਕਾ ਹੈ ਭਾਵੇਂ ਉਹ ਹਰੀਜਨ ਹੈ ਜਾਂ ਹੋਰ ਜਿਨ੍ਹਾਂ ਪਾਸ ਕੋਈ ਮਕਾਨ ਨਹੀਂ ਉਨ੍ਹਾਂ ਦੇ ਵਾਸਤੇ ਸਕੀਮ ਬਾਰੇ ਹੁਣੇ ਸ਼ਹਮਾ ਜੀ ਨੇ ਦਸਿਆ ਹੈ ਕਿ ਸਹਿਕਾਰੀ ਸਭਾਵਾਂ ਨੂੰ 80 ਲੱਖ ਰੁਪਿਆ ਇਸ ਕੰਮ ਵਾਸਤੇ ਦਿਆਂਗੇ। ਇਕ ਮਕਾਨ ਬਣਾਉਣ ਲਈ 4,000 ਰੁਪਏ ਦੇ ਕਰੀਬ ਕਰਜ਼ਾ ਦਿੱਤਾ ਜਾਵੇਗਾ। ਉਨ੍ਹਾਂ ਦੇ ਵਾਸਤੇ ਦੋ ਕਿਸਮ ਦੇ ਨਮੂਨੇਦਾਰ ਮਕਾਨ ਵੀ ਬਣਾਏ ਗਏ ਹਨ। ਅਗਰ ਲੋਕ ਉਸ ਨਮੂਨੇ ਦੇ ਮਕਾਨ ਬਣਾਉਣਗੇ ਤਾਂ ਕਰਜ਼ਾ ਲੈ ਲੈਣਗੇ। ਜਿਹੜੇ ਪਿੰਡ ਮਾਡਲ ਬਣਾਏ ਹੋਏ ਸਨ ਉਥੇ ਵੀ ਮਕਾਨ ਬਣਾਉਣ ਲਈ 2,000 ਰੁਪਿਆ ਲੋਨ ਦਿੱਤਾ ਜਾਵੇਗਾ। ਲੇਕਿਨ ਮਿਡਲ ਇਨਕਮ ਗਰੁਪ ਦੇ ਲੋਕਾਂ ਲਈ ਪਿੰਡਾਂ ਵਿੱਚ ਕੋਈ ਸਕੀਮ ਨਹੀਂ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਬੀਬੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਦੂਜੇ ਵਰਗਾਂ ਦੇ ਲੋਕ ਜਿਹੜੇ ਸ਼ੈਡਿਊਲਡ ਕਾਸਟਸ ਜਾਤੀਆਂ ਨਾਲ ਤੁਅੱਲਕ ਨਹੀਂ ਰਖਦੇ, ਜੇ ਉਹ ਲੈਂਡਲੈਸ ਅਤੇ ਹੋਮ ਲੈਸ ਹਨ ਅਤੇ ਉਨ੍ਹਾਂ ਦਾ ਹੋਰ ਕੋਈ ਇਨਕਮ ਦਾ ਜ਼ਰੀਆ ਨਹੀਂ ਤਾਂ ਕੀ ਉਨ੍ਹਾਂ ਲੋਕਾਂ ਨੂੰ ਵੀ ਇਸ ਕੈਟੇਗਰੀ ਵਿੱਚ ਸ਼ਾਮਲ ਕਰਕੇ ਮਕਾਨ ਬਣਾਉਣ ਵਾਸਤੇ ਲੋਨ ਦਿੱਤਾ ਜਾਵੇਗਾ ?

ਰਾਜ ਮੰਤਰੀ : ਮੈਂ ਪਹਿਲਾਂ ਹੀ ਕਿਹਾ ਹੈ ਕਿ ਮਿਡਲ ਇਨਕਮ ਗਰੁਪ ਵਾਲਿਆਂ ਵਾਸਤੇ ਕੋਈ ਸਕੀਮ ਨਹੀਂ ਹੈ। ਜਿਹੜੇ ਪਿੰਡਾਂ ਵਿੱਚ ਲੈਂਡਲੈਸ ਅਤੇ ਹੋਮਲੈਸ ਹਨ ਉਨ੍ਹਾਂ ਨੂੰ ਤਾਂ ਅਸੀਂ ਪਹਿਲਾਂ ਹੀ ਪਲਾਟ ਦੇ ਰਹੇ ਹਾਂ। ਉਨ੍ਹਾਂ ਲੋਕਾਂ ਨੂੰ ਮਕਾਨ ਬਣਾਉਣ ਵਾਸਤੇ ਲੋਨ ਦੇਣ ਲਈ ਵੀ 80 ਲੱਖ ਰੁਪਿਆ ਰੱਖਿਆ ਹੈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬਾ ਨੇ ਕਿਹਾ ਹੈ ਕਿ ਮਿਡਲ ਇਨਕਮ ਗਰੁਪ ਦੇ ਲੋਕਾਂ ਲਈ ਪਿੰਡਾਂ ਵਿੱਚ ਮਕਾਨ ਬਣਾਉਣ ਵਾਸਤੇ ਕੋਈ ਸਕੀਮ ਨਹੀਂ ਹੈ। ਕੀ ਮਨਿਸਟਰ ਸਾਹਿਬਾ ਦਸਣਗੇ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਵਿੱਚ ਵਿਤਕਰਾ ਦੂਰ ਕਰਨ ਲਈ ਜਿਹੜੀ ਸ਼ਹਿਰਾਂ ਵਿੱਚ ਮਿਡਲ ਇਨਕਮ ਗਰੁਪ ਵਾਲਿਆਂ ਲਈ ਸਕੀਮ ਸੀ ਉਹ ਬੰਦ ਕੀਤੀ ਗਈ ਹੈ ਜਾਂ ਇਸ ਦਾ ਕੋਈ ਹੋਰ ਕਾਰਣ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਅੱਜ ਕਲ ਜਿਹੜਾ ਪੈਸਾ ਰੱਖਿਆ ਗਿਆ ਹੈ, ਸਾਡੀ ਕੋਸ਼ਿਸ਼ ਹੈ ਕਿ ਇਕਨਾਮੀਕਲੀ ਵੀਕਰ ਸੈਕਸ਼ਨ ਆਫ ਦੀ ਸੋਸਾਇਟੀ ਦੀ ਹੀ ਮਦਦ ਕੀਤੀ ਜਾਵੇ ਅਤੇ ਲੋਅ ਇਨਕਮ ਗਰੁਪ ਦੇ ਲੋਕਾਂ ਦੀ ਜ਼ਿਆਦਾ ਮਦਦ ਕੀਤੀ ਜਾਵੇ। ਜੇ ਪੈਸਾ ਜ਼ਿਆਦਾ ਹੋਵੇਗਾ ਤਾਂ ਹੀ ਅਸੀਂ ਮਿਡਲ ਇਨਕਮ ਗਰੁਪ ਵਾਲਿਆਂ ਨੂੰ ਵੀ ਨਜ਼ਰ ਵਿੱਚ ਰਖਾਂਗੇ। ਇਹ ਡਿਪੈਂਡ ਕਰਦਾ ਹੈ ਕਿ ਕਿਤਨਾ ਪੈਸਾ ਇਸ ਸਕੀਮ ਵਾਸਤੇ ਰੱਖਿਆ ਗਿਆ ਹੈ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਸ ਸਰਕਾਰ ਨੇ ਗਰੀਬਾਂ ਨੂੰ 1,84,000 ਪਲਾਟ ਪਿੰਡਾਂ ਵਿਚ ਮਕਾਨ ਬਣਾਉਣ ਵਾਸਤੇ ਦਿੱਤੇ ਹਨ। ਭੈਣ ਜੀ ਨੇ ਦੱਸਿਆ ਹੈ ਕਿ ਕੁਆਪਰੇਟਿਵ ਮਹਿਕਮੇ ਦੇ ਥਰੂ ਮਕਾਨ ਬਣਾਉਣ ਲਈ ਲੋਨ ਦੇਣ ਵਾਸਤੇ 80 ਲੱਖ ਰੁਪਿਆ ਰੱਖਿਆ ਗਿਆ ਹੈ। ਜੇ 5,000 ਰੁਪਏ ਦੇ ਨਾਲ ਇੱਕ ਮਕਾਨ ਬਣਨਾ ਹੈ ਤਾਂ ਇਨ੍ਹਾਂ ਸਾਰੇ ਪਲਾਟਾਂ ਤੇ ਮਕਾਨ ਬਣਾਉਣ ਲਈ ਇੱਕ ਅਰਬ ਰੁਪਿਆ ਚਾਹੀਦਾ ਹੈ। 80 ਲੱਖ ਰੁਪਿਆ ਇੱਕ ਸਾਲ ਖਰਚ ਕਰਨ ਨਾਲ ਤਾਂ ਇਹ ਸਾਰੇ ਮਕਾਨ 140 ਸਾਲਾਂ ਵਿੱਚ ਪੂਰੇ ਬਣਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਨੇ ਹਿਸਾਬ ਤਾਂ ਬੜਾ ਸੋਹਣਾ ਲਾਇਆ ਹੈ ਕਿ 80 ਲੱਖ ਰੁਪਿਆ ਇੱਕ ਸਾਲ ਵਿਚ ਰੱਖਿਆ ਗਿਆ ਤਾਂ ਇਹ 140 ਸਾਲਾਂ ਵਿਚ ਪੂਰੇ ਬਣਨਗੇ ।

ਸਰਦਾਰ ਦਰਬਾਰਾ ਸਿੰਘ : ਜੇ 140 ਸਾਲ ਨਹੀਂ ਤਾਂ 125 ਸਾਲ ਤਾਂ ਜ਼ਰੂਰ ਹੀ ਇਸ ਹਿਸਾਬ ਨਾਲ ਲੱਗਣਗੇ ।

ਰਾਜ ਮੰਤਰੀ : ਸਪੀਕਰ ਸਾਹਿਬ, 80 ਲੱਖ ਰੁਪਿਆ ਤਾਂ ਸਟੇਟ ਗੌਰਮਿੰਟ ਦੇ ਰਹੀ ਹੈ । ਇਹ ਤਾਂ ਸੀਡ ਮਨੀ ਹੈ । ਬਾਕੀ ਹੋਰ ਵੀ ਕਈ ਇੰਸਟੀਚੂਸ਼ਨਜ਼ ਹਨ ਜਿਨ੍ਹਾਂ ਤੋਂ ਅਸੀਂ ਪੈਸੇ ਲੈ ਕੇ ਲਗਾ ਸਕਦੇ ਹਾਂ । ਫਿਕਰ ਵਾਲੀ ਕੋਈ ਗੱਲ ਨਹੀਂ ਹੈ । ਜਿਉਂ ਜਿਉਂ ਪੈਸੇ ਮਿਲਦੇ ਜਾਣਗੇ ਅਸੀਂ ਹੋਰ ਜ਼ਿਆਦਾ ਮਦਦ ਕਰਦੇ ਜਾਵਾਂਗੇ ।

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬਾ ਦਸਣ ਦੀ ਖੇਚਲ ਕਰਨਗੇ ਕਿ ਇਸ ਸਕੀਮ ਦੇ ਤਹਿਤ ਜਿਹੜਾ ਪੈਸਾ ਸਰਕਾਰ ਦੇ ਰਹੀ ਹੈ, ਕੀ ਕੋਈ ਸਿਸਟੇਮੈਟਿਕ ਤਰੀਕਾ ਬਣਾਉਣਗੇ ਤਾਂਕਿ ਬਲਾਕਵਾਈਜ਼ ਪਿੰਡਾਂ ਦੀ ਸਿਲੈਕਸ਼ਨ ਕਰਕੇ ਪਿੰਡਾਂ ਵਿਚ ਪਲਾਟਾਂ ਤੇ ਮਕਾਨ ਬਣਾਉਣ ਲਈ ਲੋਨ ਮਿਲੇ ? ਕੀ ਸਰਕਾਰ ਮਕਾਨਾਂ ਦੇ ਡਿਜ਼ਾਇਨ ਵੀ ਬਣਾ ਕੇ ਲੋਕਾਂ ਨੂੰ ਦੇਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਫਰਮਾਇਆ ਹੈ, ਮੇਰਾ ਖਿਆਲ ਹੈ ਕਿ ਇਹ ਸਾਰੀ ਰਕਮ ਇਸ ਤਰੀਕੇ ਨਾਲ ਖਰਚ ਕੀਤੀ ਜਾਵੇਗੀ ਕਿ ਕੋਈ ਵੀ ਪਿੰਡ ਇਸ ਤੋਂ ਖਾਲੀ ਨਾ ਰਹੇ ਤੇ ਹਰ ਬਲਾਕ ਨੂੰ ਫੁਲੀ ਰਿਪਰਜ਼ੈਂਟ ਕੀਤਾ ਜਾਵੇਗਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਸਰਕਾਰ ਨੇ 1,84,000 ਪਲਾਟ ਹਰੀਜਨਾਂ ਨੂੰ ਮਕਾਨ ਬਣਾਉਣ ਵਾਸਤੇ ਪਿੰਡਾਂ ਵਿਚ ਦਿੱਤੇ ਹਨ । ਕੀ ਵਜ਼ੀਰ ਸਾਹਿਬਾ ਭਰੋਸਾ ਦਿਵਾਉਣਗੇ ਕਿ ਦੋ ਸਾਲਾਂ ਦੇ ਵਿਚ ਇਨ੍ਹਾਂ ਸਾਰੇ ਪਲਾਟਾਂ ਤੇ ਮਕਾਨ ਬਣ ਜਾਣਗੇ ?

ਰਾਜ ਮੰਤਰੀ : ਮੈਂ ਇਹ ਭਰੋਸਾ ਤਾਂ ਨਹੀਂ ਦਿਵਾ ਸਕਦੀ ਕਿ ਦੋ ਸਾਲਾਂ ਦੇ ਅੰਦਰ ਅੰਦਰ ਸਾਰੇ ਮਕਾਨ ਬਣਵਾ ਦਿੱਤੇ ਜਾਣਗੇ, ਹੋ ਸਕਦਾ ਹੈ ਕਿ ਮੇਰਾ ਇਰਾਦਾ ਇਨ੍ਹਾਂ ਤੋਂ ਵੀ ਜ਼ਿਆਦਾ ਹੋਵੇ । ਲੇਕਿਨ ਮੈਂ ਇਹ ਕਹਿਣ ਲਈ ਬਿਲਕੁਲ ਤਿਆਰ ਨਹੀਂ ਕਿ ਸਾਰੇ ਪਲਾਟਾਂ ਤੇ ਮਕਾਨ ਦੋ ਸਾਲਾਂ ਦੇ ਵਿਚ ਵਿਚ ਬਣਾ ਦੇਵਾਂਗੇ ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬਾ ਦਸਣ ਦੀ ਖੇਚਲ ਕਰਨਗੇ ਕਿ ਜਿਹੜੇ ਪਲਾਟ ਦਿੱਤੇ ਹਨ ਕੀ ਉਨ੍ਹਾਂ ਦਾ ਕਬਜ਼ਾ ਵੀ ਲੋਕਾਂ ਨੂੰ ਮਿਲ ਗਿਆ ਹੈ ਜਾਂ ਅਜੇ ਮਿਲਣਾ ਰਹਿੰਦਾ ਹੈ ?

ਰਾਜ ਮੰਤਰੀ : 88 ਹਜ਼ਾਰ ਦਾ ਕਬਜ਼ਾ ਤਾਂ ਦੇ ਦਿੱਤਾ ਗਿਆ ਹੈ । ਇਸ ਸਾਲ 80,00,000 ਰੁਪਏ ਦੀ ਹੋਰ ਜ਼ਮੀਨ ਖਰੀਦ ਕੇ ਮਾਰਚ ਤਕ ਕਬਜ਼ਾ ਲੋਕਾਂ ਨੂੰ ਦੇ ਦਿਆਂਗੇ । ਮੇਰੀ ਇਹ ਪੂਰੀ ਕੋਸ਼ਿਸ਼ ਹੈ ਕਿ ਮਈ ਤਕ ਬਾਕੀ ਦੀ ਜ਼ਮੀਨ ਵੀ ਖਰੀਦ ਕੇ ਲੋਕਾਂ ਨੂੰ ਕਬਜ਼ੇ ਦੇ ਦਿਆਂਗੇ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੀਬੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਪਿੰਡ ਸਿੱਧਵਾਂ ਵਿਚ ...... (ਵਿਘਨ)

ਸ੍ਰੀ ਸਪੀਕਰ : ਤੁਸੀਂ ਇੱਕੋ ਪਿੰਡ ਬਾਰੇ ਸਵਾਲ ਕਰਨਾ ਹੈ । ਸਪਲੀਮੈਂਟਰੀ ਤਾਂ ਕੋਈ ਬਣਨੀ ਨਹੀਂ । ਤੁਸੀਂ ਸਵਾਲ ਕਰਨਾ ਪਹਿਲਾਂ ਸਿਖ ਲਓ । (You are to put a question about a solitary village. This will not become a supplementary question. You should learn as to how a question should be put.)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਮੈਨੂੰ ਸਵਾਲ ਤਾਂ ਕਰ ਲੈਣ ਦਿਉ । ਜਿਸ ਤਰ੍ਹਾਂ ਹੋਰਨਾਂ ਪਿੰਡਾਂ ਵਿਚ ਪਲਾਟ ਵੰਡ ਕੇ ਆਏ ਹਨ ਇਸੇ ਤਰ੍ਹਾਂ ਸਿੱਧਵਾਂ ਪਿੰਡ ਵਿਚ ਵੀ ਚੀਫ ਮਨਿਸਟਰ ਸਾਹਿਬ ਹਰੀਜਨਾਂ ਨੂੰ ਪਲਾਟ ਦੇ ਕੇ ਆਏ ਸਨ ਪਰ ਉਹ ਦੁਬਾਰਾ ਖੋਹ ਲਏ ਹਨ, ਕੀ ਸਰਕਾਰ ਦੇ ਧਿਆਨ ਵਿਚ ਇਹ ਗਲ ਹੈ ?

ਰਾਜ ਮੰਤਰੀ : ਸਰਦਾਰ ਗੁਰਦੇਵ ਸਿੰਘ ਬਾਦਲ ਮੈਨੂੰ ਲਿਖ ਕੇ ਦੇ ਦੇਣ, ਮੈਂ ਇਸ ਦੀ ਇਨਕੁਆਇਰੀ ਕਰਵਾ ਲਵਾਂਗੀ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬਾ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਹਾਊਸ ਵਿਚ ਬੈਠੇ ਐਮ. ਐਲ. ਏਜ਼. ਦੇ ਕਿਸੇ ਪਿੰਡ ਵਿਚ ਵੀ ਇਹ ਪਲਾਟ ਦਿੱਤੇ ਗਏ ਹਨ ਜਾਂ ਐਵੇਂ ਹੀ ਕਹੀ ਜਾਂਦੇ ਹਨ ਕਿ ਸਾਰੇ ਪਿੰਡਾਂ ਵਿਚ ਪਲਾਟ ਵੰਡ ਦਿੱਤੇ ਹਨ ?

ਸ੍ਰੀ ਸਪੀਕਰ : ਇਨ੍ਹਾਂ ਦੇ ਕਹਿਣ ਦਾ ਮਤਲਬ ਹੈ ਕਿ ਅਕਾਲੀ ਪਾਰਟੀ ਦੇ ਮੈਂਬਰਾਂ ਦੇ ਇਲਾਕੇ ਵਿਚ ਵੀ ਪਲਾਟ ਦਿੱਤੇ ਹਨ ਜਾਂ ਨਹੀਂ । (The hon. Member wants to know if plots have been given in the constituencies of Akali Party Members or not.)

ਰਾਜ ਮੰਤਰੀ : ਸਪੀਕਰ ਸਾਹਿਬ, ਜੇਕਰ ਮੈਂਬਰ ਸਾਹਿਬਾਨ ਆਪਣੇ ਆਪਣੇ ਪਿੰਡਾਂ ਵਿਚ ਜਾ ਕੇ ਦੌਰਾ ਕਰਨ ਤਾਂ ਉਨ੍ਹਾਂ ਨੂੰ ਪਤਾ ਲਗ ਸਕਦਾ ਹੈ ਪਰ ਜੇਕਰ ਉਹ ਰਹਿਣ ਹੀ ਸ਼ਹਿਰਾਂ ਵਿਚ ਤਾਂ ਵੱਖਰੀ ਗੱਲ ਹੈ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੈਂ ਇਹ ਸਵਾਲ ਪੁਛਦਾ ਹਾਂ ਕਿ ਜਿਤਨੇ ਇਸ ਹਾਊਸ ਦੇ ਮੈਂਬਰ ਹਨ ਉਨ੍ਹਾਂ ਵਿਚੋਂ ਕਿਨ੍ਹਾਂ ਕਿਨ੍ਹਾਂ ਦੇ ਪਿੰਡਾਂ ਵਿਚ ਪਲਾਟ ਦਿੱਤੇ ਹਨ, ਮੈਂ ਤਾਂ ਇਹ ਸਵਾਲ ਪੁਛਦਾ ਹਾਂ (ਵਿਘਨ) ਸਪੀਕਰ ਸਾਹਿਬ, ਮੇਰਾ ਤਾਂ ਇਹ ਹੀ ਸਵਾਲ ਹੈ ਕਿ ਜਿਹੜੇ ਇਸ ਹਾਊਸ ਦੇ ਮੈਂਬਰ ਹਨ, ਉਨ੍ਹਾਂ ਮੈਂਬਰਾਂ ਦੇ ਪਿੰਡਾਂ ਵਿਚ ਵੀ ਪਲਾਟ ਮਿਲੇ ਹਨ ਜਾਂ ਇਹ ਐਵੇਂ ਹੀ ਕਹਿੰਦੇ ਹਨ । ਜੇਕਰ ਕਿਸੇ ਮੈਂਬਰ ਦੇ ਪਿੰਡ ਮਿਲੇ ਹਨ ਤਾਂ ਉਹ ਹੱਥ ਖੜਾ ਕਰਕੇ ਦੱਸੇ । ਸਪੀਕਰ ਸਾਹਿਬ, ਉਹ ਮੈਂਬਰ ਹੱਥ ਖੜਾ ਕਰਕੇ ਦੱਸੇ ।

(ਕੋਈ ਉਤਰ ਨਹੀਂ ਆਇਆ ।)

आचार्य पृथ्वी सिंह आज़ाद : क्या राज्य मंत्री महोदय यह बताने की कोशिश करेंगे कि उन के योजना विभाग ने कोई इस तरह की योजना बनाई है जिस से यह पता चल सके कि सरकार 1977 तक इतने मकान बना कर देगी ? जो हिसाब आप ने सदन के सामने बताया है वह किस तरह लगाया है ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ ਇਹ ਸਵਾਲ ਕੀਤਾ ਗਿਆ ਹੈ ਇਹ ਮੇਨ ਸਵਾਲ ਤੋਂ ਇਲਾਵਾ ਹੈ। ਇਹ ਤਾਂ ਵੈਸੇ ਹੀ ਸਵਾਲ ਜਵਾਬ ਹੋ ਰਹੇ ਹਨ। ਸਵਾਲ ਸੀ ਮਿੱਡਲ ਇਨਕਮ ਗਰੁਪ ਦਾ ਪਰ ਕਿਉਂਕਿ ਮੈਂਬਰ ਸਾਹਿਬਾਨ ਹੋਰ ਇਨਫਰਮੇਸ਼ਨ ਵੀ ਚਾਹੁੰਦੇ ਸਨ, ਇਸ ਲਈ ਮੈਂ ਕੁਝ ਵੇਰਵਾ ਦਿੱਤਾ ਸੀ।

ਸ੍ਰੀ ਸਪੀਕਰ : ਉਨ੍ਹਾਂ ਦਾ ਸਪੈਸੇਫਿਕ ਕੁਐਸਚਨ ਹੈ ਕਿ ਸਰਕਾਰ ਸੰਨ 1977 ਤਕ ਕਿਤਨੇ ਮਕਾਨ ਬਣਾ ਕੇ ਦੇ ਸਕੇਗੀ ? (He has asked a specific question namely how many houses the Government will be able to construct up to 1977 ?)

(ਕੋਈ ਜਵਾਬ ਨਹੀਂ ਆਇਆ।)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੇਰਾ ਸਪੈਸੇਫਿਕ ਕੁਐਸਚਨ ਹੈ। (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਸਪੈਸੇਫਿਕ ਕੁਐਸਚਨ ਕਰਨ, ਮੈਂ ਜਵਾਬ ਦੇ ਦਿਆਂਗੀ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਇੱਕ ਲੱਖ 84 ਹਜ਼ਾਰ ਦਾ ਹਿਸਾਬ ਦੱਸਿਆ ਹੈ। ਸਪੀਕਰ ਸਾਹਿਬ, 80 ਹਜ਼ਾਰ ਰੁਪਏ ਦੇ ਨਾਲ ਇਕ ਬਲਾਕ ਵਿਚ 15 ਘਰ ਆਉਂਦੇ ਹਨ, ਹਰ ਬਲਾਕ ਦੇ ਵਿਚ 70/72 ਹਜ਼ਾਰ ਘਰ ਹੁੰਦੇ ਹਨ। ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਇਹ ਰੁਪਿਆ ਥੋੜ੍ਹਾ ਹੈ, ਕੀ ਸਰਕਾਰ ਘੱਟੋ ਘੱਟ 30/35 ਕਰੋੜ ਰੁਪੈ ਦਾ ਹਰ ਸਾਲ ਪ੍ਰਬੰਧ ਕਰੇਗੀ ਤਾਂਕਿ ਹਰੀਜਨਾਂ ਲਈ ਮਕਾਨਾਂ ਦਾ ਪ੍ਰਬੰਧ ਹੋ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ ਸਰਦਾਰ ਦਰਬਾਰਾ ਸਿੰਘ ਜੀ ਨੇ 80 ਹਜ਼ਾਰ ਰੁਪਏ ਦਾ ਜ਼ਿਕਰ ਕੀਤਾ ਹੈ,ਇਹ ਮੈਨੂੰ ਸਮਝ ਨਹੀਂ ਆਇਆ। ਰਕਮ 80 ਲੱਖ ਹੈ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਇਹ ਹੀ ਗੱਲ ਕਹੀ ਹੈ ਕਿ ਸਾਡੇ 120/122 ਦੇ ਕਰੀਬ ਬਲਾਕ ਹਨ ਔਰ ਹਰ ਬਲਾਕ ਵਿਚ ਤਕਰੀਬਨ 70 ਹਜ਼ਾਰ ਘਰ ਹੁੰਦੇ ਹਨ। ਇਨ੍ਹਾਂ ਦੇ ਹਿਸਾਬ ਨਾਲ ਹਰ ਬਲਾਕ ਵਿਚ 15 ਮਕਾਨ ਬਣ ਜਾਂਦੇ ਹਨ। ਯਾਨੀ 15 ਮਕਾਨ ਇਕ ਸਾਲ ਵਿਚ ਹਰ ਬਲਾਕ ਵਿਚ ਬਣਾਉਣੇ ਮੈਂ ਸਮਝਦਾ ਹਾਂ ਕਿ ਬੜੀ ਹੀ ਨਿਗੂਣੀ ਜਿਹੀ ਗਲ ਹੈ। ਮੈਂ ਬੇਨਤੀ ਕੀਤੀ ਹੈ ਕਿ ਸਰਕਾਰ 30/35 ਕਰੋੜ ਰੁਪਏ ਦਾ ਹਰ ਸਾਲ ਕਰੈਸ਼ ਪ੍ਰੋਗਰਾਮ ਬਣਾਵੇ ਤਾਂਕਿ ਹਰੀਜਨਾਂ ਨੂੰ ਮਕਾਨਾਂ ਵਿਚ ਬਿਠਾਇਆ ਜਾ ਸਕੇ, ਤਾਂ ਹੀ ਇਹ ਗੱਲ ਨੇਪਰੇ ਚੜ੍ਹੇਗੀ।

ਰਾਜ ਮੰਤਰੀ : ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਜਿਹੜੀ 80 ਲੱਖ ਰੁਪਏ ਦੀ ਗੱਲ ਕਰਦੇ ਹਨ ਮੈਂ ਉਸ ਦੇ ਬਾਰੇ ਕਲੀਅਰ ਕਰ ਦੇਣਾ ਚਾਹੁੰਦੀ ਹਾਂ ਕਿ ਜੋ ਵੀ ਪਿੰਡ ਵਿਚ ਸਹਿਕਾਰੀ ਸਭਾਵਾਂ ਮਕਾਨ ਬਨਾਉਣਗੀਆਂ ਉਨ੍ਹਾਂ ਨੂੰ ਅਸੀਂ, ਜੇਕਰ ਜਿਹੜੇ ਨਮੂਨੇ ਦੇ ਘਰ ਹਨ ਜੇਕਰ ਉਹ ਹੀ ਬਨਾਉਣ, ਉਸ ਹੀ ਮਾਡਲ ਦੇ ਬਨਾਉਣ, ਉਨ੍ਹਾਂ ਵਾਸਤੇ ਇਹ ਪੈਸਾ ਰਖਿਆ ਹੈ, ਉਨ੍ਹਾਂ ਨੂੰ ਦਿੱਤਾ ਜਾਵੇਗਾ। ਬਾਕੀ ਪੈਸੇ ਥੋੜ੍ਹੇ ਦੀ ਜਿਹੜੀ ਗੱਲ ਹੈ, ਕੈਬਨਿਟ ਬੈਠੀ ਹੈ, ਗਿਆਨੀ ਜੀ ਬੈਠੇ ਹਨ, ਜੋ ਇਹ ਫੈਸਲਾ ਕਰ ਦੇਣਗੇ, ਅਸੀਂ ਉਸ ਤਰ੍ਹਾਂ ਕਰਨ ਨੂੰ ਤਿਆਰ ਹਾਂ। (ਹਾਸਾ)

STARRED QUESTION NO. 2979**

ਸ਼੍ਰੀ ਸਪੀਕਰ : ਸਵਾਲ ਨੰ: 2979 ਵਿਚ ਐਕਸਟੈਨਸ਼ਨ ਮੰਗੀ ਗਈ ਹੈ । (Extension has been asked for in respect of Starred Question No. 2979.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕੀ ਸਰਦੀਆਂ ਲੰਘ ਜਾਣਗੀਆਂ ਤਾਂ ਹੀ ਇਸ ਸਵਾਲ ਦਾ ਜਵਾਬ ਮਿਲੇਗਾ, ਜਾਂ ਕਿ ਪਹਿਲਾਂ ਮਿਲ ਜਾਵੇਗਾ ? (ਹਾਸਾ)

ਸ਼੍ਰੀ ਸਪੀਕਰ : ਨਹੀਂ ਜੀ, ਪਹਿਲਾਂ ਹੀ ਮਿਲ ਜਾਵੇਗਾ । (ਹਾਸਾ) (No please, you will get its reply earlier.)

ਰਾਜ ਵਿਚ ਵੱਖ ਵੱਖ ਗ੍ਰਾਮ ਉਦਯੋਗਾਂ ਵਿਚ ਸਿਖਿਆ ਕੇਂਦਰ

*3072. **ਸਰਦਾਰ ਜਸਵਿੰਦਰ ਸਿੰਘ ਬਰਾੜ**
ਸਰਦਾਰ ਸੁਖਦੇਵ ਸਿੰਘ ਢੀਂਡਸਾ } : ਕੀ ਮੁੱਖ ਮੰਤਰੀ ਕ੍ਰਿਪਾ
ਸਰਦਾਰ ਪ੍ਰਹਿਲਾਦ ਸਿੰਘ

ਕਰਕੇ ਦਸਣਗੇ ਕਿ—

(ੳ) ਸਾਲ 1974 ਦੇ ਦੌਰਾਨ ਰਾਜ ਵਿਚ ਵੱਖ ਵੱਖ ਗ੍ਰਾਮ ਉਦਯੋਗਾਂ ਵਿਚ ਕੁਲ ਕਿੰਨੇ ਸਿਖਿਆ ਕੇਂਦਰ ਸਨ;

(ਅ) ਉਪਰੋਕਤ ਵਰਣਿਤ ਸਮੇਂ ਦੇ ਦੌਰਾਨ ਉਕਤ ਹਰ ਇਕ ਉਦਯੋਗਿਕ ਸਿਖਿਆ ਕੇਂਦਰ ਵਿਚ ਕਿੰਨੇ ਕਿੰਨੇ ਸਿਖਿਆਰਥੀ ਹਨ ?

ਸ਼੍ਰੀ ਖੁਸ਼ਹਾਲ ਬਹਿਲ (ਉਪ ਮੰਤਰੀ, ਘਰੇਲੂ ਉਦਯੋਗ) : (ੳ) 8

(ਅ)

1.	ਦਿਹਾਤੀ ਦਸਤਕਾਰੀ ਸਿਖਲਾਈ ਕੇਂਦਰ,	ਹਰਿਆਣਾ	.. 54
2.	,,	ਬਟਾਲਾਂ	.. 45
3.	,,	ਬਰਨਾਲਾ	.. 57
4.	,,	ਨਕੋਦਰ	.. 52
5.	,,	ਬਨੂੜ	.. 40
6.	,,	ਸਰਾਏਨਾਗਾ	.. 31
7.	,,	ਅਜਨਾਲਾ	.. 46
8.	,,	ਤਲਵੰਡੀ ਚੌਧਰੀਆਂ	.. 42

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੇਂਦਰ ਇਨ੍ਹਾਂ ਨੇ ਦੱਸੇ ਹਨ ਜਿਸ ਜਿਸ ਥਾਂ ਤੇ ਉਹ ਖੋਲ੍ਹੇ ਗਏ ਹਨ ਉਥੇ ਉਥੇ ਕਿਸ ਕਿਸ ਆਧਾਰ ਤੇ ਖੋਲ੍ਹੇ ਗਏ ਹਨ ਅੌਰ ਜਿਹੜੇ ਸਿਖਿਆਰਥੀ ਉਨ੍ਹਾਂ ਵਿਚ ਸਿੱਖਿਆ ਲੈਂਦੇ ਸਨ ਉਹ ਕਿਸ ਪ੍ਰੋਸੀਜਰ ਅਨੁਸਾਰ ਰੱਖੇ ਗਏ ਸਨ ?

**For Starred Question No. 2979 and reply thereto please *see* Punjab Vidhan Sabha Debate dated 3rd February, 1975.

ਉਪ ਮੰਤਰੀ : ਇਹ ਜਿਹੜਾ ਕੇਂਦਰਾਂ ਦਾ ਜ਼ਿਕਰ ਹੈ ਇਹ ਹੈ ਰੂਰਲ ਆਰਟੀਜ਼ਨ ਟਰੇਨਿੰਗ ਸੈਂਟਰਜ਼ । ਜਿਸ ਤਰ੍ਹਾਂ ਕਿ ਜਵਾਬ ਵਿਚ ਵੀ ਦੱਸਿਆ ਗਿਆ ਹੈ ਕਿ ਇਹ ਪੰਜਾਬ ਵਿਚ ਖਾਸ ਟਰੇਨਿੰਗ ਦੇਣ ਲਈ ਖੋਲ੍ਹੇ ਗਏ ਹਨ । ਟਰੇਨੀ ਜਿਹੜੇ ਹਨ, ਉਹ ਪ੍ਰਾਇਮਰੀ ਪਾਸ ਹੋਣ ਤਾਂ ਟਰੇਨਿੰਗ ਲੈ ਸਕਦੇ ਹਨ । ਇਕ ਸਾਲ ਦਾ ਕੋਰਸ ਹੈ । ਇਕ ਸਾਲ ਦੀ ਟਰੇਨਿੰਗ ਕੰਪਲੀਟ ਕਰਨ ਤੇ ਉਨ੍ਹਾਂ ਨੂੰ ਸਰਟੀਫੀਕੇਟ ਦਿੱਤੇ ਜਾਂਦੇ ਹਨ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤਾਂ ਸਵਾਲ ਇਹ ਪੁੱਛਿਆ ਸੀ ਕਿ ਜਿਹੜੇ ਸੈਂਟਰ ਖੋਲ੍ਹੇ ਗਏ ਹਨ ਉਹ ਕਿਸ ਗੱਲ ਨੂੰ ਆਧਾਰ ਰੱਖ ਕੇ ਉਨ੍ਹਾਂ ਇਲਾਕਿਆਂ ਵਿਚ ਖੋਲ੍ਹੇ ਗਏ ਹਨ, ਕੁਝ ਇਲਾਕੇ ਜਾਣ ਬੁਝ ਕੇ ਇਗਨੋਰ ਕੀਤੇ ਗਏ ਹਨ ?

ਉਪ ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ । ਪਛੜੇ ਇਲਾਕੇ ਵੇਖੇ ਗਏ ਹਨ । ਇਹ ਕੇਂਦਰ ਪੁਰਾਣੇ ਖੋਲ੍ਹੇ ਹੋਏ ਹਨ । ਸਿਖਆਰਥੀਆਂ ਨੂੰ ਇਕ ਸਾਲ ਦੀ ਟਰੇਨਿੰਗ ਦੇਣ ਬਾਅਦ ਸਰਟੀਫੀਕੇਟ ਦਿਤੇ ਜਾਂਦੇ ਹਨ । ਇਸ ਤਰ੍ਹਾਂ ਅਗਲੀਆਂ ਕਲਾਸਾਂ ਜਿਹੜੀਆਂ ਹਨ ਉਨ੍ਹਾਂ ਵਿਚ ਹੋਰ ਰਿਆਇਤਾਂ ਦਿਤੀਆਂ ਜਾਂਦੀਆਂ ਹਨ, 20 ਰੁਪਏ ਮਹੀਨਾ ਵਜ਼ੀਫਾ ਵੀ ਦਿਤਾ ਜਾਂਦਾ ਹੈ ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਸੈਂਟਰ ਵੀ ਖੁਲ੍ਹ ਗਏ, ਉਨ੍ਹਾਂ ਵਿਚ ਟਰੇਨਿਂਗ ਵੀ ਦਿੱਤੀ ਜਾ ਰਹੀ ਹੈ, ਕੀ ਉਨ੍ਹਾਂ ਦੀ ਇੰਮਪਲਾਇਮੈਂਟ ਬਾਰੇ ਵੀ ਸਰਕਾਰ ਨੇ ਕੁਝ ਕੀਤਾ ਹੈ ?

ਉਪ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਇਕ ਗੱਲ ਦਸਣਾ ਚਾਹੁੰਦਾ ਹਾਂ ਕਿ ਅਸੀਂ ਇਕ ਰੀਪਲੇਸਮੈਂਟ ਸੈਲ ਖੋਲ੍ਹਿਆ ਹੈ । ਉਸ ਦੇ ਰਾਹੀਂ ਇੰਡਸਟਰੀਆਂ ਵਿਚ ਕੰਮ ਵੇਖਿਆ ਜਾਂਦਾ ਹੈ । ਖਾਸ ਤੌਰ ਤੇ ਆਈ.ਟੀ.ਆਈ. ਦੀ ਜਿਹੜੇ ਟਰੇਨਿੰਗ ਲੈਂਦੇ ਹਨ, ਉਨ੍ਹਾਂ ਲਈ ਪ੍ਰਬੰਧ ਕੀਤਾ ਜਾਂਦਾ ਹੈ । ਇਸ ਤਰ੍ਹਾਂ ਦਾ ਬੰਦੋਬਸਤ ਕਰਕੇ ਉਨ੍ਹਾਂ ਲਈ ਇੰਮਪਲਾਇਮੈਂਟ ਦਾ ਇੰਤਜ਼ਾਮ ਕੀਤਾ ਜਾਂਦਾ ਹੈ ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਜ਼ਿਲ੍ਹਾ ਸੰਗਰੂਰ ਵਿੱਚ ਸਹਿਕਾਰੀ ਸਭਾਵਾਂ ਵਿੱਚ ਗਬਨ ਦੇ ਕੇਸ

***3103 ਸਰਦਾਰ ਸੁਖਦੇਵ ਸਿੰਘ ਢੀਂਡਸਾ** :
ਸਰਦਾਰ ਧੰਨਾ ਸਿੰਘ ਗੁਲਸ਼ਨ : } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਾਲ 1973-74 ਦੇ ਦੌਰਾਨ ਜ਼ਿਲ੍ਹਾ ਸੰਗਰੂਰ ਵਿੱਚ ਸਹਿਕਾਰੀ ਸਭਾਵਾਂ ਵਿਚ ਕੋਈ ਗਬਨ ਦੇ ਕੇਸ ਹੋਏ ਹਨ, ਜੇਕਰ ਅਜਿਹਾ ਹੋਵੇ ਤਾਂ ਉਨਾਂ ਦੀ ਗਿਣਤੀ ਕਿੰਨੀ ਹੈ ;

[ਸਰਦਾਰ ਸੁਖਦੇਵ ਸਿੰਘ ਢੀਂਡਸਾ ਅਤੇ ਸਰਦਾਰ ਧੰਨਾ ਸਿੰਘ ਗੁਲਸ਼ਨ]

(ਅ) ਉਪਰੋਕਤ ਕੇਸਾਂ ਵਿੱਚ ਸ਼ਾਮਲ ਰਕਮ ਦਾ ਵੇਰਵਾ ਕੀ ਹੈ ਅਤੇ ਉਕਤ ਰਕਮ ਵਿਚੋਂ ਕਿੰਨੀ ਰਕਮ ਬਰਾਮਦ ਕਰ ਲਈ ਗਈ ?

ਗਿਆਨੀ ਜ਼ੈਲ ਸਿੰਘ : (ੳ) ਸਾਲ 1973-74 ਦੇ ਦੌਰਾਨ ਜ਼ਿਲ੍ਹਾ ਸੰਗਰੂਰ ਵਿੱਚ ਕੁਲ 27 ਗ਼ਬਨ ਦੇ ਕੇਸ ਹੋਏ ।

(ਅ) ਉਪਰੋਕਤ (ੳ) ਵਿੱਚ ਦੱਸੇ 27 ਕੇਸਾਂ ਵਿੱਚ 21,75,310.94 ਰੁ: ਦਾ ਗ਼ਬਨ ਹੋਇਆ ਸੀ ਅਤੇ ਉਸ ਰਕਮ ਵਿਚੋਂ 71,510.28 ਰੁ : ਦੀ ਵਸੂਲੀ ਹੋ ਚੁੱਕੀ ਹੈ । ਇਨ੍ਹਾਂ ਦਾ ਵੇਰਵਾ ਅਨੁਲੱਗ "ੳ" ਦੇ ਨਾਲ ਨੱਥੀ ਹੈ ।

ਅਨੁਲੱਗ "ੳ"

ਲੜੀ ਨੰ:	ਸਭਾ ਦਾ ਨਾਂ ਜਿਸ ਵਿਚ ਸਾਲ 1973-74 ਵਿੱਚ ਗ਼ਬਨ ਹੋਇਆ		ਗ਼ਬਨ ਹੋਈ ਰਕਮ	ਵਸੂਲੀ ਜੋ ਹੋਈ
1.	ਰਾਮ ਗੜ੍ਹ ਗੁਜਰਾਂ	ਸੀ.ਏ.ਐਸ.ਐਸ.	17,094	—
2.	ਰਤਨਗੜ੍ਹ ਸਰਦਾਰਾਂ	,,	7,009.76	6,837.45
3.	ਲੌਂਗੋਵਾਲ	,,	1,36,409.71	—
4.	ਸਤੌਜ	,,	13,777.72	—
5.	,,	,,	17,553.70	—
6.	ਖਦੀ ਕਲਾਂ	,,	48,156.16	,,
7.	ਖੇੜੀ ਕਲਾਂ	,,	2,484.00	—
8.	ਇਸਾ ਪੁਰ	,,	14,730.95	14,730.95
9.	ਘਨੌਰ ਕਲਾਂ	,,	8,299.15	8,299.15
10.	ਐਹਨ ਖੇੜੀ	,,	27,649.70	27,649.70
11.	ਸਰੋਧ	,,	800.00	800.00
12.	ਚਖਰੀਆਂ	,,	10,416.81	—
13.	ਬੇਲੇਵਾਲ	,,	27,542.87	—
14.	ਲੱਦਾ	,,	11,319.00	—
15.	ਜੋਹਲਾਂ	,,	2,400.00	2400.00
16.	ਕੁਰਾੜ	,,	885.00	—
17.	ਧੂਰੀ ਕੋਆਪਰੇਟਿਵ ਮਾਰਕੀਟਿੰਗ	,,	15,766.92	—
18.	ਧਾਦੇਵਾੜੀ	,,	65,681.50	—

ਲੜੀ ਨੰ:	ਸਭਾ ਦਾ ਨਾਂ ਜਿਸ ਵਿਚ ਸਾਲ 1973–74 ਵਿੱਚ ਗਬਨ ਹੋਇਆ		ਗਬਨ ਹੋਈ ਰਕਮ	ਵਸੂਲੀ ਜੋ ਹੋਈ
19.	ਮਾਂਨਵੀ	ਸੀ.ਏ.ਐਸ.ਐਸ.	62,908.00	—
20.	ਭਵਾਨੀਗੜ੍ਹ ਮਾਰਕੀਟਿੰਗ ਸਭਾ	,,	24,612.73	10,793.03
21.	,,	,,	93,32.82	—
22.	,,	,,	22,17,68.10	—
23.	,,	,,	21,972.60	—
24.	,,	,,	5,75,667.14	—
25.	,,	,,	8,24.708.63	—
26.	ਸੰਗਰੂਰ ਕੋਆਪ੍ਰੇਟਿਵ ਸਟੋਰ	,,	21,49.97	—
27.	ਸਰੋਧ ਕੋਆਪਰੇਟਿਵ ਸਟੋਰ	,,	41,24.00	—
	ਜੋੜ		21,75,310.94	71510.28

ਰਾਜ ਵਿੱਚ ਨਿਕਾਸੀ ਜ਼ਮੀਨ ਉਨ੍ਹਾਂ ਵਿਅਕਤੀਆਂ ਨੂੰ ਅਲਾਟ ਕਰਨਾ ਜਿਨ੍ਹਾਂ ਦਾ ਇਸ ਤੇ ਕਬਜ਼ਾ ਹੈ

*2920. **ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ—

(ੳ) ਕੀ ਇਹ ਠੀਕ ਹੈ ਕਿ ਅਕਤੂਬਰ, 1974 ਤੋਂ ਨਿਕਾਸੀ ਜ਼ਮੀਨ ਉਨ੍ਹਾਂ ਵਿਅਕਤੀਆਂ ਨੂੰ ਅਲਾਟ ਕੀਤੀ ਜਾ ਰਹੀ ਹੈ ਜੋ ਇਸ ਤੇ ਕਾਬਜ਼ ਹਨ ;

(ਅ) ਕੀ ਸਰਕਾਰ ਦੁਆਰਾ ਇਸ ਅਲਾਟਮੈਂਟ ਦਾ ਫੈਸਲਾ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਐਮ. ਐਲ. ਏਜ਼ ਦੀ ਇਕ ਮੀਟਿੰਗ ਵਿੱਚ ਕੀਤਾ ਗਿਆ ਸੀ ;

(ੲ) ਉਨ੍ਹਾਂ ਭੂਮੀ ਹੀਣ ਪ੍ਰਵਾਰਾਂ ਦੀ ਕੁਲ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ 30 ਸਤੰਬਰ, 1974 ਤੋਂ ਪਹਿਲੀ ਜਨਵਰੀ, 1975 ਤੱਕ ਦੇ ਦੌਰਾਨ ਉਪਰੋਕਤ ਜ਼ਮੀਨ ਦੀ ਅਲਾਟਮੈਂਟ ਕੀਤੀ ਗਈ ਹੈ ;

(ਸ) ਉਪਰੋਕਤ ਭਾਗ (ੲ) ਵਿੱਚ ਵਰਣਿਤ ਪਰਿਵਾਰਾਂ ਵਿੱਚ ਅਨੁਸੂਚਿਤ ਜਾਤੀਆਂ ਦੇ ਪਰੀਵਾਰਾਂ ਦੀ ਜ਼ਿਲ੍ਹੇਵਾਰ ਗਿਣਤੀ ਕਿੰਨੀ ਹੈ ?

ਸਰਦਾਰ ਉਮਰਾਓ ਸਿੰਘ : (ੳ) ਹਾਂ ਜੀ, ਨੀਤੀ ਅਨੁਸਾਰ ।

(ਅ) ਪੇਂਡੂ ਨਿਕਾਸੀ ਭੋਂ ਦੇ ਨਿਪਟਾਰੇ ਬਾਰੇ ਜੋ ਨੀਤੀ ਲਾਗੂ ਕੀਤੀ ਗਈ ਹੈ, ਇਸ ਸਬੰਧੀ ਅਨੁਸੂਚਿਤ ਜਾਤੀਆਂ ਦੇ ਵਿਧਾਇਕਾਂ ਨਾਲ ਪਹਿਲਾਂ ਗੈਰ-ਰਸਮੀ ਤੌਰ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਸੀ ।

[ਮਾਲ ਅਤੇ ਚੋਣ ਮੰਤਰੀ]

(ੲ) ਹੁਣ ਤੱਕ ਪੁੱਜੀ ਸੂਚਨਾ ਅਨੁਸਾਰ 3,386 ਪਰਿਵਾਰਾਂ ਨੂੰ ਵਾਫ਼ਰ ਪੇਂਡੂ ਨਿਕਾਸੀ ਭੌਂ ਕਬਜ਼ੇ ਦੇ ਆਧਾਰ ਤੇ ਮੁੰਤਕਿਲ ਕੀਤੀ ਗਈ ਹੈ ।

(ਸ) ਉਪਰੋਕਤ ਭਾਗ (ੲ) ਵਿੱਚ ਦੱਸੇ 3,386 ਪਰਿਵਾਰਾਂ ਵਿਚੋਂ 1,222 ਅਨੁਸੂਚਿਤ ਜਾਤੀਆਂ ਦੇ ਪਰਿਵਾਰ ਹਨ ਤੇ ਇਨ੍ਹਾਂ ਦਾ ਜ਼ਿਲ੍ਹੇਵਾਰ ਵੇਰਵਾ ਇਸ ਪ੍ਰਕਾਰ ਹੈ । ਕਪੂਰਥਲਾ 97, ਜਲੰਧਰ 301, ਰੋਪੜ 8, ਹੁਸ਼ਿਆਰਪੁਰ 377, ਫਿਰੋਜ਼ਪੁਰ 67, ਲੁਧਿਆਣਾ 74 ਅੰਮ੍ਰਿਤਸਰ 251, ਫਰੀਦਕੋਟ 42, ਪਟਿਆਲਾ 2, ਸੰਗਰੂਰ 3.

[(a) Yes Sir, according to the policy.

(b) The extent policy with regard to the disposal of surplus rural evacuee agricultural land has been evolved after informally discussing the matter with the Scheduled Castes M.L.A.s.

(c) 3,386 occupants have been transferred surplus rural evacuee agricultural land till to-date.

(d) Out of 3386 families, mentioned under part (c) above, 1222 belong to the Scheduled Castes. Their district-wise break-up is.

Kapurthala	..	97
Jullundur	..	301
Ropar	..	8
Hoshiarpur	..	377
Ferozepur	..	67
Ludhiana	..	74
Amritsar	..	251
Faridkot	..	42
Patiala	..	2
Sangrur	..	3

ਜਨਵਰੀ 1974 ਤੋਂ ਬਿਜਲੀ ਦੀ ਸਪਲਾਈ ਨਾ ਹੋਣ ਕਾਰਨ ਫੈਕਟਰੀਆਂ ਵਿਚ ਜਾਇਆ ਗਈਆਂ ਦਿਹਾੜੀਆਂ

***2902. 1. ਕਾਮਰੇਡ ਸੱਤ ਪਾਲ ਡਾਂਗ**
2. ਕਾਮਰੇਡ ਦਾਨਾ ਰਾਮ } ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਵਿਚ ਉਦਯੋਗਿਕ ਝਗੜੇ ਐਕਟ, 1947 ਵਿਚ ਜਬਰੀ ਛੁੱਟੀ ਦੇ ਉਪਬੰਧ ਅਧੀਨ ਆਉਂਦੀਆਂ ਫੈਕਟਰੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ;

(ਅ) ਉਕਤ ਫੈਕਟਰੀਆਂ ਵਿਚ ਜਨਵਰੀ, 1974 ਤੋਂ ਅੱਜ ਤਕ ਦੇ ਸਮੇਂ ਦੇ ਦੌਰਾਨ ਬਿਜਲੀ ਦੀ ਸਪਲਾਈ ਨਾ ਹੋਣ ਕਰਕੇ ਜਬਰੀ ਛੁੱਟੀ ਦੇ ਕਾਰਨ ਮਾਹਵਾਰ ਜਾਇਆ ਗਈਆਂ ਦਿਹਾੜੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ?

ਸ਼੍ਰੀ ਹੰਸ ਰਾਜ ਸ਼ਰਮਾ : (ੳ)

	ਜ਼ਿਲ੍ਹਾ		ਫੈਕਟਰੀਆਂ ਦੀ ਗਿਣਤੀ
1.	ਅੰਮ੍ਰਿਤਸਰ	..	10,36
2.	ਗੁਰਦਾਸਪੁਰ	..	376
3.	ਜਲੰਧਰ	..	814
4.	ਲੁਧਿਆਣਾ	..	1,659
5.	ਪਟਿਆਲਾ	..	402
6.	ਰੋਪੜ	..	88
7.	ਬਠਿੰਡਾ	..	154
8.	ਸੰਗਰੂਰ	..	191
9.	ਕਪੂਰਥਲਾ	..	206
10.	ਫ਼ਿਰੋਜ਼ਪੁਰ	..	158
11.	ਫਰੀਦਕੋਟ	..	200
12.	ਹੁਸ਼ਿਆਰਪੁਰ	..	123

(ਅ) ਜਾਇਆ ਗਈਆਂ ਦਿਹਾੜੀਆਂ

		ਜ਼ਿਲ੍ਹਾ			
ਮਹੀਨਾ	ਅੰਮ੍ਰਿਤਸਰ	ਗੁਰਦਾਸਪੁਰ	ਲੁਧਿਆਣਾ	ਪਟਿਆਲਾ	ਰੋਪੜ
ਜਨਵਰੀ	.. 349	—	—	—	—
ਫਰਵਰੀ	.. 254	—	—	39	—
ਮਾਰਚ	.. 44	—	—	18	—
ਅਪਰੈਲ	.. 431	—	—	38	—
ਮਈ	.. 936	—	—	—	—
ਜੂਨ	.. 975	—	—	82	—
ਜੁਲਾਈ	.. 449	—	—	444	—
ਅਗਸਤ	.. 8,730	—	—	578	—
ਸਤੰਬਰ	.. 5,053	—	176	916	—
ਅਕਤੂਬਰ	.. 7,712	—	—	210	—
ਨਵੰਬਰ	.. 4,945	2835	292	42	143

ਰਾਜ ਵਿਚ ਉਦਯੋਗਿਕ ਕਾਮਿਆਂ ਦੀ ਔਸਤਨ ਪ੍ਰਤੀ ਵਿਅਕਤੀ ਆਮਦਨ

*3070. 1. ਸਰਦਾਰ ਜਸਵਿੰਦਰ ਸਿੰਘ ਬਰਾੜ
2. ਸਰਦਾਰ ਸੁਖਦੇਵ ਸਿੰਘ ਢੀਂਡਸਾ } ਕੀ ਵਿੱਤ ਮੰਤਰੀ ਕਿਰਪਾ ਕਰਕੇ
3. ਸਰਦਾਰ ਪ੍ਰਹਿਲਾਦ ਸਿੰਘ

ਦੱਸਣਗੇ ਕਿ ਰਾਜ ਵਿਚ ਉਦਯੋਗਿਕ ਕਾਮਿਆਂ ਦੀ ਇਸ ਸਮੇਂ ਔਸਤਨ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਕਿੰਨੀ ਹੈ ?

ਸ੍ਰੀ ਹੰਸ ਰਾਜ ਸ਼ਰਮਾ : ਸਾਲ 1973 ਵਿਚ 2,486 ਰੁਪਏ ਸੀ, ਜੀ ।

STARRED QUESTIONS No. 2899

Extension has been asked for in respect of Starred Question No. 2899.

Hans Raj Sharma

D.O. No. 20 II-75/15716
Finance Minister, Punjab,
Chandigarh.
Dated the 20th January, 1975

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਪ੍ਰਸ਼ਨ ਨੰ : 2899 ਜੋ ਮਿਤੀ 20-1-75 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਤਪਾਲ ਡਾਂਗ ਅਤੇ ਕਾਮਰੇਡ ਦਾਨਾ ਰਾਮ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਾਵਾਂ ਥਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਮਿਤੀ 27-1-1975 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਆਪ ਜੀ ਦਾ ਵਿਸ਼ਵਾਸਪਾਤਰ,
ਸਹੀ/—
(ਹੰਸ ਰਾਜ ਸ਼ਰਮਾ)

ਡਾ: ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ;
ਚੰਡੀਗੜ੍ਹ ।

STARRED QUESTION No. 2924**

Extension has been asked for in respect of Starred Question No. 2924.

**Starred Question No. 2924 and reply thereto appears in Appendix to this Debate.

ਪੀ. ਐਮ. ਐਨ. ਕਾਲਜ, ਰਾਜਪੁਰਾ

*2981. ਕਾਮਰੇਡ ਸੱਘੜ ਸਿੰਘ
ਕਾਮਰੇਡ ਸੱਤ ਪਾਲ ਡਾਂਗ } ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਪੀ. ਐਮ. ਐਨ. ਕਾਲਜ, ਰਾਜਪੁਰਾ ਇਸ ਵਕਤ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਇਕ ਪ੍ਰਸ਼ਾਸਕ ਦੁਆਰਾ ਚਲਾਇਆ ਜਾ ਰਿਹਾ ਹੈ ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੋਂ ਅਤੇ ਕਿਨ੍ਹਾਂ ਕਾਰਨਾਂ ਕਰਕੇ ਪ੍ਰਸ਼ਾਸਕ ਨਿਯੁਕਤ ਕੀਤਾ ਗਿਆ ਸੀ ;

(ਅ) ਕੀ ਸਰਕਾਰ ਨੂੰ ਸਤੰਬਰ, 1974 ਵਿਚ ਉਕਤ ਕਾਲਜ ਦੇ ਵਿਕਟੇਮਾਈਜ਼ (ਤੰਗ) ਕੀਤੇ ਗਏ ਕੁਝ ਅਧਿਆਪਕਾਂ ਨੂੰ ਬਹਾਲ ਕਰਨ ਸਬੰਧੀ ਪੰਜਾਬ ਅਤੇ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਵਲੋਂ ਕੋਈ ਮੇਜਰਨਾਮਾ ਮਿਲਿਆ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਦੁਆਰਾ ਇਸ ਸਬੰਧੀ ਕੀ ਕਾਰਵਾਈ ਕੀਤੀ ਗਈ;

(ੲ) ਕੀ ਉਕਤ ਕਾਲਜ ਨੂੰ ਆਪਣੇ ਅਧੀਨ ਲੈਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਸ੍ਰੀ ਗੁਰਮੇਲ ਸਿੰਘ : (ੳ) ਨਹੀਂ ਜੀ ।

(ਅ) ਜੀ ਹਾਂ । ਕਿਉਂਜੋ ਇਹ ਟੀਚਰ ਪ੍ਰੋਬੇਸ਼ਨ ਤੇ ਸਨ, ਇਸ ਲਈ ਸਰਕਾਰ ਦਖਲ ਅੰਦਾਜ਼ੀ ਨਹੀਂ ਕਰ ਸਕਦੀ ਸੀ ।

(ੲ) ਨਹੀਂ ਜੀ ।

ਬੀ. ਈ. ਓ. ਵਲਟੋਹਾ ਬਲਾਕ, ਜ਼ਿਲ੍ਹਾ ਅੰਮ੍ਰਿਤਸਰ ਦੀ ਖਾਲੀ ਆਸਾਮੀ

*3126. ਕਾਮਰੇਡ ਅਰਜਨ ਸਿੰਘ ਮਸਤਾਨਾ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਬਲਾਕ ਵਲਟੋਹਾ ਦੇ ਬੀ.ਈ.ਓ. ਦੀ ਆਸਾਮੀ ਕਿੰਨੇ ਸਮੇਂ ਤੋਂ ਖਾਲੀ ਪਈ ਹੈ ਅਤੇ ਇਸ ਦੇ ਕਾਰਨ ਕੀ ਹਨ ?

ਸ੍ਰੀ ਗੁਰਮੇਲ ਸਿੰਘ : ਬਲਾਕ ਵਲਟੋਹਾ ਦੇ ਬੀ.ਈ.ਓ. ਦੀ ਆਸਾਮੀ ਇਸ ਸਮੇਂ ਖਾਲੀ ਨਹੀਂ ਹੈ ।

ਰਾਜ ਵਿਚ 1974 ਦੇ ਦੌਰਾਨ ਸਰਕਾਰ ਅਤੇ ਪ੍ਰਾਈਵੇਟ ਏਜੰਸੀਆਂ ਦੁਆਰਾ ਖਰੀਦੀ ਗਈ ਕਪਾਹ

*2980. ਕਾਮਰੇਡ ਸੱਘੜ ਸਿੰਘ
ਕਾਮਰੇਡ ਸੱਤ ਪਾਲ ਡਾਂਗ } ਕੀ ਖੇਤੀ ਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ—

(ੳ) ਸਾਲ 1974 ਦੇ ਦੌਰਾਨ ਕਪਾਹ (ਨਰਮਾ ਅਤੇ ਦੇਸੀ) ਦੀ ਵੱਖੋ ਵੱਖ ਕੁਲ ਕਿੰਨੀ ਕਿੰਨੀ ਮਿਕਦਾਰ ਪੰਜਾਬ ਦੀਆਂ ਮੰਡੀਆਂ ਵਿਚ ਆਈ;

[ਕਾਮਰੇਡ ਸੱਘੜ ਸਿੰਘ ਅਤੇ ਕਾਮਰੇਡ ਸੱਤ ਪਾਲ ਡਾਂਗ]

(ਅ) ਉਪਰੋਕਤ ਭਾਗ (ੳ) ਵਿਚ ਹਵਾਲਾ ਦਿਤੀ ਗਈ ਮਾਤਰਾ ਵਿਚੋਂ ਕੁਲ ਕਿੰਨੀ ਕਿੰਨੀ ਕਪਾਹ ਪ੍ਰਾਈਵੇਟ ਵਪਾਰੀਆਂ ਅਤੇ ਸਰਕਾਰੀ ਏਜੰਸੀਆਂ ਦੁਆਰਾ ਖਰੀਦੀ ਗਈ;

(ੲ) ਉਨ੍ਹਾਂ ਸਰਕਾਰੀ ਏਜੰਸੀਆਂ ਦਾ ਵੇਰਵਾ ਕੀ ਹੈ, ਜੋ ਮੰਡੀਆਂ ਵਿਚ ਆਈਆਂ ਅਤੇ ਹਰ ਇਕ ਦੁਆਰਾ ਕਿੰਨੀ ਕਿੰਨੀ ਕਪਾਹ ਖਰੀਦੀ ਗਈ।

(ਸ) ਉਕਤ ਕਪਾਹ ਸਰਕਾਰੀ ਏਜੰਸੀਆਂ ਅਤੇ ਪ੍ਰਾਈਵੇਟ ਵਪਾਰੀਆਂ ਨੇ ਕਿਸ ਭਾਅ ਤੇ ਖਰੀਦੀ ?

ਮਾਸਟਰ ਗੁਰਬੰਤਾ ਸਿੰਘ : (ੳ) ਨਰਮਾ .. 13,85,000 ਕੁਇੰਟਲ

ਦੇਸੀ .. 8,29,000 ਕੁਇੰਟਲ

(ਅ) (ੳ) ਤੇ ਦਰਸਾਈ ਸਾਰੀ ਦੀ ਸਾਰੀ ਕਪਾਹ ਪਰਾਈਵੇਟ ਏਜੰਸੀਆਂ ਨੇ ਖਰੀਦੀ।

(ੲ) (ਅ) ਤੇ ਦੱਸੀ ਸੂਚਨਾ ਨੂੰ ਮੁੱਖ ਰਖਦੇ ਹੋਏ ਸਵਾਲ ਹੀ ਪੈਦਾ ਨਹੀਂ ਹੁੰਦਾ।

(ਸ) ਪ੍ਰਾਈਵੇਟ ਏਜੰਸੀਆਂ ਨੇ ਕਪਾਹ ਹੇਠ ਲਿਖੇ ਔਸਤ ਭਾਅ ਤੇ ਖਰੀਦੀ :—

ਨਰਮਾ .. 325 ਰੁਪਏ ਪ੍ਰਤੀ ਕੁਇੰਟਲ

ਦੇਸੀ ਕਪਾਹ .. 275 ਰੁਪਏ ਕੁਇੰਟਲ

ਰਾਜ ਵਿਚ ਗੰਨੇ ਦੀ ਪ੍ਰਤੀ ਏਕੜ ਪੈਦਾਵਾਰ ਵਧਾਉਣ ਲਈ ਕਾਰਵਾਈ

*3127. **ਸਰਦਾਰ ਬਲਵਿੰਦਰ ਸਿੰਘ ਭੂੰਦੜ :** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਸਰਕਾਰ ਦੁਆਰਾ ਰਾਜ ਵਿਚ ਗੰਨੇ ਦੀ ਪ੍ਰਤੀ ਏਕੜ ਪੈਦਾਵਾਰ ਨੂੰ ਵਧਾਉਣ ਲਈ ਕੀ ਯਤਨ ਕੀਤੇ ਗਏ ਹਨ;

(ਅ) ਕੀ ਗੰਨੇ ਦੀ ਉਪਜ ਵਧਾਉਣ ਵਿਚ ਕਿਸਾਨਾਂ ਦੀ ਮਦਦ ਕਰਨ ਵਾਸਤੇ ਸਰਕਾਰ ਗੰਨੇ ਦੀ ਮਨਜ਼ੂਰ-ਸ਼ੁਦਾ ਅਤੇ ਬੀਮਾਰੀ ਰਹਿਤ ਬੀਜ ਸਪਲਾਈ ਕਰਨ ਅਤੇ ਬੀਜ ਅਤੇ ਮਿਟੀ ਦੇ ਸੁਧਾਰ ਦਾ ਤਰੀਕਾ ਅਮਲ ਵਿਚ ਲਿਆਉਣ, ਜ਼ਹਿਰੀਲੇ ਕੀੜਿਆਂ ਦੇ ਕੰਟਰੋਲ ਲਈ ਤਰੀਕੇ ਅਪਣਾਉਣ ਅਤੇ ਗੰਨੇ ਦੀ ਕਾਸ਼ਤ ਦੇ ਸੁਧਰੇ ਹੋਏ ਤਰੀਕਿਆਂ ਦਾ ਵਧੇਰੇ ਪ੍ਰਚਾਰ ਕਰਨ ਦਾ ਇਰਾਦਾ ਹੈ;

(ੲ) ਕੀ ਕੋਈ ਅਜਿਹੀ ਏਜੰਸੀ ਹੈ, ਜੋ ਲੋੜਵੰਦ ਕਿਸਾਨਾਂ ਤੱਕ ਗੰਨੇ ਦੇ ਵਧੀਆ ਕਿਸਮ ਦੇ ਬੀਜ ਪਹੁੰਚਾਵੇ ?

ਮਾਸਟਰ ਗੁਰਬੰਤਾ ਸਿੰਘ : (ੳ) ਸਰਕਾਰ ਨੇ ਗੰਨੇ ਦੀ ਪ੍ਰਤੀ ਏਕੜ ਪੈਦਾਵਾਰ ਨੂੰ ਵਧਾਉਣ ਲਈ ਰਾਜ ਦੀਆਂ ਸਾਰੀਆਂ ਖੰਡ ਮਿਲਾਂ ਦੇ ਰਾਖਵੇਂ ਖੇਤਰ ਵਿਚ ਗੰਨੇ ਦੇ ਵਿਕਾਸ ਲਈ ਸੰਘਣੀ ਵਿਕਾਸ ਸਕੀਮ ਚਲਾਈ ਹੋਈ ਹੈ ।

(ਅ) ਹਾਂ, ਜੀ ।

(ੲ) ਹਾਂ, ਜੀ ।

[(a) The Government have started a scheme for the intensive development of sugarcane in the reserved areas of the sugar mills in order to raise per acre yield of sugarcane.

(b) Yes, Sir.

(c) Yes, Sir.]

ਰਾਜ ਵਿਚ ਕਿਸਾਨਾਂ ਨੂੰ ਸਬਜ਼ੀਆਂ ਦੇ ਅਸਲੀ ਵਧੀਆ ਕਿਸਮ ਦੇ ਬੀਜ ਸਪਲਾਈ ਕਰਨਾ

*3128. **ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕੀ ਖੇਤੀ ਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਕਿਸਾਨਾਂ ਨੂੰ ਵੱਖ ਵੱਖ ਉਪਜ ਸ਼ਕਤੀ ਨੂੰ ਖਤਮ ਕਰਨ ਵਾਲੀਆਂ ਬੀਮਾਰੀਆਂ ਤੋਂ ਰਹਿਤ ਵਧੀਆ ਕਿਸਮ ਦੇ ਸ਼ਬਜੀਆਂ ਦੇ ਅਸਲੀ ਬੀਜ਼ ਉਚਿਤ ਮਾਤਰਾ ਵਿਚ ਤਿਆਰ ਨਹੀਂ ਮਿਲਦੇ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਰਾਜ ਵਿਚ ਸਰਕਾਰ ਦੁਆਰਾ ਲੋੜ ਵੰਦ ਕਿਸਾਨਾਂ ਨੂੰ ਇਹਨਾਂ ਵਧੀਆ ਕਿਸਮ ਦੇ ਬੀਜ਼ਾਂ ਦੀ ਉਚਿਤ ਸਪਲਾਈ ਲਈ ਅਤੇ ਅਜਿਹੇ ਬੀਜ਼ਾਂ ਦੀ ਮੌਜੂਦਗੀ ਬਾਰੇ ਵਧੇਰਾ ਪਰਚਾਰ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਮਾਸਟਰ ਗੁਰਬੰਤਾ ਸਿੰਘ : (ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

STARRED QUESTION No. 3104

Extension has been asked for in respect of Starred Question No. 3104.

ਅ: ਸ: ਪੱਤਰ ਨੰ: 577-ਸੀ.ਸ.-75/1915
ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ ।

ਵਿਸ਼ਾ: ਸਟਾਰਡ ਪ੍ਰਸ਼ਨ ਨੰ: 3104 ਵਲੋਂ ਸ਼੍ਰੀ ਸੁਰਜੀਤ ਸਿੰਘ ਸਿੱਧੂ, ਐਮ.ਐਲ.ਏ. ।

[ਸ੍ਰੀ ਸਪੀਕਰ]

ਪਿਆਰੇ ਡਾਕਟਰ ਕੇਵਲ ਕ੍ਰਿਸ਼ਨ,

ਪੰਜਾਬ ਵਿਧਾਨ ਸਭਾ ਦਾ ਸਟਾਰਡ ਪ੍ਰਸ਼ਨ ਨੰ: 3104 ਜੋ ਮਿਤੀ 20 ਜਨਵਰੀ, 1975 ਲਈ ਸਵਾਲਾਂ ਦੀ ਸੂਚੀ ਵਿਚ ਸਰਦਾਰ ਸੁਰਜੀਤ ਸਿੰਘ ਸਿੱਧੂ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾ ਸਬੰਧਤ ਥਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ 15 ਦਿਨਾਂ ਦਾ ਵਾਧਾ ਕਰਨ ਦੀ ਕਿਰਪਾ ਕੀਤੀ ਜਾਵੇ।

ਸੁਭਚਿੰਤਕ,
ਸਹੀ/-
(ਜ਼ੈਲ ਸਿੰਘ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

1972 ਤੋਂ ਅਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਵਿਕਾਸ ਬੋਰਡਾਂ ਨੂੰ ਅਲਾਟ ਕੀਤੀ ਗਈ ਰਕਮ

*3086. **ਸਰਦਾਰ ਗੁਰਬਚਨ ਸਿੰਘ** (ਰੋਪੜ) : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) 1972 ਤੋਂ 1975 ਤੱਕ ਕ੍ਰਮਵਾਰ, ਸਾਲ-ਵਾਰ, ਸਰਕਾਰ ਦੁਆਰਾ ਅਨੰਦਪੁਰ ਸਾਹਿਬ ਵਿਕਾਸ ਬੋਰਡ ਅਤੇ ਚਮਕੌਰ ਸਾਹਿਬ ਵਿਕਾਸ ਬੋਰਡ ਨੂੰ ਕੁਲ ਕਿੰਨੀ ਕਿੰਨੀ ਰਕਮ ਅਲਾਟ ਕੀਤੀ ਗਈ;

(ਅ) ਕੀ ਉਕਤ ਬੋਰਡਾਂ ਲਈ ਰਕਮ ਦੀ ਅਲਾਟਮੈਂਟ ਵਿਚ ਕੋਈ ਫ਼ਰਕ ਹੈ, ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ ?

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ) : (ੳ) ਵਿਕਾਸ ਬੋਰਡਾਂ ਲਈ ਕੋਈ ਰਕਮ ਵੱਖਰੇ ਤੌਰ ਤੇ ਅਲਾਟ ਨਹੀਂ ਕੀਤੀ ਜਾਂਦੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

ਰਾਜ ਵਿਚ ਥੋਕ/ਪਰਚੂਨ ਕੀਮਤਾਂ ਦਾ ਸੂਚਕ ਅੰਕ

*2977. **ਡਾਕਟਰ ਬਲਦੇਵ ਪ੍ਰਕਾਸ਼** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਇਸ ਸਮੇਂ ਰਾਜ ਵਿਚ ਥੋਕ/ਪਰਚੂਨ ਕੀਮਤ ਦਾ ਸੂਚਕ ਅੰਕ ਕੀ ਹੈ;

(ਅ) ਪਿਛਲੇ ਸਾਲ ਰਾਜ ਵਿਚ ਇਸ ਸਮੇਂ ਦੇ ਦੌਰਾਨ ਕੀਮਤ ਸੂਚਕ ਅੰਕ ਕੀ ਸੀ ?

ਸ੍ਰੀ ਹੰਸ ਰਾਜ ਸ਼ਰਮਾ : ਇਸ ਸਮੇਂ ਅਤੇ ਪਿਛਲੇ ਸਾਲ ਦੇ ਇਸ ਸਮੇਂ ਲਈ ਰਾਜ ਵਿਚ ਥੋਕ/ਪਰਚੂਨ ਕੀਮਤਾਂ ਦੇ ਸੂਚਕ ਅੰਕ ਹੇਠ ਦਰਸਾਏ ਜਾਂਦੇ ਹਨ :—

	ਨਵੰਬਰ, 1973	ਨਵੰਬਰ, 1974 (ਅਣ-ਅੰਤਿਮ)
1. ਥੋਕ ਕੀਮਤਾਂ ਦਾ ਸੂਚਕ ਅੰਕ :		
(ੳ) 50 ਵਸਤੂਆਂ ਦੇ ਅਭਾਰ ਸੂਚਕ ਅੰਕ (ਆਧਾਰ ਅਕਤੂਬਰ ਤੋਂ ਦਸੰਬਰ, 1949 = 100)	320.2	410.2
(ਅ) 21 ਖੇਤੀਬਾੜੀ ਵਸਤੂਆਂ ਦਾ ਭਾਵ ਸੂਚਕ ਅੰਕ (ਆਧਾਰ 1959-60 ਤੋਂ 1961-62 = 100	274.1	353.8
2. ਪਰਚੂਨ ਕੀਮਤਾਂ ਦਾ ਸੂਚਕ ਅੰਕ :		
ਪੰਜਾਬ ਵਿਚ ਕਿਰਤ ਸ਼੍ਰੇਣੀ ਲਈ ਔਸਤਨ ਉਪਭੋਗਤਾ ਭਾ ਸੂਚਕ ਅੰਕ (ਆਧਾਰ 1966 = 100)	172	227

[The latest available indices of wholesale/retail prices for this year and also for the corresponding period of the last year in Punjab are as under :—

	November, 1973	November, 1974 (Provisional)
1. Index of Wholesale Prices		
(a) Unweighted Index of 50 agricultural and non-agricultural commodities (Base : Oct. to Dec. 1949=100)	320.2	410.2
(b) Weighted Index of 21 primary agricultural commodities (Base : Triennium ending 1961-62=100)	274.1	353.8
2. Index of Retail Prices:		
Consumer Price Index for working class in Punjab (Base : 1966=100)	172	227]

1974-75 ਦੇ ਦੌਰਾਨ ਇੰਮਪਰੂਵਮੈਂਟ ਟਰੱਸਟ, ਰੋਪੜ ਨੂੰ ਅਲਾਟ ਕੀਤੀ ਗਈ ਰਕਮ ।

*3085. **ਸਰਦਾਰ ਗੁਰਬਚਨ ਸਿੰਘ** (ਰੋਪੜ) : ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) 1974-75 ਵਿਚ ਸਰਕਾਰ ਦੁਆਰਾ ਇੰਮਪਰੂਵਮੈਂਟ ਟਰੱਸਟ, ਰੋਪੜ ਨੂੰ ਕੁੱਲ ਕਿੰਨੀ ਰਕਮ ਅਲਾਟ ਕੀਤੀ ਗਈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੁੱਲ ਰਕਮ ਵਿਚੋਂ ਉਕਤ ਟਰੱਸਟ ਦੁਆਰਾ ਹੁਣ ਤੱਕ ਕਿੰਨੀ ਰਕਮ ਖਰਚ ਕੀਤੀ ਗਈ ਹੈ ?

ਸ੍ਰੀ ਹੰਸ ਰਾਜ ਸ਼ਰਮਾ : (ੳ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

(ਅ) ਭਾਗ (ੳ) ਦੇ ਉੱਤਰ ਨੂੰ ਸਨਮੁੱਖ ਰੱਖਦਿਆਂ ਸਵਾਲ ਪੈਦਾ ਨਹੀਂ ਹੁੰਦਾ ।

ਰਾਜ ਵਿਚ ਦੁੱਧ ਦੀ ਉਪਲਬਧੀ

*3071. **ਸਰਦਾਰ ਜਸਵਿੰਦਰ ਸਿੰਘ ਬਰਾੜ,**
ਸਰਦਾਰ ਸੁਖਦੇਵ ਸਿੰਘ ਢੀਂਡਸਾ,
ਸਰਦਾਰ ਪ੍ਰਿਹਿਲਾਦ ਸਿੰਘ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1973 ਅਤੇ 1974 ਦੇ ਦੌਰਾਨ ਰਾਜ ਵਿਚ ਪ੍ਰਤੀ ਵਿਅਕਤੀ ਪ੍ਰਤੀ ਦਿਨ ਦੁੱਧ ਦੀ ਉਪਲੱਬਧੀ ਕਿੰਨੀ ਸੀ ?

ਸ੍ਰੀ ਗੁਰਮੇਲ ਸਿੰਘ : ਰਾਜ ਵਿਚ ਪ੍ਰਤੀ ਵਿਅਕਤੀ ਪ੍ਰਤੀ ਦਿਨ ਦੁੱਧ ਦੀ ਅਨੁਮਾਨਿਤ ਉਪਲੱਬਧੀ:

ਵਿੱਤੀ ਸਾਲ 1973-74	=404 ਗ੍ਰਾਮ
ਵਿੱਤੀ ਸਾਲ 1974-75	=424 ਗ੍ਰਾਮ

ਮਾਰਕਿਟ ਕਮੇਟੀਆਂ ਲਈ ਚੋਣਾਂ

*3102. **ਸਰਦਾਰ ਸੁਖਦੇਵ ਸਿੰਘ ਢੀਂਡਸਾ**
ਸਰਦਾਰ ਧੰਨਾ ਸਿੰਘ ਗੁਲਸ਼ਨ : ਕੀ ਖੇਤੀਬਾੜੀ ਅਤੇ ਵਣ-ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮਾਰਕਿਟ ਕਮੇਟੀਆਂ ਲਈ ਚੋਣਾਂ ਕਰਵਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਨੂੰ ਕਿਸ ਸਮੇਂ ਤੱਕ ਕਰਵਾਉਣ ਦੀ ਸੰਭਾਵਨਾ ਹੈ ?

ਮਾਸਟਰ ਗੁਰਬੰਤਾ ਸਿੰਘ : ਪੰਜਾਬ ਖੇਤੀਬਾੜੀ ਪ੍ਰੋਡਿਊਸ ਮਾਰਕਿਟਸ ਐਕਟ, 1961, ਦੀ ਧਾਰਾ 12 ਵਿਚ ਧਾਰਾ 12-ਏ ਸ਼ਾਮਲ ਹੋ ਚੁੱਕਾ ਹੈ । ਮਾਰਕਿਟ ਕਮੇਟੀਆਂ ਨਾਮਜ਼ਦ ਹੋਣਗੀਆਂ—ਇਸ ਲਈ ਚੋਣਾ ਕਰਵਾਉਣ ਦਾ ਸਵਾਲ ਪੈਦਾ ਨਹੀਂ ਹੁੰਦਾ ।

UNSTARRED QUESTIONS AND ANSWERS

ਸਰਕਾਰ ਦੁਆਰਾ ਉਦਯੋਗਪਤੀਆਂ ਨੂੰ ਦਿੱਤੇ ਗਏ ਕਰਜ਼ਿਆਂ ਦੀ ਉਨ੍ਹਾਂ ਦੁਆਰਾ ਦੇਰੀ ਨਾਲ ਮੁੜ ਅਦਾਇਗੀ ਕਰਨ ਤੇ ਉਨ੍ਹਾਂ ਤੋਂ ਵਸੂਲ ਕੀਤਾ ਗਿਆ ਤਾਵਾਨੀ ਵਿਆਜ

960. **ਸ੍ਰੀ ਗੁਰਦਿਆਲ ਸੈਣੀ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਸਰਕਾਰ ਦੁਆਰਾ ਉਦਯੋਗਪਤੀਆਂ ਨੂੰ ਦਿਤੇ ਗਏ ਕਰਜ਼ਿਆਂ ਦੀ ਉਨ੍ਹਾਂ ਦੁਆਰਾ ਦੇਰੀ ਨਾਲ ਮੁੜ ਅਦਾਇਗੀ ਕਰਨ ਤੇ ਉਨ੍ਹਾਂ ਤੋਂ ਵਸੂਲ ਕੀਤੇ ਜਾ ਰਹੇ ਤਾਵਾਨੀ ਵਿਆਜ ਦੀਆਂ ਦਰਾਂ ਕੀ ਹਨ;

(ਅ) ਕੀ ਕਰਜ਼ਦਾਰ ਪਾਸੋਂ ਤਾਵਾਨੀ ਵਿਆਜ ਦੇਰ ਨਾਲ ਦਿੱਤੀ ਗਈ ਕਿਸ਼ਤ ਤੇ ਵਸੂਲ ਕੀਤਾ ਜਾਂਦਾ ਹੈ ਜਾਂ ਕਰਜ਼ੇ ਦੀ ਸਾਰੀ ਰਕਮ ਤੇ;

(ੲ) ਕਿਨ੍ਹਾਂ ਨਿਯਮਾਂ ਅਧੀਨ ਇਹ ਤਾਵਾਨੀ ਵਿਆਜ ਵਸੂਲ ਕੀਤਾ ਜਾ ਜਾਂਦਾ ਹੈ;

(ਸ) ਕੀ ਜਿਨ੍ਹਾਂ ਸੰਕਟਾਂ ਵਿਚੋਂ ਦੀ ਅੱਜ ਕੱਲ ਉਦਯੋਗ ਗੁਜ਼ਰ ਰਿਹਾ ਹੈ ਉਨ੍ਹਾਂ ਸੰਕਟਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਰਜ਼ੇ ਦੀ ਦੇਰੀ ਨਾਲ ਮੁੜ ਅਦਾਇਗੀ ਕਰਨ ਤੇ ਸਾਧਾਰਣ ਵਿਆਜ ਵਸੂਲ ਕਰਨ ਲਈ ਕੋਈ ਪ੍ਰਸਤਾਵ ਹੈ ?

ਗਿਆਨੀ ਜ਼ੈਲ ਸਿੰਘ : (ੳ) ਸਾਲ 1970-71 ਤੋਂ ਪਹਿਲਾਂ ਪੰਜਾਬ ਸਟੇਟ ਏਡ-ਟੂ-ਇੰਡਸਟਰੀਜ਼ ਐਕਟ, 1935 ਅਧੀਨ ਦਿੱਤੇ ਗਏ ਕਰਜ਼ਿਆਂ ਵਿਚ ਤਾਵਾਨੀ ਵਿਆਜ ਦੀ ਦਰ ਹੇਠ ਲਿਖੇ ਅਨੁਸਾਰ ਸੀ :—

1.	ਫੈਕਟਰੀ ਐਕਾਮੋਡੇਸ਼ਨ ਸਕੀਮ ਦੇ ਤਹਿਤ ਦਿੱਤੇ ਗਏ ਕਰਜ਼ੇ ..	10%
2.	ਹੋਰ ਸਾਰੀਆਂ ਸਕੀਮਾਂ ਦੇ ਤਹਿਤ ਦਿੱਤੇ ਗਏ ਕਰਜ਼ੇ ..	$7\frac{1}{2}$%

ਪੰਜਾਬ ਸਰਕਾਰ ਨੇ ਸਾਲ 1970-71 ਵਿਚ ਇਹ ਫ਼ੈਸਲਾ ਕੀਤਾ ਸੀ ਕਿ ਤਾਵਾਨੀ ਵਿਆਜ ਦੀ ਦਰ ਪੰਜਾਬ ਸਰਕਾਰ ਵਲੋਂ ਨਿਯਤ ਕੀਤੇ ਗਏ ਸਾਧਾਰਣ ਵਿਆਜ ਦੀ ਦਰ ਤੋਂ 3% ਵਧੀਕ ਹੋਵੇਗੀ।

(ਅ) ਕਰਜ਼ਦਾਰ ਪਾਸੋਂ ਦੇਰੀ ਨਾਲ ਕਿਸ਼ਤ ਦੇਣ ਕਾਰਨ ਬਕਾਇਆ ਸਾਰੀ ਰਕਮ ਤੇ ਤਾਵਾਨੀ ਵਿਆਜ਼ ਲਿਆ ਜਾਂਦਾ ਹੈ।

(ੲ) ਤਾਵਾਨੀ ਵਿਆਜ "ਪੰਜਾਬ ਸਟੇਟ-ਏਡ-ਟੂ-ਇੰਡਸਟਰੀਜ਼ ਐਕਟ", 1935 ਅਧੀਨ ਬਣਾਏ ਗਏ ਰੂਲਜ਼ 1936 ਅਤੇ ਕਰਜ਼ਾਈਆਂ ਵੱਲੋਂ ਐਕਜ਼ੀਕਿਊਟ ਕੀਤੇ ਐਗਰੀਮੈਂਟ ਦੇ ਅਨੁਸਾਰ ਵਸੂਲ ਕੀਤਾ ਜਾਂਦਾ ਹੈ।

(ਸ) ਨਹੀਂ ਜੀ!

ਮਾਰਚ, 1972 ਤੋਂ 28 ਫਰਵਰੀ, 1974 ਤਕ ਸਿੰਜਾਈ ਵਿਭਾਗ ਵਿਚ ਸੈਕਸ਼ਨਲ ਅਫ਼ਸਰਾਂ ਅਤੇ ਐਸ. ਡੀ. ਓਜ਼. ਦੀ ਤਰੱਕੀ

961. 1. ਸਰਦਾਰ ਧੰਨਾ ਸਿੰਘ ਗੁਲਸ਼ਨ
2. ਸਰਦਾਰ ਸੁਰਜੀਤ ਸਿੰਘ ਸਿੱਧੂ : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਮਾਰਚ, 1972 ਤੋਂ 28 ਫਰਵਰੀ, 1974 ਤਕ ਦੇ ਅਰਸੇ ਦੇ ਦੌਰਾਨ ਸਿੰਜਾਈ ਵਿਭਾਗ ਵਿਚ ਐਸ. ਡੀ. ਓਜ਼. ਵਜੋਂ ਤਰੱਕੀ ਦਿੱਤੇ ਗਏ ਸੈਕਸ਼ਨਲ ਅਫ਼ਸਰਾਂ ਅਤੇ ਐਕਸਈਅਨਜ਼ ਵਜੋਂ ਤਰੱਕੀ ਦਿੱਤੇ ਐਸ. ਡੀ. ਓਜ਼. ਦੀ ਕ੍ਰਮਵਾਰ ਕੁਲ ਗਿਣਤੀ ਕਿੰਨੀ ਕਿੰਨੀ ਹੈ ਅਤੇ ਉਨ੍ਹਾਂ ਵਿਚੋਂ ਹਰ ਇਕ ਸ੍ਰੇਣੀ ਵਿਚ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੀ ਗਿਣਤੀ ਕਿੰਨ੍ਹੀ ਕਿੰਨ੍ਹੀ ਹੈ ।

ਸਰਦਾਰ ਗੁਰਬਖਸ਼ ਸਿੰਘ ਸਿਬੀਆ : 1. (ੳ) ਭਾਗ ਅਫਸਰਾਂ ਤੋਂ ਪ੍ਰਮੋਟ ਕੀਤੇ ਗਏ ਉਪਮੰਡਲ ਅਫ਼ਸਰਾਂ ਦੀ ਗਿਣਤੀ .. 141

(ਅ) ਇਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਦੇ ਅਫ਼ਸਰਾਂ ਦੀ ਗਿਣਤੀ .. 2

2. (ੳ) ਉਪਮੰਡਲ ਅਫ਼ਸਰਾਂ ਤੋਂ ਪ੍ਰਮੋਟ ਕੀਤੇ ਗਏ ਕਾਰਜਕਾਰੀ ਇੰਜਨੀਅਰਾਂ ਦੀ ਗਿਣਤੀ । .. 41

(ਅ) ਇਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੇ ਅਫਸਰਾਂ ਦੀ ਗਿਣਤੀ .. 'ਨਿਲ'

[1. (i) The number of Sectional Officers promoted as Officiating Sub-Divisional Officers .. 141

(ii) Out of these the number of Scheduled Caste Officers. .. 2

(2) (i) The number of Sub-Divisional Officers promoted as Executive Engineers .. 41

(ii) Out of these the number of Scheduled Caste Officers .. Nil]

ਰਾਜ ਵਿਚ ਸਹਾਇਕ ਯੂਨਿਟਸ ਅਫਸਰਾਂ (ਚੇਚਕ) ਦੁਆਰਾ ਵਰਤਣ ਲਈ ਵਿਸ਼ਵ ਸਿਹਤ ਸੰਸਥਾ ਪਾਸੋਂ ਪ੍ਰਾਪਤ ਕੀਤੇ ਗਏ ਮੋਟਰ ਸਾਈਕਲ ।

962. 1. ਕਾਮਰੇਡ ਸੱਘੜ ਸਿੰਘ
2. ਕਾਮਰੇਡ ਜੰਗੀਰ ਸਿੰਘ ਜੋਗਾ : ਕੀ ਸਿਹਤ ਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਸਹਾਇਕ ਯੂਨਿਟਸ ਅਫ਼ਸਰਾਂ (ਚੇਚਕ) ਦੇ ਕੰਮ ਵਿਚ ਮਦਦ ਕਰਨ ਲਈ ਰਾਜ ਸਰਕਾਰ ਨੇ ਵਿਸ਼ਵ ਸਿਹਤ ਸੰਸਥਾ ਵਲੋਂ ਕਿੰਨੇ ਮੋਟਰ ਸਾਈਕਲ ਪ੍ਰਾਪਤ ਕੀਤੇ;

(ਅ) ਇਸ ਸਮੇਂ ਜ਼ਿਲ੍ਹਾ ਵਾਰ ਕਿਹੜੇ ਕਿਹੜੇ ਅਸਿਸਟੈਂਟ ਯੂਨਿਟਸਅਫਸਰ (ਚੇਚਕ) ਗੱਡੀ ਚਲਾਉਣ ਦੇ ਲਸੰਸਾਂ ਨਾਲ ਕੰਮ ਕਰ ਰਹੇ ਹਨ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਕਰਮਚਾਰੀਆਂ ਵਿਚੋਂ ਕਿਹੜੇ ਕਿਹੜੇ ਨੂੰ ਉਕਤ ਮੋਟਰ ਸਾਈਕਲ ਦਿਤੇ ਗਏ ਹਨ ?

ਸਰਦਾਰ ਬਲਬੀਰ ਸਿੰਘ : (ੳ) ਤਿੰਨ ।

(ਅ) ਸਹਾਇਕ ਯੂਨਿਟਸ ਅਫਸਰ (ਚੇਚਕ) ਸਿਹਤ ਵਿਭਾਗ ਦੀਆਂ ਗੱਡੀਆਂ ਨਹੀਂ ਚਲਾਉਂਦੇ । ਸਰਕਾਰੀ ਗੱਡੀਆਂ ਸਰਕਾਰੀ ਡਰਾਈਵਰ ਹੀ ਚਲਾਉਂਦੇ ਹਨ ।

(ੲ) ਇਹ ਮੋਟਰ ਸਾਈਕਲ ਜ਼ਿਲ੍ਹਾ ਗੁਰਦਾਸਪੁਰ, ਲੁਧਿਆਣਾ ਅਤੇ ਪਟਿਆਲਾ ਨੂੰ ਅਲਾਟ ਕੀਤੇ ਗਏ ਹਨ । ਸਬੰਧਤ ਜ਼ਿਲ੍ਹਿਆਂ ਦੇ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਇਹ ਮੋਟਰ ਸਾਈਕਲ ਸਹਾਇਕ ਯੂਨਿਟ ਅਫਸਰਾਂ (ਚੇਚਕ) ਅਤੇ ਹੈਲਥ ਸੁਪਰਵਾਈਜ਼ਰਾਂ ਨੂੰ ਅਲਾਟ ਕੀਤੇ ਜਾਣੇ ਚਾਹੀਦੇ ਹਨ, ਜਿਨ੍ਹਾਂ ਕੋਲ ਮੋਟਰ ਸਾਈਕਲ ਚਲਾਉਣ ਵਾਸਤੇ ਪੰਜ ਸਾਲਾਂ ਤੋਂ ਨਿੱਜੀ ਡਰਾਈਵਿੰਗ ਲਸੰਸ ਹੋਵੇ ਅਤੇ ਸਬੰਧਤ ਸਹਾਇਕ ਯੂਨਿਟਸ ਅਫਸਰ/ਹੈਲਥ ਸੁਪਰਵਾਈਜ਼ਰ ਇਨ੍ਹਾਂ ਦੀ ਵਰਤੋਂ ਸਿਰਫ ਚੇਚਕ ਪ੍ਰੋਗਰਾਮ ਲਈ ਹੀ ਕਰਨ ।

ਸਰਦੂਲਗੜ੍ਹ ਕਸਬਾ, ਜ਼ਿਲ੍ਹਾ ਬਠਿੰਡਾ ਵਿਚ ਇਕ ਕਾਟਨ ਦੀ ਫੈਕਟਰੀ ਸਥਾਪਤ

963. **ਸਰਦਾਰ ਬਲਵਿੰਦਰ ਸਿੰਘ ਭੂੰਦੜ :** ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਮਾਲ ਸਕੇਲ ਫਾਰਮਰਜ਼ ਏਜੰਸੀ ਨੇ ਬਠਿੰਡਾ ਜ਼ਿਲ੍ਹੇ ਦੇ ਸਰਦੂਲਗੜ੍ਹ ਕਸਬੇ ਵਿਚ ਇਕ ਕਾਟਨ ਫੈਕਟਰੀ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ; ਜੇਕਰ ਅਜਿਹਾ ਹੋਵੇ, ਤਾਂ ਕਿ ਉਕਤ ਫੈਕਟਰੀ ਸਥਾਪਤ ਕਰ ਦਿਤੀ ਗਈ ਹੈ ?

ਮਾਸਟਰ ਗੁਰਬੰਤਾ ਸਿੰਘ (ਖੇਤੀਬਾੜੀ ਅਤੇ ਜੰਗਲਾਤ ਮੰਤਰੀ) : ਹਾਂ ਜੀ, ਤਜਵੀਜ਼ ਕੀਤੀ ਗਈ ਹੈ, ਪਰ ਅਜੇ ਫੈਕਟਰੀ ਸਥਾਪਤ ਨਹੀਂ ਹੋਈ ?

[Yes, please. The proposal exists but the factory has not yet been set up.]

QUESTION OF PRIVILEGE

3-00 p.m.

Mr. Speaker : I have received notice of a Privilege Motion from Comrade Satya Pal Dang, M.L.A. wherein he has stated that many questions admitted in 1972, have not yet been replied to and to many other replies were supplied in December, 1974 and even January, 1975. According to him, this unreasonable delay constitutes a serious privilege of the Members of the House.

[Mr. Speaker]

2. I would like to inform the House that even before the receipt of this Privilege Motion, I had last year taken up the matter with the hon. Chief minister so as to ensure that replies to pending question were furnished immediately.

3. On the 2nd May 1974, I wrote a demi—official letter to the Chief Minister requesting him to isaue instruction to Government departments that replies to all pending Starred and Unstarred questions were supplied to Vidhan Sabha Secretariat immediately. The hon. Chief Minister replied back saying that he was taking steps to ensure that the needful was done. Thereafter, the matter was further pursued. The Chief Secretary addressed all the Financial Commissioners and Administrative Secretaries in this behalf on the 10th September, 1974.

4. On receipt of the Privilege Motion, a letter was sent to the Government to explain their position. At the same time, I also asked my Secretariat to let me know the latest position with regard to the outstanding starred and unstarred question. According to the record of the Sabha Secretariat out of 477 starred questions and 371 unstarred questions admitted during Budget Session 1972 replies to only 4 starred questions and 21 unstarred questions are still awaited.

5. In the reply received from the Government in connection with the Privilege Motion, it has been stated that the Chief Secretary has been drawing the attention of the Financial Commissioners and Administrative Secretaries personally in meetings to the urgent necessity of the disposing of all pending questions and that the Minister for Parliamentary Affairs addressed the Ministers concerned demi-officially on 26th September, 1974. It is also stated in the reply that as a result of constant efforts, the number of questions pending replies has considerably been reduced and the matter is being pursued further with the various departments and they are again being asked to ensure that the replies to the pending questions are cleared at the earliest. Further, it has been pointed out in the Government's communication that replies to many questions are "time consuming.

6. No doubt there has been some improvement in the recent past but still I feel that more vigorous efforts are required to be made to ensure that replies to questions are given promptly. I would request the hon. Chief Minister to ensure that replies to questions admitted up to August Session, 1974 which are still outstanding are furnished within the shortest possible time and in no case later than a fortnight from today. My Secretariat has already supplied to the Government a list of such outstanding questions.

7. As regards the question of admissibility of the Privilege Motion, the House will recall that I have already held on an earlier occasion during this Session that breaches of rules, convention and practice are not regarded as breaches of privilege. However, if breaches of rules etc. take place, they might invite the displeasure of the Speaker or Censure of the House on a proper motion.

8. The importance of the Question Hour can hardly be overemphasized. Question Hour is an important part of the parliamentary procedure and practice and it is a valuable right of the Members to seek information through questions. I would, therefore, reiterate that Goverment should pay prompt attention to this matter and ensure that replies to questions are furnished promptly.

CALL ATTENTION NOTICES UNDER RULE 66

ਸ਼੍ਰੀ ਸਪੀਕਰ : ਕਾਲ ਅਟੈਨਸ਼ਨਜ਼ ਨੋਟਿਸਿਜ਼ ਸ਼ੁਰੂ ਕਰੋ ਜੀ । ਗੁਲਸ਼ਨ ਜੀ ਦੀ ਕਾਲ ਅਟੈਨਸ਼ਨ ਨੋਟਿਸ ਨੰ: 69 ਹੈ । (Now the House will take up Call Attention Notices. Call Attention Notice No. 69 is in the name of Gulshan Ji).

ਸ਼੍ਰੀ ਗੁਰਦਿਆਲ ਸੈਣੀ : ਆਨ ਏ ਪੁਆਇੰਟ ਆਫ਼ ਆਰਡਰ ਸਰ । ਮੈਂ ਕਾਲ ਅਟੈਨਸ਼ਨ ਬਾਰੇ ਗਲ ਕਰਨੀ ਹੈ.... (ਵਿਘਨ)

ਸ਼੍ਰੀ ਸਪੀਕਰ : ਮੇਰੇ ਨਾਲ ਮੇਰੇ ਚੈਂਬਰ ਵਿਚ ਗਲ ਕਰ ਲੈਣਾ ਜੀ । (The hon. Member may talk to me in my Chamber).

ਸ਼੍ਰੀ ਗੁਰਦਿਆਲ ਸੈਣੀ : ਮੇਰੇ ਕੋਲ ਕਾਲ ਅਟੈਨਸ਼ਨ ਨੋਟਿਸ ਦਾ ਜਵਾਬ ਆ ਗਿਆ ਹੈ । (ਵਿਘਨ)

ਸ਼੍ਰੀ ਸਪੀਕਰ : ਕਿਸ ਕਾਲ ਅਟੈਨਸ਼ਨ ਨੋਟਿਸ ਦਾ ਜਵਾਬ ਮਿਲਿਆ ਹੈ ? ਜਿਸ ਵੇਲੇ ਕਾਲ ਅਟੈਨਸ਼ਨ ਨੋਟਿਸਜ਼ ਪੜੀਆਂ ਜਾ ਚੁਕਣਗੀਆਂ, ਉਸ ਵੇਲੇ ਸਵਾਲ ਕਰ ਲੈਣਾ । (To which Call Attention Notice you have received a reply ? Yau may put a question after the Call Attention Notices for to day are disposed)

ਸਰਦਾਰ ਜਸਵਿਂਦਰ ਸਿੰਘ ਬਰਾੜ : ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਹੈ । (ਵਿਘਨ) ਮੈਂ ਬੇਨਤੀ ਕੀਤੀ ਸੀ ਕਿ ਚੇਲਾ ਰਾਮ ਫਗਵਾੜੇ ਦੇ ਬਾਰੇ ਕਾਲ ਅਟੈਨਸ਼ਨ ਨੋਟਿਸ ਦਿਤਾ ਸੀ, ਉਹ ਡਿਸਅਲਾਉ ਕਰ ਦਿਤਾ ਗਿਆ ਹੈ । ਇਹ ਬੜਾ ਇੰਪਾਰਟੈਂਟ ਇਸ਼ੂ ਸੀ, ਤੁਸੀਂ ਇਸ ਬਾਰੇ ਸਰਕਾਰ ਨੂੰ ਕਹੋ ।

ਸ਼੍ਰੀ ਸਪੀਕਰ : ਤੁਸੀਂ ਮੇਰੇ ਕੋਲ ਤਸ਼ਰੀਫ ਲੇ ਆਉਣਾ, ਇਸ ਬਾਰੇ ਗਲ ਕਰ ਲੈਣਾ । (You may see me and discuss the matter.)

ਸਰਦਾਰ ਜਸਵਿੰਦਰ ਸਿੰਘ ਬਰਾੜ : ਪੁਲਿਸ ਨੇ ਚੇਲਾ ਰਾਮ ਨੂੰ ਕਤਲ ਕਰ ਦਿਤਾ ਅਤੇ ਜੇ ਕੋਈ ਇਸ ਤਰ੍ਹਾਂ ਦਾ ਲਾਅ ਐਂਡ ਆਰਡਰ ਦਾ ਇੰਨਸੀਡੈਂਟ ਹੋ ਜਾਂਦਾ ਹੈ ਤਾਂ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਹਰ ਗਲ ਤੇ ਇਸ ਤਰ੍ਹਾਂ ਨਹੀਂ ਹੋ ਸਕਦਾ । (This cannot be done on every issue)

ਸਰਦਾਰ ਜਸਵਿੰਦਰ ਸਿੰਘ ਬਰਾੜ : ਤਹਾਨੂੰ ਸਰਕਾਰ ਨੂੰ ਜਵਾਬ ਦੇਣ ਵਾਸਤੇ ਕਹਿਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਕੀ ਗੁਲਸ਼ਨ ਜੀ ਹਾਜ਼ਰ ਨਹੀਂ ਹਨ ? (Is Gulshan ji not present ?)

ਕੁਝ ਆਵਾਜ਼ਾਂ : ਨਹੀਂ ਜੀ ।

ਸ੍ਰੀ ਸਪੀਕਰ : ਅਗਲੀ ਕਾਲ ਅਟੈਨਸ਼ਨ ਨੋਟਿਸ ਨੰ: 75 ਮਾਸਟਰ ਕੁੰਦਨ ਸਿੰਘ ਜੀ ਦੀ ਹੈ । (The next Call Attention Notice is in the name of Master Kundan Singh ji.)

ਕੁਝ ਆਵਾਜ਼ਾਂ : ਉਹ ਵੀ ਨਹੀਂ ਹਨ ਜੀ ।

Mr. Speaker : Call Attention Notice No. 74.

(ਕ੍ਰਮ ਨੰ: 74)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼,
ਕਾਮਰੇਡ ਅੱਛਰਾ ਸਿੰਘ,
ਕਾਮਰੇਡ ਅਰਜਨ ਸਿੰਘ ਮਸਤਾਨਾ, } ਅਸੀਂ ਸਰਕਾਰ ਦਾ ਧਿਆਨ ਲੋਕ
ਕਾਮਰੇਡ ਦਾਨਾ ਰਾਮ,
ਕਾਮਰੇਡ ਸੱਘੜ ਸਿੰਘ ,

ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ ਅਰਥਾਤ ਫ਼ਗਵਾੜਾ ਸ਼ਹਿਰ ਦੇ ਮਹੱਲਾ ਗੋਬਿੰਦਪੁਰ ਚੋਂ ਕੁਝ ਅਣਪਛਾਤੇ ਆਦਮੀ ਇਕ ਔਰਤ ਦੇ ਘਰ ਦਾਖ਼ਲ ਹੋ ਕੇ ਉਸ ਕੋਲੋਂ ਚਾਰ ਮਹੀਨੇ ਦਾ ਬੱਚਾ ਜ਼ਬਰਦਸਤੀ ਚੁੱਕ ਕੇ ਲੈ ਗਏ, ਪੁਲਿਸ ਨੇ ਅਜੇ ਤੱਕ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ । ਸਾਰੇ ਸ਼ਹਿਰ ਵਿਚ ਇਸ ਘਟਨਾ ਨਾਲ ਘਬਰਾਹਟ ਫੈਲੀ ਹੋਈ ਹੈ ਅਤੇ ਸਥਾਨਕ ਇਸਤ੍ਰੀ ਸਭਾ ਨੇ ਐਲਾਨ ਕੀਤਾ ਹੈ ਕਿ ਜੇ ਇਸ ਮਾਮਲੇ ਤੇ ਛੇਤੀ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਸਭਾ ਕੋਈ ਕਾਰਵਾਈ ਕਰੇਗੀ । ਇਸ ਲਈ ਮਾਮਲੇ ਦੀ ਮਹੱਤਤਾ ਨੂੰ ਸਾਹਮਣੇ ਰੱਖਦਿਆਂ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted, the Minister concerned may please make a statement.)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਜੀ ।

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੋਟਿਸਿਜ਼ ਨੂੰ ਮੁਕ ਲੈਣ ਦੇਵੋ, ਫਿਰ ਗੱਲ ਕਰ ਲੈਣਾ ਜੀ । (Let us first dispose of Call Attention Notices. You may have your say afterwards.)

Serial No. 79

Comrade Darshan Singh Canadian: Sir I beg to draw the attention of the Government towards a matter of urgent public importance, namely, that there are no irrigation facilities in the Kandi area of Hoshiarpur District due to which the common people area stricken with pausity and privation and the situation worsens in the drought years. The Punjab Irrigation Department and the Tubewell Corporation have installed a number of deep Tubewells in the Kandi areas of Saroya, Garhshanker and Mahilpur Blocks. However these have not been made operational. Therefore people are denied irrigation. As the matter is of utmost public importance, the Government may be asked to make a Statement in the House

Mr. Speaker: Admitted. The Minister concerned may please make a statement.

ਸ਼੍ਰੀ ਸਪੀਕਰ : ਕਾਲ ਅਟੇਨਸ਼ਨ ਨੋਟਿਸ ਨੰ: 83 ਸਰਦਾਰ ਜਸਵਿੰਦਰ ਸਿੰਘ ਜੀ ਬਰਾੜ ਦਾ ਹੈ। (Call Attention Notice No. 83 is in the name of Sardar Jaswinder Singh Brar)

ਕੁਝ ਆਵਾਜ਼ਾਂ : ਉਹ ਨਹੀਂ ਹਨ ਜੀ।

ਕਾਮਰੇਡ ਸੱਤ ਪਾਲ ਡਾਂਗ : ** **

Mr. Speaker : This is no point of order.

ਕਾਮਰੇਡ ਸੱਤ ਪਾਲ ਡਾਂਗ : ਅਸੀਂ ਇਥੇ ਉਸ ਬਾਰੇ ਸਾਰੇ ਗਰੁਪ ਨੇ ਇਕ ਕਾਲ ਅਟੇਨਸ਼ਨ ਮੋਸ਼ਨ ਦਿੱਤੀ, ਉਹ ਨਾ ਰਿਜ਼ੈਕਟ ਹੋਈ ਨਾ ਐਡਮਿਟ ਹੋਈ। ਸਾਨੂੰ ਦੱਸਿਆ ਜਾਵੇ ਕਿ ਆਇਆ ਉਹ ਰਿਜ਼ੈਕਟ ਹੋਈ ਹੈ ਜਾਂ ਐਡਮਿਟ ਹੋਈ ਹੈ।

ਸ਼੍ਰੀ ਸਪੀਕਰ : ਹੋ ਸਕਦਾ ਹੈ ਟਾਈਮ ਦੇ ਮੁਤਾਬਿਕ ਠੀਕ ਨਾ ਹੋਵੇ। (It may be that the same was not received in time.)

ਕਾਮਰੇਡ ਸੱਤ ਪਾਲ ਡਾਂਗ : ਮੈਂ ਟਾਈਮ ਤੇ ਦਿਤੀ ਸੀ, ਮੈਂ ਤਿੰਨ ਛੁਟੀਆਂ ਤੋਂ ਪਹਿਲਾਂ ਦਿਤੀ ਸੀ। ਇਕ ਜ਼ਿੰਮੇਦਾਰ ਪਬਲਿਕ ਦੇ ਆਦਮੀ ਨੂੰ ਪੁਲਿਸ ਨੇ ਮਾਰ ਦਿਤਾ।

ਸ਼੍ਰੀ ਸਪੀਕਰ : ਤੁਹਾਡੀ ਇਹ ਕਾਲ ਅਟੇਨਸ਼ਨ ਮੋਸ਼ਨ ਨੂੰ ਵੇਖ ਲੈਂਦੇ ਹਾਂ। (I will look into this Call Attention Notice.)

ਕਾਮਰੇਡ ਸੱਤ ਪਾਲ ਡਾਂਗ : ਉਹ ਅਜ ਕਿਉਂ ਨਹੀਂ ਲਈ ਗਈ ?

ਸ਼੍ਰੀ ਸਪੀਕਰ : ਉਹ ਐਡਮਿਟ ਨਹੀਂ ਹੋਈ ਹੋਵੇਗੀ, ਮੈਂ ਹੁਣ ਇਸ ਬਾਰੇ ਪੁੱਛ ਲੈਂਦਾ ਹਾਂ। (It may not have been admitted. I will enquire about the same.)

ਕਾਮਰੇਡ ਸੱਤ ਪਾਲ ਡਾਂਗ : ਮੈਂ ਤਿੰਨ ਛੁਟੀਆਂ ਤੋਂ ਪਹਿਲੇ ਦਿੱਤੀ ਸੀ।

**Expunged as ordered by the Chair.

ਸ੍ਰੀ ਸਪੀਕਰ : ਵੇਖ ਲੈਂਦੇ ਹਾਂ । (I will look into it.)

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਧਿਆਨ ਦਿਵਾਉ ਮਤਾ ਨੰ: 78 ਰਿਜੈਕਟ ਹੋ ਗਿਆ ਹੈ । (ਵਿਘਨ)

ਸ੍ਰੀ ਸਪੀਕਰ : ਰਿਜੈਕਟ ਹੋਣ ਦੇ ਕਾਰਨ ਲਿਖੇ ਹੋਏ ਹਨ, ਪੜ੍ਹ ਲਵੋ ਨਹੀਂ ਤਾਂ ਕਿਸੇ ਤੋਂ ਪੜ੍ਹਾ ਲਵੋ । (The reasons for rejection have been given. You may read them or ask some one to read them out to you.)

ਸਰਦਾਰ ਗੁਰਦੇਵ ਸਿੰਘ ਬਾਦਲ : ਮੇਰੀ ਅਰਜ਼ ਤਾਂ ਸੁਣ ਲਵੋ । ਮੇਰੇ ਪਿੰਡ, ਸੰਘਰਾਂ ਹੁਰ ਅਤੇ ਪੱਕਾ ਕਲਾਂ ਵਿਚ ਬੱਸਾਂ ਜਾਂਦੀਆਂ ਸਨ . . (ਵਿਘਨ)

Mr. Speaker : Please resume your seat.

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਵੀ ਇਕ ਕਾਲ-ਅਟੈਨਸ਼ਨ ਮੋਸ਼ਨ ਦਿਤੀ ਸੀ ।

ਸ੍ਰੀ ਸਪੀਕਰ : ਡਾਂਗ ਸਾਹਿਬ, ਤੁਹਾਨੂੰ ਰੈਫਰਬੈਕ ਕੀਤਾ ਹੈ, ਤੁਹਾਡੇ ਕੋਲ ਚਿੱਠੀ ਆ ਜਾਵੇਗੀ (ਸ਼ੋਰ) ਤੁਹਾਡੇ ਕੋਲੋਂ ਉਸ ਦੀ ਕਲੈਰੀਫੀਕੇਸ਼ਨ ਮੰਗੀ ਹੈ, ਤੁਸੀਂ ਦਸ ਦੇਣਾ । (Dang Sahib, your Call Attention Notice has been referred back to you and you will get the letter. (*Noise*) Some clarification has been sought for from you which you may please send to the office)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਕ ਬੰਦੇ ਨੂੰ ਪੁਲਿਸ ਇਸ ਤਰ੍ਹਾਂ ਕਤਲ ਕਰਦੀ ਹੈ. . . .

ਸ੍ਰੀ ਸਪੀਕਰ : ਤੁਹਾਡੇ ਕੋਲ ਲੈਟਰ ਆ ਜਾਂਦੀ ਹੈ । ਤੁਸੀਂ ਲਿਖ ਕੇ ਦੇ ਦੇਣਾ ਮੈਂ ਵੇਖ ਲਵਾਂਗਾ । (ਸ਼ੋਰ) (You will get the letter; you may give in writing and I will look into the matter.) (*Noise*)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਪੁਲਿਸ ਜਿਹੜੀ ਕਿ ਲੋਕਾਂ ਦੀ ਰਖਵਾਲੀ ਕਰਦੀ. . . .

ਸ੍ਰੀ ਸਪੀਕਰ : ਕਲ੍ਹ ਵੇਖ ਲਵਾਂਗੇ, ਜੇ ਐਡਮਿਟ ਹੋਣ ਵਾਲੀ ਹੋਈ ਤਾਂ ਕਲ੍ਹ ਕਰ ਲਵਾਂਗੇ (I will look in to it tomorrow. In case it is admissible, I will do it.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੇਰੀ ਇਕ ਕਾਲ-ਅਟੈਨਸ਼ਨ ਮੋਸ਼ਨ ਸੀ ।

ਸ੍ਰੀ ਸਪੀਕਰ : ਸਾਰੀਆਂ ਕਾਲ-ਅਟੈਨਸ਼ਨ ਮੋਸ਼ਨਜ਼ ਤਾਂ ਐਡਮਿਟ ਨਹੀਂ ਹੋ ਸਕਦੀਆਂ । (All the Call Attention Notices cannot be admitted.)

ਸਰਦਾਰ ਬਸੰਤ ਸਿੰਘ ਖਾਲਸਾ : ਮੇਰੇ ਕੋਲ ਜਵਾਬ ਆਇਆ ਹੈ । ਮੈਂ ਉਸ ਤੇ ਸਵਾਲ ਕਰਨਾ ਚਾਹੁੰਦਾ ਹਾਂ ।

ਸ੍ਰੀ ਸਪੀਕਰ : ਤੁਸੀਂ ਸਵਾਲ ਕਰ ਸਕਦੇ ਹੋ । (You can put one question.)

QUESTIONS ARISING OUT OF REPLIES TO CALL ATTENTION NOTICES

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੇਰੀ ਕਾਲ-ਅਟੈਨਸ਼ਨ ਮੋਸ਼ਨ ਦਾ ਜਵਾਬ ਆਇਆ ਹੈ ਪਰ ਜਵਾਬ ਗੋਲ ਮੋਲ ਹੀ ਦਸਿਆ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਇਹ ਜ਼ਮੀਨ ਟਰੱਸਟ ਦੀ ਸੀ ਉਸ ਦੇ ਕਬਜ਼ੇ ਵਿਚ ਸੀ, ਅਤੇ ਉਸ ਨੇ ਲੈ ਲਈ ਹੈ ਤਾਂ ਕੀ ਹੁਣ ਹਰੀਜਨਾਂ ਨੂੰ ਹੋਰ ਜ਼ਮੀਨ ਦਿਤੀ ਜਾਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜ਼ਮੀਨ ਟਰਸਟ ਵਾਲਿਆਂ ਨੇ ਲਈ ਹੈ । ਇਸ ਲਈ, ਮੈਂ ਇਹ ਕਹਾਂਗਾ ਕਿ ਇਨ੍ਹਾਂ ਨੂੰ ਅਜੇ ਇਹ ਗੱਲ ਨਹੀਂ ਕਰਨੀ ਚਾਹੀਦੀ ਕਿ ਇਸ ਟਰਸਟ ਦੀ ਜ਼ਮੀਨ ਦਾ ਕੀ ਕੀਤਾ ਜਾਵੇਗਾ । ਹਾਲੇ ਇਸ ਦਾ ਜਵਾਬ ਦੇਣਾ ਕੋਈ ਮੁਨਾਸਬ ਨਹੀਂ (ਸ਼ੋਰ)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ)

ਸ੍ਰੀ ਸਪੀਕਰ : ਇਸ ਤੇ ਹੋਰ ਸਵਾਲ ਜਾਂ ਸਪਲੀਮੈਂਟਰੀਜ਼ ਨਹੀਂ ਹੋ ਸਕਦੇ । (ਸ਼ੋਰ) No supplementary (*Interruptions*). Please resume your seat. (No further supplementaries can be raised on it. (*Interruptions*) No supplementary (*Interruptions*). Please resume your seat.)

ਕੁਝ ਮਾਨਯੋਗ ਮੈਂਬਰ : ** **

Mr. Speaker : Whatever the hon. Members are saying, should not be recorded.

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਇਕ ਕਾਲ-ਅਟੈਨਸ਼ਨ ਮੋਸ਼ਨ ਦਿਤੀ ਸੀ, ਉਹ ਜਨਾਬ ਨੇ ਮਨਜ਼ੂਰ ਵੀ ਕਰ ਲਈ ਹੈ.... ।

ਸ੍ਰੀ ਸਪੀਕਰ : ਤੁਸੀਂ ਉਸ ਦਾ ਨੰਬਰ ਦਸੋ । (Please tell me the number of that Call Attention Notice.)

**Not recorded as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : ਨੰਬਰ ਤਾਂ ਮੈਨੂੰ ਯਾਦ ਨਹੀਂ ਹੈ ।

ਸ੍ਰੀ ਸਪੀਕਰ : ਬੈਠ ਜਾਉ । ਨੰਬਰ ਤੋਂ ਬਗੈਰ ਸਵਾਲ ਨਹੀਂ ਹੋ ਸਕਦਾ । (Please resume your seat. No question can be put without indicating the number of Call-Attention Notice.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰੀ ਇਕ ਕਾਲ-ਅਟੈਨਸ਼ਨ ਮੋਸ਼ਨ ਸੀ ਉਹ ਤੁਸੀਂ ਰੂਲ ਆਉਟ ਕੀਤੀ ਹੈ । ਰੀਜ਼ਨ ਤੁਸੀਂ ਇਹ ਦਿੱਤਾ ਹੈ ਕਿ ਇਹ ਬਜਟ ਵਿਚ ਰੈਫਰ ਕੀਤੀ ਜਾ ਸਕਦੀ ਹੈ । ਸਪੀਕਰ ਸਾਹਿਬ, ਬੱਜਟ ਵਿਚ ਬੋਲਦੇ ਹੋਏ ਮੈਂਬਰ ਨੂੰ ਜਵਾਬ ਨਹੀਂ ਦਿੱਤਾ ਜਾਂਦਾ ।

ਸ੍ਰੀ ਸਪੀਕਰ : ਸਾਰੀਆਂ ਕਾਲ-ਅਟੈਨਸ਼ਨ ਮੋਸ਼ਨਜ਼ ਨਹੀਂ ਐਡਮਿਟ ਕੀਤੀਆਂ ਜਾ ਸਕਦੀਆਂ ਰੂਲਜ਼ ਦੇ ਅਨੁਸਾਰ ਤਾਂ ਇਕ ਦਿਨ ਲਈ 3 ਕਾਲ ਅਟੈਨਸ਼ਨ ਮੋਸ਼ਨਜ਼ ਐਡਮਿਟ ਕੀਤੀਆਂ ਜਾਣੀਆਂ ਚਾਹੀਦੀਆਂ ਹਨ । (All the Call-Attention Notices can not be admitted. According to rules only three Call Attention Notices can be admitted for one day.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ** **

Mr. Speaker: This is no point of order.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ** ** (ਸ਼ੋਰ)

ਸ੍ਰੀ ਸਪੀਕਰ: ਜੋ ਕੁਝ ਵੀ ਆਨਰੇਬਲ ਮੈਂਬਰ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ । Please resume your seat. ਮੈਂ ਕਿਹਾ ਹੈ ਕਿ ਇਸ ਨੂੰ ਐਗਜ਼ਾਮਿਨ ਕਰਾਂਗਾ ਜੇ ਹੋ ਸਕਿਆ ਤਾਂ ਕੱਲ ਵਾਸਤੇ ਐਡਮਿਟ ਕਰਾਂਗੇ (Whatever the hon., Member, is, saying should not be recorded. Please resume your seat. I have said that, I would examine it. If possible it will be admitted for tomorrow.)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਮੇਰੀ ਇਕ ਕਾਲ-ਅਟੈਨਸ਼ਨ ਮੋਸ਼ਨ ਦਾ ਜਵਬ ਦਿੱਤਾ ਸੀ.... ।

ਸ੍ਰੀ ਸਪੀਕਰ: ਇਹ ਪੜ੍ਹਨ ਦੀ ਲੋੜ ਨਹੀਂ । (There is no necessity of reading the same.)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਮੈਂ ਨਹੀਂ ਪੜ੍ਹਦਾ ਜੀ । ਜੋ ਲਿਖਿਆ ਹੈ ਮੈਂ ਉਸ ਦੇ ਬਾਰੇ ਹੀ ਦੱਸਦਾ ਹਾਂ ਕਿ ਜਵਾਬ ਵਿਚ ਕੋਈ ਗਰਾਊਂਡ ਨਹੀਂ ਦਿੱਤੀ, ਵਿਦਆਊਟ ਗਰਾਊਂਡ ਦੇ ਹੀ ਰਿਜੈਕਟ ਕੀਤੀ ਗਈ ਹੈ ।

ਸ੍ਰੀ ਸਪੀਕਰ: ਮੈਂ ਐਗਜ਼ਮਿਨ ਕਰ ਲਵਾਂਗਾ । (I will examine it.)

**Expunged/Not recorded as ordered by the Chair.

ਸ੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਆਇਆ ਹੈ.... ।

ਸ੍ਰੀ ਸਪੀਕਰ: ਉਸ ਦਾ ਕਿਤਨਾ ਨੰਬਰ ਹੈ? (What is its number ?)

ਸ੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਕਾਲ-ਅਟੈਨਸ਼ਨ ਮੋਸ਼ਨਜ਼ ਨੰ: 4 ਅਤੇ 5 ਦਾ ਹਾਲੇ ਤੱਕ ਕੋਈ ਜਵਾਬ ਹੀ ਨਹੀਂ ਆਇਆ.... (ਸ਼ੋਰ)

ਸ੍ਰੀ ਸਪੀਕਰ: ਗੁਲਸ਼ਨ ਜੀ ਇੰਟਰਪਟ ਨਾ ਕਰੋ । (Gulshan ji, please don't interrupt.)

ਸ੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਕਾਲ-ਅਟੈਨਸ਼ਨ ਮੋਸ਼ਨ ਨੰ: 48 ਦਾ ਜਵਾਬ ਆਇਆ ਹੈ ਉਸ ਦੇ ਮੁਤੱਲਕ ਮੈਂ ਸਵਾਲ ਪੁਛਣਾ ਚਾਹੁੰਦਾ ਹਾਂ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਲਿਖਿਆ ਹੈ ਕਿ ਆਯੁਰਵੈਦਿਕ ਸਿਸਟਮ ਦਾ ਡਾਇਰੈਕਟੋਰੇਟ ਅਲਿਹਦਾ ਬਣਾਉਣ ਵਾਸਤੇ ਕਈ ਸੁਜੈਸ਼ਨਾਂ ਦੀ ਲੋੜ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਐਲੋਪੈਥੀ ਦਾ ਅਲਹਿਦਾ ਡਾਇਰੈਕਟੋਰੇਟ ਹੈ ਤਾਂ ਫਿਰ, ਆਯੂਰਵੈਦਿਕ ਦਾ ਅਲਹਿਦਾ ਕਿਉਂ ਨਹੀਂ ਬਣ ਸਕਦਾ ?

ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ : ਅਸੀਂ ਜਵਾਬ ਵਿਚ ਇਹ ਨਹੀਂ ਕਿਹਾ ਕਿ ਅਸੀਂ ਡਾਇਰੈਕਟੋਰੇਟ ਨਹੀਂ ਬਣਾਉਣਾ । ਇਸ ਦੇ ਕਈ ਐਸਪੈਕਟਸ ਹਨ, ਸਭ ਨੂੰ ਵੇਖ ਕੇ ਚਲਣਾ ਹੈ ।

ਸ੍ਰੀ ਗੁਰਦਿਆਲ ਸੈਣੀ: ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ .... ,

ਸ੍ਰੀ ਸਪੀਕਰ: ਤੁਹਾਡੀ ਕਾਲ-ਅਟੈਂਸ਼ਨ ਮੋਸ਼ਨ ਦਾ ਨੰਬਰ ਕੀ ਹੈ ? (What is the number of your Call-Attention Notice ?)

ਸ੍ਰੀ ਗੁਰਦਿਆਲ ਸੈਣੀ: ਮੇਰੀ ਕਾਲ-ਅਟੈਨਸ਼ਨ ਮੋਸ਼ਨ ਦਾ ਨੰਬਰ 45 ਹੈ । ਇਹ ਨਾਨ-ਟੀਚਿੰਗ ਸਟਾਫ ਦੀ ਸਰਵਿਸ ਸਕਿਉਰਿਟੀ ਦੇ ਬਾਰੇ ਹੈ । ਇਨ੍ਹਾਂ ਨੇ ਇਹ ਕਿਹਾ ਹੈ ਕਿ ਗੌਰ ਕਰਾਂਗੇ । ਮੈਂ ਇਹ ਪੁਛਦਾ ਹਾਂ ਕਿ ਇਹ ਇਸ ਲਈ ਕੋਈ ਟਾਇਮ ਫਿਕਸ ਕਰ ਦੇਣਗੇ ਕਿ ਇਹ ਕਦ ਤੱਕ ਇਸ ਤੇ ਗੌਰ ਕਰ ਲੈਣਗੇ ।

ਵਿਦਿਆ ਮੰਤਰੀ: ਸਪੀਕਰ ਸਾਹਿਬ, ਪ੍ਰਾਈਵੇਟ ਕਾਲਜ ਟੀਚਿੰਗ ਸਟਾਫ ਦੀ ਸਕਿਉਰਿਟੀ ਐਕਟ ਦੇ ਬਾਰੇ ਬਿੱਲ ਪਿਛਲੇ ਸੈਸ਼ਨ ਵਿਚ ਆਇਆ ਸੀ ਅਤੇ ਉਹ ਬਿੱਲ ਪਾਸ ਹੋ ਗਿਆ ਸੀ ਉਹ ਐਕਟ ਬਣ ਗਿਆ ਹੈ ਤੇ ਹੁਣ ਨਾਨ-ਟੀਚਿੰਗ ਸਟਾਫ ਲਈ ਮਸਲਾ ਅੰਡਰ-ਕੰਸੀਡਰੇਸ਼ਨ ਹੈ । ਇਸ ਤੇ ਇਹ ਕਹਿਣਾ ਕਿ ਇਸ ਤੇ ਕਿੰਨਾ ਟਾਈਮ ਲਗੇਗਾ, ਇਸ ਤੇ ਕੁਝ ਨਾ ਕੁਝ ਟਾਈਮ ਤਾਂ ਲਗੇਗਾ ।

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨੀ ਹੈ ।

ਸ੍ਰੀ ਸਪੀਕਰ: ਤੁਹਾਡੀ ਕਾਲ-ਅਟੈਨਸ਼ਨ ਮੋਸ਼ਨ ਦਾ ਕੀ ਨੰਬਰ ਹੈ ? (What is the number of your Call-Attention Notice?)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੇਰੀ ਕਾਲ-ਅਟੈਨਸ਼ਨ ਮੋਸ਼ਨ ਦਾ ਨੰਬਰ 32 ਹੈ ।

ਸ੍ਰੀ ਸਪੀਕਰ : ਤੁਸੀਂ ਸਵਾਲ ਕਰੋ । (You may put your supplementary question.)

ਸਰਦਾਰ ਜਸਵਿੰਦਰ ਸਿੰਘ ਬਰਾੜ: ਇਸ ਦਾ ਜਵਾਬ ਮੁੱਖ ਮੰਤਰੀ ਸਾਹਿਬ ਨੇ ਦਿੱਤਾ ਹੈ । ਮੈਂ ਪੁਛਦਾ ਹਾਂ ਕਿ ਜਿਹੜੀ ਜ਼ਮੀਨ ਫਰੀਦਕੋਟ ਦੇ ਪਿੰਡ ਸਚਾਦੀਕਲਾਂ, ਕਿਲਾ ਨੌਂ, ਚੇਤਸਿੰਘਵਾਲਾ ਅਤੇ ਹੋਰ ਕਈ ਪਿੰਡਾਂ ਤੋਂ ਛਾਉਣੀ ਬਣਾਉਣ ਵਾਸਤੇ ਮਿਲਟਰੀ ਨੇ ਲੈ ਲਈ ਹੈ (ਵਿਘਨ) ਇਹ (ਮਾਰੂ) ਜ਼ਮੀਨ ਤਾਂ ਇਨ੍ਹਾਂ ਨੇ ਲੈ ਲਈ ਹੈ ਅਤੇ ਇਨ੍ਹਾਂ ਨੇ ਇਸ ਬਾਰੇ 5 ਅਗਸਤ, 1974 ਨੂੰ ਦਸਿਆ ਸੀ ਪਰ ਇਸ ਦਾ ਮੁਆਵਜ਼ਾ ਹਾਲੇ ਅਸੈਸ ਹੋਣਾ ਹੈ । ਮੇਰੀ ਗੁਜ਼ਾਰਿਸ਼ ਇਹ ਹੈ ਕਿ ਉਹ ਗਰੀਬ ਲੋਕ ਹਨ ਇਸ ਵਾਸਤੇ ਇਸ ਮੁਆਵਜ਼ਾ ਜਲਦੀ ਤੋਂ ਜਲਦੀ ਅਸੈਸ ਕਰਵਾ ਕੇ ਉਨ੍ਹਾਂ ਲੋਕਾਂ ਨੂੰ ਦੇਣਾ ਚਾਹੀਦਾ ਹੈ ਤਾਂਕਿ ਉਹ ਕਿਤੇ ਹੋਰ ਜਾਕੇ ਆਪਣੀ ਜ਼ਮੀਨ ਆਦਿ ਲੈ ਸਕਣ ।

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਮਿਲ ਜਾਵੇ ਕਿਉਂਕਿ ਇਹ ਮੁਆਵਜ਼ਾ ਅਸੀਂ ਨਹੀਂ ਦੇਣਾ ਇਹ ਤਾਂ ਮਿਲਟਰੀ ਵਾਲਿਆਂ ਨੇ ਦੇਣਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਮੇਰੀ ਇਕ ਕਾਲ-ਅਟੈਨਸ਼ਨ ਮੋਸ਼ਨ ਨੰ: 8 ਦਾ ਜਵਾਬ ਸਪੀਕਰ ਸਾਹਿਬ, ਸਿਖਿਆ ਮੰਤਰੀ ਨੇ ਦਿੱਤਾ ਹੈ ਮੈਂ ਉਸ ਤੇ ਸਵਾਲ ਪੁਛਣਾ ਚਾਹੁੰਦਾ ਹਾਂ । ਉਨ੍ਹਾਂ ਨੇ ਇਹ ਕਿਹਾ ਹੈ ਕਿ ਅਸੀਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਜਿਹੜੇ ਟੀਚਰਜ਼ ਦੇ ਗਰੇਡਜ਼ ਰੀਵਾਈਜ਼ ਕੀਤੇ ਹਨ ਉੱਤਨਾ ਚਿਰ ਨਹੀਂ ਦੇਣੇ ਕਿਉਂਕਿ ਅਸੀਂ ਅਜੇ ਕੋਈ ਮੀਟਿੰਗ ਸੈਂਟਰ ਦੇ ਐਜੂਕੇਸ਼ਨ ਮਨਿਸਟਰ ਨਾਲ ਕਰਨੀ ਹੈ । ਮੈਂ ਉਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਉਨ੍ਹਾਂ ਦੇ ਇਲਮ ਵਿਚ ਨਹੀਂ ਹੈ ਕਿ ਯੂ. ਪੀ. ਦੀ ਸਰਕਾਰ ਨੇ ਕਾਲਿਜ ਟੀਚਰਜ਼ ਨੂੰ ਗਰੇਡ ਦੇਣ ਬਾਰੇ ਜੋ ਸਿਫ਼ਾਰਸ਼ਾਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਕੀਤੀਆਂ ਸੀ, ਉਹ ਸਾਰੀਆਂ ਮੰਨਦੇ ਹੋਏ, ਉਨ੍ਹਾਂ ਨੂੰ ਬਗੈਰ ਕਿਸੇ ਯੂਨੀਅਨ ਮਨਿਸਟਰ ਨਾਲ ਮੀਟਿੰਗ ਕੀਤਿਆਂ ਹੀ ਦੇ ਦਿਤੇ ਹਨ ?

ਵਿਦਿਆ ਮੰਤਰੀ : ਯੂਨੀਅਨ ਮਨਿਸਟਰ ਫਾਰ ਐਜੂਕੇਸ਼ਨ ਸਾਹਿਬ ਨੇ ਇਕ ਮੀਟਿੰਗ ਇਸ ਸਬੰਧ ਵਿਚ ਭਾਰਤ ਦੀਆਂ ਸਟੇਟਸ ਦੇ ਐਜੂਕੇਸ਼ਨ ਮਨਿਸਟਰਾਂ ਦੀ ਕਰਨ ਬਾਰੇ ਕਿਹਾ ਸੀ, ਅਸੀਂ ਵੀ ਇਸ ਮੀਟਿੰਗ ਦਾ ਇੰਤਜ਼ਾਰ ਕਰ ਰਹੇ ਹਾਂ, ਇਸ ਵਿਚ ਇਹ ਵੀ ਪਤਾ ਲਗ ਜਾਵੇਗਾ ਕਿ ਕਿਸ ਸਟੇਟ ਨੇ ਗਰੇਡਜ਼ ਦੇ ਦਿਤੇ ਹਨ ਅਤੇ ਕਿਸ ਨੇ ਨਹੀਂ ਦਿਤੇ ।

(ਇਸ ਸਮੇਂ ਸ੍ਰੀ ਸਪੀਕਰ ਨੇ ਮੁੱਖ ਸੰਸਦੀ ਸਕੱਤਰ ਨੂੰ ਕਾਲ ਅਪਾਨ ਕੀਤਾ)

ਇਕ ਮਾਨਯੋਗ ਮੈਂਬਰ : ਸਪੀਕਰ ਸਾਹਿਬ, ਮੈਂ ਇਕ ਕਾਲ-ਅਟੈਨਸ਼ਨ ਮੋਸ਼ਨ ਤੇ ਸਪਲੀਮੈਂਟਰੀ ਕਰਨੀ ਹੈ ।

ਸ਼੍ਰੀ ਸਪੀਕਰ : ਤੁਸੀਂ ਕਲ੍ਹ ਕਰ ਲੈਣਾ । (You may ask it tomorrow.)

———

STATEMENTS IN REPLY TO CALL-ATTENTION NOTICES LAID ON THE TABLE OF THE HOUSE

Chief Parliamentary Secretary (Sardar Gurcharan Singh Nihalsinghwala): Sir, I beg to lay on the Table of the House replies to Call-Attention Notices Nos. 3, 10, 12 and 33.

(ਕ੍ਰਮ ਨੰ: 3)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਕਾਟਨ ਕਾਰਪੋਰੇਸ਼ਨ ਦੇ ਕਪਾਹ ਖਰੀਦਣ ਲਈ ਮੰਡੀ ਵਿਚ ਦਾਖਲ ਹੋਣ ਕਰਕੇ ਕਪਾਹ ਕਾਸ਼ਤਕਾਰਾਂ ਨੂੰ ਘੱਟ ਭਾਅ ਉਤੇ ਕਪਾਹ ਵੇਚਣ ਲਈ ਮਜਬੂਰ ਕਰਕੇ ਉਨ੍ਹਾਂ ਦੀ ਲੁੱਟ ਕੀਤੀ ਜਾ ਰਹੀ ਹੈ । ਜਿਸ ਕਾਰਨ ਕਪਾਹ ਉਪਜਾਊ ਜ਼ਿਲ੍ਹਿਆਂ ਸੰਗਰੂਰ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ ਅਤੇ ਲੁਧਿਆਣਾ ਦੇ ਕਿਸਾਨਾਂ ਵਿਚ ਸਖਤ ਬੇਚੈਨੀ ਫੈਲੀ ਹੋਈ ਹੈ ਅਤੇ ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਲਾਹੇਵੰਦ ਭਾਅ ਦੁਆਉਣ ਲਈ ਕਾਟਨ ਕਾਰਪੋਰੇਸ਼ਨ ਤੁਰੰਤ ਮੰਡੀ ਵਿਚ ਦਾਖਲ ਹੋਵੇ ਜਾਂ ਪੰਜਾਬ ਸਰਕਾਰ ਆਪ ਖਰੀਦ ਸ਼ੁਰੂ ਕਰੇ । ਮਾਰਕਫੈਡ ਵਲੋਂ ਕਪਾਹ ਦੀ ਖਰੀਦ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ । ਪੰਜਾਬ ਸਰਕਾਰ ਦੇ ਦਖਲ ਨਾਲ ਮਾਮਲੇ ਦੀ ਮਹੱਤਤਾ ਅਤੇ ਗੰਭੀਰਤਾ ਅਤੇ ਇਸ ਦੇ ਬਹੁਤ ਵੱਡੇ ਭਾਗ ਉਤੇ ਪੈਂਦੇ ਪਰਭਾਵ ਦੇ ਕਾਰਨ ਸਰਕਾਰ ਨੂੰ ਸਦਨ ਵਿਚ ਬਿਆਨ ਦੇਣ ਲਈ ਕਿਹਾ ਜਾਵੇ ।

ਮਾਸਟਰ ਗੁਰਬੰਤਾ ਸਿੰਘ (ਖੇਤੀਬਾੜੀ ਅਤੇ ਜੰਗਲਾਤ ਮੰਤਰੀ) : ਇਸ ਵਰਸ਼ ਵੱਖ ਵੱਖ ਪੱਧਰ ਤੇ ਬਹੁਤ ਕੋਸ਼ਿਸ਼ ਕਰਨ ਤੇ ਵੀ ਭਾਰਤੀ ਕਪਾਹ ਨਿਗਮ ਮੰਡੀਆਂ ਵਿਚ ਕਪਾਹ ਦੀ ਖਰੀਦ ਕਰਨ ਲਈ ਦਾਖਲ ਨਹੀਂ ਹੋਈ । ਜਿਸ ਕਾਰਨ ਕਪਾਹ ਦੀਆਂ ਕੀਮਤਾਂ ਹੇਠਾਂ ਜਾ ਰਹੀਆਂ ਹਨ । ਇਸ ਨੂੰ ਵੇਖਦਿਆਂ ਹੋਇਆਂ ਮਿਤੀ 17 ਦਸੰਬਰ, 1974 ਨੂੰ ਮੁੱਖ ਮੰਤਰੀ ਜੀ ਦੀ ਪਰਧਾਨਗੀ ਹੇਠ ਇਕ ਉੱਚ ਪੱਧਰੀ ਮੀਟਿੰਗ ਬੁਲਾਈ ਗਈ । ਇਸ ਮੀਟਿੰਗ ਵਿਚ ਇਹ ਵੇਖਿਆ ਗਿਆ ਕਿ ਪਿਛਲੇ ਸਾਲ ਭਾਰਤੀ ਕਪਾਹ ਨਿਗਮ ਨੇ ਪੰਜਾਬ ਦੀ ਕੁਲ ਕਪਾਹ ਦੀ ਅਮਰੀਕਨ ਵਰਾਇਟੀ ਦਾ ਕੇਵਲ 29% ਲੱਗ-ਭੱਗ 28 ਕਰੋੜ ਰੁਪਏ ਦੀ ਲਾਗਤ ਦੀ ਕਪਾਹ ਹੀ ਖਰੀਦੀ । ਇਸ ਖਰੀਦ ਸਮੇਂ ਮਾਰਕਫੈਡ ਨੇ ਕਪਾਹ ਨਿਗਮ ਦਾ ਏਜੰਟ ਹੋਣ ਦੇ ਨਾਤੇ ਕੁਝ ਤਜਰਬਾ ਕਪਾਹ ਦੀ ਖਰੀਦ ਸਬੰਧੀ ਪਰਾਪਤ ਕਰ ਲਿਆ ਸੀ । ਮੀਟਿੰਗ ਵਿਚ ਕਪਾਹ ਦੀ ਖਰੀਦ ਲਈ ਨਿਗਮ ਲਿਖਤ ਫੈਸਲਾ ਕੀਤਾ ਗਿਆ :—

1. ਮਾਰਕਫੈਡ ਭਾਰਤੀ ਕਪਾਹ ਨਿਗਮ ਦਾ ਰੋਲ ਅਦਾ ਕਰਦੀ ਹੋਈ ਮੰਡੀਆਂ ਵਿਚ ਕਪਾਹ ਦੀ ਖਰੀਦ ਕਰੇ; ਇਸ ਖਰੀਦ ਲਈ ਸ਼ੁਰੂ ਸ਼ੁਰੂ ਵਿਚ ਕੇਵਲ 5 ਉਘੀਆਂ ਮੰਡੀਆਂ ਚੁਣਨ ਦਾ ਫੈਸਲਾ ਕੀਤਾ ਗਿਆ । ਮਾਰਕਫੈਡ ਕਪਾਹ ਦੀ ਖਰੀਦ ਲਈ 8 ਜਨਵਰੀ, 1975 ਨੂੰ ਮੰਡੀਆਂ ਵਿਚ ਖਰੀਦ ਕਰਨ ਲਈ

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਦਾਖਲ ਹੋ ਚੁੱਕੀ ਹੈ ਅਤੇ 13 ਜਨਵਰੀ, 1975 ਤਕ ਮਲੋਟ, ਮੁਕਤਸਰ, ਗਿਦੜਬਾਹਾ ਤੇ ਅਬੋਹਰ ਦੀ ਮੰਡੀਆਂ ਵਿਚੋਂ 1,130 ਕੁਇੰਟਲ ਕਪਾਹ ਖਰੀਦ ਚੁਕੀ ਹੈ। ਅਖ਼ਬਾਰੀ ਖ਼ਬਰਾਂ ਅਨੁਸਾਰ ਉਪਰੋਕਤ ਫੈਸਲੇ ਦੇ ਐਲਾਨ ਤੋਂ ਮਗਰੋਂ ਅਮਰੀਕਨ ਤੇ ਦੇਸੀ ਕਪਾਹ ਦੀਆਂ ਕੀਮਤਾਂ ਵਿਚ 25 ਤੋਂ 30 ਰੁਪਏ ਤੇ 10 ਤੋਂ 15 ਰੁਪਏ ਪ੍ਰਤੀ ਕੁਇੰਟਲ ਵਾਧਾ ਹੋ ਗਿਆ ਹੈ।

2. ਸਰਕਾਰ ਨੇ ਇਹ ਵੀ ਫੈਸਲਾ ਕੀਤਾ ਕਿ ਕਪਾਹ ਦੀ ਖਰੀਦ ਸਬੰਧੀ ਕੰਮਾਂ ਨੂੰ ਨਜਿਠਣ ਲਈ ਪੰਜਾਬ ਸਰਕਾਰ ਵਲੋਂ ਇਕ ਸਲਾਹਕਾਰ ਬੋਰਡ ਕਾਇਮ ਕੀਤਾ ਜਾਵੇਗਾ ਜਿਸ ਵਿਚ ਸਬੰਧਤ ਵਿਭਾਗ ਮਾਰਕਿਟਿੰਗ ਬੋਰਡ, ਮਾਰਕਫੈਡ ਅਤੇ ਕੁਝ ਚੁਣੇ ਹੋਰ ਗੈਰ ਸਰਕਾਰੀ ਮੈਂਬਰ ਵੀ ਸ਼ਾਮਲ ਕੀਤੇ ਜਾਣਗੇ। ਇਸ ਬੋਰਡ ਦੇ ਪਰਧਾਨ ਮੁੱਖ ਮੰਤਰੀ ਜੀ ਹੋਣਗੇ ਅਤੇ ਵਿੱਤ ਮੰਤ੍ਰੀ ਅਤੇ ਖੇਤੀਬਾੜੀ ਮੰਤਰੀ ਜੀ ਮੈਂਬਰ ਹੋਣਗੇ। ਇਸ ਤੋਂ ਇਲਾਵਾ ਇਕ, ਫੈਸਲੇ ਲਾਗੂ ਕਰਨ ਵਾਲੀ ਕਮੇਟੀ ਹੋਵੇਗੀ, ਜੋ ਸਥਿਤੀ ਤੇ ਪੂਰੀ ਨਜ਼ਰ ਰਖੇਗੀ ਅਤੇ ਸ਼ੁਰੂ ਸ਼ੁਰੂ ਦੀਆਂ ਔਕੜਾਂ ਅਤੇ ਸਮੱਸਿਆਵਾਂ ਜੋ ਕਿ ਆਪਰੇਸ਼ਨ ਦੇ ਦੌਰਾਨ ਪੈਦਾ ਹੋ ਸਕਦੀਆਂ ਹਨ, ਨਿਜੱਠੇਗੀ।

(Serial No. 10)

Comrade Raj Kumar: To draw attention of the Government towards a matter of urgent public importance, namely, on 24th December as also earlier night service buses in the State have been stopped at night by high-way robbers/miscreants with the intention of committing robbery and causing damage to the public vehicles and endangering the life of the crew and passengers. Fire-arms for night service crew for protection of life and property of crew and passengers have been publicly demanded. A failure on part of the Government to take suitable measures has sent a sense of insecurity among night travelling public in the State.

In view of the obvious importance of the matter, the Government may be asked to make a statement in the House.

ਸਰਦਾਰ ਦਿਲਬਾਗ ਸਿੰਘ ਡਾਲੇਕੇ (ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ) : 1972 ਤੋਂ ਪੰਜਾਬ ਰੋਡਵੇਜ਼ ਵੱਲੋਂ, ਜਨਤਾ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਅਤੇ ਯਾਤਰੀਆਂ ਦੀ ਸਹੂਲਤ ਵਾਸਤੇ ਸ਼ਾਮ ਤੋਂ ਮਗਰੋਂ ਅਤੇ ਰਾਤ ਨੂੰ ਬੱਸ ਸੇਵਾ ਚਾਲੂ ਕੀਤੀ ਗਈ। ਧਿਆਨ ਦਿਵਾਊ ਮਤੇ ਵਿਚ ਕੁਝ ਘਟਨਾਵਾਂ ਦਾ ਵੇਰਵਾ ਹੈ ਜਿਹੜੀਆਂ ਕਿ ਹੁਣੇ ਜਿਹੇ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਵਾਪਰੀਆਂ, ਅਤੇ ਰਾਤ ਦੀਆਂ ਬੱਸਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਮਿਤੀ 25 ਦਸੰਬਰ, 1974 ਅਤੇ 26 ਦਸੰਬਰ, 1974 ਦੀ ਰਾਤ ਨੂੰ 4 ਹਥਿਆਰਬੰਦ ਵਿਅਕਤੀਆਂ ਨੇ ਪਿੰਡ ਧਾਰੀਵਾਲ ਤੋਂ ਇਕ ਮੀਲ ਦੂਰ ਬਿਧੀਪੁਰ ਦੇ ਨੇੜੇ ਡੀਲਕਸ ਬੱਸ ਨੰ : ਪੀ. ਯੂ. ਜੀ. 1701 ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਪੱਥਰ ਮਾਰੇ, ਜਿਸ ਨਾਲ ਬੱਸ ਦੇ ਮੁਹਰੇ ਸ਼ੀਸ਼ੇ ਨੂੰ ਨੁਕਸਾਨ ਪਹੁੰਚਿਆ, ਪਰ ਡਰਾਈਵਰ ਨੇ ਬੱਸ ਨਾ ਰੋਕੀ ਅਤੇ ਉਸ ਨੇ ਪੁਲੀਸ ਸਟੇਸ਼ਨ ਧਾਰੀਵਾਲ ਵਿਚ ਜਾ ਕੇ ਰਿਪੋਰਟ ਦਰਜ਼ ਕਰਵਾਈ। ਪੁਲਿਸ ਦੀ ਪੜਤਾਲ ਤੋਂ ਪੱਤਾ ਲੱਗਦਾ ਹੈ ਕਿ ਪੱਥਰ ਮਾਰਨ ਵਾਲੇ ਵਿਅਕਤੀ ਸ਼ਰਾਬੀ ਸਨ ਅਤੇ ਇਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

(2) ਮਿਤੀ 23 ਦਸੰਬਰ, 1974 ਨੂੰ ਬੱਸ ਨੰ : ਪੀ.ਐਨ.ਐਚ. 4205 ਦੇ ਕੰਡਕਟਰ ਦਾ ਕੈਸ਼ ਦੋ ਅਣਪਛਾਤੇ ਆਦਮੀਆਂ ਨੇ ਪਿੰਡ ਲੱਛੋਵਾਲ, (ਜ਼ਿਲ੍ਹਾ ਹੁਸ਼ਿਆਰਪੁਰ) ਦੇ ਨੇੜੇ ਖੋਹ ਲਿਆ । ਇਨ੍ਹਾਂ ਵਿਅਕਤੀਆਂ ਨੇ ਬੰਦੂਕਾਂ ਵੀ ਚਲਾਈਆਂ ਅਤੇ ਹੱਥੋਪਾਈ ਵਿਚ ਬੱਸ ਦਾ ਕੰਡਕਟਰ ਜ਼ਖਮੀ ਹੋ ਗਿਆ । ਇਸ ਘਟਨਾ ਸਬੰਧੀ ਐਫ. ਆਈ. ਆਰ. ਨੰ: 300 ਮਿਤੀ 23 ਦਸੰਬਰ, 1974 ਦਫਾ 307, 332, 353, 379 ਆਈ. ਪੀ. ਸੀ. ਅਤੇ ਧਾਰਾ 25, 27, 54 ਅਤੇ 59 ਅਸਲਾ ਐਕਟ ਅਧੀਨ ਥਾਣਾ ਸਦਰ ਹੁਸ਼ਿਆਰਪੁਰ ਵਿਚ ਕੇਸ ਦਰਜ਼ ਕੀਤਾ ਗਿਆ । ਇਕ ਇੰਸਪੈਕਟਰ ਦੀ ਨਿਗਰਾਨੀ ਹੇਠ ਸਪੈਸ਼ਲ ਸਟਾਫ ਵਲੋਂ ਪੜਤਾਲ ਕੀਤੀ ਜਾ ਰਹੀ ਹੈ, ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ।

ਇਸੇ ਹੀ ਰੂਟ ਤੇ ਗੈਗਨੇਵਾਲ ਦੇ ਨੇੜੇ ਮਿਤੀ 30 ਦਸੰਬਰ, 1974 ਨੂੰ ਸ੍ਰੀ ਗਰੀਬਦਾਸ ਕੰਡਕਟਰ ਬੱਸ ਨੰ: ਪੀ. ਐਨ. ਐਚ. 4736 ਤੋਂ ਰੁ: 500 ਪਸਤੌਲ ਵਿਖਾ ਕੇ ਖੋਹ ਲਿਆ ਗਿਆ । ਇਸ ਘਟਨਾ ਸਬੰਧੀ ਐਫ. ਆਈ. ਆਰ. ਨੰ: 308, ਮਿਤੀ 30 ਦਸੰਬਰ, 1974 ਧਾਰਾ 392 ਆਈ. ਪੀ. ਸੀ. ਅਧੀਨ ਕੇਸ ਦਰਜ਼ ਹੋ ਚੁੱਕਾ ਹੈ । ਪੁਲੀਸ ਪੜਤਾਲ ਕਰ ਰਹੀ ਹੈ।

(3) ਹੁਸ਼ਿਆਰਪੁਰ ਡੀਪੂ ਦੇ ਕਰਮਚਾਰੀਆਂ ਨੇ ਮਿਤੀ 31 ਦਸੰਬਰ, 1974 ਨੂੰ ਇਨ੍ਹਾਂ ਘਟਨਾਵਾਂ ਵਿਰੁਧ ਰੋਸ ਵਜੋਂ ਹੜਤਾਲ ਕੀਤੀ ਅਤੇ ਆਪਣੀ ਸੁਰਖਿਆ ਸਬੰਧੀ ਮੰਗ ਕੀਤੀ, ਪਰ ਇਹ ਹੜਤਾਲ ਉਸੇ ਦਿਨ ਹੀ ਗੱਲ-ਬਾਤ ਉਪਰੰਤ ਸਮਾਪਤ ਕੀਤੀ ਗਈ ।

(4) ਜ਼ਿਲ੍ਹਾ ਅਧਿਕਾਰੀਆਂ ਨੇ ਭਰੋਸਾ ਦਵਾਇਆ ਹੈ ਕਿ ਅਜਿਹੀਆਂ ਘਟਨਾਵਾਂ ਰੋਕੀਆਂ ਜਾਣਗੀਆਂ । ਪੁਲੀਸ ਵਲੋਂ ਗਸ਼ਤ ਕੀਤੀ ਜਾ ਰਹੀ ਹੈ ਅਤੇ ਰਾਤ ਨੂੰ ਚੱਲਣ ਵਾਲੀਆਂ ਬੱਸਾਂ ਵਿਚ ਹਥਿਆਰਬੰਦ ਸਿਪਾਹੀ ਭੇਜਣ ਵਾਸਤੇ ਪ੍ਰਬੰਧ ਕੀਤਾ ਜਾ ਰਿਹਾ ਹੈ । ਟਾਂਡਾ ਅਤੇ ਹੁਸ਼ਿਆਰਪੁਰ ਵਿਚਕਾਰ ਚੱਲ ਰਹੀਆਂ 4 ਬੱਸਾਂ ਵਿਚ ਤਿੰਨ ਤਿੰਨ ਸਿਪਾਹੀ ਭੇਜੇ ਜਾਂਦੇ ਹਨ ਅਤੇ ਇਨ੍ਹਾਂ ਵਿਚੋਂ ਇਕ ਹਥਿਆਰਬੰਦ ਹੁੰਦਾ ਹੈ । ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ, ਜਿਸ ਦੀ ਗੁਰਦਾਸਪੁਰ ਵਿਖੇ ਮਿਤੀ 3 ਜਨਵਰੀ, 1975 ਨੂੰ ਮੈਂ ਪ੍ਰਧਾਨਗੀ ਕੀਤੀ ਸੀ, ਵਿਚ ਡਿਪਟੀ ਕਮਿਸ਼ਨਰ ਅਤੇ ਸੁਪਰਡੰਟ ਪੁਲੀਸ ਨੇ ਮੈਨੂੰ ਭਰੋਸਾ ਦਵਾਇਆ ਕਿ ਰਾਤ ਨੂੰ ਚੱਲਣ ਵਾਲੀਆਂ ਬੱਸਾਂ ਵਿਚ ਹਥਿਆਰਬੰਦ ਸਿਪਾਹੀ ਭੇਜੇ ਜਾਣਗੇ ।

(5) ਇਹ ਇੱਕਾ-ਦੁਕਾ ਘਟਨਾਵਾਂ ਹਨ ਅਤੇ ਇਨ੍ਹਾਂ ਕਾਰਨ ਦਹਿਸ਼ਤ ਵਾਲੀ ਕੋਈ ਗੱਲ ਨਹੀਂ । ਰਾਤ ਨੂੰ ਪੰਜਾਬ ਵਿਚ ਚੱਲਣ ਵਾਲੀਆਂ ਬੱਸਾਂ ਵਿਚ ਖਤਰੇ ਵਾਲੀ ਕੋਈ ਗੱਲ ਨਹੀਂ ਹੈ । ਆਵਾਜਾਈ ਨੂੰ ਹੋਰ ਸੁਰੱਖਿਅਤ ਬਨਾਉਣ ਵਾਸਤੇ ਯਤਨ ਕੀਤਾ ਜਾ ਰਿਹਾ ਹੈ ।

(ਕ੍ਰਮ ਨੰ: 12)

ਕਾਮਰੇਡ ਅਰਜਨ ਸਿੰਘ ਮਸਤਾਨਾ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ ਨਹਿਰ ਅੱਪਰ ਬਾਰੀ ਦੁਆਬ ਦੀਆਂ ਟੇਲਾਂ ਯਾਨੀ ਟੇਲ ਸਭਰਾਂ, ਟੇਲ ਕਾਲੀਆਂ ਸਨਖਤਰਾਂ ਟੇਲ ਠੱਠੀ ਜੈਮਲ ਸਿੰਘ, ਟੇਲ ਵਾਂ

[ਕਾਮਰੇਡ ਅਰਜਨ ਸਿੰਘ ਮਸਤਾਨਾ]

ਤਾਰਾ ਸਿੰਘ ਪਾਣੀ ਨਾ ਮਿਲਣ ਕਾਰਨ ਕਿਸਾਨਾਂ ਨੇ ਮਹਿਕਮਾ ਨਹਿਰ ਨੂੰ ਨੋਟਿਸ ਦੇ ਕੇ ਬੰਦ ਕਰ ਦਿਤੀਆਂ ਨੇ ਸਾਉਂਣੀ ਦੀ ਫਸਲ ਤਬਾਹ ਹੋ ਗਈ ਹੈ ਤੇ ਹਾੜੀ ਦੀ ਬਿਜਾਈ ਨਹੀਂ ਹੋਈ ਕਿਸਾਨਾਂ ਵਿਚ ਬੜੀ ਬੇਚੈਨੀ ਹੈ ਸਰਕਾਰ ਬਿਆਨ ਦੇਣ ਦੀ ਕਿਰਪਾ ਕਰੇ ।

ਸਰਦਾਰ ਗੁਰਬਖਸ਼ ਸਿੰਘ ਸਿਬੀਆ (ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ) : ਇਹ ਠੀਕ ਹੈ ਕਿ ਜ਼ਿਮੀਂਦਾਰਾਂ ਨੇ ਸਰਕਾਰ ਨੂੰ ਹਾੜ੍ਹੀ ਦੀ ਫਸਲ ਸਮੇਂ (ਅਰਥਾਤ ਦਸੰਬਰ, 1974 ਵਿਚ) ਹੇਠ ਦਿਤੀਆਂ ਟੇਲਾਂ ਬੰਦ ਕਰਨ ਬਾਰੇ ਸੂਚਿਤ ਕੀਤਾ ਪਰ ਸਾਉਂਣੀ ਦੀ ਫਸਲ ਦੌਰਾਨ ਕੋਈ ਵੀ ਟੇਲ ਬੰਦ ਨਹੀਂ ਹੋਈ :—

1. ਟੇਲ ਸਭਰਾਂ,
2. ਟੇਲ ਕਾਲੀਆਂ ਸਨਖਤਰਾਂ,
3. ਟੇਲ ਠੱਠੀ ਜੈਮਲ ਸਿੰਘ,
4. ਟੇਲ ਵਾਂ ਤਾਰਾ ਸਿੰਘ ।

ਦਰਿਆ ਰਾਵੀ ਵਿਚ ਪਾਣੀ ਦੀ ਕਮੀ ਹੋਣ ਕਾਰਨ ਸਾਉਂਣੀ/ਹਾੜੀ ਦੀ ਫਸਲ ਸਮੇਂ ਅੱਪਰ ਬਾਰੀ ਦੁਆਬ ਨਹਿਰ ਦੀਆਂ ਬਰਾਂਚਾਂ ਰੋਟੇਸ਼ਨਲ ਪ੍ਰੋਗਰਾਮ ਅਨੁਸਾਰ ਚਲਾਉਣੀਆਂ ਪਈਆਂ ਜਿਸ ਕਾਰਨ ਸਾਉਂਣੀ ਦੀ ਪਕਾਈ ਅਤੇ ਹਾੜੀ ਦੀ ਬਜਾਈ ਤੇ ਅਸਰ ਹੋਇਆ। ਜ਼ਿਮੀਂਦਾਰਾਂ ਨੂੰ ਰਾਵੀ ਦਰਿਆ/ਨਹਿਰ ਵਿਚ ਪਾਣੀ ਦੀ ਕਮੀ ਦੇ ਸਾਰੇ ਕਾਰਨਾਂ ਬਾਰੇ ਜਾਣੂੰ ਕਰਵਾਇਆ ਗਿਆ ਜਿਸ ਉਪਰੰਤ ਟੇਲ ਸਭਰਾਂ ਵਾਲੇ ਜ਼ਿਮੀਂਦਾਰਾਂ ਨੇ ਆਪਣੇ ਮੋਘੇ ਅਗਲੇ ਰੋਟੇਸ਼ਨਲ ਪ੍ਰੋਗਰਾਮ (ਮਿਤੀ 7 ਜਨਵਰੀ, 1975 ਤੋਂ 14 ਜਨਵਰੀ, 1975) ਤੋਂ ਪਹਿਲਾਂ ਖੋਹਲ ਦਿਤੇ ਪਰ ਬਾਕੀ ਟੇਲਾਂ ਦੇ ਜ਼ਿਮੀਂਦਾਰ ਟੇਲਾਂ ਖੋਹਲਣ ਲਈ ਰਜ਼ਾਮੰਦ ਨਹੀਂ ਹੋਏ । ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਦਰਿਆ ਵਿਚ ਪਾਣੀ ਦੀ ਘਾਟ ਹੋਣ ਕਾਰਨ ਉਨ੍ਹਾਂ ਨੂੰ ਪੂਰੇ ਪਾਣੀ ਨਹੀਂ ਮਿਲਣਗੇ ਜਦੋਂ ਕਿ ਨਹਿਰੀ ਮਾਮਲਾ ਪੂਰੀ ਫਸਲ ਦਾ ਹੀ ਕੈਨਾਲ ਐਕਟ ਅਨੁਸਾਰ ਦੇਣਾ ਪਵੇਗਾ । ਇਨ੍ਹਾਂ ਹਾਲਾਤ ਵਿਚ ਜ਼ਿਮੀਂਦਾਰ ਮਹਿਸੂਸ ਕਰਦੇ ਹਨ ਕਿ ਹਾੜੀ ਦੀ ਬੀਜੀ ਹੋਈ ਫਸਲ ਨੂੰ ਟਿਊਬਵੈਲ ਰਾਹੀਂ ਦੋ,-ਤਿੰਨ ਪਾਣੀ ਲਾਉਣੇ ਅੱਛੇ ਹਨ ਤਾਂ ਜੋ ਉਨ੍ਹਾਂ ਨੂੰ ਨਹਿਰੀ ਮਾਮਲਾ ਨਹੀਂ ਦੇਣਾ ਪਵੇਗਾ।

ਟੇਲ ਕਾਲੀਆਂ ਸਨਖਤਰਾਂ, ਟੇਲ ਠੱਠੀ ਜੈਮਲ ਸਿੰਘ ਅਤੇ ਟੇਲ ਵਾਂ ਤਾਰਾ ਸਿੰਘ ਅਜੇ ਵੀ ਬੰਦ ਹਨ । ਹਾੜੀ ਦੀ ਸਾਰੀ ਫ਼ਸਲ ਦੌਰਾਨ ਬੰਦ ਟੇਲਾਂ ਦੇ ਰਕਬੇ ਵਿਚ ਜਿਹੜੇ ਜ਼ਿਮੀਂਦਾਰ ਨੇ ਕੋਈ ਵੀ ਨਹਿਰੀ ਪਾਣੀ ਦੀ ਵਾਰੀ ਨਹੀਂ ਲਈ ਹੋਵੇਗੀ ਉਨ੍ਹਾਂ ਪਾਸੋਂ ਸਰਕਾਰ ਨਹਿਰੀ ਮਾਮਲਾ ਚਾਰਜ ਨਹੀਂ ਕਰੇਗੀ ।

(Serial No. 33)

Comrade Satya Pal Dang and Comrade Dana Ram : to draw the attention of the Government towards a matter of urgent public importance, namely, that the Post-Matric stipends (Scholarships) which the Scheduled Castes students studying in various evening colleges were getting (since many years) the Government have been stopped. This has led to serious discontentment among all evening college students of the State.

In view of the obvious and urgent importance of the matter, the Government may be asked to make a statement in the House.

Shri Gurmail Singh (Education Minister) : The Post -Matric Scholarship Scheme is a Centrally-sponsored one. It is controlled by the Government of India and is run on all-India-pattern.

2. Under this scheme the scholarships are open to nationals of India who belong to Scheduled Castes/ Scheduled Tribes so as to enable them to complete their post-matric studies. The students who have passed the Matriculation or any other equivalent examination or any higher examination of a recognised University/Board of Secondary examination, are eligible for this scholarship.

3. Recently, conditions of eligibility under this scheme have been modified by the Government of India, interalia, laying down that the students who are in full employment shall not be eligible. The payments of scholarships have thus been stopped by the Government of India to the students who are whole-time employees. Since, this change in the Scheme, has been effected by the Government of India themselves and is applicable to the whole country, the State Government cannot do anything in the matter.

SECOND REPORT OF THE BUSINESS ADVISORY COMMITTEE

Mr. Speaker: I have to report to the House the programme of the Punjab Vidhan Sabha from the 23rd January, to 3rd February, 1975 as contained in the Second Report of the Business Advisory Committee.

The report reads :—

After some discussion, it was decided that the following business be transacted from 23rd January, 1975, onwards:—

*Thursday, the 23rd January, 1975. (Morning)	Discussion and voting on Demands for Grants relating to Education, Medical Education and Labour. (*To this extent Rule 30 of the Rules of Procedure be suspended for this sitting).
Friday, the 24th January, 1975	Off-day.
Saturday, the 25th January, 1975	Off-day.
Sunday, the 26th January, 1975	Holiday.
Monday, the 27th January, 1975 (Afternoon)	Discussion and voting on Demands for Grants relating to Irrigation, Power and Agriculture; and Guillotine in respect of all the remaining Demands for Grants.
Tuesday the 28th January, 1975 (Morning)	Discussion and voting on Demands for Grants on Supplementary Estimates for 1974-75 (Second Instalment).
Wednesday, the 29th January, 1975 (Morning)	(i) Appropriation Bill on the Supplementary Estimates for 1974-75 (Second Instalment). (ii) Legislative Business.
Thursday, the 30th January, 1975 (Morning)	Non-official business.
Friday, the 31st January, 1975 (Morning)	(i) Appropriation Bill on the Budget Estimates for 1975-76. (ii) Legislative Business.

[Mr. Speaker]

Saturday, the 1st February, 1975	Off-day.
Sunday, the 2nd February, 1975	Holiday.
Monday, the 3rd February, 1975 (Afternoon)	Legislative business.

Revenue and Election Minister (Sardar Umrao Singh): Sir, I beg to move—

> that this House agrees with the recommendations contained in the Second Report of the Business Advisory Committee.

Mr. Speaker: Motion moved—

> that this House agrees with the recommend ations contained in the Second Report of the Business Advisory Committee.

Mr. Speaker: Question is—

> that this House agrees with the recommendations contained in the Second Report of the Business Advisory Committee.

The motion was carried.

PAPERS LAID ON THE TABLE

Chief Parliamentary Secretary (Sardar Gurcharan Singh Nihalsinghwala): Sir, I beg to lay on the Table the Annual Report and Accounts of the Punjab State Warehousing Corporation for the year 1970-71 as required under Section 31(11) of the Warehousing Corporation Act, 1962.

GENERAL DISCUSSION ON THE BUDGET FOR THE YEAR 1975-76 (*Resumption*)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਇਹ ਬਜਟ ਜਿਹੜਾ ਕਿ 6,83,00,000 ਰੁਪਏ ਦਾ ਘਾਟੇ ਦਾ ਬਜਟ ਹੈ, ਘਾਟੇ ਦਾ ਤਾਂ ਇਹ ਬਜਟ ਹੈ ਹੀ ਪਰ ਇਸ ਬਜਟ ਨੂੰ ਸੈਲਫ—ਸਫੀਸ਼ੈਂਟ ਅਤੇ ਦੂਰ ਅੰਦੇਸ਼ੀ ਦਾ ਬਜਟ ਨਹੀਂ ਕਿਹਾ ਜਾ ਸਕਦਾ। ਇਹ ਇਸ ਤਰ੍ਹਾਂ ਇਕ ਰੁਟੀਨ ਦਾ ਬਜਟ ਬਣਾ ਕੇ ਰੱਖ ਦਿਤਾ ਗਿਆ ਹੈ, ਜਿਸ ਤਰ੍ਹਾਂ ਕਿ 1974–75 ਵਿਚ ਇਸ ਸਟੇਟ ਵਿਚ ਮੰਦ ਹਾਲੀ ਰਹੀ ਹੋਵੇ। ਜੇ ਕਿਸੇ ਗੱਲ ਕਰਕੇ ਘਾਟਾ ਪਿਆ ਹੈ ਤਾਂ ਇਸ ਵਿਚ ਇਹ ਵੀ ਦਸਣਾ ਚਾਹੀਦਾ ਸੀ ਕਿ ਇਸ ਤਰ੍ਹਾਂ ਇਹ ਘਾਟਾ ਪੂਰਾ ਕਰਕੇ ਟੌਨ ਅਪ ਕੀਤਾ ਜਾਵੇਗਾ। ਠੀਕ ਹੈ ਪਿਛਲੇ ਸਾਲ ਤੋਂ ਸਾਡੀ ਸਟੇਟ ਦੀ ਮੰਦਹਾਲੀ ਰਹੀ ਹੈ ਪਰ It was due to inflationary trend in the country and abroad. ਇਨ੍ਹਾਂ ਨੇ ਜਨਰੇਲਾਈਜ਼ ਕਰਕੇ ਆਪਣਾ ਅਸਰ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਆਪਣੀ ਨਾ-ਕਾਮਯਾਬੀ ਨੂੰ ਛਪਾਉਣ ਦੀ ਖਾਤਰ ਇਨ੍ਹਾਂ ਨੇ ਇਹ ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਦੇਸ਼ ਵਿਚ ਇਨਫਲੇਸ਼ਨਰੀ ਟਰੈਂਡ ਰਿਹਾ ਹੈ, ਪਰ ਇਨ੍ਹਾਂ ਨੇ ਆਪਣੇ ਕੰਟਰੋਲ ਆਫ ਲਾਈਨ ਬਾਰੇ ਕੁਝ ਨਹੀਂ ਦਸਿਆ. ਇਹ ਸਟੈਂਡ ਉਨ੍ਹਾਂ ਦਾ ਠੀਕ ਨਹੀਂ। ਅਸੀਂ ਸਾਰੇ ਜਾਣਦੇ ਹਾਂ ਕਿ ਉਹ ਕੰਟਰੀਜ਼ ਜਿਨ੍ਹਾਂ ਨੂੰ ਕਿ ਸੋਸ਼ਲਿਸਟ ਕੰਟਰੀਜ਼ ਕਿਹਾ ਜਾਂਦਾ ਹੈ ਤੇ ਇਨਫਲੇਸ਼ਨ ਦਾ ਕੋਈ

ਬਹੁਤਾ ਅਸਰ ਨਹੀਂ ਪਿਆ । ਅਜ ਇਹ ਆਪਣੀ ਸਟੇਟ ਨੂੰ ਸੋਸ਼ਲਿਸਟਿਕ ਪੈਟਰਨ ਦੀ ਸਟੇਟ ਦਸਦੇ ਹਨ ਪਰ ਜਿਸ ਤਰ੍ਹਾਂ ਦੀਆਂ ਇਨ੍ਹਾਂ ਨੇ ਕੀਮਤਾਂ ਦੇ ਵਾਧੇ ਦੀਆਂ ਗੱਲਾਂ ਕੀਤੀਆਂ ਹਨ ਉਨ੍ਹਾਂ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਸੋਸ਼ਲਿਸਟਿਕ ਸਟੇਟ ਦੇ ਇਨ੍ਹਾਂ ਦੇ ਫੋਕੇ ਨਾਹਰੇ ਹੀ ਹਨ । ਅਜ ਇਨ੍ਹਾਂ ਨੇ ਸਾਰੇ ਦੇਸ਼ ਦੀ ਇਕਾਨੋਮੀ ਨੂੰ ਦਰਹਮ-ਬਰਹਮ ਕਰਕੇ ਰਖ ਦਿਤਾ ਹੈ। ਜਿਤਨੇ ਕੈਪੀਟਿਲਿਸਟਿਕ ਕੰਟਰੀਜ਼ ਹਨ ਉਨ੍ਹਾਂ ਨੇ ਆਪਣੀ ਇਕਾਨੋਮੀ ਕਾਇਮ ਕਰਕੇ ਰਖੀ ਹੈ ਪਰ ਸਾਡੇ ਫਾਈਨੈਂਸ ਮਨਿਸਟਰ ਨੇ ਕਿਹਾ ਹੈ ਕਿ ਇਹ ਘਾਟਾ ਇਨਫਲੇਸ਼ਨਰੀ ਟਰੈਂਡਜ਼, ਅਤੇ ਫੇਲੇਉਰ ਆਫ ਮੌਨਸੂਨਜ਼ ਕਰਕੇ ਹੈ ਜਿਸ ਦਾ ਕਿ ਐਡਵਰਸਲੀ ਅਸਰ ਪਿਆ ਹੈ । ਮੌਨਸੂਨ ਤਾਂ ਜਿਤਨੀ ਦੇਰ ਇਹ ਸਰਕਾਰ ਰਹੇਗੀ, ਫੇਲ੍ਹ ਹੀ ਹੋਣਗੀਆਂ । ਇਹ ਤਾਂ ਇਕ ਕੁਦਰਤੀ ਗੱਲ ਹੈ । (ਹਾਸਾ) ਅਜ ਪੰਜਾਬ ਦੇ ਲੋਕ ਮਜਬੂਰ ਹੋ ਕੇ ਪੁਕਾਰ ਰਹੇ ਹਨ ਅਤੇ ਇਹ ਕਹਿ ਰਹੇ ਹਨ ਕਿ "ਬਾਦਲ ਆਏ ਬਾਰਸ਼ ਲਾਏ" । (ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ : ** **

Mr. Speaker: This is no point of order.

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਸਿਆਪੇ ਦੀ ਨੈਣ ਨੂੰ ਹਰ ਗੱਲ ਵਿਚ ਸਿਆਪਾ ਨਜ਼ਰ ਆਉਂਦਾ ਹੈ (ਵਿਘਨ) ਦੂਸਰੀ ਗੱਲ ਹੈ :—

> 'Prices of basic industrial and agricultural inputs, like petrol and diesel, registered a considerable rise, due to factors beyond our control.'

ਇਸ ਤੇ ਮੈਨੂੰ ਇਤਰਾਜ਼ ਹੈ ਜਿਹੜਾ ਇਨ੍ਹਾਂ ਨੇ ਲਿਖਿਆ ਹੈ "beyond our control" ਡੀਜ਼ਲ ਔਰ ਪੈਟਰੋਲ ਦੀਆਂ ਪ੍ਰਾਈਸਿਜ਼ ਜਿਹੜੀਆਂ ਵਧ ਗਈਆਂ ਹਨ, ਇਹ ਸਾਡੇ ਕੰਟ੍ਰੋਲ ਵਿਚ ਸੀ। ਇਹ ਦੇ ਇਹ ਵੀ ਕਾਰਣ ਹਨ ਕਿ ਇਨ੍ਹਾਂ ਪੈਟ੍ਰੋਲ ਤੇ ਡਿਊਟੀ 11 ਦੇ ਹਿਸਾਬ ਨਾਲ ਲਗਾਈ ਅਤੇ ਫਿਰ ਟੈਕਸਿਜ਼ ਲਗਾਏ ਗਏ । ਪਿਛਲੀ ਵਾਰੀ ਜਦੋਂ ਸੈਸ਼ਨ ਵਿਚ ਬੈਠੇ ਸੀ ਅਤੇ ਇਨ੍ਹਾਂ ਨੇ ਡੀਜ਼ਲ ਤੇ ਟੈਕਸ ਲਾਇਆ ਸੀ ਤਾਂ ਅਸੀਂ ਕਿਹਾ ਸੀ ਕਿ ਡੀਜ਼ਲ ਤੇ ਹੋਰ ਟੈਕਸ ਨਾ ਲਗਾਉ ਇਸ ਤਰ੍ਹਾਂ ਨਾਲ ਵਾਧੂ ਟੈਕਸ ਲਗਾਕੇ ਇਹ ਪ੍ਰਾਈਸਿਜ਼ ਵਧੀਆਂ ਹਨ। ਇਹ ਲਫਜ਼ ਜਿਹੜੇ ਇਨ੍ਹਾਂ ਨੇ ਲਿਖੇ ਹਨ। "beyond our control", ਇਹ ਠੀਕ ਨਹੀਂ ਹੈ । ਅਸੀਂ ਤੇਲ ਵਿਚੋਂ ਵੀ ਪੈਸੇ ਕਢਣੇ ਚਾਹੁੰਦੇ ਹਾਂ ਜਿਸ ਕਰਕੇ ਐਸੈਂਸ਼ਿਅਲ ਕਮੋਡਿਟੀਜ਼ ਮਹਿੰਗੀਆਂ ਹੋਈਆਂ ਹਨ।

> 'The acute shortage of agricultural inputs and the failure of the monsoons adversely affected agricultural production.'

ਇਨ੍ਹਾਂ ਨੇ ਕਿਹਾ ਹੈ ਕਿ ਡੀਜ਼ਲ ਦੀ ਸ਼ਾਰਟੇਜ ਨਹੀਂ ਹੋਈ ਅਤੇ ਡੀਜ਼ਲ ਬਹੁਤ ਦਿੱਤਾ ਹੈ । ਸਪੀਕਰ ਸਾਹਿਬ ਸ਼ਾਇਦ ਤੁਹਾਨੂੰ ਯਾਦ ਹੋਵੇਗਾ ਕਿ ਪਿਛਲੀ ਵਾਰੀ ਬਜਟ ਸੈਸ਼ਨ ਵਿਚ ਬੋਲਦਿਆਂ ਹੋਇਆਂ ਮੈਂ ਕਿਹਾ ਸੀ ਕਿ ਡੀਜ਼ਲ ਸਾਡੇ ਕੋਲ ਬਹੁਤ ਦੂਰੋਂ ਆਉਂਦਾ ਹੈ । ਅਸੀਂ ਉਡੀਕਦੇ ਰਹਿੰਦੇ ਹਾਂ ਕਿ ਰੇਲ ਦੇ ਡੱਬੇ ਅਤੇ ਟਰੱਕ ਭਰੇ ਤੇਲ ਦੇ ਆਉਣਗੇ ਤਾਂ ਡੀਜ਼ਲ ਸਾਡੇ ਸੂਬੇ ਨੂੰ ਮਿਲੇਗਾ ਜਿਸ ਕਾਰਣ ਪੈਟ੍ਰੋਲ ਪੰਪਾਂ ਤੇ ਲੰਮੀਆਂ ਲੰਮੀਆਂ ਕਤਾਰਾਂ ਲਗੀਆਂ ਰਹੀਆਂ ਸਨ । ਪਿਛਲੀ ਵਾਰੀ ਮੈਂ ਕਿਹਾ ਸੀ ਕਿ ਇਸ ਡੀਜ਼ਲ ਦੀ ਸ਼ਾਰਟੇਜ ਨੂੰ ਖਤਮ ਕਰਨ ਵਾਸਤੇ ਇਥੇ ਸੂਬੇ ਦੇ ਅੰਦਰ ਸਟੋਰੇਜ ਬਣਾਉ । ਜੇ ਡਿਸਟ੍ਰਿਕਟ ਲੈਵਲ ਤੇ ਨਹੀਂ ਬਣਾ ਸਕਦੇ ਤਾਂ ਕਮ-ਅਜ਼-ਕੰਮ ਡਵੀਜ਼ਨਲ ਲੇਵਲ ਤੇ ਸਟੋਰੇਜ਼ ਬਣਾਉ । ਇਨ੍ਹਾਂ ਸਟੋਰੇਜ਼ ਵਿਚ ਇਕ ਸਾਲ ਦਾ ਡੀਜ਼ਲ ਜਮ੍ਹਾਂ ਰਹਿਣਾ ਚਾਹੀਦਾ ਹੈ । ਅੱਗੇ ਇਸੂ ਕਰਦੇ ਰਹੀਏ ਅਤੇ ਪਿਛੋਂ ਆਉਂਦਾ ਰਹੇ।

** Expunged as ordered by the Chair.

(ਸਰਦਾਰ ਸੁਰਜੀਤ ਸਿੰਘ ਬਰਨਾਲਾ)

ਇਹ ਸਟੋਰੇਜ਼ ਕਪੈਸਿਟੀ ਐਨੀ ਜ਼ਰੂਰ ਹੋਣੀ ਚਾਹੀਦੀ ਹੈ ਕਿ ਚਾਰ ਮਹੀਨੇ ਦੀ ਡੀਮਾਂਡ ਨੂੰ ਪੂਰਾ ਕੀਤਾ ਜਾ ਸਕੇ । ਇਸ ਤਰ੍ਹਾਂ ਕਰਨ ਨਾਲ ਡੀਜ਼ਲ ਦਾ ਘਾਟਾ ਨਹੀਂ ਪੈ ਸਕਦਾ । ਲੇਕਿਨ ਜੇ ਅਸੀਂ ਆਸ ਰਖੀਏ ਕਿ ਬਾਹਰੋਂ ਡੀਜ਼ਲ ਆਏਗਾ ਫਿਰ ਹੀ ਪੈਟ੍ਰੋਲ ਪੰਪਾਂ ਤੋਂ ਦੇਵਾਂਗੇ ਤਾਂ ਫੇਰ ਇਸ ਤਰ੍ਹਾਂ ਕਰਨ ਨਾਲ ਇਹ ਕਤਾਰਾਂ ਨਹੀਂ ਹਟ ਸਕਦੀਆਂ । ਪਰ ਇਸ ਗੱਲ ਤੇ ਅਮਲ ਨਹੀਂ ਹੋਇਆ ਅਤੇ ਜੇ ਅਮਲ ਹੋ ਜਾਂਦਾ ਤਾਂ ਸ਼ਾਇਦ ਇਤਨੀ ਸ਼ਾਰਟੇਜ਼ ਨਾ ਹੁੰਦੀ ।

ਪਿਛਲੀ ਵਾਰੀ ਐਫ. ਐਮ. ਸਾਹਿਬ ਨੇ ਬੋਲਦਿਆਂ ਕਿਹਾ ਸੀ ਕਿ ਇਥੇ ਡੀਜ਼ਲ ਦੀ ਸ਼ਾਰਟੇਜ਼ ਨਹੀਂ ਰਹਿਣੀ ਕਿਉਂਕਿ ਮਥੁਰਾ ਵਿਚ ਰੀਫਾਈਨਰੀ ਲਗੇਗੀ ਉਥੋਂ ਪਾਈਪਾਂ ਰਾਹੀਂ ਜਲੰਧਰ ਵਿਚ ਤੇਲ ਆ ਜਾਵੇਗਾ । ਪਹਿਲਾਂ ਤਾਂ ਮਥੁਰਾ ਵਿਚ ਰੀਫਾਈਨਰੀ ਲਗਣ ਨੂੰ ਹੀ ਅੱਠ ਸਾਲ ਲਗਣਗੇ ਅਤੇ ਬਾਅਦ ਵਿਚ ਪਾਈਪਾਂ ਵਿਛਾਉਣ ਤੇ ਜਲੰਧਰ ਤਕ ਚਾਰ ਸਾਲ ਲਗਣੇ ਹਨ । ਇਸ ਤਰ੍ਹਾਂ ਨਾਲ ਇਹ 12 ਸਾਲ ਤਾਂ ਇਸ ਕੰਮ ਨੂੰ ਹੀ ਲਗ ਜਾਣੇ ਹਨ । ਇਸ ਤਰ੍ਹਾਂ ਹਾਊਸ ਵਿਚ ਇਨ੍ਹਾਂ ਨੇ ਤਿਫਲ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ । ਪਰ ਮੈਂ ਇਹ ਫੇਰ ਬੇਨਤੀ ਕਰਦਾ ਹਾਂ ਕਿ ਜਦੋਂ ਤਕ ਇਥੇ ਸਟੋਰੇਜ਼ ਕਪੈਸਿਟੀ ਨਹੀਂ ਕਰਦੇ ਉਦੋਂ ਤਕ ਇਹ ਦਿੱਕਤ ਆਉਂਦੀ ਹੀ ਰਹੇਗੀ ।

3.31 p. m. | (ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਇਸ ਦੇ ਨਾਲ ਹੀ ਲਿਖਿਆ ਹੈ—

'It is indeed gratifying that, in spite of adverse circumstances, we have been able to maintain the tempo of our growth.'

ਇਸ ਦਾ ਇਕ ਕਾਰਣ ਇਹ ਦੱਸਿਆ ਹੈ—

'due to the enterprising spirit of the brave farmers of Punjab.

ਜਿਸ ਦੇ ਨਾਲ ਮੈਂ 100 ਫੀਸਦੀ ਸਹਿਮਤ ਹਾਂ । ਪੰਜਾਬ ਦਾ ਕਿਸਾਨ ਬੜਾ ਮਿਹਨਤੀ ਹੈ । ਦਿਨ ਰਾਤ ਲਗਾਕੇ ਉਹ ਕੰਮ ਕਰਦਾ ਹੈ । ਦੂਸਰਾ ਹੋਰ ਕਾਰਣ ਦਸਿਆ ਹੈ—

'mainly because the Government continues to be conscious of its responsibilities.

ਜਿਸ ਵਿਚ ਇਹ ਬਿਲਕੁਲ ਫੇਲ੍ਹ ਹੋਏ ਹਨ । ਕਿਸਾਨਾਂ ਨੂੰ ਹੈਲਪ ਦੇਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ । ਮਹਿਜ਼ ਕਿਸਾਨਾਂ ਨੇ ਮਿਹਨਤ ਕਰਕੇ, ਖੁਦ ਡੀਜ਼ਲ ਲੈ ਕੇ, ਖੁਦ ਖਾਦ ਲੈ ਕੇ, ਆਪਣੀਆਂ ਫਸਲਾਂ ਬਣਾਈਆਂ ਅਤੇ ਉਹਨਾਂ ਨੂੰ ਮੰਡੀਆਂ ਵਿਚ ਲਿਆਂਦਾ । ਲੇਕਿਨ ਇਨ੍ਹਾਂ ਨੇ ਆਪ ਚੰਗਾ ਬਣਨ ਦੀ ਕੋਸ਼ਿਸ਼ ਕੀਤੀ ਹੈ ਅਤੇ ਆਖਿਆ ਹੈ ਕਿ ਅਸੀਂ ਵੀ ਇਸ ਵਿਚ ਹਿੱਸਾ ਪਾਇਆ ਹੈ ।

ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਲੋਕਾਂ ਦੀ ਆਮਦਨੀ ਵਧਾਈ ਹੈ । ਇਹ ਕਿਤਾਬ 'ਪੰਜਾਬ ਬਜਟ ਐਟ ਏ ਗਲਾਂਸ' ਹੈ, ਇਹਦੇ ਵਿਚ ਲਿਖਿਆ ਹੈ ਕਿ ਕਿੰਨੀ ਆਮਦਨੀ ਵਧੀ ਹੈ । ਗੱਲਾਂ ਤਾਂ ਇਹ ਬਹੁਤ ਕਰਦੇ ਹਨ ਪਰ ਜੋ ਫੈਕਟਸ ਦਿੱਤੇ ਜਾਂਦੇ ਹਨ ਉਹ ਮਜਬੂਰ ਹੋਕੇ ਦਿਤੇ ਜਾਂਦੇ ਹਨ । ਇਸ ਕਿਤਾਬ ਦੇ 28 ਸਫੇ ਤੇ ਲਿਖਿਆ ਹੋਇਆ ਹੈ, ਉਥੇ ਕੁਝ ਅੰਕੜੇ ਦਿੱਤੇ ਹੋਏ ਹਨ । ਉਹ ਮੈਂ ਦੱਸਦਾ ਹਾਂ ।

'State Income (Net State Domestic Produce (Rs. in crores).

1971-72 ਦੇ ਸਾਲ ਦਾ ਮੁਲਾਹਜ਼ਾ ਫਰਮਾਉ, ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ। ਉਦੋਂ ਪੰਜਾਬ ਦੀ ਪਰ ਕੈਪੀਟਾ ਇਨਕਮ 481/- ਰੁਪਏ ਸੀ। ਫੇਰ ਇਸ ਤੋਂ ਬਾਅਦ 1972-73 ਵਿਚ ਜਦੋਂ ਕਾਂਗਰਸ ਸਰਕਾਰ ਆਈ, ਉਸ ਸਾਲ 476/- ਪਰ ਕੈਪੀਟਾ ਇਨਕਮ ਰਹਿ ਗਈ। ਇਸ ਤਰ੍ਹਾਂ ਨਾਲ ਇਨ੍ਹਾਂ ਦੇ ਆਉਣ ਨਾਲ ਪੰਜਾਬ ਦੀ ਪਰ ਕੈਪੀਟਾ ਇਨਕਮ 5/- ਘਟ ਗਈ। (ਵਿਘਨ) ਇਹ ਜੋ ਇਨ੍ਹਾਂ ਨੇ ਕਿਤਾਬ ਦਿੱਤੀ ਹੈ ਉਸ ਦੇ ਹਿਸਾਬ ਨਾਲ ਹੀ ਦਸ ਰਿਹਾ ਹਾਂ। ਫੇਰ ਟੈਕਸਾਂ ਦੀ ਗੱਲ ਲੈ ਲਵੋ। ਟੈਕਸ ਕਿਸ ਨੇ ਲਗਾਏ। ਬਾਦਲ ਸਾਹਿਬ ਵੇਲੇ 1971-72 ਵਿਚ 83.91 ਪੈਸੇ ਪਰ ਕੈਪੀਟਾ ਟੈਕਸ ਪੰਜਾਬ ਵਿਚ ਸੀ। ਹੁਣ ਥੋੜੇ ਸਮੇਂ ਵਿਚ ਹੀ ਤਿੰਨ ਸਾਲਾਂ ਵਿਚ ਹੀ ਇਹ ਵਧ ਕੇ 132.9 ਪੈਸੇ ਹੋ ਗਏ। ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਦੇ ਰਾਜ ਵਿਚ ਇਨਕਮ ਤਾਂ ਘਟਾ ਦਿੱਤੀ ਗਈ ਹੈ ਅਤੇ ਟੈਕਸਿਜ਼ ਵਿਚ ਵਾਧਾ ਹੋ ਗਿਆ ਹੈ। ਇਨ੍ਹਾਂ ਦੇ ਵੇਲੇ ਇਨਕਮ ਜੋ ਇਕ ਸਾਲ ਵਿਚ ਘਟੀ ਹੈ ਉਹ ਤਾਂ 5/- ਪਰ ਕੈਪੀਟਾ ਹੈ ਅਤੇ ਜੋ ਟੈਕਸਿਜ਼ ਵਿਚ ਵਾਧਾ ਹੋਇਆ ਹੈ ਉਹ ਹੈ ਤਿੰਨਾਂ ਸਾਲਾਂ ਵਿਚ 48.18 ਪੈਸੇ। ਇਹ ਤਰੱਕੀ ਇਨ੍ਹਾਂ ਨੇ ਸੂਬੇ ਦੀ ਕੀਤੀ ਹੈ। ਪੈਰਾਗਰਾਫ ਵਿਚ ਲਿਖਿਆ ਹੈ ਕਿ ਸੂਬੇ ਦੀ ਬੜੀ ਆਮਦਨੀ ਵਧਾਈ ਹੈ। ਪਰ ਅੰਕੜੇ ਜੋ ਇਨ੍ਹਾਂ ਨੇ ਦਿੱਤੇ ਹਨ ਉਨ੍ਹਾਂ ਤੋਂ ਪੂਰੀ ਤਰ੍ਹਾਂ ਨਾਲ ਇਸ ਦੀ ਤਰਦੀਦ ਹੁੰਦੀ ਹੈ।

ਫੇਰ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਅੱਗੇ ਸਫਾ 6 ਤੇ ਪਾਵਰ ਦੇ ਬਾਰੇ ਲਿਖਿਆ ਹੋਇਆ ਹੈ। ਇਨ੍ਹਾਂ ਨੇ ਕਿਹਾ ਹੈ ਕਿ ਪਾਵਰ ਵਿਚ ਬੜੀ ਤਰੱਕੀ ਕੀਤੀ ਹੈ। ਬਿਜਲੀ ਪੈਦਾ ਕਰਨ ਦੀ ਸ਼ਕਤੀ ਵਿਚ ਬੜਾ ਵਾਧਾ ਕੀਤਾ ਗਿਆ ਹੈ। ਪਰ ਜੇ ਅੰਦਰ ਦੇਖੀਏ ਜੋ ਅੰਕੜੇ ਲਿਖੇ ਗਏ ਹਨ ਉਹ ਕੁਝ ਹੋਰ ਹੀ ਦਸਦੇ ਹਨ। ਹੁਣ ਡਾਕਟਰ ਕਲਕਟ ਸਾਹਿਬ ਬੋਲਦੇ ਹਨ। ਇਕ ਹੋਰ ਸੱਜਣ ਨੇ ਵੀ ਗਵਰਨਰ ਸਾਹਿਬ ਦੇ ਐਡਰੈਸ ਸਮੇਂ ਬੋਲਦੇ ਹੋਏ ਕਿਹਾ ਸੀ ਕਿ ਥੇਈਂ ਡੈਮ ਨਹੀਂ ਬਣਦਾ। ਇਹ ਕਿਸੇ ਹੋਰ ਕਾਰਣ ਕਰਕੇ ਨਹੀਂ ਬਣਦਾ ਬਲਕਿ ਇਸ ਕਾਰਣ ਕਰਕੇ ਨਹੀਂ ਬਣਦਾ ਕਿਉਂਕਿ ਪੰਜਾਬ, ਪੰਜਾਬ ਨਹੀਂ ਰਹਿਣ ਦਿਤਾ ਗਿਆ ਹੈ। ਇਸ ਗਲ ਦਾ ਬੜਾ ਗਿੱਲਾ ਕੀਤਾ ਗਿਆ ਸੀ। ਇਨ੍ਹਾਂ ਲੋਕਾਂ ਨੇ ਸਾਡੇ ਵਲ ਇਸ਼ਾਰਾ ਕਰਦੇ ਹੋਏ ਕਿਹਾ ਸੀ। ਪੰਜਾਬ ਪੰਜ ਆਬ ਨਹੀਂ ਰਹਿਣ ਦਿੱਤਾ ਅਤੇ ਸਾਡੇ ਹਿੱਸੇ ਢਾਈ ਦਰਿਆ ਹੀ ਰਹਿਣ ਦਿੱਤੇ ਗਏ ਹਨ। ਇਹ ਇਲਜ਼ਾਮ ਸਾਡੇ ਤੇ ਲਗਾਇਆ ਗਿਆ ਸੀ। ਡਿਪਟੀ ਸਪੀਕਰ ਸਾਹਿਬ, ਇਹ ਕਿਤਾਬ ਮੈਂ ਲਿਆਇਆ ਹਾਂ "ਇੰਡੀਆ ਵਿਨਜ਼ ਫਰੀਡਮ" ਇਹ ਕਿਤਾਬ ਮੌਲਾਨਾ ਆਜ਼ਾਦ ਸਾਹਿਬ ਦੀ ਲਿਖੀ ਹੋਈ ਹੈ। ਇਸ ਦੇ ਵਰਕੇ ਵਰਕੇ ਤੋਂ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਨੂੰ ਪੰਜਾਬ ਦੀ ਹਸਤੀ ਤੋਂ ਮਿਟਾਉਣ ਵਾਲਾ ਕੌਣ ਸੀ। ਕੌਣ ਸੀ ਜਿਸ ਨੇ ਪੰਜ ਆਬ ਨੂੰ ਖਿਲਾਰ ਦਿੱਤਾ (ਵਿਘਨ) ਢਾਈ ਦਰਿਆ ਸਾਡੇ ਹਿੱਸੇ ਆਏ (ਵਿਘਨ)

ਚੌਧਰੀ ਦਰਸ਼ਨ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ। ਜਿਹੜੀ ਇਨ੍ਹਾਂ ਨੇ ਕਿਤਾਬ ਕੋਟ ਕੀਤੀ ਹੈ "ਇੰਡੀਆ ਵਿਨਜ਼ ਫਰੀਡਮ" ਬਾਈ ਮੌਲਾਨਾ ਆਜ਼ਾਦ ਉਸ ਵਿਚ ਉਨ੍ਹਾਂ ਨੇ ਦਸਿਆ ਹੈ ਕਿ ਕੌਣ ਕੌਣ ਜ਼ਿੰਮੇਵਾਰ ਸੀ ਪੰਜਾਬ ਨੂੰ ਕਟ ਕਰਨ ਵਾਸਤੇ। ਉਹ ਕਟ ਤਾਂ ਹੋ ਗਿਆ (ਵਿਘਨ) ਇਹ ਜ਼ਿੰਮੇਵਾਰੀ ਕਿਸ ਦੀ ਹੈ ਜਿਹੜਾ ਫਰਦਰ ਕਟ ਹੋ ਗਿਆ।

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਇਨ੍ਹਾਂ ਦਾ ਧਿਆਨ ਇਸ ਪਾਸੇ ਨਹੀਂ। ਇਹ ਬੜੇ ਸਿਆਣੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਗਿਲਾ ਇਸ ਗੱਲ ਦਾ ਹੈ ਕਿ ਪੰਜਾਬ ਪੰਜ ਆਬ

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਨਹੀਂ ਰਹਿਣ ਦਿੱਤਾ । ਇਹ ਚੀਜ਼ ਇਸ ਕਿਤਾਬ ਵਿਚ ਹੈ (ਵਿਘਨ) ਇਹ ਗੱਲ ਉਨ੍ਹਾਂ ਨੇ ਗਾਂਧੀ ਨਾਲ ਕੀਤੀ ।

> "I went to see him at once and his very first remark was 'Partition has now become a threat. It seems Vallabhbhai and even Jawaharlal have surrendered. What will you do now ? Will you stand by me or have you also changed ?"

ਇਹ ਮੌਲਾਨਾ ਆਜ਼ਾਦ ਨੂੰ ਮਹਾਤਮਾ ਗਾਂਧੀ ਪੁਛ ਰਹੇ ਹਨ ।

> I replied, "I have been and am against partition. Never has my opposition to partition been so strong as to-day. I am, however, distressed to find that even Jawaharlal and Sardar Patel have accepted defeat and, in your words, surrendered their arms. My only hope now is in you. If you stand against partition, we may yet save the situation. If you, however, acquiesce, I am afraid India is lost."

ਚੌਧਰੀ ਰਾਮ ਸਿੰਘ: ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਬਰਨਾਲਾ ਜੀ ਮੌਲਾਨਾ ਆਜ਼ਾਦ ਅਤੇ ਉਨ੍ਹਾਂ ਦੀ ਕਿਤਾਬ ਦਾ ਹਵਾਲਾ ਦੇ ਰਹੇ ਹਨ । ਮੈਂ ਇਸ ਗੱਲ ਦੀ ਇਨ੍ਹਾਂ ਕੋਲੋਂ ਕਲੈਰੀਫੀਕੇਸ਼ਨ ਚਾਹੁੰਦਾ ਹਾਂ ਕਿ ਜਿਸ ਵੇਲੇ ਇੰਡੀਆ ਦੀ ਪਾਰਟੀਸ਼ਨ ਹੋ ਰਹੀ ਸੀ ਉਸ ਸਮੇਂ ਮਾਸਟਰ ਤਾਰਾ ਸਿੰਘ ਨੇ 'ਆਜ਼ਾਦ ਪੰਜਾਬ' ਦਾ ਨਾਹਰਾ ਲਗਾਇਆ ਸੀ ਅਤੇ ਇਕ ਬੱਫਰ ਸਟੇਟ ਬਣਾਉਣ ਦੀ ਪਲਾਨਿੰਗ ਬਣਾਈ ਸੀ । ਕੀ ਇਹ ਇਨ੍ਹਾਂ ਦੇ ਇਲਮ ਵਿਚ ਹੈ । (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਇਨ੍ਹਾਂ ਨੂੰ ਇਸ ਬਾਰੇ ਕੋਈ ਪਤਾ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਨੇ ਕੋਈ ਕਿਤਾਬ ਪੜ੍ਹੀ ਹੈ । (ਤਾੜੀਆਂ)

ਸ੍ਰੀ ਪ੍ਰੇਮ ਗੁਪਤਾ: ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਬਰਨਾਲਾ ਜੀ ਬੜੇ ਸਮਝਦਾਰ ਹਨ ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੱਜਟ ਸਪੀਚ ਤੇ ਡਿਸਕੱਸ਼ਨ ਚਲ ਰਹੀ ਹੈ । ਬੱਜਟ ਵਿਚ ਕਿਤੇ ਇਹ ਪਾਰਟ ਨਹੀਂ ਆਉਂਦਾ । ਇਹ ਜਿਹੜੀ ਕਿਤਾਬ 'ਇੰਡੀਆ ਵਿੱਨਜ਼ ਫਰੀਡਮ' ਦਾ ਜ਼ਿਕਰ ਕਰ ਰਹੇ ਹਨ, ਇਹ ਇਸ ਵਿਚ ਨਹੀਂ ਆਉਂਦੀ । (ਵਿਘਨ) ਉਸ ਵੇਲੇ ਅੰਗਰੇਜ਼ਾਂ ਦੀ ਹਕੂਮਤ ਸੀ ਅਤੇ ਉਹ ਕਹਿੰਦੇ ਸਨ ਕਿ ਇਸ ਮੁਲਕ ਦੀ ਪਾਰਟੀਸ਼ਨ ਕਰਨੀ ਹੈ । ਇਸ ਲਈ ਬੱਜਟ ਸਪੀਚ ਵਿਚ ਇਹ ਗੱਲ ਕਿਸ ਤਰ੍ਹਾਂ ਆ ਗਈ । ਦੂਸਰੀ ਗੱਲ ਇਹ ਸੀ ਕਿ ਫਰਦਰ ਕੱਟ ਕੀਤੀ ਹੈ । ਉਸ ਦੀ ਜ਼ਿੰਮੇਵਾਰੀ ਡਿਸਓਨ ਨਹੀਂ ਕੀਤੀ ਜਾ ਸਕਦੀ । (ਵਿਘਨ)

Mr. Deputy Speaker: Rule 93 (1) of the Rules of Procedure and Conduct of Business In the Punjab Legislative Assembly reads as under—

> "The matter of every speech shall be strictly relevant to the matter before the Assembly.

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਮੈਂ ਰੇਲੇਵੇਂਟ ਹੀ ਹਾਂ ।

ਸ੍ਰੀ ਡਿਪਟੀ ਸਪੀਕਰ: ਬਰਨਾਲਾ ਜੀ, ਤੁਸੀਂ ਤਾਂ ਇਸ ਤਰ੍ਹਾਂ ਬੋਲ ਰਹੇ ਹੋ ਜਿਵੇਂ ਤੁਸੀਂ ਸੀ.ਐਮ. ਦੀ ਸਪੀਚ ਦਾ ਰਿਪਲਾਈ ਦੇ ਰਹੇ ਹੋਵੋ । ਇਸ ਤਰ੍ਹਾਂ ਇਹ ਠੀਕ ਨਹੀਂ ਹੈ ।

ਤੁਸੀਂ ਸੀ.ਐਮ. ਸਾਹਿਬ ਦਾ ਰਿਪਲਾਈ ਨਾ ਦਿਓ, ਸਗੋਂ ਤੁਸੀਂ ਬੱਜਟ ਸਪੀਚ ਤੇ ਬੋਲੋ । (Barnala Ji, you are speaking in such a way as if you are giving the reply of C.M.'s speech. It is not a good thing. Don't give reply to C.M.'s speech but you please speak on the Budget.)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਇਹ ਸੀ. ਐਮ. ਸਾਹਿਬ ਨੇ ਨਹੀਂ ਕਿਹਾ ਸੀ । ਫਿਰ ਮੌਲਾਨਾ ਆਜ਼ਾਦ ਕਹਿੰਦੇ ਹਨ :—

> "In despondency I said at last, "If even you have now adopted these views, I see no hope of saving India from catastrophe."

ਇਨ੍ਹਾਂ ਕਾਰਨਾਂ ਕਰਕੇ ਸਾਡੇ ਦਰਿਆ ਗਏ ਹਨ । ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਦਰਿਆ ਕਢਵਾ ਦਿੱਤੇ ਅਤੇ ਪੰਜਾਬ ਨਹੀਂ ਰਹਿਣ ਦਿੱਤਾ, ਇਹ ਇਨ੍ਹਾਂ ਦੀ ਗਲਤ ਗੱਲ ਹੈ । (ਵਿਘਨ) ਰਾਵੀ ਦੇ ਪਾਣੀ ਵਾਸਤੇ ਪੈਸੇ ਦੇ ਦਿਤੇ ਲੇਕਿਨ ਪਾਣੀ ਫਿਰ ਵੀ ਪਾਕਿਸਤਾਨ ਨੂੰ ਜਾ ਰਿਹਾ ਹੈ । ਸਾਡੇ ਖੇਤ ਇਧਰ ਰਾਵੀ ਦੇ ਕੰਢੇ ਤੇ ਸੁੱਕ ਰਹੇ ਹਨ । ਕਿਸਾਨ ਵਿਚਾਰੇ ਹੰਝੂ ਕੇਰ ਰਹੇ ਹਨ । ਕਿਸਾਨਾਂ ਦੇ ਖੇਤ ਪਾਣੀ ਤੋਂ ਬਗੈਰ ਸੁੱਕ ਰਹੇ ਹਨ ਕਿਉਂਕਿ ਜਿਹੜਾ ਪਾਣੀ ਉਨ੍ਹਾਂ ਦੇ ਖੇਤਾਂ ਨੂੰ ਲਗਣਾ ਸੀ ਉਹ ਪਾਕਿਸਤਾਨ ਨੂੰ ਜਾ ਰਿਹਾ ਹੈ । ਅਸੀਂ ਬੰਧ ਨਹੀਂ ਬਣਾ ਸਕੇ । ਬਿਆਸ ਤੇ ਬੰਨ੍ਹ ਬਣਾ ਕੇ ਪਾਣੀ ਠੱਲ੍ਹ ਲਿਆ ਸੀ । ਉਸ ਠੱਲ ਦਾ ਮਤਲਬ ਸੀ ਕਿ ਸਾਡੇ ਟਿਊਬਵੈਲ ਲੱਗਣਗੇ ਪਾਣੀ ਬਹੁਤ ਹੋਵੇਗਾ ਅਤੇ ਕਿਸਾਨਾਂ ਦੀਆਂ ਫਸਲਾਂ ਠੀਕ ਹੋਣਗੀਆਂ ਪਰ ਉਸ ਦਾ ਨਤੀਜਾ ਇਹ ਹੋਇਆ ਹੈ ਕਿ ਉਹ ਪਾਣੀ ਹਾਲੇ ਵੀ ਬਾਹਿਰ ਜਾ ਰਿਹਾ ਹੈ । ਜਿਹੜਾ ਬੰਨ੍ਹ ਮਾਰਿਆ ਸੀ ਉਸ ਵਿਚੋਂ ਪਾਣੀ ਵਗ ਰਿਹਾ ਹੈ । ਪਾਣੀ ਕਿਤੇ ਵਗ ਰਿਹਾ ਹੈ ? ਇਹ ਕਹਿੰਦੇ ਹਨ ਕਿ ਉਸ ਵਿਚ ਗਲੀ ਹੋ ਗਈ ਹੈ । ਇਸ ਤਰ੍ਹਾਂ ਸਾਡਾ ਬਹੁਤ ਸਾਰਾ ਪਾਣੀ ਬਾਹਰ ਜਾ ਰਿਹਾ ਹੈ । ਇਧਰ ਸਾਡੇ ਕਿਸਾਨ ਬੂੰਦ ਬੂੰਦ ਪਾਣੀ ਨੂੰ ਤਰਸ ਰਹੇ ਹਨ । ਇਸ ਤਰ੍ਹਾਂ ਸਾਡਾ ਚਾਰ ਸਾਲਾਂ ਤੋਂ ਇਕੱਠਾ ਕੀਤਾ ਹੋਇਆ ਪਾਣੀ ਜਾ ਰਿਹਾ ਹੈ । ਇਹ ਪਾਣੀ ਨਹੀਂ ਜਾ ਰਿਹਾ ਬਲਕਿ ਪੰਜਾਬੀਆਂ ਦੀ ਰੱਤ ਜਾ ਰਹੀ ਹੈ । ਹਰੀਕੇ ਡੈਮ ਤੇ ਜਾ ਕੇ ਦੇਖੋ, ਬਹੁਤ ਸਾਰਾ ਸਾਡਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ । ਜਿਨ੍ਹਾਂ ਦੀ ਖੇਤੀ ਨੂੰ ਪਾਣੀ ਨਹੀਂ ਮਿਲਦਾ ਉਨ੍ਹਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ । (ਵਿਘਨ) ਇਨ੍ਹਾਂ ਨੂੰ ਪਤਾ ਨਹੀਂ ਲਗਾ ਕਿ ਉਨ੍ਹਾਂ ਦਾ ਕੀ ਨੁਕਸਾਨ ਹੋ ਰਿਹਾ ਹੈ । ਜੇ ਤੁਹਾਡੇ ਖਿਆਲ ਵਿਚ ਇਹ ਕੋਈ ਨੁਕਸਾਨ ਨਹੀਂ ਹੈ ਤਾਂ ਫਿਰ ਉਸ ਦਾ ਗੇਟ ਖੋਲ ਦਿਓ । (ਘੰਟੀ) ਮੈਂ ਸ਼ਰਮਾ ਜੀ ਨੂੰ ਕਹਾਂਗਾ ਕਿ ਉਹ ਧਿਆਨ ਨਾਲ ਸੁਣ ਲੈਣ, ਫਿਰ ਉਨ੍ਹਾਂ ਨੇ ਜੁਆਬ ਦੇਣਾ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਬਜਟ ਸਪੀਚ ਦੇ ਸਫਾ ਨੰ: 7 ਤੇ 3 ਕਰੋੜ ਰੁਪਏ ਬਾਰ ਲਿਖਿਆ ਹੈ ਕਿ ਅਸੀਂ ਸੇਮ ਨਾਲੇ ਬਣਾਉਣ ਹਨ । ਇਕ ਪਾਸੇ ਬਾਰਿਸ਼ਾਂ ਨਹੀਂ ਹੋਈਆਂ ਪਰ ਦੂਸਰੇ ਪਾਸੇ ਇਹ ਸੇਮ ਨਾਲੇ ਬਣਾ ਰਹੇ ਹਨ । ਮੈਂ ਕਹਿੰਦਾ ਹਾਂ ਕਿ ਜਦੋਂ ਸੇਮ ਆਵੇਗੀ ਉਦੋਂ ਸੇਮ ਨਾਲੇ ਬਣਾ ਲੈਣਾ ਅਤੇ ਇਹ ਜਿਹੜਾ ਹੁਣ 3 ਕਰੋੜ ਰੁਪਿਆ ਸੇਮ ਨਾਲਿਆਂ ਤੇ ਲਗਾਉਣਾ ਹੈ ਇਹ ਕਿਸੇ ਹੋਰ ਪਾਸੇ ਲਗਾ ਲੈਣਾ ਅਤੇ ਫਿਰ ਜਦੋਂ ਬਾਰਿਸ਼ਾਂ ਆਉਣਗੀਆਂ ਉਦੋਂ ਸੇਮ ਨਾਲੇ ਬਣਾ ਲੈਣਾ । (ਵਿਘਨ) ਸਿਬੀਆ ਜੀ ਦੇ ਇਲਾਕੇ

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਵਿਚ ਜਿਥੇ ਸੇਮ ਨਾਲੇ ਚਾਹੀਦੇ ਸਨ ਉਥੇ ਬਣ ਗਏ ਹਨ । ਇਸ ਲਈ ਹੁਣ ਇਸ ਪਾਸੇ 3 ਕਰੋੜ ਰੁਪਿਆ ਨਹੀਂ ਲਾਉਣਾ ਚਾਹੀਦਾ ਅਤੇ ਇਹ ਬਚਾ ਕੇ ਕਿਸੇ ਹੋਰ ਪਾਸੇ ਲਾਉਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਐਗਰੀਕਲਚਰ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਇਹ ਬਹੁਤ ਇੰਪਾਰਟੈਂਟ ਇਸ਼ੂ ਹੈ, ਇਸ ਲਈ ਇਸ ਬਾਰੇ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ । ਬਜਟ ਸਪੀਚ ਵਿਚ ਲਿਖਿਆ ਹੈ :

"The level of foodgrains production was maintained during Kharif, 1974 by the progressive and dynamic peasantry of the State",

ਇਹ ਰੱਬੀ 1974 ਦੀ ਗੱਲ ਛੱਡ ਗਏ ਹਨ । ਇਸ ਬਾਰੇ ਹੁਣ ਇਹ ਗੱਲ ਨਹੀਂ ਕਰਦੇ । ਖਰੀਫ, 1974 ਦਾ ਜ਼ਿਕਰ ਆਇਆ ਹੈ । (ਵਿਘਨ) ਇਸ ਵਿਚ ਲਿਖਿਆ ਹੈ ਕਿ ਇਨਪੁਟਸ ਸਪਲਾਈ ਕੀਤੀਆਂ ਅਤੇ ਟਾਈਮਲੀ ਸਪਲਾਈ ਕੀਤੀਆਂ ਜਿਸ ਤਰ੍ਹਾਂ ਦੀਆਂ ਇਨਪੁਟਸ ਆਦਿ ਸਪਲਾਈ ਕੀਤੀਆਂ ਹਨ, ਉਸ ਬਾਰੇ ਸਾਰਿਆਂ ਨੂੰ ਪਤਾ ਹੈ ਜਿਹੜੇ ਲੋਕਾਂ ਤਿੰਨ ਤਿੰਨ, ਚਾਰ ਚਾਰ ਦਿਨ ਪੰਪਾਂ ਤੇ ਖੜ੍ਹੇ ਹੋਣਾ ਪਿਆ ਇਸ ਦਾ ਸਾਰਿਆਂ ਨੂੰ ਪਤਾ ਹੈ । Millions of man hours were wasted in Punjab. ਜੇ ਬਾਹਰਲੇ ਮੁਲਕਾਂ ਵਿਚ ਇਹ ਚੀਜ਼ ਹੁੰਦੀ ਤਾਂ ਉਥੇ ਗੌਰਮਿੰਟ ਨੇ ਫੇਲ੍ਹ ਹੋ ਜਾਣਾ ਸੀ ਕਿ ਉਹ ਲੋਕਾਂ ਨੂੰ ਵੇਲੇ ਸਿਰ ਅਜਿਹੀਆਂ ਲੋੜੀਂਦੀਆਂ ਚੀਜ਼ਾਂ ਨਹੀਂ ਦੇ ਸਕੀ । (ਵਿਘਨ)

ਇਹ ਕਹਿੰਦੇ ਹਨ ਕਿ ਬਿਜਲੀ ਦਿਤੀ ਹੈ । ਇਹ ਸਾਰਿਆਂ ਨੂੰ ਪਤਾ ਹੈ ਕਿ ਬਿਜਲੀ ਕਿੰਨੀ ਦਿਤੀ ਹੈ । ਲੋਕ ਐਜੀਟੇਸ਼ਨ ਕਰ ਰਹੇ ਹਨ । ਇਹ ਲੋਕਾਂ ਨੂੰ 24 ਘੰਟਿਆਂ ਵਿਚੋਂ 4 ਘੰਟੇ ਬਿਜਲੀ ਦੇ ਰਹੇ ਹਨ ਅਤੇ ਲੋਕੀਂ ਚਾਂਗਾਂ ਮਾਰ ਰਹੇ ਹਨ । (ਵਿਘਨ) ਗੁਰਦਾਸਪੁਰ ਵਿਚ ਲੋਕਾਂ ਨੇ ਇਹ ਅੰਦੋਲਨ ਚਲਾਇਆ ਕਿ 'ਜਿੰਨੀ ਬਿਜਲੀ ਉੱਤਨਾ ਬਿੱਲ' । ਬਿੱਲ ਤਾਂ ਤੁਸੀਂ ਫਲੈਟ ਰੇਟ ਦੇ ਹਿਸਾਬ ਨਾਲ ਦਿੰਦੇ ਹੋ ਪਰ ਬਿਜਲੀ ਚਾਰ ਘੰਟੇ ਦਿੰਦੇ ਹੋ । ਸੋ ਗੁਰਦਾਸਪੁਰ ਵਿਚ ਲੋਕਾਂ ਨੇ ਅੰਦੋਲਨ ਚਲਾਇਆ । ਉਥੇ ਇਨ੍ਹਾਂ ਨੇ ਉਨ੍ਹਾਂ ਲੋਕਾਂ ਨਾਲ ਕੁਝ ਗੱਲ ਕੀਤੀ ਹੈ ਤਾਂ ਲੋਕ ਕੁਝ ਟਿਕੇ ਹਨ । ਇਹ ਬਿਜਲੀ ਪੂਰੀ ਨਹੀਂ ਦੇ ਸਕੇ । ਇਹ ਬਿਜਲੀ ਪੂਰੀ ਲੈ ਵੀ ਨਹੀਂ ਸਕੇ । ਜਿੰਨਾ ਸਾਡਾ ਕੋਟਾ ਬਣਦਾ ਸੀ, ਉਤਨੀ ਬਿਜਲੀ ਇਹ ਲੈ ਨਹੀਂ ਸਕੇ । ਬਿਜਲੀ ਹੈ ਸੀ ਪਰ ਉਹ ਗਈ ਕਿਧਰ ? ਬਿਜਲੀ ਯੂ. ਪੀ. ਦੀਆਂ ਇਲੈਕਸ਼ਨਾਂ ਜਿੱਤਣ ਵਾਸਤੇ ਚਲੀ ਗਈ । (ਵਿਘਨ)

ਚੌਧਰੀ ਜਗਤ ਰਾਮ : ਪੁਆਇੰਟ ਆਫ ਆਰਡਰ, ਸਰ । ਇਹ ਕਹਿੰਦੇ ਹਨ ਕਿ ਲੋਕਾਂ ਨੂੰ ਪੈਸੇ ਬਹੁਤੇ ਦੇਣੇ ਪੈਂਦੇ ਹਨ ਅਤੇ ਬਿਜਲੀ ਘੱਟ ਆਉਂਦੀ ਹੈ । ਜੇ ਇਹ ਰਜ਼ਾਮੰਦ ਹਨ ਤਾਂ ਇਹ ਕਹਿ ਦੇਣ ਕਿ ਮੀਟਰ ਲਵਾ ਦਿਓ ਤਾਂ ਕੀ ਮੀਟਰ ਲਵਾ ਦੇਈਏ ਅਤੇ ਫਲੈਟ ਰੇਟ ਹਟਾ ਦੇਈਏ ? ਤਕੜਾ ਜ਼ਿਮੀਂਦਾਰ ਇਹ ਗੱਲ ਨਹੀਂ ਮੰਨੇਗਾ, ਗਰੀਬ ਜ਼ਿਮੀਂਦਾਰ ਤਾਂ ਇਹ ਗੱਲ ਕਹੇਗਾ ।

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਬਿਜਲੀ ਤਾਂ ਹੁੰਦੀ ਹੈ ਪਰ ਉਹ ਵੰਡੀ ਗਈ ਹੈ ਬਿਜਲੀ ਵੰਡੀ ਕਿਥੇ ਗਈ ? ਕੁਝ ਤਾਂ ਯੂ. ਪੀ. ਦੀਆਂ

ਇਲੈਕਸ਼ਨਾਂ ਜਿਤਣ ਵਾਸਤੇ ਵੰਡੀ ਗਈ ਅਤੇ ਕੁਝ ਦਿੱਲੀ ਨੂੰ ਇਹ 3 ਪੈਸੇ ਯੂਨਿਟ ਦੇ ਬਾਹਰ ਨਾਲ ਦੇ ਰਹੇ ਹਨ। ਬਾਦਲ ਸਾਹਿਬ ਨੇ ਸੁਜੈਸਟ ਕੀਤਾ ਸੀ....(ਵਿਘਨ)

ਚੌਧਰੀ ਜਗਤ ਰਾਮ : ਬਾਦਲ ਸਾਹਿਬ ਕਹਿ ਦੇਣ ਅਸੀਂ ਫੈਸਲਾ ਕਰਵਾ ਦਿੰਦੇ ਹਾਂ। ਜੋ ਮੈਂ ਕਿਹਾ ਹੈ ਲੀਡਰ ਆਫ ਦੀ ਆਪੋਜ਼ੀਸ਼ਨ ਉਠ ਕੇ ਕਹਿ ਦੇਣ, ਅਸੀਂ ਇਸ ਤੇ ਫੈਸਲਾ ਕਰਵਾ ਦਿੰਦੇ ਹਾਂ। (ਵਿਘਨ) (ਸ਼ੋਰ) ਦੇਖੋ, ਡਿਪਟੀ ਸਪੀਕਰ ਸਾਹਿਬ, ਇਹ ਨਹੀਂ ਕਹਿੰਦੇ। (ਵਿਘਨ)

ਇਕ ਆਵਾਜ਼ : ਅੱਜ ਕੱਲ ਇਹ ਵਜ਼ੀਰ ਹੈ। (ਵਿਘਨ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਅਸੀਂ ਤਾਂ ਸੁਜੈਸ਼ਨ ਦੇ ਸਕਦੇ ਹਾਂ। ਪਰ ਇਹ ਸਾਡੀ ਸੁਜੈਸ਼ਨ ਸੁਣਨਾ ਹੀ ਨਹੀਂ ਚਾਹੁੰਦੇ ਤਾਂ ਇਨ੍ਹਾਂ ਦੀ ਮਰਜ਼ੀ ਅਸੀਂ ਕੀ ਕਰ ਸਕਦੇ ਹਾਂ।

ਤੇ, ਡਿਪਟੀ ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੀ ਗਲ ਕਰ ਰਿਹਾ ਸੀ। ਇਹ ਇਕ ਕਿਤਾਬ ਹੈ 'ਪੰਜਾਬ ਆਨ ਦੀ ਮਾਰਚ'....(ਵਿਘਨ)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਸਪੀਚ ਬੜੇ ਗੌਰ ਨਾਲ ਸੁਣ ਰਿਹਾ ਹਾਂ ਅਤੇ ਨੋਟ ਵੀ ਕਰ ਰਿਹਾ ਹਾਂ। ਇਨ੍ਹਾਂ ਨੇ ਧਾਰੀਵਾਲ ਦੇ ਵਿਚ ਬਿਜਲੀ ਦਾ ਜ਼ਿਕਰ ਕੀਤਾ ਸੀ। ਮੈਂ ਤਾਂ ਸੋਚਿਆ ਸੀ ਕੋਈ ਕੰਕਰੀਟ ਪ੍ਰੋਪੋਜ਼ਲ ਦੱਸਣਗੇ ਪਰ ਇਹ ਤਾਂ ਹੋਰ ਦੀਆਂ ਹੋਰ ਗੱਲਾਂ ਵਿਚ ਪੈ ਗਏ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕੋਈ ਕੰਕਰੀਟ ਪ੍ਰੋਪੋਜ਼ਲ ਦੇਣ। (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਜਿਹੜੀ ਬਿਜਲੀ ਦਿੱਲੀ ਨੂੰ ਜਾਂਦੀ ਹੈ ਉਸ ਦਾ 13 ਅਪਰੈਲ ਨੂੰ ਕੰਟਰੈਕਟ ਸਾਡਾ ਖਤਮ ਹੋ ਰਿਹਾ ਹੈ, ਉਹ ਹੀ ਹੁਣ ਖਤਮ ਕਰ ਦੇਣ ਤਾਂ ਵੀ ਪੰਜਾਬ ਵਾਸਤੇ ਕਾਫੀ ਬਿਜਲੀ ਹੋ ਸਕਦੀ ਹੈ। ਦਿੱਲੀ ਨੂੰ ਜੋ ਬਿਜਲੀ ਜਾਂਦੀ ਹੈ, ਡਿਪਟੀ ਸਪੀਕਰ ਸਾਹਿਬ, ਉਹ 3 ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਜਾਂਦੀ ਹੈ ਜਦ ਕਿ ਪੰਜਾਬ ਨੂੰ 40 ਪੈਸੇ ਪਰ ਯੂਨਿਟ ਤੇ ਮਿਲਦੀ ਹੈ। ਇਸ ਲਈ ਇਹ ਜਿਹੜਾ ਕੰਟਰੈਕਟ ਹੈ ਇਹ 13 ਅਪਰੈਲ ਤੋਂ ਅਗੋਂ ਖਤਮ ਕਰ ਦੇਣਾ ਚਾਹੀਦਾ ਹੈ। ਦਿਲੀ ਵਾਲਿਆਂ ਕੋਲ ਹੋਰ ਬੜੇ ਸੋਰਸਿਜ਼ ਹਨ, ਉਹ ਉਥੋਂ ਬਿਜਲੀ ਲੈ ਸਕਦੇ ਹਨ। ਉਹ ਬਿਜਲੀ ਸਤਪੁੜਾ ਤੋਂ ਲੈ ਸਕਦੇ ਹਨ ਜਾਂ ਕੋਈ ਹੋਰ ਪਲਾਂਟ ਰਾਹੀਂ ਬਿਜਲੀ ਲੈ ਸਕਦੇ ਹਨ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੁਣ ਅਗੇ ਵਾਸਤੇ ਉਹ ਕੰਟਰੈਕਟ ਖਤਮ ਕਰ ਦੇਣਾ ਚਾਹੀਦਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਜਿਹੜੀ ਲੀਕੇਜ਼ ਹੁੰਦੀ ਹੈ, ਉਸ ਨੂੰ ਬੰਦ ਕਰਨਾ ਚਾਹੀਦਾ ਹੈ। ਪੰਜਾਬ ਦੇ ਵਿਚ 37.4% ਲੀਕੇਜ ਹੁੰਦੀ ਹੈ। ਦੁਨੀਆਂ ਦੀਆਂ ਜੋ ਫਿਗਰਜ਼ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ 5 ਤੋਂ 10% ਤਕ ਲੀਕੇਜ਼ ਹੁੰਦੀ ਹੈ ਪਰ ਸਾਡੇ ਇਥੇ ਪੰਜਾਬ ਵਿਚ 37.4% ਲੀਕੇਜ ਹੁੰਦੀ ਹੈ। ਜੇ ਇਸ ਲੀਕੇਜ ਨੂੰ ਹੀ ਰੋਕ ਦੇਣ, ਜਿਹੜੀ ਕਿ ਤਕਰੀਬਨ ਤੀਸਰਾ ਹਿਸਾ ਹੈ ਤਾਂ ਖਾਸੀ ਬਿਜਲੀ ਹੋ ਸਕਦੀ ਹੈ।

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਸੋ ਮੈਂ 'ਪੰਜਾਬ ਆਨ ਦੀ ਮਾਰਚ' ਦੇ ਬਾਰੇ ਅਰਜ਼ ਕਰ ਰਿਹਾ ਸੀ । ਇਸ ਦੇ ਵਿਚ ਵੀਟ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ । 1971 ਦੇ ਵਿਚ ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ ਤਾਂ ਉਸ ਵੇਲੇ 1971—72 ਵਿਚ ਵੀਟ ਹੋਈ 56.18 ਲੱਖ ਟਨ ਪਰ 2 ਸਾਲ ਇਨ੍ਹਾਂ ਦੇ ਜਦੋਂ ਹੱਥ ਲਗ ਗਏ ਤਾਂ ਇਹ 56.18 ਲੱਖ ਟਨ ਤੋਂ ਘੱਟ ਕੇ 51 ਲਖ 81 ਟਨ ਤੇ ਆ ਗਈ । ਇਸ ਵਾਰ ਦਾ ਇਸ ਦੇ ਵਿਚ ਜ਼ਿਕਰ ਨਹੀਂ ਕੀਤਾ ਕਿ ਕਿੰਨੀ ਹੈ । ਇਕ ਥਾਂ ਤੇ ਇਸ ਦਾ ਜ਼ਿਕਰ ਆਇਆ ਹੈ ਕਿ 10.15 ਲਖ ਟਨ ਸੈਂਟਰ ਪੂਲ ਵਿਚ ਅਸੀਂ ਵੀਟ ਦੇ ਸਕਾਂਗੇ । ਜਿਥੇ ਅਗੇ 27 ਲਖ ਟਨ ਜਾਂਦੀ ਸੀ, 28 ਲਖ ਟਨ ਜਾਂਦੀ ਸੀ ਉਥੇ ਹੁਣ ਅਸੀਂ 10.15 ਲਖ ਟਨ ਹੀ ਦੇ ਸਕਾਂਗੇ। ਇਹ ਤਾਂ ਇਨ੍ਹਾਂ ਦੀ ਕਾਮਯਾਬੀ ਹੈ । ਇਕਲੀ ਵੀਟ ਵਿਚ ਇਹ ਹਾਲ ਹੈ । ਮੱਕੀ ਦੇ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਦੇ ਵੇਲੇ, ਅਰਥਾਤ ਸਾਲ 1971-72 ਵਿਚ 8.57 ਲਖ ਟਨ ਸੀ ਪਰ 2 ਸਾਲ ਇਨ੍ਹਾਂ ਦੇ ਹੱਥ ਲਗ ਗਏ ਹਨ ਤਾਂ ਇਹ 8.57 ਲੱਖ ਟਨ ਤੋਂ ਘਟ ਕੇ 7.86 ਲੱਖ ਟਨ ਹੀ ਰਹਿ ਗਈ । ਫਿਰ ਇਸ ਵਾਰ ਦਾ ਇਸ ਦੇ ਵਿਚ ਜ਼ਿਕਰ ਹੀ ਨਹੀਂ ਕੀਤਾ ਕਿ ਕਿੰਨੀ ਹੈ । ਅੰਦਾਜ਼ੇ ਹੀ ਰਹਿ ਗਏ ਹਨ । 'ਪੰਜਾਬ ਆਨ ਦੀ ਮਾਰਚ' ਵਿਚ ਫਿਰ ਇਹ ਦਸਿਆ ਗਿਆ ਹੈ ਕਿ ਪੰਜਾਬ ਮਾਰਚ ਕਰਦਾ ਜਾ ਰਿਹਾ ਹੈ । ਮਾਰਚ ਕਿਧਰ ਨੂੰ ਕਰਦਾ ਜਾ ਰਿਹਾ ਹੈ ? ਮੈਂ ਤਾਂ ਇਹ ਕਹਿੰਦਾ ਹਾਂ ਕਿ ਇਸ ਦਾ ਨਾਮ 'ਪੰਜਾਬ ਆਨ ਦੀ ਮਾਰਚ' ਦੀ ਥਾਂ 'ਪੰਜਾਬ ਆਨ ਦੀ ਬੈਕਵਰਡ ਮਾਰਚ' ਕਰ ਦੇਣਾ ਚਾਹੀਦਾ ਹੈ । ਜਿਸ ਪਾਸੇ ਵਲ ਵੀ ਤੁਸੀਂ ਦੇਖੋ ਇਹ ਪਿਛੇ ਨੂੰ ਹੀ ਜਾ ਰਿਹਾ ਹੈ। ਇਹ ਤਾਂ ਸੀ ਐਗਰੀਕਲਚਰ ਦੇ ਬਾਰੇ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਕੋਪਰੇਸ਼ਨ ਦਾ ਜ਼ਿਕਰ ਕੀਤਾ ਹੈ । ਬੜੀ ਇਸ ਦੇ ਵਿਚ ਡੀਂਗ ਮਾਰੀ ਹੈ। ਪਿਛਲੇ ਸਾਲ ਤਾਂ ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ ਆ ਗਈ ਸੀ । ਉਹ 27—74 ਕਰੋੜ ਰੁਪਏ ਦੀ ਕਾਟਨ ਖਰੀਦ ਕੇ ਲੈ ਗਈ ਪਰ ਇਸ ਵਾਰ ਪਤਾ ਨਹੀਂ ਕੀ ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ ਨੂੰ ਸੱਪ ਸੁੰਘ ਗਿਆ ਹੈ । ਕਾਟਨ ਵਾਲਿਆਂ ਵਿਚਾਰਿਆਂ ਦਾ ਬੁਰਾ ਹਾਲ ਹੋਇਆ ਹੈ । ਕਾਟਨ ਵਾਲੇ ਵਿਚਾਰੇ ਦਿੱਲੀ ਤਕ ਕਰਾਏ ਖਰਚ ਕੇ ਪਹੁੰਚੇ । ਉਨ੍ਹਾਂ ਨੂੰ ਉਮੀਦ ਸੀ ਕਿ ਐਤਕੀ 450 ਰੁਪਏ ਤਕ ਰੇਟ ਮਿਲੇਗਾ ਪਰ ਉਨ੍ਹਾਂ ਨੂੰ ਮਿਲਿਆ 280 ਰੁਪਿਆ ਤਾਂ ਉਹ ਲੋਕ ਪਿਟਣ ਲਗ ਪਏ ਅਤੇ ਕਈ ਲੋਕ ਆਪਣੇ ਕਰਾਏ ਖਰਚ ਕੇ ਦਿੱਲੀ ਗਏ ਅਤੇ ਉਥੇ ਮੁਜ਼ਾਹਰਾ ਕੀਤਾ ਪਰ ਉਨ੍ਹਾਂ ਨੂੰ ਕੋਈ ਕਾਟਨ ਕਾਰਪੋਰੇਸ਼ਨ ਨਾ ਦਿਖੀ । ਜਦੋਂ ਲੋਕਾਂ ਦਾ ਕੋਈ ਚਾਰਾ ਨਾ ਚਲਿਆ ਤਾਂ ਹਾਰ ਕੇ ਉਨ੍ਹਾਂ ਵਿਚਾਰਿਆਂ ਨੇ ਸਸਤੇ ਭਾਅ ਤੇ ਆਪਣੀ ਕਾਟਨ ਵੇਚ ਦਿਤੀ । ਹੁਣ ਇਨ੍ਹਾਂ ਨੇ ਮਾਰਕਫੈਡ ਮੰਡੀਆਂ ਵਿਚ ਭੇਜ ਦਿਤਾ ਹੈ । ਕਿਸਾਨ ਵਿਚਾਰਾ ਤਾਂ ਵੇਚ ਚੁੱਕਾ ਹੈ, ਹੁਣ ਟਰੇਡਰਜ਼ ਨੂੰ ਫਾਇਦਾ ਪਹੁੰਚਦਾ ਹੈ ਜਿਹੜਾ ਸਟਾਕ ਕਰ ਸਕਦਾ ਹੈ । ਇਨ੍ਹਾਂ ਦੇ ਕੰਮ ਨਾਲ ਟਰੇਡਰ ਨੂੰ ਤਾਂ ਫਾਇਦਾ ਹੋ ਗਿਆ ਹੈ ਪਰ ਗਰੀਬ ਆਦਮੀ ਨੂੰ, ਗਰੀਬ ਕਿਸਾਨ ਨੂੰ ਕੋਈ ਲਾਭ ਨਹੀਂ ਹੋ ਸਕਿਆ । ਫਿਰ ਜਿਹੜੇ, ਡਿਪਟੀ ਸਪੀਕਰ ਸਾਹਿਬ, ਕਪਾਹ ਚੁਗਣ ਜਾਂਦੇ ਹਨ ਉਨ੍ਹਾਂ ਨੂੰ ਉਸ ਦੇ ਵਿਚੋਂ ਕੁਝ ਹਿਸਾ ਮਿਲਦਾ ਹੈ । ਕਿਸੇ ਨੂੰ ਸੇਰ, ਕਿਸੇ ਨੂੰ ਡੇਢ ਸੇਰ ਦੇ ਹਿਸਾਬ ਨਾਲ ਹਿੱਸਾ ਮਿਲਦਾ ਹੈ । ਉਹ ਲੋਕ ਵੀ ਝੋਲੀਆਂ ਭਰ ਭਰ ਕੇ ਆਪਣਾ ਨਰਮਾ ਇਕੱਠਾ ਕਰਕੇ ਰਖ ਲੈਂਦੇ ਹਨ ਅਤੇ ਬਾਅਦ ਵਿਚ ਇਕੱਠਾ ਵੇਚ ਦਿੰਦੇ ਹਨ । ਉਨ੍ਹਾਂ ਲੋਕਾਂ ਨੇ ਇਹ

ਆਸ ਲਗਾਈ ਸੀ ਕਿ 400 ਜਾਂ 450 ਰੁਪਏ ਦੇ ਭਾਅ ਦੇ ਹਿਸਾਬ ਨਾਲ ਵੇਚਾਂਗੇ ਪਰ ਉਨ੍ਹਾਂ ਨੂੰ ਵੇਚਣਾ ਪਿਆ 250 ਰੁਪਏ ਦੇ ਹਿਸਾਬ ਨਾਲ । ਹੁਣ ਇਨ੍ਹਾਂ ਨੇ ਮਾਰਕਫੈਡ ਵਾਲਿਆਂ ਨੂੰ ਮੰਡੀਆਂ ਵਿਚ ਭੇਜ ਦਿਤਾ ਹੈ ਜਦ ਕਿ ਗਰੀਬ ਆਦਮੀ ਤਾਂ ਕਪਾਹ ਸਾਰੀ ਵੇਚ ਚੁੱਕਾ ਹੈ । ਇਸ ਦੇ ਨਾਲ ਟਰੇਡਰਜ਼ ਨੂੰ ਫਾਇਦਾ ਪਹੁੰਚੇਗਾ । 25 ਕਰੋੜ ਰੁਪਏ ਦਾ ਕਾਟਨ ਵਿਚ ਕਿਸਾਨ ਨੂੰ ਇਸ ਵਾਰੀ ਘਾਟਾ ਪਿਆ ਹੈ । ਇਹ ਤਾਂ ਗੱਲ ਕਾਟਨ ਦੀ ਹੈ ।

ਅਗਲੀ ਗੱਲ, ਡਿਪਟੀ ਸਪੀਕਰ ਸਾਹਿਬ, ਇੰਡਸਟਰੀਜ਼ ਦੀ ਆ ਗਈ ਹੈ । ਇਹ ਤਾਂ ਮੰਨ ਲਿਆ ਕਿ ਇਨ੍ਹਾਂ ਨੇ ਬੜੀਆਂ ਇੰਡਸਟਰੀਜ਼ ਲਾ ਦਿਤੀਆਂ ।

It has been mentioned in the speech of Shri Hans Raj Sharma, Finance Minister, that I have already mentioned that our State is handicapped by the absence of large scale industries.

ਬਾਦਲ ਸਾਹਿਬ ਜਦੋਂ ਬੋਲੇ ਕਿ ਇਸ ਗਲ ਤੇ ਸਾਡੇ ਨਾਲ ਵਿਤਕਰਾ ਹੁੰਦਾ ਹੈ ਤਾਂ ਇਹ ਸਾਰੇ ਪਾਸਿਆਂ ਤੋਂ ਉਨ੍ਹਾਂ ਨੂੰ ਪੈ ਗਏ ਅਤੇ ਕਹਿਣ ਲਗੇ ਕਿ ਪੰਜਾਬ ਨਾਲ ਤਾਂ ਇਨਸਾਫ ਹੀ ਬੜਾ ਹੁੰਦਾ ਹੈ । 8 ਹਜ਼ਾਰ ਕਰੋੜ ਰੁਪਿਆ ਪਲੈਨਿੰਗ ਤੇ ਲਾਇਆ ਹੈ ਲੇਕਿਨ ਸਾਡੇ ਹਿੱਸੇ ਇਕ ਵੀ ਵਡੀ ਇੰਡਸਟਰੀ ਨਹੀਂ ਆਈ । ਆਖਿਆ ਜਾਂਦਾ ਹੈ ਕਿ ਅਗੇ ਵਾਸਤੇ ਇਕ ਅਸੀਂ ਲਾਵਾਂਗੇ । ਚੀਫ ਮਨਿਸਟਰ ਸਾਹਿਬ ਇਸ ਗਲ ਦਾ ਜ਼ਿਕਰ ਕਰ ਗਏ ਸਨ ਕਿ ਇਕ ਬਹੁਤ ਵਡੀ ਇੰਡਸਟਰੀ ਪੰਜਾਬ ਵਿਚ ਲਾਵਾਂਗੇ । ਜੇ ਰੌਲਾ ਪਾਉ ਤਾਂ ਉਸ ਦਾ ਕੁਝ ਨਾ ਕੁਝ ਤਾਂ ਅਸਰ ਹੁੰਦਾ ਹੀ ਹੈ । ਸ਼ਾਇਦ ਇਹ ਲੋਕ ਵੀ ਉਪਰ ਜਾ ਕੇ ਕਹਿੰਦੇ ਹਨ ਕਿ ਹੁਣ ਤਾਂ ਪੰਜਾਬ ਵਿਚ ਬਹੁਤ ਰੌਲਾ ਪੈਂਦਾ ਹੈ ਕਿ ਪੰਜਾਬ ਨਾਲ ਵਿਤਕਰਾ ਹੁੰਦਾ ਹੈ, ਕੁਝ ਪੰਜਾਬ ਦੇ ਲੋਕਾਂ ਦੀਆਂ ਅੱਖੀਆਂ ਪੂੰਝਣ ਵਾਸਤੇ ਲਗਾ ਹੀ ਦਿਉ । ਇਸ ਦੇ ਬਾਅਦ :—

"The State Government is keen to provide the infra-structure.

ਇਨਫਰਾ—ਸਟੱਰਕਚਰ ਬਹੁਤਾ ਤਾਂ ਬਿਜਲੀ ਦਾ ਹੁੰਦਾ ਹੈ ਪਰ ਬਿਜਲੀ ਤਾਂ, ਡਿਪਟੀ ਸਪੀਕਰ ਸਾਹਿਬ, 24 ਘੰਟਿਆਂ ਦੀ ਬਜਾਏ 4 ਘੰਟੇ ਦੇ ਰਹੇ ਹਨ ? ਔਰ ਉਹ 4 ਘੰਟੇ ਇੰਡਸਟਰੀ ਨੂੰ ਬਿਜਲੀ ਦੇ ਕਿਹੜੇ ਵਕਤ ਦੇ ਰਹੇ ਹਨ ? ਸ਼ਾਮ ਨੂੰ 6.00 ਵਜੇ ਤੋਂ 10.00 ਵਜੇ ਤਕ । ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਉਹ ਇੰਡਸਟਰੀ ਕਿਸ ਤਰ੍ਹਾਂ ਚਲੇਗੀ ਜਿਸ ਨੂੰ ਬਿਜਲੀ ਹੀ ਸ਼ਾਮ ਦੇ 6.00 ਤੋਂ ਰਾਤ ਦੇ 10.00 ਵਜੇ ਤਕ ਮਿਲੇਗੀ ? ਮਜ਼ਦੂਰ ਦੀ ਸ਼ਿਫਟ ਹੁੰਦੀ ਹੈ 8 ਘੰਟੇ ਦੀ । ਉਹ ਲੋਕ ਮਜ਼ਦੂਰ ਨੂੰ 8 ਘੰਟੇ ਲਈ ਕਿਵੇਂ ਐਂਪਲਾਈ ਕਰਨਗੇ ? ਉਹ ਮਜ਼ਦੂਰ ਨੂੰ ਕਹਿੰਦੇ ਹਨ ਕਿ ਸ਼ਾਮ ਨੂੰ 6.00 ਵਜ ਤੋਂ 10.00 ਵਜੇ ਤਕ ਕੰਮ ਕਰੋ । ਮਜ਼ਦੂਰ 6.00 ਵਜੇ ਤੋਂ 10.00 ਵਜੇ ਤਕ ਕਿਸ ਤਰ੍ਹਾਂ ਕੰਮ ਕਰਨ ਲਈ ਆਵੇਗਾ । ਸਾਰਾ ਦਿਨ ਇਕ ਮਜ਼ਦੂਰ ਵਿਹਲਾ ਰਹੇ ਸ਼ਾਮ 6.00 ਵਜੇ ਤੋਂ 10.00 ਵਜੇ ਤਕ ਸ਼ਿਫਟ ਲਾਏ । ਫਿਰ ਪੰਜਾਬ ਵਿਚ ਕੋਈ ਵਡੀ ਇੰਡਸਟਰੀ ਤਾਂ ਹੈ ਨਹੀਂ ਨਿੱਕੀ ਇੰਡਸਟਰੀ ਹੈ ਪਰ ਉਸ ਨੂੰ ਵੀ ਬਿਲ 8 ਘੰਟੇ ਦਾ ਦੇਣਾ ਪੈਂਦਾ ਹੈ ਤਾਂ ਉਹ ਤਬਾਹ ਕਿਵੇਂ ਨਾ ਹੋਵੇ ? ਨਿੱਕੀ ਇੰਡਸਟਰੀ ਇਸ ਵੇਲੇ ਤਬਾਹ ਹੋ ਗਈ ਹੈ । ਨਿੱਕੀ ਇੰਡਸਟਰੀਜ਼ ਵਾਲੇ ਰੋਂਦੇ ਹਨ । ਇਸ ਗੱਲ ਨੂੰ ਇਨ੍ਹਾਂ ਨੇ ਆਪ ਮੰਨਿਆ ਹੈ ਕਿ ਡੇਢ ਕਰੋੜ ਰੁਪਿਆ ਰੋਜ਼ ਦਾ ਇੰਡਸਟਰੀਜ਼ ਨੂੰ ਨੁਕਸਾਨ ਹੋ ਰਿਹਾ ਹੈ । ਇਸ ਕਰਕੇ ਇਨਫਰਾ-ਸਟਰੱਕਚਰ ਜਿਸ ਦਾ ਇਹ ਜ਼ਿਕਰ ਕਰਦੇ ਹਨ, ਉਹ ਇਹ ਨਹੀਂ ਦੇ ਸਕਣਗੇ ।

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਡਿਪਟੀ ਸਪੀਕਰ ਸਾਹਿਬ, ਮੈਂ ਲੀਕੇਜ ਦੀ ਗੱਲ ਕਰ ਰਿਹਾ ਸੀ । ਮੈਂ ਗਲਤੀ ਨਾਲ 37.4% ਕਹਿ ਗਿਆ ਸੀ, ਉਹ 34.4% ਹੈ ਜਦੋਂ ਕਿ ਵਰਲਡ ਦੀ ਫਿਗਰਜ਼ ਦੇ ਮੁਤਾਬਕ 5% ਤੋਂ 10% ਤਕ ਲੀਕੇਜ ਹੁੰਦੀ ਹੈ ਪਰ ਇਨ੍ਹਾਂ ਦੀ 34.4% ਲੀਕੇਜ ਹੈ । ਆਪਣੇ ਦੇਸ਼ ਵਿਚ, ਬੰਗਾਲ ਵਿਚ 10.2% ਤਕ ਲੈ ਗਏ ਹਨ । ਮੇਰੀ ਬੇਨਤੀ ਹੈ ਕਿ ਇਸ ਲੀਕੇਜ ਨੂੰ ਬੰਦ ਕੀਤਾ ਜਾਵੇ । 4 ਘੰਟਿਆਂ ਨਾਲ ਨਾ ਪਹਿਲੀ ਇੰਡਸਟਰੀ ਚਲਣੀ ਹੈ ਅਤੇ ਨਾ ਕੋਈ ਹੋਰ ਇੰਡਸਟਰੀ ਆਉਣੀ ਹੈ ।

4.00 P.M.

ਸੋ ਇਸੇ ਤਰ੍ਹਾਂ ਹੀ ਇਨ੍ਹਾਂ ਨੇ ਜ਼ਿਕਰ ਕੀਤਾ ਹੈ । ਪੰਜਾਬ ਸਟੇਟ ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਦਾ ਕਿ ਇਹ ਬੜੀ ਸਹਾਇਕ ਸਿਧ ਹੋਈ ਹੈ । ਇਸ ਦੇ 12 ਪੇਜ ਤੇ ਲਿਖਿਆ ਹੈ :

'The punjab State Small Scale Industries Corporation' has been rendering valuable service in the procurement of scarce raw material etc.

ਇਹ ਸਮਾਲ ਸਕੇਲ ਇੰਡਸਟਰੀਅਲ ਕਾਰਪੋਰੇਸ਼ਨ ਬਣਾਈ ਗਈ ਸੀ ਨੋ ਪ੍ਰਾਫਿਟ ਨੋ ਲਾਸ ਬੇਸਿਜ਼ ਤੇ ਪਰ ਉਸ ਕਾਰਪੋਰੇਸ਼ਨ ਨੇ ਇਨਕਮ ਟੈਕਸ ਵਜੋਂ 50 ਲਖ ਰੁਪਏ ਦਿਤੇ ਹਨ । ਇਨ੍ਹਾਂ ਨੇ ਡਿਪਾਜ਼ਿਟਸ ਨਿਕੀਆਂ ਨਿਕੀਆਂ ਇੰਡਸਟਰੀਆਂ ਤੋਂ ਲਏ ਹਨ ਅਤੇ ਉਨ੍ਹਾਂ ਨੂੰ ਵਿਆਜ਼ ਤਕ ਨਹੀਂ ਦਿੰਦੇ ਪਰ ਇਨ੍ਹਾਂ ਨੇ ਉਸ ਕਾਰਪੋਰੇਸ਼ਨ ਰਾਹੀਂ ਇਤਨੀ ਇਨਕਮ ਵਧਾ ਲਈ ਹੈ ਕਿ 50 ਲੱਖ ਰੁਪਏ ਇੰਕਮ ਟੈਕਸ ਦੇਣਾ ਪੈਂਦਾ ਹੈ । ਇਹ ਕਾਰਪੋਰੇਸ਼ਨ ਨੋ ਪ੍ਰਾਫਿਟ ਨੋ ਲਾਸ ਬੇਸਿਜ਼ ਤੇ ਚਲਣ ਵਾਲੀ ਹੈ । ਇਨ੍ਹਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਗੌਰਮਿੰਟ ਆਫ ਇੰਡੀਆ ਦੇ ਇੰਡਸਟਰੀਜ਼ ਡਿਪਾਰਟਮੈਂਟ ਵਲੋਂ ਇਕ ਬਾਲਾ ਚੰਦਰਾ ਕਮੇਟੀ ਬਣਾਈ ਗਈ ਅਤੇ ਇਸੇ ਤਰ੍ਹਾਂ ਹੀ ਐਸ.ਐਸ. ਸੰਧੂ ਕਮੇਟੀ ਬਣਾਈ ਗਈ । ਇਹ ਕਮੇਟੀਆਂ ਇਸ ਲਈ ਬਣਾਈਆਂ ਗਈਆਂ ਤਾਂ ਕਿ ਇਹ ਜਿਹੜਾ ਸਾਡਾ ਕੱਚਾ ਲੋਹਾ ਹੈ ਇਸ ਬਾਰੇ ਸੁਝਾ ਦਿਤੇ ਜਾਣ ਕਿ ਇਸ ਵਿਚ ਜਿਹੜੇ ਨੁਕਸ ਹਨ ਉਹ ਕਿਵੇਂ ਦੂਰ ਕੀਤੇ ਜਾਣ । ਇਥੇ ਪੰਜਾਬ ਵਿਚ ਜਿਹੜੀ ਨਿਕੀ ਇੰਡਸਟਰੀ ਲਗੀ ਹੈ ਉਸ ਨੂੰ 100 ਰੁਪਏ ਤੇ 8 ਰੁਪਏ ਜ਼ਿਆਦਾ ਦੇਣੇ ਪੈਂਦੇ ਹਨ । ਇਸ ਦਾ ਮਤਲਬ ਇਹ ਹੈ ਕਿ ਇਕ ਟਨ ਤੇ 150 ਰੁਪਏ ਵਾਧੂ ਦੇਣੇ ਪੈਂਦੇ ਹਨ ਅਤੇ ਜਿਹੜੀ ਵਡੀ ਇੰਡਸਟਰੀ ਹੈ ਉਸ ਨੂੰ ਉਹ ਲੋਹਾ 150 ਰੁਪਏ ਟਨ ਸਸਤਾ ਪੈਂਦਾ ਹੈ । ਕਾਰਨ ਇਹ ਦਸਦੇ ਹਨ ਕਿ ਲੋਹਾ ਰਸਤੇ ਵਿਚ ਲਾਹ ਲਿਆ ਜਾਂਦਾ ਹੈ ਜਾਂ ਹੋਰ ਕਿਸੇ ਤਰੀਕੇ ਨਾਲ ਘਟ ਜਾਂਦਾ ਹੈ । ਇਹ ਹਾਲ ਸਾਡੇ ਦੇਸ਼ ਵਿਚ ਹੈ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੋਹਾਂ ਕਮੇਟੀਆਂ ਦੀ ਰਿਪੋਰਟ ਤੇ ਅਮਲ ਕਰਦੇ ਹੋਏ ਇਨ੍ਹਾਂ ਨੂੰ ਉਸ ਰੇਟ ਤੇ ਛੋਟੀ ਇੰਡਸਟਰੀ ਨੂੰ ਰਾ-ਮੈਟੀਰੀਅਲ ਦੇਣਾ ਚਾਹੀਦਾ ਹੈ ਜਿਸ ਰੇਟ ਤੇ ਵਡੀ ਇੰਡਸਟਰੀ ਨੂੰ ਦਿਤਾ ਜਾਂਦਾ ਹੈ ।

ਸੀਮਿੰਟ ਦੀ ਗਲ ਲੈ ਲਵੋ । ਸੀਮਿੰਟ ਤਾਂ ਨਦਾਰਦ ਹੋ ਗਿਆ ਹੈ । ਇਸ ਦਾ ਜ਼ਿਕਰ ਕਰਨ ਦੀ ਮੈਨੂੰ ਕੋਈ ਬਹੁਤੀ ਲੋੜ ਨਹੀਂ ਕਿਉਂਕਿ ਇਸ ਬਾਰੇ ਸਾਰੇ ਜਾਣਦੇ ਹੀ ਹਨ । ਪਰ ਐਸੇ ਹਾਲਾਤ ਵਿਚ ਵੀ ਕਈ ਲੋਕ ਗੱਫੇ ਲਾਈ ਜਾ ਰਹੇ ਹਨ । ਕਈ ਫੈਕਟਸ ਇਸ ਵਿਚ ਦਸੇ ਗਏ ਹਨ । ਜਲੰਧਰ ਵਿਚ ਕੋਈ ਨਾਜ਼ ਥੀਏਟਰ ਹੈ ਜਿਹੜਾ ਕਿ 20 ਸਾਲਾਂ ਤੋਂ ਚਲਿਆ ਆ ਰਿਹਾ ਹੈ, ਉਸ ਨੂੰ 115 ਟਨ ਸੀਮਿੰਟ ਦੇ ਦਿਤਾ ਗਿਆ । ਉਹ ਪੁਰਾਣਾ

ਥੀਏਟਰ ਹੈ । ਇਹ ਮਹਿਜ਼ ਇਸ ਕਰਕੇ ਦੇ ਦਿਤਾ ਗਿਆ ਕਿਉਂਕਿ ਇਸ ਵਿਚ ਕਿਸੇ ਰੂਲਿੰਗ ਪਾਰਟੀ ਵਾਲੇ ਦਾ ਹਿਸਾ ਹੈ । ਹੋਰ ਵੇਖੋ ਕੋਈ ਐਚ.ਐਮ. ਇੰਡਸਟਰੀਜ਼ ਹੈ, ਉਸ ਨੂੰ 1,668 ਬੈਗਜ਼ ਸੀਮਿੰਟ ਦੇ ਦਿਤਾ ਗਿਆ । ਇੰਡਸਟਰੀ ਕਿਸੇ ਦੇ ਨਾਂ ਹੈ ਕੰਮ ਕੋਈ ਕਰਦਾ ਹੈ ਇਸ ਦੀ ਅਪਰੂਵਲ ਕਿਵੇਂ ਹੋਈ । 31 ਜੁਲਾਈ 1974 ਨੂੰ ਦਰਖਾਸਤ ਆਈ । ਝਟਾਫਟ ਕੰਮ ਕੀਤਾ ਗਿਆ । 2 ਅਗਸਤ, 1974 ਨੂੰ ਸਾਰੀਆਂ ਫਾਰਮੈਲਿਟੀਜ਼ ਕੰਪਲੀਟ ਹੋ ਗਈਆਂ ਅਤੇ ਸੀਮਿੰਟ ਦੇ ਦਿਤਾ ਗਿਆ । ਇਸ ਤਰ੍ਹਾਂ ਨਾਲ ਸੀਮਿੰਟ ਵਿਚ ਧਾਂਦਲੀ ਮਚੀ ਹੋਈ ਹੈ । ਇਹ ਗਲ ਨਹੀਂ ਕਿ ਸੀਮਿੰਟ ਨਹੀਂ ਪਰ ਇਸ ਤਰ੍ਹਾਂ ਜਦੋਂ ਕਰਦੇ ਹਨ ਤਾਂ ਲੋਕੀਂ 70-70 ਰੁਪਏ ਵਿਚ ਸੀਮਿੰਟ ਦੀਆਂ ਬੋਰੀਆਂ ਲੈਂਦੇ ਫਿਰਦੇ ਹੁੰਦੇ ਹਨ ਕਿਉਂ ਜੋ ਉਨ੍ਹਾਂ ਨੂੰ ਜ਼ਰੂਰੀ ਕੰਮ ਲਈ ਚਾਹੀਦਾ ਹੁੰਦਾ ਹੈ । ਇਸ ਤੋਂ ਇਲਾਵਾ ਜੇ ਕਰ ਕਿਸੇ ਮੰਦਰ, ਗੁਰਦੁਆਰੇ, ਸਕੂਲ ਜਾਂ ਕਿਸੇ ਪਬਲਿਕ ਯੂਟੇਲਿਟੀ ਦੇ ਕੰਮ ਲਈ ਲੋੜ ਪੈ ਜਾਏ ਤਾਂ ਸੀਮਿੰਟ ਨਹੀਂ ਮਿਲਦਾ । ਇਹ ਧਾਂਦਲੀਆਂ ਖਤਮ ਕਰਨੀਆਂ ਚਾਹੀਦੀਆਂ ਹਨ ।

ਇਸੇ ਤਰ੍ਹਾਂ ਇਸ ਦੇ ਪੇਜ 14 ਤੇ ਵੈਲਫੇਅਰ ਆਫ ਸ਼ੈਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਲਈ ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਦਾ ਜ਼ਿਕਰ ਕੀਤਾ ਗਿਆ ਹੈ ।

'The Punjab Scheduled Castes Land Development and Finance Corporation is estimated to spend, on programmes of agricultural development, small scale industry, construction of buildings, transport, purchase of land such other business or trade as may be approved.'

ਇੰਨੇ ਸਾਰੇ ਕੰਮ ਕਰਨੇ ਹਨ, ਬਹੁਤ ਵਡੀ ਸੰਸਥਾ ਬਣਾ ਦਿਤੀ ਅਤੇ ਪੈਸੇ ਰਖੇ 95 ਲੱਖ ਰੁਪਏ । ਇਸ ਦਾ ਜ਼ਿਕਰ ਸਰਦਾਰ ਦਰਬਾਰਾ ਸਿੰਘ ਨੇ ਵੀ ਕੀਤਾ ਕਿ 95 ਲੱਖ ਰੁਪਏ ਵਿਚ ਇੰਡਸਟਰੀ, ਟਰਾਂਸਪੋਰਟ ਦੀਆਂ ਬੱਸਾਂ ਲੈ ਕੇ ਦੇਣੀਆਂ ਹਨ, ਬਿਲਡਿੰਗਾਂ ਬਣਾ ਕੇ ਦੇਣੀਆਂ ਹਨ, ਸਮਾਲ ਸਕੇਲ ਇੰਡਸਟਰੀ ਆ ਗਈ, ਐਗਰੀਕਲਚਰ ਆ ਗਈ, ਸਭ ਕੁਝ ਹੋ ਸਕਦਾ ਹੈ । ਦਰਅਸਲ ਹਾਲਤ ਜੋ ਹੈ ਉਹ ਮੈਂ ਦਸਦਾ ਹਾਂ । ਮੇਰੇ ਹਲਕੇ ਵਿਚ ਕਰਮਗੜ੍ਹ ਪਿੰਡ ਹੈ ਉਥੇ 25 ਏਕੜ ਦਾ ਸੀਡ ਫਾਰਮ ਸੀ ਜਿਸ ਦੇ 5-5 ਏਕੜ ਦੇ 5 ਹਿਸੇ ਬਣਾ ਦਿਤੇ ਗਏ । ਇਹ ਕਹਿ ਲਿਆ ਗਿਆ ਕਿ ਉਸ ਵਿਚੋਂ ਇਕ ਹਿਸਾ ਪਛੜੀਆਂ ਸ਼ਰੇਣੀਆਂ ਨੂੰ ਦੇਣਾ ਹੈ ਕਿਉਂਕਿ ਉਸ ਪਿੰਡ ਵਿਚ ਪਛੜੀਆਂ ਸ਼ਰੇਣੀਆਂ ਦੀ ਬਹੁਗਿਣਤੀ ਵਸਦੀ ਹੈ । ਬਾਕੀ 4 ਹਿਸਿਆਂ ਦੀ 36 ਹਜ਼ਾਰ ਰੁਪਏ ਦੀ ਬੋਲੀ ਹੋ ਗਈ । ਜਿਹੜਾ ਪੰਜਵਾਂ ਹਿਸਾ ਸੀ ਉਨ੍ਹਾਂ ਨੇ ਇਕਠੇ ਹੋ ਕੇ ਆਪਣੇ ਗਹਿਣੇ, ਟੂਮਾਂ ਵੇਚ ਕੇ ਜਾਂ ਉਧਾਰ ਲੈ ਕੇ 9 ਹਜ਼ਾਰ ਰੁਪਿਆ 1972 ਵਿਚ ਦੇ ਦਿਤਾ ਸੀ ਪਰ ਉਸ ਦਾ ਕਬਜਾ ਉਨ੍ਹਾਂ ਨੂੰ ਅਜੇ ਤਕ ਨਹੀਂ ਦਿਤਾ ਗਿਆ । ਹਫਤਾ ਹੋਇਆ ਹੈ ਮੈਂ ਉਸ ਪਿੰਡ ਵਿਚ ਗਿਆ, ਮੈਂ ਪਿੰਡਾਂ ਵਿਚ ਜਾ ਰਿਹਾ ਸੀ ਸਾਡਾ ਇਕ ਪ੍ਰੋਗਰਾਮ ਸੀ ਪਿੰਡਾਂ ਵਿਚ ਜਾਣ ਦਾ, ਮੈਂ ਰਾਹ ਵਿਚ ਵੇਖਿਆ ਕਿ ਕੋਈ ਕਲਰ ਵਾਲੀ ਜ਼ਮੀਨ ਪਈ ਸੀ । ਮੈਂ ਸਮਝਿਆ ਕਿ ਕਿਸੇ ਜ਼ਿਮੀਂਦਾਰ ਦੀ ਹੋਣੀ ਹੈ । ਪਰ ਬਾਅਦ ਵਿਚ ਦਸਿਆ ਗਿਆ ਕਿ ਸਾਡੇ ਗਹਿਣੇ ਵਿਕ ਗਏ, ਟੂਮਾਂ ਵਿਕ ਗਈਆਂ, ਅਸੀਂ ਰਿਸ਼ਤੇਦਾਰਾਂ ਤੋਂ ਵਿਆਜ ਤੇ ਪੈਸੇ ਲਏ, 2 ਸਾਲ ਹੋ ਗਏ ਪੈਸੇ ਜਮ੍ਹਾਂ ਕਰਾਏ ਨੂੰ ਪਰ ਕਬਜ਼ਾ ਨਹੀਂ ਦਿਤਾ ਗਿਆ ਅਤੇ ਉਹ ਜ਼ਮੀਨ ਹੁਣ ਕਲਰ ਵਾਲੀ ਹੋ ਗਈ ਹੈ । ਉਹ ਜ਼ਮੀਨ ਜਿਹੜੀ ਬੀਜ ਵਾਸਤੇ ਸਰਕਾਰ ਦੇ ਰਹੀ ਸੀ ਉਹ ਕਲਰ ਬਣ ਕੇ ਰਹਿ ਗਈ । ਇਹ ਡੀਂਗਾਂ ਬੜੀਆਂ ਮਾਰਦੇ ਹਨ ਕਿ ਇਹ ਕਰ ਦਿਤਾ, ਉਹ ਕਰ ਦਿਤਾ, ਪਰ ਐਕਚੁਅਲੀ ਪ੍ਰੈਕਟਿਸ ਵਿਚ ਇਹ ਹੁੰਦਾ ਹੈ .... (ਵਿਘਨ)

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਰੋਡਜ਼ ਬਾਰੇ ਬੜੀਆਂ ਡੀਂਗਾਂ ਮਾਰੀਆਂ ਗਈਆਂ ਕਿ ਅਸੀਂ ਬੜੀਆਂ ਰੋਡਜ਼ ਬਣਾਈਆਂ ਹਨ। ਰੋਡਜ਼ ਵੇਖਣ ਦਾ ਮੈਨੂੰ ਆਪਣੇ ਇਲਾਕੇ ਵਿਚ ਮੌਕਾ ਮਿਲਿਆ ਕਿਉਂਕਿ 72 ਪਿੰਡਾਂ ਵਿਚ ਅਸੀਂ ਜਾਣਾ ਸੀ, ਸਾਡੀ ਪਾਰਟੀ ਦਾ ਪ੍ਰੋਗਰਾਮ ਸੀ ਸਾਈਕਲਾਂ ਤੇ ਜਾਣ ਦਾ ਅਤੇ ਮੈਂ ਸਾਈਕਲ ਤੇ 10 ਦਿਨਾਂ ਲਈ ਗਿਆ। ਮੈਂ ਸਾਰੇ ਪਿੰਡਾਂ ਵਿਚ ਪੁੱਛਦਾ ਰਿਹਾ। ਉਨ੍ਹਾਂ 72 ਪਿੰਡਾਂ ਵਿਚ ਇਨ੍ਹਾਂ ਤਿੰਨ ਸਾਲਾਂ ਦੇ ਅੰਦਰ ਅੰਦਰ ਸਿਰਫ 2 ਮੀਲ ਸੜਕ ਬਣੀ ਹੈ। ਇਹ ਟਾਹ੍ਹਾਂ ਮਾਰਦੇ ਹਨ ਕਿ ਅਸੀ ਸੜਕਾਂ ਬਣਾ ਦਿਤੀਆਂ। ਫਿਰ ਕਹਿੰਦੇ ਹਨ ਕਿ ਹਾਈ ਕੋਰਟ ਨੇ ਫੈਸਲਾ ਕਰ ਦਿਤਾ ਜਿਸ ਕਰਕੇ ਸਾਨੂੰ ਪੈਸੇ ਨਹੀਂ ਮਿਲ ਸਕੇ। ਉਥੇ ਪੀ.ਡਬਲਿਊ.ਡੀ. ਦੇ ਕਰਮਚਾਰੀ ਸਨ ਮੈਂ ਉਨ੍ਹਾਂ ਨੂੰ ਪੁਛਿਆ ਕਿ ਇਥੇ ਟੋਏ ਪੈਂਦੇ ਜਾਂਦੇ ਹਨ, ਜਿਹੜੀਆਂ ਸੜਕਾਂ ਅਸੀਂ ਬਣਾ ਗਏ ਸੀ, ਉਨ੍ਹਾਂ ਦੀ ਰੀਪੇਅਰ ਕਰ ਦਿਉ। ਤਾਂ ਉਨ੍ਹਾਂ ਨੇ ਕਿਹਾ ਕਿ ਅਗਲੇ ਸਾਲ ਹੋ ਜਾਏਗੀ, ਇਸ ਸਾਲ ਸਾਡੇ ਕੋਲ ਪੈਸੇ ਨਹੀਂ ਹਨ। ਇਨ੍ਹਾਂ ਨੇ 3 ਸਾਲਾਂ ਵਿਚ 72 ਪਿੰਡਾਂ ਵਿਚ 2 ਮੀਲ ਸੜਕ ਬਣਾਈ।

ਇਸ ਦੇ ਅਗੇ ਸਫਾ 16 ਤੇ ਟਰਾਂਸਪੋਰਟ ਦਾ ਜ਼ਿਕਰ ਆਇਆ ਹੈ। ਤੁਹਾਡੇ ਕੋਲ, ਡਿਪਟੀ ਸਪੀਕਰ ਸਾਹਿਬ, ਇੰਗਲਿਸ਼ ਵਿਚ ਇਸ ਦੀ ਕਾਪੀ ਹੋਣੀ ਹੈ। ਇਸ ਵਿਚ ਟਰਾਂਸਪੋਰਟ ਦੀ ਬਜਾਏ 'ਟਰਾਂਸਡੋਟ' ਲਿਖਿਆ ਹੋਇਆ ਹੈ। ਅਸਲ ਵਿਚ ਇਹ ਹੈ ਹੀ ਟਰਾਂਸਡੋਟ, ਕਿਉਂਕਿ ਜੇਕਰ ਚੰਡੀਗੜ੍ਹ ਤੋਂ ਪਟਿਆਲਾ ਨੂੰ ਜਾਈਏ ਤਾਂ ਬੱਸ ਬਨੂੜ ਜਾ ਕੇ ਹੀ ਖੜ੍ਹ ਜਾਂਦੀ ਹੈ। ਇਨ੍ਹਾਂ ਨੇ ਕਿਹਾ ਹੈ ਕਿ 135 ਬੱਸਾਂ ਲੈ ਲੈਣੀਆਂ ਹਨ, ਬਹੁਤ ਵੱਡਾ ਕੰਮ ਕੀਤਾ ਹੈ, ਜਿਹੜਾ ਅਗਲਾ ਫਲੀਟ ਸੀ ਉਹ ਵੀ ਇਸ ਤਰ੍ਹਾਂ ਦਾ ਸੀ....(ਵਿਘਨ)

ਸ਼੍ਰੀ ਡਿਪਟੀ ਸਪੀਕਰ: ਬਰਨਾਲਾ ਜੀ, ਹੁਣ ਤੁਸੀਂ ਟਰਾਂਸਪੋਰਟ ਤੇ ਬੋਲ ਰਹੇ ਹੋ ਜਾਂ ਟਰਾਂਸਡੋਟ ਤੇ ? (ਹਾਸਾ) (Barnala Ji, are you speaking on Transport or 'Transdot' now?) (*laughter*)

ਸਰਦਾਰ ਸੁਰਜੀਤ ਸਿਘ ਬਰਨਾਲਾ: ਮੈਂ ਟਰਾਂਸਪੋਰਟ ਤੇ ਹੀ ਬੋਲ ਰਿਹਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ 130 ਬਸਾਂ ਲਈਆਂ ਸਨ ਅਤੇ ਐਤਕੀਂ 135 ਬੱਸਾਂ, ਲੇਕਿਨ ਖਰਾਬ ਕੋਈ ਨਹੀਂ ਹੋਈ। ਜਿਹੜੀਆਂ ਖਰਾਬ ਹੁੰਦੀਆਂ ਹਨ ਉਨ੍ਹਾਂ ਵਿਚੋਂ ਵੇਚੀ ਕੋਈ ਨਹੀਂ ਜਾਂਦੀ ਅਤੇ ਗਿਣਤੀ ਲਈ ਜਾਂਦੀ ਹੈ। ਹੁਣ ਕਹਿੰਦੇ ਹਨ ਕਿ ਅਗਲੇ ਸਾਲ ਤਕ 1961 ਬੱਸਾਂ ਹੋ ਜਾਣਗੀਆਂ। 1961 ਦੇ ਫਲੀਟ ਵਿਚੋਂ ਚਲਦੀਆਂ ਕਿੰਨੀਆਂ ਹਨ। ਇਸ ਬਾਰੇ ਕੋਈ ਨਹੀਂ ਦਸਿਆ ਗਿਆ। ਇਹ ਕਹਿੰਦੇ ਹਨ ਕਿ ਡਿਪੂ ਬਹੁਤ ਖੋਲ੍ਹੇ ਗਏ ਹਨ। ਇਹ ਜਿਹੜੇ ਡਿਪੂ ਖੋਲ੍ਹੇ ਜਾਂਦੇ ਹਨ ਦਰਅਸਲ ਖਰਾਬ ਬੱਸਾਂ ਖੜੀਆਂ ਕਰਨ ਵਾਸਤੇ ਹੀ ਖੋਲ੍ਹੇ ਜਾਂਦੇ ਹਨ ਤਾਂਕਿ ਇਹ ਜਿਹੜੀਆਂ ਟੁੱਟੀਆਂ ਬੱਸਾਂ ਹਨ ਉਥੇ ਜਾ ਕੇ ਖੜੀਆਂ ਕਰਨ ਕਿਉਂਕਿ ਉਨ੍ਹਾਂ ਬੱਸਾਂ ਨੂੰ ਖੜ੍ਹਾਉਣ ਵਾਸਤੇ ਕੋਈ ਜਗ੍ਹਾ ਹੀ ਨਹੀਂ। ਟੁਟੀਆਂ ਬੱਸਾਂ ਖੜ੍ਹਾਉਣ ਤੋਂ ਇਲਾਵਾ ਇਨ੍ਹਾਂ ਡਿਪੂਆਂ ਤੇ ਹੋਰ ਕੋਈ ਲਾਭ ਨਹੀਂ।

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਬਾਰੇ ਵਿਚ ਜ਼ਿਕਰ ਆਇਆ ਕਿ ਅਸੀਂ ਬਹੁਤ ਪੈਸੇ ਰਖੇ ਹਨ। ਇਹ ਪੈਸੇ ਦੀ ਗਿਣਤੀ ਗਿਣ ਲੈਂਦੇ ਹਨ, ਲੇਕਿਨ ਇਹ ਨਹੀਂ ਵੇਖਦੇ ਕਿ ਕੰਮ ਕੀ ਹੋ ਰਿਹਾ ਹੈ। ਐਕਸਪੈਨਸ਼ਨ ਆਫ ਐਜੂਕੇਸ਼ਨ ਦਾ ਵੀ ਜ਼ਿਕਰ

ਆਇਆ ਹੈ । 'ਪੰਜਾਬ ਆਨ ਦੀ ਮਾਰਚ' ਵਿਚ ਇਹ ਜ਼ਿਕਰ ਆਇਆ ਹੈ ਕਿ ਬਹੁਤ ਸਕੂਲ ਇਹ ਅਪ-ਗਰੇਡ ਕਰ ਰਹੇ ਹਨ ।

'In order to provide educational facilities etc... we are upgrading 25 Middle Schools to High standard.'

25 ਸਕੂਲ ਮਿਡਲ ਤੋਂ ਇਹ ਅਪ-ਗਰੇਡ ਕਰ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਣਾ ਹੈ ਕਿ ਸਾਨੂੰ ਥੋੜਾ ਜਿਹਾ ਸਮਾਂ ਮਿਲਿਆ ਸੀ, ਅਸੀਂ ਇਨ੍ਹਾਂ ਨੂੰ ਕੰਮ ਕਰ ਕੇ ਦਿਖਾਇਆ ਸੀ । ਅਸੀਂ ਇਨ੍ਹਾਂ ਨੂੰ ਕਿਹਾ ਕਿ ਸਾਨੂੰ ਫਾਲੋ ਕਰਨਾ । ਇਕ ਸਾਲ ਵਿਚ ਨਹੀਂ ਤਾਂ ਦੋ ਸਾਲਾਂ ਵਿਚ ਅਤੇ ਜੇ ਫਿਰ ਵੀ ਨਾ ਹੋਇਆ ਤਾਂ ਤਿੰਨਾਂ ਸਾਲਾਂ ਵਿਚ ਹੀ ਸਾਡੇ ਵੇਲੇ ਦੇ ਇਕ ਸਾਲ ਦੇ ਬਰਾਬਰ ਸਕੂਲ ਅਪ-ਗਰੇਡ ਕਰ ਦੇਣਾ । ਅਸੀਂ ਬਾਦਲ ਸਾਹਿਬ ਦੀ ਸਰਕਾਰ ਵੇਲੇ 1970-71 ਵਿਚ 146 ਸਕੂਲ ਮਿਡਲ ਤੋਂ ਹਾਈ ਬਣਾਏ ਸੀ । ਤੁਸੀਂ ਇਨ੍ਹਾਂ ਦਾ ਤਿੰਨ ਸਾਲਾਂ ਦਾ ਰਿਕਾਰਡ ਮੰਗਵਾ ਕੇ ਵੇਖ ਲਉ । ਇਹਨਾਂ ਨੇ ਹੁਣ ਤਕ 146 ਸਕੂਲ ਵੀ ਅਪ-ਗਰੇਡ ਨਹੀਂ ਕੀਤੇ ਹੋਣੇ । ਹੁਣ ਇਨ੍ਹਾਂ ਨੇ ਕਿਹਾ ਹੈ ਕਿ 25 ਸਕੂਲ ਮਿਡਲ ਤੋਂ ਹਾਈ ਅਪ-ਗਰੇਡ ਕਰਨੇ ਹਨ । ਇਸ ਦੇ ਲਈ ਇਨ੍ਹਾਂ ਨੇ ਬਹੁਤ ਹੀ ਬਜਟ ਰਖਿਆ ਹੈ । ਇਹ ਇਨ੍ਹਾਂ ਨੇ ਤਰੱਕੀ ਕੀਤੀ ਹੈ । ਇਸ ਤਰ੍ਹਾਂ ਪੰਜਾਬ ਅਗੇ ਨੂੰ ਜਾ ਰਿਹਾ ਹੈ ।

ਡਿਪਟੀ ਸਪੀਕਰ ਸਾਹਿਬ, ਯੂਥ ਵੈਲਫੇਅਰ ਦੀ ਗੱਲ ਚਲ ਪਈ । ਇਨ੍ਹਾਂ ਨੇ ਨਵਾਂ ਮਹਿਕਮਾ ਬਣਾ ਦਿਤਾ । ਯੂਥ ਵੈਲਫੇਅਰ ਦੇ ਮਹਿਕਮੇ ਲਈ ਇਨ੍ਹਾਂ ਨੇ ਇਕ ਡਾਇ-ਰੈਕਟਰ ਲਿਆਂਦਾ । ਡਾਇਰੈਕਟਰ ਇਸ ਲਈ ਐਪਵਾਇੰਟ ਕੀਤਾ ਕਿ ਹੁਣ ਯੂਥ ਦਾ ਕੰਮ ਬਹੁਤ ਹੀ ਵਧ ਗਿਆ ਹੈ । ਇਹ ਬਿਲਕੁਲ ਪੁਲੀਟੀਕਲ ਐਪਵਾਇੰਟਮੈਂਟ ਸੀ । ਕਿਸੇ ਬੰਦੇ ਨੂੰ ਨੌਕਰੀ ਦੇ ਕੇ ਕੋਈ ਖਾਸ ਕੰਮ ਕਰਾਉਣ ਵਾਸਤੇ ਇਨ੍ਹਾਂ ਨੇ ਯੂਥ ਵੈਲਫੇਅਰ ਮਹਿਕਮੇ ਦਾ ਡਾਇਰੈਕਟਰ ਐਪਵਾਇੰਟ ਕੀਤਾ । ਕੁਝ ਚਿਰ ਤਾਂ ਉਸ ਨੇ ਯੂਥ ਵੈਲਫੇਅਰ ਦਾ ਇਥੇ ਕੰਮ ਕੀਤਾ ਅਤੇ ਬਾਅਦ ਵਿਚ ਉਸ ਨੂੰ ਬਾਹਰ ਭੇਜਿਆ ਗਿਆ ਕਿ ਬਾਹਰ ਜਾ ਕੇ ਸੇਵਾ ਕਰੇ । ਬਾਹਰ ਜਾ ਕੇ ਉਹ ਹੋਰ ਕਿਸਮ ਦੇ ਨਾਹਰੇ ਲਾਉਂਦਾ ਰਿਹਾ । ਇਹ ਯੂਥ ਵੈਲਫੇਅਰ ਦਾ ਕੰਮ ਸੀ । ਮੈਨੂੰ ਡਿਟੇਲ ਵਿਚ ਪੈਣ ਦੀ ਲੋੜ ਨਹੀਂ । ਇਸ ਤਰ੍ਹਾਂ ਸਮਾਂ ਜ਼ਿਆਦਾ ਲੱਗ ਜਾਵੇਗਾ । ਯੂਥ ਵੈਲਫੇਅਰ ਦੇ ਡਾਇਰੈਕਟਰ ਤੋਂ ਇਨ੍ਹਾਂ ਨੇ ਇਹ ਕੰਮ ਲਿਆ ।

ਡਿਪਟੀ ਸਪੀਕਰ ਸਾਹਿਬ, ਮਿਉਂਸਪਲਟੀਆਂ ਦੀ ਹੀ ਗੱਲ ਲੈ ਲਉ । ਸਾਡੇ ਬਰਨਾਲੇ ਦੀ ਮਿਉਂਸਪਲਟੀ ਤਿੰਨ ਸਾਲਾਂ ਤੋਂ ਟੁਟੀ ਪਈ ਹੈ ਲੇਕਿਨ ਇਨ੍ਹਾਂ ਨੇ ਅਲੈਕਸ਼ਨ ਕਰਾਉਣੇ ਨਹੀਂ ਹਨ । ਇਸ ਦਾ ਕਾਰਣ ਇਹ ਜਾਣਦੇ ਹਨ ਇਸ ਲਈ ਮੈਂ ਕੀ ਦਸਾਂ । ਡਿਪਟੀ ਸਪੀਕਰ ਸਾਹਿਬ, ਮੈਂ ਕਈ ਆਈਟਮਾਂ ਨੂੰ ਛਡ ਦਿੰਦਾ ਹਾਂ । ਇਹਨਾਂ ਨੇ ਪਿੰਡਾਂ ਵਿਚ ਬੇਜ਼ਮੀਨੇ ਹਰੀਜਨਾਂ ਨੂੰ ਪਲਾਟ ਦਿਤੇ ਹਨ, ਮੈਂ ਨਹੀਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਨਹੀਂ ਦਿਤੇ । ਜਿਥੇ ਦਿਤੇ ਹਨ ਮੈਂ ਇਨ੍ਹਾਂ ਦੀ ਉਸ ਲਈ ਸ਼ਲਾਘਾ ਕਰਦਾ ਹਾਂ । ਮੈਂ ਹਾਈ ਕੋਰਟ ਵਿਚ ਕੇਸ ਆਉਂਦੇ ਦੇਖੇ ਹਨ ਕਿ ਜਿਸ ਦਿਨ ਬੱਚਾ ਪੈਦਾ ਹੁੰਦਾ ਹੈ ਉਸੇ ਦਿਨ ਤੋਂ ਉਸ ਦਾ ਨਾਉਂ ਲਿਸਟ ਵਿਚ ਆ ਜਾਂਦਾ ਹੈ । ਮੈਂ ਇਹ ਲਿਸਟਾਂ ਵੇਖੀਆਂ ਹਨ । ਲਿਸਟ ਦੇ ਵਿਚ ਲਿਖਿਆ ਹੁੰਦਾ ਹੈ ਕਿ ਇਹ ਮੁੰਡਾ ਡੇਢ ਸਾਲ ਦਾ ਹੈ ਅਤੇ ਦੂਜਾ ਤਿੰਨ ਸਾਲਾਂ ਦਾ ਹੈ । ਜਿਹੜੇ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਸਨ ਉਨ੍ਹਾਂ ਦੇ ਨਾਉਂ ਵੀ ਇਨ੍ਹਾਂ ਵਿਚ ਆ ਜਾਂਦੇ ਹਨ। ਇਨ੍ਹਾਂ ਨੇ ਇਸ ਸਬੰਧ ਵਿਚ ਬੁਲਿਟਨ ਵੀ ਇਸ਼ੂ ਕੀਤਾ । ਉਸ ਦੇ ਵਿਚ ਜ਼ਿਕਰ

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਕੀਤਾ ਹੈ ਕਿ ਫਲਾਣੇ ਫਲਾਣੇ ਇਲੀਜੀਬਲ ਹੋ ਸਕਦੇ ਹਨ । ਜਿਹੜਾ ਆਪ ਕੰਮ ਕਰਦਾ ਹੈ ਅਤੇ ਉਸ ਦੇ ਪਾਸ ਕੋਈ ਮਕਾਨ ਨਹੀਂ ਅਤੇ ਕੋਈ ਜ਼ਮੀਨ ਨਹੀਂ, ਲੇਬਰਰ ਹੈ ਜਾਂ ਜਿਹੜਾ ਆਪ ਕੰਮ ਨਹੀਂ ਕਰ ਸਕਦਾ ਅਤੇ ਕਿਸੇ ਤੇ ਡਿਪੈਂਡੈਂਟ ਹੈ ਇਹ ਇਸ ਦੀ ਡੈਫੀਨੀਸ਼ਨ ਹੈ । ਮੈਂ ਕਨਸਰਨਡ ਮੰਤਰੀ ਨੂੰ ਬੇਨਤੀ ਕਰਾਂਗਾ ਕਿ ਇਸ ਕਾਰਣ ਥਾਂ ਥਾਂ ਤੇ ਲੋਕਾਂ ਦੇ ਡਿਸਪਿਊਟ ਵਧ ਰਹੇ ਹਨ । ਹਾਈਕੋਰਟ ਵਿਚ ਕੇਸ ਆਉਂਦੇ ਹਨ । ਡੇਢ ਸਾਲ ਦਾ ਬੱਚਾ ਕਿਸ ਤਰ੍ਹਾਂ ਇਲੀਜੀਬਲ ਹੋ ਸਕਦਾ ਹੈ । ਬਹੁਤ ਸਾਰੀਆਂ ਥਾਵਾਂ ਤੇ ਕਾਗਜ਼ਾਂ ਵਿਚ ਤਾਂ ਪਲਾਟ ਦਿਤੇ ਗਏ ਹਨ ਲੇਕਿਨ ਉਹ ਬਿਲਕੁਲ ਨਹੀਂ ਦਿਤੇ ਗਏ । ਇਸ ਕਰਕੇ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ । ਇਕ ਬਾਜ਼ੀਗਰ ਲੋਕ ਹਨ । ਪਿਛਲੇ ਵਾਰੀ ਵੀ ਇਥੇ ਵਾਵੇਲਾ ਕੀਤਾ ਸੀ । ਉਹ ਕਲਾਸ ਵੀ ਇਨ੍ਹਾਂ ਵਿਚੋਂ ਹੀ ਹੈ । ਉਹ ਪਾਕਿਸਤਾਨ ਤੋਂ ਉਜੜ ਕੇ ਆਏ ਹਨ । ਉਨ੍ਹਾਂ ਪਾਸ ਨਾ ਜ਼ਮੀਨ ਹੈ ਅਤੇ ਨਾ ਹੀ ਘਰ ਹੈ । ਉਹ ਕੁਲੀਆਂ ਬਣਾ ਕੇ ਰਹਿੰਦੇ ਹਨ । ਇਨ੍ਹਾਂ ਨੂੰ ਵੀ ਲੈਂਡਲੈਸ ਲੇਬਰਰਜ਼ ਵਿਚ ਗਿਣ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਵਾਸਤੇ ਬਸਤੀ ਬਣਾ ਕੇ ਉਨ੍ਹਾਂ ਨੂੰ ਇਹ ਸਾਰੀਆਂ ਫੈਸਲਿਟੀਜ਼ ਦੇਣੀਆਂ ਚਾਹੀਦੀਆਂ ਹਨ । ਪਟਿਆਲੇ ਅਤੇ ਸੰਗਰੂਰ ਜ਼ਿਲ੍ਹੇ ਵਿਚ ਬਹੁਤ ਸਾਰੀਆਂ ਐਸੀਆਂ ਬਾਜ਼ੀਗਰਾਂ ਦੀਆਂ ਬਸਤੀਆਂ ਹਨ ਜਿਥੇ ਕਿ ਇਹ ਫੈਸਿਲਿਟੀਜ਼ ਮਿਲਣੀਆਂ ਚਾਹੀਦੀਆਂ ਹਨ ।

ਡਿਪਟੀ ਸਪੀਕਰ ਸਾਹਿਬ, ਫੂਡ ਗਰੇਨਜ਼ ਦਾ ਜ਼ਿਕਰ ਆਇਆ ਕਿ 10-15 ਲੱਖ ਟਨਜ਼ ਸੈਂਟਰਲ ਪੂਲ ਵਿਚ ਦਿਤੇ ਅਤੇ 4.25 ਲੱਖ ਟਨ ਦੂਸਰਿਆਂ ਸੂਬਿਆਂ ਨੂੰ ਭੇਜ ਦਿਤੇ । ਅਸੀਂ ਇਸ ਸਕੈਂਡਲ ਦਾ ਜ਼ਿਕਰ ਕੀਤਾ ਸੀ । ਜਿਹੜਾ ਇਹ ਕਹਿੰਦੇ ਹਨ ਕਿ ਮਾਰਕਫੈਡ ਨੇ ਫੂਡ ਗਰੇਨਜ਼ ਦਿਤੇ ਹਨ ਇਹ ਇਸ ਦੇ ਪੇਜ 21 ਤੇ ਹੈ । ਇਸ ਸਾਰੇ ਸਿਲਸਿਲੇ ਵਲ ਧਿਆਨ ਦੇਣਾ ਚਾਹੀਦਾ ਹੈ । ਮਾਰਕਫੈਡ ਨੇ ਮੰਡੀਆਂ ਤੋਂ 108 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਣਕ ਲੈਣੀ ਸ਼ੁਰੂ ਕਰ ਦਿਤੀ । 105 ਰੁਪਏ ਪ੍ਰਾਈਸ ਮੁਕਰਰ ਹੋਈ ਸੀ । 105 ਰੁਪਏ ਤੇ ਕੋਈ ਵੇਚਦਾ ਨਹੀਂ ਸੀ । ਇਸ ਸਮੇਂ ਕਿਸੇ ਵਪਾਰੀ ਨੂੰ ਪਰਮਿਟ ਨਹੀਂ ਮਿਲੇ ਸੀ । ਮਾਰਕਫੈਡ ਨੇ 108 ਰੁਪਏ ਕੁਇੰਟਲ ਦੇ ਹਿਸਾਬ ਨਾਲ ਮੰਡੀਆਂ ਵਿਚੋਂ ਕਣਕ ਲੈਣੀ ਸ਼ੁਰੂ ਕਰ ਦਿਤੀ । ਜਿਹੜੇ ਕਿਸਾਨ ਮੰਡੀਆਂ ਵਿਚ ਕਣਕ ਸੁਟਦੇ ਸੀ ਉਨ੍ਹਾਂ ਨੂੰ ਇਸ ਪ੍ਰਾਈਸ ਤੇ ਆਪਣੀ ਕਣਕ ਦੇਣੀ ਪਈ । ਇਸ ਵਿਚੋਂ ਅਧੀ ਕਣਕ ਤਾਂ ਸੈਂਟਰਲ ਪੂਲ ਵਿਚ ਇਨ੍ਹਾਂ ਨੂੰ ਦੇਣੀ ਸੀ । ਇਸ ਬਾਰੇ ਤਵੱਜੋ ਦੇਣੀ ਚਾਹੀਦੀ ਹੈ । ਮਾਰਕਫੈਡ ਟਰੇਡਰ ਦੇ ਤੌਰ ਤੇ ਮਾਰਕਿਟ ਵਿਚ ਆਇਆ । ਇਨ੍ਹਾਂ ਨੇ ਫਰਜ਼ ਕਰੋ 108 ਜਾਂ 110 ਰੁਪਏ ਦੇ ਹਿਸਾਬ ਨਾਲ ਦੋ ਕੁਇੰਟਲ ਕਣਕ ਖਰੀਦ ਲਈ । ਇਸ ਵਿਚੋਂ ਇਕ ਕੁਇੰਟਲ ਤਾਂ 105 ਰੁਪਏ ਦੇ ਹਿਸਾਬ ਨਾਲ ਇਨ੍ਹਾਂ ਨੂੰ ਸੈਂਟਰਲ ਪੂਲ ਵਿਚ ਦੇਣੀ ਪਈ ਬਾਕੀ ਦੀ ਇਹਨਾਂ ਨੇ 150 ਰੁਪਏ ਕੁਇੰਟਲ ਦੇ ਹਿਸਾਬ ਨਾਲ ਦੂਜਿਆਂ ਸੂਬਿਆਂ ਨੂੰ ਦੇ ਦਿਤੀ ਕਿਉਂਕਿ ਜੁਲਾਈ ਵਿਚ ਸੈਂਟਰ ਨੇ ਕੰਟਰੋਲ ਕਰ ਦਿਤਾ ਸੀ ਅਤੇ ਭਾਅ ਬੰਨ ਦਿਤਾ ਸੀ । ਇਸ ਕਰਕੇ 150 ਰੁਪਏ ਦੇ ਹਿਸਾਬ ਨਾਲ ਹੀ ਇਨ੍ਹਾਂ ਨੇ ਵੇਚਣੀ ਸੀ ਜਿਹੜੀ ਕਿ 115 ਰੁਪਏ ਦੇ ਹਿਸਾਬ ਨਾਲ ਇਨ੍ਹਾਂ ਨੂੰ ਕਿਸਾਨਾਂ ਤੋਂ ਮਿਲੀ । ਇਹਨਾਂ ਨੂੰ 35 ਰੁਪਏ ਇਕ ਕੁਇੰਟਲ ਮਗਰ ਬਚੇ । 5 ਰੁਪਏ ਪ੍ਰਤੀ ਕੁਇੰਟਲ ਇਨ੍ਹਾਂ ਦੇ ਹੈਂਡਲਿੰਗ ਚਾਰਜਿਜ਼ ਲਾ ਲਉ । ਇਸ ਤਰ੍ਹਾਂ 30 ਰੁਪਏ ਦਾ ਨੈਟ ਫਾਇਦਾ ਇਕ ਕੁਇੰਟਲ ਪਿਛੇ ਮਾਰਕਫੈਡ ਅਤੇ 'ਪਨਸਪ' ਨੂੰ ਹੋਇਆ । ਇਹ ਫਾਇਦਾ ਕਿਸਾਨ ਦੀ ਜੇਬ ਵਿਚ ਜਾਣਾ ਚਾਹੀਦਾ ਸੀ । ਇਹਨਾਂ ਨੇ

ਕਿਸਾਨ ਨੂੰ ਨੁਕਸਾਨ ਪਹੁੰਚਾ ਕੇ ਇਹ ਫਾਇਦਾ ਉਠਾਇਆ। ਕਨਜ਼ਿਊਮਰ ਨੂੰ ਤਾਂ ਕਣਕ ਇਨ੍ਹਾਂ ਨੇ 150 ਰੁਪਏ ਦੇ ਹਿਸਾਬ ਨਾਲ ਹੀ ਦਿਤੀ। ਕਿਸਾਨ ਨੂੰ ਇਹ ਫਾਇਦਾ ਮਿਲਣਾ ਚਾਹੀਦਾ ਸੀ। ਇਸ ਤਰ੍ਹਾਂ ਕਰੋੜਾਂ ਰੁਪਿਆ ਕਿਸਾਨ ਦਾ ਨੁਕਸਾਨ ਹੋਇਆ ਹੈ। ਤੁਸੀਂ ਹਿਸਾਬ ਲਾ ਕੇ ਦੇਖ ਲਉ। 13 ਕਰੋੜ ਰੁਪਏ ਮਾਰਕਫੈਡ ਅਤੇ 'ਪਨਸਪ' ਨੇ 4.25 ਲੱਖ ਕੁਇੰਟਲ ਕਣਕ ਵੇਚ ਕੇ ਕਮਾਇਆ ਹੈ। ਇਸ ਤਰ੍ਹਾਂ ਇਹ ਸਕੈਂਡਲ ਹੋਇਆ ਹੈ। ਪਹਿਲਾਂ ਖਿਆਲ ਇਹ ਸੀ ਕਿ ਬਾਹਰਲੀਆਂ ਸਟੇਟਾਂ ਨੂੰ ਸਟੇਟ ਲੇਵਲ ਤੇ ਹੀ ਇਹ ਕਣਕ ਦਿਤੀ ਜਾਵੇ ਪਰ ਇਹ ਨਾ ਹੋਇਆ। ਇਨਫਲੂਏਂਸ਼ਲ ਲੋਕ ਉਥੇ ਬੈਠੇ ਹੋਏ ਸਨ। ਉਨ੍ਹਾਂ ਨੇ ਸਟੇਟਾਂ ਨੂੰ ਮਜਬੂਰ ਕਰ ਦਿਤਾ ਕਿ ਅਸੀਂ ਸਪੌਂਸਰ ਕਰਾਂਗੇ; ਜਿਹੜੀ ਸਪੌਂਸਰਸ਼ਿਪ ਹੋਵੇਗੀ ਉਹ ਪੰਜਾਬ ਤੋਂ ਕਣਕ ਬਾਹਰ ਲੈ ਲੈਣਗੇ। ਪਹਿਲਾਂ ਤਾਂ ਇਹ ਫੈਸਲਾ ਹੋਇਆ ਸੀ ਕਿ ਸਿਧੇ ਤੌਰ ਤੇ ਟਰੇਡ ਕਰ ਲਿਆ ਜਾਵੇ। ਫਿਰ ਇਹਨਾਂ ਨੇ ਕੋਆਪਰੇਟਿਵ ਸੋਸਾਇਟੀਆਂ ਨੂੰ ਇਹ ਖਰੀਦ ਕੇ ਦੇਣ ਦਾ ਫੈਸਲਾ ਕੀਤਾ।

There was a mush-room growth of co-operative societies in these Consumer States.

ਰਾਤੋ ਰਾਤ ਕੋਆਪਰੇਟਿਵ ਸੋਸਾਇਟੀਆਂ ਬਣ ਗਈਆਂ। ਉਨ੍ਹਾਂ ਨੇ ਸਪੌਂਸਰਸ਼ਿਪ ਹਾਸਲ ਕਰ ਲਈ। ਥੋੜੇ ਪੈਸੇ ਇਸ ਤਰ੍ਹਾਂ ਨਾਲ ਉਨ੍ਹਾਂ ਦੇ ਲਗੇ। ਇਸ ਬਾਰੇ ਅਖਬਾਰਾਂ ਵਿਚ ਚਰਚਾ ਹੋਈ। ਜਦੋਂ ਉਹ ਪੰਜਾਬ ਵਿਚ ਕਣਕ ਖਰੀਦਣ ਲਈ ਆਏ ਤਾਂ ਲੋਕਾਂ ਨੇ ਸ਼ੋਰ ਮਚਾ ਦਿਤਾ। ਉਸ ਸਮੇਂ ਇਕ ਕੁਇੰਟਲ ਪਿਛੇ 20 ਰੁਪਏ ਉਨ੍ਹਾਂ ਨੂੰ ਦੇਣੇ ਪਏ। ਜਿਹੜੀ ਇਸ ਸਬੰਧ ਵਿਚ ਕਮੇਟੀ ਬਣਾਈ ਗਈ ਸੀ ਉਥੇ ਅਸੀਂ ਚਾਰਜ ਲਾਇਆ ਕਿ 20 ਰੁਪਏ ਕੁਇੰਟਲ ਦੇ ਹਿਸਾਬ ਨਾਲ ਉਨ੍ਹਾਂ ਬਾਹਰਲਿਆਂ ਸੂਬਿਆਂ ਦੇ ਲੋਕਾਂ ਨੂੰ ਪਰਮਿਟ ਮਿਲੇ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਅਗਲੇ ਦਿਨ ਹਾਊਸ ਵਿਚ ਸ਼ੋਰ ਪਿਆ ਅਤੇ ਇਨ੍ਹਾਂ ਨੇ ਇਹ ਪਾਲਿਸੀ ਚੇਂਜ ਕਰ ਦਿਤੀ। ਹੁਣ ਸਟੇਟ ਟੂ ਸਟੇਟ ਟਰੇਡ ਕਰ ਦਿਤੀ ਹੈ। ਪਹਿਲਾਂ ਤਾਂ ਵਿਚਲੇ ਲੋਕ ਇਧਰੋਂ ਇਧਰ ਲੈ ਜਾਂਦੇ ਸੀ ਅਤੇ ਇਨ੍ਹਾਂ ਨੂੰ ਵਿਚੋਂ ਹਿਸਾ ਮਿਲ ਜਾਂਦਾ ਸੀ। ਇਸ ਤਰ੍ਹਾਂ 6 ਕਰੋੜ ਰੁਪਏ ਇਨ੍ਹਾਂ ਨੇ ਹਾਸਲ ਕੀਤੇ ਸਨ। ਉਨ੍ਹਾਂ ਦੇ ਵਿਚ ਕੌਣ ਕੌਣ ਆਏ ਸੀ ਇਸ ਗਲ ਦਾ ਜ਼ਿਕਰ ਮੈਂ ਨਹੀਂ ਕਰਦਾ ਇਸ ਦਾ ਸਾਰਿਆਂ ਨੂੰ ਪਤਾ ਹੈ। ਮੈਂ ਨਹੀਂ ਚਾਹੁੰਦਾ ਕਿ ਕਿਸੇ ਨੂੰ ਸਲੈਂਡਰ ਕੀਤਾ ਜਾਵੇ। ਗੱਲ ਬਹੁਤ ਦੂਰ ਚਲੀ ਜਾਂਦੀ ਹੈ। ਤੁਹਾਨੂੰ ਇਸ ਚੀਜ਼ ਦਾ ਗਿਆਤ ਹੈ ਕਿ ਕੌਣ ਕੌਣ ਆਇਆ। ਕਿਸ ਤਰ੍ਹਾਂ ਉਨ੍ਹਾਂ ਨੂੰ 40,000 ਕੁਇੰਟਲ ਦੇ ਪਰਮਿਟ ਦਿਤੇ ਗਏ। ਇਸ ਦਾ ਤੁਹਾਨੂੰ ਸਾਰਿਆਂ ਨੂੰ ਪਤਾ ਹੈ। ਹੁਣ ਮੈਂ ਆਪਣੇ ਅਗਲੇ ਪੁਆਇੰਟ ਤੇ ਜਾਵਾਂਗਾ।

[ਆਵਾਜ਼ਾਂ: 40 ਨਹੀਂ, ਇਹ 20 ਹੈ।]

ਨਹੀਂ ਜੀ, ਸਾਡੀ ਇਨਫਰਮੇਸ਼ਨ ਹੈ ਕਿ ਇਹ 40 ਹੈ।

ਸੋ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਗੌਰਮਿੰਟ ਇੰਪਲਾਈਜ਼ ਨੂੰ ਕਨਸੈਸ਼ਨ ਦੇਣ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਨੇ ਪਹਿਲਾਂ ਵੀ ਜ਼ਿਕਰ ਕੀਤਾ ਸੀ ਸਪੈਨ ਘਟਾਉਣ ਦਾ ਕਿ ਅਸੀਂ ਸਪੈਨ ਘਟਾ ਦੇਣਾ ਹੈ ਲੇਕਿਨ ਐਕਚੁਅਲ ਪ੍ਰੈਕਟਿਸ ਵਿਚ ਇਹ ਗਲ ਨਹੀਂ ਹੋਈ। ਇਹ ਸਾਡੇ ਵੇਲੇ ਦਾ ਫੈਸਲਾ ਹੋਇਆ ਹੋਇਆ ਸੀ ਇਸ ਨੂੰ ਇੰਪਲੀਮੈਂਟ ਕਰ ਦੇਣਾ ਚਾਹੀਦਾ ਹੈ। ਜੇਕਰ ਇਹਨਾਂ ਨੇ ਹੋਰ ਵੀ ਵਧ ਸੋਧੇ ਕਰਨੀ ਹੋਵੇ ਤਾਂ ਕਰ ਲੈਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਹੀ ਇਹ ਵੀ ਕਹਾਂਗਾ ਕਿ ਇਕ ਇੰਪਲਾਈਜ਼ ਦੀ

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਕੈਟੇਗਰੀ ਹੈ ਕਲਾਸੀਕਲ ਵਰਨੈਕੂਲਰ ਉਨ੍ਹਾਂ ਨਾਲ ਵੀ ਇਨਸਾਫ ਕਰਨਾ ਚਾਹੀਦਾ ਹੈ। ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਨਹੀਂ ਕਰਨਾ ਚਾਹੀਦਾ। ਫਿਰ ਲੈਕਚਰਾਰਾਂ ਦੇ ਗਰੇਡਜ਼ ਦੀ ਗਲ ਹੈ। ਯੂ.ਜੀ.ਸੀ. ਦੇ ਗਰੇਡਜ਼ ਕਈ ਥਾਵਾਂ ਤੇ ਦਿਤੇ ਵੀ ਗਏ ਹਨ। ਲੈਕਚਰਾਰਜ਼ ਨੂੰ ਇਕ ਗਰੇਡਜ਼ ਦੇ ਦੇਣੇ ਚਾਹੀਦੇ ਹਨ। ਪਰ ਡਿਪਟੀ ਸਪੀਕਰ ਸਾਹਿਬ, ਹਾਲਤ ਇਸ ਤਰ੍ਹਾਂ ਦੀ ਹੋ ਗਈ ਹੈ, ਇਸ ਤਰ੍ਹਾਂ ਦੇ ਹਾਲਾਤ ਚਲ ਰਹੇ ਹਨ ਕਿ ਅਜ ਕਲ ਲੈਕਚਰਾਰਜ਼ ਨੂੰ ਦਿਹਾੜੀ ਤੇ ਰਖਣ ਲਗ ਪਏ ਹਨ। ਉਹ ਕਹਿੰਦੇ ਹਨ ਕਿ ਅਸੀਂ ਰੋਜ਼ ਦੀ ਰੋਜ਼ ਤਨਖਾਹ ਦੇਵਾਂਗੇ। ਤੁਸੀਂ ਹੈਰਾਨ ਹੋਵੋਗੇ ਕਿ ਹੁਣ ਡੇਲੀ ਵੇਜਿਜ਼ ਤੇ ਕਾਲਜਾਂ ਦੇ ਪ੍ਰੋਫੈਸਰਾਂ ਤੋਂ ਕੰਮ ਲਿਆ ਜਾਵੇਗਾ। ਇਸ ਤਰ੍ਹਾਂ ਹੀ ਮੈਂ ਇਕ ਹੋਰ ਸੁਝਾਉ ਦੇਵਾਂਗਾ ਕਿ ਜਿਹੜਾ ਡੀ.ਏ. ਫਰੀਜ਼ ਹੈ ਇਹ ਗਲਤ ਪਾਲਿਸੀ ਹੈ। ਇਸ ਵਿਚ ਸੋਧ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਨਾਲ ਸਾਰਿਆਂ ਨੂੰ ਡੰਪ ਕਰ ਦਿਤਾ ਜਾਂਦਾ ਹੈ। ਜਦੋਂ ਕਿਤੇ ਲੋੜ ਪੈ ਜਾਵੇ ਤਾਂ ਇਹ ਨਹੀਂ ਮਿਲ ਸਕੇਗਾ ਕਿਉਂਕਿ ਇਕ ਜਗਾਹ ਤੇ ਹੀ ਰਖਿਆ ਗਿਆ ਹੈ। ਇਹ ਗੱਲਾਂ ਝਗੜੇ ਵਾਲੀਆਂ ਹੋਣਗੀਆਂ। ਟਰੇਜਰੀ ਕੇਸਾਂ ਵਿਚ ਹਿਸਾਬ ਕਿਤਾਬ ਨਹੀਂ ਹੋ ਸਕੇਗਾ। ਇਸ ਲਈ, ਇਸ ਦਾ ਖਾਤਾ ਸੈਪਰੇਟ ਹੋਣਾ ਚਾਹੀਦਾ ਹੈ। ਇਹ ਸੈਪਰੇਟ ਹਿਸਾਬ ਵਿਚ ਹੋਣਾ ਚਾਹੀਦਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਟੋਲਦਾ ਰਿਹਾ ਹਾਂ ਕਿ ਕੋਈ ਚੰਗੀ ਗਲ ਮਿਲ ਜਾਵੇ ਜਿਸ ਦੀ ਕਿ ਮੈਂ ਇਸ ਸਰਕਾਰ ਦੀ ਪ੍ਰਸੰਸਾ ਕਰ ਸਕਾਂ ਕਿਉਂਕਿ ਮੈਂ ਸਮਝਦਾ ਹਾਂ ਕਿ ਚੰਗੀ ਗਲ ਹੋਵੇ ਤਾਂ ਉਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਮੈਂ ਕੋਸ਼ਿਸ਼ ਕਰਦਾ ਰਿਹਾ ਹਾਂ ਕਿ ਕੁਝ ਲਭੇ ਪਰ ਅਖੀਰ ਕਰ ਕਰਾ ਕੇ ਛੇਕੜ ਮੈਂ ਇਸ ਦੇ 28 ਪੰਨੇ ਤੇ ਪੁਜਾ ਹਾਂ। ਇਥੇ ਜ਼ਿਕਰ ਕੀਤਾ ਗਿਆ ਹੈ ਕਿ ਅਸੀਂ ਕੁਝ ਥੋੜੀ ਜਿਹੀ ਐਡਹਾਕ ਗਰਾਂਟ ਦੇਣ ਲਗੇ ਹਾਂ ਅਤੇ ਉਸ ਨਾਲ ਚੰਗੀ ਔਰ ਈਕੁਈਟੇਬਲ ਡਿਸਟ੍ਰੀਬਿਊਸ਼ਨ ਕਰਨਾ ਚਾਹੁੰਦੇ ਹਾਂ।

ਇਸੀ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪੈਨਸ਼ਨ ਦੀ ਗੱਲ ਕੀਤੀ ਹੈ। ਇਹ ਪੈਨਸ਼ਨਾਂ ਵਿਚ ਕੁਝ ਸਹੂਲਤ ਦੇਣ ਲਗੇ ਹਨ। ਇਨ੍ਹਾਂ ਗੱਲਾਂ ਦੀ ਮੈਂ ਸ਼ਲਾਘਾ ਕਰਦਾ ਹਾਂ। ਹੁਣ ਜ਼ਿਕਰ ਆਇਆ ਹੈ ਕਿ ਘਾਟੇ ਦਾ ਬਜਟ ਹੈ ਪਰ ਨਾਲ ਹੀ ਕਿਹਾ ਹੈ ਕਿ ਕੋਈ ਟੈਕਸ ਲਗਾਉਣ ਦਾ ਵਿਚਾਰ ਨਹੀਂ ਹੈ। ਘਾਟਾ ਤਕਰੀਬਨ ਸੱਤ ਕਰੋੜ ਦਾ ਪੂਰਾ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹੋਵੇਗਾ ਕਿ ਪਿਛਲੇ ਸਾਲ ਵੀ ਮੈਂ ਕਿਹਾ ਸੀ ਕਿ ਜਿਤਨਾ ਤੁਸਾਂ ਬਜਟ ਵਿਚ ਘਾਟਾ ਵਿਖਾਇਆ ਹੈ, ਉਤਨਾ ਨਹੀਂ ਹੈ, ਉਸ ਤੋਂ ਵੱਧ ਹੈ ਲਕਿਨ ਇਹ ਉਸ ਵੇਲੇ ਨਹੀਂ ਸੀ ਮੰਨੇ। ਹੁਣ ਵੀ ਇੰਡੀਕੇਸ਼ਨ ਆਈ ਹੈ ਕਿ ਟੈਕਸ ਲਗਾਉਣੇ ਹਨ। ਇਹ ਠੀਕ ਹੈ ਕਿ ਇਸ ਵੇਲੇ ਤਾਂ ਇਨ੍ਹਾਂ ਨੇ ਕਹਿ ਦਿਤਾ ਹੈ ਕਿ ਟੈਕਸ ਨਹੀਂ ਲਗਾਉਣੇ ਪਿਛਲੇ ਸਾਲ ਵੀ ਇਸ ਤਰ੍ਹਾਂ ਹੀ ਕਹਿੰਦੇ ਸਨ, ਇਹ ਮੰਨਦੇ ਨਹੀਂ ਸਨ ਪਰ ਬਾਅਦ ਵਿਚ ਮਹੀਨਾ ਹੀ ਲੰਘਿਆ ਤਾਂ 30 ਕਰੋੜ ਰੁਪਿਆ ਸਾਡੇ ਤੇ ਟੈਕਸਾਂ ਦਾ ਮੜ੍ਹ ਦਿਤਾ। ਹੁਣ ਲੋਕ ਇਤਨੇ ਦੁਖੀ ਹੋਏ ਹੋਏ ਹਨ ਕਿ ਉਹ ਹੋਰ ਟੈਕਸ ਨਹੀਂ ਦੇ ਸਕਣਗੇ। ਉਨ੍ਹਾਂ ਦੀਆਂ ਫਸਲਾਂ ਪਾਣੀ ਪੂਰਾ ਨਾ ਮਿਲਣ ਕਰਕੇ ਫਸਲਾਂ ਤਬਾਹ ਹੋਈਆਂ ਹਨ। ਉਨ੍ਹਾਂ ਨੂੰ ਖਾਦ ਨਹੀਂ ਮਿਲੀ। ਉਨ੍ਹਾਂ ਦੇ ਝੋਨੇ ਦੀ ਪੂਰੀ ਪੈਦਾਵਾਰ ਨਹੀਂ ਹੋ ਸਕੀ, ਜੇਕਰ ਕੁਝ ਨਾ ਕੁਝ ਹੋਈ ਤਾਂ ਉਨ੍ਹਾਂ ਨੂੰ ਮੁਲ ਪੂਰਾ ਨਹੀਂ ਮਿਲਿਆ। ਕਪਾਹ ਦੀ ਕੀਮਤ ਪੂਰੀ ਨਹੀਂ ਮਿਲੀ। ਇਸੀ ਤਰ੍ਹਾਂ ਹੀ ਨਰਮਾਂ ਚਲਾ ਗਿਆ। ਤੇ ਫਿਰ ਉਨ੍ਹਾਂ ਲੋਕਾਂ ਤੇ ਢਾਈ ਢਾਈ ਤਿੰਨ ਤਿੰਨ ਗੁਣਾਂ ਟੈਕਸਾਂ ਦੀਆਂ ਪਰਚੀਆਂ ਮੜ੍ਹ ਦਿਤੀਆਂ ਹਨ। ਕਿਸੇ ਵਿਚ ਮਾਮਲਾ ਵਧਿਆ ਹੈ, ਕਿਸੇ ਵਿਚ ਪਾਣੀ ਦਾ ਟੈਕਸ ਹੈ। ਪਰ ਹੁਣ ਐਕਸਪਲਾਨੇਟਰੀ ਮੈਮੋਰੈਂਡਮ ਵਿਚ

ਜ਼ਿਕਰ ਕੀ ਕੀਤਾ ਹੈ ਕਿ :—

"Although water rates and electricity tariffs have been revised upwards, the canal irrigation system and the electricity undertakings are still running into considerable losses. The State Electricity Board is not in a position to pay the interest on the capital invested in power projects; nor can the canal irrigation system meet its total requirements of maintenance and interest charges. The irrigation and electricity are scarce inputs which add substantially to production and incomes of those to whom these are made available. It is, therefore, only appropriate that returns from them are adequate to meet the interest and maintenance charges thereon as other-wise a loss on this account, amounts to a hidden subsidy from the State Exchequer to the consumers of these two inputs".

ਇਨ੍ਹਾਂ ਨੇ ਸਾਰੀਆਂ ਅੱਖਾਂ ਬੰਦ ਕਰ ਲਈਆਂ ਹਨ । ਇਹ ਕਰਦੇ ਕੀ ਹਨ ? ਮੈਂ ਇਨ੍ਹਾਂ ਦਾ ਧਿਆਨ ਇਸ ਪਾਸੇ ਵੱਲ ਦਿਵਾਉਣਾ ਚਾਹੁੰਦਾ ਹਾਂ। ਸ਼ਰਮਾਂ ਜੀ, ਅੱਖਾਂ ਤੇ ਪੱਟੀ ਬੰਨ੍ਹ ਕੇ ਨਾ ਰੱਖੋ, ਇਸ ਪਾਸੇ ਵੇਖੋ । ਜਿਹੜੀ ਥੋੜੀ ਬਹੁਤ ਸਹੂਲਤ ਅਗੇ ਦਿੱਤੀ ਗਈ ਹੈ, ਉਸ ਨੂੰ ਉਸ ਤਰ੍ਹਾਂ ਹੀ ਰਹਿਣ ਦਿਉ । ਇਹ ਵੇਖੋ ਕਿ ਇਸ ਦੇ ਰਾਹੀਂ ਅਨਾਜ ਆ ਰਿਹਾ ਹੈ । ਇਸ ਤਰ੍ਹਾਂ ਨਾਲ ਅਨਾਜ ਬੰਦ ਹੋ ਜਾਵੇਗਾ । ਜੇਕਰ ਪਾਣੀ ਨਹੀਂ ਮਿਲਣਾ ਤਾਂ ਉਸ ਦੇ ਨਾਲ ਪ੍ਰੋਡੱਕਸ਼ਨ ਘੱਟ ਜਾਵੇਗੀ । ਸਾਡਾ ਸੂਬਾ ਐਗਰੀਕਲਚਰਲ ਸੂਬਾ ਹੈ । ਉਹ ਲੋਕ ਜਿਨ੍ਹਾਂ ਨੇ ਦੇਸ਼ ਨੂੰ ਵੇਲੇ ਸਿਰ ਅੰਨ ਦਿਤਾ ਹੈ, ਉਨ੍ਹਾਂ ਦਾ ਧਿਆਨ ਰੱਖਣਾ ਚਾਹੀਦਾ ਹੈ । ਉਨ੍ਹਾਂ ਨੂੰ ਰਿਲੀਫ ਦੇਣਾ ਚਾਹੀਦਾ ਹੈ । ਜਿਸ ਤਰ੍ਹਾਂ ਕਿ ਅਕਾਲੀ ਸਰਕਾਰ ਵਲੋਂ ਇਹ ਫੈਸਲਾ ਕੀਤਾ ਗਿਆ ਸੀ ਕਿ ਮਾਮਲਾ ਬਿਲਕੁਲ ਹੀ ਮੁਆਫ਼ ਕੀਤਾ ਜਾਵੇ, ਇਸ ਤਰ੍ਹਾਂ ਦੀਆਂ ਰਾਹਤਾਂ ਦੀ ਕਿਸਾਨ ਨੂੰ ਲੋੜ ਹੈ । ਇਸ ਲਈ ਮੈਂ ਸੁਝਾਉ ਦੇਵਾਂਗਾ ਕਿ ਇਹ ਤਾਂ ਨੁਮਾਇਆਂ ਹੀ ਨੁਕਸਾਨ ਵਾਲੀ ਗਲ ਹੈ । ਇਹ ਵੀ ਵੇਖੋ ਕਿ ਕਿਸਾਨ ਕੰਮ ਕਿਸ ਤਰ੍ਹਾਂ ਕਰਦਾ ਹੈ । ਥੋੜ੍ਹੀ ਜਿਹੀ ਇਹ ਵਾਟਰ ਰੇਟਸ ਦੀ ਗਲ ਠੀਕ ਕਰ ਲਵੋ । ਪਿਛਲੇ ਸਾਲ ਪੈਦਾਵਾਰ ਘਟੀ ਹੈ ਕਿਉਂਕਿ ਮੈਂ ਸਮਝਦਾ ਹਾਂ ਕਿ ਕਿਸਾਨ ਨੂੰ ਕੋਈ ਰਾਹਤ ਨਹੀਂ ਦਿਤੀ ਗਈ । (ਘੰਟੀ)

ਡਿਪਟੀ ਸਪੀਕਰ ਸਾਹਿਬ, ਮੈਂ ਬੱਜਟ ਐਟ ਏ ਕਲਾਂਸ ਦੇ ਸਫਾ 10 ਤੇ ਜਾਂਦਾ ਹਾਂ । ਇਸ ਵਿਚ ਲੈਂਡ ਰੇਵੇਨਿਊ ਜੋ ਇਹ ਵਸੂਲ ਕਰ ਰਹੇ ਹਨ ਉਸ ਬਾਰੇ ਦਿਤਾ ਹੋਇਆ ਹੈ। 4 ਕਰੋੜ 13 ਲੱਖ ਰੁਪੈ ਇਹ ਲੈਂਡ ਰੈਵਿਨਿਉ ਲੈ ਰਹੇ ਹਨ । ਪਹਿਲਾਂ ਇਹ ਬਾਦਲ ਸਾਹਿਬ ਦੇ ਵੇਲੇ ਇਕ ਕਰੋੜ 19 ਲੱਖ ਰੁਪਏ ਸੀ । ਤੁਸੀਂ ਡਿਪਟੀ ਸਪੀਕਰ ਸਾਹਿਬ, ਇਹ ਵੇਖ ਕੇ ਹੈਰਾਨ ਹੋਵੋਗੇ ਕਿ ਉਗਰਾਹੁਣ ਤੇ ਇਨ੍ਹਾਂ ਦਾ ਕਿਤਨਾ ਖਰਚ ਹੁੰਦਾ ਹੈ। ਕਿਤਨੇ ਪੈਸੇ ਲਗਦੇ ਹਨ ? 4 ਕਰੋੜ 13 ਲੱਖ ਰੁਪਿਆ ਉਗਰਾਹਿਆ ਹੈ ਔਰ ਉਸ ਦੀ ਉਗਰਾਹੀ ਤੇ 3 ਕਰੋੜ 69 ਲੱਖ ਰੁਪਿਆ ਖਰਚ ਆ ਜਾਂਦਾ ਹੈ । ਇਹ ਹੈ ਇਨ੍ਹਾਂ ਦੇ ਟੈਕਸ ਕੁਲੈਕਸ਼ਨ ਚਾਰਜਿਜ਼ ਦਾ ਹਾਲ । ਵਸੂਲੀ ਹੋਈ ਹੈ 4 ਕਰੋੜ 13 ਲੱਖ ਰੁਪਏ ਦੀ ਤੇ ਇਸ ਨੂੰ ਉਗਰਾਹੁਣ ਦਾ ਖਰਚ ਆਇਆ ਹੈ 3 ਕਰੋੜ 69 ਲੱਖ ਰੁਪਏ । ਇਸ ਤਰ੍ਹਾਂ 40 ਲੱਖ ਰੁਪਿਆ ਬੱਚਿਆ ਹੈ । ਸੋ ਮੈਂ ਅਰਜ਼ ਕਰਾਂ ਕਿ ਜਿਸ ਤਰ੍ਹਾਂ ਅਸੀਂ ਮਾਲੀਆ ਮੁਆਫ ਕਰਨ ਦਾ ਫੈਸਲਾ ਕੀਤਾ ਸੀ, ਉਸੇ ਤਰ੍ਹਾਂ ਇਹ ਮੁਆਫ ਕਰ ਹੀ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਇਹ ਕਹਾਂਗਾ ਕਿ ਇਹ ਟੈਕਸ ਹੋਰ ਵੀ ਵਧਾਏ ਜਾਣਗੇ, ਜਿਸ ਤਰ੍ਹਾਂ ਕਿ ਇਨ੍ਹਾਂ ਨੇ ਪਹਿਲਾਂ ਵਧਾਏ ਹਨ । ਪਰ ਇਸ ਵੇਲੇ ਕਿਸਾਨ ਦੀ ਹਾਲਤ ਬਹੁਤ ਬੁਰੀ ਹੈ । ਇਸ ਦੀ ਬਜਾਏ ਇਥੇ ਜਿਹੜੇ ਹੋਰ ਘਪਲੇ ਹਨ ਉਨ੍ਹਾਂ ਵਲ ਧਿਆਨ ਦੇਣ ਦੀ ਲੋੜ ਹੈ । ਤਿੰਨ ਕਰੋੜ ਰੁਪਏ ਦਾ ਇਕ ਸਕੈਂਡਲ ਹੈ ਜਿਸ ਦਾ ਅਸੀਂ ਜ਼ਿਕਰ ਕੀਤਾ ਸੀ ਪਰ ਤੁਸੀਂ ਕਿਹਾ ਸੀ ਕਿ ਬੱਜਟ ਤੇ ਬੋਲਦਿਆਂ ਇਸ ਬਾਰੇ ਦੱਸ ਦੇਣਾ ।

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਡਿਪਟੀ ਸਪੀਕਰ ਸਾਹਿਬ, ਪੀ.ਐਲ.ਸੀ.ਸੀ ਇਨਸਟਾਲ ਕਰਨੇ ਸਨ ਬਿਜਲੀ ਦੀਆਂ ਤਾਰਾਂ ਤੇ, ਉਸ ਦੀ ਖਾਤਰ ਸੀਮਨ ਇਕ ਫਰਮ ਹੈ ਉਸ ਨੂੰ ਆਰਡਰ ਪਲੇਸ ਕੀਤਾ ਗਿਆ। ਤਿੰਨ ਕਰੋੜ ਰੁਪਏ ਦਾ ਮਾਲ ਲੈ ਲਿਆ ਗਿਆ ਪਰ ਜਦੋਂ ਇਨਸਟਾਲ ਕਰਨ ਲਗੇ ਤਾਂ ਪਤਾ ਲਗਿਆ ਕਿ ਇਹ ਤਾਂ ਡੀਫੈਕਟਿਵ ਹੈ । ਉਨ੍ਹਾਂ ਦੇ ਇੰਜਨਿਅਰਜ਼ ਬੁਲਾਏ ਗਏ, ਉਨ੍ਹਾਂ ਨੇ ਵੀ ਰਿਪੋਰਟ ਦਿਤੀ । ਜਿਹੜੇ ਇਨਜਨੀਅਰਜ਼ ਅਸੀਂ ਪੈਸੇ ਖ਼ਰਚ ਕੇ ਜਰਮਨ ਭੇਜੇ ਸਨ ਟਰੇਨਿੰਗ ਲੈਣ ਲਈ ਉਨ੍ਹਾਂ ਨੇ ਵੀ ਫੈਸਲਾ ਕਰ ਦਿਤਾ ਕਿ ਮੈਟੀਰੀਅਲ ਡੀਫੈਕਟਿਵ ਹੈ, ਇਸ ਨਾਲ ਕੰਮ ਨਹੀਂ ਚਲੇਗਾ । ਬਜਾਏ ਇਸ ਦੇ ਇਹ ਸਮਾਨ ਮੋੜਨ ਦੇ ਇਨ੍ਹਾਂ ਨੇ ਬਿਜਲੀ ਬੋਰਡ ਵਾਲਿਆਂ ਨੇ ਕੀ ਕੀਤਾ ਕਿ ਉਸ ਫਰਮ ਦੇ ਚੀਫ਼ ਸੇਲਜ਼ ਮੈਨੇਜਰ ਨੂੰ ਬੁਲਾਇਆ ਔਰ ਉਸ ਦੇ ਨਾਲ ਪਤਾ ਨਹੀਂ ਕੀ ਗੱਲ ਬਾਤ ਕੀਤੀ ਤੇ 90 ਲੱਖ ਰੁਪਏ ਦਾ ਹੋਰ ਆਰਡਰ ਪਲੇਸ ਕਰ ਦਿਤਾ ਤਾਂ ਕਿ ਜਿਹੜਾ ਕੁਝ ਪਹਿਲਾਂ ਹੋਇਆ ਹੈ ਉਸ ਨੂੰ ਕਵਰ ਕੀਤਾ ਜਾ ਸਕੇ । ਇਹ ਵੀ ਖਰੀਦ ਲਿਆ ਗਿਆ । ਐਕਸਪਲਾਨੇਟਰੀ ਮੈਮੋਰੰਡਮ ਵਿਚ ਬੜੇ ਹੀ ਅਜੀਬ ਤਰੀਕੇ ਨਾਲ ਇਹ ਚੀਜ਼ ਦਿਤੀ ਗਈ ਹੈ ।

ਸ੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ । (Please wind up.)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਸੋ, ਮੈਂ ਡਿਪਟੀ ਸਪੀਕਰ ਸਾਹਿਬ, ਆਪ ਦੇ ਹੁਕਮ ਅਨੁਸਾਰ ਖਤਮ ਕਰਨ ਲਗਿਆਂ ਹਾਂ ਇਹ ਕਹਿੰਦਾ ਹੋਇਆ ਕਿ ਇਕ ਦੋ ਆਈਟਮਜ਼ ਹਨ ਜਿਨ੍ਹਾਂ ਦੀ ਕਿ ਮੈਂ ਸ਼ਲਾਘਾ ਕਰ ਦਿਤੀ ਹੈ, ਬਾਕੀ ਇਹ ਬਜਟ ਰੁਟੀਨ ਦਾ ਬੱਜਟ ਹੈ, ਆਰਟੀਫੀਸ਼ੀਅਲ ਟਾਈਪ ਦਾ ਬੱਜਟ ਹੈ, ਮਾਯੂਸਕੁਨ ਬਜਟ ਹੈ । ਇਤਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ । (ਥੰਪਿੰਗ)

ਸਰਦਾਰ ਕਿਰਪਾਲ ਸਿੰਘ ਢਿੱਲੋਂ (ਕਪੂਰਥਲਾ): ਡਿਪਟੀ ਸਪੀਕਰ ਸਾਹਿਬ, ਮੇਰੇ ਮਾਨਯੋਗ ਮੈਂਬਰ ਔਰ ਫਾਜ਼ਿਲ ਦੋਸਤ ਸਰਦਾਰ ਸੁਰਜੀਤ ਸਿੰਘ (ਬਰਨਾਲਾ) ਜੀ ਨੇ ਮੈਨੂੰ ਇੰਜ ਜਾਪਦਾ ਹੈ ਕਿ ਇਸ ਬੱਜਟ ਦੇ ਕੁਝ ਚੈਪਟਰ ਪੜ੍ਹੇ ਨਹੀਂ ਹਨ, ਜਾਂ ਇਨ੍ਹਾਂ ਨੂੰ ਪੜ੍ਹਨ ਦੀ ਵੇਹਲ ਹੀ ਨਹੀਂ ਮਿਲੀ ਔਰ ਕੁਝ ਚੈਪਟਰ ਬੜੇ ਮੱਧਮ ਢੰਗ ਨਾਲ ਪੜ੍ਹੇ ਹਨ ਔਰ ਕੁਝ ਨੂੰ ਚੰਗਾ ਪੜ੍ਹਿਆ ਹੈ ਤਾਂ ਐਨਕ ਗਲਤ ਲਗਾਈ ਹੈ । ਮਿਸਾਲ ਦੇ ਤੌਰ ਤੇ ਜਿਹੜੇ ਚੈਪਟਰ ਨਹੀਂ ਪੜ੍ਹੇ ਉਨ੍ਹਾਂ ਵਿਚੋਂ ਕਈ ਗੱਲਾਂ ਦਾ ਮੈਂ ਜ਼ਿਕਰ ਕਰਾਂਗਾ । ਪਰ ਮੈਂ ਪਹਿਲਾਂ ਸਪੈਸੇਫਿਕ ਗੱਲਾਂ ਜਿਹੜੀਆਂ ਹਨ ਉਨ੍ਹਾਂ ਵਲ ਆਉਂਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਇਹ ਜੋ ਬੱਜਟ ਹੈ ਇਹ ਤਾਂ ਅਰੈਸਟੋਟੇਲੀਅਨ ਜੈਸਾ ਬੱਜਟ ਹੈ। ਇਸ ਸਰਕਾਰ ਨੇ ਜੋ ਪੰਚਾਇਤਾਂ ਬਾਰੇ ਕੰਮ ਕੀਤਾ ਹੈ ਔਰ ਜੋ ਇਸ ਬਾਰੇ ਇਸ ਬੱਜਟ ਵਿਚ ਦੱਸਿਆ ਹੈ, ਉਸ ਦਾ ਬਰਨਾਲਾ ਜੀ ਨੇ ਜ਼ਿਕਰ ਨਹੀਂ ਕੀਤਾ ।

ਇਹ ਬਹੁਤ ਵੱਡਾ ਇਸ ਸਰਕਾਰ ਨੇ ਪੰਚਾਇਤਾਂ ਨੂੰ ਲਾਈਮਲਾਈਟ, ਹਾਈਲਾਈਟ ਕਰਕੇ ਕੀਤਾ ਹੈ ।

ਦੂਜੀ ਗਲ ਮੇਰੇ ਖਿਆਲ ਵਿਚ ਇਹ ਹੈ ਕਿ ਬਰਨਾਲਾ ਸਾਹਿਬ ਨੇ ਹੈਲਥ ਔਰ ਮੈਡੀਕਲ ਨੂੰ ਕਿਤੇ ਆਪਣੀ ਸਪੀਚ ਵਿਚ ਟੱਚ ਨਹੀਂ ਕੀਤਾ । ਸੋ ਪਿਛਲੇ ਅੰਕੜਿਆ ਦਾ ਮੁਕਾਬਲਾ ਕੀਤਾ ਜਾਵੇ ਤਾਂ ਸਹੀ ਤਸਵੀਰ ਦਾ ਪਤਾ ਲਗਦਾ ਹੈ । ਇਨ੍ਹਾਂ ਫਿਗਰਜ਼ ਬਾਰੇ ਮੈਂ

ਦਸਦਾ ਹਾਂ । 1972 ਵਿਚ, ਜਦੋਂ ਬਾਦਲ ਸਾਹਿਬ ਚੀਫ ਮਨਿਸਟਰੀ ਤੋਂ ਹੱਟ ਗਏ ਸਨ, ਪੰਜਾਬ ਵਿਚ 261 ਐਲੋਪੈਥਿਕ ਡਿਸਪੈਂਸਰੀਆਂ ਇਹ ਛੱਡ ਕੇ ਗਏ ਸਨ, ਅਤੇ ਅੱਜ ਇਹ ਵੱਧ ਕੇ 476 ਹੋ ਗਈਆਂ ਹਨ । ਇਸੇ ਤਰ੍ਹਾਂ ਹੀ ਉਸ ਵੇਲੇ ਆਯੁਰਵੈਦਿਕ ਡਿਸਪੈਂਸਰੀਆਂ 260 ਸਨ, ਜਿਹੜੀਆਂ ਕਿ ਵੱਧ ਕੇ ਹੁਣ 382 ਹੋ ਗਈਆਂ ਹਨ । ਮੰਜੇ ਤੇ ਬਿਸਤਰੇ ਪਹਿਲਾਂ ਇਨ੍ਹਾਂ ਦੇ ਜ਼ਮਾਨੇ ਵਿਚ 500 ਹੁੰਦੇ ਸਨ, ਹੁਣ ਇਹ 12,000 ਹੋ ਗਏ ਹਨ । ਮੈਡੀਕਲ ਸਟਾਫ ਦੀ ਸਟਰੈਂਗਥ 1972 ਵਿਚ 7,000 ਸੀ, ਜਿਹੜੀ ਕਿ ਹੁਣ ਗਿਆਨੀ ਜੀ ਦੀ ਸਰਕਾਰ ਨੇ ਵਧਾ ਕੇ 16,000 ਕਰ ਦਿਤੀ ਹੈ । ਬਰਨਾਲਾ ਜੀ ਨੇ ਇਹ ਚੇਪਟਰ ਨਹੀਂ ਪੜ੍ਹੇ, ਮੈਨੂੰ ਕੋਈ ਇਤਰਾਜ ਨਹੀਂ ਪਰ ਇਹ ਬਹੁਤ ਵਾਈਟਲ ਚੈਪਟਰ ਛੱਡ ਗਏ ਹਨ । ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਰਿਪਬਲਿਕਸ ਦੀ ਬੁਨਿਆਦ ਵਿਲੇਜਿਜ਼ ਵਿਚ ਪੰਚਾਇਤਾਂ ਦੇ ਜ਼ਰੀਏ ਬਹੁਤ ਬੜੀ ਰਿਅਲਿਸਟਿਕ ਚੀਜ਼ ਲਿਆਉਣੀ ਹੀ ਹੈ । ਇਸ ਬਾਰੇ ਮੈਂ ਦਸਦਾ ਹਾਂ । ਇਹ ਜਿਹੜਾ ਬਜਟ ਹੈ, ਇਹ ਇਕ ਬੜੇ ਸੁਚੱਜੇ ਤਰੀਕੇ ਨਾਲ ਬਣਿਆ ਹੋਇਆ ਹੈ । ਇਹ ਬਜ਼ਟ ਸਟੇਟ ਦੇ ਹਰ ਪੱਖ ਨੂੰ ਠੀਕ ਤਰ੍ਹਾਂ ਟਚ ਕਰਦਾ ਹੈ । ਇਸ ਬਜਟ ਵਿਚ ਇਕ ਬਹੁਤ ਵੱਡੀ ਕੁਆਇਲਟੀ ਹੈ, ਜਿਹੜੀ ਕਿ ਬਰਨਾਲਾ ਸਾਹਿਬ ਨੂੰ ਵੇਖਣੀ ਚਾਹੀਦੀ ਸੀ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਜਟ ਕਿਸੇ ਭਾਈ ਲੈਹਣੇ ਦਾ ਤਿਆਰ ਕੀਤਾ ਹੋਇਆ ਹੈ ਅਤੇ ਇਸ ਚੀਜ਼ ਨੂੰ ਮੈਂ ਹੁਣੇ ਹੀ ਸਾਬਤ ਕਰਦਾ ਹਾਂ । ਜਿਹੜੀਆਂ ਸਰਕਾਰਾਂ 1967 ਤੋਂ 1972 ਤਕ ਰਹੀਆਂ । ਉਨ੍ਹਾਂ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕੀ ਕੀਤਾ । ਜਿਹੜੇ ਸਰਕਾਰ ਦੇ 11 ਪੁਆਇੰਟਸ ਹਨ, ਉਹ ਮੈਂ ਦਸਣਾ ਚਾਹੁੰਦਾ ਹਾਂ ਕਿ ਉਹ ਕੀ ਹਨ । ਸ੍ਰੀ ਹੰਸ ਰਾਜ ਸ਼ਰਮਾ ਅਤੇ ਗਿਆਨੀ ਜ਼ੈਲ ਸਿੰਘ ਜੀ ਦੀਆਂ ਸ਼ਖਸੀਅਤਾਂ ਦੇ ਜ਼ਰੀਏ ਇਹ ਬਜਟ ਇਕ ਕੁਆਇਲਟੀ ਦਾ ਬਜਟ ਪੇਸ਼ ਹੋਇਆ ਹੈ ਅਤੇ ਇਸ ਵਿਚ ਸ਼ਡਿਊਲਡ ਕਾਸਟਸ ਦੇ ਲੋਕਾਂ ਨੂੰ ਜਿਹੜੀਆਂ ਸਹੂਲਤਾਂ ਦਿਤੀਆਂ ਗਈਆਂ ਹਨ, ਉਸ ਨਾਲ ਪੰਜਾਬ ਵਿਚ ਨੈਸ਼ਨਲ ਇੰਟੈਗਰੇਸ਼ਨ ਆਈ ਹੈ । ਸਾਰੇ ਹਰੀਜਨ, ਬੈਕਵਰਡ ਕਲਾਸਿਜ਼, ਵਿਮੁਕਤ ਜਾਤੀਆਂ ਦੇ ਸਟੂਡੈਂਟਸ ਨੂੰ ਸਕਾਲਰਸ਼ਿਪਸ ਦੇਣਾ ਅਤੇ ਉਨ੍ਹਾਂ ਦੀ ਫੀਸ ਮੁਆਫ ਕਰਨਾ ਇਹ ਸਰਕਾਰ ਦਾ ਬੜਾ ਸ਼ਲਾਘਾਯੋਗ ਕੰਮ ਹੈ । ਇਸ ਵੇਲੇ 9 ਵੀਂ, 10 ਵੀਂ ਅਤੇ 11 ਵੀਂ ਕਲਾਸਾਂ ਵਿਚ ਵੀ ਫੀਸ ਮੁਆਫ ਕਰਨਾ ਸ਼ਾਮਲ ਕਰ ਲਿਆ ਗਿਆ ਹੈ । ਫਸਟ ਅਤੇ ਸੈਕੰਡ ਡਿਵੀਜ਼ਨ ਵਾਲਿਆਂ ਨੂੰ 10 ਰੁਪਏ ਅਤੇ ਥਰਡ ਡਿਵੀਜ਼ਨ ਵਾਲਿਆਂ ਨੂੰ 6 ਰੁਪਏ ਵਜ਼ੀਫੇ ਕਰ ਦਿਤੇ ਹਨ । ਜਿਹੜੇ ਬੈਕਵਰਡ ਅਤੇ ਸ਼ੈਡਿਊਲਡ ਕਾਸਟਸ ਹਨ, ਉਨ੍ਹਾਂ ਨੂੰ ਲੈਂਡ ਪਰਚੇਜ਼ ਕਰਨ ਵਾਸਤੇ 5,000 ਰੁਪਏ ਦੀ ਸਬਸਿਡੀ ਸਰਕਾਰ ਦੇਵੇਗੀ ਅਤੇ ਜੇ ਮਕਾਨ ਬਣਾਉਣ ਤਾਂ 1,000 ਰੁਪਿਆ ਸਰਕਾਰ ਦੇਵੇਗੀ । ਇਸ ਮੰਤਵ ਵਾਸਤੇ ਪਿਛਲੇ ਸਾਲ ਸਵਾ ਗਿਆਰਾ ਲੱਖ ਰੁਪਿਆ ਰਖਿਆ ਗਿਆ ਸੀ, ਜਿਹੜਾ ਕਿ ਹੁਣ 12 ਲੱਖ ਕਰ ਦਿਤਾ ਗਿਆ ਹੈ । ਸਰਕਾਰ ਨੇ ਇਨ੍ਹਾਂ ਦੇ ਸਟੂਡੈਂਟਸ ਲਈ ਲਾਅ ਬੁਕਸ, ਇੰਜੀਨੀਅਰਿੰਗ ਬੁਕਸ ਅਤੇ ਮੈਡੀਕਲ ਦੀਆਂ ਵੱਡੀਆਂ ਬੁਕਸ ਸਪਲਾਈ ਕਰਨ ਵਾਸਤੇ 72 ਹਜ਼ਾਰ ਰੁਪਿਆ ਪ੍ਰੋਵਾਈਡ ਕੀਤਾ ਹੈ ਤਾਂ ਜੋ ਉਨ੍ਹਾਂ ਨੂੰ ਪੜ੍ਹਾਈ ਵਿਚ ਕੋਈ ਤਕਲੀਫ ਨਾ ਹੋਵੇ । ਇੰਡਸਟਰੀਅਲ ਟਰੇਡ ਵਿਚ ਟੈਕਨੀਕਲ ਟਰੇਨਿੰਗ ਲਈ ਜਿਹੜਾ ਇਨ੍ਹਾਂ ਸਟੂਡੈਂਟਸ ਨੂੰ 45 ਰੁਪਏ ਸਕਾਲਰਸ਼ਿਪ ਮਿਲਦਾ ਸੀ, ਉਹ ਹੁਣ 60 ਰੁਪਏ ਕਰ ਦਿਤਾ ਗਿਆ ਹੈ ਅਤੇ ਸਾਡੇ ਸੱਤ ਲੱਖ ਰੁਪਿਆ ਸਰਕਾਰ ਨੇ ਇਸ ਸਾਲ ਵਿਚ ਸਟਾਈਪੈਂਡ ਦੀ ਸ਼ਕਲ ਵਿਚ ਦੇਣਾ ਹੈ । ਫਿਰ ਲੀਗਲ ਏਡ ਜਿਹੜੀ ਸਰਕਾਰ ਨੇ ਮੰਨਜ਼ੂਰ ਕੀਤੀ ਹੈ ਪਿਛੜੇ ਹੋਏ ਲੋਕਾਂ ਵਾਸਤੇ ਉਹ 1974-75 ਵਿਚ 36,000 ਰੁਪਏ ਸੀ ਜਿਹੜੀ ਕਿ ਹੁਣ ਵਧਾ ਕੇ 45 ਹਜ਼ਾਰ ਰੁਪਏ

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਕਰ ਦਿਤੀ ਹੈ । ਇਸ ਚੀਜ਼ ਨਾਲ ਜਿਹੜੇ ਗਰੀਬ ਲੋਕ ਲੀਗਲ ਕੰਮ ਤੇ ਪੈਸੇ ਨਹੀਂ ਖਰਚ ਸਕਦੇ ਸਨ, ਉਨ੍ਹਾਂ ਨੂੰ ਬੜਾ ਫਾਇਦਾ ਹੋਇਆ ਹੈ ।

ਇਸ ਦੇ ਨਾਲ ਹੀ ਐਨਵਾਇਰਨਮੈਂਟਲ ਸਕੀਮ ਦੇ ਬਾਰੇ ਵੀ ਮੈਂ ਦਸਣਾ ਚਾਹੁੰਦਾ ਹਾਂ। ਇਸ ਸਕੀਮ ਦੇ ਤਹਿਤ 1974-75 ਵਿਚ 132 ਬਸਤੀਆਂ ਰੈਨੋਵੇਟ ਕੀਤੀਆਂ ਗਈਆਂ ਅਤੇ ਇਕ ਕਰੋੜ ਰੁਪਿਆ ਸਰਕਾਰ ਨੇ ਖਰਚ ਕੀਤਾ ਅਤੇ ਹੁਣ ਵੀ ਇਸ ਕੰਮ ਲਈ ਰੁਪਿਆ ਰਖਿਆ ਗਿਆ ਹੈ । ਇਸ ਦੇ ਨਾਲ ਹੀ ਧਰਮਸ਼ਾਲਾਵਾਂ ਦੀ ਗਲ ਲੈ ਲਵੋ । ਹਰ ਇਲੈਕਸ਼ਨ ਵਿਚ ਹਰੀਜਨ ਇਹ ਕਹਿੰਦੇ ਸਨ ਕਿ ਧਰਮਸ਼ਾਲਾਵਾਂ ਕਿਉਂ ਨਹੀਂ ਬਣੀਆਂ । ਗਿਆਨੀ ਜੀ ਦੀ ਸਰਕਾਰ ਨੇ ਤਿੰਨ ਸਾਲਾਂ ਵਿਚ 9,000 ਪਿੰਡਾਂ ਵਿਚ ਇਹ ਧਰਮਸ਼ਾਲਾਵਾਂ ਮੁਕੰਮਲ ਕਰ ਲਈਆਂ ਹਨ ਅਤੇ ਇਸ ਸਾਲ ਵਿਚ 3,000 ਮੁਕੰਮਲ ਹੋਣੀਆਂ ਹਨ ਅਤੇ ਇਸ ਕੰਮ ਲਈ ਇਕ ਕਰੋੜ 26 ਲੱਖ ਰੁਪਿਆ ਪ੍ਰੋਵਾਈਡ ਕੀਤਾ ਗਿਆ ਹੈ ।

ਜਥੇਦਾਰ ਗੁਰਬਚਨ ਸਿੰਘ: ਸੀਮੈਂਟ ਤਾਂ ਮਿਲਦਾ ਨਹੀਂ, ਮੁਕੰਮਲ ਕਿਥੋਂ ਹੋ ਜਾਣਗੀਆਂ ?

ਸਰਦਾਰ ਕਿਰਪਾਲ ਸਿੰਘ ਢਿਲੋਂ: ਹੁਣ ਮੈਂ ਸਵੀਪਰਜ਼ ਅਤੇ ਸਕੈਵੇਂਜਰਜ਼ ਜ਼ਾਤੀਆਂ ਦੇ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ । ਇਨ੍ਹਾਂ ਵਾਸਤੇ ਹਾਊਸਿਜ਼ ਦੀ ਕੰਸਟਰਕਸ਼ਨ ਵਾਸਤੇ ਸੈਂਟਰ ਦੀ ਸਰਕਾਰ ਨੇ ਇਸ ਸਾਲ ਪੈਸੇ ਮਨਜ਼ੂਰ ਕਰਨੇ ਸਨ, ਲੇਕਿਨ ਉਨ੍ਹਾਂ ਨੇ ਨਹੀਂ ਕੀਤੇ ਔਰ ਪੰਜਾਬ ਸਰਕਾਰ ਨੇ ਇਹ ਕੰਮ ਆਪਣੇ ਜ਼ਿਮੇ ਲੈ ਲਿਆ ਅਤੇ 12 ਲੱਖ ਰੁਪਿਆ ਉਨ੍ਹਾਂ ਲੋਕਾਂ ਦੇ ਹਾਊਸਿਜ਼ ਦੀ ਕੰਸਟਰਕਸ਼ਨ ਵਾਸਤੇ ਪ੍ਰੋਵਾਈਡ ਕੀਤਾ ਹੈ । ਵਿਮੁਕਤ ਜਾਤੀਆਂ ਵਾਸਤੇ ਵੀ ਗੌਰਮਿੰਟ ਆਫ ਇੰਡੀਆ ਨੇ ਸਕੀਮ ਡਰਾਪ ਕੀਤੀ, ਪਰ ਪੰਜਾਬ ਸਰਕਾਰ ਨੇ ਇਨ੍ਹਾਂ ਦੇ ਹਾਊਸਿਜ਼ ਦੀ ਕੰਸਟਰਕਸ਼ਨ ਵਾਸਤੇ 10 ਲੱਖ ਰੁਪਿਆ ਰਖਿਆ ਹੈ ਅਤੇ ਸਵੀਪਰਜ਼ ਅਤੇ ਸਕੈਵੇਂਜਰਜ਼ ਨੂੰ 900-900 ਰੁਪਿਆ ਸਬਸਿਡੀ ਲਈ ਦੇਣ ਵਾਸਤੇ ਰਖਿਆ ਹੈ । ਵਿਮੁਕਤ ਜਾਤੀਆਂ ਦੇ ਸਟੂਡੈਂਟਸ ਨੂੰ ਸਕਾਲਰਸ਼ਿਪਸ ਦੇਣ ਵਾਸਤੇ ਸੈਂਟਰ ਦੀ ਸਰਕਾਰ ਨੇ ਸਕੀਮ ਡਰਾਪ ਕੀਤੀ, ਪਰ ਪੰਜਾਬ ਸਰਕਾਰ ਨੇ ਉਹ 75 ਹਜ਼ਾਰ ਰੁਪਿਆ ਖੁਦ ਪ੍ਰੋਵਾਈਡ ਕੀਤਾ । ਇਸ ਤਰ੍ਹਾਂ ਦੇ ਚੰਗੇ ਚੰਗੇ ਕੰਮ ਇਸ ਸਰਕਾਰ ਨੇ ਕੀਤੇ ਹਨ । ਇਸ ਕਰਕੇ ਮੈਂ ਬਰਨਾਲਾ ਜੀ ਨੂੰ ਇਹ ਕਹਾਂਗਾ ਕਿ ਉਨ੍ਹਾਂ 11 ਨੁਕਾਤੀ ਕਾਂਗਰਸ ਦਾ ਪ੍ਰੋਗਰਾਮ ਨਹੀਂ ਪੜ੍ਹਿਆ । ਚਲੋ, ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ।

ਹੁਣ ਮੈਂ ਬਾਰਡਰ ਏਰੀਆਜ਼ ਦੀ ਗੱਲ ਕਰਦਾ ਹਾਂ । ਉਨ੍ਹਾਂ ਵਿਚ ਸਰਕਾਰ ਨੇ ਬੜਾ ਸੁਧਾਰ ਕੀਤਾ ਹੈ। ਜਿਹੜਾ ਬਾਰਡਰ ਦਾ, ਬੇਟ ਦਾ ਅਤੇ ਸਬ-ਮਾਉਨਟੇਨਸ ਏਰੀਆਜ਼ ਹਨ, ਉਨ੍ਹਾਂ ਦਾ ਸਰਕਾਰ ਨੇ ਬੜਾ ਧਿਆਨ ਕੀਤਾ ਹੈ ਅਤੇ ਕਰ ਰਹੀ ਹੈ । ਵਾਰ ਦੇ ਕਾਰਨ ਇਨ੍ਹਾਂ ਲੋਕਾਂ ਨੂੰ ਬੜੀਆਂ ਤਕਲੀਫਾਂ ਹੋਈਆਂ । ਸਰਕਾਰ ਨੇ 3 ਸਾਲ ਵਿਚ 20 ਕਰੋੜ ਰੁਪਏ ਨਾਲ ਬਾਰਡਰ ਦੇ ਲੋਕਾਂ ਦੀ ਮਦਦ ਕੀਤੀ ਹੈ । ਬਰਨਾਲਾ ਜੀ ਨੇ ਇਹ ਚੈਪਟਰ ਨਹੀਂ ਪੜ੍ਹੇ । ਡਿਪਟੀ ਸਪੀਕਰ ਸਾਹਿਬ, ਅਸਲ ਗੱਲ ਤਾਂ ਇਹ ਹੈ, ਮੈਂ ਇਹ ਨਹੀਂ ਕਹਿ ਸਕਦਾ ਕਿ ਖੁਸ਼ਹਾਲ ਪੰਜਾਬ ਦੇ ਮੌਕੇ ਕਿਸ ਨੇ, ਕਿਸ ਤਰ੍ਹਾਂ ਤੇ ਕਿਵੇਂ ਪਾਏ । ਇਸ ਦੇ ਪਿਛੇ ਇਕ ਮਿਲਟਨ ਫਿਲਾਸਫਰ ਹੈ, ਜਿਸ ਨੇ ਕਿਹਾ ਹੈ ਕਿ:

"To be ruled in heaven is better than to rule in hell"

ਪੰਜਾਬ ਨੂੰ ਛੋਟਾ ਕਰਨ ਨਾਲ ਸਾਨੂੰ ਕਿੰਨਾ ਨੁਕਸਾਨ ਹੋਇਆ । ਇਸ ਬਾਰੇ ਕੋਈ ਚੈਪਟਰ ਬਰਨਾਲਾ ਜੀ ਨੇ ਨਹੀਂ ਇਥੇ ਪੜ੍ਹਿਆ । ਇਸ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਜਿਹੜੀਆਂ ਕੁਦਰਤੀ ਚੀਜ਼ਾਂ ਇਸ ਵੱਡੇ ਪੰਜਾਬ ਵਿਚੋਂ ਨਿਕਲ ਗਈਆਂ, ਉਨ੍ਹਾਂ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਵੇ । ਜੇ ਇਸ ਤਰ੍ਹਾਂ ਦਾ ਚੈਪਟਰ ਲਿਖਣਾ ਹੋਵੇ ਤਾਂ ਪਹਿਲਾਂ 303 ਲੱਖ ਰੁਪਿਆ ਦਰੱਖਤਾਂ ਅਤੇ ਫਾਰੈਸਟਸ ਲਈ ਮੰਜ਼ੂਰ ਕੀਤਾ ਜਾਵੇ ਅਤੇ 5 ਸਾਲ ਵਿਚ 525 ਕਰੋੜ ਰੁਪਿਆ ਪ੍ਰੋਵਾਈਡ ਕੀਤਾ ਜਾਵੇ ਤਾਂ ਜੋ ਜਿਹੜੀ ਕਮੀ ਸਾਨੂੰ ਪੰਜਾਬ ਦੀ ਵੰਡ ਕਾਰਨ ਫਾਰੈਸਟਸ ਦੀ ਆ ਗਈ ਹੈ, ਉਹ ਪੂਰੀ ਹੋ ਸਕੇ, ਲੇਕਿਨ ਇਸ ਦੇ ਬਾਵਜੂਦ ਵੀ ਜਿਹੜੇ ਕੁਦਰਤੀ ਜੰਗਲ ਅਤੇ ਹੋਰ ਚੀਜ਼ਾਂ ਸਨ, ਉਹ ਸਾਡੀਆਂ ਪੂਰੀਆਂ ਨਹੀਂ ਹੋ ਸਕਦੀਆਂ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੁਲੇਮਾਨ ਕਿੰਗ ਸੀ, ਉਸ ਦੇ ਕੋਲ ਦੋ ਔਰਤਾਂ ਇਕ ਬੱਚਾ ਲਕੇ ਗਈਆਂ । ਇਕ ਔਰਤ ਕਹਿੰਦੀ ਸੀ ਕਿ ਇਹ ਬੱਚਾ ਮੇਰਾ ਹੈ ਅਤੇ ਦੂਜੀ ਕਹਿੰਦੀ ਸੀ ਕਿ ਬੱਚਾ ਮੇਰਾ ਹੈ । ਸੁਲੇਮਾਨ ਬਾਦਸ਼ਾਹ ਇਹ ਫੈਸਲਾ ਨਾ ਕਰ ਸਕੇ ਕਿ ਬੱਚਾ ਕਿਸਦਾ ਹੈ ਪਰ ਉਨ੍ਹਾਂ ਨੇ ਇਹ ਫੈਸਲਾ ਕਰ ਦਿਤਾ ਕਿ ਬੱਚਾ ਅੱਧਾ ਅੱਧਾ ਕਰਕੇ ਉਨ੍ਹਾਂ ਨੂੰ ਦੇ ਦਿਤਾ ਜਾਵੇ ਅਤੇ ਇਸ ਕੰਮ ਵਾਸਤੇ ਜਲਾਦ ਨੂੰ ਬੁਲਾਇਆ ਜਾਵੇ । ਜਦੋਂ ਜਲਾਦ ਆਇਆ ਤਾਂ ਜਿਹੜੀ ਅਸਲੀ ਮਾਂ ਸੀ, ਉਹ ਚਿੱਲਾ ਉਠੀ ਅਤੇ ਕਹਿਣ ਲਗੀ ਕਿ ਇਹ ਬੱਚਾ ਮੇਰਾ ਹੈ ਅਤੇ ਅਸਲੀ ਮਾਂ ਦਾ ਪਤਾ ਲਗ ਗਿਆ ਅਤੇ ਬੱਚਾ ਉਸ ਨੂੰ ਦੇ ਦਿਤਾ ਗਿਆ । ਉਸ ਵੇਲੇ, ਜਿਸ ਵੇਲੇ ਪੰਜਾਬ ਦੀ ਵੰਡ ਨਹੀਂ ਸੀ ਹੋਈ, ਇਥ ਪੰਡਿਤ ਨਹਿਰੂ ਦੇ ਰੂਪ ਵਿਚ ਸੁਲਮਾਨ ਸਨ, ਉਨ੍ਹਾਂ ਕਿਹਾ ਸੀ ਕਿ ਵੱਡੇ ਪੰਜਾਬ ਵਿਚ ਬਹੁਤ ਇਲਾਕਾ ਹੈ ਅਤੇ ਭਾਵੇਂ ਇਸ ਦਾ ਨਾਂ ਪੰਜਾਬੀ ਸੂਬਾ ਰਖ ਲਵੋ, ਲੇਕਿਨ ਇਸ ਨੂੰ ਛੋਟਾ ਨਾ ਕਰੋ ਅਤੇ ਇਸ ਨੂੰ ਵਡਾ ਹੀ ਰਹਿਣ ਦੇਵੋ । ਵੱਡੇ ਪੰਜਾਬ ਦੇ ਨਾਲ ਇਹ ਗੱਲ ਸੀ ਕਿ ਦਿੱਲੀ ਵਿਚ ਇਕ 30 ਲੱਖ ਦਾ ਮੇਲਾ ਲਗਿਆ ਸੀ । ਡਿਪਟੀ ਸਪੀਕਰ ਸਾਹਿਬ, ਜੇ ਕਿਸੇ ਪਿੰਡ ਵਿਚ ਮੇਲਾ ਲਗ ਜਾਏ ਤਾਂ ਰੇੜ੍ਹੀਵਾਲੇ ਅਤੇ ਹੋਰ ਛੋਟੇ ਛੋਟੇ ਕੰਮ ਕਰਨ ਵਾਲ 6-6 ਮਹੀਨੇ ਦੀਆਂ ਰੋਟੀਆਂ ਕਮਾ ਲੈਂਦੇ ਹਨ, ਪਰ ਇਹ ਮੇਲਾ ਹੁਣ ਪੰਜਾਬੀਆਂ ਵਾਸਤੇ 70-100 ਮੀਲ ਦੂਰ ਹੋ ਗਿਆ ਕਿਉਂਕਿ ਅੱਗੇ ਪੰਜਾਬ ਦੀ ਹੱਦ ਦਿੱਲੀ ਨਾਲ ਜਾ ਲਗਦੀ ਸੀ । ਸੋ, ਡਿਪਟੀ ਸਪੀਕਰ ਸਾਹਿਬ. ਪੰਜਾਬੀ ਸੂਬਾ ਤਾਂ ਬਣ ਗਿਆ, ਇਸ ਗੱਲ ਦੀ ਇਨ੍ਹਾਂ ਨੂੰ (ਅਕਾਲੀਆਂ ਵੱਲ ਇਸ਼ਾਰਾ ਕਰਦੇ ਹੋਏ) ਮੁਬਾਰਿਕਬਾਦ ਹੈ, ਪੰਜਾਬ ਛੋਟਾ ਹੋ ਗਿਆ, ਇਸ ਗੱਲ ਦੀ ਵੀ ਇਨ੍ਹਾਂ ਨੂੰ ਮੁਬਾਰਕਬਾਦ ਹੈ, ਲੇਕਿਨ ਇਸ ਦਾ ਨੁਕਸਾਨ ਸਾਨੂੰ ਬੜਾ ਹੋਇਆ ਹੈ ਅਤੇ ਜਿੰਨੀਆਂ ਚੰਗੀਆਂ ਚੰਗੀਆਂ ਕੁਦਰਤੀ ਚੀਜ਼ਾਂ ਸਨ, ਉਹ ਅਸੀਂ ਗੁਆ ਬੈਠੇ ਹਾਂ; ਕਈ ਪਹਾੜ ਉਧਰ ਰਹਿ ਗਏ, ਕਈ ਫਾਰੈਸਟਸ ਉਧਰ ਰਹਿ ਗਏ । ਸ਼ਾਨੂੰ ਕਲਚਰਲ ਲਿਹਾਜ਼ ਨਾਲ ਵੀ ਬੜਾ ਨੁਕਸਾਨ ਹੋਇਆ ਹੈ ਅਤੇ ਕਲਚਰਲ ਰਿਨੈਸੈਂਸ ਸਾਡੀ ਕਾਇਮ ਰਹਿਣੀ ਚਾਹੀਦੀ ਸੀ । ਇਸ ਬਾਰ ਮੈਂ ਕਹਿਣਾ ਚਾਹੁੰਦਾ ਹਾਂ:

"ਮਸਜਿਦ ਤ ਬਣਾਲੀ ਪਲ ਭਰ ਮੇਂ
ਈਮਾਂ ਕੀ ਹਰਾਰਤ ਵਾਲੋਂ ਨੇ ।
ਦਿਲ ਆਪਣਾ ਪੁਰਾਣਾ ਪਾਪੀ ਹੈ
ਬਰਸੋਂ ਮੇਂ ਨਮਾਜ਼ੀ ਬਨ ਨਾ ਸਕਾ"

ਸਰਦਾਰ ਕਰਨੈਲ ਸਿੰਘ ਮਰੜ੍ਹੀ: ** ** **

**Not recorded as ordered by the Chair.

Mr. Deputy Speaker : This is no point of order. ਜੋ ਕੁਝ ਆਨਰੇਬਲ ਮੈਂਬਰ ਸਾਹਿਬ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (This is no point of order. Whatever the hon. Member is saying should not be recorded.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ** ** **

ਸ੍ਰੀ ਡਿਪਟੀ ਸਪੀਕਰ : ਮਰੜ੍ਹੀ ਸਾਹਿਬ, ਤੁਸੀਂ ਤਸ਼ਰੀਫ ਰਖੋ। ਇਹ ਗਲਤ ਗੱਲ ਹੈ। ਇਹ ਰਿਕਾਰਡ ਨਹੀਂ ਕਰਨਾ। (ਸ਼ੋਰ) (Marhari Sahib, please resume your seat. It is wrong. It should not be recorded.)

ਸਰਦਾਰ ਕਿਰਪਾਲ ਸਿੰਘ ਢਿੱਲੋਂ: ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਹਕ ਦੀ ਗੱਲ ਕਰ ਰਿਹਾ ਸੀ, ਇਹ ਤਾਂ ਮੇਰੇ ਨਾਲ ਨਰਾਜ਼ ਹੋਣ ਲਗੇ ਹਨ। ਇਹ ਠੀਕ ਨਹੀਂ ਸਮਝੇ। ਮੈਂ ਤਾਂ ਇਨ੍ਹਾਂ ਦੇ ਪੁਆਇੰਟ ਵਲ ਹੀ ਆ ਰਿਹਾ ਸੀ। ਮੈਂ ਤਾਂ ਇਨ੍ਹਾਂ ਨੂੰ ਪੰਜਾਬੀ ਸੂਬਾ ਬਣਨ ਤੇ ਮੁਬਾਰਕਬਾਦ ਦਿਤੀ ਸੀ। ਮੈਂ ਤਾਂ ਇਹ ਕਹਿਣਾ ਚਾਹੁੰਦਾ ਸੀ ਕਿ ਜੋ ਪੰਜਾਬੀ ਸੂਬਾ ਬਣ ਗਿਆ ਹੈ ਉਸ ਨੂੰ ਛੋਟਾ ਨਾ ਕਰੋ। ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਕਲਚਰ ਉੱਚਾ ਹੋਣਾ ਚਾਹੀਦਾ ਹੈ, ਜਾਗ੍ਰਿਤੀ ਆਉਣੀ ਚਾਹੀਦੀ ਹੈ। ਕਿਸੇ ਵੀ ਸਟੇਟ ਦੇ ਨਿਵਾਸੀ ਜਾਂ ਸਿਟੀਜ਼ਨ ਤਦ ਹੀ ਤਰੱਕੀ ਕਰ ਸਕਦੇ ਹਨ ਜਦ ਉਸ ਦੇਸ਼ ਵਿਚ ਜਾਗ੍ਰਿਤੀ ਆਵੇ, ਕਲਚਰ ਚੰਗਾ ਹੋਵੇ। ਇਸ ਬਾਰੇ ਕਿਹਾ ਵੀ ਜਾਂਦਾ ਹੈ ਕਿ—

If the culture is alive, nation is alive.
If the culture is lost, nation is lost.

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ, ਇਸ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਜਿਸ ਨੇ ਕਿ ਆਪਣੇ ਰਾਜ ਦੇ ਵੇਲੇ ਹੋਰ ਸਾਰੀਆਂ ਸਟੇਟਸ ਨਾਲੋਂ ਜ਼ਿਆਦਾ ਤਰੱਕੀ ਇਸ ਪੰਜਾਬ ਵਿਚ ਲੈ ਆਂਦੀ ਜਿਸ ਨਾਲ ਪੰਜਾਬ ਫਿਰ ਤੋਂ ਸੁਰਜੀਤ ਹੋਇਆ, ਪੰਜਾਬ ਵਿਚ ਜਾਗ੍ਰਿਤੀ ਆਈ ਅਤੇ ਇਸ ਪੰਜਾਬ ਵਿਚ ਹਰ ਪੱਖ ਤੋਂ ਤਰੱਕੀ ਹੋਈ (ਥੰਪਿੰਗ) ਇਹ ਸਿਰਫ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਹੀ ਕਰ ਸਕੀ ਹੈ ਹੋਰ ਕੋਈ ਸਰਕਾਰ ਨਹੀਂ ਕਰ ਸਕੀ। (ਥੰਪਿੰਗ) He is the architect of Punjab. (Thumping)

ਡਿਪਟੀ ਸਪੀਕਰ ਸਾਹਿਬ, ਸਾਡੇ ਚੀਫ਼ ਮਨਿਸਟਰ ਦਾ ਉਥੇ ਦਾ ਜਨਮ ਹੈ ਜਿਥੇ ਮਹਾਨ ਧਰਮਾਤਮਾ ਸ਼ੇਖ ਫ਼ਰੀਦ ਜੀ ਹੋਏ ਹਨ। ਸ਼ਾਇਦ ਇਹ ਸ਼ੇਖ ਫ਼ਰੀਦ ਨੂੰ ਭੁਲ ਗਏ ਹਨ। ਉਹ ਦੇਸ਼ ਭਗਤ ਸਨ ਉਨ੍ਹਾਂ ਨੇ ਕਿਹਾ ਸੀ।

We are one as a nation and we are one as a State.

ਸਾਡੇ ਦੇਸ਼ ਦੀਆਂ ਸਾਰੀਆਂ ਸਟੇਟਸ ਨੂੰ ਉਨ੍ਹਾਂ ਦਾ ਆਦਰ ਕਰਨਾ ਚਾਹੀਦਾ ਹੈ, (ਥੰਪਿੰਗ) ਜਿਸ ਨੇ ਪੰਜਾਬ ਨੂੰ ਜਾਗ੍ਰਿਤੀ ਵਲ ਲੈ ਆਂਦਾ। (ਵਿਘਨ)

**Not recorded as ordered by the Chair.

ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਦੀ 'ਰਾਜਮਾਤਾ' ਸ਼ਹੀਦ ਭਗਤ ਸਿੰਘ ਦ ਮਾਤਾ ਨੂੰ ਇਸ ਪੰਜਾਬ ਗੌਰਮਿੰਟ ਨੇ ਹੀ ਸਤਕਾਰ ਦਿੱਤਾ ਅਤੇ ਜੋ ਇਜਤ ਇਸ ਮੁੱਖ ਮੰਤਰ ਨੇ ਉਸ ਦੀ ਕੀਤੀ ਉਹ ਭੁਲਾਈ ਨਹੀਂ ਜਾ ਸਕਦੀ । (ਥੰਪਿੰਗ)

ਫਿਰ ਸਰਦਾਰ ਊਧਮ ਸਿੰਘ ਜੀ ਦੀਆਂ ਅਸਥੀਆਂ ਇਹ ਸਰਕਾਰ ਹੀ ਹਿੰਦੁਸਤਾਨ ਵਿਚ ਲੈ ਆਈ ਹੈ, ਇਸ ਤੋਂ ਪਹਿਲੇ ਕੋਈ ਸਰਕਾਰ ਇਹ ਨਹੀਂ ਲਿਆ ਸਕੀ ਅਤੇ ਇਨ੍ਹਾਂ ਅਸਥੀਆਂ ਨੂੰ ਕਈ ਸਟੇਟਸ ਅਤੇ ਜ਼ਿਲ੍ਹਿਆਂ ਵਿਚ ਲੈ ਜਾ ਕੇ ਮਾਨਤਾ ਦਿਤੀ ਹੈ । ਇਸ ਨਾਲ ਲੋਕਾਂ ਦੇ ਦਿਲਾਂ ਵਿਚ ਜਾਗ੍ਰਿਤੀ ਆਈ ਅਤੇ ਸਾਰਿਆਂ ਸਟੇਟਸ ਨੇ ਇਸ ਦੀ ਇਜ਼ਤ ਕੀਤੀ । ਇਹ ਵੀ ਸਾਡੀ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦਾ ਕੰਮ ਸੀ । (ਥੰਪਿੰਗ) (ਵਿਘਨ) ਡਿਪਟੀ ਸਪੀਕਰ ਸਾਹਿਬ , ਜੇ ਫਿਰ ਵੀ ਇਹ ਨਹੀਂ ਮੰਨਦੇ ਤਾਂ ਮੈਂ ਇਨ੍ਹਾਂ ਨੂੰ ਹੋਰ ਵੀ ਦਸਦਾ ਹਾਂ । ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਾਰਗ ਇਸ ਸਰਕਾਰ ਨੇ ਹੀ ਪੂਰਾ ਕੀਤਾ, ਇਹ ਸਾਡੇ ਵਾਸਤੇ ਬੜੀ ਮਾਨ ਦੀ ਗਲ ਹੈ (ਥੰਪਿੰਗ) ਇਹ ਵੀ ਗਿਆਨੀ ਜ਼ੈਲ ਸਿੰਘ ਨੇ ਹੀ ਮਾਰਗ ਬਣਵਾਇਆ । (ਵਿਘਨ)

ਜਥੇਦਾਰ ਗੁਰਬਚਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਕੀ ਇਹ ਬਜਟ ਤੇ ਬੋਲ ਰਹੇ ਹਨ ?

ਸਰਦਾਰ ਕਿਰਪਾਲ ਸਿੰਘ ਢਿੱਲੋਂ : ਮੈਂ ਬਜਟ ਤੇ ਬੋਲ ਰਿਹਾ ਹਾਂ । ਕੋਈ ਵੀ ਬਜਟ ਉਦੋਂ ਤਕ ਪੂਰਾ ਨਹੀਂ ਹੋ ਸਕਦਾ ਨਾ ਹੀ ਉਹ ਠੀਕ ਮੰਨਿਆ ਜਾ ਸਕਦਾ ਹੈ ਜਦੋਂ ਤਕ ਉਸ ਸਟੇਟ ਦਾ ਕਲਚਰ ਉਚਾ ਨਾ ਹੋਵੇ । ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਜਥੇਦਾਰ ਗੁਰਬਚਨ ਸਿੰਘ ਜੀ ਨੂੰ ਬਜਟ ਦੇ ਬਾਰੇ ਹੀ ਦਸਦਾ ਹਾਂ । ਬਜਟ ਦੇ 2 ਪਹੀਏ ਹੁੰਦੇ ਹਨ......।

ਸ੍ਰੀ ਡਿਪਟੀ ਸਪੀਕਰ : ਢਿੱਲੋਂ ਸਾਹਿਬ, ਪਹਿਲੇ ਬਜਟ ਦੀ ਪੰਜਾਬੀ ਕਰ ਕੇ ਦਸ ਦਿਓ ਇਨ੍ਹਾਂ ਨੂੰ ਪਤਾ ਨਹੀਂ । (Dhillon Sahib, first tell him the meaning of the word Budget because he does not know its meanings.)

ਸਰਦਾਰ ਕਿਰਪਾਲ ਸਿੰਘ ਢਿੱਲੋਂ : ਪਹਿਲੇ ਇਹ ਤਖਮੀਨਾ ਕਰ ਲੈਣ ਕਿ ਇਸ ਸਾਲ ਕਿੰਨਾ ਖਰਚ ਹੋਇਆ ਹੈ । (ਵਿਘਨ)

ਜੱਥੇਦਾਰ ਗੁਰਬਚਨ ਸਿੰਘ : ਇਨ੍ਹਾਂ ਨੂੰ ਵਜ਼ੀਰੀ ਦੇ ਦਿਓ ਇਹ ਤਾਂ ਵਜ਼ੀਰੀ ਦੇ ਮਗਰ ਲਗੇ ਹਨ ।

ਸਰਦਾਰ ਕਿਰਪਾਲ ਸਿੰਘ ਢਿੱਲੋਂ : ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲੇ ਮੇਰੇ ਫ਼ਾਜ਼ਲ ਦੋਸਤ ਵੀ ਬੋਲ ਚੁਕੇ ਹਨ ਪਰ ਮੈਂ ਵਿਰੋਧੀ ਧੜੇ ਦੇ ਦੋਸਤਾਂ ਵਾਂਗ ਲੜਦਾ ਨਹੀਂ, ਮੈਂ ਤਾਂ ਸਿਰਫ ਜਵਾਬ ਦੇ ਰਿਹਾ ਹਾਂ । ਬਰਨਾਲਾ ਸਾਹਿਬ ਨੇ ਵੀ ਕਿਹਾ ਹੈ । ਇਹ ਸੁਣ ਲੈਣ, ਫ਼ਿਰ ਇਨ੍ਹਾਂ ਨੂੰ ਜਵਾਬ ਦੇਣ ਵਿਚ ਕੰਮ ਆਵੇਗਾ ।

ਐਗਰੀਕਲਚਰ ਦੇ ਬਾਰੇ ਮੈਂ ਅਰਜ਼ ਕਰਾਂ । ਇਨ੍ਹਾਂ ਨੇ ਕਿਹਾ ਹੈ ਕਿ ਧਾਂਧਲੀ ਮਚੀ ਹੋਈ ਹੈ ਪਰ ਇਹ ਗਲ ਨਹੀਂ ਹੈ । (ਵਿਘਨ) ਮੈਂ ਇਸ ਗਲ ਵਿਚ ਨਹੀਂ ਜਾਂਦਾ । ਮੈਂ

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਤਾਂ ਇਹ ਕਹਿ ਰਿਹਾ ਸੀ ਕਿ ਦੇਸ਼ ਦੀ ਕਲਚਰ ਅਤੇ ਜਾਗ੍ਰਿਤੀ ਵਾਸਤੇ ਜੋ ਬੇਸਿਕ ਚੀਜ਼ ਹੈ ਉਹ ਹੈ ਇਕਨੌਮਿਕ ਯਾਨੀ ਆਰਥਕ, ਇਸ ਦੇ 2 ਪਹੀਏ ਹਨ ਇਕ ਇੰਡਸਟਰੀ ਅਤੇ ਇਕ ਐਗਰੀਕਲਚਰ ।

ਹੁਣ ਮੈਂ ਵਿਰੋਧੀ ਦਲ ਦੇ ਦੋਸਤਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਤੇ ਸਾਡਾ ਇਸ ਸਾਲ ਕਿੰਨਾ ਖਰਚ ਹੋਇਆ ਹੈ । ਇਸ ਸਰਕਾਰ ਨੇ 1974-75 ਵਿਚ 803 ਲੱਖ ਰੁਪਿਆ ਐਗਰੀਕਲਚਰ ਤੇ ਖਰਚਿਆ ਅਤੇ ਇਸ ਸਾਲ ਇਸ ਸਰਕਾਰ ਨੇ 969 ਲੱਖ ਖਰਚਣਾ ਹੈ । ਇਹ ਰਕਮ ਵਧਣ ਨਾਲ ਕਿਸਾਨਾਂ ਨੂੰ ਕਾਫੀ ਫਾਇਦਾ ਹੋਵੇਗਾ । ਜਿਹੜਾ ਵਾਟਰ ਲਾਗਿੰਗ ਏਰੀਆ ਸੀ ਉਥੇ ਇਨ੍ਹਾਂ ਨੇ ਡੀਪ ਟਿਊਬਵੈਲਜ਼ ਲਗਾ ਕੇ ਉਸ ਏਰੀਆ ਨੂੰ ਖੇਤੀ ਯੋਗ ਬਣਾਇਆ ਹੈ । 1974-75 ਵਿਚ ਇਸ ਸਰਕਾਰ ਨੇ 61 ਲੱਖ ਏਕੜ ਜ਼ਮੀਨ ਨੂੰ ਇਰੀਗੇਟ ਕੀਤਾ ਹੈ ਪਰ ਹੁਣ ਇਸ ਸਰਕਾਰ ਨੇ ਇਸ ਵਿਚ 7 ਲੱਖ ਏਕੜ ਦਾ ਹੋਰ ਵਾਧਾ ਕੀਤਾ ਹੈ ਅਤੇ 68 ਲੱਖ ਏਕੜ ਜ਼ਮੀਨ ਇਸ ਸਾਲ ਸੈਰਾਬ ਹੋਵੇਗੀ । ਸਾਡੀ ਸਰਕਾਰ ਨੇ ਬੰਜਰ ਅਤੇ ਕੱਲਰ ਵਾਲੀ ਜ਼ਮੀਨ ਨੂੰ ਰੀਕਲੇਮ ਕਰਕੇ ਵੀ ਹਲ ਵਾਹੁਣ ਯੋਗ ਬਣਾਉਣ ਵਿਚ ਕਾਫੀ ਤਰੱਕੀ ਕੀਤੀ ਹੈ ਜਿਵੇਂ ਕਿ ਸੰਗਰੂਰ ਅਤੇ ਕਪੂਰਥਲਾ ਵਿਚ ਕਲਰ ਵਾਲੀ ਹਜ਼ਾਰਾਂ ਏਕੜ ਜ਼ਮੀਨ ਪਈ ਸੀ ਜਿਸ ਨੂੰ ਕਿ ਇਸ ਸਰਕਾਰ ਨੇ ਰੀਕਲੇਮ ਕਰਕੇ ਹਲ ਵਾਹੁਣ ਯੋਗ ਬਣਾਇਆ ਹੈ ਅਤੇ ਇਸ ਪਾਸੇ ਹੋਰ ਵੀ ਕਦਮ ਚੁੱਕ ਰਹੀ ਹੈ । ਇਸ ਨਾਲ ਸਰਕਾਰ ਨੇ ਆਪਣਾ ਟੀਚਾ ਰਖਿਆ ਹੈ ਕਿ ਇਸ ਸਾਲ 90 ਲੱਖ ਟਨ ਅਨਾਜ਼ ਪੈਦਾ ਕੀਤਾ ਜਾ ਸਕੇਗਾ ਅਤੇ 6 ਲੱਖ ਟਨ ਗੰਨਾ ਪੈਦਾ ਹੋਵੇਗਾ । 1975-76 ਦੇ ਦੌਰਾਨ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਇਹ ਵੀ ਅਨੁਮਾਨ ਲਾਇਆ ਹੈ ਕਿ 50 ਲੱਖ ਟਨ ਤੇਲ ਦੇ ਬੀਜ ਤਿਆਰ ਹੋ ਸਕਣਗੇ ਅਤੇ ਸਾਢੇ 11 ਲੱਖ ਟਨ ਰੂੰ ਦੀਆਂ ਗੱਠਾਂ ਬੰਨੀਆਂ ਜਾਣਗੀਆਂ ।

ਐਗਰੀਕਲਚਰ ਦੇ ਸੈਕਟਰ ਵਿਚ ਸਰਕਾਰ ਨੇ ਵੱਧ ਡੀਜ਼ਲ ਸਪਲਾਈ ਕਰਨ ਦਾ ਪ੍ਰਬੰਧ ਕੀਤਾ ਹੈ ਜਿਸ ਦੇ ਕਾਰਨ ਸਾਉਂਣੀ ਦੀ ਫਸਲ 21 ਲਖ ਟਨ ਹੋਣ ਦੀ ਸੰਭਾਵਨਾ ਹੈ ।

ਇਸ ਸਰਕਾਰ ਨੇ ਜਿਸ ਤਰ੍ਹਾਂ ਬਠਿੰਡਾ ਥਰਮਲ ਪਲਾਂਟ ਲਾਇਆ ਹੈ ਇਸੇ ਤਰ੍ਹਾਂ ਹੀ ਇਨ੍ਹਾਂ ਨੇ ਫਰਟੇਲਾਈਜ਼ਰ ਵਧਾਉਣ ਵਾਸਤੇ ਇਕ ਬਹੁਤ ਵੱਡਾ ਫਰਟੇਲਾਈਜ਼ਰ ਦਾ ਪਲਾਂਟ ਇਥੇ ਲਿਆਂਦਾ ਹੈ । ਗਿਆਨੀ ਜੀ ਨੇ ਆਪਣੀ ਤਕਰੀਰ ਵਿਚ ਦਸਿਆ ਸੀ ਕਿ ਪਹਿਲੇ ਇਹ ਤਜਵੀਜ਼ ਕੀਤਾ ਗਿਆ ਸੀ ਕਿ ਇਸ ਤੇ 108 ਕਰੋੜ ਰੁਪਏ ਖਰਚ ਕੀਤੇ ਜਾਣਗੇ ਮਗਰ ਹਣ ਕੀਮਤਾਂ ਵਧਣ ਕਰਕੇ ਅਤੇ ਦੇਸ਼ ਨੂੰ ਤਰੱਕੀ ਵਲ ਲੈ ਜਾਣ ਵਾਸਤੇ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹੁਣ ਇਸ ਤੇ 135 ਕਰੋੜ ਖਰਚ ਹੋਵੇਗਾ ਇਸ ਨਾਲ ਸਾਡੇ ਪੰਜਾਬ ਵਿਚ ਫਰਟੇਲਾਈਜ਼ਰ ਦਾ ਕਾਫੀ ਉਤਪਾਦਨ ਹੋ ਸਕੇਗਾ ।

ਡਿਪਟੀ ਸਪੀਕਰ ਸਾਹਿਬ, ਦੇਸ਼ ਨੂੰ ਉਚਾ ਲੈ ਜਾਣ ਵਾਸਤੇ ਸਰਕਾਰ ਦਾ ਸਟੇਬਲ ਹੋਣਾ ਜ਼ਰੂਰੀ ਹੈ । ਜੇ ਸਾਡੀ ਸਰਕਾਰ ਸਟੇਬਲ ਨਹੀਂ ਹੋਵੇਗੀ ਤਾਂ ਪੰਜਾਬ ਤਰੱਕੀ ਨਹੀਂ ਕਰ ਸਕੇਗਾ । ਸਾਡੀ ਤਰੱਕੀ ਦਾ ਇਹੀ ਕਾਰਣ ਹੈ ਕਿ ਸਾਡੀ ਸਰਕਾਰ ਸਟੇਬਲ ਹੈ ।

Unless the Government is stable ਲਾ ਐਂਡ ਆਰਡਰ ਠੀਕ ਨਾ ਹੋਵੇ State cannot be stable. ਡਿਪਟੀ ਸਪੀਕਰ ਸਾਹਿਬ, ਇਹ ਪਹਿਲੀ ਸਰਕਾਰ ਹੈ ਜਿਸ ਨੇ ਇੰਡਸਟਰੀਜ਼ ਨੂੰ ਇਨਕਰੀਜ ਕੀਤਾ ਹੈ ਅਤੇ ਇੰਡਸਟਰੀਅਲ ਖੇਤਰ ਵਿਚ ਵੀ ਤਰੱਕੀ ਕੀਤੀ ਹੈ। ਪਿਛੇ ਕੀ ਹੁੰਦਾ ਰਿਹਾ ਹੈ ਕਿ 1967 ਤੋਂ 1971 ਤਕ, ਸਾਲ 5 ਅਤੇ ਸਰਕਾਰਾਂ 7 ਆਈਆਂ (ਹਾਸਾ) ਡਿਪਟੀ ਸਪੀਕਰ ਸਾਹਿਬ, ਮੈਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਅਜਿਹਾ ਮਾਹੌਲ ਪੈਦਾ ਕੀਤਾ ਜਿਸ ਨਾਲ ਕਿ ਇਹ ਸਰਕਾਰ ਸਟੇਬਲ ਰਹੀ। ਇਸ ਸਰਕਾਰ ਨੇ ਇੰਡਸਟਰੀਜ਼ ਵਾਸਤੇ ਆਪਣੀ ਆਊਟ ਲੇ 7.86 ਕਰੋੜ ਰੁਪਏ ਰਖੀ ਹੈ ਜਦ ਕਿ ਪਿਛਲੇ ਸਾਲ ਇਹ 6.75 ਕਰੋੜ ਦੀ ਸੀ। ਇਸ ਤਰ੍ਹਾਂ ਇਸ ਸਰਕਾਰ ਨੇ ਇੰਡਸਟਰੀਅਲ ਖੇਤਰ ਵਿਚ ਬਹੁਤ ਤਰੱਕੀ ਕੀਤੀ ਹੈ।

ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਹਰੀਜਨਾਂ ਦੀ ਰਖਿਆ ਵਾਸਤੇ 11 ਪੁਆਇੰਟਸ ਪਰੋਗਰਾਮ ਸ਼ੁਰੂ ਕੀਤਾ ਹੈ ਜਿਸ ਵਿਚ ਸਾਡੀ ਸਰਕਾਰ ਕਾਫੀ ਸਫਲ ਹੋਈ ਹੈ।

ਸਰਦਾਰ ਕੇਰਨੈਲ ਸਿੰਘ ਮਰੜ੍ਹੀ: ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਵੀ ਮਰੜ੍ਹੀ ਸਾਹਿਬ ਕਹਿ ਰਹੇ ਹਨ, ਰੀਕਾਰਡ ਨਾ ਕੀਤਾ ਜਾਵੇ। (Whatever is being said by the hon. Member, Sardar Karnail Singh Marhari, should not be recorded.)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਸਰਦਾਰ ਸੁਰਜੀਤ ਸਿੰਘ (ਬਰਨਾਲਾ) ਬੋਲ ਰਹੇ ਸਨ, ਉਸ ਵੇਲੇ ਸਾਡੇ ਵਿਚੋਂ ਕੋਈ ਨਹੀਂ ਬੋਲਿਆ। ਪਰ ਹੁਣ ਮਰੜ੍ਹੀ ਸਾਹਿਬ ਦੀਆਂ ਨਬਜ਼ਾਂ ਕਿਉਂ ਨਹੀਂ ਕਸਦੇ ? (ਹਾਸਾ)

ਸਰਦਾਰ ਹਰਚਰਨ ਸਿੰਘ : ਜੋ ਕੁਝ ਮਰੜ੍ਹੀ ਸਾਹਿਬ ਨੇ ਕਿਹਾ ਹੈ ਉਹ ਹਾਲੇ ਤੱਕ ਕੋਈ ਵੀ ਨਹੀਂ ਸਮਝਿਆ। ਉਨ੍ਹਾਂ ਦੇ ਕਹਿਣ ਬਾਰੇ ਮੈਨੂੰ ਇਕ ਸ਼ੇਅਰ ਯਾਦ ਆਇਆ ਹੈ ਕਿ :—

ਕਲਾਮੇ ਮੀਰ ਸਮਝੇ ਤੋ ਔਰ ਕਿਆ ਕੋਈ ਸਮਝੇ,
ਜੋ ਇਨ੍ਹੋ ਨੇ ਕਹਾ ਹੈ ਵੋਹ ਖੁਦ ਸਮਝੇ ਯਾ ਖੁਦਾ ਸਮਝੇਂ।

ਸਰਦਾਰ ਕਿਰਪਾਲ ਸਿੰਘ ਢਿੱਲੋਂ: ਮਰੜ੍ਹੀ ਸਾਹਿਬ, ਸਮਝੇ ਨਹੀਂ ਉਹ ਤਾਂ ਐਵੇਂ ਉਠ ਕੇ ਬੋਲਣ ਲਗ ਜਾਂਦੇ ਹਨ। ਬਾਰਡਰ ਏਰੀਆਜ਼ ਵਿਚ ਇੰਡਸਟਰੀ ਜਿਹੜੀ ਲਗਣੀ ਹੈ, ਉਹ ਤਿੰਨ ਕਰੋੜ ਰੁਪਿਆ ਲਾ ਕੇ ਲਗਣੀ ਹੈ। ਇਹ ਜਿਹੜਾ ਰੁਪਿਆ ਮਿਲਣਾ ਹੈ ਇਸ ਵਿਚ ਮਰੜ੍ਹੀ ਸਾਹਿਬ ਨੂੰ ਵੀ ਹਿਸਾ ਮਿਲਣਾ ਹੈ, ਇਹ ਕਿਉਂ ਨਹੀਂ ਸਮਝਦੇ। ਪੰਜਾਬ ਵਿਚ ਇੰਡਸਟਰੀ ਲਾਉਣ ਲਈ ਸੈਂਟਰ ਦੀ ਸਰਕਾਰ ਨੇ 103 ਲੈਟਰ ਆਫ ਇੰਟੈਂਟ ਦਿਤੇ ਹਨ, ਇਹ ਇੰਡਸਟਰੀ ਦੇ ਲਾਈਸੈਂਸ ਮਿਲ ਜਾਣ ਨਾਲ 191 ਕਰੋੜ ਰੁਪਿਆ ਖਰਚ ਕਰਕੇ ਪੰਜਾਬ ਵਿਚ ਇੰਡਸਟਰੀ ਲਗਣੀ ਹੈ ਅਤੇ ਇਸ ਰਾਹੀਂ 14 ਹਜ਼ਾਰ ਲੋਕਾਂ ਨੂੰ

**Not recorded as ordered by the Chair.

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਰੋਜ਼ਗਾਰ ਮਿਲਣਾ ਹੈ । 130 ਕਰੋੜ ਰੁਪਿਆ ਪੰਜਾਬ ਸਟੇਟ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਰਾਹੀਂ ਖਰਚ ਹੋਣਾ ਹੈ । ਇਸ ਤਰ੍ਹਾਂ 50 ਹਜ਼ਾਰ ਲੋਕਾਂ ਨੂੰ ਮੁਲਾਜ਼ਮਤ ਮਿਲਣੀ ਹੈ । ਮੈਂ ਸਮਝਦਾ ਹਾਂ ਕਿ ਬਰਨਾਲਾ ਜੀ ਨੇ ਇਸ ਤਰ੍ਹਾਂ ਦੀਆਂ ਤਰੱਕੀ ਦੀਆਂ ਜਿਹੜੀਆਂ ਗੱਲਾਂ ਸਨ ਉਨ੍ਹਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ । ਉਨ੍ਹਾਂ ਨੂੰ ਇਹ ਵੀ ਦਸਣਾ ਚਾਹੀਦਾ ਸੀ ਕਿ 40 ਕਰੋੜ ਰੁਪਿਆ ਪੰਜਾਬ ਸਰਕਾਰ ਨੇ ਐਕਸਪੋਰਟ ਰਾਹੀਂ ਇਸ ਸਾਲ ਕਮਾਉਣਾ ਹੈ, ਉਹ ਵੀ ਇਸ ਸਟੇਟ ਦੀ ਇਨਕਮ ਹੋਵੇਗੀ। ਇਕ ਹੋਰ ਜਿਹੜੀ ਇਸ ਸਟੇਟ ਦੇ ਵਿਚ ਕੰਮ ਦੀ ਗਲ ਹੋਈ ਉਹਦੇ ਵਲ ਵੀ ਸਰਦਾਰ ਸੁਰਜੀਤ ਸਿੰਘ ਨੇ ਕੋਈ ਧਿਆਨ ਨਹੀਂ ਦਿਤਾ, ਉਹ ਹੈਲਥ ਅਤੇ ਮੈਡੀਕਲ ਦੇ ਬਾਰੇ ਹੈ । ਬਰਨਾਲਾ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਪੰਜਾਬ ਵਿਚ ਪਿਛਲੇ ਸਾਲ 35 ਲੱਖ ਲੋਕਾਂ ਦਾ ਮੈਡੀਕਲ ਮੰਥਨ ਹੋਇਆ, ਮੈਨੂੰ ਇਸ ਗੱਲ ਦੀ ਹੋਰ ਵੀ ਹੈਰਾਨੀ ਹੋਈ ਕਿ ਮੈਡੀਕਲ ਡੀਪਾਰਟਮੈਂਟ ਨੇ 5 ਲੱਖ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਵਿਚ ਜਾ ਕੇ ਦਵਾਈਆਂ ਵੀ ਦਿੱਤੀਆਂ । ਡਾਕਟਰਾਂ ਨੇ ਸਾਰੀਆਂ ਗੱਲਾਂ ਦੇ ਇਲਾਜ ਕੀਤੇ ਹਨ ਪਰ ਹੈਰਾਨੀ ਦੀ ਗਲ ਤਾਂ ਇਹ ਹੈ ਕਿ ਡਾਕਟਰਾਂ ਨੂੰ ਇਨ੍ਹਾਂ ਦੇ ਦਿਮਾਗ ਦਾ ਅਜ ਤੱਕ ਕੋਈ ਇਲਾਜ ਕਿਉਂ ਨਹੀਂ ਲਭਿਆ ਕਿ ਇਸ ਸਟੇਟ ਵਿਚ ਇਹ ਮੁੜਕੇ ਰਾਜ ਕਰਨਗੇ (ਹਾਸਾ) ਇਹ ਹੋਰ ਵੀ ਗੌਰਵ ਦੀ ਗਲ ਹੈ ਕਿ ਹੈਲਥ ਡੀਪਾਰਟਮੈਂਟ ਨੇ 10 ਹੋਰ ਡਿਸ-ਪੈਂਸਰੀਆਂ ਦੇਣੀਆਂ ਹਨ । 9 ਜ਼ਿਲ੍ਹਿਆਂ ਦਾ ਮੈਡੀਕਲ ਮੰਥਨ ਹੋ ਚੁਕਾ ਹੈ ਅਤੇ ਅਗੋਂ ਲਈ ਮੈਡੀਕਲ ਮੰਥਨ ਲਈ 76 ਲੱਖ ਦੀ ਹੋਰ ਪ੍ਰੋਵੀਜ਼ਨ ਕੀਤੀ ਹੈ ! (ਤਾੜੀਆਂ) ਇਹ ਪਿਛਲੇ ਸਾਲ 58 ਲੱਖ ਹੀ ਸੀ । ਜਿਥੇ ਇਲਾਜ ਲਈ ਇਤਨਾ ਕੰਮ ਕੀਤਾ ਹੈ ਉਥੇ ਪੰਜਾਬ ਸਰਕਾਰ ਨੇ ਚੰਗੇ ਡਾਕਟਰਾਂ ਲਈ ਵੀ ਕਾਲਜ ਖੋਲ੍ਹ ਕੇ ਲੋਕਾਂ ਦੇ ਇਲਾਜ ਵਿਚ ਸਹੂਲਤਾਂ ਪੈਦਾ ਕਰਨ ਦਾ ਪੱਕਾ ਇਰਾਦਾ ਕੀਤਾ ਹੋਇਆ ਹੈ । ਮੇਰੀ ਗਲ ਜਥੇਦਾਰ ਗੁਰਬਚਨ ਸਿੰਘ ਅਤੇ ਮਰੜ੍ਹੀ ਸਾਹਿਬ ਸੁਣ ਲੈਣ ਕਿ ਜਦੋਂ ਬਾਦਲ ਦੀ ਸਰਕਾਰ ਗਈ ਤਾਂ 5 ਹਜ਼ਾਰ ਪਿੰਡਾਂ ਨੂੰ ਲਿੰਕ ਸੜਕਾਂ ਦਿੱਤੀਆਂ ਸੀ, ਅਜ 11,947 ਪਿੰਡ ਹਨ ਜਿਨ੍ਹਾਂ ਨੂੰ ਲਿੰਕ ਰੋਡਜ਼ ਨਾਲ ਮਿਲਾਇਆ ਗਿਆ ਹੈ । ਹੁਣ ਆਪ ਹੀ ਅੰਦਾਜ਼ਾ ਲਾ ਸਕਦੇ ਹਨ ਕਿ ਕਿਤਨੀਆਂ ਕੁ ਅਚੀਵਮੈਂਟਸ ਹੋਈਆਂ ਹਨ । ਹੁਣ ਸਿਰਫ 800 ਪਿੰਡ ਰਹਿੰਦੇ ਹਨ ਜਿਨ੍ਹਾਂ ਨੂੰ ਲਿੰਕ ਰੋਡਜ਼ ਰਾਹੀਂ ਜੋੜਨਾ ਹੈ ਅਤੇ ਇਸ ਦੇ ਲਈ 3 ਕਰੋੜ ਰੁਪਏ ਦੀ ਪ੍ਰੋਵੀਜ਼ਨ ਕੀਤੀ ਗਈ ਹੈ । ਮੈਂ ਇਹ ਆਪਣੀ ਸਰਕਾਰ ਵਲੋਂ ਐਸ਼ੋਰੈਂਸ ਦਿਵਾਉਂਦਾ ਹਾਂ ਕਿ ਜਿਤਨੀਆਂ ਵੀ ਕੱਚੀਆਂ ਸੜਕਾਂ ਹਨ ਉਹ ਪੱਕੀਆਂ ਕਰ ਦਿੱਤੀਆਂ ਜਾਣਗੀਆਂ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦਸਣਾ ਚਾਹੁੰਦਾ ਹਾਂ । (ਵਿਘਨ)

ਸ੍ਰੀ ਡਿਪਟੀ ਸਪੀਕਰ : ਕੋਈ ਪੁਆਇੰਟ ਆਫ ਆਰਡਰ ਕਰੋ । (ਵਿਘਨ) (Please raise a point of order) (*Interruption.*)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਮੇਰੀ ਗਲ ਸੁਣੋ । ਇਨ੍ਹਾਂ ਨੇ ਕਿਹਾ ਹੈ ਕਿ ਦੁੱਧ ਢੋਂਦਾ ਰਿਹਾ (ਵਿਘਨ) ਕੰਮ ਕਰਨ ਵਾਲੇ ਨੂੰ ਕੋਈ ਮਿਹਣਾ ਨਹੀਂ । (ਵਿਘਨ)

ਸਰਦਾਰ ਕਿਰਪਾਲ ਸਿੰਘ ਢਿੱਲੋਂ : ਜਿਹੜਾ ਦੁੱਧ ਢੋਂਦਾ ਹੈ, ਉਹ ਨੋਬਲ ਕੰਮ ਕਰਦਾ ਹੈ, ਲੋਕਾਂ ਦੀ ਸਿਹਤ ਬਣਾਉਂਦਾ ਹੈ । (ਵਿਘਨ) ਬਰਨਾਲਾ ਸਾਹਿਬ ਨੇ ਬਜਟ ਤੇ ਬੋਲਦਿਆਂ ਇਹ

ਬੜੇ ਇਚਿੰਗ ਢੰਗ ਨਾਲ ਕਿਹਾ ਕਿ ਐਜੂਕੇਸ਼ਨ ਦਾ ਚੈਪਟਰ ਖੋਖਲਾ ਹੈ । ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਦਸਣਾ ਚਾਹੁੰਦਾ ਹਾਂ ਕਿ ਜੇ ਪਿਛਲੇ ਸਾਲ ਇਸ ਮਦ ਲਈ 50 ਕਰੋੜ ਰੁਪਏ ਰਖੇ ਗਏ ਸੀ ਤਾਂ ਇਸ ਸਾਲ ਇਸ ਲਈ 57 ਕਰੋੜ ਰੁਪਏ ਰਖੇ ਗਏ ਹਨ । ਇਹ ਬਾਇਸੇ ਫਖਰ ਹੈ ਕਿ ਪੰਜਾਬ ਸਟੇਟ ਦੇ, 95% ਲੋਕ ਲਿਟਰੇਟ ਹਨ। ਹਾਇਰ ਤਾਲੀਮ ਲਈ ਵੀ ਜੋ ਪਰੋਵੀਜ਼ਨ ਕੀਤਾ ਗਿਆ ਹੈ, ਉਸ ਲਈ ਸਰਕਾਰ ਹੱਕ ਬਜਾਨਿਬ ਹੈ। ਇਸ ਲਈ ਜਿੰਨੀ ਵੀ ਇਸ ਸਰਕਾਰ ਦੀ ਸ਼ਲਾਘਾ ਕੀਤੀ ਜਾਏ ਉਹ ਘਟ ਹੈ । 500 ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ, 500 ਪ੍ਰਾਇਮਰੀ ਤੋਂ ਮਿਡਲ ਕੀਤੇ ਗਏ ਹਨ ਅਤੇ 200 ਮਿਡਲ ਤੋਂ ਹਾਈ ਸਕੂਲ ਕੀਤੇ ਗਏ ਹਨ । ਇਥੇ ਹੀ ਬਸ ਨਹੀਂ 100 ਮਿਡਲ ਸਕੂਲਾਂ ਅਤੇ 50 ਹਾਇਰ ਸੈਕੰਡਰੀ ਸਕੂਲਾਂ ਵਿਚ ਵੋਕੇਸ਼ਨਲ ਐਜੂਕੇਸ਼ਨ ਦਾ ਪਰਬੰਧ ਕਰਨਾ ਹੈ । ਇਹ ਸਰਕਾਰ ਦੇ ਬਜਟ ਦੀ ਖਾਸ ਖਸੂਸੀਆਤ ਹਨ ।

ਡਿਪਟੀ ਸਪੀਕਰ ਸਾਹਿਬ, ਪੰਚਾਇਤਾਂ ਜਿਨ੍ਹਾਂ ਨੂੰ ਮੈਂ ਰਿਪਬਲਿਕਸ ਕਹਿ ਚੁੱਕਾ ਹਾਂ ਇਨ੍ਹਾਂ ਲਈ ਕਈ ਲੱਖ ਰੁਪਏ ਈਅਰਮਾਰਕ ਕੀਤੇ ਗਏ ਹਨ। ਸਭ ਤੋਂ ਵਡੀ ਗੱਲ ਇਨ੍ਹਾਂ ਪੰਚਾਇਤਾਂ ਲਈ ਕੋਈ ਇਕ ਵਖਰਾ ਇੰਡੀਪੈਂਡੈਂਟ ਡਾਇਰੈਕਟੋਰੇਟ ਬਣਾਉਣ ਦੀ ਹੈ। ਲੋਕਾਂ ਲਈ ਪੰਚਾਇਤਾਂ ਨੂੰ ਸੈਲਫ ਸਫੀਸ਼ੈਂਟ ਬਣਾਉਣਾ ਹੈ । ਇਹ ਸ਼ਲਾਘਾ ਯੋਗ ਕੰਮ ਹਨ। ਪਿਛਲੇ ਸਾਲ ਸ਼ਾਮਲਾਤ ਜ਼ਮੀਨਾਂ ਵਿਚੋਂ ਜਿਥੇ ਢਾਈ ਕਰੋੜ ਰੁਪਏ ਦੀ ਇਨਕਮ ਕੀਤੀ ਸੀ ਇਸ ਸਾਲ 5 ਕਰੋੜ ਰੁਪਏ ਦੀ ਇਨਕਮ ਕਰਨੀ ਹੈ। ਇਹ ਸ਼ਲਾਘਾਯੋਗ ਕੰਮ ਹੈ ਜਿਸ ਨਾਲ ਸਾਬਤ ਹੋਇਆ ਹੈ ਕਿ ਇਹ ਬਜਟ ਡਿਸਐਪੁਆਇੰਟਿੰਗ ਨਹੀਂ ਬਲਕਿ ਇਹ ਤਾਂ ਐਨਕਰੇਜਿੰਗ ਬਜਟ ਹੈ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ 7,000 ਫਰੀਡਮ ਫਾਈਟਰਜ਼ ਨੂੰ ਪੈਨਸ਼ਨਜ਼ ਦਿੱਤੀਆਂ ਹਨ । (ਵਿਘਨ) ਇਸ ਲਈ ਸਰਕਾਰ ਨੇ ਕਰੈਸ਼ ਪਰੋਗਰਾਮ ਬਣਾਇਆ ਹੈ । ਸੋਸ਼ਲ ਸਰਵਿਸਿਜ਼ ਵਾਸਤੇ ਪਿਛਲੇ ਸਾਲ ਨਾਲੋਂ 9 ਕਰੋੜ ਰੁਪਏ ਵਧ ਰਖਿਆ ਗਿਆ ਹੈ ਪਿਛਲੇ ਸਾਲ ਇਸ ਲਈ 24 ਕਰੋੜ ਰੁਪਏ ਰਖੇ ਗਏ ਸੀ ਜਦ ਕਿ ਹੁਣ ਇਸ ਲਈ 33 ਕਰੋੜ ਰੁਪਏ ਰਖੇ ਗਏ ਹਨ । ਇਸ ਤਰ੍ਹਾਂ 37,000 ਲੋਕਾਂ ਨੂੰ ਪੈਨਸ਼ਨਜ਼ ਮਿਲਣੀਆਂ ਹਨ। ਫਾਇਦਾ ਹੋਣਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਬੜਾ ਚੰਗਾ ਕੰਮ ਕੀਤਾ ਗਿਆ ਹੈ । ਪੀਣ ਦੇ ਪਾਣੀ ਦਾ ਪ੍ਰਬੰਧ ਕੀਤਾ ਗਿਆ ਹੈ । ਡੇਢ ਸੌ ਪਿੰਡਾਂ ਨੂੰ ਪੀਣ ਦਾ ਪਾਣੀ ਮੁਹੱਈਆ ਕੀਤਾ ਗਿਆ ਹੈ । 100 ਪਿੰਡਾਂ ਲਈ ਹੋਰ 3 ਕਰੋੜ ਰੁਪਏ ਰਖੇ ਗਏ ਹਨ ਤਾਂ ਕਿ ਉਨ੍ਹਾਂ ਨੂੰ ਵੀ ਪੀਣ ਲਈ ਚੰਗਾ ਪਾਣੀ ਮਿਲ ਸਕੇ ।

ਇਹਦੇ ਨਾਲ ਹੀ ਲੋਕਲ ਬਾਡੀਜ਼, ਮਿਊਂਸਪਲ ਕਮੇਟੀਜ਼, ਇੰਪਰੂਵਮੈਂਟ ਟਰੱਸਟਸ ਲਈ ਦੋ ਕਰੋੜ ਰੁਪਏ ਪਰੋਵਾਈਡ ਕੀਤੇ ਗਏ ਹਨ ਤਾਂ ਕਿ ਇਨ੍ਹਾਂ ਦਾ ਸਿਸਟਮ ਬੇਹਤਰ ਬਣਾਇਆ ਜਾ ਸਕੇ । (ਘੰਟੀ)

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਦੋ ਸੁਜੈਸ਼ਨਜ਼ ਦੇ ਕੇ ਆਪ ਤੋਂ ਆਗਿਆ ਲਵਾਂਗਾ । ਕੁਝ ਸ਼ਬਦ ਬੜੇ ਜ਼ੋਰ ਨਾਲ ਮੇਰੇ ਆਪੋਜ਼ੀਸ਼ਨ ਬੈਂਚਿਜ਼ ਤੋਂ ਬਾਦਲ ਸਾਹਿਬ ਅਤੇ

(ਸਰਦਾਰ ਕਿਰਪਾਲ ਸਿੰਘ ਢਿਲੋਂ)

ਬਰਨਾਲਾ ਸਾਹਿਬ ਦੇ ਬਾਰ ਬਾਰ ਕਹਿਣ ਤੇ ਮੈਂ ਐਨੀ ਗੱਲ ਕਹਿਣਾ ਚਾਹੁੰਦਾ ਹਾਂ (ਵਿਘਨ) ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਦਿਆਂ ਅਤੇ ਬਰਨਾਲਾ ਸਾਹਿਬ ਨੇ ਅੱਜ ਬੋਲਦਿਆਂ ਬੜੇ ਫੈਕਟਸ ਐਂਡ ਫਿਗਰਜ਼ ਦਿਤੇ ਸੀ। ਮੈਂ ਤਾਂ ਇਹੋ ਹੀ ਕਹਾਂਗਾ ਕਿ ਉਹ ਫੈਕਟਸ ਐਂਡ ਫਿਗਰਜ਼ ਜਿਸ ਟੀਚਰ ਨੇ ਜਿਸ ਕਿਤਾਬ ਵਿਚੋਂ ਉਨ੍ਹਾਂ ਨੂੰ ਪੜ੍ਹਾਏ ਸੀ ਜਦੋਂ ਉਹ ਆਪ ਚੀਫ ਮਨਿਸਟਰ ਸਨ, 1970—71 ਵਿਚ, ਜੇ ਉਹ ਆਪ ਉਹ ਪੜ੍ਹ ਲੈਂਦੇ ਤਾਂ ਸਾਡਾ ਕਲਿਆਣ ਹੋ ਜਾਣਾ ਸੀ। (ਵਿਘਨ) ਮੈਨੂੰ ਇਕ ਸ਼ੇਅਰ ਯਾਦ ਆ ਗਿਆ ਹੈ। ਉਹ ਇਸ ਤਰ੍ਹਾਂ ਹੈ—

"ਉਸ ਨੇ ਕੀ ਜਿਨ ਸੇ ਤੋਬਾ ਮੇਰੇ ਕਤਲ ਕੇ ਬਾਦ, ਹਾਏ ਉਸ ਰੋਜ਼ ਪਸ਼ੇਮਾਨ ਕਾ ਪਸ਼ੇਮਾਨ ਹੋਨਾ"

ਇਕ ਅਧ ਗੱਲ ਮੈਂ ਹੁਣ ਸਜੈਸ਼ਨਜ਼ ਦੇਣ ਬਾਰੇ ਕਹਿਣਾ ਚਾਹੁੰਦਾ ਹਾਂ। ਸਾਡੀ ਸਰਕਾਰ ਨੇ ਧਰਮਸ਼ਾਲਾਵਾਂ ਲਈ, ਚੌਪਾਲਾਂ ਲਈ ਜਾਂ ਹੋਰ ਕੰਸਟ੍ਰਕਸ਼ਨਜ਼ ਦੇ ਜਿੰਨੇ ਕੰਮਾਂ ਲਈ ਪੈਸੇ ਮਨਜ਼ੂਰ ਕੀਤੇ ਹਨ ਲੋਨਜ਼ ਸਬਸਿਡਾਈਜ਼ ਕਰਕੇ ਦਿਤੇ ਹਨ ਉਹਦੇ ਨਾਲ ਨਾਲ ਸੀਮਿੰਟ ਦਾ ਸਪੈਸ਼ਲ ਪਰਬੰਧ ਕਰਨਾ ਚਾਹੀਦਾ ਹੈ। ਦੂਜੀ ਸੁਜੈਸ਼ਨ ਮੇਰੇ ਵਲੋਂ ਇਹ ਹੈ ਕਿ ਜੋ ਸੜਕਾਂ ਪਾਂਡੇ ਸਾਹਿਬ ਬੜੀ ਮਿਹਨਤ ਨਾਲ ਬਣਾ ਰਹੇ ਹਨ ਜਿਸ ਨਾਲ ਕਿ ਜੋ ਇਸ ਲਈ ਟੀਚਾ ਰਖਿਆ ਗਿਆ ਹੈ ਉਹ ਇਸ ਸਾਲ ਪੂਰਾ ਹੋ ਜਾਏਗਾ (ਵਿਘਨ) ਪਰ ਇਹਦੇ ਲਈ ਦੋ ਹਫਤੇ ਦਾ ਪਬਲਿਕ ਪਾਰਟੀਜ਼ ਪਾਰਟੀਸੀਪੇਸ਼ਨ ਬਣਾਉਣਾ ਚਾਹੀਦਾ ਹੈ। ਇਹ ਜੋ ਸੜਕਾਂ ਦਾ ਅਰਥ ਵਰਕ ਹੈ, ਕੱਚੀ ਥਾਂ ਥਲੇ ਪਾਈ ਜਾਂਦੀ ਹੈ ਉਹ ਪੱਕੀਆਂ ਕਰਨ ਲਈ ਇਹਦੇ ਲਈ ਪੀਪਲਜ਼ ਪਾਰਟੀਸੀਪੇਸ਼ਨ ਜ਼ਰੂਰੀ ਹੈ ਭਾਵੇਂ ਇਹਦੇ ਲਈ ਬਿਲ ਜਾਂ ਐਕਟ ਲਿਆਉਣਾ ਪਵੇ। ਆਖਰ ਵਿਚ ਮੇਰੀ ਸਰਕਾਰ ਪਾਸ ਇਹ ਭਾਵਨਾ ਸਹਿਤ ਬੇਨਤੀ ਹੈ ਕਿ ਐਗਰੀਕਲਚਰ ਇਨ-ਪੁਟਸ ਲਈ ਜ਼ਿਮੀਂਦਾਰ ਨੂੰ ਸਬਸਿਡੀਜ਼ ਦੇਣਾ ਜ਼ਰੂਰੀ ਹੈ। ਇਹ ਠੀਕ ਹੈ ਕਿ ਕੁਝ ਇਸ ਵਿਚ ਕੰਪਨਸੇਸ਼ਨ ਕਰ ਦਿਤਾ ਹੈ। (ਵਿਘਨ) ਪਰ ਇਸ ਵਿਚ ਸਬਸਿਡੀਜ਼ ਦਾ ਪਰਬੰਧ ਕਰਨ ਨਾਲ ਹੀ ਇਹ ਪਰਾਬਲਮ ਖਤਮ ਹੋ ਸਕਦੀ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਤੋਂ ਖਿਮਾਂ ਮੰਗਦਾ ਹੋਇਆ ਆਪਣੀ ਸੀਟ ਲੈਂਦਾ ਹਾਂ।

ਸ੍ਰੀ ਪ੍ਰੇਮ ਗੁਪਤਾ (ਪਟਿਆਲਾ) : ਡਿਪਟੀ ਸਪੀਕਰ ਸਾਹਿਬ, 1975-76 ਦਾ ਪੰਜਾਬ ਦਾ ਬੱਜਟ ਸਾਡੇ ਸਾਹਮਣੇ ਹੈ ਅਤੇ ਹਾਊਸ ਇਸ ਤੇ ਵਿਚਾਰ ਕਰ ਰਿਹਾ ਹੈ। ਜਦ ਫਾਈਨੈਂਸ ਮਨਿਸਟਰ ਬੱਜਟ ਸਪੀਚ ਪੜ੍ਹ ਕੇ ਜਾਂਦਾ ਹੈ ਜਾਂ ਹਾਊਸ ਵਿਚ ਟੇਬਲ ਕਰਕੇ ਜਾਂਦਾ ਹੈ ਤਾਂ ਇਕ ਰਿਐਕਸ਼ਨ ਆਪੋਜ਼ੀਸ਼ਨ ਪਾਰਟੀਆਂ ਦਾ ਬਗੈਰ ਸੋਚੇ ਸਮਝੇ ਆਉਂਦਾ ਹੈ ਕਿ ਬੱਜਟ ਜਨਤਾ ਮਾਰੂ ਬੱਜਟ ਹੈ, ਇਹ ਸਟੇਟਸ ਕੋ ਬੱਜਟ ਹੈ ਅਤੇ ਇਸ ਵਿਚੋਂ ਕੁਝ ਰਾਹਿਤ ਨਹੀਂ ਮਿਲੀ, ਲੋਕਾਂ ਦੇ ਉਤੇ ਹੋਰ ਟੈਕਸ ਲਾ ਦਿਤੇ ਹਨ, ਜਿੰਨੀਆਂ ਵੀ ਨੈਗੇਟਿਵ ਗੱਲਾਂ ਹੁੰਦੀਆਂ ਹਨ, ਉਹ ਸਾਰੇ ਬੱਜਟ ਦੇ ਬਾਰੇ ਕਹੀਆਂ ਜਾਂਦੀਆਂ ਹਨ ਲੇਕਿਨ ਇਰਰਿਸਪਾਂਸੀਬਲ ਢੰਗ ਨਾਲ ਕਹੀਆਂ ਜਾਂਦੀਆਂ ਹਨ। ਮੈਨੂੰ ਖੁਸ਼ੀ ਹੈ ਕਿ ਇਸ ਸਾਲ ਬਜਟ ਤੋਂ ਬਾਅਦ ਸਿਵਾਏ ਕੁਝ ਦੋਸਤਾਂ ਦੇ ਇਸ ਨੂੰ ਸਟੇਟਸ ਕੋ ਕਹਿਣ ਤੋਂ ਇਲਾਵਾ, ਉਨ੍ਹਾਂ ਨੇ ਬੜਾ ਜ਼ੋਰ ਲਾਇਆ ਕਿ ਉਹ ਇਸ ਨੂੰ ਕਰਿਟੇਸਾਈਜ਼ ਕਰ ਸਕਣ, ਪਰ ਉਨ੍ਹਾਂ ਨੂੰ ਇਸ ਨੂੰ ਕਰਿਟੇਸਾਈਜ਼ ਕਰਨ ਵਾਸਤੇ ਕੋਈ ਲਫਜ਼ ਨਹੀਂ ਮਿਲਿਆ। ਇਸ ਨੂੰ ਕਿਹਾ ਗਿਆ ਕਿ ਇਹ ਰੁਟੀਨ ਬੱਜਟ ਹੈ ਅਤੇ ਇਹ ਸਟੇਟਸ-ਕੋ ਬੱਜਟ ਹੈ। ਇਸ ਤੋਂ ਇਲਾਵਾ ਉਹ ਹੋਰ ਕੁਝ ਨਹੀਂ ਕਹਿ ਸਕੇ। ਉਹ ਹੋਰ

ਕੁਝ ਕਿਉਂ ਨਹੀਂ ਕਹਿ ਸਕੇ ? ਇਸ ਬਾਰੇ ਮੈਂ ਦੱਸਦਾ ਹਾਂ । ਅੱਜ ਦੀ ਸਟੇਟ, ਜਿਥੇ ਪਿਛਲੇ ਦ ਸਾਲਾਂ ਤੋਂ ਬਾਰਿਸ਼ ਨਾ ਹੋਈ ਹੋਵੇ, ਦੇਸ਼ ਵਿਚ ਭੁਖ ਮਰੀ ਹੋਵੇਂ, ਸ਼ਾਰਟੇਜ ਹੋਵੇ, ਇਨਫਲੇਸ਼ਨ ਹੋਵੇ, ਬਲੈਕ ਮਾਰਕਿਟ ਹੋਵੇ, ਹੋਰਡਿੰਗ ਹੋਵੇ, ਕੁਰੱਪਸ਼ਨ ਹੋਵੇ, ਸਮਗਲਿੰਗ ਹੋਵੇ, ਇੰਨੀਆਂ ਗੱਲਾਂ ਹੋਣ ਦੇ ਬਾਅਦ ਬੱਜਟ ਨੂੰ ਬੈਲੰਸਡ ਢੰਗ ਦੇ ਨਾਲ ਪੇਸ਼ ਕਰਨਾ ਅਤੇ ਕੋਈ ਟੈਕਸ ਨਾ ਲਾਉਣਾ, ਮੈਂ ਸਮਝਦਾ ਹਾਂ ਕਿ ਇਸ ਤੋਂ ਪਰੋਗ੍ਰੈਸਿਵ ਅਤੇ ਬੈਲਸਡ ਬੱਜਟ ਹੋਰ ਹੋ ਨਹੀਂ ਸਕਦਾ । ਇਹ ਜਿਹੜਾ ਪੰਜਾਬ ਸਰਕਾਰ ਨੇ, ਪੰਜਾਬ ਦੇ ਫਾਈਨੈਂਸ ਮਨਿਸਟਰ ਨੇ, ਪ੍ਰੋਗ੍ਰੈਸਿਵ ਅਤੇ ਬੈਲੰਸਡ ਬੱਜਟ ਪੰਜਾਬ ਦੇ ਲੋਕਾਂ ਦੇ ਸਾਹਮਣੇ ਲਿਆਂਦਾ ਹੈ ਜਿਹੜੀ ਕਿ ਹਰ ਮਹਿਕਮੇ ਦੇ ਬਾਰੇ, ਹਰ ਚੀਜ਼ ਦੇ ਬਾਰੇ ਆਪ ਬੋਲਦੀ ਤਸਵੀਰ ਹੈ, ਤੁਸੀਂ ਕੋਈ ਵੀ ਬੱਜਟ ਦੀ ਆਈਟਮ ਤੇ ਗੌਰ ਕਰੋ ਫਾਈਨੈਂਸ਼ਲ ਕਰਾਈਸਿਜ਼ ਜਾਂ ਨੈਸ਼ਨਲ ਕਰਾਈਸਿਜ਼ ਕਾਰਨਾਂ ਕਰਕੇ ਪੰਜਾਬ ਵਿਚ ਕਿਸੇ ਵੀ ਸਕੀਮ ਨੂੰ ਬੰਦ ਨਹੀਂ ਕੀਤਾ, ਕਿਸੇ ਵੀ ਸਕੀਮ ਨੂੰ ਕਰਟੇਲ ਨਹੀਂ ਕੀਤਾ ਗਿਆ ਸਗੋਂ ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਹਰ ਸਕੀਮ ਨੂੰ ਚਾਲੂ ਰਖਿਆ ਜਾਵੇ ਅਤੇ ਪੰਜਾਬ ਦੀ ਤਰੱਕੀ ਵਾਸਤੇ ਇਥੇ ਨਵੀਂਆਂ ਸਕੀਮਾਂ ਅਤੇ ਪ੍ਰਾਜੈਕਟ ਲਾਏ ਜਾਣ, ਇਸ ਵਾਸਤੇ ਕੋਸ਼ਿਸ਼ ਕੀਤੀ ਗਈ ਹੈ । ਡਿਪਟੀ ਸਪੀਕਰ ਸਾਹਿਬ, ਸਾਡੀ ਸਟੇਟ ਦਾ ਬੱਜਟ 577 ਕਰੋੜ 41 ਲੱਖ ਰੁਪਏ ਦਾ ਹੈ ਅਤੇ ਇਸ ਵਿਚ 6.83 ਕਰੋੜ ਰੁਪਏ ਦਾ ਮਾਈਨਰ ਜਿਹਾ ਡੈਫੀਸਿਟ ਹੈ । ਉਨ੍ਹਾਂ ਨੇ ਆਪਣੀ ਸਪੀਚ ਵਿਚ ਇਹ ਐਸ਼ੋਅਰੈਂਸ ਦਿਵਾਈ ਸੀ ਕਿ ਬਗੈਰ ਕੋਈ ਨਵਾਂ ਟੈਕਸ ਲਗਾਉਣ ਦੇ ਇਹ ਡੈਫੀਸਿਟ ਪੂਰਾ ਕੀਤਾ ਜਾਵੇਗਾ । ਐਫ. ਐਮ. ਸਾਹਿਬ ਨੇ ਇਹ ਜਿਹੜਾ ਬੱਜਟ ਪੜ੍ਹਿਆ ਹੈ ਮੈਂ ਉਸ ਦਾ ਸਵਾਗਤ ਕਰਦਾ ਹਾਂ । ਬੱਜਟ ਪੇਸ਼ ਹੋਣ ਤੋਂ ਬਾਅਦ ਸੈਂਟਰਲ ਗੌਰਮਿੰਟ ਦਾ ਡਿਸੀਜ਼ਨ ਆਇਆ ਕਿ ਆਪਣੇ ਮੁਲਾਜ਼ਮਾਂ ਨੂੰ ਅਸੀਂ 3 ਡੀ. ਏ. ਦੀਆਂ ਇਨਸਟਾਲਮੈਂਟਸ ਦਿਆਂਗੇ । ਸਾਡੇ ਫਾਈਨੈਂਸ ਮਨਿਸਟਰ ਸਾਹਿਬ ਨੇ, ਚਾਹੇ ਉਹ ਚੰਡੀਗੜ੍ਹ ਵਿਚ ਸਨ ਚਾਹੇ ਬਟਾਲੇ ਵਿਚ ਸਨ, ਉਨ੍ਹਾਂ ਨੇ ਇਹ ਐਲਾਨ ਕੀਤਾ ਕਿ ਪੰਜਾਬ ਸਰਕਾਰ ਸਾਰੇ ਮੁਲਾਜ਼ਮਾਂ ਨੂੰ ਡੀ. ਏ. ਦੀਆਂ ਤਿੰਨ ਕਿਸ਼ਤਾਂ ਦੇਵੇਗੀ । ਇਸ ਗੱਲ ਤੋਂ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਸਰਕਾਰ ਦੀ ਐਪਰੋਚ ਕੀ ਹੈ ਟੂਵਰਡਜ਼ ਲੇਬਰ, ਐਗਰੀਕਲਚਰ, ਸਰਕਾਰੀ ਮੁਲਾਜ਼ਮਾਂ, ਸੈਮੀ-ਗੌਰਮਿੰਟ ਅਦਾਰਿਆਂ ਵਿਚ ਜਿਹੜੇ ਕੰਮ ਕਰਦੇ ਹਨ । ਇਹ ਜਿਹੜਾ ਡੀ.ਏ. ਹੈ ਇਸ ਦਾ ਇਕੱਲਾ ਸਰਕਾਰੀ ਮੁਲਾਜ਼ਮਾਂ ਤੇ ਹੀ ਅਸਰ ਨਹੀਂ ਪੈਣਾ, ਇਸ ਦਾ ਅਸਰ ਲੋਕਲ ਬਾਡੀਜ਼, ਅਟਾਨੋਮਸ ਬਾਡੀਜ਼ ਅਤੇ ਪ੍ਰਾਈਵੇਟ ਸਕੂਲਾਂ ਆਦਿ ਤੇ ਵੀ ਪੈਣਾ ਹੈ । ਇਹ ਸਾਰਿਆਂ ਨੂੰ ਮਿਲਣਾ ਹੈ ।

ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਬਰਨਾਲਾ ਜੀ ਬੋਲਦੇ ਸਨ, ਮੈਂ ਸਮਝਦਾ ਸੀ ਕਿ ਉਹ ਬੜੇ ਲਾਜੀਕਲੀ ਬੋਲਦੇ ਹਨ ਅਤੇ ਬੜੀ ਸਮਝਦਾਰੀ ਨਾਲ ਬੋਲਦੇ ਹਨ ਅਤੇ ਉਹ ਛੋਟੀਆਂ ਗੱਲਾਂ ਵਿਚ ਨਹੀਂ ਜਾਂਦੇ ਪਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਸਪੀਚ ਫੋਕੀ ਸੀ । ਉਹ ਕੋਈ ਕੰਕਰੀਟ ਗੱਲ ਹਾਊਸ ਦੇ ਸਾਹਮਣੇ ਨਹੀਂ ਲਿਆ ਸਕੇ । (ਵਿਘਨ) ਉਨ੍ਹਾਂ ਨੇ ਆਪਣੀ ਸਪੀਚ ਕਲੋਜ਼ ਕਰਦੇ ਹੋਏ ਐਜੂਕੇਸ਼ਨ ਬਾਰੇ ਕਿਹਾ ਸੀ । ਉਹ ਐਜੂਕੇਸ਼ਨ ਮਨਿਸਟਰ ਰਹੇ ਹਨ। ਉਹ ਬੜੇ ਪੜ੍ਹੇ ਲਿਖੇ ਹਨ ਅਤੇ ਹਾਈ ਕੋਰਟ ਵਿਚ ਅਪੀਲਾਂ ਪੇਸ਼ ਕਰਦੇ ਤੇ ਬਹਿਸ ਕਰਦੇ ਹਨ । ਉਨ੍ਹਾਂ ਨੇ ਐਜੂਕੇਸ਼ਨ ਵਾਲਾ ਪੈਰਾ ਅੱਧਾ ਹੀ ਪੜ੍ਹਿਆ ਹੈ । (ਵਿਘਨ) ਜੇ ਉਹ ਇਹ ਪੈਰਾ ਪੂਰਾ ਪੜ੍ਹਦੇ ਤਾਂ ਇਸ ਦਾ ਕੋਈ ਰੀਪਰੀਕਸ਼ਨ ਹੁੰਦਾ । ਉਹ ਐਜੂਕੇਸ਼ਨ ਦਾ ਪੈਰਾ ਪੜ੍ਹਦੇ ਹੋਏ ਪ੍ਰਾਇਮਰੀ ਐਜੂਕੇਸ਼ਨ ਦੇ ਪੈਰੇ ਨੂੰ ਖਾ ਗਏ ਹਨ । ਪ੍ਰਾਇਮਰੀ ਐਜੂਕੇਸ਼ਨ ਬਗੈਰ ਜਿਸ ਤਰ੍ਹਾਂ ਸੈਕੰਡਰੀ ਐਜੂਕੇਸ਼ਨ ਸ਼ੁਰੂ ਹੋ ਜਾਂਦੀ ਹੈ ਇਸੇ ਤਰ੍ਹਾਂ ਹੀ ਉਨ੍ਹਾਂ ਨੇ ਗੱਲ

(ਸ੍ਰੀ ਪ੍ਰੇਮ ਗੁਪਤਾ)

ਕੀਤੀ ਹੈ । (ਵਿਘਨ) ਜਿਹੜੇ ਪਿਛਲੇ ਸਾਲ ਅਤੇ ਇਸ ਸਾਲ ਸਰਕਾਰ ਨੇ ਸਕੂਲ ਖੋਲ੍ਹੇ ਹਨ ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ । ਬਰਨਾਲਾ ਜੀ ਨੇ ਕਿਹਾ ਕਿ 1970-71 ਵਿਚ ਮੈਂ 146 ਮਿਡਲ ਸਕੂਲ ਤੋਂ ਹਾਈ ਸਕੂਲ ਪੰਜਾਬ ਵਿਚ ਬਣਾਏ । (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

Mr. Deputy Speaker: This is no point of order.

ਸ੍ਰੀ ਪ੍ਰੇਮ ਗੁਪਤਾ : ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਜਿਹੜਾ ਸਕੂਲ ਖੋਲ੍ਹਣ ਦਾ ਏਮ ਸੀ ਉਹ ਇਹ ਹੈ ਕਿ 6 ਤੋਂ 11 ਸਾਲ ਦੇ ਬੱਚੇ ਜੋ ਹਨ ਉਹ ਮੱਝਾਂ ਅਤੇ ਗਾਈਆਂ ਨਾ ਚਾਰਨ ਅਤੇ ਵਾਹਣਾਂ ਵਿਚ ਨਾ ਫਿਰਨ ਸਗੋਂ ਉਨ੍ਹਾਂ ਨੂੰ ਐਜੂਕੇਸ਼ਨ ਦਿਤੀ ਜਾਵੇ । ਇਸ ਕਰਕੇ ਸਕੂਲ ਖੋਲ੍ਹੇ ਗਏ । (ਵਿਘਨ) ਬਰਨਾਲਾ ਜੀ ਨੇ ਕਿਹਾ ਕਿ 1970-71 ਵਿਚ ਅਸੀਂ ਪੰਜਾਬ ਵਿਚ 146 ਸਕੂਲ ਮਾਡਲ ਤੋਂ ਹਾਈ ਸਕੂਲ ਬਣਾਏ । ਇਹ ਇਸ ਦਾ ਕਰੈਡਿਟ ਅਕਾਲੀ ਪਾਰਟੀ ਨੂੰ ਦਿੰਦੇ ਹਨ । (ਵਿਘਨ) ਪਰ ਇਹ ਇਸ ਗੱਲ ਨੂੰ ਨਹੀਂ ਮੰਨਦੇ ਕਿ ਅਕਾਲੀ ਪਾਰਟੀ ਦੀ ਸਰਕਾਰ ਦਾ ਫਾਤੀਆ 25 ਮਾਰਚ, 1970 ਨੂੰ ਇਥੇ ਪੜ੍ਹਿਆ ਗਿਆ ਸੀ । 25 ਮਾਰਚ, 1970 ਨੂੰ ਇਸ ਹਾਊਸ ਵਿਚ ਇਨ੍ਹਾਂ ਦੀ ਸਰਕਾਰ ਟੁੱਟ ਗਈ ਸੀ । ਉਸ ਤੋਂ ਬਾਅਦ ਇਨ੍ਹਾਂ ਨੇ ਮਿੰਨਤਾਂ ਕਰਕੇ ਸਾਲ ਕੱਢਿਆ । ਉਹ ਕਿਸ ਦੀਆਂ ਮਿੰਨਤਾਂ ਕੀਤੀਆਂ ਸਨ ? (ਵਿਘਨ) ਫਿਰ ਉਸ ਦਾ ਕਰੈਡਿਟ ਇਨ੍ਹਾਂ ਨੂੰ ਕਿਸ ਤਰ੍ਹਾਂ ਮਿਲ ਸਕਦਾ ਹੈ? 13 ਜੂਨ, 1971 ਨੂੰ ਬਾਦਲ ਨੇ ਇਥੇ ਰਿਜ਼ਾਈਨ ਕੀਤਾ ਸੀ। ਫਿਰ ਉਸ ਦੇ ਬਾਅਦ ਕਿਸ ਪਾਰਟੀ ਨੇ ਇਹ ਕੰਮ ਸਿਰੇ ਚੜ੍ਹਾਇਆ ? (ਵਿਘਨ) ਮੈਂ ਦੂਸਰੀ ਗੱਲ ਤੇ ਆਉਂਦਾ ਹਾਂ । ਇਨ੍ਹਾਂ ਨੇ ਸੰਗਰੂਰ ਜ਼ਿਲ੍ਹੇ ਵਿਚ ਇਕ ਸਕੀਮ ਚਲਾਈ ਸੀ, ਕਿਉਂਕਿ ਸੰਗਰੂਰ ਇਨ੍ਹਾਂ ਦਾ ਆਪਣਾ ਜ਼ਿਲ੍ਹਾ ਸੀ । ਕੋਈ ਵੀ ਨਵੀਂ ਸਕੀਮ ਚਾਲੂ ਹੁੰਦੀ ਹੈ ਤਾਂ ਮਨਿਸਟਰ ਆਪਣੇ ਜ਼ਿਲ੍ਹੇ ਵਿਚ ਚਲਾਉਂਦੇ ਹਨ । ਉਨ੍ਹਾਂ ਨੇ ਇਨਟੈਨਸਿਵ ਐਜੂਕੇਸ਼ਨ ਸਕੀਮ ਚਾਲੂ ਕੀਤੀ। ਉਹ ਇਨਟੈਨਸਿਵ ਐਜੂਕੇਸ਼ਨ ਸਕੀਮ ਸੈਂਟਰ ਤੋਂ ਆਈ ਸੀ। ਉਹ ਸਕੀਮ ਜ਼ਿਲ੍ਹਾ ਸੰਗਰੂਰ ਵਿਚ ਸ਼ੁਰੂ ਕੀਤੀ ਗਈ । ਮੈਂ ਪੁੱਛਦਾ ਹਾਂ ਕਿ ਉਸ ਸਕੀਮ ਦੀ ਆਊਟਕਮ ਕੀ ਸੀ? ਉਸ ਸਕੀਮ ਦੇ ਉਤੇ ਕਰੋੜਾਂ ਰੁਪਿਆ ਖਰਚ ਕੀਤਾ ਪਰ ਉਸ ਦੀ ਆਊਟ ਕਮ ਕੀ ਹੋਈ? ਉਸ ਨਾਲ ਐਜੂਕੇਸ਼ਨ ਵਿਚ ਕਿੰਨੀ ਇੰਪਰੂਵਮੈਂਟ ਹੋਈ ? ਕੀ ਉਸ ਨਾਲ ਸਕੂਲਾਂ ਦੀ ਤਾਦਾਦ ਵਧੀ? ਉਸ ਨਾਲ ਸੰਗਰੂਰ ਜ਼ਿਲ੍ਹੇ ਵਿਚ ਐਜੂਕੇਸ਼ਨ ਵਿਚ ਕੀ ਚੇਂਜ ਆਈ ? ਇਹ ਸਾਰੇ ਸਵਾਲ ਹਨ ਜਿਨ੍ਹਾਂ ਬਾਰੇ ਸਾਰਿਆਂ ਨੂੰ ਸੋਚਣਾ ਚਾਹੀਦਾ ਹੈ । (ਵਿਘਨ) ਬਰਨਾਲਾ ਜੀ ਨੇ ਸੋਸ਼ਲਿਸਟ ਕੰਟਰੀਜ਼ ਦੀ ਮਿਸਾਲ ਦਿੱਤੀ ਹੈ ਕਿ ਉਥੇ ਕੋਈ ਇਨਫਲੇਸ਼ਨ ਨਹੀਂ । ਪਰ ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ ਉਥੇ ਰੌਲਾ ਪਾਉਣ ਦੀ ਆਜ਼ਾਦੀ ਨਹੀਂ ਹੈ, ਉਥੇ ਗੜਬੜ ਕਰਨ ਦੀ ਆਜ਼ਾਦੀ ਨਹੀਂ ਹੈ । ਇਥੇ ਜੋ ਅੱਲ ਬਲੱਲ ਬੋਲਿਆ ਜਾਂਦਾ ਹੈ ਬਾਹਿਰ ਇਸ ਦੀ ਇਜਾਜ਼ਤ ਨਹੀਂ ਹੈ । (ਵਿਘਨ) ਇਹ ਕਹਿੰਦੇ ਹਨ ਕਿ ਸਾਨੂੰ ਇਸ ਕਿਸਮ ਦੀ ਲਿਬਰਟੀ ਹੈ, ਇਹ ਸਾਡਾ ਰਾਈਟ ਹੈ । ਫਿਰ ਇਹ ਕਹਿੰਦੇ ਹਨ ਕਿ ਇਹ ਚੀਜ਼ ਕਿਉਂ ਹੋ ਗਈ, ਇਸ ਵਾਸਤੇ ਕਮੇਟੀ ਬਣਾ ਦਿਓ । ਇਹ ਕਹਿੰਦੇ ਹਨ ਕਿ ਕਿਸੇ ਨੂੰ ਅੰਦਰ ਕਿਉਂ ਦੇ ਦਿੱਤਾ, ਸੋ ਇਸ ਕਿਸਮ ਦੀਆਂ ਇਥੇ ਗੱਲਾਂ ਹੁੰਦੀਆਂ ਹਨ ਪਰ ਦੂਸਰੇ ਮੁਲਕਾਂ ਵਿਚ ਅਜਿਹਾ ਨਹੀਂ ਹੁੰਦਾ । (ਵਿਘਨ) ਠੀਕ ਹੈ, ਇਥੇ ਕੋਈ ਚੰਗਾ ਸਿਸਟਮ ਲਿਆਓ ਪਰ ਇਨ੍ਹਾਂ ਵਿਚ ਰੁਕਾਵਟਾਂ ਕੌਣ ਪਾਉਂਦਾ ਹੈ ? ਰੁਕਾਵਟਾਂ ਇਸ ਵਿਚ ਤੁਸੀਂ ਪਾਉਂਦੇ ਹੋ,

**Expunged as ordered by the Chair.

ਲੈਂਡ ਲਾਰਡਜ਼ ਰੁਕਾਵਟਾਂ ਪਾਉਂਦੇ ਹਨ । (ਵਿਘਨ) ਬਾਰਿਸ਼ਾਂ ਨਹੀਂ ਹੋਈਆਂ । ਇਹ ਕਹਿੰਦੇ ਹਨ ਕਿ ਅਸੀਂ ਚਲੇ ਗਏ ਅਤੇ ਬਾਰਿਸ਼ਾਂ ਵੀ ਨਾਲ ਲੈ ਗਏ ।

ਸਰਦਾਰ ਬਸੰਤ ਸਿੰਘ ਖਾਲਸਾ: ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਗੁਪਤਾ ਜੀ ਨੇ ਸਰਦਾਰ ਸੁਰਜੀਤ ਸਿੰਘ ਜੀ ਦਾ ਹਵਾਲਾ ਦੇ ਕੇ ਐਜੂਕੇਸ਼ਨ ਦਾ ਜ਼ਿਕਰ ਕੀਤਾ ਹੈ । (ਵਿਘਨ) ਪਿਛਲੇ ਬੱਜਟ ਸੈਸ਼ਨ ਵਿਚ ਵੀ ਸੀ. ਐਮ. ਸਾਹਿਬ ਨੇ ਬੜੇ ਜ਼ੋਰ ਨਾਲ ਕਿਹਾ ਸੀ ਕਿ ਪ੍ਰਾਇਮਰੀ ਐਜੂਕੇਸ਼ਨ ਵਾਸਤੇ ਅਸੀਂ ਸੈਪਰੇਟ ਡਾਇਰੈਕਟੋਰੇਟ ਬਣਾਉਣਾ ਹੈ, ਕੀ ਉਹ ਪ੍ਰਾਇਮਰੀ ਐਜੂਕੇਸ਼ਨ ਵਾਸਤੇ ਸੈਪਰੇਟ ਡਾਇਰੈਕਟੋਰੇਟ ਬਣ ਗਿਆ ਹੈ ?

ਸ਼੍ਰੀ ਡਿਪਟੀ ਸਪੀਕਰ: ਖਾਲਸਾ ਜੀ, ਤੁਸੀਂ ਬੈਠੋ । (Khalsa ji, Please resume your seat.)

ਸ਼੍ਰੀ ਪ੍ਰੇਮ ਗੁਪਤਾ: ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਬਾਰੇ ਕਹਿ ਰਿਹਾ ਸੀ । ਮੈਂ ਬਿਜਲੀ ਦੇ ਫਲੈਟ ਰੇਟ ਤੇ ਕੁਝ ਕਹਿਣਾ ਸੀ ਪਰ ਇਨ੍ਹਾਂ ਨੇ ਜਾਣ ਬੁਝਕੇ ਮੇਰੀ ਅਟੈਨਸ਼ਨ ਡਾਇਵਰਟ ਕਰ ਦਿਤੀ ਹੈ। ਡਿਪਟੀ ਸਪੀਕਰ ਸਾਹਿਬ, ਪ੍ਰਾਇਮਰੀ ਐਜੂਕੇਸ਼ਨ ਵਾਸਤੇ ਡਾਇਰੈਕਟੋਰੇਟ ਬਣਾਉਣ ਵਾਸਤੇ ਜਿਹੜੀ ਗੱਲ ਹੈ, ਤੁਸੀਂ ਇਹ ਚੀਜ਼ ਇਸ ਹਾਊਸ ਦੀਆਂ ਪ੍ਰੋਸੀਡਿੰਗਜ਼ ਵਿਚ ਵੀ ਦੇਖ ਸਕਦੇ ਹੋ, ਮੈਂ ਉਸ ਵੇਲੇ ਵੀ ਕਿਹਾ ਸੀ ਕਿ ਜੇ ਪ੍ਰਾਇਮਰੀ ਐਜੂਕੇਸ਼ਨ ਦਾ ਸੈਪਰੇਟ ਡਾਇਰੈਕਟੋਰੇਟ ਬਣਾਉਣਾ ਹੈ ਤਾਂ ਇਹ ਕਿਹੜੀ ਹੋਰੀਜ਼ੋਂਟਲ, ਵਰਟੀਕਲ ਹੋਵੇ (ਵਿਘਨ) ਜੇ ਤੁਸੀਂ ਇਸ ਦੇ ਅਰਥ ਨਾ ਸਮਝੋ ਤਾਂ ਮੈਂ ਕੀ ਕਰਾਂ । ਰਾਈਟ ਫਰਾਮ ਦੀ ਪ੍ਰਾਇਮਰੀ ਐਡਮਨਿਸਟ੍ਰੇਸ਼ਨ (ਬਲਾਕ ਲੈਵਲ) ਤੇ ਪ੍ਰਾਇਮਰੀ ਐਜੂਕੇਸ਼ਨ ਦਾ ਪ੍ਰਬੰਧ ਹੋਵੇ ਇਕੱਲਾ ਡਾਇਰੈਕਟੋਰੇਟ ਬਣਾਉਣ ਨਾਲ ...... ਇਕਲਾ ਇਕ ਡਾਇਰੈਕਟਰ ਬਿਠਾਉਣ ਨਾਲ, ਮੇਰਾ ਆਪਣਾ ਵਿਸ਼ਵਾਸ਼ ਹੈ ਮੈਂ ਗਲਤੀ ਤੇ ਵੀ ਹੋ ਸਕਦਾ ਹਾਂ, ਕੋਈ ਪ੍ਰਾਇਮਰੀ ਐਜੂਕੇਸ਼ਨ ਦਾ ਸੁਧਾਰ ਨਹੀਂ ਹੋ ਸਕਦਾ । ਇਸ ਦੇ ਲਈ ਬਲਾਕ ਲੈਵਲ ਤੇ ਵਖਰਾ ਅਰੇਂਜਮੈਂਟ ਹੋਣਾ ਚਾਹੀਦਾ ਹੈ, ਡਿਸਟ੍ਰਿਕਟ ਲੈਵਲ ਤੇ ਵਖਰਾ ਅਰੇਂਜਮੈਂਟ ਹੋਣਾ ਚਾਹੀਦਾ ਹੈ, ਸਰਕਲ ਐਜੂਕੇਸ਼ਨ ਅਫਸਰ ਵਖਰਾ ਹੋਣਾ ਚਾਹੀਦਾ ਹੈ । ਸਾਰਾ ਪ੍ਰਾਇਮਰੀ ਐਜੂਕੇਸ਼ਨ ਹੀ ਇੰਡੀਪੈਂਡੈਂਟ ਹੋਣਾ ਚਾਹੀਦਾ ਹੈ ਔਰ ਸੁਪਰਵੀਜ਼ਨ ਵੀ ਦੂਜੇ ਡਾਇਰੈਕਟਰ ਦੀ ਨਹੀਂ ਹੋਣੀ ਚਾਹੀਦੀ । ਇਨ੍ਹਾਂ ਨੇ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਦੋ ਡਾਇਰੈਕਟਰਜ਼ ਬਣਾ ਦਿਤੇ ਸੀ । ਇਕ ਡਾਇਰੈਕਟਰ ਪਬਲਿਕ ਇਨਸਟ੍ਰਕਸ਼ਨ ਨੰਬਰ (1) ਅਤੇ ਦੂਜਰਾ ਡਾਇਰੈਕਟਰ ਪਬਲਿਕ ਇੰਸਟ੍ਰਕਸ਼ਨ ਨੰਬਰ (2) । ਪਰ ਉਨ੍ਹਾਂ ਦਾ ਕੰਮ ਕੀ ਸੀ ? ਕੰਮ ਇਕ ਕੋਲ ਸਾਰਾ ਦੇ ਦਿਤਾ ਅਤੇ ਦੂਜਾ ਵਿਹਲਾ ਉਸ ਦੇ ਕੋਲ ਕੰਮ ਹੀ ਕੋਈ ਨਹੀਂ । ਫਿਰ ਇਨ੍ਹਾਂ ਨੇ ਕਰ ਦਿਤਾ ਕਿ ਇਕ ਦੇ ਕੋਲ ਲੇਡੀਜ਼ ਐਸਟੈਬਲਿਸ਼ਮੈਂਟ ਅਤੇ ਦੂਜੇ ਕੋਲ ਜੈਂਟਸ ਦੀ ਐਸਟੈਬਲਿਸ਼ਮੈਂਟ ਅਤੇ ਸਕੂਲਾਂ ਵਿਚ ਸਾਂਝੇ ਕੰਮ । ਸਾਰਾ ਹੋਚ ਪੋਚ ਜਿਹਾ ਹੋ ਗਿਆ ਅਤੇ ਉਹ ਗਲ ਫਿਰ ਫੇਲ੍ਹ ਹੋ ਗਈ । ਇਸ ਲਈ ਮੈਂ ਇਹ ਅਰਜ਼ ਕਰਾਂਗਾ ਕਿ ਜੇ ਤੁਸੀਂ ਪ੍ਰਾਇਮਰੀ ਸਕੂਲ ਐਜੂਕੇਸ਼ਨ ਦੀ ਬਾਈਫਰਕੇਸ਼ਨ ਕਰਨੀ ਹੈ ਤਾਂ ਉਹ ਸੋਚ ਸਮਝ ਕੇ ਠੀਕ ਢੰਗ ਨਾਲ ਕਰੋ ਤਾਂ ਕਿ ਜਿਸ ਪਰਪਜ਼ ਲਈ ਇਹ ਬਾਈਫਰਕੇਸ਼ਨ ਕੀਤੀ ਜਾ ਰਹੀ ਹੈ ਉਹ ਪ੍ਰਪਜ਼ ਹੱਲ ਹੋ ਸਕੇ ।

[ਸ੍ਰੀ ਪ੍ਰੇਮ ਗੁਪਤਾ]

ਫਿਰ, ਡਿਪਟੀ ਸਪੀਕਰ ਸਾਹਿਬ, ਬਿਜਲੀ ਦੀ ਗੱਲ ਆਈ । ਹੁਣ ਭਾਖੜਾ ਦੇ ਪਹੀਏ ਤਾਂ ਨਾ ਮੈਂ ਘੁਮਾਉਣੇ ਹਨ ਅਤੇ ਨਾ ਹੀ ਤੁਸੀਂ ਘੁਮਾਉਣੇ ਹਨ ਅਤੇ ਨਾ ਹੀ ਇਨ੍ਹਾਂ ਨੇ ਘੁਮਾਉਣੇ ਹਨ । ਉਹ ਘੁਮਣੇ ਹਨ ਤਾਂ ਪਾਣੀ ਨਾਲ ਘੁਮਣੇ ਹਨ । (ਵਿਘਨ) ਪਾਣੀ ਭਾਖੜਾ ਵਿਚ ਹੈ ਨਹੀਂ ।

(ਇਕ ਆਵਾਜ਼ : ਉਹ ਮਸ਼ਕਾਂ ਨਾਲ ਭਰ ਸਕਦੇ ਹੋ) । (ਵਿਘਨ) ਇਹ ਥਾਂ ਮਰੜੀ ਸਾਹਿਬ ਨੂੰ ਪਤਾ ਹੋਵੇਗਾ ਜਾਂ ਤੁਹਾਨੂੰ ਪਤਾ ਹੋਵੇਗਾ । ਮੈਨੂੰ ਇਸ ਗੱਲ ਦਾ ਕੋਈ ਤਜਰਬਾ ਨਹੀਂ ਹੈ । (ਵਿਘਨ)

ਡਿਪਟੀ ਸਪੀਕਰ ਸਾਹਿਬ, ਸਰਦਾਰ ਸੁਰਜੀਤ ਸਿੰਘ ਜੀ ਨੇ ਜ਼ਿਕਰ ਕੀਤਾ ਸੀ ਕਿ ਅਸੀਂ ਰੌਲਾ ਪਾਇਆ ਹੈ ਤਾਂ ਹੀ ਪੰਜਾਬ ਵਿਚ ਕਾਰਖਾਨੇ ਆਏ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰੌਲਾ ਪਾਉਣ ਨਾਲ ਕਾਰਖਾਨੇ ਤਾਂ ਆ ਗਏ ਪਰ ਰੌਲਾ ਪਾਉਣ ਨਾਲ ਬਿਜਲੀ ਕਿਉਂ ਨਾ ਆਈ ? ਜੇ ਇਨ੍ਹਾਂ ਦੇ ਰੌਲਾ ਪਾਉਣ ਨਾਲ ਹੀ ਸਭ ਕੁਝ ਆਉਣਾ ਹੈ ਤਾਂ ਬਾਰਸ਼ ਕਿਉਂ ਨਾ ਆਈ ? ਇਹ ਤਾਂ 1971 ਵਿਚ ਆਪਣੇ ਨਾਲ ਹੀ ਸਭ ਕੁਝ ਲੈ ਗਏ । 1971-72 ਵਿਚ ਬਾਰਸ਼ ਨਾਲ ਲੈ ਗਏ, ਪਾਣੀ ਨਾਲ ਲੈ ਗਏ। ਮੈਨੂੰ ਦਸ ਦੇਣ ਕਿ 1972 ਤੋਂ ਬਾਅਦ ਕੋਈ ਬਾਰਸ਼ ਆਈ ਹੈ ? ਇਨ੍ਹਾਂ ਨੇ ਪਾਣੀ ਖਤਮ ਕਰ ਦਿਤਾ, ਬਿਜਲੀ ਖਤਮ ਕਰ ਦਿਤੀ, ਰਾਅ ਮੈਟੀਰੀਅਲ ਖਤਮ ਕਰ ਦਿਤਾ । ਮੈਂ ਸਮਝਦਾ ਹਾਂ ਕਿ ਇਹ ਗਿਆਨੀ ਜ਼ੈਲ ਸਿੰਘ ਦੀ ਦਾਨਸ਼ਮੰਦੀ ਅਤੇ ਦਲੇਰੀ ਹੈ ਕਿ ਇੰਨੀਆਂ ਮੁਸ਼ਕਲਾਤਾਂ ਹੋਣ ਦੇ ਬਾਵਜੂਦ ਪੰਜਾਬ ਨੂੰ ਤਰੱਕੀ ਦੇ ਰਾਹ ਤੇ ਲਿਜਾ ਰਹੇ ਹਨ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** ** (ਵਿਘਨ)

Mr. Deputy Speaker : This is no point of order.

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਬਿਜਲੀ ਦੀ ਇਸ ਵੇਲੇ ਤਕ ਇਸ ਸੂਬੇ ਵਿਚ ਸ਼ਾਰਟੇਜ਼ ਨਹੀਂ ਆਈ ਚਾਹੇ ਕਿੰਨੀਆਂ ਮੁਸ਼ਕਲਾਂ ਸਾਡੇ ਸਾਹਮਣੇ ਆਈਆਂ । (ਵਿਘਨ) (ਇਕ ਆਵਾਜ਼ : ਡੀਜ਼ਲ ਦੀ ਸ਼ਾਰਟੇਜ਼ ਬਾਰੇ ਵੀ ਦਸ ਦਿਓ ?) ਡੀਜ਼ਲ ਵੀ ਪੰਜਾਬ ਵਿਚ ਬਹੁਤ ਆਇਆ ਹੈ । ਡੀਜ਼ਲ ਦੀ ਵੀ ਕੋਈ ਸ਼ਾਰਟੇਜ਼ ਬਹੁਤੀ ਨਹੀਂ ਸੀ । ਕੀ ਪਤਾ ਹੈ ਇਹ ਲੋਕ ਉਸ ਪੰਪ ਤੇ ਗਏ ਹੋਣ ਜਿਥੇ ਡੀਜ਼ਲ ਪੰਪ ਹੀ ਨਾ ਹੋਵੇ ਤਾਂ ਮੇਰਾ ਇਸ ਦੇ ਨਾਲ ਕੋਈ ਤੁਅੱਲਕ ਨਹੀਂ ਹੈ ।

ਸਰਦਾਰ ਗੁਰਦੇਵ ਸਿਘ ਸਿੱਧੂ : ਸ਼ਹਿਰ ਵਿਚ ਰਿਕਸ਼ਿਆਂ ਤੇ ਫਿਰਦਾ ਰਹਿੰਦਾ ਹੈ, ਇਸ ਲਈ ਇਸ ਨੂੰ ਨਹੀਂ ਪਤਾ । (ਵਿਘਨ)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਸਿੱਧੂ ਸਾਹਿਬ ਨੂੰ ਸਮਝਾ ਲਓ । ਅਸੀਂ ਇਕੋ ਜ਼ਿਲ੍ਹੇ ਦੇ ਹਾਂ, ਕਾਹਨੂੰ ਇਕ ਦੂਜੇ ਦੀਆਂ ਗੱਲਾਂ ਕਰਨੀਆਂ ਹਨ।

ਸੋ, ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਦੀ ਗਲ ਕਰ ਰਿਹਾ ਸੀ ॥ ਬਿਜਲੀ ਦੇ ਬਾਰੇ ਬਜਟ ਦੇ ਵਿਚ ਕਿਹਾ ਗਿਆ ਹੈ ਕਿ ਗੌਰਮਿੰਟ ਕੋਸ਼ਿਸ਼ ਕਰ ਰਹੀ ਹੈ । (ਵਿਘਨ)

** Expunged as ordered by the Chair.

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ 'ਇੰਡੀਆ ਵਿਨਜ਼ ਫਰੀਡਮ' ਦਾ ਜ਼ਿਕਰ ਕੀਤਾ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਦੀ ਸਮਝ ਵਿਚ ਹੀ ਇਹ ਗੱਲ ਨਹੀਂ ਆਈ ਹੋਣੀ ਕਿ ਅੰਗਰੇਜ਼ ਨੇ ਡਿਵੀਜ਼ਨ ਕੀਤੀ। (ਵਿਘਨ) ਕੋਈ ਵੀ ਹਿੰਦੁਸਤਾਨੀ ਜ਼ਿੰਮੇਵਾਰ ਨਹੀਂ ਸੀ ਕਿਉਂਕਿ ਅਸੀਂ ਆਜ਼ਾਦੀ ਲੈਣੀ ਸੀ। ਜੋ ਅਗਰੇਜ਼ ਕਮਿਊਨਿਲ ਡਿਵੀਜ਼ਨ ਠੋਸਣੀ ਚਾਹੁੰਦੇ ਸੀ, ਉਹ ਠੋਸ ਗਏ। ਇਕ ਡਵੀਜ਼ਨ ਅਸੀਂ ਆਪ ਕਰਵਾਈ ਹੈ। ਉਸ ਦੇ ਲਈ ਭੁਖ ਹੜਤਾਲਾਂ ਕੀਤੀਆਂ, ਮੁਜ਼ਾਹਰੇ ਕੀਤੇ। ਉਸ ਦੀ ਜ਼ਿੰਮੇਵਾਰੀ ਉਸ ਨੂੰ ਔਨ ਕਰਨੀ ਪਵੇਗੀ ਜਿਸ ਨੇ ਇਹ ਕਰਵਾਈ ਸੀ (ਵਿਘਨ) ਇਸ ਵੇਲੇ ਨਾ ਪਾਣੀ ਹੈ, ਨਾ ਬਿਜਲੀ ਹੈ ਅਤੇ ਨਾ ਰਾਅ-ਮੈਟੀਰੀਅਲ ਹੈ। ਜਿੰਨਾ ਚਿਰ ਤਕ ਇਹ ਚੀਜ਼ਾਂ ਨਾ ਹੋਣ, ਨਾ ਐਗਰੀਕਲਚਰ ਤਰੱਕੀ ਕਰ ਸਕਦੀ ਹੈ, ਨਾ ਇੰਡਸਟਰੀ ਤਰੱਕੀ ਕਰ ਸਕਦੀ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਇਧਰੋਂ ਮੇਰਾ ਨਾਮ ਇਕੱਲਾ ਹੀ ਹੈ। (ਵਿਘਨ) ਇਸ ਲਈ, ਡਿਪਟੀ ਸਪੀਕਰ ਸਾਹਿਬ, ਇਸ ਗੱਲ ਤੇ ਜੇ ਤੁਸੀਂ ਮਜਮੂਈ ਤੌਰ ਤੇ ਪੰਜਾਬ ਦਾ ਨਕਸ਼ਾ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ। ਮੇਰੇ ਸਾਹਮਣੇ ਬੈਠੇ ਜਿਹੜੇ ਦੋਸਤ ਹਨ ਉਹ ਅੱਖਾਂ ਖੋਲ੍ਹ ਕੇ ਦੇਖਣ ਜੇ ਕਿਸੇ ਦੀ ਨਿਗਾਹ ਕਮਜ਼ੋਰ ਹੈ ਤਾਂ ਐਨਕਾਂ ਲਵਾ ਲੈਣ। ਜੋ ਮੁਸ਼ਕਲਾਂ ਕੁਦਰਤ ਨੇ ਪਾਈਆਂ ਹਨ ਉਨ੍ਹਾਂ ਦਾ ਕੋਈ ਕੁਝ ਨਹੀਂ ਕਰ ਸਕਦਾ। ਕੁਦਰਤ ਦੇ ਅਗੇ ਕਿਸੇ ਦਾ ਜ਼ੋਰ ਨਹੀਂ। ਇਨ੍ਹਾਂ ਮੁਸ਼ਕਲਾਂ ਦੇ ਹੁੰਦੇ ਹੋਏ ਵੀ ਇਸ ਸਰਕਾਰ ਨੇ ਹਰ ਯਤਨ ਕੀਤੇ ਹਨ ਕਿ ਹਰ ਚੀਜ਼ ਮੁਹੱਈਆ ਕੀਤੀ ਜਾਵੇ। ਬਿਜਲੀ ਦੀ ਕਮੀ ਨੂੰ ਪੂਰਾ ਕੀਤਾ ਜਾਵੇ। ਬਿਜਲੀ ਦੀ ਸ਼ਾਰਟੇਜ਼ 1972 ਵਿਚ ਵੀ ਆਈ ਸੀ। ਇਹ ਸ਼ਾਰਟੇਜ਼ 1970 ਵਿਚ ਵੀ ਆਈ ਸੀ, ਉਸ ਵੇਲੇ ਮੇਰੇ ਸਾਹਮਣੇ ਬੈਠੇ ਵੀਰਾਂ ਵਿਚੋਂ ਕਈ ਵਜ਼ੀਰ ਸਾਹਿਬਾਨ ਸਨ। (ਵਿਘਨ) ਅਸੀਂ ਦੂਸਰਿਆਂ ਸੂਬਿਆਂ ਤੋਂ ਬਿਜਲੀ ਮੰਗਵਾਉਣ ਦੀ ਕੋਸ਼ਿਸ਼ ਕੀਤੀ, ਸੈਂਟਰ ਤੋਂ ਬਿਜਲੀ ਆਈ, ਮੱਧ ਪ੍ਰਦੇਸ਼ ਤੋਂ ਬਿਜਲੀ ਆਈ। ਗੱਲ ਕੀ ਜਿਥੋਂ ਵੀ ਪੰਜਾਬ ਨੂੰ ਬਿਜਲੀ ਮਿਲ ਸਕਦੀ ਸੀ ਪੰਜਾਬ ਦੀ ਸਰਕਾਰ ਨੇ ਬਿਜਲੀ ਲੈਣ ਦੀ ਕੋਸ਼ਿਸ਼ ਕੀਤੀ। ਇਹ ਵੀ ਠੀਕ ਹੈ ਕਿ ਟਿਊਬਵੈਲਾਂ ਲਈ ਬਿਜਲੀ ਦਾ ਫਲੈਟ ਰੇਟ ਚਾਰਜ ਕੀਤਾ ਜਾਂਦਾ ਹੈ। ਬਿਜਲੀ ਬੋਰਡ ਵਾਲੇ ਕਹਿੰਦੇ ਹਨ ਕਿ ਜੇ ਟਿਊਬਵੈਲਾਂ ਲਈ ਬਿਜਲੀ ਫਲੈਟ ਰੇਟ ਤੇ ਦਿਤੀ ਜਾਵੇ ਤਾਂ ਇਸ ਨਾਲ 4 ਲੱਖ ਰੁਪਏ ਰੋਜ਼ ਦਾ ਘਾਟਾ ਪੈਂਦਾ ਹੈ। ਮੈਨੂੰ ਇਸ ਗੱਲ ਦਾ ਨਹੀਂ ਪਤਾ ਕਿ ਬਿਜਲੀ ਮੰਤਰੀ ਸਾਹਿਬ ਕੋਲ ਇਸ ਦੇ ਬਾਰੇ ਕੀ ਫਿਗਰਜ਼ ਹਨ ਪਰ ਅੰਦਾਜ਼ਾ ਹੈ ਕਿ ਬਿਜਲੀ ਬੋਰਡ ਨੂੰ ਇਤਨਾ ਰੋਜ਼ ਦਾ ਘਾਟਾ ਪੈਂਦਾ ਹੈ। (ਵਿਘਨ) ਇਹ ਕਹਿੰਦੇ ਹਨ ਕਿ ਬਿਜਲੀ ਦਾ ਫਲੈਟ ਰੇਟ ਕਰ ਦਿਤਾ ਹੈ ਪਰ ਬਿਜਲੀ ਤਾਂ ਨਹੀਂ ਮਿਲਦੀ। (ਵਿਘਨ) ਕੀ ਫਿਰ ਮੀਟਰ ਲਵਾ ਦਈਏ? (ਵਿਘਨ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ** ** **

ਸ੍ਰੀ ਡਿਪਟੀ ਸਪੀਕਰ : ਮੈਂਬਰ ਸਾਹਿਬ ਤੋਂ ਪੁਛਣ ਦਾ ਪੁਆਇੰਟ ਆਫ਼ ਆਰਡਰ ਕੋਈ ਨਹੀਂ ਹੈ। (ਵਿਘਨ) ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (You can not put a question to an hon. Member through a point of order. This is no point of order.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਮੈਂ ਜਾਣਕਾਰੀ ਲੈਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਫਲੈਟ ਰੇਟ ਦਾ ਜ਼ਿਕਰ ਕਰ ਰਹੇ ਸੀ। ਅਸੀਂ ਕਹਿੰਦੇ ਹਾਂ ਕਿ ਫਲੈਟ ਰੇਟ ਹੋਣਾ ਚਾਹੀਦਾ ਹੈ ਪਰ ਜਿੰਨੀ ਦੇਰ ਬਿਜਲੀ ਮਿਲਦੀ ਹੈ ਉਸ ਹਿਸਾਬ ਨਾਲ ਫਲੈਟ ਹੋਣਾ ਚਾਹੀਦਾ ਹੈ। ਪਹਿਲਾਂ ਬਿਜਲੀ ਜ਼ਿਆਦਾ ਮਿਲਦੀ ਸੀ ਪਰ ਹੁਣ ਘਟ ਮਿਲਦੀ ਹੈ ਪਰ ਰੇਟ ਉਤਨਾ ਹੀ ਲੈ ਰਹੇ ਹਨ। ਇਸ ਲਈ ਲੋਕਾਂ ਦਾ ਖੂਨ ਨਾ ਪੀਓ। ਜਿੰਨੀ ਬਿਜਲੀ ਦਿਉ ਉਤਨੇ ਪੈਸੇ ਲਉ। (ਵਿਘਨ)

**Expunged as ordered by the Chair.

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਵਿਚ ਨਹੀਂ ਜਾਂਦਾ ਕਿ ਕਿ ਬਿਜਲੀ ਨੂੰ ਹਥ ਲਾਓ ਤਾਂ ਕਰੰਟ ਵਜਦਾ ਹੈ ਜਾਂ ਨਹੀਂ । (ਵਿਘਨ)

ਸਰਦਾਰ ਦਰਬਾਰਾ ਸਿੰਘ : ** ** **

ਸ੍ਰੀ ਡਿਪਟੀ ਸਪੀਕਰ : ਇਹ ਤਾਂ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਤੁਸੀਂ ਆਪਣੀ ਸਪੀਚ ਵਿਚ ਕਹਿ ਲੈਣਾ ਜੋ ਕੁਝ ਕਹਿਣਾ ਚਾਹੁੰਦੇ ਹੋ । (This is no point of order, you can have your say, when your turn comes.)

ਸਰਦਾਰ ਦਰਬਾਰਾ ਸਿੰਘ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਐਲਡਰ ਪਾਰਲੀਮੈਂਟੇਰੀਅਨ ਹਨ । ਮੈਂ ਇਸ ਗੱਲ ਵਿਚ ਇਨ੍ਹਾਂ ਨਾਲ ਉਲਝਣਾ ਨਹੀਂ ਚਾਹੁੰਦਾ । (ਵਿਘਨ) ਜੇ ਇਹ ਪਸੰਦ ਨਹੀਂ ਤਾਂ ਮੀਟਰ ਲਵਾ ਲਵੋ ।

ਸਰਦਾਰ ਦਰਬਾਰਾ ਸਿੰਘ : ** ** **

ਸ੍ਰੀ ਡਿਪਟੀ ਸਪੀਕਰ : ਬਿਨਾ ਆਗਿਆ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever is being said without the permission of the Chair that should not be recorded.)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਬਿਜਲੀ ਦੇ ਬਾਰੇ ਮੈਂ ਦਸ ਚੁੱਕਾ ਹਾਂ ਅਤੇ ਸੜਕਾਂ ਬਾਰੇ ਬਜਟ ਦੇ ਫ਼ਿਗਰਜ਼. ਸਾਡੇ ਸਾਹਮਣੇ ਹਨ........

ਸ੍ਰੀ ਡਿਪਟੀ ਸਪੀਕਰ : ਗੁਪਤਾ ਜੀ. ਤੁਸੀਂ 10 ਮਿੰਟਾਂ ਵਿਚ ਆਪਣੀ ਸਪੀਚ ਖ਼ਤਮ ਕਰ ਦਿਓ । (Gupta ji, please finish your speech within ten minutes)

ਸ੍ਰੀ ਪ੍ਰੇਮ ਗੁਪਤਾ : ਬਹੁਤ ਅੱਛਾ ਜੀ । ਡਿਪਟੀ ਸਪੀਕਰ ਸਾਹਿਬ, ਸੜਕਾਂ ਬਾਰੇ ਜੋ ਪੰਜਾਬ ਗੌਰਮਿੰਟ ਨੇ ਫੈਸਲਾ ਕੀਤਾ ਹੈ ਕਿ ਹਰ ਪਿੰਡ ਨੂੰ ਲਿੰਕ ਰੋਡ ਪ੍ਰੋਵਾਈਡ ਕਰਨੀ ਹੈ ; ਪੰਜਾਬ ਵਿਚ ਕੋਈ 12 ਹਜ਼ਾਰ ਪਿੰਡ ਹਨ ਜਿਨ੍ਹਾਂ ਵਿਚੋਂ ਸਿਰਫ ਚੰਦ ਇਕ ਪਿੰਡ ਹਨ ਜਿਹੜੇ ਕਿ ਸੜਕਾਂ ਨਾਲ ਲਿੰਕ ਨਹੀਂ ਹੋਏ ਬਾਕੀ ਦੇ ਸਾਰੇ ਹੋ ਚੁਕੇ ਹਨ । ਅਸੀ ਸਾਰੇ ਲਿੰਕ ਰੋਡਾਂ ਤੇ ਸਾਈਕਲਾਂ ਤੇ ਜਾਂਦੇ ਹਾਂ, ਕੋਈ ਬਹੁਤਾ ਐਂਫੇਸਾਈਜ਼ ਕਰਨ ਦੀ ਲੋੜ ਨਹੀਂ । ਇਸ ਬਾਰੇ ਮੈਂ ਆਪਣੀ ਸਰਕਾਰ ਨੂੰ ਇਹ ਦਰਖਾਸਤ ਕਰਨੀ ਹੈ ਕਿ ਜਿਹੜੇ ਥੋੜੇ ਬਹੁਤੇ ਪਿੰਡ ਰਹਿ ਗਏ ਹਨ ਉਨ੍ਹਾਂ ਨੂੰ ਛੇਤੀ ਲਿੰਕ ਕਰ ਦਿਤਾ ਜਾਏ ।

ਇਥੇ ਮੇਰੇ ਸਾਥੀਆਂ ਨੇ ਟਰਾਂਸਪੋਰਟ ਦੇ ਬਾਰੇ ਵਿਚ ਜ਼ਿਕਰ ਕੀਤਾ ਹੈ ਅਤੇ ਫ਼ਿਗਰਜ਼ ਬੜੀਆਂ ਇਨਫ਼ਲੇਟ ਕਰਨ ਦੀ ਕੋਸ਼ਿਸ਼ ਕੀਤੀ ਹੈ । ਸਾਡੇ ਟਰਾਂਸਪੋਰਟ ਮਨਿਸਟਰ ਨੇ ਸਾਫ

**Expunged/not recorded as ordered by the Chair.

ਕਹਿ ਦਿਤਾ ਹੈ ਕਿ ਇਹ ਡਿਫੈਕਟਸ ਹਨ, ਉਨ੍ਹਾਂ ਨੂੰ ਇੰਪਰੂਵ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਲੇਕਿਨ ਜਿਹੜੀਆਂ ਨਵੀਆਂ ਬੱਸਾਂ ਆ ਰਹੀਆਂ ਹਨ ਉਨ੍ਹਾਂ ਵਿਚ ਤਾਂ ਵੀ ਪੰਜਾਬ ਦੇ ਲੋਕ ਹੀ ਢੋਹੇ ਜਾਣੇ ਹਨ । ਜਿਹੜੀਆਂ ਆਲਰੈਡੀ ਬੱਸਾਂ ਹਨ ਚਾਹੇ ਉਹ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਹਨ ਉਨ੍ਹਾਂ ਵਿਚ ਇੰਪਰੂਵਮੈਂਟ ਕੀਤੀ ਜਾਵੇ, ਨਵੀਆਂ ਜਿਹੜੀਆਂ ਆਉਂਦੀਆਂ ਹਨ ਉਹ ਲੋਕਾਂ ਦੇ ਫਾਇਦੇ ਵਾਸਤੇ ਆਉਣੀਆਂ ਹਨ । ਮੈਂ ਸ਼ਰਮਾ ਜੀ ਨੂੰ ਬੇਨਤੀ ਕਰਾਂਗਾ ਕਿ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਬਾਰੇ ਗੱਲਾਂ ਚਲਦੀਆਂ ਹਨ ਅਤੇ ਅਸੀਂ ਸਾਰੇ ਚਾਹੁੰਦੇ ਹਾਂ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਕੀਤੀ ਜਾਏ, ਚਾਹੇ ਕੋਈ ਢੰਗ ਅਪਣਾਇਆ ਜਾਏ ਪੰਜਾਬ ਵਿਚ ਟਰਾਂਸਪੋਰਟ ਨੈਸ਼ਨੇਲਾਈਜ਼ੇਸ਼ਨ ਹੋਵੇ । ਇਕ ਸਟੇਟ ਵਿਚ ਇਕ ਟਰੇਡ ਬਾਰੇ ਇਕ ਯੂਨਿਟ ਹੋਵੇ, ਚਾਹੇ ਪ੍ਰਾਈਵੇਟ ਸੈਕਟਰ ਹੋਵੇ, ਚਾਹੇ ਪਬਲਿਕ ਸੈਕਟਰ ਹੋਵੇ । ਅਸੀਂ ਕਮਿਟਿਡ ਹਾਂ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਹੋਣੀ ਚਾਹੀਦੀ ਹੈ । ਇਸ ਲਈ ਪੈਸੇਂਜਰ ਟਰਾਂਸਪੋਰਟ ਨੂੰ ਛੇਤੀ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਥੇ ਨਵੇਂ ਫੋਕਲ ਪੁਆਇੰਟਸ ਅਤੇ ਨਵੇਂ ਇੰਡਸਟਰੀਅਲ ਏਰੀਆਜ਼ ਬਾਰੇ ਜ਼ਿਕਰ ਹੋਇਆ । ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਮੁਹਾਲੀ, ਰਾਜਪੁਰਾ ਜਾਂ ਢੰਡਾਰੀ ਕਲਾਂ ਇੰਡਸਟਰੀਅਲ ਪੁਆਇੰਟਸ ਬਾਰੇ ਕਿਹਾ ਸੀ ਕਿ ਜਿਹੜੇ ਰਜੇ ਹੋਏ ਹਨ ਉਨ੍ਹਾਂ ਦਾ ਢਿੱਡ ਹੋਰ ਭਰਨ ਦੀ ਕੀ ਲੋੜ ਹੈ ? ਮੈਂ ਕਹਿੰਦਾ ਹਾਂ ਕਿ ਜਿਹੜੇ ਬੈਕਵਰਡ ਏਰੀਆਜ਼ ਹਨ ਉਨ੍ਹਾਂ ਵਿਚ ਇਹ ਇੰਡਸਟਰੀਅਲ ਪੁਆਇੰਟਸ ਵੱਧ ਤੋਂ ਵੱਧ ਖੋਲਣੇ ਚਾਹੀਦੇ ਹਨ ਤਾਂ ਕਿ ਉਥੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਐਪਲਾਇਮੈਂਟ ਮਿਲੇ । ਅੱਜ ਐਗਰੀਕਲਚਰ ਅਤੇ ਇੰਡਸਟਰੀ ਟਵਿਨ ਹੋ ਚੁਕੀਆਂ ਹਨ । ਮਾਲਵਾ ਦੇ ਏਰੀਆ ਵਿਚ ਇੰਡਸਟਰੀ ਬਹੁਤ ਘੱਟ ਹੈ । ਇਸ ਲਈ ਇਸ ਗੱਲ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਤਾ ਕਿ ਜਿਹੜੀ ਇੰਬੈਲੇਂਸਮੈਂਟ ਹੈ, ਉਹ ਖਤਮ ਹੋ ਜਾਵੇ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਪਿੰਡਾਂ ਦੇ ਲੋਕਾਂ ਨੂੰ ਰੈਜ਼ੀਡੈਂਸ਼ਲ ਪਲਾਟ ਦਿਤੇ, ਸਰਦਾਰ ਸੁਰਜੀਤ ਸਿੰਘ ਜੀ ਨੇ ਵੀ ਇਸ ਗੱਲ ਨੂੰ ਅਪ੍ਰੀਸ਼ੀਏਟ ਕੀਤਾ ਹੈ । ਜੇ ਕਿਤੇ ਲੋਕਾਂ ਨੂੰ ਨਹੀਂ ਮਿਲੇ ਤਾਂ ਉਨ੍ਹਾਂ ਦੇ ਡਿਸਪਿਊਟ ਕਰਕੇ ਜਾਂ ਕੋਈ ਐਸੀ ਹੋਰ ਵਜਾ ਕਰਕੇ ਨਹੀਂ ਮਿਲੇ ਮੈਂ ਪਿਛਲੇ ਬਜਟ ਸੈਸ਼ਨ ਵਿਚ ਵੀ ਦਰਖ਼ਾਸਤ ਕੀਤੀ ਸੀ ਕਿ ਸ਼ਹਿਰਾਂ ਵਿਚ ਜਿਹੜੇ ਲੋਅ ਇੰਕਮ ਗਰੁਪ ਲੋਕ ਹਨ, ਚਾਹੇ ਹਰੀਜਨ ਹਨ ਜਾਂ ਗੈਰ ਹਰੀਜਨ ਹਨ ਉਨ੍ਹਾਂ ਨੂੰ ਹਾਊਸ ਵਾਸਤੇ ਪਲਾਟ ਪ੍ਰੋਵਾਈਡ ਨਹੀਂ ਕੀਤੇ ਗਏ । ਮੈਂ ਦਰਖਾਸਤ ਕਰਾਂਗਾ ਕਿ ਅਰਬਨ ਏਰੀਆਜ਼ ਨੂੰ ਇਗਨੋਰ ਨਹੀਂ ਕਰਨਾ ਚਾਹੀਦਾ ਕਿਉਂਕਿ ਜਿਹੜੇ ਅਰਬਨ ਏਰੀਆਜ਼ ਵਿਚ ਲੋਕ ਰਹਿੰਦੇ ਹਨ ਉਹ ਵੀ ਤਾਂ ਪਿੰਡਾਂ ਵਿਚੋਂ ਆ ਕੇ ਬੈਠੇ ਹਨ । ਅਗਰ ਉਨ੍ਹਾਂ ਲਈ ਸ਼ਹਿਰਾਂ ਦੇ ਮਿਊਂਸਪਲ ਏਰੀਆ ਵਿਚ ਜਗ੍ਹਾ ਨਹੀਂ ਮਿਲ ਸਕਦੀ ਤਾਂ ਉਨ੍ਹਾਂ ਨੂੰ ਸ਼ਹਿਰਾਂ ਤੋਂ ਬਾਹਰ ਪਲਾਟ ਦਿਤੇ ਜਾਣ । ਇਹ ਪੰਜਾਬ ਗੌਰਮੈਂਟ ਨੇ ਇਕ ਬੜਾ ਚੰਗਾ ਪਰੋਗਰਾਮ ਬਣਾਇਆ ਹੈ ਕਿ ਮੁਹਾਲੀ ਹਾਊਸਿੰਗ ਬੋਰਡ ਨੇ ਮਕਾਨ ਬਣਾਉਣੇ ਸ਼ੁਰੂ ਕੀਤੇ ਹਨ ਲੇਕਿਨ ਸਪੀਡ ਬੜੀ ਘੱਟ ਹੈ । ਇਸ ਨੂੰ ਸਪੀਡ ਅੱਪ ਕਰਨਾ ਚਾਹੀਦਾ ਹੈ । ਜਿਹੜੇ ਲੋਕ ਆਪ ਮਕਾਨ ਬਣਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਇੰਸੈਂਟਿਵ ਪਰੋਵਾਈਡ ਕਰਨ ਦੀ ਲੋੜ ਹੈ । ਜਿਹੜਾ ਹਾਊਸ ਹੈ ਇਹ ਅਸੈਂਸ਼ੀਅਲ ਲੋੜ ਹੈ, ਹਰ ਬੰਦੇ ਨੂੰ ਮਕਾਨ ਚਾਹੀਦਾ ਹੈ. ਕੁਆਲਿਟੀ ਚਾਹੀਦੀ ਹੈ, ਭਾਵੇਂ ਇਨਫੀਰੀਅਰ ਹੋਵੇ. ਮਕਾਨ ਜ਼ਰੂਰ ਚਾਹੀਦਾ ਹੈ । ਸ਼ਹਿਰਾਂ ਵਿਚ ਜਾਂ ਪਿੰਡਾਂ ਵਿਚ ਜਿਹੜੇ ਲੋਕ ਰਹਿ ਰਹੇ ਹਨ ਉਨ੍ਹਾਂ ਨੂੰ ਮਕਾਨ ਜ਼ਰੂਰ ਪਰੋਵਾਈਡ ਕਰਨੇ ਚਾਹੀਦੇ ਹਨ ।

ਗਿਆਨੀ ਕੁੰਦਨ ਸਿੰਘ ਪਤੰਗ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਮੈਂਬਰ ਸਾਹਿਬ ਤੋਂ ਜਾਣਕਾਰੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ 58 ਪਿੰਡ ਹਨ ਕੀ ਉਥੇ ਕਿਸੇ ਨੂੰ ਕੋਈ ਪਲਾਟ ਦਿਤਾ ਹੈ ?

ਸ੍ਰੀ ਪ੍ਰੇਮ ਗੁਪਤਾ: ਡਿਪਟੀ ਸਪੀਕਰ ਸਾਹਿਬ, ਸ਼ਹਿਰਾਂ ਵਿਚ ਸੀਵਰੇਜ਼ ਦਾ ਜ਼ਿਕਰ ਕੀਤਾ ਗਿਆ ਹੈ, ਇਹ ਬੜੀ ਚੰਗੀ ਗੱਲ ਹੈ ਜੋ ਇਹ ਸ਼ਹਿਰਾਂ ਵਿਚ ਪ੍ਰੋਵਾਈਡ ਕੀਤਾ ਜਾ ਰਿਹਾ ਹੈ । ਲੇਕਿਨ ਇਸ ਦੀ ਸਪੀਡ ਜ਼ਰਾ ਸਲੋਅ ਹੈ ਉਸ ਨੂੰ ਇੰਪਰੂਵ ਕਰਨਾ ਚਾਹੀਦਾ ਹੈ। ਜਿਹੜੀ ਲਾਅਨਤ ਸਾਡੇ ਸਮਾਜ ਦੇ ਕੁਝ ਲੋਕਾਂ ਤੇ ਠੋਸੀ ਹੈ, ਜਿਹੜੇ ਆਪਣੇ ਸਿਰ ਤੇ ਗੰਦਗੀ ਦੀਆਂ ਟੋਕਰੀਆਂ ਲਈ ਫਿਰਦੇ ਹਨ ਉਹ ਸਾਡੇ ਬਜ਼ੁਰਗਾਂ ਦੀ ਜਿਹੜੀ ਗਲਤੀ ਹੋਈ ਹੋਈ ਹੈ ਉਸ ਨੂੰ ਖਤਮ ਕਰਨਾ ਚਾਹੀਦਾ ਹੈ । (ਵਿਘਨ) ਪ੍ਰੋਗਰੈਸਿਵ ਸਰਕਾਰ ਨੂੰ ਇਸ ਲਾਅਨਤ ਨੂੰ ਛੇਤੀ ਤੋਂ ਛੇਤੀ ਖਤਮ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਹੋਰ ਕਰੈਸ਼ ਪ੍ਰੋਗਰਾਮ ਚਲਦੇ ਹਨ ਉਸੇ ਤਰ੍ਹਾਂ ਸਿਵਰੇਜ਼ ਨੂੰ ਕਰੈਸ਼ ਪ੍ਰੋਗਰਾਮ ਦੇ ਥੱਲੇ ਲਿਆ ਕੇ ਜਲਦੀ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਚੀਜ਼ਾਂ ਦੀ ਸਪਲਾਈ ਜਿਹੜੀ ਹੈ, ਇਹ ਮੈਂ ਮੰਨਦਾ ਹਾਂ ਅਤੇ ਇਹ ਸਾਰੇ ਦੋਸਤ ਐਪ੍ਰੀਸੀਏਟ ਕਰਨਗੇ ਕਿ ਸਪਲਾਈ ਰਿਲੈਕਸ ਹੋਈ ਹੈ, ਪ੍ਰੋਸੀਜਰ ਸਿੰਪਲੀਫਾਈ ਹੋਇਆ ਹੈ, ਡਿਪੂਆਂ ਤੇ ਰਸ਼ ਘਟਿਆ ਹੈ, ਡਿਪੂਆਂ ਤੇ ਲਾਈਨਾਂ ਮੁਕੀਆਂ ਹਨ ਅਤੇ ਡਿਪੂਆਂ ਦੀ ਤਾਦਾਦ ਪੰਜਾਬ ਵਿਚ ਵੱਧੀ ਹੈ । ਸਰਦਾਰ ਗੁਰਦਰਸ਼ਨ ਸਿੰਘ ਦੇ ਧਿਆਨ ਵਿਚ ਵੀ ਹੋਵੇਗਾ ਕਿ ਸਰਕਾਰਾਂ ਪਲੈਨ ਕਰਦੀਆਂ ਹਨ, ਆਬਾਦੀ ਦੇ ਮੁਤਾਬਕ ਰਾਸ਼ਨ ਕਾਰਡ ਬਣਾਉਂਦੀਆਂ ਹਨ ਜੇ ਦੁਗਣੇ ਰਾਸ਼ਨ ਕਾਰਡ ਹੋ ਜਾਣ ਤਾਂ ਕਿਹੜੀ ਸਰਕਾਰ ਚੀਜ਼ਾਂ ਸਪਲਾਈ ਕਰ ਸਕੇਗੀ ਅਤੇ ਕਿਥੋਂ ਸਪਲਾਈ ਕਰੇਗੀ ? ਪੰਜਾਬ ਦੀ ਆਬਾਦੀ ਕੋਈ 1.35 ਕਰੋੜ ਜਾਂ 1.40 ਕਰੋੜ ਹੋਵੇਗੀ ਅਤੇ ਇਸ ਹਿਸਾਬ ਨਾਲ ਸ਼ਹਿਰਾਂ ਵਿਚ 30-35 ਲੱਖ ਆਬਾਦੀ ਹੋਵੇਗੀ । ਰਾਸ਼ਨ ਕਾਰਡਜ਼ 60 ਲੱਖ ਯੂਨਿਟ ਦੇ ਹੋਣ ਤਾਂ ਕਿਹੜੀ ਸਰਕਾਰ ਰਾਸ਼ਨ ਸਪਲਾਈ ਕਰ ਸਕੇਗੀ ? ਅਸੀਂ ਇਹ ਗੱਲ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆਂਦੀ ਅਤੇ ਕੰਪਲੇਟ ਵੀ ਕੀਤੀ । ਡਿਪਟੀ ਸਪੀਕਰ ਸਾਹਿਬ, ਮੇਰੇ ਆਪਣੇ ਸ਼ਹਿਰ ਵਿਚ, ਅੰਮ੍ਰਿਤਸਰ, ਜਲੰਧਰ ਅਤੇ ਹੋਰ ਸ਼ਹਿਰਾਂ ਵਿਚ 25% ਤੋਂ ਵੱਧ ਘੋਸਟ ਰਾਸ਼ਨ ਕਾਰਡਜ਼ ਸਨ ਜਿਹੜੇ ਉਸ ਮਹਿਕਮੇ ਨੇ ਕੱਢੇ, ਉਹ ਰਾਸ਼ਨ ਕਾਰਡਜ਼ ਕੈਂਸਲ ਕੀਤੇ ਗਏ । ਇਕ ਸ਼ਾਰਟੇਜ਼ ਹੋਵੇ, ਦੂਸਰੇ ਜਾਲ੍ਹੀ ਕਾਰਡਜ ਹੋਣ ਤਾਂ ਸਰਕਾਰ ਕਿਵੇਂ ਅੰਨ ਦੇਵੇਗੀ ਅਤੇ ਕਿਵੇਂ ਹੋਰ ਚੀਜ਼ਾਂ ਸਪਲਾਈ ਕਰ ਸਕੇਗੀ ? ਸਰਕਾਰ ਨੇ ਸਪਲਾਈ ਵਧਾਈ ਹੈ, ਸਪਲਾਈ ਸਿਸਟਮ ਵਿਚ ਇੰਪਰੂਵਮੈਂਟ ਲਿਆਂਦੀ ਹੈ, ਪਰ ਮੈਂ ਕਹਾਂਗਾ ਕਿ ਥੋੜ੍ਹਾ ਜਿਹਾ ਕੰਟਰੋਲ ਹੋਰ ਟਾਈਟ ਕਰਨ ਦੀ ਲੋੜ ਹੈ । ਸਰਕਾਰ ਪਿੰਡਾਂ ਵਿਚ ਵੀ ਰਾਸ਼ਨ ਕਾਰਡ ਬਣਾ ਰਹੀ ਹੈ ਕਿਉਂਕਿ ਪਿੰਡਾਂ ਵਿਚ ਮਾਰਕੀਟ ਸੋਸਾਇਟੀਆਂ ਰਾਹੀਂ ਠੀਕ ਢੰਗ ਨਾਲ ਚੀਨੀ ਆਦਿ ਦੀ ਸਪਲਾਈ ਠੀਕ ਨਹੀਂ ਚਲ ਰਹੀ। ਸਰਕਾਰ ਦੀ ਕੋਸ਼ਿਸ਼ ਹੈ ਕਿ ਸੈਂਟਰਲ ਸਰਕਾਰ ਤੋਂ ਵੱਧ ਸਪਲਾਈ ਮਿਲੇ, ਚੀਨੀ ਦਾ ਕੋਟਾ ਵੱਧ ਮਿਲੇ ਅਤੇ ਜਿਹੜੀ ਚੀਨੀ 400 ਗ੍ਰਾਮ ਪਰ ਯੂਨਿਟ ਮਿਲਦੀ ਹੈ ਉਹ ਜਿਆਦਾ ਕਰਨੀ ਚਾਹੀਦੀ ਹੈ । ਡਿਪੂਆਂ ਤੇ ਚੈਕਿੰਗ ਵੀ ਜ਼ਿਆਦਾ ਟਾਈਟ ਕਰਨੀ ਚਾਹੀਦੀ ਹੈ । ਇਹ ਜਿਹੜੇ ਘੋਸਟ ਰਾਸ਼ਨ ਕਾਰਡਜ਼ ਬਣੇ ਹਨ ਜਾਂ ਕੋਈ ਹੋਰ ਇਸ ਤਰ੍ਹਾਂ ਦੀ ਹੇਰਾ ਫੇਰੀ ਹੁੰਦੀ ਹੈ ਉਹ ਇਕੱਲੀ ਡਿਪੂ ਹੋਲਡਰ ਨਹੀਂ ਕਰ ਸਕਦਾ ਉਸ ਵਿਚ ਅਮਲੇ ਦਾ ਵੀ ਹੱਥ ਹੁੰਦਾ ਹੈ । ਜਿਨ੍ਹਾਂ ਅਫ਼ਸਰਾਂ ਦੀ ਕੋਤਾਹੀ ਹੈ ਉਨ੍ਹਾਂ ਨੂੰ ਯੋਗ ਪਨਿਸ਼ਮੈਂਟ ਦਿਤੀ ਜਾਵੇ । ਖਰਬੰਦਾ ਜੀ ਨੇ ਵੀ ਕੋਸ਼ਿਸ਼ ਕੀਤੀ ਸੀ ਅਤੇ ਕਈ ਘੋਸਟ ਕਾਰਡਜ਼ ਨਿਕਲੇ ਸਨ ।

ਇਸ ਦੇ ਨਾਲ ਨਾਲ ਡਿਪਟੀ ਸਪੀਕਰ ਸਾਹਿਬ ਬਾਕੀ ਜੋ ਪੰਜਾਬ ਦੀ ਕੰਟਰੀਬਿਊਸ਼ਨ ਹੈ ਸੈਂਟਰਲ ਪੂਲ ਵਿੱਚ ਪੈਡੀ ਦੀ, ਫੂਡ ਗਰੇਨਜ਼ ਦੀ ਅਤੇ ਵੀਟ ਦੀ, ਇਸ ਨੂੰ ਸਾਰੇ ਹਿੰਦੁਸਤਾਨ ਨੇ ਐਪਰੀਸ਼ੀਏਟ ਕੀਤਾ ਹੈ। ਪੰਜਾਬ ਚਾਹੇ ਬਾਰਡਰ ਸਟੇਟ ਹੈ ਤਾਂ ਵੀ ਗੌਰਮਿੰਟ ਨੂੰ ਇਹੋ ਜਿਹੀਆਂ ਸਕੀਮਾਂ ਲਿਆਉਣੀਆਂ ਚਾਹੀਦੀਆਂ ਹਨ ਜਿਸ ਨਾਲ ਕਿ ਐਜੂਕੇਟਿਡ ਦੀ ਅਨਇੰਪਲਾਇਮੈਂਟ ਦੂਰ ਹੋਵੇ ਤਾਕਿ ਜਿਹੜੇ ਐਜੂਕੇਟਿਡ ਇੰਪਲਾਇਮੈਂਟ ਦੀ ਤਲਾਸ਼ ਵਿਚ ਹੁੰਦੇ ਹਨ ਉਨ੍ਹਾਂ ਨੂੰ ਐਂਟੀਡੈਮੋਕਰੇਟਿਕ ਐਲੀਮੈਂਟ ਜਾਂ ਐਂਟੀ-ਸੋਸ਼ਲ ਐਲੀਮੈਂਟ ਐਕਸਪਲਾਇਟ ਕਰਕੇ ਗਲਤ ਰਸਤੇ ਤੇ ਨਾ ਪਾ ਸਕੇ। ਇਸ ਚੀਜ਼ ਤੋਂ ਉਨ੍ਹਾਂ ਨੂੰ ਰੋਕਣ ਲਈ ਸਾਨੂੰ ਇੰਪਲਾਇਮੈਂਟ ਪ੍ਰੋਵਾਇਡ ਕਰਨੀ ਚਾਹੀਦੀ ਹੈ ਅਤੇ ਇਨਸੈਂਟਿਵ ਦੇਣੇ ਚਾਹੀਦੇ ਹਨ। ਉਨ੍ਹਾਂ ਦੇ ਪ੍ਰਤੀ ਸਟੇਟ ਦੀ ਬੜੀ ਰਿਸਪਾਂਸੀਬਿਲਟੀ ਹੈ। ਨੌਜਵਾਨਾਂ ਦੀ ਇਸ ਸਮੱਸਿਆ ਵਾਸਤੇ ਜੋ ਮਹਿਕਮਾ ਸਰਕਾਰ ਨੇ ਖੋਲ੍ਹਿਆ ਹੈ ਉਸ ਨੂੰ ਪੂਰੀ ਸਪੀਡ ਨਾਲ ਕੰਮ ਕਰਨਾ ਚਾਹੀਦਾ ਹੈ ਵਰਨਾ ਇਨ੍ਹਾਂ ਨੂੰ ਐਕਸਪਲਾਇਟ ਕੀਤਾ ਜਾਵੇਗਾ ਅਤੇ ਜੋ ਲੋਕ ਪੋਲਜ਼ ਵਿਚ ਡੀਫੀਟ ਹੋ ਜਾਂਦੇ ਹਨ, ਜਿਹੜੇ ਡੈਮੋਕਰੇਸੀ ਤੋਂ ਆਪਣਾ ਯਕੀਨ ਖੋਹ ਬੈਠਦੇ ਹਨ ਉਹ ਗਲਤ ਢੰਗ ਨਾਲ ਨੌਜਵਾਨਾਂ ਨੂੰ ਗਲਤ ਰਸਤੇ ਨਾ ਪਾ ਦੇਣ। ਇਸ ਦੇ ਨਤੀਜੇ ਦੇਸ਼ ਵਾਸਤੇ ਬੜੇ ਭੈੜੇ ਸਾਬਤ ਹੋਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਇੱਕ ਗਲ ਹੀ ਹੋਰ ਕਹਿਣੀ ਹੈ ਕਿਉਂਕਿ ਤੁਸੀਂ 10 ਮਿੰਟ ਦਾ ਹੀ ਟਾਈਮ ਦਿੱਤਾ ਹੈ। ਪੰਜਾਬ ਸਰਕਾਰ ਨੇ ਕਈ ਵਾਰੀ ਇਹ ਗੱਲ ਕਹੀ ਹੈ ਕਿ ਅਸੀਂ ਸਕੂਲਾਂ ਦੇ ਟੀਚਰਾਂ ਦੇ ਗਰੇਡ ਦਾ ਸਪੇਨ ਘਟਾਉਣਾ ਹੈ। ਮੇਰੇ ਕੁਐਸ਼ਚਨ ਦੇ ਜਵਾਬ ਵਿੱਚ, ਕਿਉਂਕਿ ਇਹ ਸਵਾਲ ਬਜਟ ਪੇਸ਼ ਹੋਣ ਤੋਂ ਪਹਿਲਾਂ ਆਇਆ ਸੀ ਅਤੇ ਸਰਕਾਰ ਇਸ ਬਾਰੇ ਕੋਈ ਕਮਿਟਮੈਂਟ ਨਹੀਂ ਕਰ ਸਕਦੀ ਸੀ, ਉਨ੍ਹਾਂ ਨੇ ਕਿਹਾ ਹੈ ਕਿ ਇਹ ਵਿਚਾਰ ਅਧੀਨ ਹੈ। 1966 ਵਿਚ ਇਨ੍ਹਾਂ ਦੇ ਗਰੇਡ ਰਿਵਾਈਜ਼ ਹੋਏ ਸੀ। ਅੱਠ ਸਾਲਾਂ ਤੋਂ ਇਹ ਮਸਲਾ ਵਿਚਾਰ ਅਧੀਨ ਹੈ। ਜੋ ਉਨ੍ਹਾਂ ਦੇ ਗਰੇਡ ਦਾ ਸਪੇਨ ਘਟਾਉਣਾ ਹੈ ਅਤੇ ਇਨਕਰੀਮੈਂਟ ਦਾ ਰੇਟ ਵਧਾਉਣਾ ਹੈ। ਇਹ ਕੰਮ ਛੇਤੀ ਹੀ ਕਰ ਦੇਣਾ ਚਾਹੀਦਾ ਹੈ ਤਾਕਿ ਇਹ ਮਾਮਲਾ ਸਦਾ ਵਾਸਤੇ ਹੀ ਸੈਟਲ ਹੋ ਜਾਵੇ। ਡਿਪਟੀ ਸਪੀਕਰ ਸਾਹਿਬ, ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਯੂਨੀਵਰਸਿਟੀ ਅਤੇ ਕਾਲਜ ਟੀਚਰਜ਼ ਦੇ ਗਰੇਡਾਂ ਦੇ ਮੁਤੱਲਕ ਇਕ ਰਿਕਮੈਂਡੇਸ਼ਨ ਕੀਤੀ ਹੈ। ਉਸ ਤੋਂ ਪਹਿਲਾਂ ਸੈਂਟਰਲ ਸਕੇਲ ਵੀ ਆਏ। ਜਿਸ ਤਰ੍ਹਾਂ ਡੀ.ਏ. ਦੀਆਂ ਤਿੰਨ ਇਨਸਟਾਲਮੈਂਟਸ ਦਿੱਤੀਆਂ ਹਨ ਇਸ ਤਰ੍ਹਾਂ ਇੱਕ ਨਵੀਂ ਥਿੰਕਿੰਗ ਚਲ ਰਹੀ ਹੈ ਕਿ ਰੋਜ਼ ਡੀ.ਏ. ਵਧਾਇਆ ਜਾਵੇ ਜਾਂ ਫਿਰ ਪੇ ਸਟਰੱਕਚਰ ਨੂੰ ਹੀ ਦੁਬਾਰਾ ਚੇਂਜ ਕੀਤਾ ਜਾਵੇ। ਗੌਰਮਿੰਟ ਨੇ ਇਨਫਲੇਸ਼ਨ ਨੂੰ ਰੋਕਣ ਵਾਸਤੇ ਕਈ ਕੰਮ ਕੀਤੇ ਹਨ। ਕਈ ਸਾਥੀਆਂ ਨੇ ਉਨ੍ਹਾਂ ਕੰਮਾਂ ਵਿਚ ਸਾਥ ਨਹੀਂ ਦਿੱਤਾ। ਕਈ ਸਾਥੀ ਕਹਿੰਦੇ ਹਨ ਕਿ ਸਮੱਗਲਰਾਂ ਨੂੰ ਵੀ ਇੰਡੀਵਿਜੁਅਲ ਫਰੀਡਮ ਮਿਲਣੀ ਚਾਹੀਦੀ ਹੈ। ਜੇ ਸਮੱਗਲਰਾਂ ਨੂੰ ਕਿਹਾ ਗਿਆ ਕਿ ਤੁਹਾਡੀ ਜ਼ਮਾਨਤ ਨਹੀਂ ਹੋ ਸਕਦੀ ਤਾਂ ਕਈ ਸਾਥੀਆਂ ਨੇ ਕਿਹਾ ਹੈ ਕਿ ਇਹ ਸਿਵਲ ਲਿਬਰਟੀ ਤੇ ਕਰਬ ਹੈ। ਮੈਂ ਯੂਨੀਵਰਸਿਟੀ ਟੀਚਰਜ਼ ਦੇ ਗਰੇਡਾਂ ਦੀ ਗੱਲ ਕਰ ਰਿਹਾ ਸੀ। ਸੈਂਟਰਲ ਗੌਰਮਿੰਟ ਨੇ ਜੋ ਰਿਕਮੈਂਡੇਸ਼ਨ ਭੇਜੀ ਹੈ ਅਤੇ ਸਾਨੂੰ ਪਤਾ ਲਗਿਆ ਹੈ ਉਸਦੇ ਅਨੁਸਾਰ ਯੂ.ਪੀ. ਅਤੇ ਬਿਹਾਰ ਸਟੇਟ ਵਿੱਚ ਅਤੇ ਜੋ ਸੈਂਟਰਲੀ ਮੈਨੇਜਡ ਇੰਸਟੀਚੂਸ਼ਨਜ਼ ਹਨ ਜਿਹੜੀਆਂ ਸੈਂਟਰ ਗੌਰਮਿੰਟ ਦੇ ਅੰਡਰ ਡਾਇਰੈਕਟਲੀ ਆਉਂਦੀਆਂ ਹਨ ਉਨ੍ਹਾਂ ਨੂੰ ਇਹ ਗਰੇਡ ਮਿਲ ਗਏ ਹਨ। ਇਸ ਰਿਕਮੈਂਡੇਸ਼ਨ ਦੇ ਅਨੁਸਾਰ ਸਟੇਟ ਗੌਰਮਿੰਟ ਨੇ ਤਾਂ ਸਿਰਫ ਇਸਦਾ 20% ਹੀ ਦੇਣਾ ਹੈ ਬਾਕੀ ਦਾ 80% ਤਾਂ ਸੈਂਟਰਲ ਗੌਰਮਿੰਟ ਨੇ ਦੇਣਾ ਹੈ। ਇਸ ਦੀ ਸਾਰੀ ਲਾਇਬਿਲਟੀ ਸਟੇਟ ਗੌਰਮਿੰਟ ਤੇ 12 ਲੱਖ ਰੁਪਏ ਦੀ ਬਣੀ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਜਿਥੇ ਤੁਸੀਂ 18 ਲੱਖ ਤੋਂ 48 ਲੱਖ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਵੀ ਕਰ ਦੇਣਾ ਚਾਹੀਦਾ ਹੈ।

[ਸ੍ਰੀ ਪ੍ਰੇਮ ਗੁਪਤਾ]

ਡਿਪਟੀ ਸਪੀਕਰ ਸਾਹਿਬ, ਦੂਜੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਬੜੇ ਆਦਰਸ਼ਵਾਦੀ ਹੋ ਕੇ ਤਕਰੀਰ ਕਰਦੇ ਹਾਂ ਕਿ ਐਜੂਕੇਸ਼ਨ ਨੂੰ ਨੇਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਲੇਕਿਨ ਇਸ ਲਈ ਚਾਹੀਦਾ ਤਾਂ ਇਹ ਹੈ ਕਿ ਜਿਹੜੇ ਕਾਲਜ ਜਾਂ ਸਕੂਲ ਸਾਡੇ ਕੰਟਰੋਲ ਵਿਚ ਹੋਣ ਉਨ੍ਹਾਂ ਨੂੰ ਅਸੀਂ ਯੂਨੀਲੇਟਰਲੀ ਸਰੈਂਡਰ ਕਰ ਦੇਈਏ। ਪ੍ਰਾਈਵੇਟ ਸਕੂਲਾਂ ਬਾਰੇ ਇੱਕ ਐਕਟ ਬਣਿਆ ਸੀ, ਸਿਕਿਉਰਟੀ ਆਫ ਸਰਵਿਸ ਐਕਟ। ਅਸੀਂ ਗਰੇਡ ਤਾਂ ਦਿੰਦੇ ਹਾਂ ਦਿੱਲੀ ਪੈਟਰਨ ਤੇ ਪਰ ਇਸ ਐਕਟ ਵਿਚ ਕਈ ਡਿਫੈਕਟ ਰਹਿ ਗਏ ਹਨ। ਦਿਲੀ ਵਿਚ ਇੱਕ ਐਕਟ ਬਣਿਆ ਹੋਇਆ ਹੈ ਜਿਸ ਤਰ੍ਹਾਂ ਕਾਲਜ ਟੀਚਰਜ਼ ਦੇ ਬਾਰੇ ਬਿਲ ਪਾਸ ਹੋਇਆ ਸੀ ਉਸੇ ਤਰ੍ਹਾਂ ਪ੍ਰਾਈਵੇਟ ਸਕੂਲ ਟੀਚਰਜ਼ ਵਾਸਤੇ ਵੀ ਸਾਨੂੰ ਇਸ ਬਿਲ ਵਿਚ ਅਮੈਂਡਮੈਂਟ ਕਰਨੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣੀ ਹੈ। ਆਮ ਤੌਰ ਤੇ ਅਸੀਂ ਐਡਮਨਿਸਟਰੇਸ਼ਨ ਵਿਚ ਇਨਐਫੀਸ਼ੈਂਸੀ ਦੀ ਸ਼ਿਕਾਇਤ ਕਰਦੇ ਹਾਂ। ਐਡਮਨਿਸਟਰੇਸ਼ਨ ਵਿਚ ਐਫੀਸ਼ੈਂਸੀ ਨੂੰ ਇੰਪਰੂਵ ਕਰਨਾ ਚਾਹੀਦਾ ਹੈ ਤਾਕਿ ਜਿਹੜੇ ਬੈਨੀਫਿਟ ਸਰਕਾਰ ਦੇਣਾ ਚਾਹੁੰਦੀ ਹੈ, ਜੋ ਅੱਗੇ ਜਾ ਕੇ ਐਡਮਨਿਸਟ੍ਰੇਟਿਵ ਚੈਨਲ ਵਿਚ ਵਾਟਰ ਡਾਊਨ ਹੋ ਜਾਂਦੇ ਹਨ ਉਹ ਲੋਕਾਂ ਤਕ ਨਹੀਂ ਪਹੁੰਚਦੇ, ਇਹ ਨਹੀਂ ਹੋਣਾ ਚਾਹੀਦਾ ਹੈ। ਲੋਕਾਂ ਵਿੱਚ ਇਸ ਕਾਰਨ ਥੋੜ੍ਹੀ ਬਹੁਤ ਮਾਯੂਸੀ ਆ ਸਕਦੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਆਪਣੀ ਐਡਮਨਿਸ-ਟਰੇਟਿਵ ਮਸ਼ੀਨਰੀ ਨੂੰ ਜ਼ਿਆਦਾ ਅੱਛੀ ਤਰ੍ਹਾਂ ਸਪੀਡ-ਅਪ ਕਰਕੇ ਆਪਣੇ ਫੈਸਲੇ ਅਤੇ ਪ੍ਰੋਗਰਾਮ ਦੇ ਜੋ ਲੋਕਾਂ ਨੂੰ ਬੈਨੀਫਿਟ ਮਿਲਣੇ ਹਨ ਉਹ ਅੱਛੇ ਢੰਗ ਨਾਲ ਛੇਤੀ ਤੋਂ ਛੇਤੀ ਲੋਕਾਂ ਨੂੰ ਮਿਲਣ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਸਾਰੇ ਮੈਂਬਰਾਂ ਨੂੰ ਇਹ ਅਪੀਲ ਕਰਾਂਗਾ ਕਿ ਇਸ ਡੈਮੋਕਰੈਟਿਕ ਕੰਟਰੀ ਵਿਚ ਰਹਿੰਦੇ ਹੋਏ ਸਾਨੂੰ ਡੈਮੋਕਰੇਸੀ ਵਿਚ ਵਿਸ਼ਵਾਸ਼ ਰਖਣਾ ਚਾਹੀਦਾ ਹੈ ਅਤੇ ਡੈਮੋਕਰੇਸੀ ਨੂੰ ਪ੍ਰੋਟੈਕਟ ਕਰਨ ਵਾਸਤੇ ਸਾਨੂੰ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਧੰਨਵਾਦ (ਥੰਪਿੰਗ)।

ਸ੍ਰੀ ਪਿਆਰਾ ਰਾਮ ਧੰਨੋਵਾਲੀ (ਫਗਵਾੜਾ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਦੇ ਖਜ਼ਾਨਾ ਮੰਤਰੀ, ਸ੍ਰੀ ਹੰਸ ਰਾਜ ਸ਼ਰਮਾ, ਜਿਨ੍ਹਾਂ ਨੇ 1975-76 ਦਾ ਬਜਟ ਸਾਡੇ ਸਾਹਮਣੇ ਪੇਸ਼ ਕੀਤਾ ਹੈ, ਉਨ੍ਹਾਂ ਨੂੰ ਅਤੇ ਇਸ ਸਰਕਾਰ ਨੂੰ ਵਧਾਈ ਦੇਣ ਲਈ ਖੜਾ ਹੋਇਆ ਹਾਂ। ਆਪੋਜ਼ੀਸ਼ਨ ਵਲੋਂ ਬਰਨਾਲਾ ਜੀ ਨੇ ਬੋਲਦੇ ਹੋਏ ਕਿਹਾ ਕਿ ਇਹ ਬਜਟ ਬੜਾ ਨਿਰਾਸ਼ਾਜਨਕ ਹੈ ਅਤੇ ਰੁਟੀਨ ਦਾ ਬਜਟ ਹੈ। ਇਹ ਬਿਲਕੁਲ ਗਲਤ ਗੱਲ ਉਨ੍ਹਾਂ ਨੇ ਕਹੀ ਹੈ। ਇਹ ਮਜ਼ਦੂਰਾਂ ਨੂੰ, ਗਰੀਬਾਂ ਨੂੰ ਉਪਰ ਚੁਕਣ ਲਈ ਅਤੇ ਸੋਸ਼ਲਿਜ਼ਮ ਵਲ ਨੂੰ ਜਾਣ ਲਈ ਇਕ ਬਹੁਤ ਵੱਡਾ ਕਦਮ ਹੈ। ਸਾਡੇ ਦੇਸ਼ ਦੀ ਇਕਾਨੋਮੀ ਨੂੰ ਕਈ ਕਾਰਨਾਂ ਕਰਕੇ ਸੱਟ ਵੱਜੀ ਹੈ। ਪਰ ਬਾਵਜੂਦ ਇਸ ਗਲ ਦੇ ਅਤੇ ਕੁਦਰਤੀ ਤਕਲੀਫਾਂ ਦੇ ਜੋ ਕੁਝ ਕੁਦਰਤੀ ਅਤੇ ਕੁਝ ਮੈਨਮੇਡ ਸਨ, ਜ਼ਿਮੀਂਦਾਰ ਨੇ ਇਨ੍ਹਾਂ ਚੀਜ਼ਾਂ ਤੋਂ ਉਪਰ ਉਠ ਕੇ ਮਿਹਨਤ ਕੀਤੀ ਹੈ ਅਤੇ ਪੰਜਾਬ ਨੂੰ ਉਪਰ ਲਿਜਾਣ ਲਈ ਸ਼ਲਾਘਾਯੋਗ ਕੰਮ ਕੀਤਾ ਹੈ। ਇਹ ਬਜਟ ਜਿਸ ਵਿਚ ਇਨਕਮ 570 ਕਰੋੜ ਰੁਪਏ ਦੀ ਹੈ ਅਤੇ ਖਰਚ 577 ਕਰੋੜ ਰੁਪਏ ਦੇ ਕਰੀਬ ਹੈ ਅਤੇ ਇਸ ਤਰ੍ਹਾਂ 6 ਕਰੋੜ 83 ਲੱਖ ਦੇ ਘਾਟੇ ਵਾਲਾ ਬਜਟ ਹੈ, ਇਥੇ ਕਿਹਾ ਗਿਆ ਕਿ ਮਜ਼ਦੂਰਾਂ ਲਈ ਅਤੇ ਜੋ ਸੋਸ਼ਲੀ ਬੈਕਵਰਡ ਹਨ ਉਨ੍ਹਾਂ ਲਈ ਇਸ ਬਜਟ ਵਿਚ ਕੁਝ ਨਹੀਂ ਕੀਤਾ ਗਿਆ ਲੇਬਰ ਵੈਲਫੇਅਰ ਦੇ ਬਾਰੇ ਵਿਚ ਕੁਝ ਗੱਲਾਂ ਇਸ ਬਜਟ ਵਿਚ ਆਈਆਂ ਹਨ। ਮੈਂ ਸਭ ਤੋਂ

ਪਹਿਲਾਂ ਉਨ੍ਹਾਂ ਬਾਰੇ ਕਹਿਣਾ ਚਾਹਾਂਗਾ । ਜਿਥੇ ਇੰਡਸਟਰੀਅਲ ਵਰਕਰਜ਼ ਨੂੰ ਆਰਗੇਨਾਈਜ਼ ਕਰਨ ਲਈ ਕਈ ਸੰਸਥਾਵਾਂ ਕੰਮ ਕਰਦੀਆਂ ਹਨ ਉਥੇ ਸਰਕਾਰ ਨੇ ਪਿੰਡਾਂ ਵਿਚ ਜੋ ਐਗਰੀਕਲਚਰਲ ਲੇਬਰ ਹੈ ਉਸ ਨੂੰ ਆਰਗੇਨਾਈਜ਼ ਕਰਨ ਲਈ ਕੁਝ ਕਦਮ ਚੁੱਕੇ ਹਨ । ਬਜਟ ਵਿਚ ਕਿਹਾ ਹੈ ਕਿ ਬਿਜਲੀ ਦੀ ਘਾਟ ਕਾਰਨ ਮਜ਼ਦੂਰਾਂ ਦਾ ਜੋ ਨੁਕਸਾਨ ਹੋਇਆ ਹੈ ਉਸ ਲਈ ਉਨ੍ਹਾਂ ਨੂੰ ਫਰੀ ਆਫ ਇੰਟਰੈਸਟ ਲੋਨ ਦੇਵੇਗੀ । ਪੰਜਾਬ ਪਹਿਲੀ ਸਟੇਟ ਹੈ ਜਿੱਥੇ ਕਿ ਮਜ਼ਦੂਰਾਂ ਦਾ ਮਸਲਾ ਹੱਲ ਕੀਤਾ ਗਿਆ ਹੈ । ਮਿਨੀਮੱਮ ਵੇਜਿਜ਼ ਜਾਂ ਜੋ ਘੱਟ ਤੋਂ ਘੱਟ ਮਜ਼ਦੂਰੀ ਹੈ, ਘੱਟ ਤੋਂ ਘੱਟ ਵੇਜ਼ ਹੈ ਉਹ ਇੰਡਸਟ੍ਰੀਅਲ ਵਰਕਰ ਦੀ 166.50 ਰੁਪਏ ਮੁਕੱਰਰ ਕੀਤੀ ਗਈ ਹੈ । ਇਸ ਤਰ੍ਹਾਂ ਹੀ ਸਬਸੀਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਦੇ ਤਹਿਤ ਜਿਤਨੇ ਲੇਬਰ ਡਿਪਾਰਟਮੈਂਟ ਨੇ ਲੇਬਰ ਲਈ ਮਕਾਨ ਬਣਵਾਏ ਸਨ ਉਹ ਸਾਰੇ ਦੇ ਸਾਰੇ ਹੀ ਹਾਇਰ-ਪਰਚੇਜ਼ ਬੇਸਿਜ਼ ਤੇ ਮਜ਼ਦੂਰਾਂ ਨੂੰ ਕਿਸ਼ਤਾਂ ਉਤੇ ਦੇ ਦਿਤੇ ਹਨ । ਇਸ ਬਜਟ ਵਿਚ ਸਬਸੀਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਦੇ ਤਹਿਤ ਮਕਾਨ ਬਣਾਉਣ ਲਈ ਸਰਕਾਰ ਨੇ 26,50,650 ਰੁਪਏ ਰੱਖੇ ਹਨ ।

5-52 P.M. (ਇਸ ਸਮੇਂ ਸਭਾਪਤੀ ਨਾਮਾਵਲੀ ਦੇ ਇਕ ਮੈਂਬਰ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ, ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

ਇਹ ਵੀ ਇਕ ਚੰਗੀ ਗੱਲ ਕੀਤੀ ਗਈ ਹੈ ਕਿ ਸੰਨ 1965 ਔਰ 1971 ਦੀ ਇੰਡੋ-ਪਾਕਿਸਤਾਨ ਜੰਗ ਵੇਲੇ ਜਿਹੜੇ ਮਜ਼ਦੂਰਾਂ ਨੂੰ ਕਰਜ਼ੇ ਦਿਤੇ ਗਏ ਸਨ, ਉਹ ਵੀ ਸਰਕਾਰ ਨੇ ਗਰਾਂਟ ਦੀ ਸ਼ਕਲ ਵਿਚ ਤਬਦੀਲ ਕਰ ਦਿਤੇ ਹਨ । ਮੈਂ ਸਮਝਦਾ ਹਾਂ ਕਿ ਮਜ਼ਦੂਰਾਂ ਲਈ ਸਰਕਾਰ ਨੇ ਕਾਫੀ ਤੋਂ ਜ਼ਿਆਦਾ ਇਸ ਪਾਸੇ ਵਲ ਧਿਆਨ ਦਿਤਾ ਹੈ । ਚੇਅਰਮੈਨ ਸਾਹਿਬ, ਮਜ਼ਦੂਰਾਂ ਦੇ ਜੋ ਝਗੜੇ ਹੁੰਦੇ ਸਨ, ਪਹਿਲਾਂ ਉਨ੍ਹਾਂ ਦਾ ਨਿਪਟਾਰਾ ਕਰਨ ਲਈ ਪੰਜਾਬ ਵਿਚ ਸਿਰਫ ਤਿੰਨ ਹੀ ਲੇਬਰ ਕੋਰਟਾਂ ਸਨ, ਪਰ ਇਸ ਸਰਕਾਰ ਨੇ ਪਟਿਆਲੇ ਔਰ ਅੰਮ੍ਰਿਤਸਰ ਵਿਚ ਦੋ ਹੋਰ ਲੇਬਰ ਕੋਰਟਸ ਖੋਲ੍ਹੀਆਂ ਹਨ ਤਾਕਿ ਮਜ਼ਦੂਰਾਂ ਦੇ ਜੋ ਬੜੇ ਦੇਰ ਤੋਂ ਝਗੜੇ ਚਲ ਰਹੇ ਹਨ ਉਨ੍ਹਾਂ ਦਾ ਨਿਪਟਾਰਾ ਛੇਤੀ ਕੀਤਾ ਜਾ ਸਕੇ । ਇਸ ਸਰਕਾਰ ਨੇ ਇਸ ਪਾਸੇ ਵੀ ਕਾਫੀ ਧਿਆਨ ਦਿਤਾ ਹੈ । ਹੁਣ ਮੈਂ ਬਿਜਲੀ ਬਾਰੇ ਕੁਝ ਕਹਿਣਾ ਚਾਹਵਾਂਗਾ । ਬਰਨਾਲਾ ਜੀ ਨੇ ਕਿਹਾ ਸੀ । ....(ਆਵਾਜ਼ਾਂ: ਤੁਸੀਂ ਆਪਣਾ ਹੀ ਰੋਣਾ ਰੋ ਲਵੋ, ਬਰਨਾਲਾ ਜੀ ਨੂੰ ਤੁਸੀਂ ਕੀ ਕਹਿਣਾ ਹੈ ।)

ਚੇਅਰਮੈਨ ਸਾਹਿਬ, ਮੈਂ ਬਿਜਲੀ ਦੀ ਖਪਤ ਬਾਰੇ ਦਸਦਾ ਹਾਂ ਕਿ ਸੰਨ 1966-67 ਵਿਚ ਜਿਸ ਵੇਲੇ ਪੰਜਾਬੀ ਸੂਬਾ ਬਣਿਆ ਸੀ ਉਸ ਵੇਲੇ ਸਾਡੀ ਬਿਜਲੀ ਦੀ ਖਪਤ ਸਿਰਫ 195 ਮੈਗਾਵਾਟਸ ਸੀ, ਉਹ ਅੱਜ ਸੱਤ ਸਾਲਾਂ ਤੋਂ ਬਾਅਦ 484.14 ਮੈਗਾਵਾਟਸ ਹੋ ਗਈ ਹੈ, ਯਾਨੀ ਉਸ ਤੋਂ ਢਾਈ ਗੁਣਾ ਜ਼ਿਆਦਾ ਹੋ ਗਈ ਹੈ । ਪਰ ਜੋ ਸਾਡੇ ਮੌਜੂਦਾ ਸਾਧਨ ਹਨ ਉਨ੍ਹਾਂ ਵਿਚੋਂ ਸਾਨੂੰ ਜਿਤਨੀ ਬਿਜਲੀ ਮਿਲਦੀ ਹੈ, ਜਿਤਨਾ ਸ਼ੇਅਰ ਆਉਂਦਾ ਹੈ, ਉਸ ਬਾਰੇ ਵੀ ਦੱਸਦਾ ਹਾਂ । ਭਾਖੜਾ ਪ੍ਰਾਜੈਕਟ ਤੋਂ 250 ਮੈਗਾਵਾਟਸ, ਸ਼ਾਨਨ ਪਾਵਰ ਪਲਾਂਟ ਤੋਂ 23 ਮੈਗਾਵਾਟਸ, ਯੂ.ਬੀ.ਡੀ.ਸੀ. ਤੋਂ 15 ਮੈਗਾਵਾਟਸ, ਨੰਗਲ ਥਰਮਲ ਪਲਾਂਟ ਤੋਂ 4 ਮੈਗਾਵਾਟਸ ਔਰ ਡੀਜ਼ਲ ਜੈਨਰੇਟਿੰਗ ਸੈਟਸ ਤੋਂ 20 ਮੈਗਾਵਾਟਸ ਔਰ ਗੁਰੂ ਨਾਨਕ ਥਰਮਲ ਪਲਾਂਟ ਤੋਂ 75 ਮੈਗਾਵਾਟਸ ਸਾਨੂੰ ਬਿਜਲੀ ਮਿਲਦੀ ਹੈ, ਯਾਨੀ 387 ਮੈਗਾਵਾਟਸ ਸਾਡੇ ਪਾਸ ਬਿਜਲੀ ਹੈ। ਬਾਵਜੂਦ ਇਸ ਦੇ ਕਿ ਇਤਨਾ ਘਾਟਾ ਹੈ, ਉਸ ਦਾ ਕਾਰਨ ਵੀ ਚੇਅਰਮੈਨ ਸਾਹਿਬ ਤੁਹਾਡੇ ਜ਼ਰੀਏ ਦਸਣਾ ਚਾਹਵਾਂਗਾ ।

(ਇਕ ਆਵਾਜ਼: ਇਹ ਡੀਜ਼ਲ ਟਰੈਕਟਰ ਵਾਂਗ ਤੁਰਦਾ ਹੈ ।) (ਹਾਸਾ)

[ਸ੍ਰੀ ਪਿਆਰਾ ਰਾਮ ਧੰਨੋਵਾਲੀ]

ਚੇਅਰਮੈਨ ਸਾਹਿਬ, ਇਕ ਤਾਂ ਘਾਟ ਆਈ ਹੈ ਕੁਦਰਤੀ ਵਜਾਹ ਕਰਕੇ । ਇਹ ਮੈਂ ਸਮਝਦਾ ਹਾਂ ਕਿ ਸਾਹਮਣੇ ਬੈਠੇ ਦੋਸਤ (ਅਕਾਲੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਨੇ ਹੀ ਤਕਲੀਫ਼ ਪੈਦਾ ਕੀਤੀ ਹੋਈ ਹੈ । ਅਸੀਂ ਸੰਨ 1947 ਤੋਂ ਪਹਿਲਾਂ ਪੜ੍ਹਦੇ ਹੁੰਦੇ ਸੀ, ਸਕੂਲਾਂ ਵਿਚ ਇਹ ਪੜ੍ਹਾਇਆ ਜਾਂਦਾ ਸੀ, ਜਗਰਾਫੀਏ ਦਾ ਮਾਸਟਰ ਇਹ ਕਹਿੰਦਾ ਹੁੰਦਾ ਸੀ ਕਿ ਜਿੱਥੇ ਬਹੁਤੇ ਜੰਗਲ ਹੁੰਦੇ ਹਨ ਉਥੇ ਜ਼ਿਆਦਾ ਮੀਂਹ ਪੈਂਦਾ ਹੈ । ਪਰ ਜਿਤਨੇ ਜੰਗਲ ਸਨ, ਪਹਾੜ ਸਨ, ਉਹ ਹਿਮਾਚਲ ਨੇ ਮੰਗੇ ਨਹੀਂ ਸਨ ਪਰ ਉਸ ਨੂੰ ਦਿਤੇ ਗਏ ਹਨ । ਪੰਜਾਬ ਦੀ ਮੁੱਖ ਆਮਦਨ ਜੋ ਹੈ ਉਹ ਖੇਤੀ ਬਾੜੀ ਤੋਂ ਹੈ । ਹਿਮਾਚਲ ਦੀ ਮੁੱਖ ਆਮਦਨ ਜੰਗਲਾਤ ਤੋਂ ਹੈ । ਚੇਅਰਮੈਨ ਸਾਹਿਬ, ਜੰਗਲਾਤ ਧੜਾ ਧੜ ਕੱਟੇ ਜਾ ਰਹੇ ਹਨ, ਤੇ ਬਾਰਸ਼ ਹੋ ਨਹੀਂ ਰਹੀ, ਇਹ ਵੀ ਇਨ੍ਹਾਂ ਅਕਾਲੀਆਂ ਦੀ ਮਿਹਰਬਾਨੀ ਦਾ ਨਤੀਜਾ ਹੈ । (ਸਰਦਾਰ ਬਲਵਿੰਦਰ ਸਿੰਘ ਭੂੰਦੜ ਵਲੋਂ ਵਿਘਨ ।) ਚੇਅਰਮੈਨ ਸਾਹਿਬ, ਥਰਮਲ ਪਲਾਂਟ ਦੀ ਜਿਹੜੀ ਗੱਲ ਕਰਦੇ ਹਨ ਇਹ ਵੀ ਮੈਂ ਦਸਦਾ ਹਾਂ । ਬਿਜਲੀ ਪੈਦਾ ਕਰਨੀ ਬੜੀ ਯੋਜਨਾਬੰਦੀ ਦੀ ਗੱਲ ਹੁੰਦੀ ਹੈ । ਬਿਜਲੀ ਪੈਦਾ ਕਰਨ ਲਈ ਜੋ ਅੱਜ ਯੋਜਨਾ ਬਣਦੀ ਹੈ. ਉਸ ਤੋਂ ਲਾਭ ਪੰਜ ਸੱਤ ਸਾਲ ਬਾਅਦ ਹੋਣਾ ਹੁੰਦਾ ਹੈ । ਜਿਹੜਾ ਥਰਮਲ ਪਲਾਂਟ ਲਗਾ ਰਹੇ ਹਾਂ ਇਹ ਸਾਹਮਣੇ ਵਾਲੇ ਭਾਈ (ਅਕਾਲੀ ਪਾਰਟੀ ਵੱਲ ਇਸ਼ਾਰਾ) ਸ਼ੁਰੂ ਕਰਵਾ ਗਏ ਸਨ, ਉਸ ਵਿਚ ਵੀ ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਹੀ ਕਸੂਰ ਹੈ ।

ਸਰਦਾਰ ਕਰਨੈਲ ਸਿੰਘ ਮਰੜ੍ਹੀ: ਪੁਆਇੰਟ ਆਫ਼ ਆਰਡਰ, ਸਰ । ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੇਰਾ ਖਿਆਲ ਹੈ ਕਿ ਇਸ ਹਾਊਸ ਵਿਚ ਝੂਠ ਬੋਲਣ ਦੀ ਵੀ ਕੋਈ ਲਿਮਿੱਟ ਹੋਣੀ ਚਾਹੀਦੀ ਹੈ । ਇਸ ਤਰ੍ਹਾਂ ਦੀਆਂ ਗੱਲਾਂ ਕਹਿਣ ਦਾ ਕੋਈ ਫਾਇਦਾ ਨਹੀਂ ਹੈ । ਹਾਊਸ ਨੂੰ ਇਸ ਤਰ੍ਹਾਂ ਮਿਸਲੀਡ ਨਹੀਂ ਕਰਨਾ ਚਾਹੀਦਾ ।

ਸ੍ਰੀ ਸਭਾਪਤੀ: ਮਰੜ੍ਹੀ ਸਾਹਿਬ, 'ਝੂਠ ਬੋਲਣਾ' ਸ਼ਬਦ ਵਿਦਡਰਾਅ ਕਰ ਲਵੋ। (Marhari Sahib, please withdraw the words 'Jhooth Bolna'.)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਇਹ ਤਾਂ ਮੈਂ ਵਿਦਡਰਾਅ ਕਰ ਲੈਂਦਾ ਹਾਂ ਪਰ ਇਹ ਜਿਹੜਾ ਗ਼ਲਤ ਕਹਿੰਦੇ ਹਨ ਇਸ ਉਪਰ ਵੀ ਰੁਕਾਵਟ ਲਗਾਉਣੀ ਚਾਹੀਦੀ ਹੈ ?

ਸ੍ਰੀ ਪਿਆਰਾ ਰਾਮ ਧੰਨੋਵਾਲੀ: ਚੇਅਰਮੈਨ ਸਾਹਿਬ, ਤੁਸੀਂ ਇਨਕੁਆਇਰੀ ਕਰਵਾ ਲਵੋ ਕਿ ਇਹ ਗੁਰੂ ਨਾਨਕ ਥਰਮਲ ਪਲਾਂਟ ਵਿਚ ਕੀ ਕਰ ਰਹੇ ਹਨ ?

ਸਰਦਾਰ ਧੰਨਾ ਸਿੰਘ ਗੁਲਸ਼ਨ: ** ** **

Mr. Chairman: This is no point of order.

ਸ੍ਰੀ ਪਿਆਰਾ ਰਾਮ ਧੰਨੋਵਾਲੀ: ਚੇਅਰਮੈਨ ਸਾਹਿਬ, ਸਾਡੀ ਮੇਨ ਇੰਡਸਟਰੀ ਐਗਰੀ-ਕਲਚਰ ਹੈ ਇਸ ਪਾਸੇ ਸਰਕਾਰ ਨੇ ਮੈਂ ਸਮਝਦਾ ਹਾਂ ਕਿ ਕਾਫੀ ਸ਼ਲਾਘਾਯੋਗ ਕੰਮ ਕੀਤਾ ਹੈ । ਸਰਦਾਰ ਸੁਰਜੀਤ ਸਿੰਘ (ਬਰਨਾਲਾ) ਜੀ ਨੇ ਆਪਣੀ ਸਪੀਚ ਦੇ ਅੰਦਰ "ਪੰਜਾਬ ਆਨ ਦੀ ਮਾਰਚ" ਬਾਰੇ ਕਿਹਾ ਸੀ ਕਿ "ਪੰਜਾਬ ਆਨ ਦੀ ਬੈਕਵਰਡ ਮਾਰਚ" ਹੈ । ਇਸ ਵਿਚ

*Expunged as ordered by the Chair.

ਜਿੱਥੇ ਸ਼ੈਡਿਊਲਡ ਕਾਸਟਸ ਦੀ ਭਲਾਈ ਲਈ 14/15 ਪੁਆਇੰਟਸ ਹਨ (ਵਿਘਨ) ਉਨ੍ਹਾਂ ਨੇ ਸਿਰਫ ਇਕ ਦਾ ਹੀ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਸਿਰਫ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ ਕਾਰਪੋਰੇਸ਼ਨ ਦਾ ਹੀ ਜ਼ਿਕਰ ਕੀਤਾ ਹੈ, ਬਾਕੀ ਦਾ ਪਤਾ ਨਹੀਂ ਹੈ ਕਿ ਉਨ੍ਹਾਂ ਨੇ ਅੱਖੋਂ ਉਹਲੇ ਕਿਉਂ ਕੀਤਾ ਹੈ। ਉਨ੍ਹਾਂ ਨੂੰ ਤਾਂ ਇਹੋ ਸੁਝਦਾ ਹੈ ਕਿ ਜਿਹੜੀ ਚੰਗੀ ਗੱਲ ਹੈ, ਉਹ ਕਹਿਣੀ ਨਹੀਂ ਹੈ ਪਰ ਜਿਹੜਾ ਚੰਗਾ ਕੰਮ ਹੋਵੇ ਉਸ ਨੂੰ ਵੀ ਦੱਸਣਾ ਚਾਹੀਦਾ ਹੈ। ਸੁਝਾਓ ਦੇਣਾ ਚਾਹੀਦਾ ਹੈ ਲੇਕਿਨ ਇਹ ਨਹੀਂ ਕਿ ਕੋਈ ਚੰਗੀ ਗੱਲ ਹੋਵੇ ਤਾਂ ਉਹ ਅੱਖੋਂ ਉਹਲੇ ਕਰ ਦਿਤੀ ਜਾਵੇ।

6-00 P.M.

ਜਿਥੋਂ ਤਕ ਸਕਾਲਰਸ਼ਿਪਸ ਦੇਣ ਦਾ ਤੁਅੱਲਕ ਹੈ, ਇਸ ਬਾਰੇ ਸਰਦਾਰ ਕ੍ਰਿਪਾਲ ਸਿੰਘ ਢਿਲੋਂ ਨੇ ਦੱਸਿਆ ਹੈ। ਐਗਰੀਕਲਚਰਲ ਲੈਂਡ ਖਰੀਦਣ ਵਾਸਤੇ 5000 ਜਾਂ ਸਾਢੇ ਪੰਜ ਹਜ਼ਾਰ ਰੁਪਿਆ ਸਰਕਾਰ ਗਰਾਂਟ ਦੇਵੇਗੀ। ਜਿਸ ਸ਼ੈਡਿਊਲਡ ਕਾਸਟ ਨੇ 3 ਏਕੜ ਜ਼ਮੀਨ ਖਰੀਦਣੀ ਹੋਵੇ, ਉਸ ਨੂੰ ਇਹ ਗਰਾਂਟ ਦਿਤੀ ਜਾਵੇਗੀ ਅਤੇ ਬਾਕੀ ਉਹ ਆਪਣੇ ਕੋਲੋਂ ਪਾਉਣਗੇ। ਉਨ੍ਹਾਂ ਦੇ ਵਿਦਿਆਰਥੀਆਂ ਨੂੰ ਮੈਡੀਕਲ, ਲਾਅ ਅਤੇ ਇੰਜਿਨੀਰਿੰਗ ਬੁਕਸ ਖਰੀਦਣ ਵਾਸਤੇ ਸਰਕਾਰੀ ਗਰਾਂਟ ਅਤੇ ਕਰਜ਼ੇ ਦੇ ਤੌਰ ਤੇ ਇਮਦਾਦ ਦੇਂਦੀ ਹੈ। ਟੈਕਨੀਕਲ ਟਰੇਨਿੰਗ ਦੇਣ ਵਾਸਤੇ ਵੀ ਇਨ੍ਹਾਂ ਲੋਕਾਂ ਨੂੰ 45 ਰੁਪਏ ਤੋਂ 60 ਰੁਪਏ ਵਜ਼ੀਫਾ ਕਰ ਦਿਤਾ ਗਿਆ ਹੈ। ਐਨਵਾਇਰਨਮੈਂਟਲ ਸਕੀਮ ਦੇ ਤਹਿਤ ਹਰੀਜਨ ਬਸਤੀਆਂ ਨੂੰ ਸੁਧਾਰਨ ਵਾਸਤੇ ਸਰਕਾਰ ਨੇ ਇਕ ਬਹੁਤ ਵੱਡਾ ਕੰਮ ਕੀਤਾ ਹੈ। ਇਸ ਦੇ ਨਾਲ, ਚੇਅਰਮੈਨ ਸਾਹਿਬ, ਤੁਸੀਂ ਜਾਣਦੇ ਹੋ ਕਿ ਜਿਹੜਾ ਸਰਕਾਰ ਨੇ ਇਹ ਕੀਤਾ ਹੈ ਕਿ ਜੇ ਪੰਚਾਇਤ ਵਿਚ ਹਰੀਜਨ ਨਾ ਹੋਵੇ ਤਾਂ ਪੰਚਾਇਤ ਨਹੀਂ ਚਲ ਸਕਦੀ, ਇਹ ਵੀ ਬੜਾ ਸ਼ਲਾਘਾਯੋਗ ਕਦਮ ਹੈ। ਪਹਿਲਾਂ ਇਹ ਸੀ ਕਿ ਜੇ ਕਿਸੇ ਪੰਚਾਇਤ ਵਿਚ ਕੋਈ ਹਰੀਜਨ ਆ ਵੀ ਜਾਂਦਾ ਸੀ ਤਾਂ ਧਨਾਢ ਆਦਮੀ, ਉਸ ਦੀ ਕੋਈ ਪੇਸ਼ ਨਹੀਂ ਸੀ ਚਲਣ ਦੇਂਦੇ ਅਤੇ ਹਰੀਜਨ ਬਸਤੀਆਂ ਦਾ ਕੋਈ ਸੁਧਾਰ ਨਹੀਂ ਸੀ ਹੁੰਦਾ। ਇਸ ਕਰਕੇ ਸਰਕਾਰ ਨੇ ਇਸ ਗੱਲ ਨੂੰ ਮੁੱਖ ਰਖ ਕੇ ਕਿ ਉਨ੍ਹਾਂ ਬਸਤੀਆਂ ਦਾ ਸੁਧਾਰ ਹੋਣਾ ਚਾਹੀਦਾ ਹੈ, ਕਰੋੜਾਂ ਰੁਪਿਆ ਇਸ ਵਾਸਤੇ ਪ੍ਰੋਵਾਈਡ ਕੀਤਾ ਹੈ ਤਾਂ ਜੋ ਹਰ ਤਰ੍ਹਾਂ ਨਾਲ ਹਰੀਜਨਾਂ ਦੀ ਹਾਲਤ ਨੂੰ ਸੁਧਾਰਿਆ ਜਾਵੇ।

ਸਰਦਾਰ ਧੰਨਾ ਸਿੰਘ ਗੁਲਸ਼ਨ: ਚੇਅਰਮੈਨ ਸਾਹਿਬ, ਮੈਂ ਇਕ ਇਨਫਰਮੇਸ਼ਨ ਲੈਣੀ ਹੈ। ਮੈਂ ਤੁਹਾਡੇ ਰਾਹੀਂ ਇਹ ਪੁੱਛਦਾ ਹਾਂ ਕਿ ਸਭ ਤੋਂ ਜ਼ਿਆਦਾ ਹਰੀਜਨ ਬਸਤੀਆਂ ਮੇਰੇ ਇਲਾਕੇ ਰਾਮਪੁਰਾ ਫੂਲ ਵਿਚ ਹਨ। ਇਸ ਕਰਕੇ ਜੇ ਮੇਰੀਆਂ ਬਸਤੀਆਂ ਦਾ ਸੁਧਾਰ ਨਹੀਂ ਹੋ ਸਕਦਾ ਤਾਂ ਇਨ੍ਹਾਂ ਦੀਆਂ ਬਸਤੀਆਂ ਦਾ ਕਿਸ ਤਰ੍ਹਾਂ ਸੁਧਾਰ ਹੋ ਸਕਦਾ ਹੈ।

Mr. Chairman: Get this information from the hon'ble Minister. He is just a Member of this House.

ਸ੍ਰੀ ਪਿਆਰਾ ਰਾਮ ਧੰਨੋਵਾਲੀ: ਚੇਅਰਮੈਨ ਸਾਹਿਬ, ਬਰਨਾਲਾ ਜੀ ਵਲੋਂ ਜ਼ਿਕਰ ਕੀਤਾ ਗਿਆ ਸੀ ਕਿ ਬਾਜ਼ੀਗਰਾਂ ਨੂੰ ਵੀ ਸ਼ੈਡਿਊਲਡ ਕਾਸਟਸ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਵਾਲ ਸ਼ੈਡਿਊਲਡ ਕਾਸਟਸ ਦਾ ਨਹੀਂ, ਜਿਹੜਾ ਵੀ ਹਾਊਸਲੈਸ ਹੋਵੇ, ਜਿਸ ਕੋਲ ਮਕਾਨ ਨਹੀਂ, ਚਾਹੇ ਉਹ ਬਾਜ਼ੀਗਰ ਹੋਵੇ ਜਾਂ ਸ਼ੈਡਿਊਲਡ ਕਾਸਟ ਹੋਵੇ, ਜਾਂ ਕਿਸੇ ਬੈਕਵਰਡ ਕਲਾਸ ਦਾ ਹੋਵੇ ਅਤੇ ਜਾਂ ਕੋਈ ਅਜਿਹਾ ਹੋਵੇ ਜਿਹੜਾ ਗਰੀਬ ਹੈ, ਭਾਵੇਂ ਕਿਸੇ ਵੀ ਜਾਤੀ ਨਾਲ ਤੁਅੱਲਕ ਰੱਖਣ ਵਾਲਾ ਹੋਵੇ, ਜਿਸ

[ਸ੍ਰੀ ਪਿਆਰਾ ਰਾਮ ਧੰਨੋਵਾਲੀ]

ਕੋਲ ਮਕਾਨ ਨਹੀਂ, ਉਸ ਨੂੰ ਹਾਊਸ ਸਾਈਟ ਦਿਤੇ ਗਏ ਅਤੇ ਦਿਤੇ ਜਾਣਗੇ। ਇਥੇ ਕਿਹਾ ਗਿਆ ਕਿ ਕਿਸੇ ਨੂੰ ਕਬਜ਼ਾ ਨਹੀਂ ਦਿਤਾ ਗਿਆ। ਚੇਅਰਮੈਨ ਸਾਹਿਬ, ਇਸ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਪੰਚਾਇਤਾਂ ਦੀਆਂ ਜ਼ਮੀਨਾਂ ਹਨ, ਉਨ੍ਹਾਂ ਦੇ ਬਾਕਾਇਦਾ ਤੌਰ ਤੇ ਸਰਕਾਰ ਨੇ ਬਾਂਡ ਲਿਖ ਕੇ ਦਿਤੇ ਹਨ ਅਤੇ ਲੋਕਾਂ ਨੂੰ ਮਿਲ ਗਈਆਂ ਹਨ। ਜਿਹੜੀ ਕਮੀ ਇਸ ਗੱਲ ਵਿਚ ਹੈ, ਉਹ ਮੈਂ ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਜਿਹੜੀ ਜ਼ਮੀਨ ਐਕੁਆਇਰ ਕਰਕੇ ਪਲਾਟ ਦੇਣੇ ਹਨ, ਉਹ ਸਰਕਾਰ ਨੂੰ ਜਲਦੀ ਤੋਂ ਜਲਦੀ ਦੇਣੇ ਚਾਹੀਦੇ ਹਨ। ਇਸੇ ਤਰ੍ਹਾਂ ਵਿਮੁਕਤ ਜਾਤੀਆਂ ਨੂੰ 900—900 ਰੁਪਏ ਗਰਾਂਟ ਦੇਣ ਵਾਸਤੇ ਸਰਕਾਰ ਨੇ ਰਕਮ ਪ੍ਰੋਵਾਈਡ ਕੀਤੀ ਹੈ। ਇਹ ਸੈਂਟਰ ਦੀ ਸਰਕਾਰ ਦੀ ਸਕੀਮ ਸੀ, ਪਰ ਸੈਂਟਰ ਨੇ ਵਿਦਡਰਾ ਕਰ ਲਈ ਲੇਕਿਨ ਪੰਜਾਬ ਸਰਕਾਰ ਨੇ ਉਸ ਨੂੰ ਚਾਲੂ ਰਖਿਆ ਹੈ। ਇਸੇ ਤਰ੍ਹਾਂ ਹੀ ਹੋਰ ਨਾਨ—ਪਲੈਨ ਸਕੀਮਾਂ ਹਨ, ਜਿਸ ਤਰ੍ਹਾਂ ਜ਼ਿਕਰ ਕੀਤਾ ਗਿਆ, ਸ਼ੈਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਹੈ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਜ਼ਰੀਏ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਸਰਕਾਰ ਨੇ ਇਕ ਬਹੁਤ ਵੱਡਾ ਕਦਮ ਚੁਕਿਆ ਹੈ ਅਤੇ ਸਰਕਾਰ ਨੇ ਗਰੀਬ ਲੋਕਾਂ ਨੂੰ ਛੋਟੀਆਂ ਛੋਟੀਆਂ ਇੰਡਸਟਰੀਜ਼ ਵਿਚ ਪਾਉਣ ਲਈ, ਪਿੰਡਾਂ ਵਿਚ ਜਿਹੜੇ ਲੈਂਡਲੈਸ ਲੋਕ ਹਨ ਉਨ੍ਹਾਂ ਨੂੰ ਥੋੜੇ ਵਿਆਜ ਤੇ ਕਰਜ਼ੇ ਦੇ ਕੇ. ਰੁਪਿਆ ਦੇ ਕੇ ਲੋਕਾਂ ਨੂੰ ਇਮਦਾਦ ਦਿਤੀ ਹੈ। ਇਸ ਬਾਰੇ ਮੇਰੀ ਬੇਨਤੀ ਹੈ ਕਿ ਸਰਕਾਰ ਨੇ ਜਿਹੜਾ 5 ਕਰੋੜ ਰੁਪਿਆ ਇਸ ਕਾਰਪੋਰੇਸ਼ਨ ਨੂੰ ਦੇਣ ਦਾ ਫੈਸਲਾ ਕੀਤਾ ਹੈ, ਉਸ ਨੂੰ ਫੌਰੀ ਤੌਰ ਤੇ ਸਰਕਾਰ ਨੂੰ ਇਕੋ ਵਾਰੀ ਹੀ ਦੇਣਾ ਚਾਹੀਦਾ ਹੈ ਅਤੇ ਕਾਰਪੋਰੇਸ਼ਨ ਨੂੰ ਲੋਨ ਦੀ ਸ਼ਕਲ ਵਿਚ ਨਾ ਦਿਤਾ ਜਾਵੇ ਬਲਕਿ ਗਰਾਂਟ ਦੀ ਸ਼ਕਲ ਵਿਚ ਦਿਤਾ ਜਾਵੇ, ਇਹ ਮੇਰਾ ਸੁਝਾਓ ਹੈ। ਫਿਰ, ਚੇਅਰਮੈਨ ਸਾਹਿਬ, ਸ਼ੈਡਿਊਲਡ ਕਾਸਟ ਨੂੰ ਜਿਹੜੀਆਂ ਸਹੂਲਤਾਂ ਦਿਤੀਆਂ ਜਾਂਦੀਆਂ ਹਨ, ਉਨ੍ਹਾਂ ਵਿਚੋਂ ਇਕ ਇਹ ਵੀ ਹੈ ਕਿ ਪਟਿਆਲੇ ਵਿਚ ਪੰਜਾਬੀ ਯੂਨੀਵਰਸਿਟੀ, ਵਿਖੇ ਸਰਕਾਰ ਦਾ ਇਕ ਕੋਚਿੰਗ ਸੈਂਟਰ ਹੈ ਜਿਥੇ 3 ਲੱਖ ਰੁਪਿਆ ਹਰ ਸਾਲ ਸਰਕਾਰ ਖਰਚ ਕਰਦੀ ਹੈ ਅਤੇ 50 ਲੜਕੇ ਅਤੇ ਲੜਕੀਆਂ, ਆਈ. ਪੀ. ਐਸ., ਆਈ. ਏ. ਐਸ. ਅਤੇ ਅਲਾਈਡ ਸਰਵਿਸਿਜ਼ ਵਾਸਤੇ ਟਰੇਨਿੰਗ ਲੈਂਦੇ ਹਨ, ਜਿਹੜੇ ਕਿ ਸ਼ੈਡਿਊਲਡ ਕਾਸਟਸ ਹੁੰਦੇ ਹਨ।

ਇਸੇ ਤਰ੍ਹਾਂ ਜੈਂਤੀ ਵਿਲੇਜਿਜ਼ ਸਕੀਮ ਦੀ ਗੱਲ ਹੈ। ਪੰਜਾਬ ਦੇ 117 ਬਲਾਕਸ ਹਨ, ਉਨ੍ਹਾਂ 117 ਬਲਾਕਸ ਵਿਚੋਂ ਹਰ ਬਲਾਕ ਦੇ ਇਕ ਪਿੰਡ ਨੂੰ ਜੈਂਤੀ ਵਿਲੇਜ ਬਣਾਇਆ ਗਿਆ ਹੈ। ਔਰ ਜੈਂਤੀ ਵਿਲੇਜਿਜ਼ ਵਿਚ ਜਿਹੜੇ ਅਨਕਲੀਂਡ ਪੇਸ਼ਾ ਕਰਨ ਵਾਲੇ ਲੋਕ ਹਨ, ਉਨ੍ਹਾਂ ਨੂੰ ਸਰਕਾਰ ਨੇ 30 ਸਾਲਾ ਕਰਜ਼ਾ ਦੇਣ ਦਾ ਫੈਸਲਾ ਕੀਤਾ ਹੈ ਤਾਂਕਿ ਉਹ ਮਕਾਨ ਬਣਾ ਸਕਣ।

ਇਸੇ ਤਰ੍ਹਾਂ ਹੀ ਹੋਰ ਸੋਸ਼ਲ ਵੈਲਫੇਅਰ ਦੀਆਂ ਸਕੀਮਾਂ ਹਨ, ਜਿਸ ਤਰ੍ਹਾਂ ਗਰੀਬਾਂ ਨੂੰ, ਜਿਹੜੀਆਂ 60 ਸਾਲਾਂ ਦੀਆਂ ਬ੍ਰਿਧ ਇਸਤਰੀਆਂ ਹਨ ਅਤੇ 65 ਸਾਲ ਦੇ ਬ੍ਰਿਧ ਆਦਮੀ ਹਨ ਜਿਨ੍ਹਾਂ ਦਾ ਕੋਈ ਹੋਰ ਸਹਾਰਾ ਨਹੀਂ, ਸਰਕਾਰ ਨੇ 50 ਰੁਪਏ ਪੈਨਸ਼ਨ ਦੇਣ ਦਾ ਫੈਸਲਾ ਕੀਤਾ ਹੈ। ਇਸੇ ਤਰ੍ਹਾਂ ਹੀ ਸੜਕਾਂ ਦਾ ਕਰੈਸ਼ ਪਰੋਗਰਾਮ ਹੈ। ਇਸੇ ਤਰ੍ਹਾਂ ਹੀ ਜਿਹੜੀਆਂ ਵਿਧਵਾਵਾਂ ਹਨ ਅਤੇ ਜਿਹੜੇ ਡਿਪੈਂਡੈਂਟ ਚਿਲਡਰਨ ਹਨ, ਉਨ੍ਹਾਂ ਨੂੰ ਵੀ ਸਰਕਾਰ ਨੇ 50 ਰੁਪਏ ਮਹੀਨਾ ਦੇਣ ਦਾ ਫੈਸਲਾ ਕੀਤਾ ਹੈ ਅਤੇ ਜਿਹੜੇ ਕਰਾਨਿਕ ਡਿਸੀਜਿਜ਼ ਦੇ ਮਰੀਜ

ਹਨ. ਜਿਸ ਤਰ੍ਹਾਂ ਟੀ. ਬੀ. ਦੇ ਮਰੀਜ਼ ਅਤੇ ਜਿਨ੍ਹਾਂ ਨੂੰ ਹਸਪਤਾਲ ਤੋਂ ਜਵਾਬ ਮਿਲ ਚੁਕਿਆ ਹੁੰਦਾ ਹੈ, ਉਨ੍ਹਾਂ ਨੂੰ ਸਰਕਾਰ ਨੇ 100 ਰੁਪਿਆ ਮਹੀਨਾ ਦੇਣਾ ਹੈ। ਇਸੇ ਤਰ੍ਹਾਂ ਹੋਰ ਹੀ ਵੀ ਬਹੁਤ ਸਾਰੀਆਂ ਸਕੀਮਾਂ ਹਨ। ਸਾਹਮਣੇ ਬੈਠੇ ਮੇਰੇ ਅਕਾਲੀ ਦੋਸਤਾਂ ਦਾ ਧਿਆਨ ਇਨ੍ਹਾਂ ਚੰਗੇ ਕੰਮਾਂ ਵੱਲ ਨਹੀਂ ਜਾਂਦਾ। ਜੋ ਬਜਟ ਫਾਈਨੈਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ ਉਸ ਲਈ ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦੇਂਦਾ ਹਾਂ ਅਤੇ ਇਸ ਬਜਟ ਦਾ ਸੁਆਗਤ ਕਰਦਾ ਹਾਂ।

ਇਸ ਦੇ ਨਾਲ, ਚੇਅਰਮੈਨ ਸਾਹਿਬ, 1966 ਦੇ ਵਿਚ ਜਦੋਂ ਗਵਰਨਰ ਦਾ ਰੂਲ ਸੀ. ਉਸ ਵੇਲੇ ਕਲਾਸ ਵੱਨ ਅਤੇ ਕਲਾਸ ਟੂ ਵਿਚ ਜਿਹੜੀ ਰਿਜ਼ਰਵਰੇਸ਼ਨ ਪਹਿਲਾਂ ਹੁੰਦੀ ਸੀ, ਉਸ ਵੇਲੇ ਵਿਦਡਰਾ ਹੋ ਗਈ ਸੀ ਅਤੇ ਉਸ ਨੂੰ ਗਿਆਨੀ ਜੀ ਦੀ ਸਰਕਾਰ ਨੇ 6 ਮਾਰਚ, 1974 ਤੋਂ ਬਹਾਲ ਕੀਤਾ ਹੈ ਅਤੇ ਕਲਾਸ ਵੱਨ ਅਤੇ ਕਲਾਸ ਟੂ ਵਿਚ ਵੀ ਇਹ ਰਿਜ਼ਰਵਰੇਸ਼ਨ ਸ਼ੈਡਿਊਲਡ ਕਾਸਟਸ ਨੂੰ ਦਿਤੀ ਜਾਇਆ ਕਰੇਗੀ। (ਟਰੈਜ਼ਰੀ ਬੈਂਚਾਂ ਵਲੋਂ ਥੰਪਿੰਗ) ਇਸ ਬਾਰੇ ਮੈਂ ਇਹ ਕਹਿੰਦਾ ਹਾਂ ਕਿ ਸਰਕਾਰ ਨੇ ਇਹ ਇਕ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। ਪਰ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਕੁਝ ਇਸ ਬਾਰੇ ਸੁਝਾਉ ਦੇਣਾ ਚਾਹੁੰਦਾ ਹਾਂ। ਇਹ ਠੀਕ ਹੈ ਕਿ ਸਰਕਾਰ ਨੇ ਵਾਕਈ ਇਸ ਰਿਜ਼ਰਵਰੇਸ਼ਨ ਬਾਰੇ ਹਿਦਾਇਤਾਂ ਜਾਰੀ ਕਰ ਦਿਤੀਆਂ ਅਤੇ ਕਰਦੇ ਰਹਿਣਗੇ, ਪਰ ਉਸ ਦੀ ਇੰਪਲੀਮੈਂਟੇਸ਼ਨ ਵਿਚ ਕੁਝ ਦਿਕਤਾਂ ਆਉਂਦੀਆਂ ਹਨ। ਇਸ ਕਰਕੇ ਮੇਰਾ ਸੁਝਾਓ ਹੈ ਕਿ ਸਰਕਾਰ ਨੂੰ ਇਸ ਬਾਰੇ ਇਕ ਕਾਨੂੰਨ ਬਣਾ ਦੇਣਾ ਚਾਹੀਦਾ ਹੈ ਤਾਂ ਜੋ ਰੋਜ਼ ਰੋਜ਼ ਦੀਆਂ ਦਿੱਕਤਾਂ ਖਤਮ ਹੋ ਜਾਣੇ, ਕਿਉਂਕਿ ਇਸ ਵੇਲੇ ਤਾਂ ਇਸ ਤਰ੍ਹਾਂ ਹੁੰਦਾ ਹੈ ਕਿ ਕਈ ਤਰ੍ਹਾਂ ਦੀਆਂ ਇੰਟਰਪਰੇਟੇਸ਼ਨ ਲਈਆਂ ਜਾਂਦੀਆਂ ਹਨ, ਅਤੇ ਜਿਹੜੀ ਇੰਪਲੀਮੈਂਟੇਸ਼ਨ ਮਸ਼ੀਨਰੀ ਹੈ, ਉਸ ਨੂੰ ਇਸ ਕੰਮ ਵਿਚ ਕਾਫੀ ਦੇਰ ਲਗ ਜਾਂਦੀ ਹੈ। ਇਸ ਕਰਕੇ ਇਨ੍ਹਾਂ ਸਾਰੀਆਂ ਦਿਕਤਾਂ ਨੂੰ ਦੂਰ ਕਰਨ ਵਾਸਤੇ ਸਰਕਾਰ ਨੂੰ ਇਸ ਬਾਰੇ ਲੈਜਿਸਲੇਸ਼ਨ ਬਣਾ ਦੇਣੀ ਚਾਹੀਦੀ ਹੈ। ਇਸ ਦੇ ਨਾਲ ਹੀ ਸਰਕਾਰ ਨੇ, ਜਿਹੜੇ ਅਟਾਨੋਮਸ ਅਦਾਰੇ ਹਨ, ਬੋਰਡਜ ਹਨ, ਕਾਰਪੋਰੇਸ਼ਨਜ਼ ਹਨ, ਉਥੇ ਵੀ ਸ਼ੈਡਿਊਲਡ ਕਾਸਟਸ ਲਈ ਰਿਜ਼ਰਵਰੇਸ਼ਨ ਦੀ ਪਾਲੀਸੀ ਚਾਲੂ ਕੀਤੀ ਹੈ, ਇਹ ਬੜਾ ਸ਼ਲਾਘਾਯੋਗ ਕੰਮ ਹੈ। ਲੇਕਿਨ ਜਿਥੋਂ ਤਕ ਸਕਾਲਰਸ਼ਿਪਸ ਦੇਣ ਦਾ ਸਵਾਲ ਹੈ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਕਾਲਰਸ਼ਿਪ ਮਿਲਣ ਵਿਚ ਬੱਚਿਆਂ ਨੂੰ ਦਿੱਕਤ ਹੁੰਦੀ ਹੈ। ਇਸ ਕੰਮ ਲਈ ਐਜੂਕੇਸ਼ਨ ਡਿਪਾਰਟਮੈਂਟ ਵਿਚ ਇਕ ਸਪੈਸ਼ਲ ਸੈਲ ਬਣਾ ਦਿਤਾ ਜਾਵੇ ਤਾਂ ਜੋ ਇਕ ਮਹੀਨੇ ਬਾਅਦ ਨਹੀਂ ਤਾਂ ਕੰਮ ਅਜ-ਕੰਮ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਬੱਚਿਆਂ ਨੂੰ ਵਜੀਫੇ ਜ਼ਰੂਰ ਮਿਲ ਜਾਇਆ ਕਰਨ।

ਇਸ ਤਰ੍ਹਾਂ ਚੇਅਰਮੈਨ ਸਾਹਿਬ, ਇਕ ਅਰਜ਼ ਮੈਂ ਹੋਰ ਕਰਨੀ ਚਾਹੁੰਦਾ ਹਾਂ ਕਿ ਜਿਨੀਆਂ ਵੀ ਪੰਜਾਬ ਦੀਆਂ ਅਰਬਨ ਐਸਟੇਟਸ ਹਨ, ਉਨ੍ਹਾਂ ਵਿਚ ਸ਼ੈਡਿਊਲਡ ਕਾਸਟਸ ਚਾਹੇ ਉਹ ਇੰਪਲਾਈ ਹੋਵੇ ਚਾਹੇ ਉਹ ਐਕਸ—ਸਰਵਿਸਮੈਨ ਹੋਵੇ, ਮਿਲਟਰੀ ਪਰਸਨਲ ਹੋਵੇ ਜਾਂ ਰਿਟਾਇਰਡ ਸਰਕਾਰੀ ਕਰਮਚਾਰੀ ਹੋਵੇ ਜਾਂ ਦੂਸਰਾ ਕੋਈ ਵੀ ਹੋਰ ਹੋ ਸਕਦਾ ਹੈ, ਉਸ ਨੂੰ ਅਰਬਨ ਐਸਟੇਟਸ ਵਿਚ ਪਲਾਟ ਰਿਜ਼ਰਵ ਪਰਾਈਜ਼ ਤੇ ਮਿਲ ਜਾਂਦੇ ਸਨ ਉਨ੍ਹਾਂ ਨੂੰ ਇਕ ਰਿਆਇਤ ਸੀ ਕਿ ਉਨ੍ਹਾਂ ਨੂੰ ਇਸ ਦੀ ਕੀਮਤ 6 ਕਿਸ਼ਤਾਂ ਵਿਚ ਦੇਣੀ ਪੈਂਦੀ ਸੀ,

[ਸ੍ਰੀ ਪਿਆਰਾ ਰਾਮ ਧੰਨੋਵਾਲੀ]

ਲੇਕਿਨ ਸ਼ਾਇਦ ਹੁਣ ਇਹ ਰਿਆਇਤ ਉਨ੍ਹਾਂ ਕੋਲੋਂ ਵਾਪਸ ਲੈ ਲਈ ਹੈ, ਇਸ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਹ ਰਿਆਇਤ ਉਨ੍ਹਾਂ ਸਰਕਾਰੀ ਕਰਮਚਾਰੀਆਂ ਤੋਂ ਵਾਪਸ ਨਹੀਂ ਲਈ ਜਿਨ੍ਹਾਂ ਕੋਲ ਪੈਸਾ ਸੀ ਬਲਕਿ ਇਨ੍ਹਾਂ ਨੇ ਉਨ੍ਹਾਂ ਕੋਲੋਂ ਇਹ ਰਿਆਇਤ ਵਾਪਿਸ ਲਈ ਹੈ ਜਿਨ੍ਹਾਂ ਕੋਲ ਪੈਸਾ ਨਹੀਂ ਸੀ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇਕ ਗੱਲ ਐਜੂਕੇਸ਼ਨ ਬਾਰੇ ਮੈਂ ਕਹਿਣੀ ਚਾਹੁੰਦਾ ਹਾਂ। ਕੋਈ 550 ਦੇ ਕਰੀਬ ਐਸੇ ਹਰੀਜਨ ਸਟੂਡੈਂਟਸ ਹਨ ਜਿਹੜੇ ਕਿ 8 ਘੰਟੇ ਦੀ ਨੌਕਰੀ ਕਰਨ ਤੋਂ ਬਾਅਦ ਰਾਤ ਨੂੰ ਈਵਨਿੰਗ ਕਲਾਸਿਜ ਪੜ੍ਹਨ ਲਈ ਜਾਂਦੇ ਹਨ, ਉਨ੍ਹਾਂ ਨੂੰ ਪਹਿਲੇ ਵਜ਼ੀਫੇ ਮਿਲਿਆ ਕਰਦੇ ਸਨ। ਚੇਅਰਮੈਨ ਸਾਹਿਬ, ਉਸ ਵਿਚ 40% ਪੰਜਾਬ ਗੌਰਮਿੰਟ ਦੇਂਦੀ ਸੀ ਅਤੇ 60% ਗੌਰਮਿੰਟ ਆਫ਼ ਇੰਡੀਆ ਸਬਸਿਡੀ ਦਿੰਦੀ ਸੀ। ਪਰ ਗੌਰਮਿੰਟ ਆਫ਼ ਇੰਡੀਆ ਨੇ ਇਹ ਰਿਆਇਤ ਹੁਣ ਬੰਦ ਕਰ ਦਿਤੀ ਹੈ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਜਲਦੀ ਧਿਆਨ ਦੇਣਾ ਚਾਹੀਦਾ ਹੈ, ਇਹ ਕੋਈ ਢਾਈ ਜਾਂ ਤਿੰਨ ਲੱਖ ਰੁਪਏ ਦੀ ਗੱਲ ਹੈ ਕੇਵਲ 550 ਸਟੂਡੈਂਟਸ ਦੇ ਕਰੀਬ ਹੋਣਗੇ, ਸਰਕਾਰ ਨੂੰ ਉਨ੍ਹਾਂ ਦੀ ਪੜ੍ਹਾਈ ਦਾ ਖਿਆਲ ਰਖਦੇ ਹੋਏ ਇਹ ਰਿਆਇਤ ਉਨ੍ਹਾਂ ਨੂੰ ਜ਼ਰੂਰ ਦੇਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਮੈਂ ਆਪਣੇ ਹਲਕੇ ਦੇ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾਂ। ਤੁਸੀਂ ਵੀ ਚੇਅਰਮੈਨ ਸਾਹਿਬ, ਕਈ ਵਾਰੀ ਫਗਵਾੜੇ ਤੋਂ ਹੁਸ਼ਿਆਰਪੁਰ ਜਾਂਦੇ ਹੋਏ ਰਸਤੇ ਵਿਚ ਵੇਖਿਆ ਹੋਵੇਗਾ ਕਿ ਜਿਹੜਾ ਸਰਕਾਰ ਨੇ ਚੋਈਂ ਤੇ ਪੁਲ ਬਣਵਾ ਦਿੱਤਾ ਹੈ, ਇਹ ਤਾਂ ਇਕ ਬੜਾ ਚੰਗਾ ਕਦਮ ਹੈ, ਮੈਂ ਸਰਕਾਰ ਦੀ ਸ਼ਲਾਘਾ ਕਰਦਾ ਹਾਂ। ਚੇਅਰਮੈਨ ਸਾਹਿਬ, ਇਕ ਗੱਲ ਮੈਂ ਫਗਵਾੜੇ ਦੀ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਫਗਵਾੜੇ ਦੀ ਆਬਾਦੀ 10, 12 ਹਜ਼ਾਰ ਸੀ ਉਸ ਵੇਲੇ ਉਥੇ ਇਕ ਛੋਟਾ ਜਿਹਾ ਹਸਪਤਾਲ ਬਣਿਆ ਸੀ, ਅਜ ਜਦ ਕਿ ਫਗਵਾੜੇ ਦੀ ਆਬਾਦੀ 70 ਹਜ਼ਾਰ ਤੋਂ ਵੀ ਵੱਧ ਹੈ ਤਾਂ ਉਥੇ ਉਹੀ ਹਸਪਤਾਲ ਚਲ ਰਿਹਾ ਹੈ। ਇਸ ਬਾਰੇ, ਚੇਅਰਮੈਨ ਸਾਹਿਬ, ਮੈਂ ਸਰਕਾਰ ਨੂੰ ਪੁਰਜ਼ੋਰ ਬੇਨਤੀ ਕਰਾਂਗਾ ਕਿ ਇਥੇ 100 ਬਿਸਤਰਿਆਂ ਦਾ ਹਸਪਤਾਲ ਬਣਵਾ ਦਿਓ। ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਫਗਵਾੜਾ ਇਕ ਇੰਡਸਟਰੀਅਲ ਸਿਟੀ ਹੈ, ਇਥੋਂ ਦੇ ਲੋਕਾਂ ਨੇ ਵੀ ਇਸ ਸਬੰਧ ਵਿਚ ਸਰਕਾਰ ਦੀ ਬਹੁਤ ਸਹਾਇਤਾ ਕੀਤੀ ਹੈ, ਸਰਕਾਰ ਨੂੰ ਮੁਫਤ ਜ਼ਮੀਨ ਦੇ ਦਿੱਤੀ ਹੈ, ਸਰਕਾਰ ਨੂੰ ਰਜਿਸਟਰੀ ਕਰਵਾ ਦਿਤੀ ਹੈ। ਮੈਂ ਆਪ ਦੇ ਰਾਹੀਂ ਸਰਕਾਰ ਨੂੰ ਫਿਰ ਅਰਜ਼ ਕਰਾਂਗਾ ਕਿ ਉਥੇ ਜਲਦੀ ਤੋਂ ਜਲਦੀ 100 ਬਿਸਤਰਿਆਂ ਦਾ ਹਸਪਤਾਲ ਬਣਵਾ ਦੇਣ। ਇਤਨਾ ਕਹਿ ਕੇ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ। ਜੈ ਹਿੰਦ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਚੇਅਰਮੈਨ ਸਾਹਿਬ, ਇਹ ਮੇਰੇ ਹੱਥ ਵਿਚ ਐਫ. ਐਮ. ਦੀ ਸਪੀਚ ਹੈ ਮੈਂ ਸਮਝਦਾ ਹਾਂ ਕਿ ਇਹ ਇਕ ਅੰਡਰ ਦੀ ਸਰਕਮਸਟਾਂਸਿਜ਼ ਬੈਸਟ ਸਪੀਚ ਹੈ। ਜਿਹੜਾ ਬਜਟ ਇਸ ਹਾਊਸ ਵਿਚ ਪੇਸ਼ ਕੀਤਾ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ ਇਕ ਬੈਸਟ ਬਜਟ ਹੈ ਜਿਹੜਾ ਕਿ ਹਿੰਦੁਸਤਾਨ ਦੀ ਕਿਸੇ ਵੀ ਅਸੈਂਬਲੀ ਵਿਚ ਪਹਿਲਾਂ ਪੇਸ਼ ਨਹੀਂ ਹੋਇਆ। (ਥੰਪਿੰਗ)

ਮੈਂ ਸਮਝਦਾ ਹਾਂ ਕਿ ਹੁਣ ਤੀਸਰਾ ਸਾਲ ਹੋ ਗਿਆ ਹੈ, ਇਨ੍ਹਾਂ ਐਫ. ਐਮ. ਸਾਹਿਬ ਨੂੰ ਬਜਟ ਪੇਸ਼ ਕਰਦੇ ਹੋਏ, ਪਰ ਇਨ੍ਹਾਂ ਨੇ ਕਿਸੇ ਵੀ ਬਜਟ ਵਿਚ ਕੋਈ ਨਵਾਂ ਟੈਕਸ ਨਹੀਂ ਲਾਇਆ (ਥੰਪਿੰਗ) (ਵਿਘਨ) ਸਾਡੇ ਕੁਝ ਆਨਰੇਬਲ ਮੈਂਬਰਜ਼ ਕਹਿੰਦੇ ਹਨ ਕਿ ਟੈਕਸ ਤਾਂ ਇਨ੍ਹਾਂ ਨੇ ਬਗਲ ਵਿਚ ਦਬਿਆ ਹੋਇਆ ਹੈ, ਜਲਦੀ ਹੀ ਕਢ ਦੇਣਗੇ ਜਿਸ ਤਰ੍ਹਾਂ ਕਿ ਇਨ੍ਹਾਂ ਨੇ ਪਿਛੇ ਕੀਤਾ ਸੀ, ਪਰ, ਚੇਅਰਮੈਨ ਸਾਹਿਬ, ਮੈਂ ਇਹ ਕਹਿ ਸਕਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਟੈਕਸ ਪਿਛਲੇ ਸਾਲ ਲਾਇਆ ਸੀ ਉਹ ਡਿਵੈਲਪਮੈਂਟ ਦੇ ਲਿਹਾਜ਼ ਨਾਲ ਬਹੁਤ ਥੋੜ੍ਹਾ ਸੀ, ਉਹ ਕੋਈ ਜ਼ਿਆਦਾ ਨਹੀਂ ਸੀ। The taxation had been kept to the minimum. ਮੈਂ ਸਮਝਦਾ ਹਾਂ ਕਿ ਉਹ ਟੈਕਸ ਅਕਾਰਡਿੰਗ ਟੂ ਟਾਈਮ ਸੀ। ਜਿਸ ਵੇਲੇ ਇਤਨੀ ਡਿਵੈਲਪਮੈਂਟ ਕੀਤੀ ਗਈ ਹੋਵੇ ਤਾਂ ਉਸ ਦੇ ਸਾਹਮਣੇ ਇਹ ਟੈਕਸ ਕੁਝ ਵੀ ਨਹੀਂ ਸੀ। There is no deficit financing or over-spending. ਚੇਅਰਮੈਨ ਸਾਹਿਬ, ਇਸ ਸਰਕਾਰ ਨੇ ਆਪਣੇ ਬਜਟ ਵਿਚ ਫਾਈਨੈਂਸ਼ੀਅਲ ਡਸਿਪਲਿਨ ਰਖਿਆ ਹੈ, ਸਾਡੇ ਜਿਹੜੇ ਫਾਲਤੂ ਐਕਸਪੈਂਡੀਚਰ ਸੀ ਉਨ੍ਹਾਂ ਨੂੰ ਰੋਕਿਆ ਹੈ, ਇਹ ਇਕ ਬਹੁਤ ਚੰਗਾ ਸਟੈਪ ਹੈ। ਚੇਅਰਮੈਨ ਸਾਹਿਬ, ਮੁਗਲ ਆਪਣੇ ਰਾਜ ਵਿਚ ਕਿਹਾ ਕਰਦੇ ਸਨ ਕਿ ਅਸੀਂ ਇਹ ਕਰ ਦਿਆਂਗੇ, ਉਹ ਕਰ ਦਿਆਂਗੇ ਪਰ ਹੁੰਦਾ ਕੁਝ ਵੀ ਨਹੀਂ ਸੀ। ਪਰ ਇਸ ਸਰਕਾਰ ਨੇ ਫਾਈਨੈਂਸ਼ਿਅਲ ਡਸਿਪਲਿਨ ਰਖਕੇ ਤਰੱਕੀ ਕੀਤੀ ਹੈ, ਇਹ ਬਹੁਤ ਚੰਗੀ ਚੀਜ਼ ਹੈ।

ਚੇਅਰਮੈਨ ਸਾਹਿਬ, ਕਿਸੇ ਵੇਲੇ ਇਸ ਪੰਜਾਬ ਦੇ ਕਈ ਹਿਸਿਆਂ ਵਿਚ ਪੀਣ ਦੇ ਪਾਣੀ ਦੀ ਕਮੀ ਹੁੰਦੀ ਸੀ। ਡਰਾਟ ਨਾਲ ਫਸਲਾਂ ਖਤਮ ਹੋ ਰਹੀਆਂ ਸਨ। ਆਬਾਦੀ ਵੱਧ ਗਈ ਅਤੇ ਲੋਕ ਭੁਖੇ ਮਰਨ ਲਗੇ ਸਨ। ਇਥੇ ਪੀਣ ਦੇ ਪਾਣੀ ਦੀ ਬੜੀ ਕਮੀ ਸੀ। ਪਰ ਇਸ ਸਰਕਾਰ ਨੇ ਪੰਜਾਬ ਵਿਚੋਂ ਪੀਣ ਦੇ ਪਾਣੀ ਦੀ ਕਿੱਲਤ ਨੂੰ ਦੂਰ ਕੀਤਾ ਅਤੇ ਫਸਲਾਂ ਨੂੰ ਖਰਾਬ ਹੋਣ ਤੋਂ ਬਚਾਇਆ ਅਤੇ ਲੋਕਾਂ ਨੂੰ ਭੁਖੇ ਮਰਨ ਤੋਂ ਬਚਾਇਆ ਹੈ।

ਇਥੇ ਫਲੱਡਾਂ ਦਾ ਜ਼ੋਰ ਵੱਧ ਗਿਆ ਕਿਉਂਕਿ ਹਿਮਾਚਲ ਵਿਚ ਜਿੰਨੇ ਵੀ ਦਰਖਤ ਸਨ ਉਨ੍ਹਾਂ ਨੇ ਉਹ ਜੰਗਲਾਂ ਦੇ ਜੰਗਲ ਕੱਟ ਕੇ ਉਥੇ ਸੇਬ ਅਤੇ ਆਲੂ ਬੀਜਣੇ ਸ਼ੁਰੂ ਕਰ ਦਿਤੇ। ਉਹ ਸਰਕਾਰ ਆਪਣੀ ਆਮਦਨੀ ਵਧਾਉਣਾ ਚਾਹੁੰਦੀ ਸੀ। ਆਲੂ ਅਤੇ ਸੇਬ ਪੈਦਾ ਕਰਨ ਨਾਲ ਉਨ੍ਹਾਂ ਦੀ ਆਮਦਨ ਵੱਧ ਗਈ ਹੈ। ਪਰ ਇਸ ਨਾਲ ਫਲੱਡਾਂ ਦਾ ਜ਼ੋਰ ਵੱਧ ਗਿਆ ਹੈ। ਇਹ ਦਰਖਤ ਫਲੱਡਾਂ ਨੂੰ ਕੰਟਰੋਲ ਕਰਦੇ ਸਨ ਜਿਸ ਨਾਲ ਸੇਮ ਦਾ ਮਸਲਾ ਨਹੀਂ ਸੀ ਹੋ ਸਕਦਾ ਪਰ ਹੁਣ ਜੇ ਥੋੜੀ ਜਿਹੀ ਬਾਰਿਸ਼ ਆ ਜਾਵੇ ਤਾਂ ਸੇਮ ਦਾ ਮਸਲਾ ਖੜ੍ਹਾ ਹੋ ਜਾਂਦਾ ਹੈ। ਪਰ ਸਾਡੀ ਸਰਕਾਰ ਨੇ ਮੈਨੂੰ ਖੁਸ਼ੀ ਹੈ ਕਿ ਫਲਡ ਕੰਟਰੋਲ ਵਾਸਤੇ ਵੀ ਕਾਫੀ ਪੈਸਾ ਰਖਿਆ ਹੈ। ਉਨ੍ਹਾਂ ਦਰਖਤਾਂ ਦਾ ਸਾਨੂੰ ਕਾਫੀ ਫਾਇਦਾ ਹੁੰਦਾ ਸੀ। ਚੇਅਰਮੈਨ ਸਾਹਿਬ, ਸਾਇੰਸਦਾਨ ਕਹਿੰਦੇ ਹਨ ਜਿਥੇ ਪਹਾੜਾਂ ਤੇ ਦਰਖਤ ਜ਼ਿਆਦਾ ਹੁੰਦੇ ਹਨ ਉਥੇ ਉਸ ਜਗ੍ਹਾ ਤੇ ਅਤੇ ਨਾਲ ਦੇ ਲਗਦੇ ਇਲਾਕਿਆਂ ਵਿਚ ਬਾਰਿਸ਼ਾਂ ਜ਼ਿਆਦਾ ਹੁੰਦੀਆਂ ਹਨ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਲੋਕਾਂ ਦੀਆਂ ਫਸਲਾਂ ਚੰਗੀਆਂ ਹੋ ਜਾਂਦੀਆਂ ਹਨ। ਪਰ ਜੇ, ਚੇਅਰਮੈਨ, ਸਾਹਿਬ, ਉਥੋਂ ਦਰਖਤ ਕਟ ਲਏ ਜਾਣ ਤਾਂ ਸਵੀਅਰ ਡਰਾਟ ਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ ਜਿਹੜੇ ਇੰਡੋ ਜਿਜੈਂਟਿਕ ਪਲਾਨਜ਼ ਹਨ ਉਨ੍ਹਾਂ ਵਾਸਤੇ ਸਰਕਾਰ ਕਾਫੀ ਕੋਸ਼ਿਸ਼ ਕਰ ਰਹੀ ਹੈ ਸਾਡੀ ਸਰਕਾਰ ਤਾਂ ਸੜਕਾਂ ਦੇ ਕਿਨਾਰੇ ਦਰਖਤ ਕਈ

[ਡਾਕਟਰ ਅਮੀਰ ਸਿੰਘ ਕਲਕਟ]

ਲਾਉਂਦੀ ਹੈ ਤਾਕਿ ਸਾਡੇ ਪੰਜਾਬ ਵਿਚ ਦਰਖਤ ਜ਼ਿਆਦਾ ਹੋਣ ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਜਦੋਂ ਤਕ ਚੰਗੇ ਫੌਰੈਸਟਸ ਨਹੀਂ ਹੋਣਗੇ ।

ਚੇਅਰਮੈਨ ਸਾਹਿਬ, ਇਥੇ ਥੀਨ ਡੈਮ ਦੇ ਬਾਰੇ ਜ਼ਿਕਰ ਕੀਤਾ ਗਿਆ ਅਤੇ ਇਸ ਬਾਰੇ ਡਾਂਗ ਸਾਹਿਬ ਦਾ ਰੈਜ਼ੋਲਿਊਸ਼ਨ ਵੀ ਇਥੇ ਪਾਸ ਕੀਤਾ ਗਿਆ । ਮੈਂ ਉਸ ਦਿਨ ਇਥੇ ਨਹੀਂ ਸੀ ਜੇ ਮੈਂ ਹੁੰਦਾ ਤਾਂ ਮੈਂ ਉਸ ਦਿਨ ਜ਼ਰੂਰ ਕੁਝ ਨਾ ਕੁਝ ਥੀਨ ਡੈਮ ਬਾਰੇ ਬੋਲਦਾ। ਚੇਅਰਮੈਨ ਸਾਹਿਬ, ਡੈਮ ਤਾਂ ਸਾਡੇ ਕੋਲ ਹੋਰ ਵੀ ਬਹੁਤ ਹਨ, ਪਰ ਸਾਡੇ ਪੰਜਾਬ ਵਿਚ ਬਿਜਲੀ ਦੀ ਕਮੀ ਹੈ ਅਤੇ ਇਨ੍ਹਾਂ ਡੈਮਾਂ ਨਾਲ ਇਹ ਕਮੀ ਪੂਰੀ ਨਹੀਂ ਹੋ ਸਕਦੀ ਜਦ ਤਕ ਕਿ ਐਟੋਮਿਕ ਪਾਵਰ ਪਲਾਂਟ ਨਾ ਲਾਏ ਜਾਣ ।

ਮੈਂ ਤਾਂ ਇਨ੍ਹਾਂ ਨੂੰ ਕਹਾਂਗਾ ਕਿ ਥੀਨ ਡੈਮ ਦੀ ਜਗ੍ਹਾ ਇਨ੍ਹਾਂ ਨੂੰ ਕੋਈ ਐਟੋਮਿਕ ਪਲਾਂਟ ਲੈਣਾ ਚਾਹੀਦਾ ਸੀ, ਪਰ ਇਨ੍ਹਾਂ ਨੇ ਦਿਮਾਗ਼ ਤੋਂ ਕੰਮ ਨਹੀਂ ਲਿਆ. .। (ਵਿਘਨ)

ਸ੍ਰੀ ਸਭਾਪਤੀ : ਇਹ ਕਹਿਕੇ ਤੁਸੀਂ ਆਪਣੀ ਹੀ ਸਰਕਾਰ ਨੂੰ ਕੰਡੈਮ ਕਰ ਰਹੇ ਹੋ । (By saying so, you are condemning your own Government.)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਕੰਡੈਮ ਨਹੀਂ ਕਰਦਾ, ਮੈਂ ਤਾਂ ਕਹਿੰਦਾਂ ਹਾਂ ਕਿ ਸਾਨੂੰ ਐਟੋਮਿਕ ਪਲਾਂਟ ਜਰੂਰ ਮਿਲਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੀ ਯੀਲਡ ਜ਼ਿਆਦਾ ਹੋਵੇ ਅਤੇ ਇਹ ਸਵੈਸੁਰੱਖਿਅਕ ਹੋਵੇ । ਕਿਉਂ ਜੋ ਪੰਜਾਬ ਨੂੰ ਲਗਾਤਾਰ ਬਿਜਲੀ ਮਿਲੇਗੀ ਅਤੇ ਇਹ ਪਾਣੀ ਬਾਕਾਇਦਾ ਟਿਊਬਵੈਲਜ਼ ਰਾਹੀਂ ਦੇਵੇਗਾ ਅਤੇ ਪੈਦਾਵਾਰ ਵਧੇਗੀ । ਸਾਡੀ ਸਰਕਾਰ ਨੂੰ ਯੂ. ਪੀ. ਪੈਟਰਨ ਅਪਣਾਉਣਾ ਚਾਹੀਦਾ ਹੈ, ਜਿਵੇਂ ਉਨ੍ਹਾਂ ਨੇ ਪਹਾੜਾਂ ਦੇ ਨਾਲ ਨਾਲ ਪਾਣੀ ਰੋਕ ਕੇ ਚੈਕ ਬੈਂਡ ਅਪਣਾਏ ਹਨ ਉਸੇ ਤਰ੍ਹਾਂ ਸਾਨੂੰ ਵੀ ਇਹ ਕਰ ਦੇਣਾ ਚਾਹੀਦਾ ਹੈ । ਮੇਰੇ ਆਪਣੇ ਇਲਾਕੇ ਵਿਚ ਪਾਣੀ ਦੀ ਸਤਾਹ ਨੀਚੇ ਹੀ ਨੀਚੇ ਜਾ ਰਹੀ ਹੈ ਅਤੇ ਪਾਣੀ ਘਟਦਾ ਜਾਂ ਰਿਹਾ ਹੈ । ਮੇਰੇ ਹਲਕੇ ਵਿਚ ਪੰਡੀ, ਬਦੀ, ਦਲਾਲ ਆਦਿ ਕਈ ਪਿੰਡ ਹਨ ਜਿਥੇ ਪਾਣੀ ਸੁਕਦਾ ਜਾ ਰਿਹਾ ਹੈ, ਵਾਟਰ ਲੈਵਲ ਨੀਚੇ ਹੀ ਨੀਚੇ ਜਾ ਰਿਹਾ ਹੈ, ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਇਹ ਮੈਟਰ ਕੇਂਦਰਿਟ ਲੈਵਲ ਤੇ ਕਨਸਿਡਰ ਕਰਨਾ ਚਾਹੀਦਾ ਹੈ, ਤਾਂ ਜੋ ਸ਼ੈਲੋ ਲੈਵਲ ਦੇ ਇਲਾਕਿਆਂ ਨੂੰ ਕੋਈ ਪਾਣੀ ਦੇਣ ਦੀ ਸਕੀਮ ਅਪਣਾਈ ਜਾ ਸਕੇ । ਜੇ ਇਸ ਤਰ੍ਹਾਂ ਨਾ ਹੋਇਆ ਤਾਂ ਇਸ ਇਲਾਕੇ ਵਿਚ ਡਰਾਟ ਆ ਜਾਣ ਦਾ ਪੂਰਾ ਡਰ ਹੈ । ਜੀ. ਟੀ. ਰੋਡ ਤੱਕ ਇਕ ਹਾਈਡਲ ਵਾਟਰ ਇਲੈਕਟਰਿਕ ਸਕੀਮ ਹੈ, ਜਿਸ ਰਾਹੀਂ ਨਹਿਰ ਵਿਚ ਟਿਊਬਵੈਲਜ਼ ਲਾ ਕੇ ਪਾਣੀ ਦੇਣ ਦੀ ਸਕੀਮ ਹੈ, ਪਰ ਜਦੋਂ ਤੱਕ ਗਰਾਊਂਡ ਵਾਟਰ ਨਹੀਂ ਮਿਲਦਾ, ਇਹ ਤਾਂ ਇਕ ਫੂਲਜ਼ ਪੈਰਾਡਾਈਜ਼ ਵਿਚ ਰਹਿਣ ਵਾਲੀ ਗੱਲ ਹੈ । ਫੇਰ ਵੀ ਸਾਡੀ ਸਟੇਟ ਨੇ ਜਿਹੜੀ ਐਗਰੀਕਲਚਰ ਦੇ ਵਿਚ ਤਰੱਕੀ ਕੀਤੀ ਹੈ, ਇਹ ਐਪਰੀਸ਼ੀਏਸ਼ਨ ਦੀ ਪਾਤਰ ਹੈ। ਪਰ ਹੁਣ ਇਹ ਅਕਾਲੀ ਫੜਾਂ ਮਾਰਦੇ ਹਨ, ਇਨ੍ਹਾਂ ਨੂੰ ਨਹੀਂ ਪਤਾ ਕਿ ਅਸੀਂ 55 ਲੱਖ ਟਨ ਅਨਾਜ ਸੈਂਟਰ ਨੂੰ ਦਿੱਤਾ, ਭਾਵੇਂ ਇਹ ਸਾਡੇ ਨਿਸ਼ਾਨੇ ਅਨੁਸਾਰ ਰੇਨਫਾਲ ਘਟ ਹੋਣ ਕਰਕੇ ਸੀ, ਇਹ ਹੁਣ ਕਹਿੰਦੇ ਹਨ ਕਿ ਸਾਡੇ ਤੇ ਭਗਵਾਨ ਨਾਰਾਜ਼ ਹੈ ਅਤੇ ਇਹ ਵੀ ਟਾਰਾਂ ਮਾਰਦੇ ਹਨ ਕਿ ਬਾਦਲ ਆਵੇ ਬਾਰਸ਼ ਲਾਵੇ, ਇਹ ਬਾਦਲ ਦੀ ਸਰਕਾਰ ਨੂੰ ਯਾਦ ਕਰਦੇ ਹਨ ਕਿ ਉਹ ਅਜ ਆਵੇ ਪਰ ਇਨ੍ਹਾਂ ਨੂੰ ਨਹੀਂ ਪਤਾ ਕਿ ਬਾਦਲ ਦੀ ਸਰਕਾਰ ਤੇ ਵੀ ਜਿਤਨਾ ਚਿਰ

ਸਾਡਾ ਹੱਥ ਰਿਹਾ ਉਹ ਚਲਦੀ ਰਹੀ ਜਦੋਂ ਇਨ੍ਹਾਂ ਨੇ ਜਨਸੰਘੀਆਂ ਦੀ ਮਦਦ ਲੈ ਕੇ ਚਲਾਉਣੀ ਚਾਹੀ ਤਾਂ ਇਹ ਭਾਈ 4 ਦਿਨ ਨਹੀਂ ਕਟ ਸਕੇ। (ਹਾਸਾ) ਅਜ ਇਹ ਕਹਿੰਦੇ ਹਨ ਕਿ ਬਾਦਲ ਸਰਕਾਰ ਹੋਵੇ, ਮੈਂ ਕਹਿੰਦਾ ਹਾਂ ਇਹ ਤਾਂ ਸਰਕਾਰ ਚਲਾਉਣ ਦੇ ਹੀ ਨਾਅਹਿਲ ਹਨ। (ਸ਼ੋਰ)

ਕਾਮਰੇਡ ਅਰਜਨ ਸਿੰਘ ਮਸਤਾਨਾ: ਚੇਅਰਮੈਨ ਸਾਹਿਬ, ਮੈਨੂੰ ਕਾਮਰੇਡ ਦਾਨਾ ਰਾਮ ਜੀ ਪੁਛਦੇ ਹਨ ਕਿ ਡਾਕਟਰ ਸਾਹਿਬ ਕੀ ਬੋਲਦੇ ਹਨ, ਮੈਂ ਉਨ੍ਹਾਂ ਨੂੰ ਇਹੋ ਕਿਹਾ ਹੈ ਕਿ ਉਨ੍ਹਾਂ ਨੂੰ ਆਪ ਕਖ ਨਹੀਂ ਪਤਾ ਕੀ ਬੋਲਦੇ ਹਨ, ਮੈਂ ਤੁਹਾਨੂੰ ਕੀ ਦਸਾਂ। (ਹਾਸਾ-ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ: ਮੈਂ ਅਜ ਡਰਾਟ ਬਾਰੇ ਤਸ਼ਵੀਸ਼ ਜ਼ਾਹਰ ਕੀਤੀ ਸੀ ਅਤੇ ਸਵਾਲਾਂ ਵੇਲੇ ਇਕ ਸਪਲੀਮੈਂਟਰੀ ਵੀ ਕੀਤਾ ਸੀ। ਮੇਰੇ ਦੋਸਤਾਂ ਨੂੰ ਪਤਾ ਨਹੀਂ ਕਿ ਪਾਣੀ ਦੀ ਇਤਨੀ ਨਾਜ਼ੁਕ ਪੁਜ਼ੀਸ਼ਨ ਹੈ ਕਿ ਜੇ ਕੋਈ ਪ੍ਰਬੰਧ ਨਾ ਹੋਇਆ ਤਾਂ ਡਰਾਟ ਹੀ ਡਰਾਟ ਹੋ ਜਾਣਾ ਹੈ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਭਾਵੇਂ ਬਜਟ ਵਿਚ ਇਸ ਕੰਮ ਲਈ ਕੁਝ ਪ੍ਰਵੀਜ਼ਨ ਵੀ ਕੀਤੀ ਗਈ ਹੈ ਪਰ ਇਹ ਹੋਰ ਜ਼ਿਆਦਾ ਹੋਣੀ ਚਾਹੀਦੀ ਹੈ ਤਾਂ ਜੋ ਆਉਣ ਵਾਲੇ ਵਕਤ ਦਾ ਮੁਕਾਬਲਾ ਕੀਤਾ ਜਾ ਸਕੇ। ਇਕ ਮੈਂ ਸਪਲੀਮੈਂਟਰੀ ਕੀਤੀ ਸੀ ਕਿ ਇਕ ਵਾਰ ਕਿਸਾਨਾਂ ਨੂੰ ਮਿਟੀ ਮਿਲੀ ਖਾਦ ਸਪਲਾਈ ਕੀਤੀ ਗਈ ਸੀ, ਸਰਕਾਰ ਨੇ ਇਸ ਤਰ੍ਹਾਂ ਦੀ ਸਪਲਾਈ ਕਰਨ ਵਾਲਿਆਂ ਨੂੰ ਕਿਉਂ ਕੋਈ ਕੜੀ ਸਜ਼ਾ ਨਹੀਂ ਦਿੱਤੀ। ਅਜ ਇਹ ਅਕਾਲੀ ਜ਼ਿਮੀਦਾਰਾਂ ਦੇ ਠੇਕੇਦਾਰ ਬਣੇ ਫਿਰਦੇ ਹਨ, ਪਰ ਇਨ੍ਹਾਂ ਦੀ ਸਰਕਾਰ ਵੇਲੇ 72/- ਤੋਂ ਵਧ ਮੁਲ ਤੇ ਕਣਕ ਨਹੀਂ ਵਿਕੀ। ਜੇ ਇਨ੍ਹਾਂ ਦੀ ਸਰਕਾਰ ਰਹਿੰਦੀ ਤਾਂ ਇਤਨੇ ਹੀ ਮੁਲ ਤੇ ਵਿਕਣੀ ਸੀ। ਸਾਡੀ ਸਰਕਾਰ ਨੇ 105/- ਫੀ ਕੁਇੰਟਲ ਘਟ ਤੋਂ ਘਟ ਰੇਟ ਮੁਕੱਰਰ ਕੀਤਾ ਅਤੇ ਲੋਕਾਂ ਨੇ ਇਸ ਤੋਂ 25-30 ਵਧ ਰੇਟ ਤੇ ਹੀ ਵੇਚੀ। ਮੈਂ ਖ਼ੁਦ ਆਪਣੀ ਕਣਕ 130 ਦੇ ਹਿਸਾਬ ਨਾਲ ਵੇਚੀ ਹੈ। (ਸ਼ੋਰ)

Mr. Chairman: The House stands adjourned till 9.00 A. M. on Tuesday, the 21st January, 1975.

6.30 p.m. | *(The Sabha then adjourned till 9.00 a. m. on Tuesday, the 21st January, 1975)*

1461—1-7-75—283—ਪੰਜਾਬ ਸਰਕਾਰ ਪ੍ਰੈਸ, ਪਟਿਆਲਾ

APPENDIX

to

Punjab Vidhan Sabha

Debates

Vol. I—No. 8

Dated 20th January, 1975.

ਨਿਸ਼ਾਨ ਵਾਲੇ ਪ੍ਰਸ਼ਨ ਅਤੇ ਉੱਤਰ

1-3-1972 ਤੋਂ 1-1-1975 ਤੱਕ ਵਿਦਿਆ ਵਿਭਾਗ ਵਿਚ ਗਜ਼ਟਿਡ ਅਤੇ ਨਾਨ-ਗਜ਼ਟਿਡ ਅਫਸਰਾਂ/ਕਰਮਚਾਰੀਆਂ ਦੀ ਤਰੱਕੀ ।

*2924. **ਸਰਦਾਰ ਧੰਨਾ ਸਿੰਘ ਗੁਲਸ਼ਨ**: ਕੀ ਵਿੱਦਿਆ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਹਿਲੀ ਮਾਰਚ, 1972, ਤੋਂ ਪਹਿਲੀ ਜਨਵਰੀ, 1973, ਤੱਕ ਦੇ ਸਮੇਂ ਦੇ ਦੌਰਾਨ ਵਿੱਦਿਆ ਵਿਭਾਗ ਵਿਚ ਕੁਝ ਗਜ਼ਟਿਡ ਤੇ ਨਾਨ ਗਜ਼ਟਿਡ ਅਫ਼ਸਰਾਂ/ਕਰਮਚਾਰੀਆਂ ਨੂੰ ਤਰੱਕੀ ਦਿੱਤੀ ਗਈ । ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੇ ਕਿੰਨੇ ਅਫ਼ਸਰ/ਕਰਮਚਾਰੀ ਹਨ ?

ਸ਼੍ਰੀ ਗੁਰਮੇਲ ਸਿੰਘ (ਸਿਖਿਆ ਮੰਤਰੀ): (ੳ) ਹਾਂ ਜੀ ।

(ਅ) 1-3-72 ਤੋਂ 1-1 75 ਤੱਕ 108 ਕਲਾਸ-I ਤੇ II ਅਫ਼ਸਰਾਂ ਨੂੰ ਅਤੇ 1146 ਨਾਨ-ਗਜ਼ਟਿਡ ਕਰਮਚਾਰੀਆਂ ਨੂੰ ਤਰੱਕੀ ਦਿੱਤੀ ਗਈ । ਜਿਨ੍ਹਾਂ ਵਿਚੋਂ ਕ੍ਰਮਵਾਰ 7 ਗਜ਼ਟਿਡ ਅਫ਼ਸਰ ਅਤੇ 116 ਨਾਨ-ਗਜ਼ਟਿਡ ਕਰਮਚਾਰੀ ਅਨੁਸੂਚਿਤ ਜਾਤੀ ਦੇ ਹਨ ।

[(a) Yes.

(b) out of 108 Gazetted Officers and 1146 non-gazetted officials during the period from 1st March, 1972 to 1st January, 1975of these 7 officers and 116 non-gazetted officials respectively belong to the Scheduled Castes.]

1461—1-7-75—286—ਪੰਜਾਬ ਗੌਰਮਿੰਟ ਪ੍ਰੈਸ, ਪਟਿਆਲਾ ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

21st January, 1975

Vol. I—No. 9

OFFICIAL REPORT

CONTENTS

Tuesday, the 21st January, 1975

PUNJAB VIDHAN SABHA SECRETARIAT, CHANDIGARH

Price: Rs. 32.50

PUNJAB VIDHAN SABHA

Tuesday, the 21st January, 1975

The Vidhan Sabha met in the Punjab Vidhan Sabha Hall, Vidhan Bhavan, Chandigarh-160001, at 9-00 a.m. of the Clock. Mr. Speaker (Dr. Kewal Krishan) in the Chair.

ANNOUNCEMENT BY THE SPEAKER REGARDING THE DEATH OF PRINCIPAL RALA RAM, EX-M.L.A.

ਸ੍ਰੀ ਸਪੀਕਰ : ਹਾਊਸ ਵਿੱਚ ਇਹ ਖ਼ਬਰ ਬੜੇ ਦੁਖ ਨਾਲ ਸੁਣੀ ਜਾਵੇਗੀ ਕਿ ਪ੍ਰਿੰਸੀਪਲ ਰਲਾ ਰਾਮ ਜੀ ਕੱਲ ਰਾਤ ਅਕਾਲ ਚਲਾਣਾ ਕਰ ਗਏ ਹਨ। ਹਾਊਸ ਵਿਚ ਉਨ੍ਹਾਂ ਦੇ ਅਤੇ ਦੀਵਾਨ ਨਿਰੰਜਨ ਪ੍ਰਸਾਦ ਖੋਸਲਾ ਦੇ ਸਬੰਧ ਵਿਚ ਸ਼ੋਕ ਪ੍ਰਸਤਾਵ ਪੇਸ਼ ਕੀਤਾ ਜਾਵੇਗਾ। (The House will be shocked to know that Principal Rala Ram has passed away last night. Now the House will make obituary references to the deaths of Principal Rala Ram and Diwan Niranjan Prasad Khosla.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਹ ਸ਼ੋਕ ਪ੍ਰਸਤਾਵ ਕੁਐਸਚਨ ਆਵਰ ਤੋਂ ਬਾਅਦ ਕਰ ਲੈਣਾ ਜੀ।

ਸ੍ਰੀ ਸਪੀਕਰ : ਜੇ ਹਾਊਸ ਦੀ ਮਰਜ਼ੀ ਇਹੋ ਹੈ ਤਾਂ ਕੁਐਸਚਨ ਆਵਰ ਤੋਂ ਬਾਅਦ ਹੀ ਕਰ ਲਵਾਂਗੇ। (If it is the pleasure of the House then it will be taken up after Question Hour.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਰੋਜ਼ ਰੋਜ਼ ਰੂਲ ਨਹੀਂ ਬਦਲਣੇ ਚਾਹੀਦੇ, ਇਸ ਲਈ ਇਹ ਕੁਐਸਚਨ ਆਵਰ ਤੋਂ ਪਹਿਲਾਂ ਹੋਣਾ ਚਾਹੀਦਾ ਹੈ।

ਸ੍ਰੀ ਸਪੀਕਰ : ਕਿਉਂਕਿ ਹਾਊਸ ਦੀ ਮਰਜ਼ੀ ਹੈ, ਇਸ ਲਈ ਇਹ ਕੁਐਸਚਨ ਆਵਰ ਤੋਂ ਬਾਅਦ ਹੋਵੇਗਾ। (Since it is the concensus of the House so it will be taken up after Question Hour.)

STARRED QUESTIONS AND ANSWERS

STARRED QUESTION NO. 3135

(This question was not put because the hon. Member concerned was not present in the House.)

ਰਾਜ ਵਿਚ ਟੈਕਸੇਸ਼ਨ ਪ੍ਰੋਸੀਜਰ ਨੂੰ ਸੰਖੇਪ ਕਰਨਾ

*2989: **ਸ੍ਰੀ ਸਰਦਾਰੀ ਲਾਲ ਕਪੂਰ** : ਕੀ ਕਰ ਅਤੇ ਆਬਕਾਰੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਰਾਜ ਸਰਕਾਰ ਦੇ ਬਾਰਾਂ ਨੁਕਤਾ ਪਰੋਗਰਾਮ ਵਿਚੋਂ ਇੱਕ ਸੀ ਕਿ ਰਾਜ ਵਿੱਚ ਕਰ ਵਿਧੀ ਨੂੰ ਸੰਖੇਪ ਕਰਨ ਲਈ ਕਾਰਵਾਈ ਕੀਤੀ ਜਾਵੇਗੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਦੁਆਰਾ ਉਸ ਸਬੰਧ ਵਿੱਚ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ?

ਸ੍ਰੀ ਯਸ਼ ਪਾਲ : (ੳ) ਹਾਂ ਜੀ।

(ਅ) ਸਰਕਾਰ ਨੇ ਵਿਕਰੀ ਕਰ ਨੂੰ ਸੰਖੇਪ ਕਰਨ ਲਈ ਸ੍ਰੀ ਨਿਰੰਜਨ ਸਿੰਘ ਤਾਲਿਬ, ਐਮ.ਪੀ. ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਬਣਾਈ ਹੈ। ਕਮੇਟੀ ਨੇ ਅਜੇ ਸਰਕਾਰ ਨੂੰ ਰਪੋਟ ਪੇਸ਼ ਨਹੀਂ ਕੀਤੀ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕਮੇਟੀ ਬਣਾ ਦਿੱਤੀ ਹੈ ਪਰ ਇਹ ਨਹੀਂ ਦਸਿਆ ਕਿ ਉਸ ਕਮੇਟੀ ਦੀ ਰਿਪੋਰਟ ਕਦੋਂ ਆਉਣੀ ਹੈ, ਉਹ ਕਮੇਟੀ ਕਦੋਂ ਬਣਾਈ ਗਈ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਸ ਮਹਿਕਮੇ ਵਿਚ ਬੇਈਮਾਨੀ ਇਤਨੀ ਵਧ ਗਈ ਹੈ ਜਿਸ ਦੀ ਕੋਈ ਇੰਤਹਾ ਨਹੀਂ ਹੈ। ਕੀ ਵਜ਼ੀਰ ਸਾਹਿਬ ਟੈਕਸਾਂ ਦੀ ਚੋਰੀ ਰੋਕਣ ਅਤੇ ਪੂਰਾ ਰੈਵਨਿਊ ਹਾਸਲ ਕਰਨ ਲਈ ਕੋਈ ਅਸਾਨ ਤਰਕੀਬ ਕਢਣਗੇ, ਜਿਸ ਨਾਲ ਵਪਾਰੀਆਂ ਨੂੰ ਵੀ ਤਕਲੀਫ ਨਾ ਹੋਵੇ ਅਤੇ ਟੈਕਸ ਵੀ ਪੂਰਾ ਮਿਲ ਜਾਵੇ ਅਤੇ ਇਸ ਕਮੇਟੀ ਦੀ ਰਿਪੋਰਟ ਕਦ ਤਕ ਆ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਕਮੇਟੀ ਅਸੀਂ 2 ਅਗਸਤ ਨੂੰ ਬਣਾਈ ਸੀ ਅਤੇ ਇਸ ਦੀ ਮਿਆਦ 4 ਮਹੀਨੇ ਸੀ। ਪਰ ਇਸ ਦੀ ਰਿਪੋਰਟ ਇਸ ਸਮੇਂ ਵਿਚ ਮੁਕੰਮਲ ਨਹੀਂ ਹੋ ਸਕੀ ਇਸ ਲਈ ਇਸ ਨੇ 4 ਮਹੀਨੇ ਦੀ ਹੋਰ ਮੁਹਲਤ ਮੰਗੀ ਹੈ, ਜਿਹੜੀ ਦੇ ਦਿਤੀ ਹੈ। ਜਦੋਂ ਹੁਣ ਇਸ ਕਮੇਟੀ ਦੀ ਰਿਪੋਰਟ ਆਵੇਗੀ ਤਾਂ ਦਸ ਦਿਆਂਗਾ। ਦੂਜੀ ਜਿਹੜੀ ਗਲ ਕਪੂਰ ਸਾਹਿਬ ਨੇ ਕਹੀ ਹੈ ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਦੀ ਇਹ ਬੜੀ ਖਾਹਿਸ਼ ਹੈ ਕਿ ਵਿਕਰੀ ਕਰ ਦਾ ਢਾਂਚਾ ਅਸਾਨ ਕੀਤਾ ਜਾਵੇ ਪਰ ਮੁਸ਼ਕਲ ਇਹ ਹੈ ਕਿ ਹਰ ਕੋਈ ਕੋਸ਼ਿਸ਼ ਕਰਦਾ ਹੈ ਕਿ ਟੈਕਸ ਦੀ ਚੋਰੀ ਕੀਤੀ ਜਾਵੇ, ਇਸ ਔਖਿਆਈ ਨੂੰ ਦੂਰ ਕਰਨ ਲਈ ਕੋਈ ਤਰੀਕਾ ਲਭਣ ਦੀ ਕੋਸ਼ਿਸ਼ ਕਰ ਰਹੇ ਹਾਂ।

Acharya Prithvi Singh Azad : Since taxation is a special and technical subject, may I know who are the Specialists on this Committee who will guide the Government ?

ਮੰਤਰੀ : ਐਕਸਾਈਜ਼ ਅਤੇ ਟੈਕਸੇਸ਼ਨ ਕਮਿਸ਼ਨਰ ਇਸ ਕਮੇਟੀ ਦਾ ਸੈਕਟਰੀ ਹੈ।

ਡਾਕਟਰ ਬਲਦੇਵ ਪ੍ਰਕਾਸ਼ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਤਾਲਿਬ ਸਾਹਿਬ ਦੀ ਪ੍ਰਧਾਨਗੀ ਹੇਠ ਜਿਹੜੀ ਕਮੇਟੀ ਬਣੀ ਹੈ, ਇਹ ਸਰਕਾਰੀ ਗਿਣੀ ਜਾਵੇਗੀ ਜਾਂ ਗੈਰ ਸਰਕਾਰੀ ਅਤੇ ਕੀ ਇਸ ਦੀਆਂ ਜਿਹੜੀਆਂ ਰਿਕਮੈਂਡੇਸ਼ਨਜ਼ ਹੋਣਗੀਆਂ ਉਹ ਐਡਵਾਈਜ਼ਰੀ ਹੋਣਗੀਆਂ ਜਾਂ ਮੈਨਡੇਟਰੀ ?

ਮੰਤਰੀ : ਇਹ ਕਮੇਟੀ ਸਰਕਾਰ ਨੇ ਬਣਾਈ ਹੈ ਪਰ ਇਹ ਗੈਰ–ਸਰਕਾਰੀ ਹੈ ਔਰ ਮੈਂ ਅਰਜ਼ ਕਰਾਂ ਕਿ ਕੋਈ ਵੀ ਕਮੇਟੀ ਹੋਵੇ ਉਸ ਦੀਆਂ ਰਿਕਮੈਂਡੇਸ਼ਨਜ਼ ਮੈਨਡੇਟਰੀ ਨਹੀਂ ਹੁੰਦੀਆਂ, ਐਡਵਾਈਜ਼ਰੀ ਹੁੰਦੀਆਂ ਹਨ ।

ਸਰਦਾਰ ਗੁਰਬਚਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ ਤੋਂ ਬਿਨਾਂ ਇਸ ਕਮੇਟੀ ਦੇ ਜਿਹੜੇ ਹੋਰ ਮੈਂਬਰ ਹਨ ਕੀ ਉਨ੍ਹਾਂ ਵਿਚੋਂ ਇਸ ਸਾਈਡ ਵਲ ਕੋਈ ਟੈਕਨੀਕਲ ਮਾਹਿਰ ਵੀ ਹੈ, ਕੀ ਉਨ੍ਹਾਂ ਵਿਚੋਂ ਕਿਸੇ ਨੇ ਇਸ ਦੀ ਟਰੇਨਿੰਗ ਵੀ ਲਈ ਹੈ ?

ਮੰਤਰੀ : ਅਸੀਂ ਇਸ ਕਮੇਟੀ ਵਿਚ ਉਹ ਮੈਂਬਰ ਲਏ ਹਨ ਜਿਨ੍ਹਾਂ ਨੂੰ ਕਿ ਟੈਕਸ ਦੇਣਾ ਪੈਂਦਾ ਹੈ, ਇਸ ਲਈ ਉਨ੍ਹਾਂ ਨੂੰ ਇਸ ਪਾਸੇ ਦਾ ਪਤਾ ਹੈ । ਜਿਹੜੇ ਅਸੀਂ ਮੈਂਬਰ ਲਏ ਹਨ ਉਨ੍ਹਾਂ ਦੇ ਨਾਂ ਪੜ੍ਹ ਦੇਂਦਾ ਹਾਂ । ਉਹ ਹਨ : ਸ਼੍ਰੀ ਤੁਲਸੀ ਦਾਸ ਜੈਤਵਾਨੀ, ਸ਼੍ਰੀ ਓਮ ਪ੍ਰਕਾਸ਼ ਲਾਂਬਾ, ਸ਼੍ਰੀ ਪ੍ਰੇਮ ਨਾਥ ਗੁਪਤਾ ਅਤੇ ਇਸੇ ਤਰ੍ਹਾਂ ਦੇ ਹੋਰ ਸਜਣ ਹਨ ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦਸਣਗੇ ਕਿ ਅੱਜ ਜਦ ਕਿ ਟੈਕਸਾਂ ਦਾ ਬੋਝ ਵੱਧ ਰਿਹਾ ਹੈ, ਲੋਕਾਂ ਨੂੰ ਇਨਡਾਇਰੈਕਟ ਟੈਕਸ ਦੇਣੇ ਪੈ ਰਹੇ ਹਨ ਕੀ ਇਸ ਕਮੇਟੀ ਵਿੱਚ ਕੋਈ ਮਜ਼ਦੂਰਾਂ ਦਾ, ਖੇਤ ਮਜ਼ਦੂਰਾਂ ਦਾ ਜਾਂ ਛੋਟੇ ਕਿਸਾਨਾਂ ਦਾ ਕੋਈ ਨੁਮਾਇੰਦਾ ਲਿਆ ਹੈ ਅਤੇ ਇਹ ਜਿਹੜੇ ਮੈਂਬਰ ਲਏ ਗਏ ਹਨ ਕੀ ਇਹ ਇਨ੍ਹਾਂ ਦਾ ਟੈਕਸ ਘਟਾਉਣਗੇ ਜਾਂ ਵਧਾਉਣਗੇ ?

ਮੰਤਰੀ : ਸਪੀਕਰ ਸਾਹਿਬ, ਡਾਂਗ ਸਾਹਿਬ ਇਸ ਕਮੇਟੀ ਦਾ ਮਕਸਦ ਨਹੀਂ ਸਮਝੇ । ਇਹ ਕਮੇਟੀ ਟੈਕਸ ਘਟਾਉਣ ਜਾਂ ਵਧਾਉਣ ਲਈ ਨਹੀਂ ਬਣੀ, ਇਹ ਇਸ ਲਈ ਬਣੀ ਹੈ ਕਿ ਟੈਕਸ ਕਿਸ ਤਰ੍ਹਾਂ ਲਿਆ ਜਾਵੇ, ਇਸ ਦਾ ਕੋਈ ਬੇਹਤਰ ਤਰੀਕਾ ਲਭਿਆ ਜਾਵੇ, ਇਹੋ ਹੀ ਇਸ ਕਮੇਟੀ ਦਾ ਵਡਾ ਮਕੱਸਦ ਹੈ ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮਨਿਸਟਰ ਸਾਹਿਬ ਦਸਣਗੇ ਕਿ ਕੀ ਇਸ ਕਮੇਟੀ ਦੇ ਸਪੁਰਦ ਇਹ ਕੰਮ ਵੀ ਹੈ ਕਿ ਕਿਸ ਤਰ੍ਹਾਂ ਟੈਕਸ ਅਵੇਜ਼ਨ ਰੋਕਿਆ ਜਾਵੇ ?

ਮੰਤਰੀ : ਜੀ ਹਾਂ, ਇਹ ਵੀ ਹੈ ।

ਬਲਾਚੋਰ ਚੋਣ ਹਲਕੇ ਵਿਚ ਲਿੰਕ ਸੜਕਾਂ ਦਾ ਨਿਰਮਾਣ

*3024. **ਮਾਸਟਰ ਦਲੀਪ ਚੰਦ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ 1975 ਦੇ ਦੌਰਾਨ ਬਲਾਚੋਰ ਚੋਣ ਹਲਕੇ ਦੇ ਉਨ੍ਹਾਂ 65 ਪਿੰਡਾਂ ਵਿੱਚ ਜਿਥੇ ਇਸ ਸਮੇਂ ਲਿੰਕ ਸੜਕਾਂ ਨਹੀਂ ਹਨ ਲਿੰਕ ਸੜਕਾਂ ਬਣਾਉਣ ਦਾ ਵਿਚਾਰ ਰਖਦੀ ਹੈ ?

ਸ਼੍ਰੀ ਜੋਗਿੰਦਰ ਪਾਲ ਪਾਂਡੇ : ਸਰਕਾਰ ਸਾਰੇ ਪਿੰਡਾਂ ਨੂੰ ਸੜਕ ਦੇਣ ਬਾਰੇ ਵਚਨ–ਬੱਧ ਹੈ । ਜਿਹੜੇ ਪਿੰਡ ਬਾਕੀ ਰਹਿ ਗਏ ਹਨ, ਉਨ੍ਹਾਂ ਦੀ ਪੜਤਾਲ ਕਰਵਾਈ ਜਾਵੇਗੀ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਇਕ ਜੈਂਤੀ ਵਿਲੇਜ ਹੈ ਜਿਸ ਦਾ ਨਾਂ ਹੈ ਬਾਗੋਂ ਵਾਲ, ਇਸ ਵਿਚ 4 ਹਜ਼ਾਰ ਦੀ ਅਬਾਦੀ ਹੈ ਅਤੇ ਉਹ ਸੜਕ ਤੋਂ 4 ਕਿਲੋਮੀਟਰ ਦੂਰ ਹੈ । ਉਥੋਂ ਦੇ ਲੋਕਾਂ ਨੇ 3 ਵਾਰ ਅਰਥ ਵਰਕ ਕੀਤਾ ਹੈ ਪਰ ਅਜੇ ਤਕ ਉਥੇ ਸੜਕ ਨਹੀਂ ਬਣੀ । ਕੀ ਇਸ ਸਾਲ 1975 ਦੇ ਵਿਚ ਵਿਚ ਉਹ ਸੜਕ ਬਣ ਜਾਵੇਗੀ ? ਔਰ ਦੂਸਰੀ ਗਲ, ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ

[ਮਾਸਟਰ ਦਲੀਪ ਚੰਦ]

65 ਪਿੰਡ ਹਨ ਜਿਥੇ ਲਿੰਕ ਸੜਕਾਂ ਨਹੀਂ ਬਣੀਆਂ। ਇਨ੍ਹਾਂ ਵਿਚੋਂ 42 ਪਿੰਡ ਬੇਟ ਦੇ ਇਲਾਕੇ ਵਿਚ ਹਨ ਅਤੇ 23 ਸਬ-ਮਾਊਂਟੇਨੀਅਸ ਏਰੀਏ ਵਿਚ ਹਨ, ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਥੇ ਜਿਥੇ ਅਰਥ ਵਰਕ ਹੋ ਚੁਕਿਆ ਹੈ ਉਥੇ ਇਸੇ ਸਾਲ ਸੜਕ ਬਣਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੇ ਹਲਕੇ ਦੀ ਗਲ ਮੈਂਬਰ ਸਾਹਿਬ ਨੇ ਕੀਤੀ ਹੈ ਉਸ ਹਲਕੇ ਵਿਚ ਸੜਕਾਂ 1972 ਤੋਂ ਬਾਅਦ ਹੀ ਬਣਨੀਆਂ ਸ਼ੁਰੂ ਹੋਈਆਂ ਹਨ। ਇਸ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿਉਂਕਿ ਸਰਕਾਰ ਵਚਨ-ਬੱਧ ਸੀ, ਇਸ ਲਈ ਦਿਨ ਰਾਤ ਕੋਸ਼ਿਸ਼ ਕਰ ਰਹੇ ਹਾਂ। ਜਿਨ੍ਹਾਂ ਪਿੰਡਾ ਦੀ ਇਨ੍ਹਾਂ ਨੇ ਗਲ ਕੀਤੀ ਹੈ, ਉਥੇ ਪੜਤਾਲ ਕਰਵਾ ਲਵਾਂਗੇ, ਜੇ ਸੜਕ ਨਹੀਂ ਮਿਲੀ ਤਾਂ ਬਣਵਾ ਦਿਆਂਗੇ। ਫਿਰ ਜਿਹੜੀ ਇਨ੍ਹਾਂ ਨੇ ਜੈਂਤੀ ਵਿਲੇਜ ਦੀ ਗਲ ਕੀਤੀ ਹੈ, ਉਸ ਬਾਰੇ ਵੀ ਪੜਤਾਲ ਕਰਵਾ ਲਵਾਂਗੇ ਅਤੇ ਜਿਹੜੀਆਂ ਵੀ ਸਹੂਲਤਾਂ ਜੈਂਤੀ ਵਿਲੇਜ ਸਕੀਮ ਦੇ ਤਹਿਤ ਮਿਲ ਸਕਦੀਆਂ ਹਨ, ਉਸ ਪਿੰਡ ਨੂੰ ਦਿਆਂਗੇ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਸਾਰੇ ਪੰਜਾਬ ਦੇ 12 ਹਜ਼ਾਰ ਪਿੰਡਾਂ ਵਿਚੋਂ ਸਿਰਫ ਇਕ ਹਜ਼ਾਰ ਪਿੰਡ ਅਜਿਹੇ ਹਨ ਜਿਥੇ ਲਿੰਕ ਰੋਡਜ਼ ਨਹੀਂ ਹਨ ਅਤੇ ਉਨ੍ਹਾਂ ਇਕ ਹਜ਼ਾਰ ਪਿੰਡਾਂ ਵਿਚੋਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ 403 ਪਿੰਡ ਹਨ ਜਦੋਂ ਕਿ ਬਾਕੀ ਜ਼ਿਲ੍ਹਿਆਂ ਵਿਚੋਂ ਕਿਸੇ ਵਿਚ 10 ਪਿੰਡ ਹਨ ਅਤੇ ਕਿਸੇ ਵਿਚ 15 ਪਿੰਡ ਹਨ, ਕੀ ਇਹ ਵਿਤਕਰਾ ਦੂਰ ਕਰਨਗੇ ? ਔਰ ਕੀ ਖਜ਼ਾਨਾ ਮੰਤਰੀ ਸਾਹਿਬ ਉਨ੍ਹਾਂ ਨੂੰ ਇਸ ਕੰਮ ਲਈ ਹੋਰ ਫੰਡ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਸਵਾਲ ਤਾਂ ਇਕ ਹਲਕੇ ਦਾ ਸੀ ਪਰ ਇਨ੍ਹਾਂ ਨੇ ਸਾਰੇ ਜ਼ਿਲ੍ਹੇ ਬਾਰੇ ਸਵਾਲ ਕਰ ਦਿਤਾ ਹੈ। ਹੁਣੇ ਕੁਝ ਮੈਂਬਰ ਸਾਰੇ ਪੰਜਾਬ ਦੀ ਗਲ ਕਰ ਦੇਣਗੇ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਦੀ ਨੀਤੀ ਹੈ ਕਿ ਇਕ ਪਿੰਡ ਨੂੰ ਇਕ ਲਿੰਕ ਰੋਡ ਦਿਤੀ ਜਾਵੇ। ਇਸ ਸਕੀਮ ਨੂੰ ਪਹਿਲ ਦਿਤੀ ਜਾਵੇਗੀ ਜਦੋਂ ਤਕ ਕਿ ਕੰਮ ਖਤਮ ਨਹੀਂ ਹੋ ਜਾਂਦਾ। ਮੈਂ ਅਰਜ਼ ਕਰਾਂ ਕਿ ਪਿਛਲੇ ਸਾਲ ਕੁਝ ਕਠਿਨਾਈਆਂ ਆਉਣ ਕਾਰਨ ਕੰਮ ਖਤਮ ਨਹੀਂ ਸੀ ਹੋ ਸਕਿਆ। ਖਜ਼ਾਨਾ ਮੰਤਰੀ ਜੀ ਨੇ ਇਸ ਅਗਲੇ ਸਾਲ ਲਈ ਕੁਝ ਫੰਡਜ਼ ਦਿਤੇ ਹਨ, ਹੁਣ ਪਰੋਗਰਾਮ ਪੂਰਾ ਕੀਤਾ ਜਾਵੇਗਾ।

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਬਜਟ ਪੇਸ਼ ਹੋ ਚੁਕਾ ਹੈ, ਇਹਦੇ ਵਿਚ 8 ਕਰੋੜ ਰੁਪਏ ਸੜਕਾਂ ਦੀ ਰਿਪੇਅਰ ਵਾਸਤੇ ਰਖੇ ਗਏ ਹਨ। ਰੋਡਜ਼ ਵਾਸਤੇ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ। ਆਇਆ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ 1,100 ਜਾਂ 1200 ਪਿੰਡਾਂ ਵਿਚ ਲਿੰਕ ਰੋਡਜ਼ ਬਣਾਉਣ ਵਾਸਤੇ ਪੈਸੇ ਕਿਥੋਂ ਆਉਣਗੇ, ਮਾਰਕੀਟਿੰਗ ਬੋਰਡ ਨੂੰ ਅੱਗੇ ਹੀ 6 ਕਰੋੜ ਰੁਪਏ ਦਾ ਘਾਟਾ ਪੈ ਗਿਆ ਹੈ ?

ਰਾਜ ਮੰਤਰੀ : ਖਜ਼ਾਨਾ ਮੰਤਰੀ ਜੀ ਤਸ਼ਰੀਫ ਲਿਆਉਣਗੇ। ਬਜਟ ਸਪੀਚ ਤੇ ਬਹਿਸ ਹੋਣੀ ਹੈ ਫੇਰ ਮੈਂਬਰ ਸਾਹਿਬਾਨ ਇਸ ਤੇ ਬਹਿਸ ਸਮੇਂ ਕਹਿ ਸਕਦੇ ਹਨ। ਮਾਰਕਿਟਿੰਗ ਬੋਰਡ ਦੀ ਫੀਸ ਕਿਸਾਨਾਂ ਵਾਸਤੇ ਪਿੰਡਾਂ ਵਿਚ ਲਗਣੀ ਹੈ। ਕਿਸਾਨਾਂ ਨੂੰ ਮੰਡੀਆਂ ਦੀ ਲੋੜ ਹੈ। ਇਸ ਲਈ ਕਿਸਾਨਾਂ ਦੀ ਬਿਹਤਰੀ ਲਈ ਉਥੇ ਸੜਕਾਂ ਤੇ ਮਾਰਕਿਟਿੰਗ ਬੋਰਡ ਵੱਲੋਂ ਖਰਚ ਕੀਤਾ ਜਾ ਸਕਦਾ ਹੈ। ਇਸ ਲਈ ਜੋ ਚੌਧਰੀ ਸਾਹਿਬ ਮਹਿਸੂਸ ਕਰਦੇ ਹਨ ਕਿ ਇਹ ਕੰਮ ਕਿਸ ਤਰ੍ਹਾਂ ਪੂਰਾ ਹੋਏਗਾ, ਇਹ ਪੂਰਾ ਹੋ ਜਾਏਗਾ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕੀ ਮੰਤਰੀ ਜੀ ਕਿਰਪਾ ਕਰਕੇ ਦਸਣਗੇ ਕਿ ਮੇਰੇ ਹਲਕੇ ਵਿਚ ਕਈ ਪਿੰਡਾਂ ਵਿਚ ਸੜਕਾਂ ਹਾਲੇ ਨਹੀਂ ਬਣੀਆਂ ਹਨ। ਇਨ੍ਹਾਂ ਨੇ ਕਿਹਾ

ਸੀ ਕਿ 31 ਮਾਰਚ, 1975 ਤਕ ਸਾਰੇ ਪੰਜਾਬ ਵਿਚ ਸਾਰੇ ਪਿੰਡਾਂ ਨੂੰ ਸੜਕਾਂ ਦੇ ਦਿੱਤੀਆਂ ਜਾਣਗੀਆਂ । ਕੀ ਹੁਣ ਇਹ ਨਵੀਂ ਡੇਟ ਦਸਣਗੇ ਕਿ ਕਦੋਂ ਤਕ ਪੰਜਾਬ ਦੇ ਸਾਰੇ ਪਿੰਡਾਂ ਨੂੰ ਸੜਕਾਂ ਮਿਲ ਜਾਣਗੀਆਂ ?

ਰਾਜ ਮੰਤਰੀ : ਜੇ ਧਨ ਦੀ ਕਮੀ ਨਾ ਆਈ ਤਾਂ ਸੜਕਾਂ ਪੂਰੀਆਂ ਹੋ ਜਾਣਗੀਆਂ । ਨਵੀਂ ਡੇਟ ਦੱਸਣ ਦਾ ਸਵਾਲ ਪੈਦਾ ਨਹੀਂ ਹੁੰਦਾ ਹੈ । ਜਿਹੜੀਆਂ ਇਨ੍ਹਾਂ ਦੇ ਪਿੰਡਾਂ ਵਿਚ ਸੜਕਾਂ ਰਹਿ ਗਈਆਂ ਹਨ ਉਹ ਪੂਰੀਆਂ ਕਰਾਂਗੇ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਖਾਲਸਾ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਦੁਬਾਰਾ ਇਹ ਇਲੈਕਸ਼ਨਜ਼ ਵਾਸਤੇ ਆਪਣੇ ਹਲਕੇ ਵਿਚ ਜਾਣਗੇ ਤਾਂ ਸੜਕਾਂ ਬਣੀਆਂ ਹੋਣਗੀਆਂ ।

ਸਰਦਾਰ ਲਛਮਣ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਵੇਂ ਸਰਕਾਰ ਦੀ ਪਾਲਿਸੀ ਹੈ ਬਾਰਡਰ ਏਰੀਆ ਨੂੰ ਸੜਕਾਂ ਬਣਾਉਣ ਵਿਚ ਪਹਿਲ ਦੇਣ ਦੀ ਕੀ ਇਹ ਸਾਡੇ ਹਲਕੇ ਵਿਚ ਵੀ ਇਸ ਕੰਮ ਵਿਚ ਪਹਿਲ ਦੇਣ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ : ਹਾਂ ਜੀ, ਦੇਵਾਂਗੇ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਬਾਰਡਰ ਏਰੀਆ ਵਿਚ ਅੱਧੀਆਂ ਸੜਕਾਂ ਅਜਿਹੀਆਂ ਹਨ ਜਿਹੜੀਆਂ ਕਿ ਮੁਕੰਮਲ ਨਹੀਂ ਅਤੇ ਉਨ੍ਹਾਂ ਤੇ ਰੋੜੀ ਆਦਿ ਹੀ ਪਈ ਹੋਈ ਹੈ । ਕੀ ਇਹ ਉਥੇ ਸਾਰੀਆਂ ਸੜਕਾਂ ਨੂੰ ਪੂਰੀ ਤਰ੍ਹਾਂ ਨਾਲ ਬਣਾ ਦੇਣਗੇ ?

ਰਾਜ ਮੰਤਰੀ : ਇਹਦੇ ਲਈ ਪ੍ਰੋਵੀਜ਼ਨ ਕਰ ਲਈ ਗਈ ਹੈ ।

ਚੌਧਰੀ ਜਗਤ ਰਾਮ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਚੀਜ਼ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਸੜਕ ਹਰ ਪਿੰਡ ਨੂੰ ਦੇ ਦਿੱਤੀ ਜਾਣੀ ਹੈ ਜਿਹੜੀ ਭਾਵੇਂ ਸ਼ਹਿਰ ਜਾਣ ਦੇ ਕੰਮ ਆਵੇ ਜਾਂ ਨਾ ਆਵੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸੜਕ ਕਿਸਾਨਾਂ ਲਈ ਅਤਿ ਜ਼ਰੂਰੀ ਹੈ ਕੀ ਅਜਿਹੀਆਂ ਸੜਕਾਂ ਬਣਾਉਣ ਵਿਚ ਉਹ ਪਹਿਲ ਕਰਨਗੇ ਅਤੇ ਬਣਾਉਣਗੇ ? ਦੂਜੇ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਮਾਰਕੀਟਿੰਗ ਕਮੇਟੀਆਂ ਇਸ ਕੰਮ ਲਈ ਖਰਚ ਕਰ ਲੈਣਗੀਆਂ, ਜੇ ਕੋਈ ਮਾਰਕਿਟ ਕਮੇਟੀ ਇਸ ਹਾਲਤ ਵਿਚ ਨਾ ਹੋਵੇ ਤਾਂ ਉਹ ਕਿਥੋਂ ਖਰਚ ਕਰੇਗੀ ਅਤੇ ਬਾਕੀ ਜਿਹੜੀਆਂ ਸੜਕਾਂ ਬਣਨੋਂ ਰਹਿ ਗਈਆਂ ਹਨ ਉਹ ਕਿਸ ਤਰ੍ਹਾਂ ਕੰਪਲੀਟ ਹੋਣਗੀਆਂ ?

ਸ੍ਰੀ ਸਪੀਕਰ : ਇੱਕ ਵੇਲੇ ਇੱਕ ਸਵਾਲ ਹੀ ਕਰਨਾ ਚਾਹੀਦਾ ਹੈ । (Only one supplementary question should be put at a time.)

ਰਾਜ ਮੰਤਰੀ : ਜਿਹੜੀਆਂ ਸੜਕਾਂ ਦੇ ਮੁਤੱਲਕ ਇਨ੍ਹਾਂ ਨੂੰ ਚਿੰਤਾ ਹੈ ਉਹ ਇਹ ਮੇਰੇ ਨੋਟਿਸ ਵਿਚ ਲਿਆ ਦੇਣ ਮੈਂ ਐਗਜ਼ਾਮਿਨ ਕਰ ਲਵਾਂਗਾ । ਮਾਰਕੀਟਿੰਗ ਫੀਸ ਕਿਸਾਨਾਂ ਦੀ ਬੇਹਤਰੀ ਵਾਸਤੇ ਖਰਚ ਹੋਣੀ ਹੈ । ਜੇ ਇਸ ਵਾਸਤੇ ਮਾਰਕੀਟਿੰਗ ਕਮੇਟੀਆਂ ਘੱਟ ਖਰਚ ਕਰਨਗੀਆਂ ਤਾਂ ਸਰਕਾਰ ਆਪ ਖਰਚ ਕਰੇਗੀ ।

STARRED QUESTION No. 3055

Mr. Speaker : Extension has been asked for in respect of Starred Question No. 3055.

[ਸ੍ਰੀ ਸਪੀਕਰ]

ਜ.ਪ. ਪਾਂਡੇ

ਅ.ਸ: ਪ:ਨੰ: 294 (ਵਿ:ਸ:)– ਏਸ2 (1)–75/
ਰਾਜ ਮੰਤਰੀ, ਲੋਕ ਨਿਰਮਾਣ, ਪੰਜਾਬ।
ਮਿਤੀ, ਚੰਡੀਗੜ੍ਹ, 20–1–75

ਵਿਸ਼ਾ : ਵਿਧਾਨ ਸਭਾ ਸਟਾਰਡ ਸਵਾਲ ਨੰ: 3055 ਵਲੋਂ ਸ੍ਰੀ ਸਰਦਾਰੀ ਲਾਲ ਕਪੂਰ, ਐਮ.ਐਲ.ਏ.।

ਪਿਆਰੇ ਕੇਵਲ ਕ੍ਰਿਸ਼ਨ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 3055 ਜੋ ਮਿਤੀ 21 ਜਨਵਰੀ, 1975 ਲਈ ਸਵਾਲਾਂ ਦੀ ਸੂਚੀ ਵਿਚ ਸ੍ਰੀ ਸਰਦਾਰੀ ਲਾਲ ਕਪੂਰ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ 31 ਜਨਵਰੀ, 1975 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਿਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤੂ,
ਸਹੀ/–
(ਜ. ਪ. ਪਾਂਡੇ)

ਸ੍ਰੀ ਸਰਦਾਰੀ ਲਾਲ ਕਪੂਰ : ਕੀ ਇਹ ਮੇਰੇ ਸਵਾਲ ਦਾ ਇਸੇ ਸੈਸ਼ਨ ਵਿਚ ਜਵਾਬ ਦੇ ਦੇਣਗੇ? (ਵਿਘਨ)

ਰਾਜ ਮੰਤਰੀ, ਲੋਕ ਕਾਰਜ : ਕੋਸ਼ਿਸ਼ ਕਰਾਂਗੇ।

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਇਸੇ ਸੈਸ਼ਨ ਵਿਚ ਹੀ ਜਵਾਬ ਦਿੱਤਾ ਜਾਵੇ। (I would request that the reply to this question may be given during the current Session.)

STARRED QUESTION No. 3125

Mr. Speaker : Extension has been asked for in respect of Starred Question No. 3125.

ਜ. ਪ. ਪਾਂਡੇ

ਅ: ਸ: ਪ: ਨੰ: 569 (ਵਿ: ਸ:) –ਏਸ 2(1)–75/
ਰਾਜ ਮੰਤਰੀ, ਲੋਕ ਨਿਰਮਾਣ, ਪੰਜਾਬ।
ਮਿਤੀ, ਚੰਡੀਗੜ੍ਹ, 20–1–75

ਵਿਸ਼ਾ :—ਵਿਧਾਨ ਸਭਾ ਸਟਾਰਡ ਸਵਾਲ ਨੰ: 3125 ਵਲੋਂ ਕਾਮਰੇਡ ਰਾਜ ਕੁਮਾਰ, ਐਮ. ਐਲ. ਏ.।

ਪਿਆਰੇ ਸ੍ਰੀ ਕੇਵਲ ਕ੍ਰਿਸ਼ਨ ਜੀ,

ਪੰਜਾਬ ਵਿਧਾਨ ਸਭਾ ਦਾ ਸਟਾਰਡ ਸਵਾਲ ਨੰ: 3125 ਜੋ ਮਿਤੀ 21 ਜਨਵਰੀ, 1975 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਰਾਜ ਕੁਮਾਰ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ

ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ 31 ਜਨਵਰੀ, 1975 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਿਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ,

ਸਹੀ/—

(ਜ. ਪ. ਪਾਂਡੇ)

ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਖੇਤੀ ਬਾੜੀ ਦੇ ਮੰਤਵਾਂ ਲਈ ਸਪਲਾਈ ਕੀਤੀ ਜਾਂਦੀ ਬਿਜਲੀ ਦੇ ਲਈ ਫਲੈਟ ਦਰ ਵਿਚ ਪ੍ਰਸਤਾਵਤ ਕਟੌਤੀ

*3008. **ਕਾਮਰੇਡ ਅੱਛਰਾ ਸਿੰਘ**
ਕਾਮਰੇਡ ਸੱਤ ਪਾਲ ਡਾਂਗ } ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਕਿਸਾਨਾਂ/ਕਾਸ਼ਤਕਾਰਾਂ ਨੂੰ ਬਿਜਲੀ ਦੀ ਘੱਟ ਸਪਲਾਈ ਦੇ ਮੱਦੇ ਨਜ਼ਰ ਖੇਤੀਬਾੜੀ ਦੇ ਮੰਤਵਾਂ ਲਈ ਬਿਜਲੀ ਦੇ ਲਈ, ਲਈ ਜਾਂਦੀ ਵਰਤਮਾਨ ਫਲੈਟ ਦਰ ਘੱਟ ਕਰਨ ਦੇ ਲਈ ਪੰਜਾਬ ਰਾਜ ਬਿਜਲੀ ਬੋਰਡ ਨੂੰ ਬੇਨਤੀ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਅੰਤਮ ਫੈਸਲਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : ਨਹੀਂ ਜੀ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਫਲੈਟ ਰੇਟ ਘਟਾਉਣ ਦੀ ਕੋਈ ਤਜਵੀਜ਼ ਨਹੀਂ ਹੈ । ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਇਸ ਗਲ ਦੀ ਰੋਸ਼ਨੀ ਵਿਚ ਕਿ ਕਿਸਾਨਾਂ ਨੂੰ ਬਿਜਲੀ ਉਕਾ ਹੀ ਨਹੀਂ ਮਿਲਦੀ ਅਤੇ ਜਿਹੜੀ ਥੋੜ੍ਹੀ ਬਹੁਤੀ ਮਿਲਦੀ ਹੈ ਉਹ ਤੋੜਕੇ ਮਿਲਦੀ ਹੈ ਅਤੇ ਫਸਲਾਂ ਦਾ ਨੁਕਸਾਨ ਹੁੰਦਾ ਹੈ । ਕਿਸਾਨਾਂ ਵਿਚ ਬੇਚੈਨੀ ਹੈ । ਕੀ ਸਰਕਾਰ ਇਸ ਗਲ ਦੇ ਉਤੇ ਬਿਜਲੀ ਬੋਰਡ ਨੂੰ ਮਨਾਉਣ ਨੂੰ ਤਿਆਰ ਹੈ ਕਿ ਫਲੈਟ ਰੇਟ ਘਟਾਇਆ ਜਾਏ ? ਫਲੈਟ ਰੇਟ ਇਕ ਮਿਨੀਮਮ ਹਦ ਤਕ ਬਿਜਲੀ ਸਪਲਾਈ ਕਰਨ ਨਾਲ ਬਣਾਇਆ ਜਾਏ ਔਰ ਕਿਸਾਨਾਂ ਨੂੰ ਆਪਸ਼ਨ ਦਿੱਤੀ ਜਾਵੇ ਕਿ ਚਾਹੇ ਉਹ ਫਲੈਟ ਰੇਟ ਰਖਣ, ਚਾਹੇ ਮੀਟਰ ਲਗਾਉਣ, ਜੋ ਉਨ੍ਹਾਂ ਦੀ ਮਰਜ਼ੀ ਹੈ ਉਹ ਕਰ ਸਕਣ । ਕੀ ਸਰਕਾਰ ਇਸ ਤਰ੍ਹਾਂ ਕਰਨ ਨੂੰ ਤਿਆਰ ਹੈ ?

ਰਾਜ ਮੰਤਰੀ : 1968 ਤੋਂ ਪਹਿਲਾਂ ਮੀਟਰ ਸਪਲਾਈ ਕੀਤੇ ਜਾਂਦੇ ਸੀ । ਉਸ ਤੋਂ ਬਾਅਦ ਫੇਰ ਫਲੈਟ ਰੇਟ ਸ਼ੁਰੂ ਕੀਤਾ ਗਿਆ । ਉਸ ਵੇਲੇ ਇਹ ਸਾਰਾ ਕੁਝ ਕੈਲਕੁਲੇਟ ਕੀਤਾ ਗਿਆ ਸੀ ਕਿ ਜੇ 3,6 ਘੰਟੇ ਰੋਜ਼ ਬਿਜਲੀ ਜਾਏ ਤਾਂ ਕਿੰਨਾ ਖਰਚ ਹੁੰਦਾ ਹੈ । ਉਸ ਦੇ ਮੁਤਾਬਿਕ ਹੀ ਫੇਰ ਇਹ ਫਲੈਟ ਰੇਟ ਸ਼ੁਰੂ ਕੀਤਾ ਗਿਆ ਸੀ । (ਵਿਘਨ) 1968 ਵਿਚ 56,000 ਟਿਊਬਵੈਲਜ਼ ਸਨ ਅਤੇ ਹੁਣ 1 ਲਖ 40 ਹਜ਼ਾਰ ਟਿਊਬਵੈਲਜ਼ ਹਨ ਅਤੇ ਇਨ੍ਹਾਂ ਨੂੰ ਸੱਤ ਘੰਟੇ ਬਿਜਲੀ ਦਿੰਦੇ ਰਹੇ ਹਾਂ ।

ਸ਼੍ਰੀ ਸਪੀਕਰ : ਸਵਾਲ ਜਿਹੜਾ ਕੀਤਾ ਹੈ ਉਹ ਇਹ ਹੈ ਕਿ ਕੀ ਗੌਰਮਿੰਟ ਆਪਣੀ ਪਾਲਿਸੀ ਨੂੰ ਰਿਵਾਈਜ਼ ਕਰਨ ਨੂੰ ਤਿਆਰ ਹੈ ਕਿ ਜੋ ਕੋਈ ਫਲੈਟ ਰੇਟ ਤੇ ਲੈਣਾ ਚਾਹੇ ਤਾਂ ਉਹ ਉਸ ਤਰ੍ਹਾਂ ਕਰ ਸਕੇ ਅਤੇ ਜੋ ਕੋਈ ਮੀਟਰ ਸਿਸਟਮ ਐਡਾਪਟ ਕਰਨਾ ਚਾਹੇ ਉਹ ਉਸ ਤਰ੍ਹਾਂ ਕਰ ਸਕੇ

[ਸ੍ਰੀ. ਸਪੀਕਰ]

(The question is whether Government is ready to revise its policy so that the farmers may take power either on flat rate basis or on the meter system basis according to their wishes).

ਰਾਜ ਮੰਤਰੀ : ਇਹ ਤਾਂ ਉਨ੍ਹਾਂ ਦੀ ਤਜਵੀਜ਼ ਹੈ (ਵਿਘਨ)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਜਦੋਂ ਇਨ੍ਹਾਂ ਨੂੰ ਐਗਰੀਕਲਚਰਲ ਪਰਪਜ਼ਿਜ਼ ਵਾਸਤੇ ਘੱਟ ਬਿਜਲੀ ਮਿਲਦੀ ਹੈ ਤਾਂ ਕੀ ਇਹ ਚੀਜ਼ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਉਸ ਵੇਲੇ ਕਈ ਕਾਰਖਾਨਿਆਂ ਨੂੰ 24 ਘੰਟੇ ਬਿਜਲੀ ਮਿਲਦੀ ਰਹਿੰਦੀ ਹੈ ? (ਵਿਘਨ)

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਰਦਾਰ ਕਰਨੈਲ ਸਿੰਘ ਮਰੜੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਭਾਅ ਦਿੱਲੀ ਨੂੰ ਬਿਜਲੀ ਦਿੱਤੀ ਜਾਂਦੀ ਹੈ ਕੀ ਉਸੇ ਭਾਅ ਤੇ ਪੰਜਾਬ ਨੂੰ ਵੀ ਬਿਜਲੀ ਦਿੱਤੀ ਜਾਵੇਗੀ ?

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ । It is ruled out. (This is no supplementary. It is ruled out.)

ਕਾਮਰੇਡ ਸਮਸ਼ੇਰ ਸਿੰਘ ਜੋਸ਼ : ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 1968 ਤੋਂ ਬਾਅਦ ਫਲੈਟ ਰੇਟ ਸਿਸਟਮ ਸ਼ੁਰੂ ਕੀਤਾ ਗਿਆ ਹੈ ਅਤੇ ਇਹ ਵੀ ਇਨ੍ਹਾਂ ਨੇ ਕਿਹਾ ਹੈ ਕਿ ਉਸ ਤੋਂ ਬਾਅਦ 7 ਘੰਟੇ ਬਿਜਲੀ ਸਪਲਾਈ ਕਰਦੇ ਰਹੇ ਹਾਂ । ਸਪੀਕਰ ਸਾਹਿਬ, ਇਸ ਸਾਲ ਸਾਢੇ ਤਿੰਨ ਘੰਟੇ ਤੋਂ ਵੱਧ ਬਿਜਲੀ ਸਪਲਾਈ ਨਹੀਂ ਹੋਈ ਹੈ ਅਤੇ ਟਿਊਬਵੈਲਾਂ ਤੋਂ ਰੇਟ ਸੱਤ ਘੰਟੇ ਦਾ ਚਾਰਜ ਕੀਤਾ ਗਿਆ ਹੈ। ਇਸ ਬਾਰੇ ਬੜੀ ਵੱਡੀ ਐਜੀਟੇਸ਼ਨ ਚਲੀ ਔਰ ਕਿਸਾਨਾਂ ਨੇ ਬਿਲ ਨਹੀਂ ਦਿੱਤੇ । ਬਟਾਲੇ ਵਿਚ ਹਜ਼ਾਰਾਂ ਲੋਕਾਂ ਨੇ ਆਪਣੇ ਬਿਲ ਨਹੀਂ ਦਿੱਤੇ ਔਰ ਗਿਆਨੀ ਜੀ ਦੇ ਦਖਲ ਦੇਣ ਨਾਲ ਇਹ ਫੈਸਲਾ ਹੋਇਆ ਕਿ ਜਿੰਨੀ ਬਿਜਲੀ ਸਪਲਾਈ ਕੀਤੀ ਗਈ ਹੈ ਉਸੇ ਹਿਸਾਬ ਨਾਲ ਬਿਲਾਂ ਵਿਚ ਕਟੌਤੀ ਕੀਤੀ ਜਾਏਗੀ । ਮਨਿਸਟਰ ਸਾਹਿਬ ਕਹਿ ਰਹੇ ਹਨ ਕਿ ਕਟੌਤੀ ਨਹੀਂ ਕੀਤੀ ਜਾਏਗੀ । ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਗਲ ਠੀਕ ਹੈ ਜਾਂ ਇਨ੍ਹਾਂ ਦੀ ਗਲ ਠੀਕ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀ ਬਿਜਲੀ ਦੀ ਸ਼ਾਰਟੇਜ ਹੈ ਉਹ ਜਨਵਰੀ, 1974 ਤੋਂ ਸ਼ੁਰੂ ਹੋਈ ਹੈ । 50 ਪ੍ਰਤੀਸ਼ਤ ਤੋਂ 75 ਪ੍ਰਤੀਸ਼ਤ ਤਕ ਕੱਟ ਇੰਪੋਜ਼ ਕੀਤੀ ਹੈ । ਲੇਕਿਨ ਜੇ ਮੈਂ ਇਨ੍ਹਾਂ ਨੂੰ ਦਸ ਦਿਆਂ ਕਿ ਕਿਹੜੇ ਕਿਹੜੇ ਮਹੀਨਿਆਂ ਵਿਚ ਕਿੰਨੀ ਕਿੰਨੀ ਬਿਜਲੀ ਅਸੀਂ ਟਿਊਬਵੈਲਜ਼ ਵਾਸਤੇ ਸਪਲਾਈ ਕੀਤੀ ਹੈ ਤਾਂ ਉਹ ਸੱਤ ਘੰਟੇ ਤੋਂ ਜ਼ਿਆਦਾ ਹੋਵੇਗੀ । ਅਪਰੈਲ ਵਿਚ 300 ਘੰਟੇ ਬਿਜਲੀ ਸਪਲਾਈ ਕੀਤੀ ਹੈ। ਇਹ ਸੱਤ ਮਹੀਨਿਆਂ ਵਿਚ ਕੋਈ 2,000 ਘੰਟੇ ਬਿਜਲੀ ਦਿੱਤੀ ਹੈ । (ਵਿਘਨ)

ਇਹ ਜਿਹੜਾ ਐਜੀਟੇਸ਼ਨ ਦਾ ਜ਼ਿਕਰ ਕੀਤਾ ਗਿਆ ਹੈ, ਇਹ ਜ਼ੇਰੇ ਗੌਰ ਹੈ ਕਿ ਉਨ੍ਹਾਂ ਨੂੰ ਕੀ ਰਿਆਇਤਾਂ ਦੇਣੀਆਂ ਹਨ ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਮੀਟਰ ਲਵਾਉਣਾ ਚਾਹੇ ਤਾਂ ਅਸੀਂ ਉਨ੍ਹਾਂ ਦੇ ਮੀਟਰ ਲਵਾ ਦਿਆਂਗੇ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਜਿਹੜਾ ਕੋਈ ਮੀਟਰ ਲਵਾਉਣਾ ਚਾਹੇਗਾ ਅਸੀਂ ਉਸ ਦੇ ਮੀਟਰ ਲਵਾ ਦਿਆਂਗੇ । ਇਸ ਲਈ ਮੈਂ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਕਾਰਖਾਨਿਆਂ ਵਿਚ ਮੀਟਰ ਲੱਗੇ ਹੋਏ ਹਨ, ਉਥੇ ਬਿਜਲੀ ਜਾਵੇ ਜਾਂ ਨਾ ਜਾਵੇ ਪਰ ਮਿਨੀਮਮ ਅਮਾਊਂਟ ਚਾਰਜ ਕੀਤੀ ਜਾਂਦੀ ਹੈ । ਉਥੇ ਮੀਟਰ ਦੇ ਹਿਸਾਬ ਨਾਲ ਚਾਰਜ ਕਿਉਂ ਨਹੀਂ ਕੀਤਾ ਜਾਂਦਾ ?

ਰਾਜ ਮੰਤਰੀ : 1968 ਵਿਚ ਅਸੀਂ ਇਸ ਨੂੰ ਫਲੈਟ ਰੇਟ ਵਿਚ ਤਬਦੀਲ ਕੀਤਾ ਸੀ । ਉਸ ਵੇਲੇ ਮਿਨੀਮਮ ਸਪਲਾਈ ਨਹੀਂ ਸੀ । ਹੁਣ ਇਹ ਹੈ ਕਿ ਮਿਨੀਮਮ ਸਪਲਾਈ ਰੱਖੀ ਹੈ ਅਤੇ ਉਸ ਦੇ ਮੁਤਾਬਿਕ ਦੇ ਰਹੇ ਹਾਂ । (ਵਿਘਨ)

ਸਰਦਾਰ ਗੁਰਬਚਨ ਸਿੰਘ (ਰੋਪੜ) : ਇਹ ਜਿਹੜਾ ਫਲੈਟ ਰੇਟ ਹੈ ਇਹ ਪੰਜਾਬ ਦੇ ਜ਼ਿਮੀਦਾਰਾਂ ਤੇ ਠੋਸਿਆ ਗਿਆ ਹੈ। ਜਿਹੜੇ ਛੋਟੇ ਕਿਸਾਨ ਹਨ ਅਤੇ ਜਿਨ੍ਹਾਂ ਦੀ ਜ਼ਮੀਨ 8 ਏਕੜ ਜਾਂ 5 ਏਕੜ ਤੋਂ ਘੱਟ ਹੈ ਉਨ੍ਹਾਂ ਕਿਸਾਨਾਂ ਨੂੰ ਇਸ ਨਾਲ ਬਹੁਤ ਨੁਕਸਾਨ ਹੈ । ਕੀ ਸਾਡੀ ਸਰਕਾਰ ਜਿੰਨੀ ਕੋਈ ਬਿਜਲੀ ਖਰਚ ਕਰਦਾ ਹੈ ਉਸ ਦੇ ਮੁਤਾਬਿਕ ਉਨ੍ਹਾਂ ਕੋਲੋਂ ਪੈਸੇ ਲਵੇਗੀ ਅਤੇ ਇਹ ਫਲੈਟ ਰੇਟ ਦਾ ਸਿਸਟਮ ਖਤਮ ਕਰੇਗੀ ਅਤੇ ਜਾਂ ਇਸ ਦੇ ਰੇਟ ਘੱਟ ਕਰੇਗੀ ?

ਰਾਜ ਮੰਤਰੀ : ਜਿਹੜਾ ਵੀ ਛੋਟਾ ਕਿਸਾਨ ਹੈ ਅਤੇ ਜਿਹੜਾ ਵੀ ਮੀਟਰ ਲਾਉਣਾ ਚਾਹੇਗਾ ਅਸੀਂ ਮੀਟਰ ਦੇਣ ਵਾਸਤੇ ਤਿਆਰ ਹਾਂ ।

ਚੌਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਫਲੈਟ ਰੇਟ ਹੋਣ ਤੋਂ ਪਹਿਲਾਂ ਬਿਜਲੀ ਦਾ ਕੀ ਰੇਟ ਸੀ ਅਤੇ ਹੁਣ ਕੀ ਰੇਟ ਹੈ ? ਕੀ ਇਹ ਵੀ ਦੱਸਣਗੇ ਕਿ ਜਿਹੜਾ ਹੁਣ ਅੱਗੇ ਨਾਲੋਂ ਡੇਢ ਗੁਣਾ ਚਾਰਜ ਕੀਤਾ ਜਾਂਦਾ ਹੈ ਉਸ ਹਿਸਾਬ ਨਾਲ ਪਹਿਲੇ ਨਾਲੋਂ ਹੁਣ ਕਿੰਨਾ ਫਰਕ ਪਿਆ ਹੈ ?

ਰਾਜ ਮੰਤਰੀ : ਇਹ ਨੋਟਿਸ ਦੇ ਦੇਣ । (ਵਿਘਨ)

ਕਾਮਰੇਡ ਅੱਛਰਾ ਸਿੰਘ : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 1968 ਵਿਚ ਫਲੈਟ ਰੇਟ ਬੰਨ੍ਹਿਆ ਸੀ। ਉਸ ਤੋਂ ਬਾਅਦ ਹੁਣ ਫਲੈਟ ਰੇਟ ਡੇਢ ਗੁਣਾ ਹੋ ਗਿਆ ਹੈ ਅਤੇ ਇਸ ਨਾਲ ਕਿਸਾਨਾਂ ਵਿਚ ਬੜੀ ਬੇਚੈਨੀ ਹੈ । ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਫਲੈਟ ਰੇਟ ਦੇ ਦਰ ਘੱਟ ਕਰਨ ਵਾਸਤੇ ਤਿਆਰ ਹਨ ?

(ਕੋਈ ਉੱਤਰ ਨਹੀਂ ਆਇਆ ।)

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਜਿਹੜਾ ਫਲੈਟ ਰੇਟ ਉਦੋਂ ਕਾਇਮ ਕੀਤਾ ਸੀ ਉਦੋਂ ਇਹ ਵੱਡੇ ਅਤੇ ਛੋਟੇ ਕਿਸਾਨਾਂ ਲਈ ਚੰਗਾ ਸੀ, ਕਿਉਂਕਿ ਮੀਟਰ ਸਿਸਟਮ ਫੇਲ੍ਹ ਹੋ ਚੁੱਕਾ ਸੀ । ਇਸ ਲਈ ਕੀ ਇਹ ਦੱਸਣਗੇ ਕਿ ਫਲੈਟ ਰੇਟ ਵੀ ਰਹਿ ਜਾਵੇ ਪਰ ਕਿਸਾਨ ਜਿੰਨੀ ਬਿਜਲੀ ਕੰਜ਼ਿਊਮ ਕਰਦੇ ਹਨ ਉਸ ਦੇ ਮੁਤਾਬਿਕ ਉਨ੍ਹਾਂ ਨੂੰ ਬਿਜਲੀ ਦੇ ਪੈਸੇ ਦੇਣੇ ਪੈਣ, ਕੀ ਅਜਿਹਾ ਇਹ ਪ੍ਰਬੰਧ ਕਰਨਗੇ ?

ਰਾਜ ਮੰਤਰੀ : ਇਹ ਸਜੈਸ਼ਨ ਹੈ, ਇਸ ਉਤੇ ਗੌਰ ਕਰ ਲਵਾਂਗੇ ।

———

ਬਠਿੰਡਾ ਥਰਮਲ ਪਲਾਂਟ ਦਾ ਬੰਦ ਹੋਣਾ

*3030. **ਸ੍ਰੀ ਪਿਆਰਾ ਰਾਮ ਧੰਨੋਵਾਲੀ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਨੇ ਕਿਹੜੀ ਤਰੀਕ ਨੂੰ ਬਿਜਲੀ ਪੈਦਾ ਕਰਨੀ ਸ਼ੁਰੂ ਕੀਤੀ ;

(ਅ) ਉਪਰੋਕਤ ਤਰੀਕ ਤੋਂ ਲੈ ਕੇ ਪਲਾਂਟ ਕਿੰਨੀ ਵਾਰ ਬੰਦ ਹੋਇਆ ਅਤੇ ਇਸ ਦੇ ਹਰ ਵਾਰ ਬੰਦ ਹੋਣ ਦੇ ਕੀ ਕਾਰਨ ਸਨ;

(ੲ) ਉਕਤ ਪਲਾਂਟ ਰਾਹੀਂ ਬਿਜਲੀ ਦੀ ਉਪਜ ਨੂੰ ਯਕੀਨੀ ਅਤੇ ਨਿਯਮਿਤ ਬਣਾਉਣ ਲਈ ਸਰਕਾਰ ਕੀ ਕਾਰਵਾਈ ਕਰਨ ਦਾ ਵਿਚਾਰ ਰਖਦੀ ਹੈ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : (ੳ) ਇਹ ਯੂਨਿਟ 22 ਸਤੰਬਰ, 1974 ਨੂੰ ਅਜ਼ਮਾਇਸ਼ੀ ਤੌਰ ਤੇ ਸ਼ੁਰੂ ਕੀਤਾ ਗਿਆ। ਬਿਜਲੀ ਦੀ ਪੈਦਾਵਾਰ ਵਧਾਉਣ ਲਈ ਹੋਰ ਵਧੇਰੇ ਅਜ਼ਮਾਇਸ਼ 12 ਅਕਤੂਬਰ, 1974 ਨੂੰ ਸ਼ੁਰੂ ਹੋਈ।

(ਅ) 12 ਅਕਤੂਬਰ, 1974 ਤੋਂ 9 ਜਨਵਰੀ, 1975 ਤੱਕ ਇਹ ਯੂਨਿਟ 38 ਬਾਰ ਬੰਦ ਹੋਇਆ ।

(ੲ) ਸ਼ੁਰੂ ਸ਼ੁਰੂ ਵਿਚ ਥਰਮਲ ਪਲਾਂਟਾਂ ਵਿਚ ਬਰੇਕ ਡਾਊਨ/ਲੀਕੇਜ ਹੋ ਜਾਣਾ ਗੈਰ-ਮਾਮੂਲੀ ਨਹੀਂ ਹੈ। ਜੇ ਯੂਨਿਟ ਬਾਰ ਬਾਰ ਬੰਦ ਹੁੰਦਾ ਰਿਹਾ, ਤਾਂ ਸਰਕਾਰ ਇਸ ਸਾਲ ਮਾਰਚ ਦੇ ਅੰਤ ਵਿਚ ਹਾਲਤ ਉਪਰ ਦੋਬਾਰਾ ਵਿਚਾਰ ਕਰੇਗੀ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 12 ਅਕਤੂਬਰ, 1974 ਤੋਂ 9 ਜਨਵਰੀ, 1975 ਤੱਕ 2 ਮਹੀਨੇ 27 ਦਿਨਾਂ ਵਿਚ ਇਹ ਯੂਨਿਟ 38 ਵਾਰ ਬੰਦ ਹੋਇਆ। ਕੀ ਇਸ ਦੇ ਬੰਦ ਹੋਣ ਦੇ ਕਾਰਨ ਇਹ ਨਹੀਂ ਕਿ ਇਹ ਜਿਹੜੀ ਮਸ਼ੀਨਰੀ ਖਰੀਦੀ ਗਈ ਹੈ ਉਸ ਵਿਚ ਨੁਕਸ ਸੀ। ਇਸ ਲਈ ਕੀ ਇਹ ਉਸ ਦੀ ਇਨਕੁਆਇਰੀ ਕਰਾਉਣ ਲਈ ਤਿਆਰ ਹਨ ? ਇਹ ਮਸ਼ੀਨਰੀ ਖਰਾਬ ਕਿਉਂ ਹੋਈ , ਇਸ ਦੇ ਕੀ ਕਾਰਨ ਹਨ ?

ਰਾਜ ਮੰਤਰੀ : ਮੈਂ ਪਹਿਲਾਂ ਹੀ ਦੱਸਿਆ ਹੈ ਕਿ ਇਸ ਵਿਚ 38 ਵਾਰ ਬਰੇਕ ਡਾਊਨ ਹੋਇਆ ਹੈ। (ਵਿਘਨ) ਇਸ ਵਿਚ ਜਿਹੜਾ ਬੁਆਇਲਰ ਹੈ, ਉਸ ਦੀਆਂ ਟਿਊਬਜ਼ ਦੀ ਲੈਂਥ 250 ਕਿਲੋਮੀਟਰ ਹੈ। ਇਸ ਦੇ ਵਿਚ ਜੁਆਇੰਟ ਪਾਈਪਜ਼ ਕਮ-ਅਜ਼-ਕਮ 80 ਹਜ਼ਾਰ ਹਨ। ਇਸ ਦੇ ਵਿਚ ਚਾਰ ਕੰਪੋਨੈਂਟਸ ਹਨ। ਧੰਨੋਵਾਲੀ ਜੀ ਟੈਕਨੀਕਲੀ ਸ਼ਾਇਦ ਇਸ ਨੂੰ ਨਾ ਸਮਝ ਸਕਣ। (ਹਾਸਾ) (ਵਿਘਨ) ਇਸ ਦੇ ਵਿਚ 4 ਕੰਪੋਨੈਂਟਸ ਇਸ ਕਿਸਮ ਦੇ ਹਨ ਜਿਹੜੇ ਇਸ ਦੀ ਜੈਨਰੇਸ਼ਨ ਨਾਲ ਤੁਅੱਲਕ ਰੱਖਦੇ ਹਨ। ਬਾਕੀ ਠੰਢਾ ਕਰਨ ਦੀ ਜਿਹੜੀ ਗੱਲ ਹੈ ਅਤੇ ਟਰਬਾਈਨ ਜੋ ਹੈ (ਵਿਘਨ) ਇਸ ਵਿਚ ਜਿਹੜੀ ਖਰਾਬੀ ਹੈ ਉਹ ਸਿਰਫ ਬੁਆਇਲਰ ਦੀ ਆਈ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਠਿੰਡਾ ਗੁਰੂ ਨਾਨਕ ਥਰਮਲ ਪਲਾਂਟ ਖੜਾ ਹੋਇਆ ਹੈ, ਰੁਕਿਆ ਹੈ ਜਾਂ ਐਨੀ ਵਾਰ ਖਰਾਬ ਹੋਇਆ ਹੈ, ਇਸ

ਦਾ ਕਾਰਨ ਕਿਤੇ ਇਹ ਤਾਂ ਨਹੀਂ ਕਿ ਇਸ ਦੀ ਮਸ਼ੀਨਰੀ ਵਿਦੇਸ਼ ਤੋਂ ਮੰਗਵਾਈ ਹੈ ਅਤੇ ਇਹ ਹਿੰਦੁਸਤਾਨ ਵਿਚ ਆ ਕੇ ਤਬਦੀਲ ਕਰ ਦਿੱਤੀ ਗਈ ਹੈ। ਕੀ ਸਰਕਾਰ ਇਸ ਦੀ ਇਨਕੁਆਇਰੀ ਕਰਾਉਣ ਵਾਸਤੇ ਤਿਆਰ ਹੈ ?

ਰਾਜ ਮੰਤਰੀ : ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਇਹ ਮਸ਼ੀਨਰੀ ਵਿਦੇਸ਼ ਤੋਂ ਆਈ ਹੈ, ਮੈਂ ਅਰਜ਼ ਕਰਦਾ ਹਾਂ ਕਿ ਇਸ ਦੀ ਕੋਈ ਮਸ਼ੀਨਰੀ ਵਿਦੇਸ਼ ਤੋਂ ਨਹੀਂ ਆਈ ਅਤੇ ਇਹ ਸਾਰੀ ਇੰਡੀਜੀਨੀਸ ਹੈ ਅਤੇ ਇਹ ਗੌਰਮਿੰਟ ਅੰਡਰਟੇਕਿੰਗ ਹੈ। ਕੋਈ ਵੀ ਮਸ਼ੀਨਰੀ ਬਾਹਰੋਂ ਨਹੀਂ ਆਈ।

ਸਰਦਾਰ ਸੁਰਜੀਤ ਸਿੰਘ ਅਟਵਾਲ : ਮਨਿਸਟਰ ਸਾਹਿਬ ਨੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਹੈ ਕਿ ਥਰਮਲ ਪਲਾਂਟ ਦੇ ਵਿਚ ਜਿਹੜੇ ਨੁਕਸ ਹਨ ਉਹ ਕਾਮਨ ਹਨ। ਮੈਂ ਉਨ੍ਹਾ ਕੋਲੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਕਿਸਮ ਦੇ ਹੋਰ ਕਿੰਨੇ ਥਰਮਲ ਪਲਾਂਟ ਹਨ ਜਿਨ੍ਹਾਂ ਵਿਚ ਇਸ ਕਿਸਮ ਦੇ ਨੁਕਸ ਹਨ ਅਤੇ ਉਹ ਕਾਮਨ ਨੁਕਸ ਹਨ ?

ਰਾਜ ਮੰਤਰੀ : ਜਿਹੜਾ ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ ਸ਼ਾਇਦ ਉਹ ਆਪ ਵੀ ਇਸ ਸਵਾਲ ਨੂੰ ਨਾ ਸਮਝ ਸਕਣ। (ਵਿਘਨ) ਉਨ੍ਹਾਂ ਨੇ ਕਿਹਾ ਹੈ ਕਿ ਇਸ ਸਕੀਮ ਦੇ ਕਿੰਨੇ ਥਰਮਲ ਪਲਾਂਟ ਹਨ ਜਿਨ੍ਹਾਂ ਵਿਚ ਇਹੋ ਜਿਹੇ ਨੁਕਸ ਹਨ। ਮੈਂ ਅਰਜ਼ ਕਰਦਾ ਹਾਂ ਕਿ ਇਸ ਕਿਸਮ ਦੇ 6 ਥਰਮਲ ਪਲਾਂਟ ਹਨ। ਉਹ ਹਨ : ਕੋਟਾ ਗੁਟਾਨ, ਸੰਤਾਨ ਗੜ੍ਹ, ਚੰਦਰ ਪੁਰ ਅਤੇ ਬਠਿੰਡਾ ਆਦਿ, ਇਹ 6 ਕਿਸਮ ਦੇ ਪਲਾਂਟ ਹਨ। ਇਹ ਛੇ ਪਲਾਂਟ ਇਕ ਹੀ ਕੈਪਸਿਟੀ ਦੇ ਹਨ। । ਕੋਟਾ ਗੁਟਾਨ ਅਤੇ ਬਠਿੰਡਾ ਥਰਮਲ ਪਲਾਂਟ ਜੋ ਹਨ ਇਹ 110 ਮੈਗਾਵਾਟ ਦੇ ਹਨ। (ਵਿਘਨ) ਸਾਡੇ ਪਲਾਂਟ ਨੇ ਸਭ ਤੋਂ ਜ਼ਿਆਦਾ ਬਿਜਲੀ ਜੈਨਰੇਟ ਕੀਤੀ ਹੈ। 86 ਦਿਨਾਂ ਵਿਚ 6 ਕਰੋੜ 70 ਲੱਖ ਯੂਨਿਟ ਇਲੈਕਟ੍ਰਿਸਿਟੀ ਜੈਨਰੇਟ ਹੋਈ ਹੈ ਜਦ ਕਿ ਦੂਜਿਆਂ ਪਲਾਂਟਸ ਨੇ ਕਿਸੇ ਨੇ 3 ਲੱਖ ਯੂਨਿਟ ਬਿਜਲੀ ਜੈਨਰੇਟ ਕੀਤੀ ਹੈ, ਕਿਸੇ ਨੇ 5 ਲੱਖ ਆਦਿ। ਸਾਡੇ ਬਠਿੰਡਾ ਥਰਮਲ ਪਲਾਂਟ ਨੇ ਮੈਕਸੀਮਮ ਅਤੇ ਜ਼ਿਆਦਾ ਤੋਂ ਜ਼ਿਆਦਾ ਬਿਜਲੀ ਜੈਨਰੇਟ ਕੀਤੀ ਹੈ। ਇਹ ਮੈਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਇਸ ਦੇ ਬੁਆਇਲਰਜ਼ ਦੀਆਂ ਟਿਊਬਜ਼ ਜਿਹੜੀਆਂ ਹਨ ਉਹ 250 ਕਿਲੋ ਮੀਟਰ ਹਨ ਅਤੇ 80 ਹਜ਼ਾਰ ਇਸ ਦੇ ਵਿਚ ਜੁਆਇੰਟਸ ਹਨ ਜਿਸ ਦੀ ਵਜ੍ਹਾ ਕਰਕੇ ਪ੍ਰਾਬਲਮਜ਼ ਆਈਆਂ ਹਨ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜੇ ਮਨਿਸਟਰ ਸਾਹਿਬ ਆਪਣੇ ਦੱਸੇ ਕੇਸ ਵਿਚ ਇਤਨੇ ਹੀ ਅਸ਼ੋਅਰਡ ਹਨ ਅਤੇ ਇਨ੍ਹਾਂ ਨੂੰ ਆਪਣੇ ਪਲਾਂਟ ਤੇ ਪੂਰਾ ਇਤਬਾਰ ਹੈ ਤਾਂ ਕੀ ਮੇਰੇ ਇਸ ਇਲਜ਼ਾਮ ਦੀ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ- ਕਿ ਜਿਹੜੀਆਂ ਟਿਊਬਜ਼ ਅਤੇ ਪਾਈਪਸ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਹ 7–8 ਲੱਖ ਰੁਪਏ ਦੀਆਂ ਆਉਂਦੀਆਂ ਸਨ ਲੇਕਿਨ 2 ਲਖ ਰੁਪਏ ਦੀ ਹੇਰਾ ਫੇਰੀ ਕਰਨ ਲਈ ਉਹ ਸਬ–ਸਟੈਂਡਰਡ ਲਗਾਈਆਂ ਗਈਆਂ ਹਨ ਔਰ ਜੇ ਅੱਜ ਰਿਪਲੇਸ ਕਰੀਏ ਤਾਂ ਇਕ ਲੱਖ ਰੁਪਿਆ ਲਗਦਾ ਹੈ। ਇਹ ਪਲਾਂਟ ਇਸ ਕਰਕੇ ਨਹੀਂ ਚਲਦਾ ਕਿ ਇਸ ਦੇ ਵਿਚ ਟਿਊਬਜ਼ ਸਬ–ਸਟੈਂਡਰਡ ਲਗਾਈਆਂ ਹਨ। ਅੱਜ ਵੀ ਅਖ਼ਬਾਰ ਵਿਚ ਆਇਆ ਹੈ ਇਹ ਪਲਾਂਟ ਦੋ ਹਫ਼ਤੇ ਲਈ ਬੰਦ ਹੋ ਰਿਹਾ ਹੈ, ਕੀ ਇਸ ਗਲ ਦੀ ਇਹ ਇਨਕੁਆਇਰੀ ਕਰਾਉਣਗੇ ?

ਰਾਜ ਮੰਤਰੀ : ਇਹ ਜਿਹੜੀ ਗਲ ਇਨ੍ਹਾਂ ਨੇ ਕਹੀ ਹੈ ਇਸ ਤੇ ਗੌਰ ਕਰ ਲਵਾਂਗੇ। ਲੇਕਿਨ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਟਿਊਬਜ਼ ਸਬ–ਸਟੈਂਡਰਡ ਲਾਈਆਂ ਹਨ, ਇਹ ਗਲ ਠੀਕ ਨਹੀਂ ਹੈ। ਤਿੰਨ ਦਫ਼ਾ ਟਿਊਬਜ਼ ਦੇ ਵਿਚ ਨੁਕਸਾਨ ਹੋਇਆ ਹੈ ਇਹ ਕੋਈ ਬਹੁਤਾ ਨੁਕਸਾਨ ਨਹੀਂ ਕਿਹਾ ਜਾ ਸਕਦਾ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਥਰਮਲ ਪਲਾਂਟ ਦਾ ਜਦੋਂ ਉਦਘਾਟਨ ਹੋਣਾ ਸੀ ਤਾਂ ਪਾਣੀ ਦੀ ਜੋ ਲੇਕ ਬਣੀ ਸੀ ਉਹ ਹੀ ਟੁੱਟ ਗਈ, ਸਾਰਾ ਸਿਸਟਮ ਹੀ ਦਰੱਹਮ ਬਰਹੱਮ ਹੋ ਗਿਆ। ਉਸ ਦੇ ਵਿਚ ਸੀਮਿੰਟ ਨਹੀਂ ਸੀ ਲਗਿਆ, ਬਾਅਦ ਵਿਚ ਲਗਾਇਆ ਗਿਆ ਹੈ। ਸਾਰਾ ਕੰਮ ਹੀ ਠੀਕ ਨਹੀਂ ਹੋਇਆ, ਕੀ ਇਹ ਠੀਕ ਗੱਲ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ ਕਿ ਲੇਕ ਦੇ ਵਿਚ ਸੀਮਿੰਟ ਨਹੀਂ ਸੀ ਲੱਗਿਆ ਜਾਂ ਪੱਕਾ ਨਹੀਂ ਸੀ ਕੀਤਾ ਗਿਆ ਇਸ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿਉਂਕਿ ਪਲਾਂਟ ਦਾ ਪਹਿਲਾਂ ਟਰਾਇਲ ਕੀਤਾ ਗਿਆ ਸੀ ਅਤੇ ਜਿਹੜੀ ਲੇਕ ਸੀ ਉਹ ਕੱਚੀ ਸੀ, ਜਦੋਂ ਉਸ ਦੇ ਵਿਚ ਪਾਣੀ ਗਿਆ ਤਾਂ ਉਸ ਦੇ ਕਿਨਾਰੇ ਜ਼ਰੂਰ ਭੁਰ ਗਏ ਸਨ। ਅਸੀਂ ਫਿਰ ਉਸ ਦੀ ਲਾਈਨਿੰਗ ਕਰ ਦਿੱਤੀ। (ਵਿਘਨ)

ਸ੍ਰੀ ਕੇਸ਼ੋ ਰਾਮ ਗੋਇਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਥਰਮਲ ਪਲਾਂਟ ਕਈ ਵਾਰੀ ਸ਼ੱਟ ਡਾਊਨ ਹੋਇਆ ਹੈ, ਮੈਨੂੰ ਜੋ ਪਤਾ ਲਗਾ ਹੈ ਕਿ ਇਕ ਵਾਰੀ ਸ਼ੱਟ ਡਾਊਨ ਹੋਣ ਨਾਲ 10 ਲੱਖ ਰੁਪਏ ਦਾ ਨੁਕਸਾਨ ਹੁੰਦਾ ਹੈ ਪਰ ਇਹ 38 ਵਾਰ ਸ਼ੱਟ ਡਾਊਨ ਹੋਇਆ ਹੈ, ਇਸ ਦਾ ਮਤਲਬ ਕਿ 3 ਕਰੋੜ 80 ਲੱਖ ਰੁਪਿਆ ਨੁਕਸਾਨ ਹੋਇਆ ਹੈ। ਕੀ ਇਹ ਸੱਚ ਹੈ ਅਤੇ ਇਸ ਗਲ ਦੀ ਇਨਕੁਆਇਰੀ ਕਰਾਉਣਗੇ ਕਿ ਇਤਨੇ ਵਾਰੀ ਇਹ ਸ਼ੱਟ ਡਾਊਨ ਕਿਉਂ ਹੋਇਆ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਸ਼ੱਟ ਡਾਊਨ ਦੇ ਵਿਚ ਜਿੰਨਾਂ ਨੁਕਸਾਨ ਇਨ੍ਹਾਂ ਨੇ ਕਿਹਾ ਹੈ ਉਤਨਾ ਫਾਈਨਾਂਸ਼ਲ ਨੁਕਸਾਨ ਨਹੀਂ ਹੋਇਆ। ਜਿਹੜਾ ਨੁਕਸਾਨ ਹੁੰਦਾ ਹੈ ਉਹ ਵਰਕਿੰਗ ਆਵਰਜ਼ ਦਾ ਹੁੰਦਾ ਹੈ। ਜਦੋਂ ਇਕ ਵਾਰੀ ਪਲਾਂਟ ਰੁਕ ਜਾਏ ਤਾਂ ਬੁਆਇਲਰ ਨੂੰ ਠੰਢਾਂ ਕਰਨ ਵਿਚ ਦੋ ਦਿਨ ਲਗ ਜਾਂਦੇ ਹਨ, ਇਕ ਜਾਂ ਦੋ ਦਿਨ ਫਿਰ ਟਿਊਬਜ਼ ਨੂੰ ਟੈਸਟ ਕਰਨ ਵਿਚ ਲਗ ਜਾਂਦੇ ਹਨ ਅਤੇ ਦੋ ਦਿਨ ਫਿਰ ਉਸ ਨੂੰ ਹੀਟ ਕਰਨ ਵਿਚ ਲਗ ਜਾਂਦੇ ਹਨ। ਇਸ ਕਰਕੇ ਇਸ ਦੇ ਵਿਚ ਫਾਈਨਾਂਸ਼ਲ ਲਾਸ ਨਹੀਂ ਹੁੰਦਾ, ਟਾਈਮ ਅਤੇ ਵਰਕ ਦਾ ਜ਼ਰੂਰ ਨੁਕਸਾਨ ਹੁੰਦਾ ਹੈ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਬਠਿੰਡਾ ਦਾ ਥਰਥਲ ਪਲਾਂਟ ਜਿਹੜਾ ਹੈ ਉਹ ਪੰਜਾਬ ਦੀ ਬਿਜਲੀ ਦੀ ਸਮੱਸਿਆ ਦਾ ਹੱਲ ਹੈ ਪਰ ਮੈਨੂੰ ਅਫਸੋਸ ਹੈ ਕਿ ਜਿਤਨੇ ਵੀ ਜਵਾਬ ਵਜ਼ੀਰ ਸਾਹਿਬ ਦੇ ਰਹੇ ਹਨ ਉਹ ਸਾਰੇ ਇਵੇਸਿਵ ਰਿਪਲਾਈਜ਼ ਹਨ। (ਵਿਘਨ) ਇਸ ਦੇ ਵਿਚ ਕੁਰੱਪਸ਼ਨ ਅਤੇ ਇਨਐਫੀਸ਼ੇਂਸੀ ਦੋਨੋ ਹੀ ਗਲਾਂ ਇਨਵਾਲਵਡ ਹਨ; ਕੀ ਕੋਈ ਹਾਈ ਪਾਵਰਡ ਕਮੇਟੀ ਮੁਕਰੱਰ ਕਰਕੇ ਇਨ-ਕੁਆਇਰੀ ਕਰਾਉਣਗੇ ਕਿ ਇਹ ਥਰਮਲ ਪਲਾਂਟ ਵਾਰ ਵਾਰ ਕਿਉਂ ਬੰਦ ਹੁੰਦਾ ਹੈ?

ਰਾਜ ਮੰਤਰੀ : ਆਜ਼ਾਦ ਸਾਹਿਬ ਨੇ ਜੋ ਫੁਰਮਾਇਆ ਹੈ, ਇਹ ਇਨ੍ਹਾਂ ਦੀ ਇਕ ਸੁਜੇਸ਼ਨ ਹੈ।

As per norms of Central Water and Power Commission, if the actual working days are 60 per cent of the total working days of any Thermal Unit, its working is considered as efficient working and that too when the unit is stabilized. In the case of Bhatinda unit, although it is in initial stages, its actual working days are more than 60 per cent.

Acharya Prithvi Singh Azad : This is not the reply to my question, Mr. Speaker. He is reading a statement.

Minister of State : I am not reading a statement. I am giving reply.

ਸਵਾਲ ਇਹ ਹੈ ਕਿ ਸੈਂਟਰਲ ਵਾਟਰ ਐਂਡ ਪਾਵਰ ਕਮਿਸ਼ਨ ਦੀਆਂ ਰਿਕੂਮੈਂਡੇਸ਼ਨਜ਼ ਹਨ ਕਿ 60% ਅਗਰ ਵਰਕਿੰਗ ਠੀਕ ਹੋਵੇ ਤਾਂ ਉਸ ਨੂੰ ਠੀਕ ਗਿਣਿਆ ਜਾਂਦਾ ਹੈ। ਇਸ ਦੀ 60% ਤੋਂ ਉਤੇ ਵਰਕਿੰਗ ਠੀਕ ਹੈ। (ਵਿਘਨ (ਸ਼ੋਰ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਸੱਚ ਹੈ ਕਿ ਜਿਸ ਦਿਨ ਦਾ ਪਲਾਂਟ ਚਲਿਆ ਹੈ ਲਗਾਤਾਰ ਕਿਧਰੇ ਵੀ ਇਸ ਨੇ 8 ਘੰਟੇ ਵਰਕ ਨਹੀਂ ਕੀਤਾ; ਜੇ ਇਹ ਸੱਚ ਹੈ ਤਾਂ ਇਸ ਦੇ ਵਿਚ ਬੜੀ ਵਡੀ ਕੁਰੱਪਸ਼ਨ ਹੋਈ ਹੈ ? ਕੀ ਇਸ ਦੀ ਇਨਕੁਆਇਰੀ ਵਾਸਤੇ ਕੋਈ ਹਾਈ-ਪਾਵਰਡ ਕਮੇਟੀ ਬਣਾਉਣ ਵਾਸਤੇ ਤਿਆਰ ਹਨ ਜੋ ਸਾਰੀ ਗਲ ਦੀ ਰਿਪੋਰਟ ਕਰ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਇਸ ਦਾ ਜਵਾਬ ਦੇ ਚੁੱਕਾ ਹਾਂ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਬੋਰਡ ਦੇ ਕਹਿਣ ਉਤੇ ਟਾਟਾ ਇੰਜੀਨੀਅਰਿੰਗ ਇਨਵੈਸਟੀਗੇਸ਼ਨ ਟੀਮ ਉਥੇ ਗਈ ਸੀ ਔਰ ਉਸ ਇਨਵੈਸਟੀਗੇਸ਼ਨ ਟੀਮ ਨੇ ਦਸਿਆ ਕਿ ਇਹ ਜਿਹੜੀਆਂ ਬੁਆਇਲਰ ਦੀਆਂ ਟਿਊਬਜ਼ ਹਨ ਇਹ ਸਬ-ਸਟੈਂਡਰਡ ਖਰੀਦੀਆਂ ਗਈਆਂ ਹਨ ਜਿਸ ਦੇ ਨਾਲ ਨੁਕਸਾਨ ਹੋ ਰਿਹਾ ਹੈ। ਇਕ ਤਾਂ ਇਸ ਗਲ ਦੇ ਪੇਸ਼ੇ ਨਜ਼ਰ ਔਰ ਦੂਸਰਾ ਜਿਹੜਾ ਮੈਟੀਰੀਅਲ ਲਗਾਇਆ ਗਿਆ ਹੈ ਉਹ ਸਬ–ਸਟੈਂਡਰਡ ਲਗਾਇਆ ਗਿਆ ਹੈ; ਕੀ ਵਜ਼ੀਰ ਸਾਹਿਬ ਇਸ ਦੇ ਲਈ ਕੋਈ ਕਮੇਟੀ ਬਣਾਉਣ ਵਾਸਤੇ ਤਿਆਰ ਹਨ ਜਿਹੜੀ ਕਿ ਇਨਕੁਆਇਰੀ ਕਰਕੇ ਦੱਸੇ ਕਿ ਇਸ ਦੇ ਲਈ ਕੌਣ ਕੌਣ ਜ਼ਿਮੇਵਾਰ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਸਬ-ਸਟੈਂਡਰਡ ਚੀਜ਼ਾਂ ਦੇ ਬਾਰੇ ਗਲ ਕਹੀ ਗਈ ਹੈ ਇਸ ਦੇ ਲਈ ਮੇਰੀ ਅਰਜ਼ ਹੈ ਕਿ ਸਾਰਾ ਸਾਮਾਨ ਬੀ.ਐਚ.ਈ.ਸੀ. ਹੈਦਰਾਬਾਦ, ਬੀ. ਐਚ.ਈ.ਸੀ. ਟਰਿਚੀ, ਬੀ. ਐਚ. ਈ. ਸੀ. ਹਰਦਵਾਰ ਅਤੇ ਬੀ. ਐਚ. ਈ. ਸੀ. ਭੁਪਾਲ ਤੋਂ ਖਰੀਦਿਆ ਗਿਆ ਹੈ ਜਿਹੜੀਆਂ ਕਿ ਗੌਰਮਿੰਟ ਅੰਡਰਟੇਕਿੰਗਜ਼ ਹਨ। ਇਸ ਲਈ ਇਨ੍ਹਾਂ ਦਾ ਇਹ ਗਲ ਕਹਿਣਾ ਕਿ ਸਾਮਾਨ ਸਬ–ਸਟੈਂਡਰਡ ਹੈ, ਇਹ ਗਲ ਠੀਕ ਨਹੀਂ ਹੈ , ਕੋਈ ਵੀ ਕਮੇਟੀ ਇਸ ਸਿਲਸਿਲੇ ਵਿਚ ਨਹੀਂ ਬਣਾਈ ਜਾ ਸਕਦੀ ਜਦੋਂ ਤਕ ਅਸੀਂ ਆਪਣੇ ਆਪ ਨੂੰ ਸੈਟਿਸਫਾਈ ਨਾ ਕਰ ਲਈਏ ਕਿ ਇਸ ਦੇ ਕੀ ਵਜੂਹਾਤ ਹਨ। (ਵਿਘਨ)

ਰਾਜ ਵਿਚ ਝੋਨਾ ਉਗਾਉਣ ਵਾਲਿਆਂ ਨੂੰ ਬੋਨਸ ਦੇਣ ਲਈ ਰਾਜ ਸਰਕਾਰ ਦੁਆਰਾ ਕੇਂਦਰੀ ਸਰਕਾਰ ਨੂੰ ਕੀਤੀ ਗਈ ਸਿਫਾਰਸ਼

*3009: **ਕਾਮਰੇਡ ਅੱਤਰਾ ਸਿੰਘ** :
ਕਾਮਰੇਡ ਸੱਤਪਾਲ ਡਾਂਗ : ਕੀ ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਕੀ ਸਰਕਾਰ ਨੇ ਭਾਰਤ ਸਰਕਾਰ ਨੂੰ ਕੋਈ ਸਿਫਾਰਸ਼ ਕੀਤੀ ਹੈ ਕਿ ਸਾਲ 1974 ਦੇ ਦੌਰਾਨ ਰਾਜ ਵਿਚ ਵੱਖ ਵੱਖ ਮੰਡੀਆਂ ਵਿਚ ਜਿਨ੍ਹਾਂ ਝੋਨਾਂ ਉਗਾਉਣ ਵਾਲਿਆਂ ਤੋਂ ਵੱਖ ਵੱਖ ਰਾਜ ਏਜੰਸੀਆਂ ਜਾਂ ਪ੍ਰਾਈਵੇਟ ਵਪਾਰੀਆਂ ਨੇ ਝੋਨਾ ਖਰੀਦਿਆ ਹੈ ਉਨ੍ਹਾਂ ਨੂੰ ਬੋਨਸ ਦਿੱਤਾ ਜਾਵੇ; ਜੇਕਰ ਅਜਿਹਾ ਹੋਵੇ ਤਾਂ ਕਿੰਨੇ ਬੋਨਸ ਦੀ ਸਿਫਾਰਸ਼ ਕੀਤੀ ਗਈ ਹੈ ਅਤੇ ਕਿਸ ਤਾਰੀਖ ਨੂੰ ਉਕਤ ਸਿਫਾਰਸ਼ ਕੀਤੀ ਗਈ;

(ਕਾਮਰੇਡ ਅੱਛਰਾ ਸਿੰਘ ਅਤੇ ਕਾਮਰੇਡ ਸੱਤਪਾਲ ਡਾਂਗ)

(ਅ) ਕੀ ਭਾਰਤ ਸਰਕਾਰ ਨੇ ਇਸ ਮਾਮਲੇ ਵਿਚ ਕੋਈ ਅੰਤਮ ਫੈਸਲਾ ਕੀਤਾ ਹੈ ?

ਸਰਦਾਰ ਗੁਰਦਰਸ਼ਨ ਸਿੰਘ (ੳ) ਜੀ ਹਾਂ। ਰਾਜ ਸਰਕਾਰ ਨੇ ਸਾਲ 1974 ਲਈ ਝੋਨੇ ਉਤੇ ਜਿਹੜਾ ਰੈਗੂਲੇਟਿਡ ਮਾਰਕੀਟ ਵਿਚ ਵੇਚਿਆ ਗਿਆ ਹੋਵੇ, 10 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਕਿਸਾਨਾਂ ਨੂੰ ਬੋਨਸ ਦੇਣ ਦੀ ਸਿਫਾਰਸ਼ ਭਾਰਤ ਸਰਕਾਰ ਨੂੰ ਲਿਖਤੀ ਰੂਪ ਮਿਤੀ 5 ਦਸੰਬਰ, 1974 ਨੂੰ ਕੀਤੀ ਹੈ।

(ਅ) ਅਜੇ ਨਹੀਂ।

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫੁਰਮਾਇਆ ਹੈ ਕਿ 10 ਰੁਪਏ ਕੁਇੰਟਲ ਲਈ ਬੋਨਸ ਦੀ ਸਿਫਾਰਸ਼, ਸੈਂਟਰ ਗੌਰਮਿੰਟ ਨੂੰ ਕੀਤੀ ਹੈ। ਸੈਂਟਰ ਵਿਚ ਵੀ ਕਾਂਗਰਸ ਦੀ ਸਰਕਾਰ ਹੈ ਅਤੇ ਪੰਜਾਬ ਦੇ ਵਿਚ ਵੀ ਕਾਂਗਰਸ ਦੀ ਸਰਕਾਰ ਹੈ। ਕੀ ਵਜ੍ਹਾ ਹੈ ਕਿ ਰਿਆਲਿਟੀ ਲਈ ਸਿਫਾਰਸ਼ ਕੀਤੀ ਹੈ ਔਰ ਉਹ ਇੰਪਲੀਮੈਂਟ ਨਾ ਹੋਵੇ ? ਕੀ ਵਜ਼ੀਰ ਸਾਹਿਬ ਕੋਈ ਭਰੋਸਾ ਦਵਾਉਣਗੇ ਕਿ ਇਸ ਤੇ ਕਦੋਂ ਤਕ ਅਮਲ ਹੋ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਪੰਜਾਬ ਦੀ ਸਰਕਾਰ ਨੂੰ ਇਸ ਗਲ ਦੀ ਸੰਭਾਵਨਾ ਹੈ ਕਿ ਜੋ ਵੀ ਸਿਫ਼ਾਰਸ਼ ਕੀਤੀ ਹੈ ਉਸ ਤੇ ਭਾਰਤ ਦੀ ਸਰਕਾਰ ਹਮਦਰਦੀ ਨਾਲ ਗੌਰ ਕਰੇਗੀ।

ਸਰਦਾਰ ਪਰਕਾਸ਼ ਸਿੰਘ ਬਾਦਲ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਨ੍ਹਾਂ ਨੇ ਜੋ ਸਿਫਾਰਸ਼ ਕੀਤੀ ਹੈ ਇਸ ਗਲ ਨੂੰ ਸਾਹਮਣੇ ਰਖਦੇ ਹੋਏ ਕਿ ਕਿਸਾਨ ਨੂੰ ਘੱਟ ਭਾਅ ਮਿਲਿਆ ਹੈ, ਜੇ ਸੈਂਟਰ ਦੀ ਸਰਕਾਰ ਤੋਂ ਇਹ ਨਾ ਮਿਲੇ ਤਾਂ ਆਪਣੇ ਸਟੇਟ ਬਜਟ ਵਿਚੋਂ, ਜੋ ਬੋਨਸ ਵਾਸਤੇ ਸਿਫ਼ਾਰਸ਼ ਕੀਤੀ ਹੈ, ਉਹ ਦੇਣ ਵਾਸਤੇ ਤਿਆਰ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪੈਡੀ ਦੀਆਂ ਕੀਮਤਾਂ ਜੋ ਪੰਜਾਬ ਵਿਚ ਹਨ ਉਹ ਹੀ ਬਾਕੀ ਪ੍ਰਾਂਤਾਂ ਵਿਚ ਵੀ ਹਨ। (ਵਿਘਨ) ਜੋ ਗੌਰਮਿੰਟ ਵਲੋਂ ਮੁਕੱਰਰ ਕੀਮਤਾ ਸਨ ਉਹ ਇਹੀ ਸਨ। (ਵਿਘਨ) ਇਸ ਤੋਂ ਜ਼ਿਆਦਾ ਹੋ ਸਕਦੀਆਂ ਹਨ ਲੇਕਿਨ ਇਸ ਤੋਂ ਘੱਟ ਨਹੀਂ। ਕਈ ਪ੍ਰਾਂਤ ਐਸੇ ਹਨ ਜਿਹੜ ਚਾਵਲ ਪੈਦਾ ਤਾਂ ਕਰਦੇ ਹਨ ਲੇਕਿਨ ਉਹ ਆਪ ਹੀ ਖਾ ਜਾਂਦੇ ਹਨ। ਪੰਜਾਬ ਨੂੰ ਇਸ ਕਰਕੇ ਬੋਨਸ ਮਿਲਣ ਦੀ ਸੰਭਾਵਨਾ ਹੈ ਕਿਉਂਕਿ ਪੰਜਾਬ ਨੇ ਸੈਂਟਰਲ ਪੂਲ ਵਿਚ ਦਿਤੇ ਹਨ। ਹੋਰ ਕਿਸੇ ਸੂਬੇ ਨੂੰ ਸ਼ਾਇਦ ਨਾ ਮਿਲੇ ਸਿਵਾਏ ਹਰਿਆਣਾ ਦੇ, ਅਸੀਂ ਇਸੇ ਬਿਨ੍ਹਾ ਤੇ ਸਿਫਾਰਸ਼ ਕੀਤੀ ਹੈ ਅਤੇ ਸੈਂਟਰਲ ਗੌਰਮਿੰਟ ਗੌਰ ਕਰ ਰਹੀ ਹੈ ਕਿ ਇਹ ਕਨਜ਼ਿਊਮਰ ਸਟੇਟ ਨਹੀਂ ਇਨ੍ਹਾਂ ਨੇ ਸਾਰਾ ਚਾਵਲ ਸੈਂਟਰਲ ਪੂਲ ਵਿਚ ਦੇਣਾ ਹੈ ਇਸ ਕਰਕੇ ਇਸ ਦੀ ਮਦਦ ਕਰ ਦੇਈਏ। ਜਿਥੋਂ ਤਕ ਬਾਦਲ ਸਾਹਿਬ ਦਾ ਇਹ ਸੁਆਲ ਹੈ ਕਿ ਜੇ ਸੈਂਟਰਲ ਸਰਕਾਰ ਨਾ ਦੇਵੇ ਤਾਂ ਕੀ ਪੰਜਾਬ ਸਰਕਾਰ ਆਪਣੇ ਪਲਿਉਂ ਦੇਣ ਲਈ ਤਿਆਰ ਹੈ ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਕਿਸਾਨ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਤਿਆਰ ਹੈ ਅਤੇ ਇਹ ਇਤਿਹਾਸ ਵਿਚ ਪਹਿਲਾ ਮੌਕਾ ਸੀ ਕਿ ਕਦੇ ਕਿਸਾਨ ਨੂੰ ਉਸ ਦੀ ਫ਼ਸਲ ਦਾ ਬੋਨਸ ਦਿਤਾ ਗਿਆ ਹੋਵੇ। ਅਸੀਂ ਕੋਈ ਸਾਢੇ 13 ਕਰੋੜ ਰੁਪਏ ਦੇ ਕਰੀਬ ਬੋਨਸ ਦਿੱਤਾ ਹੈ। ਉਸ ਵਿਚੋਂ ਸਾਨੂੰ ਸੈਂਟਰਲ ਗੌਰਮਿੰਟ ਤੋਂ ਸਾਰਾ ਨਹੀਂ ਮਿਲਿਆ। ਮੈਨੂੰ ਐਗਜ਼ੈਕਟ ਤਾਂ ਯਾਦ ਨਹੀਂ, ਤਕਰੀਬਨ 5 ਕਰੋੜ ਪੰਜਾਬ ਸਰਕਾਰ ਨੇ ਪਾਇਆ ਸੀ। ਇਹ ਸਟੇਟ ਦੇ ਹਿੱਤ ਵਿਚ ਨਹੀਂ ਕਿ ਅਸੀਂ ਇਹ ਆਪਣੇ ਪਲਿਉਂ ਦੇਈਏ। ਪੰਜਾਬ ਦੀ ਸਰਕਾਰ ਇਹ ਸਮਰਥਾ ਨਹੀਂ ਰਖਦੀ। ਇਸ ਦੇ ਲਈ ਸੈਂਟਰਲ

ਗੌਰਮਿੰਟ ਤੇ ਜ਼ੋਰ ਦੇਣਾ ਚਾਹੀਦਾ ਹੈ ਅਤੇ ਮੈਂ ਇਨ੍ਹਾਂ ਨੂੰ ਵੀ ਕਹਾਂਗਾ ਕਿ ਇਹ ਵੀ ਸੈਂਟਰਲ ਗੌਰਮਿੰਟ ਤੇ ਇਸ ਗਲ ਲਈ ਜ਼ੋਰ ਪਾਉਣ।

1-4-74 ਤੋਂ 31-12-1974 ਤੱਕ ਅਗਵਾ ਕਰਨ ਦੇ ਕੇਸ

*2932. **ਚੌਧਰੀ ਰਾਮ ਸਿੰਘ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ —

(ੳ) 1 ਅਪਰੈਲ, 1974 ਤੋਂ 31 ਦਸੰਬਰ, 1974 ਤੱਕ ਦੇ ਸਮੇਂ ਦੇ ਦੌਰਾਨ ਰਾਜ ਦੇ ਵੱਖ ਵੱਖ ਥਾਣਿਆਂ ਵਿਚ ਅਗਵਾ ਕਰਨ ਦੇ ਜ਼ਿਲ੍ਹਾਵਾਰ ਕਿੰਨੇ ਕਿੰਨੇ ਕੇਸ ਦਰਜ ਕੀਤੇ ਗਏ;

(ਅ) ਉਨ੍ਹਾਂ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਅਗਵਾ ਕੀਤੀ ਔਰਤਾਂ ਨੂੰ ਬਰਾਮਦ ਕਰ ਲਿਆ ਗਿਆ ?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁੱਖ ਸੰਸਦੀ ਸਕੱਤਰ) : (ੳ) ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਅ) 163 ਅਗਵਾ ਕੀਤੀਆਂ ਔਰਤਾਂ ਵਿਚੋਂ 129 ਬਰਾਮਦ ਹੋ ਚੁਕੀਆਂ ਹਨ।

ਮਿਤੀ 1 ਅਪਰੈਲ, 1974 ਤੋਂ 31 ਦਸੰਬਰ, 1974 ਤਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਅਗਵਾ ਕਰਨ ਦੇ ਕੇਸਾਂ ਦੀ ਜ਼ਿਲ੍ਹੇਵਾਰ ਅਤੇ ਥਾਣੇਵਾਰ ਸੂਚੀ।

ਜ਼ਿਲ੍ਹੇ ਦਾ ਨਾਂ	ਥਾਣੇ ਦਾ ਨਾਂ	ਕੁਲ ਕੇਸ	ਜ਼ਿਲ੍ਹੇ ਦਾ ਨਾਂ	ਥਾਣੇ ਦਾ ਨਾਂ	ਕੁਲ ਕੇਸ
ਅੰਮ੍ਰਿਤਸਰ	ਬੀ.ਡਵੀਜ਼ਨ ਅੰਮ੍ਰਿਤਸਰ	1	ਫੀਰੋਜ਼ਪੁਰ	ਸਦਰ ਫੀਰੋਜ਼ਪੁਰ	2
	ਸਦਰ ਅੰਮ੍ਰਿਤਸਰ	4		ਸਿਟੀ ਫੀਰੋਜ਼ਪੁਰ	2
	ਸਿਟੀ ਤਰਨ ਤਾਰਨ	1		ਛਾਉਣੀ ਫੀਰੋਜ਼ਪੁਰ	1
	ਵੈਰੋਵਾਲ	2		ਗੁਰੂ ਹਰਸਹਾਏ	1
	ਸਦਰ ਤਰਨ ਤਾਰਨ	1		ਜਲਾਲਾਬਾਦ	3
	ਕੋਤਵਾਲੀ ਅੰਮ੍ਰਿਤਸਰ	3		ਸਿਟੀ ਅਬੋਹਰ	2
	ਮਜੀਠਾ	1		ਸਦਰ ਫਾਜ਼ਿਲਕਾ	2
	ਸਿਵਲ ਲਾਈਨ ਅੰਮ੍ਰਿਤਸਰ	1		ਧਰਮਕੋਟ	2
	ਵਲਟੋਹਾ	1		ਜ਼ੀਰਾ	2
	ਕਥੂ ਨੰਗਲ	2		ਸਿਟੀ ਫਾਜ਼ਿਲਕਾ	2
	ਸੀ.ਡਵੀਜ਼ਨ ਅੰਮ੍ਰਿਤਸਰ	1		ਸਦਰ ਅਬੋਹਰ	1
	ਏ. ਡਵੀਜ਼ਨ ਅੰਮ੍ਰਿਤਸਰ	1		ਘੱਲ ਖੁਰਦ	2
	ਜੰਡਿਆਲਾ	1			
	ਲੋਪੋਕੇ	1		ਜੋੜ	22
	ਘਰਿੰਡਾ	1			
	ਜੋੜ	22			

(ਮੁੱਖ ਸੰਸਦੀ ਸਕੱਤਰ)

ਜ਼ਿਲ੍ਹੇ ਦਾ ਨਾਂ	ਥਾਣੇ ਦਾ ਨਾਂ	ਕੁਲ ਕੇਸ	ਜ਼ਿਲ੍ਹੇ ਦਾ ਨਾਂ	ਥਾਣੇ ਦਾ ਨਾਂ	ਕੁਲ ਕੇਸ
ਜਲੰਧਰ	ਸਦਰ ਜਲੰਧਰ	2	ਲੁਧਿਆਣਾ	ਡਵੀਜ਼ਨ ਨੰ: 2	1
	ਸਿਟੀ ਜਲੰਧਰ	8		ਡਵੀਜ਼ਨ ਨੰ: 3	1
	ਆਦਮਪੁਰ	1		ਡਵੀਜ਼ਨ ਨੰ: 4	4
	ਸ਼ਾਹ ਕੋਟ	2		ਸਿਵਲ ਲਾਈਨ ਲੁਧਿਆਣਾ	2
	ਛਾਉਣੀ ਜਲੰਧਰ	1		ਇੰਡਸਟਰੀਅਲ ਏਰੀਆ	2
	ਬੰਗਾ	5		ਸਦਰ ਲੁਧਿਆਣਾ	1
	ਨਕੋਦਰ	5		ਦਾਖਾ	1
	ਨੂਰ ਮਹਿਲ	2		ਜਗਰਾਉਂ	1
	ਕਰਤਾਰਪਰ	2		ਰਾਏ ਕੋਟ	1
				ਖੰਨਾ	2
	ਜੋੜ	28		ਸਮਰਾਲਾ	2
				ਪਾਇਲ	1
				ਜੋੜ	19
ਕਪੂਰਥਲਾ	ਕੋਤਵਾਲੀ	1	ਹੁਸ਼ਿਆਰਪੁਰ	ਸਿਟੀ ਹੁਸ਼ਿਆਰਪੁਰ	2
	ਸਦਰ ਕਪੂਰਥਲਾ	1		ਸਦਰ ਹੁਸ਼ਿਆਰਪੁਰ	5
	ਸਦਰ ਫਗਵਾੜਾ	1		ਟਾਂਡਾ	1
	ਸਿਟੀ ਫਗਵਾੜਾ	2		ਮੁਕੇਰੀਆਂ	2
	ਭੁਲੱਥ	1		ਹਾਜ਼ੀਪੁਰ	2
				ਗੜ੍ਹਸ਼ੰਕਰ	2
	ਜੋੜ	6		ਮਾਲਪੁਰ	1
				ਜੋੜ	15
ਗੁਰਦਾਸਪੁਰ	ਕਾਹਨੂੰਵਾਨ	1	ਪਟਿਆਲਾ	ਕੋਤਵਾਲੀ ਪਟਿਆਲਾ	4
	ਸਿਟੀ ਬਟਾਲਾ	1		ਸਿਵਲ ਲਾਈਨ ਪਟਿਆਲਾ	2
	ਸਦਰ ਬਟਾਲਾ	3		ਸਮਾਣਾ	1
	ਸਿਟੀ ਗੁਰਦਾਸਪੁਰ	4		ਘੱਗਾਂ	2
	ਸਦਰ ਪਠਾਨਕੋਟ	1		ਕੋਤਵਾਲੀ ਨਾਭਾ	1
	ਫਤਿਹਗੜ੍ਹ ਚੂੜੀਆਂ	1		ਭਾਦਸੋਂ	1

ਜ਼ਿਲ੍ਹੇ ਦਾ ਨਾਂ	ਥਾਣੇ ਦਾ ਨਾਂ	ਕੁਲ ਕੇਸ	ਜ਼ਿਲ੍ਹੇ ਦਾ ਨਾਂ	ਥਾਣੇ ਦਾ ਨਾਂ	ਕੁਲ ਕੇਸ
ਗੁਰਦਾਸਪੁਰ	ਦੀਨਾਂ ਨਗਰ	3	ਪਟਿਆਲਾ	ਅਮਲੋਹ	1
	ਸਿਟੀ ਪਠਾਨਕੋਟ	5		ਡੇਰਾ ਬੱਸੀ	1
	ਧਾਰੀਵਾਲ	1		ਰਾਜਪੁਰਾ	1
	ਡੇਰਾ ਬਾਬਾ ਨਾਨਕ	2		ਸਰਹੰਦ	1
				ਬੱਸੀ ਪਠਾਣਾਂ	1
	ਜੋੜ	22			
				ਜੋੜ	16
ਫਰੀਦਕਟ	ਕੋਟ ਕਪੂਰਾ	2	ਬਠਿੰਡਾ	ਰਾਮਾ	1
	ਸਿਟੀ ਫਰੀਦਕੋਟ	1		ਫੂਲ	2
	ਸਦਰ ਫਰੀਦਕੋਟ	1		ਸਰਦੂਲਗੜ੍ਹ	2
	ਜੈਤੋ	1		ਮਾਨਸਾ	1
	ਬਾਘਾ ਪੁਰਾਣਾ	1		ਸਦਰ ਬਠਿੰਡਾ	1
	ਸਦਰ ਮੁਕਤਸਰ	1		ਕੋਤਵਾਲੀ ਬਠਿੰਡਾ	2
	ਲੰਬੀ	1			
	ਸਿਟੀ ਮਲੋਟ	1		ਜੋੜ	9
	ਜੋੜ	9			
ਸੰਗਰੂਰ	ਮਲੇਰਕੋਟਲਾ	1	ਰੋਪੜ	ਨੰਗਲ	1
	ਸੰਗਰੂਰ	1		ਮੁੰਬਾਰਕਪੁਰ	2
	ਧਨੌਲਾ	1		ਖਰੜ	1
	ਬਰਨਾਲਾ	4		ਮੁਰਿੰਡਾ	1
	ਸੇਹਣਾਂ	4		ਰੋਪੜ	2
	ਸੁਨਾਮ	4		ਨੂਰਪੁਰ ਬੇਦੀ	1
	ਦਿੜਬਾਂ	1			
	ਸ਼ੇਰਪੁਰ	1		ਜੋੜ	8
	ਭਵਾਨੀਗੜ੍ਹ	1			
	ਜੋੜ	18			
	ਕੁਲ ਜੋੜ ..	194			

ਚੌਧਰੀ ਰਾਮ ਸਿੰਘ : ਕੀ ਸੀ. ਪੀ. ਐਸ. ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਹ ਤਾਂ ਠੀਕ ਹੈ ਕਿ ਇਹ ਜਿਹੜੀ ਰਿਕਵਰੀ ਹੈ ਇਹ ਬਹੁਤ ਅੱਛੀ ਹੈ ਅਤੇ ਹੋ ਸਕਦਾ ਹੈ ਕਿ ਪਿਛਲੇ ਸਾਲਾਂ ਨਾਲੋਂ ਕਿਤੇ ਅੱਛੀ ਹੋਵੇ, ਲੇਕਿਨ ਕੀ ਇਹ ਕਰ ਦੇਣਗੇ ਕਿ ਜਿਹੜੇ ਕੇਸਿਜ਼ ਅਗੇ ਨੂੰ ਹੋਣ ਉਸ ਸਿਲਸਿਲੇ ਵਿਚ ਜਿਹੜਾ ਸਬੰਧਤ ਐਸ. ਐਚ. ਓ. ਹੈ ਅਗਰ ਇਕ ਮਹੀਨੇ ਵਿਚ ਰਿਕਵਰੀ ਨਾ ਕਰੇ ਤਾਂ ਉਸ ਨੂੰ ਸਸਪੈਂਡ ਕਰਕੇ ਇਨਕੁਆਇਰੀ ਕਰਾਇਆ ਕਰਨਗੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਡੈਫਿਨਿਟ ਸੁਆਲ ਸੀ ਅਤੇ ਡੈਫਿਨਿਟ ਜਵਾਬ ਦੇ ਦਿਤਾ ਕਿ 163 ਕੇਸ ਦਰਜ਼ ਹੋਏ ਅਤੇ 129 ਬਰਾਮਦ ਹੋਏ, ਬਾਕੀ ਦੇ ਲਈ ਕੋਸ਼ਿਸ਼ ਹੋ ਰਹੀ ਹੈ ਅਤੇ ਬਗੈਰ ਕਿਸੇ ਗੱਲ ਦੇ ਕਿਸੇ ਨੂੰ ਸਸਪੈਂਡ ਨਹੀਂ ਕੀਤਾ ਜਾ ਸਕਦਾ।

ਕਾਮਰੇਡ ਦਰਸ਼ਨ ਸਿੰਘਕਨੇਡੀਅਨ : ਕੀ ਮੈਂ ਵਜ਼ੀਰ ਸਾਹਿਬ ਤੋਂ ਪੁੱਛ ਸਕਦਾ ਹਾਂ ਕਿ ਜਿਹੜੀਆਂ ਇਸਤਰੀਆਂ ਅੱਬਡਕਟ ਹੋਈਆਂ ਉਨ੍ਹਾਂ ਵਿਚੋਂ ਕਿੰਨੀਆਂ ਹਰੀਜਨ ਸਨ ਅਤੇ ਕਿੰਨੀਆਂ ਨਾਨ-ਹਰੀਜਨ ਅਤੇ ਇਸੇ ਤਰ੍ਹਾਂ ਹੀ ਰਿਕਵਰੀ ਦਾ ਵੇਰਵਾ ਕੀ ਹੈ ?

ਮੁੱਖ ਸੰਸਦੀ ਸਕੱਤਰ : ਇਹ ਫ਼ਰੈਸ਼ ਨੋਟਿਸ ਦੇ ਦੇਣ ਮੈਂ ਉਸ ਦੇ ਮੁਤਾਬਕ ਲਿਸਟ ਪੇਸ਼ ਕਰ ਦਿਆਂਗਾ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਤੋ ਹੀਰਾ ਸਿੰਘ ਦੀ ਜ਼ਨਾਨੀ ਸੁਰਜੀਤ ਕੌਰ ਜੋ ਅੱਜ ਵੀ ਕੋਟਕਪੂਰਾ ਵਿਚ ਬਦਮਾਸ਼ਾਂ ਕੋਲ ਹੈ ਅਤੇ ਜਿਸ ਦੀ ਰਿਪੋਟ ਥਾਣਾ ਨਿਹਾਲ ਸਿੰਘ ਵਾਲਾ ਵਿਚ ਦਰਜ਼ ਕਰਾਈ ਗਈ ਹੈ ਕੀ ਉਹ ਮੁੜਾ ਦੇਣਗੇ ?

ਮੁੱਖ ਸੰਸਦੀ ਸਕੱਤਰ : ਮੈਂ ਲਿਸਟ ਦੇ ਦਿੱਤੀ ਹੈ। ਇਸ ਤੋਂ ਇਲਾਵਾ ਜੇ ਕਰ ਕੋਈ ਜ਼ਨਾਨੀ ਬਰਾਮਦ ਨਹੀਂ ਹੋਈ ਉਹ ਮੇਰੇ ਨੋਟਿਸ ਵਿਚ ਲੈ ਆਉਣ ਇੰਨਕੁਆਇਰੀ ਕਰਾ ਲਵਾਂਗੇ।

ਸਰਦਾਰ ਗੁਰਦੇਵ ਸਿੰਘ ਬਾਦਲ : ਜਿੰਨੀਆਂ ਜ਼ਨਾਨੀਆਂ ਦੀ ਲਿਸਟ ਦਿੱਤੀ ਹੈ ਇਸ ਵਿਚ ਕਿੰਨੀਆਂ ਵਿਚ ਕਢਾਉਣ ਦਾ ਇਨ੍ਹਾਂ ਦਾ ਹੱਥ ਸੀ ਅਤੇ ਕਿੰਨੀਆਂ ਹਾਲੇ ਕਢਾਉਣੀਆਂ ਹਨ ? (ਵਿਘਨ)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਸ ਦਾ ਜਵਾਬ ਤਾਂ ਮੈਂ ਚੰਗਾ ਦੇ ਸਕਦਾ ਹਾਂ ਪਰ ਇਹ ਸਪਲੀਮੈਂਟਰੀ ਨਹੀਂ ਹੈ। (ਵਿਘਨ)

---

1 ਅਪਰੈਲ, 1974 ਤੋਂ 31 ਦਸੰਬਰ 1974 ਤਕ ਜ਼ਾਬਤਾ ਫੌਜਦਾਰੀ ਦੀ ਧਾਰਾ 107/151 ਅਧੀਨ ਦਰਜ਼ ਕੀਤੇ ਗਏ ਕੇਸ।

*2933. **ਚੌਧਰੀ ਰਾਮ ਸਿੰਘ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ —

(ੳ) ਰਾਜ ਵਿੱਚ ਪਹਿਲੀ ਅਪਰੈਲ, 1974 ਤੋਂ 31 ਦਸੰਬਰ, 1974 ਤੱਕ ਦੇ ਸਮੇਂ ਦੇ ਦੌਰਾਨ ਵੱਖ ਵੱਖ ਥਾਣਿਆਂ ਵਿਚ ਜ਼ਾਬਤਾ ਫੌਜਦਾਰੀ ਦੀ ਧਾਰਾ 107/151 ਦੇ ਉਪਬੰਧਾਂ ਅਧੀਨ ਕਿੰਨੇ ਕੇਸ ਦਰਜ ਕੀਤੇ ਗਏ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਉਨ੍ਹਾਂ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਅਦਾਲਤਾਂ ਦੁਆਰਾ ਸਜ਼ਾਵਾਂ ਦਿੱਤੀਆਂ ਗਈਆਂ ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕਤਰ) : (ੳ) ਸੂਚੀ ਸਦਨ ਦੀ ਮੇਜ਼ 'ਤੇ ਰੱਖੀ ਜਾਂਦੀ ਹੈ।

(ਅ) 1,238 ਕੇਸਾਂ ਵਿੱਚ ਦੋਸ਼ੀਆਂ ਨੂੰ ਅਦਾਲਤਾਂ ਵਲੋਂ ਪ੍ਰਤੀਬੰਧ (Bound down) ਕਰਕੇ ਜ਼ਮਾਨਤਾਂ ਲਈਆਂ ਗਈਆਂ।

(ੲ) ਸੂਚੀ 1 ਅਪਰੈਲ, 1974 ਤੋਂ 31 ਦਸੰਬਰ, 1974 ਤੱਕ

	ਥਾਣੇ ਦਾ ਨਾਂ	ਕੁਲ ਕੇਸ ਦਰਜ਼ ਹੋਏ		ਥਾਣੇ ਦਾ ਨਾਂ	ਕੁਲ ਕੇਸ ਦਰਜ਼ ਹੋਏ
		ਅੰਮ੍ਰਿਤਸਰ			
1.	ਏ. ਡਵੀਜ਼ਨ	13	13.	ਸਦਰ ਤਰਨਤਾਰਨ	50
2.	ਬੀ. ਡਵੀਜ਼ਨ	30	14.	ਸਰਹਾਲੀ	110
3.	ਸੀ. ਡਵੀਜ਼ਨ	20	15.	ਵੇਰੋਂਵਾਲ	70
4.	ਡੀ. ਡਵੀਜ਼ਨ	18	16.	ਝਬਾਲ	50
5.	ਈ. ਡਵੀਜ਼ਨ	14	17.	ਲਪੋਕੀ	54
6.	ਸਦਰ ਅੰਮ੍ਰਿਤਸਰ	55	18.	ਅਜਨਾਲਾ	45
7.	ਸਿਵਲ ਲਾਈਨ ਅੰਮ੍ਰਿਤਸਰ	40	19.	ਰਮਦਾਸ	40
8.	ਜੰਡਿਆਲਾ	60	20.	ਘਰਿੰਡਾ	10
9.	ਬਿਆਸ	30	21.	ਵਲਟੋਹਾ	50
10.	ਮਜੀਠਾ	50	22.	ਪੱਟੀ	60
11.	ਕਥੂ ਨੰਗਲ	18	23.	ਭਿਖੀ ਵਿੰਡ	40
12.	ਸਿਟੀ ਤਰਨ ਤਾਰਨ	70	24.	ਖਾਲੜਾ	30
		ਜਲੰਧਰ			
1.	ਸਿਟੀ ਜਲੰਧਰ	187	6.	ਥਾਣਾ ਬੰਗੇ	118
2.	ਸਦਰ ਜਲੰਧਰ	117	7.	ਨਵਾਂ ਸ਼ਹਿਰ	59
3.	ਕੈਂਟ ਜਲੰਧਰ	11	8.	ਫਿਲੌਰ	60
4.	ਕਰਤਾਰਪੁਰ	131	9.	ਨੂਰਮਹੱਲ	89
5.	ਆਦਮਪੁਰ	75	10.	ਨਕੋਦਰ	83
			11.	ਸ਼ਾਹਕੋਟ	71
		ਫਿਰੋਜ਼ਪੁਰ			
1.	ਕੈਂਟ ਫਿਰੋਜ਼ਪੁਰ	32	9.	ਮਮਦੋਟ	73
2.	ਸਦਰ ਫਿਰੋਜ਼ਪੁਰ	154	10.	ਗੁਰੂ ਹਰ ਸਹਾਏ	81
3.	ਸਿਟੀ ਫਿਰੋਜ਼ਪੁਰ	53	11.	ਜਲਾਲਾਬਾਦ	146
4.	ਮਲ੍ਹਾਂਵਾਲਾ	75	12.	ਸਦਰ ਫਾਜ਼ਿਲਕਾ	79
5.	ਘਲ ਖੁਰਦ	85	13.	ਸਿਟੀ ਫਾਜ਼ਿਲਕਾ	25
6.	ਜ਼ੀਰਾ	68	14.	ਸਦਰ ਅਬੋਹਰ	128
7.	ਮੱਖੂ	53	15.	ਸਿਟੀ ਅਬੋਹਰ	39
8.	ਧਰਮਕੋਟ	103	16.	ਖੂਈਆਂ ਸਰਵਰ	68

[ਮੁੱਖ ਸੰਸਦੀ ਸਕੱਤਰ]

	ਥਾਣੇ ਦਾ ਨਾਂ	ਕੁਲ ਕੇਸ ਦਰਜ ਹੋਏ		ਥਾਣੇ ਦਾ ਨਾਂ	ਕੁਲ ਕੇਸ ਦਰਜ ਹੋਏ
		ਗੁਰਦਾਸਪੁਰ			
1.	ਸਿਟੀ ਗੁਰਦਾਸਪੁਰ	45	8.	ਸਦਰ ਬਟਾਲਾ	95
2.	ਸਦਰ ਗੁਰਦਾਸਪੁਰ	101	9.	ਸ੍ਰੀ ਹਰਗੋਬਿੰਦਪੁਰ	59
3.	ਦੀਨਾ ਨਗਰ	30	10.	ਫਤੇਹਗੜ੍ਹ ਚੂੜੀਆਂ	40
4.	ਧਾਰੀਵਾਲ	140	11.	ਡੇਰਾ ਬਾਬਾ ਨਾਨਕ	39
5.	ਕਾਹਨੂੰਵਾਨ	38	12.	ਸਿਟੀ ਪਠਾਨਕੋਟ	32
6.	ਕਲਾਨੌਰ	89	13.	ਸਦਰ ਪਠਾਨਕੋਟ	60
7.	ਸਿਟੀ ਬਟਾਲਾ	35	14.	ਨਰੋਟ ਜੈਮਲ ਸਿੰਘ	45
			15.	ਡਕਾਲਾ	4
		ਕਪੂਰਥਲਾ			
1.	ਕੋਤਵਾਲੀ ਕਪੂਰਥਲਾ	138	4.	ਸਦਰ ਫ਼ਗਵਾੜਾ	101
2.	ਸਦਰ ਕਪੂਰਥਲਾ	57	5.	ਸਿਟੀ ਫ਼ਗਵਾੜਾ	26
3.	ਸੁਲਤਾਨਪੁਰ ਲੋਧੀ	122	6.	ਭੁੱਲਥ	1
			7.	ਡੀਲਵਾ	2
		ਸੰਗਰੂਰ			
1.	ਸੰਗਰੂਰ	62	9.	ਮਹਿਲਕਲਾਂ	32
2.	ਭਵਾਨੀਗੜ੍ਹ	58	10.	ਧਨੌਲਾ	48
3.	ਦੀਰਬਾ	42	11.	ਭਦੌੜ	28
4.	ਸੁਨਾਮ	81	12.	ਸੈਹਣਾਂ	27
5.	ਲੌਂਗੋਵਾਲ	72	13.	ਮਲੇਰਕੋਟਲਾ	92
6.	ਲੈਹਰਾ	51	14.	ਧੂਰੀ	62
7.	ਮੂਨਕ	61	15.	ਅਮਰਗੜ੍ਹ	29
8.	ਬਰਨਾਲਾ	89	16.	ਸ਼ੇਰਪੁਰ	32
			17.	ਐਹਮਦਗੜ੍ਹ	42
		ਪਟਿਆਲਾ			
1.	ਕੋਤਵਾਲੀ ਪਟਿਆਲਾ	27	10.	ਜੁਲਕਾ	121
2.	ਸਦਰ ਪਟਿਆਲਾ	277	11.	ਘਨੌਰ	97
3.	ਸਿਵਲ ਲਾਇਨ ਪਟਿਆਲਾ	53	12.	ਡੇਰਾ ਬੱਸੀ	23
4.	ਸਮਾਨਾ	103	13.	ਲਾਲੜੂ	77
5.	ਘੱਗਾ	197	14.	ਬਨੂੜ	87
6.	ਕੋਤਵਾਲੀ ਨਾਭਾ	113	15.	ਰਾਜਪੁਰਾ	135
7.	ਸਦਰ ਨਾਭਾ	97	16.	ਸਰਹੰਦ	63
8.	ਭਾਦਸੋਂ	147	17.	ਬੱਸੀ ਪਠਾਨਾਂ	103
9.	ਅਮਲੋਹ	133	18.	ਮੂਲੇਪੁਰ	34

ਥਾਣੇ ਦਾ ਨਾਂ		ਕੁਲ ਕੇਸ ਦਰਜ ਹੋਏ	ਥਾਣੇ ਦਾ ਨਾਂ		ਕੁਲ ਕੇਸ ਦਰਜ ਹੋਏ
		ਬਠਿੰਡਾ			
1.	ਕੋਤਵਾਲੀ ਬਠਿੰਡਾ	239	10.	ਬਰੇਟਾ	19
2.	ਸਦਰ ਬਠਿੰਡਾ	59	11.	ਬੋਹਾ	63
3.	ਸੰਗਤ	53	12.	ਸਰਦੂਲਗੜ੍ਹ	81
4.	ਨਿਹਾਲਵਾਲਾ	129	13.	ਬਲਿਆ ਵਾਲੀ	35
5.	ਰਾਮਾ	85	14.	ਬਡਲਾਡਾ	42
6.	ਕੋਟ ਫੱਤਾ	51	15.	ਫੂਲ	127
7.	ਮੌੜ	146	16.	ਦੀਆਲਪੁਰਾ	98
8.	ਮਾਨਸਾ	177	17.	ਨਥਾਣਾ	139
9.	ਭੀਖੀ	101	18.	ਜੌੜਕਿਆ	106
		ਫਰੀਦਕੋਟ			
1.	ਸਿਟੀ ਫਰੀਦਕੋਟ	118	9.	ਨਿਹਾਲ ਸਿੰਘ ਵਾਲਾ	135
2.	ਸਦਰ ਫਰੀਦਕੋਟ	200	10.	ਸਿਟੀ ਮੁਕਤਸਰ	80
3.	ਕੋਟ ਕਪੂਰਾ	225	11.	ਸਦਰ ਮੁਕਤਸਰ	185
4.	ਜੈਤੂ	195	12.	ਸਿਟੀ ਮਲੋਟ	45
5.	ਸਿਟੀ ਮੋਗਾ	100	13.	ਸਦਰ ਮਲੋਟ	72
6.	ਸਦਰ ਮੋਗਾ	140	14.	ਲੰਬੀ	295
7.	ਮੈਹਨਾਂ	331	15.	ਕੋਟਭਾਈ	170
8.	ਬਾਘਾ ਪੁਰਾਣਾ	290			
		ਰੋਪੜ			
1.	ਥਾਣਾ ਰੋਪੜ	92	5.	ਚਮਕੌਰ ਸਾਹਿਬ	64
2.	ਮੋਰਿੰਡਾ	27	6.	ਮੁਬਾਰਕਪੁਰ	19
3.	ਖਰੜ	74	7.	ਆਨੰਦ ਪੁਰ ਸਾਹਿਬ	78
4.	ਕੁਰਾਲੀ	12	8.	ਨੂਰਪੁਰ ਬੇਦੀ	43
			9.	ਨੰਗਲ	53
		ਲੁਧਿਆਣਾ			
1.	ਡਵੀਜ਼ਨ ਨੰ: 1	20	11.	ਰਾਏਕੋਟ	42
2.	ਡਵੀਜ਼ਨ ਨੰ: 2	38	12.	ਡੇਹਲੋਂ	190
3.	ਡਵੀਜ਼ਨ ਨੰ: 3	30	13.	ਸਾਨੇਵਾਲ	161
4.	ਡਵੀਜ਼ਨ ਨੰ: 4	50	14.	ਖੰਨਾ	205
5.	ਡਵੀਜ਼ਨ ਨੰ: 5 (ਸਿਵਲ ਲਾਈਨ)	250	15.	ਸਮਰਾਲਾ	102
6.	ਇੰਡਸਟਰੀ ਏਰੀਆ	60	16.	ਮਾਛੀਵਾੜਾ	35
7.	ਸਦਰ ਲੁਧਿਆਣਾ	102	17.	ਖੁਮਾਣੋ	68
8.	ਦਾਖ਼ਾ	61	18.	ਪਾਈਲ	68
9.	ਜਗਰਾਓਂ	90	19.	ਸੁਧਾਰ	24
10.	ਸੀਧਵਾਂ ਬੇਟ	51			

	ਥਾਣੇ ਦਾ ਨਾਂ	ਕੁਲ ਕੇਸ ਦਰਜ਼ ਹੋਏ		ਥਾਣੇ ਦਾ ਨਾਂ	ਕੁਲ ਕੇਸ ਦਰਜ਼ ਹੋਏ
		ਹੁਸ਼ਿਆਰਪੁਰ			
1.	ਸਿਟੀ ਹੁਸ਼ਿਆਰਪੁਰ	14	6.	ਹਾਜੀਪੁਰ	20
2.	ਸਦਰ ਹੁਸ਼ਿਆਰਪੁਰ	76	7.	ਗੜ੍ਹਸ਼ੰਕਰ	41
3.	ਮਹਿਲਪੁਰ	9	8.	ਟਾਂਡਾ	51
4.	ਦਸੂਆ	90	9.	ਹਰੀਆਣਾ	56
5.	ਬਲਾਚੌਰ	32	10.	ਮੁਕੇਰੀਆਂ	18

ਚੌਧਰੀ ਰਾਮ ਸਿੰਘ : ਪਿਛਲੇ ਸਾਲ ਨਾਲੋਂ ਇਨ੍ਹਾਂ 9 ਮਹੀਨਿਆਂ ਵਿਚ 9 ਹਜ਼ਾਰ ਦੇ ਕਰੀਬ ਕੇਸਿਜ਼ 107/151 ਦੇ ਹੋਏ ਜਿਨ੍ਹਾਂ ਵਿਚੋਂ 1,238 ਬਾਊਂਡ ਡਾਊਨ ਕੀਤੇ ਗਏ ਹਨ । ਇਹ ਤਾਂ ਠੀਕ ਹੈ ਕਿ ਅਗੇ ਨਾਲੋਂ ਪੰਜਾਬ ਵਿਚ ਵਧੇਰੇ ਅਮਨ ਹੈ । ਕੀ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜਾ ਪਿਛਲੇ ਸਾਲ ਦਾ ਹੁਣ ਨਾਲ ਕੰਪੈਰੀਜ਼ਨ ਕੀਤਾ ਹੋਣਾ ਹੈ ਕੀ ਉਹ ਘਟੇ ਹਨ ਜਾਂ ਵਧੇ ਹਨ ?

ਮੁੱਖ ਸੰਸਦੀ ਸਕੱਤਰ : 1974 ਵਿਚ 14,078 ਕੇਸਿਜ਼ ਦਾ ਚਾਲਾਨ ਕੀਤਾ ਸੀ ਅਤੇ 1238 ਬਾਊਂਡ ਡਾਊਨ ਹੋ ਗਏ । 1973 ਵਿਚ 1684 ਦਾ ਚਾਲਾਨ ਕੀਤਾ ਸੀ ਅਤੇ 1234 ਬਾਊਂਡ ਡਾਊਨ ਹੋ ਗਏ ।

ਚੌਧਰੀ ਕਾਂਸ਼ੀ ਰਾਮ : ਸਪੀਕਰ ਸਾਹਿਬ, ਜਿਸ ਤਰ੍ਹਾਂ ਦੱਸਿਆ ਗਿਆ ਹੈ ਕਿ 14,078 ਕੇਸਿਜ਼ ਦਾ ਚਾਲਾਨ ਕੀਤਾ ਅਤੇ 1,238 ਬਾਊਂਡ ਡਾਊਨ ਹੋ ਗਏ, ਕੀ ਇਹ ਗੱਲ ਤਾਂ ਨਹੀਂ ਕਿ ਪੁਲਿਸ ਵਾਲਿਆਂ ਨੇ ਐਵੇਂ ਫੜ ਲਏ ਅਤੇ ਬਾਅਦ ਵਿਚ ਸਮਝੌਤਾ ਦਿਖਾ ਕੇ ਛੱਡ ਦਿੱਤਾ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, 107/151 ਵਿਚ ਚਲਾਨ ਕਰਦੇ ਹਾਂ ਅਤੇ ਉਸ ਦੇ ਬਾਅਦ ਜਦੋਂ ਦੋਵੇਂ ਫਰੀਕ ਸਮਝੌਤਾ ਕਰ ਲੈਂਦੇ ਹਨ ਤਾਂ ਛੱਡ ਦਿੰਦੇ ਹਾਂ ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਜਿਸ ਤਰ੍ਹਾਂ ਚੌਧਰੀ ਕਾਂਸ਼ੀ ਰਾਮ ਨੇ ਵੀ ਕਿਹਾ ਹੈ ਕਿ ਪੁਲਿਸ ਵਾਲੇ ਨਾਜਾਇਜ਼ ਫੜ ਲੈਂਦੇ ਹਨ ਅਤੇ ਬਾਅਦ ਵਿਚ ਛੱਡ ਦਿੰਦੇ ਹਨ ਕੀ ਇਸ ਤਰ੍ਹਾਂ ਦੀ ਪਾਲਿਸੀ ਤਾਂ ਨਹੀਂ ਕਿ ਪੁਲਿਸ ਵਾਲੇ ਕਿਸੇ ਸ਼ਰੀਫ ਆਦਮੀ ਨੂੰ ਫਸਾਉਂਦੇ ਹਨ ਅਤੇ ਉਸ ਨੂੰ ਪਰੇਸ਼ਾਨ ਕੀਤਾ ਜਾਂਦਾ ਹੈ !

ਮੁੱਖ ਸੰਸਦੀ ਸਕੱਤਰ : 107/151 ਦੇ ਕੇਸ ਜੇ ਕਿਸੇ ਨੂੰ ਕਿਸੇ ਤੋਂ ਖ਼ਤਰਾ ਹੋਵੇ ਤਾਂ ਬਣਾਉਂਦੇ ਹਨ ਅਤੇ ਕਿਸੇ ਦੀ ਸ਼ਿਕਾਇਤ ਤੇ ਅਤੇ ਬਾਅਦ ਵਿਚ ਅਗਰ ਉਹ ਸਮਝੌਤਾ ਕਰ ਲੈਣ ਤਾਂ ਠੀਕ ਹੈ ਨਹੀਂ ਤਾਂ ਕੋਰਟ ਵਿਚ ਕੇਸ ਚਲਾ ਜਾਂਦਾ ਹੈ ਅਤੇ ਅਗਰ ਉਹ ਕੋਰਟ ਵਿਚ ਜਾ ਕੇ ਸਮਝੌਤਾ ਕਰ ਲੈਣ ਤਾਂ ਵੀ ਛੱਡ ਦਿੱਤੇ ਜਾਂਦੇ ਹਨ ।

ਸਰਦਾਰ ਜਸਦੇਵ ਸਿੰਘ ਸੰਧੂ : ਕੀ ਇਹ ਇਨਕੁਆਇਰੀ ਕਰਨ ਲਈ ਤਿਆਰ ਹਨ ਕਿ ਇਤਨੇ ਜ਼ਿਆਦਾ ਕੇਸਿਜ਼ ਜਿਹੜੇ ਡਿਸਚਾਰਜ ਹੁੰਦੇ ਹਨ ਕੀ ਪੁਲਿਸ ਜਾਣ ਬੁਝ ਕੇ ਤਾਂ ਜ਼ਿਆਦਤੀ ਨਹੀਂ ਕਰਦੀ ਜਿਸ ਕਰਕੇ ਬਾਅਦ ਵਿਚ ਛੱਡਣੇ ਪੈਂਦੇ ਹਨ !

ਮੁੱਖ ਸੰਸਦੀ ਸਕੱਤਰ : ਤੁਸੀਂ ਐਸਾ ਕੋਈ ਕੇਸ ਗੌਰਮੈਂਟ ਦੇ ਨੋਟਿਸ ਵਿਚ ਲਿਆਓ ਜਿਥੇ ਪੁਲਿਸ ਨੇ ਕੋਈ ਜ਼ਿਆਦਤੀ ਕੀਤੀ ਹੋਵੇ, ਅਸੀਂ ਐਕਸ਼ਨ ਲੈ ਲਵਾਂਗੇ।

ਕਾਮਰੇਡ ਦਾਨਾ ਰਾਮ : ਸਪੀਕਰ ਸਾਹਿਬ, ਕੌਲਾ ਟਿਬਾ ਵਿਚ ਜ਼ਿਮੀਂਦਾਰਾਂ ਵਲੋਂ ਹਰੀਜਨ ਦਾ ਮਕਾਨ ਢਾਹ ਦਿੱਤਾ ਗਿਆ ਅਤੇ ਹਰੀਜਨਾਂ ਨੂੰ 107/151 ਵਿਚ ਫੜ ਲਿਆ ਗਿਆ, ਕੀ ਜਾਗੀਰਦਾਰਾਂ ਦੀ ਜ਼ਮਾਨਤ 107/151 ਵਿਚ ਸਰਕਾਰ ਕਰਾਉਣ ਨੂੰ ਤਿਆਰ ਹੈ ?

ਮੁੱਖ ਸੰਸਦੀ ਸਕੱਤਰ : ਇਸ ਦੀ ਇਸ ਸਵਾਲ ਨਾਲ ਕੋਈ ਰੈਲੇਵੈਂਸੀ ਨਹੀਂ।

STARRED QUESTION No. 3091

(This question was not put because the hon. Member concerned was not present in the House.)

STARRED QUESTION No. 3051**

Mr. Speaker : Extension has been asked for in respect of Starred Question No. 3051)

ਤੱਦ ਅਰਥ ਆਧਾਰ ਤੇ ਨਿਯੁਕਤ ਕੀਤੇ ਗਏ ਅਧਿਕਾਰੀਆਂ ਦੀਆਂ ਸੇਵਾਵਾਂ ਨਿਯਮਤ ਕਰਨਾ।

*3052. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਉਨ੍ਹਾਂ ਤੱਦ-ਅਰਥ ਕਰਮਚਾਰੀਆਂ ਦੀਆਂ ਸੇਵਾਵਾਂ ਨਿਯਮਤ ਕਰਨ ਦਾ ਫੈਸਲਾ ਕੀਤਾ ਜਿਨ੍ਹਾਂ ਨੇ 1. ਜਨਵਰੀ, 1973 ਨੂੰ ਆਪਣੀ ਸੇਵਾ ਦਾ ਇੱਕ ਸਾਲ ਪੂਰਾ ਕਰ ਲਿਆ ਸੀ।

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਫ਼ੈਸਲੇ ਤੋਂ ਬਾਅਦ ਜਿਨ੍ਹਾਂ ਤੱਦ-ਅਰਥ ਆਧਾਰ ਤੇ ਨਿਯੁਕਤ ਕੀਤੇ ਗਏ ਅਧਿਆਪਕਾਂ ਨੇ ਆਪਣੀ ਸੇਵਾਵਾਂ ਨਿਯਮਿਤ ਕਰਨ ਲਈ ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਨੂੰ ਮੇਜ਼ਰਨਾਮੇ ਦਿੱਤੇ, ਦੀ ਸ਼ਰੇਣੀ ਵਾਰ ਅਤੇ ਜ਼ਿਲ੍ਹਾ ਵਾਰ ਗਿਣਤੀ ਕਿੰਨੀ ਕਿੰਨੀ ਹੈ;

(ੲ) ਉਪਰਕਤ ਭਾਗ (ਅ) ਵਿੱਚ ਵਰਣਿਤ ਵਿਚੋਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੇ ਆਪਣੀਆਂ ਸੇਵਾਵਾਂ ਦੇ ਨਿਯਮਤ ਕਰਨ ਲਈ ਮੇਜ਼ਰਨਾਮੇ ਸਬੰਧਤ ਡੀ. ਈ. ਓਜ਼. ਰਾਹੀਂ ਡੀ. ਪੀ. ਆਈ. ਨੂੰ ਭੇਜੇ।

(ਸ) ਕੀ ਸਰਕਾਰ ਅਤੇ ਡੀ. ਪੀ. ਆਈ. ਨੇ ਤੱਦ ਅਰਥ ਅਧਿਆਪਕਾਂ ਦੀਆਂ ਸੇਵਾਵਾਂ ਦੇ ਨਿਯਮਿਤ ਕਰਨ ਲਈ ਕੋਈ ਤਰੀਕ ਨਿਯਤ ਕੀਤੀ ਹੈ ;

(ਹ) ਉਪਰੋਕਤ ਭਾਗ (ਸ) ਵਿਚ ਵਰਣਿਤ ਨਿਯਤ ਤਰੀਕ ਨੂੰ ਜਿਨ੍ਹਾਂ ਅਧਿਆਪਕਾਂ ਦੀਆਂ ਸੇਵਾਵਾਂ ਦਾ ਨਿਯਮਤ ਕਰਨ ਕੀਤਾ ਗਿਆ, ਦੀ ਸ਼ਰੇਣੀਵਾਰ ਅਤੇ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ; ਜੇਕਰ ਕੋਈ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

**For Starred Question No. 3051 and reply thereto please see P.V.S. Debate dated 3rd February, 1975.

ਸ੍ਰੀ ਗੁਰਮੇਲ ਸਿੰਘ : (ੳ) ਹਾਂ ਜੀ।

(ਅ) ਸਬੰਧਤ ਅਧਿਆਪਕਾਂ ਦੇ ਮੇਜਰਨਾਮੇ ਜਿਨ੍ਹਾਂ ਨੇ 1 ਜਨਵਰੀ, 1973 ਨੂੰ ਇੱਕ ਸਾਲ ਦੀ ਸੇਵਾ ਪੂਰੀ ਕਰਨ ਲਈ ਸੀ ਡੀ. ਪੀ. ਆਈ. ਨੂੰ ਸਿੱਧੇ ਨਹੀਂ ਆਏ ਬਲਕਿ ਇਹ ਸਬੰਧਤ ਡੀ.ਈ.ਓਜ਼. ਰਾਹੀਂ ਆਏ ਅਤੇ ਇਨ੍ਹਾਂ ਦੀ ਗਿਣਤੀ ਸ਼੍ਰੇਣੀਵਾਰ ਅਨੈਕਸਚਰ 'ੳ' ਵਿੱਚ ਦਿੱਤੀ ਗਈ ਹੈ, ਜਿਸ ਨੂੰ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

(ੲ) ਅਨੈਕਸਚਰ 'ੳ' ਅਨੁਸਾਰ ਜੋ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਸ) 31 ਦਸੰਬਰ, 1974 ਕੇਵਲ ਜੇ.ਬੀ.ਟੀ./ਕਲਾਸੀਕਲ ਵਰਨੈਕੂਲਰ ਅਧਿਆਪਕਾਂ ਵਾਸਤੇ। ਟਰੇਂਡ ਗਰੈਜੂਏਟ ਮਾਸਟਰਾਂ ਲਈ ਕੋਈ ਮਿਤੀ ਨਿਯਤ ਨਹੀਂ ਕੀਤੀ ਸੀ।

(ਹ) ਨਿਲ। ਜੇ. ਬੀ. ਟੀ./ਕਲਾਸੀਕਲ ਵਰਨੈਕੂਲਰ ਅਧਿਆਪਕਾਂ ਨੂੰ ਰੈਗੂਲਰ ਕਰਨ ਲਈ ਜ਼ਿਲ੍ਹਾ ਪੱਧਰ ਤੇ ਬਣਾਈਆਂ ਗਈਆਂ ਚੋਣ ਕਮੇਟੀਆਂ ਦੀ ਪ੍ਰਵਾਨਗੀ ਦੀ ਲੋੜ ਸੀ ਜਿਨ੍ਹਾਂ ਦੀਆਂ ਮੀਟਿੰਗਾਂ 31 ਦਸੰਬਰ, 1974 ਤੋਂ ਪਹਿਲਾਂ ਨਹੀਂ ਹੋ ਸਕੀਆਂ।

ਟਰੇਂਡ ਗਰੈਜੂਏਟ ਮਾਸਟਰਾਂ ਦੇ ਕੇਸਾਂ ਨੂੰ ਮੁੱਖ ਦਫਤਰ ਵਿਚ ਪਰੋਸੈਸ ਕੀਤਾ ਜਾ ਰਿਹਾ ਹੈ।

ਅਨੈਕਸਚਰ 'ੳ'

ਲੜੀ ਨੰ:	ਜ਼ਿਲ੍ਹਾ	ਜੇ. ਬੀ. ਟੀ.	ਸੀ ਅਤੇ ਵੀ	ਟਰੇਂਡ ਗਰੈਜੂਏਟ
1.	ਪਟਿਆਲਾ ..	119	103	36
2.	ਸੰਗਰੂਰ ..	30	143	59
3.	ਬਠਿੰਡਾ ..	69	95	114
4.	ਫਰੀਦਕੋਟ ..	ਕੁਝ ਨਹੀਂ	4	40
5.	ਰੋਪੜ ..	7	21	14
6.	ਲੁਧਿਆਣਾ ..	28	39	25
7.	ਜਲੰਧਰ ..	175	153	68
8.	ਹੁਸ਼ਿਆਰਪੁਰ ..	31	51	26
9.	ਗੁਰਦਾਸਪੁਰ ..	45	110	39
10.	ਅੰਮ੍ਰਿਤਸਰ ..	43	69	97
11.	ਕਪੂਰਥਲਾ ..	12	25	32
12.	ਫਿਰੋਜ਼ਪੁਰ ..	75	75	62

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰਾ ਪਹਿਲਾ ਸਵਾਲ ਇਹ ਸੀ ਕਿ 1 ਜਨਵਰੀ 1973 ਤਕ ਜਿਹੜੇ ਜੇ. ਬੀ. ਟੀ. ਵਰਨੈਕੂਲਰ, ਕਲਾਸੀਕਲ ਜਾਂ ਬੀ. ਐਡ. ਟੀਚਰਜ਼ ਐਡਹਾਕ ਬੇਸਿਜ਼ ਤੇ ਲਗੇ ਹੋਏ ਸਨ ਅਤੇ ਉਨ੍ਹਾਂ ਦੀ ਸਰਵਿਸ ਇਕ ਸਾਲ ਦੀ ਹੋ ਗਈ ਸੀ ਕੀ ਉਨ੍ਹਾਂ ਨੂੰ ਰੈਗੂਲਰ ਕਰਨ ਦਾ ਸਰਕਾਰ ਨੇ ਕੋਈ ਫੈਸਲਾ ਕੀਤਾ ਹੈ, ਜਿਸਦਾ

ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ "ਹਾਂ" । ਮੇਰਾ ਦੂਜਾ ਸਵਾਲ ਇਹ ਸੀ ਕਿ ਜਿਹੜਾ ਫੈਸਲਾ ਸਰਕਾਰ ਨੇ ਕੀਤਾ ਸੀ ਕਿ ਉਹ ਇੰਪਲੀਮੈਂਟ ਹੋਇਆ, ਇਨ੍ਹਾਂ ਨੇ ਜਵਾਬ ਦਿੱਤਾ ਕਿ ਇੰਪਲੀਮੈਂਟ ਨਹੀਂ ਹੋਇਆ ਅਤੇ ਦਲੀਲ ਇਹ ਦਿੱਤੀ ਕਿ ਜ਼ਿਲ੍ਹਾ ਪੱਧਰ ਤੇ ਚੋਣ ਕਮੇਟੀਆਂ ਦੀ ਮੀਟਿੰਗ ਨਹੀਂ ਹੋਈ । ਇਸ ਕੇਸ ਵਿਚ 2000 ਟੀਚਰਜ਼ ਇਨਵਾਲਵਡ ਹਨ । ਇੱਕ ਸਾਲ ਤੋਂ ਉਨ੍ਹਾਂ ਦੀ ਰੈਗੂਲਰਾਈਜ਼ੇਸ਼ਨ ਦੇ ਕੇਸਿਜ਼ ਇਸ ਮਹਿਕਮੇ ਦੀ ਨਾਅਹਿਲੀਅਤ ਕਾਰਣ ਰੁਕੇ ਪਏ ਹਨ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਕੋਈ ਡੇਟ ਮੁਕਰਰ ਕਰਨ ਲਈ ਤਿਆਰ ਹਨ ਜਿਸ ਨੂੰ ਕਿ ਜ਼ਿਲ੍ਹਾਂ ਚੋਣ ਕਮੇਟੀਆਂ ਮੀਟਿੰਗ ਕਰਕੇ ਇਨ੍ਹਾਂ ਟੀਚਰਜ਼ ਨੂੰ ਰੈਗੂਲਰਾਈਜ਼ ਕਰ ਦੇਣਗੀਆਂ ?

ਮੰਤਰੀ : ਸਪੀਕਰ ਸਾਹਿਬ, ਇਹ ਫੈਸਲਾ ਹੋਇਆ ਸੀ । ਫਿਰ 19 ਸਤੰਬਰ, 1974 ਨੂੰ ਇੰਸਟ੍ਰੱਕਸ਼ਨਜ਼ ਹੋਈਆਂ । ਕੁਝ ਜ਼ਿਲ੍ਹਿਆਂ ਤੋਂ ਖਬਰ ਆਈ ਹੈ ਕਿ ਉਨ੍ਹਾਂ ਨੇ ਕੁਝ ਕੰਮ ਮੁਕੰਮਲ ਕਰ ਲਿਆ ਹੈ ਅਤੇ ਇਹ ਜ਼ਿਲ੍ਹਾਂ ਪਟਿਆਲਾ, ਅੰਮ੍ਰਿਤਸਰ, ਗੁਰਦਾਸਪੁਰ ਕਪੂਰਥਲਾ ਅਤੇ ਫਰੀਦਕੋਟ ਹਨ । ਲੇਕਿਨ ਹਾਲੇ ਉਥੇ ਆਰਡਰ ਨਹੀਂ ਨਿਕਲ ਸਕੇ ਕਿਉਂਕਿ ਲਿਸਟਾਂ ਮੁਕੰਮਲ ਹਾਲੇ ਹੋਣੀਆਂ ਹਨ । ਅਸੀਂ ਆਪਣੇ ਅਫਸਰਾਂ ਨੂੰ ਕਿਹਾ ਹੈ ਕਿ ਕੰਮ ਨੂੰ ਛੇਤੀ ਤੋਂ ਛੇਤੀ ਕੀਤਾ ਜਾਵੇ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਣਨਾ ਚਾਹੁੰਦਾ ਹਾਂ ਕਿ ਦੋ ਸਾਲ ਪਹਿਲਾਂ ਇਹ ਫੈਸਲਾ ਹੋਇਆ ਸੀ ਲੇਕਿਨ ਇਹ ਲਾਗੂ ਨਹੀਂ ਕੀਤਾ ਗਿਆ ਅਤੇ ਇਸ ਵਿਚ ਦੇਰ ਹੋ ਗਈ ਹੈ । ਇਸ ਦਾ ਕਾਰਣ ਕਿਤੇ ਇਹ ਤਾਂ ਨਹੀਂ ਕਿ ਜਿਹੜਾ ਗੌਰਮਿੰਟ ਨੇ ਫੈਸਲਾ ਕੀਤਾ ਹੈ ਉਸ ਸਰਕੂਲਰ ਦੇ ਵਿਚ ਸਮਰ ਵੈਕੇਸ਼ਨ ਦੇ ਬਾਰੇ ਵਿਚ ਸਾਈਲੈਂਟ ਸੀ । ਫਿਰ ਰੈਪਰੀਜ਼ੈਂਟ ਕਰਨ ਤੋਂ ਬਾਅਦ ਸਰਕਾਰ ਨੇ ਸਮਰ ਵੈਕੇਸ਼ਨਜ਼ ਦਾ ਬੈਨੀਫਿਟ ਦਿੱਤਾ । ਹੁਣ ਸਰਕਾਰ ਕਿੰਨੀ ਦੇਰ ਵਿਚ ਸਾਰੇ ਕੇਸ ਫਾਈਨੇਲਾਈਜ਼ ਕਰਾ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਗੁਪਤਾ ਸਹਿਬ ਦੀ ਗੱਲ ਦਰੁਸਤ ਹੈ । ਇਸ ਪੁਆਇੰਟ ਤੇ ਸਰਕੂਲਰ ਸਾਈਲੈਂਟ ਸੀ ਕਿ ਸਮਰ ਵੈਕੇਸ਼ਨ ਦਾ ਕੀ ਕਰਨਾ ਹੈ । ਉਸਤੋਂ ਬਾਅਦ ਫੈਸਲਾ ਕੀਤਾ ਗਿਆ ਕਿ ਸਮਰ ਵੈਕੇਸ਼ਨ ਦਾ ਜਿਹੜਾ ਪੀਰੀਅਡ ਹੈ ਇਹ ਕੋਈ ਬਰੇਕ ਇਨ ਸਰਵਿਸ ਕਨਸੀਡਰ ਨਹੀਂ ਕੀਤੀ ਜਾਵੇਗੀ । ਉਸ ਤੋਂ ਬਾਅਦ ਦੁਬਾਰਾ ਸਰਕੂਲਰ 19 ਸਤੰਬਰ, 1974 ਨੂੰ ਕੀਤਾ ਗਿਆ ।

आचार्य पृथ्वी सिंह आजाद : मंत्री महोदय ने जवाब देते हुए कहा है कि 31 दिसम्बर, 1974 तक कोइ मीटिंग नहीं हो सकी । क्या वह मीटिंग न होने का कारण बताने की कृपा करेगे ?

ਮੰਤਰੀ : ਸਪੀਕਰ ਸਾਹਿਬ, ਅਸੀਂ ਇਹ ਕੰਮ ਹੁਣ ਡੀ. ਈ. ਓਜ਼ ਦੇ ਜ਼ਿਮੇ ਲਾਇਆ ਹੈ ਅਤੇ ਜਿਹੜੀ ਡਿਸਟ੍ਰਿਕਟ ਸਕਰੀਨਿੰਗ ਕਮੇਟੀ ਹੈ ਉਸ ਦੇ ਜ਼ਿਮੇਂ ਲਾਇਆ ਹੈ ਤਾਕਿ ਡੀ. ਪੀ. ਆਈ. ਦੇ ਦਫਤਰ ਵਿਚ ਬਹੁਤ ਰਸ਼ ਨਾ ਹੋਵੇ । ਜੇ. ਬੀ. ਟੀ. ਦੀ ਸੀਨੀਅਰਟੀ ਜ਼ਿਲ੍ਹਾ ਪੱਧਰ ਤੇ ਹੀ ਫਿਕਸ ਹੋਵੇਗੀ ।

1973-74 ਅਤੇ 1974-75 ਦੇ ਦੌਰਾਨ ਲੈਕਚਰਾਰਾਂ ਵਜੋਂ ਤਰੱਕੀ ਦਿਤੇ ਗਏ ਬੀ.ਏ.ਬੀ.ਟੀ./ਬੀ.ਐਡ. ਅਧਿਆਪਕ

*3100. **ਮਾਸਟਰ ਚੰਦ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਵਿਦਿਅਕ ਸਾਲਾਂ 1973-74 ਅਤੇ 1974-75 ਦੇ ਦੌਰਾਨ ਸਰਕਾਰੀ ਮਿਡਲ

[ਮਾਸਟਰ ਚੰਦ ਸਿੰਘ]

ਅਤੇ ਹਾਈ ਸਕੂਲਾਂ ਵਿਚ ਕੰਮ ਕਰ ਰਹੇ ਕਿਸੇ ਬੀ.ਏ.ਬੀ.ਟੀ. ਜਾਂ ਬੀ.ਐਡ. ਅਧਿਆਪਕਾਂ ਨੂੰ ਜਿਨ੍ਹਾਂ ਨੇ ਐਮ. ਏ. ਪਾਸ ਕਰ ਲਈ ਹੋਵੇ ਲੈਕਚਰਾਰ ਵਜੋਂ ਤਰੱਕੀ ਦਿੱਤੀ ਗਈ ;

(ਅ) ਜੇਕਰ ਉਕਤ ਭਾਗ "ੳ" ਦੇ ਉਤਰ ਹਾਂ ਵਿਚ ਹੋਵੇ ਤਾਂ ਉਕਤ ਸਾਲਾਂ ਦੇ ਦੌਰਾਨ ਇਸ ਤਰ੍ਹਾਂ ਤਰੱਕੀ ਦਿੱਤੇ ਗਏ ਅਧਿਆਪਕਾਂ ਦੀ ਵਿਸ਼ੇਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ੲ) ਕੀ ਅਜਿਹੇ ਵੀ ਕੋਈ ਅਧਿਆਪਕ ਹਨ ਜਿਨ੍ਹਾਂ ਨੇ ਐਮ. ਏ. ਪਾਸ ਕਰ ਲਈ ਹੈ ਲੇਕਿਨ ਉਨ੍ਹਾਂ ਨੂੰ ਹੁਣ ਤੱਕ ਲੈਕਚਰਾਰ ਵਜੋਂ ਤਰੱਕੀ ਨਹੀਂ ਦਿੱਤੀ ਗਈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਕਾਰਨ ?

ਸ੍ਰੀ ਗੁਰਮੇਲ ਸਿੰਘ : (ੳ) ਹਾਂ ਜੀ ।

(ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ੲ) ਹਾਂ ਜੀ । ਸਾਲ 1974 ਤੱਕ ਜਿਨ੍ਹਾਂ ਮਾਸਟਰਾਂ ਨੇ ਐਮ. ਏ. ਪਾਸ ਕੀਤੀ ਹੈ ਉਨ੍ਹਾਂ ਦੇ ਵੇਰਵੇ ਇਕੱਠੇ ਹੋਣ ਉਪਰੰਤ ਸੀਨੀਆਰਟੀ ਦੇ ਆਧਾਰ ਤੇ ਲੈਕਚਰਾਰ ਦੀਆਂ ਅਸਾਮੀਆਂ ਦੀ ਹੋਂਦ ਦੀ ਸੂਰਤ ਵਿਚ ਤਰੱਕੀਆਂ ਦਿਤੀਆਂ ਜਾਣਗੀਆਂ ।

ਵਿਸ਼ੇਵਾਰ ਲੈਕਚਰਾਰਜ਼ ਦੀਆਂ ਅਸਾਮੀਆਂ ਤੇ ਸਾਲ 1973-74 ਅਤੇ 1974-75 ਵਿਚ ਦਿਤੀ ਗਈ ਤਰੱਕੀਆਂ ਦੀ ਸੂਚੀ

ਲੜੀ ਨੰ:	ਨਾਮ
	ਕੈਮਿਸਟਰੀ
	ਸਰਵ ਸ੍ਰੀ/ਸ੍ਰੀਮਤੀ
1.	ਦੇਵਿੰਦਰ ਕੁਮਾਰ, ਗੌ. ਹਾ. ਸ., ਮਜੀਠਾ
2.	ਦਿਆ ਸਿੰਘ , ਗੌ. ਮਿ. ਸ., ਹਸਨਪੁਰ ।
3.	ਅਮੋਲਕ ਸਿੰਘ, ਗੌ. ਮਾ. ਹਾ. ਸ. ਸ., ਜਲੰਧਰ ।
	ਹਿਸਾਬ
1.	ਮਹਿੰਦਰ ਸਿੰਘ, ਗੌ. ਮਿ. ਸ., ਘੋਟ ਪੋਕੜ ।
2.	ਗੁਰਮੁੱਖ ਸਿੰਘ, ਗੌ. ਹਾ. ਸੈ. ਸ., ਪਠਾਨਕੋਟ ।
3.	ਸਰੂਪ ਚੰਦ, ਗੌ. ਹਾ. ਸ. ਸ., ਭਵਾਨੀ ਗੜ੍ਹ ।

ਲੜੀ ਨ:	ਨਾਮ

ਸਰਵ ਸ੍ਰੀ/ਸ੍ਰੀਮਤੀ

4. ਕੁਲਬੀਰ ਸਿੰਘ, ਗੌ. ਹਾ. ਸ., ਆਲਮਵਾਨਾ।
5. ਮਲੇਰ ਦੇਸ ਬੰਧੂ, ਗੌ. ਹਾ. ਸ. ਸ., ਮਹਿਰਾਜ ।
6. ਗੁਰਚਰਨ ਸਿੰਘ, ਗੌ. ਹਾ. ਸ. ਸ., ਬੁਲੰਦੀ।
7. ਬੇਲੀ ਰਾਮ, ਗੌ. ਹਾ. ਸ., ਫਿਰੋਜ਼ਪੁਰ ।
8. ਦਿਆ ਸ਼ਰਮਾ, ਗੌ. ਹਾ: ਸ. ਸ. ਕਾਹਮਾ।

ਐਗਰੀਕਲਚਰ

1. ਵਮਨ ਸਿੰਘ, ਗੌ. ਹਾ. ਸ., ਗੁਰਦਾਸਪੁਰ।

ਜੋਗਰਫੀ

1. ਗੁਰਮੇਜ ਰਾਮ, ਗੌ. ਹਾ. ਸ., ਪਰਜੀਆਂ ਕਲਾਂ ।
2. ਚਰਨ ਸਿੰਘ, ਗੌ. ਹਾ. ਸੈ. ਸ., ਸੈਕਟਰ 8, ਚੰਡੀਗੜ੍ਹ।
3. ਸਾਹਿਬ ਸਿੰਘ, ਗੌ. ਹਾ. ਸ., ਖਾਰਾ ।

ਅੰਗਰੇਜ਼ੀ

1. ਓਮ ਪ੍ਰਕਾਸ਼, ਗੌ. ਮਿ. ਸ., ਕਲਾ ਬਾਲਾ
2. ਤੇਜਾ ਸਿੰਘ, ਗੌ. ਹਾ. ਸ. ਸ., ਕਪੂਰਥਲਾ ।
3. ਦਰਸ਼ਨ ਸਿੰਘ, ਬੀ, ਈ.ਓ., ਕਾਹਨੂੰਵਾਨ।
4. ਸੁਖਦੇਵ ਸਿੰਘ, ਗੌ. ਹਾ. ਸ., ਹਰ ਰਾਏ ਪੁਰ।
5. ਸਰੂਪ ਸਿੰਘ, ਗੌ. ਹਾ. ਸ. ਸ., ਫਤਿਹਗੜ੍ਹ ਸਾਹਿਬ।
6. ਰੂਪ ਚੰਦ, ਗੌ: ਹਾ. ਸ. ਸ., ਜਲੰਧਰ।
7. ਸਦਾ ਲਾਲ, ਗੌ. ਹਾ. ਸ., ਜਲਾਲਾਬਾਦ।
8. ਸਰੂਪ ਲਾਲ, ਗੌ. ਹਾ. ਸ., ਫੱਲਾ।
9. ਸੁਖਚੈਨ ਸਿੰਘ, ਗੌ. ਹਾ. ਸ.. ਬੁਤਾਲਾ।
10. ਕੰਵਲਜੀਤ ਸਿੰਘ, ਗੌ. ਹਾ. ਸੈ. ਸ., ਬਨੂੜ।
11. ਲਾਜਪਤ ਰਾਏ ਗੌ. ਹਾ. ਸ., ਨੌਸ਼ਹਿਰਾ ਮਾਝਾ।
12. ਆਰ. ਪੀ. ਦਿਵਾਨ, ਗੌ. ਹਾ. ਸੈ. ਸ.. ਸੈਕਟਰ- 16, ਚੰਡੀਗੜ੍ਹ।
13. ਓਮ ਪ੍ਰਕਾਸ਼, ਬੀ. ਈ. ਓ., ਬਠਿੰਡਾ।
14. ਰਾਜ ਸਿੰਘ, ਗੌ. ਮਿ. ਸ., ਚਹਿਲ
15. ਬਿਮਲਾ ਅਗਰਵਾਲ, ਬੀ.ਈ. ਓ., ਅੰਮ੍ਰਿਤਸਰ।
16. ਸ਼ਨੋ ਦੇਵੀ, ਗੌ. ਗ. ਹਾ. ਸ., ਮੁਕਤਸਰ।
17. ਵਿਦਿਆ ਕੁਮਾਰੀ, ਗੌ. ਹਾ. ਸੈ. ਸ., ਫਿਰੋਜ਼ਪੁਰ।
18. ਨਿਰਮਲ ਸਰਮਾਰ, ਗੌ. ਗ. ਹਾ. ਸੈ. ਸ., ਫਿਰੋਜ਼ਪੁਰ।

[ਵਿਦਿਆ ਮੰਤਰੀ]

ਲੜੀ ਨੰ:	ਨਾਮ
	ਸਰਵ ਸ੍ਰੀ/ਸ੍ਰੀਮਤੀ
19.	ਗੁਰਚਰਨ ਬਾਂਸਲ, ਗੌ. ਗ. ਹਾ. ਸ. ਸ., ਕਟੜਾ ਕਰਮ ਸਿੰਘ, ਅੰਮ੍ਰਿਤਸਰ।
20.	ਸੁਦੇਸ਼ ਗੁੱਪਤਾ, ਗੌ. ਗ. ਹਾ ਸੈ. ਸ., ਫਗਵਾੜਾ।
21.	ਚਰਨਜੀਤ ਕੌਰ, ਗੌ. ਗ. ਹਾ. ਸੈ. ਸ., ਨਾਭਾ।
22.	ਚੰਦਰ ਕਾਂਤਾ ਪ੍ਰੁਸ, ਗੌ. ਗ. ਹ. ਸੈ. ਸ., ਬਟਾਲਾ।
23.	ਸੁਖਾ ਚਾਵਲਾ, ਗੌ. ਹਾ. ਸੈ. ਸ., ਫਿਰੋਜ਼ਪੁਰ।
	ਹਿਸਟਰੀ
1.	ਦੀਪ ਚੰਦ, ਗੌ. ਮਿ. ਸ. ਕੇ. ਐਫ. ਸੀ., ਪਠਾਨਕੋਟ।
2.	ਕੇਵਲ ਕ੍ਰਿਸ਼ਨ, ਗ. ਹਾ. ਸ., ਹੁਸ਼ਿਆਰਪੁਰ।
3.	ਸ਼ੇਰ ਸਿੰਘ, ਗੌ. ਹਾ. ਸ., ਮੁਲਾਂ ਪੁਰ।
4.	ਭਗਵਾਨ ਦਾਸ, ਗੌ. ਮਾਡਲ ਹਾ. ਸੈ. ਸ., ਜਲੰਧਰ।
5.	ਅਵਤਾਰ ਸਿੰਘ, ਗੌ. ਹਾ. ਸੈ. ਸ., ਸੰਗਰੂਰ।
6.	ਸੀਤਾਰਾਮ, ਗੌ. ਹਾ. ਸ., ਮੀਰਬਲ।
7.	ਹਰਦਿਆਲ ਸਿੰਘ, ਗੌ. ਹਾ. ਸੈ. ਸ., ਗੁਰਦਾਸਪੁਰ।
8.	ਹਰਕੀਰਤ ਸਿੰਘ, ਗੌ. ਹਾ. ਸ., ਭਵਾਨਗੜ੍ਹ।
9.	ਗੁਰਬਾਗ ਸਿੰਘ, ਗੌ. ਹਾ. ਸ., ਸੁਜਾਨਪੁਰ।
10.	ਲਾਭ ਸਿੰਘ, ਬੀ. ਈ. ਓ., ਨੂਰਪੁਰ ਬੇਦੀ।
11.	ਗੁਰਮੀਤ ਸਿੰਘ, ਗੌ. ਮਿ. ਸ., ਮਨੌਲੀ।
12.	ਜੌੜਾ ਆਈ ਮਸਹੀ, ਗੌ. ਹਾ. ਸ., ਜੱਤੋਵਾਲ ਬੇਟ।
13.	ਬਲਦੇਵ ਕ੍ਰਿਸ਼ਨ, ਗੌ. ਮਿਡਲ ਸ., ਸੂਰਾਪੁਰ।
14.	ਹਰਭਜਨ ਸਿੰਘ, ਗੌ. ਹਾ. ਸੈ. ਸ., ਸੈਕਟਰ—19, ਚੰਡੀਗੜ੍ਹ।
15.	ਗੁਰਬਖਸ ਸਿੰਘ, ਗੌ. ਹਾ. ਸ., ਲਾਲਪੁਰਾ।
16.	ਹਰਮਿੰਦਰ ਸਿੰਘ, ਗੌ. ਹਾ. ਸ., ਹਰੀਕੇ।
17.	ਗੁਰਕੀਤ ਕੌਰ, ਗੌ. ਗ. ਹਾ. ਸੈ. ਸ., ਸੈਕਟਰ—18, ਚੰਡੀਗੜ੍ਹ।
18.	ਹਰਦੇਵ ਕੌਰ, ਗੌ. ਹਾ. ਸੈ. ਸ., ਜੰਡੀਆਲਾ।
19.	ਦਵਿੰਦਰ ਬਾਜਵਾ, ਗੌ. ਹਾ. ਸੈ. ਸ., ਸੈਕਟਰ—18, ਚੰਡੀਗੜ੍ਹ।
20.	ਨਛੱਤਰ ਕੌਰ, ਗੌ. ਗ. ਹਾ. ਸ., ਸਵੱਦੀ।

ਲੜੀ ਨੰ:	ਨਾਮ
	ਸਰਵ ਸ੍ਰੀ/ਸ੍ਰੀਮਤੀ
21.	ਜੋਗਿੰਦਰ ਕੌਰ, ਗੌ. ਗ. ਹਾ. ਸ., ਸੈਕਟਰ—21, ਚੰਡੀਗੜ੍ਹ ।
22.	ਗੁਣਵੰਤ ਕੌਰ, ਗੌ. ਗ. ਹਾ. ਸ., ਬਲਾਚੌਰ ।
23.	ਰਜਿੰਦਰ ਕੌਰ, ਗੌ. ਹਾ. ਸ., ਫਗਵਾੜਾ ।
24.	ਜਗਦੀਪ ਕੌਰ, ਗੌ. ਗ. ਹਾ. ਸੈ. ਸ., ਰੋਪੜ ।
25.	ਸੰਤੋਸ਼ ਸੂਦ, ਗੌ. ਗ. ਹਾ. ਸੈ. ਸ., ਸੈਕਟਰ—18, ਚੰਡੀਗੜ੍ਹ ।
26.	ਸਵੀਤਾ ਸਿਆਲ, ਗੌ. ਗ. ਹਾ. ਸੈ. ਸ., ਸੈਕਟਰ-18, ਚੰਡੀਗੜ੍ਹ ।
	ਪੰਜਾਬੀ
1.	ਪ੍ਰੀਤਮ ਸਿੰਘ, ਗੌ. ਹਾ. ਸ., ਖਿਜਰਾਬਾਦ ।
2.	ਅਵਤਾਰ ਸਿੰਘ, ਗੌ. ਹਾ. ਸੈ. ਸ., ਗੁਰਦਾਸਪੁਰ ।
3.	ਹਰਦਿਆਲ ਸਿੰਘ, ਗੌ. ਹਾ. ਸ., ਕੜਿਆਲ ।
4.	ਸਤਨਾਮ ਸਿੰਘ, ਗੌ. ਹਾ. ਸ., ਬੰਗਾ ।
5.	ਮਨਮੋਹਨ ਸਿੰਘ, ਗੌ. ਹਾ. ਸ., ਕੁਠਾਲਾ ।
6.	ਪਾਖਰ ਸਿੰਘ, ਗੌ. ਸ., ਪਟਿਆਲਾ ।
7.	ਅਜੀਤ ਸਿੰਘ, ਬੀ. ਈ. ਓ., ਸਮਰਾਲਾ ।
8.	ਚੰਨ ਸਿੰਘ, ਗੌ. ਮਿ. ਸ., ਢੱਲਕੇ ।
9.	ਤ੍ਰਿਪਤ ਸਿੰਘ, ਗੌ. ਹਾ. ਸ., ਅਜਰਾਵਰ ।
10.	ਹਰਭਜਨ ਸਿੰਘ, ਗੌ. ਹਾ. ਸ., ਬਾਲੀਵਾਲ ਬੇਟ ।
11.	ਜਗਰਾਜ ਸਿੰਘ, ਗੌ. ਹਾ. ਸੈ. ਸ., ਮੁਕੱਤਸਰ ।
12.	ਸੁਦੇਸ਼ ਕੁਮਾਰ, ਗੌ. ਹਾ. ਸ., ਬਠਿੰਡਾ ।
13.	ਨਦਰ ਨੌ ਨਿਹਾਲ ਸਿੰਘ, ਬੀ.ਈ. ਓ., ਜਲੰਧਰ ।
14.	ਰਣਜੀਤ ਕੌਰ, ਗੌ. ਵਿ. ਜੀ. ਹਾ. ਸੈ. ਸ., ਪਟਿਆਲਾ ।
15.	ਜਸਪਾਲ ਕੌਰ, ਗੌ. ਗ. ਹਾ. ਸੈ. ਸ., ਕੋਟ ਕਪੂਰਾ ।
16.	ਗੁਰਮੀਤ ਕੌਰ, ਗੌ. ਮਿ. ਸ., ਜਮਸ਼ੇਰ ।
17.	ਸੁਰਜੀਤ ਕੌਰ, ਗੌ. ਗ. ਹਾ. ਸੈ. ਸ., ਸਰਹਿੰਦ ਮੰਡੀ ।
18.	ਗੁਰਮੀਤ ਕੌਰ ਗੌ. ਗ. ਹਾ. ਸੈ. ਸ., ਨਾਭਾ ।
19.	ਸੁਰਜੀਤ ਕੌਰ ਮਾਨ, ਗੌ. ਹਾ. ਸ., ਢੰਡਾਰੀ ਖੁਰਦ ।
20.	ਗੁਰਸ਼ਰਨ ਕੌਰ, ਗੌ. ਗ. ਹਾ. ਸ., ਸਮਰਾਲਾ ।

[ਵਿਦਿਆ ਮੰਤਰੀ]

ਲੜੀ ਨੰ:	ਨਾਮ

ਹਿੰਦੀ

ਸਰਵ ਸ੍ਰੀ/ਸ੍ਰੀਮਤੀ

1. ਸੰਤੋਸ਼, ਗੌ. ਗ. ਹਾ. ਸੈ. ਸ., ਮੋਗਾ ।
2. ਰਾਜ ਚੋਪੜਾ, ਗੌ. ਗ. ਹਾ. ਸ., ਕਪੂਰਥਲਾ ।
3. ਪੀ. ਕੇ. ਚਾਵਲਾ, ਗੌ. ਸੀ. ਮਾ. ਸ., ਸੈਕਟਰ—16. ਚੰਡੀਗੜ੍ਹ ।
4. ਵਿਮਲਾ ਫੁਤੇਲਾ, ਗੌ. ਗ. ਹਾ. ਸ., ਨੌੜਾ ।
5. ਕੁਲਦੀਪ ਕੌਰ, ਗੌ. ਗ. ਹਾ. ਸ., ਨੰਗਲ ।

ਇਕਨਾਮਿਕਸ

1. ਹੁਰਸੱਜਨ ਸਿੰਘ, ਗੌ. ਹਾ. ਸੈ. ਸ., ਫਗਵਾੜਾ ।
2. ਗੁਰਚਰਨ ਸਿੰਘ, ਗੌ. ਮਿ. ਸ., ਪੋਲਾ ।
3. ਨਰਿੰਦਰ ਸਿੰਘ, ਗੌ. ਹਾ. ਸੈ. ਸ., ਰੁੜਕਾ ਕਲਾਂ
4. ਦਿਆਲ ਸਿੰਘ, ਗੌ. ਹਾ. ਸ., ਧੋਗੜਾ ।
5. ਦਿਆਲ ਸਿੰਘ, ਬੀ. ਈ. ਓ., ਜਲਾਲਾਬਾਦ ਵੈਸਟ ।
6. ਇੰਦਰ ਮੋਹਨ, ਗੌ. ਹਾ. ਸ., ਦੀਨਾ ਨਗਰ ।
7. ਦੇਵਾ ਸਿੰਘ, ਗੌ. ਹਾ. ਸ., ਕੁਰਦ ।
8. ਧਰਮਪਾਲ, ਗੌ. ਹਾ. ਸ., ਰਹੀਮਪੁਰ ।
9. ਮੋਹਨ ਲਾਲ, ਗੌ. ਹਾ. ਸ., ਸ਼ੰਕਰਪੁਰਾ ।
10. ਮਹਿੰਦਰ ਸਿੰਘ, ਗੌ. ਹਾ. ਸ., ਸਨੌਰ ।
11. ਸਤਪਾਲ, ਗੌ. ਹਾ. ਸੈ. ਸ., ਪਠਾਨਕੋਟ ।
12. ਸੁਰਿੰਦਰ ਕੁਮਾਰੀ, ਗੌ. ਗ. ਹਾ. ਸੈ. ਸ., ਕੋਟ ਕਪੂਰਾ ।
13. ਮਹਿੰਦਰ ਕੌਰ, ਗੌ. ਹਾ. ਸ., ਸੁਜਾਨਪੁਰ ।
14. ਕੁਲਦੀਪ ਕੌਰ, ਗੌ. ਵਿ. ਜੀ. ਹਾ. ਸੈ. ਸ., ਪਟਿਆਲਾ ।
15. ਕੁਲਵੰਤ ਕੌਰ, ਗੌ. ਹਾ. ਸ., ਹਰਸਾਛੀਨਾ ।
16. ਕੌਸ਼ਲਿਆ, ਗੌ. ਗ. ਹਾ. ਸ., ਮਾਡਲ ਟਾਊਨ, ਜਲੰਧਰ ।
17. ਰਾਜ ਕੁਮਾਰੀ, ਗੌ. ਗ. ਹਾ. ਸ., ਅਨਾਰਦਾਨਾ ਚੌਕ, ਪਟਿਆਲਾ ।

ਲੜੀ ਨੰ:	ਨਾਮ

ਸਵਿਕਸ

ਸਰਵ ਸ੍ਰੀ/ਸ੍ਰੀਮਤੀ

1. ਸੰਤ ਰਾਮ, ਗੌ. ਹਾ. ਸ., ਕਾਨੂੰਨ ਵਾਨ ।
2. ਰਣਜੀਤ ਸਿੰਘ, ਗੌ. ਹਾ. ਸੈ. ਸ., ਫਿਰੋਜ਼ਪੁਰ ।
3. ਪ੍ਰੇਮ ਚੰਦ, ਗੌ. ਹਾ. ਸ. ਸ., ਸੰਗਰੂਰ ।
4. ਦਲੀਪ ਸਿੰਘ, ਗੌ. ਹਾ. ਸੈ. ਸ., ਬਟਾਲਾ
5. ਸਵਰਨ ਮਹਿਤਾ, ਗੌ. ਗ. ਹਾ. ਸ., ਸਮਿਟਰੀ ਰੋਡ, ਲੁਧਿਆਣਾ ।
6. ਸਰੋਜ ਭਾਟੀਆ, ਗੌ. ਗ. ਹਾ. ਸੈ. ਸ., ਮਹਾਂ ਸਿੰਘ ਗੇਟ, ਅੰਮ੍ਰਿਤਸਰ ।
7. ਕੰਵਲਜੀਤ ਕੌਰ, ਗੌ. ਗ. ਹਾ. ਸੈ. ਸ., ਓਲਡ ਪੁਲਿਸ ਲਾਈਨ, ਪਟਿਆਲਾ ।

ਮਿਊਜ਼ਿਕ

1. ਹਰਸ਼ਰਨ ਗਿੱਲ, ਗੌ. ਗ. ਹਾ. ਸੈ. ਸ., ਕਪੂਰਥਲਾ ।
2. ਪ੍ਰੋਮਿਲਾ ਭਾਰਦਵਾਜ, ਗੌ. ਕੋ. ਐ. ਮਾ. ਹਾ. ਸੈ. ਸ., ਜਲੰਧਰ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਮਾਸਟਰ ਤਾਂ ਇਨ੍ਹਾਂ ਨੇ ਲੈਕਚਰਰ ਬਣਾ ਦਿੱਤੇ ਪਰ ਸਾਲ 1974 ਵਿਚ ਬਹੁਤ ਸਾਰੇ ਮਾਸਟਰਾਂ ਨੇ ਅੱਡ ਅੱਡ ਵਿਸ਼ਿਆਂ ਦੇ ਵਿੱਚ ਐਮ. ਏ. ਪਾਸ ਕੀਤੀ ਹੈ ਪਰ ਅਜੇ ਤਕ ਉਨ੍ਹਾਂ ਨੂੰ ਲੈਕਚਰਰ ਪਰਮੋਟ ਨਹੀਂ ਕੀਤਾ ਗਿਆ, ਉਹ ਕਦੋਂ ਤਕ ਪਰਮੋਟ ਕਰ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਪੋਸਟਾਂ ਤੇ ਡਿਪੈਂਡ ਕਰਦਾ ਹੈ । ਜੇ 100 ਪੋਸਟਾਂ ਹੋਣ ਤਾਂ 75 ਪੋਸਟਾਂ ਤਾਂ ਅਸੀਂ ਰੈਗੂਲਰ ਪਰਮੋਸ਼ਨ ਦੇ ਰਾਹੀਂ ਭਰਦੇ ਹਾਂ ਅਤੇ ਬਾਕੀ ਦੀਆਂ 25 ਪੋਸਟਾਂ ਅਸੀਂ ਡਾਇਰੈਕਟ ਕੋਟੇ ਦੇ ਰਾਹੀਂ ਭਰਦੇ ਹਾਂ । ਜਿਉਂ ਜਿਉਂ ਪੋਸਟਾਂ ਨਿਕਲਣਗੀਆਂ ਤਿਉਂ ਤਿਉਂ ਅਸੀਂ ਇਹ ਭਰਦੇ ਜਾਵਾਂਗੇ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ ਜੋ ਫਾਰਮੂਲਾ ਇਨ੍ਹਾਂ ਨੇ ਬਣਾਇਆ ਹੈ ਇਸ ਦੇ ਬਾਰੇ ਤਾਂ ਕਿਸੇ ਨੂੰ ਇਤਰਾਜ਼ ਨਹੀਂ । ਮਹਿਕਮੇ ਵਿੱਚ ਕਈ ਕੇਸ ਪਰਮੋਸ਼ਨਾਂ ਦੇ 6, 6 ਸਾਲਾਂ ਤੋਂ ਲਟਕਦੇ ਰਹਿੰਦੇ ਹਨ । ਕਈਆਂ ਦੀਆਂ ਤਾਂ ਪਰਮੋਸ਼ਨਾਂ ਹੋ ਜਾਂਦੀਆਂ ਹਨ ਪਰ ਕਈ ਜਿਹੜੇ ਪਰਮੋਸ਼ਨ ਦੇ ਹੱਕਦਾਰ ਹਨ ਉਨ੍ਹਾਂ ਦੀ ਪਰਮੋਸ਼ਨ ਕਿਸੇ ਕਾਰਨ ਨਹੀਂ ਹੁੰਦੀ । ਇਸ ਤਰ੍ਹਾਂ ਦੇ ਜਿਹੜੇ ਲੈਫਟ ਆਊਟ ਕੇਸਿਜ਼ ਹਨ ਇਹ ਕਦੋਂ ਤਕ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਕਈਆਂ ਦੇ ਕੇਸ ਇਨਕੰਪਲੀਟ ਸਨ ਇਸ ਕਰਕੇ ਉਨ੍ਹਾਂ ਦਾ ਵੇਰਵਾ ਜ਼ਿਲ੍ਹਿਆਂ ਤੋਂ ਫਿਰ ਮੰਗਵਾਇਆ ਗਿਆ ਹੈ ।

ਰਾਜ ਵਿਚ ਕੈਸ਼ ਕਰਾਪਸ ਦੇ ਉਤਪਾਦਨ ਵਿਚ ਵਾਧਾ

*2934. **ਚੌਧਰੀ ਰਾਮ ਸਿੰਘ :** ਕੀ ਖੇਤੀਬਾੜੀ ਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਸਰਕਾਰ ਰਾਜ ਵਿੱਚ ਕੈਸ਼ ਕਰਾਪਸ ਤੇ ਉਤਪਾਦਨ ਵਿਚ ਵਾਧਾ ਕਰਨ ਲਈ ਕੋਈ ਕਾਰਵਾਈ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦਾ ਵੇਰਵਾ ਕੀ ਹੈ ?

(ਅ) ਪਹਿਲੀ ਅਪਰੈਲ, 1974 ਤੋਂ 31 ਦਸੰਬਰ, 1974 ਤੱਕ ਦੇ ਸਮੇਂ ਦੌਰਾਨ ਸਰਕਾਰ ਦੁਆਰਾ ਇਸ ਸਬੰਧੀ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ?

ਮਾਸਟਰ ਗੁਰਬੰਤਾ ਸਿੰਘ: ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੳ) ਜੀ ਹਾਂ। ਪੰਜਾਬ ਸਰਕਾਰ ਕੈਸ਼ ਕਰਾਪਸ, ਜਿਸ ਵਿਚ ਗੰਨਾ, ਕਪਾਹ ਅਤੇ ਤੇਲ ਬੀਜ ਦੀਆਂ ਫਸਲਾਂ ਸ਼ਾਮਲ ਹਨ ਦੇ ਉਤਪਾਦਨ ਦੇ ਵਿਚ ਵਾਧਾ ਕਰਨ ਬਾਰੇ ਨਿਮਨ ਲਿਖਤ ਸਕੀਮਾਂ ਰਾਹੀਂ ਉਪਰਾਲਾ ਕਰ ਰਹੀ ਹੈ :—

1. ਕਪਾਹ ਵਿਕਾਸ ਸਕੀਮ (ਪੱਕੀ)
2. ਘਣੀ ਕਪਾਹ ਉਪਜਾਊ ਸਕੀਮ (ਨੌਨ ਪਲੈਨ)
3. ਜ਼ਿਲ੍ਹਾ ਪਰੋਗਰਾਮ ਬਾਬਤ ਘਣੀ ਕਪਾਹ ਲਈ ਕੇਂਦਰੀ ਚਾਲੂ ਸਕੀਮ।
4. ਖੰਡ ਮਿਲਾਂ ਦੇ ਅਧੀਨ ਰਕਬੇ ਵਿਚ ਗੰਨਾ ਵਿਕਾਸ ਸਕੀਮ।
5. ਤੇਲ ਵਾਲੇ ਬੀਜਾਂ ਦੀ ਘਣੀ ਵਿਕਾਸ ਸਕੀਮ (ਨੌਨ ਪਲੈਨ)
6. ਮੂੰਗਫਲੀ ਦੀ ਵੱਧ ਤੋਂ ਵੱਧ ਉਪਜ। (ਸਟੇਟ ਪਲੈਨ)
7. ਤੇਲ ਵਾਲੇ ਬੀਜਾਂ ਦਾ ਘਣਾ ਵਿਕਾਸ ਪਰੋਗਰਾਮ (ਸੈਂਟਰਲੀ ਸਪੌਂਸਰਡ)
8. ਸੂਰਜ ਮੁਖੀ ਦਾ ਵਿਕਾਸ ਪਰੋਗਰਾਮ (ਕੇਂਦਰੀ ਸਪੌਂਸਰਡ)

(ਅ) ਪਹਿਲੀ ਅਪਰੈਲ, 1974 ਤੋਂ 31 ਦਸੰਬਰ, 1974 ਤੱਕ ਪੰਜਾਬ ਰਾਜ ਵਿਚ ਕੈਸ਼ ਕਰਾਪਸ ਦੇ ਵਿਕਾਸ ਲਈ ਕੀਤੇ ਗਏ ਕੰਮ ਦਾ ਵੇਰਵਾ ਨਿਮਨ ਲਿਖਤ ਹੈ :—

ਕਪਾਹ :—ਨਰਮੇ ਦੀ ਫਸਲ ਦੀ ਉਪਜ ਵਧਾਉਣ ਲਈ 963 ਕੁਇੰਟਲ ਸੋਧਿਆ ਹੋਇਆ ਬੀਜ ਵੰਡਿਆ ਗਿਆ, 218 ਪਰਦਰਸ਼ਣੀ ਪਲਾਟ ਬੀਜੇ ਗਏ ਅਤੇ 2,12,600 ਹੈਕਟੇਅਰ ਰਕਬੇ ਤੇ ਹਵਾਈ ਜਹਾਜ਼ਾਂ ਰਾਹੀਂ ਕੀੜੇ ਮਾਰ ਦਵਾਈਆਂ ਛਿੜਕੀਆਂ ਗਈਆਂ ਅਤੇ 3,63,829 ਹੈਕਟੇਅਰ ਰਕਬੇ ਤੇ ਸਪਰੇ ਪੰਪਾਂ ਨਾਲ ਦੁਆਈ ਛਿੜਕੀ ਗਈ।

ਗੰਨਾ :—ਗੰਨੇ ਦੀ ਉਪਜ ਵਧਾਉਣ ਲਈ 5,36,603 ਕੁਇੰਟਲ ਸੋਧਿਆ ਹੋਇਆ ਬੀਜ ਵੰਡਿਆ ਗਿਆ। 1,454 ਹੈਕਟੇਅਰ ਰਕਬੇ ਤੇ ਸੋਧਿਆ ਹੋਇਆ ਬੀਜ ਪੈਦਾ ਕਰਨ ਲਈ ਗੰਨੇ ਦੀ ਨਰਸਰੀਆਂ ਬੀਜੀਆਂ ਗੁਈਆਂ ਤੇ 53,855 ਹੈਕਟੇਅਰ ਰਕਬੇ ਤੇ ਹਾਨੀਕਾਰਕ ਕੀੜੇ ਅਤੇ ਬੀਮਾਰੀਆਂ ਦੀ ਰੋਕ ਥਾਮ ਕੀਤੀ ਗਈ।

ਤੇਲ ਬੀਜ :—ਮੂੰਗਫਲੀ ਦਾ ਉਤਪਾਦਨ ਵਧਾਉਣ ਲਈ 119 ਕੁਇੰਟਲ ਸੋਧਿਆ ਹੋਇਆ ਐਮ. 13 ਕਿਸਮ ਦਾ ਬੀਜ ਵੰਡਿਆ ਗਿਆ, 402 ਪਰਦਰਸ਼ਣੀ ਪਲਾਟ ਬੀਜੇ ਗਏ ਅਤੇ 26,000 ਹੈਕਟੇਅਰ ਰਕਬੇ ਦੇ ਟਿੱਕੇ ਦੀ ਬੀਮਾਰੀ ਨੂੰ ਰੋਕਣ ਲਈ ਸਪਰੇ ਕੀਤਾ ਗਿਆ ਜਿਸਤੇ 7 ਰੁਪਏ 50 ਪੈਸੇ ਪ੍ਰਤਿ ਹੈਕਟੇਅਰ ਸਬਸਿਡੀ ਦਿੱਤੀ ਗਈ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ 8 ਸਕੀਮਾਂ ਕਸ਼ ਕਰਾਪਸ ਨੂੰ ਬੜ੍ਹੋਤਰੀ ਦੇਣ ਵਾਸਤੇ ਦਸੀਆਂ ਹਨ ਤੇ ਕੁਝ ਸਾਧਨ ਦਸੇ ਹਨ ਜਿਨ੍ਹਾਂ ਨਾਲ ਪੰਜਾਬ ਸਰਕਾਰ ਕਿਸਾਨਾਂ ਦੀ ਮਦਦ ਕਰ ਰਹੀ ਹੈ। ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜ਼ਰਾਇਤ ਦੇ ਮਹਿਕਮੇ ਵਿਚ ਕੋਈ ਸਪੈਸ਼ਲ ਸੈਲ ਬਣਾਉਣਗੇ ਜਿਹੜਾ ਕਿ ਕੈਸ਼ ਕਰਾਪਸ ਦੀ ਸਕੀਮ ਦੇ ਕੰਮ ਨੂੰ ਤੇਜ਼ੀ ਨਾਲ ਕਰੇ ? ਹਿੰਦੁਸਤਾਨ ਦੇ ਬਹੁਤ ਸਾਰੇ ਸੂਬੇ ਵੀਟ ਅਤੇ ਪੈਡੀ ਦੀ ਪਰੋਡਕਸ਼ਨ ਵੱਲ ਲੱਗੇ ਹੋਏ ਹਨ, ਇਸ ਲਈ ਕੀ ਕੋਈ ਸਪੈਸ਼ਲ ਸੈਲ ਬਣਾਕੇ ਤੇਜ਼ੀ ਨਾਲ ਕੈਸ਼ ਕਰਾਪਸ ਦੇ ਕੰਮ ਨੂੰ ਚਲਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀਆਂ ਸਕੀਮਾਂ ਮੈਂ ਦੱਸੀਆਂ ਹਨ ਇਹ ਬੜੀਆਂ ਖਾਸ ਸਕੀਮਾਂ ਹਨ ਅਤੇ ਇਨ੍ਹਾਂ ਤੇ ਪੂਰਾ ਅਮਲ ਕੀਤਾ ਜਾਂਦਾ ਹੈ। ਇਸ ਕੰਮ ਲਈ ਤਾਂ ਅੱਗੇ ਹੀ ਸੁਪੈਸ਼ਲ ਆਦਮੀ ਲਗੇ ਹੋਏ ਹਨ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਦੇਸ਼ ਵਿਚ ਖਾਣ ਵਾਲੇ ਅਨਾਜ ਦੀ ਬੜੀ ਥੁੜ ਹੈ, ਇਸ ਲਈ ਕੀ ਇਹ ਕੈਸ਼ ਕਰਾਪਸ ਵਲ ਕਿਸਾਨ ਦੀ ਅਟੈਨਸ਼ਨ ਨਹੀਂ ਜਾਣ ਦੇਣਗੇ ਤਾਕਿ ਫੂਡਗਰੇਨਜ਼ ਦੀ ਹੀ ਪਰੋਡਕਸ਼ਨ ਵੱਧੇ ?

ਮੰਤਰੀ : ਸਪੀਕਰ ਸਾਹਿਬ, ਥੜੀਆਂ ਜਿਹੀਆਂ ਜਿਨਸਾਂ ਹਨ ਜਿਹੜੀਆਂ ਕਿ ਕੈਸ਼ ਕਰਾਪਸ ਵਿੱਚ ਆਉਂਦੀਆਂ ਹਨ। ਲੋਕ ਫੂਡਗਰੇਨਜ਼ ਜ਼ਿਆਦਾ ਪੈਦਾ ਕਰਦੇ ਹਨ। ਲੇਕਿਨ ਆਪਣੇ ਲਈ ਕੁਝ ਪੈਸੇ ਹਾਸਲ ਕਰਨ ਵਾਸਤੇ ਜੇ ਉਹ ਕੈਸ਼ ਕਰਾਪਸ ਬੀਜਦੇ ਹਨ ਤਾਂ ਉਨ੍ਹਾਂ ਨੂੰ ਇਸ ਤੋਂ ਰੋਕਣਾ ਨਹੀਂ ਚਾਹੀਦਾ। ਇਸ ਨਾਲ ਫੂਡਗਰੇਨਜ਼ ਦੀ ਪਰੋਡਕਸ਼ਨ ਵਿਚ ਕੋਈ ਘਾਟਾ ਨਹੀਂ ਪੈਂਦਾ। ਜਿਹੜੇ ਕਿਸਾਨ ਆਪਣੀ ਪੈਸੇ ਦੀ ਕਮੀ ਨੂੰ ਦੂਰ ਕਰਨ ਲਈ ਕੈਸ਼ ਕਰਾਪਸ ਬੀਜਦੇ ਹਨ ਉਨ੍ਹਾਂ ਦੀ ਸਰਕਾਰ ਜ਼ਰੂਰ ਮਦਦ ਕਰਦੀ ਹੈ ਤੇ ਕਰਨੀ ਵੀ ਚਾਹੀਦੀ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਹਿੰਦੁਸਤਾਨ ਦੇ ਦੂਜੇ ਸੂਬਿਆਂ, ਜਿਵੇਂ ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਕਪਾਹ ਦੀ ਫਸਲ ਲਈ ਕਿਸਾਨ ਨੂੰ ਜ਼ਿਆਦਾ ਇਨਸੈਂਟਿਵ ਦੇਣ ਲਈ ਸਟੇਟ ਵੱਲੋਂ ਰੈਮੁਨਰੇਟਿਵ ਪਰਾਈਸਿਜ਼ ਫਿਕਸ ਕੀਤੀਆਂ ਗਈਆਂ ਹਨ ਤਾਕਿ ਉਤਪਾਦਨ ਵੱਧੇ। ਕੀ ਪੰਜਾਬ ਸਰਕਾਰ ਇਸ ਤਰ੍ਹਾਂ ਦੀ ਸਕੀਮ ਤੇ ਵਿਚਾਰ ਕਰੇਗੀ ਅਤੇ ਕਿਸਾਨ ਨੂੰ ਰੈਮੁਨਰੇਟਿਵ ਪ੍ਰਾਈਸ ਦਿਵਾਏਗੀ ?

ਮੰਤਰੀ : ਸਪੀਕਰ ਸਾਹਿਬ, ਮਹਾਰਾਸ਼ਟਰ ਵਾਲੇ ਕਪਾਹ ਨਹੀਂ ਖਰੀਦਦੇ। ਸਾਡੇ ਮੁਕਾਬਲੇ ਵਿਚ ਉਥੇ ਕਪਾਹ ਦੀ ਕੀਮਤ ਘੱਟ ਹੈ। ਮੈਂ ਤੁਹਾਡੇ ਮਾਰਫਤ ਆਪਣੇ ਦੋਸਤਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਕੀਮਤ ਦਾ ਵੀ ਅਸੀਂ ਖਿਆਲ ਰਖਦੇ ਹਾਂ। ਅਸੀਂ ਕਿਸਾਨ ਨੂੰ ਉਤਸ਼ਾਹ ਦੇਣ ਵਾਸਤੇ ਕੋਸ਼ਿਸ਼ ਕੀਤੀ ਹੈ ਅਤੇ ਮਾਰਕਫੈਡ ਨੂੰ ਮਾਰਕੀਟ ਵਿਚ ਭੇਜਿਆ ਹੈ। ਇਸ ਦੇ ਇਲਾਵਾ ਜਿਤਨਾ ਏਰੀਅਲ ਸਪਰੇ ਪੰਜਾਬ ਵਿਚ ਕਪਾਹ ਤੇ ਕੀਤਾ ਗਿਆ ਹੈ ਇਸ ਦੇ ਮੁਕਾਬਲੇ ਵਿਚ ਹੋਰ ਕਿਸੇ ਸੂਬੇ ਵਿਚ ਇਹ ਨਹੀਂ ਕੀਤਾ ਗਿਆ। ਇਸ ਏਰੀਅਲ ਸਪਰੇ ਦੇ ਅੱਧੇ ਪੈਸੇ ਸਰਕਾਰ ਦਿੰਦੀ ਹੈ।

ਸਰਦਾਰ ਗੁਰਬਚਨ ਸਿੰਘ (ਰੋਪੜ): ਸਪੀਕਰ ਸਾਹਿਬ, ਖਾਦ ਦੀ ਕੀਮਤ ਬਹੁਤ ਵੱਧ ਗਈ ਹੈ ਅਤੇ ਡੀਜ਼ਲ ਅਤੇ ਬਿਜਲੀ ਦੀ ਘਾਟ ਕਾਰਣ ਉਜਰਤ ਬੜੀ ਜ਼ਿਆਦਾ ਹੋ ਗਈ ਹੈ। ਕੈਸ਼ ਕਰਾਪਸ ਤੇ ਲਾਗਤ ਬੜੀ ਆਉਂਦੀ ਹੈ। ਇਸ ਗੱਲ ਦੇ ਪੇਸ਼ੇ ਨਜ਼ਰ ਕੀ ਸਰਕਾਰ ਇਨਸੈਂਟਿਵ ਦੇਣ ਵਾਸਤੇ ਇਨ੍ਹਾਂ ਚੀਜ਼ਾਂ ਦੀ ਕੀਮਤ ਕਾਸਟ ਆਫ ਪ੍ਰੋਡਕਸ਼ਨ ਨੂੰ ਮੁਖ ਰੱਖਕੇ ਵਧਾਉਣ ਲਈ ਤਿਆਰ ਹੈ?

ਮੰਤਰੀ: ਸਪੀਕਰ ਸਾਹਿਬ, ਪੰਜਾਬ ਸਰਕਾਰ ਕੋਸ਼ਿਸ਼ ਕਰਦੀ ਹੈ ਕਿ ਇਨ੍ਹਾਂ ਦੀ ਕੀਮਤ ਜ਼ਿਆਦਾ ਹੋਵੇ।

ਸਰਦਾਰ ਪਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ ਕੀ ਵਜ਼ੀਰ ਸਾਹਿਬ ਦਸਣਗੇ ਕਿ ਐਗਰੀ-ਕਲਚਰਲ ਪ੍ਰੋਡਕਸ਼ਨ ਵਧਾਉਣ ਵਾਸਤੇ ਕਿਸਾਨਾਂ ਨੂੰ ਪਿਉਰ ਅਤੇ ਸਰਟੀਫਾਈਡ ਸੀਡ ਦੇਣ ਦਾ ਸਰਕਾਰ ਇੰਤਜ਼ਾਮ ਕਰੇਗੀ?

ਮੰਤਰੀ: ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਸੀਡ ਦੇ ਬਾਰੇ ਕਿਹਾ ਹੈ। ਇਸ ਵਾਰੀ ਕਪਾਹ ਦਾ ਸਰਟੀਫਾਈਡ ਸੀਡ ਅਸੀਂ ਕਿਸਾਨਾਂ ਵਿੱਚ ਵੰਡਿਆ ਹੈ। ਇਸ ਸਾਲ ਤੋਂ ਹਰ ਜ਼ਿਲ੍ਹੇ ਵਿੱਚ ਹਰ ਬਲਾਕ ਵਿੱਚ ਪਿਉਰ ਸੀਡ ਠੀਕ ਕੀਮਤ ਤੇ ਦੇਣ ਵਾਸਤੇ ਸਰਕਾਰ ਨੇ ਆਪਣੀਆਂ ਦੁਕਾਨਾਂ ਖੋਲ੍ਹੀਆਂ ਹਨ ਤਾਂ ਕਿ ਜ਼ਿਮੀਂਦਾਰ ਨੂੰ ਚੰਗਾ ਸੀਡ ਮਿਲੇ, ਚੰਗੀ ਜਰਮੀਨੇਸ਼ਨ ਦੇਣ ਵਾਲਾ ਸੀਡ ਮਿਲੇ।

Mr. Speaker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਛੋਟੇ ਕਿਸਾਨ ਅਤੇ ਖੇਤੀਬਾੜੀ ਮਜ਼ਦੂਰ ਵਿਕਾਸ ਏਜੰਸੀਆਂ

*3023. **ਸ੍ਰੀ ਪਿਆਰਾ ਰਾਮ ਧੰਨੋਵਾਲੀ**: ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਰਾਜ ਵਿੱਚ ਉਨ੍ਹਾਂ ਜ਼ਿਲ੍ਹਿਆਂ ਦੇ ਨਾਂ ਕੀ ਕੀ ਹਨ, ਜਿਥੇ ਛੋਟੇ ਕਿਸਾਨ ਅਤੇ ਖੇਤੀ ਬਾੜੀ ਮਜ਼ਦੂਰ ਵਿਕਾਸ ਏਜੰਸੀਆਂ ਚਾਲੂ ਕੀਤੀਆਂ ਗਈਆਂ ਸਨ ;

(ਅ) ਉਪਰੋਕਤ ਭਾਗ (ੳ) ਵਿਚ ਦੱਸੀਆਂ ਗਈਆਂ ਏਜੰਸੀਆਂ ਹਰ ਇਕ ਜ਼ਿਲ੍ਹੇ ਵਿੱਚ ਕਿਸ ਕਿਸ ਤਰੀਕ ਨੂੰ ਚਾਲੂ ਕੀਤੀਆਂ ਗਈਆਂ ਸਨ ;

(ੲ) ਦਿਹਾਤੀ ਵਸੋਂ ਦੀਆਂ ਆਰਥਿਕ ਤੌਰ ਤੇ ਪਛੜੀਆਂ ਸ੍ਰੇਣੀਆਂ ਦੀ ਹਾਲਤ ਸੁਧਾਰਨ ਲਈ ਉਪਰੋਕਤ ਭਾਗ (ੳ) ਵਿਚ ਦੱਸੀਆਂ ਗਈਆਂ ਏਜੰਸੀਆਂ ਨੇ ਕੀ ਕਾਰਵਾਈ ਕੀਤੀ ਹੈ ਅਤੇ ਇਸ ਕਾਰਵਾਈ ਦੇ ਕੀ ਨਤੀਜੇ ਨਿਕਲੇ ?

ਮਾਸਟਰ ਗੁਰਬੰਤਾ ਸਿੰਘ :

(ੳ)
(ਅ) ਲੋੜੀਂਦੀ ਸੂਚਨਾ ਸਭਾ ਦੇ ਮੇਜ਼ ਤੇ ਰੱਖੀ ਜਾਂਦੀ ਹੈ ।
(ੲ)

ਤਾਰੇ ਵਾਲੇ ਸਵਾਲ ਨੰ: 3023 ਬਾਰੇ ਸੂਚਨਾ

(ੳ) ਅੰਮ੍ਰਿਤਸਰ, ਫਿਰੋਜ਼ਪੁਰ, ਸੰਗਰੂਰ, ਪਟਿਆਲਾ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਰੋਪੜ, ਲੁਧਿਆਣਾ, ਫਰੀਦਕੋਟ, ਬਠਿੰਡਾ ਅਤੇ ਗੁਰਦਾਸਪੁਰ ।

(ਅ) ਵਿਕਾਸ ਏਜੰਸੀ ਦਾ ਨਾਂ	ਚਾਲੂ ਕਰਨ ਦੀ ਤਰੀਕ
1. ਛੋਟੇ ਕਿਸਾਨਾਂ ਦੀ ਵਿਕਾਸ ਏਜੰਸੀ ਸੰਗਰੂਰ–ਪਟਿਆਲਾ	8 ਮਾਰਚ, 1971
2. ਛੋਟੇ ਕਿਸਾਨਾਂ ਦੀ ਵਿਕਾਸ ਏਜੰਸੀ ਅੰਮ੍ਰਿਤਸਰ-ਫਿਰੋਜ਼ਪੁਰ	16 ਮਾਰਚ, 1971
3. ਕੰਢੇ ਦੇ ਕਿਸਾਨਾਂ ਅਤੇ ਖੇਤੀ ਮਜਦੂਰਾਂ ਦੀ ਏਜੰਸੀ ਜਲੰਧਰ–ਕਪੂਰਥਲਾ	3 ਨਵੰਬਰ, 1971
4. ਕੰਢੇ ਦੇ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੀ ਏਜੰਸੀ ਹੁਸ਼ਿਆਰਪੁਰ	1 ਦਸੰਬਰ, 1971
5. ਕੰਢੇ ਦੇ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੀ ਏਜੰਸੀ ਰੋਪੜ	4 ਨਵੰਬਰ, 1971
6. ਛੋਟੇ ਤੇ ਕੰਢੇ ਦੇ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੀ ਏਜੰਸੀ ਗੁਰਦਾਸਪੁਰ	1 ਐਪਰਲ, 1973
7. ਛੋਟੇ ਤੇ ਕੰਢੇ ਦੇ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੀ ਏਜੰਸੀ ਲੁਧਿਆਣਾ ।	1 ਐਪਰਲ, 1973
8. ਛੋਟੇ ਤੇ ਕੰਢੇ ਦੇ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੀ ਏਜੰਸੀ ਫਰੀਦਕੋਟ	1 ਐਪਰਲ, 1973
9. ਛੋਟੇ ਅਤੇ ਕੰਢੇ ਦੇ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੀ ਏਜੰਸੀ ਬਠਿੰਡਾ ।	1 ਐਪਰਲ, 1973

(ੲ) ਇਨ੍ਹਾਂ ਏਜੰਸੀਆਂ ਤੇ ਛੋਟੇ ਤੇ ਕੰਢੇ ਦੇ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਨੂੰ ਆਪਣੀ ਉਪਜ ਅਤੇ ਆਮਦਨ ਵਧਾਉਣ ਲਈ ਥੋੜੇ ਸੂਦ ਵਾਲੇ ਕਰਜ਼ੇ ਅਤੇ ਉਪਦਾਨ ਦਿੱਤੇ ਹਨ ਜਿਸ ਨਾਲ ਉਨ੍ਹਾਂ ਦੀ ਮਾਲੀ ਹਾਲਤ ਵਿਚ ਸੁਧਾਰ ਹੋਇਆ ਹੈ । ਹਰ ਇਕ ਏਜੰਸੀ ਵਲੋਂ ਦਿੱਤੇ ਗਏ ਕਰਜ਼ੇ ਅਤੇ ਉਪਦਾਨ ਦੀ ਵੇਰਵਾਪੂਰਵਕ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ ।

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਏਜੰਸੀਆਂ ਵਲੋਂ ਹੋਈ ਕਾਰਵਾਈ 31-10-1974 ਤੱਕ

		ਛੋਟੇ ਕਿਸਾਨਾਂ ਦੀ ਵਿਕਾਸ ਏਜੰਸੀ		ਕੰਢੇ ਦੇ ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ ਦੀ ਏਜੰਸੀ	
ਕ੍ਰਮ ਨੰ:	ਮੱਦ	ਅੰਮ੍ਰਿਤਸਰ—ਫਿਰੋਜ਼ਪੁਰ	ਸੰਗਰੂਰ—ਪਟਿਆਲਾ	ਹੁਸ਼ਿਆਰਪੁਰ	ਜਲੰਧਰ—ਕਪੂਰਥਲਾ
1	2	3	4	5	6
1.	ਸਨਾਖਤੀ ਪੁਰਸ਼ਾਂ ਦੀ ਗਿਣਤੀ ...	54,538	64,087	14,020	17,796
2.	ਟਿਊਬਵਲ/ਪੰਪਿੰਗ ਸੈਟ ..	6,362	10,413	1,625	1,720
3.	ਟਿਊਬਵੈਲ ਲਈ ਕਰਜ਼ੇ (ਲੱਖਾਂ ਵਿਚ) ..	261.19	451.31	79.60	76.94
4.	ਟਿਊਬਵੈਲ ਲਈ ਉਪਦਾਨ (ਲੱਖਾਂ ਵਿਚ) ..	36.51	39.30	26.93	24.96
5.	ਡੈਰੀ ਯੂਨਿਟਸ ...	1,560	1,798	3,816	1,866
6.	ਡੈਰੀ ਦੇ ਲਾਭਕਾਰ ...	1,560	1,798	3,816	1,866
7.	ਦੁੱਧ ਦੇਣ ਵਾਲੇ ਪਸ਼ੂ ਦੀ ਗਿਣਤੀ...	2,322	2,014	4,622	2,120
8.	ਮੱਝਾਂ ਖਰੀਦਣ ਲਈ ਕਰਜ਼ੇ (ਲੱਖਾਂ ਵਿੱਚ) ...	43.84	35.52	85.20	31.70
9.	ਮੱਝਾਂ ਖਰੀਦਣ ਵਾਲਿਆਂ ਨੂੰ ਉਪਦਾਨ ...	8.49	8.43	21.62	13.36
10.	ਪੋਲਟਰੀ ਯੂਨਿਟਸ ..	81	—	456	—
11.	ਪੋਲਟਰੀ ਯੂਨਿਟਸ ਦੇ ਲਾਭਕਾਰ ...	81	—	456	—
12.	ਦਿੱਤੀਆਂ ਗਈਆਂ ਮੁਰਗੀਆਂ ਦੀ ਗਿਣਤੀ ...	1,304	—	86,000	—
13.	ਮੁਰਗੀਆਂ ਖਰੀਦਣ ਲਈ ਕਰਜ਼ਾ (ਲੱਖਾਂ ਵਿਚ) ...	1.40	—	9.68	—
14.	ਮੁਰਗੀਆਂ ਲਈ ਉਪਦਾਨ (ਲੱਖਾਂ ਵਿਚ) ...	.24	—	5.37	—
15.	ਪਿਗਰੀ ਯੂਨਿਟਸ ..	—	—	12	—
16.	ਸੂਰਾਂ ਦੀ ਗਿਣਤੀ ...	—	—	120	—
17.	ਸੂਰਾਂ ਲਈ ਕਰਜ਼ਾ (ਲੱਖਾਂ ਵਿਚ)...	—	—	.22	—
18.	ਸੂਰਾਂ ਲਈ ਉਪਦਾਨ (ਲੱਖਾਂ ਵਿਚ)...	—	—	.12	—
19.	ਰੂਰਲ ਵਰਕਸ (ਸੜਕਾਂ) (ਕਿਲੋ ਮੀਟਰ) ..	—	—	3.20	22.00
20.	ਰੂਰਲ ਵਰਕਸ ਉਤੇ ਖਰਚ ਕੀਤੀ ਗਈ ਰਕਮ (ਲੱਖਾਂ ਵਿਚ) ..	—	—	1.50	17.44

ਛੋਟੇ/ਕੰਢੇ ਦੇ ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ ਦੀ ਏਜੰਸੀ					ਕੁਲ ਜੋੜ
ਰੋਪੜ	ਲੁਧਿਆਣਾ	ਫਰੀਦਕੋਟ	ਬਠਿੰਡਾ	ਗੁਰਦਾਸਪੁਰ	
7	8	9	10	11	12
9,937	11,153	1,32,216	14,718	1,01,584	4,20,049
908	329	734	21	215	22,387
52.09	23.76	30.19	1.08	8.65	984.81
16.70	7.53	7.54	.45	1.50	160.84
2,794	1,473	137	507	775	14,726
2,794	1,473	137	507	775	14,726
3,114	1,473	152	507	775	17,109
50.04	26.87	3.36	9.61	15.85	307.99
17.04	7.02	.85	2.15	3.51	82.47
61	—	13	—	—	611
61	—	13	—	—	611
5,950	—	1,800	—	—	1,06,764
2.34	—	.41	—	—	13.83
.56	—	.13	—	—	6.30
.98	—	—	—	8	118
1,030	—	—	—	100	1,250
4.88	—	—	—	.24	5.34
1.27	—	—	—	.08	1.47
34.78	—	—	—	—	59.98
11.50	—	—	—	—	30.44

ਹੁਸ਼ਿਆਰਪੁਰ ਬੁਲੋਵਾਲ ਬਸ ਰੂਟ ਨੂੰ ਵਧਾਉਣ ਦੀ ਤਜਵੀਜ਼

*3060. **ਸਰਦਾਰ ਦਿਲਬਾਗ ਸਿੰਘ** : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਅਗਲੀ 31 ਮਾਰਚ ਤੱਕ ਹੁਸ਼ਿਆਰਪੁਰ–ਬੁਲੋਵਾਲ ਬਸ ਰੂਟ ਨੂੰ ਅਗੇ ਸਾਹੋਕੇ ਬਰਾਸਤਾ ਢੱਡਾ ਮੇਹਰ ਸਿੰਘ ਤੱਕ ਪੱਕੀ ਸੜਕ ਤੱਕ ਵਧਾਉਣ ਦਾ ਵਿਚਾਰ ਰੱਖਦੀ ਹੈ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

ਸਰਦਾਰ ਦਿਲਬਾਗ ਸਿੰਘ ਡਾਲੇਕੇ : ਜਨਤਾ ਵਲੋਂ ਅਜੇ ਤੱਕ ਇਸ ਬਾਰੇ ਕੋਈ ਮੰਗ ਨਹੀਂ ਆਈ ਸੀ। ਹੁਣ ਇਹ ਸਵਾਲ ਆਉਣ ਤੇ ਇਸ ਦਾ ਸਰਵੇਖਣ ਕਰਾਇਆ ਜਾਵੇਗਾ ਅਤੇ ਜੇਕਰ ਕਾਨੂੰਨੀ ਸ਼ਰਤਾਂ ਪੂਰੀਆਂ ਹੁੰਦੀਆਂ ਹੋਈਆਂ ਤਾਂ ਇਸ ਰੂਟ ਦੇ ਖਾਨਪੁਰ ਸਾਹੋਕੇ ਤੱਕ ਵਾਧੇ ਬਾਰੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਥਾਣਾ ਨਾਭਾ ਵਿਚ ਮਿਤੀ 13 ਜੂਨ, 1974 ਨੂੰ ਦਰਜ ਕੀਤੀ ਗਈ ਐਫ.ਆਈ.ਆਰ. ਨੰ: 84

*3101 **ਕਾਮਰੇਡ ਅੱਛਰਾ ਸਿੰਘ:**
ਕਾਮਰੇਡ ਸੱਤ ਪਾਲ ਡਾਂਗ : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਕੀ ਥਾਣਾ ਨਾਭਾ ਵਿੱਚ ਮਿਤੀ 13 ਜੂਨ, 74 ਨੂੰ ਕੋਈ ਐਫ.ਆਈ.ਆਰ.ਨੰ: 84(ਧਾਰਾਵਾਂ 325/323/148/149 ਅਧੀਨ) ਰਜਿਸਟਰ ਕੀਤੀ ਗਈ ਜਿਸ ਵਿੱਚ ਇਹ ਦੋਸ਼ ਲਗਾਇਆ ਗਿਆ ਸੀ ਕਿ ਸਾਬਕਾ ਹੌਲਦਾਰ ਰਾਮ ਸਿੰਘ ਪੁੱਤਰ ਗੁਰਦਿਤ ਸਿੰਘ ਸਾਧੋਹੇੜੀ ਡਾਕਘਰ ਕਕਰਾਲਾ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਤੇ ਬਹੁਤ ਸਾਰੇ ਬੰਦਿਆਂ ਨੇ ਹਮਲਾ ਕੀਤਾ ਹੈ;

(ਅ) ਕੀ ਉਪਰੋਕਤ ਕੇਸ ਵਿਚਲੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਚਲਾਨ ਕੀਤਾ ਗਿਆ ਹੈ, ਜੇਕਰ ਨਹੀਂ, ਤਾਂ ਉਸ ਦੇ ਕਾਰਨ ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ, ਮੁਕਦਮਾ ਨੰ: 84 ਮਿਤੀ 13 ਜੂਨ, 74 ਅਧੀਨ ਧਾਰਾ 325/148/149 ਭ: ਦ: ਥਾਣਾ ਸਦਰ ਨਾਭਾ, ਮੁਦਈ ਰਾਮ ਸਿੰਘ ਪੁੱਤਰ ਗੁਰਦਿਤ ਦੇ ਬਿਆਨ ਦੇ ਅਧਾਰ ਤੇ ਦਰਜ ਹੋਇਆ ਸੀ।

(ਅ) ਨਹੀਂ ਜੀ। ਸਥਾਨਕ ਪੁਲਿਸ ਨੇ ਤਫਤੀਸ਼ ਤੋਂ ਬਾਅਦ ਮੁਕਦਮਾ ਖਾਰਜ ਕਰਨ ਵਾਸਤੇ ਲਿਖ ਦਿਤਾ ਪਰ ਮੁਆਮਲਾ ਨੋਟਸ ਵਿਚ ਆਉਣ ਤੇ ਇਸ ਦੀ ਤਫਤੀਸ਼ ਦੁਬਾਰਾ ਡੀ.ਐਸ.ਪੀ. ਰਾਹੀਂ ਕਰਵਾਈ ਕੀਤੀ ਜਾ ਰਹੀ ਹੈ।

1972 ਤੋਂ 1974 ਤਕ ਰਾਜ ਵਿਚ ਸਹਿਕਾਰੀ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਵਿਚ ਗਬਨ ਦੇ ਕੇਸ

*3038. **ਸ੍ਰੀ ਸਰਦਾਰੀ ਲਾਲ ਕਪੂਰ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਸਾਲ 1972, 1973 ਅਤੇ 1974 ਦੇ ਦੌਰਾਨ ਸਹਿਕਾਰੀ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਵਿੱਚ ਗਬਨ ਦੇ ਵੱਖ ਵੱਖ ਕਿੰਨੇ ਕੇਸ ਸਰਕਾਰ ਦੇ ਨੋਟਿਸ ਵਿਚ ਆਏ?

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਗ਼ਬਨ ਦੇ ਕੇਸ ਵੱਧ ਰਹੇ ਹਨ ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਨ ਕੀ ਹਨ;

(ੲ) ਗ਼ਬਨ ਦੇ ਅਜਿਹੇ ਕੇਸਾਂ ਨੂੰ ਘਟਾਉਣ ਲਈ ਸਰਕਾਰ ਕੀ ਕਾਰਵਾਈ ਕਰਨ ਦਾ ਵਿਚਾਰ ਰਖਦੀ ਹੈ ?

ਗਿਆਨੀ ਜ਼ੈਲ ਸਿੰਘ : (ੳ) ਰਾਜ ਦੇ ਸਹਿਕਾਰੀ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਵਿਚ ਸਾਲ 1972 ਵਿਚ 195, 1973 ਵਿੱਚ 239 ਅਤੇ ਸਾਲ 1974 ਵਿੱਚ 202 ਗ਼ਬਨ ਦੇ ਕੇਸ ਸਰਕਾਰ ਦੇ ਨੋਟਿਸ ਵਿੱਚ ਆਏ ।

(ਅ) 1973 ਵਿੱਚ ਗ਼ਬਨ ਦੇ ਕੇਸ ਵਧੇ, ਪਰ ਸਾਲ 1974 ਵਿਚ ਇਨ੍ਹਾਂ ਦੀ ਗਿਣਤੀ ਘੱਟ ਗਈ ਫਿਰ ਵੀ ਇਨ੍ਹਾਂ ਦੇ ਵਾਪਰਨ ਦੇ ਨਿਮਨ ਲਿਖਤ ਕਾਰਨ ਹਨ :—

(1) ਪਿਛਲੇ ਸਾਲਾਂ ਨਾਲੋਂ ਕਰਜ਼ੇ ਦਾ ਜ਼ਿਆਦਾ ਫੈਲਾਓ ।

(2) ਸਭਾਵਾਂ ਵਿਚ ਪ੍ਰਬੰਧਕ ਕਮੇਟੀਆਂ ਦੀਆਂ ਅਣਗਹਿਲੀਆਂ ।

(3) ਮੈਂਬਰਾਂ ਵਿੱਚ ਹਿਸਾਬ ਤਸਦੀਕ (check) ਕਰਾਉਣ ਸਮੇਂ ਹਾਜ਼ਰ ਨਾ ਆਉਣਾ

(4) ਸਮਾਜ ਵਿਰੋਧੀ ਵਿਅਕਤੀਆਂ ਦੀ ਸਭਾਵਾਂ ਵਿੱਚ ਵੱਧ ਰਹੀ ਗਿਣਤੀ ।

(ੲ) ਗ਼ਬਨ ਦੀ ਵੱਧ ਰਹੀ ਵਿਪ੍ਰਵਿਰਤੀ ਨੂੰ ਘਟਾਉਣ ਲਈ ਮੈਂਬਰਾਂ ਦੇ ਹਰ ਸਮੇਂ ਹਿਸਾਬ ਤਸਦੀਕ (check) ਕਰਨ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੈ ।

(2) ਵੱਡੀਆਂ ਸਭਾਵਾਂ ਵਿਚ ਕਨਕਰੰਟ ਆਡਿਟ ਸ਼ੁਰੂ ਕਰਵਾਇਆ ਗਿਆ ਹੈ ।

(3) ਪਹਿਲੇ ਹੋਏ ਗ਼ਬਨ ਦੇ ਕੇਸਾਂ ਦੀ ਤੁਰੰਤ ਪੈਰਵੀ ਕਰਨ ਵਾਸਤੇ ਮਹਿਕਮੇ ਵਿਚ ਸਰਕਾਰ ਨੇ ਇਕ ਪੁਲਿਸ ਸੈਲ (cell) ਕਾਇਮ ਕੀਤਾ ਹੈ, ਜਿਹੜਾ ਸਬੰਧਤ ਵਿਭਾਗਾਂ ਨਾਲ ਤਾਲਮੇਲ ਰੱਖ ਕੇ ਪੁਲਿਸ ਪਾਸ ਜ਼ੇਰੇ ਤਫ਼ਤੀਸ਼ ਅਤੇ ਅਦਾਲਤਾਂ ਵਿਚ ਚਲ ਰਹੇ ਕੇਸਾਂ ਦਾ ਛੇਤੀ ਨਿਪਟਾਰਾ ਕਰੇਗਾ ।

STARRED QUESTION No. 3107

Extension has been asked for in respect of Starred Question No. 3107.

ਗੁਰਮੇਲ ਸਿੰਘ

ਅ: ਸ: ਪ: ਨੰ: 323–ਸਿ 2 –(4)/75
ਮਿਤੀ 20 ਜਨਵਰੀ, 75
Education Minister,
Punjab, Chandigarh

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 3107, ਜੋ ਮਿਤੀ 21 ਜਨਵਰੀ, 75 ਲਈ ਸਵਾਲਾਂ ਦੀ ਸੂਚੀ ਵਿਚ ਮਾਸਟਰ ਚੰਦ ਸਿੰਘ, ਐਮ. ਐਲ. ਏ. ਦੇ ਨਾਂ ਹੇਠ (ਵਲੋਂ) ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇੱਕਤਰ ਕੀਤੀ ਜਾ ਰਹੀ ਹੈ

[ਵਿਦਿਆ ਮੰਤਰੀ]
ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 2 ਫਰਵਰੀ, 75 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਹਿਤੂ,
ਸਹੀ/–
(ਗੁਰਮੇਲ ਸਿੰਘ)

ਬੀ. ਈ. ਓ. ਬਰਨਾਲਾ ਜ਼ਿਲ੍ਹਾ ਸੰਗਰੂਰ ਵਿਰੁਧ ਕੀਤੀ ਗਈ ਪੜਤਾਲ

***3108. ਮਾਸਟਰ ਚੰਦ ਸਿੰਘ** : ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ ਕੀ 1 ਅੈਪਰਲ, 1974 ਤੋਂ 31 ਦਸੰਬਰ, 1974 ਤੱਕ ਦੇ ਸਮੇਂ ਦੇ ਦੌਰਾਨ ਬੀ. ਈ. ਓ. ਬਰਨਾਲਾ, ਜ਼ਿਲ੍ਹਾ ਸੰਗਰੂਰ ਦੇ ਵਿਰੁੱਧ ਕੋਈ ਪੜਤਾਲ ਕੀਤੀ ਗਈ ਸੀ, ਜੇਕਰ ਅਜਿਹਾ ਹੋਵੇ, ਤਾਂ ਪੜਤਾਲ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

ਸ੍ਰੀ ਗੁਰਮੇਲ ਸਿੰਘ : ਬੀ. ਈ. ਓ. ਬਰਨਾਲਾ, ਜ਼ਿਲ੍ਹਾ ਸੰਗਰੂਰ ਵਿਰੁਧ 17 ਅਕਤੂਬਰ, 74 ਨੂੰ ਪੜਤਾਲ ਕੀਤੀ ਗਈ, ਪੜਤਾਲ ਮੁਕੰਮਲ ਹੋ ਚੁਕੀ ਹੈ । ਪੜਤਾਲ ਰਿਪੋਰਟ ਆਖਰੀ ਹੁਕਮਾਂ ਵਾਸਤੇ under consideration ਹੈ । ਇਸ ਲਈ ਪੜਤਾਲ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਨਹੀਂ ਰੱਖੀ ਗਈ ।

ਪਟਿਆਲਾ ਟਾਊਨ ਵਿਚ ਰੇਲਵੇ ਓਵਰ ਬ੍ਰਿਜ ਬਣਾਉਣਾ

*3133. **ਸ੍ਰੀ ਪ੍ਰੇਮ ਗੁਪਤਾ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਨੇ ਪਟਿਆਲਾ ਟਾਊਨ ਵਿਚ ਰੇਲਵੇ ਓਵਰ ਬ੍ਰਿਜ ਬਣਾਉਣ ਦਾ ਫੈਸਲਾ ਕੀਤਾ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧ ਵਿਚ ਕੀ ਕਾਰਵਾਈ ਕੀਤੀ ਗਈ ਜਾਂ ਕੀਤੀ ਜਾ ਰਹੀ ਹੈ ?

ਸ੍ਰੀ ਜੋਗਿੰਦਰ ਪਾਲ ਪਾਂਡੇ : ਹਾਂ ਜੀ। ਰੇਲਵੇ ਨਾਲ ਗੱਲ ਬਾਤ ਕੀਤੀ ਜਾ ਰਹੀ ਹੈ ।

ਬਲਾਚੌਰ ਵਿਖੇ ਬੱਸ ਸਟੈਂਡ ਬਣਾਉਣਾ

***3025. ਮਾਸਟਰ ਦਲੀਪ ਚੰਦ** : ਕੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ ਕੀ ਬਲਾਚੌਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬੱਸ ਸਟੈਂਡ ਬਣਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ?

ਸਰਦਾਰ ਦਿਲਬਾਗ ਸਿੰਘ ਡਾਲੇਕੇ: ਹਾਂ ਜੀ । ਸਟੇਟ ਹਾਈਵੇ ਨੰ: 24 ਦੀ ਅਲਾਇਨਮੈਂਟ ਦਾ ਕੰਮ ਸਿਰੇ ਚੜਨ ਮਗਰੋਂ ।

ਬਲਾਚੌਰ ਵਿਧਾਨ ਸਭਾ ਚੋਣ ਹਲਕੇ ਵਿਚ ਭੱਦੀ ਤੋਂ ਲੁਧਿਆਣੇ ਤੱਕ ਬਸ ਸਰਵਿਸ ਸ਼ੁਰੂ ਕਰਨੀ

***3027 ਮਾਸਟਰ ਦਲੀਪ ਚੰਦ** : ਕੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਦੇ ਪਿੰਡ ਭੱਦੀ ਤੋਂ

ਲੁਧਿਆਣੇ ਤੱਕ ਬੱਸ ਸਰਵਿਸ ਸ਼ੁਰੂ ਕਰਨ ਦਾ ਵਿਚਾਰ ਰੱਖਦੀ ਹੈ, ਜੇ ਅਜਿਹਾ ਹੋਵੇ ਤਾਂ ਕਦੋਂ ?

ਸਰਦਾਰ ਦਿਲਬਾਗ ਸਿੰਘ ਡਾਲੇਕੇ: ਹਾਂ ਜੀ। ਭੱਦੀ ਅਤੇ ਲੁਧਿਆਣਾ ਵਿਚਕਾਰ ਬੱਸ ਸੇਵਾ ਚਾਲੂ ਕਰਨ ਬਾਰੇ ਲੋਕਾਂ ਵਲੋਂ ਹੁਣ ਤਕ ਕੋਈ ਮੰਗ ਨਹੀਂ ਸੀ ਆਈ, ਪਰ ਹੁਣ ਇਸ ਰੂਟ ਦਾ ਸਰਵੇਖਣ ਕਰਵਾਇਆ ਜਾਵੇਗਾ ਅਤੇ ਬੱਸ ਸੇਵਾ ਚਾਲੂ ਕਰਨ ਵਾਸਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਦੀਆਂ ਇਸ ਸਮੇਂ ਵਿਹਲੀਆਂ ਬੱਸਾਂ

*3053. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼:** ਕੀ ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਇਸ ਸਮੇਂ ਵਿਹਲੀਆਂ ਬੱਸਾਂ ਦੀ ਡਿਪੂਵਾਰ ਗਿਣਤੀ ਕਿੰਨੀ ਕਿਨੀ ਹੈ;

(ਅ) ਬੱਸਾਂ ਦੇ ਉਨ੍ਹਾਂ ਵਾਧੂ ਪੁਰਜ਼ਿਆਂ ਦਾ ਵੇਰਵਾ ਕੀ ਹੈ ਜਿਨ੍ਹਾਂ ਦੀ ਸਪਲਾਈ ਘੱਟ ਹੈ ਅਤੇ ਉਨ੍ਹਾਂ ਨੂੰ ਬਾਜ਼ਾਰ ਵਿਚੋਂ ਖਰੀਦਣ ਲਈ ਕੀ ਕਾਰਵਾਈ ਕੀਤੀ ਗਈ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) ਅਤੇ (ਅ) ਲੋੜੀਂਦਾ ਵੇਰਵਾ ਸੱਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

ਵਿਧਾਨ ਸਭਾ ਸਟਾਰਡ ਪ੍ਰਸ਼ਨ ਨੰ: 3053 ਵਲੋਂ ਸ੍ਰੀ ਸ਼ਮਸ਼ੇਰ ਸਿੰਘ ਜੋਸ਼, ਐਮ. ਐਲ. ਏ. ਲੋੜੀਂਦਾ ਵੇਰਵਾ।

ਪੰਜਾਬ ਰੋਡਵੇਜ਼

(ੳ) 301, ਡਿਪੂਵਾਰ ਗਿਣਤੀ ਦੀ ਸੂਚੀ ਅਨੁਲਗ 'ੳ' ਤੇ ਹੈ।

(ਅ) 1. ਕਰੈਂਕ ਸ਼ਾਫਟਾਂ

2. ਪਿਸਟਨ ਟਾਟਾ ਡੀ. ਆਈ. ਇੰਜਨ ਲਈ

3. ਪਟੇ ਕਮਾਨੀਆਂ

4. ਇੰਜਨ ਬੈਰਿੰਗ

5. ਕਰਾਊਨ ਵਹੀਲ ਪਿਨੀਅਨ (ਲੇ—ਲੈਂਡ)

ਉਤੇ ਦਿਤੇ ਪੁਰਜ਼ਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਕੀਤੇ ਗਏ ਯਤਨ

1. ਕੇਂਦਰੀ ਸਰਕਾਰ ਦੀ ਮਾਰਫਤ ਇਮਪੋਰਟ ਲਾਇਸੈਂਸ ਲਿਤਾ ਗਿਆ ਹੈ।

2. ਮਹਿਕਮਾਨਾ ਪਰਚੇਜ਼ ਕਮੇਟੀ ਰਾਹੀਂ ਟੈਂਡਰ ਲੈ ਕੇ ਘਾਟ ਪੂਰੀ ਕਰਨ ਦਾ ਯਤਨ ਕੀਤ ਗਿਆ ਹੈ।

3. ਡੀਪੂਆਂ ਦੀ ਪੱਧਰ ਤੇ ਖਰੀਦ ਕਮੇਟੀਆਂ ਬਣਾ ਕੇ ਲੋੜੀਂਦੇ ਪੁਰਜ਼ੇ ਖਰੀਦੇ ਗਏ ਹਨ।

4. ਬੱਸ ਚੈਸਿਜ਼ ਦੇ ਬਣਾਉਣ ਵਾਲਿਆਂ ਪਾਸੋਂ ਵੀ ਜ਼ੋਰ ਪਾ ਕੇ ਘਾਟ ਨੂੰ ਪੂਰਾ ਕਰਨ ਦੇ ਯਤਨ ਕੀਤੇ ਹਨ।

[ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ]

5. ਜਨਰਲ ਮੈਨੇਜਰਾਂ ਨੂੰ ਰੇਟ ਕੰਨਟਰੈਕਟ ਦੀ ਸੂਚੀ ਤੇ ਵਰਮਾਂ ਤੋਂ ਪੁਰਜ਼ਿਆਂ ਦੀ ਖਰੀਦ ਲਈ ਅਖਤਿਆਰ 1,000 ਰੁਪਏ ਤੋਂ ਵਧਾਕੇ 5,000 ਰੁਪਏ ਪ੍ਰਤੀ ਪੁਰਜ਼ਾ ਕਰ ਦਿਤੇ ਗਏ ਹਨ।

ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ

(ੳ) 23 ਬਠਿੰਡਾ ਡਿਪੂ ਵਿਚ।

(ਅ) ਉਕਤ 23 ਬੱਸਾਂ ਕਰੈਂਕ ਸ਼ਾਫਟਾਂ ਦੀ ਥੁੜ ਕਾਰਨ ਖੜੀਆਂ ਹਨ। ਕਰੈਂਕ ਸ਼ਾਫਟਾਂ ਦੇ ਘਾਟੇ ਨੂੰ ਪੂਰਾ ਕਰਨ ਲਈ ਕੀਤੇ ਗਏ ਯਤਨ ਹੇਠ ਦਿਤੇ ਜਾਂਦੇ ਹਨ :—

ਅਸ਼ੋਕ ਲੇ-ਲੈਂਡ ਮਦਰਾਸ, ਜਿਹੜੇ ਇਹ ਪੁਰਜ਼ੇ ਬਣਾਂਦੇ ਹਨ ਅਤੇ ਇਮਪੋਰਟ ਲਾਇਸੈਂਸ ਰਾਹੀਂ ਬੰਬਈ ਤੋਂ ਕਰੈਂਕ ਸ਼ਾਫਟਾਂ ਹਾਸਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

DETENTION OF VEHICLES DEPOTWISE

Name of the Depot	Fleet strength	Average daily detention	Per cent detention
Chandigarh ..	192	51	27
Ludhiana ..	174	34	19
Moga ..	168	44	26
Ferozepur ..	148	43	29
Jullundur ..	195	14	7
Amritsar ..	269	39	15
Batala ..	136	30	22
Pathankot ..	144	12	8
Hoshiarpur ..	191	34	18

Total Fleet strength—1,617

Buses detained for repairs—301

Average permissible detention 15% of the fleet strength i. e. 243 buses.

UNSTARRED QUESTIONS AND ANSWERS

ਗਰਾਮ ਪੰਚਾਇਤ ਭਾਈ ਲਾਧੋ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਪੰਚ ਦੁਆਰਾ ਰਖੀ ਹੋਈ ਪੰਚਾਇਤੀ ਫੰਡ ਦੀ ਰਕਮ

964. **ਡਾਕਟਰ ਬਲਦੇਵ ਪ੍ਰਕਾਸ਼** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ

(ੳ) ਕੀ ਇਹ ਠੀਕ ਹੈ ਕਿ ਗਰਾਮ ਪੰਚਾਇਤ ਭਾਈ ਲਾਧੋ, ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਪੰਚ ਨੇ ਪਿਛਲੇ ਪੰਜ ਸਾਲਾਂ ਦੇ ਦੌਰਾਨ ਕਾਨੂੰਨ ਦੇ ਉਲਟ ਪੰਚਾ-ਇਤ ਫੰਡਾਂ ਦੀ ਕਾਫੀ ਵੱਡੀ ਰਕਮ ਆਪਣੇ ਕਬਜ਼ੇ ਵਿਚ ਰੱਖੀ; ਜੇਕਰ ਅਜਿਹਾ ਹੋਵੇ ਤਾਂ ਉਸਦਾ ਸਾਲਵਾਰ ਵੇਰਵਾ ਕੀ ਹੈ;

(ਅ) 30, ਸਤੰਬਰ, 1974 ਨੂੰ ਉਕਤ ਰਕਮ ਦਾ ਕਿੰਨਾ ਵਿਆਜ ਬਣਦਾ ਸੀ;

(ੲ) ਉਕਤ ਰਕਮ ਤੇ ਵਿਆਜ ਦੀ ਵਸੂਲੀ ਲਈ ਕੀ ਕਾਰਵਾਈ ਕੀਤੀ ਗਈ; ਜੇ ਕਰ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਇਸਦੇ ਕੀ ਕਾਰਨ ਹਨ?

ਸਰਦਾਰ ਸੰਤੋਖ ਸਿੰਘ ਰੰਧਾਵਾ: (ੳ) ਹਾਂ ਜੀ। ਕਬਜ਼ੇ ਵਿੱਚ ਮਿਥੀ ਹੱਦ ਤੋਂ ਵੱਧ ਰੱਖੀ ਰਕਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਮਹੀਨਾ	ਸਰਪੰਚ ਪਾਸ ਅਧਿਕਾਰ ਤੋਂ ਵੱਧ ਰਖੀ ਰਕਮ ਦਾ ਵੇਰਵਾ
ਸਾਲ 1970-71	ਰੁ:
ਅਪ੍ਰੈਲ, 1970 ਤੋਂ ਜੂਨ, 1970	31.60
ਜੁਲਾਈ 1970 ਅਤੇ ਅਗਸਤ, 1970	113.16
ਸਤੰਬਰ, 1970 ਅਤੇ ਅਕਤੂਬਰ, 1970	111.56
ਨਵੰਬਰ, 1970 ਤੋਂ ਫਰਵਰੀ, 1971	195.56
ਮਾਰਚ. 1971	639.62
ਸਾਲ 1971–72	
ਅਪ੍ਰੈਲ, 1971 ਅਤੇ ਮਈ, 1971	639.62
ਜੂਨ, 1971	304.42
ਸਾਲ 1972—73	
ਸਤੰਬਰ ਅਤੇ ਅਕਤੂਬਰ, 1972.	266.30
ਨਵੰਬਰ 1972 ਤੋਂ ਜਨਵਰੀ, 1973	240.30
ਸਾਲ 1973—74	
ਮਈ, 1973	9,211.40
ਜੂਨ, 1973	7,561.40
ਜੁਲਾਈ, 1973	6,749.02
ਅਗਸਤ, 1973 ਤੋਂ ਦਸੰਬਰ, 1973	5,971.97
ਜਨਵਰੀ, 1974	6,953.77
ਫਰਵਰੀ, 1974	5,248.77
ਮਾਰਚ, 1974	3,673.05
ਸਾਲ 1974–75	
ਅਪ੍ਰੈਲ, 1974	2407.95
ਸਤੰਬਰ, 1974	184.30
ਅਕਤੂਬਰ, 1974	183.30

[ਰਾਜ ਮੰਤਰੀ, ਵਿਕਾਸ]

(ਅ) ਵਿਆਜ਼ 946 ਰੁਪਏ 20 ਪੈਸੇ ਬਣਦਾ ਸੀ ।

(ੲ) ਸਰਪੰਚਾਂ ਨੂੰ ਖੇਤਰੀ ਅਮਲੇ ਵਲੋਂ ਨੋਟਿਸ ਆਦਿ ਜਾਰੀ ਕੀਤੇ ਗਏ ਹਨ ਅਤੇ 31 ਜਨਵਰੀ, 1975 ਤੀਕ ਰਕਮਾਂ ਸਭਾ ਫੰਡ ਵਿੱਚ ਜਮ੍ਹਾਂ ਕਰਾਉਣ ਲਈ ਹਦਾਇਤ ਕੀਤੀ ਗਈ ਹੈ ।

*UNSTARRED QUESTION No. 965

(Extension has been asked for in respect of the Starred Question No. 965.)

16 ਅਕਤੂਬਰ, 1974 ਨੂੰ ਈ.ਐਸ.ਆਈ. ਹਸਪਤਾਲ ਲੁਧਿਆਣਾ ਵਿਚ ਚੌਕਸੀ ਸਟਾਫ ਦੁਆਰਾ ਮਾਰਿਆ ਗਿਆ ਛਾਪਾ ।

988. **ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕੀ ਸਿਹਤ ਅਤੇ ਪਰਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਚੌਕਸੀ ਸਟਾਫ ਨੇ ਈ. ਐਸ. ਆਈ. ਹਸਪਤਾਲ, ਲੁਧਿਆਣਾ ਵਿਚ 16 ਅਕਤੂਬਰ, 1974 ਨੂੰ ਕੋਈ ਛਾਪਾ ਮਾਰਿਆ ਸੀ ?

ਸਰਦਾਰ ਬਲਬੀਰ ਸਿੰਘ: ਹਾਂ ਜੀ ।

OBITUARY REFERENCES

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): ਸਪੀਕਰ ਸਾਹਿਬ, ਦੀਵਾਨ ਨਿਰੰਜਨ ਪ੍ਰਸ਼ਾਦ ਖੋਸਲਾ ਪੰਜਾਬ ਅਤੇ ਖਾਸ ਤੌਰ ਤੇ ਰਿਆਸਤ ਪਟਿਆਲਾ ਦੇ ਉੱਘੇ ਸਪੂਤ ਸਨ । ਉਨ੍ਹਾਂ ਨੇ ਆਪਣਾ ਸਾਰਾ ਜੀਵਨ ਜਮਹੂਰੀਅਤ ਦੇ ਆਦਰਸ਼ਾਂ ,ਕੌਮਪ੍ਰਸਤੀ, ਦੇਸ਼ ਪਿਆਰ ਅਤੇ ਇਨਸਾਫ ਲਈ ਅਰਪਤ ਕੀਤਾ ਹੋਇਆ ਸੀ । ਉਹ ਇਕ ਅਜਿਹੀ ਮਹਾਨ ਅਤੇ ਸਤਿਕਾਰਯੋਗ ਪੀੜ੍ਹੀ ਵਿਚੋਂ ਸਨ ਜਿਹੜੀ ਜੀਵਨ ਦੇ ਉਚੇ ਆਦਰਸ਼ਾਂ ਵਿਚ ਵਿਸ਼ਵਾਸ਼ ਰੱਖਣ ਵਾਲੀ ਅਤੇ ਵਿਸ਼ਾਲ ਨਜ਼ਰੀਏ ਦੀ ਮਾਲਕ ਸੀ ਅਤੇ ਜਿਹੜੀ ਅੱਜ ਅਲੋਪ ਹੁੰਦੀ ਪ੍ਰਤੀਤ ਹੋ ਰਹੀ ਹੈ । ਆਪਣੀ ਸਰਬਪੱਖੀ ਸ਼ਖਸ਼ੀਅਤ, ਨਿਮਰਤਾ ਅਤੇ ਪਰ-ਉਪਕਾਰੀ ਸੁਭਾ ਕਾਰਨ ਉਹ ਬਹੁਤ ਹਰਮਨ ਪਿਆਰੇ ਸਨ ।

ਗਾਂਧੀ ਜੀ ਦੇ ਵਿਚਾਰਾਂ ਤੋਂ ਬਹੁਤ ਪਰਭਾਵਤ ਹੋਏ ਸਨ ਅਤੇ ਉਸ ਵੇਲੇ ਜਦੋਂ ਕਿ ਖੱਦਰ ਪਹਿਨਣਾ ਵੀ ਜੁਰਮ ਸਮਝਿਆ ਜਾਂਦਾ ਸੀ, ਉਹ ਕਾਂਗਰਸ ਦੇ ਆਦਰਸ਼ਾਂ ਵਿਚ ਵਿਸ਼ਵਾਸ਼ ਰੱਖਦੇ ਸਨ ਉਸ ਵੇਲੇ ਕਾਂਗਰਸ ਦੇ ਸਕੱਤਰ ਸਨ ਜਦੋਂ ਲਾਲਾ ਲਾਜਪਤ ਰਾਏ ਇਸ ਦੇ ਪਰਧਾਨ ਸਨ । ਜਲ੍ਹਿਆਂ ਵਾਲੇ ਬਾਗ ਦੇ ਹਤਿਆਕਾਂਡ ਉਪਰੰਤ ਇਸ ਦੀ ਜਾਂਚ ਪੜਤਾਲ ਹਿੱਤ ਬਣਾਈ ਗਈ ਕਮੇਟੀ ਦੇ ਉਹ ਸਕੱਤਰ ਨਾਮਜ਼ਦ ਕੀਤੇ ਗਏ । ਉਸ ਕਮੇਟੀ ਦੇ ਪੜਤਾਲ ਕਰਨ ਤੋਂ ਬਾਅਦ ਜੋ ਉਸ ਨੇ ਰਿਪੋਰਟ ਦਿਤੀ ਉਸ ਵਿਚ ਸੱਚੀ ਦੇਸ਼ ਭਗਤੀ, ਕੌਮ ਪ੍ਰਸਤੀ ਨਜ਼ਰ ਆਉਂਦੀ ਸੀ । ਅੰਗਰੇਜ਼ ਹਕੂਮਤ ਦੇ ਦਬਦਬੇ ਦੀ ਪਰਵਾਹ ਨਾ ਕਰਦੇ ਹੋਏ ਆਪਣੀ ਸੱਚੀ ਗੱਲ ਕਹਿਣ ਤੋਂ ਇਨ੍ਹਾਂ ਨੇ ਸੰਕੋਚ ਨਾ ਕੀਤਾ ।

ਕਾਨੂੰਨ ਦੇ ਖੇਤਰ ਵਿਚ ਪ੍ਰਸਿੱਧ ਹੋ ਜਾਣ ਉਪ੍ਰੰਤ ਉਨ੍ਹਾਂ ਨੂੰ ਰਿਆਸਤ ਪਟਿਆਲਾ ਦੀ ਹਾਈ ਕੋਰਟ ਦੇ ਚੀਫ ਜਸਟਿਸ ਦੇ ਉੱਚੇ ਆਹੁਦੇ ਉਤੇ ਨਿਵਾਜਿਆ ਗਿਆ । ਉਹ ਇਮਾਨਦਾਰੀ ਅਤੇ ਬੇਲਾਗ ਨਜ਼ਰੀਏ ਲਈ ਬੜੇ ਮਸ਼ਹੂਰ ਸਨ ।

*For Unstarred Question No. 965 and reply thereto please see Appendix to the Debate.

ਉਹ ਇਕ ਮੰਨੇ ਪ੍ਰਮੰਨੇ ਪ੍ਰਬੰਧਕ ਸਨ ਅਤੇ ਉਨ੍ਹਾਂ ਨੇ ਬਹੁਤ ਸਾਰੇ ਉੱਚੇ ਅਹੁਦਿਆਂ ਦੀਆਂ ਜ਼ਿੰਮੇ-ਵਾਰੀਆਂ ਨੂੰ ਬੜੀ ਇਮਾਨਦਾਰੀ ਅਤੇ ਸ਼ਾਨ ਨਾਲ ਨਿਭਾਇਆ । ਉਨ੍ਹਾਂ ਨੇ ਵਿਦੇਸ਼ ਮੰਤਰੀ, ਸਿਖਿਆ ਮੰਤਰੀ ਅਤੇ ਲੋਕ ਸੇਵਾ ਕਮਿਸ਼ਨ ਦੇ ਮੈਂਬਰ ਆਦਿ ਦੀਆਂ ਉਚੀਆਂ ਪਦਵੀਆਂ ਤੇ ਰਹਿ ਕੇ ਰਿਆਸਤ ਪਟਿਆਲਾ ਵਿਚ ਸੇਵਾ ਕੀਤੀ ।

ਉਨ੍ਹਾਂ ਦੇ 95 ਵਰ੍ਹੇ ਦੀ ਪਕੇਰੀ ਉਮਰ ਵਿਚ ਸਵਰਗਵਾਸ ਹੋ ਜਾਣ ਕਾਰਣ ਰਾਜ ਇਕ ਗਾਂਧੀ ਵਾਦੀ ਅਸੂਲਾਂ ਵਿਚ ਅਕੀਦਾ ਰੱਖਣ ਵਾਲੇ ਸੱਚੇ ਦੇਸ਼-ਭਗਤ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ । ਉਨ੍ਹਾਂ ਦੀ ਮੌਤ 15 ਜਨਵਰੀ, 1975 ਨੂੰ ਹੋਈ ।

ਸਪੀਕਰ ਸਾਹਿਬ, ਬੜੇ ਦੁੱਖ ਨਾਲ ਦੱਸਣਾ ਪੈਂਦਾ ਹੈ ਕਿ ਪ੍ਰਿੰਸੀਪਲ ਰੱਲਾ ਰਾਮ ਐਕਸ-ਐਮ. ਐਲ. ਏ. ਕਲ ਸਵਰਗਵਾਸ ਹੋ ਗਏ ਹਨ । ਉਹ ਸੰਨ 1952 ਅਤੇ 1957 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ, ਪੰਜਾਬੀ ਰਿਜ਼ਨਲ ਕਮੇਟੀ ਦੇ ਪ੍ਰਧਾਨ ਸਨ । ਇਸ ਹਾਊਸ ਦੀਆਂ ਡੀਬੇਟਸ ਵਿਚ ਆਪਣਾ ਯੋਗਦਾਨ ਪਾਉਂਦੇ ਰਹੇ ਹਨ । ਉਨ੍ਹਾਂ ਦਾ ਜਨਮ 5 ਜਨਵਰੀ, 1900 ਨੂੰ ਹੋਇਆ ਸੀ ਅਤੇ ਉਨ੍ਹਾਂ ਨੇ ਉੱਚ ਵਿਦਿਆ ਪਰਾਪਤ ਕੀਤੀ ਸੀ । ਵਿਦਿਅਕ ਖੇਤਰ ਵਿੱਚ ਉਨ੍ਹਾਂ ਨੇ ਵੱਧ ਚੜ੍ਹ ਕੇ ਸੇਵਾ ਕੀਤੀ ਹੈ ਅਤੇ ਅੰਤਿਮ ਸਮੇਂ ਤੀਕ ਉਹ ਵਿਦਿਆ ਦੇ ਪਰਸਾਰ ਲਈ ਸੇਵਾ ਵਿਚ ਰੁਝੇ ਰਹੇ ਹਨ । ਉਹ ਪੰਜਾਬ ਯੂਨੀਵਰਸਿਟੀ ਦੇ ਫੈਲੋ ਭੀ ਰਹੇ ਹਨ । ਡੀ. ਏ. ਵੀ. ਕਾਲਜ, ਹੁਸ਼ਿਆਰਪੁਰ ਦੇ ਲਾਈਫ ਮੈਂਬਰ ਸਨ ਅਤੇ ਕਈ ਹਾਈ ਸਕੂਲਾਂ ਦੇ ਮੈਨੇਜਰ ਭੀ ਰਹੇ ਹਨ । ਹਿੰਦੀ ਸਾਹਿਤ ਸੰਮੇਲਨ ਦੇ ਪ੍ਰਧਾਨ ਸਨ । ਹਰੀਜਨ ਭਲਾਈ ਲਈ ਬੜਾ ਵੱਧ ਚੜ੍ਹ ਕੇ ਕੰਮ ਕੀਤਾ ਹੈ । ਉਹ ਜ਼ਿਲ੍ਹਾ ਹਰੀਜਨ ਸੇਵਕ ਸੰਘ ਦੇ ਪ੍ਰਧਾਨ ਸਨ । ਉਨ੍ਹਾਂ ਦੀ ਮੌਤ ਨਾਲ ਪੰਜਾਬ ਇਕ ਉੱਘੇ ਵਿੱਅਕਤੀ ਤੋਂ ਵਾਂਝਿਆਂ ਹੋ ਗਿਆ ਹੈ । ਇਸ ਵਿਚ ਸਾਨੂੰ ਉਨ੍ਹਾਂ ਦੇ ਪਰਿਵਾਰ ਨਾਲ ਬਹੁਤ ਹਮਦਰਦੀ ਹੈ । ਮੈਂ ਬੇਨਤੀ ਕਰਾਂਗਾ ਕਿ ਹਾਊਸ ਦੇ ਮੈਂਬਰ ਸਾਹਿਬਾਨ ਖੜੇ ਹੋ ਕੇ ਦੋ ਮਿੰਟਾਂ ਲਈ ਉਨ੍ਹਾਂ ਦੋਹਾਂ ਸ਼ਖਸ਼ੀਅਤਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਨ ਔਰ ਇਹ ਜੋ ਸ਼ੋਕ ਮਤਾ ਹੈ ਇਹ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜਿਆ ਜਾਵੇ ।

ਸਰਦਾਰ ਪਰਕਾਸ਼ ਸਿੰਘ ਬਾਦਲ (ਗਿੱਦੜਬਾਹਾ): ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ ਨੇ ਜੋ ਸਦਨ ਸਾਹਮਣੇ ਦੋ ਮਹਾਨ ਸ਼ਖੀਸ਼ਅਤਾਂ ਦੀ ਮੌਤ ਤੇ ਸ਼ੋਕ ਪ੍ਰਸਤਾਵ ਪੇਸ਼ ਕੀਤਾ ਹੈ, ਅਸੀਂ ਉਸ ਨਾਲ ਸਹਿਮਤੀ ਪਰਗਟ ਕਰਦੇ ਹਾਂ । ਪ੍ਰਿੰਸੀਪਲ ਰਲਾ ਰਾਮ ਜੀ ਇਸ ਹਾਊਸ ਦੇ ਮੈਂਬਰ ਰਹੇ ਹਨ, ਐਮ. ਐਲ. ਏ. ਵੀ ਰਹੇ ਹਨ । 75 ਸਾਲ ਦੀ ਉਮਰ ਵਿਚ ਉਹ ਸਾਨੂੰ ਛੱਡ ਗਏ ਹਨ । ਉਨ੍ਹਾਂ ਦੀ ਮੌਤ ਨਾਲ ਸਿਰਫ ਪੰਜਾਬ ਹੀ ਨਹੀਂ ਬਲਕਿ ਦੇਸ਼, ਮੈਂ ਸਮਝਦਾ ਹਾਂ ਕਿ ਇਕ ਬਹੁਤ ਵੱਡੇ ਐਜੂਕੇਸ਼ਨਿਸਟ ,ਸਕਾਲਰ, ਪਾਰਲੀਮੈਂਟੇਰੀਅਨ ਔਰ ਸ਼ੋਸਲ ਵਰਕਰ ਤੋਂ ਵਾਂਝਾ ਹੋ ਗਿਆ ਹੈ । ਉਹ ਐਮ. ਏ. ਇੰਗਲਿਸ਼ ਕਰਨ ਤੋਂ ਬਾਅਦ ਡਿਗਰੀ ਕਾਲਜ ਦੇ ਪ੍ਰਿੰਸ਼ੀਪਲ ਰਹੇ ਹਨ, ਐਮ. ਐਲ. ਏ. ਰਹੇ ਹਨ । ਉਨ੍ਹਾਂ ਨੇ ਸਿਰਫ ਐਜੂਕੇਸ਼ਨ ਵਿਚ ਹੀ ਨਹੀਂ ਬਲਕਿ ਸੋਸ਼ਲ ਵਰਕ ਵਿਚ ਬੜਾ ਵੱਡਾ ਹਿੱਸਾ ਪਾਇਆ ਹੈ । ਬਹੁਤ ਸਾਰੀਆਂ ਡਿਸਪੈਂਸਰੀਆਂ ਖੁਲ੍ਹਵਾਈਆਂ, ਬਹੁਤ ਸਾਰੇ ਸਕੂਲ ਖੁਲ੍ਹਵਾਏ, ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਉਨ੍ਹਾਂ ਦੀ ਮੌਤ ਨਾਲ ਜੋ ਖਿਲਾਅ ਪੈਦਾ ਹੋਇਆ ਹੈ ਉਹ ਭਰਨਾ ਬੜਾ ਮੁਸ਼ਕਲ ਹੈ ।

ਸਪੀਕਰ ਸਾਹਿਬ, ਦੀਵਾਨ ਨਿਰੰਜਨ ਪਰਸ਼ਾਦ, ਜਿਸ ਵੇਲੇ ਪਟਿਆਲਾ ਰਿਆਸਤ ਤੇ ਭੁਪਿੰਦਰ ਸਿੰਘ ਜੀ ਰਾਜ ਕਰਦੇ ਸਨ, ਉਹ ਮਨਿਸਟਰ ਫਾਰ ਫਾਰੇਨ ਅਫੇਅਰਜ਼ ਸਨ । ਉਹ ਪਟਿਆਲਾ ਹਾਈ ਕੋਰਟ ਦੇ ਚੀਫ ਜਸਟਿਸ ਵੀ ਰਹੇ, ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਰਹੇ । ਉਨ੍ਹਾਂ ਨੇ

[ਸਰਦਾਰ ਪਰਕਾਸ਼ ਸਿੰਘ ਬਾਦਲ]

ਨੈਸ਼ਨਲ ਮੂਵਮੈਂਟ ਸਟਰੱਗਲ ਦੇ ਵਿਚ ਹਿੱਸਾ ਪਾਇਆ ਔਰ ਜਲ੍ਹਿਆਂ ਵਾਲੇ ਬਾਗ ਦੀ ਫਾਇਰਿੰਗ ਦੇ ਸਿਲਸਿਲੇ ਵਿਚ ਜਿਹੜੀ ਇਨਕੁਆਇਰੀ ਕਮੇਟੀ ਮੁਕੱਰਰ ਕੀਤੀ ਗਈ ਸੀ, ਉਹ ਉਸ ਦੇ ਸੈਕਟਰੀ ਸਨ। ਇਸ ਲਈ ਮੈਂ ਸਮਝਦਾ ਹਾਂ ਕਿ ਸਾਡੀਆਂ ਦੋ ਮਹਾਨ ਹੱਸਤੀਆਂ ਜੋ ਸਾਥੋਂ ਚਲੀਆਂ ਗਈਆਂ ਹਨ, ਸਾਨੂੰ ਉਨ੍ਹਾਂ ਦੀ ਮੌਤ ਦਾ ਬੜਾ ਵੱਡਾ ਦੁੱਖ ਹੋਇਆ ਹੈ। ਮੈਂ ਵਾਹਿਗੁਰੂ ਦੇ ਚਰਨਾਂ ਵਿਚ ਪ੍ਰਾਰਥਨਾ ਕਰਦਾ ਹਾਂ ਕਿ ਉਨ੍ਹਾਂ ਦੇ ਪਰਵਾਰ ਨੂੰ ਇਨ੍ਹਾਂ ਦਾ ਵਿਛੋੜਾ ਸਹਿਣ ਦੀ ਤਾਕਤ ਬਖਸ਼ੇ ਔਰ ਉਨ੍ਹਾਂ ਦੀ ਰੂਹਾਂ ਨੂੰ ਸ਼ਾਂਤੀ ਬਖਸ਼ੇ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ ਪੂਰਬ): ਸਪੀਕਰ ਸਾਹਿਬ, ਇਸ ਹਾਊਸ ਵਿਚ ਜੋ ਦੋ ਵਿਅਕਤੀਆਂ ਦੇ ਸਵਰਗਵਾਸ ਹੋਣ ਤੇ ਸ਼ੋਕ ਪ੍ਰਸਤਾਵ ਆਇਆ ਹੈ ਮੈਂ ਆਪਣੀ ਪਾਰਟੀ ਵਲੋਂ ਉਸ ਵਿਚ ਸ਼ਾਮਲ ਹੁੰਦਾ ਹਾਂ। ਸਪੀਕਰ ਸਾਹਿਬ, ਪ੍ਰਿੰਸੀਪਲ ਰਲਾ ਰਾਮ ਸਾਡੇ ਨਾਲ ਹੀ ਇਸ ਹਾਊਸ ਦੇ ਮੈਂਬਰ ਸਨ। ਉਨ੍ਹਾਂ ਦਾ ਜੀਵਨ ਸਰਲਤਾ, ਸਫਾਈ ਤੇ ਸਚਾਈ ਪਸੰਦਾਨਾ ਸੀ। ਸ਼ਿਖਸ਼ਾ ਦੇ ਖੇਤਰ ਵਿਚ ਉਨ੍ਹਾਂ ਦਾ ਕੰਮ ਕਿਸੇ ਤੋਂ ਭੁੱਲਿਆ ਹੋਇਆ ਨਹੀਂ ਹੈ। ਖਾਸ ਤੌਰ ਤੇ ਹੁਸ਼ਿਆਰਪੁਰ ਵਿਚ ਸਿੱਖਿਆ ਸੰਸਥਾ, ਸਮਾਜਕ ਜੀਵਨ ਵਿਚ, ਵਿਦਿਆ ਦੇ ਖੇਤਰ ਵਿਚ ਉਨ੍ਹਾਂ ਨੇ ਉੱਘਾ ਕੰਮ ਕੀਤਾ ਹੈ

ਸਪੀਕਰ ਸਾਹਿਬ, ਉਨ੍ਹਾਂ ਦੀ ਮੌਤ ਹੋਰ ਵੀ ਦੁਖਦਾਈ ਹੋ ਜਾਂਦੀ ਹੈ ਕਿਉਂਕਿ ਕਿਸੇ ਅਗਿਆਤ ਆਦਮੀ ਨੇ ਉਹਨਾਂ ਦੀ ਹੱਤਿਆ ਕੀਤੀ ਹੈ ਔਰ ਅਜੇ ਤੱਕ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਪੰਜਾਬ ਦੇ ਇਹੋ ਜਿਹੇ ਮਹਾਨ ਵਿਅਕਤੀ ਦੀ ਹੱਤਿਆ ਕਿਸ ਨੇ ਕੀਤੀ ਹੈ। ਔਰ ਅਸੀਂ ਪੰਜਾਬ ਦੀ ਜਨਤਾ, ਪੰਜਾਬ ਦੀ ਸਰਕਾਰ ਇਸ ਵਿਚ ਬਿਲਕੁਲ ਹੀ ਹੈਲਪਲੈਸ, ਹੋ ਗਏ ਹਾਂ। ਇਹ ਇਹੋ ਜਿਹਾ ਨਿੰਦਨੀਏ ਔਰ ਨਿਕੰਮਾ ਕੰਮ ਹੋਇਆ ਹੈ ਔਰ ਅਸੀਂ ਉਨ੍ਹਾਂ ਦੀ ਅੰਤਲੀ ਉਮਰ ਵਿਚ ਰਖਸ਼ਾ ਵੀ ਨਹੀਂ ਕਰ ਸਕੇ। ਉਨ੍ਹਾਂ ਦੇ ਅਖੀਰਲੇ ਦਿਨਾਂ ਵਿਚ ਇਸ ਸਟੇਟ ਵਿਚ ਉਨ੍ਹਾਂ ਦਾ ਜੀਵਨ ਸੁਰੱਖਿਅਤ ਵੀ ਨਹੀਂ ਰਿਹਾ ਹੈ।

ਸ੍ਰੀ ਨਿਰੰਜਨ ਪਰਸ਼ਾਦ ਵੀ ਬੜੇ ਵਡੇ ਉੱਘੇ ਲੀਡਰ ਹੋਏ ਹਨ। ਜਿਸ ਤਰ੍ਹਾਂ ਕਿ ਗਿਆਨੀ ਜੀ ਨੇ ਦੱਸਿਆ ਹੈ, ਉਹ ਗਾਂਧੀ ਜੀ ਦੇ ਅਸੂਲਾਂ ਤੇ ਚਲਦੇ ਰਹੇ ਔਰ ਉਨ੍ਹਾਂ ਦਿਨਾਂ ਵਿਚ ਚਲਦੇ ਰਹੇ ਜਦੋਂ ਕਿ ਖੱਦਰ ਪਾਉਣਾ ਜੁਰਮ ਸਮਝਿਆ ਜਾਂਦਾ ਸੀ। ਉਹ ਪਟਿਆਲਾ ਹਾਈ ਕੋਰਟ ਦੇ ਚੀਫ਼ ਜਸਟਿਸ ਰਹੇ ਤੇ ਹੋਰ ਕਈ ਅਹੁਦਿਆਂ ਤੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਦੇ ਸਵਰਗਵਾਸ ਹੋ ਜਾਣ ਤੇ ਪੰਜਾਬ ਇਕ ਮਹਾਨ ਪੁਰਸ਼ ਤੋਂ ਹੱਥ ਧੋ ਬੈਠਾ ਹੈ। ਇਨ੍ਹਾਂ ਦੋਹਾਂ ਮਹਾਨ ਪੁਰਸ਼ਾਂ ਨੂੰ ਮੈਂ ਸ਼ਰਧਾਜਲੀ ਭੇਟ ਕਰਦਾ ਹਾਂ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :(ਗੜ੍ਹ ਸ਼ੰਕਰ): ਸਪੀਕਰ ਸਾਹਿਬ, ਜਿਹੜਾ ਸ਼ੋਕ ਪ੍ਰਸਤਾਵ ਗਿਆਨੀ ਜੀ ਨੇ ਦੋ ਮਹਾਨ ਵਿੱਅਕਤੀਆਂ ਦੀ ਮੌਤ ਤੇ ਰਖਿਆ ਹੈ ਮੈਂ ਆਪਣੀ ਪਾਰਟੀ ਵਲੋਂ ਉਸ ਦਾ ਸਮੱਰਥਨ ਕਰਦਾ ਹਾਂ। ਪ੍ਰਿੰਸੀਪਲ ਰਲਾ ਰਾਮ ਜੀ ਪੰਜਾਬ ਦੀ ਇਕ ਬਹੁਤ ਵੱਡੀ ਸ਼ਖਸ਼ੀਅਤ ਸਨ, ਖਾਸ ਕਰ ਕੇ ਹੁਸ਼ਿਆਰਪੁਰ ਨੂੰ ਉਨ੍ਹਾਂ ਦੀ ਇਕ ਬਹੁਤ ਵੱਡੀ ਦੇਣ ਸੀ। ਵਿਦਿਆ ਦੇ ਖੇਤਰ ਵਿਚ ਜੋ ਕੰਮ ਉਨ੍ਹਾਂ ਨੇ ਕੀਤਾ, ਉਹ ਸਾਡੇ ਸਾਹਮਣੇ ਹੈ। ਉਨ੍ਹਾਂ ਦੀ ਸਾਰੀ ਉਮਰ ਇਕ ਦੇਸ਼ ਭਗਤੀ ਦੀ ਉਮਰ ਸੀ। ਲੇਕਿਨ ਜਿਹੜਾ ਅਜ ਵਾਤਾਵਰਨ ਸਾਰੇ ਦੇਸ਼ ਵਿਚ ਪੈਦਾ ਹੋ ਗਿਆ ਹੈ ਅਤੇ ਕੁਰ-ਪਸ਼ਨ ਫੈਲ ਗਈ ਹੈ, ਇਹ ਠੀਕ ਨਹੀਂ ਹੈ ਅਤੇ ਇਸ ਦੇ ਨਾਲ ਕਈ ਬੁਰੀਆਂ ਗੱਲਾਂ ਹੋ ਰਹੀਆਂ ਹਨ। ਅੱਜ ਉਸ ਦੇਸ਼ ਭਗਤ ਦਾ, ਜਿਹੜਾ ਕਿ ਇਕ ਬੇਲਾਗ ਆਦਮੀ ਸੀ ਅਤੇ ਸਾਰੀ ਉਮਰ ਜਿਸ

ਨੇ ਸੱਚਾਈ ਦਾ ਪਾਲਣ ਕੀਤਾ ਹੋਵੇ, ਉਸ ਦਾ ਸਾਡੇ ਨਾਲੋਂ ਵਿਛੜ ਜਾਣਾ ਇਕ ਬਹੁਤ ਵੱਡਾ ਸਦਮਾ ਹੈ । ਜਿਸ ਤਰ੍ਹਾਂ ਡਾਕਟਰ ਬਲਦੇਵ ਪਰਕਾਸ਼ ਜੀ ਨੇ ਕਿਹਾ ਹੈ, ਪ੍ਰਿੰਸੀਪਲ ਸਾਹਿਬ ਦੀ ਮੌਤ ਕੁਦਰਤੀ ਮੌਤ ਨਹੀਂ, ਕਿਉਂਕਿ ਉਨ੍ਹਾਂ ਦਾ ਘਰ ਭੰਨ ਕੇ ਅੰਦਰ ਉਨ੍ਹਾਂ ਤੇ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਮਾਰਿਆ ਗਿਆ, ਉਨ੍ਹਾਂ ਦੇ ਜਬਿਆੜ੍ਹੇ ਦੀਆਂ ਹੱਡੀਆਂ ਟੁੱਟੀਆਂ ਸਨ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਮਾਰਿਆ ਗਿਆ ਸੀ । ਪ੍ਰਿੰਸੀਪਲ ਸਾਹਿਬ ਕੋਈ ਸਾਧਾਰਨ ਆਦਮੀ ਨਹੀਂ ਸਨ । ਇਸ ਕਰਕੇ ਉਨ੍ਹਾਂ ਦੀ ਮੌਤ ਦੀ ਡੂੰਘੀ ਤਫਤੀਸ਼ ਹੋਣੀ ਚਾਹੀਦੀ ਹੈ । ਉਹ ਇਕ ਪੁਲਿਟੀਕਲ ਆਦਮੀ ਸਨ । ਇਸ ਕਰਕੇ ਇਸ ਮੌਤ ਬਾਰੇ ਪੂਰੀਂ ਜਾਂਚ ਕਰਨੀ ਚਾਹੀਦੀ ਹੈ ਤਾਂ ਜੋ ਪਤਾ ਲਗੇ ਕਿ ਇਸ ਤਰ੍ਹਾਂ ਦਾ ਕੋਝਾ ਕੰਮ ਕਿਸ ਨੇ ਕੀਤਾ ਹੈ ।

ਦੀਵਾਨ ਨਿਰੰਜਨ ਪ੍ਰਸ਼ਾਦ ਖੋਸਲਾ ਪੰਜਾਬ ਦੇ ਇਕ ਬਹੁਤ ਵੱਡੇ ਦੇਸ਼ ਭਗਤ ਸਨ। ਉਹ ਪਟਿਆਲਾ ਹਾਈ ਕੋਰਟ ਦੇ ਚੀਫ਼ ਜਸਟਿਸ ਸਨ । ਵੱਡੀ ਗੱਲ ਇਹ ਹੈ ਕਿ ਜਦੋਂ ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ ਵਿਚ ਡਾਇਰ ਨੇ ਮਾਰਸ਼ਲ ਲਾਅ ਨਾਫਿਜ਼ ਕੀਤਾ ਹੋਇਆ ਸੀ, ਉਸ ਵੇਲੇ ਦੀਵਾਨ ਸਾਹਿਬ ਨੇ ਡਾਕਟਰ ਕਿਚਲੂ ਅਤੇ ਡਾਕਟਰ ਸਤਿਆਪਾਲ ਨਾਲ ਮਿਲ ਕੇ ਬੜੀ ਨਿਧੱੜਕਤਾ ਨਾਲ ਉਸ ਜ਼ੁਲਮ ਦਾ ਮੁਕਾਬਲਾ ਕੀਤਾ ਅਤੇ ਪੜਤਾਲ ਕਰਕੇ ਬੜੀ ਦਲੇਰੀ ਨਾਲ ਫੈਕਟਸ ਨੂੰ ਪਬਲਿਕ ਦੇ ਸਾਹਮਣੇ ਰਖਿਆ ਅਤੇ ਬਹੁਤ ਵੱਡੀ ਦੇਸ਼ ਭਗਤੀ ਦਾ ਸਬੂਤ ਦਿਤਾ । ਉਨ੍ਹਾਂ ਦੇ ਇਸ ਦੁਨੀਆ ਵਿਚੋ ਚਲੇ ਜਾਣ ਨਾਲ ਜਿਹੜੀ ਸਾਨੂੰ ਹਾਨੀ ਹੋਈ ਹੈ, ਉਹ ਪੂਰੀ ਨਹੀਂ ਹੋ ਸਕਦੀ । ਮੈਂ ਆਪਣੀ ਪਾਰਟੀ ਵਲੋਂ ਸ਼ੋਕ ਪ੍ਰਸਤਾਵ ਨਾਲ ਪੂਰੀ ਸਹਿਮਤੀ ਪ੍ਰਗਟ ਕਰਦਾ ਹਾਂ ਅਤੇ ਆਪਣੀ ਪਾਰਟੀ ਦੇ ਮੈਂਬਰਾਂ ਵਲੋਂ ਦੀਵਾਨ ਨਿਰੰਜਨ ਪ੍ਰਸ਼ਾਦ ਖੋਸਲਾ ਅਤੇ ਪ੍ਰਿੰਸੀਪਲ ਰਲਾ ਰਾਮ ਜੀ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ): ਗਿਆਨੀ ਜੀ ਨੇ ਜਿਨ੍ਹਾਂ ਦੋ ਮਹਾਨ ਹਸਤੀਆਂ, ਦੀਵਾਨ ਨਿਰੰਜਨ ਪ੍ਰਸ਼ਾਦ ਖੋਸਲਾ ਅਤੇ ਪ੍ਰਿੰਸੀਪਲ ਰਲਾ ਰਾਮ, ਜਿਹੜੇ ਕਿ ਸਾਡੇ ਨਾਲੋਂ ਵਿਛੜ ਗਏ ਹਨ, ਦੇ ਬਾਰੇ ਸ਼ੋਕ ਪ੍ਰਸਤਾਵ ਇਥੇ ਰਖਿਆ ਹੈ, ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਖੋਸਲਾ ਜੀ, ਜਿਹੜੇ ਪਟਿਆਲਾ ਹਾਈ ਕੋਰਟ ਦੇ ਚੀਫ਼ ਜਸਟਿਸ ਵੀ ਰਹੇ ਹਨ, ਨੇ ਬੜੀ ਦਲੇਰੀ ਨਾਲ ਜੋ ਜਲ੍ਹਿਆਂ ਵਾਲਾ ਬਾਗ ਵਿਚ ਦਰਦਨਾਕ ਘਟਨਾ ਹੋਈ ਅਤੇ ਜਦੋਂ ਉਥੇ ਮਾਰਸ਼ਲ ਲਾਅ ਨਾਫਿਜ਼ ਸੀ, ਉਹ ਪੜਤਾਲ ਕਮੇਟੀ ਦੇ ਸੈਕਟਰੀ ਸਨ ਅਤੇ ਇਸ ਚੀਜ਼ ਦੀ ਪੜਤਾਲ ਕੀਤੀ। ਇਹ ਇਕ ਬਹੁਤ ਅਹਿਮ ਕਦਮ ਸੀ ਜੋ ਉਸ ਵੇਲੇ ਦੇ ਹਾਲਾਤ ਵਿਚ ਉਨ੍ਹਾਂ ਨੇ ਚੁੱਕਿਆ ਅਤੇ ਦੇਸ਼ ਦੀ ਸੇਵਾ ਕੀਤੀ ।

ਪ੍ਰਿੰਸੀਪਲ ਰਲਾ ਰਾਮ ਜੀ ਇਕ ਬਹੁਤ ਵੱਡੇ ਐਜੂਕੇਸ਼ਨਿਸਟ ਸਨ । ਆਪਣੇ ਜ਼ਿਲ੍ਹੇ ਦੇ ਹਰੀਜਨ ਸੇਵਕ ਸੰਘ ਦੇ ਪ੍ਰਧਾਨ ਵੀ ਰਹੇ ਤੇ ਸਾਡੇ ਇਸ ਹਾਊਸ ਦੇ ਮੈਂਬਰ ਵੀ ਰਹੇ। ਅੱਜ ਉਹ ਸਾਡੇ ਨਾਲੋਂ ਵਿਛੜ ਗਏ ਹਨ । ਮੈਂ ਆਪਣੀ ਪਾਰਟੀ ਵਲੋਂ ਪ੍ਰਿੰਸੀਪਲ ਸਾਹਿਬ ਅਤੇ ਦੀਵਾਨ ਨਿਰੰਜਨ ਪ੍ਰਸ਼ਾਦ ਖੋਸਲਾ ਜੀ ਦੇ ਸ਼ੋਕ ਪ੍ਰਸਤਾਵ ਵਿਚ ਸਹਿਮਤੀ ਪ੍ਰਗਟ ਕਰਦਾ ਹਾਂ ਅਤੇ ਇਹ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਮਹਾਨ ਹਸਤੀਆਂ ਦੇ ਪਰਿਵਾਰਾਂ ਨੂੰ ਇਸ ਹਾਊਸ ਵਲੋਂ ਪਾਸ ਕੀਤਾ ਹੋਇਆ ਸ਼ੋਕ ਮਤਾ ਭੇਜਿਆ ਜਾਵੇ ।

(ਇਸ ਸਮੇਂ ਮਾਨਯੋਗ ਮੈਂਬਰ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਬੋਲਣ ਵਾਸਤੇ ਖੜੇ ਹੋਏ)

ਸ਼੍ਰੀ ਸਪੀਕਰ : ਸਾਰੇ ਲੀਡਰਾਂ ਨੇ ਬੋਲ ਲਿਆ ਹੈ, ਸਾਰੀਆਂ ਪਾਰਟੀਆਂ ਦੀ ਰਿਪਰੈਜ਼ੈਂਟੇਸ਼ਨ ਹੋ ਗਈ ਹੈ । ਆਚਾਰਿਆ ਜੀ, ਤੁਸੀਂ ਵੀ ਬੋਲ ਲਵੋ । (All the leaders have spoken and thus all the parties have been represented. Acharya Ji, you may also pay homage.)

आचार्य पृथ्वी सिंह आजाद (खन्ना, ऐस. सी.) : अध्यक्ष महोदय, सदन के नेता ने जो शोक प्रस्ताव रखा है वह दीवान निरंजन प्रसाद जी खोसला और प्रिंसीपल रला राम जी के विषय में है और यह निहायत ही दुखदायी है। मैं दीवान निरंजन प्रसाद जी खोसला को अपनी श्रद्धांजली अर्पित करता हूँ। दीवान साहिब एक क्रांतिकारी, समाज सेवक और कानून के माहिर थे। उनकी मौत से लाला लाजपत राय, डाक्टर सैफुउदीन किचलू और डाक्टर सत्यपाल के शाना बशाना काम करने वाले और बख्शी टेक चन्द जी के साथ कानून की दुनिया में अपना नाम बनाने वाले एक महान व्यक्ति इस दुनिया से चले गए हैं। वे एक बहुत बड़े देश भक्त थे।

स्पीकर साहिब, प्रिंसीपल रला राम जी एक पुराने देश भक्त, प्रसिद्ध समाज सेवक और हरिजनों के परम हितैषी थे। वे स्वामी दयानन्द जी के एक अनन्य भक्त और समाज के एक बहुत बड़े खामोश नेता थे। उन्होंने अपना जीवन राजनीतिक और सामाजिक क्षेत्रों में सेवा करने में बिताया। उनका जीवन एक सन्त का जीवन था। उन्होंने जिस ढंग से राजनीतिक और सामाजिक सेवा के क्षेत्रों में काम किया वह दूसरों के लिये मार्ग दर्शन का काम करेगा। स्पीकर साहिब, यह हमारे दुर्भाग्य की बात है कि आज देश में राजनीति में और समाज सेवा के काम करने वालों के साथ मतभेद हो जाने के कारण जो इस तरह की वृत्ति का वातावरण बन रहा है, कि जिसके साथ मतभेद हो, उसका एक घिनौने ढंग से अन्त कर दिया जाए, यह ठीक नहीं है, लेकिन आज यह बात फैलती जा रही है और अगर इसको फैलने दिया गया तो मुझे बड़े दुख के साथ कहना पड़ता है कि कोई भी समाज सेवक, कोई भी राजनीति और समाज सेवा के क्षेत्र में काम करने वाला अपने आपको सुरक्षित नहीं समझेगा। स्पीकर साहिब प्रिंसीपल रला राम एक विशेष विचारधारा के समर्थक थे और जिस ढंग से उनकी मृत्यु हु है, इसके बारे में मैं आपके द्वारा यह कहना चाहता हूँ कि हमारे मुख्य मन्त्री जी इसकी पूरी तरह से जांच करवाएं। हम यहां प्रस्ताव पास करके अपना शोक प्रकट तो कर देंगे, लेकिन ऐसी घटनाओं को अगर रोका न गया तो और कई शोक प्रस्ताव पास करने पड़ेंगे।

इन शब्दों के साथ मैं उनको अपनी तर्फ से श्रद्धांजली अर्पित करता हूँ।

ਭਗਤ ਗੁਰਾਂਦਾਸ ਹੰਸ (ਸ਼ਾਮ ਚੁਰਾਸੀ, ਐਸ. ਸੀ): ਮਾਨਯੋਗ ਸਪੀਕਰ ਸਾਹਿਬ, ਇਹ ਜੋ ਦੋ ਮਹਾਨ ਹਸਤੀਆਂ ਦੀਵਾਨ ਨਿਰੰਜਨ ਪ੍ਰਸ਼ਾਦ ਖੋਸਲਾ ਅਤੇ ਪ੍ਰਿੰਸੀਪਲ ਰਲਾ ਰਾਮ, ਇਸ ਸੰਸਾਰ ਨੂੰ ਛੱਡ ਗਏ ਹਨ, ਦੇ ਸ਼ੋਕ ਪ੍ਰਸਤਾਵ ਵਿਚ ਮੈਂ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ। ਦੀਵਾਨ ਨਿਰੰਜਨ ਪ੍ਰਸ਼ਾਦ ਖੋਸਲਾ ਨੇ ਜਦੋਂ ਜਲ੍ਹਿਆਂਵਾਲਾਂ ਬਾਗ ਵਿਚ ਇਕ ਬਹੁਤ ਬੜੀ ਟਰੈਜਡੀ ਹਈ, ਉਸ ਵੇਲੇ ਉਨ੍ਹਾਂ ਨੇ ਬੜੀ ਹਿੰਮਤ ਨਾਲ ਅਤੇ ਦਲੇਰੀ ਨਾਲ ਉਸ ਦਾ ਮੁਕਾਬਲਾ ਕੀਤਾ। ਇਨ੍ਹਾਂ ਦਾ ਇਸ ਸੰਸਾਰ ਵਿਚੋਂ ਚਲੇ ਜਾਣਾ ਦੇਸ਼ ਨੂੰ ਇਕ ਬਹੁਤ ਵੱਡਾ ਘਾਟਾ ਹੋਇਆ ਹੈ, ਜਿਹੜਾ ਕਿ ਪੂਰਾ ਨਹੀਂ ਹੋ ਸਕਦਾ।

ਪ੍ਰਿੰਸੀਪਲ ਰਲਾ ਰਾਮ ਜੀ ਦੇ ਮੁਤਾਲਿਕ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਉਨ੍ਹਾਂ ਨੂੰ ਮਿਲਣ ਦਾ ਮੌਕਾ 1934 ਤੋਂ ਮਿਲਿਆ। ਪ੍ਰਿੰਸੀਪਲ ਸਾਹਿਬ ਇਕ ਬਹੁਤ ਸੱਚੇ, ਸੁਚੱਜੇ ਤੇ ਅੱਛੇ ਬੰਦੇ ਸਨ। ਉਨ੍ਹਾਂ ਦਾ ਜੀਵਨ ਬਹੁਤ ਉੱਚਾ ਸੀ ਅਤੇ ਉਹ ਸਵਾਮੀ ਦਯਾਨੰਦ ਜੀ ਦੇ ਭਗਤ ਸਨ

ਅਤੇ ਹਰੀਜਨਾਂ ਦੇ ਮੁਤਾਲਿਕ ਉਨ੍ਹਾਂ ਦੀ ਕੀ ਰਾਏ ਸੀ ਅਤੇ ਉਨ੍ਹਾਂ ਨੇ ਕਿੰਨੇ ਕੰਮ ਉਨ੍ਹਾਂ ਵਾਸਤੇ ਕੀਤੇ, ਇਹ ਮੈਂ ਵਰਨਣ ਨਹੀਂ ਕਰ ਸਕਦਾ। 1934 ਵਿਚ ਸਾਡੇ ਮੁਹੱਲਿਆਂ ਵਿਚ ਜਾ ਕੇ ਉਨ੍ਹਾਂ ਨੇ ਸਾਰਿਆਂ ਨੂੰ ਕਾਂਗਰਸ ਵਿਚ ਲਿਆਉਣ ਦੀ ਪ੍ਰੇਰਨਾ ਦਿਤੀ। ਇਹੋ ਜਿਹੇ ਵਿਅਕਤੀ ਜਿਨ੍ਹਾਂ ਨੇ ਦੇਸ਼ ਦੀ ਇੰਨੀ ਸੇਵਾ ਕੀਤੀ ਹੋਵੇ, ਦੀ ਇਸ ਢੰਗ ਨਾਲ ਮੌਤ ਹੋ ਜਾਵੇ, ਜਿਸ ਤਰ੍ਹਾਂ ਉਨ੍ਹਾਂ ਦੀ ਹੋਈ ਹੈ, ਇਹ ਜਮਹੂਰੀਅਤ ਦੇ ਉਤੇ ਇਕ ਬਹੁਤ ਵੱਡਾ ਕਲੰਕ ਹੈ। ਪ੍ਰਿੰਸੀਪਲ ਸਾਹਿਬ ਦਾ ਦਿਲ ਕਿਸੇ ਲਈ ਵੀ ਮੈਲਾ ਨਹੀਂ ਸੀ। ਮੈਂ ਚੀਫ ਮਨਿਸਟਰ ਸਾਹਿਬ ਅਗੇ ਬੇਨਤੀ ਕਰਾਂਗਾ ਕਿ ਉਹ ਉਨ੍ਹਾਂ ਦੀ ਮੌਤ ਦੀ ਜਾਂਚ ਕਰਵਾਉਣ ਅਤੇ ਪਤਾ ਲਗਵਾਉਣ ਕਿ ਇਸ ਤਰ੍ਹਾਂ ਦਾ ਨੀਚ ਕੰਮ ਕਿਸ ਨੇ ਕੀਤਾ ਹੈ। ਮੈਂ ਪ੍ਰਿੰਸੀਪਲ ਸਾਹਿਬ ਨੂੰ 4–5 ਦਿਨ ਹੋਏ, ਮਿਲਿਆ ਸੀ ਅਤੇ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਪੰਡਿਤ ਜੀ, ਕੀ ਹਾਲ ਹੈ ਤਾਂ ਉਨ੍ਹਾਂ ਨੇ ਕਿਹਾ, ਭਗਤ ਜੀ, ਠੀਕ ਹੈ, ਅਤੇ ਫਿਰ ਹੋਰ ਕੋਈ ਸ਼ਬਦ ਨਹੀਂ ਬੋਲ ਸਕੇ। ਮੈਂ ਆਪਣੇ ਹਰਮਨ ਪਿਆਰੇ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਮਹੂਰੀਅਤ ਵਿਚ ਰਹਿੰਦਿਆਂ ਹੋਇਆਂ, ਉਸ ਸ਼ਖ਼ਸ਼ ਨੂੰ, ਜਿਹੜਾ ਪਾਰਟੀ ਬਾਜ਼ੀ ਵਿਚ ਹਿੱਸਾ ਨਾ ਲੈਂਦਾ ਹੋਵੇ, ਉਨ੍ਹਾਂ ਦੀ ਹੱਤਿਆ ਕਰ ਦੇਣਾ ਇਕ ਬਹੁਤ ਵੱਡਾ ਪਾਪ ਹੈ ਅਤੇ ਜਿਹੜਾ ਇਹ ਪਾਪ ਹੋਇਆ ਹੈ, ਇਸ ਦੀ ਚੀਫ ਮਨਿਸਟਰ ਸਾਹਿਬ ਇਨਕੁਆਇਰੀ ਕਰਵਾਉਣ ਅਤੇ ਮੁਜਰਮਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਸਜ਼ਾ ਦਿਤੀ ਜਾਵੇ। ਅਗਰ ਜਮਹੂਰੀਅਤ ਦੇ ਵਿਚ ਇਸ ਤਰ੍ਹਾਂ ਹੁੰਦਾ ਰਿਹਾ ਅਤੇ ਮਿਸ਼ਰਾ ਜੀ ਅਤੇ ਪ੍ਰਿੰਸੀਪਲ ਵਰਗੇ ਮਹਾਨ ਆਦਮੀਆਂ ਦੀਆਂ ਇਸ ਤਰ੍ਹਾਂ ਮੌਤਾਂ ਹੁੰਦੀਆਂ ਰਹੀਆਂ ਤਾਂ ਦੇਸ਼ ਨਹੀਂ ਚਲ ਸਕੇਗਾ। ਮੈਂ ਇਨ੍ਹਾਂ ਮਹਾਨ ਹਸਤੀਆਂ ਦੇ ਸ਼ੋਕ ਪ੍ਰਸਤਾਵ ਵਿਚ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ; ਅਤੇ ਬੇਨਤੀ ਕਰਦਾ ਹਾਂ ਕਿ ਪ੍ਰਿੰਸੀਪਲ ਸਾਹਿਬ ਦੀ ਮੌਤ ਦੀ ਇਨਕੁਆਇਰੀ ਕਰਵਾਉਣੀ ਚਾਹੀਦੀ ਹੈ ਅਤੇ ਮੁਜ਼ਰਮਾਂ ਨੂੰ ਸਜ਼ਾ ਦਿਤੀ ਜਾਵੇ।

ਸ਼੍ਰੀ ਪ੍ਰੇਮ ਗੁਪਤਾ (ਪਟਿਆਲਾ): ਸਪੀਕਰ ਸਾਹਿਬ, ਇਹ ਸ਼ੋਕ ਪ੍ਰਸਤਾਵ ਜਿਹੜਾ ਕਿ ਹਾਊਸ ਦੇ ਸਾਹਮਣੇ ਹੈ, ਸਾਨੂੰ ਇਸ ਗਲ ਦਾ ਬੜਾ ਦੁੱਖ ਹੈ ਕਿ ਆਜ਼ਾਦੀ ਦੇ ਮਹਿਜ਼ ਪੁਰਾਣੇ ਕੰਮ ਕਰਨ ਵਾਲੇ ਜਿਹੜੇ ਲੀਡਰ ਸਨ ਉਹ ਇਕ ਇਕ ਕਰਕੇ ਜਾ ਰਹੇ ਹਨ। ਦੀਵਾਨ ਨਿਰੰਜਨ ਪ੍ਰਸ਼ਾਦ ਖੋਸਲਾ ਬਾਰੇ, ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਉਨ੍ਹਾਂ ਨੇ ਅਰਲੀ ਟਵੰਟੀਜ਼ ਵਿਚ ਰਿਆਸਤ ਵਾਸਤੇ ਮੁਲਕ ਦੇ ਵਾਸਤੇ ਆਜ਼ਾਦੀ ਲੈਣ ਵਾਸਤੇ ਕਿੰਨੇ ਮਹਾਨ ਕੰਮ ਕੀਤੇ। ਅਰਲੀ ਟਵੰਟੀਜ਼ ਵਿਚ ਉਨ੍ਹਾਂ ਨੇ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਪਟਿਆਲੇ ਜਾਕੇ ਆਜ਼ਾਦੀ ਵਾਸਤੇ ਮਹਾਤਮਾ ਗਾਂਧੀ ਦੇ ਵਿਚਾਰਾਂ ਤੋਂ ਪ੍ਰਭਾਵਤ ਹੋਕੇ ਉਨ੍ਹਾਂ ਨੇ ਲਾਲਾ ਲਾਜਪਤ ਰਾਏ ਜੀ ਦਾ ਸਾਥ ਦਿੱਤਾ। ਆਜ਼ਾਦੀ ਦੇ ਵਾਸਤੇ ਜੋ ਉਨ੍ਹਾਂ ਨੇ ਕੰਮ ਕੀਤਾ ਉਹ ਭੁਲਾਇਆ ਨਹੀਂ ਜਾ ਸਕਦਾ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਕਿਰਪਾਲ ਸਿੰਘ ਰੰਧਾਵਾ ਨੇ ਫਲੋਰ ਕਰਾਸ ਕੀਤਾ)

Mr. Speaker: Randhawa Ji, you are crossing the floor. It is not right.

Sardar Kirpal Singh Randhawa: Sorry, Sir.

ਸ਼੍ਰੀ ਪ੍ਰੇਮ ਗੁਪਤਾ : ਉਨ੍ਹਾਂ ਨੇ 95 ਸਾਲ ਦੀ ਉਮਰ ਵਿਚ ਸਾਡੇ ਤੋਂ ਜੁਦਾਈ ਹਾਸਲ ਕੀਤੀ ਪਰ ਇਸ ਉਮਰ ਵਿਚ ਉਨ੍ਹਾਂ ਦੇ ਇਰਾਦੇ ਇਤਨੇ ਪੱਕੇ ਸਨ ਕਿ ਉਨ੍ਹਾਂ ਨੇ ਆਪਣੇ ਪਰਿਵਾਰ ਦੇ ਕਿਸੇ ਵੀ ਸੱਜਣ ਨੂੰ ਅਜਿਹਾ ਮੌਕਾ ਨਾ ਦਿੱਤਾ ਜਿਸ ਨਾਲ ਕਿ ਉਨ੍ਹਾਂ ਨੂੰ ਕੋਈ ਤਕਲੀਫ ਹੋਈ ਹੋਵੇ। ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੀ ਯਾਦਗਾਰ ਬਣਾਉਣਾ ਚਾਹੁੰਦਾ ਸੀ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਦੇ ਪਰਿਵਾਰ ਦੀ ਇਸ ਔਫਰ ਨੂੰ ਛੇਤੀ ਹੀ ਪ੍ਰਵਾਨ ਕੀਤਾ ਜਾਵੇ।

[ਸ਼੍ਰੀ ਪ੍ਰੇਮ ਗੁਪਤਾ]

ਪ੍ਰਿੰਸੀਪਲ ਰਲਾ ਰਾਮ ਜੀ ਦੀ ਮ੍ਰਿਤੂ ਬਾਰੇ ਮੇਰੇ ਹੋਰ ਸਾਥੀਆਂ ਨੇ ਵੀ ਕਿਹਾ ਹੈ ਕਿ ਇਹ ਇਕ ਬੜੀ ਦੁਖਦਾਈ ਘਟਨਾ ਹੈ । ਉਹ ਇਕ ਚੰਗੇ ਸੋਸ਼ਲ ਰਿਫਾਰਮਰ, ਚੰਗੇ ਪੋਲੀਟੀਸ਼ਨ ਅਤੇ ਇਕ ਚੰਗੇ ਸਿਟੀਜ਼ਨ ਸਨ । ਜਿਸ ਢੰਗ ਨਾਲ ਉਨ੍ਹਾਂ ਦਾ ਕਤਲ ਕੀਤਾ ਗਿਆ, ਇਸ ਗਲ ਲਈ ਮੈਂ ਸਮਝਦਾ ਹਾਂ ਕਿ ਇਸ ਬਾਰੇ ਸਾਡੇ ਚੀਫ਼ ਮਨਿਸਟਰ ਸਾਹਿਬ ਪਹਿਲੇ ਹੀ ਇਨਕੁਆਇਰੀ ਕਰਵਾ ਰਹੇ ਹੋਣਗੇ ਅਤੇ ਜਿਸ ਨੇ ਇਹ ਕਤਲ ਕੀਤਾ ਹੈ ਉਸ ਨੂੰ ਵੱਧ ਤੋਂ ਵੱਧ ਸਜ਼ਾ ਮਿਲਣੀ ਚਾਹੀਦੀ ਹੈ । ਸਾਨੂੰ ਪਬਲਿਕ ਲਾਈਫ ਅਤੇ ਸੋਸ਼ਲ ਲਾਈਫ ਵਿਚੋਂ ਅਜਿਹੀਆਂ ਬੁਰਾਈਆਂ ਨੂੰ ਕੱਢਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਰਧਾਂਜਲੀ ਪੇਸ਼ ਕਰਦਾ ਹਾਂ ।

ਸ਼੍ਰੀ ਸਪੀਕਰ : ਸਤਿਕਾਰਯੋਗ ਪ੍ਰਿੰਸੀਪਲ ਰਲਾ ਰਾਮ ਤੇ ਸ਼੍ਰੀ ਵਰਿੰਦਰ ਜੀ ਦੇ ਧਰਮ ਪਿਤਾ ਦੀਵਾਨ ਨਿਰੰਜਨ ਪ੍ਰਸ਼ਾਦ ਦੇ ਅਕਾਲ ਚਲਾਣੇ ਦੇ ਦੁਖ ਭਰੇ ਅਵਸਰ ਤੇ ਜਿਹੜਾ ਸ਼ੋਕ ਪ੍ਰਸਤਾਵ ਹਾਊਸ ਦੇ ਲੀਡਰ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਪੰਜਾਬ ਅਸੈਂਬਲੀ ਵਿਚ ਰਖਿਆ ਹੈ ਤੇ ਜਿਸ ਦੀ ਪ੍ਰੋੜਤਾ ਲੀਡਰ ਆਫ਼ **ਦੀ** ਆਪੋਜ਼ੀਸ਼ਨ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਮਾਨਯੋਗ ਮੈਂਬਰਾਂ ਵਲੋਂ ਭਰਪੂਰ ਸ਼ਰਧਾਂਜਲੀ ਦੇ ਦਰਦ ਭਰੇ ਸ਼ਬਦਾਂ ਨਾਲ ਹੋਈ ਹੈ, ਮੈਂ ਵੀ ਇਸ ਸਦਨ ਦੇ ਜਜ਼ਬਾਤ ਨਾਲ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ ।

5 ਜਨਵਰੀ, 1900 ਨੂੰ ਜਨਮ ਲੈਣ ਵਾਲੇ ਪ੍ਰਿੰਸੀਪਲ ਰਲਾ ਰਾਮ ਇਨਸਾਨ ਨਹੀਂ ਦੇਵਤਾ ਸਨ। ਉਹ ਕਦੀ ਦੁਸ਼ਮਣ ਦਾ ਬੁਰਾ ਕਰਨ ਵਾਸਤੇ ਸੋਚ ਵੀ ਨਹੀਂ ਸਕਦੇ ਸਨ । ਵਿਚਾਰਾਂ ਦੇ ਆਦਰਸ਼ ਆਰੀਆ ਸਮਾਜੀ ਤੇ ਸਿਧਾਂਤਾ ਦੇ ਪੱਕੇ ਕਾਂਗਰਸੀ ਸਨ । ਐਮ. ਏ. ਦੀ ਡਿਗਰੀ ਪ੍ਰਾਪਤ ਕਰਨ ਬਾਅਦ ਉਨ੍ਹਾਂ ਆਪਣਾ ਜੀਵਨ ਆਰੀਆ ਸਮਾਜ ਦੀ ਸੇਵਾ ਕਰਨ ਵਾਸਤੇ ਸਮਰਪਿਤ ਕਰ ਦਿੱਤਾ ਸੀ ਅਫਰੀਕਾ ਵਿਚ ਆਰੀਆ ਸਮਾਜ ਦਾ ਪ੍ਰਚਾਰ ਕਰਨ ਵਾਸਤੇ ਉਨ੍ਹਾਂ ਨੂੰ ਆਰੀਆ ਪ੍ਰਤੀਨਿਧੀ ਸਭਾ ਵਲੋਂ ਚੁਣਿਆ ਗਿਆ ਸੀ । ਅੰਗ੍ਰੇਜ਼ੀ, ਹਿੰਦੀ, ਸੰਸਕ੍ਰਿਤ, ਫਾਰਸੀ ਤੇ ਉਰਦੂ ਭਾਸ਼ਾ ਦੇ ਉਘੇ ਵਿਦਵਾਨ ਸਨ । ਹਰ ਅਵਸਰ ਤੇ ਹਰ ਵਿਸ਼ੇ ਤੇ ਹਰ ਸਮੇਂ ਉਹ ਮੁਦਲਲ ਤੇ ਹਰ ਢੰਗ ਨਾਲ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਪਣੀ ਮਿਸਾਲ ਆਪ ਹੀ ਸਨ । ਆਪਣੀ ਨਿਮਰਤਾ ਤੇ ਮਿਠਾਸ ਨਾਲ ਹਰ ਵਿਅਕਤੀ ਨੂੰ ਆਪਣਾ ਲੈਂਦੇ ਸੀ । ਬਰਾਏਨਾਮ ਤਨਖਾਹ ਲੈਕੇ ਉਨ੍ਹਾਂ ਨੇ ਡੀ.ਏ.ਵੀ. ਕਾਲਜ ਦੇ ਪ੍ਰਿੰਸੀਪਲ ਬਣਕੇ ਕੇਵਲ ਸੇਵਾ ਹੀ ਨਹੀਂ ਕੀਤੀ ਬਲਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਭ ਤੋਂ ਪੁਰਾਣੇ ਤੇ ਪ੍ਰਸਿਧ ਇਸ ਵਿਦਿਆ ਮੰਦਰ ਦੀ ਉਸਾਰੀ, ਤਿਆਰੀ ਤੇ ਇਸਨੂੰ ਵਿਦਿਆ ਦੇ ਪ੍ਰਕਾਸ਼ ਨੂੰ ਦੂਰ ਦੂਰ ਤਕ ਫੈਲਾਉਣ ਦੇ ਯੋਗ ਬਣਾਉਣ ਲਈ ਆਪਣਾ ਤਨ ਮਨ ਧਨ ਅਰਪਿਤ ਕੀਤਾ । ਲੋਕ ਸੇਵਾ ਤੇ ਤਪ ਤਿਆਗ ਦੀ ਮੂਰਤੀ ਹੋਣ ਕਾਰਣ ਮੁਕੇਰੀਆਂ ਹਲਕੇ ਤੋਂ 1952 ਤੋਂ 1967 ਤੱਕ 3 ਵਾਰ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ । ਪੰਜਾਬੀ ਰਿਜਨਲ ਕਮੇਟੀ ਦੇ ਚੇਅਰਮੈਨ ਹੋਣ ਦੇ ਨਾਤੇ ਵੀ ਉਨ੍ਹਾਂ ਸੇਵਾ ਕੀਤੀ । ਪ੍ਰਿੰਸੀਪਲਸ਼ਿਪ ਤੋਂ ਰਿਟਾਇਰ ਹੋਣ ਬਾਅਦ ਉਹ ਸਾਧੂ ਆਸ਼ਰਮ, ਹੁਸ਼ਿਆਰਪਰ ਦੇ ਸੰਸਕ੍ਰਿਤ ਕਾਲਜ ਦੇ ਸਰਵੇ ਸਰਵਾਸੀ, ਪੜ੍ਹਨ ਪੜ੍ਹਾਉਣ ਬੇਗਰਜ਼ ਸੇਵਾ ਸਿਧਾਂਤ ਨੂੰ ਜੀਵਨ ਲਕਸ਼ ਬਣਾਉਣ ਵਾਲੇ ਪ੍ਰਿੰਸੀਪਲ ਪੰਡਤ ਰਲਾ ਰਾਮ ਜੀ ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਕਹਿਣ ਵਾਲੇ ਆਦਰਸ਼ ਵਿਅਕਤੀ ਸਨ । ਉਹ ਨਿਰਪੱਖ, ਇਮਾਨਦਾਰ ਤੇ ਪਾਰਟੀ ਦੇ ਵਫਾਦਾਰ ਸਿਆਸਤਦਾਨ ਸੀ । ਉਹ ਕਦੀ ਵੀ ਆਪਣੀ ਜ਼ਾਤ ਤੇ ਸਿਆਸਤ ਨੂੰ ਅਲਗ ਅਲਗ ਨਹੀਂ ਸੀ ਕਰਦੇ । ਉਹ ਕਹਿੰਦੇ ਸਨ ਕਿ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਨੂੰ ਆਪਣਾ ਜੀਵਨ ਆਪਣਾ ਨਹੀਂ ਜਨਤਾ ਦਾ ਸਮਝਣਾ ਚਾਹੀਦਾ ਹੈ ਅਤੇ ਸਿਰਫ ਉਨ੍ਹਾਂ ਦੀ ਹੀ ਸੇਵਾ ਵਾਸਤੇ ਆਪਣੇ ਆਪ ਨੂੰ ਮਿਸਾਲ ਬਣਾਕੇ ਪੇਸ਼ ਕਰਨਾ ਚਾਹੀਦਾ ਹੈ । ਬੜਾ ਦੁਖ

ਤੇ ਸਦਮਾ ਇਸ ਗਲ ਦਾ ਹੈ ਕਿ ਅਹਿੰਸਾ ਦੀ ਨਿਮਰ ਮੂਰਤੀ ਦੁਸ਼ਟ ਹਿੰਸਕ ਰਾਕਸ਼ਸ ਦੇ ਘੋਰ ਅਤਿ-ਆਚਾਰ ਦਾ ਸ਼ਿਕਾਰ ਹੋਕੇ ਸਾਡੀਆਂ ਹਝੂ ਭਰੀਆਂ ਅਖਾਂ ਤੋਂ ਓਝਲ ਹੋ ਗਏ। ਪ੍ਰਿੰਸੀਪਲ ਵਾਲੇ ਪ੍ਰਿੰਸੀਸਲ ਰਲਾ ਰਾਮ ਜੀ ਦੇ ਆਦਰਸ਼ਾਂ ਤੋਂ ਹਮੇਸ਼ਾਂ ਹੀ ਪ੍ਰਭਾਵਤ ਰਹਿਣਗੇ।

ਤੂ ਨਹੀਂ ਲੇਕਿਨ ਤੇਰੀ ਉਲਫਤ ਅਭੀ ਤਕ ਦਿਲ ਮੇਂ ਹੈ।
ਬੁਝ ਚੁੱਕੀ ਹੈ ਸ਼ਮਾ ਫਿਰ ਭੀ ਰੋਸ਼ਨੀ ਮਹਿਫਲ ਮੇਂ ਹੈ।

ਦੀਵਾਨ ਨਿਰੰਜਨ ਪ੍ਰਸ਼ਾਦ ਖੋਸਲਾ, ਰੋਜ਼ਾਨਾ 'ਪ੍ਰਤਾਪ' ਤੇ 'ਵੀਰ ਪ੍ਰਤਾਪ' ਦੇ ਸੰਚਾਲਕ ਵਰਿੰਦਰ ਜੀ ਦੇ ਧਰਮਪਿਤਾ ਸਨ ਤੇ ਸ੍ਰੀ ਕ੍ਰਿਸ਼ਨ ਜੀਵਨ ਖੋਸਲਾ, ਸਾਬਕ ਮੈਂਬਰ ਪੰਜਾਬ ਬਿਜਲੀ ਬੋਰਡ, ਸ੍ਰੀ ਨਵਜੀਵਨ ਖੋਸਲਾ ਫਾਈਨੈਂਸ਼ਿਅਲ ਕਮਿਸ਼ਨਰ, ਪੰਜਾਬ ਦੇ ਪਿਤਾ ਸਨ ਔਰ ਸਾਬਕ ਮਹਾਰਾਜਾ ਪਟਿਆਲਾ ਦੇ ਵਜ਼ੀਰ ਖਾਰਜਾ ਤੇ ਪਟਿਆਲਾ ਹਾਈ ਕੋਰਟ ਦੇ ਚੀਫ ਜਸਟਿਸ ਰਹੇ। ਆਪ ਦੇਸ਼ ਭਗਤੀ, ਪ੍ਰਸ਼ਾਸ਼ਕ ਯੋਗਤਾ ਤੇ ਜਨਤਾ ਦੀ ਸੇਵਾ ਵਾਸਤੇ ਪ੍ਰਸਿੱਧ ਸਨ। ਆਪ ਮੁਲਾਜ਼ਮਤ ਦੇ ਬਾਵਜੂਦ ਕੌਮੀ ਤਹਿਰੀਕਾਂ ਵਿਚ ਪੂਰਾ ਪੂਰਾ ਹਿੱਸਾ ਲੈਂਦੇ ਸਨ ਅਤੇ ਖਦਰ ਪਹਿਨਦੇ ਸਨ। 1919 ਦੇ ਜਲ੍ਹਿਆਂ ਵਾਲੇ ਗੋਲੀ ਕਾਂਡ ਦੀ ਕਾਂਗਰਸ ਵਲੋਂ ਬਣਾਈ ਗਈ ਤਹਿਕੀਕਾਤੀ ਕਮੇਟੀ ਦੇ ਇਸੇ ਕਰਕੇ ਹੀ ਉਹ ਸੈਕਟਰੀ ਚੁਣੇ ਗਏ। ਸਵਰਗੀ ਲਾਲਾ ਹਰਦਿਆਲ ਜੀ, ਬਖਸ਼ੀ ਟਕ ਚੰਦ ਜੀ ਤੇ ਰਾਏ ਬਹਾਦਰ ਬਦਰੀ ਦਾਸ ਜੀ ਉਨ੍ਹਾਂ ਦੇ ਸਾਥੀ ਸਨ। ਉਨ੍ਹਾਂ ਦਾ ਵਿਛੋੜਾ ਵੀ ਬੜਾ ਅਫਸੋਸਨਾਕ ਤੇ ਦੁੱਖ ਭਰਿਆ ਹੈ। ਹਾਊਸ ਵਲੋਂ ਇਹ ਪ੍ਰਸਤਾਵ ਵਿਛੜੇ ਹੋਏ ਮਹਾਂ ਪੁਰਸ਼ਾਂ ਦੇ ਪਰਿਵਾਰਾਂ ਨੂੰ ਸੰਵੇਦਨਾ, ਅਫਸੋਸ ਤੇ ਹਮਦਰਦੀ ਦੇ ਜਜ਼ਬਾਤ ਨਾਲ ਭੇਜ ਦਿੱਤਾ ਜਾਵੇਗਾ। ਮੈਂ ਹੁਣ ਮੈਂਬਰਾਂ ਅੱਗੇ ਬੇਨਤੀ ਕਰਾਂਗਾ ਕਿ ਵਿਛੜੀਆਂ ਰੂਹਾਂ ਲਈ ਖੜ੍ਹੇ ਹੋ ਕੇ 2 ਮਿੰਟ ਦੀ ਖਾਮੋਸ਼ੀ ਧਾਰਨ ਕਰਕੇ ਪ੍ਰਮਾਤਮਾ ਅੱਗੇ ਅਰਦਾਸ ਕਰੀਏ ਕਿ ਉਨ੍ਹਾਂ ਪਵਿਤਰ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਤੇ ਸਾਨੂੰ ਅਤੇ ਉਨ੍ਹਾਂ ਦੇ ਸਬਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਤੇ ਉਨ੍ਹਾਂ ਦੇ ਪੂਰਨਿਆਂ ਤੇ ਚਲਣ ਦੀ ਸ਼ਕਤੀ ਦੇਵੇ।

(ਇਸ ਸਮੇਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ 2 ਮਿੰਟ ਲਈ ਮੌਨ ਧਾਰਨ ਲਈ ਖੜ੍ਹੇ ਹੋਏ)

[I associate myself with the sentiments expressed and tributes paid by the Leader of the House, Chief Minister Giani Zail Singh, the Leader of the Opposition Sardar Parkash Singh Badal and other hon. Members in this august House on the sad demise of Principal Ralla Ram Ji and Dewan Niranjan Prasad Ji, god father of Shri Virendra.

Born on 5th January, 1900, Principal Ralla Ram was a saint and could never think ill of even an enemy. He was an Arya Samajist by his thoughts and was a Congressman in Principle. After getting his degree in M.A. he dedicated his life for the service of Arya Samaj. He was selected by the Arya Pratinidhi Sabha to preach the principles of Arya Samaj in Africa. He was a great scholar of Hindi, Sanskrit, Persian and Urdu languages. He had a unique way of expressing his views in an impressive manner, on any occasion and on any subject. He always won the hearts of others by his polite and sweet behaviour. Accepting only a token sum as salary, he not only served as Principal of the D.A.V. College but also dedicated his life to the service and glorification of this old temple of education at Hoshiarpur. He put his body and soul into rendering it fit instrument for spreading education far and wide. A personification of

[Mr. Speaker]

dedicated service and sacrifice, he was elected to the Punjab Assembly thrice from 1952 to 1967 from the Mukerian Constituency. He also served as Chairman of the Punjabi Regional Committee. After his retirement from the post of Principal, he was the moving spirit behind the Sanskrit College at Sadhu Ashram, Hoshiarpur.

A great teacher and utterly selfless worker, Pandit Ralla Ram was an ideally frank man. He was above factions, and an honest and faithful follower of his party. He never differentiated between his private and public life. He used to say that an elected representative of the people should never consider his life as something private; rather he should set an ideal example in the service of the public. It is matter of profound grief and sorrow that a man who believed in non-violence fell victim to a dastardly act of violence leaving all of us tearful. A man of principle, Principal Ralla Ram ji will always be remembered for his greatness.

"Though you have left for heavenly abode,
yet your love is still in our hearts,
light though gone, yet illuminates our path."

Dewan Niranjan Prashad Khosla was the father-in-law of Shri Virendra, publisher of Daily 'Partap' and 'Vir Partap' and father of Shri Krishan Jiwan Khosla, former member of the Punjab State Electricity Board and Shri Navjivan Khosla, Financial Commissioner, Punjab. He was the Foreign Minister of erstwhile Patiala State and also served as Chief Justice of Patiala High Court. He was a great patriot, an able administrator and was well-known for his services to the cause of the people. In spite of the fact that he was in the service of the Maharaja he used to take active part in the national movements and also used to wear Khaddar. For the same reason he was elected Secretary of the Enquiry Committee set up by the Congress to probe the Jallianwala Bagh incident. He was a companion of late Lala Hardyal Ji, Bakshi Tek Chand Ji and Rai Bahadur Badri Dass Ji. His death has left us grief-stricken. Copies of the resolution, expressing grief heart felt condolences and sympathy passed by this august House will be sent to the bereaved families. I would now request the hon. Members to rise in their seats and observe silence for two minutes as a mark of respect to them and pray to God that He may give peace to the departed souls and strength to the members of the bereaved families and the Members of this House to bear the irreparable loss.)

[The House then stood in silence for two minutes as a mark of respect to the memory of the deceased.]

SHORT ADJOURNMENT OF THE HOUSE

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰੀ ਇਹ ਗੁਜ਼ਾਰਿਸ਼ ਹੈ ਕਿ ਇਨ੍ਹਾਂ ਸਾਰਿਆਂ ਦੀ ਯਾਦ ਵਿਚ ਹਾਊਸ 15 ਮਿੰਟ ਲਈ ਐਡਜਰਨ ਕਰ ਦਿੱਤਾ ਜਾਵੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਪ੍ਰਪੋਜ਼ਲ ਮੰਨ ਲੈਣੀ ਚਾਹੀਦੀ ਹੈ, ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹਾਊਸ 15 ਮਿੰਟ ਲਈ ਐਡਜਰਨ ਕਰ ਦਿੱਤਾ ਜਾਵੇ ।

ਸ੍ਰੀ ਸਪੀਕਰ : ਜਿਸ ਤਰ੍ਹਾਂ ਲੀਡਰ ਆਫ ਦੀ ਹਾਊਸ ਨੇ ਕਿਹਾ ਹੈ ਉਨ੍ਹਾਂ ਦੀ ਯਾਦ ਵਿਚ ਹਾਊਸ 15 ਮਿੰਟ ਲਈ ਐਡਜਰਨ ਕੀਤਾ ਜਾਂਦਾ ਹੈ । (The House is adjourned for 15 minutes in memory of the deceased as suggested by the Leader of the House.)

(The House adjourned at 10.30 a. m. and re-assembled at 10.45 a. m.)

ਸਰਦਾਰ ਬਸੰਤ ਸਿੰਘ ਖਾਲਸਾ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਬੜਾ ਸੀਰੀਅਸ ਹੈ (ਹਾਸਾ)

ਸ੍ਰੀ ਸਪੀਕਰ : ਤੁਸੀਂ ਆਪ ਸੀਰੀਅਸ ਨਾ ਹੋ ਜਾਣਾ । (But you should not become serious).

ਸਰਦਾਰ ਬਸੰਤ ਸਿੰਘ ਖਾਲਸਾ : * * * (ਵਿਘਨ)

ਸ੍ਰੀ ਸਪੀਕਰ : ਇਸ ਦੇ ਬਾਰੇ ਕਾਫ਼ੀ ਸਪਲੀਮੈਂਟਰੀ ਹੋ ਚੁੱਕੇ ਹਨ । ਹੁਣ ਇਹ ਮਸਲਾ ਡਿਸਕਸ ਨਹੀਂ ਕੀਤਾ ਜਾ ਸਕਦਾ । ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । ਤੁਸੀਂ ਬੈਠ ਜਾਓ । (Quite a number of supplementary questions have already been asked in this regard. Now this matter cannot be discussed further. It is no point of order. Please resume your seat.)

ਸਰਦਾਰ ਬਸੰਤ ਸਿੰਘ ਖਾਲਸਾ : * * * *

ਸ੍ਰੀ ਸਪੀਕਰ: ਜੋ ਕੁਝ ਇਹ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ (Whatever the hon. Member is saying without the permission of the Chair should not be recorded.)

ਮਾਸਟਰ ਚੰਦ ਸਿੰਘ: * * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ਤੁਸੀਂ ਇਸ ਮਸਲੇ ਤੇ ਐਜੂਕੇਸ਼ਨ ਦੀ ਡਿਮਾਂਡ ਸਮੇਂ ਬੋਲ ਲੈਣਾ । (It is no point of order. You may refer to this point while speaking on demand for Education.)

---

*Expunged/Not recorded as ordered by the Chair.

ਮਾਸਟਰ ਚੰਦ ਸਿੰਘ : ਉਥੇ ਪ੍ਰਿੰਸੀਪਲ ਨੇ ਗਬਨ ਕੀਤਾ ਹੈ (ਵਿਘਨ) ਉਸ ਨੂੰ ਨੱਥ ਪਾਉਣੀ ਚਾਹੀਦੀ ਹੈ ।

ਸਰਦਾਰ ਸੁਖਦੇਵ ਸਿੰਘ ਢਿਲੋਂ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਨੰਬਰ 80 ਦਿਤੀ ਸੀ (ਵਿਘਨ) ਸਪੀਕਰ ਸਾਹਿਬ ਇਹ ਬੜਾ ਇੰਪਾਰਟੈਂਟ ਮੈਟਰ ਹੈ ...... ।

ਸ਼੍ਰੀ ਸਪੀਕਰ : ਕਾਲ ਅਟੈਨਸ਼ਨ ਦੇ ਰਾਹੀਂ ਉਹ ਮੈਟਰ ਹਾਊਸ ਵਿਚ ਆ ਸਕਦਾ ਹੈ, ਜਿਹੜਾ ਬੜਾ ਇੰਪਾਰਟੈਂਟ ਹੋਵੇ ਔਰ ਉਸ ਬਾਰੇ ਕੋਈ ਕੁਅਸ਼ਚਨ ਐਡਮਿਟ ਨਾ ਹੋਇਆ ਹੋਵੇ । ਤੁਸੀਂ ਇਸ ਬਾਰੇ ਮੇਰੇ ਚੈਂਬਰ ਵਿਚ ਆਕੇ ਗਲ ਕਰ ਲੈਣਾ । (Only that matter can be admitted as Call Attention Motion which is of very important nature and no question has till then been admitted regarding which. The hon. Member may discuss this matter with me in my Chamber.)

ਸਰਦਾਰ ਸੁਖਦੇਵ ਸਿੰਘ ਢਿਲੋਂ: * * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ, ਤੁਸੀਂ ਬੈਠ ਜਾਓ । (This is no Point of order. Please resume your seat.)

ਸ਼੍ਰੀ ਸਰਦਾਰੀ ਲਾਲ ਕਪੂਰ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਪਹਿਲਾਂ ਵੀ ਇਹ ਗਲ ਆਈ ਸੀ ਕਿ ਜਿਸ ਜ਼ਬਾਨ ਵਿਚ ਲਿਖ ਕੇ ਦਿਤਾ ਜਾਵੇ ਉਸ ਵਿਚ ਹੀ ਜਵਾਬ ਆਉਣਾ ਚਾਹੀਦਾ ਹੈ । ਜਿਥੇ ਹਿੰਦੀ ਔਰ ਪੰਜਾਬੀ ਵਿਚ ਜਵਾਬ ਆਉਂਦਾ ਹੈ, ਉਥੇ ਅੰਗਰੇਜ਼ੀ ਵਿਚ ਵੀ ਜਵਾਬ ਆਉਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਠੀਕ ਹੈ ਜੀ, ਇਸ ਤੇ ਵਿਚਾਰ ਕਰ ਲਵਾਂਗੇ । (All right, we will consider it.)

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਪਹਿਲਾਂ ਵੀ ਇਸ ਬਾਰੇ ਗਲ ਹੋਈ ਸੀ ਹਿੰਦੀ ਔਰ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਵਿਚ ਵੀ ਜਵਾਬ ਆਉਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਠੀਕ ਹੈ, ਹਾਊਸ ਦੀਆਂ ਤਿੰਨ ਲੈਂਗੁਏਜ਼ ਹਨ, ਹਿੰਦੀ, ਪੰਜਾਬੀ ਅਤੇ ਇੰਗਲਿਸ਼ ਤੁਹਾਨੂੰ ਅੰਗਰੇਜ਼ੀ ਵਿਚ ਵੀ ਜਵਾਬ ਦੇ ਦਿਆਂਗੇ । (That is right. Under the rules three languages, namely, Hindi, Punjabi and English have been prescribed for conducting the business in the House. The hon. Member will also be provided material in the English language.)

ਸ਼੍ਰੀ ਸਰਦਾਰੀ ਲਾਲ ਕਪੂਰ : ਮੇਰਾ ਦੂਸਰਾ ਪੁਆਇੰਟ ਆਫ ਆਰਡਰ ਇਹ ਹੈ, ਸਪੀਕਰ ਸਾਹਿਬ ਕਿ ਕਾਲ-ਅਟੈਨਸ਼ਨ ਮੋਸ਼ਨਜ਼ ਨੰ: 4 ਔਰ 5 ਪਹਿਲੇ ਦਿਨ ਐਡਮਿਟ ਹੋਈਆਂ ਸਨ ਪਰ ਅਜੇ ਤਕ ਉਨ੍ਹਾਂ ਦਾ ਰਿਪਲਾਈ ਨਹੀਂ ਆਇਆ ।

ਸ਼੍ਰੀ ਸਪੀਕਰ : ਮੈਂ ਗੌਰਮਿੰਟ ਨੂੰ ਕਹਾਂਗਾ ਕਿ ਉਹ ਛੇਤੀ ਜਵਾਬ ਦੇ ਦੇਵੇ । (I would request the Government to expedite the replies.)

*Expunged as ordered by the Chair.

CALL-ATTENTION NOTICE UNDER RULE 66

(*Serial No. 85*)

Comrade Satya Pal Dang: Sir, I beg to draw the attention of the Government towards a matter of urgent public importance, namely Comrade Gurdas Ram Chela, a prominent and responsible worker of the C.P.I. in Jullundur district is alleged to have been beaten to death by the police officials of Nawan Shehar. No action has been taken against the police officials who are alleged to have committed the crime.

There is acute discontentment amongst the people of the entire area and hartals and demonstrations are taking place.

In view of the obvious and urgent importance of the matter the Government may please be asked to make a statement in the House.

Mr. Speaker: Admitted. The Minister concerned may please make a statement.

QUESTIONS ARISING OUT OF REPLIES TO CALL-ATTENTION NOTICES

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਮੈਂ ਕਾਲ-ਅਟੈਨਸ਼ਨ ਮੋਸ਼ਨ ਦੇ ਰਿਪਲਾਈ ਤੇ ਸਪਲੀਮੈਂਟਰੀ ਕਰਨੀ ਹੈ ।

ਸ੍ਰੀ ਸਪੀਕਰ : ਨੰਬਰ ਕੀ ਹੈ ? (What is the number of that Call-Attention Motion ?)

ਕਾਮਰੇਡ ਸੱਤ ਪਾਲ ਡਾਂਗ : 10 ਨੰਬਰ ਹੈ ਜੀ ।

ਸ੍ਰੀ ਸਪੀਕਰ : ਕਨਸਰਨਡ ਮਨਿਸਟਰ ਕਿਹੜਾ ਹੈ । (Who is the Minister concerned ?)

ਕਾਮਰੇਡ ਸੱਤ ਪਾਲ ਡਾਂਗ : ਇਹ 10 ਨੰਬਰ ਹੈ, ਸ੍ਰੀ ਗੁਰਮੇਲ ਸਿੰਘ (ਹਾਸਾ) ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਧਿਆਨ ਦਿਵਾਉ ਮਤੇ ਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਈਵਨਿੰਗ ਕਾਲਜ ਵਿਚ ਜੋ ਸਟੂਡੈਂਟਸ ਪੂਰੇ ਸਮੇਂ ਲਈ ਕੰਮ ਕਰਦੇ ਹਨ ਉਨ੍ਹਾਂ ਦੇ ਵਜ਼ੀਫੇ ਸੈਂਟਰ ਸਰਕਾਰ ਦੇ ਹੁਕਮ ਨਾਲ ਬੰਦ ਕਰ ਦਿਤੇ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਇਸ ਗਲ ਦੀ ਰੋਸ਼ਨੀ ਵਿਚ ਕਿ ਕਰਮਚਾਰੀਆਂ ਨੂੰ ਜਿਹੜੀ ਤਨਖਾਹ ਮਿਲਦੀ ਹੈ, ਉਹ ਲੋੜ ਅਨੁਸਾਰ ਬਹੁਤ ਘਟ ਹੈ ਅਤੇ ਮਹਿੰਗਾਈ ਬਹੁਤ ਹੈ । ਸ਼ਡਿਊਲਡ ਕਾਸਟ ਅਤੇ ਪੱਛੜੀਆਂ ਸ਼੍ਰੇਣੀਆਂ ਅਤੇ ਗਰੀਬ ਸ਼੍ਰੇਣੀਆਂ ਨੂੰ ਜਿਹੜੇ ਵਜ਼ੀਫੇ ਬੰਦ ਕਰ ਦਿਤੇ ਗਏ ਹਨ ਕੀ ਉਹ ਫਿਰ ਚਾਲੂ ਕਰਨਗੇ; ਭਾਵੇਂ ਉਹ ਸੈਂਟਰ ਦੀ ਸਰਕਾਰ ਨੂੰ ਮਨਾ ਲੈਣ ਜਾਂ ਜਿਹੜਾ ਪੈਸਾ ਪਹਿਲਾਂ ਸੈਂਟਰ ਦੀ ਸਰਕਾਰ ਦੇਂਦੀ ਸੀ ਹੁਣ ਉਹ ਸਰਕਾਰ ਆਪਣੇ ਪਾਸੋਂ ਦੇਵੇ?

ਵਿਦਿਆ ਮੰਤਰੀ : ਸਪੀਕਰ ਸਾਹਿਬ, ਇਥੇ ਕਾਲ ਅਟੈਨਸ਼ਨ ਮੋਸ਼ਨ ਦਾ ਨੰਬਰ ਦਸਣ ਲਗਿਆਂ ਡਾਂਗ ਸਾਹਿਬ ਨੇ ਮੇਰੇ ਵਲ ਕੁਝ ਇਸ਼ਾਰਾ ਜਿਹਾ ਕੀਤਾ ਹੈ ......

ਸ਼੍ਰੀ ਸਪੀਕਰ : ਉਨ੍ਹਾਂ ਨੇ ਕਾਲ ਅਟੈਨਸ਼ਨ ਮੋਸ਼ਨ ਦਾ ਨੰਬਰ ਦਸਿਆ ਹੈ ਤੁਹਾਨੂੰ ਕੁਝ ਨਹੀਂ ਕਿਹਾ (ਹਾਸਾ) (He has only mentioned the number of Call Attention Motion. He has not said anything to you.) (*Laughter*)

ਵਿਦਿਆ ਮੰਤਰੀ : ਬਸ ਜੀ, ਮੈਂ ਵੀ ਇਹੋ ਕਲੈਰੀਫ਼ਿਕੇਸ਼ਨ ਚਾਹੁੰਦਾ ਸੀ ।

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਇਹ ਕਾਲ ਅਟੈਨਸ਼ਨ ਮੋਸ਼ਨ ਨੰਬਰ 33 ਹੈ 10 ਨਹੀਂ ।

ਸ਼੍ਰੀ ਸਪੀਕਰ : ਡਾਂਗ ਸਾਹਿਬ, ਤੁਸੀਂ ਗਲਤ ਨੰਬਰ ਦਸਿਆ ਹੈ । (Dang Sahib, you have mentioned wrong number of your Call Attention Motion.)

ਕਾਮਰੇਡ ਸੱਤ ਪਾਲ ਡਾਂਗ : ਹਾਂ ਜੀ ਗਲਤ ਨੰਬਰ ਦਸਿਆ ਗਿਆ ਹੈ ਇਹ ਨੰਬਰ 33 ਹੀ ਹੈ ।

ਵਿਦਿਆ ਮੰਤਰੀ : ਸਪੀਕਰ ਸਾਹਿਬ, ਜੋ ਕੁਝ ਡਾਂਗ ਸਾਹਿਬ ਨੇ ਕਿਹਾ ਹੈ ਮੈਂ ਉਸ ਦਾ ਬੁਰਾ ਨਹੀਂ ਮਨਾਇਆ, ਕਿਉਂਕਿ ਇਨ੍ਹਾਂ ਦੀ ਆਦਤ ਹੀ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਦੀ ਹੈ । ਜੇ ਕੋਈ ਹੋਰ ਇਹ ਗੱਲ ਕਹਿੰਦਾ ਤਾਂ ਮੈਂ ਜ਼ਰੂਰ ਮਹਿਸੂਸ ਕਰਦਾ । (ਵਿਘਨ) ਇਹ ਆਪ ਹੀ ਨੰਬਰ 10 ਹਨ । (ਹਾਸਾ) ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜੋ ਕਿਹਾ ਹੈ ਉਸ ਬਾਰੇ ਮੈਂ ਅਰਜ਼ ਕਰਾਂ ਕਿ ਈਵਨਿੰਗ ਕਾਲਜ ਵਿਚ ਪੜ੍ਹਨ ਵਾਲੇ ਸਟੂਡੈਂਟਸ ਦਾ ਇਕ ਡੈਪੂਟੇਸ਼ਨ ਮਾਸਟਰ ਗੁਰਬੰਤਾ ਸਿੰਘ ਜੀ ਨੂੰ ਮਿਲਿਆ, ਫਿਰ ਮੈਨੂੰ ਵੀ ਮਿਲਿਆ ਹੁਣ ਉਹ ਸੀ. ਐਮ. ਸਾਹਿਬ ਨੂੰ ਮਿਲੇਗਾ । ਸਰਦਾਰ ਗੁਰਮੇਜ ਸਿੰਘ ਜੀ, ਚੌਧਰੀ ਜਗਤ ਰਾਮ ਜੀ ਅਤੇ ਸਰਦਾਰ ਹਰਚੰਦ ਸਿੰਘ ਜੀ ਨੇ ਵਿਚ ਪੈ ਕੇ ਸੀ.ਐਮ. ਸਾਹਿਬ ਕੋਲੋਂ ਟਾਈਮ ਦਿਵਾਇਆ ਹੈ । ਇਹ ਸਟਾਈਪੰਡ ਜਿਹੜਾ ਈਵਨਿੰਗ ਕਾਲਜ ਦੇ ਸਟੂਡੈਂਟਸ ਨੂੰ ਮਿਲਦਾ ਸੀ, ਇਹ ਸੈਂਟਰ ਦੀ ਸਰਕਾਰ ਦੇਂਦੀ ਸੀ ਜਿਹੜਾ ਉਸ ਨੇ ਇਸ ਸਾਲ ਤੋਂ ਦੇਣਾ ਬੰਦ ਕਰ ਦਿਤਾ ਹੋਇਆ ਹੈ । ਮੈਂ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਇਸ ਸਾਰੇ ਮਾਮਲੇ ਤੇ ਸਰਕਾਰ ਸੰਜੀਦਗੀ ਅਤੇ ਹਮਦਰਦੀ ਨਾਲ ਵਿਚਾਰ ਕਰ ਰਹੀ ਹੈ ।

ਸਰਦਾਰ ਦਰਬਾਰਾ ਸਿੰਘ : * * * * (ਵਿਘਨ)

ਸ਼੍ਰੀ ਸਪੀਕਰ: ਸਰਦਾਰ ਜੀ, ਤੁਸੀਂ ਤਾਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਪੁਆਇੰਟ ਆਫ਼ ਆਰਡਰ ਕੀ ਹੁੰਦਾ ਹੈ । ਇਹ ਪੁਆਇੰਟ ਆਫ਼ ਆਰਡਰ ਕਿਸ ਤਰ੍ਹਾਂ ਹੈ? (Sardar ji, you are well aware of what a point of order is. How does it constitute a point of order ?)

ਸਰਦਾਰ ਦਰਬਾਰਾ ਸਿੰਘ : * * * * * (ਵਿਘਨ)

ਸ਼੍ਰੀ ਸਪੀਕਰ : ਮੈਂ ਸੁਣ ਲਿਆ ਹੈ, ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ, ਤੁਸੀ ਬੈਠ ਜਾਓ ।(I have listened to it. It is no point of order. Please resume your seat.)

*Expunged as ordered by the Chair.

Sardar Darbara Singh : Let me intervene in the matter, Sir.

Mr. Speaker : You cannot intervene as you are not a Minister.

Sardar Darbara Singh : Sir, let me have my say. *(Interruption)*

Mr. Speaker : Please resume your seat. You cannot put more supplementary questions.

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਆਨ ਏ ਪੁਆਇੰਟ ਆਫ਼ ਆਰਡਰ, ਸਰ । (ਵਿਘਨ)

Sardar Darbara Singh : I am already on a point of order.

ਸ੍ਰੀ ਸਪੀਕਰ : ਦੱਸੋ ਕੀ ਪੁਆਇੰਟ ਆਫ਼ ਆਰਡਰ ਹੈ ? (What is your point of order ?)

ਸਰਦਾਰ ਦਰਬਾਰਾ ਸਿੰਘ : * * * * (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਸਰਦਾਰ ਧੰਨਾ ਸਿੰਘ ਗੁਲਸ਼ਨ : ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 64 ਸੀ। ਉਹ ਇਸ ਵਿਸ਼ੇ ਤੇ ਸੀ ਕਿ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ, ਹਰੀਜਨਾਂ ਨੂੰ ..(ਵਿਘਨ)

ਸ੍ਰੀ ਸਪੀਕਰ : ਇਹ ਰਿਜੈਕਟ ਹੋ ਚੁੱਕੀ ਹੈ । ਇਹ ਤੁਸੀਂ ਪੜ੍ਹ ਨਹੀਂ ਸਕਦੇ । (It has been rejected. You cannot read it.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਹ ਕਾਲ ਅਟੈਨਸ਼ਨ ਮੋਸ਼ਨ ਨੰ: 3 ਹੈ ।(ਵਿਘਨ)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਆਨ ਏ ਪੁਆਇੰਟ ਆਫ਼ ਆਰਡਰ, ਸਰ । (ਵਿਘਨ) ਸਵਾਲ ਤੋਂ ਪਹਿਲਾਂ ਰਿਕੁਐਸਟ ਕਰ ਲੈਣ ਦਿਉ । ਸੀ. ਐਮ. ਸਾਹਿਬ ਬੈਠੇ ਹਨ । ਅਸੀਂ ਤੁਹਾਡੀ ਮਾਰਫਤ ਸੀ. ਐਮ. ਸਾਹਿਬ ਨੂੰ ਰਿਕੁਐਸਟ ਕਰਾਂਗੇ ਕਿ ...(ਵਿਘਨ) ਇਸ ਇਸ਼ੂ ਤੇ ਕਿਰਪਾ ਕਰਕੇ ਉਹ ਸਟੇਟਮੈਂਟ ਦੇਣ ।

ਵਿਦਿਆ ਮੰਤਰੀ : ਜੋਸ਼ ਜੀ ਇੱਕ ਸਪਲੀਮੈਂਟਰੀ ਕਰ ਲਉ । ਦੋ ਤਾਂ ਅਲਾਊਡ ਨਹੀਂ ਹਨ ।

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ: 3 ਤੇ ਸਵਾਲ ਕਰੋ । (Put your question regarding Call Attention Motion No. 3)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੇਰਾ ਸਵਾਲ ਇਹ ਹੈ ਕਿ ਮੇਰੀ ਇਹ ਜਾਣਕਾਰੀ ਹੈ ਕਿ ਮਾਰਕਫੈਡ ਵਡੀਆਂ ਵਡੀਆਂ ਮੰਡੀਆਂ ਵਿਚ ਕਪਾਹ ਦੀ ਖਰੀਦ ਕਰ ਰਹੀ ਹੈ । ਮੈਂ ਮਨਿਸਟਰ ਸਾਹਿਬ, ਤੋਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਕੀ ਉਹ ਮਾਰਕਫੈਡ ਨੂੰ ਹੁਕਮ ਕਰਨਗੇ ਕਿ ਜਿਹੜੀਆਂ ਛੋਟੀਆਂ ਛੋਟੀਆਂ ਮੰਡੀਆਂ ਵਿਚ ਕਪਾਹ ਪਈ ਹੈ ਮਾਰਕਫੈਡ ਉਥੇ ਵੀ ਕਪਾਹ ਦੀ ਖਰੀਦ ਕਰਨ ਲਈ ਦਾਖਲ ਹੋ ਜਾਏ ?

** Expunged as ordered by the Chair.

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਪਹਿਲਾਂ ਮਾਰਕਫੈਡ ਮੰਡੀਆਂ ਵਿਚ ਦਾਖਲ ਹੋਈ ਹੈ । ਪੰਜ ਸੱਤ ਮੰਡੀਆਂ ਦੇ ਮੁਤਅੱਲਕ ਕਿਹਾ ਸੀ ਕਿ ਉਹ ਉਥੋਂ ਕਪਾਹ ਦੀ ਖਰੀਦ ਕਰੇ ਲੇਕਿਨ ਹੁਣ ਵਿਚਾਰ ਕੀਤਾ ਹੈ ਕਿ ਜਿਹੜੀਆਂ ਛੋਟੀਆਂ ਮੰਡੀਆਂ ਵਿਚ ਕਪਾਹ ਜ਼ਿਆਦਾ ਆਉਂਦੀ ਹੈ ਜਾਂ ਜਿਥੋਂ ਇਸ ਤਰ੍ਹਾਂ ਦੀ ਮੰਗ ਆਉਂਦੀ ਹੈ ਅਸੀਂ ਉਥੇ ਵੀ ਮਾਰਕਫੈਡ ਨੂੰ ਕਹੀਏ ਕਿ ਕਪਾਹ ਜਾਕੇ ਖਰੀਦੋ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਕਾਲ ਅਟੈਨਸ਼ਨ ਮੋਸ਼ਨ ਨੰ: 39 ਦਾ ਜਵਾਬ ਨਹੀਂ ਦਿੱਤਾ । (ਵਿਘਨ)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 12 ਬਾਰੇ ਸਵਾਲ ਪੁੱਛਣਾ ਚਾਹੁੰਦਾ ਹਾਂ । ਮੇਰੇ ਬਾਰਡਰ ਦੇ ਛੇ ਪਿੰਡਾਂ ਦੀਆਂ ਟੇਲਾਂ ਬੰਦ ਪਈਆਂ ਹਨ । ਉਥੇ ਇੱਕ ਮਹੀਨੇ ਤੋਂ ਪਾਣੀ ਨਹੀਂ ਗਿਆ ਹੈ । ਆਬਿਆਨਾ ਜੋ ਦਿੱਤਾ ਗਿਆ ਹੈ ਉਸ ਹਿਸਾਬ ਨਾਲ ਇੱਕ ਹਿੱਸਾ ਵੀ ਪਾਣੀ ਨਹੀਂ ਗਿਆ (ਵਿਘਨ) ਸਾਉਣੀ ਦੀ ਫਸਲ ਤੇ ਪਾਣੀ ਨਹੀਂ ਪਹੁੰਚਿਆ, ਹਾੜ੍ਹੀ ਵਾਸਤੇ ਪਾਣੀ ਲੈਣਾ ਚਾਹੁੰਦੇ ਹਾਂ । ਪਾਣੀ ਟੇਲਾਂ ਤੇ ਅਪੜਦਾ ਨਹੀਂ ਹੈ । ਕੀ ਉਥੇ ਪਾਣੀ ਪਹੁੰਚਾਉਣ ਵਾਸਤੇ ਇਹ ਕੋਈ ਭਰੋਸਾ ਦਿਵਾਉਣਗੇ ?

ਸਿੰਜਾਈ ਤੇ ਬਿਜਲੀ ਦੇ ਰਾਜ ਮੰਤਰੀ : ਇਹ ਚਾਰ ਟੇਲਾਂ ਤੇ ਪਾਣੀ ਦੀ ਕਮੀ ਹੈ, ਜਿਵੇਂ ਕਿ ਕਾਲੀਆ, ਜੈਮਲ ਸਿੰਘ, ਤਾਰਾ ਸਿੰਘ ਆਦਿ । ਉਨ੍ਹਾਂ ਨੇ ਤਾਂ ਆਪ ਪਾਣੀ ਲੈਣਾ ਬੰਦ ਕੀਤਾ ਹੈ । (ਵਿਘਨ) ਜੇ ਉਹ ਪਾਣੀ ਲੈਣਾ ਚਾਹੁੰਦੇ ਹਨ ਤਾਂ ਅਸੀਂ ਦੇਣ ਨੂੰ ਤਿਆਰ ਹਾਂ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਇਹ ਗਲਤ ਜਵਾਬ ਦਿੱਤਾ ਗਿਆ ਹੈ । (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਕਾਲ ਅਟੈਨਸ਼ਨ ਮੋਸ਼ਨ ਨੰ: 4 ਦਾ ਜਿਹੜਾ ਜਵਾਬ ਦਿੱਤਾ ਹੈ ਉਸ ਬਾਰੇ ਮੈਂ ਸਵਾਲ ਕਰਨਾ ਚਾਹੁੰਦਾ ਹਾਂ । ਸਵਾਲ ਮੇਰਾ, ਸਪੀਕਰ ਸਾਹਿਬ, ਇਹ ਹੈ ਕਿ ਇਨ੍ਹਾਂ ਨੇ ਲਿਖਿਆ ਹੈ ਕਿ ਪੰਜਾਬ ਬਰੀਉਰੀਜ਼ ਲਿਮਿਟਿਡ ਗੌਰਮਿੰਟ ਨਾਲ ਤੁਅੱਲਕ ਨਹੀਂ ਰਖਦੀ । 51% ਹਿੱਸਾ ਪ੍ਰਾਈਵਟ ਨੂੰ ਜਾਂਦਾ ਹੈ ।ਕੰਧਾਂ ਉਤੇ ਇਸ਼ਤਿਹਾਰ ਲਗਾਉਣੇ ਇਹ ਚੰਗਾ ਨਹੀਂ ਹੁੰਦਾ (ਵਿਘਨ) ਮਗਰ ਫੇਰ ਵੀ ਪੰਜਾਬ ਗੌਰਮਿੰਟ ਤਿਆਰ ਹੈ । (ਵਿਘਨ) ਕਿਉਂਕਿ 51% ਹਿੱਸੇ ਪਰਾਈਵੇਟ ਲੋਕਾਂ ਦੇ ਇਸ ਵਿਚ ਹਨ ਇਸ ਲਈ ਇਹਦੇ ਮੁਤਅੱਲਕ ਦਖਲ ਨਹੀਂ ਦਿਤਾ ਜਾ ਸਕਦਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਸ਼ਰਾਬ ਦੀਆਂ ਦੁਕਾਨਾਂ ਤੇ ਲਿਖਿਆ ਜਾ ਸਕਦਾ ਹੈ ਕਿ ਇਹ ਜ਼ਹਿਰ ਹੈ ਨਾ ਪੀਉ ਤਾਂ ਫੇਰ ਇਸ ਦਾ ਜ਼ਿਆਦਾ ਪ੍ਰਾਪੇਗੰਡਾ ਕਰਕੇ ਕੀ ਇਸ ਜ਼ਹਿਰ ਨੂੰ ਜ਼ਿਆਦਾ ਨਹੀਂ ਫੈਲਾਇਆ ਜਾਏਗਾ?

ਮੁੱਖ ਸੰਸਦੀ ਸਕੱਤਰ : ਇਹ ਪਿਛਲੀ ਗੌਰਮਿੰਟ ਨੇ ਬਰੀਉਰੀ ਲਗਾਈ ਸੀ (ਵਿਘਨ) ਇਹ ਸਟੇਟ ਵਿਚ ਲਗਦੀ ਹੀ ਹੁੰਦੀ ਹੈ ।

Mr. Speaker : A Minister to lay on the Table....(*Interruption*)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੇਰੀਆਂ ਦੋ ਕਾਲ ਅਟੈਨਸ਼ਨ ਮੋਸ਼ਨਜ਼ 92 ਅਤੇ 93 ਰਹਿੰਦੀਆਂ ਹਨ ।

ਸ੍ਰੀ ਸਪੀਕਰ : ਕੀ ਇਨ੍ਹਾਂ ਦਾ ਜਵਾਬ ਆ ਗਿਆ ਹੈ ?(Have you received their replies)

ਸਰਦਾਰ ਧੰਨਾ ਸਿੰਘ ਗੁਲਸ਼ਨ : ਜਵਾਬ ਨਹੀਂ ਆਇਆ ਹੈ ਜੀ ।

ਸ੍ਰੀ ਸਪੀਕਰ : ਫੇਰ ਕੋਈ ਸਵਾਲ ਨਹੀਂ ਕਰ ਸਕਦੇ ਹੋ ਜਵਾਬ ਆਉਣ ਤੋਂ ਮਗਰੋਂ ਹੀ ਸਵਾਲ ਕਰ ਸਕਦੇ ਹੋ । (ਵਿਘਨ) (Then you cannot put any question at this stage. You can do so only after the replies are received.) (*Interruption*)

(ਇਸ ਸਮੇਂ ਲਾਈਟ ਬੰਦ ਹੋ ਗਈ ਅਤੇ ਕੁਝ ਚਿਰ ਬਾਅਦ ਦੁਬਾਰਾ ਲਾਈਟ ਆ ਗਈ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

(ਇਸ ਸਮੇਂ ਲਾਈਟ ਚਲੀ ਗਈ ਅਤੇ ਕੁਝ ਚਿਰ ਬਾਅਦ ਫੇਰ ਆ ਗਈ)

STATEMENTS IN REPLY TO CALL-ATTENTION NOTICES LAID ON THE TABLE OF THE HOUSE

Chief Parliamentary Secretary (Sardar Gurcharan Singh Nihal Singh Wala) : Sir, I beg to lay on the Table of the House replies to Call Attention Notices Nos. 4, 31, 41, 49, 53, 58 and 60.

(Serial No. 4)

Shri Sardari Lal Kapur : To draw the attention of the Government towards a matter of urgent public importance, namely, that in the year 1974 the Punjab Breweries Ltd., painted large advertisements throughout the State on the walls of big buildings in cities and towns, depicting therein a "new river of Punjab" comprising of liquor coming out of a Matka; thus giving encouragement to the people of this State to drink more liquor because of the flood of beer being manufactured by the Punjab Breweries Ltd. As a result of my protest, the painting was changed a bit but the Matka and liquor flowing from it is still there in the modified painting. Such painting/advertisement spoil the impressionable minds of the younger generation thereby leading them to resort to drinking.

This is, therefore, a fit matter on which the Minister for Excise should make a statement on the floor of the House, as to what the Government proposes to do in the matter of stopping the issue of such like posters.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਸਰਕਾਰ ਦੇ ਨੋਟਿਸ ਵਿਚ ਪੰਜਾਬ ਬ੍ਰੀਉਰੀਜ਼ ਲਿਮਿਟਿਡ ਵਲੋਂ ਲਗਾਈਆਂ ਵਾਲ ਪੇਂਟਿੰਗਜ਼ ਲਿਆਂਦੀਆਂ ਗਈਆਂ ਸਨ ਇਹ ਮਸਲਾ ਪੰਜਾਬ ਇੰਨਟਾਕਸੀਕੈਂਟਸ ਲਾਈਸੈਂਸ ਐਂਡ ਸੇਲ ਆਰਡਰ, 1956 ਮੁਤਾਬਕ ਪਰਖਿਆ ਗਿਆ ਤੇ ਇਹ ਮਹਿਸੂਸ ਕੀਤਾ ਗਿਆ ਕਿ ਭਾਵੇਂ ਸ਼ਰਾਬ ਅਤੇ ਬੀਅਰ ਦੇ ਇਸ਼ਤਿਹਾਰਾਂ ਉੱਤੇ ਮੁਕੰਮਲ ਮਨਾਹੀ ਨਹੀਂ ਲਗਾਈ ਗਈ, ਫਿਰ ਵੀ ਪੰਜਾਬ ਬ੍ਰੀਉਰੀਜ਼ ਲਿਮਿਟਿਡ ਨੂੰ ਇਸ ਕੰਮ ਲਈ ਪੂਰੀ ਸੁਤੰਤਰਤਾ ਨਹੀਂ ਦਿੱਤੀ ਜਾ ਸਕਦੀ ਲਿਹਾਜ਼ਾ ਮੈਨੇਜਿੰਗ ਡਾਇਰੈਕਟਰ, ਪੰਜਾਬ ਬ੍ਰੀਉਰੀਜ਼ ਨੂੰ ਅਕਤੂਬਰ, 1974 ਵਿਚ ਸਲਾਹ ਦਿੱਤੀ ਗਏ ਕਿ ਉਹ ਵਾਲ ਪੇਂਟਿੰਗਜ਼ ਜਿਸ ਵਿਚ ਕਿ "ਨਿਊ ਰਿਵਰ ਆਫ ਪੰਜਾਬ" ਦੇ ਲਫਜ਼ ਇਸਤੇਮਾਲ ਕੀਤੇ ਗਏ ਸਨ, ਨੂੰ ਹਟਾ ਦੇਣ ਅਤੇ ਅਗਰ ਇਸ ਬਾਰੇ ਪਬਲਿਸਿਟੀ ਕਰਨੀ ਹੈ ਤਾਂ ਕਿਸੇ ਸੁਚੱਜੇ ਤਰੀਕੇ ਨਾਲ ਕੀਤੀ ਜਾਵੇ । ਉਨ੍ਹਾਂ ਨੂੰ ਇਹ ਵੀ ਕਿਹਾ ਗਿਆ ਕਿ ਇਕ ਨਵੀਂ ਪੇਂਟਿੰਗ ਬਣਾਉਣ ਤੋਂ

---

*Expunged as ordered by the Chair.

[ਮੁੱਖ ਮੰਤਰੀ]

ਪਹਿਲਾਂ ਪੰਜਾਬ ਐਕਸਾਈਜ਼ ਮੈਨੂਅਲ ਵਾਲਯੂਮ–2 ਦੀਆਂ ਧਾਰਾਵਾਂ ਨੂੰ ਵਿਚਾਰ ਅਧੀਨ ਰੱਖਣ। ਚੁਨਾਂਚਿ ਉਨ੍ਹਾਂ ਨੇ ਪੁਰਾਣੀ ਪੇਂਟਿੰਗ ਹਟਾ ਦਿੱਤੀ ਹੈ ਤੇ ਹੁਣ ਜਿਹੜੀ ਪੇਂਟਿੰਗ ਬਣਾਈ ਗਈ ਹੈ, ਉਸ ਵਿਚ ਕੋਈ ਵੀ ਇਤਰਾਜ਼ ਵਾਲੀ ਗੱਲ ਨਹੀਂ ਜਾਪਦੀ । ਇਸ ਉਦਯੋਗ ਵਿਚ ਸਰਕਾਰ ਤੋਂ ਇਲਾਵਾ ਪ੍ਰਾਈ–ਵੇਟ ਹਿੱਸੇਦਾਰ ਵੀ ਹਨ ਅਤੇ ਇਸ ਨੇ ਵਪਾਰ ਵਿਚ ਇਹੋ ਜਿਹੇ ਹੋਰ ਪ੍ਰਾਈਵੇਟ ਉਦਯੋਗਾਂ ਦਾ ਮੁਕਾ–ਬਲਾ ਕਰਨਾ ਹੈ । ਇਸ ਲਈ ਇਸ ਤੇ ਕੋਈ ਅਜਿਹੀ ਪਾਬੰਦੀ ਲਗਾਉਣੀ ਮੁਨਾਸਬ ਨਹੀਂ ਜੋ ਅਜਿਹੇ ਪ੍ਰਾਈਵੇਟ ਉਦਯੋਗਾਂ ਤੇ ਨਾ ਲੱਗੀ ਹੋਵੇ ।

(Serial No. 31)

Comrade Raj Kumar : to draw the attention of the Government towards a matter of urgent public importance, namely, 70 thousand Government School Teachers of the State are gravely agitated over the fact that negotiated settlement arrived between teachers Union and the Education Department in the month of August, 1974 has not been implemented till now. As a result of failure of the Government on his score strong resentment prevails among Government teachers. Their union has planned an agitation with effect from 15th January, 1975 which is likely to adversely affect teaching work in Government Schools at a time when annual examinations are at hand.

In view of the obvious and urgent importance of the matter the Government may be asked to make a statement in the House.

ਸ੍ਰੀ ਗੁਰਮੇਲ ਸਿੰਘ(ਵਿਦਿਆ ਮੰਤਰੀ): ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਟੀਚਰਾਂ ਦੇ ਗਰੇਡਾਂ ਵਿਚ ਸੋਧ ਕੀਤੀ ਗਈ ਸੀ ਅਤੇ ਇਨ੍ਹਾਂ ਸਿਫਾਰਸ਼ਾਂ ਅਨੁਸਾਰ ਜੇ.ਬੀ.ਟੀ. ਅਧਿਆਪਕਾਂ ਨੂੰ 125-5-250/10–300 (30 ਸਾਲ) ਅਤੇ ਟਰੇਂਡ ਗਰੈਜੂਏਟ ਨੂੰ 220–8–300/ 10–400–500 (25 ਸਾਲ) ਦੇ ਗਰੇਡ ਦਿੱਤੇ ਸਨ । ਇਨ੍ਹਾਂ ਵਰਗਾਂ ਦੇ ਅਧਿਆਪਕਾਂ ਨੇ ਇਨ੍ਹਾਂ ਗਰੇਡਾਂ ਦੇ ਸਪੈਨ ਨੂੰ ਘਟਾਉਣ ਲਈ ਮੰਗ ਕੀਤੀ ਹੈ। ਉਨ੍ਹਾਂ ਦਾ ਇਹ ਕਹਿਣਾ ਹੈ ਕਿ ਐਨੀ ਵੱਡੀ ਸਪੈਨ ਹੋਰ ਕਰਮ–ਚਾਰੀਆਂ ਦੇ ਗਰੇਡਾਂ ਵਿਚ ਨਹੀਂ ਹੈ । ਇਸ ਸਪੈਨ ਨੂੰ ਘਟਾਉਣ ਲਈ ਇਕ ਹਾਈ ਪਾਵਰਡ ਕਮੇਟੀ ਨੇ ਇਨ੍ਹਾਂ ਅਧਿਆਪਕਾਂ ਦੀ ਯੂਨੀਅਨ ਵਲੋਂ ਆਈਆਂ ਪ੍ਰਤੀ ਬੇਨਤੀਆਂ ਤੇ ਗੱਲ ਬਾਤ ਕੀਤੀ ਹੈ ਅਤੇ ਇਸ ਸਪੈਨ ਨੂੰ ਘਟਾਉਣ ਸਬੰਧੀ ਸਰਕਾਰ ਵਿਚਾਰ ਕਰ ਰਹੀ ਹੈ ।

(ਕ੍ਰਮ ਨੰ: 41)

ਮਾਸਟਰ ਚੰਦ ਸਿੰਘ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ ਚੀਫ ਇੰਜੀਨੀਅਰ ਇਰੀਗੇਸ਼ਨ ਦੇ ਦਫਤਰ ਵਿੱਚ ਹਾਫ-ਏ-ਮਿਲਿਅਨ ਜਾਬ ਦੇ ਤਹਿਤ ਕੰਮ ਕਰਦੇ ਟਰੇਸਰਾਂ ਨੂੰ 31 ਮਾਰਚ, 1974 ਤੋਂ ਬਾਅਦ ਹੁਣ ਤੀਕ ਤਨਖਾਹ ਨਹੀਂ ਦਿੱਤੀ ਗਈ। ਇਨ੍ਹਾਂ ਦਾ ਗੁਜ਼ਾਰਾ ਹੀ ਤਨਖਾਹ ਤੇ ਹੈ ਅਤੇ ਹੁਣ ਉਨ੍ਹਾਂ ਦਾ ਗੁਜ਼ਾਰਾ ਬਹੁਤ ਹੀ ਔਖਾ ਹੈ । ਬੱਚੇ ਭੁਖੇ ਮਰ ਰਹੇ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਕਰਮਚਾਰੀਆਂ (ਟਰੇਸਰਾਂ) ਨੂੰ ਤਨਖਾਹ ਦਿਵਾਉਣ ਲਈ ਬਿਆਨ ਦੇਵੇ ਤਾਂ ਜੋ ਇਨ੍ਹਾਂ ਮੁਲਾਜ਼ਮਾਂ ਵਿੱਚ ਫੈਲੀ ਬੇਚੈਨੀ ਖਤਮ ਹੋ ਸਕੇ ।

ਸਰਦਾਰ ਗੁਰਬਖਸ਼ ਸਿੰਘ ਸਿਬੀਆ (ਸਿੰਚਾਈ ਤੇ ਬਿਜਲੀ ਦੇ ਰਾਜ ਮੰਤਰੀ): 'ਹਾਫ–ਏ–ਮਿਲੀਅਨ ਜੌਬ ਪ੍ਰੋਗਰਾਮ ਦੀ ਸਕੀਮ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਕੰਮ ਦੇਣ ਲਈ ਭਾਰਤ ਸਰਕਾਰ ਨੇ 1973—74 ਵਿਚ ਬਣਾਈ ਸੀ ਜਿਸ ਦੇ ਤਹਿਤ 31 ਮਾਰਚ, 1974 ਤੱਕ ਦਾ ਸਾਰਾ ਖਰਚਾ ਉਨ੍ਹਾਂ ਨੇ ਦਿੱਤਾ ਸੀ। ਇਸ ਸਕੀਮ ਅਨੁਸਾਰ 44 ਟਰਸਰਾਂ ਨੂੰ ਭਰਤੀ ਕੀਤਾ ਗਿਆ । ਸਮੇਂ ਦੀ ਥੁੜ ਕਾਰਨ ਇਨ੍ਹਾਂ ਦੀ ਚੋਣ ਸਰਕਾਰੀ ਹਦਾਇਤਾਂ ਅਨੁਸਾਰ ਨਹੀਂ ਕੀਤੀ ਜਾ ਸਕੀ ਬਲਕਿ ਇਕ ਉਚ ਪੱਧਰੀ

ਕਮੇਟੀ ਰਾਹੀਂ ਕੀਤੀ ਗਈ। ਚਾਲੂ ਵਿੱਤੀ ਸਾਲ ਲਈ ਭਾਰਤ ਸਰਕਾਰ ਨੇ ਇਸ ਸਕੀਮ ਨੂੰ ਜਾਰੀ ਰਖਣ ਲਈ ਕੋਈ ਉਪਬੰਧ ਨਹੀਂ ਕੀਤਾ ਤੇ ਨਾ ਹੀ ਰਾਜ ਦੇ ਪਲਾਨ ਵਿੱਚ ਕੋਈ ਉਪਬੰਧ ਹੈ। ਫਿਰ ਇਹ ਕਰਮਚਾਰੀ ਵਿਭਾਗ ਵਿੱਚ ਇਸ ਉਮੀਦ ਤੇ ਕੰਮ ਕਰਦੇ ਰਹੇ ਤਾਂ ਜੋ ਇਹ ਨਵੀਆਂ ਆਸਾਮੀਆਂ ਤੇ ਐਡਜਸਟ ਹੋ ਜਾਣਗੇ। ਖਾਲੀ ਆਸਾਮੀ ਦੀ ਲੋੜ ਅਤੇ ਇਨ੍ਹਾਂ ਦੀ ਨਿਯੁਕਤੀ ਸਰਕਾਰੀ ਹਦਾਇਤਾਂ ਅਨੁਸਾਰ ਨਾ ਹੋਣ ਕਾਰਨ ਇਨ੍ਹਾਂ ਨੂੰ ਹੁਣ ਤਕ ਐਡਜਸਟ ਨਹੀਂ ਕੀਤਾ ਜਾ ਸਕਿਆ। ਇਨ੍ਹਾਂ ਟਰੇਸਰਾਂ ਦੀ ਟਰੇਨਿੰਗ ਦਾ ਸਮਾਂ ਹੁਣ 1 ਐਪਰਲ, 1974 ਤੋਂ 31 ਅਗਸਤ, 1974 ਤੱਕ ਵਧਾ ਦਿੱਤਾ ਗਿਆ ਹੈ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਇਸ ਸਮੇਂ (1 ਐਪਰਲ, 1974 ਤੋਂ 1 ਅਗਸਤ, 1974) ਵਾਸਤੇ ਸਟਾਈਪੰਡ ਦੇਣ ਲਈ ਲੋੜੀਂਦੀ ਮੰਜ਼ੂਰੀ ਜਲਦੀ ਹੀ ਜਾਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਟਰੇਸਰਾਂ ਨੂੰ ਵਿਭਾਗ ਵਿਚ ਨਵੀਆਂ ਖਾਲੀ ਆਸਾਮੀਆਂ ਤੇ ਐਡਜਸਟ ਕਰਨ ਲਈ 40 ਖਾਲੀ ਆ-ਸਾਮੀਆਂ ਰਾਖਵੀਆਂ ਰਖਣ ਵਾਸਤੇ ਲੋੜੀਂਦੇ ਆਦੇਸ਼ ਕਰ ਦਿੱਤੇ ਗਏ ਹਨ।

(ਕ੍ਰਮ ਨੰ: 49)

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ: ਸਰਕਾਰ ਦਾ ਧਿਆਨ ਲੋਕ ਮਹਤੱਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ ਪੰਜਾਬ ਰਾਜ ਦੇ ਅੰਮ੍ਰਿਤਸਰ, ਗੁਰਦਾਸਪੁਰ, ਫ਼ਿਰੋਜ਼ਪੁਰ ਜ਼ਿਲ੍ਹਿਆਂ ਨੂੰ 16 ਕਿਲੋਮੀਟਰ ਦੀ ਪੱਟੀ ਦੇ ਕਿਸਾਨਾਂ ਨੂੰ ਟਿਊਬਵੈਲਾਂ ਲਈ ਕਰਜ਼ਾ ਤੇ ਜਿਸ ਦਾ 50% ਸਬਸਿਡੀ ਦਿੱਤੀ ਜਾਵੇਗੀ, ਉਸ ਵਿਚ ਕੁਝ ਕੇਸ ਜਿਨ੍ਹਾਂ ਕਰਜ਼ਾ 2500/- ਰੁਪਏ ਰਕਮ ਮਿਲ ਗਈ ਤੇ ਉਸ ਨਾਲ ਬੋਰਿੰਗ ਦਾ ਕੰਮ ਹੋ ਗਿਆ ਸੀ ਪਰ ਜੋ 2500/ –ਰੁਪਏ ਸਬਸਿਡੀ ਦੀ ਰਕਮ ਜਿਸ ਨਾਲ ਇੰਜਨ ਖਰੀਦਣਾ ਸੀ, ਨਹੀਂ ਦਿੱਤੀ ਗਈ। ਸਰਕਾਰ ਬਾਕੀ ਬਾਰਡਰ ਦੇ ਕਿਸਾਨਾਂ ਨੂੰ 50% ਸਬਸਿਡੀ ਦੇਣ ਦੇ ਐਲਾਨ ਕਰੇ। ਕਿਸਾਨਾਂ ਵਿਚ ਬੇਚੈਨੀ ਹੈ। ਸਬੰਧਤ ਮੰਤਰੀ ਇਸ ਸਦਨ ਵਿਚ ਬਿਆਨ ਦੇਣ ਦੀ ਕਿਰਪਾ ਕਰਨ।

ਮਾਸਟਰ ਗੁਰਬੰਤਾ ਸਿੰਘ (ਖੇਤੀ ਬਾੜੀ ਅਤੇ ਵਣ ਮੰਤਰੀ): ਸਾਲ 1973–74 ਵਿਚ ਭਾਰਤ ਸਰਕਾਰ ਨੇ ਇਕ ਸਪੈਸ਼ਲ ਛੋਟੀ ਸਿੰਜਾਈ ਸਕੀਮ ਮੰਜ਼ੂਰ ਕੀਤੀ ਸੀ। ਇਸ ਸਕੀਮ ਹੇਠ ਭਾਰਤ ਅਤੇ ਪਾਕਿਸਤਾਨ ਦੀ ਅੰਤਰ-ਰਾਸ਼ਟਰੀ ਹੱਦ ਤੋਂ 16 ਕਿਲੋਮੀਟਰ ਦੇ ਅੰਦਰ ਅੰਦਰ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ 10,000 ਥੋੜ੍ਹੇ ਡੂੰਘੇ ਡੀਜ਼ਲ ਇੰਜਨ ਨਾਲ ਚਲਣ ਵਾਲੇ ਟਿਊਬਵੈਲ ਲਗਾਉਣੇ ਸੀ। ਇਸ ਸਕੀਮ ਤੇ ਕੁੱਲ 5 ਕਰੋੜ ਰੁਪਏ ਖਰਚਣੇ ਸੀ, ਜਿਸ ਵਿਚੋਂ ਭਾਰਤ ਸਰਕਾਰ ਨੇ ਕੇਵਲ $2\frac{1}{2}$ ਕਰੋੜ ਰੁਪਏ ਉਪਦਾਨ ਰੂਪ ਵਿਚ ਦੇਣੇ ਸੀ ਅਤੇ ਬਾਕੀ ਢਾਈ ਕਰੋੜ ਰੁਪਏ ਦਾ ਰਾਜ ਸਰਕਾਰ ਨੇ ਬੈਂਕਾਂ ਰਾਹੀਂ ਕਰਜ਼ੇ ਦੇ ਰੂਪ ਵਿਚ ਪ੍ਰਬੰਧ ਕਰਨਾ ਸੀ। ਇਸ ਪ੍ਰਕਾਰ ਰਾਜ ਸਰਕਾਰ ਨੇ ਢਾਈ ਕਰੋੜ ਦਾ ਪ੍ਰਬੰਧ ਪੰਜਾਬ ਸਟੇਟ ਕੋਆਪ੍ਰੇਟਿਵ ਲੈਂਡ ਮਾਰਗੇਜ਼ ਬੈਂਕ ਦੇ ਰਾਹੀਂ ਕਰ ਦਿੱਤਾ। ਇਸ ਤਰ੍ਹਾਂ ਕਰਜ਼ਾ ਲੈਣ ਵਾਲੇ ਕਿਸਾਨ ਨੂੰ 50% ਕਰਜ਼ਾ ਅਤੇ 50% ਸਬਸਿਡੀ ਦੇਣੀ ਸੀ ਜੋ ਉਸ ਰਕਮ ਦੇ ਆਧਾਰ ਤੇ ਸੀ ਜੋ ਕਿ ਕਿਸਾਨ ਦਾ ਟਿਊਬਵੈਲ ਲਗਾਉਣ ਤੇ ਖ਼ਰਚ ਆਉਣੀ ਸੀ। ਕਰਜ਼ੇ ਅਤੇ ਸਬਸਿਡੀ ਦੇਣ ਦੀ ਵੱਧ ਤੋਂ ਵੱਧ ਹੱਦ 5,000 ਰੁਪਏ ਰੱਖੀ ਗਈ ਸੀ।

ਇਸ ਸਕੀਮ ਨੂੰ ਲਾਗੂ ਕਰਨ ਦਾ ਕੰਮ ਪੰਜਾਬ ਸਟੇਟ ਲੈਂਡ ਮਾਰਗੇਜ ਬੈਂਕ ਨੂੰ ਸੌਂਪਿਆ ਗਿਆ ਸੀ ਅਤੇ ਢਾਈ ਕਰੋੜ ਸਬਸਿਡੀ ਦੀ ਰਕਮ ਜੋ ਕੇਂਦਰੀ ਸਰਕਾਰ ਨੇ ਦਿਤੀ ਸੀ ਉਹ ਵੀ ਉਪ੍ਰੋਕਤ ਬੈਂਕ ਨੂੰ ਅੱਗੇ ਕਿਸਾਨਾਂ ਨੂੰ ਵੰਡਣ ਲਈ ਦੇ ਦਿੱਤੀ ਗਈ ਸੀ। ਬੈਂਕ ਨੇ 50% ਰਕਮ ਦੀ ਪਹਿਲੀ ਕਿਸ਼ਤ ਕਰਜ਼ੇ ਦੇ ਰੂਪ ਵਿਚ ਕਿਸਾਨ ਨੂੰ ਦੇਣੀ ਸੀ ਜਿਹੜੀ ਉਸ ਨੇ ਟਿਊਬਵੈਲ ਬੋਰਿੰਗ ਕਰਨ ਅਤੇ ਪਾਈਪ ਅਤੇ ਫ਼ਿਲਟਰ ਆਦਿ ਲਾਉਣ ਲਈ ਖਰਚ ਕਰਨੀ ਸੀ ਅਤੇ ਬਾਕੀ ਦੀ 50% ਰਕਮ ਬਤੌਰ ਸਬਸਿਡੀ ਬੈਂਕ ਨੇ ਕਰਜ਼ੇ ਦੀ ਯੋਗ ਵਰਤੋਂ ਦੀ ਪੜਤਾਲ ਕਰਨ ਮਗਰੋਂ ਕਿਸਾਨ ਨੂੰ ਦੇਣੀ ਸੀ।

[ਖੇਤੀ ਬਾੜੀ ਅਤੇ ਵਣ ਮੰਤਰੀ]

ਇਸ ਸਕੀਮ ਅਧੀਨ 30 ਨਵੰਬਰ, 1974 ਤੱਕ ਕੁੱਲ 1.94 ਕਰੋੜ ਰੁਪਏ ਦੀ ਰਕਮ ਬਤੌਰ ਕਰਜ਼ਾ 8332 ਯੋਗ ਕਿਸਾਨਾਂ ਨੂੰ ਬਾਰਡਰ ਏਰੀਏ ਦੇ 3 ਜ਼ਿਲ੍ਹਿਆਂ ਵਿਚ ਦਿਤੀ ਗਈ। ਇਸ ਦੇ ਮੁਕਾ- ਬਲੇ ਵਿਚ ਲਗ ਭਗ 1.67 ਕਰੋੜ ਰੁਪਏ ਬਤੌਰ ਸਬਸਿਡੀ 7279 ਕਿਸਾਨਾਂ ਨੂੰ ਦਿੱਤੀ ਗਈ ਹੈ ਬਾਕੀ ਦੇ 1053 ਕਿਸਾਨਾਂ ਨੇ ਕਰਜ਼ੇ ਦੀ ਪਹਿਲੀ ਕਿਸ਼ਤ ਕਰਜ਼ਾ ਲੈਣ ਦੀ ਮਿਤੀ ਤੋਂ 2 ਮਹੀਨੇ ਦੇ ਸਮੇਂ ਤੋਂ ਪਿਛੋਂ ਵਰਤੀ ਹੈ। ਰਾਜ ਸਰਕਾਰ ਨੇ ਸਬਸਿਡੀ ਦੇਣ ਦੀ ਮਿਆਦ 30 ਨਵੰਬਰ, 1974 ਤੀਕ ਵਧਾ ਦਿੱਤੀ ਸੀ ਪਰ ਸਟੇਟ ਕੋਆਪ੍ਰੇਟਿਵ ਬੈਂਕ 1053 ਕਿਸਾਨਾਂ ਦੀ ਕਰਜ਼ੇ ਦੀ ਵਰਤੋਂ ਦੀ ਪੜਤਾਲ 30 ਨਵੰਬਰ, 1974 ਤੀਕ ਨਹੀਂ ਕਰ ਸਕਿਆ। ਇਨ੍ਹਾਂ 1053 ਕਿਸਾਨਾਂ ਨੂੰ ਉਪਦਾਨ ਦੇਣ ਲਈ ਉਨ੍ਹਾਂ ਦੁਆਰਾ ਕਰਜ਼ੇ ਦੀ ਪਹਿਲੀ ਕਿਸ਼ਤ ਦੋ ਮਹੀਨੇ ਦੀ ਮਿਆਦ ਤੋਂ ਬਾਅਦ ਵਰਤਣ ਅਤੇ 30 ਨਵੰਬਰ, 1974 ਤੋਂ ਬਾਅਦ ਉਪਦਾਨ ਦੇਣ ਲਈ ਮਿਆਦ ਵਧਾਉਣੀ ਪਵੇਗੀ। ਇਹ ਮਾਮਲਾ ਵਿਚਾਰ ਅਧੀਨ ਹੈ।

(ਕ੍ਰਮ ਨੰ: 53)

ਸਰਦਾਰ ਗੁਰਦੇਵ ਸਿੰਘ ਬਾਦਲ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਪਿੰਡ ਵਾਸੀਆਂ, ਹਲਕਾ ਮਲੋਟ, ਜ਼ਿਲਾ ਫਰੀਦਕੋਟ ਵਿਚ ਹੈ ਜਿਥੇ ਕੋਈ ਹਲਕਾ ਕੁੱਤਾ ਵਾਟਰ ਵਰਕਸ ਦੀ ਡਿਗੀ ਵਿੱਚ ਡਿਗ ਕੇ ਮਰ ਗਿਆ ਹੈ ਤੇ ਉਸਦੇ ਮਰਨ ਨਾਲ ਕੋਈ ਐਸਾ ਜ਼ਹਿਰ ਫੈਲ ਗਿਆ ਹੈ, ਕਿ ਪਿੰਡ ਦੀਆਂ ਅੱਜ ਤੀਕ ਕੋਈ 10 ਮੱਝਾਂ ਤੇ ਬਲਦ ਮਰ ਚੁਕੇ ਹਨ ਤੇ ਉਨ੍ਹਾਂ ਲੋਕਾਂ ਨੇ ਯੂਨੀਵਰਸਿਟੀ ਲੁਧਿਆਣਾ ਕੋਲੋਂ ਚੈਕ ਅੱਪ ਕਰਵਾਇਆ ਤੇ ਉਨ੍ਹਾਂ ਨੇ ਰਿਪੋਰਟ ਦਿੱਤੀ ਹੈ, ਕਿ ਪਿੰਡ ਵਿਚ ਹਲਕ ਦੀ ਬੀਮਾਰੀ ਫੈਲ ਗਈ ਹੈ ਤੇ ਸਾਰਾ ਪਿੰਡ ਹੀ ਟੀਕੇ ਲਵਾਓ, ਸਾਰੇ ਮਾਲ ਡੰਗਰਾਂ ਨੂੰ ਵੀ ਟੀਕੇ ਲਵਾਓ। ਸੋ ਸਾਰੇ ਪਿੰਡ ਨੂੰ ਵੀ ਹਲਕ ਹੋ ਜਾਣ ਦਾ ਖਤਰਾ ਹੈ। ਸਰਕਾਰ ਤੁਰੰਤ ਉਥੇ ਸਪੈਸ਼ਲ ਡਾਕਟਰ ਭੇਜੇ ਤੇ ਸਾਰੇ ਪਿੰਡ ਨੂੰ ਹਲਕਣ ਤੋਂ ਬਚਾਇਆ ਜਾਵੇ ਤੇ ਲੋਕਾਂ ਦੀ ਬੇਚੈਨੀ ਨੂੰ ਤੁਰੰਤ ਰੋਕਿਆ ਜਾਵੇ।

ਸਰਦਾਰ ਬਲਬੀਰ ਸਿੰਘ (ਰਾਜ ਮੰਤਰੀ, ਸਿਹਤ ਤੇ ਸੰਤਾਨ ਸੰਜਮ) : ਇਹ ਗੱਲ ਠੀਕ ਨਹੀਂ ਕਿ ਹਲਕਾ ਕੁੱਤਾ ਪਿੰਡ ਬਾਦੀਆਂ ਦੇ ਵਾਟਰ ਵਰਕਸ ਵਿੱਚ ਡਿਗ ਕੇ ਮਰ ਗਿਆ। ਸਿਵਲ ਸਰਜਨ, ਫਰੀਦਕੋਟ ਤੋਂ ਪੁੱਛ ਗਿੱਛ ਤੇ ਇਹ ਪਤਾ ਲੱਗਿਆ ਹੈ, ਕਿ ਹਲਕੇ ਕੁੱਤੇ ਨੇ ਕੁਝ ਡੰਗਰਾਂ ਨੂੰ ਕੱਟਿਆ ਅਤੇ ਇਹ ਵਾਕਿਆ ਅਕਤੂਬਰ, 1974 ਵਿਚ ਹੋਇਆ। ਜਦੋਂ ਡੰਗਰਾਂ ਨੂੰ ਹਲਕੇ ਕੁੱਤੇ ਨੇ ਕੱਟਿਆ, ਉਨ੍ਹਾਂ ਦੇ ਮਾਲਕਾਂ ਨੇ ਡੰਗਰਾਂ ਨੂੰ ਦਵਾਈ ਵਗੈਰਾ ਪਸ਼ੂ ਹਸਪਤਾਲ ਵਿਚੋਂ ਲਿਆ ਕੇ ਦਿੱਤੀ ਫਿਰ ਵੀ ਦਸੰਬਰ, 1974 ਤੱਕ 14 ਡੰਗਰ ਮਰੇ। ਇਨ੍ਹਾਂ ਵਿੱਚੋਂ ਕੁਝ ਡੰਗਰਾਂ ਦਾ ਪੋਸਟ ਮਾਰਟਮ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮਾਹਰਾਂ ਨੇ ਕੀਤਾ ਤੇ ਇਹ ਦੱਸਿਆ ਕਿ ਇਹ ਡੰਗਰ ਹਲਕ ਕੇ ਮਰੇ ਹਨ। ਆਖਰੀ ਡੰਗਰ ਨੂੰ ਛੱਪੜ ਵਿਚ ਗੋਲੀ ਮਾਰ ਕੇ ਮਾਰਿਆ ਸੀ, ਇਹ ਗੋਲੀ ਤਕਰੀਬਨ 31 ਦਸੰਬਰ, 1974 ਜਾਂ 1 ਜਨਵਰੀ, 1975 ਨੂੰ ਮਾਰੀ ਗਈ ਸੀ। ਮਹਿਕਮਾ ਸਿਹਤ ਨੂੰ ਟੈਲੀਫੂਨ ਰਾਹੀਂ ਇਹ ਇਤਲਾਹ ਮਿਲੀ, ਉਸੇ ਸਮੇਂ ਹੀ ਤਾਰ ਰਾਹੀਂ ਤੇ ਐਕਸਪ੍ਰੈਸ ਚਿਠੀ ਰਾਹੀਂ ਸਿਵਲ ਸਰਜਨ ਫਰੀਦਕੋਟ ਅਤੇ ਸੀਨੀਅਰ ਮੈਡੀਕਲ ਅਫਸਰ ਮਲੋਟ ਨੂੰ ਹਦਾਇਤ ਕੀਤੀ ਗਈ ਕਿ ਉਹ ਤੁਰੰਤ ਇਸ ਪਿੰਡ ਵਿਚ ਜਾਕੇ ਉਥੇ ਦੇ ਆਦਮੀਆਂ ਵਿਚ ਹਲਕਣ ਦੀ ਬੀਮਾਰੀ ਦਾ ਜਾਇਜ਼ਾ ਲੈਣ ਤੇ ਰੋਕਥਾਮ ਦਾ ਪ੍ਰਬੰਧ ਕਰਨ। ਇਸ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਤੇ ਸਿਵਲ ਸਰਜਨ ਫਰੀਦਕੋਟ ਵੀ ਇਸ ਪਿੰਡ ਵਿਚ 13 ਜਨਵਰੀ, 1975 ਨੂੰ ਪੁੱਜੇ ਅਤੇ ਲੋਕਾਂ ਤੋਂ ਪੁਛ ਗਿਛ ਕਰਨ ਉਪਰੰਤ ਇਹ ਪਤਾ

ਦਿਤਾ ਕਿ 14 ਪਸ਼ੂ ਹਲਕ ਕੇ ਮਰੇ ਹਨ ਅਤੇ ਕੋਈ ਆਦਮੀ ਇਸ ਬੀਮਾਰੀ ਦਾ ਸ਼ਿਕਾਰ ਨਹੀਂ ਹੋਇਆ। ਜਿਨ੍ਹਾਂ ਘਰਾਂ ਦੇ ਪਸ਼ੂ ਮਰੇ ਹਨ ਅਤੇ ਉਹ ਇਲਾਜ ਕਰਵਾ ਰਹੇ ਸਨ ਜਾਂ ਉਨ੍ਹਾਂ ਨੂੰ ਇਸ ਬੀਮਾਰੀ ਦਾ ਸ਼ੱਕ ਸੀ, ਉਨ੍ਹਾਂ ਸਾਰਿਆਂ ਦੀ ਇਕ ਲਿਸਟ ਤਿਆਰ ਕਰ ਲਈ ਗਈ ਅਤੇ ਇਨ੍ਹਾਂ ਲੋਕਾਂ ਨੂੰ ਇਹਤਿਆਤ ਦੇ ਤੌਰ ਤੇ ਐਂਟੀਰੈਬਿਕ ਟੀਕੇ ਲਾਏ ਜਾ ਰਹੇ ਹਨ। ਇਸ ਪਿੰਡ ਵਿਚ ਇਕ ਮੈਡੀਕਲ ਪੋਸਟ ਵੀ ਸਥਾਪਿਤ ਕਰ ਦਿੱਤੀ ਗਈ ਹੈ ਅਤੇ ਇਸ ਵਿਚ ਲਾਏ ਡਾਕਟਰ ਤੇ ਡਿਸਪੈਂਸਰ ਲੋੜੀਂਦੀਆਂ ਦਵਾਈਆਂ ਦੇ ਰਹੇ ਹਨ। ਡਾਕਟਰ ਦੇ ਜਾਣ ਨਾਲ ਪਿੰਡ ਦੇ ਲੋਕਾਂ ਵਿਚ ਹੁਣ ਕੋਈ ਘਬਰਾਹਟ ਨਹੀਂ।

(Serial No. 58)

Comrade Shamsher Singh Josh : to draw the attention of the Government towards a matter of urgent public importance, namely, decision of the Central Government to accept the recommendation of the University Grants Commission regarding the enhancement of the grades of College and University teachers all over the country . The Punjab Government has not taken any decision in the matter although Central Government has also declared that 80% of the expenditure to be incurred as a result of implementation of new grades will be contributed by the Central Government and State Government will have to contribute only 20% of the expenditure

There is a widespread resentment amongst the lecturers and professors, the State Government may be asked to make a statement in the House.

Shri Gurmail Singh (Education Minister) : The said U.G.C. grades were first announced by the Union Education Minister in March-April, 1974. However, no detail were announced at that time. The State Government wrote a number of times to get these details from the Government of India. These details were finally worked out by the Government of India and sent to States on the 2nd November, 1974. At that time XXXVIIth meeting of Central Advisory Board of Education was also in session. These grades were taken up for discussion in this meeting at some length. Some other points which figured for discussion and which were relevant for the introduction of these grades were as under :

(a) that introduction of these grades should imply stopping of all other-emoluments earned by college/university teachers like conduct of examinations, marking of papers, paper setting etc.

(b) that these grades were not obligatory and had to be applied by the States concerned keeping in view existing pay structures.

(c) that the States had to content with cent percent liability after lapse of 5 years which had to take into account among other things. Proposed expansion of university education in the sixth Plan, increasing emphasis on elementary education and over-all constraint of resources faced by the States.

It was, therefore, unanimously decided that before States take further action, it would be desirable to observe some measure of uniformity. It was, therefore, resolved by the C.A. B.E. as follows:

> "The Board recommends that in view of various implications of question of pay scales of college and university teachers, the Chairman is requested to convene a Conference of all State Education Ministers to examine this question".

This meeting to be convened by the Union Education Minister has not so far been held.

Government in the meanwhile are working out short as well as long range implications in the implementation of the pay scales.

Government of India also have not issued any directive for enforcement of these grades or adopting of the grades as such. The States are free to accept, reject or modify these recommendations. The matter is being examined from all points of view and it is under the active consideration of the Government.

(Serial No. 60)

Shri Piara Ram Dhanowali : to draw the attention of the Government towards a matter of urgent public importance, namely, there is reservation in the allotment of residential plots, in the Urban Estates for Scheduled Castes and Ex-servicemen and Military personnel. The allottees were required to pay the price of the plot in four instalments. The Government has now changed its policy by which only the Government servants and the Military personnel have been allowed this concession of making payment in four instalments in respect of the plots to be allotted to them. The poor Harijans who are neither Government servants nor Military personnel nor Ex-Servicemen have been deprived of this concession of paying prices in four instalments. Harijans are required to pay the entire cost in lump sum. The poor Harijans will not be able to avail of this reservation. They should be allowed to make payment in four instalments. There is a great resentment among the Harijans. The Government may please make a statement.

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ) : ਨਵੰਬਰ, 1970 ਵਿਚ ਪਲਾਟਾਂ ਦੀ ਅਲਾਟਮੈਂਟ ਬਾਰੇ ਬਣਾਈ ਗਈ ਪਾਲਿਸੀ ਦੇ ਆਧਾਰ ਤੇ, ਹੇਠ ਲਿਖੇ ਅਨੁਸਾਰ ਰਿਜ਼ਰਵੇਸ਼ਨ ਕੀਤੀ ਗਈ ਸੀ :—

1. 10 ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਲਈ ।

2. 10 ਪ੍ਰਤੀਸ਼ਤ ਡਿਫੈਂਸ ਪਰਸੋਨਲ ਲਈ ।

3. 20 ਪ੍ਰਤੀਸ਼ਤ ਸਰਕਾਰੀ ਕਰਮਚਾਰੀਆਂ ਲਈ ।

ਸਾਰੇ ਅਲਾਟੀ, ਉਨ੍ਹਾਂ ਤੋਂ ਬਿਨਾਂ , ਜਿਨ੍ਹਾਂ ਨੂੰ ਪਲਾਟਾਂ ਦੀ ਅਲਾਟਮੈਂਟ ਕੀਮਤ ਦੀ ਯਕਮੁਸ਼ਤ ਅਦਾਇਗੀ ਤੇ ਕੀਤੀ ਗਈ ਸੀ ਇਹ ਸਹੂਲਤ ਦਿੱਤੀ ਗਈ ਸੀ ਕਿ ਉਹ ਪਲਾਟ ਦੀ ਕੀਮਤ 6 ਸਾਲਾਨਾਂ ਬਰਾਬਰ ਕਿਸ਼ਤਾਂ ਵਿਚ ਕਰ ਸਕਦੇ ਹਨ ।

2. ਅਪਰੈਲ, 1974 ਵਿਚ ਸ਼ਹਿਰੀ ਵਿਕਾਸ ਵਿਭਾਗ ਨੇ ਮੁੜ ਵਿਚਾਰਿਆ ਤੇ ਵੱਖ ਵੱਖ ਸ਼ਹਿਰੀ ਮਿਲਖਾਂ ਵਿਚ ਪਲਾਟਾਂ ਦੀ ਅਲਾਟਮੈਂਟ ਕਰਨ ਬਾਰੇ ਸਾਰੀ ਪਾਲਿਸੀ ਵਿਚ ਸੋਧ ਕੀਤੀ। ਪਹਿਲੀ ਪਾਲਿਸੀ ਨੂੰ ਇਸ ਕਰਕੇ ਸੋਧਿਆ ਗਿਆ ਤਾਂ ਜੋ ਸੋਸਾਇਟੀ ਦੇ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਅਤੇ ਅਨੁਸੂਚਿਤ ਜਾਤੀ ਅਤੇ ਪਛੜੀ ਸ਼ਰੇਣੀ ਦੇ ਵਿਅਕਤੀਆਂ ਦੇ ਹਿੱਤਾਂ ਨੂੰ ਮੁਖ ਰਖਿਆ ਜਾ ਸਕੇ। ਨਵੀਂ ਪਾਲਿਸੀ ਅਧੀਨ ਪਲਾਟਾਂ ਦੇ ਕਈ ਸਾਈਜ਼ ਰੱਖੇ ਗਏ ਤਾਂ ਜੋ ਸਮਾਜ ਦੇ ਵੱਖ ਵੱਖ ਵਰਕਰਾਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ ।

ਨਵੀਂ ਪਾਲਿਸੀ ਅਧੀਨ ਹੇਠ ਦੱਸੇ ਅਨੁਸਾਰ ਪਲਾਟ ਕੱਟੇ ਗਏ :—

ਗਰੁੱਪ 1	ਗਰੁੱਪ 2
500 ਵ. ਗਜ਼	200 ਵ. ਗਜ਼
400 ਵ. ਗਜ਼	150 ਵ. ਗਜ਼
300 ਵ. ਗਜ਼	125 ਵ. ਗਜ਼
250 ਵ. ਗਜ਼	100 ਵ. ਗਜ਼

ਨਵੀਂ ਪਾਲਿਸੀ ਅਧੀਨ ਸਮਾਜ ਦੇ ਕਮਜ਼ੋਰ ਵਰਗਾਂ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ

ਸ਼ਰੇਣੀਆਂ ਦੇ ਮੈਂਬਰਾਂ, ਸਰਕਾਰੀ ਕਰਮਚਾਰੀਆਂ ਅਤੇ ਡਿਫੈਂਸ ਫੋਰਸਿਜ਼ ਦੇ ਹਿੱਤਾਂ ਲਈ ਹੇਠ ਦੱਸੇ ਅਨੁਸਾਰ ਰੀਜ਼ਰਵੇਸ਼ਨ ਕੀਤੀ ਗਈ ।

1. 250 ਵਰਗ ਗਜ਼ ਅਤੇ ਇਸ ਤੋਂ ਉਤਲੇ 10 ਪ੍ਰਤੀਸ਼ਤ ਅਤੇ 250 ਵ. ਗਜ਼ ਤੋਂ ਹੇਠਲੇ 20 ਪ੍ਰਤੀਸ਼ਤ ਪਲਾਟ ਪੰਜਾਬ ਸਰਕਾਰ ਦੇ ਕਰਮਚਾਰੀਆਂ ਲਈ ਰਾਖਵੇਂ ਰੱਖੇ ਜਾਣਗੇ ।

2. ਡਿਫੈਂਸ ਫੋਰਸਿਜ਼ ਜਿਨ੍ਹਾਂ ਵਿਚ ਬਾਰਡਰ ਸਿਕਿਊਰਟੀ ਫੋਰਸ ਵੀ ਸ਼ਾਮਲ ਹੈ ਉਨ੍ਹਾਂ ਲਈ 9:1 ਦੇ ਅਨੁਪਾਤ ਨਾਲ 10 ਪ੍ਰਤੀਸ਼ਤ ਪਲਾਟ ਰਾਖਵੇਂ ਰੱਖੇ ਜਾਣਗੇ ।

3. ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੇ ਮੈਂਬਰਾਂ ਲਈ 4:1 ਦੇ ਅਨੁਪਾਤ ਨਾਲ 100 ਵਰਗ ਗਜ਼, 125 ਵਰਗ ਗਜ਼ ਅਤੇ 150 ਵਰਗ ਗਜ਼ ਦੇ 50 ਪ੍ਰਤੀਸ਼ਤ ਪਲਾਟ ਅਤੇ 200 ਵਰਗ ਗਜ਼ ਦੇ 20 ਪ੍ਰਤੀਸ਼ਤ ਪਲਾਟ ਰਾਖਵੇਂ ਰੱਖੇ ਜਾਣਗੇ ।

ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਡਿਫੈਂਸ ਪਰਸੋਨਲ ਜਿਨ੍ਹਾਂ ਵਿਚ ਬਾਰਡਰ ਸੁਰੱਖਿਆ ਫੋਰਸਿਜ਼ ਵੀ ਸ਼ਾਮਲ ਹਨ ਨੂੰ ਦਿੱਤੇ ਜਾਣ ਵਾਲੇ ਪਲਾਟਾਂ ਵਿਚੋਂ ਵੀ 25 ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਵਿਚਕਾਰ 4:1 ਦੇ ਅਨੁਪਾਤ ਨਾਲ ਅਲਾਟ ਕੀਤੇ ਜਾਣਗੇ ।

3. ਇਸ ਗੱਲ ਨੂੰ ਕਿ ਛੋਟੇ ਸਾਈਜ਼ਾਂ ਦੇ ਪਲਾਟ ਅਸਲ ਦਰਖਾਸਤ ਦੇਣ ਵਾਲਿਆਂ ਨੂੰ ਹੀ ਮਿਲਣ ਅਤੇ ਇਨ੍ਹਾਂ ਛੋਟੇ ਸਾਈਜ਼ਾਂ ਦੇ ਪਲਾਟਾਂ ਤੇ ਸੋਸਾਇਟੀ ਦੇ ਅਮੀਰ ਵਰਗ ਦਾ ਹੱਥ ਨਾ ਪੈ ਸਕੇ ਨੂੰ ਮੁੱਖ ਰਖਦੇ ਹੋਏ ਪਲਾਟਾਂ ਦੀ ਅਲਾਟਮੈਂਟ ਦੀ ਵੰਡ ਸਬੰਧੀ ਹੇਠ ਦੱਸੇ ਅਨੁਸਾਰ ਆਮਦਨ ਦੇ ਹਿਸਾਬ ਨਾਲ ਵੱਖ ਵੱਖ ਸਾਈਜ਼ਾਂ ਦੇ ਪਲਾਟਾਂ ਦੀ ਵੰਡ ਕੀਤੀ ਜਾਣੀ ਹੈ :—

1. 100 ਵਰਗ ਗਜ਼ ਦੇ ਪਲਾਟਾਂ ਲਈ

ਇਹ ਪਲਾਟ ਉਨ੍ਹਾਂ ਵਿਅਕਤੀਆਂ ਨੂੰ ਅਲਾਟ ਕੀਤੇ ਜਾਣਗੇ ਜਿਨ੍ਹਾਂ ਦੀ ਕੁਲ ਆਮਦਨ 350 ਰੁਪਏ ਮਹੀਨੇ ਤੋਂ ਵੱਧ ਨਾ ਹੋਵੇ ।

2. 125 ਵਰਗ ਗਜ਼ ਤੱਕ ਦੇ ਪਲਾਟ

ਇਹ ਪਲਾਟ ਉਨ੍ਹਾਂ ਵਿਅਕਤੀਆਂ ਨੂੰ ਅਲਾਟ ਕੀਤੇ ਜਾਣਗੇ ਜਿਨ੍ਹਾਂ ਦੀ ਕੁੱਲ ਆਮਦਨ 550 ਰੁਪਏ ਮਹੀਨੇ ਤੋਂ ਵੱਧ ਨਾ ਹੋਵੇ ।

3. 150 ਵਰਗ ਗਜ਼ ਤੱਕ ਦੇ ਪਲਾਟ

ਇਹ ਪਲਾਟ ਉਨ੍ਹਾਂ ਵਿਅਕਤੀਆਂ ਨੂੰ ਅਲਾਟ ਕੀਤੇ ਜਾਣਗੇ ਜਿਨ੍ਹਾਂ ਦੀ ਕੁੱਲ ਆਮਦਨ 750 ਰੁਪਏ ਮਹੀਨੇ ਤੋਂ ਵੱਧ ਨਾ ਹੋਵੇ ।

4. 200 ਵਰਗ ਗਜ਼ ਤੱਕ ਦੇ ਪਲਾਟ

ਇਹ ਪਲਾਟ ਉਨ੍ਹਾਂ ਵਿਅਕਤੀਆਂ ਨੂੰ ਅਲਾਟ ਕੀਤੇ ਜਾਣਗੇ ਜਿਨ੍ਹਾਂ ਦੀ ਕੁੱਲ ਆਮਦਨ 1000 ਰੁਪਏ ਮਹੀਨੇ ਤੋਂ ਵੱਧ ਨਾ ਹੋਵੇ ।

[ਵਿੱਤ ਮੰਤਰੀ]

ਕਿਸੇ ਵਿਅਕਤੀ ਲਈ ਉਪਰੋਕਤ ਦੱਸੇ 4 ਆਮਦਨ ਗਰੁੱਪਾਂ ਵਿਚ ਜੇਕਰ ਉਸ ਦੀ ਆਮਦਨ ਘੱਟ ਹੋਵੇ ਤਾਂ ਉਹ ਵੱਡੇ ਸਾਈਜ਼ ਦੇ ਪਲਾਟ ਲਈ ਵੀ ਦਰਖਾਸਤ ਦੇ ਸਕਦਾ ਹੈ। ਜੇਕਰ ਉਸ ਵਿਚ ਉਸ ਦੀ ਕੀਮਤ ਅਦਾ ਕਰਨ ਦੀ ਸਮਰੱਥਾ ਹੋਵੇ।

4. ਗਰੁੱਪ 1 ਦੇ ਸਾਰੇ ਪਲਾਟਾਂ (250 ਵ. ਗਜ਼ ਤੋਂ 500 ਵ.ਗਜ਼ ਦੇ ਪਲਾਟਾਂ ਲਈ) ਨੂੰ ਨਕਦ ਪੈਸੇ ਲੈਕੇ ਵੇਚਿਆ ਜਾਵੇਗਾ ਪਰ ਪੰਜਾਬ ਸਰਕਾਰ ਦੇ ਕਰਮਚਾਰੀਆਂ, ਡਿਫੈਂਸ ਫੋਰਸਿਜ਼ ਜਿਨ੍ਹਾਂ ਵਿੱਚ ਬਾਰਡਰ ਸਿਕਿਉਰਟੀ ਫੋਰਸ ਦੇ ਮੈਂਬਰ ਵੀ ਸ਼ਾਮਲ ਹਨ, ਇਸ ਕੀਮਤ ਦੀ ਅਦਾਇਗੀ ਵਿੱਚ ਕੇਵਲ ਇੰਨੀ ਛੋਟ ਦਿੱਤੀ ਜਾਵੇਗੀ ਕਿ ਉਹ ਪਲਾਟ ਦੀ ਕੀਮਤ ਸੂਦ ਸਮੇਤ , ਚਾਰ ਬਰਾਬਰ ਕਿਸ਼ਤਾਂ ਵਿਚ ਅਦਾ ਕਰ ਸਕਣਗੇ। ਗਰੁੱਪ 2 ਵਿਚ ਆਉਣ ਵਾਲੇ ਵੱਖ ਵੱਖ ਸਾਈਜ਼ਾਂ ਦੇ ਪਲਾਟਾਂ ਨੂੰ ਸਮਾਜ ਦੇ ਉਨ੍ਹਾਂ ਵਰਗਾਂ ਨੂੰ ਦਿੱਤਾ ਜਾਣਾ ਹੈ ਜਿਹੜੇ ਘੱਟ ਅਮੀਰ ਹਨ। ਇਸ ਲਈ ਇਸ ਗਰੁੱਪ ਵਿਚ ਆਉਣ ਵਾਲੇ ਸਾਰੇ ਪਲਾਟਾਂ ਦੀ ਅਲਾਟਮੈਂਟ ਮੁਲਤਵੀ ਅਦਾਇਗੀ ਦੇ ਆਧਾਰ ਤੇ ਕੀਤੀ ਜਾਵੇਗੀ ਅਤੇ ਅਲਾਟੀ ਪਲਾਟ ਦੀ ਕੀਮਤ , ਸੂਦ ਸਮੇਤ, ਚਾਰ ਬਰਾਬਰ ਕਿਸ਼ਤਾਂ ਵਿਚ ਦੇ ਸਕਣਗੇ।

5. ਪਲਾਟਾਂ ਦੀ ਅਲਾਟਮੈਂਟ ਸਬੰਧੀ ਉਪਰੋਕਤ ਦੱਸੀ ਗਈ ਪਾਲਿਸੀ ਤੋਂ ਇਹ ਵੇਖਿਆ ਜਾ ਸਕਦਾ ਹੈ ਕਿ ਸ਼ਹਿਰੀ ਵਿਕਾਸ ਵਿਭਾਗ ਨੇ ਪਲਾਟਾਂ ਦੀ ਵੰਡ ਸਬੰਧੀ ਨਾ ਕੇਵਲ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼ਰੇਣੀਆਂ ਸਬੰਧੀ ਪਲਾਟਾਂ ਦਾ ਰਾਖਵਾਂ ਰੱਖਣ ਦਾ ਦਰ ਹੀ ਨਹੀਂ ਵਧਾਇਆ ਗਿਆ ਬਲਕਿ ਇਸ ਗੱਲ ਨੂੰ ਵੀ ਧਿਆਨ ਵਿਚ ਰਖਿਆ ਗਿਆ ਹੈ ਕਿ ਦਿੱਤੇ ਜਾਣ ਵਾਲੇ ਪਲਾਟ ਕੇਵਲ ਗਰੀਬ ਅਤੇ ਸਮਾਜ ਤੇ ਘਟ ਅਸਰ ਰਖਣ ਵਾਲੇ ਵਰਗਾਂ ਨੂੰ ਹੀ ਮਿਲ ਸਕਣ। ਇਸ ਤੋਂ ਇਹ ਸਪੱਸ਼ਟ ਹੈ ਕਿ ਗਰੀਬ ਹਰੀਜਨਾਂ ਦੇ (ਚਾਹੇ ਉਹ ਪੰਜਾਬ ਸਰਕਾਰ ਦੇ ਕਰਮਚਾਰੀ ਹਨ ਜਾਂ ਉਹ ਡਿਫੈਂਸ ਫੋਰਸਿਜ਼ ਦੇ ਮੈਂਬਰ ਹਨ ਜਾਂ ਹੋਰ ਤਰ੍ਹਾਂ ਨਾਲ ਹਨ) ਹਿੱਤਾਂ ਨੂੰ ਖਾਸ ਤੌਰ ,ਤੇ ਸੁਰੱਖਿਅਤ ਰੱਖਿਆ ਗਿਆ ਹੈ।

PAPERS LAID ON THE TABLE

Finance Minister (Shri Hans Raj Sharma) : Sir, I beg to lay on the Table of the House the following documents as required by clause (2) of article 151 of the Constitution of India :—

(i) the Finance Accounts, 1972-73

(ii) the Appropriation Accounts, 1972-73

(iii) the Report of the Comptroller and Auditor General of India for the year 1972-73 ; and

(iv) the Report of the Comptroller and Auditor General of India for the year 1972-73 (Revenue Receipts).

GENERAL DISCUSSION ON THE BUDGET FOR THE YEAR 1975-76 (*RESUMPTION*)

Mr. Speaker : Now the House will resume discussion on the Budget for the year 1975-76. Dr. Amir Singh Kalkat was on his legs when the House adjourned on 20th January, 1975. He may please resume his speech.

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਪੰਜਾਬ ਦੇ ਜ਼ਿਮੀਦਾਰਾਂ ਦੀ ਜੋ ਅਜ਼ਲ ਸੇਵਾ ਕੀਤੀ ਹੈ ਉਹ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਕੀਤੀ ਹੈ। ਇਹ ਮੈਂ ਕੱਲ ਕਹਿ ਰਿਹਾ ਸੀ ਜਿਸ ਵੇਲੇ ਮੈਂ ਤਕਰੀਰ ਕਰ ਰਿਹਾ ਸੀ (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ਼੍ਰੀ ਸਪੀਕਰ : ਖਾਲਸਾ ਜੀ, ਆਨ ਏ ਪੁਆਇੰਟ ਆਫ ਆਰਡਰ। (Khalsa Jee on a point of order.)

ਸਰਦਾਰ ਬਸੰਤ ਸਿੰਘ ਖਾਲਸਾ : * * * *

ਸ਼੍ਰੀ ਸਪੀਕਰ : ਅਜੇ ਇਨ੍ਹਾਂ ਨੇ ਤਕਰੀਰ ਆਪਣੀ ਸ਼ੁਰੂ ਨਹੀਂ ਕੀਤੀ (ਵਿਘਨ) ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। Please resume your seat. You are interrupting the hon. Member only, (He has not yet started his speech (*Interruption*) This is no point of order. Please resume your seat. You are interrupting the hon. Member.)

ਸਰਦਾਰ ਬਸੰਤ ਸਿੰਘ ਖਾਲਸਾ : ਗਲਤ ਗੱਲ ਹੈ। ਮੈਨੂੰ ਪੁਆਇੰਟ ਆਫ਼ ਆਰਡਰ ਕਰਨ ਦਿਉ। ਮੈਨੂੰ ਸੁਣ ਤਾਂ ਲਵੋ (ਵਿਘਨ)

ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ।

ਸ਼੍ਰੀ ਸਪੀਕਰ : ਤੁਸੀਂ ਵਿਚ ਹੀ ਬੋਲਣਾ ਸ਼ੁਰੂ ਕਰ ਦਿੱਤਾ ਹੈ। (You have started interrupting the hon. Member Dr. Amir Singh Kalkat)

ਸਰਦਾਰ ਬਸੰਤ ਸਿੰਘ ਖਾਲਸਾ : ਤੁਸੀਂ ਸੁਣੋ ਤਾਂ ਸਹੀ।

Mr. Speaker : I can not allow.

ਡਾਕਟਰ ਅਮੀਰ ਸਿੰਘ ਕਲਕਟ : ਇਸ ਸਰਕਾਰ ਨੇ ਜ਼ਿਮੀਂਦਾਰਾਂ ਨੂੰ ਰਾਹਤ ਦਿੱਤੀ ਹੈ।

(ਸਰਦਾਰ ਬਸੰਤ ਸਿੰਘ ਖਾਲਸਾ ਬੋਲਣ ਵਾਸਤੇ ਖੜੇ ਰਹੇ।)

ਸਰਕਾਰ ਨੇ ਫੂਡ ਗਰੇਨ ਦੇ ਭਾਅ ਠੀਕ ਰੱਖੇ। ਕਣਕ ਦੇ ਭਾਅ ਠੀਕ ਰੱਖੇ ਗਏ। (ਵਿਘਨ) ਕਣਕ ਦੇ ਭਾਅ ਵਧੇ, ਮਹਿੰਗਾਈ ਵੀ ਵਧ ਗਈ, ਕੱਪੜੇ ਦੇ ਭਾਅ ਵੱਧ ਗਏ ...

ਸਰਦਾਰ ਬਸੰਤ ਸਿੰਘ ਖਾਲਸਾ : * * * *

ਸ਼੍ਰੀ ਸਪੀਕਰ : ਖਾਲਸਾ ਜੀ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever Mr. Khalsa is saying should not be recorded.)

ਸਰਦਾਰ ਬਸੰਤ ਸਿੰਘ ਖਾਲਸਾ : * * * *

---

*Expunged/Not recorded as ordered by the Chair,

ਸ੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ। ਤੁਸੀਂ ਹਾਊਸ ਦੀਆਂ ਪਰੋਸੀਡਿੰਗਜ਼ ਨੂੰ ਭੰਗ ਕਰ ਰਹੇ ਹੋ। (It should not be recorded. You are obstructing the proceedings of the House.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ..... (ਵਿਘਨ)

Mr. Speaker : I will read out rule 104 of the Rules of Procedure and Conduct of Business in the Punjab Legislative Assembly. It reads :—

> "When for the purpose of explanation during discussion or for any other sufficient reason, any member has occasion to ask a question of another member on any matter than under consideration of the Assembly, he shall ask the question through the Speaker."

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ ਮੈਨੂੰ ਸੁਣ...... (ਵਿਘਨ)

ਸ੍ਰੀ ਸਪੀਕਰ : ਅਜੇ ਉਨ੍ਹਾਂ ਨੇ ਸਪੀਚ ਨਹੀਂ ਕੀਤੀ, ਉਨ੍ਹਾਂ ਨੂੰ ਸਪੀਚ ਕਰ ਲੈਣ ਦਿਓ ਜੇ ਕੋਈ ਕੁਐਸ਼ਚਨ ਆਵੇਗਾ ਤਾਂ ਤੁਸੀਂ ਇਜਾਜ਼ਤ ਲੈ ਕੇ ਫਿਰ ਕਹਿ ਲੈਣਾ। (He has not yet started his speech. Please listen to him and if there is anything on which you want to have clarification, you can do so after obtaining permission.)

ਸਰਦਾਰ ਬਸੰਤ ਸਿੰਘ ਖਾਲਸਾ : ਹੁਣ ਤਾਂ ਪੁਆਇੰਟ ਆਫ ਆਰਡਰ ਬਣਦਾ ਹੈ ਕਿਉਂਕਿ ਉਨ੍ਹਾਂ ਨੇ ਸਪੀਚ ਸ਼ੁਰੂ ਕੀਤੀ ਹੋਈ ਹੈ।

ਡਾਕਟਰ ਅਮੀਰ ਸਿੰਘ ਕਲਕਟ : ਇਸ ਸਰਕਾਰ ਨੇ ਬੜੇ ਅੱਛੇ ਕੰਮ ਕੀਤੇ ਹਨ। ਐਨੀਮਲ ਹਸਬੈਂਡਰੀ ਨੇ ਬੜੀ ਤਰੱਕੀ ਕੀਤੀ ਹੈ। ਕਾਂਗਰਸ ਦੀ ਦਿੱਲੀ ਵਿਚ ਜਿਹੜੀ ਮੀਟਿੰਗ ਹੋਈ ਸੀ...

(ਸਰਦਾਰ ਬਸੰਤ ਸਿੰਘ ਖਾਲਸਾ ਬੋਲਣ ਵਾਸਤੇ ਖੜੇ ਹੋਏ)

Mr. Speaker : Please resume your seat.

ਡਾਕਟਰ ਅਮੀਰ ਸਿੰਘ ਕਲਕਟ : ਮੈਂ ਬੇਨਤੀ ਕਰ ਰਿਹਾ ਸੀ ਕਿ ਪੰਜਾਬ ਦੀ ਐਨੀਮਲ ਹਸਬੈਂਡਰੀ ਨੇ ਬੜੇ ਅੱਛੇ ਕੰਮ ਕਰਕੇ ਇਨਾਮ ਲਏ ਹਨ। ਪੰਜਾਬ ਹਰ ਫੀਲਡ ਵਿਚ ਤਰੱਕੀ ਕਰ ਰਿਹਾ ਹੈ। ਇਹੀ ਵਜਾਹ ਹੈ ਕਿ ਸਾਡੀ ਆਪੋਜ਼ੀਸ਼ਨ ਦੇ ਲੀਡਰ ਅਤੇ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਇਸ ਗੱਲ ਦੀ ਤਕਲੀਫ ਹੈ ਕਿ ਪੰਜਾਬ ਦੇ ਹਰ ਕਮਿਊਨਿਟੀ ਦੇ ਲੋਕ, ਹਰ ਸ਼ੋਭੇ ਦੇ ਲੋਕ ਇਥੇ ਰਹਿਣ ਵਾਲੇ ਖੁਸ਼ ਕਿਉਂ ਹਨ। (ਵਿਘਨ) ਉਹ ਇਸ ਸਰਕਾਰ ਦੇ ਕੀਤੇ ਚੰਗੇ ਕੰਮਾਂ ਤੇ ਖੁਸ਼ ਹਨ। (ਤਾੜੀਆਂ) ਤੁਹਾਨੂੰ ਯਾਦ ਹੋਵੇਗਾ ਜਿਸ ਵੇਲੇ ਸਾਡੇ ਹਰਮਨ ਪਿਆਰੇ ਪ੍ਰਾਈਮ ਮਨਿਸਟਰ ਨੇ ਪੰਜਾਬ ਵਿਚ ਆਕੇ ਲੁਧਿਆਣਾ ਵਿਖੇ ਡੇਅਰੀ ਪਲਾਂਟ ਓਪਨ ਕੀਤਾ ਸੀ ਤਾਂ ਉਸ ਵੇਲੇ ਜਿਹੜੀਆਂ ਸਪੀਚਾਂ ਕੀਤੀਆਂ ਸਨ ਉਸ ਉਤੇ ਪੰਜਾਬ ਨੂੰ ਨਾਜ਼ ਹੈ।

11.10 A.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਹੁਣ ਮੈਂ ਕੋਆਪਰੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਮੈਂ ਕਹਿੰਦਾ ਹਾਂ ਕਿ ਕੋਆਪਰੇਸ਼ਨ ਨੂੰ ਆਈ. ਏ. ਐਸ. ਤੋਂ ਫਰੀ ਕਰ ਦਿਓ। ਜਦੋਂ ਤੋਂ ਕੋਆਪਰੇਸ਼ਨ ਵਿਚ ਆਈ. ਏ. ਐਸ. ਆਏ ਹਨ ਉਦੋਂ ਤੋਂ

ਕੋਆਪਰੇਸ਼ਨ ਦਾ ਕੰਮ ਠੀਕ ਨਹੀਂ ਚੱਲ ਰਿਹਾ। ਇਹ ਜਿਹੜੇ ਯੰਗਸਟਰ ਆਈ. ਏ. ਐਸ. ਕੋਆਪਰੇਸ਼ਨ ਵਿਚ ਲੱਗ ਰਹੇ ਹਨ ਇਹ ਭਾਵੇਂ ਆਪਣੇ ਆਪ ਨੂੰ ਹਰ ਚੀਜ਼ ਵਿਚ ਐਕਸਪਰਟ ਸਮਝਦੇ ਹਨ ਪਰ ਇਹ ਕੋਆਪਰੇਸ਼ਨ ਵਿਚ ਕਾਮਯਾਬ ਨਹੀਂ ਹੋਏ। ਪਹਿਲਾਂ ਇਸਦਾ ਸੋਹਣ ਸਿੰਘ ਇੰਚਾਰਜ ਹੁੰਦਾ ਸੀ ਉਸ ਵੇਲੇ ਮਾਰਕਫੈਡ ਦੀ ਕੀ ਹਾਲਤ ਸੀ। ਉਸ ਵੇਲੇ ਕੋਆਪਰੇਸ਼ਨ ਦੀ ਹਾਲਤ ਬਹੁਤ ਅੱਛੀ ਸੀ। ਉਸ ਵੇਲੇ ਮਾਰਕਫੈਡ ਕਿਸ ਤਰ੍ਹਾਂ ਤਰੱਕੀ ਕਰ ਰਿਹਾ ਸੀ। ਪਰ ਜਦੋਂ ਦੇ ਇਹ ਯੰਗਸਟਰ ਆਈ. ਏ. ਐਸ. ਇਸ ਪਾਸੇ ਆਏ ਹਨ, ਭਾਵੇਂ ਇਹ ਬੜੇ ਹੁਸ਼ਿਆਰ ਅਤੇ ਹਰ ਚੀਜ਼ ਨੂੰ ਸਮਝਦੇ ਹੁੰਦੇ ਹਨ ਪਰ ਉਹ ਕੋਆਪਰੇਸ਼ਨ ਨੂੰ ਚੰਗੀ ਤਰ੍ਹਾਂ ਸੰਭਾਲ ਨਹੀਂ ਸਕਦੇ। ਇਸ ਵੇਲੇ ਕੋਆਪਰੇਸ਼ਨ ਵਿਚ ਬੜੀ ਕੁਰੱਪਸ਼ਨ ਹੈ। ਮੈਂ ਸਮਝਦਾ ਹਾਂ ਕਿ ਜੇ ਕੋਆਪਰੇਸ਼ਨ ਵਿਚ ਕੋਆਪਰੇਸ਼ਨ ਮਹਿਕਮੇ ਦੇ ਆਦਮੀ ਲਿਆਓ ਤਾਂ ਕੋਆਪਰੇਸ਼ਨ ਚੰਗੀ ਹੋ ਸਕਦੀ ਹੈ (ਵਿਘਨ) ਪੰਜਾਬ ਦੇ ਕਿਸਾਨ ਨੂੰ ਇਸ ਕੋਆਪਰੇਸ਼ਨ ਦਾ ਬੜਾ ਫਾਇਦਾ ਹੋਇਆ ਹੈ। ਇਸ ਵੇਲੇ ਕੋਆਪਰੇਸ਼ਨ ਦੇ ਰਾਹੀਂ ਅਰਬਾਂ ਰੁਪਏ ਦਾ ਕਿਸਾਨਾਂ ਨੂੰ ਫਾਇਦਾ ਪਹੁੰਚਿਆ ਹੈ। (ਵਿਘਨ) ਬਾਦਲ ਸਾਹਿਬ ਦੇ ਵੇਲੇ 3 ਹਜ਼ਾਰ ਦੀ ਲਿਮਿਟ ਸੀ ਪਰ ਹੁਣ ਇਹ 9 ਹਜ਼ਾਰ ਦੀ ਲਿਮਿਟ ਹੈ। ਉਨ੍ਹਾਂ ਨੂੰ ਜ਼ਿਆਦਾ ਕਰੈਡਿਟ ਦੀ ਲੋੜ ਹੈ। (ਵਿਘਨ) ਸੀਡ ਮਹਿੰਗੇ ਹੋਏ ਹਨ, ਇਨਪੁਟਸ ਮਹਿੰਗੇ ਹੋਏ ਹਨ। ਇਸ ਵੇਲੇ ਜ਼ਿਮੀਦਾਰਾਂ ਨੂੰ ਜ਼ਿਆਦਾ ਕਰੈਡਿਟ ਦੀ ਲੋੜ ਹੈ। ਜਿੰਨਾਂ ਪੈਸਾ ਉਨ੍ਹਾਂ ਦੀ ਬਿਹਤਰੀ ਵਾਸਤੇ ਲਾਇਆ ਜਾਵੇ, ਠੀਕ ਹੈ। ਮੈਂ ਵੀ ਮੀਡੀਅਮ ਫਾਰਮਰ ਹਾਂ। ਮੈਂ ਵੀ ਵੇਖਿਆ ਹੈ ਕਿ ਜਿੰਨਾ ਢੇਰ ਖੇਤ ਨੂੰ ਪਾ ਦਿਓ ਉਨੀ ਹੀ ਉਸ ਵਿਚੋਂ ਫਸਲ ਲੈ ਲਵੋ। ਬਗੈਰ ਇਨਪੁਟਸ ਦੇ ਕੁਝ ਨਹੀਂ ਹੋ ਸਕਦਾ। (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੈਂ ਇਸ ਬਜਟ ਦੀ ਬੜੀ ਸ਼ਲਾਘਾ ਕਰਦਾ ਜੇ ਸਾਰੇ ਦਾ ਸਾਰਾ ਬਜਟ ਅਸੀਂ ਗਰੀਬਾਂ ਦੀ ਬਿਹਤਰੀ ਵਾਸਤੇ ਲਗਾ ਦਿੰਦੇ। ਅਸੀਂ ਗਰੀਬੀ ਹਟਾਓ ਦਾ ਜਿਹੜਾ ਨਾਹਰਾ ਲਾਇਆ ਸੀ, ਜਿਹੜਾ ਗਰੀਬਾਂ ਨੂੰ ਅਸੀਂ ਉਚਾ ਲਿਜਾਣਾ ਸੀ. ਅਸੀਂ ਗਰੀਬਾਂ ਨੂੰ ਚੰਗੇ ਮਕਾਨ ਦੇਣੇ ਸਨ, ਉਨ੍ਹਾਂ ਗਰੀਬਾਂ ਨਾਲ ਇਨ੍ਹਾਂ ਚੀਜ਼ਾਂ ਵਾਸਤੇ ਵਾਅਦਾ ਕੀਤਾ ਸੀ, ਅਸੀਂ ਇਹ ਗਰੀਬਾਂ ਵਾਸਤੇ ਜਿਹੜਾ ਨਾਹਰਾ ਲਾਇਆ ਸੀ ਜੇ ਇਹ ਪੂਰਾ ਹੋ ਸਕੇ ਤਾਂ ਇਸ ਬੱਜਟ ਦੀ ਬਹੁਤ ਸ਼ਲਾਘਾ ਕਰਦਾ। ਪਰ ਅਸੀਂ ਅਜੇ ਤੱਕ ਇਹ ਨਾਹਰਾ ਪੂਰਾ ਨਹੀਂ ਕਰ ਸਕੇ। ਉਸ ਦਾ ਵੀ ਕਾਰਨ ਹੈ। ਮੈਂ ਸਮਝਦਾ ਹਾਂ ਕਿ ਇਹ ਨੇਚਰ ਤੇ ਡਿਪੈਂਡ ਕਰਦਾ ਹੈ। ਫਾਈਨੈਂਸ਼ਅਲ ਸਟਰਿੰਜੈਂਸੀ ਆਉਣ ਕਰਕੇ ਇਹ ਵਾਅਦੇ ਪੂਰੇ ਨਹੀਂ ਕਰ ਸਕੇ। ਮੈਂ ਯਕੀਨ ਰਖਦਾ ਹਾਂ ਕਿ ਸਾਡੀ ਇਹ ਸਰਕਾਰ ਦਾ, ਗਿਆਨੀ ਜੀ ਦੀ ਸਰਕਾਰ ਦਾ, ਗਰੀਬੀ ਹਟਾਓ ਦਾ ਜਿਹੜਾ ਨਾਹਰਾ ਹੈ, ਇਹ ਗਰੀਬੀ ਹਟਾਉਣ ਲਈ ਪੂਰਾ ਯਤਨ ਕਰੇਗੀ। ਇਸ ਬਜਟ ਤੋਂ ਜ਼ਾਹਿਰ ਹੁੰਦਾ ਹੈ ਕਿ ਕਿੰਨਾ ਰੁਪਿਆ ਗਰੀਬ ਲੋਕਾਂ ਵਾਸਤੇ ਲਾਇਆ ਗਿਆ ਹੈ। ਮੈਂ ਸਰਕਾਰ ਨੂੰ ਸੁਝਾਓ ਦਿਆਂਗਾ ਕਿ ਇਹ ਜਿਹੜਾ ਬਜਟ ਸੜਕਾਂ ਅਤੇ ਸਕੂਲਾਂ ਆਦਿ ਵਾਸਤੇ ਰੱਖਿਆ ਹੈ, ਇਹ ਸਾਰਾ ਬਜਟ ਇਸ ਪਾਸੇ ਤੋਂ ਹਟਾਕੇ ਸਿਰਫ ਗਰੀਬਾਂ ਤੇ ਲਾਓ ਤਾਕਿ ਗਰੀਬੀ ਨੂੰ ਹਟਾਉਣ ਦਾ ਜਿਹੜਾ ਅਸੀਂ ਵਾਅਦਾ ਕੀਤਾ ਸੀ ਉਹ ਪੂਰਾ ਕਰ ਸਕੀਏ ਅਤੇ ਜਿਨ੍ਹਾਂ ਗਰੀਬਾਂ ਦੀ ਵਜਾਹ ਕਰਕੇ ਅਸੀਂ ਇਥੇ ਇਨ੍ਹਾਂ ਕੁਰਸੀਆਂ ਤੇ ਆਏ ਹਾਂ, ਉਨ੍ਹਾਂ ਲੋਕਾਂ ਦੀ ਭਲਾਈ ਕਰ ਸਕੀਏ।

ਸਾਡੀ ਸਰਕਾਰ ਨੇ ਗਰੀਬਾਂ ਨੂੰ ਸਰਵਿਸਿਜ਼ ਵਿਚ ਬਹੁਤ ਹਿੱਸਾ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਇਹ ਅਨਪਰੈਸੀਡੈਂਟਿਡ ਜਿਹਾ ਕੰਮ ਹੈ ਜਿਹੜਾ ਸਾਡੀ ਸਰਕਾਰ ਨੇ ਕੀਤਾ ਹੈ। ਮੈਂ ਕਹਾਂਗਾ ਕਿ ਇਸ ਤੋਂ ਵੀ ਵੱਧ ਉਨ੍ਹਾਂ ਨੂੰ ਸਰਵਿਸਿਜ਼ ਵਿਚ ਹਿੱਸਾ ਦੇਣਾ ਚਾਹੀਦਾ ਹੈ।

ਇੰਡਸਟਰੀ ਵਿਚ ਵੀ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਬਹੁਤ ਅੱਗੇ ਗਈ ਹੈ। ਹਰ ਜ਼ਿਲ੍ਹੇ ਵਿਚ ਹਰ ਜਗ੍ਹਾ ਫੋਕਲ ਪੁਆਇੰਟਸ ਨਜ਼ਰ ਆਉਂਦੇ ਹਨ ਅਤੇ ਨਵੀਆਂ ਇੰਡਸਟਰੀਆਂ ਇਵੇਂ ਲੱਗ ਰਹੀਆਂ ਹਨ ਜਿਵੇਂ ਕਿਤੇ ਅਲਾਹਦੀਨ ਦਾ ਚਰਾਗ ਹੁੰਦਾ ਹੈ।

[ਡਾਕਟਰ ਅਮੀਰ ਸਿੰਘ ਕਲਕਟ]

ਜਿਥੇ ਸਾਡਾ ਸੂਬਾ ਇੰਡਸਟਰੀ ਵਿਚ ਅੱਗੇ ਜਾ ਰਿਹਾ ਹੈ ਉਥੇ ਐਗਰੀਕਲਚਰ ਵਿਚ ਸਭ ਤੋਂ ਅੱਗੇ ਹੈ। ਸਾਡੇ ਸੂਬੇ ਨੇ ਐਗਰੀਕਲਚਰ ਦੇ ਖੇਤਰ ਵਿਚ ਬਹੁਤ ਤਰੱਕੀ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇੰਡਸਟਰੀ ਵਿਚ ਵੀ ਅਸੀਂ ਹੋਰ ਅੱਗੇ ਆ ਜਾਵਾਂਗੇ ਜੇ ਗਿਆਨੀ ਜੀ ਦੀ ਅਗਵਾਈ ਸਾਨੂੰ ਮਿਲਦੀ ਰਹੀ।

ਸਾਡੀ ਸਰਕਾਰ ਗਰੀਬਾਂ ਦਾ ਪੂਰਾ ਪੂਰਾ ਖਿਆਲ ਕਰਦੀ ਹੈ। ਗਰੀਬਾਂ ਵਾਸਤੇ ਜੰਝਘਰਾਂ ਦਾ ਪ੍ਰਬੰਧ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਇਸ ਸਾਲ ਇਹ ਜਿਹੜਾ ਜੰਝਘਰਾਂ ਦਾ ਟੀਚਾ ਹੈ ਇਹ ਪੂਰਾ ਕਰ ਦੇਣਾ ਚਾਹੀਦਾ ਹੈ।

ਇਸ ਤੋਂ ਅੱਗੇ ਮੈਂ ਇਕ ਹੋਰ ਸੁਝਾਓ ਦਿਆਂਗਾ ਅਤੇ ਮੇਰੀ ਸਰਕਾਰ ਉਸਨੂੰ ਜ਼ਰੂਰ ਕਬੂਲ ਕਰੇਗੀ ਕਿ ਇਨ੍ਹਾਂ ਗਰੀਬਾਂ ਨੂੰ ਰਾਹਤ ਦੇਣ ਵਾਸਤੇ ਅਤੇ ਉਨ੍ਹਾਂ ਦੀ ਜ਼ਿੰਦਗੀ ਵਿਚ ਰੰਗੀਨੀ ਲਿਆਉਣ ਵਾਸਤੇ ਉਨ੍ਹਾਂ ਵਾਸਤੇ ਟੈਲੀਵੀਜ਼ਨ ਸੈਟਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। (ਤਾੜੀਆਂ) ਇਸ ਬਜਟ ਵਿਚ ਇਹ ਪ੍ਰੋਵੀਜ਼ਨ ਜ਼ਰੂਰ ਕੀਤਾ ਜਾਵੇ। ਗਰੀਬ ਲੋਕਾਂ ਦੀ ਜ਼ਿੰਦਗੀ ਚੰਗੀ ਬਣਾਉਣ ਲਈ ਇਹ ਬਹੁਤ ਜ਼ਰੂਰੀ ਹੈ। ਉਹ ਆਪ ਤਾਂ ਟੈਲੀਵੀਜ਼ਨ ਸੈਟ ਨਹੀਂ ਲੈ ਸਕਦੇ ਪਰ ਸਰਕਾਰ ਨੂੰ ਜ਼ਰੂਰ ਇਸ ਪਾਸੇ ਧਿਆਨ ਦੇ ਕੇ ਇਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਟੈਲੀਵੀਜ਼ਨ ਇਕ ਇਹੋ ਜਿਹੀ ਚੀਜ਼ ਹੈ ਜਿਹੜੀ ਮੈਂ ਸਮਝਦਾ ਹਾਂ ਕਿ ਆਮ ਜ਼ਿੰਦਗੀ ਦਾ ਬੜਾ ਜ਼ਰੂਰੀ ਹਿੱਸਾ ਹੈ ਜਿਸ ਤੋਂ ਸਾਨੂੰ ਸਾਇੰਸ, ਟੈਕਨੋਲੋਜ਼ੀ ਅਤੇ ਹੋਰ ਬਾਹਰਲੇ ਲੋਕਾਂ ਦੀ ਕਲਚਰ ਆਦਿ ਦਾ ਪਤਾ ਲੱਗਦਾ ਹੈ। ਟੈਲੀਵੀਜ਼ਨ ਮਕੈਨਿਕਾਂ ਨੂੰ ਟਰੇਨਿੰਗ ਦੇਣਾ ਜੋ ਹੈ, ਇਹ ਬੜਾ ਜ਼ਰੂਰੀ ਹੈ, ਇਸ ਬਾਰੇ ਚਾਹੇ ਸਾਨੂੰ ਆਪਣੀ ਫੈਕਟਰੀ ਲਾਉਣੀ ਪਵੇ, ਲੋਕਾਂ ਨੂੰ ਚੀਪ ਰੇਟ ਤੇ ਟੈਲੀਵੀਜ਼ਨ ਦੇਣੇ ਚਾਹੀਦੇ ਹਨ। ਮੈਂ ਜਦ ਆਪਣੇ ਹਲਕੇ ਵਿਚ ਜਾਂਦਾ ਹਾਂ ਅਤੇ ਛੋਟੇ ਛੋਟੇ ਰੇਡਿਓ ਸੈਟ ਜਦ ਮੈਂ ਆਪ ਲੋਕਾਂ ਕੋਲ, ਲਕੜਾਂ ਪਾੜਨ ਵਾਲਿਆਂ ਕੋਲ ਜਾਂ ਹੋਰ ਗਰੀਬ ਲੋਕਾਂ ਕੋਲ ਦੇਖਦਾ ਹਾਂ ਤਾਂ ਮੈਨੂੰ ਬੜੀ ਖੁਸ਼ੀ ਹੁੰਦੀ ਹੈ।

ਗਿਆਨੀ ਕੁੰਦਨ ਸਿੰਘ ਪਤੰਗ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਇਕੱਲਾ ਹੀ ਨਾ ਸਮਝੀ ਜਾਵੇ, ਇਹ ਇਸ ਤਰ੍ਹਾਂ ਬੋਲੇ ਕਿ ਸਾਡੇ ਪੱਲੇ ਵੀ ਕੁਝ ਪਵੇ।

ਸ਼੍ਰੀ ਪ੍ਰੇਮ ਗੁਪਤਾ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਪਤੰਗ ਸਹਿਬ ਨੂੰ ਉਨ੍ਹਾਂ ਦੇ ਬੋਲਣ ਤੇ ਵੀ ਇਤਰਾਜ਼ ਹੈ। ਡਾਕਟਰ ਸਾਹਿਬ ਨੂੰ ਅਸੀਂ ਰਾਜ ਸਭਾ ਵਿਚ ਭੇਜਣਾ ਹੈ। ਉਥੇ ਵੀ ਉਹ ਬੋਲਣਗੇ। ਇਸ ਲਈ ਮੇਰੀ ਅਰਜ਼ ਹੈ ਕਿ ਇਨ੍ਹਾਂ ਨੂੰ ਡਾਕਟਰ ਸਾਹਿਬ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ।

ਡਾਕਟਰ ਅਮੀਰ ਸਿੰਘ ਕਲਕਟ : ਮੈਂ ਰਾਜ ਸਭਾ ਵਿਚ ਨਹੀਂ ਜਾਣਾ, ਮੈਂ ਤਾਂ ਇਥੇ ਹੀ ਰਹਿਣਾ ਹੈ।

ਸੋ ਮੈਂ ਵੇਲਫੇਅਰ ਆਫ ਸ਼ਡਿਊਲਡ ਕਾਸਟਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਜਿਹੜੀ ਸਾਡੀ ਬੈਕ ਬੋਨ ਹੈ। ਸਾਨੂੰ ਉਸ ਦੀ ਤਰੱਕੀ ਵਾਸਤੇ ਵੱਧ ਤੋਂ ਵੱਧ ਪੈਸੇ ਲਾਉਣੇ ਚਾਹੀਦੇ ਹਨ। ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਸ਼ਡਿਊਲਡ ਕਾਸਟਸ ਦੇ ਨਾਮ ਤੇ ਅਗਰ ਅਮੀਰ ਲੋਕਾਂ ਤੇ ਕੋਈ ਟੈਕਸ ਵੀ ਲਾਉਣਾ ਪਵੇ ਤਾਂ ਲਾ ਦੇਣਾ ਚਾਹੀਦਾ ਹੈ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਜਿਹੜੀ ਸਾਡੀ ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਹੈ ਉਸ ਨੇ ਸਾਡੀ ਗਰੀਬ ਆਵਾਮ ਦੀ ਬੜੀ ਮਦਦ ਕੀਤੀ ਹੈ। ਮੇਰਾ ਹਲਕਾ, ਡਿਪਟੀ ਸਪੀਕਰ ਸਾਹਿਬ, ਬਹੁਤ

ਗਰੀਬ ਲੋਕਾਂ ਦਾ ਹਲਕਾ ਹੈ ਔਰ ਮੈਂ ਕਈ ਲੋਕਾਂ ਨੂੰ ਲੋਨ ਦਿਵਾਇਆ ਹੈ ਅਤੇ ਉਹ ਬੜੀ ਅੱਛੀ ਤਰ੍ਹਾਂ ਆਪਣੀ ਹਾਲਤ ਨੂੰ ਸੁਧਾਰ ਰਹੇ ਹਨ। ਮੈਂ ਸਮਝਦਾ ਹਾਂ ਕਿ ਇਸ ਦੇ ਲਈ ਬਹੁਤ ਥੋੜਾ ਜਿਹਾ ਰੁਪਿਆ ਰਖਿਆ ਹੈ, ਇਸ ਦੇ ਨਾਲ ਕੋਈ ਬਹੁਤਾ ਗਰੀਬਾਂ ਦਾ ਭਲਾ ਨਹੀਂ ਹੋਣਾ। ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦੇ ਲਈ ਹੋਰ ਜ਼ਿਆਦਾ ਰੁਪਿਆ ਜਿਤਨਾ ਰੱਖ ਸਕਦੇ ਹੋ, ਰੱਖਣਾ ਚਾਹੀਦਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਨਵਾਇਰਨਮੈਂਟਲ ਸਕੀਮਜ਼ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਇਸ ਸਕੀਮ ਵਿਚ 120 ਪਿੰਡਾਂ ਨੂੰ ਲਿਆਉਣਾ ਹੈ ਜਿਹੜੀ ਕਿ ਮੈਂ ਸਮਝਦਾ ਹਾਂ ਕਿ ਬਹੁਤੀ ਸ਼ਲਾਘਾ-ਯੋਗ ਗੱਲ ਨਹੀਂ ਹੈ। ਇਸ ਸਕੀਮ ਨੂੰ ਵਾਰ ਫੁਟਿੰਗ ਤੇ ਲੈ ਕੇ ਹਰ ਹਰੀਜਨ ਬਸਤੀ ਨੂੰ ਸੁਧਾਰਨਾ ਚਾਹੀਦਾ ਹੈ। ਜਿਹੜੇ ਵਡੇ ਜ਼ਿਮੀਂਦਾਰ ਹੁੰਦੇ ਹਨ ਉਹ ਜਿੰਨਾ ਪਾਣੀ ਹੁੰਦਾ ਹੈ ਉਹ ਹਰੀਜਨਾਂ ਦੀਆਂ ਬਸਤੀਆਂ ਵਿਚ ਸੁਟ ਦਿੰਦੇ ਹਨ ਔਰ ਫਿਰ ਉਨ੍ਹਾਂ ਦੀਆਂ ਬਸਤੀਆਂ ਵਿਚ ਬਿਮਾਰੀਆਂ ਆ ਜਾਂਦੀਆਂ ਹਨ, ਬਦਬੂ ਵਗੈਰਾ ਫੈਲ ਜਾਂਦੀ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਹਰ ਹਰੀਜਨ ਬਸਤੀ ਨੂੰ ਸੁਧਾਰਨਾ ਚਾਹੀਦਾ ਹੈ, ਉਸ ਦੀ ਸਫਾਈ ਵਗੈਰਾ ਕਰਵਾਉਣੀ ਚਾਹੀਦੀ ਹੈ। (ਵਿਘਨ)

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਐਜੂਕੇਸ਼ਨ ਦੇ ਲਈ ਬਹੁਤ ਕੁਝ ਕੀਤਾ ਹੈ। 500 ਪ੍ਰਾਇਮਰੀ ਸਕੂਲ ਨਵੇਂ ਖੋਲ੍ਹੇ ਹਨ। ਪਿੰਡ ਪਿੰਡ ਨੂੰ ਪ੍ਰਾਇਮਰੀ ਸਕੂਲ ਦਿਤੇ ਹਨ। ਮੈਂ ਸਮਝਦਾ ਹਾਂ ਕਿ ਇਹ ਬੜੀ ਹੀ ਸ਼ਲਾਘਾਯੋਗ ਗੱਲ ਹੈ। ਫਿਰ 200 ਪ੍ਰਾਇਮਰੀ ਸਕੂਲਾਂ ਨੂੰ ਅਸੀਂ ਅੱਪਗਰੇਡ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਵੀ ਇਕ ਬਹੁਤ ਵਡੀ ਗੱਲ ਹੈ। ਹਾਈ ਸਕੂਲਾਂ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੇਵਲ 25 ਸਕੂਲ ਅੱਪਗ੍ਰੇਡ ਕੀਤੇ ਹਨ, ਇਸ ਪਾਸੇ ਵਲ ਹੋਰ ਧਿਆਨ ਦੇਣਾ ਚਾਹੀਦਾ ਹੈ। ਇਕ ਗਲ ਮੈਂ ਆਪਣੀ ਸਰਕਾਰ ਨੂੰ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਐਜੂਕੇਸ਼ਨ ਨੂੰ ਹੋਰ ਜ਼ਿਆਦਾ ਪੈਸੇ ਦੇ ਕੇ ਇਸ ਦੀ ਤਰੱਕੀ ਵਲ ਧਿਆਨ ਦੇਣਾ ਚਾਹੀਦਾ ਹੈ। ਇਥੇ ਪੰਜਾਬ ਵਿਚ ਐਜੂਕੇਸ਼ਨ ਦੀ ਭੁੱਖ ਜ਼ਿਆਦਾ ਹੈ ਅਤੇ ਮੈਂ ਸਮਝਦਾ ਹਾਂ ਕਿ ਲਿਟਰੇਸੀ ਦੀ ਜਿਹੜੀ ਪਰਸੈਂਟੇਜ ਹੈ, ਇਸ ਨੂੰ ਵਧਾਉਣਾ ਚਾਹੀਦਾ ਹੈ। ਜਦੋਂ ਤਕ ਕੋਈ ਇਨਸਾਨ ਪੜ੍ਹਿਆ ਲਿਖਿਆ ਨਾ ਹੋਵੇ, ਮੈਂ ਸਮਝਦਾ ਹਾਂ ਕਿ ਉਹ ਇਕ ਕਿਸਮ ਦਾ ਅੰਧਾ ਜਿਹਾ ਹੁੰਦਾ ਹੈ ਅਤੇ ਉਸ ਨੂੰ ਕੁਝ ਪਤਾ ਹੀ ਨਹੀਂ ਲਗ ਸਕਦਾ। ਉਹ ਆਪਣਾ ਰੋਜ਼ਗਾਰ ਪੈਦਾ ਨਹੀਂ ਕਰ ਸਕਦਾ ਅਤੇ ਹਰ ਗਲ ਵਿਚ ਪਿਛੇ ਹੀ ਤੁਰਿਆ ਰਹਿੰਦਾ ਹੈ।

ਇਕ ਗੱਲ ਮੈਂ, ਡਿਪਟੀ ਸਪੀਕਰ ਸਾਹਿਬ, ਆਪਣੇ ਵਿਦਿਆ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਸਾਰਾ ਸਾਲ ਹੀ ਟੀਚਰਾਂ ਦੀਆਂ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ, ਇਹ ਕੋਈ ਅੱਛੀ ਗੱਲ ਨਹੀਂ ਹੈ। ਤਬਦੀਲੀਆਂ ਦਾ ਸਿਸਟਮ ਕੋਈ ਚੰਗਾ ਹੋਣਾ ਚਾਹੀਦਾ ਹੈ। ਮੇਰਾ ਖਿਆਲ ਹੈ ਕਿ ਮਈ ਦੇ ਮਹੀਨੇ ਵਿਚ ਟੀਚਰਾਂ ਦੀਆਂ ਤਬਦੀਲੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਇਕ ਮਹੀਨਾ ਉਨ੍ਹਾਂ ਦੀ ਅਪੀਲ ਸੁਨਣ ਵਾਸਤੇ ਰਖ ਕੇ ਫਿਰ ਕੋਈ ਟਰਾਂਸਫਰ ਨਹੀਂ ਕਰਨੀ ਚਾਹੀਦੀ। ਹਰ ਵੇਲੇ, ਹਰ ਮੌਸਮ ਵਿਚ ਤਬਦੀਲੀਆਂ ਹੋਣ ਨਾਲ ਟੀਚਰ ਇਹ ਮਹਿਸੂਸ ਕਰਦੇ ਹਨ ਕਿ ਉਹ ਇਸ ਮਾਮਲੇ ਵਿਚ ਕੋਈ ਸੈਕਿਉਰ ਨਹੀਂ। ਇਸ ਲਈ ਵਿਦਿਆ ਮੰਤਰੀ ਜੀ ਅੱਗੇ ਮੇਰੀ ਬੇਨਤੀ ਹੈ ਕਿ ਇਹ ਤਬਦੀਲੀਆਂ ਸਾਰਾ ਸਾਲ ਨਹੀਂ ਹੋਣੀਆਂ ਚਾਹੀਦੀਆਂ ਅਤੇ ਇਸ ਦੇ ਲਈ ਕੋਈ ਟਾਈਮ ਮੁਕਰਰ ਹੋਣਾ ਚਾਹੀਦਾ ਹੈ।

ਇਕ ਗਲ ਮੈਂ, ਡਿਪਟੀ ਸਪੀਕਰ ਸਾਹਿਬ, ਆਪਣੇ ਵਿਦਿਆ ਮੰਤਰੀ ਜੀ ਨੂੰ ਜ਼ਰੂਰ ਹੋਰ ਕਹਾਂਗਾ ਕਿ ਜਿਹੜੇ ਵੱਡੇ ਵੱਡੇ ਸਰਦਾਰਾਂ ਦੇ ਪਿੰਡ ਹਨ ਉਥੇ ਮਿਡਲ ਸਕੂਲ ਜ਼ਰੂਰ ਬਣਾਉਣ। ਇਹ ਲੋਕ ਆਪਣੇ ਪਿੰਡਾਂ ਵਿਚ ਮਿਡਲ ਸਕੂਲ ਖੁਲ੍ਹਣੇ ਪਸੰਦ ਨਹੀਂ ਕਰਦੇ। ਬਾਦਲ ਸਾਹਿਬ ਵੀ ਚੀਫ

[ਡਾਕਟਰ ਅਮੀਰ ਸਿੰਘ ਕਲਕਟ]

ਮਨਿਸਟਰ ਰਹੇ ਹਨ ਅਤੇ ਇਨ੍ਹਾਂ ਨੇ ਆਪਣੀ ਸਰਕਾਰ ਦੇ ਰਾਜ ਵਿਚ ਕੋਈ ਵੀ ਮਿਡਲ ਸਕੂਲ ਆਪਣੇ ਪਿੰਡ ਵਿਚ ਨਹੀਂ ਖੋਲ੍ਹਿਆ । ਚਾਰ ਚਾਰ ਮੀਲ ਤੋਂ ਮੁੰਡੇ ਪੜ੍ਹਨ ਵਾਸਤੇ ਜਾਂਦੇ ਹਨ । (ਵਿਘਨ) ਵੱਡੇ ਵੱਡੇ ਸਰਦਾਰਾਂ ਦੀ ਮੈਨਟੈਲਟੀ ਹੀ ਕੋਈ ਇਸ ਕਿਸਮ ਦੀ ਹੈ ਅਤੇ ਉਹ ਚਾਹੁੰਦੇ ਹਨ ਕਿ ਪਿੰਡ ਵਿਚ ਕੋਈ ਮਿਡਲ ਸਕੂਲ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਜੋ ਮੁਜ਼ਾਰੇ ਗਰੀਬ ਵਰਗ ਦੇ ਲੋਕ ਹਨ, ਉਹ ਪੜ੍ਹ ਜਾਣਗੇ ਅਤੇ ਉਨ੍ਹਾਂ ਦੇ ਵਿਚ ਜਾਗ੍ਰਿਤੀ ਆ ਜਾਵੇਗੀ । (ਵਿਘਨ)

PERSONAL EXPLANATION BY S. PARKASH SINGH BADAL

ਸਰਦਾਰ ਪਰਕਾਸ਼ ਸਿੰਘ ਬਾਦਲ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ ,ਸਰ । ਡਿਪਟੀ ਸਪੀਕਰ ਸਾਹਿਬ, ਇਹ ਹਾਊਸ ਨੂੰ ਬਿਲਕੁਲ ਮਿਸਲੀਡ ਕਰ ਰਹੇ ਹਨ । ਸਾਡੇ ਪਿੰਡ ਵਿਚ ਮਿਡਲ ਸਕੂਲ ਹਨ । ਮੇਰਾ ਖਿਆਲ ਹੈ ਕਿ ਜਿੰਨਾ ਸਾਡਾ ਡੀਵੈਲਪਡ ਵਿਲੇਜ ਹੈ ਉਤਨਾ ਸਾਰੇ ਪੰਜਾਬ ਵਿਚ ਹੋਰ ਕੋਈ ਡਿਵੈਲਪਡ ਵਿਲੇਜ ਨਹੀਂ ਹੈ । (ਵਿਘਨ)

GENERAL DISCUSSION ON THE BUDGET FOR THE YEAR, 1975-76 (*Resumption*)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਆਪਣੇ ਵਿਦਿਆ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੇ ਉਨ੍ਹਾਂ ਦੇ ਪਿੰਡਾਂ ਨੂੰ ਮਿਡਲ ਸਕੂਲ ਦਿਉਗੇ ਤਾਂ ਹੀ ਉਹ ਲੋਕ ਤਰੱਕੀ ਕਰ ਸਕਣਗੇ । ਨਾ ਉਹ ਲੋਕ ਅਖਬਾਰ ਪੜ੍ਹ ਸਕਦੇ ਹਨ ਅਤੇ ਨਾ ਹੀ ਦੁਨੀਆਂ ਨੂੰ ਜਾਣ ਸਕਦੇ ਹਨ । ਉਹ ਤਾਂ ਇਸ ਵੇਲੇ ਸਿਰਫ ਮਜ਼ਹਬ ਨੂੰ ਹੀ ਜਾਣਦੇ ਹਨ , ਹੋਰ ਕਿਸੇ ਚੀਜ਼ ਨੂੰ ਨਹੀਂ ਜਾਣਦੇ ।(ਵਿਘਨ)

ਡਿਪਟੀ ਸਪੀਕਰ ਸਾਹਿਬ, ਅਗਲੀ ਗੱਲ ਮੈਂ ਸੜਕਾਂ ਦੇ ਬਾਰੇ ਵਿਚ ਕਹਿਣੀ ਚਾਹੁੰਦਾ ਹਾਂ । ਸਾਡੀ ਸਰਕਾਰ ਨੇ ਇਸ ਦੇ ਲਈ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ । ਪਰ ਮੈਂ ਪੀ.ਡਬਲਯੂ.ਡੀ. ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਹਰ ਪਿੰਡ ਨੂੰ ਸੜਕਾਂ ਦੇ ਨਾਲ ਮਿਲਾ ਦੇਣ ਅਤੇ ਇਸ ਕੰਮ ਦੇ ਲਈ ਚਾਹੇ ਉਹ ਕਿਧਰੋਂ ਲੋਨ ਲੈਣ ਜਾਂ ਕਿਧਰੇ ਡਾਕਾ ਮਾਰਨ, ਪਰ ਹਰ ਪਿੰਡ ਨੂੰ ਸੜਕ ਦੇਣੀ ਚਾਹੀਦੀ ਹੈ ਇਹ ਨਾ ਹੋਵੇ ਕਿ ਜਿਹੜੇ ਹੁਸ਼ਿਆਰ ਮੈਂਬਰ ਹਨ, ਤੁਹਾਨੂੰ ਇਹ ਕਹਿਣ ਕਿ ਇਥੇ ਪੁਲ ਬਣਾ ਦਿਉ ਜਾਂ ਇਸ ਪੈਸੇ ਵਿਚੋਂ ਕੋਈ ਹੋਰ ਕੰਮ ਕਰ ਦਿਉ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ । ਸੜਕਾਂ ਬਣਾਉਣ ਦੇ ਬਾਰੇ ਸਾਡਾ ਜਿਹੜਾ ਵਾਇਦਾ ਲੋਕਾਂ ਨੂੰ ਕੀਤਾ ਹੋਇਆ ਹੈ । ਉਹ ਆਪਣਾ ਵਾਇਦਾ ਪੂਰਾ ਕਰਨਾ ਚਾਹੀਦਾ ਹੈ । ਇਥੇ ਸ੍ਰੀ ਕ੍ਰਿਸ਼ਨ ਲਾਲ ਜੀ ਵੀ ਮਨਿਸਟਰ ਰਹੇ ਸਨ ਉਨ੍ਹਾਂ ਨੇ ਇਹ ਵਾਇਦਾ ਕੀਤਾ ਸੀ ਕਿ ਅਸੀਂ ਦੋ ਸਾਲਾਂ ਵਿਚ ਸੜਕਾਂ ਨਾਲ ਪਿੰਡਾਂ ਨੂੰ ਮਿਲਾ ਦੇਵਾਂਗੇ । ਕਿਸ ਤਰ੍ਹਾਂ ਉਹ ਲੋਕ ਥੋਥੇ ਨਾਅਰੇ ਲਾ ਕੇ ਅਤੇ ਜਨਤਾ ਨੂੰ ਭੁਲੇਖੇ ਵਿਚ ਪਾ ਕੇ ਇਹ ਚਾਹੁੰਦੇ ਸਨ ਕਿ ਲੋਕ ਉਨ੍ਹਾਂ ਨੂੰ ਵੋਟ ਪਾਉਣ । (ਵਿਘਨ)

ਡਿਪਟੀ ਸਪੀਕਰ ਸਾਹਿਬ, ਫਿਰ ਇਕ ਬਹੁਤ ਹੀ ਅਹਿਮ ਮਸਲਾ ਨੈਸ਼ਨਲਾਈਜ਼ੇਸ਼ਨ ਆਫ਼ ਟਰਾਂਸਪੋਰਟ ਦਾ ਹੈ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ, ਸਾਡੇ ਚੀਫ਼ ਮਨਿਸਟਰ ਸਾਹਿਬ ਨੂੰ ਅਫ਼ਸਰਾਂ ਨੇ ਇਹ ਕਹਿ ਕੇ ਡਰਾ ਦਿਤਾ ਕਿ ਇਸ ਦੇ ਵਿਚ 50 ਕਰੋੜ ਰੁਪਏ ਦਾ ਮਸਲਾ ਹੈ । ਮੈਂ ਸਾਰੀਆਂ ਸਟੈਟਿਸਕਸ ਵਰਕ ਆਊਟ ਕੀਤੀਆਂ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਇਹ ਗਲ ਸਹੀ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਜੇ ਹੋਰ ਨਹੀਂ ਤਾਂ ਰੋਡਵੇਜ਼ ਦੇ ਨਾਲ ਦੀ ਇਕ ਕਾਰਪੋਰੇਸ਼ਨ ਬਣਾ ਦੇਣੀ ਚਾਹੀਦੀ ਹੈ । ਪਰ ਇਕ ਗਲ ਮੈਂ ਇਥੇ ਜ਼ਰੂਰ ਕਹਾਂਗਾ ਕਿ ਜਿਹੜਾ ਇਨਡੀਵੀਜੂਅਲ ਦਾ ਹਿਸਾ ਹੈ ਉਹ 5,000 ਰੁਪਏ ਤੋਂ ਵੱਧ ਨਾ ਹੋਵੇ । ਅਵਲ ਤਾਂ ਮੈਂ ਇਹ ਕਹਾਂਗਾ ਕਿ 2,000 ਰੁਪਏ ਤੋਂ ਵਧ ਨਾ ਹੋਵੇ ਪਰ 2,000 ਰੁਪਏ

ਨਹੀਂ ਤਾਂ 5,000 ਰੁਪਏ ਤੋਂ ਵਧ ਹਰਗਿਜ਼ ਨਹੀਂ ਹੋਣਾ ਚਾਹੀਦਾ । ਉਸ ਦੇ ਵਿਚ 40% ਸਰਕਾਰ ਦਾ ਅਤੇ 40% ਲੋਕਾਂ ਦਾ ਅਤੇ 20% ਰੇਲਵੇ ਦਾ ਹਿਸਾ ਪਾ ਕੇ ਬਣਾ ਦਿਉ ।(ਵਿਘਨ) ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਤਿਕਾਰਯੋਗ ਪ੍ਰਾਈਮ ਮਨਿਸਟਰ ਸਾਹਿਬ ਨੇ ਬੈਂਕਾਂ ਦੀ ਨੈਸ਼ਨੇਲਾਈਜ਼ੇਸ਼ਨ ਕਰਕੇ ਇਕ ਬੜਾ ਅੱਛਾ ਕੰਮ ਕੀਤਾ ਸੀ ਅਤੇ ਜਨਤਾ ਦੀ ਫੇਵਰ ਨੂੰ ਵਿਨ ਕੀਤਾ ਹੈ। ਅੱਜ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਸ਼ੂਗਰ ਇੰਡਸਟਰੀ ਨੂੰ ਨੈਸ਼ਨੇਲਾਈਜ਼ ਉਹ ਕਰ ਦੇਣ ਤਾਂ ਇਹ ਬਹੁਤ ਹੀ ਅੱਛਾ ਕਦਮ ਹੋਵੇਗਾ ਅਤੇ ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਸਾਡੇ ਵੱਲ 10 ਤੋਂ 15% ਤਕ ਵੋਟਾਂ ਕਨਵਰਟ ਹੋ ਸਕਦੀਆਂ ਹਨ । ਜੇ ਸੈਂਟਰਲ ਸਰਕਾਰ ਸ਼ੂਗਰ ਇੰਡਸਟਰੀਜ਼ ਨੂੰ ਨੈਸ਼ਨੇਲਾਈਜ਼ ਕਰ ਦੇਵੇ ਤਾਂ ਫਿਰ ਅਸੀਂ ਉਸੇ ਤਾਕਤ ਵਿਚ ਹੋਵਾਂਗੇ ਜਿਸ ਤਰ੍ਹਾਂ ਅਸੀਂ ਪਹਿਲੇ ਸੀ । (ਵਿਘਨ)

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਦੇ ਮਹਿਕਮੇਂ ਬਾਰੇ ਹੋਰ ਕਹਿਣਾ ਚਾਹੁੰਦਾ ਹਾਂ ਕਿ ਇਸ ਮਹਿਕਮੇ ਨੂੰ ਕੋਈ ਫਲਾਇੰਗ ਸਕੁਐਡ ਬਣਾ ਕੇ ਦੇਣਾ ਚਾਹੀਦਾ ਹੈ । ਇਸੇ ਸਕੁਐਡ ਦੇ ਵਿਚ ਇਨ੍ਹਾਂ ਦੇ ਆਪਣੇ ਮਹਿਕਮੇ ਦੇ ਬੰਦੇ ਨਹੀਂ ਹੋਣੇ ਚਾਹੀਦੇ, ਦੂਸਰਿਆਂ ਮਹਿਕਮਿਆਂ ਦੇ ਬੰਦੇ ਲਾਉਣੇ ਚਾਹੀਦੇ ਹਨ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਵਿਚ ਅਗਰ ਕੋਈ ਇਮਾਨਦਾਰ ਐਮ.ਐਲ.ਏ. ਹੋਵੇ,ਇਧਰ ਤਾਂ(ਕਾਂਗਰਸ ਪਾਰਟੀ ਵਲ ਇਸ਼ਾਰਾ) ਸਾਰੇ ਹੀ ਇਮਾਨਦਾਰ ਬੈਠੇ ਹਨ, ਤਾਂ ਬੇਸ਼ਕ ਉਸ ਨੂੰ ਹੀ ਇਸ ਦਾ ਇਨਚਾਰਜ ਬਣਾ ਦੇਣਾ ਚਾਹੀਦਾ ਹੈ । ਇਸ ਮਸਲੇ ਵਿਚ ਸਾਨੂੰ ਜ਼ਰਾ ਸਟਰਿਕਟ ਹੋਣਾ ਚਾਹੀਦਾ ਹੈ। ਜਦੋਂ ਅਸੀਂ ਬਸਾਂ ਦੇ ਵਿਚ ਜਾਂਦੇ ਹਾਂ ਤਾਂ ਦੇਖਦੇ ਹਾਂ ਕਿ ਸਾਡੀਆਂ ਅੱਖਾਂ ਦੇ ਸਾਹਮਣੇ 20% ਸਵਾਰੀਆਂ ਨੂੰ ਟਿਕਟਾਂ ਦਿੰਦੇ ਹਨ ਅਤੇ ਬਾਕੀ ਦੇ ਪੈਸੇ ਆਪਣੀਆਂ ਜੇਬ੍ਹਾਂ ਵਿਚ ਪਾ ਲੈਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੇਰੇ ਪਾਸ ਸੋਨੇ ਦਾ ਨਾ ਕੋਈ ਕੜਾ ਹੈ ਅਤੇ ਨਾਂ ਹੀ ਕੋਈ ਸੋਨੇ ਦੀ ਮੁੰਦਰੀ ਹੈ ਪਰ ਉਹ ਕੰਡਕਟਰ ਲੋਕ ਸੋਨੇ ਦੀਆਂ ਦੋ ਦੋ, ਤਿੰਨ ਤਿੰਨ ਮੁੰਦਰੀਆਂ ਅਤੇ ਸੋਨੇ ਦੇ ਕੜੇ ਪਾਈ ਫਿਰਦੇ ਹਨ (ਵਿਘਨ) (ਇਕ ਆਵਾਜ਼: ਇਹ ਲਾਹ ਕੇ ਰਖ ਆਉਂਦੇ ਹਨ) ਇਸ ਲਈ ਸਾਨੂੰ ਇਸ ਪਾਸੇ ਵਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਸਾਡਾ ਜਿਹੜਾ ਐਜੂਕੇਸ਼ਨ ਦਾ ਢਾਂਚਾ ਹੈ,ਉਸਨੂੰ ਜ਼ਰੂਰ ਤਬਦੀਲ ਕਰਨਾ ਚਾਹੀਦਾ ਹੈ। ਡਿਸਟ੍ਰਿਕਟ ਐਜੂਕੇਸ਼ਨ ਅਫ਼ਸਰ ਜਿਹੜੇ ਲਗਾਏ ਜਾਂਦੇ ਹਨ ਉਹ ਹੈਡ ਮਾਸਟਰਾਂ ਨਾਲੋਂ ਜ਼ਿਆਦਾ ਸੀਨੀਅਰ ਹੋਣੇ ਚਾਹੀਦੇ ਹਨ । ਜੂਨੀਅਰ ਬੰਦਿਆਂ ਨੂੰ ਡੀ.ਈ.ਓ. ਲਗਾ ਦਿਤਾ ਜਾਂਦਾ ਹੈ ਜਿਹੜੀ ਕਿ ਠੀਕ ਗੱਲ ਨਹੀਂ ਹੈ । ਫਿਰ ਜਿਹੜਾ ਬਚਿਆ ਨੂੰ ਮਿਡ ਡੇ ਮੀਲ ਦੇਣ ਦਾ ਸਿਲਸਿਲਾ ਚਲਾਇਆ ਗਿਆ ਸੀ ਉਹ ਵੀ ਬੜਾ ਭਾਰੀ ਸਕੈਂਡਲ ਬਣ ਗਿਆ ਹੈ । ਮੇਰਾ ਖਿਆਲ ਹੈ ਕਿ ਜੇ ਬੱਚਿਆਂ ਨੂੰ ਵੈਸੇ ਹੀ ਪੈਸੇ ਦਿਤੇ ਜਾਣ ਤਾਂ ਚੰਗਾ ਰਹੇਗਾ । ਇਸ ਲਈ ਇਹ ਜਿਹੜਾ ਮਿਡ ਡੇ ਮੀਲ ਦਾ ਸਿਸਟਮ ਹੈ ਇਸ ਨੂੰ ਖਤਮ ਕਰ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਡਾਇਰੈਕਟਰ, ਪ੍ਰਾਇਮਰੀ ਐਜੂਕੇਸ਼ਨ ਦੇ ਬਾਰੇ ਐਲਾਨ ਕੀਤਾ ਸੀ। ਉਸ ਦੇ ਲਈ ਮੈਂ ਇਹ ਜ਼ਰੂਰ ਕਹਾਂਗਾ ਕਿ ਛੇਤੀ ਹੀ ਇਹ ਬਣਾ ਦੇਣਾ ਚਾਹੀਦਾ ਹੈ ਤਾਂ ਕਿ ਜਿਹੜਾ ਪੁਰਾਣਾ ਐਜੂਕੇਸ਼ਨ ਦਾ ਸਟੈਂਡਰਡ ਹੈ ਉਸ ਨੂੰ ਬਦਲ ਸਕੀਏ । ਡਾਇਰੈਕਟਰ ਕੋਈ ਤਕੜਾ ਬਣਾਓ ਜਿਹੜਾ ਇਸ ਐਜੂਕੇਸ਼ਨ ਸਿਸਟਮ ਨੂੰ ਦਰੁੱਸਤ ਕਰ ਦੇਵੇ ਔਰ ਸਾਡਾ ਜਿਹੜਾ ਨਵਾਂ ਪੋਚ ਹੈ ,ਜਿਸ ਨੇ ਪੰਜਾਬ ਦੀ ਔਰ ਹਿੰਦੁਸਤਾਨ ਦੀ ਸਟੈਂਡਰਡ ਆਰਮਜ਼ ਬਣਨਾ ਹੈ, ਉਸ ਨੂੰ ਪੂਰੀ ਗਾਈਡੈਂਸ ਮਿਲ ਸਕੇ ।

[ਡਾਕਟਰ ਅਮੀਰ ਸਿੰਘ ਕਲਕਟ]

ਡਿਪਟੀ ਸਪੀਕਰ ਸਾਹਿਬ, ਸਿਵਲ ਐਵੀਏਸ਼ਨ ਲਈ ਜਿਹੜਾ ਰੁਪਿਆ ਰਖਿਆ ਹੈ ਇਹ ਬੜੀ ਅੱਛੀ ਚੀਜ਼ ਹੈ । ਸਾਨੂੰ ਪੰਜਾਬੀਆਂ ਨੂੰ ਜਿਥੇ ਅਸੀਂ ਹੋਰ ਸ਼ੋਭਿਆ ਵਿਚ ਅਗੇ ਹਾਂ ਸਿਵਲ ਐਵੀਏਸ਼ਨ ਵਿਚ ਵੀ ਅਗੇ ਹੋਣਾ ਚਾਹੀਦਾ ਹੈ । ਜਿਸ ਤਰ੍ਹਾਂ ਸਾਡੇ ਕਮਾਂਡਰ ਸੇਖੋਂ ਸਾਹਿਬ ਨੇ ਪਰਮ ਵੀਰ ਚੱਕਰ ਲਿਆ ਸੀ ਅਜਿਹੇ ਮੁਲਕ ਤੇ ਕੁਰਬਾਨ ਹੋਣ ਵਾਲੇ ਸਾਨੂੰ ਵੀਰ ਬਣਾਉਣੇ ਚਾਹੀਦੇ ਹਨ ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਜਿਹੜੀ ਵੋਕੇਸ਼ਨਲ ਐਜੂਕੇਸ਼ਨ ਹੈ, ਮੈਂ ਸਮਝਦਾ ਹਾਂ ਕਿ ਇਹ ਸਾਰੇ ਸਕੂਲਾਂ ਵਿਚ ਲਾਗੂ ਕਰਨੀ ਚਾਹੀਦੀ ਹੈ । ਮੈਂ ਸਮਝਦਾ ਹਾਂ ਕਿ ਹੁਣ ਤਕ ਅਸੀਂ ਉਹੀ ਪੁਰਾਣੇ ਵਾਈਟ ਬਾਬੂ ਹੀ ਪੈਦਾ ਕਰ ਰਹੇ ਹਾਂ । ਅਗਰ ਵੋਕੇਸ਼ਨਲ ਐਜੂਕੇਸ਼ਨ ਆ ਜਾਏ ਅਤੇ ਉਹ ਐਗਰੋ—ਇੰਡਸਟਰੀ ਤੇ ਬੇਸਡ ਹੋਵੇ ਤਾਂ ਜ਼ਿਆਦਾ ਫਾਇਦੇਮੰਦ ਹੋਵੇਗੀ ।

ਇਕ ਗੱਲ ਮੈਂ ਮੈਡੀਕਲ ਦੇ ਬਾਰੇ ਕਰਨਾ ਚਾਹੁੰਦਾ ਹਾਂ । ਮੈਨੂੰ ਇਸ ਬਾਰੇ ਬੜਾ ਰੋਸ ਹੈ । ਡਿਪਟੀ ਸਪੀਕਰ ਸਾਹਿਬ ,ਜਿਹੜੇ ਸਾਡੇ ਬੈਕਵਰਡ ਹਲਕੇ ਹਨ ਉਨ੍ਹਾਂ ਵਲ ਸਾਨੂੰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਪਰ ਸਾਡੇ ਹੈਲਥ ਮਨਿਸਟਰ ਸਾਹਿਬ, ਜ਼ਿਲ੍ਹਾ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜਿਹੜੇ ਕਿ ਪਛੜੇ ਹੋਏ ਹਨ , ਉਨ੍ਹਾਂ ਦੇ ਨੇੜੇ ਨਹੀਂ ਆਉਂਦੇ । ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਜੋ ਰੁਪਏ ਇਸ ਮੱਦ ਵਿਚ ਰੱਖੇ ਹਨ ਉਹ ਮੈਂਡਟਰੀ ਕਰ ਦੇਣੇ ਚਾਹੀਦੇ ਹਨ । ਜਿਹੜੇ ਮੈਡੀਕਲ ਮੰਥਨ ਦੇ ਪ੍ਰੋਗਰਾਮ ਹਨ ਜਾਂ ਇਸ ਕਿਸਮ ਦੇ ਜਿਹੜੇ ਅੱਛੇ ਕੰਮ ਹਨ ਉਹ ਜ਼ਰੂਰ ਕਰ ਦੇਣੇ ਚਾਹੀਦੇ ਹਨ ।

ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ, ਪੰਚਾਇਤੀ ਰਾਜ ਦੀ ਆਰਗਨਾਈਜ਼ੇਸ਼ਨ ਨੂੰ ਮਜ਼ਬੂਤ ਕੀਤਾ ਹੈ ਜਿਹੜੀ ਕਿ ਸਾਡੀ ਡੈਮੋਕਰੈਸੀ ਦੀ ਰੂਟ ਹੈ ਅਤੇ ਜਿਹੜੀ ਸਾਡੀ ਸਰਕਾਰ ਦੀ ਮਜ਼ਬੂਤੀ ਦਾ ਇਕ ਪੱਖ ਹੈ । ਜੇਕਰ ਇਹ ਚੀਜ਼ ਨਾ ਹੁੰਦੀ ਤਾਂ ਅੱਜ ਬਾਦਲ ਸਾਹਿਬ ਇਥੇ ਬਤੌਰ ਲੀਡਰ ਨਾ ਬੈਠੇ ਹੁੰਦੇ। ਜਿਹੜੀ ਸਾਡੀ ਡੈਮੋਕਰੈਸੀ ਹੈ ਉਹ ਬਲਾਕਾਂ ਤੋਂ ਸ਼ੁਰੂ ਹੁੰਦੀ ਹੈ ਅਤੇ ਮੈਂ ਸਮਝਦਾ ਹਾਂ ਕਿ ਸਾਡੇ ਅੱਧੇ ਤੋਂ ਵੱਧ ਲੈਜੀਸਲੇਟਰਜ਼ ਜਿਹੜੇ ਹਨ ਉਹ ਉਥੋਂ ਬਲਾਕਾਂ ਤੋਂ ਆਏ ਹਨ । ਇਹ ਜਿਹੜੇ ਇਲੈਕਸ਼ਨ ਸਰਕਾਰ ਬਲਾਕਾਂ ਦੇ ਕਰਾ ਰਹੀ ਹੈ ਇਹ ਇਕ ਅੱਛੀ ਗੱਲ ਹੈ ।

ਮਿਉਂਸਪਲ ਕਮੇਟੀਆਂ ਦੇ ਬਾਰੇ ਵਿਚ ਮੈਂ ਜ਼ਰੂਰ ਕਹਾਂਗਾ ਕਿਉਂਕਿ ਮੈਂ ਕਈ ਸਾਲ ਮਿਉਂਸਪਲ ਕਮੇਟੀ ਦੀ ਸੇਵਾ ਕੀਤੀ ਹੈ । ਮਿਉਂਸਪਲ ਕਮੇਟੀਆਂ ਦੇ ਪਾਸ ਜਿਹੜੇ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੰਮ ਹਨ ਇਹ ਛੋਟੇ ਛੋਟੇ ਸ਼ਹਿਰਾਂ ਵਿਚ ਆਪ ਹੱਥ ਵਿਚ ਲੈ ਕੇ ਅਤੇ ਉਨ੍ਹਾਂ ਦੇ ਐਸਟੀਮੇਟਸ ਬਣਵਾ ਕੇ ਕੰਮ ਕਰਾਉਣੇ ਚਾਹੀਦੇ ਹਨ ਅਤੇ 30 ਸਾਲਾਂ ਵਿਚ ਇੰਸਟਾਲਮੈਂਟਸ ਤੇ ਪੈਸੇ ਮਿਉਂਸਪਲ ਕਮੇਟੀਆਂ ਤੋਂ ਵਸੂਲ ਕਰਨੇ ਚਾਹੀਦੇ ਹਨ । ਜਿਹੜੇ ਪੰਜਾਬ ਦੇ ਬੋਸੀਦਾ ਸਲੱਮ ਪਏ ਹਨ ਉਨ੍ਹਾਂ ਨੂੰ ਅੱਛਾ ਕੀਤਾ ਜਾ ਸਕਦਾ ਹੈ ਅਤੇ ਜਿਹੜੇ ਛੋਟੇ ਛੋਟੇ ਸ਼ਹਿਰ ਹਨ ਉਨ੍ਹਾਂ ਨੂੰ ਅੱਛਾ ਕਰ ਸਕਦੇ ਹਾਂ ਅਤੇ ਪੰਜਾਬ ਨੂੰ ਇਕ ਖਿੜੇ ਹੋਏ ਫੁਲ ਵਰਗਾ ਬਣਾ ਸਕਦੇ ਹਾਂ । ਇਸ ਵੇਲੇ ਵੀ ਅੱਛਾ ਹੈ ਐਜ਼ ਕੰਪੇਅਰਡ ਟੂ ਅਦਰਜ਼ । ਪੰਜਾਬ ਹੁਣ ਐਸਾ ਬਣ ਗਿਆ ਹੈ ਕਿ ਇਥੋਂ ਕੋਈ ਇੰਗਲੈਂਡ ਅਤੇ ਕੈਨੇਡਾ ਵਿਚ ਜਾਣਾ ਪਸੰਦ ਨਹੀਂ ਕਰਦਾ । (ਵਿਘਨ)(ਸ਼ੋਰ)

ਡਿਪਟੀ ਸਪੀਕਰ ਸਾਹਿਬ, 50 ਲੱਖ ਰੁਪਏ ਸਲੱਮ ਕਲੀਅਰੈਂਸ ਲਈ ਰੱਖਿਆ ਹੈ । ਮੈਂ ਸਮਝਦਾ ਹਾਂ ਕਿ ਇਹ ਇਕ ਕਰੋਨਿਕ ਬਿਮਾਰੀ ਹੈ ਜਿਹੜੀ ਕਿ ਸਾਡੇ ਸ਼ਹਿਰਾਂ ਨੂੰ ਲਗੀ ਹੋਈ ਹੈ । ਇਹ ਰੁਪਿਆ ਇਸ ਕੰਮ ਲਈ ਬੜਾ ਥੋੜ੍ਹਾ ਹੈ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਸਲੱਮ ਕਲੀਆਰੈਂਸ ਵਾਸਤੇ ਪੈਸਾ ਵਧਾਉਣ ।

ਡਿਪਟੀ ਸਪੀਕਰ ਸਾਹਿਬ, ਅਰਬਨ ਡਿਵੈਲਪਮੈਂਟ ਵਾਸਤੇ 4.10 ਕਰੋੜ ਰੁਪਏ ਖਰਚ ਕਰਨ ਲਈ ਰਖੇ ਹਨ, ਇਹ ਬੜਾ ਸ਼ਲਾਘਾ ਯੋਗ ਕੰਮ ਹੈ । ਪੰਜਾਬ ਵਿਚ ਜਿਹੜਾ ਹਾਊਸਿੰਗ ਬੋਰਡ ਹੈ, ਉਸ ਨੇ ਜ਼ਿਆਦਾ ਤੇਜ਼ੀ ਨਾਲ ਕੰਮ ਕੀਤਾ ਹੈ । ਦੋ ਕਾਲੋਨੀਆਂ ਬਣਾਈਆਂ ਹਨ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਤਕੜਾ ਕੰਮ ਕੀਤਾ ਹੈ ਅਤੇ ਲੱਖਾਂ ਆਦਮੀਆਂ ਨੂੰ ਪਲਾਟ ਦਿਤੇ ਹਨ । ਜੇਕਰ ਅਸੀਂ ਉਥੇ ਮਕਾਨ ਬਣਾ ਕੇ ਦੇਈਏ ਤਾਂ ਗਿਆਨੀ ਜੀ ਦੀ ਸਰਕਾਰ ਨੂੰ ਕੋਈ ਹਿਲਾ ਤਕ ਨਹੀਂ ਸਕਦਾ, ਇਸ ਵਲ ਕੋਈ ਵੇਖ ਤਕ ਨਹੀਂ ਸਕਦਾ । (ਵਿਘਨ)

ਡਿਪਟੀ ਸਪੀਕਰ ਸਾਹਿਬ , ਫੂਡ ਪ੍ਰਕਿਉਰਮੈਂਟ ਵਿਚ ਸਰਕਾਰ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ ਹਾਲਾਂ ਕਿ ਡਰੌਟ ਰਿਹਾ, ਕਹਿਤ ਰਿਹਾ ਪਰ ਫਿਰ ਵੀ 60% ਹਿੱਸਾ ਕੇਂਦਰੀ ਭੰਡਾਰ ਵਿਚ ਦਿਤਾ ਹੈ । ਜਿਹੜਾ ਗਰੀਬਾਂ ਲਈ ਡਿਸਟਰੀਬਿਊਸ਼ਨ ਆਫ ਅਸੈਂਸ਼ਅਲ ਕਮੋਡਿਟੀਜ਼ ਦਾ ਕੰਮ ਕੀਤਾ ਹੈ ਇਹ ਬੜਾ ਸ਼ਲਾਘਾਯੋਗ ਹੈ । ਇਹ ਗਰੀਬ ਲੋਕਾਂ ਲਈ ਪਿੰਡਾਂ ਵਿਚ ਵੀ ਜ਼ਿਆਦਾ ਹੋਣਾ ਚਾਹੀਦਾ ਹੈ ।

ਇਸ ਤੋਂ ਅਗੇ ਸੋਸ਼ਲ ਵੈਲਫੇਅਰ ਦਾ ਜਿਹੜਾ ਸਰਕਾਰ ਨੇ ਕੰਮ ਕੀਤਾ ਹੈ ਇਹ ਮੈਂ ਸਮਝਦਾ ਹਾਂ ਕਿ ਬੜਾ ਸ਼ਲਾਘਾਯੋਗ ਹੈ । ਪਿੰਡਾਂ ਵਿਚ ਕੈਂਪਸ ਲਗਾ ਕੇ ਐਟ ਦੀ ਸਪੌਟ ਫੈਸਲੇ ਹੋ ਰਹੇ ਹਨ , ਇਹ ਬੜਾ ਸ਼ਲਾਘਾਯੋਗ ਹੈ, ਨਹੀਂ ਤਾਂ ਗਰੀਬ ਲੋਕ ਜਿਹੜੇ ਸਨ ਫਿਰਦੇ ਫਿਰਦੇ ਮਰ ਜਾਂਦੇ ਸਨ । ਵਿਡੋਜ਼ ਨੂੰ ਪੈਨਸ਼ਨਜ਼ ਦੇਣੀਆਂ ਹਨ , ਉਨ੍ਹਾਂ ਦੇ ਫੈਸਲੇ ਐਟ ਦੀ ਸਪੌਟ ਕਰ ਦਿਤੇ ਜਾਣੇ ਹਨ, ਇਹ ਵੀ ਇਕ ਅੱਛਾ ਕੰਮ ਹੈ ।

ਡਿਪਟੀ ਸਪੀਕਰ ਸਾਹਿਬ, ਜਿਥੇ ਸਾਡੀ ਸਰਕਾਰ ਨੇ ਅੱਛੇ ਕੰਮ ਕੀਤੇ ਹਨ ਉਥੇ ਸਾਡੀ ਆਪੋਜ਼ੀਸ਼ਨ ਨੇ ਵੀ ਇਕ ਕੰਮ ਕੀਤਾ ਹੈ। ਇਹ ਆਪ ਤਾਂ ਲੀਡਰ-ਲੈਸ ਹੈ ਅਤੇ ਇਸ ਨੇ ਜੇ.ਪੀ. ਨੂੰ, ਜਿਹੜਾ ਕਿ [**] ਹੈ, ਜਿਹੜਾ ਕਿ ਆਪ ਕਦੇ ਵੀ ਇਲੈਕਸ਼ਨਾਂ ਵਿਚ ਖੜਾ ਨਹੀਂ ਹੋਇਆ ਉਸ ਨੂੰ ਆਪਣਾ ਲੀਡਰ ਬਣਾ ਦਿਤਾ । (ਵਿਘਨ) (ਸ਼ੋਰ)

ਸਰਦਾਰ ਪਰਕਾਸ਼ ਸਿਘ ਬਾਦਲ: ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਜਿਨ੍ਹਾਂ ਮਹਾਨ ਹਸਤੀਆਂ ਦੀ ਵਜ੍ਹਾ ਨਾਲ ਸਾਡਾ ਦੇਸ਼ ਆਜ਼ਾਦ ਹੋਇਆ ਹੈ ਇਹ ਕਿਸੇ ਤੋਂ ਭੁੱਲੀ ਹੋਈ ਗੱਲ ਨਹੀਂ, ਇਹ ਲਫਜ਼ ਜਿਹੜੇ ਬੋਲੇ ਹਨ, ਜਿਹੜੇ ਕਿ ਮੈਂ ਆਪਣੇ ਮੂੰਹੋਂ ਤਾਂ ਕੱਢ ਨਹੀਂ ਸਕਦਾ, ਐਕਸਪੰਜ ਕਰਨੇ ਚਾਹੀਦੇ ਹਨ ।(ਵਿਘਨ)(ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪਕਿਰ ਸਾਹਿਬ, ਜਿਹੜਾ ਗੁਲਾਮੀ ਦਾ ਜੂਲਾ ਸਾਡੇ ਗਲ ਵਿਚ ਪਾਇਆ ਹੋਇਆ ਸੀ ਉਹ ਲੁਹਾ ਦਿਤਾ ।(ਵਿਘਨ) ਮੈਂ ਸਮਝਦਾ ਹਾਂ ਕਿ ਗਾਂਧੀ ਜੀ ਇਨਸਾਨ ਨਹੀਂ ਸਨ ਬਲਕਿ ਦੇਵਤਾ ਸਨ । ਅਗਰ ਉਹ ਸੌ ਸਾਲ ਪਹਿਲਾਂ ਹੁੰਦੇ ਤਾਂ ਉਸਦੀ ਪੂਜਾ ਹੁੰਦੀ। (ਵਿਘਨ) ਡਿਪਟੀ ਸਪੀਕਰ ਸਾਹਿਬ ,ਇਹ ਗਲਤ ਗਲ ਕਰਦੇ ਹਨ । (ਵਿਘਨ)(ਸ਼ੋਰ) ਅਸੀਂ ਨਹੀਂ ਵੰਡਾਂਗੇ ਆਪਣੀ ਮਾਂ । (ਵਿਘਨ, ਸ਼ੋਰ)।

ਸ਼੍ਰੀ ਪ੍ਰੇਮ ਗੁਪਤਾ : ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਬਾਦਲ ਸਾਹਿਬ ਨੇ ਕਿਹਾ ਹੈ ਕਿ ਜਿਹੜੇ ਲੀਡਰਾਂ ਨੇ ਦੇਸ਼ ਵਾਸਤੇ ਕੁਰਬਾਨੀਆਂ ਕੀਤੀਆਂ ਉਨ੍ਹਾਂ ਬਾਰੇ ਐਸੇ ਵਿਚਾਰ ਨਹੀਂ ਦਿਤੇ ਜਾਣੇ ਚਾਹੀਦੇ । ਮੈਂ ਕਹਿੰਦਾ ਹਾਂ ਕਿ ਜੇ ਪੁਰਾਣੇ ਲੀਡਰ ਕਰਾਹੇ ਪੈ ਜਾਣ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਤਾਂ ਹੋਰ ਕੀ ਕਹਿਣਾ ਚਾਹੀਦਾ ਹੈ । (ਵਿਘਨ) (ਸ਼ੋਰ)

---

*Expunged as ordered by the Chair.

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਨਾ ਉਹ ਕੁਝ ਕਰ ਸਕਦਾ ਹੈ। (ਵਿਘਨ)(ਸ਼ੋਰ) ਆਪੋਜ਼ੀਸ਼ਨ ਨੇ ਪਤਾ ਨਹੀਂ ਕਿਥੋਂ ਦਾ ਤੀਸ ਮਾਰਖਾਨ ਲਿਆਂਦਾ ਹੈ । ਗਾਂਧੀ ਜੀ ਨੇ ਜਿਸਨੂੰ ਆਪਣੇ ਆਸ਼ਰਮ ਵਿਚੋਂ ਕੱਢ ਦਿਤਾ ਸੀ । (ਵਿਘਨ)(ਸ਼ੋਰ)

ਸ੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ ਨੇ ਜਿਹੜੀ ਬੇਨਤੀ ਹਾਊਸ ਦੇ ਸਾਹਮਣੇ ਕੀਤੀ ਸੀ ਅਤੇ ਕਿਹਾ ਸੀ ਕਿ ਜੋ ਕੁਝ ਜੇ.ਪੀ. ਦੇ ਬਾਰੇ ਆਇਆ ਸੀ ਉਹ ਇਤਰਾਜ਼ਯੋਗ ਹੈ । ਮੈਂ ਪਤਾ ਕੀਤਾ ਹੈ ਉਹ ਇਹ ਹੈ ਕਿ ਇਹ ਲੀਡਰ ਲੈਸ ਪਾਰਟੀ ਹੈ ਅਤੇ ਆਪਣਾ ਲੀਡਰ ਬਾਹਰੋਂ ਲੈ ਕੇ ਆਈ ਹੈ ਉਹ ਜਿਹੜਾ ਕਿ (* *) ਹੈ । (Mr. Badal has said that whatever has been said about Mr. J.P. is objectionable. I have consulted the record. It has been stated there that it is a leaderless party and it has adopted an outsider as its leader who is a *** (*Interruption*)

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜੇ ਇਹ ਰਵਾਇਤ ਇਸ ਹਾਊਸ ਵਿਚ ਚਲੀ ਤਾਂ ਮੈਂ ਸਮਝਦਾ ਹਾਂ ਕਿ ਇਧਰੋਂ ਵੀ ਇਸ ਤਰ੍ਹਾਂ ਦੇ ਲਫਜ਼ ਕਹੇ ਜਾਣਗੇ, ਫਿਰ ਚਾਹੇ ਕਿਸੇ ਵੀ ਪਾਰਟੀ ਦਾ ਲੀਡਰ ਹੋਵੇ । ਜੇ.ਪੀ.ਸਾਹਿਬ ਨੂੰ ਸੱਭ ਤੋਂ ਵੱਡਾ ਲੀਡਰ ਕਿਹਾ ਜਾ ਸਕਦਾ ਹੈ । ਪਰ * * * * ਵੀ ਕੋਈ ਲਫਜ਼ ਹੈ । ਇਹ ਲਫਜ਼ ਐਕਸਪੰਜ ਕਰਨੇ ਚਾਹੀਦੇ ਹਨ ।

ਸ੍ਰੀ ਡਿਪਟੀ ਸਪੀਕਰ : * * * ਮਤਲਬ ਕੀ ਹੈ ? (What is the meaning of the word * * * ?

ਸਰਦਾਰ ਪਰਕਾਸ਼ ਸਿੰਘ ਬਾਦਲ : ਇਸਦਾ ਮਤਲਬ ਤੁਸੀਂ ਵੀ ਜਾਣਦੇ ਹੋ ।

ਸ੍ਰੀ ਡਿਪਟੀ ਸਪੀਕਰ : ਇਸ ਦਾ ਮਤਲਬ ਹੈ ਕਿ ਐਕਸਪੀਰੀਐਂਸਡ ਆਦਮੀ । (This means an experienced man.)

ਸਰਦਾਰ ਪਰਕਾਸ਼ ਸਿੰਘ ਬਾਦਲ : ਉਨ੍ਹਾਂ ਨੂੰ ਤਾਂ * * * ਕਿਹਾ ਹੈ । ਇਸ ਦਾ ਮਤਲਬ ਕੀ ਹੈ । ਤੁਸੀਂ ਰੂਲਿੰਗ ਦੇ ਦਿਉ ਇਸ ਤੋਂ ਬਾਅਦ ਅਸੀਂ ਵੀ ਪੰਜਾਬੀ ਵਿਚ ਇਸ ਤਰ੍ਹਾਂ ਕਹਾਂਗੇ ਅਤੇ ਇਸ ਤਰ੍ਹਾਂ ਦੇ ਲਫਜ਼ ਵਰਤਾਂਗੇ ।ਚੀਫ ਮਨਿਸਟਰ ਸਾਹਿਬ ਦੱਸਣ ਜੇ ਇਹ ਲਫਜ਼ ਉਨ੍ਹਾਂ ਦੀ ਸ਼ਖਸੀਅਤ ਦੇ ਹੱਕ ਵਿਚ ਹਨ ਤਾਂ ਠੀਕ ਹੈ, ਅਸੀਂ ਚੁੱਪ ਕਰ ਜਾਵਾਂਗੇ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ,ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਬਾਦਲ ਸਾਹਿਬ ਨੇ ਜਿਸ ਨੂੰ ਮਹਾਨ ਲੀਡਰ ਕਿਹਾ ਹੈ ਉਸ ਮਹਾਨ ਲੀਡਰ ਨੇ ਕਿਹਾ ਸੀ ਕਿ ਐਮ.ਐਲ.ਏਜ਼ ਦੇ ਜੁੱਤੀਆਂ ਮਾਰੋ, ਥੱਪੜ ਮਾਰੋ । ਉਨ੍ਹਾਂ ਨੇ ਬਿਹਾਰ ਵਿਚ ਇਹ ਕਿਹਾ * * * ਲਫਜ਼ ਕੋਈ ਇਤਰਾਜ਼ਯੋਗ ਗਲ ਨਹੀਂ ਹੈ । ਜ਼ਮਹੂਰੀਅਤ ਦਾ ਨਾਸ ਕਰਨ ਵਾਲਾ ਅਤੇ ਜਿਹੜਾ ਕਹਿੰਦਾ ਹੈ ਕਿ ਪਾਰਲੀਮੈਂਟ ਨੂੰ ਤੋੜ ਦਿਉ ਅਤੇ ਪਤਾ ਨਹੀਂ ਹੋਰ ਕੀ ਕੀ ਕਹਿੰਦਾ ਹੈ, ਇਸ ਚੀਜ਼ ਨੂੰ ਹਿੰਦੁਸਤਾਨ ਵਿਚ ਕੋਈ ਸਹਿਣ ਨਹੀਂ ਕਰ ਸਕਦਾ ।

---

*Expunged as ordered by the Chair.

ਸਰਦਾਰ ਗੁਰਮੇਜ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ (ਵਿਘਨ)।

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣ ਬੁਝ ਕੇ ਕਾਂਗਰਸੀਆਂ ਅਤੇ ਕਮਿਊਨਿਸਟਾਂ ਨੂੰ ਟਾਈਮ ਦਿੰਦੇ ਹੋ । ਮੈਨੂੰ ਆਪਣੀ ਗਲ ਕਹਿ ਲੈਣ ਦਿਓ ।

ਸ੍ਰੀ ਡਿਪਟੀ ਸਪੀਕਰ : ਸੱਭ ਤੋਂ ਪਹਿਲਾਂ ਬਾਦਲ ਸਾਹਿਬ ਨੂੰ ਟਾਈਮ ਦਿਤਾ ਗਿਆ ਸੀ । (Sardar Parkash Singh Badal was given time first of all).

ਸਰਦਾਰ ਗੁਰਮੇਜ ਸਿੰਘ : ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੇ * * * ਲਫਜ਼ ਤੇ ਇਤਰਾਜ਼ ਕੀਤਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਸ ਦਾ ਮਤਲਬ ਕੀ ਹੈ :—

"ਖੰਡਰਾਤ ਯਹ ਬਤਾਤੇ ਹੈਂ ਕਿ ਇਮਾਰਤ ਅਜ਼ੀਮ ਥੀ"

ਇਸ ਦਾ ਮਤਲਬ ਹੈ ਕਿ ਕਿਸੇ ਵੇਲੇ ਇਨ੍ਹਾਂ ਦੇ ਟਾਹਣੇ ਬੜੇ ਚੰਗੇ ਹੁੰਦੇ ਸੀ । ਹੁਣ ਟਾਹਣੇ ਟੁਟ ਗਏ ਹਨ ਤੇ ਸਿਰਫ ਮੁੱਢ ਹੀ ਰਹਿ ਗਿਆ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : * *

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਡਿਪਟੀ ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਤੋਂ ਬਾਅਦ ਦਖਲ ਦੇਣਾ ਠੀਕ ਨਹੀਂ । ਵੈਸੇ ਇਹ ਰਿਵਾਜ ਹੈ ਕਿ ਕੀ ਕੋਈ ਆਦਮੀ ਕਿਸੇ ਨੂੰ ਬੁੜ੍ਹਾਪੇ ਵਿਚ[* *] ਕਹਿ ਸਕਦਾ ਹੈ । ਇਹ ਕੋਈ ਮਾੜਾ ਲਫਜ਼ ਨਹੀਂ । ਮੈਂ ਸਮਝਦਾ ਹਾਂ ਕਿ ਕਲਕਟ ਸਾਹਿਬ ਨੇ ਕੋਈ ਗਲ ਮੰਦ ਭਾਵਨਾ ਨਾਲ ਨਹੀਂ ਕਹੀ ਸੀ । [* *] ਪੰਜਾਬੀ ਵਿਚ ਇਕ ਮੁਹਾਵਰਾ ਹੈ । ਬੁੱਢੇ ਨੂੰ ਪੰਜਾਬੀ ਵਿਚ ਇਸ ਤਰ੍ਹਾਂ ਕਹਿ ਦਿੱਤਾ ਜਾਂਦਾ ਹੈ । ਜੇਕਰ ਕੋਈ ਇਤਰਾਜ਼ ਯੋਗ ਗੱਲ ਹੁੰਦੀ ਤਾਂ ਮੈਂ ਮੈਂਬਰ ਸਾਹਿਬ ਨੂੰ ਵਾਪਸ ਲੈਣ ਲਈ ਕਹਿ ਸਕਦਾ ਸੀ । ਲੇਕਿਨ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਤੋਂ ਬਾਅਦ ਮੈਂ ਉਨ੍ਹਾਂ ਨੂੰ ਨਹੀਂ ਕਹਿਣਾ । ਇਸ ਲਈ ਬਿਹਤਰ ਇਹੀ ਹੈ ਕਿ ਜਿਹੜੇ ਲਫਜ਼ ਬੁਰੀ ਭਾਵਨਾ ਨਾਲ ਕਹੇ ਹਨ ਉਹ ਰਿਕਾਰਡ ਵਿਚੋਂ ਕੱਢ ਦਿਤੇ ਜਾਣ । ਡਿਪਟੀ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜਿਹੜੇ ਲਫਜ਼ ਕਹੇ ਹਨ ਉਹ ਬਦਲੇ ਦੀ ਭਾਵਨਾਂ ਵਿਚ ਕਹੇ ਹਨ । ਡਾਕਟਰ ਅਮੀਰ ਸਿੰਘ ਕਲਕਟ ਇਕ ਲਗਾਤਾਰ ਸਪੀਚ ਕਰ ਰਹੇ ਸਨ । ਇਹ ਮੁਹਾਵਰਾ ਪੰਜਾਬੀ ਦਾ ਉਨ੍ਹਾਂ ਦੇ ਮੂੰਹੋਂ ਨਿਕਲ ਗਿਆ। ਲੇਕਿਨ, ਡਿਪਟੀ ਲੀਡਰ ਆਫ ਦੀ ਆਪੋਜ਼ੀਸ਼ਨ ਸਾਹਿਬ ਨੇ ਮੰਦ ਭਾਵਨਾ ਨਾਲ ਇਹ ਲਫਜ਼ ਕਹੇ ਹਨ । ਜੇ ਉਹ ਇਹ ਸਮਝਣ ਕਿ ਇਹ ਲਫਜ਼ ਉਨ੍ਹਾਂ ਨੂੰ ਨਹੀਂ ਸਨ ਕਹਿਣੇ ਚਾਹੀਦੇ ਤਾਂ ਉਹ ਇਹ ਲਫਜ਼ ਵਾਪਸ ਲੈ ਲੈਣ । ਜੇ ਉਹ ਵਾਪਸ ਨਹੀਂ ਲੈਂਦੇ ਤਾਂ ਉਹ ਲਫਜ਼ ਐਕਸਪੰਜ ਕਰ ਦੇਣੇ ਚਾਹੀਦੇ ਹਨ । ਹਿੰਦੁਸਤਾਨ ਦੀ ਜਿਹੜੀ ਪ੍ਰਧਾਨ ਮੰਤਰੀ ਹੈ ਉਹ ਸਾਰੇ ਦੇਸ਼ ਦੀ ਇਜ਼ਤ ਅਤੇ ਸ਼ਾਨ ਹੁੰਦੀ ਹੈ । ਅਸੀਂ ਜੰਨਸੰਘੀਆਂ ਨਾਲ ਚੱਪੇ ਚੱਪੇ ਤੇ ਲੜਦੇ ਹਾਂ । ਪਰ ਉਨ੍ਹਾਂ ਦੇ ਲੀਡਰ ਹਮੇਸ਼ਾ ਇਸ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਸਤਿਕਾਰ ਨਾਲ ਸੰਬੋਧਨ ਕਰਦੇ ਹਨ । ਇਹ ਗੱਲ ਇਕ ਥਾਂ ਨਹੀਂ ਰਹਿੰਦੀ । ਇਹ ਗੱਲ ਬਦੇਸ਼ਾਂ ਤੱਕ ਜਾਣੀ ਹੈ । ਇੰਦਰਾ—ਇੰਡੀਆ"। ਅਗਰ ਹਿੰਦੁਸਤਾਨ ਦੀ ਇਜ਼ਤ ਕਰਨੀ ਹੈ ਤਾਂ ਪ੍ਰਧਾਨ ਮੰਤਰੀ ਦੀ ਇਜ਼ਤ ਕਰਨੀ ਪੈਣੀ ਹੈ । ਜੇ ਪਾਰਟੀ ਦੇ ਤੌਰ ਕਿਸੇ ਨੂੰ ਵਿਰੋਧਤਾ ਹੈ ਤਾਂ ਉਸ ਨੂੰ ਵਿਰੋਧਤਾ ਕਰਨੀ ਚਾਹੀਦੀ ਹੈ । ਕਈ ਬੰਦੇ ਸਿਆਣੇ ਹੁੰਦੇ ਹਨ ਉਹ ਅਦਬ ਨਾਲ ਸੰਬੋਧਨ

---

*Expunged as ordered by the Chair.

[ਮੁਖ ਮੰਤਰੀ]

ਕਰਦੇ ਹਨ । ਜੇ ਮਾੜੀ ਭਾਵਨਾ ਨਾਲ ਸ਼ਬਦ ਵਰਤੇ ਜਾਣ ਤਾਂ ਚੰਗੀ ਗੱਲ ਨਹੀਂ ਹੈ । ਡਿਪਟੀ ਲੀਡਰ ਆਫ ਦੀ ਆਪੋਜ਼ੀਸ਼ਨ ਸਾਹਿਬ ਨੇ ਜਾਣ ਬੁਝ ਕੇ ਇਹ ਗੱਲ ਕਹੀ ਹੈ । ਇਨ੍ਹਾਂ ਨੂੰ ਇਹ ਸ਼ਬਦ ਵਾਪਸ ਲੈਣੇ ਚਾਹੀਦੇ ਹਨ । ਜੇ ਉਹ ਵਾਪਸ ਨਹੀਂ ਲੈਂਦੇ ਤਾਂ ਇਹ ਸ਼ਬਦ ਰਿਕਾਰਡ ਵਿਚ ਨਹੀਂ ਛੱਪਣੇ ਚਾਹੀਦੇ ।

ਸਰਦਾਰ ਜਸਵਿੰਦਰ ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ,ਮੇਰੀ ਗੁਜ਼ਾਰਿਸ਼ ਇਹ ਹੈ ਕਿ ਮੈਂ ਚੀਫ ਮਨਿਸਟਰ ਸਾਹਿਬ ਦੀ ਬੜੀ ਇਜ਼ਤ ਕਰਦਾ ਹਾਂ । ਸਾਡਾ ਚੀਫ ਮਨਿਸਟਰ ਸਾਹਿਬ ਨਾਲ ਇਕ ਅੱਛਾ ਰਿਸ਼ਤਾ ਹੈ । ਮੈਂ ਕਦੇ ਇਨ੍ਹਾਂ ਨੂੰ * * ਨਹੀਂ ਕਿਹਾ । ਮੈਂ ਇਨ੍ਹਾਂ ਦਾ ਬੜਾ ਸਤਿਕਾਰ ਕਰਦਾ ਹਾਂ । ਪਰ ਜਿਹੜੇ ਲਫਜ਼ ਜੈ ਪ੍ਰਕਾਸ਼ ਨਰਾਇਣ ਜੀ ਦੇ ਬਾਰੇ ਵਿਚ ਵਰਤੇ ਗਏ ਹਨ ਜਿਸ ਨੇ ਕਿ ਬੁੱਢੀ ਉਮਰ ਦੇ ਵਿਚ ਡੈਮੋਕਰੇਸੀ ਦਿਵਾਉਣ ਦਾ ਉਪਰਾਲਾ ਕੀਤਾ ਹੈ, ਜੇ ਉਸ ਦੇ ਬਾਰੇ ਵਿਚ ਇਹੋ ਜਿਹੇ ਲਫਜ਼ ਵਰਤੇ ਜਾ ਸਕਦੇ ਹਨ ਤਾਂ ਮੈਂ ਵੀ ਬੀਬੀ ਇੰਦਰਾ ਗਾਂਧੀ ਨੂੰ ਕਹਿ ਸਕਦਾ ਹਾਂ । ਇਹ ਲਫਜ਼ ਇਸ ਲਈ ਕੋਈ ਗਲਤ ਨਹੀਂ ਹਨ ।

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜੇ ਲਫਜ਼ ਡਾਕਟਰ ਅਮੀਰ ਸਿੰਘ ਕਲਕਟ ਨੇ ਆਪਣੇ ਭਾਸ਼ਨ ਵਿਚ ਸ਼੍ਰੀ ਜੈ ਪ੍ਰਕਾਸ਼ ਨਰਾਇਣ ਦੇ ਮੁਤਅੱਲਕ ਕਹੇ ਹਨ, ਇਹ ਡੈਫੀਨਿਟਲੀ ਮੰਦ ਭਾਵਨਾ ਨਾਲ ਕਹੇ ਹਨ । ਆਪੋਜ਼ੀਸ਼ਨ ਵਲੋਂ ਇਸ ਤੇ ਆਬਜੈਕਸ਼ਨ ਆਇਆ ਹੈ ਕਿ ਇਹ ਗੱਲ ਰਿਕਾਰਡ ਤੇ ਨਹੀਂ ਆਉਣੀ ਚਾਹੀਦੀ । ਇਸ ਤੇ ਡਾਕਟਰ ਅਮੀਰ ਸਿੰਘ ਕਲਕਟ ਨੇ ਕਹਿ ਦਿਤਾ ਕਿ ਇਹ ਲਫਜ਼ ਤਾਂ ਉਨ੍ਹਾਂ ਨੇ ਐਵੇਂ ਹੀ ਕਹਿ ਦਿਤੇ ਹਨ । ਇਨ੍ਹਾਂ ਨੇ ਬੈਠੇ ਬੈਠੇ ਕਿਹਾ ਹੈ ਕਿ [* *] ਨੂੰ ਹੋਰ ਕੀ ਕਹਾਂ? ਇਹ ਲਫਜ਼ ਕਿਉਂਕਿ ਬੈਠੇ ਹੋਏ ਕਹੇ ਹਨ ਇਹ ਰਿਕਾਰਡ ਤੇ ਨਹੀਂ ਆਏ ।

ਸ਼੍ਰੀ ਡਿਪਟੀ ਸਪੀਕਰ: ਜੇ ਉਨ੍ਹਾਂ ਨੇ * * ਕਿਹਾ ਹੈ ਤਾਂ ਰਿਕਾਰਡ ਵਿਚੋਂ ਕੱਢ ਦੇਣਾ ਚਾਹੀਦਾ ਹੈ । (If he has used the word * * then it should be expunged.)

ਡਾਕਟਰ ਬਲਦੇਵ ਪ੍ਰਕਾਸ਼: ਜਿਹੜਾ ਆਦਮੀ ਬੈਠਾ ਬੈਠਾ ਇਹੋ ਜਿਹੇ ਲਫਜ਼ ਕਹਿ ਦੇਵੇ ਉਸ ਦੀ ਭਾਵਨਾ ਕੀ ਹੋ ਸਕਦੀ ਹੈ ? ਸ਼ਬਦ ਚੰਗੀ ਭਾਵਨਾ ਜਾਂ ਮੰਦੀ ਭਾਵਨਾਂ ਨਾਲ ਕਹੇ ਜਾ ਸਕਦੇ ਹਨ । ਇਨ੍ਹਾਂ ਨੇ ਜਿਹੜੇ ਲਫਜ਼ ਕਹੇ ਹਨ ਇਹ ਉਸ ਭਾਵਨਾ ਨਾਲ ਕਹੇ ਹਨ ਜਿਹੜੇ ਕਿ ਡੈਰੋਗੇਟਰੀ ਇੰਪਰੈਸ਼ਨ ਕਰੀਏਟ ਕਰਦੇ ਹਨ । ਇਸ ਲਈ ਇਹ ਲਫਜ਼ ਐਕਸਪੰਜ ਕਰਨੇ ਚਾਹੀਦੇ ਹਨ। ਜਿਥੋਂ ਤੱਕ ਡੈਮੋਕਰੇਸੀ ਦਾ ਸਵਾਲ ਹੈ, ਸ਼੍ਰੀ ਜੈ ਪ੍ਰਕਾਸ਼ ਨਰਾਇਣ....(ਵਿਘਨ)

ਸ਼੍ਰੀ ਡਿਪਟੀ ਸਪੀਕਰ: ਮੈਂ ਤੁਹਾਡੀ ਗੱਲ ਸੁਣ ਲਈ ਹੈ, ਹੁਣ ਤੁਸੀਂ ਬੈਠ ਜਾਓ । (I have listened to you. Now please resume your seat.)

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਤੁਹਾਡੇ ਜੋ ਡਿਸੀਜ਼ਨ ਹਨ ਇਹ ਇਸ ਹਾਊਸ ਵਿਚ ਰਵਾਇਤ ਬਣਨੇ ਹਨ ।ਚੀਫ ਮਨੀਸਟਰ ਸਾਹਿਬ ਨੇ ਕਿਹਾ ਹੈ ਕਿ ਕਲਕਟ ਜੀ ਨੇ ਮੰਦ ਭਾਵਨਾਂ ਨਾਲ ਗੱਲ ਨਹੀਂ ਕੀਤੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਰੀ ਗੱਲ ਹੀ ਉਹ ਮੰਦ ਭਾਵਨਾ

*Expunged as ordered by the Chair.

ਨਾਲ ਕਰਦੇ ਹਨ । ਉਹ ਚੰਗੀ ਭਾਵਨਾ ਨਾਲ ਕੋਈ ਗੱਲ ਨਹੀਂ ਕਰਦੇ । ਇਸ ਲਈ ਮੈਂ ਕਹਿੰਦਾ ਹਾਂ ਕਿ ਸਾਡੇ ਪੁਲੀਟੀਕਲ ਇਖਤਲਾਫਾਤ ਹੋ ਸਕਦੇ ਹਨ ।

ਸ੍ਰੀ ਡਿਪਟੀ ਸਪੀਕਰ : ਡਾਕਟਰ ਅਮੀਰ ਸਿੰਘ ਕਲਕਟ ਜੀ ਤੁਸੀਂ ਦਸੋ ਕਿ ਇਹ ਲਫਜ਼ ਤੁਸੀਂ ਕਿਸ ਸੈਂਸ ਵਿਚ ਕਹੇ ਹਨ ? (Dr. Amir Singh Kalkat ji, please tell me in which sense you have used these words.)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਡਿਪਟੀ ਸਪੀਕਰ ਸਾਹਿਬ, ਇਹ ਲਫ਼ਜ਼ ਚੰਗੀ ਭਾਵਨਾਂ ਨਾਲ ਕਹੇ ਹਨ । ਜਿਹੜਾ ਮੁਲਕ ਲਈ ਜਾਨ ਦੇਵੇ । ਇਸ ਮੁਲਕ ਲਈ ਕੁਰਬਾਨੀਆਂ ਦੇਵੇ ਮੈਂ ਉਸ ਦੇ ਲਈ ਆਪਣੀ ਜਾਨ ਦੇਣ ਨੂੰ ਵੀ ਤਿਆਰ ਹਾਂ ।

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਜਿਹੜੇ ਸ਼ਬਦ ਇਨ੍ਹਾਂ ਨੇ ਕਹੇ ਹਨ ਉਹ ਜ਼ਰੂਰ ਐਕਸਪੰਜ ਹੋਣੇ ਚਾਹੀਦੇ ਹਨ । ਮੈਂ ਸਮਝਦਾ ਹਾਂ ਕਿ ਇਹ ਗਲਤ ਰਵਾਇਤ ਹੈ । ਅਸੀਂ ਨਾ ਤਾਂ ਕਿਸੇ ਹੋਰ ਪਾਰਟੀ ਦੇ ਲੀਡਰ ਦੇ ਖਿਲਾਫ ਕੋਈ ਗੱਲ ਕਰਨੀ ਚਾਹੁੰਦੇ ਹਾਂ ਔਰ ਨਾਂ ਹੀ ਬਰਦਾਸ਼ਤ ਕਰਨਾ ਚਾਹੁੰਦੇ ਹਾਂ ।(ਵਿਘਨ)

ਸ੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ, ਤੁਹਾਡਾ ਮਸਲਾ ਉਨ੍ਹਾਂ ਲਵਜ਼ਾਂ ਦਾ ਹੈ, ਉਹ ਤਾਂ ਐਕਸ-ਪੰਜ ਕਰ ਦਿੱਤੇ ਹਨ - (Badal Sahib, the words to which you are objecting have been expunged.)

ਸਰਦਾਰ ਪਰਕਾਸ਼ ਸਿੰਘ ਬਾਦਲ: ਮੈਨੂੰ ਦੱਸੋ ਤਾਂ ਸਹੀ ਕਿਹੜੇ ਲਫਜ਼ ਐਕਸਪੰਜ ਕੀਤੇ ਹਨ ?

ਡਾਕਟਰ ਅਮੀਰ ਸਿੰਘ ਕਲਕਟ : ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਨੋਟਿਸ ਵਿਚ ਲਿਆਉਂਦਾ ਹਾਂ । ਇਕ ਇਨ੍ਹਾਂ ਨੇ ਸ਼ੇਰ ਕੱਢਿਆ ਹੈ, ਮੁਕਤੀ ਬਾਹਨੀ ਦਾ । ਇਨ੍ਹਾਂ ਨੂੰ ਪੁਛੋ ਕਿ ਮੁਕਤੀ ਬਾਹਨੀ ਦਾ ਕੀ ਮਾਹਿਨਾ ਹੁੰਦਾ ਹੈ । ਮੈਂ ਕਹਿ ਸਕਦਾ ਹਾਂ ਕਿ 'ਮੁਕਤੀ ਬਾਹਨੀ' ਕੀ ਹੁੰਦੀ ਹੈ ਕਿਸ ਤਰ੍ਹਾਂ ਬਣਾਈ ਜਾਂਦੀ ਹੈ । (ਸ਼ੋਰ) ਇਹ ਮੁਕਤੀ ਬਾਹਨੀਆਂ ਬਣਾਉਂਦੇ ਹਨ ।

(ਇਸ ਸਮੇਂ ਅਕਾਲੀ ਪਾਰਟੀ ਵਲੋਂ ਕਈ ਮੈਂਬਰ ਸਾਹਿਬਾਨ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ । ਹਾਉਸ ਵਿਚ ਕਾਫੀ-ਸ਼ੋਰ ਸੀ ।)

ਸਰਦਾਰ ਗੁਰਮੇਜ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਤੁਹਾਡੀ ਸੇਵਾ ਵਿਚ ਅਰਜ਼ ਕਰਾਂਗਾ ਕਿ ਮਹਾਰਾਜ ਨੇ ਗੁਰਬਾਣੀ ਵਿਚ ਲਿਖਿਆ ਹੈ......

ਸ੍ਰੀ ਡਿਪਟੀ ਸਪੀਕਰ : ਤੁਸੀਂ ਪੁਆਇੰਟ ਆਫ ਆਰਡਰ ਰੇਜ਼ ਕਰੋ । (You may please raise your point of order.)

ਸਰਦਾਰ ਗੁਰਮੇਜ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਜਨਾਬ ਨੂੰ ਮੁਖਾਤਿਬ ਕਰ ਰਿਹਾ ਹਾਂ । ਤੁਸੀਂ ਮੇਰੀ ਗੱਲ ਤਾਂ ਸੁਣੋ ।

ਅਕਾਲੀ ਪਾਰਟੀ ਵਲੋਂ ਆਵਾਜ਼ਾਂ: ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਪਹਿਲਾਂ ਪੜ੍ਹੋ ।

ਸਰਦਾਰ ਗੁਰਮੇਜ ਸਿਘ : ਡਿਪਟੀ ਸਪੀਕਰ ਸਾਹਿਬ, ਮਹਾਰਾਜ ਨੇ ਗੁਰਬਾਣੀ ਵਿਚ ਲਿਖਿਆ ਹੈ:—

"ਸੋ ਕਿਉ ਮੰਦਾ ਆਖੀਐ, ਜਿੱਤ ਜੰਮੇ ਰਾਜਾਨ"

ਇਹ ਇਸਤਰੀ ਬਾਰੇ ਕਿਹਾ ਗਿਆ ਹੈ । ਸੋ ਇਸਤਰੀ ਨੂੰ ਕੋਈ ਮਾੜੇ ਲਫਜ਼ ਕਹਿਣੇ ਗੁਰਬਾਣੀ ਤੋਂ ਉਲਟ ਹੈ । ਲੇਕਿਨ ਇਕ ਗਲ ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੇ ਇਕ ਪ੍ਰਪੋਜ਼ਲ ਪੇਸ਼ ਕੀਤੀ ਸੀ ਕਿ ਜਾਂ ਤਾਂ ਉਹ ਲਫਜ਼ ਵਾਪਸ ਲੈਣ ਜਾਂ ਉਹ ਕਾਰਵਾਈ ਵਿਚੋਂ ਕੱਢ ਦਿਤੇ ਜਾਣ । ਉਨ੍ਹਾਂ ਦੀ ਇਹ ਪ੍ਰਪੋਜ਼ਲ ਬਿਲਕੁਲ ਠੀਕ ਹੈ ।

ਸ੍ਰੀ ਡਿਪਟੀ ਸਪੀਕਰ : ਉਹ ਲਫਜ਼ ਕਾਰਵਾਈ ਵਿਚ ਨਹੀਂ ਹਨ । (Those words are not in the proceedings of the House.)

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਹੈ ਕਿ ਜਿਹੜੀ ਗੱਲ ਚਲ ਪਈ ਹੈ ,ਇਹ ਠੀਕ ਨਹੀਂ ਹੈ । ਕਿਸੇ ਨੂੰ ਸੈਂਸਟਿਵ ਨਹੀਂ ਹੋਣਾ ਚਾਹੀਦਾ । ਇਹ ਪੁਲੀਟੀਕਲ ਗੱਲ ਹੈ । ਇਨ੍ਹਾਂ ਗੱਲਾਂ ਨਾਲ ਸਾਰੇ ਹਾਊਸ ਦਾ ਟਾਈਮ ਜ਼ਾਇਆ ਹੋਵੇਗਾ । ਬਰਾੜ ਸਾਹਿਬ ਕਹਿੰਦੇ ਹਨ ਕਿ ਜੈ ਪਰਕਾਸ਼ ਨਾਰਾਇਣ ਜੀ ਜਮਹੂਰੀਅਤ ਦੀ ਰਾਖੀ ਕਰਦੇ ਹਨ ,ਹੋਰ ਵੀ ਅਗਾਂਹ ਵਧੂ ਲੀਡਰ ਹਨ । ਪਰ ਕੀ ਇਹ ਹਕੀਕਤ ਨਹੀਂ ਕਿ ਜਦੋਂ ਗਵਾਂਢੀ ਸਟੇਟ ਨਾਲ ਹਿੰਦੁਸਤਾਨ ਦੀ ਲੜਾਈ ਹੋਈ ਸੀ, ਕੀ ਇਨ੍ਹਾਂ ਨੂੰ ਇਸ ਬਾਰੇ ਪਤਾ ਨਹੀਂ ਹੈ ਕਿ ਜੇ.ਪੀ. ਯਹੀਆ ਸ਼ਾਹੀ ਤੇ ਅਜ਼ੂਬ ਸ਼ਾਹੀ ਨੂੰ ਹਿੰਦੁਸਤਾਨ ਦੀ ਗੱਦੀ ਤੇ ਬਿਠਾਉਣਾ ਚਾਹੁੰਦਾ ਸੀ ।(ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ: ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਚਲਣੀਆਂ ਚਾਹੀਦੀਆਂ । ਉਹ ਵੀ ਹਿੰਦੁਸਤਾਨ ਦੀ ਮਹਾਨ ਹਸਤੀ ਹੈ । ਉਸ ਦੇ ਖਿਲਾਫ ਅਜਿਹੇ ਲਫਜ਼ ਕਹਿਣੇ ਠੀਕ ਨਹੀਂ ਹਨ । ਔਰ ਉਨ੍ਹਾਂ ਨੂੰ ਹਾਊਸ ਦੀ ਕਾਰਵਾਈ ਵਿਚ ਨਹੀਂ ਰਹਿਣ ਦੇਣਾ ਚਾਹੀਦਾ, ਨਹੀਂ ਤਾਂ ਗੱਲ ਨਹੀਂ ਚਲਣੀ। ਜਦੋਂ ਸਾਡਾ ਟਾਈਮ ਆਇਆ ਤਾਂ ਅਸੀਂ ਵੀ ਫਿਰ ਮੁਆਫ ਨਹੀਂ ਕਰਾਂਗੇ । ਇਸ ਲਈ ਜਿਹੜੇ ਅੱਜ ਲਫਜ਼ ਹਿੰਦੁਸਤਾਨ ਦੀ ਵੱਡੀ ਹਸਤੀ ਦੇ ਬਾਰੇ ਵਰਤੇ ਹਨ ਉਹ ਰਿਕਾਰਡ ਤੇ ਨਹੀਂ ਆਉਣੇ ਚਾਹੀਦੇ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਜਸਵਿੰਦਰ ਸਿੰਘ ਬਰਾੜ ਪੁਆਇੰਟ ਆਫ ਆਰਡਰ ਦੀ, ਖੜੇ ਹੋ ਕੇ, ਮੰਗ ਕਰ ਰਹੇ ਸਨ ।)

ਸ੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ, ਤੁਸੀਂ ਬੈਠੋ ਮੈਂ ਕੁਝ ਕਹਿਣਾ ਚਾਹੁੰਦਾ ਹਾਂ ।

ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਜੇ ਕੋਈ ਵੀ ਆਨਰੇਬਲ ਮੈਂਬਰ ਕਿਸੇ ਵੀ ਸ਼ਖਸ਼ੀਅਤ ਦੇ ਖਿਲਾਫ , ਉਸ ਦੀ ਸ਼ਾਨ ਦੇ ਖਿਲਾਫ ਅਗਰ ਕੋਈ ਸ਼ਬਦ ਕਹੇਗਾ ਤਾਂ ਉਹ ਰਿਕਾਰਡ ਨਹੀਂ ਕੀਤੇ ਜਾਣਗੇ । ਜਿਸ ਸੈਂਸ ਵਿਚ ਕਲਕਟ ਸਾਹਿਬ ਨੇ ਸ਼ਬਦ ਵਰਤਿਆ ਹੈ ਮੇਰਾ ਖਿਆਲ ਹੈ ਕਿ ਪੰਜਾਬੀ ਪੜ੍ਹੇ ਹੋਏ ਸਾਰੇ ਹੀ ਚੰਗੀ ਤਰ੍ਹਾਂ ਜਾਣਦੇ ਹੋਣਗੇ ਕਿ ਇਹ ਸ਼ਬਦ ਸੁਚੱਜੇ ਢੰਗ ਨਾਲ ਹੀ ਇਸਤੇਮਾਲ ਕੀਤੇ ਜਾਂਦੇ ਹਨ ।

(ਇਸ ਸਮੇਂ ਅਕਾਲੀ ਬੈਂਚਾਂ ਵਲੋਂ ਕਈ ਮੈਂਬਰ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰਨ ਲਗੇ । ਹਾਊਸ ਵਿਚ ਕਾਫੀ ਸ਼ੋਰ ਸੀ ।)

ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਦਾ ਸੀਕੁਐਂਸ ਵੇਖ ਲਿਆ ਜਾਵੇਗਾ । ਜੇਕਰ ਕਿਸੇ ਵੀ ਸੈਂਸ ਵਿਚ ਭੈੜੀ ਭਾਵਨਾ ਨਾਲ ਵਰਤੇ ਗਏ ਹੋਣਗੇ ਤਾਂ ਉਸ ਅਨੁਸਾਰ ਫੈਸਲਾ ਕਰ ਦਿਤਾ ਜਾਵੇਗਾ । ਇਸ ਸਮੇਂ ਮੈਂ ਰੂਲਿੰਗ ਰੀਜ਼ਰਵ ਰਖ ਲੈਂਦਾ ਹਾਂ ।

(Brar Sahib, you please resume your seat as I want to say something. I would like to inform the House that all derogatory words, if used, by any hon'ble Member against the person of any important figure, will not be recorded. I think and the Punjabi knowing persons will also agree with me, that these words, as used by Dr. Kalkat, are used in good sense. (Interruptions) and noise.) (Many hon'ble Members from Akali Benches were standing for raising points of order). Any way the sequence of the words will be examined and if it is found that these words were used in bad sense, then I will give my ruling accordingly. For the present I reserve my ruling.

ਸਰਦਾਰ ਜਸਵਿੰਦਰ ਸਿੰਘ ਬਰਾੜ : * * *

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਮੈਂ ਆਪਣੀ ਰੂਲਿੰਗ ਰੀਜ਼ਰਵ ਰੱਖ ਲਈ ਹੈ । ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਤਸ਼ਰੀਫ ਰੱਖੋ । (This is no point of order. I have reserved my ruling. I would request you to kindly resume your seat.)

ਡਾਕਟਰ ਅਮੀਰ ਸਿੰਘ ਕਲਕਟ : ਤੇ, ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ), ਇਨ੍ਹਾਂ ਨੇ ਇਕ ਕਾਗਜ਼ੀ ਸ਼ੇਰ 'ਮੁਕਤੀ ਬਾਹਨੀ' ਦਿਖਾਇਆ ਹੈ । ਸਾਨੂੰ ਇਹ ਵੀ ਜਾਣਦੇ ਹਨ । ਪਰ ਇਨ੍ਹਾਂ ਨੂੰ ਪੁੱਛੋ ਕਿ 'ਮੁਕਤੀ ਬਾਹਨੀ' ਕਿਸ ਨੇ ਬਣਾਈ ਹੈ ? (ਥੰਪਿੰਗ)

ਸ਼੍ਰੀ ਡਿਪਟੀ ਸਪੀਕਰ : ਕਲਕਟ ਜੀ, ਤੁਸੀਂ ਇਸ ਤਰ੍ਹਾਂ ਦੇ ਜਿਹੜੇ ਪੁਲੀਟੀਕਲ ਮਸਲੇ ਹਨ, ਉਨ੍ਹਾਂ ਨੂੰ ਨਾ ਲਓ । (Kalkat Ji, you should not touch the political issue like this.)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਇਹ 'ਮੁਕਤੀ ਬਾਹਨੀ' ਦੀ ਬਾਰ ਬਾਰ ਗੱਲ ਕਰਦੇ ਹਨ, ਅਸੀਂ 'ਮੁਕਤੀ ਬਹਿਨੀ' ਬਣਾਵਾਂਗੇ ਔਰ ਉਹ ਇਨ੍ਹਾਂ ਨੂੰ ਵੱਢ ਦੇਣਗੇ ।

ਡਾਕਟਰ ਅਮੀਰ ਸਿੰਘ ਕਲਕਟ : ਜਦੋਂ ਤੁਸੀਂ ਡਰਦੇ ਪਿੰਡਾਂ ਵਿਚ ਨਹੀਂ ਸੀ ਵੜਦੇ ਉਦੋਂ ਮੈਂ ਸਿੱਖ ਸਟੂਡੈਂਟਸ ਫੈਡਰਸ਼ਨ ਬਣਾਈ ਸੀ । ਤੁਸੀਂ ਮੇਰੇ ਨਾਲ ਗਲ ਕਰਦੇ ਹੋ? ਅਕਾਲੀ ਦਲ ਦੀ ਕੁਰਬਾਨੀ ਕੀ ਹੈ? ਤੁਹਾਡੇ ਵਰਗੇ ਮੈਨੂੰ ਵੱਢਣ ਵਾਲੇ ਬੜੇ ਮੇਰੇ ਮਗਰ ਫਿਰਦੇ ਹਨ । ਮੈਂ ਨਹੀਂ ਡਰਦਾ, ਮੇਰੀ ਜਾਨ ਭਗਵਾਨ ਦੇ ਹੱਥ ਹੈ । ਜਦੋਂ ਮਰਨਾ ਹੈ ਮਰਨਾ ਹੀ ਹੈ, ਜਿੱਦਾਂ ਮਰਨਾ ਹੈ ਉਸ ਤਰ੍ਹਾਂ ਹੀ ਮਰਨਾ ਹੈ ।

---

*Expunged as ordered by the Chair.

ਸਰਦਾਰ ਉਜਾਗਰ ਸਿੰਘ : ਡਿਪਟੀ ਸਪੀਕਰ ਸਾਹਿਬ, ਪਿਛਲੇ ਦਿਨੀਂ ਚੌਧਰੀ ਕਾਂਸ਼ੀ ਰਾਮ ਜੀ ਨੇ ਕਿਹਾ ਸੀ ਕਿ ਗੋਧਿਆਂ ਨੇ ਇਹ ਕੰਮ ਕੀਤਾ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗੋਧਿਆਂ ਲਫਜ਼ ਕੀ ਹੁੰਦਾ ਹੈ ? (ਹਾਸਾ)

ਸ਼੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ, ਮੈਂ ਉਹ ਲਫਜ਼ ਮੰਗਵਾਏ ਹਨ । ਇਹ ਮੈਂ ਸਾਰੇ ਹਾਊਸ ਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ :—

"ਡਿਪਟੀ ਸਪੀਕਰ ਸਾਹਿਬ, ਜਿਥੇ ਸਾਡੀ ਸਰਕਾਰ ਨੇ ਅੱਛੇ ਕੰਮ ਕੀਤੇ ਹਨ ਉਥੇ ਸਾਡੀ ਆਪੋਜ਼ੀਸ਼ਨ ਨੇ ਵੀ ਇਕ ਕੰਮ ਕੀਤਾ । ਇਹ ਆਪ ਤੇ ਲੀਡਰਲੈਸ ਹੈ ਅਤੇ ਇਸ ਨੇ ਜੇ. ਪੀ. ਨੂੰ ਜਿਹੜਾ ਕਿ [* *] ਹੈ, ਜਿਹੜਾ ਕਿ ਆਪ ਕਦੇ ਵੀ ਇਲੈਕਸ਼ਨਾਂ ਵਿਚ ਖੜਾ ਨਹੀਂ ਹੋਇਆ ਉਸ ਨੂੰ ਆਪਣਾ ਲੀਡਰ ਬਣਾ ਦਿਤਾ ।"

ਜਿਹੜੇ ਲਫਜ਼ ਇਨ੍ਹਾਂ ਨੇ ਅਖੀਰ ਵਿਚ ਜੋੜ ਦਿੱਤੇ ਹਨ, ਉਨ੍ਹਾਂ ਤੋਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਭਾਵਨਾ ਠੀਕ ਨਹੀਂ ਹੈ । ਇਸ ਕਰਕੇ [* * *] ਜਿਹੜਾ ਸ਼ਬਦ ਹੈ, ਉਹ ਹਾਊਸ ਦੀ ਕਾਰਵਾਈ ਵਿਚੋਂ ਕੱਢ ਦਿਤਾ ਜਾਂਦਾ ਹੈ ।

(Badal Sahib, I have got the relevant record of the proceeding with me. I read it out to the House :—

"Mr. Deputy Speaker, where as our Government has done many good deeds our opposition has also done one good thing. Being a leaderless Party it has adopted Mr. J.P. Narain, who is * * as its leader. He has never contested election but the opposition has made him its leader."

The words which have been used in the end, I think, those are not used in good sense. Therefore, the words should be deleted.

ਡਾਕਟਰ ਅਮੀਰ ਸਿੰਘ ਕਲਕਟ : ਫਿਰ ਇਹ ਕਹਿੰਦੇ ਹਨ ਕਿ ਇਹ ਯੂ. ਐਨ. ਓ. ਵਿਚ ਜਾਣਗੇ । ਜੇ ਇਥੇ ਦੇ ਰਹਿਣ ਵਾਲੇ, ਇਥੇ ਦੇ ਪਲਣ ਵਾਲੇ, ਇਥੇ ਦਾ ਨਮਕ ਖਾਣ ਵਾਲੇ, ਇਥੇ ਦੇ ਵਸਨੀਕ ਨੂੰ ਮੁਲਕ ਦੀ ਹਰ ਡਿਵੈਲਪਮੈਂਟ ਵਿਚ ਹਿੱਸਾ ਮਿਲਦਾ ਹੋਵੇ, ਤਾਂ ਇਹ ਚੀਜ਼ ਨਹੀਂ ਕਹਿਣੀ ਚਾਹੀਦੀ । ਅਸੀਂ ਤਾਂ ਕਦੇ ਨਹੀਂ ਕਹਾਂਗੇ । ਮੈਂ ਹਿੰਦੁਸਤਾਨੀ ਹਾਂ ਅਤੇ ਹਿੰਦੁਸਤਾਨੀ ਮਰਾਂਗਾ । ਇਹ ਇਸ ਗਲ ਨੂੰ ਨਹੀਂ ਸਮਝਦੇ । ਸੋ, ਜੋ ਮੈਂ ਗਿਆਨੀ ਜੀ ਨੂੰ ਕਹਿ ਰਿਹਾ ਸੀ, ਉਹ ਇਹ ਸੀ ਕਿ ਜਿਹੜੇ ਉਨ੍ਹਾਂ ਨੇ ਸਮਗਲਰ ਫੜੇ ਹਨ, ਉਹ ਸਾਰੇ ਨਹੀਂ ਫੜੇ ਗਏ । ਇਥੇ ਛੰਗਾਣੀ ਕਮਿਸ਼ਨ ਦੇ ਕਿੰਨੇ ਬੰਦੇ ਹਨ । ਕਿਸੇ ਸਮਗਲਰ ਤੇ ਇਹੋ ਜਿਹੇ ਇਲਜ਼ਾਮ ਨਹੀਂ ਹਨ, ਜਿਸ ਤਰ੍ਹਾਂ ਦੇ ਇਨ੍ਹਾਂ ਲੋਕਾਂ ਤੇ ਹਨ ਅਤੇ ਇਹ ਵੀ ਪਬਲਿਕ ਵਿਚ ਲੀਡਰ ਬਣੀ ਫਿਰਦੇ ਹਨ ।

ਡਾਕਟਰ ਬਲਦੇਵ ਪ੍ਰਕਾਸ਼ : ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਥੇ ਬਜਟ ਤੇ ਡਿਸ਼ਕਸ਼ਨ ਹੋ ਰਹੀ ਹੈ ਅਤੇ ਦੂਜੀ ਗੱਲ ਇਹ ਕਿ ਛੰਗਾਣੀ ਕਮਿਸ਼ਨ ਸਮਗਲਿੰਗ ਨੂੰ ਤਾਂ ਡੀਲ ਨਹੀਂ ਕਰਦਾ ।

ਸ਼੍ਰੀ ਡਿਪਟੀ ਸਪੀਕਰ : ਮੈਂ ਬੇਨਤੀ ਕਰਦਾ ਹਾਂ ਕਿ ਬੱਜਟ ਤੇ ਹੀ ਡਿਸਕਸ਼ਨ ਕੀਤੀ ਜਾਵੇ ।

(I will request the hon. Members to confine the discussion on the Budget only.)

*Expunged as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ਼ ਆਡਰ ਸਰ ।

ਸ੍ਰੀ ਡਿਪਟੀ ਸਪੀਕਰ : ਪੁਆਇੰਟ ਆਫ਼ ਆਰਡਰ ਹੈ ਤਾਂ ਕਰੋ, ਨਹੀਂ ਤਾਂ ਜੇ ਰੌਲਾ ਪਾਉਣਾ ਹੈ ਤਾਂ ਨਾ ਬੋਲੋ । (The hon. Member should raise a point of order and should not be irrelevant.)

ਸਰਦਾਰ ਜਸਵਿੰਦਰ ਸਿੰਘ ਬਰਾੜ : ਜੋ ਤੁਸੀਂ ਰੂਲਿੰਗ ਦਿਤੀ ਹੈ, ਉਸ ਦਾ ਮੈਂ ਸਤਿਕਾਰ ਕਰਦਾ ਹਾਂ। ਪਰ ਇਸ ਦੇ ਨਾਲ ਇਹ ਅਰਜ਼ ਕਰਦਾ ਹਾਂ ਕਿ ਡਾਕਟਰ ਅਮੀਰ ਸਿੰਘ ਕਲਕਟ ਜਿਹੜੀਆਂ ਮੰਦੀ ਭਾਵਨਾ ਨਾਲ ਗੱਲਾਂ ਕਰਦੇ ਹਨ, ਇਨ੍ਹਾਂ ਨੂੰ ਬੰਦ ਕਰੋ, ਇਨ੍ਹਾਂ ਨੂੰ * *

ਸ੍ਰੀ ਡਿਪਟੀ ਸਪੀਕਰ : ਇਹ ਜਿਹੜੇ * * ਲਫਜ਼ ਹਨ, ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣਨ । (The words * * * should not form part of the proceedings.)

ਡਾਕਟਰ ਅਮੀਰ ਸਿੰਘ ਕਲਕਟ : ਸਾਡੇ ਮੁਲਕ ਦੇ ਕਾਨੂੰਨ ਦਾ ਇਥੇ ਮੁਖਾਲਿਫ ਪਾਰਟੀਆਂ ਨੇ ਅੰਤ ਕੀਤਾ ਅਤੇ ਇਹ ਫਾਸਿਸਟ ਟੈਂਡੇਂਸੀ ਤੇ ਚਲ ਰਹੇ ਹਨ । ਇਥੇ ਮਿਸ਼ਰਾ ਜੀ ਦਾ ਕਤਲ ਹੋਇਆ, ਪ੍ਰਿੰਸੀਪਲ ਰਲਾ ਰਾਮ ਜੀ ਦਾ ਕਤਲ ਹੋਇਆ, ਇਹ ਕਿਸੇ ਨੇ ਨਹੀਂ ਕੀਤਾ, ਇਹ ਇਨ੍ਹਾਂ ਨੇ ਹੀ ਕੀਤਾ ਹੈ ....

ਕੁਝ ਆਵਾਜ਼ਾਂ : ਇਹ ਤੁਸੀਂ ਸਾਨੂੰ ਕਹਿ ਰਹੇ ਹੋ, ਇਹ ਠੀਕ ਨਹੀਂ ।

ਡਾਕਟਰ ਅਮੀਰ ਸਿੰਘ ਕਲਕਟ : ਮੈਂ ਆਪੋਜ਼ੀਸ਼ਨ ਪਾਰਟੀਆਂ ਨੂੰ ਕਹਿ ਰਿਹਾ ਹਾਂ । (ਵਿਘਨ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ......

ਸ੍ਰੀ ਡਿਪਟੀ ਸਪੀਕਰ : ਪੁਆਇੰਟ ਆਫ਼ ਆਰਡਰ ਰੇਜ਼ ਕਰੋ । (The hon. Member should raise a point of order.)

ਸਰਦਾਰ ਕਰਨਲ ਸਿੰਘ ਮਰੜ੍ਹੀ : * * *

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

(ਇਸ ਸਮੇਂ ਅਕਾਲੀ ਮੈਂਬਰਾਂ ਵਲੋਂ ਬਹੁਤ ਸ਼ੋਰ ਪੈ ਰਿਹਾ ਸੀ)

आचार्य पृथ्वी सिंह आजाद : आन ए प्वायंट आफ आर्डर, सर । मेरा प्वायंट आफ आर्डर यह है कि जब हाऊस के सामने इमपार्टेंट बजट है तो हर मैंबर उस पर डिसकशन करे । इस लिए मैं रिक्वैस्ट करूंगा कि आप ऐसे मैंबर को कन्टरोल करें जो ऐसे अलफाज का प्रयोग करे ताकि इस हाऊस की इज्जत और आन बनी रहे । जिस रास्ते पर मैंबर साहिबान हाउस में चल रहे हैं उस से हम लोगों की नजरों में गिर जाएंगे ।

---

*Expunged as ordered by the Chair.

ਸ੍ਰੀ ਪ੍ਰੇਮ ਗੁਪਤਾ : ਮੇਰਾ ਪੁਆਇੰਟ ਆਫ਼ ਆਰਡਰ ਹੈ ਜੀ ......

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਮੇਰਾ ਵੀ ਪੁਆਇੰਟ ਆਫ਼ ਆਰਡਰ ਹੈ । ਹਾਊਸ ਵਿਚ ਚੰਗੇ ਬੰਦੇ ਸੂਝ ਬੂਝ ਵਾਲੇ ਹੋਣੇ ਚਾਹੀਦੇ ਹਨ, ਇਨ੍ਹਾਂ ਨੂੰ ਕੰਟਰੋਲ ਕਰੋ ।

ਸ੍ਰੀ ਡਿਪਟੀ ਸਪੀਕਰ : ਮਰੜ੍ਹੀ ਸਾਹਿਬ ਤੁਸੀਂ ਵੀ ਕੰਟਰੋਲ ਵਿਚ ਆਵੋ । (Marhari Sahib, you should also remain under control.)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਮਰੜ੍ਹੀ ਸਾਹਿਬ ਨੇ ਪੁਆਇੰਟ ਆਫ਼ ਆਰਡਰ ਵਿਚ ਕਿਹਾ ਕਿ ਪ੍ਰਿੰਸੀਪਲ ਰਲਾ ਰਾਮ ਨੂੰ ਜਾਂ ਹੋਰਨਾਂ ਨੂੰ ਕਤਲ ਕਰਵਾਉਣ ਵਿਚ ਸਰਕਾਰ ਦਾ ਹੱਥ ਹੁੰਦਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਬਸੰਤ ਸਿੰਘ ਐਮ. ਐਲ. ਏ. ਤਾਂ ਬਾਦਲ ਸਾਹਿਬ ਦੀ ਵਜ਼ਾਰਤ ਵੇਲੇ ਕਤਲ ਹੋਏ ਸਨ, ਤਾਂ ਫਿਰ ਉਹ ਕਤਲ ਕਿਸ ਨੇ ਕਰਵਾਇਆ ਸੀ, ਫਾਂਸੀ ਤਾਂ 3 ਹੋਰ ਬੰਦਿਆਂ ਨੂੰ ਲੱਗੀ ਸੀ ।

ਸ੍ਰੀ ਡਿਪਟੀ ਸਪੀਕਰ : ਗੁਪਤਾ ਜੀ ਬੈਠੋ । (Gupta Ji, please resume your seat.)

ਚੌਧਰੀ ਰਾਮ ਸਿੰਘ : ਅਜ਼ਾਦ ਸਾਹਿਬ ਨੇ ਕਿਹਾ ਹੈ ਕਿ ਮੈਂਬਰ ਸਾਹਿਬਾਨ ਨੂੰ ਰੋਕਿਆ ਜਾਵੇ ਅਤੇ ਬਜਟ ਤੇ ਹੀ ਡਿਸ਼ਕਸ਼ਨ ਕੀਤੀ ਜਾਵੇ । ਛੰਗਾਨੀ ਕਮਿਸ਼ਨ ਦੇ ਬਾਰੇ ਸਰਕਾਰ ਨੇ ਪੈਸੇ ਰੱਖੇ ਅਤੇ ਖਰਚ ਕਰ ਰਹੀ ਹੈ । ਜੇ. ਪੀ. ਦੇ ਟੂਰ ਦੇ ਸਬਧ ਵਿਚ ਸਰਕਾਰ ਨੇ 61,000 ਰੁਪਿਆ ਖਰਚ ਕੀਤਾ ਹੈ । ਇਸ ਕਰਕੇ ਇਨ੍ਹਾਂ ਗੱਲਾਂ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ ਅਤੇ ਇਹ ਜਾਇਜ਼ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ * * *

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਸਰਦਾਰ ਗੁਰਮੇਜ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰੇ ਬਾਰੇ ਇਨ੍ਹਾਂ ਨੇ ਕੁਝ ਕਿਹਾ ਹੈ ।

ਕੁਝ ਆਵਾਜ਼ਾਂ * *

ਸ੍ਰੀ ਡਿਪਟੀ ਸਪੀਕਰ : ਇਹ ਨਾਹਰੇ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣਨ । (These slogans should not form part of the proceedings.)

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਇਹ ਗੱਲ 11 ਵਜੇ ਸ਼ੁਰੂ ਹੋਈ ਸੀ ਅਤੇ ਹੁਣ 12 ਵਜਣ ਲੱਗੇ ਹਨ । ਜੇ ਇਸ ਤਰ੍ਹਾਂ ਹੁੰਦਾ ਰਿਹਾ ਤਾਂ ਇਹ ਚੀਜ਼ ਕੋਈ ਪਾਰਲੀਮੈਂਟਰੀ ਡੈਮੋਕਰੇਸੀ ਦੇ ਬਹੁਤੇ ਚੰਗੇ ਹਿੱਤ ਵਿਚ ਨਹੀਂ । ਇਸ ਕਰਕੇ ਬੱਜਟ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ ।

[ਇਸ ਸਮੇਂ ਸਰਦਾਰ ਧੰਨਾ ਸਿੰਘ ਗੁਲਸ਼ਨ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ (ਵਿਘਨ) (ਸ਼ੋਰ)]

---

*Expunged as ordered by the Chair.

ਸ੍ਰੀ ਡਿਪਟੀ ਸਪੀਕਰ : ਆਰਡਰ ਪਲੀਜ਼ । ਕਲਕਟ ਜੀ, ਤੁਸੀਂ ਹੁਣ ਖਤਮ ਕਰੋ । (Order please. Kalkat Ji, please wind up now.)

ਡਾਕਟਰ ਅਮੀਰ ਸਿੰਘ ਕਲਕਟ : ਇਹ ਨਹੀਂ ਚਾਹੁੰਦੇ ਕਿ ਮੁਲਕ ਦਾ ਭਲਾ ਹੋਵੇ, ਇਹ ਮੁਲਕ ਦਾ ਸਤਿਆਨਾਸ ਕਰਨਾ ਚਾਹੁੰਦੇ ਹਨ, ਡਿਕਟੇਟਰਸ਼ਿਪ ਲਿਆਉਣਾ ਚਾਹੁੰਦੇ ਹਨ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ।

(ਇਸ ਸਮੇਂ ਕਾਮਰੇਡ ਸੱਤਪਾਲ ਡਾਂਗ ਬੋਲਣ ਲਈ ਖੜ੍ਹੇ ਹੋਏ)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਬੋਲਣਾ ਹੈ ......

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਡਾਂਗ ਸਾਹਿਬ ਨੂੰ ਸ਼ੁਰੂ ਕਰ ਲੈਣ ਦੇਵੋ, ਫਿਰ ਤੁਸੀਂ ਬੋਲ ਲੈਣਾ । (Chaudhri Sahib, let Comrade Dang speak first and then you may do so.)

ਚੌਧਰੀ ਦਰਸ਼ਨ ਸਿੰਘ : ਉਨ੍ਹਾਂ ਦੇ ਬੋਲਦਿਆਂ ਇੰਟਰੈਪਟ ਕਰਨਾ ਠੀਕ ਨਹੀਂ, ਮੈਂ ਹੁਣੇ ਹੀ ਬੋਲ ਲੈਂਦਾ ਹਾਂ । ਮੈਂ ਥੋੜ੍ਹੀ ਜਿਹੀ ਬੇਨਤੀ ਕਰਨੀ ਹੈ । ਡਿਪਟੀ ਸਪੀਕਰ ਸਾਹਿਬ, ਬੱਜਟ ਇਕ ਬਹੁਤ ਇੰਪਾਰਟੈਂਟ ਆਈਟਮ ਹੈ ਅਤੇ ਸਾਲ ਵਿਚ ਇਕ ਵਾਰੀ ਇਥੇ ਪੇਸ਼ ਹੁੰਦੀ ਹੈ । ਇਸ ਕਰਕੇ ਜਿਸ ਢੰਗ ਨਾਲ ਸਾਡਾ ਹਾਊਸ ਚਲ ਰਿਹਾ ਹੈ ਤਾਂ ਜਿਹੜੇ ਗੈਲਰੀਜ਼ ਵਿਚ ਲੋਕੀਂ ਬੈਠੇ ਹਨ, ਉਨ੍ਹਾਂ ਬਾਰੇ ਮੈਂ ਕਹਿ ਸਕਦਾ ਹਾਂ ਕਿ ਉਹ ਕੀ ਇਮੈਜਿਨ ਕਰਨਗੇ? (ਵਿਘਨ) ਮੈਂ ਗੈਲਰੀ ਵਿਚ ਬੈਠੇ ਲੋਕਾਂ ਨੂੰ ਰੈਫਰ ਨਹੀਂ ਕਰਦਾ, ਆਊਟਸਾਈਡ ਦੀ ਹਾਊਸ ਵੀ ਪਬਲਿਕ ਕੱਲ ਅਖਬਾਰਾਂ ਵਿਚ ਹਾਊਸ ਦੀ ਕਾਰਵਾਈ ਪੜ੍ਹੇਗੀ । ਇਸ ਕਰਕੇ ਮੈਂ ਸਾਰਿਆਂ ਨੂੰ ਇਹ ਬੇਨਤੀ ਕਰਦਾ ਹਾਂ ਕਿ ਇਸ ਤਰ੍ਹਾਂ ਨਾ ਕੀਤਾ ਜਾਵੇ । ਬੱਜਟ ਏਜੰਡੇ ਦੀ ਇਕ ਬਹੁਤ ਇੰਪਾਰਟੈਂਟ ਆਈਟਮ ਹੁੰਦੀ ਹੈ । ਇਸ ਲਈ, ਡਿਪਟੀ ਸਪੀਕਰ ਸਾਹਿਬ, ਹਰ ਮੈਂਬਰ ਸਾਹਿਬ ਲਈ ਟਾਈਮ ਅਲਾਟ ਕਰ ਦਿਤਾ ਜਾਵੇ ਅਤੇ ਵਧ ਟਾਈਮ ਨਾ ਦਿਤਾ ਜਾਵੇ । 30 ਮਿੰਟ ਤੋਂ ਇਹ ਸਿਲਸਿਲਾ ਚਾਲੂ ਹੈ ਅਤੇ ਖ਼ਤਮ ਨਹੀਂ ਹੋਇਆ । ਇਥੇ ਇਕ ਇਕ ਲੱਖ ਲੋਕਾਂ ਦੇ ਨੁਮਾਇੰਦੇ ਚੁਣ ਕੇ ਆਏ ਹਾਂ, ਸਾਨੂੰ ਠੀਕ ਤਰ੍ਹਾਂ ਨਾਲ ਡਿਸ਼ਕਸ਼ਨ ਕਰਨੀ ਚਾਹੀਦੀ ਹੈ । ਇਹ ਜਿਹੜੀਆਂ ਗੱਲਾਂ ਇਥੇ ਹੋ ਰਹੀਆਂ ਹਨ, ਇਨ੍ਹਾਂ ਤੇ ਰੋਕ ਲਗਾਉਣੀ ਚਾਹੀਦੀ ਹੈ ।

ਸ੍ਰੀ ਡਿਪਟੀ ਸਪੀਕਰ : ਮੈਂ ਮੈਂਬਰਜ਼ ਅਗੇ ਬੇਨਤੀ ਕਰਾਂਗਾ ਕਿ ਸਾਊਸ ਦੇ ਡੈਕੋਰਮ ਨੂੰ ਕਾਇਮ ਰਖਿਆ ਜਾਵੇ । (I would request the hon. Members to maintain the decorum of the House.)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਸ਼ੋਰ ਸੀ)

ਇਕ ਆਵਾਜ਼ : * * * (ਵਿਘਨ)

ਸ੍ਰੀ ਡਿਪਟੀ ਸਪੀਕਰ : ਆਰਡਰ ਪਲੀਜ਼ । ਇਹ * * ਰਿਕਾਰਡ ਤੇ ਨਾ ਆਵੇ । (Order please. This * * * should not come on record.)

*Not recorded ss ordered by the Chair.

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) : ਡਿਪਟੀ ਸਪੀਕਰ ਸਾਹਿਬ, ਸਾਲ ਦਾ ਬੱਜਟ ਸਰਕਾਰ ਦੀਆਂ ਨੀਤੀਆਂ ਦਾ ਇਕ ਸ਼ੀਸ਼ਾ ਹੁੰਦਾ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਸ਼ੋਰ ਤੇ ਕੋਈ ਕੰਟਰੋਲ ਹੋਵੇਗਾ ਜਾਂ ਨਹੀਂ?

Mr. Deputy Speaker : Order please.

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਇਹ ਸਾਲ ਦਾ ਬਜਟ ਸਾਲ ਦੀ ਸਰਕਾਰ ਦੀਆਂ ਨੀਤੀਆਂ ਦਾ ਇਕ ਸ਼ੀਸ਼ਾ ਹੁੰਦਾ ਹੈ । ਇਸ ਬਜਟ ਦੀ ਆਪੋਜੀਸ਼ਨ ਵਲੋਂ, ਅਕਾਲੀ ਪਾਰਟੀ ਵਲੋਂ ਕਾਫੀ ਨੁਕਤਾਚੀਨੀ ਕੀਤੀ ਗਈ ਹੈ। ਸਾਡੀ ਪਾਰਟੀ ਵੀ ਇਸ ਬਜਟ ਤੇ ਸਰਕਾਰ ਦੀਆਂ ਕਈ ਨੀਤੀਆਂ ਤੇ ਨੁਕਤਾਚੀਨੀ ਕਰੇਗੀ ਪਰ ਉਸ ਢੰਗ ਨਾਲ ਨਹੀਂ ਜਿਸ ਢੰਗ ਨਾਲ ਅਕਾਲੀ ਪਾਰਟੀ ਨੇ ਕੀਤੀ ਹੈ । ਸਾਡਾ ਨੁਕਤਾਚੀਨੀ ਦਾ ਪੱਖ ਵੱਖਰਾ ਹੈ । ਇਹ ਪੱਖ ਵੱਖਰਾ ਕਿਸ ਤਰ੍ਹਾਂ ਹੈ, ਉਹ ਮੈਂ ਜਿਸ ਵੇਲੇ ਵਖ ਵਖ ਆਈਟਮਜ਼ ਤੇ ਬੋਲਾਗਾਂ ਉਸ ਵੇਲੇ ਇਸ ਦਾ ਜ਼ਿਕਰ ਕਰਾਂਗਾ ।

ਡਿਪਟੀ ਸਪੀਕਰ ਸਾਹਿਬ, ਕਾਂਗਰਸੀ ਮੈਂਬਰਾਂ ਵਲੋਂ ਦੱਸਿਆ ਗਿਆ ਕਿ ਇਸ ਬਜਟ ਵਿਚ ਕਈ ਚੰਗੀਆਂ ਚੀਜ਼ਾਂ ਹਨ। ਭਾਵੇਂ ਡਾਕਟਰ ਸਾਹਿਬ ਨੇ ਆਪਣੀ ਸਪੀਚ ਵਿਚ ਕੋਈ ਗਲਤ ਜਾਂ ਨੁਕਤਾਚੀਨੀ ਵਾਲੀ ਗੱਲ ਨਹੀਂ ਕਹੀ ,ਪਰ ਮੈਂ ਇਸ ਨਾਲ ਸਹਿਮਤ ਨਹੀਂ । ਠੀਕ ਹੈ ਇਸ ਬਜਟ ਵਿਚ ਲੋਕਾਂ ਦੇ ਵਾਸਤੇ ਕਈ ਰਿਆਇਤਾਂ ਦਿੱਤੀਆਂ ਗਈਆਂ ਹਨ ਪਰ ਜੇ ਇਨ੍ਹਾਂ ਹਾਲਾਤ ਵਿਚ, ਜਦੋਂ ਕਿ ਸਾਡੇ ਪੰਜਾਬ ਦਾ ਆਰਥਕ ਢਾਂਚਾ ਬਿਲਕੁਲ ਹੀ ਗਿਰ ਰਿਹਾ ਹੈ, ਜੇ ਇਹ ਰਿਆਇਤਾਂ ਵੀ ਨਾ ਦਿੱਤੀਆਂ ਜਾਂਦੀਆਂ ਤਾਂ ਇਹ ਆਰਥਕ ਢਾਂਚਾ ਤਹਿਸ-ਨਹਿਸ ਹੋ ਜਾਂਦਾ ।

ਮਜ਼ਦੂਰਾਂ ਨੇ ਹੜਤਾਲਾਂ ਕੀਤੀਆਂ, ਉਨ੍ਹਾਂ ਦੀਆਂ ਤਨਖਾਹਾਂ ਵਧੀਆਂ, ਇਹ ਇਕ ਚੰਗੀ ਗੱਲ ਹੈ, ਮਜ਼ਦੂਰਾਂ ਦੇ ਬੱਚਿਆਂ ਲਈ ਵਜ਼ੀਫੇ ਮੁਕਰਰ ਕੀਤੇ, ਇਹ ਚੰਗੀ ਗੱਲ ਹੈ । ਵਿਦਿਆਰਥੀਆਂ ਨੇ ਹੜਤਾਲਾਂ ਕੀਤੀਆਂ, ਇਹ ਠੀਕ ਹੈ ਕਿ ਹੁਣ ਉਨ੍ਹਾਂ ਨੂੰ ਕਿਤਾਬਾਂ, ਕਾਪੀਆਂ ਸਸਤੇ ਭਾਅ ਤੇ ਮਿਲ ਜਾਇਆ ਕਰਨਗੀਆਂ, ਇਹ ਇਕ ਚੰਗੀ ਗੱਲ ਹੈ । ਗਰੀਬ ਰਿਕਸ਼ਾ ਵਾਲਿਆਂ ਨੂੰ 2 ਹਜ਼ਾਰ ਦੇ ਕਰਜ਼ੇ ਦਿੱਤੇ, ਇਹ ਵੀ ਚੰਗੀ ਗੱਲ ਹੈ, ਇਸ ਨਾਲ ਉਨ੍ਹਾਂ ਦੀ ਹਾਲਤ ਕੁਝ ਸੁਧਰੇਗੀ । ਇਸ ਸਰਕਾਰ ਨੇ ਪੈਨਸ਼ਨਰਾਂ ਨੂੰ ਸਹਾਇਤਾ ਦੇਣ ਲਈ ਪਿਛਲੇ ਸਾਲ ਨਾਲੋਂ ਇਸ ਸਾਲ 15 ਹਜ਼ਾਰ ਰੁਪਏ ਹੋਰ ਦੇਣ ਲਈ ਕਿਹਾ ਹੈ, ਇਹ ਚੰਗੀ ਗੱਲ ਹੈ । ਜਿਹੜੇ ਪੰਚਾਇਤਾਂ ਦੇ 925 ਸੈਕਟਰੀ ਆਉਣਗੇ ਉਨ੍ਹਾਂ ਵਾਸਤੇ ਇਸ ਸਰਕਾਰ ਨੇ ਇਸ ਬਜਟ ਵਿਚੋਂ ਜੋ ਪੈਸਾ ਰੱਖਿਆ ਹੈ, ਮੈਂ ਕਹਾਂਗਾ ਕਿ ਇਹ ਵੀ ਚੰਗੀ ਗੱਲ ਹੈ । ਡਿਪਟੀ ਸਪੀਕਰ ਸਾਹਿਬ, ਇਹ ਨਹੀਂ ਕਿ ਮੈਂ ਚੰਗੀ ਗੱਲ ਨਹੀਂ ਵੇਖਦਾ ਪਰ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜੀਆਂ ਰਿਆਇਤਾਂ ਇਨ੍ਹਾਂ ਨੇ ਦਿੱਤੀਆਂ ਹਨ ਇਨ੍ਹਾਂ ਦਾ ਅਸਰ ਪੰਜਾਬ ਤੇ ਕਿੰਨਾ ਹੋ ਸਕਦਾ ਹੈ । ਇਸ ਵੇਲੇ ਪੰਜਾਬ ਦੇ ਲੋਕਾਂ ਦਾ ਆਰਥਕ ਢਾਂਚਾ ਕੀ ਹੈ ਮੈਂ ਇਸ ਦੀ ਮਿਸਾਲ ਦੇਣਾ ਚਾਹੁੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਸ਼ਰਮਾ ਜੀ ਨੇ ਆਪਣੀ ਤਕਰੀਰ ਵਿਚ ਕਿਹਾ ਹੈ ਕਿ ਅਸੀਂ ਆਮਦਨ ਵਧਾਈ ਹੈ, ਇਹ ਇਕ ਚੰਗੀ ਗੱਲ ਹੈ । ਪਰ ਇਸ ਬਾਰੇ ਮੈਂ ਅਰਜ਼ ਸ਼ਰਮਾ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ, ਖੇਤ-ਮਜ਼ਦੂਰ ਅਤੇ ਹੋਰ ਕਈ ਗਰੀਬ ਲੋਕ ਸੈਂਕੜਿਆਂ ਦੀ ਗਿਣਤੀ ਵਿਚ ਨਹੀਂ, ਹਜ਼ਾਰਾਂ ਦੀ ਗਿਣਤੀ ਵਿਚ ਆਪਣੇ ਬੱਚਿਆਂ ਨੂੰ ਜਿਹੜੇ ਕਿ ਛੇਵੀਂ, ਸਤਵੀਂ, ਅੱਠਵੀਂ ਜਾਂ ਨੌਵੀਂ ਵਿਚ ਪੜ੍ਹ ਰਹੇ ਹਨ ਉਨ੍ਹਾਂ ਨੂੰ ਸਕੂਲਾਂ ਵਿਚੋਂ ਉਠਾ ਰਹੇ ਹਨ, ਉਹ

ਇਸ ਲਈ ਕਿ ਉਨ੍ਹਾਂ ਪਾਸ ਬਚਿੱਆਂ ਦੇ ਪੜ੍ਹਨ ਦੇ ਲਈ ਕਿਤਾਬਾਂ ਖਰੀਦਣ ਵਾਸਤੇ ਵੀ ਪੈਸੇ ਨਹੀਂ ਹਨ। ਪੈਸੇ ਦੀ ਕਮੀ ਹੋਣ ਕਾਰਣ ਉਹ ਪੜ੍ਹ ਨਹੀਂ ਸਕਦੇ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਾਂ ਕਿ ਮੇਰੇ ਸ਼ਹਿਰ ਛੇਹਰਟਾ ਵਿਚ ਕਈ ਮਜ਼ਦੂਰ ਰਹਿੰਦੇ ਹਨ, ਅਤੇ ਉਨ੍ਹਾਂ ਦੀ ਹਾਲਤ, ਆਰਥਕ ਹਾਲਤ ਬਹੁਤ ਹੀ ਖਰਾਬ ਹੈ। ਪਿੱਛੇ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਸਿਵਿਲ ਸਪਲਾਈ ਕਾਰ-ਪੋਰੇਸ਼ਨ ਰਾਹੀਂ ਉਥੋਂ ਦੇ ਮਜ਼ਦੂਰਾਂ ਨੂੰ ਸਸਤੇ ਭਾਅ ਤੇ ਦਾਲਾਂ ਦਿੱਤੀਆਂ ਜਾਣ। ਇਹ ਠੀਕ ਹੈ ਕਿ ਉਹ ਦਾਲਾਂ ਮਾਰਕੀਟ ਦੇ ਭਾਅ ਨਾਲੋਂ 8 ਆਨੇ ਸਸਤੀਆਂ ਆਈਆਂ, ਇਹ ਚੰਗੀ ਗੱਲ ਹੈ ਪਰ ਉਨ੍ਹਾਂ ਮਜ਼ਦੂਰਾਂ ਨੂੰ ਉਹ ਦਾਲਾਂ ਬਣਾਉਣ ਵਾਸਤੇ ਬਾਲਣ ਚਾਹੀਦਾ ਹੈ, ਦਾਲ ਨੂੰ ਬਣਾਉਣ ਲਈ ਬਾਲਣ ਦੀ ਜ਼ਿਆਦਾ ਲੋੜ ਹੁੰਦੀ ਹੈ ਪਰ ਉਨ੍ਹਾਂ ਮਜ਼ਦੂਰਾਂ ਕੋਲ ਦਾਲਾਂ ਨੂੰ ਪਕਾਉਣ ਵਾਸਤੇ ਜਿਹੜਾ ਬਾਲਣ ਚਾਹੀਦਾ ਸੀ ਉਸ ਵਾਸਤੇ ਵੀ ਪੈਸੇ ਨਹੀਂ ਹਨ। ਇਨ੍ਹਾਂ ਹਾਲਾਤ ਵਿਚ, ਡਿਪਟੀ ਸਪੀਕਰ ਸਾਹਿਬ, ਇਸ ਬਜਟ ਨੂੰ ਇਕ ਚੰਗਾ ਬਜਟ ਨਹੀਂ ਕਿਹਾ ਜਾ ਸਕਦਾ। ਮੈਂ ਇਸ ਬਜਟ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ। ਇਨ੍ਹਾਂ ਨੇ "ਪੰਜਾਬ ਆਨ ਦੀ ਮਾਰਚ" ਵਿਚ ਲਿਖਿਆ ਹੈ ਕਿ ਇਸ ਸਰਕਾਰ ਨੇ 1974—75 ਵਿਚ ਐਗਰੀ-ਕਲਚਰ ਪਰੋਡਕਸ਼ਨ ਵਾਸਤੇ 82 ਲੱਖ ਦਾ ਟੀਚਾ ਰਖਿਆ ਸੀ। ਪਰ ਜੇ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਸ ਸਾਲ ਜਿਹੜਾ ਕਿ ਹੁਣ ਖਤਮ ਹੋ ਰਿਹਾ ਹੈ 76 ਲੱਖ ਦਾ ਟੀਚਾ ਪ੍ਰਾਪਤ ਕਰ ਸਕੇ ਹਨ। ਇਸ ਤਰ੍ਹਾਂ ਕਣਕ ਦੀ ਪੈਦਾਵਾਰ ਵੀ ਹੇਠਾਂ ਨੂੰ ਹੀ ਜਾ ਰਹੀ ਹੈ। ਇਹ ਸਿਰਫ ਅਨਾਜ ਦੀ ਗੱਲ ਹੀ ਨਹੀਂ ਬਲਕਿ ਕਪਾਹ, ਗੰਨਾ, ਆਇਲ ਸੀਡਜ਼ ਆਦਿ ਲਈ ਜਿੰਨੇ ਵੀ ਟੀਚੇ ਰਖੇ ਸਨ ਉਹ ਕੋਈ ਵੀ ਪੂਰੇ ਨਹੀ ਹੋ ਰਹੇ।

ਡਿਪਟੀ ਸਪੀਕਰ ਸਾਹਿਬ, ਇਸ ਬਜਟ ਤੇ ਤਕਰੀਰ ਕਰਦੇ ਹੋਏ ਐਫ. ਐਮ. ਸਾਹਿਬ ਨੇ ਵੀ ਦਸਿਆ ਅਤੇ ਜਿਹੜਾ ਸੈਕਟਰੀ ਦਾ ਮੈਮੋਰੰਡਮ ਹੈ ਉਸ ਵਿਚ ਵੀ ਲਿਖਿਆ ਹੈ ਕਿ ਅਸੀਂ ਨਵੀਆਂ ਯੋਜਨਾਵਾਂ ਸ਼ੁਰੂ ਕਰਨ ਵਾਸਤੇ ਕਈ ਬਚਤਾਂ ਕਰਕੇ ਆਪਣੀ ਆਮਦਨ ਵਧਾਈ ਹੈ। ਡਿਪਟੀ ਸਪੀਕਰ ਸਾਹਿਬ, ਇਹ ਆਮਦਨ ਦੀ ਗੱਲ ਜਿਹੜੀ ਕਰਦੇ ਹਨ ਜੇ ਇਸ ਨੂੰ ਕੀਮਤ ਦੇ ਵਧਣ ਨਾਲ ਮਿਲਾਇਆ ਜਾਵੇ ਤਾਂ ਇਹ ਕੁਝ ਵੀ ਨਹੀਂ ਹੈ। ਜਿਸ ਤਰੀਕੇ ਨਾਲ ਕੀਮਤਾਂ ਵਧੀਆਂ ਹਨ ਉਸ ਦੇ ਬਰਾਬਰ ਤੇ ਲੋਕਾਂ ਦੀ ਆਮਦਨ ਕੁਝ ਵੀ ਨਹੀਂ ਵਧੀ। ਫਿਰ ਜਿਹੜੀ ਇਨ੍ਹਾਂ ਨੇ ਬੱਚਤ ਦੇ ਬਾਰੇ ਗੱਲ ਕਹੀ ਹੈ ਕਿ ਇਸ ਨਾਲ ਪੰਜਾਬ ਸਰਕਾਰ ਦੀ ਆਮਦਨ ਵਧੀ ਹੈ ਇਹ ਠੀਕ ਨਹੀਂ ਹੈ। ਇਹ ਆਮਦਨ ਵਧਾਉਣ ਵਾਸਤੇ ਇਨ੍ਹਾਂ ਨੇ ਕਈ ਕੰਮਾਂ ਨੂੰ ਜਿਹੜੇ ਕਿ ਤਰੱਕੀ ਵਾਸਤੇ ਹੋਣੇ ਸਨ, ਉਨ੍ਹਾਂ ਨੂੰ ਨਜ਼ਰ ਅਦਾਜ਼ ਕੀਤਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ "ਪੰਜਾਬ ਬਜਟ ਐਟ ਏ ਗਲਾਂਸ" ਵਿਚ ਜੋ ਪਰ ਕੈਪਿਟਾ ਇਨਕਮ ਐਟ ਕਾਂਸਟੈਂਟ ਪ੍ਰਾਈਸ ਤੇ ਦਸੀ ਹੈ ਉਹ ਹੈ 1971—72 ਵਿਚ 481 ਰੁਪਏ, 1972—73 ਵਿਚ 476 ਰੁਪਏ ਅਤੇ ਪਤਾ ਨਹੀਂ 1973-74 ਅਤੇ 1974—75 ਵਿਚ ਕਿੰਨੀ ਘੱਟ ਗਈ ਹੋਵੇਗੀ। ਫਿਰ ਇਹ ਕਹਿੰਦੇ ਹਨ ਕਿ ਆਮਦਨ ਵਧੀ ਹੈ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਕੈਪੀਟਲ ਐਕਸਪੈਂਡੀਚਰ ਦੀ ਦੱਸਦਾ ਹਾਂ। ਇਹ ਸਿਰਫ ਕੈਪੀਟਲ ਐਕਸਪੈਂਡੀਚਰ ਹੈ, ਰੈਵੇਨਿਊ ਐਕਸਪੈਂਡੀਚਰ ਦੀ ਗੱਲ ਨਹੀਂ ਕਰਦਾ। ਇਨ੍ਹਾਂ ਨੇ ਜਿਹੜੇ ਅੰਕੜੇ ਦਸੇ ਹਨ ਉਨ੍ਹਾਂ ਦੇ ਅਨੁਸਾਰ 1973—74 ਵਿਚ ਕੈਪੀਟਲ ਐਕਸਪੈਂਡੀਚਰ 37.43 ਲੱਖ ਸੀ ਅਤੇ 1974—75 ਵਿਚ ਜਿਹੜਾ ਸਾਲ ਹੁਣ ਖਤਮ ਹੋਣ ਵਾਲਾ ਹੈ ਇਸ ਵਿਚ ਕੈਪੀਟਲ ਐਕਸਪੈਂਡੀਚਰ 29.68 ਲੱਖ ਰੁਪਏ ਸੀ ਅਤੇ 1975—76 ਵਿਚ ਜਿਹੜੀ ਕੈਪੀਟਲ ਐਕਸਪੈਂਡੀਚਰ ਦੀ ਪਰੋਵੀਜ਼ਨ ਹੈ ਉਹ 1974-75 ਨਾਲੋਂ ਕੁਝ ਵਧ ਹੈ ਪਰ ਜਿਹੜੀ 1973—74 ਵਿਚ ਦੱਸੀ ਹੈ ਉਸ ਨਾਲੋਂ ਕੁਝ ਘੱਟ ਹੈ, ਜਿਹੜੀ ਇਨ੍ਹਾਂ ਨੇ ਪਰੋਵੀਜਨ ਕੀਤੀ ਹੈ।

[ਕਾਮਰੇਡ ਸੱਤ ਪਾਲ ਡਾਂਗ]

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਸ਼ਰਮਾ ਜੀ ਨੇ ਆਪਣੀ ਸਪੀਚ ਵਿਚ ਕਿਹਾ ਸੀ ਕਿ ਅਸੀਂ 1974-75 ਵਿਚ ਟੈਕਸ ਬਹੁਤ ਮਾਮੂਲੀ ਲਾਕੇ ਅਤੇ ਆਪਣੇ ਖਰਚੇ ਘਟਾ ਕੇ ਇਕੌਨਮੀ ਕੀਤੀ ਹੈ। ਇਸ ਦੇ ਬਾਰੇ ਮੈਂ ਦਸਦਾ ਹਾਂ ਕਿ ਇਹ ਇਕੌਨਮੀ ਕਿਸ ਤਰ੍ਹਾਂ ਕੀਤੀ ਗਈ ਹੈ, ਇਸ ਨਾਲ ਪੰਜਾਬ ਦੀ ਤਰੱਕੀ ਰੁਕੀ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਮਜ਼ਦੂਰਾਂ ਲਈ ਹਸਪਤਾਲ ਖੋਲ੍ਹਣੇ ਸਨ ਜਿਸ ਵਾਸਤੇ 3 ਲੱਖ 15 ਹਜ਼ਾਰ ਰੁਪਿਆ ਰਖਿਆ ਸੀ ਪਰ ਇਨ੍ਹਾਂ ਨੇ ਹੁਣ ਉਸ ਨੂੰ ਘਟਾਕੇ ਉਸ ਵਾਸਤੇ 80 ਹਜ਼ਾਰ ਕਰ ਦਿੱਤਾ ਹੈ। ਇਸੇ ਤਰ੍ਹਾਂ ਮਕਾਨਾਂ ਲਈ ਇਨ੍ਹਾਂ ਨੇ 5 ਕਰੋੜ 99 ਲੱਖ ਰੁਪਿਆ ਰੱਖਿਆ ਸੀ ਪਰ ਉਸ ਵਿਚ ਵੀ ਕੱਟ ਕਰ ਦਿਤੀ ਹੈ ਅਤੇ ਉਸ ਵਾਸਤੇ 99 ਲੱਖ ਰੁਪਏ ਦੀ ਰਕਮ ਰੱਖੀ ਹੈ। ਇਸੇ ਤਰ੍ਹਾਂ ਹੀ ਅਡਲਟ ਐਜੂਕੇਸ਼ਨ ਵਾਸਤੇ 1 ਲੱਖ 90 ਹਜ਼ਾਰ ਰੁਪਏ ਤੋਂ ਘਟਾ ਕੇ 39 ਹਜ਼ਾਰ ਰੁਪਿਆ ਕਰ ਦਿੱਤਾ ਹੈ। ਪ੍ਰਾਇਮਰੀ ਐਜੂਕੇਸ਼ਨ ਵਾਸਤੇ ਵੀ ਜਿਤਨੇ ਇਨ੍ਹਾਂ ਨੇ ਫੰਡ ਰਖੇ ਸਨ ਉਨ੍ਹਾਂ ਵਿਚ ਵੀ ਕੱਟ ਕਰ ਦਿੱਤੀ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਕਾਨੋਮੀ ਦੇ ਨਾਉਂ ਉਤੇ ਉਨ੍ਹਾਂ ਫੰਡਜ਼ ਤੇ ਜਿਨ੍ਹਾਂ ਦਾ ਗਰੀਬਾਂ ਨੂੰ ਫਾਇਦਾ ਹੋਣਾ ਸੀ ਉਹ ਪਰੋਵੀਜ਼ਨ ਤੇ ਜਿਹੜੀ ਇਕ ਬਹੁਤ ਹੀ ਜ਼ਰੂਰੀ ਸੀ, ਇਸ ਬਜਟ ਵਿਚ ਕੱਟ ਲਗਾਈ ਹੈ। 20 ਕਰੋੜ ਰੁਪਏ ਦੇ ਟੈਕਸ ਆਲਰੈਡੀ ਲੱਗਣ ਦੇ ਬਾਵਜੂਦ ਵੀ ਅੱਜ ਇਹ ਦੁਹਾਈ ਦੇ ਰਹੇ ਹਨ ਕਿ ਸਾਡਾ ਆਰਥਕ ਢਾਂਚਾ ਸ਼ੈਟਰ ਹੋ ਰਿਹਾ ਹੈ। ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦਾ ਇਹ ਜਵਾਬ ਤਸੱਲੀ ਬਖਸ਼ ਨਹੀਂ। ਫਿਰ, ਡਿਪਟੀ ਸਪੀਕਰ ਸਾਹਿਬ, ਫੈਕਟਰੀਆਂ ਨੂੰ ਕੋਈ ਪੈਸਾ ਨਹੀਂ ਮਿਲਦਾ। ਇਸ ਕਰਕੇ ਨਹੀਂ ਕਿ ਉਨ੍ਹਾਂ ਦੇ ਕੋਲ ਮੁਲਕ ਦੀ ਡੀਵੈਲਪਮੈਂਟ ਲਈ ਕੋਈ ਸਕੀਮ ਹੀ ਨਹੀਂ, ਪੈਸਾ ਇਸ ਲਈ ਨਹੀਂ ਦਿੱਤਾ ਜਾਂਦਾ ਕਿਉਂਕਿ ਉਹ ਸਮਝਦੇ ਹਨ ਕਿ ਮੁਲਕ ਦੇ, ਖਾਸ ਤੌਰ ਤੇ ਪੰਜਾਬ ਦੇ ਫਾਈਨੈਂਸਿਜ਼ ਸੰਕਟ ਵਿਚ ਹਨ। ਸੰਕਟ ਵਿਚ ਫਾਈਨੈਂਸਿਜ਼ ਨਹੀਂ ਹਨ ਬਲਕਿ ਸੰਕਟ ਮੁਲਕ ਵਿਚ ਲਿਆਉਣ ਵਾਲੇ ਟਾਟਾ ਅਤੇ ਬਿਰਲੇ ਵੱਡੇ ਵੱਡੇ ਸਰਮਾਏਦਾਰ ਇਸ ਦੇ ਰਸਤੇ ਵਿਚ ਹਨ। ਉਹ ਇਸ ਸਰਕਾਰ ਦਾ ਕੋਈ ਮਸਲਾ ਹੀ ਹੱਲ ਨਹੀਂ ਹੋਣ ਦੇਂਦੇ। ਜੇ ਸਰਕਾਰ ਕੋਈ ਸਟੈਪਸ ਉਠਾਉਂਦੀ ਹੈ ਤਾਂ ਸਰਮਾਏਦਾਰ ਦੀਆਂ ਵੱਡੀਆਂ ਵੱਡੀਆਂ ਫੈਕਟਰੀਆਂ, ਤੇਲ ਦੀਆਂ ਕੰਪਨੀਆਂ ਖਤਰੇ ਵਿਚ ਪੈਂਦੀਆਂ ਹਨ। ਉਨ੍ਹਾਂ ਲੋਕਾਂ ਦਾ ਭਵਿਖ ਖਤਰੇ ਵਿਚ ਪੈਂਦਾ ਹੈ ਜਿਨ੍ਹਾਂ ਨੇ ਬੋਗਸ ਕਾਰਖਾਨੇ ਲਾਏ ਹੋਏ ਹਨ ਅਤੇ ਉਨ੍ਹਾਂ ਦੇ ਨਾਉਂ ਬੋਗਸ ਪਰਮਿਟ ਬਣਵਾ ਕੇ ਕੋਟੇ ਹਾਸਲ ਕਰ ਰਹੇ ਹਨ। ਇਹ ਸੰਕਟ ਉਸ ਵੇਲੇ ਤੱਕ ਦੂਰ ਨਹੀਂ ਹੋ ਸਕਦਾ ਜਦੋਂ ਤੱਕ ਕਿ ਇਸ ਸਟੇਟ ਵਿਚ ਵੈਸਟਿਡ ਇੰਟ-ਰੈਸਟ ਮੌਜਦ ਹੈ ਅਤੇ ਸਰਕਾਰ ਉਨ੍ਹਾਂ ਨੂੰ ਵੱਧ ਤੋਂ ਵੱਧ ਰਿਆਇਤਾਂ ਦੇ ਕੇ ਪਾਲ ਰਹੀ ਹੈ। ਮੌਜੂਦਾ ਸਟੇਟ ਦੀ ਪੁਜ਼ੀਸ਼ਨ ਇਹ ਹੈ ਕਿ ਅੱਜ ਕੋਈ ਯੋਜਨਾ ਬਣ ਹੀ ਨਹੀਂ ਸਕਦੀ। ਜਿਤਨਾ ਆਰਥਿਕ ਢਾਂਚੇ ਦਾ ਬੋਝ ਹੈ ਉਹ ਹੇਠਲੇ ਤਬਕੇ ਤੇ ਹੀ ਪੈ ਰਿਹਾ ਹੈ। ਜਦੋਂ ਤੱਕ ਇਸ ਸਟੇਟ ਦੇ ਸਰਟਨ ਸਟੇ-ਜਿਜ਼ ਤੇ ਬੁਨਿਆਦੀ ਤਬਦੀਲੀ ਨਹੀਂ ਆਵੇਗੀ, ਇਹ ਆਰਥਕ ਸੰਕਟ ਬਣਿਆ ਹੀ ਰਹਿਣਾ ਹੈ। ਅਜ ਜੇ ਇਹ ਕਾਮਨ ਲੋਕਾਂ ਨੂੰ ਕੋਈ ਰਿਆਇਤ ਦੇਂਦੇ ਹਨ ਤਾਂ ਉਸ ਦਾ ਉਨ੍ਹਾਂ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋਂਦਾ, ਉਸਦਾ ਫਾਇਦਾ ਇਨਡਾਇਰੈਕਟਲੀ ਸਰਮਾਇਦਾਰਾਂ ਨੂੰ ਹੁੰਦਾ ਹੈ। ਇਹ ਗ਼ਰੀਬ ਤਬਕੇ ਨੂੰ ਹੈਲਪ ਦੇਣੀ ਵੀ ਚਾਹੁਣ ਤਾਂ ਦੇ ਵੀ ਨਹੀਂ ਸਕਦੇ। ਇਸ ਲਈ ਸਰਟਨ ਬਨਿਆਦੀ ਅਸੂਲਾਂ ਵਿਚ ਤਬਦੀਲੀ ਲਿਆਉਣੀ ਲਾਜ਼ਮੀ ਹੈ ਨਹੀਂ ਤਾਂ ਜਿਹੜੇ ਵੈਸਟਿਡ ਇੰਟਰੈਸਟਸ ਹਨ ਉਹ ਹੀ ਸੇਫ ਹਨ ਇਸ ਲਈ ਮੈਂ ਜਿੱਥੇ ਇਸ ਬਜਟ ਬਾਰੇ ਕੁਝ ਕਹਾਂਗਾ ਉਥੇ ਮੈਂ ਸਰਕਾਰ ਦੀਆਂ ਨੀਤੀਆਂ ਗ਼ਲਤ ਸਾਬਤ ਕਰਨ ਦੀ ਕੋਸ਼ਿਸ਼ ਕਰਾਂਗਾ। ਮੋਟੀ ਜਿਹੀ ਚੀਜ਼ ਹੈ ਕਿ ਸਰਕਾਰ ਨੇ ਗਰੋਅਰਜ਼ ਨੂੰ ਫਾਇਦਾ ਪਹੁੰਚਾਉਣ ਦੀ ਖਾਤਰ ਕਣਕ ਦਾ ਭਾਅ 105/- ਰੁਪਏ ਘੱਟ ਤੋਂ ਘੱਟ ਮੁਕਰਰ ਕੀਤਾ। ਪਹਿਲਾਂ ਬਿਉਪਾਰੀ

ਨੂੰ ਖਰੀਦਣ ਦੀ ਇਜਾਜ਼ਤ ਨਹੀਂ ਸੀ, ਫੇਰ ਬਿਉਪਾਰੀ ਨੂੰ ਅਲਾਓ ਕਰ ਦਿੱਤਾ । ਇਸ ਦਾ ਨਤੀਜਾ ਇਹ ਹੋਇਆ ਕਿ ਕਰੋੜ ਪਤੀਆਂ ਨੇ ਆਪਣਾ ਫਾਇਦਾ ਉਠਾਉਣ ਦੀ ਖਾਤਰ 130 ਰੁਪਏ ਤੋਂ 140 ਰੁਪਏ ਤੱਕ ਭਾਅ ਲਿਆਉਣ ਲਈ ਛੋਟੇ ਕਿਸਾਨ ਨੂੰ ਉਕਸਾਇਆ, ਲੱਖਾਂਪਤੀ ਇਸ ਮੈਦਾਨ ਵਿਚ ਕੁੱਦੇ ਅਤੇ ਕਰੋੜਾਂ ਰੁਪਏ ਬਣਾਏ । ਅੱਜ ਗਿਆਨੀ ਜੀ ਕਹਿੰਦੇ ਹਨ ਕਿ ਅਸੀਂ ਕਿਸਾਨ ਨੂੰ ਉਸ ਦੀ ਜਿਨਸ ਦਾ ਯੋਗ ਮੁੱਲ ਦਿਵਾ ਇਆ, ਪਰ ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਇਕ ਵੱਡੇ ਟਰੇਡਰ ਨੂੰ, ਇਕ ਵੱਡੇ ਬਿਉਪਾਰੀ ਨੂੰ ਕੁੱਦਣ ਦਾ ਮੌਕਾ ਦਿੱਤਾ । ਜਿਸ ਦਾ ਜੇ ਫਾਇਦਾ ਹੋਇਆ ਤਾਂ ਵੱਡੇ ਕਿਸਾਨਾਂ ਨੂੰ ਹੋਇਆ, ਜਿਸ ਨੇ ਟਰੇਡਰ ਨਾਲ ਮਿਲ ਕੇ ਬਿਉਪਾਰ ਕੀਤਾ । ਛੋਟੇ ਕਿਸਾਨ ਨੂੰ ਤਾਂ 105 ਰੁਪਏ ਦਾ ਮੁਲ ਹੀ ਮਿਲਿਆ । ਨਾ ਇਸ ਦਾ ਫਾਇਦਾ ਖਪਤਕਾਰਾਂ ਨੂੰ ਹੋਇਆ, ਇਹ ਤਾਂ ਕਣਕ ਦਾ ਹਾਲ ਹੈ । ਹੁਣ ਝੋਨੇ ਦੀ ਗੱਲ ਲੈ ਲਓ । ਪਹਿਲੀ ਗੱਲ ਤਾਂ ਇਹ ਹੈ ਕਿ ਕਿਸਾਨਾਂ ਨੂੰ ਜੈ ਅਤੇ ਆਈ. ਆਰ 8 ਉਨ੍ਹਾਂ ਦੀ ਸਪੈਸੇਫਿਕ ਕੁਆਲਿਟੀ ਦਾ ਸੀਡ ਹੀ ਨਹੀਂ ਮਿਲਆ, ਫਿਰ ਜਿਹੜਾ ਉਸ ਦੇ ਮੁੱਲ ਦਾ ਰੇਟ ਲਾਇਆ ਉਹ ਵੀ ਇਨ੍ਹਾਂ ਨੇ ਗ਼ਲਤ ਲਾ ਲਿਆ । ਜਿਹੜਾ ਝੋਨਾ ਸ਼ੈਲਰ ਵਾਲਿਆਂ ਨੂੰ ਦਿੱਤਾ ਇਹ ਪਹਿਲੀਆਂ ਕੀਮਤਾਂ ਤੇ ਹੀ ਸਪਲਾਈ ਹੋਇਆ ਅਤੇ ਜਿਹੜੀਆਂ ਕੀਮਤਾਂ ਘਟੀਆਂ ਸਨ ਉਹਦਾ ਮਿੱਲਾਂ ਵਾਲਿਆਂ ਨੂੰ ਫਾਇਦਾ ਹੋਇਆ ਪਰ ਜਦੋਂ ਵਧ ਗਈਆਂ ਤਾਂ ਉਸ ਵੇਲੇ ਕਿਸਾਨ ਕੋਲ ਝੋਨਾ ਵੇਚਣ ਨੂੰ ਨਾ ਰਿਹਾ । ਇਸੇ ਤਰ੍ਹਾਂ ਹੀ ਮੈਂ ਕਪਾਹ ਦੀ ਵੀ ਗੱਲ ਕਰ ਦੇਂਦਾ ਹਾਂ । ਮੇਰੇ ਇਕ ਸਵਾਲ ਦੇ ਜਵਾਬ ਵਿਚ ਇਨ੍ਹਾਂ ਨੇ ਆਪ ਫਿਗਰਜ਼ ਦਿੱਤੇ ਹਨ ਕਿ 1974 ਵਿਚ ਕਿਸਾਨ ਨੇ 13,85,000 ਕੁਇੰਟਲ ਨਰਮਾ ਅਤੇ 8,29,000 ਕੁਇੰਟਲ ਕਪਾਹ ਵੇਚੀ । ਉਸ ਵੇਲੇ ਕਪਾਹ ਦਾ ਭਾਅ 225 ਰੁਪਏ ਪਰ ਕੁਇੰਟਲ ਸੀ, ਇਹਦਾ ਜਦੋਂ ਭਾਅ ਤੇਜ਼ ਹੋ ਗਿਆ ਤਾਂ ਫੇਰ ਲੈਂਡ ਲਾਰਡਜ਼ ਨੇ ਆਪਣਾ ਨਰਮਾ ਤੇ ਕਪਾਹ ਕੱਢੀ ਅਤੇ ਡਟ ਕੇ ਪੈਸੇ ਬਣਾਏ, ਕਿਉਂ ਜੋ ਸਰਕਾਰ ਵਲੋਂ ਇਸ ਵੇਲੇ ਮਾਰਕਫੈਡ ਵਾਲੇ ਉਨ੍ਹਾਂ ਤੋਂ ਖਰੀਦਣ ਲਈ ਤਿਆਰ ਹੋ ਗਏ ਸੀ, ਉਨ੍ਹਾਂ ਨਾਲ ਮਿਲ ਮਿਲਾ ਕੇ ਖੂਬ ਤੇਜ਼ੀ ਲਿਆਂਦੀ । ਇਸ ਤਰੀਕੇ ਨਾਲ ਛੋਟੇ ਕਿਸਾਨ ਦਾ ਤਾਂ ਨੁਕਸਾਨ ਹੋਇਆ ਪਰ ਸਰਮਾਏਦਾਰਾਂ ਨੇ, ਲੈਂਡ ਲਾਰਡਜ਼ ਨੇ ਖੂਬ ਖੱਟੀ ਕੀਤੀ । ਹੁਣ ਕਿਸਾਨ ਤੇ ਭਾਰ ਪਾਉਣ ਦੀ ਗੱਲ ਵੀ ਕਰਾਂ । ਉਹ ਇਹ ਕਿ ਸਰਕਾਰ ਨੇ ਇਕ ਐਗਜ਼ੈਕਟਿਵ ਆਰਡਰ ਦੇ ਰਾਹੀਂ ਕਿਸਾਨ ਦਾ ਆਬਿਆਨਾ ਦੁੱਗਣਾ ਕਰ ਦਿੱਤਾ ਹੈ। ਇਸ ਦਾ ਕਾਰਣ ਉਨ੍ਹਾਂ ਨੇ ਇਹ ਦਿੱਤ ਹੈ ਕਿ 2 ਕਰੋੜ ਤੋਂ ਵੱਧ ਸਰਕਾਰ ਨੂੰ ਇਰੀਗੇਸ਼ਨ ਦੇ ਮਹਿਕਮੇ ਤੇ ਸਟੇਟ ਦੀ ਪੈਦਾਵਾਰ ਵਧਾਉਣ ਦਾ ਖਾਤਰ ਖਰਚ ਕਰਨਾ ਪੈਂਦਾ ਹੈ, ਇਸ ਲਈ ਇਹ ਮਹਿਕਮਾ ਘਾਟੇ ਵਿਚ ਜਾ ਰਿਹਾ ਹੈ ਇਹ ਘਾਟਾ ਪੂਰਾ ਕਰਨ ਲਈ ਆਬਿਆਨਾ ਦੁੱਗਣਾ ਕੀਤਾ ਗਿਆ ਹੈ । ਸਾਨੂੰ ਕੋਈ ਇਤਰਾਜ਼ ਨਹੀਂ ਸੀ ਜੇ ਇਹ ਆਬਿਆਨਾ ਲੈਂਡ–ਲਾਰਡਜ਼, ਵੱਡੀਆਂ ਵੱਡੀਆਂ ਜ਼ਮੀਨਾਂ ਦੇ ਮਾਲਕਾਂ ਤੇ ਦੁੱਗਣਾਂ ਕਰਕੇ ਲਾਇਆ ਜਾਂਦਾ ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਛੋਟਾ ਕਿਸਾਨ ਇਸ ਲਪੇਟ ਵਿਚ ਇਨ੍ਹਾਂ ਨੇ ਕਿਵੇਂ ਲੈ ਲਿਆ ਹੈ? ਇਨ੍ਹਾਂ ਨੇ ਆਪਣੀਆਂ ਪਲੈਨਜ਼ ਦੁੱਗਣੀਆਂ ਕੀਤੀਆਂ ਹਨ, ਨਹਿਰਾਂ ਦੀ ਮੇਨਟੇਨੈਂਸ ਦੇ ਨਾਉਂ ਉਤੇ ਵੀ ਇਨ੍ਹਾਂ ਨੇ ਪਹਿਲਾਂ ਪੈਸਾ ਲਿਆ ਹੈ । ਤੁਸੀਂ ਮੇਰੀ ਇਹ ਗੱਲ ਸੁਣ ਕੇ ਹੈਰਾਨ ਹੋਵੋਗੇ ਕਿ 1963–64 ਵਿਚ ਇਸ ਮਹਿਕਮੇ ਵਿਚ ਕੋਈ ਘਾਟਾ ਨਹੀਂ ਸੀ, 1965–66 ਦੇ ਵਿਚ ਕੋਈ ਘਾਟਾ ਨਹੀਂ ਹੋਇਆ, ਇਨ੍ਹਾਂ ਨੇਂ 1967–68 ਵਿਚ 3,25,00,000 ਰੁਪਏ ਪਰੋਵਾਈਡ ਕੀਤੇ ਅਤੇ ਖਰਚ 2 ਕਰੋੜ ਦਾ ਸੀ । ਪਰ ਮੈਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਸਰਕਾਰ ਤੇ 12 ਕਰੋੜ ਰੁਪਏ ਦਾ ਕਰਜ਼ਾ ਅੰਗਰੇਜ਼ਾਂ ਦੇ ਵੇਲੇ ਦਾ ਚਲਿਆ ਆ ਰਿਹਾ ਹੈ, ਇਹ ਕਰਜ਼ਾ ਉਸ ਵੇਲੇ ਦਾ ਹੈ ਜਦੋਂ ਕਿ ਪੰਜਾਬ ਦੇ ਵਿਚ ਨਹਿਰਾਂ ਬਣੀਆਂ ਸਨ । ਇਹ ਕਰਜ਼ਾ ਤਾਂ ਕੀ ਦੇਣਾ ਸੀ ਉਸ ਦਾ ਸੂਦ ਦੋ ਕਰੋੜ ਰੁਪਏ ਤੱਕ ਇਹ ਸਰਕਾਰ ਕਿਸਾਨਾਂ ਤੋਂ ਵਸੂਲ ਕਰਕੇ ਦੇ ਚੁੱਕੀ ਹੈ, ਪਰ ਐਗਰੀਕਲਚਰ ਦੀ ਆਮਦਨ ਨੂੰ ਸਰਕਾਰ ਆਪਣੇ ਖਜ਼ਾਨੇ ਵਿਚ ਆਮਦਨੀ ਤੇ ਖਾਤੇ ਵਿਚ ਜਮ੍ਹਾ ਕਰ ਲੈਂਦੀ ਹੈ ਅਤੇ ਇਸ ਦੀ ਛੋਟ ਹੁਣ ਤੱਕ ਕਿਸਾਨਾ ਨੂੰ ਨਹੀਂ ਦਿੱਤੀ ਜਾਂਦੀ।ਇਹ ਕਰਜ਼ਾ ਖੜ੍ਹੇ ਦਾ ਖੜ੍ਹਾ ਹੈ । ਇਸ ਕਿਸਮ ਦੇ ਸਾਡੇ ਲੈਂਡ ਅਫੇਅਰਜ਼ ਹਨ ।

[ਕਾਮਰੇਡ ਸੱਤ ਪਾਲ ਡਾਂਗ]

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੈਂਟਰ ਦੀ ਸਰਕਾਰ ਨੂੰ ਕਹਿਣ ਕਿ ਉਹ ਕਿਉਂ ਇਸ ਤੇ ਕੰਪਾਊਂਡ ਇੰਟਰੈਸਟ ਪਾ ਕੇ ਪੁਰਾਣੇ ਸ਼ਾਹਾਂ ਵਾਂਗੂ ਵਸੂਲ ਕਰ ਰਹੇ ਹਨ। ਇਹ ਇੰਟਰੈਸਟ ਰੇਟ ਘੱਟ ਹੋਣਾ ਚਾਹੀਦਾ ਹੈ । ਇਹ ਕਹਿੰਦੇ ਹਨ ਕਿ ਆਬਿਆਨਾ ਅਸੀਂ ਦੁੱਗਣਾਂ ਤਾਂ ਕੀਤਾ ਹੈ ਕਿਉਂਕਿ ਮਹਿਕਮੇ ਤੇ ਫਲੱਡਜ਼ ਦੇ ਖਰਚੇ ਪੈਂਦੇ ਹਨ । ਪਰ ਇਸ ਦੀ ਛੋਟ ਗਰੀਬ ਕਿਸਾਨ ਨੂੰ ਹੋਣੀ ਚਾਹੀਦੀ ਹੈ ਉਹ ਤਾਂ ਪਹਿਲੇ ਹੀ ਟੈਕਸਾਂ ਦਾ ਦੱਬਿਆ ਪਿਆ ਹੈ । ਮੈਂ ਇਹ ਮੰਗ ਕਰਾਂਗਾ ਕਿ ਆਬਿਆਨੇ ਦੀ ਛੋਟ ਕਮ-ਅਜ਼-ਕਮ 15 ਏਕੜ ਤੱਕ ਦੀ ਹੋਲਡਿੰਗ ਵਾਲੇ ਕਿਸਾਨ ਨੂੰ ਹੋਣੀ ਚਾਹੀਦੀ ਹੈ, ਪਰ ਇਨ੍ਹਾਂ ਦਾ ਜਿਹੜਾ ਹਿਸਾਬ ਕਿਤਾਬ ਕਰਨ ਦਾ ਤਰੀਕਾ ਹੈ ਇਹ ਗ਼ਲਤ ਹੈ । ਇਹ ਜਦੋਂ ਵੀ ਗੱਲ ਕਰਦੇ ਹਨ ਤਾਂ ਛੋਟੇ ਕਿਸਾਨ ਨੂੰ ਨੁਕਸਾਨ ਪਹੁੰਚਾਉਣ ਦੀ ਗੱਲ ਕਰਦੇ ਹਨ । ਫਿਰ ਲੈਂਡ ਐਕੁਈਜ਼ੀਸ਼ਨ ਐਕਟ ਨੂੰ ਲਾਗੂ ਕਰਨ ਲਈ ਇਨ੍ਹਾਂ ਨੇ ਬੱਜਟ ਦੇ ਵਿਚ 1,55,00,000 ਰੁਪਏ ਦੀ ਪ੍ਰੋਵੀਜ਼ਨ ਕੀਤੀ ਹੈ । ਪਰ ਇਹ ਲਾਗੂ ਕਿਵੇਂ ਹੋਵੇਗਾ ਮੈਂ ਇਥੇ ਜ਼ਿਕਰ ਕਰਦਾ ਹਾਂ। ਇਨ੍ਹਾਂ ਨੇ 31 ਦਸੰਬਰ, 1974 ਤੱਕ 800 ਏਕੜ ਜ਼ਮੀਨ ਦਾ ਫਿਜ਼ੀਕਲ ਪੁਜ਼ੈਸ਼ਨ ਲਿਆ ਹੈ । ਹੁਣ ਤੱਕ ਇਸ ਬਾਰੇ ਜੋ ਡੀਪਾਰਟਮੈਂਟ ਨੇ ਕੰਮ ਕੀਤਾ ਹੈ ਉਹ ਇਹ ਹੈ ਕਿ ਹੁਣ ਤੱਕ 34,000 ਰਿਟਰਨਜ਼ ਇਨ੍ਹਾਂ ਪਾਸ ਆਈਆਂ ਹਨ ਜਿਨ੍ਹਾਂ ਨੂੰ ਇਨ੍ਹਾਂ ਨੇ ਹੁਣ ਤੱਕ ਸਕਰੂਟੀਨਾਈਜ਼ ਕੀਤਾ ਹੈ। ਇਨ੍ਹਾਂ ਨੇ 3,982 ਕਮੇਟੀਆਂ ਬਣਾਈਆਂ ਪਰ ਇਹ ਹੁਣ ਤੱਕ ਫੰਕਸ਼ਨ ਨਹੀਂ ਕਰ ਰਹੀਆਂ । ਐਸ. ਡੀ. ਓ. ਦੇ ਲੈਵਲ ਤੱਕ ਮੀਟਿੰਗਜ਼ ਹੁੰਦੀਆਂ ਹੀ ਨਹੀਂ । ਇਸ ਕੰਮ ਦੇ ਹੋਣ ਵਿਚ ਲੈਂਡ ਲਾਰਡਜ਼ ਅਤੇ ਨੌਕਰਸ਼ਾਹੀ ਅਨਸਰ ਕੰਮ ਕਰ ਰਹੇ ਹਨ । ਹਾਈ ਕੋਰਟ ਨੇ ਬੈਨਾਮੀ ਦੇ ਸਿਲਸਿਲੇ ਵਿਚ ਇਕ ਕੇਸ ਸਟਰਾਈਕ ਡਾਊਨ ਕੀਤਾ, ਸਾਡੇ ਨਾਲ ਮਨਿਸਟਰ ਸਾਹਿਬ ਨੇ ਇਸ ਬਾਰੇ ਵਾਅਦਾ ਵੀ ਕੀਤਾ ਸੀ ਕਿ ਅਸੀਂ ਇਸ ਸਬੰਧ ਵਿਚ ਕੇਰਾਲਾ ਪੈਟਰਨ ਐਡਾਪਟ ਕਰਨਾ ਹੈ, ਪਰ ਜਦੋਂ ਕੈਬਨਿਟ ਲੈਵਲ ਤੇ ਇਕ ਮੀਟਿੰਗ ਹੋਈ ਤਾਂ ਉਥੇ ਸਿਵਾਏ ਰੰਧਾਵਾ ਸਾਹਿਬ ਦੇ ਕਿਸੇ ਮਨਿਸਟਰ, ਡਿਪਟੀ ਜਾਂ ਸਟੇਟ ਮਨਿਸਟਰ ਨੇ ਇਸ ਪੈਟਰਨ ਦੀ ਹਮਾਇਤ ਨਹੀਂ ਕੀਤੀ, ਹਰ ਇਕ ਨੇ ਵਿਰੋਧਤਾ ਕੀਤੀ । ਇਸ ਤਰ੍ਹਾਂ ਦੇ ਕੰਮ ਇਹ ਨੌਕਰਸ਼ਾਹੀ ਅਨਸਰ ਕਰਵਾ ਰਿਹਾ ਹੈ । ਹਾਈ ਕੋਰਟ ਨੇ ਇਸ ਲਈ ਕੇਸ ਸਟਰਾਈਕ ਡਾਊਨ ਕੀਤਾ ਸੀ ਕਿ ਜਿਹੜੀਆਂ ਬੇਨਾਮੀਆਂ ਹੋਈਆਂ ਹਨ, ਇਹ ਨਾਕਸ ਹਨ । ਉਨ੍ਹਾਂ ਨੂੰ ਕਾਨੂੰਨੀ ਸ਼ੇਪ ਦੇਣ ਲਈ ਇਹ ਮੀਟਿੰਗ ਬੁਲਾਈ, ਪਰ ਜਿਹੜਾ ਜਗੀਰਦਾਰ ਅਨਸਰ ਹੈ, ਨੌਕਰਸ਼ਾਹੀ ਅਨਸਰ ਹੈ, ਲੈਂਡ ਲਾਰਡ ਤਬਕਾ ਹੈ, ਇਸ ਲਈ ਕੋਈ ਚੀਜ਼ ਸਟੇਬਲ ਸ਼ੇਪ ਵਿਚ ਆ ਨਾ ਜਾਵੇ ਇਸ ਨੂੰ ਹਰ ਪਾਸੇ ਤੋਂ ਸੈਬੋਟੇਜ ਕਰਦੇ ਹਨ, ਇਸ ਲਈ ਇਸ ਪਾਸੇ ਕੰਮ ਘੱਟ ਹੋ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇੰਡਸਟਰੀ ਬਾਰੇ ਬੋਲਣ ਤੋਂ ਪਹਿਲਾਂ ਕਿਸਾਨਾਂ ਦਾ ਜ਼ਿਕਰ ਕਰਾਂਗਾ, ਖੇਤ ਮਜ਼ਦੂਰਾਂ ਨੂੰ ਵੀ ਮੈਂ ਕਿਸਾਨ ਹੀ ਸਮਝਦਾ ਹਾਂ । ਡਿਪਟੀ ਸਪੀਕਰ ਸਾਹਿਬ, ਹਰਚੰਦ ਸਿੰਘ ਕਮੇਟੀ ਤੇ ਫਾਲੋਅੱਪ ਐਕਸ਼ਨ ਕੀ ਹੋਇਆ ਹੈ? ਕਿਤਨੇ ਲੋਕਾਂ ਕੋਲੋਂ ਜ਼ਮੀਨ ਲਈ ਹੈ? ਕੀ ਇਕ ਵੀ ਕਿਸੇ ਵੱਡੇ ਆਦਮੀ ਕੋਲੋਂ ਜ਼ਮੀਨ ਵਾਪਸ ਲਈ ਹੈ? ਨਹੀਂ । ਮੈਂ ਕਹਿੰਦਾ ਹਾਂ ਕਿ ਜੇ ਮੌਜੂਦਾ ਕਾਨੂੰਨ ਅਨੁਸਾਰ ਜ਼ਮੀਨ ਲੈਣ ਵਿਚ ਜਾਂ ਐਕਸ਼ਨ ਲੈਣ ਵਿਚ ਕੋਈ ਅੜਚਨ ਆਉਂਦੀ ਹੈ ਤਾਂ ਕੀ ਕਾਰਣ ਹੈ ਕਿ ਕੋਈ ਅਮੈਂਡਿੰਗ ਬਿਲ ਲਿਆਕੇ ਕੋਈ ਐਕਸ਼ਨ ਨਹੀਂ ਲਿਆ ਜਾਂਦਾ? ਉਹ ਜ਼ਮੀਨ ਅਜੇ ਵੀ ਵੱਡੇ ਵੱਡੇ ਪੋਲੀਟੀਸ਼ਨਾਂ ਕੋਲ ਅਤੇ ਵੱਡੇ ਵੱਡੇ ਅਫ਼ਸਰਾਂ ਕੋਲ ਹੀ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਜ਼ਿਕਰ ਕੀਤਾ ਗਿਆ ਕਿ ਗਰੀਬ ਹਰੀਜਨਾਂ ਨੂੰ ਹਾਊਸ ਵਾਸਤੇ ਪਲਾਟ ਦਿਤੇ ਗਏ ਹਨ । ਇਥੇ ਦੱਸਿਆ ਗਿਆ ਹੈ ਕਿ 1,48,839 ਪਲਾਟ ਦਿਤੇ ਹਨ । ਇਸ ਦੇ ਨਾਲ ਹੀ ਉਹ ਮੁਫ਼ਤ ਹਾਊਸ ਬਿਲਟ ਕਰਨ ਵਾਸਤੇ ਪੈਸੇ ਵੀ ਦਿੰਦੇ ਹਨ । ਪਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਦਾ ਹਾਂ ਕਿ ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਅੱਜ ਤਕ ਇਕ

ਵੀ ਹਰੀਜਨ ਨੇ ਇਨ੍ਹਾਂ ਪਲਾਟਾਂ ਤੇ ਕੋਈ ਮਕਾਨ ਬਣਾਇਆ ਹੈ? ਡਿਪਟੀ ਸਪੀਕਰ ਸਾਹਿਬ, ਇਕ ਵੀ ਹਰੀਜਨ ਨੇ ਕਿਧਰੇ ਇਕ ਕੋਠਾ ਵੀ ਨਹੀਂ ਪਾਇਆ। (ਵਿਘਨ) ਇਹ ਹਕੀਕਤ ਹੈ। ਇਹ ਸਕੀਮ ਸਿਰਫ਼ ਕਾਗਜ਼ਾਂ ਵਿਚ ਹੀ ਹੈ, ਅਮਲ ਵਿਚ ਨਹੀਂ ਆਈ। ਡਿਪਟੀ ਸਪੀਕਰ ਸਾਹਿਬ, ਇਥੇ ਸ਼ਰਮਾ ਜੀ ਨੇ ਦੱਸਿਆ ਸੀ ਕਿ ਇਨ੍ਹਾਂ ਦੀ ਘੱਟੋ ਘੱਟ ਤਨਖਾਹ ਮੁਕਰਰ ਕਰ ਦਿਤੀ ਗਈ ਹੈ, ਮੈਂ ਇਸ ਦੀ ਪ੍ਰਸ਼ੰਸਾ ਕੀਤੀ ਸੀ। ਪਰ ਮੈਂ ਇਹ ਅਰਜ਼ ਕਰਦਾ ਹਾਂ ਕਿ ਮਹਿੰਗਾਈ ਵੱਧ ਰਹੀ ਹੈ, ਇਸ ਲਈ ਤਨਖਾਹ ਵੀ ਹੋਰ ਵੱਧਣੀ ਚਾਹੀਦੀ ਹੈ। ਫਿਰ ਅਗਲੀ ਗੱਲ ਹੈ, ਡਿਪਟੀ ਸਪੀਕਰ ਸਾਹਿਬ, ਇਸ ਫੈਸਲੇ ਨੂੰ ਲਾਗੂ ਕਰਵਾਉਣ ਦੀ। ਇਨ੍ਹਾਂ ਕੋਲ ਇਸ ਫੈਸਲੇ ਨੂੰ ਲਾਗੂ ਕਰਵਾਉਣ ਲਈ ਮਸ਼ੀਨਰੀ ਕਿਹੜੀ ਹੈ—ਪਟਵਾਰੀ ਅਤੇ ਕਾਨੂੰਗੋ ਆਦਿ। ਇਸ ਨਾਲ ਇਹ ਫੈਸਲਾ ਲਾਗੂ ਨਹੀਂ ਹੋ ਸਕਣਾ। ਹਰਚੰਦ ਸਿੰਘ ਕਮੇਟੀ ਬਾਰੇ ਮੈਂ ਦੱਸ ਹੀ ਚੁਕਾ ਹਾਂ ਕਿ ਇਹ ਸੈਬੋਟੇਜ ਕਰ ਦਿਤੀ ਗਈ ਹੈ। ਸਰਕਾਰ ਨੂੰ ਖੇਤ ਮਜ਼ਦੂਰਾਂ ਬਾਰੇ ਆਪਣੀ ਨੀਤੀ ਬਦਲਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਕੇਰਲ ਵਿਚ ਵੀ ਖੇਤ ਮਜ਼ਦੂਰਾਂ ਲਈ ਇਕ ਕਾਨੂੰਨ ਪਾਸ ਹੋਇਆ ਹੈ, ਉਸ ਵਿਚ ਤਨਖਾਹ ਤੋਂ ਬਿਨਾ ਪ੍ਰਾਵੀਡੈਂਟ ਫੰਡ ਬਾਰੇ ਵੀ ਸਹੂਲਤ ਦਿਤੀ ਗਈ ਹੈ। ਪਰ ਇਥੇ ਇਸ ਤਰ੍ਹਾਂ ਦੀ ਕੋਈ ਸਹੂਲਤ ਨਹੀਂ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਬਾਰੇ ਉਹ ਕੋਈ ਕਦਮ ਚੁੱਕੇ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਇੰਡਸਟਰੀ ਬਾਰੇ ਕੁਝ ਕਹਾਂਗਾ। ਇਥੇ ਬੜਾ ਕਿਹਾ ਗਿਆ ਹੈ ਕਿ ਇੰਡਸਟਰੀ ਪੰਜਾਬ ਵਿਚ ਬੜੀ ਤਰੱਕੀ ਕਰ ਗਈ ਹੈ। 3 ਕਰੋੜ ਰੁਪਿਆ ਪੰਜਾਬ ਇੰਡਸਟ੍ਰੀਅਲ ਕਾਰਪੋਰੇਸ਼ਨ ਲਈ ਰੱਖਿਆ ਗਿਆ ਹੈ। ਇਹ ਕਾਰਪੋਰੇਸ਼ਨ ਕੀ ਕਰ ਰਹੀ ਹੈ? ਇਹ ਜੁਆਇੰਟ ਸੈਕਟਰ ਵਿਚ ਕਾਰਖਾਨੇ ਲਗਾ ਰਹੀ ਹੈ। ਪੰਜਾਬ ਵਿਚ ਇੰਡਸਟਰੀ ਦੀ ਤਰੱਕੀ ਮਜਮੂਈ ਹੈ। ਇਹ ਮੈਂ ਨਹੀਂ ਕਹਿੰਦਾ ਇਹ ਅਖ਼ਬਾਰ ਕਹਿੰਦੀ ਹੈ। ਇਹ ਅਖ਼ਬਾਰ ਕੋਈ ਕਮਿਊਨਿਸਟਾਂ ਦਾ ਅਖ਼ਬਾਰ ਨਹੀਂ ਹੈ, ਇਹ ਈਸਟਰਨ ਇਕਨੋਮਿਸਟ ਹੈ, ਜਿਸ ਵਿਚ ਪੰਜਾਬ ਦੇ ਪਬਲਿਕ ਰੀਲੇਸ਼ਨਜ਼ ਡਿਪਾਰਟਮੈਂਟ ਨੇ ਆਖ ਕੇ ਪੰਜਾਬ ਦੀ ਇੰਡਸਟਰੀ ਬਾਰੇ ਇਹ ਲੇਖ ਲਿਖਵਾਇਆ ਹੈ। ਇਸ ਵਿਚ ਲਿਖਿਆ ਹੈ:

> 'I do not mean there has been no progress in this sector. But comparatively the rate of per capita value added by the manufacturer for Punjab is 25% less than the all India average.'
>
> The percentage of population employed in Industry in Punjab is not only stagnant but actually declining.'

ਇਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਵਿਚ ਇੰਡਸਟਰੀ ਵੱਧੀ ਨਹੀਂ ਸਗੋਂ ਘੱਟ ਰਹੀ ਹੈ। ਅੰਮ੍ਰਿਤਸਰ ਅਤੇ ਬਟਾਲੇ ਵਿਚ ਜੋ ਲੋਕ ਕਾਰਖਾਨੇ ਚਲਾਉਂਦੇ ਹਨ ਉਨ੍ਹਾਂ ਨੂੰ ਕੱਚਾ ਮਾਲ ਮਿਲਦਾ ਹੀ ਨਹੀਂ। ਕੱਚੇ ਮਾਲ ਤੇ ਕੰਟਰੋਲ ਕੁਝ ਇਜਾਰੇਦਾਰਾਂ ਦਾ ਹੈ। ਬੋਗਸ ਯੂਨਿਟਾਂ ਵਿਖਾ ਕੇ ਕੱਚਾ ਮਾਲ ਲੈ ਲਿਆ ਜਾਂਦਾ ਹੈ ਪਰ ਜੋ ਅਸਲੀ ਕਾਰਖਾਨੇਦਾਰ ਹਨ ਉਨ੍ਹਾਂ ਨੂੰ ਕੱਚਾ ਮਾਲ ਨਹੀਂ ਮਿਲ ਰਿਹਾ। ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਬਿਜਲੀ ਦਾ ਸੰਕਟ ਹੈ। ਬਿਜਲੀ ਦੀ ਸ਼ਾਰਟੇਜ ਹੋਣ ਕਰਕੇ ਕਈ ਕਾਰਖਾਨਿਆਂ ਵਿਚ ਕੰਮ ਨਹੀਂ ਹੋ ਰਿਹਾ ਅਤੇ ਹਜ਼ਾਰਾਂ ਵਰਕਰ ਭੁੱਖੇ ਮਰ ਰਹੇ ਹਨ, ਬੇਕਾਰ ਫਿਰ ਰਹੇ ਹਨ ਔਰ ਇਹ ਕਹਿ ਰਹੇ ਹਨ ਕਿ ਇੰਡਸਟਰੀ ਦੀ ਤਰੱਕੀ ਹੋਈ ਹੈ। ਕਿਹੋ ਜਿਹੀ ਤਰੱਕੀ ਹੋਈ ਹੈ ਇਸ ਬਾਰੇ 8 ਦਸੰਬਰ, 1974 ਦੇ 'ਟ੍ਰਿਬਿਊਨ' ਅਖ਼ਬਾਰ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ:

> 'A survey carried out by the Small Industries Service Institute reveals that 5,885 bogus Industrial Units are there, out of which 1,512 are in the jurisdiction of Jullundur alone. These Units do not exist but they got quotas of iron and coal etc.'

[ਕਾਮਰੇਡ ਸੱਤ ਪਾਲ ਡਾਂਗ]

5885 ਬੋਗਸ ਯੂਨਿਟਾਂ ਹਨ ਜਿਨ੍ਹਾਂ ਵਿਚੋਂ 1512 ਤਾਂ ਇਕਲੇ ਜਲੰਧਰ ਵਿਚ ਹੀ ਹਨ । ਇਸ ਲਈ ਜੋ ਕਾਰਖਾਨੇਦਾਰ ਹਨ ਉਨ੍ਹਾਂ ਨੂੰ ਕੱਚਾ ਮਾਲ ਨਹੀਂ ਮਿਲਦਾ, ਕੋਲਾ ਨਹੀਂ ਮਿਲਦਾ । ਇਸ ਲਈ ਉਹ ਕਾਰਖਾਨੇ ਚਲਾ ਨਹੀਂ ਸਕਦੇ ਕਿਉਂਕਿ ਬਲੈਕ ਵਿਚ ਉਹ ਖਰੀਦ ਨਹੀਂ ਸਕਦੇ । ਇੰਡਸਟਰੀ ਤਾਂ ਪੰਜਾਬ ਵਿਚ ਤਬਾਹ ਹੋ ਰਹੀ ਹੈ । ਬਿਜਲੀ ਨੇ ਤਾਂ ਪੰਜਾਬ ਵਿਚ ਇੰਡਸਟਰੀ ਦੀ ਹਾਲਤ ਹੋਰ ਵੀ ਮਾੜੀ ਕਰ ਦਿਤੀ ਹੈ । ਇਸ ਸਿਲਸਿਲੇ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਮੰਗ ਕਰਦਾ ਹਾਂ ਕਿ ਸਰਕਾਰ ਜੋ ਵੈਸਟਡ ਇੰਟਰੈਸਟਸ ਦਾ ਜੋ ਪੱਖਪੂਰਦੀ ਹੈ, ਉਨ੍ਹਾਂ ਦਾ ਸਾਥ ਛੱਡ ਦੇਵੇ, ਭਾਵੇਂ ਉਹ ਪਾਲੀਟੀਸ਼ਨਜ਼ ਹੋਣ ਜਾਂ ਵੱਡੇ ਵੱਡੇ ਅਫ਼ਸਰ, ਭਾਵੇਂ ਇਨ੍ਹਾਂ ਦੇ ਯਾਰ ਹੋਣ, ਉਨ੍ਹਾਂ ਨੂੰ ਹੱਥ ਪਾਵੇ । ਅੱਜ ਜੋ ਵੈਸਟਿਡ ਇੰਟਰੈਸਟਸ ਕੱਚੇ ਮਾਲ ਨੂੰ ਕੰਟਰੋਲ ਕਰ ਰਹੇ ਹਨ ਮੈਂ ਮੰਗ ਕਰਦਾ ਹਾਂ ਕਿ ਉਨ੍ਹਾਂ ਦਾ ਕੰਟਰੋਲ ਖਤਮ ਕਰਕੇ ਇਕ ਕਮੇਟੀ ਬਣਾਈ ਜਾਵੇ ਜਿਸ ਵਿਚ ਛੋਟੇ ਕਾਰਖਾਨੇਦਾਰਾਂ ਦੇ ਨੁਮਾਇੰਦੇ ਹੋਣ, ਮਜ਼ਦੂਰਾਂ ਦੇ ਨੁਮਾਇੰਦੇ ਹੋਣ ਅਤੇ ਉਹ ਹੀ ਕੱਚੇ ਮਾਲ ਨੂੰ, ਕੋਲੇ ਨੂੰ, ਲੋਹੇ ਨੂੰ ਜਾਂ ਧਾਗੇ ਨੂੰ ਕੰਟਰੋਲ ਕਰਨ ਔਰ ਜੋ ਬੋਗਸ ਯੂਨਿਟਾਂ ਹਨ ਉਨ੍ਹਾਂ ਨੂੰ ਕੱਚਾ ਮਾਲ ਬਿਲਕੁਲ ਨਾ ਦਿਤਾ ਜਾਵੇ । ਇਸ ਲਈ ਅਜਿਹੀ ਕਮੇਟੀ ਸਰਕਾਰ ਨੂੰ ਬਣਾ ਦੇਣੀ ਚਾਹੀਦੀ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਮੰਗ ਕਰਦਾ ਹਾਂ ਕਿ ਸਰਕਾਰ ਰੋਡਵੇਜ਼ ਬਾਰੇ ਆਪਣੀ ਨੀਤੀ ਬਦਲੇ । ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਤੋਂ ਜੇ ਪੂਰਾ ਨਫ਼ਾ ਲੈਣਾ ਹੈ ਤਾਂ ਇਨ੍ਹਾਂ ਦੀ ਮਸ਼ੀਨਰੀ ਓਵਰਹਾਲ ਕੀਤੀ ਜਾਵੇ । ਮੈਨੇਜਮੈਂਟ ਵਿਚ ਮੁਲਾਜ਼ਮਾਂ ਨੂੰ ਨੁਮਾਇੰਦਗੀ ਦਿੱਤੀ ਜਾਵੇ । ਇਸੇ ਤਰ੍ਹਾਂ ਬਿਜਲੀ ਬੋਰਡ ਦੀ ਗੱਲ ਹੈ, ਉਸ ਵਿਚਵੀ ਮੁਲਾਜ਼ਮਾਂ ਅਤੇ ਮਜ਼ਦੂਰਾਂ ਨੂੰ ਨੁਮਾ-ਇੰਦਗੀ ਦਿਤੀ ਜਾਵੇ। ਇਹ ਮਜ਼ਦੂਰ ਜਮਾਤ ਹੀ ਹੈ ਜੋ ਦੇਸ਼ ਦਾ ਭਲਾ ਕਰ ਸਕਦੀ ਹੈ ਅਤੇ ਪਿਛਾਂਹ ਖਿਚੂ ਤਾਕਤਾਂ ਨਾਲ ਟੱਕਰ ਲੈ ਸਕਦੀ ਹੈ । (ਵਿਘਨ) ਹੜਤਾਲ ਹੋਈ ਸੀ ਉਸ ਬਾਰੇ ਹਾਲੇ ਵਿੰਡਿਕਟਿਵ ਰਵੱਈਆ ਹੈ, ਉਹ ਬਦਲਨਾ ਚਾਹੀਦਾ ਹੈ । ਜੋ ਗ੍ਰੈਚੂਟੀ ਐਕਟ ਹੈ ਉਹ ਟ੍ਰਾਂਸਪੋਰਟ ਦੇ ਵਰਕਰਾਂ ਨੂੰ ਗ੍ਰੈਚੂਟੀ ਦਿੰਦਾ ਹੈ ਪਰ ਸਾਡੀ ਪ੍ਰਾਈਵੇਟ ਟ੍ਰਾਂਸਪੋਰਟ ਤੇ ਇਹ ਲਾਗੂ ਨਹੀਂ ਹੋਇਆ ।

ਡਿਪਟੀ ਸਪੀਕਰ ਸਾਹਿਬ, ਮੈਂ ਇੰਡਸਟਰੀ ਬਾਰੇ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ । ਇਨ੍ਹਾਂ ਨੇ ਇੰਡਸਟ੍ਰੀਅਲ ਕਾਰਪੋਰੇਸ਼ਨ ਲਈ 3 ਕਰੋੜ ਰੁਪਿਆ ਰੱਖਿਆ ਹੈ ਜਿਸ ਦੇ ਰਾਹੀਂ ਇਨ੍ਹਾਂ ਨੇ ਜੁਆਇੰਟ ਸੈਕਟਰ ਵਿਚ ਕਾਰਖਾਨੇ ਲਗਾਉਣੇ ਹਨ । ਇਹ ਮੈਂ ਨਹੀਂ ਕਹਿੰਦਾ ਪਬਲਿਕ ਅੰਡਰਟੇਕਿੰਗਜ਼ ਕਮੇਟੀ ਕਹਿੰਦੀ ਹੈ ਜਿਸ ਨੇ ਕਿ ਸਰਬਸੰਮਤੀ ਨਾਲ ਰਿਪੋਰਟ ਦਿਤੀ ਹੈ ਕਿ ਸਰਕਾਰ ਦਾ ਪੈਸਾ ਜੇ ਮੈਂ ਦੋ ਫਿਕਰਿਆਂ ਵਿਚ ਗੱਲ ਕਰਨੀ ਹੋਵੇ ਤਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਰਕਾਰ ਦਾ ਪੈਸਾ ਓਬਰਾਏ ਦੇ ਹਵਾਲੇ ਕੀਤਾ ਜਾ ਰਿਹਾ ਹੈ, ਅਨੰਦ ਦੇ ਹਵਾਲੇ ਕੀਤਾ ਜਾ ਰਿਹਾ ਹੈ। ਬਨਸਪਤੀ ਬਾਰੇ ਤਾਂ ਤੁਹਾਨੂੰ ਯਾਦ ਹੀ ਹੋਵੇਗਾ । ਟਾਟੇ ਨੇ ਹੜਤਾਲ ਕਰਵਾ ਦਿਤੀ ਸੀ । ਡਿਪਟੀ ਸਪੀਕਰ ਸਾਹਿਬ, ਜਿਤਨੀ ਕਿਸ ਕਾਰਖਾਨੇ ਦੀ ਕਪੈਸਿਟੀ ਹੁੰਦੀ ਹੈ ਉਸ ਤੋਂ ਅੱਧੀ ਵੀ ਇਹ ਪ੍ਰੋਡਕਸ਼ਨ ਨਹੀਂ ਕਰਦੇ । ਜੁਆਇੰਟ ਸੈਕਟਰ ਨਾਲ ਤਾਂ ਸਰਕਾਰ ਦੇ ਖਜ਼ਾਨੇ ਤੇ ਭਾਰ ਹੀ ਪੈਂਦਾ ਹੈ। ਇਸ ਲਈ ਮੈਂ ਮੰਗ ਕਰਦਾ ਹਾਂ ਕਿ 100% ਕਾਰਖਾਨੇ ਪਬਲਿਕ ਸੈਕਟਰ ਵਿਚ ਲਗਾਏ ਜਾਣ ਔਰ ਸਰਕਾਰ ਦਾ ਪੈਸਾ ਜੁਆਇੰਟ ਸੈਕਟਰ ਤੇ ਬਰਬਾਦ ਨਾ ਕੀਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਇਥੇ ਜੋ ਟੈਕਸ ਵੀ ਲਾਏ ਜਾਂਦੇ ਹਨ ਉਹ ਵੈਸਟਿਡ ਇੰਟ੍ਰੈਸਟਸ ਨੂੰ ਧਿਆਨ ਵਿਚ ਰੱਖ ਕੇ ਲਾਏ ਜਾਂਦੇ ਹਨ । ਡਾਇਰੈਕਟ ਟੈਕਸਾਂ ਨਾਲੋਂ ਇਨਡਾਇਰੈਕਟ ਟੈਕਸਾਂ ਦਾ ਭਾਰ ਬਹੁਤ ਜ਼ਿਆਦਾ ਹੈ। ਇਹ ਕਹਿੰਦੇ ਹਨ ਕਿ ਇਸ ਸਾਲ ਕੋਈ ਟੈਕਸ ਨਹੀਂ ਲਗਾ ਰਹੇ ਪਰ ਇਹ ਜਿਹੜੇ 30 ਕਰੋੜ ਪਿਛਲੇ ਸਾਲ ਇਨਡਾਇਰੈਕਟ ਟੈਕਸ ਇਨ੍ਹਾਂ ਨੇ ਲਗਾਏ ਸੀ ਇਨ੍ਹਾਂ ਦਾ

ਪੂਰਾ ਭਾਰ ਤਾਂ ਲੋਕਾਂ ਨੂੰ ਹੁਣ ਇਸ ਸਾਲ ਸਹਾਰਨਾ ਪਏਗਾ । ਆਬਿਆਨੇ ਬਾਰੇ ਅਸੀਂ ਦੱਸ ਹੀ ਚੁਕੇ ਹਾਂ । ਬਿਜਲੀ ਦੇ ਰੇਟਾਂ ਦੀ ਗੱਲ ਹੈ । ਡਿਪਟੀ ਸਪੀਕਰ ਸਾਹਿਬ, ਜਿਤਨੀ ਬਿਜਲੀ ਦੀ ਚੋਰੀ ਇਥੇ ਪੰਜਾਬ ਵਿਚ ਹੁੰਦੀ ਹੈ ਹਿੰਦੁਸਤਾਨ ਵਿਚ ਹੋਰ ਕਿਧਰੇ ਇਤਨੀ ਚੋਰੀ ਨਹੀਂ ਹੁੰਦੀ । ਫਿਰ ਨੰਗਲ ਤੋਂ ਦਿੱਲੀ ਨੂੰ ਜਿਹੜੀ ਬਿਜਲੀ ਜਾਂਦੀ ਹੈ ਉਹ ਸਸਤੇ ਭਾਅ ਤੇ ਜਾਂਦੀ ਹੈ ਪਰ ਪੰਜਾਬ ਵਿਚ ਇਸ ਦੇ ਰੇਟ ਵੱਧ ਹਨ ।

ਇਹ ਪੰਜਾਬ ਦੇ ਬਜਟ ਦੀ ਕਿਤਾਬ ਹੈ ਇਸ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਜੋ ਸਰਕਾਰ ਦੀ ਆਮਦਨੀ ਹੋਈ ਹੈ ਉਹ 24% ਵਿਕਰੀ ਟੈਕਸ ਤੋਂ ਆਉਂਦੀ ਹੈ ਜੋ ਲੋਕਾਂ ਤੇ ਹੀ ਲਗਦਾ ਹੈ 15% ਐਕਸਾਈਜ਼ ਡੀਊਟੀ ਤੋਂ ਆਉਂਦਾ ਹੈ, 11 ਫੀ ਸਦੀ ਇਨਕਮ ਟੈਕਸ ਅਤੇ ਸੈਂਟ੍ਰਲ ਐਕਸਾਈਜ਼ ਡਿਊਟੀ ਤੋਂ ਆਉਂਦਾ ਹੈ ਪਰ ਲੈਂਡ ਰੈਵੇਨਿਊ 1% ਆਉਂਦਾ ਹੈ। ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਇਸ ਗਰੀਨ ਰੈਵੋਲਿਊਸ਼ਨ ਦਾ ਕੋਈ ਫਾਇਦਾ ਨਹੀਂ ਪਹੁੰਚਿਆ । ਭਾਵੇਂ ਉਮਰਾਓ ਸਿੰਘ ਹੋਣ, ਜਾਂ ਬੀਬੀ ਬਰਾੜ ਹੋਵੇ ਜਾਂ ਕੋਈ ਹੋਰ ਅਜਿਹਾ ਹੋਵੇ ਇਨ੍ਹਾਂ ਤੇ ਕੋਈ ਇਨਕਮ ਟੈਕਸ ਨਹੀਂ ਲਗਦਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਾਜ ਕਮੇਟੀ ਦੀ ਰਿਪੋਰਟ ਕਿਉਂ ਨਹੀਂ ਇਨ੍ਹਾਂ ਤੇ ਲਾਗੂ ਹੁੰਦੀ ਹੈ । (ਵਿਘਨ) ਇਸ ਬਾਰੇ ਨਾ ਅਕਾਲੀ ਪਾਰਟੀ ਵਾਲੇ ਬੋਲੇ ਹਨ । ਲੈਂਡ ਰਿਫਾਰਮਜ਼ ਬਾਰੇ ਅਕਾਲੀ ਪਾਰਟੀ ਵਾਲੇ ਵੀ ਨਹੀਂ ਬੋਲਦੇ । ਸਾਡੀ ਆਪੋਜ਼ੀਸ਼ਨ ਪਾਰਟੀ ਹੋਰ ਤਰ੍ਹਾਂ ਦੀ ਹੈ ਅਤੇ ਇਹ (ਅਕਾਲੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਆਪੋਜ਼ੀਸ਼ਨ ਪਾਰਟੀ ਹੋਰ ਤਰ੍ਹਾਂ ਦੀ ਹੈ ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਆਨ ਏ ਪੁਆਇੰਟ ਆਫ਼ ਅਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਨੇ ਥੋੜ੍ਹਾ ਜਿਹਾ ਰੂਰਲ ਏਰੀਆ ਦੇ ਬਾਰੇ ਕਿਹਾ ਹੈ (ਵਿਘਨ) ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਰੂਰਲ ਇਨਡੈਟਨੈਸ ਸਰਵੇ ਪੜ੍ਹਿਆ ਹੈ?

ਕਾਮਰੇਡ ਸੱਤ ਪਾਲ ਡਾਂਗ : ਹਾਂ ਜੀ । ਦੋ ਤਿੰਨ ਏਕੜ ਵਾਲਿਆਂ ਤੇ ਜਿਨ੍ਹਾਂ ਤੇ ਕਰਜ਼ਾ ਹੋਵੇ ਉਨ੍ਹਾਂ ਦਾ ਕਰਜ਼ਾ ਮੁਆਫ ਕੀਤਾ ਜਾਣਾ ਚਾਹੀਦਾ ਹੈ । ਔਰ ਜੋ ਉਥੇ ਅਮੀਰ ਲੋਕ ਹਨ, ਬੜੇ ਜ਼ਿਮੀਂ-ਦਾਰ ਹਨ ਉਨ੍ਹਾਂ ਤੇ ਟੈਕਸ ਲਗਾਉਣੇ ਚਾਹੀਦੇ ਹਨ । ਯੂ. ਪੀ. ਦੀ ਸਰਕਾਰ ਨੇ ਉਨ੍ਹਾਂ ਗਰੀਬ ਲੋਕਾਂ ਤੇ ਕਰਜ਼ਾ ਮੁਆਫ ਕੀਤਾ ਹੈ । ਇਸ ਤਰ੍ਹਾਂ ਨਾਲ ਇਥੇ ਵੀ ਗਰੀਬਾਂ ਤੇ ਟੈਕਸ ਮੁਆਫ ਕਰਨੇ ਚਾਹੀਦੇ ਹਨ ਅਤੇ ਬਿਰਲਿਆਂ ਜਾਂ ਹੋਰ ਵੱਡੇ ਆਦਮੀਆਂ ਤੇ ਟੈਕਸ ਹੋਰ ਲਾਉਣੇ ਚਾਹੀਦੇ ਹਨ । ਪਰ ਇਹ ਕਹਿੰਦੇ ਹਨ ਕਿ ਗਰੀਬਾਂ ਤੇ ਟੈਕਸ ਹੋਰ ਲਗਾਉ ਅਤੇ ਪਿੰਡਾਂ ਦੇ ਅਮੀਰਾਂ ਤੇ ਟੈਕਸ ਨਾ ਲਗਾਉ।

ਬਿਜਲੀ ਬੋਰਡ ਦੇ ਬਾਰੇ ਵਿਚ ਜ਼ਿਆਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ । ਪਰ ਫੇਰ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਪੌਂਗ ਡੈਮ ਬਣਿਆ ਅਤੇ ਉਥੋਂ ਹਜ਼ਾਰਾਂ ਦੀ ਗਿਣਤੀ ਵਿਚ ਬੰਦਿਆਂ ਨੂੰ ਬੇਰੁਜ਼ਗਾਰ ਹੋਣਾ ਪਿਆ ਹੈ । ਇਨ੍ਹਾਂ ਨੂੰ ਸ਼ਾਹ ਨਹਿਰ ਡੈਮ ਤੇ ਜਾਬਜ਼ ਦੇਣੀਆਂ ਚਾਹੀਦੀਆਂ ਹਨ । ਇਨ੍ਹਾਂ ਨੂੰ ਐਬਜ਼ਾਰਬ ਕਰਨਾ ਚਾਹੀਦਾ ਹੈ । ਇਨ੍ਹਾਂ ਨੂੰ ਆਲਟਰਨੇਟਿਵ ਜਾਬਜ਼ ਦੇਣੀਆਂ ਚਾਹੀਦੀਆਂ ਹਨ । ਇਹ ਬਿਜਲੀ ਦੀ ਜੋ ਘਾਟ ਹੈ, ਇਹ ਵੀ ਜ਼ਿਆਦਾ ਕਰਕੇ ਉਥੇ ਮਿਸਮੈਨੇਜਮੈਂਟ ਕਰਕੇ ਹੀ ਹੈ । ਮੈਨੇਜਮੈਂਟ ਨੂੰ ਓਵਰਹਾਲ ਕਰਨਾ ਚਾਹੀਦਾ ਹੈ । ਅੰਮ੍ਰਿਤਸਰ ਡਰੇਨੇਜ ਵਿਚ ਲੱਖਾਂ ਰੁਪਏ ਦਾ ਗਬਨ ਹੋਇਆ ਹੈ । ਉਥੇ ਤਿੰਨ ਜਨਰੇਟਰਜ਼ ਲਗਾਏ ਹਨ ਪਰ ਚਲਦਾ ਸਿਰਫ ਇਕ ਹੀ ਹੈ । ਪੌਂਗ ਡੈਮ ਵਿਚ 10 ਮੈਗਾਵਾਟ ਦਾ ਜੈਨਰੇਟਰ ਵਾਧੂ ਪਿਆ ਹੈ ਉਹ ਪੰਜਾਬ ਸਰਕਾਰ ਲੈਕੇ ਕਿਉਂ ਨਹੀਂ ਚਲਾਉਂਦੀ? ਪੰਜਾਬ ਦਾ ਆਰਥਿਕ ਢਾਂਚਾ ਤਦ ਹੀ ਠੀਕ ਹੋ ਸਕਦਾ ਹੈ ਜੇ ਇਥੇ ਗੱਲਾਂ ਘਟ ਕੀਤੀਆਂ ਜਾਣ ਅਤੇ ਕੰਮ ਜ਼ਿਆਦਾ ਕੀਤਾ ਜਾਵੇ । ਮੈਂ ਕਹਾਂਗਾ ਕਿ ਬਿਜਲੀ ਬੋਰਡ ਨੂੰ ਓਵਰਹਾਲ ਕੀਤਾ ਜਾਏ, ਰੋਡਵੇਜ਼ ਕਾਰਪੋਰੇਸ਼ਨ ਦੀ ਮੈਨੇਜਮੈਂਟਸ ਵਿਚ ਮਜ਼ਦੂਰਾਂ ਨੂੰ ਨੁਮਾਇੰਦਗੀ ਦਿੱਤੀ ਜਾਏ, ਲੋਕਲ ਮੈਨੇਜਮੈਂਟਸ ਵਿਚ ਇਨ੍ਹਾਂ ਮਜ਼ਦੂਰਾਂ ਨੂੰ ਥਾਂ ਦਿੱਤੀ ਜਾਣੀ ਚਾਹੀਦੀ ਹੈ ।

[ਕਾਮਰੇਡ ਸੱਤ ਪਾਲ ਡਾਂਗ]

ਇਨ੍ਹਾਂ ਦੇ ਨੰਗਲ ਵਿਚ ਨਰੋਰਾ ਟਾਈਪ ਕੈਂਪਸ ਲੱਗੇ ਹਨ । ਉਥੇ ਕਿਹਾ ਗਿਆ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਹੋਏਗੀ । ਮੈਂ ਕਿਤਾਬਾਂ ਧਿਆਨ ਨਾਲ ਪੜ੍ਹੀਆਂ ਹਨ ਇਨ੍ਹਾਂ ਵਾਸਤੇ ਕਿਤੇ ਇਹ ਨਹੀਂ ਲਿਖਿਆ ਹੋਇਆ ਕਿ 1975—76 ਵਿਚ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਾਂਗੇ । ਡਿਪਟੀ ਸਪੀਕਰ ਸਾਹਿਬ, ਹਰਿਆਣਾ ਵਾਲਿਆਂ ਨੇ ਇਹ ਕੰਮ ਕੀਤਾ ਹੈ । ਉਥੇ 3 ਲੱਖ ਕਿਲੋ ਮੀਟਰ ਰੋਜ਼ ਬੱਸਾਂ ਚਲਦੀਆਂ ਹਨ, ਢਾਈ ਲੱਖ ਪੈਸੰਜਰ ਰੋਜ਼ ਸਫਰ ਕਰਦੇ ਹਨ ਅਤੇ 3,500 ਰੁਪਏ ਫੀ ਬੱਸ ਫੀ ਸਾਲ ਨਫਾ ਹੋਇਆ ਹੈ । ਇਹ ਇਥੇ ਕਿਉਂ ਨਹੀਂ ਹੋ ਸਕਦਾ ? ਮਿਸਮੈਨੇਜਮੈਂਟ ਨੂੰ ਦੂਰ ਕੀਤਾ ਜਾਏ ਅਤੇ ਇਸ ਨੂੰ ਠੀਕ ਢੰਗ ਨਾਲ ਚਲਾਇਆ ਜਾਏ । ਇਸ ਬਜਟ ਵਿਚ ਇਸ ਚੀਜ਼ ਵਾਸਤੇ ਕੋਈ ਪ੍ਰੋਵੀਜ਼ਨ ਨਹੀਂ ਕੀਤਾ ਗਿਆ । ਮੇਰੇ ਇੱਕ ਸਵਾਲ ਨੰ: 2554 ਦੇ ਜਵਾਬ ਵਿਚ ਦੱਸਿਆ ਗਿਆ ਹੈ ਕਿ ਅੰਬਾਲਾ ਬੱਸ ਸਿੰਡੀਕੇਟ ਨੂੰ, ਕਿਉਂਕਿ ਉਨ੍ਹਾਂ ਦੇ ਯਾਰ ਇਥੇ ਬੈਠੇ ਹਨ, 1,114 ਮੀਲ ਦੇ ਰੂਟ ਹੋਰ ਦਿੱਤੇ ਗਏ ਹਨ । ਉਨ੍ਹਾਂ ਨੇ ਇਕ ਮੀਲ ਵੀ ਸਰੰਡਰ ਨਹੀਂ ਕੀਤਾ । ਇਹ ਨੈਸ਼ਨੇਲਾਈਜ਼ੇਸ਼ਨ ਹੋ ਰਹੀ ਹੈ । ਇਕ ਮਿਸਾਲ ਨਹੀਂ ਹੋਰ ਵੀ ਅਜਿਹੀਆਂ ਕਈ ਮਿਸਾਲਾਂ ਹਨ ਜੋ ਕਿ ਮੈਂ ਦੱਸ ਸਕਦਾ ਹਾਂ ।

ਐਜੂਕੇਸ਼ਨ ਦੇ ਬਾਰੇ ਵਿਚ ਇਹ ਕਹਿੰਦੇ ਹਨ ਕਿ ਬੜੀ ਤਰੱਕੀ ਹੋ ਰਹੀ ਹੈ । ਏਜ ਗਰੁੱਪ 6—11, 11—14, 14—17 ਵਿਚ ਪਹਿਲਾਂ ਨਾਲੋਂ ਜੋ ਹੁਣ ਵਾਧਾ ਹੈ ਉਹ ਇਸ ਪ੍ਰਕਾਰ ਹੈ । ਏਜ ਗਰੁੱਪ 6—11 ਵਿਚ ਪਹਿਲਾਂ 17 ਲੱਖ ਵਿਦਿਆਰਥੀ ਸਨ ਜੋ ਕਿ ਵੱਧ ਕੇ 19 ਲੱਖ ਹੋ ਗਏ । ਫਿਰ 11—14 ਏਜ ਗਰੁੱਪ ਵਿਚ ਪਹਿਲਾਂ 5 ਲੱਖ 15 ਹਜ਼ਾਰ ਬੱਚੇ ਸੀ ਜੋ ਕਿ ਵੱਧ ਕੇ 5 ਲੱਖ 28 ਹਜ਼ਾਰ ਹੋ ਗਏ ਅਤੇ ਗਰੁੱਪ 14—17 ਵਿਚ ਬੱਚੇ 1 ਲੱਖ 96 ਹਜ਼ਾਰ ਤੋਂ ਵੱਧ ਕੇ 2 ਲੱਖ ਹੋ ਗਏ । ਇਹ ਕਿਸੇ ਏਜ ਗਰੁੱਪ ਵਿਚ ਵੀ ਕੋਈ ਖਾਸ ਵਾਧਾ ਨਹੀਂ ਹੋਇਆ ਹੈ। ਸ਼ੈਡਿਊਲਡ ਕਾਸਟਸ ਦੀ ਐਜੂਕੇਸ਼ਨ ਦੀ ਕੀ ਹਾਲਤ ਹੈ? ਇਸ ਬਾਰੇ ਪੰਜਾਬ ਵਿਧਾਨ ਸਭਾ ਦੀ ਕਮੇਟੀ ਦੀ ਰਿਪੋਰਟ ਦੱਸਦੀ ਹੈ ਕਿ ਹਿੰਦੁਸਤਾਨ ਭਰ ਵਿਚ ਲਿਟ੍ਰੇਸੀ 10% ਹੈ ਜਦ ਕਿ ਪੰਜਾਬ ਵਿਚ ਇਹ 5% ਹੈ। ਇਨ੍ਹਾਂ ਨੇ ਇਹ ਵੀ ਗੱਲ ਨੋਟ ਕੀਤੀ ਹੈ ਕਿ ਨੌਵੀਂ ਤੋਂ ਪਹਿਲਾਂ ਸ਼ੈਡਿਊਲਡ ਕਾਸਟਸ ਨੂੰ ਕੋਈ ਵਜ਼ੀਫਾ ਨਹੀਂ ਦਿੰਦੇ ਹਨ । ਫਿਰ ਖੇਤ ਮਜ਼ਦੂਰ ਆਪਣੇ ਬੱਚਿਆਂ ਨੂੰ ਸਕੂਲਾਂ ਵਿਚ ਕਿਸ ਤਰ੍ਹਾਂ ਭੇਜ ਸਕਦੇ ਹਨ ? ਔਰਤਾਂ ਦੀ ਤਾਲੀਮ ਵੱਲ ਧਿਆਨ ਮਾਰ ਲਵੋ । ਇਹ ਵੀ ਕੋਈ ਖਾਸ ਪ੍ਰਗਤੀ ਤੇ ਨਹੀਂ ਹੈ । ਡਾਕਟਰੀ ਸਿੱਖਣ ਵਾਲੇ ਭਾਵੇਂ ਦੰਦਾਂ ਦੀ ਡਾਕਟਰੀ ਹੋਵੇ, ਭਾਵੇਂ ਦੂਜੀ ਮੈਡੀਕਲ ਵਾਲੇ ਸਿਖਿਆਰਥੀ ਹੋਣ ਇਨ੍ਹਾਂ ਲਈ 1975—76 ਵਿਚ ਸਿਰਫ 17 ਲੱਖ ਰੁਪਏ ਵੱਧ ਦੇਣੇ ਹਨ । ਦਇਆ ਨੰਦ ਮੈਡੀਕਲ ਕਾਲਿਜ ਨਾਲ ਵਾਅਦਾ ਕਰਕੇ ਫਿਰ ਸਿਰੇ ਨਹੀਂ ਚਾੜ੍ਹਿਆ ਗਿਆ । ਇਥੇ ਵੈਸਟਿਡ ਇੰਟ੍ਰੈਸਟ ਹਨ ਜੋ ਕਿ ਇਹ ਕੰਮ ਨਹੀਂ ਹੋਣ ਦਿੰਦੇ ਹਨ ।

ਪ੍ਰਾਈਵੇਟ ਇਨਸਟੀਚਿਊਸ਼ਨਜ਼ ਵਿਚ ਨਾਨ—ਟੀਚਿੰਗ ਸਟਾਫ ਦੀ ਹਾਲਤ ਦੇਖ ਲਉ। ਉਹ ਵਿਚਾਰੇ ਹੜਤਾਲਾਂ ਨਾ ਕਰਨ ਤਾਂ ਹੋਰ ਕੀ ਕਰਨ ? ਉਨ੍ਹਾਂ ਦੀ ਸਿਕਿਉਰਿਟੀ ਲਈ ਵੀ ਬਿਲ ਲਿਆਉਣਾ ਚਾਹੀਦਾ ਹੈ ਅਤੇ ਇਸੇ ਸੈਸ਼ਨ ਵਿਚ ਹੀ ਪਾਸ ਕਰਾਉਣਾ ਚਾਹੀਦਾ ਹੈ । ਫੋਰ ਆਰਟਸ ਐਂਡ ਕ੍ਰਾਫਟਸ ਕਲਾਸਿਜ਼-ਦਿੱਤੀਆਂ ਗਈਆਂ ਹਨ । ਕੀ ਵਜ੍ਹਾ ਹੈ ਕਿ ਇਹ ਸਰਕਾਰੀ ਸਕੂਲਾਂ ਨੂੰ ਨਹੀਂ ਦਿੱਤੀਆਂ ਗਈਆਂ । ਇਹ ਦੇ ਵਿਚ ਵੀ ਹੇਰਾ ਫੇਰੀ ਕੀਤੀ ਗਈ ਹੈ ਅਤੇ ਮੈਂ ਇਲਜ਼ਾਮ ਲਗਾਉਂਦਾ ਹਾਂ ਕਿ ਤਿੰਨ ਤਿੰਨ, ਚਾਰ ਚਾਰ ਹਜ਼ਾਰ ਰੁਪਏ ਵੱਢੀ ਲੈ ਕੇ ਪ੍ਰਾਈਵੇਟ ਸਕੂਲਾਂ ਨੂੰ ਇਹ ਕਲਾਸਿਜ਼ ਦਿੱਤੀਆਂ ਗਈਆਂ ਹਨ ।

ਪ੍ਰਾਇਮਰੀ ਐਜੂਕੇਸ਼ਨ ਦਾ ਸੈਪੇਰੇਟ ਡਾਇਰੈਕਟੋਰੇਟ ਬਣਾਉਣ ਬਾਰੇ ਕਿਹਾ ਗਿਆ ਸੀ ਪਰ ਇਹ ਹਾਲੇ ਤੱਕ ਇਸ ਤਰ੍ਹਾਂ ਨਹੀਂ ਕੀਤਾ ਗਿਆ ਹੈ। ਅੱਜ ਪੰਜਾਬ ਦੇ ਵਿਦਿਆਰਥੀ ਮੁਜ਼ਾਹਰੇ ਕਰ ਰਹੇ ਹਨ ।

ਇਨ੍ਹਾਂ ਦੀਆਂ ਮੰਗਾਂ ਮੰਨੀਆਂ ਜਾਣੀਆਂ ਚਾਹੀਦੀਆਂ ਹਨ । ਬੇਕਾਰ ਨੌਜਵਾਨਾਂ ਨੂੰ ਕੁਝ ਰਲੀਫ ਦੇਣੀ ਚਾਹੀਦਾ ਹੈ ਜਾਂ ਮਹੀਨੇ ਦਾ ਅਲਾਊਂਸ ਦੇਣਾ ਚਾਹੀਦਾ ਹੈ । ਯੂਨੀਵਰਸਿਟੀਜ਼ ਵਿਚ ਇਨ੍ਹਾਂ ਨੂੰ ਨੁਮਾ-ਇੰਦਗੀ ਦੇਣੀ ਚਾਹੀਦੀ ਹੈ। ਕਾਲਜਾਂ ਵਿਚ ਜਮਹੂਰੀ ਤਰੀਕੇ ਤੇ ਇਨ੍ਹਾਂ ਦੀਆਂ ਯੂਨੀਅਨਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਅੱਗੇ ਗਿਆਨੀ ਜੀ ਮੰਨੇ ਸੀ ਕਿ ਪੰਜਾਬ ਪੱਧਰ ਤੇ ਐਜੂਕੇਸ਼ਨ ਕਮਿਸ਼ਨ ਬਣਾਵਾਂਗੇ ਪਰ ਉਹ ਕਮਿਸ਼ਨ ਹਾਲੇ ਤੀਕ ਨਹੀਂ ਬਣਾਇਆ ਗਿਆ । ਇਸ ਨੂੰ ਬਣਾਉਣਾ ਚਾਹੀਦਾ ਹੈ। ਸਹਕਾਰੀ ਕਰਮਚਾਰੀਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਖੇਤੀ ਬਾੜੀ ਦੇ ਇਨਸਪੈਕਟਰਾਂ ਨੇ ਹੜਤਾਲ ਕੀਤੀ ਸੀ ਉਨ੍ਹਾਂ ਤੇ ਮੁਕੱਦਮੇ ਹਾਲੇ ਤੱਕ ਚਲ ਰਹੇ ਹਨ । ਵਰਕਚਾਰਜ ਮੁਲਾਜ਼ਮਾਂ ਨਾਲ ਸਮਝੌਤਾ ਹੋਇਆ ਸੀ। ਪਰ ਹੁਣ ਉਨ੍ਹਾਂ ਦੀ ਛਾਂਟੀ ਹੋ ਰਹੀ ਹੈ। ਜ਼ੀਰੋ ਆਵਰ ਵਿਚ ਜੋਸ਼ ਸਾਹਿਬ ਨੇ ਇਹ ਮਾਮਲਾ ਉਠਾਉਣਾ ਚਾਹਿਆ ਸੀ ਪਰ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਇਹ ਛਾਂਟੀ ਰੋਕਣੀ ਚਾਹੀਦੀ ਹੈ। ਸਰਕਾਰ ਨੇ ਟੀਚਰਾਂ ਨਾਲ ਵਾਇਦੇ ਕੀਤੇ ਸੀ ਉਨ੍ਹਾਂ ਤੇ ਅਮਲ ਨਹੀਂ ਹੋ ਰਿਹਾ । ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਤੇ ਅਮਲ ਕਰਾਇਆ ਜਾਏ ।

ਵੈਸਟਿਡ ਇੰਟ੍ਰੈਸਟਸ ਹਰ ਥਾਂ ਤੇ ਹਨ। ਕਿਰਾਏ ਵਾਸਤੇ ਕਮੇਟੀ ਬਣਾਉਣੀ ਸੀ ਉਹ ਹਾਲੇ ਤਕ ਬਣੀ ਨਹੀਂ। ਜੇ ਹਰਿਆਣੇ ਵਿਚ ਕਿਰਾਏ ਕਾਨੂੰਨ ਵਿਚ ਸੋਧ ਹੋ ਸਕਦੀ ਹੈ ਤਾਂ ਫੇਰ ਇਥੇ ਇਹ ਚੀਜ਼ ਕਿਉਂ ਨਹੀਂ ਹੋ ਸਕਦੀ। ਇਹ ਕਹਿੰਦੇ ਹਨ ਕਿ ਕਮੇਟੀ ਨੇ ਸਿਫਾਰਸ਼ ਨਹੀਂ ਕੀਤੀ । ਇਹ ਕਮੇਟੀ ਜਲਦੀ ਬਣਾਉਣੀ ਚਾਹੀਦੀ ਹੈ ਅਤੇ ਇਹ ਕੰਮ ਜਲਦੀ ਕਰਨਾ ਚਾਹੀਦਾ ਹੈ ।

ਕੋਲਾ ਕਹਿੰਦੇ ਹਨ ਕਿ ਸਰਕਾਰ ਨੇ ਆਪਣੇ ਹੱਥ ਵਿਚ ਲੈ ਲਿਆ ਹੈ । ਪਰ ਇਹਦੀ ਵੰਡ ਤਾਂ ਹਾਲੇ ਤੱਕ ਵੀ ਕਰਮਚੰਦ ਥਾਪਰ ਵਰਗਿਆਂ ਦੇ ਹੱਥਾਂ ਵਿਚ ਹੈ ਇਹ ਵੰਡ ਵੀ ਸਰਕਾਰ ਨੂੰ ਆਪਣੇ ਹੱਥਾਂ ਵਿਚ ਲੈਣੀ ਚਾਹੀਦੀ ਹੈ ।

ਸਮੱਗਲਰਜ਼ ਅਤੇ ਹੋਰਡਰਜ਼ ਦੇ ਖਿਲਾਫ ਕਾਰਵਾਈ ਕੀਤੀ ਗਈ, ਅਸੀਂ ਇਸ ਨੂੰ ਜੀ ਆਇਆਂ ਕਹਿੰਦੇ ਹਾਂ। ਪੰਜਾਬ ਵਿਚ ਦੋ ਸਿਆਸੀ ਬੰਦੇ ਫੜੇ ਗਏ, ਠੀਕ ਹੈ । ਭਾਵੇਂ ਇਧਰ ਦਾ ਹੋਵੇ ਅਤੇ ਭਾਵੇਂ ਉੱਧਰ ਦਾ ਹੋਵੇ ਜਿਹੜਾ ਵੀ ਕੋਈ ਅਜਿਹਾ ਕੰਮ ਕਰਦਾ ਹੈ ਉਸ ਨੂੰ ਪਕੜਨਾ ਚਾਹੀਦਾ ਹੈ । ਪੰਜਾਬ ਦੀ ਸਰਕਾਰ ਇਨ੍ਹਾਂ ਲੋਕਾਂ ਨੂੰ ਤਕੜੇ ਹੋ ਕੇ ਹੱਥ ਪਾਵੇ । ਇਹ ਸੀ.ਬੀ. ਆਈ ਦੀ ਰਿਪੋਰਟ ਮੇਰੇ ਕੋਲ ਹੈ। ਇਕ ਮਨਿਸਟਰ ਦੇ ਮੁੰਡੇ ਤੇ ਇਲਜ਼ਾਮ ਲੱਗੇ ਹਨ । (ਵਿਘਨ) ਇੱਕ ਹੋਰ ਓਮ ਪ੍ਰਕਾਸ਼ ਪਾਸ਼ੀ ਸਮੱਗਲਰ ਹੈ। ਹੁਸ਼ਿਆਰਪੁਰ ਮਨਿਸਟਰ ਸਾਹਿਬ ਗਏ, ਕਹਿੰਦੇ ਹਨ ਇਕ ਲੱਖ ਰੁਪਿਆ ਦਿੱਤਾ ਗਿਆ ਇਸ ਸਮੱਗਲਰ ਦੇ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋਏ ਪਰ ਚੰਡੀਗੜ੍ਹ ਤੋਂ ਟੈਲੀਫੋਨ ਹੋ ਗਿਆ ਅਤੇ ਉਹ ਫੜਿਆ ਨਹੀਂ ਗਿਆ। ਇਨ੍ਹਾਂ ਨੂੰ ਸਮੱਗਲਰਾਂ ਨੂੰ ਤਕੜਿਆਂ ਹੋ ਕੇ ਹੱਥ ਪਾਉਣਾ ਚਾਹੀਦਾ ਹੈ । ਇਹ ਸਮੱਗਲਰ ਇਸ ਪਾਸਿਉਂ ਹੋਣ ਭਾਵੇਂ ਉਸ ਪਾਸਿਉਂ ਹੁਣ, ਇਨ੍ਹਾਂ ਨੂੰ ਸਾਰਿਆਂ ਸਮੱਗਲਰਜ਼ ਨੂੰ ਅੰਦਰ ਦੇਣਾ ਚਾਹੀਦਾ ਹੈ। ਇਸ ਪਾਸੇ ਜਿੰਨੇ ਅਮਲ ਕਰਨ ਦੀ ਲੋੜ ਹੈ ਉਹ ਨਹੀਂ ਹੋ ਰਿਹਾ ਹੈ

ਇਨਵਾਇਰਨਮੈਂਟ ਇੰਪਰੂਵਮੈਂਟ ਸਕੀਮ ਹਰੀਜਨਾਂ ਦੀਆਂ ਬਸਤੀਆਂ ਵਾਸਤੇ ਬਣਾਈ ਗਈ ਸੀ ਪਰ ਹਾਲਾਂ ਇਸ ਸਕੀਮ ਤਹਿਤ ਇਕ ਪਿੰਡ ਵੀ ਸੈਂਕਸ਼ਨ ਨਹੀਂ ਹੋਇਆ । ਜੈਯੰਤੀ ਪਿੰਡਾਂ ਦੀ ਸਕੀਮ ਬੜੀ ਧੂਮ ਧਾਮ ਨਾਲ ਸ਼ੁਰੂ ਕੀਤੀ ਸੀ ਪਰ ਇਸ ਪਾਸੇ ਐਨਾ ਕੰਮ ਨਹੀਂ ਹੋਇਆਂ ਜਿੰਨਾ ਕਿ ਹੋਣਾ ਚਾਹੀਦਾ ਸੀ ਸਗੋਂ ਉਤਨਾ ਹੀ ਕੰਮ ਹੋਇਆ ਹੈ ਜਿੰਨਾ ਕਿ ਰੁਟੀਨ ਵਿਚ ਹੋਇਆ ਹੈ ।

ਪੈਨਸ਼ਨਰਾਂ ਨੂੰ ਰਿਆਇਤ ਦਿੱਤੀ ਹੈ, ਇਹ ਚੰਗੀ ਗੱਲ ਹੈ। ਪਰ ਇਹ ਕਹਿੰਦੇ ਸਨ ਕਿ ਅਸੀਂ ਪੈਨਸ਼ਨਾਂ ਸੈਂਟਰ ਦੇ ਬਰਾਬਰ ਰੱਖਾਂਗੇ। ਸੈਂਟਰ ਵਿਚ ਪੈਨਸ਼ਨ 70 ਰੁਪਏ ਹੈ । ਇਨ੍ਹਾਂ ਨੇ ਪੈਨਸ਼ਨਾਂ

[ਕਾਮਰੇਡ ਸੱਤ ਪਾਲ ਡਾਂਗ]

ਉਨ੍ਹਾਂ ਦੇ ਬਰਾਬਰ ਨਹੀਂ ਕੀਤੀਆਂ । ਜਦ ਸੈਂਟਰ ਨੇ 30 ਰੁਪਏ ਦਾ ਵਾਧਾ ਕੀਤਾ ਤਾਂ ਇਨ੍ਹਾਂ ਨੇ 10 ਰੁਪਏ ਦਾ ਵਾਧਾ ਕੀਤਾ । ਇਸ ਨੂੰ ਸੈਂਟਰ ਦੇ ਬਰਾਬਰ ਕੀਤਾ ਜਾਵੇ ।

ਕਚਹਿਰੀਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਸੀਲਿੰਗ ਐਕਟ ਵਿਚਕਾਰ ਫੈਮਿਲੀ ਦੀ ਡੈਫੀਨੀਸ਼ਨ ਹਾਈ ਕੋਰਟ ਨੇ ਸਟਰਾਈਕ ਡਾਊਟ ਕਰ ਦਿੱਤੀ ਹੈ । ਪੰਜਾਬ ਸਰਕਾਰ ਇਜਾਜ਼ਤ ਮੰਗਦੀ ਹੈ ਕਿ ਅਸੀਂ ਸੁਪਰੀਮ ਕੋਰਟ ਵਿਚ ਅਪੀਲ ਕਰਨੀ ਹੈ ਇਸ ਵਾਸਤੇ ਉਥੇ ਅਪੀਲ ਕਰਨ ਦੀ ਆਗਿਆ ਦਿੱਤੀ ਜਾਵੇ ਪਰ ਇਸ ਇਜਾਜ਼ਤ ਨੂੰ ਲਮਕਾ ਦਿੱਤਾ ਜਾਂਦਾ ਹੈ । ਸੌ ਕੁਇੰਟਲ ਤੋਂ ਵੱਧ ਕਣਕ ਰੱਖਣ ਤੇ ਸੀਲਿੰਗ ਲਗਾਈ ਜਾਂਦੀ ਹੈ ਕਿ ਕੋਈ ਲੈਂਡ ਲਾਰਡ, ਕਿਸਾਨ ਆਦਿ 100 ਕੁਇੰਟਲ ਕਣਕ ਤੋਂ ਉਪਰ ਨਹੀਂ ਰੱਖ ਸਕਦਾ ਪਰ ਹੁੰਦਾ ਕੀ ਹੈ ਕਿ ਉਹ ਕੋਰਟ ਵਿਚ ਚਲੇ ਜਾਂਦੇ ਹਨ ਅਤੇ ਉਥੋਂ ਉਨ੍ਹਾਂ ਨੂੰ ਸਟੇਅ ਮਿਲ ਜਾਂਦਾ ਹੈ । ਇਸ ਪਾਸੇ ਵੀ ਧਿਆਨ ਦੇਣਾ ਪਵੇਗਾ। ਸੰਤੋਖ ਸਿੰਘ ਦਾ ਜ਼ਿਕਰ ਹਰਚੰਦ ਸਿੰਘ ਕਮੇਟੀ ਵਿਚ ਆਇਆ ਸੀ । ਜਦ ਉਸ ਕੋਲੋਂ ਜ਼ਮੀਨ ਲੈਣ ਦੇ ਆਰਡਰ ਹੋਏ ਤਾਂ ਉਹ ਵੀ ਹਾਈ ਕੋਰਟ ਵਿਚ ਚਲਾ ਗਿਆ ਅਤੇ ਹਾਈ ਕੋਰਟ ਨੇ ਉਸ ਨੂੰ ਸਟੇਅ ਦੇ ਦਿੱਤੀ । ਸੋ ਜਿਸ ਤਰੀਕੇ ਨਾਲ ਜੁਡੀਸ਼ਰੀ ਚੱਲ ਰਹੀ ਹੈ ਅਤੇ ਵੈਸਟਿਡ ਇੰਟਰੈਸਟ ਦਾ ਪੱਖ ਪੂਰ ਰਹੀ ਹੈ, ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਇਸ ਸਾਲ ਸਾਰੀ ਦੁਨੀਆਂ ਵਿਚ ਇਕ ਇੰਟਰਨੈਸ਼ਨਲ ਵੋਮੈਨ ਯੀਅਰ ਮਨਾਇਆ ਜਾ ਰਿਹਾ ਹੈ । ਸਾਡੇ ਦੇਸ਼ ਵਿਚ ਔਰਤਾਂ ਨੂੰ ਬਰਾਬਰੀ ਦਾ ਹੱਕ ਨਹੀਂ ਮਿਲਿਆ । ਔਰਤਾਂ ਨੂੰ ਬਰਾਬਰ ਲਿਆਉਣ ਲਈ ਇਸ ਪੱਖ ਵਿਚ ਮੈਂ ਚਾਰ ਸੁਝਾਅ ਦਿਆਂਗਾ । ਸਭ ਤੋਂ ਪਹਿਲੀ ਗੱਲ ਇਹ ਹੈ ਕਿ ਇਹ ਜਿਹੜਾ ਦਾਜ ਹੈ, ਇਸ ਦਾਜ ਨੂੰ ਪੁਲਿਸ ਜੁਰਮ ਕਰਾਰ ਦਿਤਾ ਜਾਵੇ। ਇਸ ਨੂੰ ਜੁਰਮ ਤਾਂ ਮੰਨਿਆਂ ਗਿਆ ਹੈ ਪਰ ਇਸ ਤੇ ਅਮਲ ਨਹੀਂ ਹੋ ਰਿਹਾ । ਦੂਸਰਾ ਇਹ ਹੈ ਕਿ ਹਰ ਪਿੰਡ ਵਿਚ ਇਕ ਟ੍ਰੇਂਡ ਦਾਈ ਹੋਵੇ । ਜਿਹੜੀਆਂ ਡੈਸਟੀਚਿਊਟ ਔਰਤਾਂ ਹਨ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਦਿਤੀ ਜਾਵੇ । ਉਨ੍ਹਾਂ ਨੂੰ ਮੁਕੱਦਮਿਆਂ ਵਿਚ ਸਹਾਇਤਾ ਮਿਲਣੀ ਚਾਹੀਦੀ ਹੈ । ਇੰਡਸਟਰੀ ਵਿਚ 10% ਰਿਜ਼ਰਵੇਸ਼ਨ ਔਰਤਾਂ ਲਈ ਹੋਣੀ ਚਾਹੀਦੀ ਹੈ । ਇਹ ਜਿਹੜੀ ਵੈਸਟਿਡ ਇੰਟਰੈਸਟ ਦੇ ਪੱਖਾਂ ਦੀ ਨੀਤੀ ਹੈ ਜਿਸ ਦੇ ਨਤੀਜੇ ਖਰਾਬ ਨਿਕਲਦੇ ਹਨ, ਉਸ ਦਾ ਫਾਇਦਾ ਕੌਣ ਉਠਾਉਂਦਾ ਹੈ? ਇਥੇ ਕਲਕਟ ਸਾਹਿਬ ਅਤੇ ਹੋਰ ਮੇਰੇ ਸਾਥੀਆਂ ਨੇ ਵੀ ਦੱਸਿਆ ਹੈ ਕਿ ਸਾਡੇ ਦੇਸ਼ ਵਿਚ ਕੁੱਝ ਐਸੀਆਂ ਸ਼ਕਤੀਆਂ ਹਨ ਜੋ ਕਿ ਲੋਕਾਂ ਨੂੰ ਗੁਮਰਾਹ ਕਰ ਰਹੀਆਂ ਹਨ । ਉਹ ਸ਼ਕਤੀਆਂ ਅੱਗੇ ਵਧ ਰਹੀਆਂ ਹਨ ਅਤੇ ਦੇਸ਼ ਦੀ ਵਾਗਡੋਰ ਆਪਣੇ ਹੱਥ ਵਿਚ ਲੈਣਾ ਚਾਹੁੰਦੀਆਂ ਹਨ । ਉਹ ਲੋਕਾਂ ਨੂੰ ਗੁਮਰਾਹ ਕਰਕੇ ਹਿੰਦੁਸਤਾਨ ਵਿਚ ਚਾਹੁੰਦੀਆਂ ਹਨ ਕਿ ਇਥੇ ਜਮਹੂਰੀਅਤ ਦੀ ਥਾਂ ਤੇ ਡਿਕਟੇਟਰਸ਼ਿਪ ਕਾਇਮ ਕੀਤੀ ਜਾਵੇ। ਉਨ੍ਹਾਂ ਦੀ ਅਗਵਾਈ ਇਕ ਸੱਜਣ ਕਰ ਰਹੇ ਹਨ, ਇਸ ਬਾਰੇ ਸਾਰਿਆਂ ਨੂੰ ਪਤਾ ਹੈ । ਉਨ੍ਹਾਂ ਦੀ ਯਾਰੀ ਰਾਸ਼ਟਰੀ ਸੋਇਮ ਸੰਘ ਨਾਲ ਹੈ। ਅਯੂਬ ਨੇ ਵੀ ਡਿਕਟੇਟਰਸ਼ਿਪ ਚਲਾਈ ਸੀ । ਜੈ ਪ੍ਰਕਾਸ਼ ਨਰਾਇਣ ਨੇ ਉਸ ਦੀ ਸਿਫਤ ਕੀਤੀ ਸੀ। ਉਹ ਪਾਕਿਸਤਾਨ ਵਿਚ ਉਨ੍ਹਾਂ ਨੂੰ ਵਧਾਈ ਦੇਣ ਵਾਸਤੇ ਗਿਆ ਸੀ । ਉਹ ਹਿੰਦੁਸਤਾਨ ਵਿਚ ਬਿਨਾਂ ਪਾਰਟੀ ਦੇ ਸਰਕਾਰ ਚਾਹੁੰਦੇ ਹਨ। ਇਹ ਪਿਛਾਂਹ ਖਿੱਚੂ ਸ਼ਕਤੀਆਂ ਮੁਲਕ ਨੂੰ ਪਿਛੇ ਲਿਜਾ ਰਹੀਆਂ ਹਨ ਜਿਸ ਤਰ੍ਹਾਂ ਜਰਮਨ ਵਿਚ ਹਿਟਲਰ ਹੋਇਆ ਹੈ । ਇੰਡੋਨੇਸ਼ੀਆ ਵਿਚ ਕਿਸ ਤਰ੍ਹਾਂ ਹੋਇਆ? ਚਿੱਲੀ ਵਿਚ ਕਿਸ ਤਰ੍ਹਾਂ ਉਥੋਂ ਦੀ ਹਕੂਮਤ ਦਾ ਕਤਲ ਕਰਕੇ ਡਿਕਟੇਟਰਸ਼ਿਪ ਚਲਾਈ ਗਈ । ਇਥੇ ਜਿਹੜੀਆਂ ਪਿਛਾਂਹ ਖਿੱਚੂ ਸ਼ਕਤੀਆਂ ਹਨ ਉਹ ਵੀ ਅਜਿਹੇ ਹਾਲਾਤ ਇਸ ਮੁਲਕ ਵਿਚ ਬਣਾਉਣਾ ਚਾਹੁੰਦੇ ਹਨ । ਕਮਿਊਨਿਸਟ ਪਾਰਟੀ ਇਸ ਕਿਸਮ ਦੀ ਡਿਕਟੇਟਰਸ਼ਿਪ ਦੀ ਵਿਰੋਧਤਾ ਕਰਦੀ ਹੈ। (ਵਿਘਨ) ਇਹ ਜਿਹੜੀ

ਅਕਾਲੀ ਪਾਰਟੀ ਹੈ ਜਿਨ੍ਹਾਂ ਦੀ ਯਾਰੀ ਲੈਂਡਲਾਰਡਾਂ ਨਾਲ ਹੈ । ਇਨ੍ਹਾਂ ਦੀ ਯਾਰੀ ਤਕੜੇ ਆਦਮੀਆਂ ਨਾਲ ਹੈ । ਇਹ ਇਨ੍ਹਾਂ ਯਾਰੀਆਂ ਦਾ ਫਾਇਦਾ ਉਠਾਉਂਦੇ ਹਨ । ਇਸ ਦੀ ਜ਼ਿਮੇਂਵਾਰੀ ਤੁਹਾਡੀ ਹੈ, ਤੁਸੀਂ ਇਸ ਚੀਜ਼ ਨੂੰ ਦੇਖਣਾ ਹੈ । ਲੋਕਾਂ ਵਿਚ ਜਿਹੜੀ ਬੇਕਾਰੀ ਹੈ, ਗਰੀਬੀ ਹੈ, ਉਸ ਨੂੰ ਦੂਰ ਕਰਨ ਲਈ ਇਸ ਬਜਟ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ । ਡਿਪਟੀ ਸਪੀਕਰ ਸਾਹਿਬ, ਜਿਹੜੇ ਪ੍ਰੋਗਰੈਸਿਵ ਕਾਂਗਰਸੀ ਹਨ ਉਨ੍ਹਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਧਿਆਨ ਦੇਣ । ਇੰਦਰਾ ਗਾਂਧੀ ਦੀ ਸਰਕਾਰ ਨੇ ਸੋਵੀਅਤ ਯੂਨੀਅਨ ਨਾਲ ਦੋਸਤੀ ਕੀਤੀ ਹੈ, ਜੋ ਕਿ ਦੇਸ਼ ਦੇ ਹਿੱਤਾਂ ਵਿਚ ਹੈ, ਕਮਿਊਨਿਸਟ ਪਾਰਟੀ ਇਸ ਨਾਲ ਸਹਿਮਤ ਹੈ । ਪਰ ਕਈ ਅਜਿਹੀਆਂ ਪਾਲਿਸੀਆਂ ਵੀ ਹਨ ਜਿਨ੍ਹਾਂ ਨਾਲ ਕਮਿਊਨਿਸਟ ਪਾਰਟੀ ਸਹਿਮਤ ਨਹੀਂ ਹੈ । ਮੈਂ ਡਾਕਟਰ ਸਾਹਿਬ ਕੋਲੋਂ ਅਤੇ ਉਨ੍ਹਾਂ ਅਕਾਲੀ ਪਾਰਟੀ ਦੇ ਨੌਜਵਾਨਾਂ ਕਲੋਂ ਪੁੱਛਣਾ ਚਾਹੁੰਦਾ ਹਾਂ ਜਿਹੜੇ ਕਿ ਅਗਾਂਹ ਵਧੂ ਖਿਆਲ ਰੱਖਦੇ ਹਨ, ਕੀ ਉਹ ਹਿੰਦਸਤਾਨ ਵਿਚ ਵੀ ਅਯੂਬਸ਼ਾਹੀ ਚਾਹੁੰਦੇ ਹਨ? ਉਹ ਜਿਹੜੀ ਬਿਨਾ ਪਾਰਟੀ ਦੇ ਹਕੂਮਤ ਚਾਹੁੰਦੇ ਹਨ ਕੀ ਉਹ ਠੀਕ ਹੈ ? ਹਿੰਦੁਸਤਾਨ ਦੀ ਛਾਤੀ ਤੇ ਡੀਗੋ ਗਰਸ਼ੀਆ ਇਕ ਐਟਮੀ ਅੱਡਾ, ਸਮੁੰਦਰੀ ਅੱਡਾ ਬਣ ਰਿਹਾ ਹੈ । ਯੂ. ਐਸ.ਏ. ਉਸ ਨੂੰ ਬੇਸ ਬਣਾ ਰਿਹਾ ਹੈ । ਯੂ. ਐਸ. ਏ. ਨੇ ਅਰਬਾਂ ਨੂੰ ਕਿਹਾ ਕਿ ਜੇ ਤੁਸੀਂ ਤੇਲ ਦੀ ਪੂਰੀ ਕੀਮਤ ਮੰਗੋਗੇ ਤਾਂ ਅਸੀਂ ਤੁਹਾਡੇ ਤੇ ਫੌਜਾਂ ਚਾੜ੍ਹਾਂਗੇ । ਅਰਬਾਂ ਨੇ ਕਿਹਾ ਕਿ ਜੇ ਸਾਡੇ ਤੇ ਅਟੈਕ ਹੋਇਆ ਤਾਂ ਅਸੀਂ ਤੇਲ ਦੇ ਭੰਡਾਰ ਫੂਕ ਦਿਆਂਗੇ । ਡੀਗੋ ਗਰਸ਼ੀਆ ਹਿੰਦੁਸਤਾਨ ਦੀ ਛਾਤੀ ਉਤੇ ਬੰਦੂਕ ਹੈ । ਕਿਸ ਤਰ੍ਹਾਂ ਚਿੱਲੀ ਦਾ ਤਖਤਾ ਉਲਟਾਇਆ ਗਿਆ । ਕੀ ਇਹ ਹਿੰਦੁਸਤਾਨ ਨੂੰ ਵੀ ਚਿੱਲੀ ਬਣਾਉਣਾ ਚਾਹੁੰਦੇ ਹਨ । (ਵਿਘਨ) ਡਿਪਟੀ ਸਪੀਕਰ ਸਾਹਿਬ, ਨਿਊਯਾਰਕ ਵਿਚ ਇਕ ਐਡੀਟੋਰੀਅਲ ਛਪਿਆ ਸੀ ਜਿਸ ਦਾ ਹਿੱਸਾ ਮੈਂ ਇਸ ਹਾਊਸ ਵਿਚ ਸੁਣਾਇਆ ਸੀ, ਸ਼ਾਇਦ ਇਨ੍ਹਾਂ ਵੀਰਾਂ ਨੇ ਉਸ ਨੂੰ ਪੜ੍ਹਿਆ ਹੋਵੇ ਜਾਂ ਨਾ ਪੜ੍ਹਿਆ ਹੋਵੇ । (ਵਿਘਨ) ਇਹ ਬਿਨਾਂ ਪਾਰਟੀ ਦੇ ਇਥੇ ਡਿਕਟੇਟਰਸ਼ਿਪ ਲਿਆਉਣਾ ਚਾਹੁੰਦੇ ਹਨ । ਇਹ ਡੀਗੋ ਗਰਸ਼ੀਆ ਦੇ ਸਵਾਲ ਉਤੇ ਚੁੱਪ ਹਨ । ਇਸ ਦੀ ਨਿੰਦਾ ਕਿਉਂ ਨਹੀਂ ਕੀਤੀ ? ਜੈ ਪ੍ਰਕਾਸ਼ ਨਰਾਇਣ ਇਸ ਦੇ ਖਿਲਾਫ ਕਿਉਂ ਨਹੀਂ ਬੋਲਦਾ? ਪਰ ਇਹ ਤਾਂ ਚਾਹੁੰਦੇ ਹਨ ਕਿ ਹਿੰਦੁਸਤਾਨ ਵਿਚ ਡਿਕਟੇਟਰਸ਼ਿਪ ਲਿਆਂਦੀ ਜਾਵੇ । ਇਹ ਜਿਹੜੇ ਬਿਨਾਂ ਪਾਰਟੀ ਦੇ ਇਥੇ ਹਕੂਮਤ ਕਾਇਮ ਕਰਨਾ ਚਾਹੁੰਦੇ ਹਨ ਇਥੋਂ ਜਮਹੂਰੀਅਤ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਇਨ੍ਹਾਂ ਦੇ ਪਿੱਛੇ ਸੀ. ਆਈ. ਏ. ਦਾ ਹੱਥ ਹੈ । (ਵਿਘਨ) ਮੈਂ ਬੇਨਤੀ ਕਰਾਂਗਾ ਕਿ ਇੰਦਰਾ ਗਾਂਧੀ ਦੀ ਸਰਕਾਰ ਨਾਲ ਸਾਡੀਆਂ ਲੜਾਈਆਂ ਹਨ । ਜੇ ਉਨ੍ਹਾਂ ਦੀ ਬਦੇਸ਼ ਨੀਤੀ ਠੀਕ ਹੈ ਤਾਂ ਅਸੀਂ ਉਨ੍ਹਾਂ ਦੇ ਨਾਲ ਹਾਂ । ਉਨ੍ਹਾਂ ਨੇ ਬੈਂਕਾਂ ਨੂੰ ਨੈਸ਼ਨੇਲਾਈਜ਼ ਕੀਤਾ, ਅਸੀਂ ਉਨ੍ਹਾਂ ਦੇ ਨਾਲ ਸੀ । ਉਨ੍ਹਾਂ ਨੇ ਬਨਸਪਤੀ ਤੋਂ ਕੰਟਰੋਲ ਚੁਕਿਆ ਅਸੀਂ ਇਸ ਦੇ ਵਿਰੁਧ ਹਾਂ । ਜੇ ਸਰਕਾਰ ਚੰਗੇ ਕੰਮ ਕਰਦੀ ਹੈ ਤਾਂ ਅਸੀਂ ਉਨ੍ਹਾਂ ਦੇ ਹਮਾਇਤੀ ਹਾਂ ਨਹੀਂ ਤਾਂ ਅਸੀਂ ਉਨ੍ਹਾਂ ਦੇ ਖਿਲਾਫ ਹਾਂ ।

12.52 p.m. | (ਇਸ ਸਮੇਂ ਚੌਧਰੀ ਦਰਸ਼ਨ ਸਿੰਘ ਮੈਂਬਰ ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਇਹ ਜਿਹੜਾ ਸੀਲਿੰਗ ਐਕਟ ਹੈ, ਇਹ ਠੀਕ ਨਹੀਂ, ਇਸ ਲਈ ਅਸੀ ਇਸ ਦੇ ਖਿਲਾਫ ਸੀ । ਇਹ ਸਪੱਸ਼ਟ ਹੈ ਕਿ ਹਿੰਦੁਸਤਾਨ ਨੇ ਅਜ਼ਾਦੀ ਤੋਂ ਬਾਅਦ ਸਰਮਾਏਦਾਰੀ ਦਾ ਰਸਤਾ ਅਖਤਿਆਰ ਕੀਤਾ ਹੈ । ਜੋ ਸਾਡੇ ਦੇਸ਼ ਵਿਚ ਖੁਸ਼ਹਾਲੀ ਆਉਣੀ ਚਾਹੀਦੀ ਸੀ ਉਹ ਨਹੀਂ ਆਈ । ਦੇਸ਼ ਵਿਚ ਬੁਨਿਆਦੀ ਤਬਦੀਲੀ ਦੀ ਲੋੜ ਹੈ । ਇੰਦਰਾ ਗਾਂਧੀ ਦੀ ਸਰਕਾਰ, ਇਹ ਸਰਕਾਰ ਦੇਸ਼ ਵਿਚ ਬੁਨਿਆਦੀ ਤਬਦੀਲੀ ਨਹੀਂ ਲਿਆ ਸਕੀ, ਕਮਿਊਨਿਸਟ ਪਾਰਟੀ ਇਸ ਲਈ ਲੜਦੀ ਹੈ । ਟਾਟਿਆਂ,

[ਕਾਮਰੇਡ ਸੱਤ ਪਾਲ ਡਾਂਗ]

ਬਿਰਲਿਆਂ ਨੂੰ ਵਿਚੋਂ ਕੱਢੋ ਅਤੇ ਗਰੀਬ ਜਨਤਾ, ਦਰਮਿਆਨੇ ਵਰਗ ਦੇ ਲੋਕਾਂ, ਮਜ਼ਦੂਰਾਂ ਨੂੰ ਨਾਲ ਲੈ ਕੇ ਸਾਂਝੀ ਸਰਕਾਰ ਬਣਾਓ ਤਾਂ ਕੰਮ ਠੀਕ ਹੋਵੇਗਾ । ਕਮਿਊਨਿਸਟ ਪਾਰਟੀ ਇਸ ਲਈ ਲੜਦੀ ਹੈ ਅਤੇ ਲੜੇਗੀ । ਕਮਿਊਨਿਸਟ ਪਾਰਟੀ ਇਸ ਲਈ ਵੀ ਲੜਦੀ ਹੈ ਕਿ ਇਹ ਜਿਹੜੀਆਂ ਪਿਛਾਂਹ ਖਿੱਚੂ ਸ਼ਕਤੀਆਂ ਹਨ ਇਹ ਕਿਤੇ ਮੁਲਕ ਨੂੰ ਪਿਛਾਂਹ ਵੱਲ ਨਾ ਲੈ ਜਾਣ । ਇਹ ਸ਼ਕਤੀਆਂ ਚਾਹੁੰਦੀਆਂ ਹਨ ਕਿ ਹਿੰਦੁਸਤਾਨ ਵਿਚ ਅਯੂਬਸ਼ਾਹੀ ਕਾਇਮ ਕੀਤੀ ਜਾਵੇ ਪਰ ਕਮਿਊਨਿਸਟ ਪਾਰਟੀ ਇਸ ਦੇ ਵਿਰੁੱਧ ਲੜੇਗੀ । ਮੈਂ ਅਕਾਲੀ ਪਾਰਟੀ ਦੇ ਸਾਥੀਆਂ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਸਾਮਰਾਜ ਵਿਰੋਧੀ ਰਹੇ ਹੋ । ਤੁਸੀਂ ਕਦੇ ਜਨਸੰਘ ਨਾਲ ਅਤੇ ਕਦੇ ਆਰ. ਐਸ. ਐਸ. ਨਾਲ ਯਾਰੀ ਪਾਉਂਦੇ ਹੋ । ਇਹ ਤੁਹਾਡੀਆਂ ਨੀਤੀਆਂ ਠੀਕ ਨਹੀਂ ਹਨ । (ਵਿਘਨ) ਮੈਂ ਬੇਨਤੀ ਕਰਾਂਗਾ ਕਿ ਜਿੰਨਾ ਚਿਰ ਵੈਸਟਿਡ ਇੰਟਰੈਸਟਿਸ ਨੂੰ ਪਾਸੇ ਰੱਖ ਕੇ ਅਤੇ ਮਜ਼ਦੂਰਾਂ, ਖੇਤ ਮਜ਼ਦੂਰਾਂ ਅਤੇ ਇਨਕਲਾਬੀ ਨੌਜਵਾਨਾਂ ਉਤੇ ਇਹ ਢਾਂਚਾ ਅਧਾਰਿਤ ਨਹੀਂ ਹੁੰਦਾ ਉਤਨਾ ਚਿਰ ਇਸ ਦੇ ਸਿੱਟੇ ਠੀਕ ਨਹੀਂ ਨਿਕਲਦੇ । ਅਸੀਂ ਇਨ੍ਹਾਂ ਪਿਛਾਂਹ ਖਿੱਚੂ ਸ਼ਕਤੀਆਂ ਦੇ ਖਿਲਾਫ ਲੜਦੇ ਰਹੇ ਹਾਂ ਅਤੇ ਲੜਦੇ ਰਹਾਂਗੇ । ਤੁਹਾਨੂੰ ਪਤਾ ਹੈ ਕਿ ਬਿਹਾਰ ਵਿਚ ਕਮਿਊਨਿਸਟ ਪਾਰਟੀ ਨੇ ਕਿਸ ਤਰ੍ਹਾਂ ਲੜਾਈ ਲੜੀ । (ਵਿਘਨ)

ਸਰਦਾਰ ਬਸੰਤ ਸਿਘ ਖਾਲਸਾ : * * *

Mr. Chairman : This is no point of order- ਉਨ੍ਹਾਂ ਨੇ ਕਿਹਾ ਸੀ ਕਿ ਅਕਾਲੀ ਪਾਰਟੀ ਵਿਚ ਵੀ ਅਗਾਂਹ ਵਧੂ ਹਨ । (This is no point of order. He had said that there were some progressive Members in the Akali Party also.)

ਡਾਕਟਰ ਬਲਦੇਵ ਪ੍ਰਕਾਸ਼ : (ਅੰਮ੍ਰਿਤਸਰ ਪੂਰਬ): ਚੇਅਰਮੈਨ ਸਾਹਿਬ, ਅੱਜ 1975—76 ਦੇ ਬਜਟ ਤੇ ਬਹਿਸ ਹੋ ਰਹੀ ਹੈ । ਬਜਟ ਜਿਹੜਾ ਇਸ ਹਾਊਸ ਵਿਚ ਪੇਸ਼ ਹੋਇਆ ਹੈ, ਪੰਜਾਬ ਦੀ ਜਨਤਾ ਜਿਹੜੀ ਕਿ ਇਸ ਵੇਲੇ ਗੰਭੀਰ ਸੰਕਟ ਵਿਚ ਪਈ ਹੋਈ ਹੈ, ਵੱਧ ਰਹੀਆਂ ਕੀਮਤਾਂ ਨਾਲ ਦੱਬੀ ਹੋਈ ਹੈ , ਬੇਰੁਜ਼ਗਾਰੀ ਨਾਲ ਨੌਜਵਾਨ ਪ੍ਰੇਸ਼ਾਨ ਹੈ, ਇਨ੍ਹਾਂ ਸਾਰੀਆਂ ਚੀਜ਼ਾਂ ਦੇ ਹੋਣ ਦੇ ਬਾਵਜੂਦ ਇਸ ਬਜਟ ਵਿਚ ਕੋਈ ਐਸੀ ਚੀਜ਼ ਨਹੀਂ ਮਿਲਦੀ ਜਿਸ ਨਾਲ ਅੱਜ ਜਨਤਾ ਨੂੰ ਕੋਈ ਆਸ਼ਾ ਦੀ ਕਿਰਨ ਨਜ਼ਰ ਆਉਂਦੀ ਹੋਵੇ । ਸਪੀਕਰ ਸਾਹਿਬ....(ਵਿਘਨ)

Mr Chairman: Sorry, I am Chairman, not Speaker.

ਡਾਕਟਰ ਬਲਦੇਵ ਪ੍ਰਕਾਸ਼ : ਹੋ ਸਕਦਾ ਹੈ ਸਪੀਕਰ ਬਣਨ ਵਾਲੇ ਹੋਵੋ (ਵਿਘਨ)।

ਚੇਅਰਮੈਨ ਸਾਹਿਬ,ਇਸ ਬਜਟ ਤੇ ਬੋਲਦਿਆਂ ਕੁਝ ਮੈਂਬਰਾਂ ਨੇ ਜੋ ਗੱਲਾਂ ਕੀਤੀਆਂ ਹਨ ਮੇਰਾ ਤੇ ਖਿਆਲ ਹੈ ਕਿ ਸਿਹਰਾ ਬੰਦੀ ਵਿਚ ਸਿਹਰਾ ਪੜ੍ਹਨ ਵਾਲੇ ਨੂੰ ਵੀ ਉਹ ਮਾਤ ਕਰ ਗਏ ਹਨ । ਘੋੜੀ ਬੈਠਾ ਲੜਕਾ ਚਾਹੇ ਕਾਣਾ ਹੋਵੇ, ਲੰਗੜਾ ਹੋਵੇ ਜਾਂ ਲੂਲਾ ਹੋਵੇ ਪਰ ਉਸ ਨੂੰ ਉਸ ਵੇਲੇ ਉਹ 16 ਕਲਾਂ ਸੰਪੂਰਨ ਨਜ਼ਰ ਆਉਂਦਾ ਹੈ । ਇਸੇ ਤਰ੍ਹਾਂ ਉਨ੍ਹਾਂ ਮੈਂਬਰ ਸਾਹਿਬਾਨ ਨੇ ਇਸ ਬਜਟ ਤੇ ਬੋਲਦਿਆਂ ਇਹ ਨਹੀਂ ਦੇਖਿਆ ਕਿ ਇਹ ਬਜਟ ਕੀ ਹੈ, ਨਾ ਬਜਟ ਦੇ ਅੰਕੜੇ ਪੜ੍ਹੇ, ਨਾ ਫਾਈਨੈਂਸ ਸੈਕਟਰੀ ਦਾ ਮੈਮੋਰੰਡਮ ਪੜ੍ਹਿਆ , ਨਾ ਇਹ ਦੇਖਿਆ ਕਿ ਇਹ ਜਿਹੜਾ ਬਜਟ ਵਧਿਆ ਹੈ ਇਹ ਚੀਜ਼ਾਂ ਦੀ ਮਹਿੰਗਾਈ ਨਾਲ ਵਧਿਆ ਹੈ ਜਾਂ ਪਾਪੂਲੇਸ਼ਨ ਦੇ ਵਾਧੇ ਨਾਲ ਵਧਿਆ ਹੈ, ਨਾ ਦੇਖਿਆ ਕਿ ਖਰਚ ਕਿਥੇ ਵਧਿਆ ਘੱਟਿਆ ਹੈ , ਕੋਈ ਗੱਲ ਨਹੀਂ ਦੇਖੀ ਅਤੇ ਐਵੇਂ ਹੀ ਬੜਾ ਮਾਰਕੇ ਦਾ ਬਜਟ ਕਹਿਣਾ ਸ਼ੁਰੂ ਕਰ ਦਿਤਾ । ਚੇਅਰਮੈਨ ਸਾਹਿਬ, ਡਾਂਗ ਸਾਹਿਬ ਨੇ ਇਸ ਬਜਟ ਨੂੰ ਪੜ੍ਹਿਆ ਹੈ ਔਰ ਇਸ ਬਜਟ ਦੇ

**Expunged as ordered by the Chair.

ਉਤੇ ਉਨ੍ਹਾਂ ਨੇ ਟੂ ਦੀ ਪੁਆਇੰਟ ਸਪੀਚ ਕੀਤੀ ਹੈ। ਕਈ ਗੱਲਾਂ ਵਿਚ ਸਾਡਾ ਉਨ੍ਹਾਂ ਨੇ ਵਿਰੋਧ ਜ਼ਾਹਰ ਕੀਤਾ ਹੈ ਪਰ ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਬਜਟ ਨੂੰ ਪਹਿਲਾਂ ਪੜ੍ਹ ਕੇ ਫਿਰ ਉਸ ਤੇ ਬੋਲੇ ਹਨ। ਇਥੇ ਬਹੁਤ ਸਾਰੇ ਮੈਂਬਰਾਂ ਨੇ ਇਹ ਕਿਹਾ ਹੈ ਕਿ ਨੋ ਟੈਕਸ ਬਜਟ ਲਿਆ ਕੇ ਫਾਈਨੈਂਸ ਮਨਿਸਟਰ ਸਾਹਿਬ ਨੇ ਬੜਾ ਭਾਰੀ ਕਾਰਨਾਮਾ ਕੀਤਾ ਹੈ। 'ਨੋ ਟੈਕਸ ਬਜਟ ਨੂੰ ਕੋਈ ਇਸ ਵੇਲੇ ਕਰੈਡਿਟ ਨਹੀਂ ਦਿਤਾ ਜਾ ਸਕਦਾ ਕਿਉਂਕਿ ਨੋ ਟੈਕਸ ਬਜਟ ਇਨ੍ਹਾਂ ਨੇ ਪਿਛਲੇ ਸਾਲ ਵੀ ਮਾਰਚ ਦੇ ਮਹੀਨੇ ਵਿਚ ਪੇਸ਼ ਕੀਤਾ ਸੀ। ਉਸ ਵੇਲੇ ਅੰਮ੍ਰਿਤਸਰ ਸਿਟੀ ਵਿਚ ਇਕ ਬਾਈ ਇਲੈਕਸ਼ਨ ਸੀ। ਉਸ ਵੇਲੇ ਇਨ੍ਹਾਂ ਨੇ (ਕਾਂਗਰਸ ਬੈਂਚਾਂ ਵਲ ਇਸ਼ਾਰਾ) ਬੜੀਆਂ ਮੇਜ਼ਾਂ ਥਪਥਪਾਈਆਂ ਕਿ 'ਨੋ ਟੈਕਸ ਬਜਟ' ਪੇਸ਼ ਕੀਤਾ ਹੈ। ਚੇਅਰਮੈਨ ਸਾਹਿਬ, ਮਾਰਚ ਦੇ ਆਖੀਰ ਵਿਚ ਜਦੋਂ ਇਲੈਕਸ਼ਨ ਖ਼ਤਮ ਹੋ ਗਈ ਤਾਂ ਅਪਰੈਲ ਵਿਚ ਇਸ ਸਰਕਾਰ ਨੇ ਆਰਡੀਨੈਂਸਿਜ਼ ਦੇ ਰਾਹੀਂ ਜਨਤਾ ਦੇ ਉਤੇ 18 ਕਰੋੜ ਰੁਪਏ ਦੇ ਟੈਕਸ ਲਗਾ ਦਿਤੇ। ਇਸ ਸਰਕਾਰ ਦਾ 'ਨੋ ਟੈਕਸ ਬਜਟ' ਪੇਸ਼ ਕਰਨ ਦਾ ਮਤਲਬ ਹੀ ਕੀ ਹੈ ? 'ਨੋ ਟੈਕਸ ਬਜਟ' ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਫਿਰ, ਚੇਅਰਮੈਨ ਸਾਹਿਬ, ਜਿਹੜੇ ਟੈਕਸ ਲਗਾਏ ਗਏ ਉਹ ਸਾਰੇ ਦੇ ਸਾਰੇ ਹੀ ਟੈਕਸ ਜਨਤਾ ਤੇ, ਗਰੀਬ ਜਨਤਾ ਨੂੰ ਪਰੇਸ਼ਾਨ ਕਰਨ ਵਾਲੇ ਲਗਾਏ ਗਏ। ਉਹ ਟੈਕਸ ਕਿਹੜੇ ਲਗਾਏ, ਉਹ ਟੈਕਸ ਹਨ ਪੈਸੰਜਰ ਟੈਕਸ, ਮਾਰਕਿਟ ਫੀਸ, ਐਨਟਰਟੇਨਮੈਂਟ ਟੈਕਸ, ਸੇਲਜ਼ ਟੈਕਸ, ਪੈਟਰੋਲ ਔਰ ਡੀਜ਼ਲ ਤੇ ਵਧਾਇਆ ਗਿਆ। ਵਾਟਰ ਰੇਟਸ ਵਧਾਏ, ਰੈਵਿਨਿਊ ਲਗਾਇਆ ਗਿਆ। ਇਹ ਸਾਰੀਆਂ ਚੀਜ਼ਾਂ ਆਰਡੀਨੈਂਸਿਜ਼ ਦੇ ਰਾਹੀਂ ਕੀਤੀਆਂ ਗਈਆਂ। ਚੇਅਰਮੈਨ ਸਾਹਿਬ, ਇਹ ਸੋਸ਼ਲਿਜ਼ਮ ਦਾ ਨਾਹਰਾ ਦਿੰਦੇ ਹਨ, ਇਹ ਗਰੀਬੀ ਹਟਾਉਣ ਦਾ ਪ੍ਰੋਗਰਾਮ ਲੈ ਕੇ ਆਏ ਹਨ। ਇਹ ਜਿਹੜੇ 18 ਕਰੋੜ ਰੁਪਏ ਦੇ ਟੈਕਸ ਲਗਾਏ ਹਨ ਕੀ ਇਹ ਸਰਮਾਏਦਾਰਾਂ ਦੇ ਉਤੇ ਟੈਕਸ ਸੀ ? ਫਾਈਨਾਂਸ ਸੈਕਟਰੀ ਦੇ ਮੈਮੋਰੰਡਮ ਦੇ ਵਿਚ ਇਸ ਤਰ੍ਹਾਂ ਹੈ:—

'Since the increase in the rate of market fee has been struck down by the High Court, the additional resource mobilisation would be of the order of Rs. 18.06 crores.

ਸ੍ਰੀ ਪਿਆਰਾ ਰਾਮ ਧੰਨੋਵਾਲੀ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮਨ ਸਾਹਿਬ, ਮੇਰੀ ਬੇਨਤੀ ਹੈ ਕਿ ਹੁਣੇ ਹੀ ਡਾਕਟਰ ਬਲਦੇਵ ਪ੍ਰਕਾਸ਼ ਜੀ ਮਾਰਕਿਟ ਫੀਸ ਦੇ ਵੱਧਣ ਦੇ ਬਾਰੇ ਕੁਝ ਪੜ੍ਹਨ ਲੱਗੇ ਸੀ। ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਕਿ ਮਾਰਕਿਟ ਫੀਸ ਜਿਹੜੀ ਹੈ ਉਹ ਖਰੀਦ-ਦਾਰ ਤੇ ਲਗਦੀ ਹੈ। ਪੰਜਾਬ ਦੀ ਜਿੰਨੀ ਜਿਨਸ ਹੈ ਉਹ ਬਾਹਰ ਚਲੀ ਜਾਂਦੀ ਹੈ —(ਵਿਘਨ) (ਥੰਪਿੰਗ) ਇਹ ਕਿਥੋਂ ਗਰੀਬਾਂ ਤੇ ਟੈਕਸ ਲਗ ਗਿਆ?

ਡਾਕਟਰ ਬਲਦੇਵ ਪ੍ਰਕਾਸ਼: ਚੇਅਰਮੈਨ ਸਾਹਿਬ, ਮੈਨੂੰ ਤਾਂ ਪਤਾ ਹੈ ਪਰ ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਮਾਰਕਿਟ ਫੀਸ ਜੋ ਹਾਈਕੋਰਟ ਨੇ ਸਟਰਾਈਕ ਡਾਊਨ ਕਰ ਦਿਤੀ ਉਹ ਇਸ ਦੇ ਵਿਚ ਇਨਕਲੂਡ ਨਹੀਂ ਹੈ। 18 ਕਰੋੜ ਰੁਪਏ ਦਾ ਟੈਕਸ ਇਸ ਮਾਰਕਿਟ ਫੀਸ ਤੋਂ ਇਲਾਵਾ ਲਗਾਇਆ ਗਿਆ ਹੈ। ਕੀ ਇਹ ਟੈਕਸ ਜਿਹੜਾ ਲੱਗਿਆ ਹੈ ਕਿਸੇ ਸਰਮਾਏਦਾਰ ਦੇ ਉਤੇ ਲੱਗਿਆ ਹੈ? ਇਨ੍ਹਾਂ ਦੇ ਵਿਚੋਂ ਵੱਡੀਆਂ ਰਕਮਾਂ ਪੈਸੈਂਜਰ ਟੈਕਸ ਦੀਆਂ ਹਨ, ਵਾਟਰ ਟੈਕਸ ਦੀਆਂ ਹਨ। ਪੈਸੈਂਜਰ ਟੈਕਸ ਉਨ੍ਹਾਂ ਲੋਕਾਂ ਤੇ ਲਗਦਾ ਹੈ ਜਿਹੜੇ ਲੋਕ ਬੱਸ ਵਿਚ ਰੋਜ਼ ਆਪਣਾ ਕਾਰੋਬਾਰ ਕਰਨ ਲਈ ਅੰਮ੍ਰਿਤਸਰ ਤੋਂ ਜਲੰਧਰ ਜਾਂ ਫਗਵਾੜੇ ਤੋਂ ਜਲੰਧਰ ਜਾਂ ਸੰਗਰੂਰ ਤੋਂ ਬਠਿੰਡਾ ਜਾਂ ਕਿਧਰੇ ਹੋਰ ਆਪਣਾ ਕਾਰੋਬਾਰ ਕਰਨ ਲਈ ਸਫਰ ਕਰਦੇ ਹਨ, ਸਵੇਰੇ ਆਪਣੇ ਕੰਮ ਦੇ ਉਤੇ ਜਾਂਦੇ ਹਨ ਅਤੇ ਸ਼ਾਮ ਨੂੰ ਵਾਪਸ ਆਉਂਦੇ ਹਨ। ਫੇਰੀ ਵਾਲੇ, ਛੋਟੇ ਕਾਰੋਬਾਰ ਕਰਨ ਵਾਲੇ, ਮਜ਼ਦਰ ਜਾਂ ਕਲਰਕ ਤੇ ਆਪਣੇ ਕਾਰੋਬਾਰ ਲਈ ਸਵੇਰੇ

[ਡਾਕਟਰ ਬਲਦੇਵ ਪ੍ਰਕਾਸ਼]

ਜਾਂਦੇ ਹਨ ਅਤੇ ਸ਼ਾਮ ਨੂੰ ਆਉਂਦੇ ਹਨ ਉਨ੍ਹਾਂ ਤੇ ਉਸ ਟੈਕਸ ਦਾ ਬੋਝ ਪਿਆ ਹੈ । 25% ਪੈਸੇਂਜਰ ਟੈਕਸ ਵਧਾਕੇ ਉਨ੍ਹਾਂ ਦੇ ਘਰੇਲੂ ਬਜਟ ਤੇ ਜਿਸ ਨਾਲ ਕਿ ਉਹ ਅੱਗੇ ਹੀ ਬੜੀ ਮੁਸ਼ਕਲ ਨਾਲ ਆਪਣਾ ਗੁਜ਼ਾਰਾ ਕਰਦੇ ਹਨ ਉਸ ਦੇ ਵਿਚ ਮਹੀਨੇ ਦੇ 10 ਜਾਂ 15 ਰੁਪਏ ਦਾ ਹੋਰ ਵਾਧਾ ਕਰ ਦਿਤਾ । ਕੀ ਇਹ ਹੀ ਇਨ੍ਹਾਂ ਦਾ ਸੋਸ਼ਲਿਜ਼ਮ ਦਾ ਪ੍ਰੋਗਰਾਮ ਹੈ? ਕੀ ਇਹ ਹੀ ਇਨ੍ਹਾਂ ਦਾ 'ਨੋ ਟੈਕਸ ਬਜਟ' ਹੈ? ਅੱਜ ਵੀ ਚੇਅਰਮੈਨ ਸਾਹਿਬ, 'ਨੋ ਟੈਕਸ ਬਜਟ' ਪੇਸ਼ ਕਰਨ ਦਾ ਮਤਲਬ ਇਹ ਹੈ ਕਿ ਦੋ ਬਾਈ-ਇਲੈਕਸ਼ਨਜ਼ ਸਟੇਟ ਦੇ ਵਿਚ ਆ ਰਹੀਆਂ ਹਨ, ਉਨ੍ਹਾਂ ਇਲੈਕਸ਼ਨਾਂ ਨੂੰ ਸਾਹਮਣੇ ਰੱਖ ਕੇ 'ਨੋ ਟੈਕਸ ਬਜਟ' ਪੇਸ਼ ਕੀਤਾ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਜਿਸ ਤਰ੍ਹਾਂ ਪਹਿਲਾਂ ਆਰਡੀਨੈਂਸਿਜ਼ ਦੇ ਰਾਹੀ ਟੈਕਸ ਲਗਾਏ ਸੀ ਉਸੇ ਤਰ੍ਹਾਂ ਫਿਰ ਇਨ੍ਹਾਂ ਇਲੈਕਸ਼ਨਾਂ ਤੋਂ ਬਾਅਦ ਟੈਕਸ ਲਾਉਣਗੇ । ਡਾਂਗ ਸਾਹਿਬ ਨੇ ਵੀ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ 30 ਕਰੋੜ ਰੁਪਏ ਦੇ ਟੈਕਸ ਦੇ ਬੋਝ ਦੀ ਇਸ ਸਾਲ ਤਵੱਕੋ ਹੈ । ਚੇਅਰਮੈਨ ਸਾਹਿਬ, ਇਹ ਪਹਿਲੀ ਸਰਕਾਰ ਹੈ ਜਿਸ ਨੇ 1952 ਤੋਂ ਲੈ ਕੇ 1974 ਤਕ ਜਿਤਨਾ ਟੈਕਸ ਲਗਾਇਆ ਹੈ ਉਤਨਾ ਅੱਜ ਤਕ ਹੋਰ ਕਿਸੇ ਵੀ ਸਰਕਾਰ ਨੇ ਨਹੀਂ ਸੀ ਲਾਇਆ । ਇਸ ਲਈ ਮੈਂ ਇਸ ਬਜਟ ਨੂੰ ਕੋਈ ਅਹਿਮੀਅਤ ਦੇਣ ਨੂੰ ਤਿਆਰ ਨਹੀਂ ।

ਜਿਹੜੇ ਅੰਕੜੇ ਆਏ ਹਨ ਜੇ ਉਨ੍ਹਾਂ ਤੇ ਹੀ ਚੇਅਰਮੈਨ ਸਾਹਿਬ, ਨਜ਼ਰ ਮਾਰੋ ਤਾਂ ਪਤਾ ਲੱਗੇਗਾ ਕਿ ਪਿਛਲੇ ਸਾਲ ਦਾ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਉਸ ਬਜਟ ਦੇ ਵਿਚ ਇਨ੍ਹਾਂ ਨੇ ਪਹਿਲਾਂ ਘਾਟੇ ਦਾ ਬਜਟ ਦੱਸਿਆ ਜਿਹੜਾ ਕਿ 39 ਕਰੋੜ ਰੁਪਏ ਦਾ ਸੀ । ਉਸ ਨੂੰ ਪੂਰਾ ਕਰਨ ਵਾਸਤੇ ਚੇਅਰਮਨ ਸਾਹਿਬ, ਇਨ੍ਹਾਂ ਨੇ ਕੁਝ ਆਪਣੀ ਬੱਚਤ ਕੀਤੀ, ਕੁਝ 50% ਇਨਕਰੀਜ਼ ਮਾਰਕਿਟ ਫੀਸ ਦੀ ਕੀਤੀ, ਜਿਹੜੀ ਸੜਕਾਂ ਦੇ ਲਈ 8 ਕਰੋੜ ਰੁਪਏ ਦੀ ਪ੍ਰੋਵੀਜ਼ਨ ਇਨ੍ਹਾਂ ਨੇ ਰੱਖੀ, ਟੈਕਸ ਦੀ ਇਵੇਜ਼ਨ ਬਚਾਉਣ ਲਈ ਇਨ੍ਹਾਂ ਨੇ 2 ਕਰੋੜ ਰੁਪਏ ਬਚਾਏ, 5 ਕਰੋੜ ਰੁਪਿਆ ਇਨ੍ਹਾਂ ਅਨਪ੍ਰੋਡੱਕਟਿਵ ਐਕਸ-ਪੈਂਡੀਚਰ ਨੂੰ ਘੱਟ ਕਰਕੇ ਬਚਾਏ ਅਤੇ ਕੁੱਲ ਮਿਲਾ ਕੇ 15 ਕਰੋੜ ਰੁਪਏ ਦੀ ਕਮੀ ਪੂਰੀ ਕੀਤੀ । 21.41 ਕਰੋੜ ਰੁਪਏ ਦੇ ਗੈਪ ਪਿਛਲੇ ਸਾਲ ਦੇ ਬਜਟ ਵਿਚ ਦਿਖਾਏ । ਇਸ ਦੇ ਬਾਅਦ, ਚੇਅਰਮੈਨ ਸਾਹਿਬ, ਜਿਹੜੇ ਰਿਸੋਰਸਿਜ਼ ਮੋਬਲਾਈਜ਼ ਹੋਏ ਉਸ ਤੋਂ 18 ਕਰੋੜ ਰੁਪਿਆ ਇਨ੍ਹਾਂ ਨੇ ਇੱਕਠਾ ਕੀਤਾ। ਇਸ ਤੋਂ ਬਾਅਦ ਕੈਪੀਟਲ ਐਕਸਪੈਂਡੀਚਰ 31 ਕਰੋੜ ਰੁਪਿਆ ਇਨ੍ਹਾਂ ਨੇ ਦਿਖਾਇਆ ਹੋਇਆ ਸੀ ਜਿਹੜਾ ਕਿ ਘਟਾ ਕੇ 1.25 ਕਰੋੜ ਰੁਪਿਆ ਕਰ ਦਿਤਾ । (ਵਿਘਨ) ਉਸ ਦੀ ਵੇਰੀਏਸ਼ਨ 29.87 ਕਰੋੜ ਰੁਪਏ ਹੈ । ਉਸ ਵੇਰੀਏਸ਼ਨ ਨੂੰ ਵੀ ਵਿਚ ਲੈ ਲਈਏ, ਜਿਹੜੇ ਬੱਚਤ ਲਈ 15 ਕਰੋੜ ਰੁਪਏ ਰੱਖੇ ਗਏ ਸੀ ਉਹ ਲੈ ਲਈਏ ਅਤੇ 18 ਕਰੋੜ ਰੁਪਏ ਨਵੇਂ ਮੋਬਲਾਈਜ਼ ਕਰਨ ਵਾਸਤੇ ਜੋ ਰੱਖੇ ਉਹ ਲੈ ਲਈਏ ਅਤੇ ਜੇ ਸਾਰੇ ਮਿਲਾ ਕੇ ਅੰਕੜੇ ਲੈ ਲਈਏ ਤਾਂ ਨਵੇਂ ਟੈਕਸ ਲਾਉਣ ਦੀ ਲੋੜ ਹੀ ਨਹੀਂ ਸੀ । (ਵਿਘਨ) ਬਗੈਰ ਇਕ ਨਵਾਂ ਪੈਸਾ ਟੈਕਸ ਲਾਏ, ਕੈਪੀਟਲ ਐਕਸਪੈਂਡੀਚਰ ਇਨ੍ਹਾਂ ਨੇ ਜੋ 31 ਕਰੋੜ ਰੁਪਿਆ ਰੱਖਿਆ ਸੀ ਬਾਅਦ ਵਿਚ ਚੇਂਜ ਕਰਕੇ 1.25 ਕਰੋੜ ਰੁਪਿਆ ਕਰ ਦਿਤਾ, ਜੇ ਉਸ ਦੀ ਵੇਰੀਏਸ਼ਨ 29.87 ਕਰੋੜ ਰੁਪਏ ਦੀ ਲੈ ਲਈਏ ਅਤੇ ਜਿਹੜਾ ਬੱਚਤ ਦਾ 15 ਕਰੋੜ ਰੁਪਿਆ ਹੈ ਉਹ ਲੈ ਲਈਏ ਤਾਂ ਸਾਡਾ 39 ਕਰੋੜ ਦਾ ਘਾਟਾ ਪੂਰਾ ਹੋ ਜਾਂਦਾ ਹੈ । ਨਵੇਂ ਟੈਕਸ ਲਾਉਣ ਦੀ ਕੋਈ ਲੋੜ ਹੀ ਨਹੀ ਸੀ । ਨਵੇਂ ਟੈਕਸ ਲਾਉਣ ਤੋਂ ਬਾਅਦ 4.43 ਕਰੋੜ ਰੁਪਏ ਦਾ ਡੈਫਿਸਿਟ ਬਜਟ ਹਾਊਸ ਦੇ ਵਿਚ ਪੇਸ਼ ਕੀਤਾ ਗਿਆ ।

ਇਸੇ ਤਰ੍ਹਾਂ 1973-74 ਵਿਚ 18 ਕਰੋੜ ਰੁਪਏ ਦਾ ਡੈਫਿਸ਼ਿਟ ਬਜਟ ਸੀ । ਉਸ ਵਿਚ ਵੀ ਇਸੇ ਤਰ੍ਹਾਂ ਬੜੀ ਭਾਰੀ ਵੇਰੀਏਸ਼ਨ ਆਈ । ਤਿੰਨ ਕਰੋੜ ਦਾ ਘਾਟਾ ਤਾਂ ਪੂਰਾ ਕਰ ਲਿਆ ਫਿਰ ਵੀ 15 ਕਰੋੜ ਰੁਪਏ ਦਾ ਘਾਟਾ ਰਹਿ ਗਿਆ ।

ਸੈਂਟਰਲ ਗੌਰਮਿੰਟ ਦੇ 19 ਕਰੋੜ ਰੁਪਏ ਸਾਡੇ ਵੱਲ ਸਟੈਂਡ ਕਰਦੇ ਸੀ। ਇਹ ਕਹਿੰਦੇ ਹਨ ਕਿ ਐਸੀ ਕਦੇ ਅਵਸਥਾ ਨਹੀਂ ਆਈ ਕਿ ਅਸੀਂ ਕੰਟਰੈਕਟਰਜ਼ ਨੂੰ ਪੈਸੇ ਨਾ ਦੇ ਸਕਦੇ ਹੋਈਏ ਜਾਂ ਮੁਲਾਜ਼ਮਾਂ ਨੂੰ ਤਨਖਾਹ ਨਾ ਦੇ ਸਕਦੇ ਹੋਈਏ। ਮੈਂ ਦੱਸਦਾ ਹਾਂ ਕਿ ਉਹ ਜਿਹੜੇ ਸੈਂਟਰਲ ਗੌਰਮਿੰਟ ਨੂੰ 19 ਕਰੋੜ ਰੁਪਏ ਦੇਣੇ ਸੀ ਉਸ ਦੇ ਲਈ ਸਾਡੇ ਖਜ਼ਾਨੇ ਵਿਚ ਬੇਲੈਂਸ ਵਿਚ ਪੈਸੇ ਨਹੀਂ ਸੀ। ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਜਿਹੜੇ ਲੋਕਲ ਬਾਡੀਜ਼ ਦੇ ਪੈਸੇ ਸਾਡੇ ਕੋਲ ਐਡਵਾਂਸ ਡਿਪੋਜ਼ਿਟਸ ਸਨ ਜਾਂ ਮਾਰਕਿਟ ਕਮੇਟੀਆਂ ਦੇ ਸਨ ਜਾਂ ਹੋਰ ਕਿਸੇ ਅਦਾਰੇ ਦੇ ਸਨ ਉਹ ਲਏ ਔਰ ਉਨ੍ਹਾਂ ਦਾ ਉਨ੍ਹਾਂ ਨੂੰ ਵਿਆਜ ਦਿਤਾ।

ਚੇਅਰਮੈਨ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅੱਜ ਦੀ ਜਿਹੜੀ ਅਵਸਥਾ ਹੈ, ਅੱਜ ਜਿਹੜੀ ਸਾਡੀ ਆਰਥਿਕ ਅਵਸਥਾ ਹੈ, ਚਾਹੇ ਦੇਸ਼ ਦੀ ਹੈ ਚਾਹੇ ਸੂਬੇ ਵਿਚ ਬਣੀ ਹੋਈ ਹੈ ਇਸ ਦਾ ਕਾਰਨ ਹੈ ਕੀਮਤਾਂ ਦਾ ਆਕਾਸ਼ ਨੂੰ ਛੂਹਣਾ ਅਤੇ ਚੀਜ਼ਾਂ ਦਾ ਲੋਕਾਂ ਨੂੰ ਨਾ ਮਿਲਣਾ। ਇਨ੍ਹਾਂ ਗੱਲਾਂ ਕਰਕੇ ਜਨਤਾ ਨੂੰ ਬੜੀ ਪ੍ਰੇਸ਼ਾਨੀ ਹੋ ਰਹੀ ਹੈ। ਇਸ ਦੀ ਜ਼ਿੰਮੇਵਾਰ ਸਰਕਾਰ ਦੀ ਗਲਤ ਨੀਤੀ ਹੈ। ਇਸਦੇ ਮੁੱਖ ਕਾਰਨ ਦੋ ਹਨ। ਕੀਮਤਾਂ ਦਾ ਵੱਧਣਾ ਅਤੇ ਇਨਫਲੇਸ਼ਨ। ਲੋਕਾਂ ਕੋਲ ਬਲੈਕਮਨੀ ਬੇਸ਼ੁਮਾਰ ਹੈ ਔਰ ਸਰਕਾਰ ਉਹ ਕਢਾਉਣ ਵਿਚ ਬਿਲਕੁਲ ਨਾਕਾਮਯਾਬ ਰਹੀ ਹੈ। ਇਹ ਕਹਿਣਗੇ ਕਿ ਇਹ ਕੇਂਦਰ ਦੀ ਸਰਕਾਰ ਦਾ ਕੰਮ ਹੈ। ਮੈਂ ਕਹਿੰਦਾਂ ਹਾਂ ਕਿ ਉਥੇ ਵੀ ਕਾਂਗਰਸ ਦੀ ਸਰਕਾਰ ਹੈ ਅਤੇ ਇਥੇ ਵੀ ਕਾਂਗਰਸ ਦੀ ਸਰਕਾਰ ਹੈ। ਅੱਜ ਇਕ ਪੈਰਲੱਲ ਇਕਾਨਮੀ ਖੜ੍ਹੀ ਹੋ ਗਈ ਹੈ ਅਤੇ ਪਤਾ ਨਹੀਂ ਸਾਡੇ ਦੇਸ਼ ਵਿਚ ਕਿੰਨੇ ਅਰਬ ਰੁਪਏ ਕਾਲਾ ਧਨ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੇਂਦਰ ਦੀ ਸਰਕਾਰ ਜਾਂ ਕੋਈ ਸੂਬਾਈ ਸਰਕਾਰ ਜਾਂ ਦੇਸ਼ ਵਿਚ ਕੋਈ ਐਸੀ ਤਾਕਤ ਹੈ ਜਿਹੜੀ ਕਾਲੇ ਧਨ ਨੂੰ ਕੱਢਾ ਸਕੇ? ਕਿਉਂ ਨਹੀਂ ਕਰੰਸੀ ਨੂੰ ਡੀਮੋਨੋਟਾਈਜ਼ ਕੀਤਾ ਜਾਂਦਾ, ਕਿਉਂ ਨਹੀਂ ਕੋਈ ਐਸਾ ਤਰੀਕਾ ਅਪ-ਣਾਇਆ ਜਾਂਦਾ। 2–4 ਛਾਪੇ ਮਾਰ ਲਏ ਦੋ ਚਾਰ ਲੱਖ ਰੁਪਏ ਕਿਸੇ ਕੋਲੋਂ ਫੜ ਲਏ ਅਤੇ ਕੇਸ ਇਨਕਮ ਟੈਕਸ ਅਫ਼ਸਰ ਕੋਲ ਚਲਾ ਗਿਆ, ਤਾਰੀਖਾਂ ਸ਼ੁਰੂ ਹੋ ਗਈਆਂ। ਦੋ ਚਾਰ ਸਾਲਾਂ ਬਾਅਦ ਕੇਸ ਖੁਰਦ ਬੁਰਦ ਹੋ ਜਾਂਦੇ ਹਨ। ਕਾਲਾ ਧਨ ਕਿਸ ਤਰ੍ਹਾਂ ਬਾਹਰ ਨਿਕਲੇਗਾ? ਇਸ ਦੀ ਸਰਕਾਰ ਨੂੰ ਕੋਈ ਚਿੰਤਾ ਨਹੀਂ ਸਿਰਫ਼ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਇਹ ਦੱਸ ਦੇਣਾ ਹੈ ਕਿ ਅਸੀਂ ਇਹ ਕਰ ਰਹੇ ਹਾਂ।

ਚੇਅਰਮੈਨ ਸਾਹਿਬ, ਮੈਂ ਮੰਗ ਕਰਦਾ ਹਾਂ ਕਿ ਅਗਰ ਇਹ ਕਾਲਾ ਧਨ ਕਢਾਉਣ ਲਈ ਸੀਰੀਅਸ ਹਨ ਤਾਂ ਕਰੰਸੀ ਡਿਮੋਨੇਟਾਈਜ਼ ਕੀਤੀ ਜਾਵੇ। ਜਿਨ੍ਹਾਂ ਕੋਲ ਲੱਖਾਂ ਕਰੋੜਾਂ ਰੁਪਏ ਦੇ ਸੌ ਸੌ ਦੇ ਨੋਟ ਪਏ ਹੋਣਗੇ ਉਹ ਬੇਕਾਰ ਹੋ ਜਾਣਗੇ। ਗੌਰਮਿੰਟ ਅਨਾਊਂਸ ਕਰ ਦੇਵੇ ਕਿ ਇਹ ਨੋਟ ਨਹੀਂ ਚਲਣਗੇ, ਇਨ੍ਹਾਂ ਦੇ ਬਦਲੇ ਵਿਚ ਦੂਸਰੇ ਲੈ ਜਾਵੋ। ਜਿਹੜਾ ਜਿੰਨੀਂ ਰਕਮ ਅਕਾਊਂਟ ਫ਼ਾਰ ਕਰੇਗਾ ਉਹ ਲੈ ਜਾਏਗਾ। ਇਹ ਛਾਪੇ ਮਾਰ ਕੇ ਕਿੰਨੇ ਲੋਕਾਂ ਦਾ ਕਾਲਾ ਧਨ ਕਢਾ ਲੈਣਗੇ। ਸਾਰੇ ਮੁਲਕ ਵਿਚ ਕਿੰਨੇ ਛਾਪੇ ਮਾਰੇ ਹਨ ਅਤੇ ਪੰਜਾਬ ਵਿਚ ਕਿੰਨੇ ਛਾਪੇ ਮਾਰੇ ਹਨ? ਕਿਸ ਕਿਸ ਦੇ ਛਾਪੇ ਮਾਰੋਗੇ? 100–200 ਛਾਪੇ ਮਾਰਨ ਨਾਲ ਤਾਂ ਸਾਰਾ ਕਾਲਾ ਧਨ ਬਾਹਰ ਆਉਣੋ ਰਿਹਾ। ਜਦ ਤਕ ਕੋਈ ਸਹੀ ਤਰੀਕਾ ਨਹੀਂ ਅਪਣਾਉਂਦੇ ਕਾਲਾ ਧਨ ਬਾਹਰ ਨਹੀਂ ਆ ਸਕਦਾ। ਜਿਨ੍ਹਾਂ ਲੋਕਾਂ ਕੋਲ ਕਾਲਾ ਧਨ ਹੈ ਕਰੋੜਾਂ ਦੀ ਗਿਣਤੀ ਵਿਚ, ਉਹ ਪਰਮਿਟ ਅਤੇ ਲਸੰਸ ਵਗੈਰਾ ਲੈਣ ਵਾਸਤੇ ਸੈਂਟਰਲ ਗੌਰਮਿੰਟ ਦੇ ਨੇਤਾਵਾਂ ਨੂੰ ਕਾਲਾ ਧਨ ਜਾ ਜਾ ਕੇ ਦੇ ਆਉਂਦੇ ਹਨ, ਉਨ੍ਹਾਂ ਨੇ ਨਹੀਂ ਕਰਨ ਦੇਣਾ। ਜੇ ਕਰ ਇਹ ਚਾਹੁੰਦੇ ਹਨ ਹਿੰਦੁਸਤਾਨ ਵਿਚੋਂ ਕਾਲਾ ਧਨ ਖ਼ਤਮ ਹੋਵੇ ਤਾਂ ਕੋਈ ਰੈਡੀਕਲ ਅਤੇ ਕਰਾਂਤੀਕਾਰੀ ਸਟੈਪਸ ਚੁੱਕਣੇ ਪੈਣਗੇ।

[ਡਾਕਟਰ ਬਲਦੇਵ ਪ੍ਰਕਾਸ਼]

ਚੇਅਰਮੈਨ ਸਾਹਿਬ, ਮੈਂ ਦੂਸਰੀ ਗੱਲ ਟੈਕਸ ਦੀ ਨੀਤੀ ਬਾਰੇ ਕਰਨਾ ਚਾਹੁੰਦਾ ਹਾਂ । ਇਹ ਕੀਮਤਾਂ ਜਿਹੜੀਆਂ ਵਧੀਆਂ ਹਨ ਇਸ ਦੇ ਲਈ ਸਾਡੀ ਟੈਕਸੇਸ਼ਨ ਨੀਤੀ ਜ਼ਿੰਮੇਵਾਰ ਹੈ, ਚਾਹੇ ਕੇਂਦਰ ਵਿਚ ਹੋਵੇ ਚਾਹੇ ਸੂਬੇ ਵਿਚ ਹੋਵੇ। ਬਜ਼ਾਰੋਂ ਕਪੜਾ ਲਵੋ ਤੁਸੀਂ ਵੇਖੋ ਕਿ ਕੀਮਤ ਕਿੰਨੀ ਹੈ, ਟੈਕਸ ਕਿੰਨਾਂ ਹੈ, ਐਕਸਾਈਜ਼ ਡਿਊਟੀ ਕਿੰਨੀ ਹੈ? ਕਨਜ਼ਿਊਮਰ ਤਕ ਪਹੁੰਚਦੇ ਪਹੁੰਚਦੇ 50% ਐਕਸਾਈਜ਼ ਡਿਊਟੀ ਅਤੇ ਟੈਕਸ ਲੱਗ ਜਾਂਦੇ ਹਨ । ਕੀ ਇਹ ਨੀਤੀ ਜ਼ਿੰਮੇਵਾਰ ਨਹੀਂ? ਟਰਾਂਸਪੋਰਟ ਦੇ ਕਿਰਾਏ ਵੱਧਾ ਦਿਤੇ, ਮਾਲ ਭਾੜੇ ਵਧਾ ਦਿਤੇ, ਤੇਲ ਦੀਆਂ ਕੀਮਤਾਂ ਵੱਧ ਗਈਆਂ । ਅੱਜ ਪੈਟਰੋਲ 3.20 ਰੁਪਏ ਲਿਟਰ ਮਿਲਦਾ ਹੈ । ਇਸ ਵਿਚ 80% ਟੈਕਸ ਹੈ। ਅਰਬ ਮੁਲਕਾਂ ਨੇ 7 ਪੈਸੇ ਵਧਾਏ ਪਰ ਸਾਡੀ ਸਰਕਾਰ ਨੇ ਇਕ ਰੁਪਿਆ ਐਕਸਾਈਜ਼ ਡਿਊਟੀ ਵਧਾ ਦਿਤੀ । ਕਹਿੰਦੇ ਹਨ ਕਿ ਕਨਜ਼ੰਪਸ਼ਨ ਘਟੇਗੀ । ਕਨਜ਼ੰਪਸ਼ਨ ਘਟਾਉਣ ਦਾ ਇਕੋ ਤਰੀਕਾ ਸੀ ਜੇ ਇਹ ਚਾਹੁੰਦੇ । ਜੇ ਸਾਰੀਆਂ ਚੀਜ਼ਾਂ ਦਾ ਕੰਟਰੋਲ ਹੋ ਸਕਦਾ ਹੈ ਤਾਂ ਪੈਟਰੋਲ ਦਾ ਵੀ ਹੋ ਸਕਦਾ ਹੈ । ਗੌਰਮਿੰਟ ਕੋਲ ਸਾਰੇ ਵਹੀਕਲਜ਼ ਦੇ ਨੰਬਰ ਹਨ। ਇਹ ਕਰ ਸਕਦੇ ਸੀ ਕਿ ਕਾਰ ਵਾਲਾ 30 ਲਿਟਰ ਮਹੀਨੇ ਤੋਂ ਵਧ ਖਰਚ ਨਹੀਂ ਕਰ ਸਕਦਾ । ਸਕੂਟਰ ਅੱਜ ਕਲਰਕ ਵੀ ਚਲਾਉਂਦਾ ਹੈ, ਛੋਟਾ ਦੁਕਾਨਦਾਰ ਵੀ ਇਸਤੇਮਾਲ ਕਰਦਾ ਹੈ, ਪ੍ਰੋਫੈਸਰ ਵੀ ਇਸਤੇਮਾਲ ਕਰਦਾ ਹੈ। ਜਿਹੜਾ ਪੈਟਰੋਲ ਰੁਪਏ ਡੇਢ ਰੁਪਏ ਲਿਟਰ ਸੀ ਉਹ ਤਿੰਨ ਰੁਪਏ ਕਰ ਦਿਤਾ, ਲੇਕਿਨ ਪੈਟਰੋਲ ਦਾ ਰਾਸ਼ਨ ਨਹੀਂ ਕਰ ਸਕੇ । ਰਾਸ਼ਨ ਕਰਨਗੇ ਉਸ ਚੀਜ਼ ਦਾ ਜਿਸ ਦਾ ਸਰਮਾਇਆਦਾਰਾਂ ਨੂੰ ਫ਼ਾਇਦਾ ਹੋਵੇਗਾ । ਅੱਜ ਖੰਡ ਦੇ ਦੋ ਭਾਅ ਚਲ ਰਹੇ ਹਨ । ਇਕ ਦੋ ਰੁਪਏ ਕਿਲੋ ਅਤੇ ਦੂਸਰੀ ਛੇ ਰੁਪਏ ਕਿਲੋ। ਦੁਨੀਆਂ ਦੇ ਇਤਿਹਾਸ ਵਿਚ ਕੋਈ ਮੁਲਕ ਦੱਸੋ ਜਿਥੇ ਇਕ ਚੀਜ਼ ਦੀਆਂ ਦੋ ਕੀਮਤਾਂ ਹੋਣ । 15-20% ਫ਼ਰੀ ਸੇਲ ਵਾਸਤੇ ਛੱਡ ਦਿਤੀ ਅਤੇ ਬਾਕੀ 80% ਤੇ ਕੰਟਰੋਲ ਕਰ ਦਿਤਾ ਔਰ ਹਾਲਤ ਇਹ ਹੈ ਕਿ (ਵਿਘਨ) ਇਨ੍ਹਾਂ ਨੇ ਇੰਡਸਟਰੀਲਿਸਟਾਂ ਕੋਲੋਂ 15 ਕਰੋੜ ਰੁਪਏ ਲੈ ਲਏ ਅਤੇ 15–20% ਫ਼ਰੀ ਸੇਲ ਵਿਚ ਵੇਚਣ ਵਾਸਤੇ ਇਜਾਜ਼ਤ ਦੇ ਦਿਤੀ (ਵਿਘਨ)

ਚੋਧਰੀ ਜਗਤ ਰਾਮ : ਪੁਆਇੰਟ ਆਫ ਆਰਡਰ ਸਰ, ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਬੋਲਣ ਵਾਸਤੇ ਟਾਈਮ ਅਲਾਟ ਹੁੰਦਾ ਹੈ ਉਹ ਐਮ. ਐਲ ਏਜ਼ ਦੇ ਹਿਸਾਬ ਨਾਲ ਹੈ ਜਾਂ ਪਾਰਟੀ ਦੇ ਵੱਧ ਘੱਟ ਮੈਂਬਰਜ਼ ਦੇ ਹਿਸਾਬ ਨਾਲ ਹੈ । ਇਹ ਦੱਸ ਦਿਓ (ਵਿਘਨ)

ਸ੍ਰੀ ਸਭਾਪਤੀ : ਇਹ ਪਾਰਟੀ ਦੇ ਬੰਦਿਆਂ ਦੇ ਆਧਾਰ ਤੇ ਨਿਰਭਰ ਹੈ। (ਵਿਘਨ)
(It depends upon the number of Members of a party)
(*Interruption*)

ਸ੍ਰੀ ਪ੍ਰੇਮ ਗੁਪਤਾ : ਡਾਕਟਰ ਸਾਹਿਬ ਨੂੰ ਕਿੰਨਾ ਟਾਈਮ ਅਲਾਟ ਹੋਇਆ ਹੈ । (ਵਿਘਨ)

ਸ੍ਰੀ ਸਭਾਪਤੀ : ਇਹ ਪਾਰਟੀ ਦੇ ਇਕ ਮੈਂਬਰ ਹਨ ਇਨ੍ਹਾਂ ਨੂੰ 15 ਮਿੰਟ ਟਾਈਮ ਅਲਾਟ ਹੋਇਆ ਹੈ। ਜਿਹੜੀ ਪਾਰਟੀ ਦਾ ਇਕ ਮੈਂਬਰ ਹੈ he is given concession.

(He is the only Member of the Party and he is allotted 15 minutes. Where there is only one Member of a party, he is given concession.)

ਸ੍ਰੀ ਪ੍ਰੇਮ ਗੁਪਤਾ : ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਚੀਨੀ ਦੇ ਦੋ ਭਾਅ ਤੇ ਇਤਰਾਜ਼ ਹੈ ਤੇ ਫਿਰ ਦੋ ਕਿਸਮ ਦੇ ਟਾਈਮ ਦਾ ਕੀ ਹੋਵੇਗਾ। (ਵਿਘਨ)

ਸ੍ਰੀ ਸਭਾਪਤੀ : ਕੱਲ੍ਹ ਨੂੰ ਵੀ ਬਜਟ ਤੇ ਡਿਸਕਸ਼ਨ ਹੋਣੀ ਹੈ, ਜਿਹੜੇ ਸਾਹਿਬਾਨ ਬੋਲਣਾ ਚਾਹੁੰਣਗੇ ਉਨ੍ਹਾਂ ਨੂੰ ਟਾਈਮ ਦਿਤਾ ਜਾਵੇਗਾ। (Tomorrow also there will be discussion on the Budget. The hon. Members who would like to speak on the budget will be given time.)

ਡਾਕਟਰ ਬਲਦੇਵ ਪ੍ਰਕਾਸ਼ : ਚੇਅਰਮੈਨ ਸਾਹਿਬ, ਮੇਰੇ 5 ਮਿੰਟ ਇਨ੍ਹਾਂ ਨੇ ਲੈ ਲਏ ਹਨ, ਇਹ ਕਾਊਂਟ ਨਹੀਂ ਹੋਣੇ ਚਾਹੀਦੇ। ਸੋ, ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ 20 ਪ੍ਰਤੀਸ਼ਤ ਜਿਹੜੀ ਖੰਡ ਹੈ ਉਹ ਫਰੀ ਸੇਲ ਵਿਚ ਵੇਚਣ ਵਾਸਤੇ ਕਾਂਗਰਸ ਸਰਕਾਰ ਨੇ ਸਰਮਾਏਦਾਰਾਂ ਨੂੰ ਛੋਟ ਦੇ ਦਿੱਤੀ ਉਹ ਖੰਡ ਜਿੰਨੀ ਮਰਜ਼ੀ ਕੋਈ ਲੈ ਲਵੇ ਪਰ ਜਿਹੜੀ 80 ਪ੍ਰਤੀਸ਼ਤ ਰਾਸ਼ਨ ਵਾਲੀ ਖੰਡ ਹੈ ਉਹ ਤਿੰਨ ਤਿੰਨ ਮਹੀਨੇ ਜਨਤਾ ਨੂੰ ਨਹੀਂ ਮਿਲਦੀ। ਇਹ ਹਿੰਦੁਸਤਾਨ ਦੀ ਕਾਂਗਰਸ ਸਰਕਾਰ ਦਾ ਹਿਸਾਬ ਵੇਖੋ। 20 ਪ੍ਰਤੀਸ਼ਤ ਚੀਜ਼ ਤਾਂ ਚਾਹੇ ਕੋਈ 500 ਵਾਰੀ ਲੈ ਲਵੇ, ਖੁਲ੍ਹੇ ਆਮ ਮਿਲਦੀ ਹੈ ਪਰ 80 ਪ੍ਰਤੀਸ਼ਤ ਜਿਹੜੀ ਕਿ ਆਮ ਜਨਤਾ ਨੂੰ ਮਿਲਣੀ ਚਾਹੀਦੀ ਸੀ ਉਹ ਤਿੰਨ ਤਿੰਨ ਮਹੀਨੇ ਨਹੀਂ ਮਿਲਦੀ। ਜਿਹੜੀ ਅੱਧਾ ਕਿਲੋ ਪਰ ਹੈਡ ਚੀਨੀ ਮਿਲਦੀ ਹੈ ਉਹ ਨਹੀਂ ਮਿਲਦੀ। ਇਹ ਇਨ੍ਹਾਂ ਦਾ ਸੋਸ਼ਲਿਜ਼ਮ ਹੈ। ਮੈਂ ਮੰਗ ਕਰਦਾ ਹਾਂ ਕਿ ਹਿੰਦੁਸਤਾਨ ਦੀ ਜਨਤਾ ਨੂੰ ਦ ਸਿਸਟਮਾਂ ਰਾਹੀਂ ਚੀਜ਼ਾਂ ਨਹੀਂ ਮਿਲਣੀਆਂ ਚਾਹੀਦੀਆਂ। ਇਹ ਬਿਲਕੁਲ ਜਨਤਾ ਦੇ ਹਿਤਾਂ ਦੇ ਬਰਖਿਲਾਫ ਹੈ। ਚੀਨੀ ਦੇ ਦੋ ਭਾਅ ਮੁਕੱਰਰ ਕਰਕੇ ਸਰਕਾਰ ਕੁਝ ਲੋਕਾਂ ਦੀ, ਵੈਸਟਿਡ ਇੰਟਰੈਸਟ ਦੀ ਮੱਦਦ ਕਰਦੀ ਹੈ ਅਤੇ ਆਪਣੇ ਫਾਇਦੇ ਵਾਸਤੇ ਉਨ੍ਹਾਂ ਤੋਂ ਪੈਸੇ ਲੈ ਲੈਂਦੀ ਹੈ ਅਤੇ ਉਨ੍ਹਾਂ ਦੇ ਫਾਇਦੇ ਵਾਸਤੇ ਇਸ ਤਰ੍ਹਾਂ ਦੇ ਕੰਮ ਕਰਦੀ ਹੈ। ਇਕ ਦਿਨ ਦੇ ਵਿੱਚ ਕਪੜੇ ਦੀਆਂ ਕੀਮਤਾਂ 50 ਪ੍ਰਤੀਸ਼ਤ ਵੱਧ ਜਾਂਦੀਆਂ ਹਨ, ਸਰਕਾਰੀ ਦਫਤਰਾਂ ਵਿਚ ਬੈਠ ਕੇ ਫੈਸਲੇ ਹੋ ਜਾਂਦੇ ਹਨ ਕਿ ਕਪੜੇ ਦੀ ਕੀਮਤ ਵਧਾ ਦਿੱਤੀ ਜਾਵੇ ਅਤੇ ਸਵੇਰੇ ਜਦੋਂ ਜਨਤਾ ਦੁਕਾਨ ਤੇ ਜਾਂਦੀ ਹੈ ਤਾਂ ਜਿਹੜੇ ਕਪੜੇ ਦੀ ਕੀਮਤ ਤਿੰਨ ਰੁਪਏ ਸੀ ਉਹ ਚਾਰ ਰੁਪਏ ਤੇ ਮਿਲਦਾ ਹੈ।

ਸਰਦਾਰ ਸੁਰਜੀਤ ਸਿੰਘ ਅਟਵਾਲ : * * * * *

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਡਾਕਟਰ ਬਲਦੇਵ ਪ੍ਰਕਾਸ਼ : ਇਹ ਸਮਾਜਵਾਦ ਦਾ ਨਾਂ ਲੈਂਦੇ ਹਨ ਅਤੇ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਗਰੀਬੀ ਹਟਾਉਣੀ ਹੈ।

Shri Prem Gupta : Point of order, Sir.

Mr. Chairman : Gupta Ji, your point of order should not be the point of disorder. What is your point of order.

ਸ੍ਰੀ ਪ੍ਰੇਮ ਗੁਪਤਾ : * * * * *

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order)

ਡਾਕਟਰ ਬਲਦੇਵ ਪ੍ਰਕਾਸ਼ : ਮੈਂ ਅਜੇ 15 ਮਿੰਟ ਹੋਰ ਬੋਲਣਾ ਹੈ। ਇਹ ਮੈਨੂੰ ਇੰਟਰਪਟ ਕਰੀ ਜਾਂਦੇ ਹਨ।

---

*Expunged as ordered by the Chair.

ਸ਼੍ਰੀ ਸਭਾਪਤੀ : ਤੁਸੀਂ ਪਹਿਲਾਂ ਹੀ 20 ਮਿੰਟ ਬੋਲ ਚੁੱਕੇ ਹੋ। ਪੰਜ ਮਿੰਟ ਹੋਰ ਬੋਲ ਲਉ। (You have already spoken for 20 minutes. You can speak for five minutes more.)

ਡਾਕਟਰ ਬਲਦੇਵ ਪ੍ਰਕਾਸ਼ : ਅੱਜ ਪੰਜਾਬ ਦੇ ਨੌਜਵਾਨ ਵਿਚ ਅਸੰਤੋਸ਼ ਹੈ। ਜਿਹੜੇ ਪੜ੍ਹ ਚੁੱਕੇ ਹਨ ਜਾਂ ਪੜ੍ਹ ਰਹੇ ਹਨ ਉਨ੍ਹਾਂ ਵਿਚ ਇਹ ਅਸੰਤੋਸ਼ ਹੈ। ਇਸ ਦੇ ਕਾਰਨ ਕੀ ਹਨ ? ਅੱਜ ਪੰਜਾਬ ਸਰਕਾਰ ਦਾ ਬਜਟ ਉਸ ਅਸੰਤੋਸ਼ ਨੂੰ ਦੂਰ ਕਰਨ ਵਿਚ ਬਿਲਕੁਲ ਨਾਕਾਮਯਾਬ ਹੈ। ਅਸੰਤੋਸ਼ ਇਸ ਕਰਕੇ ਹੈ ਕਿ ਜਿਹੜੇ ਪੜ੍ਹ ਚੁੱਕੇ ਹਨ ਉਨ੍ਹਾਂ ਨੂੰ ਕੰਮ ਨਹੀਂ ਮਿਲਦਾ। ਅੱਜ ਸਾਰਿਆਂ ਨੂੰ ਬੇਕਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਚਾਹੇ ਉਹ ਡਾਕਟਰ ਹੈ, ਇੰਜੀਨੀਅਰ ਹੈ, ਗਰੈਜੂਏਟ ਹੈ ਜਾਂ ਲਾਅ ਗਰੈਜੂਏਟ ਹੈ ਜਾਂ ਸਾਇੰਸ ਗਰੈਜੂਏਟ ਹੈ। ਉਸ ਨੂੰ ਬੇਕਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਹੜੀ ਸਰਕਾਰ ਗਰੀਬੀ ਹਟਾਓ ਅਤੇ ਸਮਾਜਵਾਦ ਦਾ ਨਾਹਰਾ ਲਾ ਕੇ ਆਈ ਹੋਵੇ ਕੀ ਉਸ ਸਰਕਾਰ ਦਾ ਫਰਜ਼ ਨਹੀਂ ਕਿ ਨੌਜਵਾਨਾਂ ਨੂੰ ਨੌਕਰੀ ਦੇਵੇ ?

1.20 p. m. | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਜਿਹੜੀ ਸਰਕਾਰ ਆਪਣੇ ਦੇਸ਼ ਦੀ ਜਨਤਾ ਨੂੰ ਇਹ ਭਰੋਸਾ ਦਿਵਾ ਕੇ ਆਈ ਹੋਵੇ ਕਿ ਉਨ੍ਹਾਂ ਨੇ ਗਰੀਬੀ ਦੂਰ ਕਰਨੀ ਹੈ, ਸਮਾਜਵਾਦ ਲਿਆਉਣਾ ਹੈ, ਬੇਕਾਰੀ ਦੂਰ ਕਰਨੀ ਹੈ, ਕੀ ਉਸ ਸਰਕਾਰ ਦਾ ਫਰਜ਼ ਨਹੀਂ ਕਿ ਇਹੋ ਜਿਹਾ ਕੋਈ ਪ੍ਰੋਵੀਜ਼ਨ ਬਜਟ ਵਿਚ ਲਿਆਵੇ ਕਿ ਹਰ ਆਦਮੀ ਨੂੰ ਕੰਮ ਮਿਲੇ, ਹਰ ਆਦਮੀ ਕੰਮ ਕਰੇ। ਅੱਜ ਰਾਈਟਸ ਦਾ ਝਗੜਾ ਹੈ। ਹਰ ਆਦਮੀ ਆਪਣੇ ਅਧਿਕਾਰਾਂ ਦੀ ਮੰਗ ਕਰ ਰਿਹਾ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਇਹ ਸਮਝਦਾ ਹਾਂ ਕਿ ਕੰਸਟੀਚਿਊਸ਼ਨ ਵਿਚ ਬੜੀਆਂ ਚੇਂਜਿਜ਼ ਹੋਈਆਂ ਹਨ। ਬੜੇ ਫੰਡਾਮੈਂਟਲ ਰਾਈਟਸ ਲਏ ਗਏ ਹਨ। ਲੇਕਿਨ ਇੱਕ ਚੀਜ਼ ਸਾਡੇ ਕੰਸਟੀਚਿਊਸ਼ਨ ਵਿੱਚ ਇਹ ਹੋਣੀ ਚਾਹੀਦੀ ਹੈ ਕਿ ਹਰ ਸ਼ਹਿਰੀ ਨੂੰ ਕੰਮ ਮਿਲੇ। ਇਹ ਉਸਦਾ ਅਧਿਕਾਰ ਹੋਣਾ ਚਾਹੀਦਾ ਹੈ। ਸਰਕਾਰ ਕੰਮ ਦੇਵੇ। ਜੇ ਨਹੀਂ ਦੇ ਸਕਦੀ ਤਾਂ ਸਰਕਾਰ ਉਸ ਨੂੰ ਭੱਤਾ ਦੇਵੇ, ਉਸ ਨੂੰ ਰਿਲੀਫ ਦੇਵੇ, ਜਿਸ ਨਾਲ ਕਿ ਉਸ ਦਾ ਗੁਜ਼ਾਰਾ ਹੋ ਸਕੇ। ਆਏ ਦਿਨ ਹੜਤਾਲਾਂ ਹੁੰਦੀਆਂ ਹਨ। ਕੀ ਅੱਜ ਇਨਸਾਫ ਨਾਲ ਨੌਕਰੀਆਂ ਦੀ ਭਰਤੀ ਕੀਤੀ ਜਾਂਦੀ ਹੈ ? ਚਾਹੇ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਭਰਤੀ ਹੋਵੇ, ਚਾਹੇ ਪਬਲਿਕ ਸਰਵਿਸ ਕਮਿਸ਼ਨ ਦੇ ਥਰੂ ਹੋਵੇ, ਚਾਹੇ ਡਿਪਾਰਟ-ਮੈਂਟਲ ਕਮੇਟੀਆਂ ਦੇ ਥਰੂ ਹੋਵੇ, ਉਥੇ ਕੋਈ ਮੈਰਿਟ ਨਹੀਂ ਚਲਦੀ। 70 ਪ੍ਰਤੀਸ਼ਤ ਨੰਬਰਾਂ ਵਾਲਾ ਨੌਕਰੀ ਵਿਚ ਨਹੀਂ ਲਿਆ ਜਾਂਦਾ ਅਤੇ 40 ਪ੍ਰਤੀਸ਼ਤ ਨੰਬਰਾਂ ਵਾਲੇ ਨੂੰ ਨੌਕਰੀ ਮਿਲ ਜਾਂਦੀ ਹੈ—ਚਾਹੇ ਸੰਪਰਦਾਇਕ ਕੰਸਿਡਰੇਸ਼ਨ ਹੋਣ, ਚਾਹੇ ਕੁਨਬਾਪਰਵਰੀ ਹੋਵੇ, ਚਾਹੇ ਕੋਈ ਮਨਿਸਟਰ ਦਾ ਭਤੀਜਾ ਹੋਵੇ, ਇਸ ਕਾਰਨ ਸਟੂਡੈਂਟਸ ਵਿਚ ਅਸੰਤੋਸ਼ ਵੱਧ ਰਿਹਾ ਹੈ। ਸਟੂਡੈਂਟਸ ਜਲੂਸ ਕੱਢ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਸਰਕਾਰ ਇੱਕ ਦਿਨ ਵਿੱਚ ਇਸ ਸਮੱਸਿਆ ਦਾ ਹੱਲ ਨਹੀਂ ਕਰ ਸਕਦੀ। ਜਦੋਂ ਉਹ ਵੇਖਦੇ ਹਨ ਕਿ 70 ਪ੍ਰਤੀਸ਼ਤ ਨੰਬਰਾਂ ਵਾਲੇ ਨੂੰ ਤਾਂ ਨੌਕਰੀ ਮਿਲਦੀ ਨਹੀਂ ਪਰ 40 ਪ੍ਰਤੀਸ਼ਤ ਵਾਲੇ ਨੂੰ ਨੌਕਰੀ ਦਿੱਤੀ ਜਾਂਦੀ ਹੈ ਤਾਂ ਉਸ ਦੇ ਦਿਲ ਤੇ ਕੀ ਬੀਤਦੀ ਹੈ ? ਕੋਈ ਮੈਰਿਟ, ਯੋਗਤਾ ਅਤੇ ਫੇਅਰ-ਪਲੇ ਨਹੀਂ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ। (Please wind up now.)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਕਿਹਾ ਹੈ ਕਿ 70% ਨੰਬਰਾਂ ਵਾਲੇ ਨੂੰ ਨੌਕਰੀ ਨਹੀਂ ਮਿਲਦੀ ਅਤੇ 40%

ਨੰਬਰਾਂ ਵਾਲੇ ਨੂੰ ਰਿਆਇਤ ਦਿੱਤੀ ਜਾਂਦੀ ਹੈ । ਇਹ ਦੱਸ ਦੇਣ ਇਹ ਰਿਆਇਤ ਕਿਸ ਨੂੰ ਮਿਲਦੀ ਹੈ? ਇਹ ਹਰੀਜਨਾਂ ਤੇ ਨੁਕਤਾਚੀਨੀ ਕਰਦੇ ਹਨ ।

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬ, ਇਹ ਬਜਟ ਦੀ ਸਪੀਚ ਸੁਣਨ ਵਾਲਿਆਂ ਦਾ ਹਾਲ ਹੈ। 70% ਨੰਬਰਾਂ ਵਾਲੇ ਨੂੰ ਕੋਈ ਨਹੀਂ ਪੁੱਛਦਾ ਅਤੇ 40% ਨੰਬਰਾਂ ਵਾਲੇ ਨੂੰ ਨੌਕਰੀ ਮਿਲ ਜਾਂਦੀ ਹੈ।

ਮੈਂ ਇੰਡਸਟਰੀ ਬਾਰੇ ਇਕ ਗੱਲ ਕਹਿਣੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੋ ਗੱਲਾਂ ਵਿੱਚ ਹਿੰਦੁਸਤਾਨ ਵਿਚ ਇਕ ਨੰਬਰ ਤੇ ਸੀ । ਇਕ ਖੇਤੀਬਾੜੀ ਅਤੇ ਦੂਜਾ ਸਮਾਲ-ਸਕੇਲ ਇੰਡਸਟਰੀ ਵਿਚ ਪੰਜਾਬ ਦਾ ਪਹਿਲਾ ਨੰਬਰ ਸੀ । ਕੋਈ ਵਕਤ ਸੀ ਕਿ ਪੰਜਾਬ ਦੀ ਸਮਾਲ-ਸਕੇਲ ਇੰਡਸਟਰੀ ਹਿੰਦੁਸਤਾਨ ਵਿਚ ਸਭ ਤੋਂ ਉਪਰ ਸੀ, ਅੱਜ ਇਹ ਅੱਠਵੇਂ ਨੰਬਰ ਤੇ ਹੈ। ਸਮਾਲ ਸਕੇਲ ਇੰਡਸਟਰੀਜ਼ ਦਾ ਅੱਠਵਾਂ ਹਿੱਸਾ ਪੰਜਾਬ ਦੇ ਵਿਚ ਹੈ । ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਵਾਸਤੇ ਬਜਟ ਵਿਚ ਕੋਈ ਸਪੈਸ਼ਲ ਪ੍ਰੋਵੀਜ਼ਨ ਨਹੀਂ ਰੱਖਿਆ ਗਿਆ । ਪਹਿਲਾਂ ਨਾਲੋਂ ਘੱਟ ਅਲਾਟਮੈਂਟ ਬਜਟ ਵਿਚ ਇੰਡਸਟਰੀ ਲਈ ਕੀਤੀ ਹੈ । ਪਿਛਲੇ ਸਾਲ ਪੰਜ ਪਰਸੈਂਟ ਦੇ ਕਰੀਬ ਟੋਟਲ ਆਉਟਲੇ ਦਾ ਸੀ ਅਤੇ ਇਸ ਸਾਲ ਚਾਰ ਪਰਸੈਂਟ ਦੇ ਕਰੀਬ ਆਉਟਲੇ ਇੰਡਸਟਰੀਜ਼ ਲਈ ਕੀਤੀ ਗਈ ਹੈ। ਕੋਇਲੇ, ਰਾ ਮੈਟੀਰੀਅਲ, ਡੀਜ਼ਲ ਅਤੇ ਬਿਜਲੀ ਨਾ ਮਿਲਣ ਕਰਕੇ ਅੱਜ ਕਾਰੋਬਾਰ ਬੰਦ ਹੋ ਗਏ ਹਨ । ਸਾਡੀ ਸਰਕਾਰ ਨੇ ਇੰਡਸਟਰੀ ਲਈ ਪਿਛਲੇ ਸਾਲ ਨਾਲੋਂ 1 ਘੱਟ ਰਕਮ ਰੱਖੀ ਹੈ । ਫਾਈਨੈਂਸ ਮਨਿਸਟਰ ਸਾਹਿਬ ਦੱਸਣ ਕਿ ਇਸ ਦਾ ਕਾਰਣ ਕੀ ਹੈ ? ਕੀ ਇੰਡਸਟਰੀ ਇਤਨੀ ਵੱਧ ਗਈ ਹੈ ਕਿ ਅਸੀਂ ਪ੍ਰੋਵੀਜ਼ਨ ਘਟਾ ਦਈਏ ਤਾਂ ਇੰਡਸਟਰੀ ਦਾ ਪੰਜਾਬ ਵਿਚ ਫਾਇਦਾ ਹੋਵੇਗਾ ?

ਮੈਂ ਕੁਰੱਪਸ਼ਨ ਬਾਰੇ ਜ਼ਰੂਰ ਜ਼ਿਕਰ ਕਰਨਾ ਚਾਹਾਂਗਾ । ਬੋਗਸ ਪਰਮਿਟ ਤੇ ਕੋਟੇ ਦਿੱਤੇ ਜਾਂਦੇ ਹਨ। ਨਵੇ ਨਵੇਂ ਸਕੈਂਡਲ ਇਥੇ ਆਏ ਹਨ । ਬਟਾਲੇ ਅਤੇ ਅੰਮ੍ਰਿਤਸਰ ਵਿਚ ਇੰਡਸਟਰੀਅਲਿਸਟਾਂ ਨੂੰ ਸਟੀਲ ਦਾ ਕੋਟਾ ਅੱਗੇ ਸ਼ਿਪ-ਯਾਰਡ ਤੇ ਹੀ ਦਿੱਤਾ ਜਾਂਦਾ ਸੀ । ਹੁਣ ਪੰਜਾਬ ਵਿਚ ਇਕ ਪੁਲੀਟੀਕਲ ਨੇਤਾ ਦੇ ਪੁੱਤਰ ਨੂੰ ਏਜੰਟ ਬਣਾ ਦਿੱਤਾ ਗਿਆ ਹੈ। ਸਾਰਾ ਕੋਟਾ ਹੁਣ ਉਸ ਕੋਲ ਆਏਗਾ ਅਤੇ ਉਸ ਤੋਂ ਇੰਡਸਟਰੀਅਲਿਸਟ ਲੈ ਜਾਇਆ ਕਰਨਗੇ ਅਤੇ ਉਸ ਨੂੰ ਪਰ ਟਨ 20 ਜਾਂ 30 ਰੁਪਏ ਕਮਿਸ਼ਨ ਮਿਲੇਗਾ । ਇਹ ਇੱਕ ਨਵੀਂ ਏਜੰਸੀ ਹੋਰ ਬਣਾ ਦਿੱਤੀ ਗਈ ਹੈ - (ਘੰਟੀ)

ਸ੍ਰੀ ਡਿਪਟੀ ਸਪੀਕਰ : ਮਾਸਟਰ ਚੰਦ ਸਿੰਘ ਜੀ, ਤੁਸੀਂ ਪੰਜ ਮਿੰਟ ਲਈ ਬੋਲ ਲਓ ।
(Master Chand Singh Ji, you may speak for five minutes.)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਤੁਸੀਂ ਵਾਰੀ ਵਾਰੀ ਟਾਈਮ ਦਿਉ । ਪਹਿਲਾਂ ਤੁਸੀਂ ਆਪੋਜ਼ੀਸ਼ਨ ਨੂੰ ਟਾਈਮ ਦਿੱਤਾ ਹੈ । ਹੁਣ ਸਾਨੂੰ ਦਿਉ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਜਨਸੰਘ ਪਾਰਟੀ ਦਾ ਵ ਇਕੋ ਮੈਂਬਰ ਹੈ, ਉਸ ਨੂੰ 28 ਮਿੰਟ ਦਿੱਤੇ ਗਏ ਹਨ । ਮੈਂ ਵੀ 28 ਮਿੰਟ ਬੋਲਾਂਗਾ । ਇਹ ਕਿਥੋਂ ਦਾ ਇਨਸਾਫ ਹੈ । ਇਹ ਬਜਟ ਬੜਾ ਨਿਰਾਸ਼ਾਜਨਕ, ਖੋਖਲਾ ਤੇ ਲੋਕਾਂ ਦੀਆਂ ਅੱਖਾਂ ਵਿਚ ਮਿੱਟੀ ਪਾਉਣ ਵਾਲਾ ਬਜਟ ਹੈ। ਸ਼ਰਮਾ ਜੀ ਨੇ ਕਿਹਾ ਹੈ ਕਿ ਇਨਫਲੇਸ਼ਨ ਨੇ ਆਰਥਿਕ ਹਾਲਤ ਤੇ ਬੜਾ ਬੁਰਾ ਅਸਰ ਪਾਇਆ ਹੈ ਪਰ ਫਿਰ ਵੀ ਪੰਜਾਬ ਦੀ ਹਾਲਤ ਚੰਗੀ ਹੈ । ਜਿਹੜੀ ਇਹ ਇਨਫਲੇਸ਼ਨ ਹੈ ਇਨ੍ਹਾਂ ਨੇ ਇਸ ਬਾਰੇ ਗਲਤ ਤੌਰ ਤੇ ਕਿਹਾ ਹੈ ਕਿ ਇਹ ਸਾਰੀ ਦੁਨੀਆਂ ਤੇ ਅਸਰ ਪਾਉਂਦੀ ਹੈ। ਇਸ ਦਾ ਆਰਥਿਕਤਾ ਤੇ ਮਾਰੂ ਅਸਰ ਪੈਂਦਾ ਹੈ । ਪਰ ਇਹ ਅਸਰ ਉਥੇ ਹੀ ਹੋ ਰਿਹਾ ਹੈ ਜਿਥੇ ਸਾਮਰਾਜੀ ਹਕੂਮਤਾਂ ਹਨ । ਇਹ ਅਸਰ ਉਥੇ ਹੀ ਹੁੰਦਾ ਹੈ

ਯਾਨੀ ਜਿਥੇ ਵੀ ਕਮਿਊਨਿਸਟ ਮੁਲਕ ਹਨ ਉਥੇ ਇਸ ਦਾ ਅਸਰ ਨਹੀਂ ਹੋਇਆ। ਇਸ ਨੂੰ ਰੋਕਣ ਵਾਸਤੇ ਇਨ੍ਹਾਂ ਨੇ ਕੋਈ ਕਦਮ ਨਹੀਂ ਪੁੱਟਿਆ। ਇਨਫਲੇਸ਼ਨ ਤਾਂ ਹੀ ਰੁਕ ਸਕਦੀ ਹੈ ਜੇਕਰ ਇਸ ਦੇ ਕਾਰਣਾਂ ਨੂੰ ਸਮਝਿਆ ਜਾਵੇ। ਇਨਫਲੇਸ਼ਨ ਦਾ ਕੀ ਕਾਰਣ ਹੈ ? ਇਨਫਲੇਸ਼ਨ ਦਾ ਕਾਰਣ ਹੈ ਘਾਟੇ ਦਾ ਬਜਟ ਔਰ ਟੈਕਸੇਸ਼ਨ ਨੀਤੀ, ਟੈਕਸਾਂ ਦੀ ਚੋਰੀ, ਔਰ ਇਨ੍ਹਾਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਦੀਆਂ ਗਲਤ ਪਾਲਿਸੀਆਂ। ਇਹ ਇਨਫਲੇਸ਼ਨ ਦਾ ਕਾਰਣ ਹਨ। ਬਜਟ ਵਿਚ 6 ਕਰੋੜ 83 ਲੱਖ ਰਪਏ ਦਾ ਘਾਟਾ ਦੱਸਿਆ ਹੈ। ਇਹ ਘਾਟਾ ਮੈਨੂੰ ਸ਼ੱਕ ਹੈ ਕਿ ਪਹਿਲਾਂ ਵਾਂਗ ਹੀ ਟੈਕਸਾਂ ਨਾਲ ਪੂਰਾ ਕਰਨਾ ਹੈ। ਹੁਣ ਅਖਬਾਰਾਂ ਵਿਚ ਵੱਡੀਆਂ ਵੱਡੀਆਂ ਸੁਰਖੀਆਂ ਆ ਰਹੀਆਂ ਹਨ ਕਿ ਮਈ, ਜੂਨ ਵਿਚ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਹੋ ਰਹੀਆਂ ਹਨ। ਇਨ੍ਹਾਂ ਨੇ ਇਸ ਲਈ ਹੀ ਟੈਕਸ ਨਹੀਂ ਲਗਾਇਆ। ਮੈਂ ਵੇਖ ਰਿਹਾ ਹਾਂ ਕਿ ਇਹ ਸਰਕਾਰ ਇਹ ਜਿਹੜਾ ਵੀ ਟੈਕਸ ਲਗਾਉਂਦੀ ਹੈ, ਸਿੱਧਾ ਹੀ ਲਗਾ ਦਿੰਦੀ ਹੈ ਔਰ ਬਾਅਦ ਵਿਚ ਕਾਨੂੰਨ ਬਣਾ ਦਿੰਦੀ ਹੈ।

ਇਸੇ ਤਰ੍ਹਾਂ ਹੀ ਇਸ ਸਰਕਾਰ ਦਾ ਕੀਮਤਾਂ ਤੇ ਕੋਈ ਕੰਟਰੋਲ ਨਹੀਂ ਹੈ। ਅੱਜ ਕੋਈ ਚੀਜ਼ ਮਿਲਦੀ ਨਹੀਂ ਹੈ। ਇਹ ਅਨਾਜ ਪੈਦਾ ਕਰਨ ਵਾਲਾ ਸੂਬਾ ਹੈ ਪਰ ਕਣਕ ਦੋ ਰੁਪਏ ਕਿਲੋ ਮਿਲ ਰਹੀ ਹੈ।

EXTENSION OF TIME OF THE SITTING OF THE HOUSE

ਸ਼੍ਰੀ ਡਿਪਟੀ ਸਪੀਕਰ: ਜੇ ਕਰ ਹਾਊਸ ਦੀ ਸਹਿਮਤੀ ਹੋਵੇ ਤਾਂ ਹਾਊਸ ਦਾ ਸਮਾਂ ਪੰਜ ਮਿੰਟ ਵਧਾ ਦਿੱਤਾ ਜਾਵੇ।

(ਆਵਾਜ਼ਾਂ: ਠੀਕ ਹੈ ਜੀ, ਠੀਕ ਹੈ ਜੀ।)

ਹਾਊਸ ਦਾ ਟਾਈਮ ਪੰਜ ਮਿੰਟ ਲਈ ਵਧਾ ਦਿੱਤਾ ਜਾਂਦਾ ਹੈ। (If the House agrees, the time of the sitting be extended by five minutes. (Voices : Yes, Yes.) The time of the House is extended for five minutes.]

GENERAL DISCUSSION ON THE BUDGET FOR THE YEAR 1975-76 (*Resumption*)

ਮਾਸਟਰ ਚੰਦ ਸਿੰਘ: ਤਾਂ ਇਹ ਕੀਮਤਾਂ ਤੇ ਕੋਈ ਕੰਟਰੋਲ ਨਹੀਂ ਕਰ ਸਕਦੇ, ਇਸ ਲਈ ਇਨਫਲੇਸ਼ਨ ਹੋਰ ਹੋ ਰਹੀ ਹੈ। ਹਿੰਦੁਸਤਾਨ ਦੀ ਸਰਕਾਰ ਨੇ ਵੀ ਇਕ ਵਾਂਚੂ ਕਮੇਟੀ ਬਣਾਈ ਸੀ। ਉਸ ਨੇ ਆਪਣੀ ਰਿਪੋਰਟ ਦਿਤੀ ਕਿ ਜਿਹੜੇ ਵੀ ਪੰਜ ਰੁਪਏ ਤੋਂ ਉਪਰ ਨੋਟ ਹਨ ਉਹ ਕੈਂਸਲ ਕਰ ਦਿੱਤੇ ਜਾਣ। ਇਸ ਤਰ੍ਹਾਂ ਨਾਲ 53 ਹਜ਼ਾਰ ਕਰੋੜ ਰੁਪਏ ਦੇ ਨੋਟ ਕੈਂਸਲ ਹੋਣੇ ਸਨ, ਪਰ ਉਹ ਨਹੀਂ ਕੈਂਸਲ ਹੋਏ ਕਿਉਂਕਿ ਇਹ ਅਜਾਰੇਦਾਰ ਸਰਮਾਏਦਾਰ ਸਰਕਾਰ ਵਾਲੇ ਉਧਰ ਬੈਠੇ ਹਨ, ਇਹ ਨਹੀਂ ਹੋਣ ਦਿੰਦੇ। ਦੂਸਰੇ ਪਾਸੇ ਇਨਫਲੇਸ਼ਨ ਬਾਰੇ ਇਹ ਕਹਿੰਦੇ ਹਨ ਕਿ ਇਨਫਲੇਸ਼ਨ ਦਾ ਅਸਰ ਘੱਟ ਰਿਹਾ ਹੈ ਪਰ ਇਨਫਲੇਸ਼ਨ ਵਧ ਰਹੀ ਹੈ, ਮਹਿੰਗਾਈ ਵੀ ਵੱਧ ਹੀ ਹੈ ਪਰ ਦੂਸਰੇ ਪਾਸੇ ਇਨ੍ਹਾਂ ਨੇ ਕਿਹਾ ਹੈ ਕਿ ਪਰ-ਕੈਪੀਟਾ-ਇਨਕਮ ਵਧੀ ਹੈ। ਇਸ ਬਾਰੇ ਵੀ ਮੈਂ ਫਿੱਗਰਜ਼ ਦਿੰਦਾ ਹਾਂ। ਸੰਨ 1971-72 ਵਿਚ ਇਹ 482 ਸੀ। ਪਰ ਸੰਨ 1972-73 ਵਿਚ 476 ਰਹਿ ਗਈ। ਪਰ-ਕੈਪੀਟਾ ਟੈਕਸ ਕਿਤਨੇ ਹਨ ? ਇਹ ਹਨ ਪੰਜਾਬ ਵਿਚ ਸਾਰੇ ਹਿੰਦੋਸਤਾਨ ਦੀਆਂ ਸਟੇਟਾਂ ਤੋਂ ਜ਼ਿਆਦਾ। ਪਰ-ਕੈਪੀਟਾ ਟੈਕਸ ਪੰਜਾਬ ਵਿਚ 83·92 ਪੈਸੇ ਹਨ। ਉੱਤਰ ਪ੍ਰਦੇਸ਼ ਵਿਚ 28.62 ਪੈਸੇ, ਬੰਗਾਲ ਵਿਚ 44.71 ਪੈਸੇ, ਗੁਜਰਾਤ ਵਿਚ

58.43 ਪੈਸੇ, ਆਂਧਰਾ ਵਿਚ 37.85 ਪੈਸੇ ਔਰ ਪੰਜਾਬ ਵਿਚ ਜਿਸ ਤਰ੍ਹਾਂ ਕਿ ਮੈਂ ਪਹਿਲਾਂ ਦੱਸਿਆ ਹੈ 83.92 ਪੈਸੇ ਹੈ। ਜੇਕਰ ਟੋਟਲ ਟੈਕਸ ਲਈਏ ਤਾਂ ਇਹ ਵੀ ਸਭ ਤੋਂ ਜ਼ਿਆਦਾ ਹੈ। ਇਹ 94.49 ਪੈਸੇ ਹੈ। ਯੂ.ਪੀ. ਵਿਚ 39.58 ਪੈਸੇ ਹੈ, ਵੈਸਟ ਬੰਗਾਲ ਵਿਚ 58.69 ਪੈਸੇ ਹੈ।

* ਇਸ ਤਰ੍ਹਾਂ ਨਾਲ ਟੈਕਸ ਵੀ ਵਧੇ ਹਨ। ਬੇਕਾਰੀ ਵੀ ਵਧੀ ਹੈ। ਬਿਜਲੀ ਮਿਲਦੀ ਨਹੀਂ ਹੈ, ਕਾਰਖਾਨੇ ਬੰਦ ਪਏ ਹਨ ਔਰ ਬੇਕਾਰੀ ਵੱਧ ਰਹੀ ਹੈ। ਪੌਂਗ ਡੈਮ ਤੇ ਬਿਆਸ ਡੈਮ ਵਿਚ ਜਿਹੜੇ ਕਾਮੇ ਸਨ ਉਨ੍ਹਾਂ ਦੀ ਛਾਂਟੀ ਕੀਤੀ ਜਾ ਰਹੀ ਹੈ। ਦੂਸਰੇ ਪਾਸੇ ਥੇਈਂ ਡੈਮ ਦਾ ਜ਼ਿਕਰ ਪਿਛਲੇ ਬੱਜਟ ਵੇਲੇ ਵੀ ਆਇਆ ਸੀ। ਉਦੋਂ ਵੀ ਇਨ੍ਹਾਂ ਨੇ ਕਹਿ ਦਿੱਤਾ ਸੀ ਕੀ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਦੀ ਮਨਜ਼ੂਰੀ ਲਈ ਜਾਵੇ ਪਰ ਦੂਸਰੇ ਪਾਸੇ ਸੈਂਟਰ ਨੇ ਕਹਿ ਦਿਤਾ ਹੈ ਕਿ ਪੰਜ ਸਾਲਾ ਪਲਾਨ ਵਿਚ ਥੇਈਂ ਡੈਮ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ। ਇਸ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਜਿਹੜੇ ਕਾਮਿਆਂ ਦੀ ਛਾਂਟੀ ਕੀਤੀ ਜਾ ਰਹੀ ਹੈ ਉਨ੍ਹਾਂ ਕਾਮਿਆਂ ਨੂੰ ਕੰਮ ਉਪਰ ਲਗਾਇਆ ਜਾਵੇ। ਜਿਹੜੇ ਕਾਰਖਾਨੇ ਬੰਦ ਪਏ ਹਨ ਉਨ੍ਹਾਂ ਦੇ ਕਾਮਿਆਂ ਨੂੰ ਦੱਸ ਦਿਨਾਂ ਦੀ ਹੀ ਤਨਖਾਹ ਦਿੱਤੀ ਜਾਂਦੀ ਹੈ ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਤਨਖਾਹ ਸਾਰੇ ਮਹੀਨੇ ਦੀ ਦਿੱਤੀ ਜਾਵੇ ਔਰ ਕੰਮ ਦੀ ਗਰੰਟੀ ਦਿੱਤੀ ਜਾਵੇ। ਥਰਮਲ ਪਲਾਂਟ ਬਾਰੇ ਅੱਜ ਹੀ ਸਿੰਚਾਈ ਸਾਹਿਬ ਨੇ ਦੱਸਿਆ ਹੈ ਕਿ ਦੋ ਮਹੀਨਿਆਂ ਵਿਚ 38 ਵਾਰ ਖਰਾਬ ਹੋਇਆ ਹੈ। ਇਹ ਕਿਉਂ ਖਰਾਬ ਹੋਇਆ ਹੈ ? ਇਹ ਸਰਕਾਰ ਦੀ ਨਾਅਹਿਲੀਅਤ ਦਾ ਸਬੂਤ ਹੈ ਉਥੇ ਮੈਟੀਰੀਅਲ ਜਿਹੜਾ ਲਗਿਆ ਹੈ ਕੁਰਪੱਸ਼ਨ ਰਾਹੀਂ ਉਸ ਵਿਚੋਂ ਪੈਸਾ ਕਮਾ ਲਿਆ ਹੈ। ਇਹ ਸੀਮਿੰਟ ਖਾ ਗਏ ਹਨ, ਇਸ ਲਈ ਉਸ ਨੇ ਖਰਾਬ ਤਾਂ ਹੋਣਾ ਹੀ ਸੀ। ਇਸ ਲਈ ਲੱਖਾਂ ਰੁਪਿਆ ਜਿਹੜਾ ਖਰਾਬ ਹੋਇਆ ਹੈ ਇਸ ਦੀ ਉਚ ਪੱਧਰੀ ਇਨਕੁਆਰੀ ਕਰਨੀ ਚਾਹੀਦੀ ਹੈ।

ਇਕ ਗੱਲ ਹੋਰ ਕਹਿਣੀ ਹੈ। ਕਾਂਗਰਸ ਸਰਕਾਰ ਵੈਸੇ ਤਾਂ ਮੰਨ ਹੀ ਗਈ ਹੈ ਕਿ ਗਰੀਬੀ ਵੱਧ ਰਹੀ ਹੈ। ਰੀਜ਼ਰਵ ਬੈਂਕ ਨੇ ਸੰਨ 1969 ਵਿਚ ਕਿਹਾ ਸੀ ਕਿ ਗਰੀਬੀ ਦੀ ਹੱਦ ਤੋਂ ਜਿਹੜੇ ਥੱਲੇ ਹਨ ਉਹ 70% ਹੋ ਗਏ ਹਨ। ਜਿਸ ਆਦਮੀ ਦੀ 25 ਰੁਪਏ ਮਹੀਨਾ ਦੀ ਘੱਟ ਆਮਦਨ ਹੁੰਦੀ ਹੈ, ਉਹ ਇਸ ਵਿਚ ਆਉਂਦਾ ਹੈ। ਇਤਨੀ ਗਰੀਬੀ ਦੀ ਹੱਦ ਤੋਂ ਥੱਲੇ ਲੋਕ ਹਨ। ਇਹ ਸਾਰਾ ਇਨ੍ਹਾਂ ਦੀਆਂ ਗਲਤ ਪਾਲਸੀਆਂ ਦਾ ਹੀ ਸਿੱਟਾ ਹੈ। ਛੋਟਾ ਖੇਤ ਮਜ਼ਦੂਰ ਅੱਜ ਪਿਸਦਾ ਜਾ ਰਿਹਾ ਹੈ। ਛੋਟਾ ਕਿਸਾਨ ਅੱਜ ਖੇਤ ਮਜ਼ਦੂਰ ਬਣਦਾ ਜਾ ਰਿਹਾ ਹੈ। (ਘੰਟੀ)

ਸੰਨ 1961 ਦੀ ਮਰਦਮਸ਼ੁਮਾਰੀ ਵਿਚ 3 ਲੱਖ 30 ਹਜ਼ਾਰ ਖੇਤ ਮਜ਼ਦੂਰ ਸਨ ਪਰ ਸੰਨ 1971 ਵਿਚ 7 ਲੱਖ 90 ਹਜ਼ਾਰ ਹੋ ਗਏ। ਇਹ ਇਨ੍ਹਾਂ ਦਾ ਸੋਸ਼ਲਿਜ਼ਮ ਦਾ ਚਮਤਕਾਰ ਹੈ। ਇਹ ਸਰਮਾਏ ਦਾਰੀ ਨੂੰ ਬੜ੍ਹਾਵਾ ਦੇ ਰਹੇ ਹਨ।

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਸਾਰਿਆਂ ਨਾਲ ਇਕੋ ਜਿਹਾ ਸਲੂਕ ਹੋਣਾ ਚਾਹੀਦਾ ਹੈ।(ਵਿਘਨ) ਇਨ੍ਹਾਂ ਨੂੰ ਕੰਟੀਨਿਊ ਕਰਨ ਦਿਉ।

ਚੌਧਰੀ ਦਰਸ਼ਨ ਸਿੰਘ : ਹਾਊਸ ਦਾ ਟਾਈਮ ਤਦ ਹੀ ਐਕਸਟੈਂਡ ਕੀਤਾ ਹੈ, ਤਾਕਿ ਇਹ ਬੋਲ ਲੈਣ।

ਮਾਸਟਰ ਚੰਦ ਸਿੰਘ : ਅੱਜ ਡਿਪਟੀ ਸਪੀਕਰ ਸਾਹਿਬ, ਕਿਸਾਨ ਨੂੰ ਖਾਦ ਨਹੀਂ ਮਿਲਦੀ, ਉਨ੍ਹਾਂ ਨੂੰ ਕੋਈ ਵਧੀਆ ਖੇਤੀ ਲਈ ਸੰਦ ਨਹੀਂ ਮਿਲਦੇ, ਵਧੀਆ ਬੀਜ ਨਹੀਂ ਮਿਲਦੇ, ਡੀਜ਼ਲ, ਨਹੀਂ ਮਿਲਦਾ। ਡੀਜ਼ਲ ਦੀ ਕੀ ਹਾਲਤ ਹੈ ? ਸੱਤ ਸੱਤ ਦਿਨ ਨਹੀਂ ਮਿਲਦਾ। ਖਾਦ ਬਲੈਕ ਵਿਚ ਮਿਲ ਰਹੀ ਹੈ (ਘੰਟੀ)।

ਸ੍ਰੀ ਡਿਪਟੀ ਸਪੀਕਰ : ਤੁਸੀਂ ਮਾਸਟਰ ਚੰਦ ਸਿੰਘ ਜੀ ਹੁਣ ਬੈਠੋ । (Master Chand Singh Ji, please resume your seat now.)

(ਇਸ ਸਮੇਂ ਸਰਦਾਰ ਦਰਸ਼ਨ ਸਿੰਘ ਕੇ. ਪੀ. ਜੀ ਬੋਲਣ ਲਈ ਖੜ੍ਹੇ ਹੋਏ ।)

ਸ੍ਰੀ ਡਿਪਟੀ ਸਪੀਕਰ: ਕੇ. ਪੀ. ਸਾਹਿਬ, ਤੁਸੀਂ ਬੋਲੋ । (K. P. Sahib, please start your speech.)

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਦੀ ਅੱਜ ਭੈੜੀ ਹਾਲਤ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਪੁਲਿਸ ਦੇ ਬਾਰੇ ਦੱਸਦਾ ਹਾਂ ।...........

ਸ੍ਰੀ ਡਿਪਟੀ ਸਪੀਕਰ : ਮਾਸਟਰ ਚੰਦ ਸਿੰਘ ਜੀ ਤੁਸੀਂ ਬੈਠੋ ਹੁਣ । ਕੇ.ਪੀ.ਸਾਹਿਬ ਤੁਸੀਂ ਬੋਲੋ । (Master Chand Singh Ji, please resume your seat now. K. P. Sahib you may speak now.)

ਸਰਦਾਰ ਦਰਸ਼ਨ ਸਿੰਘ ਕੇ.ਪੀ. (ਜਮਸ਼ੇਰ ਐਸ.ਸੀ.): ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਗਰੀਬ ਜਨਤਾ ਲਈ ਜੋ ਭਲਾਈ ਦੇ ਕੰਮ ਕੀਤੇ ਹਨ, ਜੋ ਅਗਾਂਹ ਵਧੂ ਕਦਮ ਚੁੱਕੇ ਹਨ, ਉਹ ਬਹੁਤ ਹੀ ਸ਼ਲਾਘਾ ਯੋਗ ਹਨ ।

WALK-OUT

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਇਸ ਰਵੱਈਏ ਦੇ ਖਿਲਾਫ ਵਾਕ ਆਊਟ ਕਰਦਾ ਹਾਂ ।(ਹਾਸਾ)

(ਇਸ ਸਮੇਂ ਮਾਸਟਰ ਚੰਦ ਸਿੰਘ ਜੀ ਹਾਊਸ ਵਿਚੋਂ ਵਾਕ ਆਊਟ ਕਰ ਗਏ ।)

Mr. Deputy Speaker : The House stands adjourned till 9.00 a.m. on Wednesday, the 22nd January, 1975.

1.35 p.m. | *(The Sabha then adjourned till 9-00 a.m. on Wednesday, the 22nd, January, 1975.)*

1400—26-4-75—286 ਕਾਪੀਆਂ ਪੰਜਾਬ ਸਰਕਾਰ ਪਰਸ, ਪਟਿਆਲਾ ।

APPENDIX

TO

PUNJAB VIDHAN SABHA DEBATES

Vol. I—No. 9

Dated 21*st January*, 1975

ਕੈਰੋਂ ਡਰੇਨ ਤੇ ਪੁਲ ਬਣਾਉਣਾ ।

965. **ਡਾਕਟਰ ਬਲਦੇਵ ਪ੍ਰਕਾਸ਼** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪਿੰਡ ਮਰਗਿੰਦਪੁਰਾ ਜ਼ਿਲ੍ਹਾ ਅੰਮ੍ਰਿਤਸਰ ਦੇ ਹਲਕੇ ਵਿਚ 1 ਅਪਰੈਲ,1972 ਅਤੇ 31 ਜੁਲਾਈ, 1974 ਦੇ ਵਿਚਕਾਰ ਕੈਰੋਂ ਡਰੇਨ ਤੇ ਇਕ ਪੁਲ ਦਾ ਕੰਮ ਸ਼ੁਰੂ ਕੀਤਾ ਗਿਆ ਸੀ; ਜੇ ਕਰ ਅਜਿਹਾ ਹੋਵੇ, ਤਾਂ ਕਦੋਂ ;

(ਅ) ਉਕਤ ਪੁਲ ਦੇ ਮੁਕੰਮਲ ਕਰਨ ਦੀ ਆਖਰੀ ਤਰੀਕ ਕੀ ਨਿਯਤ ਕੀਤੀ ਗਈ ਸੀ ;

(ੲ) ਕੀ ਉਕਤ ਪੁਲ 31 ਦਸੰਬਰ, 1974 ਤੱਕ ਮੁਕੰਮਲ ਹੋ ਗਿਆ ਸੀ, ;ਜੇ ਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ;

(ਸ) ਉਕਤ ਪੁਲ ਨੂੰ ਮੁਕੰਮਲ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸਰਦਾਰ ਗੁਰਬਖਸ਼ ਸਿੰਘ ਸਿੱਧੀਆ (ਰਾਜ ਮੰਤਰੀ ਸਿੰਜਾਈ ਤੇ ਬਿਜਲੀ): (ੳ) ਪਿੰਡ ਮਰਗਿੰਦਪੁਰਾ ਜ਼ਿਲ੍ਹਾ ਅੰਮ੍ਰਿਤਸਰ ਦੇ ਨੇੜੇ ਕੈਰੋਂ ਡਰੇਨ ਦੀ ਬੁਰਜੀ ਨੰ: 27,250 ਤੇ ਇਕ ਵੀ. ਆਰ. ਪੁਲ ਦੀ ਉਸਾਰੀ ਦਾ ਕੰਮ ਮਾਰਚ, 1974 ਵਿਚ ਸ਼ੁਰੂ ਕੀਤਾ ਗਿਆ ਸੀ ।

(ਅ) 31 ਦਸੰਬਰ, 1974.

(ੲ) ਪੁਲ ਦੀ ਉਸਾਰੀ ਦਾ ਕੰਮ ਤਕਰੀਬਨ ਪੂਰਾ ਹੋ ਗਿਆ ਹੈ ਪਰ ਕੁਝ ਛੋਟੇ ਆਈਟਮ ਜਿਵੇਂ ਕਿ ਵਿੰਗ ਵਾਲਜ਼ ਅਤੇ ਜੰਗਲ ਆਦਿ ਦਾ ਕੰਮ ਪੂਰਾ ਕੀਤਾ ਜਾ ਰਿਹਾ ਹੈ । ਪੈਸਿਆਂ ਦੀ ਬਹੁਤ ਥੁੜ੍ਹ ਹੋਣ ਦੇ ਕਾਰਣ ਪੁਲ ਨੂੰ ਪੂਰਾ ਕਰਨ ਵਿਚ ਕੁਝ ਦੇਰ ਹੋ ਗਈ ਹੈ ।

(ਸ) ਪੁਲ ਨੂੰ ਛੇਤੀ ਹੀ ਪੂਰਾ ਕਰਨ ਵਾਸਤੇ ਜ਼ਰੂਰੀ ਕਦਮ ਉਠਾਏ ਜਾ ਰਹੇ ਹਨ ।

[(a) Construction of a V.R. bridge at R.D. 27,250 Kairon Drain near Village Margindpura, District Amritsar was started during March, 1974.

(b) 31st December, 1974.

(c) The bridge has almost been completed and certain minor items such as wing walls and Railings etc. are under completion. The slight delay in the completion of the bridge is mainly due to acute paucity of funds.

(d) Necessary steps are being taken to ensure completion of the bridge in the immediate future.]

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

22nd January, 1975

Vol. I—No. 10

OFFICIAL REPORT

CONTENTS

Wednesday, the 22nd January, 1975

Punjab Vidhan Sabha Secretariat, Chandigarh.

Price Rs. 3[illegible]-[illegible]0

PUNJAB VIDHAN SABHA

Wednesday, the 22nd January, 1975

[*The Vidhan Sabha met in the Punjab Vidhan Sabha Hall, Vidhan Bhavan, Chandigarh*—160001, *at* 9-00 *a. m. of the Clock. Mr. Speaker,* (**Dr. Kewal Krishan**) *in the Chair.*]

POSTPONED STARRED QUESTIONS AND ANSWERS

POSTPONED STARRED QUESTION No. 2881

(This Question was not put because the hon. Member concerned was not present in the House.)

ਕਲਾ ਅਤੇ ਦਸਤਕਾਰੀ ਕੋਰਸਾਂ ਦੀਆਂ ਕਲਾਸਾਂ

*2946. **ਡਾਕਟਰ ਬਲਦੇਵ ਪ੍ਰਕਾਸ਼** : ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :—

(ੳ) ਕਲਾ ਅਤੇ ਦਸਤਕਾਰੀ ਕੋਰਸਾਂ ਦੀਆਂ ਕਲਾਸਾਂ ਮਨਜ਼ੂਰ ਕਰਨ ਲਈ ਕਸੌਟੀ ਕੀ ਹੈ;

(ਅ) ਵਿਦਿਅਕ ਸਾਲ 1974–75 ਦੇ ਦੌਰਾਨ ਰਾਜ ਵਿਚ ਮਨਜ਼ੂਰ ਕੀਤੀਆਂ ਗਈਆਂ ਅਜਿਹੀਆਂ ਕਲਾਸਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਅੰਮ੍ਰਿਤਸਰ ਸ਼ਹਿਰ ਲਈ ਮਨਜ਼ੂਰ ਕੀਤੀਆਂ ਅਜਿਹੀਆਂ ਕਲਾਸਾਂ ਦੀ ਗਿਣਤੀ ਕਿੰਨੀ ਹੈ ;

(ੲ) ਇਨ੍ਹਾਂ ਕਲਾਸਾਂ ਵਿਚ ਦਾਖਲੇ ਲਈ ਕੀ ਤਰੀਕਾ ਅਪਣਾਇਆ ਗਿਆ ;

(ਸ) ਕੀ ਉਕਤ ਕਲਾਸਾਂ ਵਿਚ ਦਾਖਲੇ ਦੇ ਮਾਮਲੇ ਵਿਚ ਭ੍ਰਿਸ਼ਟਾਚਾਰ/ਸਕੈਂਡਲ ਦੇ ਕੋਈ ਕੇਸ ਸਰਕਾਰ ਦੇ ਧਿਆਨ ਵਿਚ ਆਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਬੁਰਾਈ ਨੂੰ ਦੂਰ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸ੍ਰੀ ਖੁਸ਼ਹਾਲ ਬਹਿਲ (ਉਪ ਮੰਤਰੀ, ਘਰੇਲੂ ਉਦਯੋਗ) : (ੳ) ਆਰਟਸ ਅਤੇ ਕਰਾਫ਼ਟਸ ਟੀਚਰ ਟਰੇਨਿੰਗ ਕਲਾਸਾਂ ਉਨ੍ਹਾਂ ਸੰਸਥਾਵਾਂ/ਸਕੂਲਾਂ ਨੂੰ ਮਨਜ਼ੂਰ ਕੀਤੀਆਂ ਜਾਂਦੀਆਂ ਹਨ ਜਿਹੜੇ ਨਿਰਧਾਰਤ ਨਿਯਮਾਂ ਅਨੁਸਾਰ ਤਸੱਲੀਬਖਸ਼ ਬਿਲਡਿੰਗ, ਮਸ਼ੀਨਰੀ, ਲਾਇਬਰੇਰੀ ਸਟਾਫ਼, ਰਾਖਵਾਂ ਫੰਡ ਆਦਿ ਵਖਾਉਂਦੇ/ਪੂਰਾ ਕਰਦੇ ਹਨ। ਸਬੰਧਤ ਹਲਕੇ ਦੀ ਸਥਾਨਕ ਜ਼ਰੂਰਤ ਆਰਥਕ ਪੱਖ ਅਤੇ ਉਦਯੋਗਿਕ ਪ੍ਰਗਤੀ ਨੂੰ ਵੀ ਧਿਆਨ ਵਿਚ ਰਖਿਆ ਜਾਂਦਾ ਹੈ।

(ਅ) ਰਾਜ ਵਿਚ ਅਜਿਹੀਆਂ ਕਲਾਸਾਂ ਦੀ ਕੁੱਲ ਗਿਣਤੀ ਜੋ ਕਿ 1974-75 ਵਿਚ ਮਨਜ਼ੂਰ ਕੀਤੀਆਂ ਗਈਆਂ ਸਨ, 14 ਹੈ। ਇਨ੍ਹਾਂ ਵਿਚੋਂ 5 ਅੰਮ੍ਰਿਤਸਰ ਦੀਆਂ ਹਨ ।

[ਉਪ-ਮੰਤਰੀ ਘਰੇਲੂ ਉਦਯੋਗ]

(ੲ) ਦਾਖਲਾ ਨੋਟਿਸ ਸਬੰਧਤ ਸੰਸਥਾ ਵਲੋਂ ਜਾਰੀ ਕੀਤੇ ਗਏ ਸਨ ਅਤੇ ਤਦ-ਅਰਥ ਚੋਣ ਕਮੇਟੀਆਂ ਦੁਆਰਾ ਚੋਣ ਕੀਤੀ ਗਈ ਜਿਨ੍ਹਾਂ ਦੇ ਮੈਂਬਰ :—

(1) ਕੁੱਝ ਸਥਾਨਕ ਐਮ. ਐਲ. ਏਜ਼./ਸਾਬਕਾ ਐਮ. ਐਲ. ਏਜ਼;
(2) ਸਬੰਧਤ ਪ੍ਰਿੰਸੀਪਲ/ਹੈਡ ਮਿਸਟ੍ਰੈਸ,
(3) ਵਿਭਾਗੀ ਪ੍ਰਤੀਨਿਧੀ

ਹੁੰਦੇ ਹਨ।

(ਸ) ਹਾਂ ਜੀ। ਦੋਸ਼ੀ ਸਕੂਲਾਂ ਦੀ ਮਾਨਤਾ ਵਾਪਸ ਲੈ ਲੈਣ ਬਾਰੇ ਰੂਲਾਂ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ।

ਡਾਕਟਰ ਬਲਦੇਵ ਪ੍ਰਕਾਸ਼ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਸਾਰੇ ਪੰਜਾਬ ਵਿੱਚ ਜਿਹੜੀਆਂ 14 ਕਲਾਸਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਵਿਚੋਂ ਅੰਮ੍ਰਿਤਸਰ ਦੇ ਇਕ ਹੀ ਅਸੈਂਬਲੀ ਹਲਕੇ ਵਿਚ 5 ਕਲਾਸਾਂ ਦਿੱਤੀਆਂ ਗਈਆਂ ਹਨ। ਇਹ ਕਿਸ ਖਾਸ ਕਾਰਨ ਕਰਕੇ ਦਿੱਤੀਆਂ ਗਈਆਂ ਹਨ ?

ਉਪ ਮੰਤਰੀ, ਘਰੇਲੂ ਉਦਯੋਗ : ਇਹ ਜਿਹੜੀ ਕਲਾਸਾਂ ਨੂੰ ਅਸੀਂ ਮਾਨਤਾ ਦਿੰਦੇ ਹਾਂ ਇਹ ਇਕ ਪਾਲੀਸੀ ਦੇ ਅਨੁਸਾਰ ਦਿੰਦੇ ਹਾਂ ਅਤੇ ਉਸ ਵਾਸਤੇ ਰਿਕੁਗਨੀਸ਼ਨ ਦੇ ਕਾਨੂੰਨ ਹਨ। ਉਨ੍ਹਾਂ ਕਾਨੂੰਨਾਂ ਦੇ ਜ਼ਰੀਏ ਜਿਹੜਾ ਪਹਿਲਾਂ ਐਪਲਾਈ ਕਰਦਾ ਹੈ, ਜਿਹੜਾ ਇੰਸਟੀਚਿਊਸ਼ਨ ਪਹਿਲਾਂ ਐਪਲਾਈ ਕਰਦਾ ਹੈ, ਉਨ੍ਹਾਂ ਨੂੰ ਰੂਲਜ਼ ਦੇ ਮੁਤਾਬਿਕ ਮਾਨਤਾ ਦਿੱਤੀ ਜਾਂਦੀ ਹੈ। ਅੰਮ੍ਰਿਤਸਰ ਵਿਚ ਜ਼ਿਆਦਾ ਨੇ ਐਪਲਾਈ ਕੀਤਾ ਅਤੇ ਜ਼ਿਆਦਾ ਮਾਨਤਾ ਦਿੱਤੀ ਗਈ।

ਚੌਧਰੀ ਰਾਮ ਸਿੰਘ : ਜਿਹੜੇ ਆਈ. ਟੀ. ਆਈ. ਦੇ ਇੰਸਟੀਚਿਊਸ਼ਨਜ਼ ਹਨ, ਉਨ੍ਹਾਂ ਵਿਚੋਂ ਜਦੋਂ ਕੋਈ ਸਰਟੀਫਿਕੇਟ ਲੈ ਲੈਂਦਾ ਹੈ ਤਾਂ ਉਨ੍ਹਾਂ ਨੂੰ ਐਪਵਾਇੰਟਮੈਂਟ ਦੇ ਵੇਲੇ ਮਹਿਕਮਿਆਂ ਵਾਲੇ ਕਨਸਿਡਰ ਨਹੀਂ ਕਰਦੇ। ਕੀ ਸਰਕਾਰ ਇਸ ਬਾਰੇ ਕੋਈ ਡਾਇਰੈਕਸ਼ਨ ਇਸ਼ੂ ਕਰੇਗੀ ਕਿ ਜਿਨ੍ਹਾਂ ਨੇ ਇਕ ਸਾਲ ਜਾਂ ਦੋ ਸਾਲ ਦੀ ਟ੍ਰੇਨਿੰਗ ਲਈ ਹੁੰਦੀ ਹੈ, ਉਨ੍ਹਾਂ ਨੂੰ ਐਪਵਾਇੰਟਮੈਂਟ ਵਾਸਤੇ ਕਸਿੰਡਰ ਕੀਤਾ ਜਾਵੇ ?

ਉਪ ਮੰਤਰੀ : ਮੈਂ ਇਕ ਗੱਲ ਦਸਣਾ ਚਾਹੁੰਦਾ ਹਾਂ ਕਿ ਜਿਥੇ ਆਈ. ਟੀ. ਆਈ. ਦਾ ਟਰੇਡ ਲਗਾਉਣਾ ਹੁੰਦਾ ਹੈ, ਉਥੇ ਲਗਾਇਆ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਐਪਾਇੰਟਮੈਂਟ ਦਾ ਇਕ ਹੋਰ ਹੱਲ ਕਰਦੇ ਹਾਂ ਕਿ ਅਸੀਂ ਉਨ੍ਹਾਂ ਨੂੰ ਸੀਡ ਮਨੀ ਦੇ ਦੇ ਹਾਂ ਅਤੇ ਉਨ੍ਹਾਂ ਨੂੰ ਇੰਡਸਟਰੀ ਲਗਾਉਣ ਵਿਚ ਪੂਰੀ ਫ਼ੈਸਿਲਿਟੀਜ਼ ਦਿੰਦੇ ਹਾਂ। ਸੀਡ ਮਨੀ 10 % ਦੇਂਦੇ ਹਾਂ, ਬਾਕੀ 10 % ਉਨ੍ਹਾਂ ਨੂੰ ਦੇਣਾ ਪੈਂਦਾ ਹੈ ਅਤੇ 80 % ਬੈਂਕ ਤੋਂ ਅਸੀਂ ਲੋਨ ਲੈ ਕੇ ਦੇਂਦੇ ਹਾਂ। ਇਸ ਤੋਂ ਇਲਾਵਾਂ ਅਸੀਂ ਪਲੇਸਮੈਂਟ ਲਈ ਵੀ ਪ੍ਰਬੰਧ ਕਰਦੇ ਹਾਂ। ਅਸੀਂ ਵੇਖਦੇ ਹਾਂ ਕਿ ਕਿਹੜੀ ਇੰਡਸਟਰੀ ਕਿਸ ਟਰੇਨੀ ਦੇ ਬਾਰੇ ਹੈ ਅਤੇ ਉਸ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਨੂੰ ਐਪਾਇੰਟਮੈਂਟ ਦਿੱਤੀ ਜਾਂਦੀ ਹੈ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਇਲਮ ਹੈ ਜਾਂ ਨਹੀਂ ਕਿ ਜਿੰਨੇ ਇੰਸਟੀਚਿਊਸ਼ਨਜ਼ ਨੂੰ ਇਨ੍ਹਾਂ ਕਲਾਸਾਂ ਦੇ ਲਈ ਮਾਨਤਾ ਦਿੱਤੀ ਗਈ ਹੈ, ਉਸ ਬਾਰੇ ਗੱਲ ਇਹ ਹੈ ਕਿ ਘੱਟੋ ਘੱਟ ਅੰਮ੍ਰਿਤਸਰ ਦੇ ਵਿਚ 2,000 ਰੁਪਿਆ ਲੈ ਕੇ ਦਾਖਲ ਕੀਤਾ ਜਾਂਦਾ ਹੈ। ਇਕ ਵੇਰਕਾ ਦੇ ਇੰਸਟੀਚਿਊਸ਼ਨ ਨੂੰ ਮਾਨਤਾ ਦਿੱਤੀ ਗਈ ਅਤੇ ਬਾਅਦ ਵਿਚ ਇਰੈਗੂਲੈਰਿਟੀ ਕਰਕੇ ਉਹ ਮਾਨਤਾ ਕੈਂਸਲ ਕਰ ਦਿੱਤੀ ਗਈ ਸੀ, ਕਿਉਂਕਿ ਉਥੇ ਗਲਤ ਕੰਮ ਹੋਇਆ ਸੀ ਪਰ ਉਸ ਇੰਸਟੀਚਿਊਸ਼ਨ ਨੂੰ ਮੁੜ

ਕੇ ਮਾਨਤਾ ਦੇ ਦਿੱਤੀ ਗਈ। ਇਸ ਬਾਰੇ ਕੀ ਅਸੂਲ ਹੈ ਜਿਸ ਦੇ ਬੇਸਿਜ਼ ਤੇ ਮਾਨਤਾ ਦਿੱਤੀ ਜਾਂਦੀ ਹੈ ? ਇਸ ਬਾਰੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਦੋ ਦੋ ਹਜ਼ਾਰ ਰੁਪਿਆ ਲੈਕੇ ਦਾਖਲਾ ਦਿੱਤਾ ਜਾਂਦਾ ਹੈ ਅਤੇ ਝਗੜੇ ਖੜ੍ਹੇ ਹੁੰਦੇ ਹਨ, ਇਸ ਕਰਕੇ ਹੀ ਸਰਕਾਰ ਇਸ ਗੱਲ ਤੇ ਵਿਚਾਰ ਕਰਨ ਨੂੰ ਤਿਆਰ ਹੈ ਕਿ ਇਸ ਗਲਤ ਚੀਜ਼ ਦੀ ਰੌਸ਼ਨੀ ਵਿਚ ਇਹ ਮਾਨਤਾ ਸਿਰਫ ਸਰਕਾਰੀ ਸਕੂਲਾਂ ਵਿਚ ਹੀ ਦਿੱਤੀ ਜਾਵੇ ਅਤੇ ਪ੍ਰਾਈਵੇਟ ਸਕੂਲਾਂ ਵਿਚ ਨਾ ਦਿੱਤੀ ਜਾਵੇ।

ਉਪ ਮੰਤਰੀ : ਇਹ ਜਿਹੜੀਆਂ ਅਸੀਂ ਪ੍ਰਾਈਵੇਟ ਕਲਾਸਿਜ਼ ਦੇਂਦੇ ਹਾਂ, ਇਹ ਟਰੇਂਡ ਕਰਾਫਟ ਕਲਾਸਿਜ਼ ਤਿੰਨ ਅਦਾਰਿਆਂ ਦੇ ਥਰੂ ਚਾਲੂ ਹੋ ਸਕਦੀਆਂ ਹਨ। ਇਕ ਗੌਰਮੈਂਟ ਚਾਲੂ ਕਰਦੀ ਹੈ, ਇਕ ਲੋਕਲ ਬਾਡੀਜ਼ ਅਤੇ ਪ੍ਰਾਈਵੇਟ ਮੈਨੇਜਮੈਂਟਸ/ਟਿਮਟੀਚਿਊਸ਼ਨਜ਼ ਵੀ ਕਰਦੇ ਹਨ। ਕੰਪਲੇਂਟਸ ਗਾਹੇ ਬਗਾਹੇ ਜਿਸ ਵੇਲੇ ਆਉਂਦੀਆਂ ਰਹੀਆਂ, ਉਨ੍ਹਾਂ ਦੀ ਇਨਕੁਆਇਰੀ ਕਰਦੇ ਰਹੇ। ਇਸ ਕਰਕੇ ਅਗਰ ਮੈਂਬਰ ਸਾਹਿਬ ਕੋਲ ਕੋਈ ਕੰਪਲੇਂਟ ਹੈ ਤਾਂ ਉਹ ਦਸਣ, ਅਸੀਂ ਇਨਕੁਆਇਰੀ ਕਰ ਲਵਾਂਗੇ।

ਡਾਕਟਰ ਬਲਦੇਵ ਪ੍ਰਕਾਸ਼ : ਜਵਾਬ ਦਿੱਤਾ ਗਿਆ ਹੈ ਕਿ ਦਾਖਲਾ ਕਿਸ ਤਰ੍ਹਾਂ ਹੁੰਦਾ ਹੈ। ਇਹ ਪਰੋਸੀਜਰ ਦਸਿਆ ਗਿਆ ਹੈ ਕਿ ਚੋਣ ਕਰਨ ਵਿਚ ਸਥਾਨਿਕ ਐਮ.ਐਲ.ਏਜ਼, ਸਾਬਕਾ ਐਮ.ਐਲ.ਏਜ਼. ਸੰਬੰਧਤ ਪ੍ਰਿੰਸੀਪਲ/ਹੈਡ ਮਿਸਟਰੈਸ ਤੇ ਵਿਭਾਗੀ ਪ੍ਰਤੀਨਿਧ ਰਖੇ ਗਏ ਹਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਕੁਝ ਸਥਾਨਕ ਐਮ.ਐਲ.ਏਜ਼. ਇਸ ਬੋਰਡ ਵਿਚ ਰਖੇ ਗਏ ਹਨ, ਇਸ ਬਾਰੇ ਹੈੱਡ-ਕਵਾਰਟਰਜ਼ ਤੋਂ ਫੈਸਲਾ ਹੋ ਕੇ ਜਾਂਦਾ ਹੈ ਜਾਂ ਪ੍ਰਿੰਸੀਪਲ ਆਪ ਹੀ ਸਥਾਨਕ ਐਮ.ਐਲ.ਏਜ਼. ਨੂੰ ਬੁਲਾ ਕੇ ਦਾਖਲ ਕਰ ਲੈਂਦੇ ਹਨ ?

ਉਪ ਮੰਤਰੀ : ਇਹ ਫੈਸਲਾ ਡਾਇਰੈਕਟਰ ਦੇ ਲੈਵਲ ਤੇ ਹੁੰਦਾ ਹੈ ਅਤੇ ਆਰਡਰ ਉਹੀ ਕਰਦਾ ਹੈ।

STARRED QUESTIONS AND ANSWERS

1974 ਦੌਰਾਨ ਜਯੰਤੀ ਪਿੰਡਾਂ/ਮਾਡਲ ਗ੍ਰਾਮਾਂ ਵਿਚ ਬਦਲੇ ਗਏ ਪਿੰਡ

*3141. ਸਰਦਾਰ ਸੁਖਦੇਵ ਸਿੰਘ ਢੀਂਡਸਾ, ਸਰਦਾਰ ਧੰਨਾ ਸਿੰਘ ਗੁਲਸ਼ਨ } ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ 1974 ਦੌਰਾਨ ਜੈਯੰਤੀ ਪਿੰਡਾਂ ਜਾਂ ਮਾਡਲ ਗ੍ਰਾਮਾਂ ਵਿਚ ਬਦਲੇ ਗਏ ਪਿੰਡਾਂ ਦੀ ਜ਼ਿਲ੍ਹਾ-ਵਾਰ ਅਤੇ ਬਲਾਕ--ਵਾਰ ਗਿਣਤੀ ਅਤੇ ਨਾਂ ਕੀ ਕੀ ਹਨ ?

ਸਰਦਾਰ ਸੰਤੋਖ ਸਿੰਘ ਰੰਧਾਵਾ : 25ਵੀਂ ਸੁਤੰਤਰਤਾ ਜੈਯੰਤੀ ਪਿੰਡ ਸਕੀਮ ਭਾਰਤ ਸਰਕਾਰ ਵਲੋਂ ਸਾਲ 1972 ਵਿੱਚ ਪ੍ਰਾਪਤ ਹੋਈ ਸੀ ਅਤੇ ਇਸ ਸਕੀਮ ਅਧੀਨ ਰਾਜ ਦੇ ਹਰ ਬਲਾਕ ਵਿਚੋਂ ਇੱਕ ਪਿੰਡ ਨੂੰ ਜੈਯੰਤੀ ਪਿੰਡ ਬਣਾਇਆ ਜਾਣਾ ਸੀ। ਇਸ ਅਨੁਸਾਰ ਜ਼ਿਲ੍ਹਾਵਾਰ ਅਤੇ ਬਲਾਕਵਾਰ ਚੁਣੇ ਗਏ ਜੈਯੰਤੀ ਪਿੰਡਾਂ ਦੀ ਨੱਥੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਸਾਲ 1974 ਦੇ ਦੌਰਾਨ ਰਾਜ ਵਿਚ ਕੋਈ ਵੀ ਪਿੰਡ ਮਾਡਲ ਗ੍ਰਾਮ ਵਿਚ ਨਹੀਂ ਬਦਲਿਆ ਗਿਆ।

[25th Independence Jayanti Village Scheme was received from the Government of India during the year 1972 and according to this scheme one village in each Block was to be converted as Jayanti village. The district-wise and block-wise names of the Jayanti villages are given in the enclosed list, which is placed on the Table of the House. During the year 1974 no village in the State was converted into Model village.]

[ਵਿਕਾਸ ਦੇ ਰਾਜ ਮੰਤਰੀ]

LIST OF VILLAGES SELECTED AS JAYANTI VILLAGES

S.No.	Name of the Block	Name of the Jayanti village
District Amritsar		
1.	Taran Taran	Daleke
2.	Khadur Sahib	Nagoke
3.	Bhikhiwind	Kalsiankalan
4.	Patti	Saido
5.	Ajnala	Lekhuwal
6.	Rayya	Dhardeo
7.	Gandiwind	Bhakhna
8.	Valtoha	Poonian
9.	Tarsika	Saidolehal
10.	Majitha	Kathunagal
11.	Jandiala	Nawanpind
12.	Verka	(1) Ghumanpura (2) Kathania
13.	Choganwan	Tolanagal
14.	Nausherapanuan	Jaura
15.	Chola Sahib	Dadersahib
District Bhatinda		
1.	Nathana	
2.	Rampura Phul	Sema
3.	Rampura	Bhairupa
4.	Mansa	Bhalanwali
5.	Bhatinda	Bhainibaga
6.	Sangat	Kotsahmir
7.	Jhunir	Mehta
8.	Budhlada	Sangha
9.	Talwandi Sabo	Kishangarh
		Laleana
District Faridkot		
1.	Bagha Purana	
2.	Muktsar	Ganjigulab Singh
3.	Lambi	Sikhwala
4.	Malout	Burjsindhwan
5.	Nihalsinghwala	Dhurkot (Ransab)
6.	Faridkot	Sandhwan
7.	Kotkapura	Ghania
8.	Moga-I	Landeke
9.	Moga-II	Jhandiana
10.	Kot Bhaiat (Gidderbaha)	Sheikh
District Ferozepur		
1.	Zira	Nurpur Machiwara
2.	Ferozepur	Hazara
3.	Dharamkot at Kot Isekhan	Bhugujran
4.	Guruharsahai	Tahliwala
5.	Khuiansarwar	Waryam Khera
6.	Ghalkhurd	Changali Quadian
7.	Abohar	Kerakhera
8.	Jallalabad	Katianwali
9.	Fazilka	Jhotianwali
District Gurdaspur		
1.	Shrihargobindpur	Dhapai
2.	Dera Baba Nanak	Thakherko
3.	Dharkalan	Chakker

S.No.	Name of Block	Name of the Jayanti Village
District Gurdaspur—*concld.*		
4.	Fatehgarh Churian	Wella Teja
5.	Narot Jaimal Singh	Bahadurpur
6.	Dorangla	Jhabkra
7.	Batala	Bhakhewal
8.	Gurdaspur	Hayatnagar
9.	Dhariwal	Sohal
10.	Pathankot	Chassma Chakaur
11.	Kahnuwan	Chak Sharif
District Hoshiarpur		
1.	Hoshiarpur-I	Nandachaur
2.	Garhshankar	Jassowal
3.	Balachaur	Bagowal
4.	Tanda	Sohian
5.	Mukerian	Johanpur
6.	Talwara	Batwara
7.	Hoshiarpur-II	Bohan
8.	Bhunga	Dhunga Kalan
9.	Mahilpur	Mahilpur
10.	Dasuya	Panwan
11.	Saroya	Mehndwani
District Ropar		
1.	Ropar	Kotla Nihang
2.	Chamkaur Sahib	Behrampur Bet
3.	Kharar	Khanpur
4.	Majri	Madhosangtiana
5.	Anandpur Sahib	Agampur
6.	Nurpur Bedi	Nagrankamlot
District Jullundur		
1.	Ranga	Pharala
2.	Nurmahal	Meowal
3.	Goraya at Rurka Kalan	Sarhali
4.	Nawanshehar	Sheikhupur Beg
5.	Phillaur	Mandi (Near Apra)
6.	Nakodar	Gandhran
7.	Bhogpur	Bhullowal
8.	Jullundur East	Lambra
9.	Adampur	Beaspind
10.	Shahkot	Kotli Gujran
11.	Mukandpur	Sheikhupura
12.	Jullundur West	Kotli Than Singh
District Kapurthala		
1.	Phagwara	Ranipur
2.	Sultanpur Lodhi	Wattanwali
3.	Kapurthala	Bhandalbet
4.	Nadala	Dhilwan
District Ludhiana		
1.	Doraha	Mangowal
2.	Sidhwan Bet	Gorsian Qader Baksh
3.	Ludhiana	Threeke
4.	Samrala	Malmajra
5.	Machiwara	Kherinodh Singh
6.	Pakhowal	Burjlittan
7.	Dehlon	Kheri Pandher
8.	Sudhar	Boparai
9.	Jagraon	Kaunke Kalan
10.	Mangat	Bora

[ਵਿਕਾਸ ਦੇ ਰਾਜ ਮੰਤਰੀ]

S.No.	Name of the Block	Name of the Jayanti Village
District Patiala		
1.	Sirhind	Salana Jiwan Singh Wala
2.	Dera Bassi	Nagla
3.	Nabha	Pedan
4.	Patiala	Kailer Bhaini
5.	Rajpura	Aluna
6.	Bassi Pathana	Mustfabad
7.	Ghanaur	Manjoli
8.	Bhunerheri	Devigarh
9.	Samana	Bahmna
District Sangrur		
1.	Sehna	Dhilwan
2.	Sangrur	Alorakh
3.	Sunam	Chhahar
4.	Chemma	Tolawal
5.	Mahal Kalan	Karamgarh
6.	Malerkotla	Saraud
7.	Dhuri	Ruldusingh Wala
8.	Ahmedgarh	Lohat Badi
9.	Lehragaga	An-Dana
10.	Barnala	Bhatlan

Note.—Village Sandhwan (Faridkot Block), Waryamkhera (Khuian Sarwar Block), Mehndwani (Block Saroya), Malmajra (Samrala Block), Karamgarh (Mahal Kalan Block) have been transferred to Kotkapura Block Abohar, Balachaur, Machhiwara and Barnala Blocks, respectively, under the new demarcation of Block Boundries.

[ਅਨੁਲੱਗ 'ੳ']

ਲੜੀ ਨੰ:	ਬਲਾਕ ਦਾ ਨਾਮ	ਜੈਯੰਤੀ ਪਿੰਡ ਦਾ ਨਾਮ
	ਜ਼ਿਲ੍ਹਾ ਅੰਮ੍ਰਿਤਸਰ	
1.	ਤਰਨਤਾਰਨ	ਢਲੋਂਕੇ
2.	ਖਡੂਰ ਸਾਹਿਬ	ਨਾਗੋਕੇ
3.	ਭਿੱਖੀਵਿੰਡ	ਕਲਸੀਆਂ ਕਲਾਂ
4.	ਪੱਟੀ	ਸ਼ੇਦੋਂ
5.	ਅਜਨਾਲਾ	ਨਖੂਵਾਲ
6.	ਰਈਆ	ਧਾਰ ਦਿਓ
7.	ਗੰਡੀਵਿੰਡ	ਭਕਨਾ
8.	ਵਲਟੋਹਾ	ਪੂਨੀਆਂ
9.	ਤਰਸਿੱਕਾ	ਜੈਂਦੋਂ ਨਹਿਲ

ਲੜੀ ਨੰ:	ਬਲਾਕ ਦਾ ਨਾਮ	ਜੇਯੰਤੀ ਪਿੰਡ ਦਾ ਨਾਮ
	ਜ਼ਿਲ੍ਹਾ ਅੰਮ੍ਰਿਤਸਰ—ਖਤਮ	
10.	ਮਜੀਠਾ	ਕਥੋ ਨੰਗਲ
11.	ਜੰਡਿਆਲਾ	ਨਵਾਂ ਪਿੰਡ
12.	ਵੇਰਕਾ	(1) ਘੁਮਣ ਪੁਰਾ (2) ਕਲਾਨੀਆਂ
13.	ਚੋਗਾਂਵਾਂ	ਤੋਲਾ ਨੰਗਲ
14.	ਨੌਸ਼ੇਹਰਾ ਪੰਨੂਆਂ	ਜੌੜਾ
15.	ਚੋਲਾ ਸਾਹਿਬ	ਦਦੇਰ ਸਾਹਿਬ
	ਜ਼ਿਲ੍ਹਾ ਬਠਿੰਡਾ	
1.	ਨਥਾਨਾ	ਸੇਮਾ
2.	ਫੂਲ	ਭਾਈ ਰੂਪਾ
3.	ਰਾਮਪੁਰਾ	ਬਲਨਵਾਲੀ
4.	ਮਾਨਸਾ	ਭੈਣੀ ਬਗਾ
5.	ਬਠਿੰਡਾ	ਕੋਟ ਸ਼ਮੀਰ
6.	ਸੰਗਤ	ਮਹਿਤਾ
7.	ਭੁਨੀਰ	ਸਾਂਗਾ
8.	ਬੁਢਲਾਡਾ	ਕਿਸ਼ਨਗੜ੍ਹ
9.	ਤਲਵੰਡੀ ਸਾਬੋ	ਲਾਲੇਆਨਾ
	ਜ਼ਿਲ੍ਹਾ ਫਰੀਦਕੋਟ	
1.	ਬਾਘਾ ਪੁਰਾਣਾ	ਰੰਗੀ ਗੁਲਾਬ ਸਿੰਘ
2.	ਮੁਕਤਸਰ	ਕਾਨੀਆਂ ਵਾਲੀ
3.	ਲੰਬੀ	ਸਿਖਵਾਲਾ
4.	ਮਲੋਟ	ਬੁਰਜ ਸਿਧਵਾਂ
5.	ਨਿਹਾਲ ਸਿੰਘ ਵਾਲਾ	ਧੂਰ ਕੋਟ (ਰਨਸਬ)
6.	ਫਰੀਦਕੋਟ	ਸੰਧਵਾਂ
7.	ਕੋਟ ਕਪੂਰਾ	ਘਨੀਆ
8.	ਮੋਗਾ—1	ਲੰਡੇਕੇ
9.	ਮੋਗਾ—2	ਡਿਆਨਾ
10.	ਕੋਟ ਭਾਈ (ਸਥਿਤ ਗਿਦੜਬਾਹਾ)	ਸ਼ੇਖ
	ਜ਼ਿਲਾ ਫ਼ਿਰੋਜ਼ਪੁਰ	
1.	ਜ਼ੀਰਾ	ਨੂਰਪੁਰ ਮਾਛੀਵਾੜਾ
2.	ਫਿਰੋਜ਼ਪੁਰ	ਹਜ਼ਾਰਾ
3.	ਧਰਮਕੋਟ (ਸਥਿਤ ਈਸੇ ਖਾਂ)	ਬੁਗਜਰਾਂ
4.	ਗੁਰੂ ਹਰਿ ਸਹਾਇ	ਟਾਹਲੀਵਾਲਾ

[ਵਿਕਾਸ ਦੇ ਰਾਜ ਮੰਤਰੀ]

ਲੜੀ ਨੰ:	ਬਲਾਕ ਦਾ ਨਾਮ	ਜੈਯੰਤੀ ਪਿੰਡ ਦਾ ਨਾਮ
	ਜ਼ਿਲ੍ਹਾ ਫਿਰੋਜ਼ਪੁਰ—ਖਤਮ	
5.	ਖੂਹੀਆਂ ਸਰਵਰ	ਵਰਿਆਮ ਖੇੜਾ
6.	ਘਲ ਖੁਰਦ	ਚੰਗਾਲੀ ਕਾਦੀਆਂ
7.	ਅਬੋਹਰ	ਕੇਰਾ ਖੇੜਾ
8.	ਜਲਾਲਾਬਾਦ	ਕਟਿਆਂਵਾਲੀ
9.	ਫਾਜ਼ਿਲਕਾ	ਝੋਟਿਆਂ ਵਾਲੀ
	ਜ਼ਿਲ੍ਹਾ ਗੁਰਦਾਸਪੁਰ	
1.	ਸ੍ਰੀ ਹਰਗੋਬਿੰਦਪੁਰ	ਢੇਪਈ
2.	ਡੇਰਾ ਬਾਬਾ ਨਾਨਕ	ਠਾਕਰਕੇ (ਨਾ ਕਰਕੇ)
3.	ਧਾਰਕਲਾਂ	ਚੱਕਰ
4.	ਫਤਿਹਗੜ੍ਹ ਚੂੜੀਆਂ	ਵੇਲਾ ਤੇਜਾ
5.	ਨਰੋਟ ਜੈਮਲ ਸਿੰਘ	ਬਹਾਦਰ ਪੁਰ
6.	ਦੋਰਾਂਗਲਾ	ਝਬਕਾਰਾ
7.	ਬਟਾਲਾ	ਬਖੇਵਾਲ
8.	ਗੁਰਦਾਸਪੁਰ	ਹਿਆਤ ਨਗਰ
9.	ਧਾਰੀਵਾਲ	ਸੋਹਲ
10.	ਪਠਾਨਕੋਟ	ਚਸ਼ਮਾ ਚਕੋਰ
11.	ਕਾਹਨੂੰਵਾਨ	ਚੱਕ ਸ਼ਰੀਫ
	ਜ਼ਿਲ੍ਹਾ ਹੁਸ਼ਿਆਰਪੁਰ	
1.	ਹੁਸ਼ਿਆਰਪੁਰ—1	ਨੰਦਾ ਚੌਰ
2.	ਗੜ੍ਹਸ਼ੰਕਰ	ਜਮੇਵਾਲ
3.	ਬਲਾਚੌਰ	ਬਗੋਵਾਲ
4.	ਟਾਂਡਾ	ਸੋਹੀਆਂ
5.	ਮੁਕੇਰੀਆਂ	ਜੋਹਨਪੁਰ
6.	ਤਲਵਾੜਾ	ਬਟਵਾਰਾ
7.	ਹੁਸ਼ਿਆਰਪੁਰ—2	ਬੋਹਨ
8.	ਭੂੰਗਾ	ਢੂੰਗਾ ਕਲਾਂ
9.	ਮਾਹਿਲਪੁਰ	ਮਾਹਿਲਪੁਰ
10.	ਦਸੂਹਾ	ਪੰਡਵਾਂ
11.	ਸੜੋਆ	ਮਹਿੰਦਵਾਣੀ

ਲੜੀ ਨੰ.	ਬਲਾਕ ਦਾ ਨਾਮ	ਜੈਯੰਤੀ ਪਿੰਡ ਦਾ ਨਾਮ
	ਜ਼ਿਲ੍ਹਾ ਜਲੰਧਰ	
1.	ਥੰਗਾ	ਫਰਾਲਾ
2.	ਨੂਰ ਮਹਿਲ	ਮੀਓਵਾਲ
3.	ਗੋਰਾਯਾ (ਸਥਿਤ ਰੁੜਕਾ ਕਲਾਂ)	ਸਰਹਾਲੀ
4.	ਨਵਾਂ ਸ਼ਹਿਰ	ਸ਼ੇਖੂਪੁਰ ਬਾਗ
5.	ਫਿਲੌਰ	ਮੰਡੀ (ਨੇੜੇ ਅਪੜਾ)
6.	ਨਕੋਦਰ	ਗਾਂਧਰਾਂ
7.	ਭੋਗਪੁਰ	ਭੁਲੋਵਾਲ
8.	ਜਲੰਧਰ ਪੱਛਮੀ	ਲਾਂਬੜਾ
9.	ਸ਼ਾਹ ਕੋਟ	ਕੋਟਲੀ ਗੁਜਰਾਂ
10.	ਮੁਕੰਦਪੁਰ	ਸ਼ੇਖੂਪੁਰ
11.	ਜਲੰਧਰ ਪੂਰਬੀ	ਕੋਟਲੀ ਥਨ ਸਿੰਘ
	ਜ਼ਿਲ੍ਹਾ ਕਪੂਰਥਲਾ	
1.	ਫਗਵਾੜਾ	ਮਾਣੇਪੁਰ
2.	ਸੁਲਤਾਨਪੁਰ ਲੋਧੀ	ਵਟਾਂਵਾਲੀ
3.	ਕਪੂਰਥਲਾ	ਭੰਡਲ ਬੇਟ
4.	ਨਡਾਲਾ	ਦਿਲਵਾਂ
	ਜ਼ਿਲ੍ਹਾ ਲੁਧਿਆਣਾ	
1.	ਦੋਰਾਹਾ	ਮਹਿੰਗੇਵਾਲ
2.	ਸਿਧਵਾਂ ਬੇਟ	ਗਰੋਸੀਆਂ ਕਾਦਰ ਬਖਸ਼
3.	ਲੁਧਿਆਣਾ	ਸਰੀਕੇ
4.	ਸਮਰਾਲਾ	ਮੱਲਮਾਜਰਾ
5.	ਮਾਛੀਵਾੜਾ	ਖੇੜੀ ਨੌਧ ਸਿੰਘ
6.	ਪੱਖੋਵਾਲ	ਬੁਰਜ ਲਿਟਾਂ
7.	ਡੇਹਲੋਂ	ਖੇੜੀ ਪੰਡਰ
8.	ਸੁਧਾਰ	ਬੋਪਾ ਰਾਏ
9.	ਜਗਰਾਉਂ	ਕਾਉਕੇ ਕਲਾਂ
10.	ਮਾਂਗਟ	ਬੋਰਾ
	ਜ਼ਿਲ੍ਹਾ ਪਟਿਆਲਾ	
1.	ਸਰਹੰਦ	ਸਲਾਨਾ ਜੀਵਨ ਸਿੰਘ ਵਾਲਾ
2.	ਡੇਰਾ ਬੱਸੀ	ਨਾਗਲਾ
3.	ਭਾਦਸੋਂ (ਸਥਿਤ ਨਾਭਾ)	ਪੇਦਾਂ

[ਵਿਕਾਸ ਦੇ ਰਾਜ ਮੰਤਰੀ]

ਲੜੀ ਨੰ:	ਬਲਾਕ ਦਾ ਨਾਮ	ਜੈਯੰਤੀ ਪਿੰਡ ਦਾ ਨਾਮ
	ਜ਼ਿਲ੍ਹਾ ਪਟਿਆਲਾ—ਖਤਮ	
4.	ਪਟਿਆਲਾ	ਕਲਰ ਭੈਣੀ
5.	ਰਾਜਪੁਰਾ	ਅਲੂਨਾ
6.	ਬਸੀ ਪਠਾਨਾਂ	ਮੁਸਤਫ਼ਾਬਾਦ
7.	ਘਨੌਰ	ਮੰਦਲੀ
8.	ਭੁਨਰਹੇੜੀ	ਦੇਵੀਗੜ੍ਹ
9.	ਸਮਾਨਾ	ਬਾਮ੍ਹਨਾਂ
	ਜ਼ਿਲ੍ਹਾ ਰੋਪੜ	
1.	ਰੋਪੜ	ਕੋਟਲਾ ਨਿਹੰਗ
2.	ਚਮਕੌਰ ਸਾਹਿਬ	ਬੈਹਰਾਮਪੁਰ
3.	ਖਰੜ	ਖਾਨਪੁਰ
4.	ਮਾਜਰੀ	ਮਾਧੋ ਸੰਗਤਿਆਨਾ
5.	ਆਨੰਦਪੁਰ ਸਾਹਿਬ	ਅਗਮਪੁਰ
6.	ਨੂਰਪੁਰ ਬੇਦੀ	ਨੰਗਰਾਨ ਕਮਲੌਟ
	ਜ਼ਿਲ੍ਹਾ ਸੰਗਰੂਰ	
1.	ਸ਼ਹਿਣਾ	ਢਿਲਵਾਂ
2.	ਸੰਗਰੂਰ	ਅਲੌਰਖ
3.	ਸੁਨਾਮ	ਛਾਜ਼
4.	ਚੀਮਾ	ਤੋਲਾਵਾਲਾ
5.	ਮਹਿਲ ਕਲਾਂ	ਕਰਮਗੜ੍ਹ
6.	ਮਾਲੇਰਕੋਟਲਾ	ਸਰੌਦ
7.	ਧੂਰੀ	ਰੁਲਦੂ ਸਿੰਘਵਾਲਾ
8.	ਅਹਿਮਦਗੜ੍ਹ	ਲੋਹਟ ਬੱਦੀ
9.	ਲਹਿਰਾ ਗਾਗਾ	ਅਨਦਾਨਾ
10.	ਬਰਨਾਲਾ	ਭਾਟਲਾਂ

ਨੋਟ :—ਬਲਾਕਾਂ ਦੀ ਨਵੀਂ ਹੱਦਬੰਦੀ ਕਾਰਨ ਫ਼ਰੀਦਕੋਟ ਬਲਾਕ ਵਿਚੋਂ ਪਿੰਡ ਸੰਧਵਾਂ, ਖੂਈਆਂ ਸਰਵਰ ਬਲਾਕ ਵਿਚੋਂ ਵਰਿਆਮ ਖੇੜਾ, ਸਰੋਆ ਬਲਾਕ ਵਿਚੋਂ ਮਹਿੰਦਵਾਨੀ, ਸਮਰਾਲਾ ਬਲਾਕ ਵਿਚੋਂ ਮਲਮਾਜਰਾ ਅਤੇ ਮਹਿਲਕਲਾਂ ਬਲਾਕ ਵਿਚੋਂ ਪਿੰਡ ਕਰਮਗੜ੍ਹ ਨੂੰ ਬਦਲ ਕੇ ਕੋਟਕਪੂਰਾ, ਅਬੋਹਰ, ਬਲਾਚੌਰ, ਮਾਛੀਵਾੜਾ ਅਤੇ ਬਰਨਾਲਾ ਬਲਾਕ ਵਿੱਚ ਕਰ ਦਿੱਤਾ ਗਿਆ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਇਹ ਲਿਸਟ ਤਾਂ ਪਹਿਲਾਂ ਹੀ ਆਈ ਸੀ । 1972 ਦੇ ਸ਼ੁਰੂ ਕੀਤੇ ਹੋਏ ਪਿੰਡਾਂ ਵਿਚ ਕੰਮ ਨਹੀਂ ਹੋਇਆ ਹੈ, 1975 ਆ ਗਿਆ ਹੈ ਅਤੇ ਕਿਸੇ ਪਿੰਡ ਵਿਚ ਕੋਈ ਇੱਟ ਵੀ ਨਹੀਂ ਲੱਗੀ। ਇਸ ਦਾ ਕੀ ਕਾਰਨ ਹੈ ? ਕੀ ਕੰਮ ਸ਼ੁਰੂ ਹੀ ਨਹੀਂ ਹੋਇਆ ?

ਰਾਜ ਮੰਤਰੀ : ਸਪੀਕਰ ਸਾਹਿਬ, ਉਥੇ ਨਿਰੀਆਂ ਇੱਟਾਂ ਹੀ ਨਹੀਂ ਸੀ ਲਗਾਉਣੀਆਂ, ਹੋਰ ਵੀ ਕਾਫ਼ੀ ਕੰਮ ਕਰਨੇ ਸਨ । ਇਹ ਸਕੀਮ ਸਾਨੂੰ ਸੈਂਟਰ ਵੱਲੋਂ ਆਈ ਸੀ, ਲੇਕਿਨ ਜਦੋਂ ਅਸੀਂ ਉਨ੍ਹਾਂ ਤੋਂ ਡਿਮਾਂਡ ਕੀਤੀ ਕਿ ਇਸ ਦੇ ਵਾਸਤੇ ਸਾਢੇ 13 ਲੱਖ ਰੁਪਿਆ ਚਾਹੀਦਾ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਹਰ ਸੂਬੇ ਦੀਆਂ ਜਿਹੜੀਆਂ ਆਪਣੀਆਂ ਸਕੀਮਾਂ ਹਨ, ਉਨ੍ਹਾਂ ਦੇ ਵਿਚੋਂ ਹੀ ਇਹ ਡਿਵੈਲਪਮੈਂਟ ਕਰਨੀ ਹੈ ਤੇ ਉਨ੍ਹਾਂ ਵਿਚੋਂ ਡਿਵੈਲਪਮੈਂਟ ਦੀ ਸਕੀਮ ਨੂੰ ਪਹਿਲ ਦਿੱਤੀ ਜਾਵੇ । ਅਸੀਂ 31 ਅਕਤੂਬਰ, 1973 ਦੀ ਕੇਬਨਿਟ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਹੈ ਕਿ ਹਰ ਡਿਪਾਰਟਮੈਂਟਸ ਦੇ ਜਿਹੜੇ ਜਿਹੜੇ ਕੰਮ ਹਨ, ਉਹ ਕੰਮ ਕਰਨ ਅਤੇ ਜਿਸ ਤਰ੍ਹਾਂ ਪੀਣ ਦੇ ਪਾਣੀ ਦਾ ਪ੍ਰਬੰਧ ਕਰਨਾ, ਮਕਾਨ ਬਣਾਉਣਾ ਪ੍ਰਾਇਮਰੀ ਸਕੂਲਾਂ ਦਾ ਖੋਲ੍ਹਣਾ, ਸਕੂਲਾਂ ਦੀਆਂ ਬਿਲਡਿੰਗਜ਼ ਨੂੰ ਸੁਧਾਰਨਾ, ਸੜਕਾਂ ਦੀਆਂ ਨਾਲੀਆਂ ਪੱਕੀਆਂ ਕਰਨਾ ਆਦਿ ਬਿਜਲੀ, ਵੈਟਰਨਰੀ ਡਿਸਪੈਂਸਰੀਆਂ, ਪੰਚਾਇਤ ਘਰ, ਸਿਵਲ ਡਿਸਪੈਂਸ-ਰੀਆਂ ਅਤੇ ਹਰੀਜਨ ਧਰਮਸ਼ਾਲਾ ਦਾ ਕੰਮ ਅੱਡ ਕਰਕੇ ਕੀਤਾ ਹੈ । ਪਿਛਲੇ ਸਾਲ ਸਾਢੇ 16 ਲੱਖ ਰੁਪਿਆ ਸਾਰਾ ਮਿਲਿਆ ਸੀ ਅਤੇ ਉਹ ਮੈਂ 33 ਜੈਯੰਤੀ ਪਿੰਡਾਂ ਨੂੰ ਦਿੱਤਾ ਹੈ, ਅਗਾਂਹ ਮਿਲੇਗਾ ਤਾਂ 50 ਹਜ਼ਾਰ ਪ੍ਰਤੀ ਪਿੰਡ ਦੇ ਹਿਸਾਬ ਨਾਲ ਉਨ੍ਹਾਂ ਪਿੰਡਾਂ ਨੂੰ ਦੇਵਾਂਗਾ ।

आचार्य पृथ्वी सिंह आज़ाद : ज़िला रोपड़ के चमकौर साहिब बलाक में बेहरामपुर, खरड़ बलाक में खानपुर, माजरी बलाक में मुंधों संगतियां और माछीवाड़ा बलाक में खेड़ी नौध सिंह को बड़ी कृपापूर्वक जैयंती विलेजिज़ बनाया गया है । क्या इन गावों में या किसी एक गांव में काम हुआ है और अगर हुआ है तो क्या काम हुआ है ?

ਰਾਜ ਮੰਤਰੀ: ਇਸ ਦੀ ਡਿਟੇਲ ਤਾਂ ਮੇਰੇ ਪਾਸ ਨਹੀਂ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਆਪਦੇ ਰਾਹੀਂ ਮੰਤਰੀ ਮਹੋਦਯ ਤੋਂ ਪੁਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਜ਼ਿਲਾ ਬਠਿੰਡਾ ਦੇ ਨਥਾਣਾ ਬਲਾਕ ਵਿਚ ਪਿੰਡ ਬਜੋਵਾਲਾ ਦੀ ਥਾਂ ਪਿੰਡ ਸੇਮਾ ਨੂੰ ਜੈਯੰਤੀ ਵਿਲੇਜ ਵਿਚ ਬਦਲਣ ਦਾ ਫ਼ੈਸਲਾ ਕੀਤਾ ਗਿਆ ਸੀ। ਉਨ੍ਹਾਂ ਦੇ ਕਹਿਣ ਦੇ ਮੁਤਾਬਿਕ ਹਰੀਜਨਾਂ ਦੀਆਂ ਗਲੀਆਂ ਮੁਹੱਲੇ ਪੱਕੇ ਕਰ ਦਿੱਤੇ ਜਾਣਗੇ। ਕੀ ਹੁਣ ਤੱਕ ਉਸ ਪਿੰਡ ਦੇ ਹਰੀਜਨ ਮੁਹੱਲਿਆਂ ਵਿਚ ਕੋਈ ਸੁਧਾਰ ਹੋਇਆ ਹੈ ਜਾਂ ਉਹ ਉਸੇ ਤਰ੍ਹਾਂ ਹੀ ਹੈ ?

ਰਾਜ ਮੰਤਰੀ : ਇਕੱਲੇ ਇਕੱਲੇ ਪਿੰਡ ਦੀ ਮੇਰੇ ਪਾਸ ਇਸ ਵੇਲੇ ਕੋਈ ਇਨਫ਼ਰਮੇਸ਼ਨ ਨਹੀਂ ਹੈ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਇਹ ਸਕੀਮ ਸੈਂਟਰ ਸਰਕਾਰ ਦੇ ਹੁਕਮ ਨਾਲ ਤਿਆਰ ਕੀਤੀ ਗਈ ਸੀ ਜਿਸ ਤੇ ਕੋਈ $3\frac{1}{2}$ ਕਰੋੜ ਰੁਪਿਆ ਖਰਚ ਆਉਣਾ ਸੀ ਅਤੇ ਇਸ ਵਿਚੋਂ ਸਿਰਫ਼ 16 ਲੱਖ ਰੁਪਿਆ ਹੀ ਵੰਡਿਆ ਗਿਆ ਹੈ, ਕੀ ਸਰਕਾਰ ਇਸ ਸਾਲ ਵੱਖੋ ਵੱਖ ਡਿਪਾਰਟਮੈਂਟ ਦੇ ਜ਼ਰੀਏ ਜਿਤਨੇ ਜੈਯੰਤੀ ਵਿਲੇਜਿਜ਼ ਕਰਾਰ ਦਿੱਤੇ ਗਏ ਹਨ, ਉਨ੍ਹਾਂ ਜੈਯੰਤੀ ਪਿੰਡਾਂ ਦੀਆਂ ਸਾਰੀਆਂ ਸਕੀਮਾਂ ਪੂਰੀਆਂ ਕਰ ਦੇਵੇਗੀ ?

ਰਾਜ ਮੰਤਰੀ : ਕੈਬਨਿਟ ਲੈਵਲ ਤੇ ਫੈਸਲਾ ਹੋਇਆ ਹੈ ਕਿ ਇਨ੍ਹਾਂ ਇਨ੍ਹਾਂ ਪਿੰਡਾਂ ਦੇ ਵਿਚ ਫੈਸਿਲਿਟੀਜ਼ ਪਰੋਵਾਈਡ ਕਰਨੀਆਂ ਹਨ ਅਤੇ ਇਨ੍ਹਾਂ ਨੂੰ ਜੋ ਵੀ ਡਿਪਾਰਟਮੈਂਟਲ ਸਕੀਮਜ਼ ਦਿੱਤੀਆਂ ਜਾਣਗੀਆਂ, ਪਹਿਲ ਦਿੱਤੀ ਜਾਵੇਗੀ। ਮੇਰੇ ਪਾਸ ਇਕ ਡੀਟੇਲਡ ਲਿਸਟ ਹੈ, ਜੇ ਕਹੋ ਤਾਂ ਮੈਂ ਪੜ੍ਹ ਕੇ ਵੀ ਸੁਣਾ ਸਕਦਾ ਹਾਂ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜਾ ਇਨ੍ਹਾਂ ਨੇ ਜੈਯੰਤੀ ਪਿੰਡਾਂ ਦਾ ਥੋਥਾ ਰਾਗ ਅਲਾਪਿਆ ਸੀ, ਕੀ ਜੈਯੰਤੀ ਪਿੰਡਾਂ ਦੀ ਥਾਂ ਇਹ ਕੋਈ ਹੋਰ ਚੰਗੀ ਸਕੀਮ ਦੇਣਗੇ ਤਾਂ ਜੋ ਸਾਰੇ ਪਿੰਡਾਂ ਦਾ ਹੀ ਸੁਧਾਰ ਹੋਵੇ ?

ਰਾਜ ਮੰਤਰੀ : ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਕੋਈ 80 ਫ਼ੀਸਦੀ ਲੋਕ ਪਿੰਡਾਂ ਦੇ ਵਿਚ ਵਸਦੇ ਹਨ, ਅਸੀਂ ਚਾਹੁੰਦੇ ਹਾਂ ਕਿ ਪਹਿਲਾਂ ਉਨ੍ਹਾਂ ਦਾ ਵਿਕਾਸ ਕੀਤਾ ਜਾਣਾ ਲਾਜ਼ਮੀ ਹੈ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਤਨੇ ਵੀ ਡਿਵੈਲਪਮੈਂਟ ਦੇ ਪਰੋਗਰਾਮ ਹਨ ਉਹ ਏਥੋਂ ਹੀ ਸ਼ੁਰੂ ਕਰਦੇ ਹਨ, ਖਾਸ ਤੌਰ ਤੇ ਬਾਰਡਰ ਏਰੀਆ ਅਤੇ ਸਬਮਾਉਂਟੇਨਿਸ ਏਰੀਆ ਨੂੰ ਸਭ ਤੋਂ ਪਹਿਲ ਦੇਣੀ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਵਜ਼ੀਰ ਸਾਹਿਬ ਨੇ ਆਪਣੇ ਜਵਾਬ ਦੇ ਵਿਚ ਹੁਣ ਤਾਈਂ 16 ਲੱਖ ਰੁਪਿਆ ਵੰਡਣ ਬਾਰੇ ਫਰਮਾਇਆ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਇਨ੍ਹਾਂ ਪਿੰਡਾਂ ਨੂੰ ਵੰਡਿਆ ਗਿਆ ਉਹ ਕਿਸ ਆਧਾਰ ਤੇ ਵੰਡਿਆ ਗਿਆ ਹੈ ?

ਰਾਜ ਮੰਤਰੀ : ਮੈਂ ਦਸਿਆ ਹੈ ਕਿ ਜੈਯੰਤੀ ਪਿੰਡਾਂ ਵਿਚ ਜੋ ਡਿਪਾਰਟਮੈਂਟ ਦਾ ਗਲੀਆਂ ਪੱਕੀਆਂ ਕਰਨ ਦਾ ਪਰੋਗਰਾਮ ਸੀ, ਉਹ ਦੇ ਦਿੱਤੀਆਂ, ਅਗਲੇ ਸਾਲ ਉਨ੍ਹਾਂ ਨੂੰ ਡਿਸਪੈਂਸਰੀਆਂ ਦੇ ਦਿੱਤੀਆਂ ਜਾਣਗੀਆਂ ਅਤੇ ਜਿਥੇ ਇਸ ਸਾਲ ਡਿਸਪੈਂਸਰੀਆਂ ਬਣ ਗਈਆਂ ਅਗਲੇ ਸਾਲ ਉਨ੍ਹਾਂ ਦੀਆਂ ਗਲੀਆਂ ਵੀ ਪੱਕੀਆਂ ਕਰ ਦਿੱਤੀਆਂ ਜਾਣਗੀਆਂ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਆਪਦੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕੁਝ ਪਿੰਡਾਂ ਦਾ ਕੰਮ ਕਰ ਦਿੱਤਾ ਗਿਆ ਹੈ ਅਤੇ ਕੁਝ ਰਹਿੰਦੇ ਹਨ, ਕੀ ਅਗੋਂ ਲਈ ਬਾਰਡਰ ਏਰੀਆਂ ਦੇ ਪਿੰਡਾਂ ਨੂੰ ਪਹਿਲ ਦਿੱਤੀ ਜਾਵੇਗੀ, ਇਹ ਇਲਾਕੇ ਅਗੇ ਤੋਂ ਹੀ ਪਛੜੇ ਹੋਏ ਹਨ ?

ਰਾਜ ਮੰਤਰੀ : ਇਸ ਬਾਰੇ ਸਰਕਾਰ ਦੀ ਪਾਲਿਸੀ ਮੈਂ ਪਹਿਲਾਂ ਹੀ ਦਸ ਚੁੱਕਾ ਹਾਂ ।

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਦਸਿਆ ਕਿ ਹੁਣ ਤੱਕ ਜੈਯੰਤੀ ਪਿੰਡਾਂ ਨੂੰ 16 ਲੱਖ ਰੁਪਿਆ ਵੰਡਿਆ ਗਿਆ ਹੈ। ਕੀ ਜੋ ਤਖਮੀਨਾ ਇਨ੍ਹਾਂ ਨੇ ਸਾਰੇ ਪਿੰਡਾਂ ਦੇ ਸੁਧਾਰ ਦੇ ਲਈ ਬਣਾਇਆ ਹੈ ਉਹ ਦੇ ਵਿਚ ਹੀ ਸਾਰਾ ਕੰਮ ਹੋ ਸਕੇਗਾ, ਕਿਉਂਕਿ ਅਜ ਕੱਲ ਮਹਿੰਗਾਈ ਇਤਨੀ ਵਧ ਗਈ ਹੈ ਅਤੇ ਤਖਮੀਨਾ ਪਿਛਲੇ ਕਈ ਸਾਲਾਂ ਦਾ ਹੈ ?

ਰਾਜ ਮੰਤਰੀ : ਇਹ ਤਖਮੀਨਾ ਕੋਈ ਬਹੁਤਾ ਪਹਿਲਾਂ ਨਹੀਂ ਬਣਾਇਆ, ਪਿਛਲੇ ਸਾਲ ਹੀ ਬਣਾਇਆ ਹੈ ਅਤੇ ਬਣਾਉਣ ਤੋਂ ਬਾਦ ਹੀ ਦਿਹਾਤੀ ਸੁਧਾਰ ਦਾ ਕੰਮ ਸ਼ੁਰੂ ਕੀਤਾ ਹੈ।

ਚੌਧਰੀ ਸੁੰਦਰ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਜੈਯਤੀ

ਪਿੰਡ ਬਣਾਏ ਸਨ ਉਹ ਤਾਂ ਸਾਰੇ ਢਹਿ ਢੇਰੀ ਹੋ ਗਏ ਹਨ ਅਤੇ ਕਾਬਲੇ ਰੀਪੇਅਰ ਹਨ, ਕੀ ਸਰਕਾਰ ਨੇ ਉਨ੍ਹਾਂ ਦੀ ਮੈਨਟੇਨੈਂਸ ਵਾਸਤੇ ਵੀ ਕੋਈ ਰਕਮ ਰੱਖੀ ਹੈ ? (ਹਾਸਾ)

ਸ਼੍ਰੀ ਸਪੀਕਰ : ਜੈਯੰਤੀ ਪਿੰਡ ਨਹੀਂ, ਮਾਡਲ ਵਿਲੇਜ ਢੱਠੇ ਹਨ (ਹਾਸਾ) (These are Model Villages and not Jayanti Villages which have suffered loss and need maintenance.) (*Laughter*)

ਸਰਦਾਰ ਬਸੰਤ ਸਿੰਘ ਖਾਲਸਾ : ਜੈਯੰਤੀ ਪਿੰਡਾਂ ਦੀ ਸਕੀਮ ਤਾਂ ਚੰਗੀ ਨਹੀਂ ਸੀ ਇਹ ਸੈਂਟਰ ਦੀ ਸਰਕਾਰ ਨੇ ਬਦੋ ਬਦੀ ਸਾਨੂੰ ਦਿੱਤੀ ਸੀ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਮਾਡਲ ਗਰਾਮ ਦੀ ਸਕੀਮ ਹੈ ਕੀ ਜਿਹੜੇ ਪਿੰਡ ਰਹਿੰਦੇ ਹਨ ਸਰਕਾਰ ਉਨ੍ਹਾ ਦੀ ਡਿਵੈਲਪਮੈਂਟ ਦਾ ਕੰਮ ਸਿਰੇ ਚਾੜ੍ਹੇਗੀ ?

ਰਾਜ ਮੰਤਰੀ : ਜਿਹੜੀ ਮਾਡਲ ਵਿਲੇਜ ਸਕੀਮ ਸੀ, ਉਸ ਦੇ ਰਾਹੀਂ ਇਕ ਇਕ ਪਿੰਡ ਮਾਡਲ ਬਣਨਾ ਸੀ, ਪਰ ਤੁਹਾਡੀ ਸਰਕਾਰ ਨੇ ਜੋ ਫ਼ੰਡ ਰਖੇ ਸੀ ਓਹ ਤਕਰੀਬਨ ਸਾਢੇ ਨੌਂ ਸੌ ਪਿੰਡਾਂ ਦੇ ਵਾਸਤੇ ਹੀ ਸੀ। ਉਹ ਸਰਕਾਰ ਤਾਂ ਚਲੀ ਗਈ (**ਇਕ ਮਾਨਯੋਗ ਮੰਬਰ :** ਨਾ ਅੱਗੋ ਨੂੰ ਇਨ੍ਹਾਂ ਨੇ ਆਉਣਾ ਹੈ ।) (ਹਾਸਾ) ਫੇਰ ਜੈਯੰਤੀ ਪਿੰਡਾਂ ਲਈ ਪਰੋਵੀਜ਼ਨ ਕੀਤੀ ਉਸ ਪੈਸੇ ਨਾਲ ਕੁਝ ਤਾਂ ਡਿਵੈਲਪਮੈਂਟ ਦਾ ਕੰਮ ਹੋ ਗਿਆ ਹੈ ਅਤੇ ਕੁਝ ਹੋਣਾ ਬਾਕੀ ਹੈ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਕੁਲ $16\frac{1}{2}$ ਕਰੋੜ ਰੁਪਿਆ ਪਰੋਵਾਈਡ ਕੀਤਾ ਹੈ ਅਤੇ ਇਸ ਵਿਚੋਂ 16 ਲੱਖ ਰੁਪਿਆ ਹੀ ਖਰਚ ਹੋਇਆ ਹੈ । ਇਸੇ ਤਰ੍ਹਾਂ ਕੀ ਵਜ਼ੀਰ ਸਾਹਿਬ ਦਸਣਗੇ ਕਿ ਇਸ ਸਕੀਮ ਨੂੰ ਸਿਰੇ ਲਾਉਣ ਲਈ 100 ਸਾਲ ਲਗਣਗੇ ? ਕੀ ਇਹ ਵੀ ਦਰੁਸਤ ਹੈ ਕਿ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਜੈਯੰਤੀ ਪਿੰਡਾਂ ਵਿਚ ਹੀ ਸਕੀਮਜ਼ ਜਾਰੀ ਕੀਤੀਆਂ ਜਾਣਗੀਆਂ ?

ਰਾਜ ਮੰਤਰੀ : ਉਨ੍ਹਾਂ ਨੇ 100 ਸਾਲ ਕਹੇ ਹਨ ਕੰਮ ਤਾਂ ਅਜੇ ਪਿਛਲੇ ਸਾਲ ਦਾ ਸ਼ੁਰੂ ਹੋਇਆ ਹੈ ਅਤੇ ਅੱਧੀ ਤੋਂ ਵੱਧ ਡਿਵੈਲਪਮੈਂਟ ਹੋ ਚੁੱਕੀ ਹੈ। 117 ਪਿੰਡਾਂ ਵਿਚੋਂ 115 ਪਿੰਡਾਂ ਵਿਚ ਪ੍ਰਾਇਮਰੀ ਸਕੂਲ ਖੁਲ੍ਹ ਜਾਣਗੇ, 98 ਸਕੂਲਾਂ ਵਿਚ ਵਾਧੂ ਕਮਰੇ ਬਣਾਉਣੇ ਸੀ ਉਹ ਬਣਾਏ ਗਏ ਹਨ । 317 ਪਿੰਡਾਂ ਵਿਚ ਸੜਕਾਂ ਬਣਾਈਆਂ ਸੀ 299 ਵਿਚ ਬਣ ਚੁਕੀਆਂ ਹਨ ਅਤੇ 18 ਵਿਚ ਨਹੀਂ ਬਣੀਆਂ । 117 ਪਿੰਡਾਂ ਵਿਚੋਂ 92 ਪਿੰਡਾਂ ਵਿਚ ਬਿਜਲੀ ਚਲੀ ਗਈ ਹੈ ਬਾਕੀ ਦੀਆਂ ਐਪਲੀਕੇਸ਼ਨਜ਼ ਤੇ ਗ਼ੌਰ ਕੀਤਾ ਜਾ ਰਿਹਾ ਹੈ। 118 ਪਿੰਡਾਂ ਵਿਚੋਂ 43 ਵਿੱਚ ਵੈਟਰਨਰੀ ਹਸਪਤਾਲ ਖੋਲ੍ਹ ਦਿੱਤੇ ਗਏ ਹਨ । ਸਿਵਲ ਡਿਸਪੈਂਸਰੀਜ਼ 117 ਵਿਚੋਂ 46 ਵਿਚ ਖੋਲ੍ਹ ਦਿੱਤੀਆਂ ਗਈਆਂ ਹਨ। ਇਸ ਸਾਲ ਹੈਲਥ ਡਿਪਾਰਟਮੈਂਟ ਨੇ 16 ਹੋਰ ਪਿੰਡਾਂ ਦੇ ਵਿਚ ਡਿਸਪੈਂਸਰੀਆਂ ਖੋਲ੍ਹਣ ਦੀ ਸਿਫ਼ਾਰਸ਼ ਕੀਤੀ ਹੈ ਉਥੇ ਵੀ ਖੋਲ੍ਹ ਦਿੱਤੀਆਂ ਜਾਣਗੀਆਂ ਇਸੇ ਤਰ੍ਹਾਂ ਹਰੀਜਨ ਧਰਮਸ਼ਾਲਾਵਾਂ 117 ਪਿੰਡਾਂ ਵਿਚੋਂ 58 ਪਿੰਡਾਂ ਵਿਚ ਬਣ ਚੁਕੀਆਂ ਹਨ ਅਤੇ 51 ਪਿੰਡਾਂ ਵਿਚ ਇਸ ਸਾਲ ਬਣ ਜਾਣਗੀਆਂ। ਇਸੇ ਤਰ੍ਹਾਂ ਬਾਕੀ ਜੋ ਚੀਜ਼ਾਂ ਹਨ ਉਹ ਵੀ ਜਲਦੀ ਹੀ ਹੋ ਜਾਣਗੀਆਂ ।

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਇਥੇ ਹੁਣੇ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੈਯੰਤੀ ਪਿੰਡਾਂ ਵਿਚ ਹਰੀਜਨ ਧਰਮਸ਼ਾਲਾਵਾਂ ਬਣਾ ਦਿੱਤੀਆਂ ਹਨ, ਪਰ ਮੇਰੇ ਹਲਕੇ ਭਦੌੜ ਵਿਚ ਇਕ ਪਿੰਡ ਦਿਲਵਾਂ ਵਿਚ ਇਹ ਧਰਮਸ਼ਾਲਾ ਬਣਨੀ ਸੀ ਅਤੇ ਅਜੇ ਤਕ ਉਥੇ ਨਹੀਂ ਬਣੀ ਇਸ ਦਾ ਕੀ ਕਾਰਣ ਹੈ ?

ਰਾਜ ਮੰਤਰੀ : ਮੈਨੂੰ ਇਸ ਗੱਲ ਦਾ ਪਤਾ ਨਹੀਂ ਹੈ, ਪਰ ਮੈਂ ਪੜਤਾਲ ਕਰਵਾ ਕੇ ਦਸ ਦਿਆਂਗਾ ਕਿ ਕਿਉਂ ਨਹੀਂ ਬਣੀ ਅਤੇ ਜੇਕਰ ਬਣਨੀ ਹੈ ਤਾਂ ਕਦ ਤਕ ਬਣਨੀ ਹੈ।

ਕਾਮਰੇਡ ਸਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਇਹ ਕਿਹਾ ਹੈ ਕਿ ਧਰਮਸ਼ਾਲਾਵਾਂ ਬਣਾਈਆਂ, ਬਿਜਲੀ ਦਿੱਤੀ, ਇਹ ਤਾਂ ਸਾਰੇ ਰੁਟੀਨ ਦੇ ਕੰਮ ਹੋਏ ਹਨ, ਭਾਵੇਂ ਇਹ ਪਿੰਡ ਜੈਯੰਤੀ ਵਿਲੇਜਿਜ਼, ਬਣਦੇ ਭਾਵੇਂ ਨਾਂ, ਇਹ ਸਹੂਲਤਾਂ ਇਨ੍ਹਾਂ ਨੂੰ ਮਿਲ ਜਾਣੀਆਂ ਸੀ। ਪਰ ਜਿਹੜੀਆਂ ਸਹੂਲਤਾਂ ਜੈਯੰਤੀ ਵਿਲੇਜਿਜ਼ ਸਕੀਮ ਦੇ ਤਹਿਤ ਉਨ੍ਹਾਂ ਨੂੰ ਮਿਲਣੀਆਂ ਚਾਹੀਦੀਆਂ ਸਨ, ਉਹ ਨਹੀਂ ਮਿਲੀਆਂ, ਕੀ ਇਹ ਹਕੀਕਤ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਇਹ ਇਨਫਰਮੇਸ਼ਨ ਦਿੱਤੀ ਹੈ ਕਿ ਇਹ ਸਾਰੇ ਕੰਮ ਰੁਟੀਨ ਵਿਚ ਹੋਏ ਹਨ। (ਹਾਸਾ) ਮੈਂ ਪੜਤਾਲ ਕਰਵਾ ਲਵਾਂਗਾ ਕਿ ਕਿਹੜੀਆਂ ਕਿਹੜੀਆਂ ਸਹੂਲਤਾਂ ਦੇ ਦਿੱਤੀਆਂ ਹਨ ਅਤੇ ਮਜ਼ੀਦ ਕਿਹੜੀਆਂ ਕਿਹੜੀਆਂ ਕਦੋਂ ਤਕ ਦੇਣੀਆਂ ਹਨ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਹਰ ਇਕ ਐਮ. ਐਲ. ਏ ਤੋਂ ਉਸਦੇ ਹਲਕੇ ਦਾ ਇੱਕ ਪਿੰਡ ਪੁਛ ਕੇ ਜੈਂਤੀ ਸਕੀਮ ਵਿਚ ਸ਼ਾਮਲ ਕੀਤਾ ਜਾਵੇ। ਮੈਂ ਆਪਣੇ ਹਲਕੇ ਸਮਾਣਾ ਤੋਂ ਪਿੰਡ ਥਮਨਾ ਰਿਕਮੈਂਡ ਕੀਤਾ ਸੀ, ਉਸ ਪਿੰਡ ਵਿਚ 38 ਬੰਦੇ ਫ਼ਰੀਡਮ ਫ਼ਾਈਟਰਜ਼ ਹਨ ਅਤੇ ਕਾਮਰੇਡ ਜੰਗੀਰ ਸਿੰਘ ਜੋਗਾ ਦਾ ਨਾਨਕਾ ਪਿੰਡ ਹੈ, ਇਸ ਲਈ ਮੈਂ ਉਹ ਰਿਕਮੈਂਡ ਕੀਤਾ ਸੀ, ਪਰ ਉਹ ਹੁਣ ਸਕੀਮ ਵਿਚ ਨਹੀਂ ਰਖਿਆ ਗਿਆ, ਇਸ ਦਾ ਕੀ ਕਾਰਣ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ ਬਲਾਕਾਂ ਦੀ ਨਵੀਂ ਹਦ ਬੰਦੀ ਹੋਣ ਕਰਕੇ, ਜੈਯੰਤੀ ਪਿੰਡਾਂ ਵਿਚ ਕੁਝ ਤਬਦੀਲੀਆਂ ਕਰਨੀਆਂ ਪਈਆਂ ਹਨ। ਮੇਰੇ ਕੋਲ ਇਕ ਲਿਸਟ ਹੈ, ਮੈਂ ਇਹ ਪੜ੍ਹ ਦਿੰਦਾਂ ਹਾਂ ਕਿ ਬਲਾਕਾਂ ਦੀ ਨਵੀਂ ਹੱਦ ਬੰਦੀ ਕਾਰਨ ਫਰੀਦਕੋਟ ਬਲਾਕ ਵਿਚੋਂ ਪਿੰਡ ਸੰਧਵਾਂ, ਖੂਈਆਂ ਸਰਵਰ ਬਲਾਕ ਵਿਚੋਂ ਵਰਿਆਮ ਖੇੜਾ, ਸਰੋਆ ਬਲਾਕ ਵਿਚੋਂ ਮਹਿੰਦਵਾਨੀ, ਸਮਰਾਲਾ ਬਲਾਕ ਵਿਚੋਂ ਮੱਲ ਮਾਜਰਾ ਅਤੇ ਮਹਿਲ ਕਲਾਂ ਬਲਾਕ ਵਿਚੋਂ ਪਿੰਡ ਕਰਮਗੜ੍ਹ ਨੂੰ ਬਦਲ ਕੇ ਕੋਟ ਕਪੂਰਾ, ਅਬੋਹਰ, ਬਲਾਚੌਰ, ਮਾਛੀਵਾੜਾ ਅਤੇ ਬਰਨਾਲਾ ਬਲਾਕ ਵਿਚ ਕਰ ਦਿੱਤਾ ਗਿਆ ਹੈ।

ਚੌਧਰੀ ਜਗਤ ਰਾਮ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂਕਿ ਇਹ ਜੋ ਜੈਯੰਤੀ ਪਿੰਡ ਬਣਨੇ ਸੀ, ਕੀ ਇਨ੍ਹਾਂ ਦੀ ਚੋਣ ਹਲਕੇ ਵਾਰ ਕੀਤੀ ਗਈ ਹੈ। ਜਾਂ ਬਲਾਕ ਵਾਈਜ਼ ? ਕਿਸੇ ਹਲਕੇ ਵਿਚੋਂ ਤਾਂ ਬਹੁਤ ਸਾਰੇ ਪਿੰਡ ਲੈ ਲਏ ਗਏ ਹਨ ਪਰ ਕਿਸੇ ਵਿਚੋਂ ਕੋਈ ਵੀ ਨਹੀਂ ਲਿਆ ਗਿਆ, ਇਸ ਦਾ ਕੀ ਕਾਰਣ ਹੈ ?

ਸ੍ਰੀ ਸਪੀਕਰ : ਤੁਸੀਂ ਇਨਵਾਇਰਨਮੈਂਟਲ ਸਕੀਮ ਦੀ ਗੱਲ ਕਰ ਰਹੇ ਹੋ। (You are talking about the Environmental Scheme.)

ਚੌਧਰੀ ਜਗਤ ਰਾਮ : ਹਾਂ ਜੀ, ਬਸਤੀ ਸੁਧਾਰ ਸਕੀਮ ਵਿਚ ਕਿਸੇ ਹਲਕੇ ਵਿਚੋਂ ਬੇਹਿਸਾਬ ਪਿੰਡ ਲੈ ਲਏ ਗਏ ਹਨ ਅਤੇ ਕਿਸੇ ਵਿਚੋਂ ਕੋਈ ਵੀ ਨਹੀਂ ਲਿਆ ਗਿਆ।

ਰਾਜ ਮੰਤਰੀ : ਸਪੀਕਰ ਸਾਹਿਬ, ਸਿਰਫ਼ ਇਕ ਸਪਲੀਮੈਂਟਰੀ ਦਾ ਸਬੰਧ ਮੇਰੇ ਸਵਾਲ ਨਾਲ ਹੈ ਅਤੇ ਉਸ ਦਾ ਜਵਾਬ ਮੈਂ ਦੇਣਾ ਚਾਹੁੰਦਾ ਹਾਂ ਕਿ ਜੈਅੰਤੀ ਪਿੰਡਾਂ ਦੀ ਚੋਣ ਬਲਾਕ ਵਾਈਜ਼ ਹੁੰਦੀ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਮਨਿਸਟਰ ਸਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਾਰੇ ਪੰਜਾਬ ਵਿਚ ਜੈਯੰਤੀ ਵਿਲੇਜਿਜ਼ ਬਣਾਉਣ ਦੀ ਸਕੀਮ ਬਣਾਈ ਹੈ, ਪਰ ਕੀ ਇਹ ਦਸਣ ਦੀ ਖੇਚਲ ਕਰਨਗੇ ਕਿ ਸਾਰੇ ਪੰਜਾਬ ਵਿਚੋ ਕੋਈ ਇਕ ਵੀ ਪਿੰਡ ਅਜਿਹਾ ਹੈ ਜਿਥੇ ਕਿ ਸਾਰੀਆਂ ਸਹੂਲਤਾਂ ਦੇ ਦਿੱਤੀਆਂ ਗਈਆਂ ਹੋਣ ਅਤੇ ਕੰਪਲੀਟ ਜੈਯੰਤੀ ਵਿਲੇਜ ਬਣ ਗਿਆ ਹੋਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਕੰਮ ਅਸੀਂ ਪਿਛਲੇ ਸਾਲ ਹੀ ਸ਼ੁਰੂ ਕੀਤਾ ਸੀ ਅਤੇ ਇਹ ਪਿੰਡ ਦੀ ਕਾਫ਼ੀ ਲੰਬੀ ਲਿਸਟ ਹੈ, ਇਸ ਕਰਕੇ ਇਹ ਕੰਮ ਇੰਨੀ ਛੇਤੀ ਖ਼ਤਮ ਨਹੀਂ ਹੋ ਸਕਦਾ। ਮੈਂ ਸਿਰਫ਼ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਿੰਡਾਂ ਨੂੰ ਪਹਿਲ ਦਿੱਤੀ ਜਾਵੇਗੀ।

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜੋ ਜੈਯੰਤੀ ਵਿਲੇਜਿਜ਼ ਨੂੰ ਫੈਸਿਲਿਟੀਜ਼ ਦਿੱਤੀਆਂ ਜਾਣ ਦੀ ਸਕੀਮ ਹੈ. ਉਹ ਇਹ ਬੇਸਿਕ ਫੈਸਿਲਿਟੀਜ਼ ਹਨ ਜੋ ਕਿ ਆਜ਼ਾਦ ਦੇਸ਼ ਦੇ ਹਰ ਇਕ ਵਾਸੀ ਦਾ ਹੱਕ ਹੈ। ਇਸ ਲਈ ਇਹ ਪੰਜਾਬ ਦੇ ਸਾਰੇ ਸ਼ਹਿਰੀਆਂ ਨੂੰ ਇਹ ਫ਼ੈਸਿਲਿਟੀਜ਼ ਕਦ ਤਕ ਮੁਹੱਈਆ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਕੁਝ ਸਮਾਂ ਪਹਿਲਾਂ ਹੀ ਕਮਿਊਨਿਟੀ ਡਿਵੈਲਪਮੈਂਟ ਦਾ ਮਹਿਕਮਾ ਇੰਡੀਪੈਂਡੈਂਟ ਤੌਰ ਤੇ ਮੇਰੇ ਚਾਰਜ ਵਿਚ ਆਇਆ ਹੈ। ਜਿਹੜੀ ਜ਼ਮੀਨ ਇਸ ਕੋਲ ਸੀ ਉਹ 7,36,733 ਏਕੜ ਸੀ, ਜਿਸ ਵਿਚੋਂ ਸਿਰਫ਼ ਆਕਸ਼ਨ ਹੁੰਦੀ ਸੀ, 1,80,000 ਏਕੜ ਅਤੇ 51 ਹਜ਼ਾਰ ਏਕੜ ਕਲਟੀਵੇਬਲ ਲੈਂਡ ਵੇਸਟ ਪਈ ਰਹਿੰਦੀ ਸੀ। ਇਹ ਅੰਕੜੇ ਹਨ ਪਰ ਮੈਨੂੰ ਆਪ ਵੀ ਇਨ੍ਹਾਂ ਨਾਲ ਤਸੱਲੀ ਨਹੀਂ। 31 ਹਜ਼ਾਰ ਏਕੜ ਤੇ ਨਜਾਇਜ਼ ਕਬਜ਼ੇ ਸੀ। ਪਿਛਲੇ ਸਾਲ ਇਸ ਜ਼ਮੀਨ ਤੋਂ ਆਮਦਨ ਮੈਂ ਜਿਹੜੀ ਲਈ ਉਹ ਸੀ 3 ਕਰੋੜ ਅਤੇ ਇਸ ਸਾਲ ਲੈਣੀ ਹੈ 5 ਕਰੋੜ (ਥੰਪਿੰਗ) ਇਥੇ ਇਕ ਲੱਖ ਦੇ ਟੈਕਸ ਲਗ ਜਾਣ ਤਾਂ ਹਾਏ ਤੋਬਾ ਹੁੰਦਾ ਹੈ। ਮੈਂ ਆਪਣੇ ਇੰਜੀਨੀਅਰਿੰਗ ਵਿੰਗ ਨੂੰ ਕਿਹਾ ਹੈ ਕਿ ਉਹ ਪਲਾਨ ਬਣਾ ਕੇ ਇਹ ਪੈਸਾ ਖਰਚ ਕਰਨਾ ਇਕ ਹਜ਼ਾਰ ਤਕ ਪੰਚਾਇਤਾਂ ਆਪ ਖਰਚ ਕਰ ਸਕਦੀਆਂ ਹਨ ਪਰ ਇਸ ਤੋਂ ਵਧ ਜੇ ਖਰਚ ਕਰਨਾ ਹੋਵੇ ਤਾਂ ਉਹ ਮੇਰੇ ਓਵਰਸੀਅਰਜ਼ ਤੋਂ ਸਕੀਮ ਬਣਵਾ ਕੇ ਖਰਚ ਕੀਤਾ ਜਾਵੇ। ਇਸ ਤਰ੍ਹਾਂ 5 ਕਰੋੜ ਦੀ ਰਕਮ ਮੈਂ ਪਿੰਡਾਂ ਵਿਚੋਂ ਲੈ ਕੇ ਪਿੰਡ ਦੀ ਉੱਨਤੀ ਲਈ ਹੀ ਖਰਚ ਕਰ ਦਿਆਂਗਾ ਜਿਨ੍ਹਾਂ ਵਿਚ ਕਿ ਪੰਜਾਬ ਦੀ 80 ਫ਼ੀ ਸਦੀ ਜਨਤਾ ਵਸਦੀ ਹੈ। ਇਹ ਸਾਰਾ ਖਰਚ ਬਕਾਇਦਾ ਪਲਾਨ ਬਣਾ ਕੇ ਕੀਤਾ ਜਾਵੇਗਾ ਅਤੇ ਇਸ ਤਰ੍ਹਾਂ ਸਾਰੇ ਪੰਜਾਬ ਨੂੰ ਇਹ ਬੇਸਿਕ ਸਹੂਲਤਾਂ ਮਿਲ ਸਕਣਗੀਆਂ।

ਸ੍ਰੀ ਪ੍ਰੇਮ ਗੁਪਤਾ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਜੈਯੰਤੀ ਪਿੰਡਾਂ ਦੀ ਸਕੀਮ ਚਲੀ ਹੈ, ਕੀ ਇਸ ਤਰ੍ਹਾਂ ਸ਼ਹਿਰਾਂ ਵਿਚ ਵੀ ਜੈਯੰਤੀ ਮੁਹਲੇ ਬਣਾਉਣ ਦੀ ਕੋਈ ਸਕੀਮ ਹੈ ? (ਹਾਸਾ)

Mr. Speaker : It is ruled out.

ਚੌਧਰੀ ਕਾਂਸ਼ੀ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ 5 ਕਰੋੜ ਦੀ ਰਕਮ ਇਨ੍ਹਾਂ ਨੂੰ ਜ਼ਮੀਨਾਂ ਤੋਂ ਜੁਟਾਣੀ ਹੈ ਕੀ ਇਹ ਇਨ੍ਹਾਂ ਦੀ ਆਪਸ਼ਨ ਤੇ ਖਰਚ ਹੋਣੀ ਹੈ ? ਜਾਂ ਪੰਚਾਇਤਾਂ ਦੀ ਆਪਸ਼ਨ ਤੇ ਖਰਚ ਹੋਣੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਹੁੰਦਾ ਕੀ ਹੈ ਕਿ ਜੇ ਕਿਸੇ ਪੰਚਾਇਤ ਕੋਲ 20 ਹਜ਼ਾਰ ਰੁਪਿਆ ਹੈ ਤਾਂ ਉਹ ਸਾਰਾ ਹੈਪਹੈਜ਼ਰਡਲੀ ਖਰਚ ਹੋ ਜਾਂਦਾ ਹੈ। ਹੁਣ ਅਸੀਂ ਸਕੀਮਾਂ ਬਣਾ ਕੇ ਖਰਚ ਕਰਾਂਗੇ। ਜੇ ਕਿਸੇ ਪਿੰਡ ਦੀ ਆਮਦਨ ਘੱਟ ਹੈ ਤਾਂ ਸੀ. ਡੀ. ਗ੍ਰਾਂਟ ਵਿਚੋਂ ਦੇਵਾਂਗੇ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਹ ਜੋ ਜੈਯੰਤੀ ਵਿਲੇਜਿਜ਼ ਦੀ ਸਕੀਮ ਹੈ ਇਸ ਬਾਰੇ ਕਿਹਾ ਗਿਆ ਸੀ ਕਿ ਸੈਂਟਰ ਦੀ ਸਰਕਾਰ ਗਾਂਧੀ ਜੀ ਦੇ ਜਨਮ ਦੀ ਖੁਸ਼ੀ ਵਿਚ ਕੁਝ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਇੱਕ ਲੱਖ ਰੁਪਿਆ ਕੰਸੋਲੀਡੇਟਿਡ ਦੇਵੇਗੀ। ਪਤਾ ਨਹੀਂ ਕਿ ਸੈਂਟਰ ਦੀ ਸਰਕਾਰ ਹੁਣ ਇਸ ਸਕੀਮ ਤੋਂ ਬੈਕ ਆਊਟ ਕਰ ਗਈ ਹੈ ਜਾਂ ਪੈਸਾ ਹਾਲੇ ਤਕ ਵਸੂਲ ਨਹੀਂ ਹੋਇਆ। ਇਹ ਜੋ ਗਲਤ ਫ਼ਹਿਮੀ ਪੈ ਗਈ ਹੈ, ਕੀ ਮਨਿਸਟਰ ਸਾਹਿਬ ਇਸ ਨੂੰ ਦੂਰ ਕਰਨਗੇ ?

ਰਾਜ ਮੰਤਰੀ : ਮੈਂ ਅੱਗੇ ਦਸਿਆ ਹੈ, ਸਪੀਕਰ ਸਾਹਿਬ, ਕਿ ਸੈਂਟਰ ਵਲੋਂ ਸਕੀਮ ਜ਼ਰੂਰ ਬਣੀ ਹੈ। ਸਾਰਿਆਂ ਸੂਬਿਆਂ ਨੂੰ ਕਿਹਾ ਗਿਆ ਇਹ ਆਜ਼ਾਦੀ ਦੀ 25ਵੀਂ ਬਰਸੀ ਮਨਾ ਰਹੇ ਹਾਂ ਇਸ ਤੇ ਜੈਯੰਤੀ ਵਿਲੇਜਿਜ਼ ਜ਼ਰੂਰ ਬਣੇ। ਲੇਕਿਨ ਸੈਂਟਰ ਵਲੋਂ ਕੋਈ 1 ਲੱਖ ਜਾਂ 2 ਲੱਖ ਰੁਪਿਆ ਦੇਣ ਦਾ ਕੋਈ ਵਾਇਦਾ ਨਹੀਂ ਕੀਤਾ ਗਿਆ।

ਸਮਾਜ ਭਲਾਈ ਵਿਭਾਗ ਵਿਚ ਲੱਗੇ ਹੋਏ ਕਿਸੇ ਲੇਡੀ ਸੁਪਰਡੰਟ ਵਿਰੁੱਧ ਕੀਤੀ ਗਈ ਪੜਤਾਲ

*2982 **ਡਾਕਟਰ ਬਲਦੇਵ ਪ੍ਰਕਾਸ਼ :** ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਪੰਜਾਬ ਵਿਚ ਸਮਾਜ ਭਲਾਈ ਵਿਭਾਗ ਵਿਚ ਲੇਡੀ ਸੁਪਰਡੰਟਸ ਐਸਿਸਟੈਂਟ ਲੇਡੀ ਸੁਪਰਡੰਟਸ ਕੰਮ ਕਰ ਰਹੇ ਹਨ, ਤਾਂ ਉਨ੍ਹਾਂ ਦੇ ਨਾਂ ਕੀ ਕੀ ਹਨ;

(ਅ) ਕੀ ਇਹ ਠੀਕ ਹੈ ਕਿ ਕਿਸੇ ਲੇਡੀ ਸੁਪਰਡੰਟ ਵਿਰੁੱਧ ਗ਼ਬਨ ਸਬੰਧੀ ਕੋਈ ਪੜਤਾਲ ਪੈਂਡਿੰਗ ਪਈ ਹੈ ਅਤੇ ਡੀ. ਸੀ., ਅੰਮ੍ਰਿਤਸਰ ਦੁਆਰਾ ਅੰਤਿਮ ਪੜਤਾਲੀਆ ਰਿਪੋਰਟ ਡਾਇਰੈਕਟਰ ਸਮਾਜ ਭਲਾਈ ਵਿਭਾਗ, ਪੰਜਾਬ ਨੂੰ ਭੇਜ ਦਿਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ, ਸਰਕਾਰ ਦੁਆਰਾ ਇਸ ਸਬੰਧੀ ਕੀ ਕਾਰਵਾਈ ਕੀਤੀ ਗਈ ?

ਕੁਮਾਰੀ ਸਰਲਾ ਪ੍ਰਾਸ਼ਰ : (ੳ) ਜੀ ਹਾਂ, ਸੁਪਰਡੰਟਸ/ਸਹਾਇਕ ਸੁਪਰਡੈਂਟਸ ਦੇ ਨਾਮ ਇਸ ਪਰਕਾਰ ਹਨ—

1. ਕੁਮਾਰੀ ਕਮਲਾ ਮਹਿਰਾ, ਸੁਪਰਡੰਟ।
2. ਕੁਮਾਰੀ ਸੁਰਿੰਦਰ ਧੀਰ, ਸੁਪਰਡੰਟ।
3. ਸ਼੍ਰੀਮਤੀ ਐਸ. ਸੈਕਸੈਨਾ, ਸੁਪਰਡੰਟ।
4. ਸ਼੍ਰੀਮਤੀ ਸਤੀਸ਼ ਅਰੋੜਾ, ਸੁਪਰਡੰਟ।
5. ਸ਼੍ਰੀਮਤੀ ਕੈਲਾਸ਼ ਅਰੋੜਾ, ਸੁਪਰਡੰਟ।
6. ਕੁਮਾਰੀ ਤਰਪਿੰਦਰ ਕੌਰ, ਸੁਪਰਡੰਟ।
7. ਕੁਮਾਰੀ ਕ੍ਰਿਸ਼ਨਾ ਠਾਕੁਰ, ਸਹਾਇਕ ਸੁਪਰਡੰਟ।
8. ਸ਼੍ਰੀਮਤੀ ਰਾਜ ਕੁਮਾਰੀ ਪੰਡਿਤ, ਸਹਾਇਕ ਸੁਪਰਡੰਟ।

(ਅ) ਜੀ ਹਾਂ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਵੱਲੋਂ ਅਜਿਹੀ ਇਕ ਪੜਤਾਲ ਰਿਪੋਰਟ ਪ੍ਰਾਪਤ ਹੋਈ ਹੈ, ਜੋ ਵਿਚਾਰ ਅਧੀਨ ਹੈ।

ਡਾਕਟਰ ਬਲਦੇਵ ਪ੍ਰਕਾਸ਼ : ਕੀ ਮੰਤਰੀ ਮਹੋਦਯ ਦਸਣ ਦੀ ਕਿਰਪਾਲਤਾ ਕਰਨਗੇ ਕਿ ਇਹ ਰਿਪੋਰਟ ਕਦੋਂ ਇਨ੍ਹਾਂ ਨੂੰ ਪ੍ਰਾਪਤ ਹੋਈ ਹੈ ਔਰ ਕਾਰਵਾਈ ਕਿੰਨੇ ਚਿਰ ਤਕ ਹੋ ਜਾਵੇਗੀ?

ਰਾਜ ਮੰਤਰੀ : ਸਪੀਕਰ ਸਾਹਿਬ, ਇਕ ਰਿਪੋਰਟ ਅੰਮ੍ਰਿਤਸਰ ਦੇ ਡੀ. ਸੀ. ਵਲੋਂ ਮਿਤੀ 24, ਅਕਤੂਬਰ, 1974 ਨੂੰ ਪ੍ਰਾਪਤ ਹੋਈ ਸੀ ਲੇਕਿਨ ਇਸ ਦੇ ਨਾਲ ਸ਼ਿਕਾਇਤ ਪੱਤਰ ਨੱਥੀ ਨਹੀਂ ਸੀ ਜਦ ਤਕ ਸ਼ਿਕਾਇਤ ਪੱਤਰ ਨਾਲ ਨੱਥੀ ਨਾ ਹੋਵੇ ਤਾਂ ਉਹਦਾ ਫੈਸਲਾ ਨਹੀਂ ਕੀਤਾ ਜਾ ਸਕਦਾ । ਇਸ ਲਈ ਉਹ ਵਾਪਸ ਕਰ ਦਿੱਤੀ ਗਈ ਸੀ । ਫੇਰ ਇਹ ਰਿਪੋਰਟ ਮਿਤੀ 7 ਜਨਵਰੀ, 1975 ਨੂੰ ਪ੍ਰਾਪਤ ਹੋਈ ਹੈ, ਜਿਹੜੀ ਵਿਚਾਰ ਅਧੀਨ ਹੈ ।

STARRED QUESTION NO 3087

ਸ੍ਰੀ ਸਪੀਕਰ : ਸਟਾਰਡ ਸਵਾਲ ਨੰ: 3087 ਲਈ ਐਕਸਟੈਨਸ਼ਨ ਮੰਗੀ ਗਈ ਹੈ । (ਵਿਘਨ) (Extension has been asked for in respect of S. Q. No. 3087) (*Interruption*)

ਸਰਦਾਰ ਗੁਰਬਚਨ ਸਿੰਘ ਰੋਪੜ : ਸਪੀਕਰ ਸਾਹਿਬ, ਇਹ ਪੋਸਟਪੋਨ ਇਸ ਕਰਕੇ ਕੀਤਾ ਗਿਆ ਹੈ ਕਿਉਂਕਿ ਇਹ ਕੰਮ ਨਹੀਂ ਕਰਨਾ ਚਾਹੁੰਦੇ । (ਵਿਘਨ)

ਸ੍ਰੀ ਸਪੀਕਰ : ਮੈਂ ਬੇਨਤੀ ਕਰਦਾ ਹਾਂ ਕਿ ਇਸ ਦਾ ਜਵਾਬ ਇਸੇ ਸੈਸ਼ਨ ਵਿਚ ਹੀ ਦੇ ਦਿੱਤਾ ਜਾਵੇ । (I would request the Govt. to give reply to this question during the current Session.)

ਰਾਜ ਵਿਚ ਸਰਕਾਰੀ ਕਰਮਚਾਰੀਆਂ ਲਈ ਡਾਕਟਰੀ ਸਹੂਲਤਾਂ

*3001 ਕਾਮਰੇਡ ਸੱਘੜ ਸਿੰਘ
ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ } ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ :—

(ੳ) ਕਿ ਰਾਜ ਵਿਚ ਸਰਕਾਰੀ ਕਰਮਚਾਰੀਆਂ ਨੂੰ ਡਾਕਟਰੀ ਸਹੂਲਤਾਂ ਦੇਣ ਦਾ ਢੰਗ ਕੀ ਹੈ;

(ਅ) ਕੀ ਸਰਕਾਰ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਨੂੰ ਡਾਕਟਰੀ ਖਰਚ ਦੀ ਮੁੜ ਅਦਾਇਗੀ ਕਰਨ ਲਈ ਕੇਂਦਰੀ ਸਰਕਾਰ ਦਾ ਪੈਟਰਨ ਅਪਨਾਉਣ ਦਾ ਵਿਚਾਰ ਰਖਦੀ ਹੈ?

ਸਰਦਾਰ ਬਲਬੀਰ ਸਿੰਘ : (ੳ) ਰਾਜ ਦੇ ਸਰਕਾਰੀ ਕਰਮਚਾਰੀਆਂ ਨੂੰ ਪੰਜਾਬ ਸਰਵਿਸਿਜ਼ (ਮੈਡੀਕਲ ਅਟੈਂਡੈਂਸ) ਰੂਲਜ਼ 1940 ਅਧੀਨ ਮੈਡੀਕਲ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ । ਯਾਨੀ ਸਰਕਾਰੀ ਕਰਮਚਾਰੀਆਂ ਨੂੰ ਸਰਕਾਰੀ ਹਸਪਤਾਲਾਂ ਡਿਸਪੈਂਸਰੀਆਂ ਆਦਿ ਵਿਖੇ ਉਪਲਬਧ ਡਾਕਟਰੀ ਸਹੂਲਤਾਂ ਮੁਫਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ । ਸਰਕਾਰੀ ਕਰਮਚਾਰੀਆਂ ਨੂੰ ਜਿਹੜੀਆਂ ਦਵਾਈਆਂ

*For Starred Question No. 3087 and reply thereto please see Punjab Vidhan Sabha Debate, dated 3rd February, 1975.

[ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ]
ਅਧਿਕਾਰਤ ਮੈਡੀਕਲ ਅਫ਼ਸਰ ਦੀ ਨਸੀਹਤ ਤੇ ਬਜ਼ਾਰੋਂ ਖਰੀਦ ਕਰਨੀਆਂ ਪੈਂਦੀਆਂ ਹਨ ਜੇਕਰ ਉਹ ਪ੍ਰਤੀਪੂਰਤੀ ਯੋਗ ਹੋਣ ਤਾਂ ਉਨ੍ਹਾਂ ਦੀ ਸਰਕਾਰ ਦੁਆਰਾ ਪ੍ਰਤੀ ਪੂਰਤੀ ਕੀਤੀ ਜਾਂਦੀ ਹੈ ।

(ਅ) ਰਾਜ ਦੇ ਸਰਕਾਰੀ ਕਰਮਚਾਰੀਆਂ ਨੂੰ ਡਾਕਟਰੀ ਖਰਚੇ ਦੀ ਮੁੜ ਅਦਾਇਗੀ ਕਰਨ ਲਈ ਕੇਂਦਰੀ ਸਰਕਾਰੀ ਪੈਟਰਨ ਅਪਣਾਉਣ ਬਾਰੇ ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਨਹੀਂ ਹੈ।

[(a) The Punjab Government employees are entitled to medical facilities under the Punjab Services (Medical Attendance) Rules 1940 i.e. in the State hospitals dispensaries free medical facilities are provided to Government employees. Re-imbursement of the cost of the admissible medicines purchased by the Government employees from the market on the advice of their authorised medical attendant, is made to them by the Government.

(b) No proposal is under consideration of Government to make medical re-imbursement to Punjab Government employees on the central pattern.]

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਸ ਗੱਲ ਦੇ ਪੇਸ਼ੇ ਨਜ਼ਰ ਕਿ ਜਿਸ ਢੰਗ ਨਾਲ ਹੁਣ ਮੈਡੀਕਲ ਫੈਸਿਲਿਟੀਜ਼ ਦਿੱਤੀਆਂ ਜਾਂਦੀਆਂ ਹਨ ਵੱਡੇ ਵੱਡੇ ਅਫ਼ਸਰ ਇਨ੍ਹਾਂ ਦਾ ਮਿਸ-ਯੂਜ਼ ਕਰਦੇ ਹਨ । ਕਈ ਤਾਂ 900 ਰੁਪਏ ਮਹੀਨੇ ਦਾ ਮੈਡੀਕਲ ਲੈਂਦੇ ਹਨ । ਪਰ ਛੋਟੇ ਮੁਲਾਜ਼ਮ ਜੋ ਹਨ, ਇਹ ਪ੍ਰੋਸੀਜਰ ਐਸਾ ਹੈ ਕਿ ਉਹ ਜਾਇਜ਼ ਪੈਸੇ ਵੀ ਨਹੀਂ ਲੈ ਸਕਦੇ। ਕੀ ਪੰਜਾਬ ਸਰਕਾਰ ਫ਼ਿਕਸਡ ਮੈਡੀਕਲ ਅਲਾਊਂਸ ਦੇਣ ਦਾ ਪੈਟਰਨ ਅਡਾਪਟ ਕਰਨ ਨੂੰ ਤਿਆਰ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ ਜੋਸ਼ ਸਾਹਿਬ ਦਾ ਸੁਝਾਉ ਹੈ ਸਰਕਾਰ ਨੇ ਅੱਗੇ ਵੀ ਵਿਚਾਰ ਕੀਤਾ ਹੈ ਪਰ ਇਹਦੇ ਨਾਲ ਕਈ ਕੁਰੱਪਟ ਪ੍ਰੈਕਟਿਸਿਜ਼ ਹੋਣ ਦੀ ਸੰਭਾਵਨਾ ਹੈ । ਇਸ ਲਈ ਇਸ ਤੇ ਕੋਈ ਵਿਚਾਰ ਨਹੀਂ ਕੀਤਾ ਜਾ ਸਕਦਾ ।

ਸਰਦਾਰ ਬਸੰਤ ਸਿੰਘ ਖਾਲਸਾ : ਜਿਹੜੀ ਪ੍ਰੈਕਟਿਸ ਚਲ ਰਹੀ ਹੈ ਇਹਦੇ ਵਿਚ ਕਈ ਗਲਤ ਚੀਜ਼ਾਂ ਚਲ ਰਹੀਆਂ ਹਨ, ਜਿਸ ਦੇ ਕਾਰਣ ਝੂਠੇ ਬਿਲ ਦੇ ਕੇ ਲੋਕ ਪੈਸੇ ਲੈ ਜਾਂਦੇ ਹਨ, ਜੋ ਕਿ ਅੱਛਾ ਨਹੀਂ ਹੈ । ਜੇ ਇਨ੍ਹਾਂ ਨੂੰ ਮੈਡੀਕਲ ਅਲਾਊਂਸ ਫਿਕਸਡ ਮਿਲੇ ਤਾਂ ਉਹ ਉਸ ਹਿਸਾਬ ਨਾਲ ਹੀ ਇਸ ਤੇ ਖਰਚਾ ਕਰਨ ;ਕੀ ਇਸ ਤੇ ਵਿਚਾਰ ਨਹੀਂ ਹੋ ਸਕਦਾ?

ਰਾਜ ਮੰਤਰੀ : ਮੈਂ ਅੱਗੇ ਦਸਿਆ ਹੈ ਕਿ ਜਿਹੜੇ ਗਲਤ ਕੰਮ ਕਰਨ ਵਾਲੇ ਹਨ, ਕੋਈ ਵੀ ਪੈਟਰਨ ਅਪਣਾ ਲਉ ਉਨ੍ਹਾਂ ਨੇ ਤਾਂ ਗਲਤ ਕੰਮ ਹੀ ਕਰਨੇ ਹਨ । ਇਹ ਕੋਈ ਸਪੈਸਿਫ਼ਿਕ ਇੰਸਟਾਂਸ ਕੋਟ ਕਰਨ, ਜਿਥੇ ਸਰਕਾਰੀ ਅਫਸਰ ਨੇ ਜਾਂ ਕਰਮਚਾਰੀ ਨੇ ਗਲਤ ਬਿਲ ਕਲੇਮ ਕੀਤਾ ਹੋਵੇ, ਉਸ ਦੀ ਜ਼ਰੂਰ ਪੜਤਾਲ ਕੀਤੀ ਜਾਏਗੀ ।

ਸ੍ਰੀ ਪ੍ਰੇਮ ਗੁਪਤਾ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਰੂਲਜ਼ ਬੜੇ ਪੁਰਾਣੇ ਬਣੇ ਹੋਏ ਹਨ ਅਤੇ ਸਿਹਤ ਦਾ ਸਟੈਂਡਰਡ ਗਿਰ ਗਿਆ ਹੈ (ਵਿਘਨ) ਹਰ ਬੰਦੇ ਨੂੰ ਦਵਾਈ ਦੀ ਜ਼ਰੂਰਤ ਪੈਂਦੀ ਹੈ । ਕੀ ਕੋਈ ਅਜਿਹਾ ਸਿਸਟਮ ਨਹੀਂ ਅਡਾਪਟ ਕੀਤਾ ਜਾ ਸਕਦਾ

ਜਿਸ ਨਾਲ ਕਿ ਹਰ ਮੁਲਾਜ਼ਮ ਨੂੰ ਮਿਨੀਮਮ ਅਲਾਊਂਸ ਦਿੱਤਾ ਜਾ ਸਕੇ; ਕੀ ਇਸ ਚੀਜ਼ ਤੇ ਸਰਕਾਰ ਵਿਚਾਰ ਕਰੇਗੀ ?

ਰਾਜ ਮੰਤਰੀ : ਮੁੜ ਮੁੜ ਉਹੀ ਸਵਾਲ ਹੋ ਰਿਹਾ ਹੈ । ਗੁਪਤਾ ਸਾਹਿਬ ਦਾ ਇਹ ਕਹਿਣਾ ਕਿ ਸਿਹਤ ਗਿਰ ਰਹੀ ਹੈ, ਇਹ ਗਲਤ ਚੀਜ਼ ਹੈ । ਸਿਹਤ ਤਾਂ ਇੰਪਰੂਵ ਹੋ ਰਹੀ ਹੈ । ਆਮ ਤੌਰ ਤੇ ਸਾਰੇ ਭਾਰਤ ਦੇ ਲੋਕਾਂ ਦੀ ਅਤੇ ਖਾਸ ਤੌਰ ਤੇ ਪੰਜਾਬ ਦੇ ਲੋਕਾਂ ਦੀ ਲਾਈਫ ਤਾਂ ਵਧੀ ਹੈ ਫਿਕਸਡ ਅਲਾਊਂਸ ਦੇਣ ਬਾਰੇ ਕੋਈ ਵਿਚਾਰ ਨਹੀਂ ਕੀਤਾ ਜਾ ਰਿਹਾ ।

ਸਰਦਾਰ ਗੁਰਦੇਵ ਸਿੰਘ ਬਾਦਲ : ** ** ** ।

Mr. Speaker : It is ruled out. ਇਹ ਪਾਰਟ ਆਫ਼ ਪ੍ਰੋਸੀਡਿੰਗਜ਼ ਨਾ ਬਣੇ ।
(It is ruled out. It should not form part of the proceedings)

आचार्य पृथ्वी सिंह आज़ाद : क्या राज्य मंत्री महोदय इस बात के पेशे नज़र कि बिलों की री-इम्बर्समैंट जो होती है उस में बहुत सारी नाजायज़ रकमें वसूल की जाती हैं, उसको रोकने के लिए क्या यह सिस्टम एडाप्ट किया जाएगा कि री-इम्बर्समैंट सिस्टम को बदल कर के दवाइयां अस्पतालों से सप्लाई की जाएं ताकि जो लोग पांच पांच सौ रुपए के बिल वसूल करते हैं, वह बंद हो जाएं ?

ਰਾਜ ਮੰਤਰੀ : ਹਸਪਤਾਲਾਂ ਵਿਚ ਵੀ ਦਵਾਈਆਂ ਦਿੱਤੀਆਂ ਜਾਂਦੀਆਂ ਹਨ । ਪਰ ਮਹਿੰਗੀਆਂ ਦਵਾਈਆਂ ਆਮ ਹਸਪਤਾਲਾਂ ਵਿਚ ਨਹੀਂ ਰਖੀਆਂ ਜਾਂਦੀਆਂ ਅਤੇ ਉਨ੍ਹਾਂ ਦੀ ਰੀ-ਇੰਬਰਸਮੈਂਟ ਕੀਤੀ ਜਾਂਦੀ ਹੈ । ਜੇ ਕੋਈ ਆਜ਼ਾਦ ਸਾਹਿਬ ਨੂੰ ਪਤਾ ਹੋਵੇ ਕਿ ਕਿਸੇ ਨੇ ਗਲਤ ਬਿਲ ਕਲੇਮ ਕੀਤਾ ਹੈ ਤਾਂ ਉਹ ਮੇਰੇ ਨੋਟਿਸ ਵਿਚ ਲੈ ਆਉਣ ਉਸ ਦੀ ਜ਼ਰੂਰ ਪੜਤਾਲ ਕੀਤੀ ਜਾਵੇਗੀ ।

1974 ਦੇ ਦੌਰਾਨ ਮੌਤਾਂ ਦੇ ਮੁੱਖ ਕਾਰਣ

*3077 ਸਰਦਾਰ ਜਸਵਿੰਦਰ ਸਿੰਘ ਬਰਾੜ :
ਸਰਦਾਰ ਸੁਖਦੇਵ ਸਿੰਘ ਢੀਂਡਸਾ :
ਸਰਦਾਰ ਪ੍ਰਹਿਲਾਦ ਸਿੰਘ : } ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਰਾਜ ਵਿੱਚ ਸਾਲ 1974 ਦੇ ਦੌਰਾਨ ਪੁਰਸ਼ਾਂ ਅਤੇ ਔਰਤਾਂ ਦੀਆਂ ਮੌਤਾਂ ਦੇ ਕੀ ਕਾਰਨ ਸਨ ;

(ਅ) ਇਨ੍ਹਾਂ ਕਾਰਣਾਂ ਤੇ ਕਾਬੂ ਪਾਉਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ?

ਸਰਦਾਰ ਬਲਬੀਰ ਸਿੰਘ :(ੳ) ਪੰਜਾਬ ਰਾਜ ਵਿਚ ਸਾਲ 1974 ਦੇ ਦੌਰਾਨ ਪੁਰਸ਼ਾਂ ਅਤੇ ਔਰਤਾਂ ਦੀਆਂ ਮੌਤਾਂ ਦੇ ਮੁੱਖ ਕਾਰਨ ਨਿਮਨ ਲਿਖਤ ਅਨੁਸਾਰ ਹਨ :—

ਪੁਰਸ਼ਾਂ ਦੀਆਂ ਮੌਤਾਂ ਦੇ ਕਾਰਨ	ਇਸਤਰੀਆਂ ਦੀਆਂ ਮੌਤਾਂ ਦੇ ਕਾਰਨ
1. ਰੈਸਪਾਇਰੇਟਰੀ ਬੀਮਾਰੀਆਂ	1. ਰੈਸਪਰੇਰੀ ਬੀਮਾਰੀਆਂ
2. ਨਮੂਨੀਆਂ	2. ਨਮੂਨੀਆਂ

**Expunged as ordered by the Chair.

[ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ]

3. ਦੁਰਘਟਨਾਵਾਂ	3. ਦਸਤ ਮਰੋੜ
4. ਦਸਤ ਮਰੋੜ	4. ਟਾਈਫਾਈਡ
5. ਤਪਦਿਕ	5. ਤਪਦਿਕ
6. ਟਾਈਫਾਈਡ	6. ਪਰਸੂਤ ਸਮੇਂ ਮੌਤਾਂ
7. ਬੁਖ਼ਾਰ	7. ਬੁਖ਼ਾਰ

(ਅ) ਉਕਤ ਬੀਮਾਰੀਆਂ ਜਿਹੜੀਆਂ ਕਿ ਪੁਰਸ਼ਾਂ ਅਤੇ ਔਰਤਾਂ ਦੀਆਂ ਮੌਤਾਂ ਦੇ ਮੁੱਖ ਕਾਰਨ ਸਨ, ਦੇ ਇਲਾਜ ਲਈ ਰਾਜ ਵਿਚ ਹੇਠ ਲਿਖੇ ਅਨੁਸਾਰ ਸਿਹਤ ਸੇਵਾਵਾਂ ਉਪਲਬੱਧ ਹਨ:—

1. ਐਲੋਪੈਥਿਕ ਡਿਸਪੈਂਸਰੀਆਂ	476
2. ਮੁੱਢਲਾ ਸਿਹਤ ਕੇਂਦਰ	127
3. ਜ਼ੱਚਾ ਬੱਚਾ ਕੇਂਦਰ	85
4. ਆਯੁਰਵੈਦਿਕ ਡਿਸਪੈਂਸਰੀਆਂ	355
5. ਐਲੋਪੈਥਿਕ ਹਸਪਤਾਲ	116
6. ਆਯੁਰਵੈਦਿਕ ਹਸਪਤਾਲ	3
7. ਜ਼ੱਚਾ ਬੱਚਾ ਅਤੇ ਪਰਿਵਾਰ ਨਿਯੋਜਨ ਸਬ–ਸੈਂਟਰ	856

ਗੰਭੀਰ ਰੋਗੀਆਂ ਨੂੰ ਹਸਪਤਾਲਾਂ ਵਿਚ ਦਾਖ਼ਲ ਕਰਕੇ ਇਲਾਜ ਕਰਨ ਲਈ 10,273 ਬਿਸਤਰਿਆਂ ਦਾ ਪ੍ਰਬੰਧ ਹੈ। ਹਰ ਜ਼ਿਲ੍ਹਾ ਪੱਧਰ ਤੇ ਟੀ.ਬੀ. ਕੇਂਦਰ ਸਥਿਤ ਹਨ ਜਿਥੇ ਤਪਦਿਕ ਦੇ ਰੋਗੀਆਂ ਦੀ ਜਾਂਚ ਕਰਕੇ ਆਊਟ ਡੋਰ ਇਲਾਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਹਰ ਜ਼ਿਲ੍ਹਾ ਪੱਧਰ ਤੇ ਕੈਜ਼ੂ–ਐਲਟੀ ਸੇਵਾਵਾਂ ਦਾ ਪ੍ਰਬੰਧ ਹੈ, ਜਿਥੇ ਤੁਰੰਤ ਡਾਕਟਰੀ ਸਹਾਇਤਾ ਦਿੱਤੀ ਜਾਂਦੀ ਹੈ। ਜ਼ੱਚਾ ਬੱਚਾ ਕੇਂਦਰਾਂ ਵਿਚ ਗਰਭਵਤੀ ਇਸਤਰੀਆਂ ਅਤੇ ਮਾਵਾਂ ਦੀ ਐਂਟੀ ਨੇਟਲ ਅਤੇ ਪੋਸਟ ਨੇਟਲ (ਪ੍ਰਸੂਤ ਤੋਂ ਪਹਿਲਾਂ ਅਤੇ ਬਾਦ ਵਿਚ) ਦੇਖ ਭਾਲ ਕੀਤੀ ਜਾਂਦੀ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਵਜ਼ੀਰ ਸਾਹਿਬ ਨੇ ਬੀਮਾਰੀਆਂ ਗਿਣੀਆਂ ਹਨ, ਮੇਰਾ ਖ਼ਿਆਲ ਹੈ ਕਿ ਅੱਧੀਆਂ ਬੀਮਾਰੀਆਂ ਰਹਿ ਗਈਆਂ ਹਨ ਜਿਨ੍ਹਾਂ ਨਾਲ ਕਿ ਲੋਕ ਮਰਦੇ ਹਨ (ਵਿਘਨ) ਤਪਦਿਕ ਬੜੀ ਭਾਰੀ ਬੀਮਾਰੀ ਹੈ (ਵਿਘਨ) ਇਸ ਰੋਗ ਨਾਲ ਕਿੰਨੇ ਰੋਗੀ ਮਰਦੇ ਹਨ। ਦੂਜੇ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਡਿਸਪੈਂਸਰੀਆਂ ਕਿੰਨੀਆਂ ਖੋਲ੍ਹੀਆਂ ਗਈਆਂ ਹਨ। (ਵਿਘਨ) ਮੇਰੀ ਗੁਜ਼ਾਰਿਸ਼ ਹੈ ਕਿ ਟੀ. ਬੀ. ਨਾਲ ਕਿੰਨੀਆਂ ਮੌਤਾਂ ਹੋਈਆਂ ਹਨ? ਇਸ ਲਈ ਜਿਹੜੇ ਟੀ.ਬੀ. ਦੇ ਕੇਂਦਰ ਖੋਲ੍ਹੇ ਹਨ ਉਹ ਸ਼ਹਿਰਾਂ ਵਿਚ ਹੀ ਹਨ ਜਾਂ ਕਿ ਪਿੰਡਾਂ ਵਿਚ ਵੀ ਹਨ? (ਵਿਘਨ) ਇਨ੍ਹਾਂ ਨੇ ਕਿਹਾ ਹੈ ਕਿ ਹਰ ਜ਼ਿਲ੍ਹੇ ਵਿਚ ਟੀ.ਬੀ. ਦਾ ਕੇਂਦਰ ਖੋਲ੍ਹਿਆ ਗਿਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਫ਼ਰੀਦਕੋਟ ਜ਼ਿਲ੍ਹੇ ਵਿਚ ਵੀ ਇਸ ਲਈ ਕੇਂਦਰ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਵਿਚ ਮੌਤਾਂ ਦੀ ਗਿਣਤੀ ਬਾਰੇ ਕਿਤੇ ਨਹੀਂ ਪੁੱਛਿਆ। ਮੇਰੇ ਪਾਸ ਇਹ ਰਿਪੋਰਟ ਹੈ ਜਿਸ ਅਨੁਸਾਰ 1973 ਵਿਚ ਟੀ.ਬੀ. ਨਾਲ ਮੌਤਾਂ ਹੋਈਆਂ

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਿਮਾਰੀਆਂ ਦੇ ਕਾਰਨ ਦੱਸੇ ਹਨ । ਕੀ ਇਹ ਦੱਸਣਗੇ ਕਿ ਡਾਕਟਰਾਂ ਦੀ ਅਣਗਹਿਲੀ ਨਾਲ ਪੰਜਾਬ ਵਿਚ ਕਿੰਨੀਆਂ ਮੌਤਾਂ ਹੋਈਆਂ ਹਨ, ਜਿਸ ਤਰ੍ਹਾਂ ਪਿਛੇ ਜਿਹੇ ਡਾਕਟਰਾਂ ਦੀ ਅਣਗਹਿਲੀ ਨਾਲ ਕੁਝ ਮੌਤਾਂ ਹੋਈਆਂ ਸਨ ?

ਰਾਜ ਮੰਤਰੀ : ਕੋਈ ਨਹੀਂ ਹੋਈ ਜੀ ।

ਚੌਧਰੀ ਰਾਮ ਸਿੰਘ : ਵਜ਼ੀਰ ਸਾਹਿਬ ਨੇ ਬਿਮਾਰੀਆਂ ਦੇ ਕਾਰਨ ਦੱਸੇ ਹਨ ਅਤੇ ਦੱਸਿਆ ਹੈ ਕਿ ਕਿੰਨੇ ਲੋਕ ਬਿਮਾਰੀ ਦੇ ਕਾਰਨ ਮਰੇ ਲੇਕਿਨ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਸਿਆਸੀ ਲੋਕਾਂ ਦੀ ਬਿਮਾਰੀ ਦੇ ਕਾਰਨ ਪੰਜਾਬ ਵਿਚ ਕਿੰਨੇ ਲੋਕ ਮਰੇ ਹਨ ? (ਹਾਸਾ) (ਵਿਘਨ)

Mr. Speaker : This supplementary is irrelevant.

ਰਾਜ ਮੰਤਰੀ : ਮੈਡੀਕਲ ਲਾਈਨ ਵਿਚ ਅਜਿਹੀ ਕੋਈ ਬਿਮਾਰੀ ਨਹੀਂ ਹੈ ।

ਕਾਮਰੇਡ ਵਾਲਾ ਰਾਮ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਠੰਢ ਦੀ ਬਿਮਾਰੀ ਨਾਲ ਕਿੰਨੇ ਲੋਕ ਮਰੇ ਹਨ?

ਸ਼੍ਰੀ ਸਪੀਕਰ : ਇਹ ਕੋਈ ਬਿਮਾਰੀ ਨਹੀਂ ਹੈ । (It is not a disease.)

ਰਾਜ ਮੰਤਰੀ : ਇਸ ਬਾਰੇ ਨੋਟਿਸ ਦੇ ਦਿਉ ।

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਲੁਧਿਆਣਾ ਇੰਡਸਟਰੀਅਲ ਟਾਊਨ ਹੈ ਅਤੇ ਉਥੇ ਮਜ਼ਦੂਰ ਬਹੁਤ ਕੰਮ ਕਰਦੇ ਹਨ । ਇਸ ਦੇ ਮੁਤੱਲਕ ਮੈਡੀ-ਕਲ ਐਗਜ਼ਾਮਿਨ ਕਰਨ ਤੋਂ ਇਹ ਪਤਾ ਲੱਗਾ ਕਿ ਮਜ਼ਦੂਰਾਂ ਨੂੰ ਤਪਦਿਕ ਦੀ ਬਿਮਾਰੀ ਬਹੁਤ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਉਮਰ 45 ਸਾਲ ਤੋਂ ਵਧ ਨਹੀਂ ਹੁੰਦੀ। ਇਸ ਲਈ ਕੀ ਵਜ਼ੀਰ ਸਾਹਿਬ ਇਨ੍ਹਾਂ ਨੂੰ ਮੈਡੀਕਲੀ ਐਗਜ਼ਾਮਿਨ ਕਰਾਉਣਗੇ ਤਾਕਿ ਉਨ੍ਹਾਂ ਮਰੀਜ਼ਾਂ ਦਾ ਇਲਾਜ ਹੋ ਸਕੇ?

ਰਾਜ ਮੰਤਰੀ : ਇਹ ਸਪਲੀਮੈਂਟਰੀ ਇਸ ਸਵਾਲ ਨਾਲ ਤੁਅੱਲਕ ਤਾਂ ਨਹੀਂ ਰੱਖਦਾ, ਪਰ ਇਸ ਤੇ ਹਮਦਰਦੀ ਨਾਲ ਗੌਰ ਕਰਾਂਗੇ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਸਪਲੀਮੈਂਟਰੀ ਦੇ ਜਵਾਬ ਵਿਚ ਕਿਹਾ ਸੀ ਕਿ ਡਾਕਟਰਾਂ ਦੀ ਅਣਗਹਿਲੀ ਨਾਲ ਕੋਈ ਮੌਤ ਨਹੀਂ ਹੋਈ । ਮੈਂ ਜਾਣਨਾ ਚਾਹੁੰਦਾ ਹਾਂ ਕਿ ਤੁਹਾਡੇ ਹਲਕੇ ਵਿਚ, ਤੁਹਾਡੇ ਸ਼ਹਿਰ ਮੁਕੇਰੀਆਂ ਵਿਚ ਪਿਛੇ ਜਿਹੇ ਐਕਸੀਡੈਂਟ ਹੋਇਆ ਸੀ ਅਤੇ ਉਸ ਨਾਲ ਦੋ ਮੌਤਾਂ ਹੋਈਆਂ ਸਨ । ਇਹ ਮੌਤਾਂ ਡਾਕਟਰਾਂ ਦੀ ਅਣਗਹਿਲੀ ਕਾਰਨ ਹੋਈਆਂ ਹਨ ਕਿਉਂ ਕਿ ਡਾਕਟਰਾਂ ਨੇ ਉਨ੍ਹਾਂ ਨੂੰ ਅਟੈਂਡ ਨਹੀਂ ਕੀਤਾ; ਕੀ ਇਸ ਦੀ ਇਹ ਇਨਕੁਆਇਰੀ ਕਰਾਉਣਗੇ?

ਰਾਜ ਮੰਤਰੀ : ਉਸ ਦੀ ਇਨਕੁਆਇਰੀ ਕਰਵਾ ਰਹੇ ਹਾਂ ਅਤੇ ਉਸ ਦੀ ਰਿਪੋਰਟ ਆਉਣ ਤੇ ਦੱਸ ਸਕਾਂਗੇ ।

ਸ੍ਰੀ ਸਪੀਕਰ : ਮੈਨੂੰ ਇਸ ਬਾਰੇ ਪਤਾ ਹੈ । ਉਹ ਠੀਕ ਭਲਾ ਅਟੈਂਡ ਹੋਏ ਹਨ । ਉਹ ਹਸ-ਪਤਾਲ ਛੋਟਾ ਹੈ ਅਤੇ ਉਥੇ ਸਾਮਾਨ ਪੂਰਾ ਨਹੀਂ ਹੈ । ਜੇ ਉਥੇ ਸਾਮਾਨ ਪੂਰਾ ਹੋਵੇ ਤਾਂ ਠੀਕ ਹੋ ਸਕਦਾ ਹੈ । (I am well aware of the fact that the Doctors attended upon the patients carefully. That is a small hospital and lacks proper equipment. If full equipment is provided then that hospital can serve its purpose well.)

ਚੌਧਰੀ ਰਾਮ ਸਿੰਘ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਕਿਹਾ ਗਿਆ ਹੈ, It should not form part of the proceedings. (Whatever the hon. Member has said, should not form part of the proceedings.)

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮੰਥਨ ਕੀਤਾ ਗਿਆ ਹੈ ਇਸ ਮੰਥਨ ਨੇ ਸਾਬਤ ਕੀਤਾ ਹੈ ਕਿ ਬਠਿੰਡਾ ਜ਼ਿਲ੍ਹੇ ਵਿਚ ਸਭ ਤੋਂ ਜ਼ਿਆਦਾ ਤਪਦਿਕ ਦੇ ਬਿਮਾਰ ਹਨ । ਅਜੇ ਤੱਕ ਬਠਿੰਡਾ ਹਸਪਤਾਲ ਵਿਚ ਕੋਈ ਤਪਦਿਕ ਦਾ ਬਿਮਾਰ ਦਾਖਲ ਨਹੀਂ ਹੋ ਸਕਦਾ ਕਿਉਂਕਿ ਉਸ ਹਸਪਤਾਲ ਵਿਚ ਤਪਦਿਕ ਦਾ ਕੋਈ ਵਾਰਡ ਨਹੀਂ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਥੇ ਵੀ ਤਪਦਿਕ ਦਾ ਵਾਰਡ ਕਾਇਮ ਕਰਨਗੇ, ਤਾਂਕਿ ਉਥੇ ਤਪਦਿਕ ਦੇ ਮਰੀਜ਼ ਦਾਖਲ ਹੋ ਸਕਣ?

ਰਾਜ ਮੰਤਰੀ : ਬਠਿੰਡਾ ਵਿਚ ਵੀ ਟੀ.ਬੀ. ਸੈਂਟਰ ਹੈ । ਤਪਦਿਕ ਦਾ ਵੱਖਰਾ ਵਾਰਡ ਬਣਾਉਣ ਲਈ ਮੈਂ ਐਸ਼ੋਅਰੈਂਸ ਨਹੀਂ ਦੇ ਸਕਦਾ ਕਿਉਂਕਿ ਇਹ ਤਾਂ ਫੰਡਜ਼ ਦੀ ਅਵੇਲੇਬਿਲਿਟੀ ਤੇ ਡਿਪੈਂਡ ਕਰਦਾ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਹਰ ਜ਼ਿਲ੍ਹੇ ਵਿਚ ਟੀ.ਬੀ. ਦੇ ਹਸਪਤਾਲ ਜਾਂ ਕਲੀਨਿਕ ਖੋਲ੍ਹੇ ਹਨ । ਮੈਂ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਫਰੀਦ-ਕੋਟ ਵਿਚ ਕੋਈ ਹਸਪਤਾਲ ਖੋਲ੍ਹਿਆ ਹੈ, ਜੇ ਨਹੀਂ ਖੋਲ੍ਹਿਆ ਤਾਂ ਕੀ ਉਥੇ ਜ਼ਰੂਰ ਖੋਲ੍ਹ ਦੇਣਗੇ ?

ਰਾਜ ਮੰਤਰੀ : ਜੇ ਉਥੇ ਨਹੀਂ ਖੁਲ੍ਹਿਆ ਤਾਂ ਜ਼ਰੂਰ ਖੋਲ੍ਹ ਦਿਆਂਗੇ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਇਹ ਗੱਲ ਠੀਕ ਹੈ ਕਿ ਪਿੰਡਾਂ ਦੀ ਆਬਾਦੀ 84% ਹੈ। ਪਿੰਡਾਂ ਦੇ ਲੋਕ ਇਲਾਜ ਕਰਾਉਣ ਵਾਸਤੇ ਸ਼ਹਿਰਾਂ ਵਿਚ ਆਉਂਦੇ ਹਨ ਕਿਉਂਕਿ ਪਿੰਡਾਂ ਵਿਚ ਜਿਹੜੇ ਹਸਪਤਾਲ ਹਨ ਉਥੇ ਲੋੜੀਂਦਾ ਸਾਮਾਨ ਨਹੀਂ ਹੈ, ਉਥੇ ਲੋੜੀਂਦੀਆਂ ਦਵਾਈਆਂ ਨਹੀਂ ਹਨ ਅਤੇ ਹੋਰ ਪ੍ਰਬੰਧ ਨਹੀਂ ਹਨ ਜਿਸ ਨਾਲ ਕਿ ਮਰੀਜ਼ ਠੀਕ ਹੋ ਸਕਣ। ਇਸ ਕਰਕੇ ਪਿੰਡਾਂ ਦੇ ਮਰੀਜ਼ ਸ਼ਹਿਰਾਂ ਨੂੰ ਇਲਾਜ ਵਾਸਤੇ ਜਾਂਦੇ ਹਨ ਪਰ ਸ਼ਹਿਰਾਂ ਦੇ ਹਸ-ਪਤਾਲਾਂ ਵਿਚ ਪਹਿਲਾਂ ਹੀ ਬਹੁਤ ਰੱਸ਼ ਹੁੰਦਾ ਹੈ ਅਤੇ ਇਸ ਤਰ੍ਹਾਂ ਪਿੰਡਾਂ ਦੇ ਮਰੀਜ਼ ਆਉਣ ਨਾਲ ਸ਼ਹਿਰਾਂ ਦੇ ਹਸਪਤਾਲਾਂ ਤੇ ਹੋਰ ਜ਼ਿਆਦਾ ਬੋਝ ਪੈ ਜਾਂਦਾ ਹੈ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਬਿਮਾਰਾਂ ਦਾ ਇਲਾਜ ਨਹੀਂ ਹੁੰਦਾ ਇਸ ਲਈ ਕੀ ਇਹ ਇਸ ਗੱਲ ਤੇ ਵਿਚਾਰ ਕਰਨਗੇ ਕਿ ਸ਼ਹਿਰਾਂ ਦੇ ਹਸਪਤਾਲਾਂ ਤੋਂ ਬੋਝ ਹਟਾਉਣ ਲਈ ਜਿਥੇ ਪਿੰਡਾਂ ਵਿਚ ਬਿਜਲੀ ਗਈ ਹੈ ਉਥੇ ਦੇ ਹਸਪਤਾਲਾਂ ਵਿਚ ਪੂਰੀਆਂ ਸਹੂਲਤਾਂ ਦਿੱਤੀਆਂ ਜਾਣ ਤਾਂਕਿ ਸ਼ਹਿਰਾਂ ਦੇ ਹਸਪਤਾਲਾਂ ਦਾ ਬੋਝ ਘੱਟ ਹੋ ਜਾਵੇ ?

**Expunged as ordered by the Chair.

ਰਾਜ ਮੰਤਰੀ : ਇਸ ਪਲਾਨ ਦੇ ਵਿਚ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਬ-ਡਵੀਜ਼ਨ ਅਤੇ ਤਹਿਸੀਲ ਪੱਧਰ ਦੇ ਸਾਰੇ ਹਸਪਤਾਲ ਅੱਪਗਰੇਡ ਕਰਨੇ ਹਨ । ਇਸੇ ਤਰ੍ਹਾਂ ਰੂਰਲ ਮੈਡੀਕਲ ਫੈਸਿਲਿਟਿਜ਼ ਕਈ ਜਗ੍ਹਾਂ ਅਸੀਂ ਪਿੰਡਾਂ ਵਿਚ ਜ਼ਰੂਰ ਦੇਣੀਆਂ ਹਨ । ਗੁਲਸ਼ਨ ਜੀ ਦੀ ਇਸ ਗੱਲ ਨਾਲ ਮੈਂ ਸਹਿਮਤ ਹਾਂ ਕਿ ਸ਼ਹਿਰਾਂ ਦੇ ਹਸਪਤਾਲਾਂ ਤੇ ਬਹੁਤ ਪਰੈਸ਼ਰ ਪੈ ਜਾਂਦਾ ਹੈ । ਉਸ ਪਰੈਸ਼ਰ ਨੂੰ ਘੱਟ ਕਰਨ ਲਈ ਡੀਸੈਂਟਰੇਲਾਈਜ਼ ਕਰਨ ਦਾ ਪ੍ਰੋਗਰਾਮ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਸਰਕਾਰ ਇਸ ਤੇ ਵਿਚਾਰ ਕਰ ਰਹੀ ਹੈ ।

1974-75 ਦੇ ਦੌਰਾਨ ਰੋਪੜ ਤਹਿਸੀਲ ਵਿਚ ਸੜਕਾਂ ਬਣਾਉਣਾ

*3088. ਸਰਦਾਰ ਗੁਰਬਚਨ ਸਿੰਘ (ਰੋਪੜ): ਕੀ ਲੋਕ ਕਾਰਜ ਦੇ ਕਾਰਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ 1974-75 ਦੇ ਦੌਰਾਨ ਰੋਪੜ ਤਹਿਸੀਲ ਵਿਚ ਕੁੱਲ ਕਿੰਨੇ ਮੀਲ ਸੜਕਾਂ ਬਣਾਈਆਂ ਜਾਣੀਆਂ ਹਨ ਅਤੇ ਇਨ੍ਹਾਂ ਨੂੰ ਮੁਕੰਮਲ ਕਰਨ ਵਿਚ ਕਿੰਨਾ ਸਮਾਂ ਲਗੇਗਾ ।

ਸ੍ਰੀ ਜੋਗਿੰਦਰ ਪਾਲ ਪਾਂਡੇ : 46 ਕਿਲੋਮੀਟਰ । ਜਲਦੀ ਤੋਂ ਜਲਦੀ ਕੰਮ ਖਤਮ ਕੀਤਾ ਜਾਵੇਗਾ ।

ਸਰਦਾਰ ਗੁਰਬਚਨ ਸਿੰਘ (ਰੋਪੜ) : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 46 ਕਿਲੋ ਮੀਟਰ ਸੜਕਾਂ ਬਣਾਈਆਂ ਜਾਣੀਆਂ ਹਨ । ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਸੜਕਾਂ ਕਿੰਨੇ ਪਿੰਡਾਂ ਨੂੰ ਲਿੰਕ ਕਰਦੀਆਂ ਹਨ?

ਰਾਜ ਮੰਤਰੀ : ਇਸ ਸਵਾਲ ਵਿਚ ਇਹ ਨਹੀਂ ਪੁੱਛਿਆ ਗਿਆ ।

ਰੋਪੜ ਤਹਿਸੀਲ ਵਿਚ ਲਿੰਕ ਸੜਕਾਂ ਤੋਂ ਬਿਨਾਂ ਪਿੰਡ

*3089. ਸਰਦਾਰ ਗੁਰਬਚਨ ਸਿੰਘ (ਰੋਪੜ): ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰੋਪੜ ਤਹਿਸੀਲ ਵਿਚ ਕੁਲ ਕਿੰਨੇ ਪਿੰਡ ਲਿੰਕ ਸੜਕਾਂ ਤੋਂ ਬਿਨਾਂ ਹਨ;

(ਅ) ਇਨ੍ਹਾਂ ਪਿੰਡਾਂ ਨੂੰ ਕਿਸ ਸਮੇਂ ਤੱਕ ਮੁੱਖ ਸੜਕਾਂ ਨਾਲ ਜੋੜ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਜੋਗਿੰਦਰ ਪਾਲ ਪਾਂਡੇ : (ੳ) 30 ਪਿੰਡ ।

(ਅ) ਜਲਦੀ ਤੋਂ ਜਲਦੀ ਕੰਮ ਨੂੰ ਪੂਰਾ ਕੀਤਾ ਜਾਵੇਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਇਨ੍ਹਾਂ ਨੇ ਕੁਝ ਪਿੰਡਾਂ ਨੂੰ ਛੱਡ ਲਿਆ ਸੀ ਕਿ ਇਹ ਫ਼ਾਸਲਾ ਇਕ ਮੀਲ ਤੋਂ ਘੱਟ ਹੈ । ਕੀ ਇਸ ਸਾਲ ਇਹ ਉਨ੍ਹਾਂ ਪਿੰਡਾਂ ਵਿਚ ਲਿੰਕ ਸੜਕਾਂ ਬਣਾ ਦੇਣਗੇ ਜਿਥੇ ਦੀ ਲੰਬਾਈ ਇਕ ਮੀਲ ਤੋਂ ਘੱਟ ਹੈ ?

ਰਾਜ ਮੰਤਰੀ : ਜਿਥੇ ਸੜਕਾਂ ਨਹੀਂ ਪਹੁੰਚੀਆਂ ਉਥੇ ਛੇਤੀ ਪਹੁੰਚਾਵਾਂਗੇ ।

चौधरी कांशी राम : वज़ीर साहिब ने कहा है कि जल्दी कर देंगे । क्या यह अगले वर्ष यह न कह देंगे कि मैटीरियल की शार्टेज है और मैटीरियल नहीं मिला ?

ਰਾਜ ਮੰਤਰੀ : ਇਸ ਤਰ੍ਹਾਂ ਨਹੀਂ ਕਰਾਂਗੇ ।

ਸਰਦਾਰ ਗੁਰਬਚਨ ਸਿੰਘ (ਰੋਪੜ): ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਲਦੀ ਤੋਂ ਜਲਦੀ ਕੰਮ ਨੂੰ ਪੂਰਾ ਕੀਤਾ ਜਾਵੇਗਾ । ਕੀ ਇਹ ਦੱਸਣਗੇ ਕਿ ਕਦੋਂ ਤੱਕ ਕਰਵਾ ਦੇਣਗੇ?

ਰਾਜ ਮੰਤਰੀ: ਮੈਂ ਪਹਿਲਾਂ ਹੀ ਕਿਹਾ ਹੈ ਕਿ ਜਲਦੀ ਕੰਮ ਪੂਰਾ ਕਰਨਾ ਹੈ । ਜੇ ਇਹ ਤਾਰੀਖ ਪੁੱਛਦੇ ਹਨ ਕਿ ਕਿਸ ਤਾਰੀਖ ਤੱਕ ਹੋ ਜਾਵੇਗਾ ਤਾਂ ਮੈਂ ਪਤਾ ਕਰਕੇ ਤਾਰੀਖ ਦੱਸ ਦਿਆਂਗਾ ।

ਸਰਦਾਰ ਬੇਅੰਤ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੀਆਂ ਮਾਰਕਿਟ ਕਮੇਟੀਆਂ ਲਿੰਕ ਰੋਡਜ਼ ਵਾਸਤੇ ਆਪਣਾ ਪੂਰਾ ਪੈਸਾ ਜਮ੍ਹਾਂ ਕਰਾਉਣ ਵਾਸਤੇ ਤਿਆਰ ਹਨ ਕੀ ਉਨ੍ਹਾਂ ਦੀਆਂ ਸੜਕਾਂ ਇਸ ਸਾਲ ਬਣਾ ਦੇਣਗੇ, ਕਿਉਂਕਿ ਪਿਛਲੇ ਸਾਲ ਉਨ੍ਹਾਂ ਦਾ ਬਹੁਤ ਸਾਰਾ ਰੁਪਿਆ ਕਾਮਨ ਪੂਲ ਵਿਚ ਪੈ ਗਿਆ ਅਤੇ ਉਥੇ ਸੜਕਾਂ ਨਹੀਂ ਬਣ ਸਕੀਆਂ?

ਰਾਜ ਮੰਤਰੀ : ਇਸ ਸਵਾਲ ਵਿਚ ਮਾਰਕਿਟ ਕਮੇਟੀਜ਼ ਦਾ ਕੋਈ ਜ਼ਿਕਰ ਨਹੀਂ ਹੈ । ਪਰ ਫਿਰ ਵੀ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀਆਂ ਜਾਂ ਮਾਰਕਿਟ ਬੋਰਡ ਜਿਹੜੇ ਵੀ ਸਾਥੋਂ ਕੰਮ ਕਰਾਉਣਾ ਚਾਹੁਣ ਉਹ ਪੈਸੇ ਜਮ੍ਹਾਂ ਕਰਾਉਣਗੇ ਤਾਂ ਅਸੀਂ ਕਰ ਦਿਆਂਗੇ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਬਦਕਿਸਮਤੀ ਨਾਲ ਬਣ ਗਈਆਂ ਹਨ ਉਹ ਬਣਦੀਆਂ ਮਗਰੋਂ ਹਨ ਪਰ ਟੁੱਟ ਪਹਿਲਾਂ ਜਾਂਦੀਆਂ ਹਨ । ਉਨ੍ਹਾਂ ਉਤੇ ਮੈਟੀਰੀਅਲ ਘੱਟ ਲਾਇਆ ਜਾਂਦਾ ਹੈ, ਕੀ ਇਸ ਦੀ ਵੀ ਇਹ ਦੇਖ ਭਾਲ ਕਰਾਉਣਗੇ ।

ਰਾਜ ਮੰਤਰੀ : ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਪੈਦਾ ਨਹੀਂ ਹੁੰਦਾ ।

ਪਿੰਡਾਂ ਵਿਚ ਖੰਡ ਦੀ ਵੰਡ

***3106. ਸਰਦਾਰ ਸੁਖਦੇਵ ਸਿੰਘ ਢੀਂਡਸਾ**
ਸਰਦਾਰ ਪ੍ਰਹਿਲਾਦ ਸਿੰਘ
ਸਰਦਾਰ ਧੰਨਾ ਸਿੰਘ ਗੁਲਸ਼ਨ } : ਕੀ ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ

ਕਿਰਪਾ ਕਰਕੇ ਦਸਣਗੇ ਕਿ :—

(ੳ) ਇਸ ਸਮੇਂ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਪ੍ਰਤੀ ਜੀ ਕਿੰਨਾ ਕਿੰਨਾ ਖੰਡ ਦਾ ਕੋਟਾ ਦਿੱਤਾ ਜਾ ਰਿਹਾ ਹੈ ;

(ਅ) ਸਾਲ 1973–74 ਦੇ ਦੌਰਾਨ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਸਸਤੇ ਭਾਉ ਦੀਆਂ ਦੁਕਾਨਾਂ/ਉਪਭੋਗੀ ਸਟੋਰਾਂ ਰਾਹੀਂ ਖੰਡ ਦੀ ਕੁਲ ਕਿੰਨੀ ਕਿੰਨੀ ਮਾਤਰਾ ਵੰਡੀ ਗਈ;

(ੲ) ਕੀ ਪਿੰਡਾਂ ਵਿਚ ਖੰਡ ਦੀ ਵੰਡ ਕਰਨ ਲਈ ਸਾਲ 1975 ਵਿੱਚ ਕੋਈ ਨਵਾਂ ਢੰਗ ਅਪਣਾਇਆ ਜਾ ਰਿਹਾ ਹੈ, ਜੇ ਅਜਿਹਾ ਹੋਵੇ, ਤਾਂ ਇਸ ਦਾ ਵੇਰਵਾ ਕੀ ਹੈ?

ਸਰਦਾਰ ਗੁਰਦਰਸ਼ਨ ਸਿੰਘ :(ੳ) ਪਿੰਡਾਂ ਅਤੇ ਸ਼ਹਿਰਾਂ ਵਿਚ ਪ੍ਰਤੀ ਜੀ ਪ੍ਰਤੀ ਮਹੀਨਾ ਖੰਡ ਦਾ ਕੋਟਾ 400 ਗਰਾਮ ਦਿੱਤਾ ਜਾ ਰਿਹਾ ਹੈ ।

(ਅ) ਮਈ 1973 ਤੋਂ ਮਾਰਚ, 1974 ਤੱਕ ਪਿੰਡਾਂ ਨੂੰ 48,718.8 ਟੰਨਜ਼ ਅਤੇ ਸ਼ਹਿਰਾਂ ਨੂੰ 22, 349.6 ਟੰਨਜ਼ ਖੰਡ ਦਿੱਤੀ ਗਈ ।

(ੲ) ਹਾਂ ਜੀ । ਪਿੰਡਾਂ ਲਈ ਥੋਕ ਪੱਧਰ ਦੀ ਵੰਡ ਪੰਜਾਬ ਸਟੇਟ ਸਿਵਲ ਸਪਲਾਈ ਕਾਰਪੋ-ਰੇਸ਼ਨ ਨੂੰ 1 ਜਨਵਰੀ, 1975 ਤੋਂ ਦਿੱਤੀ ਗਈ ਹੈ ਪਰ ਪਰਚੂਨ ਪੱਧਰ ਤੇ ਹਾਲ ਦੀ ਘੜੀ ਕੋਈ ਤਬਦੀਲੀ ਨਹੀਂ ਹੋਈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਹੁਣੇ ਹੀ ਵਜ਼ੀਰ ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਪ੍ਰਤੀ ਜੀ ਪ੍ਰਤੀ ਮਹੀਨਾ ਖੰਡ ਦਾ ਕੋਟਾ 400 ਗ੍ਰਾਮ ਦਿੱਤਾ ਜਾ ਰਿਹਾ ਹੈ । ਭਾਗ 'ਅ' ਦੇ ਜਵਾਬ ਵਿਚ ਕਿਹਾ ਹੈ ਕਿ ਪਿੰਡਾਂ ਨੂੰ 48,718.8 ਟੰਨਜ਼ ਅਤੇ ਸ਼ਹਿਰਾਂ ਨੂੰ 22,349.6 ਟੰਨਜ਼ ਖੰਡ ਦਿੱਤੀ ਗਈ ਹੈ । ਪਿੰਡਾਂ ਦੇ ਵਿਚ 80 ਫ਼ੀ ਸਦੀ ਲੋਕ ਵਸਦੇ ਹਨ ਉਥੇ ਤਾਂ ਇਹ ਖੰਡ 48,718.8 ਟੰਨਜ਼ ਦਿੱਤੀ ਗਈ ਹੈ ਪਰ ਸ਼ਹਿਰਾਂ ਵਿਚ 20 ਫ਼ੀ ਸਦੀ ਲੋਕ ਵਸਦੇ ਹਨ ਉਨ੍ਹਾਂ ਨੂੰ 22,349.6 ਟੰਨਜ਼ ਖੰਡ ਦਿੱਤੀ ਗਈ ਹੈ । ਇਹ ਪ੍ਰੋਪੋਰਸ਼ਨੇਟਲੀ ਇਕੂਅਲ ਕਿਵੇਂ ਹੋ ਗਈ?

ਰਾਜ ਮੰਤਰੀ : ਪਿੰਡਾਂ ਵਿਚ ਲੋਕੀ ਜ਼ਿਆਦਾ ਵਸਦੇ ਹਨ ਉਥੇ ਇਸੇ ਕਰਕੇ 48,718.8 ਟੰਨਜ਼ ਅਤੇ ਸ਼ਹਿਰਾਂ ਵਿਚ ਲੋਕੀਂ ਘੱਟ ਰਹਿੰਦੇ ਹਨ; ਇਸ ਲਈ ਉਥੇ 22,349.6 ਟੰਨ ਖੰਡ ਦਿਤੀ ਗਈ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਮੈਂ ਤਾਂ ਸਪੀਕਰ ਸਾਹਿਬ, ਇਹ ਪੁਛਿਆ ਹੈ ਕਿ ਇਹ ਰੇਸ਼ੋ ਬਰਾਬਰ ਕਿਵੇਂ ਹੈ । (ਵਿਘਨ)

(ਕੋਈ ਜਵਾਬ ਨਹੀਂ ਆਇਆ)

ਚੌਧਰੀ ਕਾਂਸ਼ੀ ਰਾਮ : ਸਪੀਕਰ ਸਾਹਿਬ, ਹੈਲਥ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਦਿਹਾਤਾਂ ਵਿਚ 84 ਫ਼ੀ ਸਦੀ ਲੋਕ ਰਹਿੰਦੇ ਹਨ । (ਵਿਘਨ) ਸਿਵਲ ਸਪਲਾਈਜ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪਿੰਡਾਂ ਵਿਚ 48,718 ਟੰਨ ਦੇ ਕਰੀਬ ਖੰਡ ਪਿੰਡਾਂ ਵਿਚ ਦਿੱਤੀ ਜਾਂਦੀ ਹੈ ਅਤੇ ਸ਼ਹਿਰਾਂ ਵਿਚ 22,349 ਟੰਨਜ਼ ਦੇ ਕਰੀਬ ਖੰਡ ਦਿੱਤੀ ਗਈ ਹੈ। ਜਿਹੜੀ 84 ਅਤੇ 16 ਦੀ ਰੇਸ਼ੋ ਬਣਦੀ ਹੈ ਉਸ ਦੇ ਮੁਤਾਬਕ ਇਹ ਖੰਡ ਕਿਉਂ ਨਹੀਂ ਦਿੱਤੀ ਗਈ? ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਵਿਤਕਰੇ ਦੀ ਗੱਲ ਕੀਤੀ ਹੈ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਵਿਤਕਰਾ ਹਟਾਉਣ ਲਈ ਹੀ ਕੀਤਾ ਗਿਆ ਹੈ ਕਿ ਪਹਿਲਾਂ ਸ਼ਹਿਰਾਂ ਵਿਚ 500 ਗਰਾਮ ਚੀਨੀ ਮਿਲਦੀ ਸੀ, ਅਤੇ ਪਿੰਡਾਂ ਵਿਚ ਨਹੀਂ ਸੀ ਮਿਲਦੀ । ਹੁਣ ਅਸੀਂ ਪਿੰਡਾਂ ਅਤੇ ਸ਼ਹਿਰਾਂ ਵਿਚ

[ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ]

ਬਰਾਬਰ ਚੀਨੀ ਦਾ ਕੋਟਾ 400 ਗਰਾਮ ਪ੍ਰਤੀ ਜੀ ਪ੍ਰਤੀ ਮਹੀਨਾ ਕਰ ਦਿੱਤਾ ਹੈ। ਜੋ ਪ੍ਰੋਪੋਰਸ਼ਨੇਟਲੀ ਵੀ ਦਿਆ ਜਾਵੇ ਤਾਂ ਉਸ ਦੇ ਮੁਤਾਬਕ ਹੀ ਖੰਡ ਦਿੱਤੀ ਜਾਂਦੀ ਹੈ । ਜਿਹੜੇ ਲੋਕ ਪਿੰਡਾਂ ਵਿਚ ਸ਼ਹਿਰਾਂ ਦੇ ਨੇੜੇ ਤੇੜੇ ਰਹਿੰਦੇ ਹਨ ਉਹ ਆਪਣਾ ਨਾਮ ਸ਼ਹਿਰਾਂ ਵਿਚ ਦਰਜ ਕਰਵਾ ਲੈਂਦੇ ਹਨ, ਇਸ ਲਈ ਚੀਨੀ ਸ਼ਹਿਰਾਂ ਵਿਚ ਜ਼ਿਆਦਾ ਮਿਲਦੀ ਹੈ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਜਿਹੜੇ ਪਿੰਡਾਂ ਵਿਚੋਂ ਲੋਕਾਂ ਨੇ ਚੁਲ੍ਹਾ ਟੈਕਸ ਨਹੀਂ ਦਿਤਾ ਉਨ੍ਹਾਂ ਨੂੰ ਖੰਡ ਨਹੀਂ ਦਿੱਤੀ ਗਈ । ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਦੇ ਕੀ ਕਾਰਨ ਹਨ ਅਤੇ ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਕਦੋਂ ਤਕ ਖੰਡ ਮਿਲ ਜਾਵੇਗੀ?

ਰਾਜ ਮੰਤਰੀ : ਸਪੀਕਰ ਸਾਹਿਬ, ਚੁਲ੍ਹੇ ਟੈਕਸ ਦਾ ਤਾਂ ਖੰਡ ਦੇ ਸਵਾਲ ਨਾਲ ਕੋਈ ਸਬੰਧ ਨਹੀਂ ਹੈ। (ਵਿਘਨ) ਇਹ ਠੀਕ ਹੈ ਕਿ ਪਿੰਡਾਂ ਵਿਚ ਕਈ ਥਾਵਾਂ ਤੇ ਚੀਨੀ ਨਹੀਂ ਸੀ ਗਈ ਕਿਉਂਕਿ ਕੋਆਪਰੇਟਿਵ ਸੋਸਾਇਟੀਆਂ ਚੀਨੀ ਨਹੀਂ ਸੀ ਚੁਕਦੀਆਂ । ਹੁਣ ਅਸੀਂ ਕੋਆਪਰੇਟਿਵ ਸੋਸਾਇਟੀਆਂ ਤੋਂ ਲਿਫਟਿੰਗ ਸ਼ੁਰੂ ਕਰਵਾ ਦਿੱਤੀ ਹੈ। ਹੁਣ ਹਰ ਇਕ ਪਿੰਡ ਵਿਚ ਪੂਰਾ ਕੋਟਾ ਮਿਲੇਗਾ ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਤੁਹਾਡੇ ਕੋਲ ਤਾਂ ਹੁਣ ਇਹ ਚੀਜ਼ ਆਈ ਹੈ, ਪਹਿਲਾਂ ਪਿੰਡਾਂ ਵਿਚ ਚੀਨੀ ਕੋਆਪਰੇਟਿਵ ਡਿਪਾਰਟਮੈਂਟ ਦੇ ਰਾਹੀਂ, ਕੋਆਪਰੇਟਿਵ ਸੋਸਾਇਟੀਆਂ ਦੇ ਰਾਹੀਂ ਦਿੱਤੀ ਜਾਂਦੀ ਸੀ । ਚਾਰ ਮਹੀਨਿਆਂ ਤੋਂ ਪਿੰਡਾਂ ਵਿਚ ਖੰਡ ਨਹੀਂ ਮਿਲੀ, ਇਸ ਦੇ ਬਾਰੇ ਮੈਂ ਕਾਲ ਅਟੈਨਸ਼ਨ ਮੋਸ਼ਨ ਵੀ ਦਿੱਤੀ ਹੈ । ਕੀ ਇਸ ਵਿਚ ਮਹਿਕਮੇ ਦੀ ਗਲਤੀ ਹੈ ਜਾਂ ਕੋਈ ਹੋਰ ਵਜ੍ਹਾ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਇਸੇ ਚੀਜ਼ ਨੂੰ ਮੁੱਖ ਰਖਦੇ ਹੋਏ ਕਿ ਪਿੰਡਾਂ ਵਿਚ ਚੀਨੀ ਨਹੀਂ ਸੀ ਮਿਲਦੀ ਅਸੀਂ ਇਸ ਸਿਸਟਮ ਨੂੰ ਚੇਂਜ ਕੀਤਾ ਹੈ । (ਵਿਘਨ) ਮੈਂ ਪਹਿਲਾਂ ਵੀ ਕਹਿ ਚੁਕਾ ਹਾਂ ਕਿ ਕੋਆਪਰੇਟਿਵ ਸੋਸਾਇਟੀਆਂ ਤੋਂ ਹੁਣ ਲਿਫਟਿੰਗ ਸ਼ੁਰੂ ਕਰਵਾਈ ਹੈ ਅਤੇ ਹੁਣ ਹਰ ਇਕ ਪਿੰਡ ਵਿਚ ਚੀਨੀ ਦਾ ਕੋਟਾ ਪੂਰਾ ਮਿਲੇਗਾ ।

ਗਿਆਨੀ ਅਰਜਨ ਸਿੰਘ ਲਿੱਟ : ਕੀ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਪਿੰਡਾਂ ਵਿਚ 'ਡੀ' ਕਲਾਸ ਦੀ ਖੰਡ ਦਿੱਤੀ ਜਾਂਦੀ ਹੈ ਅਤੇ ਸ਼ਹਿਰਾਂ ਵਿਚ 'ਬੀ' ਕਲਾਸ ਦੀ ਖੰਡ ਦਿਤੀ ਜਾਂਦੀ ਹੈ । ਕੀ ਪਿੰਡਾਂ ਵਿਚ 'ਏ' ਜਾਂ 'ਬੀ' ਕਲਾਸ ਦੀ ਖੰਡ ਭੇਜਣਗੇ?

ਰਾਜ ਮੰਤਰੀ : ਇਹੋ ਜਿਹਾ ਕੇਸ ਮੇਰੇ ਨੋਟਿਸ ਵਿਚ ਕੋਈ ਨਹੀਂ ਆਇਆ । ਜੇ ਇਹ ਮੇਰੇ ਨੋਟਿਸ ਵਿਚ ਕੋਈ ਕੇਸ ਲਿਆਉਣਗੇ ਤਾਂ ਸਰਕਾਰ ਉਸ ਤੇ ਜ਼ਰੂਰ ਐਕਸ਼ਨ ਲਵੇਗੀ । ਇਹ ਸਰਕਾਰ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰੇਗੀ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਇਹ ਬੜੀ ਖੁਸ਼ੀ ਦੀ ਅਤੇ ਚੰਗੀ ਗੱਲ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਇਸ ਸਰਕਾਰ ਨੇ ਪਰ ਯੂਨਿਟ ਖੰਡ ਦਾ ਕੋਟਾ ਬਰਾਬਰ ਕਰ ਦਿੱਤਾ ਹੈ । ਜਿਹੜਾ ਇਹ 400 ਗਰਾਮ ਖੰਡ ਦਾ ਕੋਟਾ ਹੈ, ਇਹ ਘੱਟ ਹੈ, ਕੀ ਇਸ ਕੋਟੇ ਨੂੰ ਵਧਾਉਣ ਵਾਸਤੇ ਸਰਕਾਰ ਕੋਈ ਯਤਨ ਕਰ ਰਹੀ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਅਗਰ ਆਲ ਇੰਡੀਆ ਲੈਵਲ ਦੀ ਐਵਰੇਜ ਲਈਏ ਤਾਂ ਇਹ 300 ਗਰਾਮ ਪਰ ਯੂਨਿਟ ਬਣਦੀ ਹੈ, ਪਰ ਅਸੀਂ ਔਕੜ ਨੂੰ ਮੁੱਖ ਰੱਖਦੇ ਹੋਏ 400 ਗਰਾਮ ਦੇ ਰਹੇ ਹਾਂ । ਅਸੀਂ ਸਿਵਲ ਸਪਲਾਈਜ਼ ਕਾਰਪੋਰੇਸ਼ਨ ਨੂੰ ਖੰਡ ਸਾਰੀ ਲੈਣ ਵਾਸਤੇ ਹਦਾਇਤ ਵੀ ਕੀਤੀ ਹੈ ਕਿ ਲੜਕੇ ਦੇ ਵਿਆਹ ਜਾਂ ਲੜਕੀਆਂ ਦੇ ਵਿਆਹ ਵਾਸਤੇ ਜਾਂ ਕਿਸੀ ਹੋਰ ਫੰਕਸ਼ਨ ਵਾਸਤੇ ਉਹ ਚੀਨੀ ਦੇਣ ਲਈ ਸਹਾਇਤਾ ਕਰੇ ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਪਹਿਲਾਂ ਤਾਂ ਪਿੰਡਾਂ ਵਿਚ ਖੰਡ ਜਾਂਦੀ ਹੀ ਘੱਟ ਹੈ ਅਤੇ ਕੁਝ ਅਜਿਹੇ ਕੇਸਿਜ਼ ਹਨ ਜਿਥੇ ਡਿਪੂਆਂ ਵਾਲੇ ਬਹੁਤੇ ਬੰਦੇ ਦਿਖਾ ਕੇ ਚੀਨੀ ਜ਼ਿਆਦਾ ਲੈ ਜਾਂਦੇ ਹਨ ਅਤੇ ਵੱਧਦੀ ਚੀਨੀ ਘਰ ਲੈ ਜਾਂਦੇ ਹਨ । ਅਜਿਹੇ ਕਿੰਨੇ ਕੇਸਿਜ਼ ਸਰਕਾਰ ਨੇ ਫੜੇ ਹਨ ਜਾਂ ਸਰਕਾਰ ਦੀ ਗਿਆਤ ਵਿਚ ਹਨ?

ਰਾਜ ਮੰਤਰੀ : ਸਪੀਕਰ ਸਾਹਿਬ, ਸਰਕਾਰ ਦੀ ਹਮੇਸ਼ਾਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਡਿਪੂ ਸਿਸਟਮ ਜਿਹੜਾ ਹੈ ਉਹ ਕੋਆਪਰੇਟਿਵ ਬੇਸਿਜ਼ ਤੇ ਕੀਤਾ ਜਾਵੇ । ਜਿਥੇ ਜਿਥੇ ਵੀ ਕੋਈ ਸ਼ਿਕਾਇਤ ਆਵੇ ਅਸੀਂ ਐਕਸ਼ਨ ਲੈਂਦੇ ਹਾਂ । ਅਸੀਂ ਇਹ ਫ਼ੈਸਲਾ ਕੀਤਾ ਹੈ ਕਿ ਜਿਹੜੇ ਡਿਪੂ ਖੋਲ੍ਹਾਂਗੇ, ਪੰਚਾਇਤਾਂ ਦੇ ਹੁਕਮ ਤੇ ਖੋਲ੍ਹਾਂਗੇ ਅਤੇ ਜਿਸ ਨੂੰ ਉਹ ਕਹਿਣਗੇ ਦਿੱਤਾ ਜਾਵੇਗਾ ।

ਸ਼੍ਰੀ ਬਾਲ ਮੁਕੰਦ ਸ਼ਰਮਾ: ਸਪੀਕਰ ਸਾਹਿਬ, ਪਿੰਡਾਂ ਵਿਚ ਜਿਹੜੀ ਲੋਕਾਂ ਨੂੰ ਘੱਟ ਚੀਨੀ ਮਿਲਦੀ ਹੈ ਉਸ ਦੀ ਮੇਨ ਵਜ੍ਹਾ ਇਹ ਹੈ ਕਿ ਉਥੇ ਕੋਈ ਪਰਮਾਨੈਂਟ ਡਿਪੂ ਨਹੀਂ ਹੁੰਦਾ । ਇਕ ਬੰਦਾ 2–2 4–4 ਪਿੰਡਾਂ ਦਾ ਡਿਪੂ ਲੈ ਕੇ ਇਕ ਦਿਨ ਹੀ ਖੰਡ ਤਕਸੀਮ ਕਰਕੇ ਆ ਜਾਂਦਾ ਹੈ ਅਤੇ ਜਿਹੜੇ ਬੰਦੇ ਰਹਿ ਜਾਂਦੇ ਹਨ ਉਨ੍ਹਾਂ ਨੂੰ ਮੁੜ ਕੇ ਚੀਨੀ ਨਹੀਂ ਮਿਲਦੀ ਅਤੇ ਉਸ ਦਾ ਹਿਸਾਬ ਕਿਤਾਬ ਡਿਪੂ ਹੋਲਡਰਜ਼ ਕੋਲ ਹੀ ਰਹਿ ਜਾਂਦਾ ਹੈ। ਕੀ ਇਸ ਸਿਸਟਮ ਨੂੰ ਠੀਕ ਕਰਨ ਵਾਸਤੇ ਵਜ਼ੀਰ ਸਾਹਿਬ ਦੱਸਣਗੇ ਕਿ ਕੋਈ ਪਰਮਾਨੈਂਟ ਡਿਪੂ ਹੋਣ, ਚਾਹੇ 2–4 ਪਿੰਡਾਂ ਦਾ ਇੱਕਠਾ ਹੀ ਖੋਲ੍ਹ ਦੇਣ, ਬਣਾਉਣਗੇ; ਜਿਹੜੇ ਹਰ ਵਕਤ ਖੁਲ੍ਹੇ ਰਿਹਾ ਕਰਨ ਤਾਂ ਕਿ ਜਿਸ ਵੇਲੇ ਵੀ ਕੋਈ ਆਦਮੀ ਜਾਵੇ, ਆਪਣੀ ਖੰਡ ਲਿਆ ਸਕੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕਰ ਚੁੱਕਾ ਹਾਂ ਕਿ ਪਿੰਡਾਂ ਵਿਚ ਕਈ ਥਾਵਾਂ ਤੇ ਚੀਨੀ ਨਹੀਂ ਦਿੱਤੀ ਗਈ ਸੀ ਕਿਉਂਕਿ ਕੋਆਪਰੇਟਿਵ ਸਟੋਰਜ਼, ਕੋਆਪਰੇਟਿਵ ਸੋਸਾਇਟੀਆਂ ਚੀਨੀ ਨਹੀਂ ਸੀ ਲੈਂਦੀਆਂ । (ਵਿਘਨ) ਅਸੀਂ ਪਿੰਡਾਂ ਵਿਚ ਹੋਲ ਸੇਲ ਲੈਵਲ ਦੀ ਵੰਡ ਹੁਣ ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਨੂੰ ਦੇ ਦਿੱਤੀ ਹੈ ਪਰ ਪਰਚੂਨ ਲੈਵਲ ਤੇ ਅਸੀਂ ਹਾਲੀ ਕੋਈ ਤਬਦੀਲੀ ਨਹੀਂ ਕੀਤੀ । ਜਿਹੜੀ ਇਨ੍ਹਾਂ ਦੀ ਸੁਜੈਸ਼ਨ ਆਈ ਹੈ ਇਹ ਇਕ ਅੱਛੀ ਸੁਜੈਸ਼ਨ ਹੈ ਅਤੇ ਇਸ ਤੇ ਅਸੀਂ ਗੌਰ ਕਰਾਂਗੇ । ਜੇ ਲੋੜ ਪਈ ਤਾਂ ਪਿੰਡਾਂ ਵਿਚ ਡਿਪੂ ਖੋਲ੍ਹ ਦੇਵਾਂਗੇ ।

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ, ਕਿ ਕੀ ਇਹ ਗੱਲ ਠੀਕ ਨਹੀਂ ਕਿ ਪਿੰਡਾਂ ਵਿਚ ਇਕ ਤਾਂ ਚੀਨੀ ਬਹੁਤ ਘੱਟ ਅੱਗੇ ਹੀ ਜਾਂਦੀ ਹੈ ਅਤੇ ਕਈ ਕਈ ਮਹੀਨੇ ਜਾਂਦੀ ਹੀ ਨਹੀਂ, ਜੇ ਕਿਸੇ ਵੇਲੇ ਚੀਨੀ ਵੀ ਜਾਂਦੀ ਹੈ ਤਾਂ ਸਰਕਾਰ ਨੇ ਇਕ ਟੈਕਸ ਲਗਾਇਆ ਹੋਇਆ ਹੈ ਚੁਲ੍ਹਾ ਟੈਕਸ । ਜਿਹੜੇ ਗਰੀਬ ਆਦਮੀ ਹਨ ਉਹ ਚੁਲ੍ਹਾ ਟੈਕਸ ਨਹੀਂ ਦੇ ਸਕਦੇ, ਉਨ੍ਹਾਂ ਨੂੰ ਚੀਨੀ ਨਹੀਂ ਮਿਲਦੀ ਅਤੇ ਕੋਆਪਰੇਟਿਵ ਸੋਸਾਇਟੀਆਂ ਆਪ ਹੀ ਚੀਨੀ ਛੱਕ ਜਾਂਦੀਆਂ ਹਨ । ਕੀ ਮਿਨਿਸਟਰ ਸਾਹਿਬ ਦੱਸਣਗੇ ਕਿ 1 ਜਨਵਰੀ, 1974 ਤੋਂ 1 ਜਨਵਰੀ, 1975 ਤਕ ਜ਼ਿਲ੍ਹਾਵਾਰ ਪਿੰਡਾਂ ਵਿਚ ਖੰਡ ਕਿੰਨੀ ਗਈ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਇਸ ਸਵਾਲ ਵਿਚੋਂ ਇਨ੍ਹਾਂ ਦਾ ਸਵਾਲ ਉਠਦਾ ਨਹੀਂ । ਜੋ ਇਨਫ਼ਰਮੇਸ਼ਨ ਮੰਗੀ ਗਈ ਹੈ, ਉਹ ਮੈਂ ਦੱਸ ਦਿੱਤੀ ਹੈ। ਇਹ ਵੱਖਰਾ ਨੋਟਿਸ ਦੇ ਦੇਣ; ਜੋ ਕੁਝ ਪੁਛਣਾ ਚਾਹੁੰਦੇ ਹਨ, ਮੈਂ ਜਵਾਬ ਦੇ ਦੇਵਾਂਗਾ ।

ਵਿਕਾਸ ਦੇ ਰਾਜ ਮੰਤਰੀ : ਸਪੀਕਰ ਸਾਹਿਬ, ਗੁਲਸ਼ਨ ਜੀ ਨੇ ਚੁਲ੍ਹਾ ਟੈਕਸ ਦੇ ਮੁਤੱਲਕ ਕਿਹਾ ਹੈ ਕਿ ਸਰਕਾਰ ਕੋਈ ਚੁਲ੍ਹਾ ਟੈਕਸ ਲੈਂਦੀ ਹੈ । ਮੈਂ ਗੁਲਸ਼ਨ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਚੁਲ੍ਹਾ ਟੈਕਸ ਪਿੰਡ ਦੀ ਪੰਚਾਇਤ ਲੈਂਦੀ ਹੈ, ਸਰਕਾਰ ਨਹੀਂ ਲੈਂਦੀ ਅਤੇ ਨਾ ਸਰਕਾਰ ਦਾ ਇਸ ਨਾਲ ਕੋਈ ਤੁਅੱਲਕ ਹੈ । (ਵਿਘਨ) (ਸ਼ੋਰ)

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਦਿਹਾਤਾਂ ਵਿਚ ਖੰਡ ਇਸ ਵਾਸਤੇ ਨਹੀਂ ਜਾਂਦੀ ਕੀ ਬਹੁਤ ਸਾਰੀਆਂ ਕੋਆਪਰੇਟਿਵ ਸੋਸਾਇਟੀਆਂ ਡਿਫ਼ਾਲਟਰਜ਼ ਹਨ ਔਰ ਡਿਫ਼ਾਲਟਰਜ਼ ਨੂੰ ਮਾਲ ਚੁਕਣ ਦੀ ਇਜਾਜ਼ਤ ਨਹੀਂ ਜਿਸ ਕਰਕੇ ਪਿੰਡਾਂ ਵਿਚ ਖੰਡ ਨਹੀਂ ਜਾਂਦੀ । ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੀਆਂ ਸੋਸਾਇਟੀਆਂ ਡਿਫ਼ਾਲਟਰਜ਼ ਹਨ ਉਨ੍ਹਾਂ ਥਾਵਾਂ ਤੇ ਹੋਰਨਾਂ ਲੋਕਾਂ ਨੂੰ ਡਿਪੂ ਅਲਾਟ ਕਰ ਦਿੱਤੇ ਜਾਣਗੇ?

ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਹੋਲਸੇਲ ਲੈਵਲ ਤੇ ਅਸੀਂ ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਨੂੰ ਖੰਡ ਦੀ ਵੰਡ ਦਿੱਤੀ ਹੈ ਪਰ ਰੀਟੇਲ ਲੈਵਲ ਤੇ ਕੋਈ ਤਬਦੀਲੀ ਨਹੀਂ ਕੀਤੀ । ਜੇ ਕੋਈ ਚੇਂਜ ਕਰਨੀ ਹੋਈ ਤਾਂ ਅਸੀਂ ਵਿਚਾਰ ਕਰਾਂਗੇ । (ਵਿਘਨ)

10.00 A.M.

Mr. Speaker : Question Hour is over. The remaining questions will be deemed to have been answered under rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

ਰਾਜ ਵਿਚ ਢਲਾਈ ਉਦਯੋਗ

***2918. ਕਾਮਰੇਡ ਸਤ ਪਾਲ ਡਾਂਗ**
ਕਾਮਰੇਡ ਦਾਨਾ ਰਾਮ : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਇਸ ਗੱਲ ਦਾ ਪਤਾ ਹੈ ਕਿ ਭਾਰਤ ਸਰਕਾਰ ਵਲੋਂ ਅਕਤੂਬਰ, 1974 ਤੋਂ ਪਿਗ ਆਇਰਨ ਪਾਲਿਸੀ ਲਾਗੂ ਕਰਨ ਦੇ ਸਿੱਟੇ ਵੱਜੋਂ ਰਾਜ ਵਿਚ ਢਲਾਈ ਉਦਯੋਗ ਸੰਕਟ ਵਿਚ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਨੇ ਇਸ ਉਦਯੋਗ ਨੂੰ ਬਚਾਉਣ ਲਈ ਕੀ ਕਾਰਵਾਈ ਕੀਤੀ ਹੈ ?

ਗਿਆਨੀ ਜ਼ੈਲ ਸਿੰਘ : ਹਾਂ ਜੀ। ਇਸ ਸੰਬੰਧ ਵਿਚ ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਪਾਸ ਵਿਰੋਧ ਕੀਤਾ ਗਿਆ ਹੈ ਅਤੇ ਇਸ ਪਾਲਿਸੀ ਨੂੰ ਢਲਾਈ ਉਦਯੋਗ ਦੇ ਹਿਤ ਵਿਚ ਰੀਵਿਊ ਕਰਨ ਲਈ ਬੇਨਤੀ ਕੀਤੀ ਗਈ। ਫ਼ਲਸਰੂਪ, ਭਾਰਤ ਸਰਕਾਰ ਨੇ ਆਪਣੀ ਅਕਤੂਬਰ, 1974 ਤੋਂ ਲਾਗੂ ਕੀਤੀ ਪਾਲਿਸੀ ਵਿਚ ਤਬਦੀਲੀ ਲੈ ਆਂਦੀ ਹੈ ।

—————

ਥਾਨਾ ਹਾਜੀਪੁਰ ਅਤੇ ਪੁਲਿਸ ਚੌਕੀ ਤਲਵਾੜਾ ਵਿਰੁੱਧ ਮੇਜਰਨਾਮਾ

*2919. ਕਾਮਰੇਡ ਸੱਤ ਪਾਲ ਡਾਂਗ
ਕਾਮਰੇਡ ਦਾਨਾ ਰਾਮ :ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਸ੍ਰੀ ਬੇਅੰਤ ਲਾਲ, ਸਕੱਤਰ ਕਮਿਊਨਿਸਟ ਪਾਰਟੀ, ਹੁਸ਼ਿਆਰਪੁਰ ਅਤੇ ਸਕੱਤਰ, ਕਿਸਾਨ ਸਭਾ, ਮੁਕੇਰੀਆਂ ਵਲੋਂ ਮੁਖ ਮੰਤਰੀ ਨੂੰ ਸੰਬੋਧਤ ਕੋਈ ਮੇਜਰਨਾਮਾ ਮਿਤੀ 4 ਨਵੰਬਰ, 1974 ਪੁਲਿਸ ਚੌਕੀ ਮਿਲਿਆ ਜਿਸ ਵਿੱਚ ਥਾਨਾ ਹਾਜੀਪੁਰ, ਜ਼ਿਲ੍ਹਾ ਹੁਸ਼ਿਆਰਪੁਰ ਅਤੇ ਤਲਵਾੜਾ ਵਿਰੁੱਧ ਗੰਭੀਰ ਦੋਸ਼ ਲਗਾਏ ਸਨ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਮੇਜਰਨਾਮੇ ਦੀ ਨਕਲ ਸਦਨ ਦੀ ਮੇਜ਼ ਰੱਖੀ ਜਾਵੇ ;

(ਅ) ਉਕਤ ਮੇਜਰਨਾਮੇ ਤੇ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ ਅਤੇ ਉਸ ਦੇ ਸਿੱਟੇ ?

ਗਿਆਨੀ ਜ਼ੈਲ ਸਿੰਘ : (ੳ) ਨਹੀਂ ਜੀ। ਬਾਵਜੂਦ ਕੋਸ਼ਿਸ਼ ਕਰਨ ਦੇ ਅਜਿਹਾ ਕੋਈ ਮੇਜਰਨਾਮਾ ਰਿਕਾਰਡ ਵਿਚ ਨਹੀਂ ਮਿਲਿਆ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

ਨਵੰਬਰ ਅਤੇ ਦਸੰਬਰ, 1974 ਦੇ ਦੌਰਾਨ ਕਤਲ ਆਦਿ ਦੇ ਕੇਸ

*3029. ਡਾਕਟਰ ਬਲਦੇਵ ਪ੍ਰਕਾਸ਼ : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ :—

(ੳ) ਨਵੰਬਰ ਅਤੇ ਦਸੰਬਰ, 1974 ਦੇ ਦੌਰਾਨ ਰਾਜ ਵਿੱਚ ਹੋਏ, ਕਤਲ, ਡਾਕੇ, ਪੈਟਰੋਲ ਪੰਪਾਂ ਅਤੇ ਵਿਅਕਤੀਆਂ ਨੂੰ ਲੁੱਟਣ ਅਤੇ ਅਗਵਾ ਕਰਨ ਦੇ ਕੇਸਾਂ ਦੀ ਕੁਲ ਕਿੰਨੀ ਗਿਣਤੀ ਹੈ;

(ਅ) ਉਨ੍ਹਾਂ ਕੇਸਾਂ ਦੀ ਗਿਣਤੀ ਕਿੰਨੀ ਹੈ ਜੋ ਪਿਛਲੇ ਸਾਲ ਇਨ੍ਹਾਂ ਹੀ ਮਹੀਨਿਆਂ ਵਿੱਚ ਹੋਏ;

(ੲ) ਰਾਜ ਵਿੱਚ ਅਜਿਹੇ ਕੇਸਾਂ ਨੂੰ ਭਵਿਖ ਵਿੱਚ ਦੁਬਾਰਾ ਹੋਣ ਤੋਂ ਰੋਕਣ ਲਈ ਸਰਕਾਰ ਦੁਆਰਾ ਵਿਸ਼ੇਸ਼ ਤੌਰ ਤੇ ਕੀਤੀ ਜਾ ਰਹੀ ਕਾਰਵਾਈ ਦਾ ਵੇਰਵਾ ਕੀ ਹੈ ?

ਗਿਆਨੀ ਜ਼ੈਲ ਸਿੰਘ : (ੳ ਅਤੇ ਅ) ਸੂਚਨਾ ਸਦਨ ਦੀ ਮੇਜ਼ ਉਤੇ ਰੱਖ ਦਿਤੀ ਗਈ ਹੈ।

(ੲ) ਉਪਰੋਕਤ ਘਟਨਾਵਾਂ ਨੂੰ ਰੋਕਣ ਲਈ ਦਿਨ ਰਾਤ ਸੜਕਾਂ ਅਤੇ ਇਲਾਕਿਆਂ ਵਿਚ ਪੁਲਿਸ ਦੀ ਪੈਦਲ ਅਤੇ ਮੋਬਾਈਲ ਗਸ਼ਤ ਹੋਰ ਵਧੇਰੇ ਤੇਜ਼ ਕਰ ਦਿੱਤੀ ਗਈ ਹੈ। ਵਾਪਰੇ ਕੇਸਾਂ ਦੀ ਤਫ਼ਤੀਸ਼ ਜ਼ੋਰ ਨਾਲ ਕੀਤੀ ਜਾ ਰਹੀ ਹੈ। ਇਨ੍ਹਾਂ ਜੁਰਮਾਂ ਨੂੰ ਰੋਕਣ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ।

		ਨਵੰਬਰ/ਦਸੰਬਰ, 1973	ਨਵੰਬਰ/ਦਸੰਬਰ, 1974
1.	ਕਤਲ	89	102
2.	ਡਾਕੇ	—	5
3.	ਚੋਰ	9	12
4.	ਅਗਵਾਹ	33	37

[ਮੁੱਖ ਮੰਤਰੀ]

ਪਰ ਸਾਰੇ ਸਾਲ ਸੰਨ 1973 ਅਤੇ 1974 ਵਿਚ ਮੁੱਖ ਜੁਰਮਾਂ ਦੀ ਗਿਣਤੀ ਨਿਮਨ ਲਿਖਤ ਰਹੀ ਹੈ :—

		1973	1974
1.	ਕਤਲ	706	662
2.	ਡਾਕੇ	8	9
3.	ਖੋਹ	50	47
4.	ਅਗਵਾਹ	318	274

ਕੇਂਦਰੀ ਪੈਟਰਨ ਤੇ ਰਾਜ ਦੇ ਸਰਕਾਰੀ ਕਰਮਚਾਰੀਆਂ ਨੂੰ ਓਵਰ ਟਾਈਮ ਭੱਤਾ ਦੇਣਾ ।

***3004. ਕਾਮਰੇਡ ਸੱਘੜ ਸਿੰਘ**
ਕਾਮਰੇਡ ਦਾਨਾ ਰਾਮ :ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਨੇ ਅਪਰੈਲ, 1974 ਵਿੱਚ ਫ਼ੈਸਲਾ ਕੀਤਾ ਸੀ ਕਿ ਪੰਜਾਬ ਸਰਕਾਰ ਕੇਂਦਰੀ ਪੈਟਰਨ ਤੇ ਆਪਣੇ ਕਰਮਚਾਰੀਆਂ ਨੂੰ ਓਵਰ ਟਾਈਮ ਭੱਤਾ ਦੇਵੇਗੀ; ਜੇਕਰ ਅਜਿਹਾ ਹੋਵੇ ਤਾਂ ਉਕਤ ਫ਼ੈਸਲੇ ਨੂੰ ਲਾਗੂ ਕਰਨ ਲਈ ਕੀ ਕਾਰਵਾਈ ਕੀਤੀ ਗਈ ਹੈ ?

ਸ਼੍ਰੀ ਹੰਸ ਰਾਜ ਸ਼ਰਮਾ : ਨਹੀਂ ਜੀ । [No. sir.]

ਰੋਜ਼ਗਾਰ ਕੇਂਦਰਾਂ ਵਿਚ ਚਾਲੂ ਰਜਿਸਟਰਾਂ ਤੇ ਵਿਸਤ੍ਰਿਤ ਪੇਸ਼ਾਵਰਾਨਾ ਗਰੁਪਾਂ ਦੇ ਤੌਰ ਤੇ ਵਰਗੀਕਰਣ ਕੀਤੇ ਬਿਨੇਕਾਰ

***3076. ਸਰਦਾਰ ਜਸਵਿੰਦਰ ਸਿੰਘ ਬਰਾੜ**
ਸਰਦਾਰ ਸੁਖਦੇਵ ਸਿੰਘ ਢੀਂਡਸਾ :ਕੀ ਵਿਤ ਮੰਤਰੀ, ਪੰਜਾਬ ਕਿਰਪਾ ਕਰਕੇ ਦੱਸਣਗੇ ਕਿ ਰਾਜ
ਸਰਦਾਰ ਪ੍ਰਹਿਲਾਦ ਸਿੰਘ
ਵਿੱਚ ਰੋਜ਼ਗਾਰ ਕੇਂਦਰਾਂ ਦੇ ਚਾਲੂ ਰਜਿਸਟਰਾਂ ਵਿੱਚ "ਵਿਸਤ੍ਰਿਤ ਪੇਸ਼ਾਵਰਾਨਾ ਗਰੁੱਪ" ਦੇ ਤੌਰ ਤੇ ਵਰਗੀਕਰਣ ਕੀਤੇ ਬਿਨੇਕਾਰਾਂ ਦੀ ਗਿਣਤੀ ਕਿੰਨੀ ਹੈ, ਜਿਵੇਂ ਕਿ 31 ਦਸੰਬਰ, 1974 ਨੂੰ ਸੀ ?

ਸ਼੍ਰੀ ਹੰਸ ਰਾਜ ਸ਼ਰਮਾ : 31 ਦਸੰਬਰ, 1974 ਲਈ ਇਹ ਸੂਚਨਾ ਇਸ ਸਮੇਂ ਉਪਲਬਧ ਨਹੀਂ ਹੈ ਜੀ। ਰੋਜ਼ਗਾਰ ਦਫ਼ਤਰਾਂ ਦੇ ਚਾਲੂ ਰਜਿਸਟਰਾਂ ਤੇ 30 ਜੂਨ, 1974 ਨੂੰ ਚਲ ਰਹੇ ਬੇਰੋਜ਼ਗਾਰਾਂ ਦਾ ਵਿਸਤ੍ਰਿਤ ਪੇਸ਼ਾਵਰਾਨਾ ਗਰੁੱਪਾਂ ਦੇ ਤੌਰ ਤੇ ਵਰਗੀਕਰਣ ਇਸ ਪ੍ਰਕਾਰ ਦਿੱਤਾ ਜਾਂਦਾ ਹੈ :—

ਕ੍ਰਮ ਨੰ:	ਕਿੱਤਾ ਖੰਡ	30-6-74 ਨੂੰ ਬੇਰੋਜ਼ਗਾਰਾਂ ਦੀ ਗਿਣਤੀ (ਹਜ਼ਾਰਾਂ ਵਿਚ)
1	2	3
1.	ਪੇਸ਼ਾਵਰਾਨਾ ਤਕਨੀਕੀ ਅਤੇ ਸਬੰਧਤ ਕਰਮਚਾਰੀ	24.6
2.	ਪ੍ਰਬੰਧਕੀ ਕਾਰਜਕਾਰੀ ਅਤੇ ਸਬੰਧਤ ਕਰਮਚਾਰੀ	0.9

1	2	3
3.	ਕਲਰਕੀ ਅਤੇ ਸਬੰਧਤ ਕਰਮਚਾਰੀ	14.2
4.	ਵਿਕਰੀ ਕਰਤਾ ਅਤੇ ਸਬੰਧਤ ਕਰਮਚਾਰੀ	0.1
5.	ਸੇਵਾਵਾਂ ਨਾਲ ਸਬੰਧਤ ਕਰਮਚਾਰੀ	2.1
6.	ਖੇਤੀਬਾੜੀ, ਮੱਛੀ–ਪਾਲ, ਸ਼ਿਕਾਰ ਆਦਿ ਨਾਲ ਸਬੰਧਤ	1.7
7.	ਉਤਪਾਦਨ ਤੇ ਆਵਾਜਾਈ ਨਾਲ ਸਬੰਧਤ ਕਰਮਚਾਰੀ	16.0
8.	ਮੈਟੀਰੀਅਲ ਹੈਂਡਲਿੰਗ, ਇਕਵਿਪਮੈਂਟ ਉਪਰੇਟਰ, ਰਿਗਜ਼, ਕਰੇਨ ਅਤੇ ਸਟੇਸ਼ਨਰੀ ਇੰਜਨ ਉਪਰੇਟਰ ਅਤੇ ਮਜ਼ਦੂਰ ਆਦਿ	41.6
9.	ਦੂਸਰੇ ਕਰਮਚਾਰੀ ਜਿਵੇਂ ਹੁਨਰਹੀਣ ਦਫ਼ਤਰੀ ਕਰਮਚਾਰੀ, ਕਲੀਨਰ ਸਵੀਪਰ, ਚੌਕੀਦਾਰ, ਕਾਰਟਮੈਨ, ਪੈਕਰ, ਲੇਬਾਰਟਰ ਸ਼ੈਟਰ ਆਦਿ	17.6
10.	ਸਕੂਲਾਂ, ਕਾਲਜਾਂ ਵਿਚੋਂ ਨਿਕਲੇ ਫ਼ਰੈਸ਼ਰਜ਼	113.0
	ਕੁਲ ਜੋੜ	231.8

ਉਚੇਰੀ ਵਿਦਿਆ ਲਈ ਵਿਦੇਸ਼ਾਂ ਨੂੰ ਭੇਜੇ ਗਏ ਸਰਕਾਰੀ ਮੈਡੀਕਲ ਕਾਲਜਾਂ ਦੇ ਡਾਕਟਰ

*2943. **ਕਾਮਰੇਡ ਸੱਤ ਪਾਲ ਡਾਂਗ**
ਕਾਮਰੇਡ ਸੱਘੜ ਸਿੰਘ } ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਉਨ੍ਹਾਂ ਡਾਕਟਰਾਂ (ਰਾਜ ਵਿਚ ਦੋਹਾਂ ਸਰਕਾਰੀ ਮੈਡੀਕਲ ਕਾਲਜਾਂ ਦੇ ਅਧਿਆਪਕਾਂ) ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜੋ ਪਿਛਲੇ 5 ਸਾਲਾਂ ਦੇ ਦੌਰਾਨ ਸਰਕਾਰੀ ਖਰਚ ਤੇ ਉਚੇਰੀ ਵਿਦਿਆ ਜਾਂ ਖੋਜ ਲਈ ਹੇਠ ਲਿਖੇ ਦੇਸ਼ਾਂ ਵਿਚੋਂ ਕਿਸੇ ਵਿਚ ਭੇਜੇ ਗਏ :—

(1) ਇੰਗਲੈਂਡ (2) ਫਰਾਂਸ, (3) ਜਰਮਨੀ, (4) ਜਰਮਨ ਡੈਮੋਕਰੈਟਿਕ ਰੀਪਬਲਿਕ (ਈਸਟ ਜਰਮਨੀ) ;

(ਅ) ਉਕਤ ਡਾਕਟਰਾਂ ਵਿਚੋਂ ਹਰ ਇਕ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਉਚੇਰੀਆਂ ਡਿਗਰੀਆਂ ਦਾ ਵੇਰਵਾ ਕੀ ਹੈ ;

(ੲ) ਹਰ ਇਕ ਕੇਸ ਵਿਚ ਸਰਕਾਰ ਦੁਆਰਾ ਕਿੰਨੀ ਕਿੰਨੀ ਰਕਮ ਖਰਚ ਕੀਤੀ ਗਈ;

(ਸ) ਵਿਦੇਸ਼ ਭੇਜੇ ਜਾਣ ਤੋਂ ਪਹਿਲਾਂ ਹਰ ਇਕ ਕੇਸ ਵਿਚ ਡਾਕਟਰ ਕਿਸ ਤਰ੍ਹਾਂ ਦਾ ਕੰਮ ਕਰ ਰਹੇ ਸਨ ਅਤੇ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਨੂੰ ਕਿਸ ਤਰ੍ਹਾਂ ਦਾ ਕੰਮ ਸੌਂਪਿਆ ਗਿਆ ।

(ਹ) ਕੀ ਕੋਈ ਅਜਿਹੇ ਕੇਸ ਵੀ ਵਾਪਰੇ ਕਿ ਉਪਰੋਕਤ ਭਾਗ (ਅ) ਵਿਚ ਹਵਾਲਾ ਦਿੱਤੇ ਡਾਕਟਰਾਂ ਵਿਚੋਂ ਕਿਸੇ ਨੂੰ, ਵਾਪਸ ਆਉਣ ਤੇ ਇਸ ਆਧਾਰ ਤੇ ਨਵੀਂ (ਉਚੇਰੀ) ਆਸਾਮੀ ਨਾ ਦਿੱਤੀ ਗਈ ਹੋਵੇ ਕਿ ਉਨ੍ਹਾਂ ਦੁਆਰਾ ਬਾਹਰਲੇ ਦੇਸ਼ ਵਿਚ ਪ੍ਰਾਪਤ ਕੀਤੀ ਗਈ ਡਿਗਰੀ ਨੂੰ ਇਥੇ ਮਾਨਤਾ ਪ੍ਰਾਪਤ ਨਹੀਂ ਹੈ; ਜੇ ਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸ਼੍ਰੀ ਗੁਰਮੇਲ ਸਿੰਘ : (ੳ) ਪੰਜਾਬ ਦੇ ਸਰਕਾਰੀ ਮੈਡੀਕਲ ਕਾਲਜਾਂ ਦੇ ਹੇਠ ਲਿਖੇ ਅਧਿਆਪਕ ਪਿਛਲੇ 5 ਸਾਲਾਂ ਵਿਚ ਸਵਾਲ ਵਿਚ ਦਿੱਤੇ ਗਏ ਦੇਸ਼ਾਂ ਵਿਚ ਉਚੇਰੀ ਸਿਖਿਆ/ਸਿਖਲਾਈ ਲਈ ਸਰਕਾਰੀ ਖਰਚੇ ਤੇ ਭੇਜੇ ਗਏ :—

ਇੰਗਲੈਂਡ : 1. ਡਾ: ਅਜਮੇਰ ਸਿੰਘ
2. ਡਾ: ਹਰਪਾਲ ਸਿੰਘ
3. ਡਾ: ਵੇਦ ਕੁਮਾਰ ਗੁਪਤਾ
4. ਡਾ: ਵੀ. ਪੀ. ਲਖਨਪਾਲ
5. ਡਾ: ਐਫ਼. ਹਾਂਡਾ
6. ਡਾ: ਬੀ. ਐਸ. ਤੂੰਗ
7. ਡਾ: ਕੇ. ਐਸ. ਖੇੜਾ
8. ਡਾ: (ਮਿਸਿਜ਼) ਐਚ. ਕੇ. ਸਾਂਘਾ
9. ਡਾ: ਕ੍ਰਿਪਾਲ ਕੌਰ
10. ਡਾ: ਐਸ. ਕੇ. ਖੇਤਰਪਾਲ
11. ਡਾ: ਐਸ. ਐਸ. ਸਾਂਘਾ
12. ਡਾ: ਐਸ. ਪੀ. ਲੂੰਬਾ
13. ਡਾ: ਜਗਦੀਸ਼ ਚੰਦਰ
14. ਡਾ: ਨਰਿੰਦਰ ਅਰੋੜਾ
15. ਡਾ. ਜੀ. ਐਸ. ਪਰੇਵਾਲ (ਇਹ ਡਾਕਟਰ ਸਟੱਡੀ ਲੀਵ ਤੇ ਗਿਆ ਸੀ)

ਫਰਾਂਸ : ਕੋਈ ਨਹੀਂ ।

ਜਰਮਨੀ : ਕੋਈ ਨਹੀਂ ।

ਜਰਮਨੀ ਡੈਮੋਕਰੈਟਿਕ (ਈਸਟ ਜਰਮਨੀ) : ਕੋਈ ਨਹੀਂ ।

(ਅ) ਇਹ ਡਾਕਟਰ ਆਪਣੀ ਸਪੈਸ਼ੈਲਿਟੀ ਵਿਚ ਉਚੇਰੀ ਸਿਖਲਾਈ ਲਈ ਭੇਜੇ ਗਏ ਸਨ, ਡਿਗਰੀਆਂ ਪ੍ਰਾਪਤ ਕਰਨ ਲਈ ਨਹੀਂ। ਕੇਵਲ ਡਾ: ਵੇਦ ਕੁਮਾਰ ਗੁਪਤਾ ਨੇ ਐਮ.ਆਰ.ਸੀ.ਪੀ. ਦੀ ਡਿਗਰੀ ਪ੍ਰਾਪਤ ਕੀਤੀ ਹੈ।

(ੲ) ਇਕ ਡਾਕਟਰ ਸਟੱਡੀ ਲੀਵ ਤੇ ਸੀ। ਬਾਕੀ 14 ਡਾਕਟਰਾਂ ਨੂੰ ਪੰਜਾਬ ਸਰਕਾਰ ਵਲੋਂ ਕੇਵਲ ਸਿਖਲਾਈ ਦੇ ਦੌਰਾਨ ਆਪਣੀ ਤਨਖ਼ਾਹ ਮਿਲੀ ਹੈ ਅਤੇ ਜਾਂ ਦਿੱਲੀ ਤੱਕ ਆਉਣ ਜਾਣ ਦਾ ਸਫ਼ਰ ਭੱਤਾ ਮਿਲਿਆ ਹੈ। ਵਿਦੇਸ਼ ਜਾਣ ਦਾ ਸਫ਼ਰ ਖਰਚਾ ਅਤੇ ਉਥੇ ਸਿਖਲਾਈ ਸਬੰਧੀ ਖਰਚਾ ਸਾਰੇ ਅੰਤਰਦੇਸ਼ੀ ਸਹਾਇਤਾ ਦੇਣ ਵਾਲੇ ਦੇਸ਼/ਸੰਸਥਾਵਾਂ ਰਾਹੀਂ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਤਨਖਾਹ ਅਤੇ ਸਫ਼ਰ ਭੱਤਾ ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

(ਸ) ਇਹ ਸਾਰੇ ਡਾਕਟਰ ਵਿਦੇਸ਼ ਤੋਂ ਵਾਪਸੀ ਤੇ ਉਸੇ ਹੀ ਸਪੈਸ਼ਲਿਟੀ ਵਿਚ ਨਿਯੁਕਤ ਕੀਤੇ ਗਏ, ਜਿਸ ਵਿਚ ਉਹ ਵਿਦੇਸ਼ ਜਾਣ ਤੋਂ ਪਹਿਲਾਂ ਲਗੇ ਹੋਏ ਸਨ ।

(ਹ) ਇਹੋ ਜਿਹਾ ਕੋਈ ਕੇਸ ਨਹੀਂ ਹੈ ਜੀ ।

[(a) The following teachers belonging to both the Medical Colleges of the State were sent during the previous five years for higher Education/ Training on Government expenses in the countries mentioned in the question :—

England :

1. Dr. Ajmer Singh
2. Dr. Rachhpal Singh
3. Dr. Ved Kumar Gupta
4. Dr. V.P. Lakhanpal
5. Dr. F. Handa.
6. Dr. B.S. Tung.
7. Dr. K.S. Khera
8. Dr. Mrs. H.K. Sangha
9. Dr. Kirpal Kaur
10. Dr. S.K. Khetarpal
11. Dr. S.S. Sangha.
12. Dr. S.P. Lumba.
13. Dr. Jagdish Chander
14. Dr. Nirender Arora
15. Dr. G.S. Purewal (This Doctor was on study leave).

France : Nil.

Germany : Nil

German Democratic Republie (East Germany) : Nil.

(b) These doctors were sent for higher training in their own specialities and not for acquiring degrees, except Dr. Ved Kumar Gupta who has acquired the degree of M.R.C.P.

(c) One Doctor was on study leave, the remaining 14 doctors were given their salaries only during their training and/or travelling allowance upto Delhi by Punjab Government. The expenditure on account of Travelling allowance and for imparting the training was borne by W.H.O./Institutions sponsoring such training. The details are laid on the Table of the House.

(d) All these doctors were appointed against the very specialities from where they had proceeded abroad.

(e) There is no such case.

(ਵਿਦਿਆ ਮੰਤਰੀ)

ਲੜੀ ਨੰ:	ਡਾਕਟਰ ਦਾ ਨਾਮ	ਵਿਦੇਸ਼ ਜਾਣ ਤੋਂ ਪਹਿਲਾਂ ਵਿਭਾਗ ਜਿਸ ਵਿਚ ਨਿਯੁਕਤੀ ਸੀ	ਵਿਸ਼ੇਸ਼ ਸਿਖਲਾਈ ਜੋ ਪ੍ਰਾਪਤ ਕੀਤੀ
1	2	3	4
1.	ਡਾ: ਅਜਮੇਰ ਸਿੰਘ ..	ਸਰਜਰੀ	ਪੈਡਿਆਟ੍ਰਿਕ ਸਰਜਰੀ
2.	ਡਾ: ਰਛਪਾਲ ਸਿੰਘ ..	ਆਰਥੋਪੈਡਿਕ	ਆਰਥੋਪੈਡਿਕ
3.	ਡਾ: ਵੇਦ ਕੁਮਾਰ ਗੁਪਤਾ ..	ਮੈਡੀਸਨ	ਕਾਰਡੀਓ ਵਾਸ-ਕੂਲਰ ਮੈਡੀਸਨ
4.	ਡਾ: ਵੀ. ਪੀ. ਲਖਨਪਾਲ ..	ਰੇਡਿਆਲੋਜੀ	ਰੇਡਿਆਲੋਜੀ
5.	ਡਾ: ਐਫ. ਹਾਂਡਾ ..	ਡਰਾਮਾਟਾਲੋਜੀ	ਡਰਾਮਾਟਾਲੋਜੀ
6.	ਡਾ: ਬੀ. ਐਸ. ਤੁੰਗ ..	ਸਰਜਰੀ	ਕਾਰਡੀਓ ਵਾਸ-ਕੂਲਰ ਸਰਜਰੀ
7.	ਡਾ: ਕੇ. ਐਸ. ਖੇੜਾ ..	ਯੂਰਾਲੋਜੀ	ਯੂਰਾਲੋਜੀ
8.	ਡਾ: (ਮਿਸਿਜ਼) ਐਚ.ਕੇ. ਸਾਂਘਾ ..	ਪੈਥਾਲੋਜੀ	ਪੈਥਾਲੋਜੀ
9.	ਡਾ: ਕ੍ਰਿਪਾਲ ਕੌਰ ..	ਓਬਸ ਟਰੈਟਿਕਸ ਅਤੇ ਗਾਈਨਾਕਾਲੋਜੀ	ਓਬਸਟਰੈਟਿਕ ਅਤੇ ਗਾਈਨਾਕਾਲੋਜੀ
10.	ਡਾ: ਐਮ. ਕੇ. ਖੇਤਰਪਾਲ ..	ਪੈਡਿਆਟ੍ਰਿਕਸ	ਪੈਡਿਆਟ੍ਰਿਕਸ
11.	ਡਾ: ਐਸ. ਐਸ. ਸਾਂਘਾ ..	ਆਈਜ਼ (ਅੱਖਾਂ)	ਕਾਰਨੀਅਲ
12.	ਡਾ: ਐਸ. ਪੀ. ਲੂੰਬਾ ..	ਈ. ਐਨ. ਟੀ	ਈ. ਐਨ. ਟੀ.
13.	ਡਾ: ਜਗਦੀਸ਼ ਚੰਦਰ ..	ਕਲੀਨੀਕਲ ਪੈਥਾਲੋਜੀ	ਕਲੀਨੀਕਲ ਪੈਥਾਲੋਜੀ
14.	ਡਾ: ਨਰਿੰਦਰ ਅਰੋੜਾ ..	ਮੈਡੀਸਨ	ਕਾਰਡੀਓ ਥਰੈਮਿਕ ਫੰਕਸ਼ਨ ਸਟੱਡੀ
15.	ਡਾ: ਜੀ. ਐਸ. ਪੁਰੇਵਾਲ ..	ਆਰਥੋਪੈਡਿਕਸ	ਆਰਥੋਪੈਡਿਕਸ

ਨੋਟ :—ਡਾ: ਵੇਦ ਕੁਮਾਰ ਗੁਪਤਾ ਨੇ ਸਿਖਲਾਈ ਦੌਰਾਨ ਐਮ. ਆਰ. ਸੀ. ਪੀ. ਦਾ ਇਮਤਿਹਾਨ ਪਾਸ ਕੀਤਾ ਹੈ ।

ਵਿਦੇਸ਼ ਤੋਂ ਵਾਪਸੀ ਤੇ ਜਿਸ ਵਿਭਾਗ ਵਿਚ ਨਿਯੁਕਤੀ ਹੋਈ	ਤਨਖਾਹ	ਸਫ਼ਰ ਭੱਤਾ
5	6	7
	ਰੁ: ਪੈਸੇ	ਰੁ: ਪੈਸੇ
ਸਰਜਰੀ	17,640.00	ਨਿੱਲ
ਆਰਥੋਪੈਡਿਕ	14,083.50	—
ਮੈਡੀਸਨ	23,206.00	—
ਰੇਡਿਆਲੋਜੀ	16,800.00	116.10
ਡਰਾਮਾਟਾਲੋਜੀ	15,966.65	128.10
ਸਰਜਰੀ	19,150.00	136.35
ਯੂਰਾਲੋਜੀ	10,080.00	126.85
ਹਾਲੇ ਵਾਪਸ ਨਹੀਂ ਆਈ	17,147.40	—
ਓਬਸਟ੍ਰਟਿਕਸ ਅਤੇ ਗਾਈਨਾਕਾਲੋਜੀ	10,662.50	219.00
ਪੈਡਿਆਟ੍ਰਿਕਸ	14,264.50	—
ਹਾਲੇ ਵਾਪਸ ਨਹੀਂ ਆਏ	ਅਜੇ ਤਨਖ਼ਾਹ ਨਹੀਂ ਦਿੱਤੀ	
ਈ. ਐਨ. ਟੀ.	11,172.00	—
ਹਾਲੇ ਵਾਪਸ ਨਹੀਂ ਆਏ	19,008.00	—
ਮੈਡੀਸਨ	16,264.50	—
ਆਰਥੋਪੈਡਿਕਸ	27,666.65	—
ਜੋੜ :	2,33,311.70	726.40
ਕੁੱਲ ਜੋੜ :	2,34,038.10	

STARRED QUESTION NO. 3002

[Extension has been asked for in respect of Starred Question No. 3002]

ਅ: ਸ: ਪ: ਨੰ: 884-ਸਿ2(4ਸ)-75/
ਚੰਡੀਗੜ੍ਹ, 20 ਜਨਵਰੀ, 1973

ਗੁਰਮੇਲ ਸਿੰਘ

Education Minister,
Punjab, Chandigarh.

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 3002 ਜੋ ਕਿ ਮਿਤੀ 22 ਜਨਵਰੀ, 1975 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਦਾਨਾ ਰਾਮ, ਐਮ. ਐਲ. ਏ. ਅਤੇ ਕਾਮਰੇਡ ਸੱਘੜ ਸਿੰਘ, ਐਮ.ਐਲ.ਏ. ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 2 ਫਰਵਰੀ, 1975 ਤੋਂ ਪਿਛੋਂ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਹਿਤੂ,
ਸਹੀ।—
(ਗੁਰਮੇਲ ਸਿੰਘ)

ਡਾਕਟਰ ਕੇਵਲ ਕ੍ਰਿਸ਼ਨ
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਹੈਡ ਮਾਸਟਰ, ਗੌਰਮਿੰਟ ਹਾਈ ਸਕੂਲ (ਸ਼ਾਖਾ), ਅਬੋਹਰ ਦੇ ਵਿਰੁੱਧ ਯਾਦ-ਪੱਤਰ

*3003. **ਕਾਮਰੇਡ ਦਾਨਾ ਰਾਮ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਸ੍ਰੀ ਰਣਧੀਰ ਸਿੰਘ ਗਿੱਲ, ਸਕੱਤਰ, ਪੰਜਾਬ ਅਧੀਨ ਸੇਵਾਵਾਂ ਫੈਡਰੇਸ਼ਨ, ਨੇ ਸੰਨ 1974 ਵਿਚ ਸਰਕਾਰ/ਵਿਦਿਆ ਮੰਤਰੀ ਨੂੰ ਇਕ ਯਾਦ ਪੱਤਰ ਪੇਸ਼ ਕੀਤਾ ਸੀ, ਜਿਸ ਵਿਚ ਹੈਡ ਮਾਸਟਰ, ਗੌਰਮੰਟ ਹਾਈ ਸਕੂਲ (ਸ਼ਾਖਾ), ਅਬੋਹਰ ਦੇ ਭੈੜੇ ਆਚਰਨ ਦੀ ਪੜਤਾਲ ਕਰਵਾਉਣ ਦੀ ਮੰਗ ਕੀਤੀ ਗਈ ਸੀ ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਕੀ ਇਹ ਵੀ ਠੀਕ ਹੈ ਕਿ ਇਸੇ ਸਕੂਲ ਦੇ ਇਕ ਅਧਿਆਪਕ ਨੇ 1973–74 ਵਿਚ ਉਕਤ ਹੈਡ ਮਾਸਟਰ ਦੇ ਭੈੜੇ ਆਚਰਣ ਦੀ ਪੜਤਾਲ ਕਰਵਾਉਣ ਲਈ ਵਿਭਾਗ ਨੂੰ ਪ੍ਰਤੀ ਬੇਨਤੀ ਭੇਜੀ ਸੀ ; ਜੇਕਰ ਅਜਿਹਾ ਹੋਵੇ ਤਾਂ ਉਕਤ ਪ੍ਰਤੀਬੇਨਤੀ ਤੇ ਕੀ ਕਾਰਵਾਈ ਕੀਤੀ ਗਈ ਹੈ ?

ਸ੍ਰੀ ਗੁਰਮੇਲ ਸਿੰਘ: (ੳ) ਯਾਦ ਪੱਤਰ ਦੀ ਮਿਤੀ ਦਾ ਜਦ ਤੱਕ ਪਤਾ ਨਾ ਲੱਗੇ, ਉਦੋਂ ਤੱਕ ਇਹ ਦੱਸਣਾ ਅਸੰਭਵ ਹੈ ਕਿ ਹੈਡ ਮਾਸਟਰ, ਗੌਰਮਿੰਟ ਹਾਈ ਸਕੂਲ (ਸ਼ਾਖਾ), ਅਬੋਹਰ ਦੇ ਵਿਰੁੱਧ ਕੋਈ ਅਜਿਹਾ ਯਾਦ ਪੱਤਰ ਪਰਾਪਤ ਹੋਇਆ ਜਾਂ ਨਹੀਂ ;

(ਅ) ਸ੍ਰੀ ਗੁਰਦਿਆਲ ਸਿੰਘ, ਸਾਬਕਾ ਮੁੱਖ ਅਧਿਆਪਕ , ਸਰਕਾਰੀ ਹਾਈ ਸਕੂਲ , ਅਬੋਹਰ ਵਿਰੁੱਧ ਸਕੂਲ ਦੇ ਅਧਿਆਪਕਾਂ / ਵਿਦਿਆਰਥੀਆਂ ਵਲੋਂ ਫੰਡਾਂ ਵਿਚ ਹੇਰਾ ਫੇਰੀ ਕਰਨ, ਗੈਰ ਅਧਿਕਾਰਤ ਫੰਡ ਇਕੱਠੇ ਕਰਨ ਤੇ ਗ਼ਲਤ ਨਤੀਜੇ ਵਿਖਾ ਕੇ ਨਜਾਇਜ਼ ਲਾਭ ਉਠਾਉਣ ਸਬੰਧੀ ਸ਼ਿਕਾਇਤਾਂ ਆਈਆਂ ਹਨ । ਜਿਨ੍ਹਾਂ ਦੀ ਪੜਤਾਲ ਕਰਵਾ ਕੇ ਸ੍ਰੀ ਗੁਰਦਿਆਲ ਸਿੰਘ ਵਿਰੁਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਰਹੀ ਹੈ ।

STARRED QUESTION NO. 3113

[Reply to starred question No. 3113 has not been received from the Government.]

ਸਾਲ 1972-73 ਅਤੇ 1973–74 ਦੇ ਦੌਰਾਨ ਪਰਿਵਾਰ ਨਿਯੋਜਨ ਸ਼ਾਖਾ ਮਾਨਸਾ ਉਪ ਮੰਡਲ ਦੇ ਕਰਮਚਾਰੀਆਂ ਨੂੰ ਚੰਗੇ ਕੰਮਾਂ ਲਈ ਦਿੱਤੇ ਗਏ ਇਨਾਮ

*3167. **ਕਾਮਰੇਡ ਅਰਜਨ ਸਿੰਘ ਮਸਤਾਨਾ** : ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਪਰਿਵਾਰ ਨਿਯੋਜਨ ਸ਼ਾਖਾ ਮਾਨਸਾ ਉਪ ਮੰਡਲ ਦੇ ਉਨ੍ਹਾਂ ਕਰਮਚਾਰੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਚੰਗੇ ਕੰਮ ਲਈ ਸਾਲ 1972–73 ਅਤੇ 1973–74 ਦੇ ਦੌਰਾਨ ਇਨਾਮ ਦਿੱਤੇ ਗਏ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਵਿੱਚੋ ਉਨ੍ਹਾਂ ਕਰਮਚਾਰੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੀ ਸਿਵਲ ਸਰਜਨ, ਬਠਿੰਡਾ ਨੇ ਡਾਇਰੈਕਟਰ ਸਿਹਤ ਸੇਵਾਵਾਂ, ਪੰਜਾਬ ਨੂੰ ਵਿਸ਼ੇਸ਼ ਤਰੱਕੀਆਂ ਦੇਣ ਦੀ ਸਿਫ਼ਾਰਸ਼ ਕੀਤੀ ਸੀ ?

ਸਰਦਾਰ ਬਲਬੀਰ ਸਿੰਘ : (ੳ) ਸਾਲ 1972–73 ਅਤੇ 1973-74 ਦੇ ਦੌਰਾਨ ਪਰਿਵਾਰ ਨਿਯੋਜਨ ਸ਼ਾਖਾ ਮਾਨਸਾ ਉਪ ਮੰਡਲ ਦੇ ਕਿਸੀ ਵੀ ਕਰਮਚਾਰੀ ਨੂੰ ਇਨਾਮ ਨਹੀਂ ਦਿੱਤਾ ਗਿਆ ।

(ਅ) ਸਵਾਲ ਨਹੀਂ ਉਠਦਾ ।

[(a) During 1972-73 and 1973-74, no prize was given to any employee of Mansa Sub-Division.]

(b) Question does not arise.]

ਮਿਤੀ 1–1–1972 ਤੋਂ 1–1–1975 ਤੱਕ ਰਾਜ ਵਿੱਚ ਭਰਤੀ ਕੀਤੇ ਗਏ ਪੁਲਿਸ ਦੇ ਸਿਪਾਹੀ

*3112. **ਸਰਦਾਰ ਧੰਨਾ ਸਿੰਘ ਗੁਲਸ਼ਨ**
ਸਰਦਾਰ ਸੁਰਜੀਤ ਸਿੰਘ ਸਿੱਧੂ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਰਾਜ ਵਿੱਚ ਪੁਲਿਸ ਦੇ ਸਿਪਾਹੀਆਂ ਦੀ ਭਰਤੀ ਦੇ ਮਾਮਲੇ ਵਿੱਚ 50 ਫੀਸਦੀ ਸੀਟਾਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਉਮੀਦਵਾਰਾਂ ਲਈ ਰਾਖਵੀਆਂ ਹਨ;

(ਸਰਦਾਰ ਧੰਨਾ ਸਿੰਘ ਗੁਲਸ਼ਨ ਅਤੇ ਸਰਦਾਰ ਸੁਰਜੀਤ ਸਿੰਘ ਸਿੱਧੂ)

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਰਾਜ ਵਿੱਚ ਪਹਿਲੀ ਜਨਵਰੀ, 1972 ਤੋਂ ਪਹਿਲੀ ਜਨਵਰੀ, 1975 ਤਕ ਦੇ ਸਮੇਂ ਦੇ ਦੌਰਾਨ ਭਰਤੀ ਕੀਤੇ ਗਏ ਸਿਪਾਹੀਆਂ ਦੀ ਕੁਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਦੇ ਸਿਪਾਹੀ ਕਿੰਨੇ ਹਨ;

(ੲ) ਕੀ ਉਕਤ ਅਸਾਮੀਆਂ ਲਈ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਭਰਤੀ ਕਰਨ ਸਮੇਂ ਛਾਤੀ ਅਤੇ ਕਦ ਦੀ ਮਿਣਤੀ ਵਿੱਚ ਕੋਈ ਰਿਆਇਤ ਦਿੱਤੀ ਹੈ, ਜੇਕਰ ਨਹੀਂ ਤਾਂ ਕੀ ਸਰਕਾਰ ਉਨ੍ਹਾਂ ਨੂੰ ਅਜਿਹੀ ਰਿਆਇਤ ਦੇਣ ਦਾ ਵਿਚਾਰ ਰਖਦੀ ਹੈ ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ ।

(ਅ) ਇਸ ਸਮੇਂ ਵਿੱਚ 3851 ਉਮੀਦਵਾਰ ਪੁਲਿਸ ਵਿਚ ਸਿਪਾਹੀ ਦੇ ਅਹੁਦੇ ਤੇ ਭਰਤੀ ਹੋਏ ਜਿਨ੍ਹਾਂ ਵਿਚੋਂ 927 ਉਮੀਦਵਾਰ ਅਨੁਸੂਚਿਤ ਜਾਤੀਆਂ/ਕਬੀਲਿਆਂ ਦੇ ਸਨ ।

(ੲ) ਹਾਂ ਜੀ, ਛਾਤੀ ਅਤੇ ਕੱਦ ਵਿੱਚ ਅਨੁਸੂਚਿਤ ਜਾਤੀਆਂ/ਕਬੀਲਿਆਂ ਲਈ ਰਿਆਇਤ ਕੀਤੀ ਹੋਈ ਹੈ ।

ਰਾਜ ਵਿਚ ਆਈ. ਪੀ. ਐਸ. ਅਤੇ ਪੀ. ਪੀ. ਐਸ. ਅਫ਼ਸਰ

*3161. **ਸਰਦਾਰ ਧੰਨਾ ਸਿੰਘ ਗੁਲਸ਼ਨ: | ਸਰਦਾਰ ਸੁਰਜੀਤ ਸਿੰਘ ਸਿੱਧੂ |** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਰਾਜ ਵਿੱਚ ਵੱਖ ਵੱਖ ਆਈ. ਪੀ. ਐਸ. ਅਤੇ ਪੀ. ਪੀ. ਐਸ. ਅਫ਼ਸਰਾਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਦੇ ਕਿੰਨੇ ਹਨ ?

ਗਿਆਨੀ ਜ਼ੈਲ ਸਿੰਘ : ਇਸ ਵੇਲੇ ਰਾਜ ਵਿਚ 72 ਆਈ. ਪੀ. ਐਸ. ਅਤੇ 156 ਪੀ. ਪੀ. ਐਸ. ਅਫ਼ਸਰ ਹਨ ਜਿਨ੍ਹਾਂ ਵਿਚੋਂ 11 ਆਈ. ਪੀ. ਐਸ. ਅਤੇ 7 ਪੀ. ਪੀ. ਐਸ. ਅਫ਼ਸਰ ਅਨੁਸੂਚਿਤ ਜਾਤੀਆਂ ਦੇ ਹਨ ।

ਖੇਤੀ ਬਾੜੀ ਸਹਿਕਾਰੀ ਸਭਾ, ਘਨੌਰ, ਜ਼ਿਲ੍ਹਾ ਪਟਿਆਲਾ ਦੇ ਵਿਰੁੱਧ ਕੀਤੀ ਗਈ ਜਾਂਚ ਪੜਤਾਲ

*3074. **ਸਰਦਾਰ ਪ੍ਰੇਮ ਸਿੰਘ ਪ੍ਰੇਮ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ, ਘਨੌਰ, ਜ਼ਿਲ੍ਹਾ ਪਟਿਆਲਾ ਦੇ ਵਿਰੁੱਧ ਗਬਨ ਆਦਿ ਦੇ ਦੋਸ਼ਾਂ ਦੀ ਕੋਈ ਜਾਂਚ ਪੜਤਾਲ ਕਰਵਾਈ ਗਈ ਹੈ/ਸੀ, ਜੇਕਰ ਅਜਿਹਾ ਹੋਵੇ ਤਾਂ ਉਕਤ ਸਭਾ ਦੇ ਵਿਰੁੱਧ ਲਗਾਏ ਗਏ ਦੋਸ਼ਾਂ ਦਾ ਵੇਰਵਾ ਕੀ ਹੈ;

(ਅ) ਉਕਤ ਪੜਤਾਲ ਦੇ ਕੀ ਸਿੱਟੇ ਨਿਕਲੇ ਅਤੇ ਵਿਭਾਗ ਦੁਆਰਾ ਇਸ ਸਬੰਧ ਵਿੱਚ ਕੀ ਕਾਰਵਾਈ ਕੀਤੀ ਗਈ ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ ਪੜਤਾਲ ਕਰਾਈ ਗਈ ਹੈ। ਸਭਾ ਦੇ ਵਿਰੁੱਧ ਸਿੱਧ ਹੋਏ ਦੋਸ਼ਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

(ਅ) ਉਪਰੋਕਤ 'ੳ' ਭਾਗ ਵਿਚ ਦੱਸੇ ਗਏ ਸਿੱਟਿਆਂ ਵਜੋਂ ਸਭਾ ਦੀ ਪ੍ਰਬੰਧਕ ਕਮੇਟੀ ਭੰਗ ਕਰਕੇ ਪ੍ਰਸ਼ਾਸਕ ਨਿਯੁਕਤ ਕਰ ਦਿੱਤਾ ਹੈ। ਉਸਨੂੰ ਊਣਤਾਈਆਂ ਦੂਰ ਕਰਨ ਲਈ ਹਦਾਇਤ ਕੀਤੀ ਗਈ ਹੈ।

[(a) Yes. The enquiry has been held. The detail of allegations proved against the Society is laid on the Table of the House.

(b) As a result of Enquiry mentioned at part (a) above, the Administratiive Committee has been superseded and an Administrator has been appointed. He has been instructed to remove the short comings.]

ਅਨੁਲੱਗ

ਸਭਾ ਦੇ ਵਿਰੁੱਧ ਸਿੱਧ ਹੋਏ ਦੋਸ਼ਾਂ ਦਾ ਵੇਰਵਾ ਨਿਮਨ ਲਿਖਤ ਅਨੁਸਾਰ ਹੈ :—

(ੳ) 7 ਦੁਕਾਨਾਂ ਜਿਨ੍ਹਾਂ ਦੀ ਮਲਕੀਅਤ ਕੋਈ ਹੋਰ ਵਿਅੱਕਤੀ ਆਪਣੀ ਸਾਬਤ ਕਰਨਾ ਚਾਹੁੰਦੇ ਸਨ, ਦਰਅਸਲ ਸਭਾ ਦੀਆਂ ਸਨ ।

(ਅ) ਸਭਾ ਦੇ ਪ੍ਰਧਾਨ ਨੇ 500/– ਰੁਪਏ ਸ੍ਰੀ ਰਮੇਸ਼ ਲਾਲ ਤੋਂ ਸਭਾ ਲਈ ਵਸੂਲ ਕੀਤੇ ਪਰ ਉਸਦਾ ਅੰਦਰਾਜ ਰੋਕੜ ਬਹੀ ਵਿੱਚ ਨਹੀਂ ਕੀਤਾ। ਇਸ ਤੋਂ ਇਲਾਵਾ ਸਭਾ ਦੇ ਪ੍ਰਧਾਨ ਨੇ ਮੁਬਲਿਗ 1500/– ਰੁਪਏ ਜੋ ਸਭਾ ਲਈ ਵਸੂਲ ਕੀਤੇ, ਉਸ ਦਾ ਅੰਦਰਾਜ਼ ਰੋਕੜ ਬਹੀ ਵਿੱਚ ਤਬਦੀਲੀਆਂ ਕਰਕੇ ਬਾਅਦ ਵਿੱਚ ਦਰਜ ਕੀਤਾ।

(ੲ) ਸਭਾ ਨੇ ਗੋਦਾਮ ਬਣਾਉਣ ਦੀ ਪ੍ਰਵਾਨਗੀ ਰਜਿਸਟਰਾਰ, ਸਹਿਕਾਰੀ ਸਭਾਵਾਂ ਤੋਂ ਨਹੀਂ ਲਈ।

(ਸ) ਸਭਾ ਨੇ ਦੁਕਾਨਾਂ ਤੇ ਖਰਚ ਕੀਤੀ ਰਕਮ ਨੂੰ ਪੂਰਾ ਕਰਨ ਲਈ 1 ਅਕਤੂਬਰ, 1973 ਨੂੰ ਕਰਜ਼ਾ ਜਾਰੀ ਕੀਤਾ ਦਿਖਾਇਆ ਗਿਆ।

(ਹ) ਪ੍ਰਧਾਨ ਨੇ ਮਿਤੀ 28 ਸਤੰਬਰ, 1972 ਨੂੰ ਮੁਬਲਿਗ 8000/– ਰੁਪਏ ਆਪਣੇ ਹੱਦ ਕਰਜ਼ੇ ਤੋਂ ਵੱਧ ਕਰਜ਼ਾ ਲਿੱਤਾ ।

(ਕ) ਪ੍ਰਧਾਨ ਦੇ ਸਪੁੱਤਰ ਸ੍ਰੀ ਗੁਰਦੇਵ ਸਿੰਘ ਨੇ 28 ਸਤੰਬਰ, 1972 ਨੂੰ 7,000/–ਰੁਪਏ ਦੀ ਆਪਣੇ ਹੱਦ ਕਰਜ਼ੇ ਤੋਂ ਵੱਧ ਕਰਜ਼ਾ ਲਿੱਤਾ ।

(ਖ) ਸਰਵਸ੍ਰੀ ਕਾਕਾ ਸਿੰਘ ਅਤੇ ਜੁਗਲ ਕਿਸ਼ੋਰ ਕਮੇਟੀ ਮੈਂਬਰਾਨ ਸੋਸਾਇਟੀ ਦੇ ਕਰਜ਼ੇ ਦੇ ਨਾਂਦਹਿੰਦ ਸਨ ।

ANNEXURE

Detail of allegations against the Society.

(a) 7 shops, the ownership of which somebody claimed actually belonged to the Society.

(b) The President of the Society received Rs. 500/- from Shri Ramesh Lal, on behalf of the Society but did not make any entry in the Rokkar Bahi. In addition the President who received Rs. 1,500/- on behalf the Society made entries in the Rokkar after interplation.

(Chief Minister)

(c) The construction of the Godown was without the approval of Registrar Co-operative Societies, Punjab.

(d) The Society has shown the amount involved as loan advanced on 1st October, 1973 in order to cover the expenditure incurred for shops.

(e) The President took loan of Rs. 8 000/-on 28th September, 1972 above the maximum limit.

(f) Shri Gurdev Singh son of the President got loan of Rs. 7 000/- on 28th September 1972 above the maximum limit.

(g) S/Shri Kaka Singh Jugal Kishore members of the Society were defaulters on account of non-payment of loan.

(h) General meeting of the Society was held without quorum. Despite the fact that the loan of Rs. 68,485.49 paise taken from the Central Cooperative Bank became time-barred, the Society advanced loan to five members from the cash in hand.]

ਮਿਉਨਿਸਪਲ ਕਮੇਟੀ, ਅੰਮ੍ਰਿਤਸਰ ਦੁਆਰਾ ਜੀ. ਟੀ. ਰੋਡ ਦੇ ਕੁਝ ਹਿੱਸਿਆਂ ਵਿਚ ਟਿਊਬ ਲਾਈਟਸ ਦਾ ਪ੍ਰਬੰਧ ਕਰਨ ਲਈ ਕਿਸੇ ਵਿਧਾਇਕ ਵਲੋਂ ਮੇਜਰਨਾਮਾ

*2998. ਕਾਮਰੇਡ ਦਾਨਾ ਰਾਮ, ਕਾਮਰੇਡ ਸਤ ਪਾਲ ਡਾਂਗ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਵੰਬਰ, 1974 ਦੇ ਮਹੀਨੇ ਵਿਚ ਕਿਸੇ ਵਿਧਾਇਕ ਨੇ ਸਥਾਨਿਕ ਸ਼ਾਸਨ ਵਿਭਾਗ ਦਾ ਧਿਆਨ ਇਸ ਤੱਥ ਵਲ ਦਿਵਾਇਆ ਕਿ ਅੰਮ੍ਰਿਤਸਰ ਮਿਊਂਨਿਸਪਲ ਕਮੇਟੀ ਨੇ ਜੀ. ਟੀ. ਰੋਡ ਦੇ ਥੋੜੇ ਹਿੱਸਿਆਂ ਵਿਚ ਟਿਊਬ ਲਾਈਟਸ ਦਾ ਪ੍ਰਬੰਧ ਨਹੀਂ ਕੀਤਾ ਅਤੇ ਇਹ ਯਕੀਨੀ ਬਣਾਉਣ ਲਈ ਵਿਭਾਗ ਨੂੰ ਜ਼ਰੂਰੀ ਕਾਰਵਾਈ ਕਰਨ ਬਾਰੇ ਕਿਹਾ ਸੀ ਕਿ ਕਮੇਟੀ ਦੁਆਰਾ ਛੇਤੀ ਤੋਂ ਛੇਤੀ ਲੋੜੀਂਦੀ ਲਾਈਟਸ ਦਾ ਪ੍ਰਬੰਧ ਕੀਤਾ ਜਾਵੇ; ਜੇਕਰ ਅਜਿਹਾ ਹੋਵੇ ਤਾਂ ਇਸ ਤੇ ਵਿਭਾਗ/ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਸ਼੍ਰੀ ਹੰਸ ਰਾਜ ਸ਼ਰਮਾ : ਨਹੀਂ ਜੀ।

ਸਾਲ 1974 ਵਿੱਚ ਮਿਊਂਨਿਸਪਲ ਕਮੇਟੀਆਂ ਦੀ ਮੁਅੱਤਲੀ/ਤੋੜਨਾ

*3028. ਡਾਕਟਰ ਬਲਦੇਵ ਪ੍ਰਕਾਸ਼ : ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਮਿਊਂਨਿਸਪਲ ਕਮੇਟੀ ਤੋਂ ਇਲਾਵਾ ਉਨ੍ਹਾਂ ਮਿਊਨਸਪਲ ਕਮੇਟੀਆਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਸਾਲ 1974 ਵਿਚ ਸਰਕਾਰ ਦੁਆਰਾ ਮੁਅੱਤਲ ਕੀਤਾ ਗਿਆ/ਤੋੜਿਆ ਗਿਆ ਹੈ ਅਤੇ ਇਸ ਤਰ੍ਹਾਂ ਦੇ ਹਰ ਇਕ ਕੇਸ ਦੇ ਕੀ ਕਾਰਨ ਹਨ ?

Shri Hans Raj Sharma: There are two more Municipal Committees, namely Dina-Nagar and Ferozepore which have been suspended during 1974. The reasons for their suspension are given in the Annexure.

ANNEXTURE

Reasons for suspension of Municipal Committee, Ferozepur

(1) The Municipal Committee, Ferozepur has failed to supervise the work of its Executive Officer properly in so far as it relates to inspecting the Fire Brigade and giving test alarm reports is concerned. It had been pointed out to the Municipal Committee that from 29th September, 1972 to 19th June, 1973 only six test alarms had been carried out by the Executive Officer of the Municipal Committee and that this

should have been done by him regularly every month. The Municipal Committee replied that the Executive Officer had carried out 20 more test alarms besides these six regular entries of which exist in the 'Roznamchas' maintained at the Fire Brigade Station. The Deputy Commissioner, Ferozepur, has reported that the Test Check Register maintained shows only six inspections as mentioned in the show cause notice issued by the Government to the Municipal Committee. The Deputy Commissioner has further reported that inspection notes have also been recorded in the 'Roznamchas' and that the Executive Officer could not explain why the inspections recorded in the 'Roznamchas' were not recorded in the Inspection Register. The Deputy Commissioner has also pointed out that the inspections recorded in 'Roznamchas' have possibly been entered subsequently. The Regional Deputy Director, Local Government, Ferozepur has reported that before he sent his report to the Government in May, 1974 about the affairs of the Municipal Committee Ferozepur, he had sent for the test alarm book as well as the Daily 'Roznamchas' from the Fire Superintendent and had verified himself that there was no entry in the Daily 'Roznamchas' of the Fire Superintendent about any inspection or test alarm carried out by the Executive Officer, He has further pointed out that on subsequent verification, it has been found that in the Daily Roznamchas entries have been made in respect of dates on which the Daily Roznamchas remained with him. He has further confirmed that from 29th September, 1972 to 19th June, 1973 only six test alarms were carried out by the Executive Officer and entered in the 'Bound Book' maintained by the Superintendent, Fire Brigade, heretofore referred to as the test alarm register and that in the Daily Roznamchas maintained by the Superintendent of the Fire Brigade certain entries in respect of the said period have been made which have been overwritten. He has pointed out that the Executive Officer should not have made these entries in the Daily Roznamchas while there was a 'Bound Book, separate ly for this purpose.

The Government is of the opinion that the Municipal Committee did not supervise properly the work of the Executive Officer in so far as it relates regularly carrying out test alarms. Not only that while sending its reply to the show cause notice issued by the Government, the Municipal Committee has wrongly contended that the Executive Officer carried out 26 test alarms and the Municipal Committee while so reporting did neither notice nor point out that entries in the Daily Roznamchas were everwritten and were forged. In view of the fact that the Municipal Committee neglected its supervisory role over the Executive Officer and has connived at the forgery done by the Executive Officer, the Government is of the opinion that the Municipal Committee has been found to be incompetent and has committed serious default persistently.

(2) The Sanitation in the following areas within the municipal limits of Ferozepore is most unsatisfactory :—

(i) Basti Deharian,
(ii) Basti Shekhan,
(iii) Basti Kambohan
(iv) Basti Bawarian,
(v) Basti Awa;
(vi) Basti Bhathian,
(vii) Basti Sanowan, and
(viii) Basti Bag Ali Shah.

The Municipal Committee in its reply stated that the sanitation of the said areas is up to the mark. The Regional Deputy Director, Local Government, Ferozepur, has reported that streets in most of these Bastis are "Kuchha" that the water flows vertically to the streets and stagnates which is a serious health hazard to the residents, that either the street drains do not exist or are in dilapidated condition. The Regional Deputy Director, Local Government, Ferozepore, has also invited attention to endorsement No. 417, dated 7th June, 1974 from the Executive Officer of the Municipal Committee to him in which it was stated that in Basti Deharian there are no Pucca drains to dispose of Sewerage water. The Sewage Water coming from all the houses is collected through Kuchha open channels into two pits which are at present the breeding places for mosquitoes and that foul smell also generates from these pits creating unhygienic conditions in the locality. Regarding Basti Bawarian it was stated in the endorsement aforesaid that there is need to drain water from the locality through pucca channels. That all the streets are not paved and are not provided with electric light and water supply. Sanitation is a primary function of

(Finance Minister)

Municipal Committees and the Government has been impressing upon the Municipal Committees time and again to devote their attention to this primary function. The Government is of the opinion that Municipal Committee Ferozepore, has been incompetent to perform its primary function of maintaining proper sanitation in the Town.

(3) The Municipal Committee, Ferozepur, has failed to take effective action to remove encroachments within its area. On 31st March, 1973 there were 192 encroachments, and till May, 1974 when the Regional Deputy Director, Local Government, Ferozepur, submitted his report to the Government, the Municipal Committee had practically made no efforts to have these encroachments removed. Even now while the Committee has filed complaints in the court of Chief Judicial Magistrate, Ferozepur, the said complaints are for securing conviction. The Municipal Committee can take action under section 172(2) and section 220 of the Punjab Municipal Act, 1911 to give notice to the encroachers and demolish the encroachments. The Government is of the opinion that the Municipal Committee has persistently defaulted in the duty to prevent encroachment on public lands.

(4) The Municipal Committee, Ferozepur has failed to recover the arrears of various taxes. The Municipal Committee, has admitted in its reply that the amount in arrears now is over Rs. 27,000/-. The Regional Deputy Director, Local Government, Ferozepur, has reported that action under section 81 of the Punjab Municipal Act, 1911, for the recovery of the arrears of taxes was initiated by the Committee only in the month of June, 1974, whereas from September,1972 till the month of June,1974, the Municipal Committee did not initiate any such action. The Government is of the opinion that the Municipal Committee has made persistent default in this respect over a long period from September, 1972 till June, 1974 and failed to carry out its statutory duties of recovering the arrears of taxes. In order to provide essential services to the public it is imperative for a Municipal Committee to properly realise its taxes, but the Municipal Committee, Ferozepore, did not make adequate efforts to realise the huge arrears of taxes.

(5) The Municipal Committee, Ferozepore,—*vide* resolution No. 16 dated 7th May, 1973 appointed Shri Parveen Kumar as Clerk who is the cousin of Shri Kashmiri Lal, a member of the Municipal Committee, but the Committee did not obtain approval of the competent authority as required under rule 3-B of the Punjab Municipal (General) Rules, framed by the Government under section 240 of the Punjab Municipal Act, 1911, and thus exceeded and abused its powers. The Municipal Committee in its reply to the Government has stated that Shri Parveen Kumar was appointed as temporary Clerk because before his appointment, he had submitted an affidavit to the effect that he is not a parent or descendant of a member of the Committee or a descendant of any parent of such member, or the husband or wife of such member or descendant or a parent of the husband or wife of such member descendant or a parent of the husband or wife of such member or a descendant of any such parent. The Committee has stated that in the bonafide belief that the affidavit was true Shri Parveen Kumar was appointed as a temporary Clerk and in the circumstances it was not necessary to obtain any approval. The Committee has also replied that Shri Parveen Kumar is no longer in the Service of the Committee. The Regional Deputy Director, Local Government, Ferozepur, as reported that Shri Parveen Kumar was first appointed as a Clerk by the Committee, *vide* resolution No. 16, dated 7th May, 1973. He was reappointed as such once again, *vide* resolution No. 21, dated 21st November, 1973 with one day's break in service and continued to work till 1st July, 1974 when his services were terminated. The Regional Deputy Director, Local Government, Ferozepore has further reported that Shri Parveen Kumar had submitted a report dated 3rd October. 1973 in which he had made clear that he was the cousin of Shri Kashmiri Lal a member of the Municipal Committee.

The Government is of the opinion that the plea of bonafide action taken by the Municipal Committee is untenable and that the action to continue Shri Parveen Kumar in service beyond 3rd October, 1973 the date on which he reported that he was related to a member of the Municipal Committee-with-out obtaining permission of the competent authority is a case in which the Municipal Committee has exceeded and abused its powers.

REASONS FOR SUSPENSION OF MUNICIPAL COMMITTEE, DINA NAGAR

1. The audit note of this Municipal Committee for the period from April, 1971 to March, 1972, was received in the Committee Office in December, 1972 and under rule xvii 17 of the Municipal Account Code, 1920, the Committee was required to send annotations to the Examiner, Local Fund Accounts, Punjab and other concerned Departments within three months, the Committee failed to send the annotations uptil 26th September, 1973. Even the previous audit note relating to the period from April, 1969 to March, 1970, was not attended to by the committee uptil 26th September, 1973, and no steps were taken by it to remove the audit objections.

2. According to the Committee's records, there have been 535 cases of encroach ments. The Committee has been unable to get these encroachments removed and thus exhibited lack of interest in looking after its properties.

3. The Committee did not reduce the post of Tax Inspector, although an order to this effect under section 42 of the Punjab Municipal Act, 1911 was passed by the Competent Authority.

4. The Committee is incurring expenditure to the extent of 65 per cent of its income on payment of salaries to the staff and it was, therefore, directed by the Competent Authority to abolish the post of Tax Inspector. The Committee in order to accommodate the employee working on this post, created another post of Octroi Inspector, although no provision therefor existed in the Budget Estimates. Further-more the employee concerned did not possess qualifications prescribed for the post.

5. The Committee took no steps towards realisation of Rs. 335/- from its former Secretary, which were advanced to him.

6. The Committee allowed its member, Shri Bodh Raj, to continue to work as its Secretary, without obtaining prior Government approval, as required under section 38 of the Punjab Municipal Act, 1911.

7. The municipal works are undertaken by withdrawing advances, without preparing estimates or calling any tenders therefor. Even no measurements are recorded or muster-rolls prepared by the Committee.

8. The Municipal Committee does not deposit Provident Fund of its employees in the post office regularly. The Provident Fund amount approximately Rs. 45,000/- for the period from March, 1972 to 26th September, 1973. was not deposited by it in the post office account of its employees.

9. The Committee failed to realise rent of its property. An amount of Rs. 17,363 was in arrears on this account on 26th September 1973. Even the Committee has failed to put an end to sub-letting of its plots by the lease-holders by cancelling the lease deeds (e.g. Shri Ram Kishan transferred Shop No. 2 to Shri Kishan Singh, but the committee took no action against Shri Ram Kishan).

10. The Committee failed to take action against unauthorised constructions within its area. About 60 houses have been constructed unauthorisedly in Chiragah Dina Nagar but no action was taken by the Committee against either of the persons concerned.

ਰਾਜ ਵਿੱਚ ਸਰੀਰਕ ਸਿਖਿਆ ਲਈ ਕਾਲਜ

*3078. ਸਰਦਾਰ ਜਸਵਿੰਦਰ ਸਿੰਘ ਬਰਾੜ,
ਸਰਦਾਰ ਸੁਖਦੇਵ ਸਿੰਘ ਢੀਂਡਸਾ,
ਸਰਦਾਰ ਪ੍ਰਹਿਲਾਦ ਸਿੰਘ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਵੇਲੇ ਰਾਜ ਵਿੱਚ ਸਰੀਰਕ ਸਿਖਿਆ ਲਈ ਕਾਲਜਾਂ ਦੀ ਗਿਣਤੀ ਕਿੰਨੀ ਹੈ ;

(ਅ) ਉਕਤ ਕਾਲਜਾਂ ਤੋਂ ਵੱਖ ਵੱਖ ਸਾਲਾਂ, 1970, 1971, 1972 ਅਤੇ 1973 ਦੇ ਦੌਰਾਨ ਕਿੰਨੇ ਵਿਦਿਆਰਥੀਆਂ ਨੇ ਸਫ਼ਲਤਾ ਪ੍ਰਾਪਤ ਕੀਤੀ ?

ਸ੍ਰੀ ਗੁਰਮੇਲ ਸਿੰਘ : (ੲ) ਇੱਕ ।

(ਅ)

ਸਾਲ	ਸਫਲ ਹੋਏ ਵਿਦਿਆਰਥੀਆਂ ਦੀ ਗਿਣਤੀ
1970	303
1971	332
1972	409
1973	404

STARRED QUESTION NO. 3166

[Extension has been asked for in respect of Starred Question No. 3166.]

ਗੁਰਮੇਲ ਸਿੰਘ

D. O. No. 685-Edi (ASO-/EM/
Education Minister,
Punjab, Chandigarh.
21 ਜਨਵਰੀ, 1975

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਤਾਰਾ ਅੰਕਤ ਸਵਾਲ ਨੰ: 3166 ਜੋ ਮਿਤੀ 22 ਜਨਵਰੀ, 1975 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਅਰਜਨ ਸਿੰਘ ਮਸਤਾਨਾ, ਐਮ. ਐਲ. ਏ. ਦੇ ਨਾਂ ਹੇਠ (ਵੱਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 6 ਫਰਵਰੀ ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਹਿਤੂ,
ਸਹੀ।—
(ਗੁਰਮੇਲ ਸਿੰਘ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

QUESTION OF PRIVILEGE

Mr. Speaker : Sarvshri Balwinder Singh Bhunder Surjit Singh Sidhu and Surjit Singh (Barnala), M.L.As. have given notice of a Privilege Motion wherein they have alleged that on 14th January, 1975 certain bad characters attacked the Sarpanch of village Gehlar, District Jullundur and that when the matter was reported to the Police, one Member of this House brought those miscreants in his car and harboured them. The hon'ble Members giving notice of the Privilege Motion have also

alleged that by so doing that Member has brought the House into disrepute and has committed a breach of privilege.

2. I am examining the matter and will give my ruling later.

आचार्य पृथ्वी सिंह आज़ाद : प्वायंट आफ आर्डर, सर । स्पीकर साहिब, मेरा प्वायंट आफ आर्डर यह है कि इस हाऊस में सवाल नं: 3077 के सिलसिले में वज़ीर साहिब ने यह कहा है कि जो मुकेरियां में मौतें हुई हैं उनके इनक्वाइरी आर्डर कर दिये हैं । मैं निहायत नम्रता से यह प्रार्थना करता हूं कि आपने जो यह कहा कि डाक्टर ने तो प्रापरली अटैंड किया मगर वहां हस्पताल में सामान नहीं था, आपके यह रिमार्कस उस इन्कवाइरी के रासते में रुकावट बन सकते हैं । मैं दर्खवास्त करता हूं कि आप अपने वे शब्द ऐक्सपंज कर दें. . . .(विघ्न)

Mr. Speaker : No, I can't. I belong to that place and I know the facts.

Acharya Prithvi Singh Azad : How can you give this ruling ? It will affect the enquiry.

Mr. Speaker : No, I can't expunge it. ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ ਅਤੇ ਗਲ ਕਰ ਲੈਣਾ। (ਵਿਘਨ) (No, I can't expunge it. You may please come to my Chamber and discuss the matter with me.) (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਐਡਜਰਨਮੈਂਟ ਮੋਸ਼ਨ ਦਿਤੀ ਸੀ ਕਿ ਪੰਜਾਬ ਵਿਚ ਆਬਿਆਨਾ ਦੁਗਣਾ ਕਰ ਦਿੱਤਾ ਗਿਆ ਹੈ ਅਤੇ ਨਹਿਰਾਂ ਵਿਚ ਪਾਣੀ ਘੱਟ ਹੈ ਅਤੇ ਲੋਕਾਂ ਨੂੰ ਪਾਣੀ ਘੱਟ ਦਿੱਤਾ ਜਾਂਦਾ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ......... (ਵਿਘਨ) (ਸ਼ੋਰ) ਮਹੀਨੇ ਵਿਚ 7 ਦਿਨ ਪਾਣੀ ਦਿੱਤਾ ਜਾਂਦਾ ਹੈ...... (ਵਿਘਨ)

ਸ੍ਰੀ ਸਪੀਕਰ : ਤੁਸੀਂ ਐਕਸਪਲਾਨੇਟਰੀ ਮੈਮੋਰੰਡਮ ਨਾਲ ਨਹੀਂ ਸੀ ਭੇਜਿਆ, ਉਹ ਇਨਕੰਪਲੀਟ ਸੀ, ਉਹ ਡਿਸਅਲਾਉ ਹੋ ਚੁਕੀ ਹੈ, ਤੁਸੀਂ ਤਸ਼ਰੀਫ ਰਖੋ । ਇਰੀਗੇਸ਼ਨ ਦੀ ਡਿਮਾਂਡ ਆ ਰਹੀ ਹੈ ਤੁਸੀਂ ਉਸ ਤੇ ਬੋਲ ਲੈਣਾ । (ਵਿਘਨ) (ਸ਼ੋਰ) (You did not enclose explanatory Memorandum with your Motion. As such the motion was incomplete, and it has been disallowed. You may please resume your seat. You may give your view point during the discussion on demand for Irrigation).

(*Interruption*)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਹਾਲਤ ਇਹ ਹੈ ਕਿ ਪੰਜਾਬ ਦੀ ਜਨਤਾ ਐਜੀਟੇਸ਼ਨ ਤਕ ਪਹੁੰਚ ਗਈ ਹੈ ਕਿਉਂਕਿ ਉਨ੍ਹਾਂ ਤੇ ਮਾਮਲਾ ਤਿੱਗਣਾ ਕਰ ਦਿੱਤਾ ਗਿਆ ਹੈ । ਜਿਹੜੀ ਮੋਸ਼ਨ ਦਿੱਤੀ ਸੀ ਉਹ ਤੁਹਾਨੂੰ ਅਲਾਉ ਕਰ ਦੇਣੀ ਚਾਹੀਦੀ ਸੀ, ਉਸ ਤੇ ਡਿਸਕਸ਼ਨ ਹੋ ਜਾਂਦੀ ਅਤੇ ਪੰਜਾਬ ਦੇ ਲੋਕਾਂ ਨੂੰ ਰਾਹਤ ਮਿਲ ਜਾਂਦੀ ...... (ਵਿਘਨ)

ਸ੍ਰੀ ਸਪੀਕਰ : ਇਰੀਗੇਸ਼ਨ ਦੀ ਡੀਮਾਂਡ ਆ ਰਹੀ ਹੈ ਤੁਸੀਂ ਉਸ ਤੇ ਬੋਲ ਲੈਣਾ । ਤਸ਼ਰੀਫ ਰਖੋ । (ਵਿਘਨ)

(ਸ੍ਰੀ ਸਪੀਕਰ)

(You may please give your view-point during the discussion on Demand for Irrigation. Please resume your seat.) (*Interruption*)

ਚੌਧਰੀ ਰਾਮ ਸਿੰਘ : ** ** ** **

Mr. Speaker : Whatever the hon'ble Member is saying, should not be recorded. (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਬੜਾ ਅਹਿਮ ਮਸਲਾ ਸੀ ਜਿਸ ਕਰਕੇ ਐਡਜਰਨਮੈਂਟ ਮੋਸ਼ਨ ਦਿੱਤੀ ਸੀ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ, ਉਹ ਡਿਸਅਲਾਉ ਹੋ ਚੁਕੀ ਹੈ (ਵਿਘਨ) (You may please resume your seat. That motion has been disallowed.) (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਡਿਸਕਸ਼ਨ ਦੀ ਇਜਾਜ਼ਤ ਦਿਉ, ਪੰਜਾਬ ਦੇ ਲੋਕਾਂ ਨਾਲ ਬੜਾ ਵਿਤਕਰਾ ਕੀਤਾ ਜਾ ਰਿਹਾ ਹੈ (ਵਿਘਨ)

ਸ੍ਰੀ ਸਪੀਕਰ : ਤੁਸੀਂ ਡਿਮਾਂਡ ਤੇ ਡਿਸਕਸ਼ਨ ਕਰ ਲੈਣਾ । (ਵਿਘਨ) (You may raise this issue during the discussion on the Demand for Irrigation.) (*Interruption*)

ਵਿੱਤ ਮੰਤਰੀ : ਸਪੀਕਰ ਸਾਹਿਬ, ਇਰੀਗੇਸ਼ਨ ਦੀ ਡਿਮਾਂਡ ਰਖੀ ਹੋਈ ਹੈ, ਮੈਂਬਰ ਸਾਹਿਬ ਜੋ ਕੁਝ ਬੋਲਣਾ ਚਾਹੁਣਗੇ ਉਹ ਉਸ ਤੇ ਕਹਿ ਸਕਦੇ ਹਨ । (ਵਿਘਨ) (ਸ਼ੋਰ)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਥੇ ਐਕਸੀਡੈਂਟ ਦਾ ਜ਼ਿਕਰ ਹੋਇਆ, ਸਰਦਾਰ ਬਲਬੀਰ ਸਿੰਘ ਨੇ ਕਹਿ ਦਿੱਤਾ ਕਿ ਇਨਕੁਆਇਰੀ ਹੋਣੀ ਹੈ । ਜਿਹੜੀ ਇਨਕੁਆਇਰੀ ਹੋਣੀ ਹੈ ਉਹਵੀ ਤਾਂ ਉਥੇ ਦੇ ਲੋਕਾਂ ਨੂੰ ਪੁੱਛ ਗਿੱਛ ਕੇ ਹੀ ਹੋਣੀ ਹੈ । ਤੁਸੀਂ ਉਥੋਂ ਦੇ ਲੋਕਲ ਹੋ, ਤੁਸੀਂ ਆਪਣੀ ਓਪੀਨੀਅਨ ਦੇ ਦਿੱਤੀ, ਚੰਗੀ ਗਲ ਹੈ । ਤੁਸੀਂ ਕਹਿ ਦਿੱਤਾ ਕਿ ਡਾਕਟਰ ਨੇ ਅਟੈਂਡ ਕੀਤਾ । ਪਤਾ ਨਹੀਂ ਕਿਸ ਗਲ ਤੇ ਇਥੇ ਹੀਟ ਜੈਨਰੇਟ ਹੋ ਗਈ । ਸਪੀਕਰ ਸੁਪਰੀਮ ਹੈ, ਉਨ੍ਹਾਂ ਨੇ ਔਬਜ਼ਰਵੇਸ਼ਨ ਦੇ ਦਿੱਤੀ ਤਾਂ ਇਸ ਵਿਚ ਕਿਹੜੀ ਐਸੀ ਗਲ ਹੋਈ ...(ਵਿਘਨ)

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਦੋ ਮੌਤਾਂ ਹੋਈਆਂ ਹਨ । ਸਪਲੀਮੈਂਟਰੀ ਦੇ ਜਵਾਬ ਵਿਚ ਆਇਆ ਕਿ ਇਨਕੁਆਇਰੀ ਵਾਸਤੇ ਆਰਡਰ ਕਰ ਦਿੱਤਾ ਹੈ । ਤੁਸੀਂ ਆਪਣੀ ਓਪੀਨੀਅਨ ਦੇ ਦਿੱਤੀ ਹੈ । ਜਿਹੜੀ ਇਨਕੁਆਇਰੀ ਹੋ ਰਹੀ ਹੈ, ਅਗਰ ਤੁਹਾਡੇ ਲਫਜ਼ਾਂ ਮੁਤਾਬਿਕ ਉਹ ਗੱਲ ਨਾ ਹੋਈ ਤਾਂ ਇੰਡੀਪੈਂਡੈਂਟ ਇਨਕੁਆਇਰੀ ਹੋ ਸਕਦੀ ਹੈ... (ਵਿਘਨ)

ਸ੍ਰੀ ਸਪੀਕਰ : ਜਿਹੜਾ ਮਾਮਲਾ ਲਿਆਂਦਾ ਗਿਆ ਹੈ ਇਸ ਦਾ ਮੈਨੂੰ ਪਤਾ ਹੈ । ਉਹ ਜਿਹੜਾ ਹਸਪਤਾਲ ਹੈ ਉਹ ਬੜਾ ਛੋਟਾ ਹੈ ਉਥੇ ਔਕਸੀਜਨ ਨਹੀਂ ਹੈ, ਹੋਰ ਇੰਪਲੀਮੈਂਟਸ ਨਹੀਂ ਹਨ । ਜੇ ਕੋਈ ਸੀਰੀਅੱਸ ਇੰਜਰੀ ਦਾ ਕੇਸ ਆ ਜਾਏ ਤਾਂ ਉਥੇ ਬੜੀ ਦਿੱਕਤ ਆਉਂਦੀ ਹੈ ਅਤੇ ਸਰਕਾਰ ਇਸ ਤੇ ਗੌਰ ਕਰੇ (ਵਿਘਨ)

**Not recorded as ordered by the Chair.

(I am aware of the matter which has been brought before the House. That Hospital is a very small one. There is no arrangement for oxygen therapy. Also the necessary implements are not available there. When there is any case of serious injury, a great deal of hardship has to be faced. The Government should pay attention to the matter.) (*Interruption*)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਇਨਕੁਆਇਰੀ ਦੇ ਸਿਲਸਿਲੇ ਵਿਚ ਸੁਆਲ ਉਠਿਆ ਹੈ, ਮੈਂ ਬਿਲਕੁਲ ਸਹਿਮਤ ਹਾਂ। ਇਕ ਪਾਸੇ ਤਾਂ ਇਨਕੁਆਇਰੀ ਆਰਡਰ ਕਰ ਦਿੱਤੇ ਦੂਜੇ ਪਾਸੇ ਤੁਸੀਂ ਆਪਣਾ ਪੁਆਇੰਟ ਆਫ ਵਿਊ ਰਖ ਦਿੱਤਾ। ਜਾਂ ਤਾਂ ਮਨਿਸਟਰ ਸਾਹਿਬ ਐਲਾਨ ਕਰ ਦੇਣ ਕਿ ਕੋਈ ਇਨਕੁਆਇਰੀ ਨਹੀਂ ਜਾਂ ਤੁਸੀਂ ਆਪਣੇ ਲਫਜ਼ ਐਕਸਪੰਜ ਕਰਾ ਦਿਉ। (ਵਿਘਨ)

ਸ੍ਰੀ ਸਪੀਕਰ : ਮੇਰੀ ਕੋਈ ਰੂਲਿੰਗ ਨਹੀਂ, ਉਹ ਔਬਜ਼ਰਵੇਸ਼ਨ ਹੈ। ਮੈਂ ਉਸ ਜਗ੍ਹਾ ਨੂੰ ਬਿਲੌਂਗ ਕਰਦਾ ਹਾਂ। ਤੁਸੀਂ ਇਸ ਗਲ ਲਈ ਇਨਸਿਸਟ ਨਾ ਕਰੋ। ਜੇ ਹਸਪਤਾਲ ਅਪਗਰੇਡ ਹੋ ਜਾਏ ਤਾਂ ਲੋਕਾਂ ਦਾ ਫਾਇਦਾ ਹੋ ਸਕਦਾ ਹੈ। (ਵਿਘਨ) (I have not given any ruling but I have made some observations. I belong to that area. You should not insist upon the expunction of those words. If the Hospital is upgraded the people of that area may get some relief.) (*Interruption*)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜੇ ਐਮ. ਐਲ. ਏ. ਸਾਹਿਬਾਨ ਕਹਿੰਦੇ ਹਨ ਤਾਂ ਤੁਹਾਨੂੰ ਆਪਣੇ ਲਫਜ਼ ਐਕਸਪੰਜ ਕਰ ਦੇਣੇ ਚਾਹੀਦੇ ਹਨ। (ਵਿਘਨ)

Mr. Speaker : There is nothing improper in those remarks. Resume your seat. (*Interruption*)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਕੁਝ ਬਾਦਲ ਸਾਹਿਬ ਨੇ ਕਿਹਾ ਹੈ ਇਹ ਰਿਵਾਇਤ ਦੇ ਖਿਲਾਫ ਹੈ। ਇਹ ਅੱਨਕਾਲਡ ਫਾਰ ਹੈ ਅਤੇ ਅੱਨਡੈਮੋਕਰੇਟਿਕ ਹੈ। ਤੁਸੀਂ ਉਸ ਹਲਕੇ ਦੇ ਮੈਂਬਰ ਹੋ, ਤੁਹਾਡੀ ਔਬਜ਼ਰਵੇਸ਼ਨ ਹੋ ਸਕਦੀ ਹੈ। ਉਹ ਕੋਈ ਜੁਡੀਸ਼ਲ ਇਨਕੁਆਇਰੀ ਨਹੀਂ ਹੋ ਰਹੀ, ਐਡਮਿਨਿਸਟਰੇਟਿਵ ਇਨਕੁਆਇਰੀ ਹੈ। ਜੇਕਰ ਸਪੀਕਰ ਸਾਹਿਬ ਦਾ ਵਿਊ ਜਾਂ ਔਬਜ਼ਰਵੇਸ਼ਨ ਆ ਜਾਏ ਤਾਂ ਉਹ ਇਨਕੁਆਇਰੀ ਤੇ ਪ੍ਰਵੇਲ ਅਪਾਨ ਨਹੀਂ ਕਰ ਸਕਦੀ। ਇਸ ਲਈ ਇਨ੍ਹਾਂ ਨੂੰ ਟੱਚੀ ਨਹੀਂ ਹੋਣਾ ਚਾਹੀਦਾ। (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : * ** ** ** (ਵਿਘਨ) (ਸ਼ੋਰ)

Mr. Speaker : Please resume your seat. It is no point of order. (Interruption)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਹਾਊਸ ਵਿੱਚ ਇਨਕੁਆਇਰੀ ਦੇ ਬਾਰੇ ਗਲ ਚਲ ਰਹੀ ਹੈ ਉਸ ਦੇ ਵਿੱਚ ਐਜ਼ ਏ ਸਪੀਕਰ ਤੁਸੀਂ ਕੁਝ ਆਬਜ਼ਰਵੇਸ਼ਨਜ਼ ਕੀਤੀਆਂ ਹਨ। ਮੈਂ ਇਹ ਜਾਣਨਾ ਚਾਹਾਂਗਾ ਕਿ ਕਿਸੇ ਵੀ ਇਨਕੁਆਇਰੀ ਵਿੱਚ, ਜਿਹੜੀ ਕਿ ਹੋ ਰਹੀ ਹੈ, ਸਪੀਕਰ ਦੀਆਂ ਕੀਤੀਆਂ ਗਈਆਂ ਆਬਜ਼ਰਵੇਸ਼ਨਜ਼ ਉਸ ਨੂੰ ਅਫੈਕਟ ਕਰਨਗੀਆਂ ਜਾਂ ਨਹੀਂ ਕਰਨਗੀਆਂ ? ਜੇ ਕਰਨਗੀਆਂ ਤਾਂ ਕਿਉਂਕਿ ਸਪੀਕਰ ਦੀ ਪੋਸਟ ਹਾਈਐਸਟ ਪੋਸਟ ਹੈ ...... (ਵਿਘਨ)

**Expunged as ordered by the Chair.

ਸ੍ਰੀ ਸਪੀਕਰ : ਮੈਂ ਉਸ ਕੰਸਟੀਚੂਐਂਸੀ ਨੂੰ ਰਿਪਰਜ਼ੈਂਟ ਕਰਦਾ ਹਾਂ। ਮੈਂ ਤਾਂ ਆਬਜ਼ਰਵੇਸ਼ਨ ਇਸ ਕਰਕੇ ਕੀਤੀ ਹੈ ਕਿ ਉਹ ਹਸਪਤਾਲ ਬਹੁਤ ਅੱਛਾ ਨਹੀਂ ਹੈ। (I represent that constituency. I made an observation that the Hospital is not a good one.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਸਾਰੀਆਂ ਆਬਜ਼ਰਵੇਸ਼ਨਜ਼ ਜਿਹੜੀਆਂ ਉਸ ਇਨਕੁਆਇਰੀ ਦੇ ਮੁਤੱਲਕ ਕੀਤੀਆਂ ਗਈਆਂ ਹਨ, ਐਕਸਪੰਜ ਕਰ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਉਹ ਇਨਕੁਆਇਰੀ ਨੂੰ ਐਡਵਰਸਲੀ ਅਫੈਕਟ ਕਰਨਗੀਆਂ।

ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਇਨਕੁ- ਆਇਰੀ ਹੋ ਰਹੀ ਹੈ ਇਹ ਕੋਈ ਜੁਡੀਸ਼ਲ ਇਨਕੁਆਇਰੀ ਨਹੀਂ ਹੈ। ਕੋਈ ਕੈਮਰੇ ਵਿਚ ਇਨਕੁਆਇਰੀ ਨਹੀਂ ਹੋਣੀ। ਇਹ ਕੋਈ ਬੰਦ ਇਨਕੁਆਇਰੀ ਨਹੀਂ ਹੈ। ਤੁਹਾਡੀਆਂ ਜਿਹੜੀਆਂ ਆਬਜ਼ਰਵੇਸ਼ਨਜ਼ ਹਨ ਇਹ ਇਨਕੁਆਇਰੀ ਦਾ ਪਾਰਟ ਬਣਨਗੀਆਂ। ਇਸ ਦੇ ਵਿੱਚ ਟੱਚੀ ਹੋਣ ਦੀ ਕੀ ਲੋੜ ਹੈ। ਇੰਡੀਪੈਂਡੈਂਟ ਇਨਕੁਆਇਰੀ ਹੋ ਰਹੀ ਹੈ। ਇਹ ਵੀ ਐਵੀਡੈਂਸ ਦੇ ਸਕਦੇ ਹਨ।

ਕਾਮਰੇਡ ਸੱਤ ਪਾਲ ਡਾਂਗ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਕਾਲ ਅਟੈਨਸ਼ਨ ਨੋਟਿਸ ਨੰ: 89 (This is no point of order. Call Attention Notice No. 89.)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਡਾਂਗ ਸਾਹਿਬ ਅਤੇ ਕੁਝ ਹੋਰ ਮੈਂਬਰਾਂ ਨੇ ਕਿਹਾ ਹੈ ਕਿ ਡਾਕਟਰ ਦੀ ਗਫਲਤ ਕਰਕੇ ਡੈਥਸ ਹੋਈਆਂ ਹਨ। ਇਹ ਦੋਨੋਂ ਗੱਲਾਂ ਸੋਚਣ ਵਾਲੀਆਂ ਹਨ ਅਤੇ ਇਹ ਕੰਟਰਾਡਿਕਟਰੀ ਹਨ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤਾਂ ਹੋਰ ਕੇਸ ਦੀ ਗੱਲ ਕੀਤੀ ਹੈ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਸੈਂਟੀਮੈਂਟਲ ਹੋ ਕੇ ਗਲ ਕਹੀ ਸੀ। ਮੇਰਾ ਤੁਹਾਡੇ ਖਿਲਾਫ ਬੋਲਣ ਦਾ ਕੋਈ ਇਰਾਦਾ ਨਹੀਂ ਸੀ। ਮੈਂ ਉਸ ਨੂੰ ਵਿਦਡਰਾ ਕਰਦਾ ਹਾਂ।

ਸਰਦਾਰ ਧੰਨਾ ਸਿੰਘ ਗੁਲਸ਼ਨ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਤਸ਼ਰੀਫ ਰੱਖੋ। (This is no point of order. Please resume your seat.)

ਸਰਦਾਰ ਗੁਰਦੇਵ ਸਿੰਘ ਸਿੱਧੂ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਤੁਸੀਂ ਇਰੀਗੇਸ਼ਨ ਡਿਮਾਂਡ ਤੇ ਬਹਿਸ ਕਰਦਿਆਂ ਇਸ ਬਾਰੇ ਕਹਿ ਲੈਣਾ। (This is no point of order. You may refer to it while discussing the Demand for Irrigation.)

**Expunged as ordered by the Chair.

ਸਰਦਾਰ ਗੁਰਦੇਵ ਸਿੰਘ ਸਿੱਧੂ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਸਾਡੀ ਪਾਰਟੀ ਵਲੋਂ ਐਡਜਰਨਮੈਂਟ ਮੋਸ਼ਨ ਦਿੱਤੀ ਗਈ ਸੀ ਆਬਿਆਨਾ ਵਧਾਉਣ ਦੇ ਬਾਰੇ । ਜਿਹੜੀ ਇਰੀਗੇਸ਼ਨ ਡਿਮਾਂਡ ਤੇ ਅੱਜ ਬਹਿਸ ਹੋਣੀ ਹੈ ਇਸ ਵਿਚ ਐਗਰੀਕਲਚਰ ਦਾ ਵੀ ਮਸਲਾ ਹੈ, ਇਰੀਗੇਸ਼ਨ ਦਾ ਵੀ ਮਸਲਾ ਹੈ ਅਤੇ ਕਈ ਹੋਰ ਪ੍ਰਾਜੈਕਟਸ ਦੇ ਵੀ ਮਸਲੇ ਹਨ । ਦੋ-ਤਿੰਨ ਘੰਟਿਆਂ ਵਿਚ ਇਸ ਸਾਰੀ ਚੀਜ਼ ਤੇ ਡਿਸਕਸ਼ਨ ਨਹੀਂ ਹੋ ਸਕਦੀ। ਇਹ ਅੱਜ ਕਲ ਕਿਸਾਨਾਂ ਦਾ ਬਹੁਤ ਵੱਡਾ ਮਸਲਾ ਹੈ। ਦੋ-ਤਿੰਨ ਘੰਟੇ ਇਸ ਵਾਸਤੇ ਡਿਸਕਸ਼ਨ ਰੱਖ ਲਓ ਤਾਕਿ ਸਾਰੀਆਂ ਪਾਰਟੀਆਂ ਆਪਣਾ ਵਿਊ-ਪੁਆਇੰਟ ਇਸ ਸਬੰਧ ਵਿਚ ਦੇ ਸਕਣ । ਲੋਕਾਂ ਦੀ ਪਿੰਡਾਂ ਵਿਚ ਬੜੀ ਬੁਰੀ ਹਾਲਤ ਹੈ, ਉਨ੍ਹਾਂ ਕੋਲ ਆਬਿਆਨਾ ਦੇਣ ਵਾਸਤੇ ਪੈਸੇ ਨਹੀਂ ਹਨ। ਇਸ ਵਾਸਤੇ ਜ਼ਰੂਰ ਟਾਈਮ ਦੇਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਤੁਸੀਂ ਇਰੀਗੇਸ਼ਨ ਦੀ ਡਿਮਾਂਡ ਤੇ ਡਿਸਕਸ਼ਨ ਕਰਦੇ ਹੋਏ ਕਹਿ ਲੈਣਾ । ਐਸਟੈਬਲਿਸ਼ਡ ਕਨਵੈਨਸ਼ਨਜ਼ ਹਨ ਕਿ ਬਜਟ ਸੈਸ਼ਨ ਵਿੱਚ ਐਡਜਰਨਮੈਂਟ ਮੋਸ਼ਨ ਐਡਮਿਟ ਨਹੀਂ ਹੋ ਸਕਦੀਆਂ (ਵਿਘਨ) ਕਾਮਰੇਡ ਜੋਸ਼ ਜੀ, ਤੁਸੀਂ ਆਪਣੀ ਕਾਲ-ਅਟੈਨਸ਼ਨ ਮੋਸ਼ਨ ਪੜ੍ਹੋ । (ਇਸ ਸਮੇਂ ਬਹੁਤ ਸਾਰੇ ਆਪੋਜ਼ੀਸ਼ਨ ਦੇ ਮੈਂਬਰ ਸਹਿਬਾਨ ਖੜੇ ਹੋਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

(Please refer to it while speaking on Demand for Irrigation. This is an established convention that Adjournment Motions are not admitted during the Budget Session. Comrade Josh may read his Call Attention Motion.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਤੁਸੀਂ ਕਿਹਾ ਸੀ ਕਿ ਮੇਰੀਆਂ ਦੋ ਕਾਲ-ਅਟੈਨਸ਼ਨ ਮੋਸ਼ਨਾਂ ਮਨਜ਼ੂਰ ਹੋ ਜਾਣਗੀਆਂ ਪਰ ਤੁਸੀਂ ਕੋਈ ਵੀ ਮਨਜ਼ੂਰ ਨਹੀਂ ਕੀਤੀ । ਪਰਸੈਂਟੇਜ ਦੇ ਹਿਸਾਬ ਨਾਲ ਹੀ ਤੁਸੀਂ ਐਡਮਿਟ ਕਰ ਦਿੰਦੇ ।

ਸ੍ਰੀ ਸਪੀਕਰ : ਪਹਿਲਾਂ ਵੀ ਇਸ ਦੀਆਂ ਆਈਡੈਂਟੀਕਲ ਕਾਲ-ਅਟੈਨਸ਼ਨ ਮੋਸ਼ਨਜ਼ ਐਡਮਿਟ ਹੋ ਚੁਕੀਆਂ ਹਨ ਇਸ ਕਰਕੇ ਦੁਬਾਰਾ ਨਹੀਂ ਆ ਸਕਦੀਆਂ । ਮੈਂ ਅਰਜ਼ ਕਰਦਾ ਹਾਂ ਕਿ ਅਕਾਲੀ ਪਾਰਟੀ ਦੇ ਮੈਂਬਰ ਹਾਊਸ ਦੀ ਕਾਰਵਾਈ ਚਲਣ ਦੇ ਵਿੱਚ ਰੁਕਾਵਟ ਬਣ ਰਹੇ ਹਨ, ਕਿਉਂਕਿ ਐਡਜਰਨਮੈਂਟ ਮੋਸ਼ਨ ਡਿਸਅਲਾਉ ਹੋ ਗਈ ਹੈ ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਹਾਊਸ ਦੇ ਅਗਲੇ ਬਿਜ਼ਨੈਸ ਦੇ ਵਿਚ ਰੁਕਾਵਟ ਨਾ ਪੈਦਾ ਕੀਤੀ ਜਾਵੇ । ਆਬਿਆਨੇ ਦੇ ਮਾਮਲੇ ਤੇ ਬਾਰ ਬਾਰ ਪੁਆਇੰਟ ਆਫ ਆਰਡਰ ਨਾ ਉਠਾਏ ਜਾਣ । (Identical Call-Attention Motions have already been admitted. Therefore, your Call-Attention Motion could not be admitted. The members of Akali Party

**Expunged as ordered by the Chair.

(ਸ੍ਰੀ ਸਪੀਕਰ)

are obstructing the proceedings of the House. As the Adjournment Motion has been disallowed, I would request that no obstruction should b caused in the conduct of the business of the House. Points of order regarding the issue of Abiana may not be raised time and again.)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਦਾਰ ਗੁਰਦੇਵ ਸਿੰਘ ਜੀ ਬਾਦਲ ਨੂੰ ਜਿਸ ਦਿਨ ਹਾਊਸ ਤੋਂ ਸਸਪੈਂਡ ਕੀਤਾ ਸੀ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਰਿਗਰੇਟ ਸ਼ੋ ਕੀਤਾ ਸੀ ਅਤੇ ਐਸ਼ੋਰੈਂਸ ਦਿੱਤੀ ਸੀ ਕਿ ਹਾਊਸ ਦਾ ਬਿਜ਼ਨੈਸ ਕੰਡਕਟ ਕਰਨ ਵਿਚ ਰੁਕਾਵਟ ਨਹੀਂ ਪੈਦਾ ਕਰਨਗੇ। ਇਹ ਹਰ ਮਾਮਲੇ ਤੇ ਰੌਲਾ ਪਾਉਂਦੇ ਹਨ। ਇਹ ਚੀਜ਼ ਟਾਲਰੇਟ ਨਹੀਂ ਕੀਤੀ ਜਾ ਸਕਦੀ।

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਦੋ ਘੰਟੇ ਵਾਸਤੇ ਹਾਊਸ ਐਕਸਟੈਂਡ ਕਰ ਦਿਉ ਜਾਂ ਸ਼ਾਮ ਨੂੰ ਦੁਬਾਰਾ ਸਿਟਿੰਗ ਰਖ ਦਿਉ ਤਾਂਕਿ ਇਸ ਅਹਿਮ ਮਸਲੇ ਤੇ ਸਾਰੀਆਂ ਪਾਰਟੀਆਂ ਡਿਸਕਸ਼ਨ ਕਰ ਸਕਣ।

ਸ੍ਰੀ ਸਪੀਕਰ : ਅੱਜ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ 12.00 ਵਜੇ ਹੋਣੀ ਹੈ। ਇਸ ਇਸ਼ੂ ਤੇ ਉਸ ਦੇ ਵਿਚ ਕਨਸਿਡਰ ਕਰ ਲਵਾਂਗੇ। (The meeting of the Business Advisory Committee is to be held today at 12.00 Noon. This issue will be considered there.)

CALL ATTENTION NOTICES UNDER RULE 65

(ਕ੍ਰਮ ਨੰ: 89)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਜ਼ਿਲ੍ਹਾ ਬਠਿੰਡੇ ਦੇ ਕਸਬੇ ਬਰੇਟੇ ਲਾਗੇ ਦੋ ਨੌਜੁਆਨ ਹਰੀਜਨ ਔਰਤਾਂ ਦੀਆਂ ਨੰਗੀਆਂ ਲਾਸ਼ਾਂ ਮਿਲੀਆਂ ਹਨ ਜਿਨ੍ਹਾਂ ਨੂੰ ਇਜ਼ਤ ਲੁੱਟਣ ਪਿੱਛੋਂ ਬੁਰੀ ਤਰ੍ਹਾਂ ਮਾਰ ਦਿੱਤਾ ਗਿਆ। ਇਸ ਕਾਰਨ ਜ਼ਿਲ੍ਹੇ ਭਰ ਦੇ ਹਰੀਜਨਾਂ ਵਿਚ ਦਹਿਸ਼ਤ ਦੀ ਲਹਿਰ ਫੈਲੀ ਹੋਈ ਹੈ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement.)

(*Serial No. 98*)

Chaudhri Ram Singh : Sir, I beg to draw the attention of the Government towards a matter of urgent public importance, namely, the heavy retrenchment of Industrial Workers due to non-receipt of coal supplies in the State particularly at Dhariwal.

It is, requested that the Government may please be asked to make a statement in the House.

Mr. Speaker : Admitted. The hon'ble Minister concerned may please make a statement.

(ਕ੍ਰਮ ਨੰ: 99)

ਮਾਸਟਰ ਦਲੀਪ ਚੰਦ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਰੋਪੜ ਸਬ–ਡਿਪੋ ਰੋਡਵੇਜ਼ ਵਿਚ ਕੁਲ 35–36 ਬੱਸਾਂ ਹਨ। ਇਨ੍ਹਾਂ ਵਿਚ 11–12 ਬੱਸਾਂ ਚਲਦੀਆਂ ਹਨ ਅਤੇ ਬਾਕੀ ਦੱਸ ਦਿਨਾਂ ਤੋਂ 23–24 ਬੱਸਾਂ ਡਿਪੋ ਵਿਚ ਖਰਾਬ ਖੜ੍ਹੀਆਂ ਹਨ। ਬਲਾਚੌਰ, ਨੂਰਪੁਰ ਬੇਦੀ ਅਤੇ ਚਮਕੌਰ ਸਾਹਿਬ, ਅਨੰਦਪੁਰ ਸਾਹਿਬ ਅਤੇ ਨਵਾਂ ਸ਼ਹਿਰ ਦੇ ਜ਼ੋਨਾਂ ਵਿਚ ਇਨ੍ਹਾਂ ਬੱਸਾਂ ਦੇ ਬੰਦ ਹੋ ਜਾਣ ਨਾਲ ਬਹੁਤ ਤਕਲੀਫ ਅਤੇ ਘਬਰਾਹਟ ਹੋ ਗਈ ਹੈ। ਸਰਕਾਰ ਸਦਨ ਵਿਚ ਇਸ ਬਾਰੇ ਜਵਾਬ ਦੇਣ ਦੀ ਕ੍ਰਿਪਾਲਤਾ ਕਰੇ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement.)

Mr. Speaker : Hon'ble Chief Parliamentary Secretary will lay on the Table of the House replies to Call-Attention Notices.

STATEMENTS LAID ON THE TABLE OF THE HOUSE IN REPLY TO CALL ATTENTION NOTICES

Chief Parliamentary Secretary (Sardar Gurcharan Singh Nihalsinghwala) : Sir, I lay on the Table replies to Call-Attention Notices Nos. 27, 30, 35 and 67.

(*Serial No. 27*)

Chaudhri Ram Singh : to draw the attention of the Government towards a matter of urgent public importance, namely that thousands of Punjabi workmen engaged in the Pong Dam and Beas Dam are being retrenched with the result that it has created unemployment amongst them. They are feeling insecure and it is causing great resentment among them.

In view of the urgent importance of the matter, the Government is requested to make a statement on the floor of the House as to what steps are being taken to mitigate their hardship and afford them employment.

Sardar Gurbaksh Singh Sibia (Minister of State for Irrigation & Power): The General Manager, Beas Project has intimated that about 14,700 semi-skilled and unskilled labourers of Beas Dam Project, Talwara are likely to be surplus and will be retrenched as follows :—

Year of retrenchment		Total No.	Skilled /Semi skilled	Unskilled
1974	..	2,743	1,905	838
1975	..	3,895	1,559	2,336
1976	..	5,545	2,735	2,810

(State Minister for Irrigation and Power)

He also pointed out that about 1,500 skilled workmen were likely to be retrenched immediately and that they have worked for a number of years in both Bhakra and Beas Projects. According him these workmen are very efficient and highly skilled and would be an assent to the Department wherever they are re-employed. It may be stated that about 1,000 workers will be absorbed on Unit I of the Beas Project as well as Mahi, Salal, Baira-Siul and Shahnahar Projects. Besides, instructions have since been issued to the Irrigation Department Punjab State Tubewell Corporation, Punjab State Electricity Board, Patiala to meet their demand of skilled workers by recruiting workers likely to be rendered surplus from the Beas Project, Talwara and not from the open market.

(ਕ੍ਰਮ ਨੰ: 30)

ਮਾਸਟਰ ਚੰਦ ਸਿੰਘ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਜ਼ਿਲ੍ਹਾ ਸੰਗਰੂਰ ਦੀ ਧੂਰੀ ਤਹਿਸੀਲ ਵਿਚੋਂ ਗੁਜ਼ਰ ਰਹੀ ਨਹਿਰ (ਹਰੀਗੜ੍ਹ ਨਹਿਰ) ਪਿਛਲੇ ਥੋੜ੍ਹੇ ਸਮੇਂ ਵਿਚ ਟੁੱਟ ਗਈ ਸੀ ਜਿਸ ਨਾਲ ਪਿੰਡ ਬਾਲੀਆਂ, ਮੂਲੋਵਾਲ, ਕਿਲਾ ਹਕੀਮਾਂ, ਹਸਨਪੁਰ ਪੁੱਦੀਵਾਲ ਅਤੇ ਕੂਬਾੜਵਾਲ (ਸਾਰੇ ਧੂਰੀ ਸਬ ਤਹਿਸੀਲ ਵਿਚ) ਪਿੰਡਾਂ ਦੀਅ ਬਹੁਤ ਫਸਲਾਂ ਤਬਾਹ ਹੋਈਆਂ ਹਨ। ਇਸ ਤੋਂ ਲੋਕਾਂ ਵਿਚ ਭਾਰੀ ਬੇਚੈਨੀ ਫੈਲੀ ਹੋਈ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਉਹਨਾਂ ਦੀਆਂ ਤਬਾਹ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਣ ਲਈ ਬਿਆਨ ਦੇਵੇ ਤਾਂ ਜੋ ਕਿਸਾਨਾਂ ਵਿਚ ਫੈਲੀ ਹੋਈ ਬੇਚੈਨੀ ਖਤਮ ਹੋ ਜਾਵੇ।

ਸਰਦਾਰ ਗੁਰਬਖਸ਼ ਸਿੰਘ ਸਿਬੀਆ (ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ) : ਪਿੰਡ ਹਸਨਪੁਰ ਜ਼ਿਲ੍ਹਾ ਸੰਗਰੂਰ ਦੀ ਸੀਮਾਂ ਕੋਲ ਕੋਟਲਾ ਬਰਾਂਚ ਆਰ. ਡੀ. 139,000 ਸਜਾ ਟੁੱਟ ਜਾਣ ਕਾਰਣ ਨਹਿਰ ਦਾ ਪਾਣੀ ਸੰਗਰੂਰ ਜ਼ਿਲ੍ਹੇ ਦੇ ਹਸਨਪੁਰ, ਪਾਂਦੀਵਾਲ ਬਾਲੀਆਂ ਮੋਲੂਵਾਲ, ਕਿਲਾ ਹਕੀਮਾਂ ਦੇ ਪਿੰਡਾਂ ਵਿਚ ਜਾ ਵੜਿਆ। ਟੁੱਟ ਦਾ ਪਾਣੀ ਪਿੰਡ ਕੁੰਬਰਵਾਲ ਵਿੱਚ ਦਾਖਲ ਨਹੀਂ ਹੋਇਆਂ।

ਪਿੰਡ ਹਸਨਪੁਰ ਅਤੇ ਧਾਂਦੀਵਾਲ, ਜਿਥੇ ਕਿ ਕੁੱਝ ਨੁਕਸਾਨ ਦੀ ਸੰਭਾਵਨਾ ਸੀ, ਦੀ ਸਿੰਚਾਈ ਅਤੇ ਮਾਲ ਮਹਿਕਮੇ ਦੇ ਅਫਸਰਾਂ ਨੇ ਸਾਂਝੀ ਨਿਰੀਖਣ ਕੀਤੀ। ਪਿੰਡ ਹਸਨਪੁਰ ਦੇ ਥੋੜੇ ਜਿਹੇ ਹਿਸੇ ਵਿਚ ਕੁਝ ਨੁਕਸਾਨ ਪਾਇਆ ਗਿਆ। ਇਸ ਪਿੰਡ ਹਸਨਪੁਰ ਦੇ ਨੁਕਸਾਨ ਹੋਏ ਹਿਸੇ ਦੇ ਮੁਆਵਜ਼ੇ ਲਈ ਜ਼ਰੂਰੀ ਕਾਰਵਾਈ ਕੀਤੀ ਜਾ ਰਹੀ ਹੈ।

[Subsequent to the breach in Kotla Branch at R.D. 139000/R in the village boundary of Hasanpur, District, Sangrur, the Canal water entered area of villages Hasanpur, Dhandiwal, Balian, Moolwal, Kila Hakiman. The breach water did not enter village Khambarwal.

A Joint Inspection by the officers of the Irrigation and Revenue Department in the Villages Hassanpur and Dhandiwal where some damages were feared has been carried out.

Damage was established only in some area of village Hassanpur. Necessary action for payment of compensation for damages in the areas of village Hassanpur is being taken.]

(Serial No. 35)

Comrade Raj Kumar : to draw the attention of the Government towards a matter of urgent public importance namely that all industrial units at Batala are virtually closing down in the wake of a severe power cut. PSEB authorities are supplying power only for 4 hours a day. Due to lack of demand in market outside huge stock of sanitary fitting and other foundry goods have been piling up. Industrial production has fallen by more than 50%. Large number of skilled Industrial Labour has

begun migration outside the State. The estimated 30 lacs daily loss of production besides forced daily loss of man-hours due to meagre daily power supply is causing a serious situation which warrant urgent steps.

In view of the obvious and urgent importance of the matter, the Government may be asked to make a statement in the House.

ਸਰਦਾਰ ਗੁਰਬਖਸ਼ ਸਿੰਘ ਸਿੜੀਆ (ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ) : ਭਾਖੜਾ ਦੇ ਬਿਜਲੀ ਘਰਾਂ ਵਿਚ ਬਿਜਲੀ ਦੀ ਉਤਪਤੀ ਘਟਣ ਦੇ ਕਾਰਨ ਪੰਜਾਬ ਰਾਜ ਬਿਜਲੀ ਬੋਰਡ ਨੂੰ ਮਜ਼ਬੂਰਨ ਜਨਵਰੀ, 1974 ਤੋਂ ਲੈ ਕੇ ਅਗੇਤੇ ਸਮੇਂ ਲਈ ਮੁਖਤਲਿਫ ਖਪਤਕਾਰਾਂ ਤੇ ਬਿਜਲੀ ਦੀ ਖਪਤ ਤੇ ਪਾਬੰਦੀ ਲਾਉਣੀ ਪਈ ਹੈ। ਸਨਅਤਕਾਰ ਖਪਤਕਾਰਾਂ ਤੇ 50 % ਤੋਂ ਲੈ ਕੇ 75 ਫੀਸਦੀ ਕਟੌਤੀ ਲਾਈ ਗਈ ਹੈ। ਇਹ ਬੰਦੋਬਸਤ ਕੀਤਾ ਗਿਆ ਹੈ ਕਿ ਸਨਅਤਕਾਰ ਖਪਤਕਾਰ ਨੂੰ ਪ੍ਰਤੀ ਦਿਨ 4 ਘੰਟੇ ਬਿਜਲੀ ਜ਼ਰੂਰ ਮਿਲੇ। ਪਰੰਤੂ ਵਾਧੂ ਬਿਜਲੀ ਵੀ ਦਿੱਤੀ ਜਾਂਦੀ ਹੈ ਜਦ ਕਦੀ ਹੋਰ ਬਿਜਲੀ ਮਿਲਣ ਦੇ ਕਾਰਨ ਅਜਿਹਾ ਸੰਭਵ ਹੋ ਸਕਦਾ ਹੋਵੇ। ਬਿਜਲੀ ਦੀ ਘਾਟ ਨੂੰ ਕੁਝ ਹੱਦ ਤੱਕ ਪੂਰਾ ਕਰਨ ਲਈ ਪੰਜਾਬ ਰਾਜ ਬਿਜਲੀ ਬੋਰਡ ਬਦਰਪੁਰ ਥਰਮਲ ਪਲਾਂਟ ਵਿਖੇ ਅਤੇ ਹਿਮਾਚਲ ਪ੍ਰਦੇਸ਼ ਵਿਚ ਬਸੀ ਦੇ ਬਿਜਲੀ ਘਰ ਵਿਖੇ ਬਿਜਲੀ ਖਰੀਦ ਰਿਹਾ ਹੈ। ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਦੇ ਬਿਜਲੀ ਘਰ ਵਿਚ ਬਿਜਲੀ ਦੀ ਪੈਦਾਵਾਰ ਯਕੀਨੀ ਬਣਾਉਣ ਲਈ ਅਤੇ ਕੇਂਦਰੀ ਸਰਕਾਰ ਦੀ ਮਾਰਫਤ ਉਨ੍ਹਾਂ ਦੇ ਬਿਜਲੀ ਘਰਾਂ ਤੋਂ ਹੋਰ ਬਿਜਲੀ ਪ੍ਰਾਪਤ ਕਰਨ ਲਈ ਸਾਰੇ ਯਤਨ ਕੀਤੇ ਜਾ ਰਹੇ ਹਨ।

(ਕ੍ਰਮ ਨੰ: 67)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ ਰਜਿਸਟਰਾਰ, ਕੋਆਪਰੇਟਿਵ ਸੋਸਾਈਟੀਜ਼ ਪੰਜਾਬ ਦੇ ਹੁਕਮ ਅਨੁਸਾਰ ਪੰਜਾਬ ਦੇ ਸਾਰੇ ਕੋਆਪਰੇਟਿਵ ਬੈਂਕਾਂ ਨੇ ਆਪਣੇ ਡਿਫਾਲਟਰ ਮੈਂਬਰਾਂ ਦੇ ਵਿਆਜ ਦੀ ਦਰ 1 ਫੀਸਦੀ ਤੋਂ ਬਜਾਏ 3 ਫੀਸਦੀ ਕਰ ਦਿੱਤੀ ਹੈ। ਜਦੋਂ ਕਿ ਆਮ ਦਰ 12 % ਹੈ, ਅਤੇ ਡਿਫਾਲਟਰ ਮੈਂਬਰਾਂ ਲਈ 13 % ਹੁੰਦੀ ਸੀ। ਜੋ ਹੁਣ 15 % ਕਰ ਦਿੱਤਾ ਹੈ। ਜਿਸ ਨਾਲ ਪੰਜਾਬ ਦੇ ਲੋਕਾਂ ਵਿਚ ਬੇਚੈਨੀ ਪਾਈ ਜਾਂਦੀ ਹੈ। ਇਸ ਸਬੰਧ ਵਿਚ ਸਰਕਾਰ ਬਿਆਨ ਦੇਵੇ।

Giani Zail Singh (Chief Minister) : The rate of interest on loans advanced by the Cooperative Agricultural Services Societies to their members, which was previously 10.50 % for regular repayers and 13.50% for defaulting repayers was increased by 2% as 12.50% for regular repayers and 15.50% for defaulting repayers. This increase of 2% had to be made as the Reserve Bank of India, which provides finances for agricultural purposes to Cooperative Societies in the State had increased its lending rate by 2% from the morning of 23rd July, 1974.

The difference in the rate of interest of 3% for regular repayers and the defaulting repayers was also existing previously and the same difference is at present.

[ਐਗਰੀਕਲਚਰ ਸਹਿਕਾਰੀ ਸਭਾਵਾਂ ਵਲੋਂ ਆਪਣੇ ਮੈਂਬਰਾਂ ਨੂੰ ਕਰਜ਼ੇ ਉਤੇ ਵਿਆਜ ਦੀ ਦਰ ਜੋ ਪਹਿਲੋਂ ਨਿਯਮਤ ਦੇਣਦਾਰਾਂ ਵਾਸਤੇ 10.50% ਅਤੇ ਡਿਫਾਲਟਰਾਂ ਵਾਸਤੇ 13.50% ਸੀ 2 % ਵਧਾ ਕੇ 12.50 % ਨਿਯਮਤ ਦੇਣਦਾਰਾਂ ਵਾਸਤੇ ਅਤੇ 15.50 ਡਿਫਾਲਟਰਾਂ ਵਾਸਤੇ ਕਰ ਦਿੱਤਾ ਗਿਆ। ਕਿਉਂ ਕਿ ਰਿਜ਼ਰਵ ਬੈਂਕ ਆਫ ਇੰਡੀਆ ਜੋ ਖੇਤੀਬਾੜੀ ਮੰਤਵਾਂ ਲਈ ਸਹਿਕਾਰੀ ਸਭਾਵਾਂ ਨੂੰ ਪੈਸੇ ਦੇਂਦਾ ਹੈ ਨੇ 23 ਜੁਲਾਈ 1974 ਨੂੰ ਕਰਜ਼ੇ ਉਤੇ ਸੂਦ ਦੀ ਦਰ 2 % ਵਧਾ ਦਿਤੀ ਸੀ ਇਸ ਲਈ ਇਹ ਦਰ 2 % ਵਧਾਉਣੀ ਪਈ।

ਨਿਯਮਤ ਦੇਣਦਾਰ ਅਤੇ ਡਿਫਾਲਟਰ ਵਾਸਤੇ ਕਰਜ਼ੇ ਉਤੇ ਵਿਆਜ ਦੀ ਦਰ ਦਾ 3% ਦਾ ਫਰਕ ਪਹਿਲੋਂ ਹੀ ਸੀ, ਅਤੇ ਜੋ ਹੁਣ ਵੀ ਹੈ।]

STATEMENT BY THE CHIEF MINISTER RE EARTH QUAKE IN HIMACHAL PRADESH

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਸਾਰਾ ਹਾਊਸ ਮੇਰੇ ਨਾਲ ਸਹਿਮਤ ਹੋਵੇਗਾ ਕਿ ਸਾਡੇ ਪੜੋਸੀ ਪਰਦੇਸ਼, ਹਿਮਾਚਲ ਪਰਦੇਸ਼, ਅੰਦਰ ਭੁਚਾਲ ਨਾਲ ਬੜੀ ਤਬਾਹੀ ਆਈ ਹੈ ਅਤੇ ਹੁਣ ਤਕ ਦੀਆਂ ਖਬਰਾਂ ਤੋਂ ਇਹ ਮਾਲੂਮ ਹੁੰਦਾ ਹੈ ਕਿ 50 ਤੋਂ ਉਪਰ ਮਰੇ ਹੋਏ ਲੋਕਾਂ ਦੀਆਂ ਲਾਸ਼ਾਂ ਵੀ ਮਿਲੀਆਂ ਹਨ ਔਰ ਬਹੁਤ ਸਾਰੇ ਪਿੰਡ ਤਬਾਹ ਹੋ ਗਏ ਹਨ। ਸਰਦੀ ਦੇ ਮੌਸਮ ਵਿਚ ਬਾਹਰ ਰਹਿਣਾ ਉਨ੍ਹਾਂ ਲਈ ਕਠਨਾਈ ਦੀ ਬਾਤ ਹੋ ਗਈ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਸਰਕਾਰ ਵਲੋਂ ਉਨ੍ਹਾਂ ਦੇ ਰਿਲੀਫ ਵਾਸਤੇ ਹਿਮਾਚਲ ਪ੍ਰਦੇਸ਼ ਗੌਰਮਿੰਟ ਨੂੰ 70 ਹਜ਼ਾਰ ਰੁਪਏ ਸਹਾਇਤਾ ਵਾਸਤੇ ਦਿਤੇ ਜਾਣ। (ਥੰਪਿੰਗ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਖੜ੍ਹੇ ਹੋਕੇ ਪੁਆਇਟ ਆਫ ਆਰਡਰ ਦੀ ਮਗ ਕਰ ਰਹੇ ਸਨ।)

GENERAL DISCUSSION ON THE BUDGET FOR THE YEAR 1975-76 (*Resumption*).

Mr. Speaker : Now the House will resume discussion on the Budget for the year 1975-76. Sardar Darshan Singh K.P. was on his legs when the House adjourned on 21st January, 1975. He will please resume his speech.

ਸਰਦਾਰ ਦਰਸ਼ਨ ਸਿੰਘ ਕੇ.ਪੀ. (ਜਮਸ਼ੇਰ, ਐਸ. ਸੀ.) ਸਪੀਕਰ ਸਾਹਿਬ, ਮੈਂ ਕਲ੍ਹ ਬੇਨਤੀ ਕਰ ਰਿਹਾ ਸੀ ਕਿ ਇਸ ਸਰਕਾਰ ਨੇ ਪੰਜਾਬ ਦੇ ਪਿਛੜੇ ਹੋਏ ਵਰਗ ਲਈ ਬੜਾ ਹੀ ਸ਼ਲਾਘਾ ਯੋਗ ਕੰਮ ਕੀਤਾ ਹੈ। ਸਾਲ 1974–75 ਲਈ ਇਸ ਸਰਕਾਰ ਨੇ ਧਰਮਸ਼ਾਲਾਵਾਂ ਲਈ 1.25 ਕਰੋੜ ਰੁਪਏ ਦੀ ਰਕਮ ਰੱਖੀ ਸੀ ਔਰ ਸੰਨ 1975–76 ਲਈ ਵੀ ਇਤਨੀ ਹੀ ਰਕਮ ਰੱਖੀ ਗਈ ਹੈ।...

(ਇਸ ਸਮੇਂ ਮਾਸਟਰ ਚੰਦ ਸਿੰਘ ਜੀ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸ੍ਰੀ ਸਪੀਕਰ : ਕੀ ਹੈ ਜੀ ਤੁਹਾਡਾ ਪੁਆਇੰਟ ਆਫ ਆਰਡਰ ? (What is your point of order ?)

ਮਾਸਟਰ ਚੰਦ ਸਿੰਘ : ** ** ** **

ਸ੍ਰੀ ਸਪੀਕਰ : This is no point of order. ਤੁਹਾਡੇ ਹਿੱਸੇ ਤਾਂ ਸ਼ਾਇਦ ਚਾਰ ਮਿੰਟ ਹੀ ਆਉਣਗੇ। ਤੁਸੀਂ ਬੈਠੋ। (This is no point of order. I think you will get only four minutes as your share. Please, resume your seat.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਮੇਰੇ ਨਾਲ ਬਹੁਤ ਜ਼ਿਆਦਤੀ ਹੈ।

ਸ੍ਰੀ ਸਪੀਕਰ : ਤੁਸੀਂ ਕਲ੍ਹ ਇਸ ਗਲ ਤੇ ਵਾਕ ਆਊਟ ਵੀ ਕਰ ਗਏ ਸੀ। (You staged a walk out yesterday also on this very score.)

**Expunged as ordered by the Chair.

ਮਾਸਟਰ ਚੰਦ ਸਿੰਘ : ** ** ** **

ਸ੍ਰੀ ਸਪੀਕਰ : ਜੋ ਕੁਝ ਵੀ ਚੋਪੜਾ ਜੀ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।(Whatever Chopra Ji is saying, should not be recorded,)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸੋ ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਇਸ ਸਰਕਾਰ ਨੇ ਹਰੀਜਨ ਬਸਤੀਆਂ ਵਿਚ ਗਲੀਆਂ ਪੱਕੀਆਂ ਕਰਨ, ਨਾਲੀਆਂ ਬਨਾਉਣ ਅਤੇ ਪਾਣੀ ਦਾ ਪ੍ਰਬੰਧ ਕਰਨ ਦੀਆਂ ਸਕੀਮਾਂ ਬਣਾਈਆਂ ਹਨ। ਇਸ ਕੰਮ ਲਈ ਇਸ ਸਾਲ 93 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ। ਇਹ ਬੜਾ ਚਗਾ ਕੰਮ ਹੈ। (ਥੰਪਿੰਗ) ਪਰ ਮੈਂ ਸ਼ਰਮਾ ਜੀ ਨੂੰ ਇਹ ਬੇਨਤੀ ਕਰਦਾ ਹਾਂ ਕਿ ਕੰਮ ਬਹੁਤ ਵੱਡਾ ਹੈ ਇਸ ਲਈ ਇਹ ਰਕਮ ਹੋਰ ਰੱਖਣੀ ਚਾਹੀਦੀ ਹੈ।

ਸਰਦਾਰ ਜਸਿਵੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ You are the custodian of the House. ਤੁਹਾਡੀ ਮਰਜੀ ਨਾਲ ਇਸ ਹਾਊਸ ਨੇ ਚਲਣਾ ਹੈ। ਤੁਸੀਂ ਹੀ ਪਾਰਟੀਆਂ ਨੂੰ ਟਾਈਮ ਦੇਣਾ ਹੈ। ਕਲ ਸਾਡੇ ਸਤਿਕਾਰਯੋਗ ਮੈਂਬਰ ਨੂੰ ਤੁਹਾਡੀ ਮਰਜ਼ੀ ਨਾਲ 28 ਮਿਨਟਸ ਦਿਤੇ ਗਏ। ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਇਨਸਾਫ ਦਾ ਤਕਾਜ਼ਾ ਹੈ ਕਿ ਤੁਸੀਂ ਚੋਪੜਾ ਜੀ ਨੂੰ ਵੀ ਉਤਨਾ ਹੀ ਟਾਈਮ ਦਿਓ।

ਸ੍ਰੀ ਸਪੀਕਰ : ਇਨਸਾਫ ਦਾ ਤਕਾਜ਼ਾ ਤਾਂ ਇਹ ਹੁੰਦਾ ਹੈ ਕਿ ਤੁਹਾਨੂੰ ਉਸ ਵੇਲੇ ਪਰੋਟੈਸਟ ਕਰਨਾ ਚਾਹੀਦਾ ਸੀ ਕਿ ਉਨ੍ਹਾਂ ਨੂੰ ਜ਼ਿਆਦਾ ਟਾਈਮ ਕਿਉਂ ਦੇ ਰਹੇ ਹੋ। (Justice demanded that you should have protested at that very moment against much time being allotted to the hon. Members.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਆਲ ਇੰਡੀਆ ਪਾਰਟੀਆਂ ਹਨ ਔਰ ਇਨ੍ਹਾਂ ਦੇ ਇਕ ਇਕ ਮੈਂਬਰ ਹਨ। ਇਸ ਲਈ ਇਨ੍ਹਾਂ ਨੂੰ ਉਸ ਹਿਸਾਬ ਨਾਲ ਹੀ ਟਾਈਮ ਮਿਲਣਾ ਚਾਹੀਦਾ ਹੈ। ਇਨ੍ਹਾਂ ਨੂੰ ਵੱਧ ਟਾਈਮ ਕਿਉਂ ਮਿਲੇ ?

ਸ੍ਰੀ ਸਪੀਕਰ : ਇਹ ਗਲ ਠੀਕ ਹੈ। (You are right)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਖੜੇ ਹੋਕੇ ਪੁਆਇੰਟ ਆਫ ਆਰਡਰ ਦੀ ਮੰਗ ਕਰਨ ਲਗੇ)

ਸ੍ਰੀ ਸਪੀਕਰ : ਮੈਂ ਟਾਈਮ ਦੀ ਰਿਪੋਰਟ ਮੰਗਵਾਈ ਹੈ, ਫਿਰ ਤੁਹਾਡੇ ਨਾਲ ਗਲ ਕਰਾਂਗਾ। ਹੁਣ ਤੁਸੀਂ ਬੈਠੋ। (I have called for the record of the time given to different parties. I will go over the matter with you later on. Please resume your seat now.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਇਸ ਸਰਕਾਰ ਨੇ ਪਿਛਲੇ ਸਾਲ ਪਿਛੜੇ ਵਰਗ ਵਾਸਤੇ 132 ਪਿੰਡ ਸੁਧਾਰ ਸਕੀਮ ਵਿਚ ਲਿਆਂਦੇ ਹਨ, ਔਰ ਸੰਨ 1975–76 ਵਿਚ ਹੋਰ ਵੀ ਵੱਧ ਪਿੰਡ ਇਸ ਸਕੀਮ ਵਿਚ ਲਿਆਉਣੇ ਹਨ ਮਗਰ ਇਸ ਕੰਮ ਲਈ 93 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ। ਮੈਂ ਤੁਹਾਡੀ ਮਾਰਫਤ, ਸਪੀਕਰ ਸਾਹਿਬ, ਸ਼ਰਮਾ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਰਕਮ ਨੂੰ ਦੋ ਗੁਣਾ ਕੀਤਾ ਜਾਵੇ ਤਾਂਕਿ ਜਿਸ ਤਰ੍ਹਾਂ ਮਾਡਲ ਪਿੰਡ ਬਣਾਏ ਹਨ ਉਹ ਅਮੀਰਾਂ ਨੇ ਹੀ ਆਪਣੇ ਪਿੰਡ ਬਣਾ ਲਏ ਹਨ,

**Not recorded as ordered by Chair.

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਗਰੀਬਾਂ ਦੇ ਪਿੰਡ ਉਸ ਤਰ੍ਹਾਂ ਹੀ ਰਹੇ ਹਨ, ਇਸ ਤਰ੍ਹਾਂ ਹੀ ਇਹ ਕੰਮ ਨਾ ਹੋ ਜਾਵੇ । ਇਸ ਲਈ ਪੰਜਾਬ ਸਰਕਾਰ ਨੇ ਜਿਹੜੀ ਇਹ ਬਸਤੀ ਸੁਧਾਰ ਸਕੀਮ ਬਣਾਈ ਹੈ ਔਰ ਇਸ ਲਈ 93 ਲੱਖ ਰੁਪਏ ਰੱਖੇ ਹਨ ਇਸ ਰਕਮ ਨੂੰ ਦੋ ਗੁਣਾ ਕੀਤਾ ਜਾਵੇ । ਬਾਕੀ ਸਰਕਾਰ ਨੇ ਹਰੀਜਨਾਂ ਦੀ ਬਿਹਤਰੀ ਲਈ ਬੜੇ ਕਦਮ ਚੁੱਕੇ ਹਨ । (ਥੰਪਿੰਗ) ਇਸ ਗੱਲ ਲਈ ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ । ਬਾਦਲ ਸਰਕਾਰ ਵੀ ਰਹੀ, ਫਿਰ ਸਰਦਾਰ ਗੁਰਨਾਮ ਸਿੰਘ ਜੀ ਵੀ ਸੰਸਾਰ ਤੋਂ ਚਲੇ ਗਏ, ਉਨ੍ਹਾਂ ਦੀ ਵੀ ਸਰਕਾਰ ਰਹੀ ਪਰ ਜੋ ਵਿਧਾਨ ਵਿਚ ਗਰੀਬਾਂ ਨੂੰ ਰਿਆਇਤਾਂ ਦਿੱਤੀਆਂ ਹਨ, ਉਨ੍ਹਾਂ ਨੂੰ ਪੰਜਾਂ ਸਾਲਾਂ ਵਿਚ ਯਾਦ ਨਹੀਂ ਆਈਆਂ । (ਅਕਾਲੀ ਪਾਰਟੀ ਦੇ ਮੈਂਬਰ ਸਾਹਿਬਾਨ ਵਲੋਂ ਵਿਘਨ)

ਸ੍ਰੀ ਸਪੀਕਰ : ਪਲੀਜ਼ ਇਨਟਰੱਪਟ ਨਾ ਕਰੋ । (Please do not interrupt.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਜੋ ਕੰਮ ਇਸ ਸਰਕਾਰ ਨੇ ਹਰੀਜਨਾਂ ਲਈ ਕੀਤੇ ਹਨ, ਸਪੀਕਰ ਸਾਹਿਬ, ਮੈਂ ਉਨ੍ਹਾਂ ਲਈ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ । (ਥੰਪਿੰਗ) ਰੇਜ਼ਰਵੇਸ਼ਨ ਇਨ੍ਹਾਂ ਨੇ 20% ਤੋਂ 25 % ਹਰੀਜਨਾਂ ਲਈ ਔਰ 2 % ਤੋਂ 5% ਬੈਕਵਰਡ ਕਲਾਸਾਂ ਲਈ ਕੀਤੀ । ਇਹ ਬਹੁਤ ਵੱਡਾ ਕੰਮ ਕੀਤਾ ਹੈ ਪੰਜਾਬ ਦੀ ਸਰਕਾਰ ਨੇ। ਉਸ ਤੋਂ ਬਾਅਦ ਬੱਚਿਆਂ ਦੀਆਂ ਫੀਸਾਂ ਮੁਆਫ ਕੀਤੀਆਂ ਔਰ ਹੋਰ ਵੀ ਇਕ ਚੰਗਾ ਕੰਮ ਕੀਤਾ ਹੈ ।

ਪੰਜਾਬ ਸਰਕਾਰ ਨੇ ਜਿਹੜੇ ਗੈਰ-ਹਰੀਜਨ ਹਨ ਉਨ੍ਹਾਂ ਦੇ ਬੱਚਿਆਂ ਦੀਆਂ ਵੀ ਫੀਸਾ ਮੁਆਫ ਕੀਤੀਆਂ ਹਨ ਜੇਕਰ ਉਨ੍ਹਾਂ ਦੇ ਮਾਪਿਆਂ ਦੀ ਆਮਦਨ 6,000 ਰੁਪਏ ਤੋਂ ਘੱਟ ਹੋਵੇ । ਇਸ ਗਲ ਦੀ ਮੈਂ ਪੰਜਾਬ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ । ਇਸ ਹੱਦ ਵਿਚ ਉਹ ਗਰੀਬ ਵੀ ਆਉਣਗੇ, ਜੋ ਨਾਨ-ਹਰੀਜਨ ਹੋਣਗੇ ।

ਇਸ ਤਰ੍ਹਾਂ ਹੀ ਸਰਕਾਰ ਨੇ ਬੇਘਰੇ ਲੋਕਾਂ ਨੂੰ ਪਲਾਟ ਦਿੱਤੇ ਹਨ । ਇਕ ਲੱਖ 87 ਹਜ਼ਾਰ ਪਲਾਟ ਤਾਂ ਦਿੱਤੇ ਗਏ ਹਨ ਔਰ ਹੋਰ ਵੀ ਦੇਣੇ ਹਨ । ਕੁਝ ਪਲਾਟ, ਜ਼ਮੀਨ ਐਕੁਆਇਰ ਨਾ ਹੋ ਸਕਣ ਕਰਕੇ ਜਾਂ ਅਫਸਰਾਂ ਦੀ ਅਨਗਹਿਲੀ ਕਰਕੇ ਨਹੀਂ ਦੇ ਸਕੇ । ਇਸ ਕਰਕੇ ਇਸ ਸਰਕਾਰ ਨੂੰ ਉਸ ਕਮੀਂ ਨੂੰ ਵੀ ਪੂਰਾ ਕਰਨਾ ਚਾਹੀਦਾ ਹੈ । ਇਸ ਕੰਮ ਲਈ ਸਰਕਾਰ ਨੇ ਦੋ ਕਰੋੜ ਰੁਪਏ ਵੀ ਰੱਖੇ ਹਨ । ਜਿੱਥੇ ਜ਼ਮੀਨ ਐਕੁਆਇਰ ਕਰਨੀ ਹੈ ਉਥੇ 80 ਹਜ਼ਾਰ ਹੋਰ ਬੇਘਰਿਆਂ ਨੂੰ ਥਾਂਵਾਂ ਦੇਣੀਆਂ ਹਨ ।

ਸਪੀਕਰ ਸਾਹਿਬ, ਇਕ ਹੋਰ ਬੜੀ ਤਕਲੀਫ ਹੈ ਹਰੀਜਨਾਂ ਦੇ ਮੁਹੱਲਿਆਂ ਵਿਚ ਰੂੜੀ ਸੁੱਟਣ ਵਾਸਤੇ ਕੋਈ ਜਗ੍ਹਾ ਨਹੀਂ ਹੈ ਇਸ ਲਈ ਜਾਂ ਤਾਂ ਕੂੜਾ ਕਰਕਟ ਸੜਕਾਂ ਉਪਰ ਸੁਟਿਆ ਜਾਂਦਾ ਹੈ ਜਾਂ ਰਸਤਿਆਂ ਵਿਚ ਸੁੱਟਿਆ ਜਾਂਦਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਰੂੜੀ ਸੁਟਣ ਵਾਸਤੇ ਹਰੀਜਨਾਂ ਨੂੰ ਇਕ ਜਾਂ ਦੋ ਏਕੜ ਹਰ ਪਿੰਡ ਵਿਚ ਜ਼ਮੀਨ ਦੇਣੀ ਚਾਹੀਦੀ ਹੈ ਤਾਕਿ ਉਹ ਰੂੜੀ ਚੰਗੇ ਢੰਗ ਨਾਲ ਸੁੱਟ ਸਕਣ ।

ਸ੍ਰੀ ਸਪੀਕਰ : ਕੇ. ਪੀ. ਸਾਹਿਬ, ਤੁਹਾਨੂੰ ਦਸ ਮਿੰਟ ਮਿਲਣਗੇ ਕਿਉਂਕਿ ਹੋਰ ਮੈਂਬਰਜ਼ ਨੇ ਵੀ ਬੋਲਣਾ ਹੈ । (Kay Pee Sahib, ten minutes are at your disposal because other members have also to speak.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਠੀਕ ਹੈ ਜੀ ।

ਇਸ ਤਰ੍ਹਾਂ ਹੀ, ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਸਰਦਾਰ ਭਗਤ ਸਿੰਘ ਜੀ ਦੀ ਮਾਤਾ ਨੂੰ ਪੰਜਾਬ ਮਾਤਾ ਦਾ ਮਾਣ ਦਿੱਤਾ ਹੈ । ਇਸ ਦੀ ਵੀ ਮੈਂ ਸ਼ਲਾਘਾ ਕਰਦਾ ਹਾਂ। ਫਿਰ ਇਨ੍ਹਾਂ ਨੇ ਕਰੈਸ਼ ਪਰੋਗਰਾਮ

ਅਨੁਸਾਰ ਪਿੰਡਾਂ ਵਿਚ ਕੈਂਪ ਲਗਾਏ ਹਨ ਤਾਕਿ ਕੋਈ ਵੀ ਗਰੀਬ ਬੁੜ੍ਹਾਪਾ ਪੈਨਸ਼ਨ ਤੋਂ ਨਾ ਰਹਿ ਜਾਵੇ। (ਥੰਪਿੰਗ) ਫਿਰ ਇਨ੍ਹਾਂ ਨੇ ਪਿਛੜੀਆਂ ਸ਼੍ਰੇਣੀਆਂ ਨੂੰ ਜ਼ਮੀਨ ਖਰੀਦਣ ਲਈ, ਇਨਡਸਟਰੀ ਲਗਾਉਣ ਲਈ ਵੀ ਪੰਜ ਲੱਖ ਰੁਪਿਆ ਦਿੱਤਾ ਹੈ। ਇਸ ਤਰ੍ਹਾਂ ਹੀ ਸਟੈਂਪ ਡਿਊਟੀ ਵੀ ਮੁਆਫ ਕੀਤੀ ਗਈ ਹੈ। (ਥੰਪਿੰਗ) ਪਰ ਮੈਂ ਇਕ ਸਰਕਾਰ ਨੂੰ ਹੋਰ ਬੇਨਤੀ ਕਰਾਂਗਾ ਕਿ ਪਬਲਿਕ ਸਰਵਿਸ ਕਮਿਸ਼ਨ ਦਾ ਇਕ ਮੈਂਬਰ ਰੀਟਾਇਰ ਹੋ ਗਿਆ ਹੈ, ਉਸ ਦੀ ਜਗਾਹ ਸ਼ੈਡਿਊਲਡ ਕਾਸਟਸ ਮੈਂਬਰ ਲਗਾਉਣਾ ਚਾਹੀਦਾ ਹੈ। ਚੇਅਰਮੈਨ ਵੀ ਸ਼ੈਡਿਊਲਡ ਕਾਸਟਸ ਲਗਾਉਣਾ ਚਾਹੀਦਾ ਹੈ। (ਥੰਪਿੰਗ) ਤਾਕਿ ਕੋਈ ਵੀ ਘਪਲਾ ਨਾ ਹੋਵੇ। ਹਾਈ ਕੋਰਟ ਦਾ ਜੱਜ ਵੀ ਸ਼ੈਡਿਊਲਡ ਕਾਸਟਸ ਦਾ ਹੋਣਾ ਚਾਹੀਦਾ ਹੈ। ਗਿਆਨੀ ਜੀ ਨੂੰ ਮੈਂ ਬੇਨਤੀ ਕਰਾਂਗਾ ਕਿ ਐਡੀਸ਼ਨਲ ਸੱਬ ਜੱਜ ਵੀ ਸ਼ੈਡਿਊਲਡ ਕਾਸਟਸ ਹੋਣੇ ਚਾਹੀਦੇ ਹਨ। ਇਕ ਹੋਰ ਗਲ ਵੀ ਹੈ, ਸਪੀਕਰ ਸਾਹਿਬ, ਸੰਨ 1973 ਦੇ ਵਿਚ 12 ਪੋਸਟਾਂ ਜੁਡੀਸ਼ੀਅਲ ਸੱਬ-ਜੱਜਾਂ ਦੀਆਂ ਸਨ। 19 ਨੇ ਕੁਆਲੀਫਾਈ ਕੀਤਾ ਜਿਨ੍ਹਾਂ ਵਿਚੋਂ 19 ਦੇ 19 ਹੀ ਹੋਰ ਪੋਸਟਾਂ ਵਧਾ ਕੇ ਲਗਾ ਲਏ ਗਏ ਪਰ ਹਰੀਜਨ ਉਨ੍ਹਾਂ ਵਿਚ ਕੋਈ ਨਹੀਂ ਸੀ।

ਸ੍ਰੀ ਸਪੀਕਰ : ਕੇ. ਪੀ. ਸਾਹਿਬ. ਜ਼ਰਾ ਠਹਿਰੋ ਮੈਂ ਹਾਊਸ ਨੂੰ ਟਾਈਮ ਬਾਰੇ ਦਸਣਾ ਹੈ। ਜੋ ਟਾਈਮ ਵੱਖ-ਵੱਖ ਪਾਰਟੀਆਂ ਨੂੰ ਬਜਟ ਦੀ ਡਿਸਕਸ਼ਨ ਤੇ ਮਿਲਣਾ ਹੈ, ਉਹ ਇਸ ਪ੍ਰਕਾਰ ਹੈ :—

ਕਾਂਗਰਸ ਪਾਰਟੀ	303 ਮਿੰਟ
ਅਕਾਲੀ ਪਾਰਟੀ	120 ਮਿੰਟ
ਸੀ. ਪੀ. ਆਈ.	50 ਮਿੰਟ
ਜਨ ਸੰਘ	5 ਮਿੰਟ
ਸੀ. ਪੀ. ਆਈ (ਐਮ)	5 ਮਿੰਟ

ਜੋ ਟਾਈਮ ਇਨ੍ਹਾਂ ਪਾਰਟੀਆਂ ਵਲੋਂ ਲਿਆ ਜਾ ਚੁਕਾ ਹੈ, ਉਹ ਇਸ ਤਰ੍ਹਾਂ ਹੈ :—

ਕਾਂਗਰਸ ਪਾਰਟੀ	185 ਮਿੰਟ
ਅਕਾਲੀ ਪਾਰਟੀ	63 ਮਿੰਟ
ਸੀ. ਪੀ. ਆਈ.	50 ਮਿੰਟ
ਜਨ ਸੰਘ	28 ਮਿੰਟ
ਸੀ. ਪੀ. ਆਈ. (ਐਮ)	9 ਮਿੰਟ

ਇਸ ਤੋਂ ਇਲਾਵਾ 60 ਮਿੰਟ ਫਾਈਨੈਂਸ ਮਨਿਸਟਰ ਸਾਹਿਬ ਨੇ ਬੋਲਣਾ ਹੈ। ਇਸ ਕਰਕੇ ਹੁਣ 67 ਮਿੰਟ ਕਾਂਗਰਸ ਪਾਰਟੀ ਦੇ ਰਹਿ ਗਏ ਹਨ ਅਤੇ 6 ਮੈਂਬਰ ਸਾਹਿਬਾਨ ਬੋਲ ਸਕਣਗੇ। ਅਕਾਲੀ ਪਾਰਟੀ ਦੇ 48 ਮਿੰਟ ਰਹਿ ਗਏ ਹਨ ਅਤੇ 4 ਮੈਂਬਰ ਬੋਲ ਸਕਣਗੇ।

(Shri K.P. please excuse me for a while. I have to inform the hon'ble members as to how much time is to be given to each party for discussion on the budget. It is as follows:—

Congress Party	..	303 minutes
Akali Party	..	120 minutes
C.P.I.	..	50 minutes
Jan Sangh	..	5 minutes
C.P.I. (M)	..	5 minutes

[ਸ੍ਰੀ ਸਪੀਕਰ]

The time already taken by each of these parties is as follows:—

Congress Party	..	185 minutes
Akali Party	..	63 minutes
C.P.I.	..	50 minutes
Jan Sangh	..	28 minutes
C.P.I. (M)	..	9 minutes

Besides this, the hon'ble Finance Minister has also to speak for 60 minutes. So, six hon'ble members from Congress Party can speak in 67 minutes left for them and four members from Akali Party can speak in 48 minutes left for them.)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ 1971 ਦੇ ਵਿਚ 12 ਪੋਸਟਾਂ ਪੀ.ਸੀ.ਐਸ.ਜੁਡੀਸ਼ਲ ਦੀਆਂ ਸਨ ਪਰ 19 ਆਦਮੀ ਕੁਆਲੀਫਾਈ ਕਰ ਗਏ ਅਤੇ ਇਹ ਪੋਸਟਾਂ ਵੀ 19 ਹੋ ਗਈਆਂ, ਲੇਕਿਨ ਹਰੀਜਨ ਇਨ੍ਹਾਂ ਵਿਚ ਕੋਈ ਨਹੀਂ ਲਿਆ ਗਿਆ । 1973-74 ਦੇ ਵਿਚ 10 ਪੋਸਟਾਂ ਆਈਆਂ, 16 ਹਰੀਜਨਾਂ ਨੇ ਕੁਆਲੀਫਾਈ ਕੀਤਾ । ਇਹ ਕੁਲ ਮਿਲਾ ਕੇ 29 ਪੋਸਟਾਂ ਬਣਦੀਆਂ ਹਨ ਜਿਨ੍ਹਾਂ ਵਿਚੋਂ 7 ਪੋਸਟਾਂ ਸ਼ੈਡਿਊਲਡ ਕਾਸਟਾਂ ਨੂੰ ਦੇਣੀਆਂ ਚਾਹੀਦੀਆਂ ਹਨ । ਇਸ ਵੇਲੇ ਇਹ ਹਰੀਜਨ ਬੰਦੇ ਵੇਹਲੇ ਬੈਠੇ ਹੋਏ ਹਨ ।

ਪੰਜਾਬ ਸਰਕਾਰ ਦੇ ਕੋਲ ਹਰੀਜਨ ਕਲਿਆਣ ਫੰਡ ਦਾ ਰੁਪਿਆ ਹੈ ਅਤੇ ਇਹ ਇਸ ਕਿਸਮ ਦਾ ਹੈ ਕਿ 3 ਕਰੋੜ ਰੁਪਏ ਦੀ ਜ਼ਮੀਨ ਸੈਂਟਰ ਤੋਂ ਲਈ ਸੀ, ਪਰ ਪੰਜਾਬ ਸਰਕਾਰ ਨੇ ਉਸ ਦੀ ਕੀਮਤ 6 ਕਰੋੜ ਦਿੱਤੀ ਹੈ । ਇਸ ਕਰਕੇ ਬਾਕੀ 3 ਕਰੋੜ ਰੁਪਿਆ ਸੈਂਟਰ ਤੋਂ ਵਾਪਸ ਲੈਣਾ ਚਾਹੀਦਾ ਹੈ। ਇਸ ਦੇ ਨਾਲ ਹੀ 9 ਕਰੋੜ ਦੀ ਪਹਿਲਾਂ ਇਵੈਕੁਈ ਲੈਂਡ ਵੇਚੀ ਗਈ ਹੈ । ਉਹ 9 ਕਰੋੜ ਰੁਪਿਆ ਵੀ ਹਰੀਜਨ ਕਲਿਆਣ ਫੰਡ ਵਿਚ ਪਾਉਣਾ ਚਾਹੀਦਾ ਹੈ। ਇਕ ਕਰੋੜ 26 ਲੱਖ ਰੁਪਿਆ ਹੋਰ ਬਾਕੀ ਬਚਦਾ ਹੈ ਅਤੇ ਇਹ ਕੁਲ ਮਿਲਾ ਕੇ 15 ਕਰੋੜ 36 ਲੱਖ ਰੁਪਿਆ ਬਣਦਾ ਹੈ ਅਤੇ ਇਸ ਨੂੰ ਹਰੀਜਨ ਕਲਿਆਣ ਫੰਡ ਵਿਚ ਜਮ੍ਹਾਂ ਕਰਕੇ ਬਾਕੀ ਕੋਈ ਬੈਂਕਾਂ ਤੋਂ ਐਲ.ਆਈ.ਸੀ. ਤੋਂ ਰੁਪਿਆ ਲੈ ਕੇ ਇਹ ਫੰਡ 50 ਕਰੋੜ ਹੋ ਜਾਂਦਾ ਹੈ । ਸੋ ਮੈਂ ਬੇਨਤੀ ਕਰਦਾ ਹਾਂ ਕਿ ਇਸ ਰੁਪਏ ਨਾਲ 4—5 ਜ਼ਿਲ੍ਹਿਆਂ ਵਿਚ ਸ਼ੀਵਰੇਜ਼ ਸਕੀਮ ਬਣਾਈ ਜਾਣੀ ਚਾਹੀਦੀ ਹੈ । ਜਿਸ ਤਰ੍ਹਾਂ ਚੰਡੀਗੜ੍ਹ ਵਿਚ ਕੋਈ ਲੜਕਾ, ਔਰਤ, ਬੱਚਾ ਜਾਂ ਆਦਮੀ ਗੰਦਗੀ ਦੀ ਟੋਕਰੀ ਸਿਰ ਤੇ ਨਹੀਂ ਚੁਕਦਾ, ਉਸ ਤਰ੍ਹਾਂ ਬਾਕੀ ਜਗ੍ਹਾ ਤੇ ਵੀ ਹੋਣਾ ਚਾਹੀਦਾ ਹੈ । 18 ਤਾਰੀਖ ਨੂੰ ਜਲੰਧਰ ਵਿਚ ਸਾਡੇ ਚੀਫ ਮਨਿਸਟਰ ਸਾਹਿਬ ਨੇ ਐਲਾਨ ਕੀਤਾ ਕਿ ਸਾਲ ਡੇਢ ਸਾਲ ਵਿਚ ਕੋਈ ਹਰੀਜਨ ਔਰਤ ਗੰਦਗੀ ਦੀ ਟੋਕਰੀ ਸਿਰ ਤੇ ਨਹੀਂ ਚੁਕੇਗੀ (ਟਰੈਜ਼ਰੀ ਬੈਂਚਾਂ ਵਲੋਂ ਥੰਪਿੰਗ) ਅਤੇ ਇਸ ਕੰਮ ਨੂੰ ਬਿਲਕੁਲ ਹਟਾ ਦਿਤਾ ਜਾਵੇਗਾ । ਮੈਂ ਬੇਨਤੀ ਕਰਾਂਗਾ ਕਿ ਇਸ ਕੰਮ ਨੂੰ ਜਲਦੀ ਪੂਰਾ ਕੀਤਾ ਜਾਵੇ ।

ਇੰਡਸਟਰੀ ਵੀ ਬਹੁਤ ਵਡੀ ਲਗਾਈ ਜਾ ਸਕਦੀ ਹੈ ਅਤੇ ਲਗਾਉਣੀ ਚਾਹੀਦੀ ਹੈ ਕਿਉਂਕਿ ਇਹ ਇਕ ਤਰੱਕੀ ਦਾ ਸਾਧਨ ਹੈ । ਇਥੇ ਮੈਂ ਇਕ ਗਲ ਹੋਰ ਵੀ ਕਹਿਣਾ ਚਾਹੁੰਦਾ ਹਾਂ ਕਿ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਜਿਹੜੀ ਸੀ,ਉਹ ਐਵੇਂ ਨਹੀਂ ਸੀ । ਇਹ ਗਲ ਵਖਰੀ ਹੈ ਕਿ ਪੌਲੀਟੀਕਲ ਆਦਮੀਆਂ ਤੇ ਅਫਸਰਾਂ ਦਾ ਇਸ ਵਿਚ ਜ਼ਿਕਰ ਆ ਗਿਆ ਅਤੇ ਲਾਗੂ ਹੋਣ ਵਿਚ ਕੋਈ ਅੜਚਨ ਪਈ ਹੋਵੇ। ਲੇਕਿਨ ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰਚੰਦ ਸਿੰਘ ਕਮੇਟੀ ਦੇ ਮੈਂਬਰਾਂ ਨੇ ਇਹ ਫੈਸਲਾ ਕੀਤਾ ਸੀ ਅਤੇ ਇਸ ਗਲ ਦੀ ਕਸਮ ਖਾਧੀ ਸੀ ਕਿ ਜੋ ਰਿਪੋਟ ਦੇਣੀ ਹੈ, ਉਹ ਆਨੈਸਟੀ

ਨਾਲ ਦੇਣੀ ਹੈ , ਉਸ ਤੇ ਐਕਸ਼ਨ ਭਾਵੇਂ ਲਿਆ ਜਾਵੇ ਜਾਂ ਨਾ ਲਿਆ ਜਾਵੇ । ਇਹ ਸਰਕਾਰ ਦਾ ਕੰਮ ਹੈ । ਅਸੀਂ ਪਿੰਡਾਂ ਵਿਚ ਗਏ ਅਤੇ ਜ਼ਮੀਨਾਂ ਵੇਖੀਆਂ । ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਇਕ ਆਦਮੀ ਕੋਲ 1,600–1,600–,1,000–1,000, 500-500 ਏਕੜ ਜ਼ਮੀਨ ਹੈ । ਇਸ ਕਰਕੇ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਮਿਹਰਬਾਨੀ ਕਰ ਕੇ ਇਹ ਜ਼ਮੀਨਾਂ ਵਾਪਿਸ ਲਵੋ । ਅਤੇ ਜਿਹੜੀ ਸੀਲਿੰਗ ਤੋਂ ਬਾਅਦ ਸਰਪਲਸ ਨਿਕਲੇ ਉਹ ਬੇਜ਼ਮੀਨੇ ਲੋਕਾਂ ਵਿਚ ਵੰਡੀ ਜਾਵੇ। ਸਰਦਾਰ ਉਮਰਾਓ ਸਿੰਘ ਨੇ ਪਤਾ ਨਹੀਂ ਬਿਲ ਲਿਆਉਣਾ ਹੈ ਕਿ ਨਹੀਂ ਲਿਆਉਣਾ । ਇਸ ਕਰਕੇ ਜੇ ਸਰਪਲਸ ਜ਼ਮੀਨ ਵਾਪਸ ਲੈ ਲਈ ਜਾਵੇ ਤਾਂ ਪੰਜਾਬ ਦੇ ਸਾਰੇ ਮੁਜ਼ਾਰੇ ਵਸ ਸਕਦੇ ਹਨ । ਜਿਹੜੀਆਂ ਸਰਕਾਰ ਨੇ ਹਰੀਜਨਾਂ ਨੂੰ ਸਰਕਾਰੀ ਨੌਕਰੀਆਂ ਵਾਸਤੇ ਰਿਆਇਤਾਂ ਦਿਤੀਆਂ ਹਨ, ਉਨ੍ਹਾਂ ਦੇ ਨਾਲ ਤਾਂ ਹਰੀਜਨ ਪੜ੍ਹਿਆ ਲਿਖਿਆ ਹੀ ਨੌਕਰੀ ਵਿਚ ਆ ਸਕਦਾ ਹੈ, ਲੇਕਿਨ ਮੁਜ਼ਾਰੇ ਨੂੰ ਤਾਂ ਜ਼ਮੀਨ ਦੇ ਕੇ ਹੀ ਵਸਾਇਆ ਜਾ ਸਕਦਾ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਬਾਰੇ ਜਲਦੀ ਕਦਮ ਚੁਕੇ ਜਾਣ ਅਤੇ ਬੇਜ਼ਮੀਨੇ ਲੋਕਾਂ ਨੂੰ ਜ਼ਮੀਨਾਂ ਦਿਤੀਆਂ ਜਾਣ ।

10.33 a.m. [ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।]

ਡਿਪਟੀ ਸਪੀਕਰ ਸਾਹਿਬ, ਮੈਨੂੰ ਵਲਾਇਤ ਜਾਣ ਦਾ ਮੌਕਾ ਮਿਲਿਆ । ਮੇਰਾ ਲੜਕਾ ਵੀ ਉਥੇ ਰਹਿੰਦਾ ਹੈ । ਪਹਿਲਾਂ ਮੈਂ 1969 ਵਿਚ ਉਥੇ ਗਿਆ ਸੀ ਅਤੇ ਹੁਣ ਪਿੱਛੇ ਜਿਹੇ ਮੈਂ ਉਥੇ ਦੋ ਮਹੀਨੇ ਰਹਿ ਕੇ ਆਇਆ ਹਾਂ । ਪੰਜਾਬ ਦੇ ਉਥੇ ਤਕਰੀਬਨ ਡੇਢ ਲੱਖ ਭਰਾ ਰਹਿੰਦੇ ਹਨ ਅਤੇ ਉਨ੍ਹਾਂ ਵਿਚ ਸ਼ੈਡਿਊਲਡ ਕਾਸਟ ਵੀ ਬੜੇ ਹਨ ਅਤੇ ਦੂਜੇ ਦੋਸਤ ਵੀ ਹਨ । ਸਰਦਾਰ ਉਮਰਾਓ ਸਿੰਘ ਉਥੇ ਓਵਰਸੀਜ਼ ਕਾਂਗਰਸ ਬਣਾ ਕੇ ਆਏ ਹਨ । ਚੌਧਰੀ ਸੁੰਦਰ ਸਿੰਘ,ਆਜ਼ਾਦ ਸਾਹਿਬ ਅਤੇ ਜੈ ਮੁਨੀ ਵੀ ਗਏ ਸਨ । 1969 ਦੇ ਵਿਚ ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਪੰਜਾਬ ਦੇ ਵਿਚ ਯੂਨੀਵਰਸਿਟੀਆਂ ਬਣੀਆਂ ਹਨ । ਗੁਰੂ ਗੋਬਿੰਦ ਸਿੰਘ ਮਾਰਗ ਬਣੇ ਹਨ, ਇਸ ਕਰਕੇ ਪੰਜਾਬ ਸਰਕਾਰ ਨੂੰ ਇਹ ਬੇਨਤੀ ਕੀਤੀ ਜਾਵੇ ਕਿ ਗੁਰੂ ਰਵੀ ਦਾਸ ਦੇ ਨਾਂ ਤੇ ਵੀ ਕੁਝ ਬਣਾਇਆ ਜਾਵੇ ਅਤੇ ਕਿਹਾ ਕਿ ਪੰਜਾਬ ਸਰਕਾਰ ਨੂੰ ਇਹ ਕਿਹਾ ਜਾਵੇ ਕਿ ਇਕ ਮੈਡੀਕਲ ਕਾਲਜ ਬਣਾ ਦਿੱਤਾ ਜਾਵੇ । ਮੈਡੀਕਲ ਕਾਲਜ ਤੇ ਤਾਂ ਖੈਰ ਬਹੁਤ ਪੈਸੇ ਲਗਦੇ ਹਨ । ਇਸ ਕਰਕੇ ਅਸੀਂ ਕਿਸੇ ਢੰਗ ਨਾਲ ਟੈਕਨੀਕਲ ਕਾਲਜ ਬਣਾਉਣ ਦੀ ਪਰਪੋਜ਼ਲ ਬਣਾਈ । ਇਕ ਫਗਵਾੜਾ ਵਿਚ ਐਜੂਕੇਸ਼ਨ ਟਰਸਟ ਵੀ ਬਣਿਆ ਹੈ, ਉਸਦੇ ਮਨਿਸਟਰ ਜੀ, ਧੰਨੋਵਾਲੀ ਜੀ ਅਤੇ ਹੋਰ ਸਾਹਿਬਾਨ ਵੀ ਮੈਂਬਰ ਹਨ । ਡਿਪਟੀ ਸਪੀਕਰ ਸਾਹਿਬ, ਉਥੇ ਦੇ ਲੋਕਾਂ ਨੇ 1,25,000 ਰੁਪਿਆ, 6,500 ਪਾਊਂਡਜ਼ ਦਾ ਮੈਨੂੰ ਡਰਾਫਟ ਭੇਜਿਆ ਹੈ ਅਤੇ ਇਹ ਰੁਪਿਆ ਸਾਡੇ ਮੁੱਖ ਮੰਤਰੀ ਜੀ ਦੇ ਹਥੀਂ ਸਾਡੇ ਚੇਅਰਮੈਨ ਨੂੰ ਦਿਤਾ ਜਾਵੇਗਾ। ਇਸ ਦੇ ਨਾਲ ਮੈਂ ਇਹ ਵੀ ਬੇਨਤੀ ਕਰਦਾ ਹਾਂ ਪੰਜਾਬ ਸਰਕਾਰ ਸਾਡੇ ਐਜੂਕੇਸ਼ਨ ਟਰਸਟ ਜਾਂ ਗੁਰੂ ਰਵੀ ਦਾਸ ਮੈਡੀਕਲ ਕਾਲਜ ਜਾਂ ਟੈਕਨੀਕਲ ਕਾਲਜ ਬਣਾਉਣ ਵਿਚ ਹਿੱਸਾ ਪਾਵੇ ਅਤੇ ਇਸ ਗਲ ਨੂੰ ਸਿਰੇ ਚਾੜ੍ਹਿਆ ਜਾਵੇ ਅਤੇ ਮੈਨੂੰ ਆਸ ਹੈ ਕਿ ਸਾਡੇ ਮੁੱਖ ਮੰਤਰੀ ਜੀ ਇਸ ਗਲ ਦਾ ਪੂਰਾ ਧਿਆਨ ਰਖਣਗੇ । ਮੈਂ ਤਾਂ ਇਹ ਕਹਾਂਗਾ ਕਿ ਇਹ ਅਕਾਲੀ ਵੀ ਆਪਣੇ ਆਪ ਨੂੰ ਧਾਰਮਿਕ ਕਹਿੰਦੇ ਹਨ । ਪਰ ਸਾਡੇ ਗਿਆਨੀ ਜੀ ਸੱਭ ਤੋਂ ਵੱਡੇ ਧਾਰਮਿਕ ਹਨ ਅਤੇ ਉਨ੍ਹਾਂ ਦੇ ਵਰਗਾ ਧਾਰਮਕਿ ਕੋਈ ਨਹੀਂ ਹੋ ਸਕਦਾ ਅਤੇ ਉਹ ਸਾਰੇ ਧਰਮਾਂ ਵਿਚ ਬੜਾ ਵਿਸ਼ਵਾਸ਼ ਰਖਦੇ ਹਨ ।

ਡਿਪਟੀ ਸਪੀਕਰ ਸਾਹਿਬ, ਫਿਰ ਲਾਅ ਐਂਡ ਆਰਡਰ ਦੀ ਗਲ ਆ ਜਾਂਦੀ ਹੈ । ਇਸ ਬਾਰੇ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਡੀ.ਆਈ.ਜੀ. ਵੀ ਸ਼ੈਡਿਊਲਡ ਕਾਸਟ ਲਗਾਉਣਾ ਚਾਹੀਦਾ ਹੈ, ਕੋਈ ਯੂਨੀਵਰਸਿਟੀ ਦਾ ਵਾਇਸ-ਚਾਂਸਲਰ ਵੀ ਲਗਾ ਦੇਵੋ ,ਇਹ ਸਰਕਾਰ ਦੀ ਮਿਹਰਬਾਨੀ ਹੋਵੇਗੀ ।

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੀਸਾ ਦਾ ਬੜਾ ਰੌਲਾ ਪੈਂਦਾ ਹੈ । ਮੈਂ ਜਦੋਂ ਵਲਾਇਤ ਗਿਆ ਸੀ ਤਾਂ ਉਥੇ ਇਸ ਗਲ ਬਾਰੇ ਅਖਬਾਰਾਂ ਵਿਚ ਪੜ੍ਹਿਆ ਅਤੇ ਮੈਨੂੰ ਇਸ ਗਲ ਦਾ ਪਤਾ ਲਗਾ ਕਿ ਇਸ ਮੀਸਾ ਦੇ ਲਾਗੂ ਹੋਣ ਨਾਲ ਸਾਡੇ ਉਥੇ ਰਹਿਣ ਵਾਲੇ ਭਰਾ ਵੀ ਬੜੇ ਖੁਸ਼ ਸਨ ਅਤੇ ਇਹ ਕਹਿੰਦੇ ਸਨ ਕਿ ਇਸ ਤਰ੍ਹਾਂ ਦੇ ਲੋਕਾਂ ਨੂੰ ਜ਼ਰੂਰ ਫੜਨਾ ਚਾਹੀਦਾ ਹੈ । ਬਲਕਿ ਉਨ੍ਹਾਂ ਨੇ ਤਾਂ ਇਥੋਂ ਤਕ ਕਿਹਾ ਕਿ ਕੇ.ਪੀ. ਸਾਹਿਬ. ਪ੍ਰਾਈਮ ਮਨਿਸਟਰ ਨੂੰ. ਮੁੱਖ ਮੰਤਰੀ ਸਾਹਿਬ ਨੂੰ ਸਾਡਾ ਸੁਨੇਹਾ ਦੇ ਦੇਣਾ ਕਿ ਇਹ ਬੜੀ ਚੰਗੀ ਗਲ ਕੀਤੀ ਹੈ ਅਤੇ ਇਸ ਕੰਮ ਨੂੰ ਇਸ ਤਰ੍ਹਾਂ ਕੀਤਾ ਜਾਵੇ ਕਿ ਦਾਲ ਵੀ ਕੋਕੜੀ ਨਾ ਰਹੇ ਕਿਉਂਕਿ ਇਹ ਜਿਹੜੇ ਮੀਸਾ ਦੇ ਤਹਿਤ ਲੋਕੀ ਫੜੇ ਜਾ ਰਹੇ ਹਨ, ਇਹ ਲੋਕੀ ਝੂਠੇ ਹਨ ਅਤੇ ਠੱਗੀਆਂ ਕਰਦੇ ਹਨ । (ਟਰੇਜ਼ਰੀ ਬੈਂਚਾਂ ਵਲੋਂ ਥੰਪਿੰਗ)(ਘੰਟੀ) ਡਿਪਟੀ ਸਪੀਕਰ ਸਾਹਿਬ, ਬਸ ਥੋੜਾ ਜਿਹਾ ਬੋਲ ਕੇ ਬੈਠ ਜਾਂਦਾ ਹਾਂ, ਇਕ ਗਲ ਕਹਿਣੀ ਹੈ । (ਘੰਟੀ) ਬਸ ਜੀ ਖਤਮ ਕਰਨ ਲਗਾ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਜ਼ਿਲੇ ਦੀ ਇਕ ਗਲ ਦੱਸਣਾ ਚਾਹੁੰਦਾ ਹਾਂ । ਪਿਛਲੇ ਸਾਲ ਇਸ ਤਰ੍ਹਾਂ ਹੋਇਆ । ਦਰਅਸਲ ਪਿੰਡਾਂ ਦੇ ਲੋਕਾਂ ਨੂੰ ਪਤਾ ਨਹੀਂ ਹੁੰਦਾ ਕਿ ਬਾਹਰੋਂ ਰੁਪਿਆ ਜੇ ਕੋਈ ਆਪਣੇ ਘਰ ਭੇਜੇ ਤਾਂ ਕਿਸ ਤਰ੍ਹਾਂ ਆਉਂਦਾ ਹੈ । ਜਲੰਧਰ ਵਿਚ ਇਕ ਐਨਫੋਰਸਮੈਂਟ ਅਫਸਰ ਲਗਿਆ ਹੋਇਆ ਹੈ । ਇਸ ਬਾਰੇ ਮੈਂ ਪਿਛਲੇ ਬਜਟ ਸੈਸ਼ਨ ਵਿਚ ਵੀ ਜ਼ਿਕਰ ਕੀਤਾ ਸੀ । ਇਕ ਜੋਗਿੰਦਰ ਸਿੰਘ ਮੇਰੇ ਪਿੰਡ ਵਿਆਹਿਆ ਹੋਇਆ ਹੈ । ਉਸ ਨੂੰ ਉਹ ਐਨਫੋਰਸਮੈਂਟ ਅਫਸਰ ਹੈਰਾਸ ਕਰਦਾ ਸੀ ਕਿ ਤੇਰੇ ਕੋਲ ਬਲੈਕ ਦਾ ਪੈਸਾ ਹੈ ਅਤੇ ਉਸ ਨਾਲ ਸੌਦਾ ਕੀਤਾ ਉਸ ਨੂੰ ਤੰਗ ਕਰਕੇ ਕਿ 10,000 ਰੁਪਿਆ ਦੇਵੇ । ਉਹ ਵਿਚਾਰਾ ਜੋਗਿੰਦਰ ਸਿੰਘ ਸ਼ਾਮ ਨੂੰ ਮੇਰੇ ਕੋਲ ਆਇਆ ਅਤੇ ਇਸ ਬਾਰੇ ਦੱਸਿਆ ਅਤੇ ਕਿਹਾ ਕਿ 2,000 ਰੁਪਿਆ ਉਸ ਨੇ ਲੈ ਲਿਆ ਹੈ ਅਤੇ 8,000 ਰੁਪਿਆ ਦੇਣ ਦਾ ਵਾਇਦਾ ਕੀਤਾ ਹੈ । ਮੈਂ ਸੋਚਿਆ ਕਿ ਕਿਸ ਤਰ੍ਹਾਂ ਕੀਤਾ ਜਾਵੇ । ਉਸ ਦਿਨ ਉਥੇ ਸਰਦਾਰ ਉਮਰਾਓ ਸਿੰਘ ਆਏ ਹੋਏ ਸਨ ਅਤੇ ਇਹ ਸਾਰੀ ਗੱਲ ਉਨ੍ਹਾਂ ਨੂੰ ਦੱਸੀ ਅਤੇ ਉਮਰਾਓ ਸਿੰਘ ਜੀ ਨੇ ਕਿਹਾ ਕਿ ਇਹ ਠੀਕ ਹੈ ਉਸ ਅਫਸਰ ਨੂੰ ਫੜਨਾ ਚਾਹੀਦਾ ਹੈ । ਉਨ੍ਹਾਂ ਨੇ ਐਸ.ਐਸ.ਪੀ. ਨੂੰ ਟੈਲੀਫੋਨ ਕੀਤਾ ਅਤੇ ਉਸ ਅਫਸਰ ਨੂੰ ਫੜਿਆ । ਉਸ ਨੇ ਇਹ ਗਲ ਵੀ ਦੱਸ ਦਿੱਤੀ ਕਿ 2,000 ਰੁਪਿਆ ਜੋਗਿੰਦਰ ਸਿੰਘ ਤੋਂ ਲਿਆ ਹੈ ਅਤੇ 8,000 ਰੁਪਿਆ ਹੋਰ ਲੈਣ ਦਾ ਵਾਇਦਾ ਹੈ । ਪਰ ਉਸ ਨੂੰ ਸਸਪੈਂਡ ਨਹੀਂ ਕੀਤਾ ਗਿਆ । ਉਸ ਅਫਸਰ ਨੇ ਇਸ ਤਰ੍ਹਾਂ ਕਰਕੇ 40 ਲੱਖ ਰੁਪਏ ਦੇ ਕਰੀਬ ਲੋਕਾਂ ਤੋਂ ਖਾਧਾ ਹੈ, ਪਰ ਉਸ ਦੇ ਖਿਲਾਫ ਐਕਸ਼ਨ ਨਹੀਂ ਲਿਆ ਜਾਂਦਾ ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਖਤਮ ਕਰੋ । (Please wind up now.)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਇਕ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜੇ ਆਪੋਜ਼ੀਸ਼ਨ ਵਾਲੇ ਸਰਦਾਰ ਉਮਰਾਓ ਸਿੰਘ ਅਤੇ ਮਾਸਟਰ ਜੀ ਦੇ ਖਿਲਾਫ ਇਲਜ਼ਾਮ ਲਗਾਉਂਦੇ ਹਨ, ਇਹ ਬਿਲਕੁਲ ਗਲਤ ਹਨ ਅਤੇ ਜੇ ਇਹ ਸਹੀ ਹੋਣ ਤਾਂ ਮੈਂ ਆਪ ਅਸਤੀਫਾ ਦੇਣ ਨੂੰ ਤਿਆਰ ਹਾਂ । ਇਨ੍ਹਾਂ ਨੂੰ ਕਹਾਂਗਾ ਕਿ ਅਸਤੀਫਾ ਦਿਉ । ਜਿਨ੍ਹਾਂ ਨੇ ਲੱਖਾਂ ਰੁਪਏ ਖਾਧੇ ਹਨ ਜਾਂ ਕੁਰੱਪਸ਼ਨ ਕੀਤੀ ਹੈ,ਉਹ ਮੀਸਾ ਦੇ ਤਹਿਤ ਫੜੇ ਜਾ ਰਹੇ ਹਨ ਅਤੇ ਫੜੇ ਜਾਣਗੇ। ਗਿਆਨੀ ਜੀ ਦੀ ਪੰਜਾਬ ਸਰਕਾਰ ਨੇ ਇਸ ਗਲ ਦਾ ਹਲਫ ਲਿਆ ਹੋਇਆ ਹੈ ਕਿ ਕਿਸੇ ਵੀ ਕੁਰੱਪਟ ਆਦਮੀ ਨੂੰ ਨਹੀਂ ਛੱਡਿਆ ਜਾਵੇਗਾ ਭਾਵੇਂ ਕਿੰਨਾ ਹੀ ਵੱਡਾ ਅਤੇ ਭਾਵੇਂ ਕੋਈ ਵੀ ਹੋਵੇ । (ਘੰਟੀ) * * *

ਕਈ ਅਵਾਜ਼ਾਂ : ** ** **

---

*Not recorded as ordered by the Chair.

ਸ੍ਰੀ ਡਿਪਟੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਹਿ ਰਹੇ ਹਨ, ਉਹ ਰੀਕਾਰਡ ਹੀ ਨਾ ਕੀਤਾ ਜਾਵੇ । (ਸ਼ੋਰ)(Whatever the hon. Members are saying without the permission of the Chair, should not be recorded.) (*Interruption*)

ਸਰਦਾਰ ਬਅੰਤ ਸਿੰਘ (ਪਾਇਲ): ਮੈਂ ਸਾਰਿਆਂ ਨੂੰ ਆਰਾਮ ਨਾਲ ਸੁਣਿਆ ਹੈ ਹੁਣ ਮੈਨੂੰ ਵੀ ਆਰਾਮ ਨਾਲ ਸੁਣੋ (ਸ਼ੋਰ) ਡਿਪਟੀ ਸਪੀਕਰ ਸਾਹਿਬ, ਇਹ ਤਾਂ ਇਕ ਰਵਾਇਤ ਹੀ ਬਣ ਗਈ ਹੈ ਕਿ ਬਜਟ ਕਿਤਨਾ ਹੀ ਕਿਉਂ ਨਾ ਚੰਗਾ ਹੋਵੇ ਆਪੋਜ਼ੀਸ਼ਨ ਵਾਲਿਆਂ ਨੇ ਤਾਂ ਉਸ ਨੂੰ ਨਿੰਦਣਾ ਹੀ ਹੈ ਭਾਵੇਂ ਸਰਕਾਰ ਕਿਤਨੇ ਹੀ ਡਿਵੈਲਪਮੈਂਟ ਦੇ ਕੰਮ ਕਿਉਂ ਨਾ ਕਰੀ ਜਾਵੇ ।(ਸ਼ੋਰ)

ਕੁਝ ਮਾਨ ਯੋਗ ਮੈਂਬਰ (ਬੈਠੇ ਬੈਠੇ) : ** ** ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਬੈਠੇ ਬੈਠੇ ਕਹਿ ਰਹੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ । (Whatever is being said by the hon. Members while sitting should not be recorded.)

ਸਰਦਾਰ ਬੇਅੰਤ ਸਿੰਘ : ਜਦੋਂ ਇਥੇ ਬਾਦਲ ਸਰਕਾਰ ਹੁੰਦੀ ਸੀ ਤਾਂ ਸੈਕਟਰੀਏਟ ਦੇ ਮੁਲਾਜ਼ਮ ਇਕੱਠੇ ਹੋ ਕੇ ਸੈਕਰੇਟੇਰੀਏਟ ਦੇ ਸਾਹਮਣੇ ਇਹ ਨਾਹਰੇ ਲਾਉਂਦੇ ਹੁੰਦੇ ਸੀ ਕਿ [** **]

ਸਰਦਾਰ ਬਸੰਤ ਸਿੰਘ ਖਾਲਸਾ : ਪੁਆਇੰਟ ਆਫ ਆਰਡਰ, ਸਰ। ਇਹ ਸ਼ਬਦ ਇਕ ਮਾਨਯੋਗ ਹਸਤੀ ਵਾਸਤੇ ਕਹੇ ਗਏ ਹਨ,ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਰਿਕਾਰਡ ਨਹੀਂ ਹੋਣੇ ਚਾਹੀਦੇ ।

ਸ੍ਰੀ ਡਿਪਟੀ ਸਪੀਕਰ: ਇਹ ਰਿਕਾਰਡ ਨਾ ਕੀਤੇ ਜਾਣ । (It should not be recorded.)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਜਿਹੜਾ ਖਾਲਸਾ ਜੀ ਨੇ ਇਤਰਾਜ਼ ਕੀਤਾ ਹੈ, ਡਿਪਟੀ ਸਪੀਕਰ ਸਾਹਿਬ, ਤੁਸੀਂ ਪੁਰਾਣਾ ਰਿਕਾਰਡ ਵੇਖ ਲਵੋ , ਇਹ ਫਾਈਨੈਂਸ ਮਨਿਸਟਰ ਨੇ ਰੀਪ੍ਰੋਡੀਊਸ ਕਰਕੇ ਰੀਕਾਰਡ ਕਰਵਾਏ ਸੀ, ਹੁਣ ਕਿਉਂ ਨਹੀਂ ਹੋ ਸਕਦੇ ?(ਸ਼ੋਰ)

ਸਰਦਾਰ ਬਸੰਤ ਸਿੰਘ ਖਾਲਸਾ : ਜੇ ਸਾਡੇ ਹੱਕ ਸੇਫ ਨਹੀਂ ਹੋ ਸਕਦੇ ਫੇਰ ਡਿਪਟੀ ਸਪੀਕਰ ਸਾਹਿਬ ਤੁਸੀਂ ਕਾਹਦੇ ਲਈ ਬੈਠੇ ਹੋ ?

ਸਰਦਾਰ ਬੇਅੰਤ ਸਿੰਘ : ਫਾਈਨੈਂਸ ਮਨਿਸਟਰ ਨੇ ਆਪਣੀ ਬਜਟ ਸਪੀਚ ਦੇ ਵਿਚ ਦੱਸਿਆ ਹੈ ਕਿ ਅਸੀਂ ਮੁਲਾਜ਼ਮਾਂ ਨੂੰ ਕੀ ਦਿੱਤਾ, ਮੈਂ ਇਹ ਵੀ ਕਹਿੰਦਾ ਹਾਂ ਕਿ ਮੈਂ ਪਹਿਲੇ ਫਾਇਨੈਂਸ ਮਨਿਸਟਰ ਸਾਹਿਬ ਦੇ ਖਿਲਾਫ ਕੋਈ ਰੀਮਾਰਕਸ ਨਹੀਂ ਸੀ ਕਹੇ ਉਹ ਤਾਂ ਜੋ ਮੁਲਾਜ਼ਮ ਕਹਿੰਦੇ ਸੀ ਉਹ ਕਿਹਾ ਹੈ, ਉਨ੍ਹਾਂ ਨੇ ਲਿਖਿਆ ਹੈ :

(*At this stage Sardar Basant Singh Khalsa wanted to raise a point of order.*)

The State Government made every effort to mitigate the economic hardship of its employees by giving them various financial benefits. The State Government followed the Central pattern and granted Additional Dearness Allowance to its employees at the enhanced rates, with effect from 1st January, 1st February and 1st April, 1974.

**Not recorded as ordered by the Chair.

Sardar Basant Singh Khalsa : Point of order, Sir.

Mr. Deputy Speaker : Please resume your seat first and then stand up for Point of Order. (*Interruptions and Noise in the House*). I would not allow you like this. You are obstructing the proceedings of the House.

ਸਰਦਾਰ ਬਸੰਤ ਸਿੰਘ ਖਾਲਸਾ ; ਪੁਆਇੰਟ ਆਫ ਆਰਡਰ, ਸਰ । (ਸ਼ੋਰ) ਪੁਆਇੰਟ ਆਫ ਆਰਡਰ ਸਰ । ਅਸੀਂ ਕਾਹਦੇ ਲਈ ਇਥੇ ਬੈਠੇ ਹਾਂ ਜੇ ਤੁਸੀਂ ਬੋਲਣ ਹੀ ਨਹੀਂ ਦੇਣਾ । (ਸ਼ੋਰ)

ਮਾਸਟਰ ਚੰਦ ਸਿੰਘ : ਪੁਆਇੰਟ ਆਫ ਆਰਡਰ ਸਰ । ਡਿਪਟੀ ਸਪੀਕਰ ਸਾਹਿਬ, ਇਕ ਤਾਂ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਦੋਂ ਅਸੀਂ ਪੁਆਇੰਟ ਆਫ ਆਰਡਰ ਕਹਿੰਦੇ ਹਾਂ ਤੁਸੀਂ ਸਾਨੂੰ ਬੋਲਣ ਕਿਉਂ ਨਹੀਂ ਦਿੰਦੇ । ਦੂਸਰਾ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਏਥੇ ਕੇ.ਪੀ. ਸਾਹਿਬ ਬੋਲ ਰਹੇ ਸਨ ਉਨ੍ਹਾਂ ਨੇ ਕਿਹਾ ਕਿ ਮੈਂ ਦੋ ਮਹੀਨੇ ਲੰਡਨ ਲਾ ਕੇ ਆਇਆ ਹਾਂ ਸਰਦਾਰ ਉਮਰਾਓ ਸਿੰਘ ਤੇ ਵੀ ਇਹੋ ਇਲਜ਼ਾਮ ਲਗਾ ਸੀ ਕਿ ਉਥੇ ਇਸ ਦੇ ਫਾਈਨੈਂਸ ਕੰਪਨੀ....ਦੇ ਡਾਇਰੈਕਟਰ ਹਨ ਜੋ ਬਦੇਸ਼ੀ ਸਿੱਕੇ ਦੀ ਸਮਗਲਿੰਗ ਕਰਦੀ ਹੈ । ਇਸ ਦਾ ਕੋਈ ਪਤਾ ਲਗਿਆ ਹੈ (ਸ਼ੋਰ)।

ਸਰਦਾਰ ਬਸੰਤ ਸਿੰਘ ਖਾਲਸਾ: ਏਥੇ ਇਕ ਮਾਨਯੋਗ ਹਸਤੀ ਦੇ ਮੁਤਾਲਿਕ ਕੁਝ ਸ਼ਬਦ ਕਹੇ ਹਨ , ਇਹ ਜਦੋਂ ਸਾਡੇ ਐਕਸਪੰਜ ਤੁਸੀਂ ਕਰਾਉਂਦੇ ਹੋ, ਤਾਂ ਹੁਣ ਸਾਨੂੰ ਦੱਸੋ ਕਿ ਉਹ ਐਕਸਪੰਜ ਵੀ ਹੋਏ ਹਨ ਜਾਂ ਨਹੀਂ ?

ਮਾਲ ਅਤੇ ਚੋਣ ਮੰਤਰੀ : ਜੋ ਕੁਝ ਵੀ ਸੰਤ ਜੀ ਦੇ ਮੁਤਲਿਕ ਕਿਹਾ ਗਿਆ ਹੈ ਅਸੀਂ ਉਨ੍ਹਾਂ ਦਾ ਇਹਤਰਾਮ ਕਰਦੇ ਹਾਂ, ਮੈਂ ਸਮਝਦਾ ਹਾਂ ਜੇ ਰਿਕਾਰਡ ਤੇ ਕੋਈ ਐਸਾ ਸ਼ਬਦ ਹੈ ਉਹ ਐਕਸਪੰਜ ਹੋਣਾ ਚਾਹੀਦਾ ਹੈ ਸਾਨੂੰ ਇਸ ਤੇ ਕੋਈ ਇਤਰਾਜ਼ ਨਹੀਂ ।

ਸ੍ਰੀ ਡਿਪਟੀ ਸਪੀਕਰ : ਏਥੇ ਸੰਤ ਜੀ ਬਾਰੇ ਕੁਝ ਨਹੀਂ ਕਿਹਾ ਗਿਆ । (Nothing has been said here about Sant Ji.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਇਹ ਇਸ ਹਾਊਸ ਦਾ ਅਸੂਲ ਹੈ ਕਿ ਜਦੋਂ ਕੋਈ ਆਦਮੀ ਏਥੇ ਆਪਣੇ ਆਪ ਨੂੰ ਹਾਜ਼ਰ ਕਰਕੇ ਜਵਾਬ ਨਹੀਂ ਦੇ ਸਕਦਾ ਉਸ ਦੇ ਮੁਤਾਲਿਕ ਜੋ ਕੁਝ ਵੀ ਕਿਹਾ ਜਾਵੇ ਉਹ ਰੀਕਾਰਡ ਵਿਚੋਂ ਕੱਢਣਾ ਚਾਹੀਦਾ ਹੈ । (ਸ਼ੋਰ)

ਸਰਦਾਰ ਬੇਅੰਤ ਸਿੰਘ : ਮੈਂ ਪਹਿਲਾਂ ਵੀ ਕਹਿ ਚੁਕਾ ਹਾਂ ਕਿ ਹੁਣ ਫੇਰ ਅਰਜ਼ ਕਰ ਦੇਂਦਾ ਹਾਂ ਕਿ ਮੈਂ ਕਿਸੇ ਮੁਅਜ਼ਜ਼ ਸ਼ਖਸ਼ੀਅਤ ਦੇ ਖਿਲਾਫ ਕੁਝ ਵੀ ਨਹੀਂ ਕਿਹਾ ।(ਸ਼ੋਰ)।

ਸਰਦਾਰ ਧੰਨਾ ਸਿੰਘ ਗੁਲਸ਼ਨ : ਜੋ ਵੀ ਮਾੜੇ ਸ਼ਬਦ ਕਹੇ ਹਨ, ਉਹ ਲਫਜ਼ ਕੱਟੇ ਜਾਣੇ ਚਾਹੀਦੇ ਹਨ ।

ਸ੍ਰੀ ਡਿਪਟੀ ਸਪੀਕਰ: ਜੇ ਇਤਰਾਜ਼ ਯੋਗ ਸ਼ਬਦ ਕਹੇ ਹਨ ਤਾਂ ਕਟੇ ਗਏ ਹਨ ਉਨ੍ਹਾਂ ਨੂੰ ਆਰਾਮ ਨਾਲ ਸੁਣੋ । (If anything derogatory has been said, that has been deleted. Let us hear the hon. Member quietly.)

ਕੁਝ ਮਾਨਯੋਗ ਮੈਂਬਰ : ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਮਾਨਯੋਗ ਮੈਂਬਰ ਬੈਠੇ ਬੈਠੇ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying while sitting, should not be recorded.)

ਸਰਦਾਰ ਬੇਅੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਜਦੋਂ ਪੰਜਾਬ ਦੇ ਮੁਲਾਜ਼ਮਾਂ ਨੂੰ ਇਨ੍ਹਾਂ ਦੀ ਸਰਕਾਰ ਕੁਝ ਨਾਂ ਦੇ ਸਕੀ ,ਮੈਂ ਕਿਹਾ ਸੀ ਕਿ ਇਹ ਬੜੇ ਨਾਅਰੇ ਲਾਉਂਦੇ ਹੁੰਦੇ ਸੀ । ਜਿਸ ਕਿਸੇ ਨੇ ਵੀ ਕਿਸੇ ਸ਼ਖਸੀਅਤ ਦੇ ਖਿਲਾਫ ਕਿਹਾ ਹੈ ਇਹ ਕੋਈ ਚੰਗੀ ਗਲ ਨਹੀਂ ਹੈ , ਇਹ ਵਾਪਸ ਹੋਣਾ ਚਾਹੀਦਾ ਹੈ । ਮੈਂ ਤਾਂ ਸਿਰਫ ਕੋਟ ਕੀਤਾ ਸੀ ਕਿ ਇਨ੍ਹਾਂ ਦੀ ਸਰਕਾਰ ਜਦੋਂ ਮੁਲਾਜ਼ਮਾਂ ਨੂੰ ਕੁਝ ਨਾਂ ਦੇ ਸਕੀ ਤਾਂ ਮੁਲਾਜ਼ਮ ਇਨ੍ਹਾਂ ਦੇ ਸਾਹਮਣੇ ਇਸੇ ਤਰ੍ਹਾਂ ਦੇ ਨਾਹਰੇ ਲਾਉਂਦੇ ਹੁੰਦੇ ਸੀ ਸਾਡੀ ਸਰਕਾਰ ਨੇ ਮੁਲਾਜ਼ਮਾਂ ਨੂੰ ਬੜੀਆਂ ਰਿਆਇਤਾਂ ਦਿੱਤੀਆਂ ਹਨ 1974 ਵਿਚ ਸੈਂਟਰਲ ਪੈਟਰਨ ਤੇ ਜਦੋਂ ਮਹਿੰਗਾਈ ਅਲਾਉਂਸ ਵਧਾਇਆ ਗਿਆ ਤਾਂ ਸਰਕਾਰ ਨੇ 6.44 ਕਰੋੜ ਰੁਪਿਆ ਲੋਕਾਂ ਨੂੰ ਆਪਣੇ ਖਜ਼ਾਨੇ ਦੇ ਵਿਚੋਂ ਦਿੱਤਾ, ਫੇਰ ਦੁਬਾਰਾ 5.76 ਕਰੋੜ ਰੁਪਿਆ ਦਿੱਤਾ ਹੁਣ ਫੇਰ 6.82 ਕਰੋੜ ਰੁਪਿਆ ਹੋਰ ਦੇਣ ਦਾ ਐਲਾਨ ਕੀਤਾ ਹੈ । ਮੈਂ ਇਸ ਗਲ ਦੀ ਸਰਕਾਰ ਨੂੰ ਵਧਾਈ ਦੇਣੀ ਚਾਹੁੰਦਾ ਹਾਂ ।

ਮੈਂ ਸਰਕਾਰ ਨੂੰ ਇਸ ਗੱਲ ਦੀ ਵੀ ਵਧਾਈ ਦਿੰਦਾ ਹਾਂ ਕਿ ਕੈਂਟਿਨਜੈਂਸੀ ਫੰਡ ਜਿਹੜਾ ਕਿ ਪਿਛਲੀ ਵਾਰੀ 3 ਕਰੋੜ ਸੀ ਇਸ ਵਾਰੀ 5 ਕਰੋੜ ਕਰ ਦਿੱਤਾ ਹੈ । ਇਸ ਫੰਡ ਵਿਚੋਂ ਮੁਲਾਜ਼ਮਾਂ ਨੂੰ, ਜਿਹੜਾ ਕਿ ਜ਼ਿਆਦਾ ਰੌਲਾ ਪਾਉਂਦੇ ਹਨ, ਕਣਕ ਲੋਨ ਦਿਤਾ ਗਿਆ ਸੀ ਅਤੇ ਉਹ ਲੋਨ ਇੰਟਰੈਸਟ-ਫਰੀ ਸੀ । ਇਸ ਨਾਲ ਬਹੁਤ ਰਾਹਤ ਮਿਲੀ ਹੈ । ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਹਿਲਾਂ ਜਿਹੜਾ ਓਵਰ-ਡਰਾ ਹੁੰਦਾ ਸੀ ਰਿਜ਼ਰਵ ਬੈਂਕ ਵਿਚੋਂ , ਇਸ ਵਾਰੀ ਉਹ ਵੀ ਸਰਕਾਰ ਨੇ ਬੰਦ ਕਰ ਦਿੱਤਾ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਇਹ ਬਜਟ ਕਿੰਨਾ ਚੰਗਾ ਹੈ । ਫਿਰ ਜਿਹੜੇ ਪ੍ਰੋਜੈਕਟਸ ਬਣਾਏ ਗਏ ਹਨ ਸਰਕਾਰ ਉਨ੍ਹਾਂ ਨੂੰ ਕੰਪਲੀਟ ਕਰਨ ਵਲ ਧਿਆਨ ਦੇ ਰਹੀ ਹੈ । ਬਿਜਲੀ ਦੀ ਸ਼ਾਰਟੇਜ ਹੈ ।(ਵਿਘਨ)

(ਇਸ ਸਮੇਂ ਵਿਦਿਆ ਮੰਤਰੀ,ਸਰਦਾਰ ਬਸੰਤ ਸਿੰਘ ਖਾਲਸਾ ਅਤੇ ਕੁਝ ਹੋਰ ਮੈਂਬਰਾਂ ਨੇ ਕੁਝ ਕਿਹਾ ਪਰ ਡਿਪਟੀ ਸਪੀਕਰ ਸਾਹਿਬ ਨੇ ਉਸ ਨੂੰ ਰਿਕਾਰਡ ਨਾ ਕਰਨ ਲਈ ਕਿਹਾ ** **

ਫਿਰ ਡਿਪਟੀ ਸਪੀਕਰ ਸਾਹਿਬ, ਜਿਹੜੀ ਇਕਨਾਮਿਕ ਡਿਸਪੈਰਿਟੀ ਹੈ ਉਸ ਨੂੰ ਦੂਰ ਕਰਨ ਲਈ ਇਹ ਸਰਕਾਰ ਯਤਨ ਕਰ ਰਹੀ ਹੈ ।(ਘੰਟੀ) ਫਿਰ ਡਿਪਟੀ ਸਪੀਕਰ ਸਾਹਿਬ, ਪੰਜਵੀਂ ਗਲ ਹੈ ਕਿ ਟੂ ਮੇਟੇਨ ਐਂਡ ਐਕਸਪੈਂਡ ਦੀ ਐਜੂਕੇਸ਼ਨ ਐਂਡ ਮੈਡੀਕਲ ਫੈਸੀਲੀਟੀਜ਼ । ਛੇਵੀਂ ਗਲ ਹੈ,ਅਰਬਨ ਡਿਵੈਲਪਮੈਂਟ ,ਸਤਵੀਂ ਗਲ ਹੈ ਰੋਜ਼-ਮੱਰਾ ਦੀਆਂ ਜਿਹੜੀਆਂ ਕਮਾਡਿਟੀਜ਼ ਹਨ । ਉਨ੍ਹਾਂ ਦੀ ਸਪਲਾਈ ਕਿ ਉਹ ਸਾਰਿਆਂ ਨੂੰ ਮਿਲਣ । ਫਿਰ ਡਿਪਟੀ ਸਪੀਕਰ ਸਾਹਿਬ, ਅਠਵੀਂ ਗਲ ਹੈ ਲਿੰਕ ਰੋਡਜ਼ ਅਤੇ ਟਾਂਸਪੋਰਟ ਦੀਆਂ ਸਹੂਲਤਾਂ ਪੇਂਡੂ ਲੋਕਾਂ ਨੂੰ ਦੇਣੀਆਂ,ਜਿਸ ਦੇ ਨਾਲ ਉਨ੍ਹਾਂ ਨੂੰ ਬਹੁਤ ਰਾਹਤ ਮਿਲੇਗੀ ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਾਵਰ ਦੀ ਸ਼ਾਰਟੇਜ ਹੈ ਜਿਸ ਨੂੰ ਦੂਰ ਕਰਨ ਵਾਸਤੇ ਟੋਟਲ ਆਊਟ ਲੇ ਜੋ ਹੈ ਉਸ ਵਿਚੋਂ 163.47 ਕਰੋੜ ਰੁਪਿਆ ਸਿਰਫ ਇਸ ਲਈ ਰਖਿਆ ਗਿਆ ਹੈ ਔਰ 70.31 ਕਰੋੜ ਰੁਪਿਆ ਬਾਕੀ ਪ੍ਰੋਜੈਕਟਸ ਲਈ । ਫਿਰ ਡਿਪਟੀ

**Not recorded as ordered by the Chair.

[ਸਰਦਾਰ ਬੇਅੰਤ ਸਿੰਘ]

ਸਪੀਕਰ ਸਾਹਿਬ ਇਥੇ ਥੀਨ ਡੈਮ ਦੀ ਗੱਲ ਚਲਦੀ ਰਹੀ। ਕੁਝ ਕਾਰਣਾਂ ਉਸ ਡੈਮ ਨੂੰ ਮਨਜ਼ੂਰੀ ਨਹੀਂ ਮਿਲ ਸਕੀ ਪਰ ਇਸ ਦੇ ਨਾਲ ਹੀ ਜੋ ਦੂਜੀਆਂ ਫਾਇਦੇਮੰਦ ਸਕੀਮਾਂ ਹਨ ਉਨ੍ਹਾਂ ਵਲ ਧਿਆਨ ਦਿੱਤਾ ਜਾ ਰਿਹਾ ਹੈ ਜਿਵੇਂ ਕਿ ਬਿਆਸ ਪ੍ਰਾਜੈਕਟ ਜੋ ਹੈ ਉਸ ਦੀ ਪਹਿਲੀ ਯੂਨਿਟ ਲਈ 135 ਲੱਖ ਰੁਪਿਆ ਰੱਖਿਆ ਗਿਆ ਹੈ ਅਤੇ ਦੂਜੀ ਯੂਨਿਟ ਲਈ 248 ਲੱਖ ਰੁਪਿਆ ਰੱਖਿਆ ਗਿਆ ਹੈ। ਇਨ੍ਹਾਂ ਸਕੀਮਾਂ ਦਾ ਸਬੰਧ ਐਗਰੀਕਲਚਰ ਨਾਲ ਹੈ ਅਤੇ ਮੈਂ ਸਮਝਦਾ ਹਾਂ ਕਿ ਐਗਰੀਕਲਚਰ ਹੀ ਇਸ ਮੁਲਕ ਦਾ ਧੁਰਾ ਹੈ ,ਸਾਰੇ ਮੁਲਕ ਦੀ ਪ੍ਰੋਗਰੈਸ ਇਸ ਐਗਰੀਕਲਚਰ ਤੇ ਹੀ ਡਿਪੈਂਡ ਕਰਦੀ ਹੈ। ਇਸ ਲਈ ਐਗਰੀਕਲਚਰ ਨੂੰ ਪਾਣੀ ਦੇਣ ਲਈ ਹੋਰ ਕਈ ਸਕੀਮਾਂ ਤੇ ਖਰਚ ਕੀਤਾ ਗਿਆ ਹੈ ਜਿਵੇਂ ਕਿ ਗੁਰੂ ਨਾਨਕ ਥਰਮਲ ਪਲਾਂਟ ਲਈ 1 ਕਰੋੜ ਤੋਂ ਵਧਾ ਕੇ 2 ਕਰੋੜ 81 ਲੱਖ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਅਨੰਦਪੁਰ ਹਾਈਡਲ ਪ੍ਰੋਜੈਕਟ ਲਈ 425 ਲੱਖ ਰੁਪਿਆ ਰੱਖਿਆ ਗਿਹਾ ਹੈ। ਮੁਕੇਰੀਆਂ ਲਈ 2 ਕਰੋੜ 50 ਲੱਖ ਅਤੇ ਥੀਨ ਡੈਮ ਦੇ ਲਈ 2 ਕਰੋੜ ਰੁਪਿਆ ਰੱਖਿਆ ਗਿਆ ਹੈ।

ਸ੍ਰੀ ਡਿਪਟੀ ਸਪੀਕਰ : ਹੁਣ ਵਾਈਂਡ ਅਪ ਕਰੋ। (Please wind up now)

ਸਰਦਾਰ ਬੇਅੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਵਾਈਂਡ ਅਪ ਕਰਨ ਤੋਂ ਪਹਿਲਾਂ ਮੈਂ ਅਰਜ਼ ਕਰਦਾ ਹਾਂ ਕਿ ਐਗਰੀਕਲਚਰ ਜੋ ਕਿ ਸਾਡੇ ਦੇਸ਼ ਦੀ ਇਕੋਨਮੀ ਦਾ ਧੁਰਾ ਹੈ ,ਇਸ ਲਈ ਬਹੁਤ ਸਾਰੀਆਂ ਛੋਟੀਆਂ ਛੋਟੀਆਂ ਸਕੀਮਾਂ ਬਣਾਇਆਂ ਗਈਆਂ ਹਨ, ਜਿਹੜੀਆਂ ਕਿ ਪੜ੍ਹਨ ਤੋਂ ਪਤਾ ਲਗਦੀਆਂ ਹਨ। ਫਿਰ ਹਰੀਜਨਾਂ ਭਰਾਵਾ ਦੀ ਗੱਲ ਕਰਦਾ ਹਾਂ ਕਿ ਮੈਂ ਇਸ ਗੱਲ ਦਾ ਕਾਇਲ ਹਾਂ ਕਿ ਜੋ ਛੋਟੇ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ 2 ਜਾਂ 3 ਏਕੜ ਜ਼ਮੀਨ ਹੈ ,ਉਨ੍ਹਾਂ ਨੂੰ ਵੀ ਮਦਦ ਮਿਲਨੀ ਚਾਹੀਦੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਇਸ ਪਾਸੇ ਵੀ ਧਿਆਨ ਦੇ ਰਹੀ ਹੈ ਅਤੇ ਇਕ ਮਿਲਚ ਸਕੀਮ ਚਾਲੂ ਕੀਤੀ ਹੈ। ਪਰ ਇਹ ਸਕੀਮ ਪੰਜਾਬ ਦੇ 12 ਜ਼ਿਲਿਆਂ ਵਿਚੋਂ ਸਿਰਫ 8 ਜ਼ਿਲਿਆਂ ਵਿਚ ਲਾਗੂ ਹੈ ਅਤੇ ਬਾਕੀ ਦੇ ਚਾਰ ਜ਼ਿਲੇ ਲੁਧਿਅਣਾ,ਫਰੀਦਕੋਟ, ਬਠਿੰਡਾ ਆਦਿ ਇਸ ਸਕੀਮ ਤੋਂ ਬਾਹਰ ਰਖੇ ਗਏ ਹਨ। ਇਸ ਸਕੀਮ ਅਨੁਸਾਰ ਛੋਟੇ ਕਿਸਾਨ ਜਿਨ੍ਹਾਂ ਕੋਲ 2 ਜਾਂ 3 ਏਕੜ ਜ਼ਮੀਨ ਹੈ ਉਨ੍ਹਾਂ ਨੂੰ 33% ਸਬਸਿਡੀ ਮਿਲੇਗੀ ਮਝਾਂ ਖਰੀਦਣ ਲਈ ਅਤੇ ਜਿਨ੍ਹਾਂ ਕੋਲ 5 ਏਕੜ ਜ਼ਮੀਨ ਹੈ ਉਨ੍ਹਾਂ ਨੂੰ 25% ਸਬਸਿਡੀ ਮਿਲੇਗੀ। ਪਰ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਜੋ ਸਬਸਿਡੀ ਦਿੰਦੀ ਹੈ ਸਰਕਾਰ ਇਹ ਸਿਰਫ ਇਕ ਮੱਝ ਵਾਸਤੇ ਹੀ ਦਿੰਦੀ ਹੈ। ਇਹ ਰੁਪਿਆ ਵਧਾ ਦੇਣਾ ਚਾਹੀਦਾ ਹੈ ਕਿਉਂਕਿ ਇਕ ਮੱਝ ਨਾਲ ਕਿਸੇ ਨੂੰ ਕੋਈ ਖਾਸ ਫਾਇਦਾ ਨਹੀਂ ਹੋ ਸਕਦਾ। ਮੈਂ ਸਮਝਦਾ ਹਾਂ ਕਿ ਡਿਪਟੀ ਸਪੀਕਰ ਸਾਹਿਬ ਇਕ ਮਝ ਦਾ ਦੁਧ ਤਾਂ ਘਰ ਹੀ ਵਰਤਿਆ ਜਾਂਦਾ ਹੈ। ਇਸ ਲਈ ਇਹ ਰੁਪਿਆ ਵਧਾ ਦੇਣਾ ਚਾਹੀਦਾ ਹੈ ਤਾਂ ਕਿ ਉਹ ਵਧ ਮੱਝਾਂ ਖਰੀਦ ਕੇ ਜ਼ਿਆਦਾ ਫਾਇਦਾ ਉਠਾ ਸਕਣ। ਘਟੋ ਘਟ ਉਹ 4 ਮਝਾਂ ਖਰੀਦ ਸਕਣ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਤਸ਼ਰੀਫ ਰਖੋ। (Please resume your seat now.)

ਸਰਦਾਰ ਬੇਅੰਤ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਬੈਠਣ ਤੋਂ ਪਹਿਲਾਂ 2—4 ਹੋਰ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਤਾਂ ਭਾਵੇਂ ਦੀ ਹੈ।

ਸ੍ਰੀ ਡਿਪਟੀ ਸਪੀਕਰ : ਇਹ ਤੁਸੀਂ ਰੈਪੀਟੀਸ਼ਨ ਕਰ ਰਹੇ ਹੋ, ਤਸ਼ਰੀਫ ਰਖੋ। (You are repeating your arguments. Please resume your seat.)

ਸਰਦਾਰ ਬੇਅੰਤ ਸਿੰਘ : ਚਲੋ ਠੀਕ ਹੈ ਜੀ ।

ਸਰਦਾਰ ਸੁਰਿੰਦਰ ਸਿੰਘ ਕੈਰੋਂ (ਪੱਟੀ): ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਅਗਲੇ ਸਾਲ ਲਈ ਜੋ ਬਜਟ ਪੇਸ਼ ਹੋਇਆ ਹੈ ਉਸ ਤੇ ਬੋਲਣ ਤੋਂ ਪਹਿਲਾਂ ਮੈਂ ਤੁਹਾਡੇ ਸਾਹਮਣੇ ਇਹ ਗੱਲ ਰੱਖਣੀ ਚਾਹੁੰਦਾ ਹਾਂ ਕਿ ਇਥੇ ਜੋ ਇਹ ਕਿਹਾ ਗਿਆ ਹੈ ਕਿ ਇਹ ਬਜਟ ਥੋਥਾ ਹੈ, ਇਸ ਵਿਚ ਕਿਸਾਨਾਂ ਲਈ ਕੁਝ ਨਹੀਂ ,ਹਰੀਜਨਾਂ ਲਈ ਕੁਝ ਨਹੀਂ ਰਖਿਆ ਗਿਆ ,ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ ਹੈ । ਬਜਟ ਨੂੰ ਪ੍ਰੋਪਰਲੀ ਐਪ੍ਰੀਸ਼ਿਏਟ ਕਰਨ ਤੋਂ ਪਹਿਲਾਂ ਸਾਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੇ ਸਾਹਮਣੇ ਕਿਹੜੀਆਂ ਔਕੜਾਂ ਹਨ । ਪਹਿਲਾਂ ਪੰਜਾਬ ਕੋਲ ਪਹਾੜ ਸੀ, ਜਿਨ੍ਹਾਂ ਤੇ ਡੈਮ ਬਣ ਸਕਦੇ ਸੀ । ਅਤੇ ਉਥੇ ਦਰਿਆਵਾਂ ਦਾ ਪਾਣੀ ਪੰਜਾਬ ਦੇ ਖੇਤਾਂ ਨੂੰ ਦਿਤਾ ਜਾ ਸਕਦਾ ਸੀ । ਜਿਥੇ ਗਰੀਬ ਹਰੀਜਨ ਲੋਕ ਡੈਮਾਂ ਤੇ ਕੰਮ ਕਰਕੇ ਆਪਣੀ ਪਰ ਕੈਪੀਟਾ ਇਨਕਮ ਵਧਾ ਸਕਦੇ ਸੀ । ਹਰਿਆਣੇ ਵਿਚ ਸਾਡੀ ਬਹੁਤ ਵੱਡੀ ਇੰਡਸਟਰੀ ਸੀ ਅਤੇ ਲੱਕੜ ਸੀ । ਅਜ ਉਹ ਸਾਡੇ ਕੋਲ ਨਹੀਂ ਉਹ ਕਿਹੜਾ ਵਿਰੋਧੀ ਦਲ ਹੈ ਜਿਸ ਨੇ ਪੰਜਾਬ ਨੂੰ ਇੰਨਾ ਛੋਟਾ ਕਰਵਾਇਆ ਹੈ ।(ਵਿਘਨ) ਡਿਪਟੀ ਸਪੀਕਰ ਸਾਹਿਬ, ਅੱਜ ਸਾਰੇ ਵਰਲਡ ਵਿਚ ਇਕਨੌਮਿਕ ਕਰਾਈਸਿਜ਼ ਹੈ। ਇਸ ਸਮੇਂ ਜਿਹੜਾ ਬਜਟ ਪੰਜਾਬ ਸਰਕਾਰ ਨੇ ਪੇਸ਼ ਕੀਤਾ ਹੈ ,ਇਹ ਦੇਖਣਾ ਹੈ ਕਿ ਉਹ ਕਾਂਗਰਸ ਪਾਰਟੀ ਦੀ ਜਿਹੜੀ ਨੀਤੀ ਹੈ, ਕਿਸਾਨਾਂ ਨੂੰ ਉਪਰ ਚੁਕਣ ਦੀ ,ਹਰੀਜਨਾਂ ਨੂੰ ਉਪਰ ਚੁਕਣ ਦੀ ,ਆਮ ਜਨਤਾ ਦੀ ਹਾਲਤ ਨੂੰ ਬਿਹਤਰ ਬਣਾਉਨ ਦੇ ਲਈ, ਜਿਹੜੀ ਨੀਤੀ ਕਿ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਵਿਚ ਚਲ ਰਹੀ ਹੈ, ਇਹ ਬਜਟ ਉਸ ਵਿਚ ਫਿਟ ਹੁੰਦਾ ਹੈ ਕਿ ਨਹੀਂ ।

ਡਿਪਟੀ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਐਜੂਕੇਸ਼ਨ ਲੈਂਦਾ ਹਾਂ। ਐਜੂਕੇਸ਼ਨ ਲਈ 1974-75 ਵਿਚ 48.74 ਲੱਖ ਰੁਪਿਆ ਰਖਿਆ ਗਿਆ ਸੀ ਪਰ ਹੁਣ 1975-76 ਵਿਚ ਇਹ ਰਕਮ ਵਧਾ ਕੇ 54.38 ਲੱਖ ਕਰ ਦਿਤੀ ਗਈ ਹੈ । ਇਸੇ ਤਰ੍ਹਾਂ ਸਕੂਲਾਂ ਦੀ ਗਿਣਤੀ ਵੀ ਵਧੀ ਹੈ । 1974-75 ਵਿਚ ਪ੍ਰਇਮਰੀ ਸਕੂਲ 7,084 ਸੀ, ਮਿਡਲ 995 ਅਤੇ ਹਾਈ ਅਤੇ ਹਾਇਰ ਸੈਕੰਡਰੀ 293 ਸੀ ਜਦੋਂ ਕਿ ਹੁਣ 1975-76 ਵਿਚ ਪ੍ਰਾਇਮਰੀ 9,542 ਮਿਡਲ 1,485 ਅਤੇ ਹਾਈ ਅਤੇ ਹਾਇਰ ਸਕੈਂਡਰੀ 484 ਹਨ । ਇਸੇ ਤੋਂ ਪਤਾ ਚਲਦਾ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਜੋ ਵਾਇਦਾ ਕੀਤਾ ਸੀ ਹਰ ਪਿੰਡ ਵਿਚ ਸਕੂਲ ਖੋਲ੍ਹਣ ਦਾ, ਉਸ ਵਲ ਤਕੜੇ ਹੋ ਕੇ ਧਿਆਨ ਦੇ ਰਹੀ ਹੈ ।(ਥੰਪਿੰਗ) ਫਿਰ ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਸਾਰੇ ਦੇਸ਼ ਵਿਚ ਪਹਿਲੀ ਸਰਕਾਰ ਹੈ ਜਿਸਨੇ ਕਿ ਵੋਕੇਸ਼ਨਲ ਸਰਵਿਸ ਸ਼ੁਰੂ ਕੀਤੀ ਹੈ ਜਿਸ ਨਾਲ ਕਿ ਸਕੂਲਾਂ ਕਾਲਜਾਂ ਤੋਂ ਬਾਹਰ ਨਿਕਲਣ ਤੇ ਵਿਦਿਆਰਥੀਆਂ ਨੂੰ ਸਰਵਿਸ ਨਾ ਮਿਲਣ ਕਰਕੇ ਮਾਰੇ ਮਾਰੇ ਨਾ ਫਿਰਨਾ ਪਵੇ । ਮੈਂ ਸਮਝਦਾ ਹਾਂ ਕਿ ਇਹ ਇਕ ਇਕੱਲੀ ਸਟੇਟ ਹੈ ਜਿਥੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਵੋਕੇਸ਼ਨਲ ਸਬਜੈਕਟਸ ਸਕੂਲਾਂ ਵਿਚ ਸ਼ੁਰੂ ਕਰਕੇ ਮੁੰਡਿਆਂ ਨੂੰ ਟਰੇਨਿੰਗ ਦੇਣੀ ਹੈ । ਇਸ ਲਈ 37·88 ਲੱਖ ਰੁਪਏ ਦੀ ਪ੍ਰੋਵੀਜ਼ਨ ਕੀਤੀ ਗਈ ਹੈ । (ਵਿਘਨ)

ਹੈਲਥ ਦੇ ਸਬੰਧ ਵਿਚ ਮੈਂ ਸਮਝਦਾ ਹਾਂ ਕਿ 1972 ਵਿਚ ਜ਼ਿਲ੍ਹਾ ਲੈਵਲ ਤੇ 7 ਹਸਪਤਾਲ ਸੀ ਜਦ ਕਿ ਹੁਣ ਇਹ 10 ਹਸਪਤਾਲ ਹਨ । ਤਹਿਸੀਲ ਲੈਵਲ ਤੇ ਪਹਿਲਾਂ ਇਹ 14 ਹਸਪਤਾਲ ਸਨ ਅਤੇ ਹੁਣ ਇਨ੍ਹਾਂ ਦਾ ਨੰਬਰ 20 ਹੈ । ਐਲੋਪੈਥੀ ਦੇ ਹਸਪਤਾਲ ਪਹਿਲਾਂ 125 ਸੀ ਅਤੇ ਹੁਣ ਇਹ 376 ਹਨ । ਕਲਾਸ (1) ਅਫਸਰ ਪਹਿਲਾਂ 78 ਸਨ ਅਤੇ ਹੁਣ 104 ਹਨ । ਇਸੇ ਤਰ੍ਹਾਂ ਕਲਾਸ (2) ਅਫਸਰ ਪਹਿਲਾਂ 1,100 ਸੀ ਅਤੇ ਹੁਣ 1,400 ਹਨ । ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਨਵਾਂ ਤਜ਼ਰਬਾ ਸ਼ੁਰੂ ਕੀਤਾ ਹੈ । ਮੈਡੀਕਲ ਮਸ਼ੀਨ ਲਾਗੂ ਕਰਕੇ ਲੋਕਾਂ ਦੀ ਸਿਹਤ ਵੇਖਣ ਬਾਰੇ ਇਹ ਤਜਰਬਾ ਨੌਂ ਜ਼ਿਲ੍ਹਿਆਂ ਵਿਚ ਹੋਇਆ ਹੈ। ਇਥੇ ਦੋ ਲੱਖ ਲੋਕਾਂ ਨੂੰ ਐਗਜ਼ਾਮਿਡ ਕਰਕੇ ਇਨ੍ਹਾਂ ਦੀ ਸੇਹਤ ਬਾਰੇ

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਧਿਆਨ ਕੀਤਾ ਗਿਆ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਥੇ ਮੇਰੀ ਸਰਕਾਰ ਲੋਕਾਂ ਨੂੰ ਤਾਲੀਮ ਦੇਣਾ ਚਾਹੁੰਦੀ ਹੈ ਉਥੇ ਇਹ ਵੀ ਚਾਹੁੰਦੀ ਹੈ ਕਿ ਪੰਜਾਬ ਦੀ ਜਨਤਾ ਤਕੜੀ ਹੋਵੇ ਅਤੇ ਇਹ ਬਾਰਡਰ ਦਾ ਸੂਬਾ ਤਕੜਾ ਹੋ ਕੇ ਪਾਕਿਸਤਾਨ ਦਾ ਮੁਕਾਬਲਾ ਕਰ ਸਕੇ ।

ਇਸ ਦੇ ਨਾਲ ਪੰਜਾਬ ਸਰਕਾਰ ਚਾਹੁੰਦੀ ਹੈ ਕਿ ਪਰ ਕੈਪੀਟਾ ਇਨਕਮ ਲੋਕਾਂ ਦੀ ਵਧੇ । ਇਸ ਦਾ ਇਕੱਲਾ ਬੋਝ ਐਗਰੀਕਲਚਰ ਤੇ ਨਾ ਪਵੇ ਤੇ ਇੰਡਸਟਰੀ ਤੇ ਬੋਝ ਵੀ ਪਵੇ । ਇੰਡਸਟਰੀ ਵਿਚ ਬਹੁਤ ਕੁਝ ਕੀਤਾ ਗਿਆ ਹੈ । 1975-76 ਪਿਛਲੇ ਸਾਲ ਨਾਲੋਂ 7.87 ਕਰੋੜ ਰੁਪਏ ਵਧ ਰਖੇ ਗਏ ਹਨ । 1972-73 ਵਿਚ 2640 ਸਮਾਲ ਸਕੇਲ ਯੂਨਿਟਸ ਰਜਿਸਟਰ ਕੀਤੇ ਗਏ ਸੀ । 1974—75 ਵਿਚ 4057 ਯੂਨਿਟਸ ਰਜਿਸਟਰ ਕੀਤੇ ਗਏ ਅਤੇ ਹੁਣ 37,000 ਸਮਾਲ ਸਕੇਲ ਯੂਨਿਟਸ ਰਜਿਸਟਰ ਕੀਤੇ ਗਏ ਹਨ । ਪਹਿਲਾਂ ਤਿੰਨ ਫੋਕਲ ਪੁਆਇੰਟਸ ਸਨ ਜਿਵੇਂ ਰਾਜਪੁਰਾ, ਢੰਡਾਰੀ ਕਲਾਂ, ਆਦਿ ਅਤੇ ਹੁਣ 26 ਫੋਕਲ ਪੁਆਇੰਟਸ ਹੋਰ ਬਣੇ ਹਨ ਜਿਨ੍ਹਾਂ ਵਿਚੋਂ 13 ਇਸ ਸਾਲ ਅਤੇ 13 ਅਗਲੇ ਸਾਲ ਹੋਣੇ ਹਨ । ਹੁਣ ਮੈਂ ਕੁਝ ਅੰਕੜੇ ਇਸ ਬਾਰੇ ਦਸਦਾ ਹਾਂ ।

1971—72 ਵਿੱਚ	12 ਲਾਈਸੈਂਸ ਲਏ ਗਏ
1972—73 ਵਿੱਚ	11 ਲਾਈਸੈਂਸ ਲਏ ਗਏ
1973—74 ਵਿੱਚ	20 ਲਾਈਸੈਂਸ ਲਏ ਗਏ
	24 ਲੈਟਰ ਆਫ ਇੰਟੈਂਟਸ ਲਏ ਗਏ
1974—75 ਵਿੱਚ	30 ਲੈਟਰ ਆਫ ਇੰਟੈਂਟਸ ਲਏ ਗਏ ।

ਫੈਕਟਰੀਜ਼ ਦੇ ਬਾਰੇ ਵਿਚ ਮੈਂ ਅਰਜ਼ ਕਰਦਾ ਹਾਂ ਕਿ ਕਰੋੜਾਂ ਰੁਪਏ ਦੇ ਕਾਰਖਾਨੇ ਪੰਜਾਬ ਵਿਚ ਲਗੇ ਹਨ । ਪਰ ਇਹ 1972 ਤੋਂ ਬਅਦ ਜਦ ਕਿ ਸਾਡੀ ਹੁਣ ਦੀ ਕਾਂਗਰਸ ਸਰਕਾਰ ਆਈ ਹੈ ਉਦੋਂ ਤੋਂ ਹੀ ਇਥੇ ਲਗੇ ਹਨ । ਇਸ ਨਾਲ ਲੱਖਾਂ ਲੋਕਾਂ ਨੂੰ ਇਥੋਂ ਰੁਜ਼ਗਾਰ ਮਿਲੇਗਾ । ਇਸ ਦੇ ਨਾਲ ਹੀ ਨਾਲ ਲੋਕਾਂ ਦੀ ਪਰ ਕੈਪੀਟਾ ਇਨਕਮ ਵਿਚ ਵਾਧਾ ਵੀ ਹੋਵੇਗਾ । ਪੰਜ ਵੱਡੇ ਯੂਨਿਟਸ ਪੀ.ਆਈ.ਡੀ.ਸੀ. ਦੀ ਕੋਲੈਬੋਰੇਸ਼ਨ ਨਾਲ ਚਲਾਏ ਗਏ ਹਨ । 130 ਕਰੋੜ ਰੁਪਏ ਦੀ ਫਰਟੇਲਾਈਜ਼ਰ ਫੈਕਟਰੀ ਬਠਿੰਡੇ ਵਿਚ ਲਗਾਉਣੀ ਹੈ । ਮੈਂ ਇਸ ਵਿਚ ਸੁਝਾਉ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਚੰਗੀ ਗਲ ਹੈ ਕਿ ਫਰਟੇਲਾਈਜ਼ਰ ਫੈਕਟਰੀ ਲਗਾਉਣੀ ਹੈ । ਮਗਰ ਇਹ ਉਥੇ ਲਗਾਉਣੀ ਚਾਹੀਦੀ ਹੈ ਜਿਥੇ ਪਹਿਲਾਂ ਅਸੀਂ ਇਹ ਐਸ਼ੋਅਰ ਕਰ ਲਈਏ ਕਿ ਉਥੇ ਬਿਜਲੀ ਮਿਲਦੀ ਰਹੇਗੀ । ਬਠਿੰਡੇ ਲਗਾਉ ਪਰ ਪਹਿਲਾਂ ਇਹ ਚੀਜ਼ ਐਸ਼ੋਅਰ ਕਰ ਲਉ ਕਿ ਬਿਜਲੀ ਉਥੇ ਮਿਲਦੀ ਰਹੇਗੀ ।

ਇਸ ਦੇ ਨਾਲ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਲਿੰਕ ਰੋਡਜ਼ ਦੀ ਗਲ ਕਰਨਾ ਚਾਹੁੰਦਾ ਹਾਂ । ਮੈਂ ਸਮਝਦਾ ਹਾਂ ਕਿ ਕਿਸਾਨਾਂ ਲਈ ਮੰਡੀਆਂ ਤਕ ਫਸਲਾਂ ਪਹੁੰਚਾਉਣ ਲਈ ਲਿੰਕ ਰੋਡਜ਼ ਦੀ ਬਹੁਤ ਜ਼ਰੂਰਤ ਹੈ । ਸਰਕਾਰ ਨੇ ਇਸ ਚੀਜ਼ ਦੇ ਲਈ ਜ਼ਿੰਮੇਵਾਰੀ ਸੰਭਾਲੀ ਅਤੇ ਇਥੇ ਫਲੋਰ ਆਫ ਦੀ ਹਾਊਸ ਤੇ ਕਿਹਾ ਗਿਆ ਕਿ ਪਿੰਡ ਪਿੰਡ ਵਿਚ ਲਿੰਕ ਰੋਡਜ਼ ਪਹੁੰਚਾਵਾਂਗੇ । ਪਿਛਲੀਆਂ ਸਰਦ,

ਵਾਂਗੂੰ ਕੋਈ ਮੂੰਹ ਜ਼ਬਾਨੀ ਗੱਲਾਂ ਨਹੀਂ ਕੀਤੀਆਂ ਗਈਆਂ ਮੇਰੀ ਹੁਣ ਦੀ ਸਰਕਾਰ ਨੇ ਇਸ ਪਾਸੇ ਕਾਫੀ ਕੁਝ ਕਰਕੇ ਵੀ ਵਿਖਾਇਆ ਹੈ । ਇਹ ਚੀਜ਼ ਹੇਠ ਦੱਸੇ ਅੰਕੜਿਆਂ ਤੋਂ ਸਿਧ ਹੋ ਜਾਏਗੀ । ਮਾਰਚ, 1972 ਤਕ 13,377 ਕਿਲੋ ਮੀਟਰ ਲੰਬੀਆਂ ਸੜਕਾਂ ਬਣਾਈਆਂ ਗਈਆਂ ਜਦ ਕਿ 1974 ਤਕ ਇਹ 23,22 ਕਿਲੋ ਮੀਟਰ ਸੜਕਾਂ ਬਣੀਆਂ। ਜਿਸ ਵਿਚੋਂ 16,000 ਕਿਲੋ ਮੀਟਰ ਸੜਕਾਂ ਉਹ ਬਣੀਆਂ ਹਨ ਜੋ ਕਿ ਪਿੰਡਾਂ ਨੂੰ ਮੰਡੀਆਂ ਨਾਲ ਕੁਨੈਕਟ ਕਰਦੀਆਂ ਹਨ । ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮੇਰੀ ਹੁਣ ਦੀ ਸਰਕਾਰ ਨੇ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਕਿਸਾਨਾਂ ਦੀ ਉਪਜ ਨੂੰ ਮੰਡੀਆਂ ਤਕ ਪਹੁੰਚਾਉਣ ਲਈ ਕਿੰਨਾ ਕੁਝ ਕੀਤਾ ਹੈ । ਹਰਿਆਣਾ ਅਤੇ ਪੰਜਾਬ ਹਾਈ ਕੋਰਟ ਨੇ ਜਵਾਬ ਦੇ ਦਿਤਾ ਸੀ ਕਿ ਮਾਰਕਿਟ ਕਮੇਟੀਆਂ ਨੇ ਪੈਸੇ ਨਹੀਂ ਦੇਣੇ । ਜਿਸ ਤੇ ਸਾਡੀ ਸਰਕਾਰ ਨੇ ਆਪਣੇ ਕੋਲੋਂ 3.5 ਕਰੋੜ ਰੁਪਏ ਦਿਤੇ ਅਤੇ ਐਤਕੀਂ ਸਾਢੇ ਅੱਠ ਕਰੋੜ ਰੁਪਏ ਦਾ ਪ੍ਰੋਵੀਜ਼ਨ ਕੀਤਾ ਗਿਆ ਹੈ ।

ਇਸ ਦੇ ਨਾਲ ਹੀ ਨਾਲ ਕਿਹਾ ਜਾਂਦਾ ਹੈ ਕਿ ਕਿਸਾਨਾਂ ਲਈ ਕੁਝ ਨਹੀਂ ਕੀਤਾ ਗਿਆ ਹੈ। ਪਿਛਲੇ ਸਾਲ ਬਾਰਿਸ਼ਾਂ ਘਟ ਹੋਈਆਂ। ਉਹਦੇ ਨਾਲ ਜਨਰਲ ਪ੍ਰਾਈਸ ਇੰਡੈਕਸ ਵਿਚ ਵਾਧਾ ਹੋਇਆ । ਇਹ ਇਕਨਾਮਿਕ ਕਰਾਈਸਿਸ ਸਾਰੇ ਵਰਲਡ ਵਿਚ ਆਇਆ । ਪਰ ਕੁਝ ਅੰਕੜੇ ਮੈਂ ਵਿਰੋਧੀ ਦਲ ਦੇ ਸਾਮਣੇ ਰੱਖਦਾ ਹਾਂ:—

1972—73	ਵਿੱਚ	76—ਪ੍ਰਤੀ ਕੁਇੰਟਲ ਕਣਕ ਵਿਕੀ
1973—74	ਵਿੱਚ	81— ਪ੍ਰਤੀ ਕੁਇੰਟਲ ਕਣਕ ਵਿੱਕੀ
1974—75	ਵਿੱਚ	115—ਪ੍ਰਤੀ ਕੁਇੰਟਲ ਕਣਕ ਵਿਕੀ
ਜੀਰੀ		
1972—73	ਵਿੱਚ	53—ਪ੍ਰਤੀ ਕੁਇੰਟਲ
1973—74	ਵਿੱਚ	70— ਪ੍ਰਤੀ ਕੁਇੰਟਲ
1974—75	ਵਿੱਚ	76—ਪ੍ਰਤੀ ਕੁਇੰਟਲ
ਮੱਕੀ		
1972—73	ਵਿੱਚ	58—ਪ੍ਰਤੀ ਕੁਇੰਟਲ
1973—74	ਵਿੱਚ	70—ਪ੍ਰਤੀ ਕੁਇੰਟਲ
1974—75	ਵਿੱਚ	140— ਪ੍ਰਤੀ ਕੁਇੰਟਲ

ਮੈਂ ਸਮਝਦਾ ਹਾਂ ਕਿ ਇਹਦੇ ਨਾਲ ਪੰਜਾਬ ਦੇ ਕਿਸਾਨ ਦੀ ਫਸਲ 1,034 ਕਰੋੜ ਰੁਪਏ ਦੀ ਚੰਗੀ ਵਿਕੀ ਹੈ ।

ਮਹਿੰਗਿਆ ਪਰਾਈਸ ਰਾਈਜ਼ ਕਰਕੇ ਪੈਟਰੋਲ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਉਹਦੇ ਨਾਲ ਫਰਟੇਲਾਈਜ਼ਰ,ਇਨਪੁਟਸ ਆਦਿ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ । ਇਹਦੇ ਬਾਵਜੂਦ ਮੇਰੀ ਸਰਕਾਰ ਨੇ ਆਪਣੀ ਕੋਸ਼ਿਸ਼ ਕੀਤੀ ਹੈ ਕਿ ਕਿਸਾਨ ਨੂੰ ਵੱਧ ਤੋਂ ਵੱਧ ਕੰਪਨਸੇਟ ਕੀਤਾ ਜਾ ਸਕੇ ।

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਟਿਊਬਵੈਲਜ਼ ਦੀ ਗਲ ਲੈ ਲਵੋ । ਮੰਨਿਆ ਪੰਜਾਬ ਛੋਟਾ ਹੋਣ ਕਰਕੇ ਸਾਡੇ ਵੀਰਾਂ ਨੂੰ ਸਮਝ ਨਹੀਂ ਆਈ । ਪੰਜਾਬ ਨੂੰ ਛੋਟਾ ਬਣਾ ਲਿਆ । ਪਰ ਫੇਰ ਵੀ ਜਿਥੇ ਪਹਿਲਾਂ 1972—73 ਵਿਚ 3 ਲੱਖ 62 ਹਜ਼ਾਰ ਵਿਊਬਵੈਲਜ਼ ਸੀ ਉਸ ਤੋਂ ਬਾਅਦ 30 ਸਤੰਬਰ, 1974 ਤਕ 4 ਲੱਖ 28 ਹਜ਼ਾਰ ਟਿਊਬ-ਵੈਲਜ਼ ਹਨ । ਬਾਰਡਰ ਦੇ ਇਲਾਕੇ ਵਿਚ 50% ਸਬਸਿਡੀ ਦਿਤੀ ਗਈ ਹੈ। ਉਥੇ ਟਿਊਬਵੈਲਜ਼ ਲਗਾਏ ਗਏ ਹਨ ਤਾਂ ਕਿ ਲੋਕ ਉਥੇ ਬਾਰਡਰ ਦੇ ਇਲਾਕੇ ਵਿਚ ਵੀ ਖੇਤੀ ਕਰ ਸਕਣ । ਮੇਰਾ ਜ਼ਿਲ੍ਹਾ ,ਮੇਰੀ ਤਹਿਸੀਲ ਬਾਰਡਰ ਦਾ ਇਲਾਕਾ ਹੈ। ਮੈਨੂੰ ਪਤਾ ਹੈ ਕਿ ਲੋਕਾਂ ਨੂੰ ਉਥੇ ਕਿੰਨਾ ਇਨਸੈਂਟਿਵ ਦਿਤਾ ਗਿਆ ਹੈ । ਜਿਸ ਵੇਲੇ ਬਾਰਸ਼ਾਂ ਨਾ ਹੋਈਆਂ ਪੰਜਾਬ ਦਾ ਕਿਸਾਨ ਔਖ ਮਹਿਸੂਸ ਕਰਨ ਲਗਾ ਤਾਂ ਉਸ ਵੇਲੇ ਨੰਗਲ ਫਰਟੇਲਾਈਜ਼ਰ ਫੈਕਟਰੀ ਨੂੰ ਬਿਜਲੀ ਬੰਦ ਕਰਕੇ ਪੰਜਾਬ ਦੇ ਕਿਸਾਨ ਨੂੰ ਬਿਜਲੀ ਦਿਤੀ ਗਈ । (ਵਿਘਨ) ਡੀਜ਼ਲ ਦੀ ਪੁਜ਼ੀਸ਼ਨ ਲੈ ਲਵੋ । ਅਗਸਤ—ਸਤੰਬਰ,1974 ਤਕ 1 ਲੱਖ 55 ਹਜ਼ਾਰ ਕਿਲੋ ਲਿਟਰਜ਼ ਦਿਤਾ ਗਿਆ ਜਦੋਂ ਕਿ 1972 ਵਿਚ ਇਹ ਸਿਰਫ 48 ਹਜ਼ਾਰ ਕਿਲੋ ਲਿਟਰਜ਼ ਡੀਜ਼ਲ ਦਿਤਾ ਗਿਆ ਸੀ । ਮੇਰੇ ਕਹਿਣ ਦਾ ਭਾਵ ਇਹ ਹੈ ਕਿ (ਘੰਟੀ) ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਬਾਰਡਰ ਦੇ ਲੋਕਾਂ ਲਈ, ਕਿਸਾਨਾਂ ਲਈ ਮੇਰੀ ਸਰਕਾਰ ਨੇ ਇਸ ਆਊਟ ਲੇ ਤੇ 8 ਕਰੋੜ 8 ਲੱਖ ਰੁਪਏ ਖਰਚ ਕਰਨ ਦੀ ਨੀਤੀ ਬਣਾਈ ਹੈ । (ਵਿਘਨ) ਇਹ ਪੰਜਾਬ ਸਰਕਾਰ ਦੇ ਕੰਮ ਹਨ (ਸ਼ੋਰ) ਇਹ ਮੁਕਤੀ ਬਾਹਣੀ ਜਾਂ ਯੂ.ਐਨ.ਓ. ਨਹੀਂ ਹੈ (ਵਿਘਨ) ਉਹ ਸਰਕਾਰ ਜਿਸ ਵਿਚ ਮੈਂ ਇਕ ਮੈਂਬਰ ਹਾਂ,ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਐਨਾ ਕੁਝ ਕੀਤਾ ਹੈ । (ਵਿਘਨ) ਇਹ ਸੂਬਾ ਆਪਣਾ ਹੈ । ਇਹ ਯੂ.ਐਨ.ਓ. ਦੀਆਂ ਗੱਲਾਂ ਕਰਦੇ ਹਨ (ਵਿਘਨ) ਇਸ ਤਰ੍ਹਾਂ ਕਰਕੇ ਪੰਜਾਬ ਨੂੰ ਛੋਟਾ ਨਾ ਕਰੋ, ਇਹ ਪੰਜਾਬ ਮਸਾਂ ਆਪਣੇ ਪੈਰਾਂ ਤੇ ਖੜੋਣ ਲਗਾ ਹੈ (ਵਿਘਨ) ਹੁਣ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੋ । ਨਹੀਂ ਤਾਂ ਮੁੜ ਕੇ ਕੋਈ ਟਰਿਹ ਅੰਮ੍ਰਿਤਸਰ ਨਹੀਂ ਪਹੁੰਚਣੀ ।

ਇਸ ਤੋਂ ਇਲਾਵਾ ਗੌਰਮਿੰਟ ਨੇ ਮਹਿਸੂਸ ਕੀਤਾ ਕਿ ਇਸ ਵੇਲੇ ਕਿੰਨਾ ਕੁ ਪਰੈਸ਼ਰ ਹੈ, ਪੰਜਾਬ ਦੇ ਕਿਸਾਨਾਂ ਤੇ । ਇਨ੍ਹਾਂ ਨੂੰ ਮੀਡੀਅਮ ਟਰਮ, ਅਤੇ ਲੌਂਗ ਟਰਮ ਲੋਨਜ਼ ਦਿਤੇ ਗਏ । 14 ਕਰੋੜ ਰੁਪਏ ਦੇ ਕਰਜ਼ੇ ਇਨ੍ਹਾਂ ਨੂੰ ਟਰੈਕਟਰਜ਼ ਖਰੀਦਣ ਲਈ ਅਤੇ ਟਿਊਬਵੈਲਜ਼ ਲਗਾਉਣ ਲਈ ਦਿਤੇ ਗਏ। ਕੋਆਪਰੇਟਿਵ ਮਹਿਕਮੇ ਨੂੰ ਕਿਹਾ ਗਿਆ ਹੈ ਕਿ ਇਨ੍ਹਾਂ ਲੋਕਾਂ ਦੀ ਵਧ ਤੋਂ ਵਧ ਮਦਦ ਕਰੋ । ਮੰਨਿਆਂ ਕਿ ਇਨ—ਪੁਟਸ ਵਿਚ, ਕਾਸਟ ਆਫ ਪ੍ਰੋਡਕਸ਼ਨ ਵਿਚ ਰਾਈਜ਼ ਆਈ ਹੈ ਪਰ ਜੇ ਅੰਕੜੇ ਇਕਠੇ ਕਰਕੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਜਿਸ ਦੀ ਇੰਦਰਾ ਗਾਂਧੀ ਅਗਵਾਈ ਕਰ ਰਹੀ ਹੈ,ਇਸ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਕਣਕ ਵਿਚੋਂ ਕਿੰਨਾਂ ਫਾਇਦਾ ਪਹੁੰਚਾਇਆ ਹੈ । (ਥੰਪਿੰਗ) ਇਸ ਦੇ ਨਾਲ ਨਾਲ ਸਾਡੀ ਸਰਕਾਰ, ਕਾਂਗਰਸ ਸਰਕਾਰ ਜਿਸ ਦੀ ਕਿ ਇੰਦਰਾ ਗਾਂਧੀ ਅਗਵਾਈ ਕਰ ਰਹੀ ਹੈ, ਇਹ ਸਰਕਾਰ ਵੀਕਰ ਸੈਕਸ਼ਨ ਨਾਲ ਕਮਿਟਿਡ ਹੈ । ਅਸੀਂ ਸਮਝਦੇ ਹਾਂ ਕਿ ਪੰਜਾਬ ਦੀ ਗ਼ਰੀਬ ਜਨਤਾ ਨੂੰ ਉਤਾਂਹ ਚੁਕਣਾ ਚਾਹੀਦਾ ਹੈ ਜੋ ਕਿ ਇਸ ਸਰਕਾਰ ਨੇ ਕਰਕੇ ਦਿਖਾਇਆ ਹੈ (ਵਿਘਨ) ਮੈਂ ਅੰਕੜੇ ਕੋਟ ਕਰਕੇ ਗੱਲ ਕਰਾਂਗਾ । 1972—73 ਵਿਚ 2,576 ਧਰਮਸ਼ਾਲਾਵਾਂ ਬਣੀਆਂ ਅਤੇ ਹੁਣ 4,770 ਧਰਮਸ਼ਾਲਾਵਾਂ ਸੈਂਕਸ਼ਨ ਹੋਈਆਂ ਹਨ । 1972 ਵਿਚ ਪਹਿਲੀ ਵਾਰ ਇਸ ਸਮਾਜਵਾਦੀ ਸਰਕਾਰ ਨੇ ਦੇਖਿਆ ਕਿ ਜਿਹੜੇ ਲੋਕ ਪਿੰਡਾਂ ਵਿਚ ਇਨ੍ਹਾਂ ਬਸਤੀਆਂ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਪਿੰਡਾਂ ਵਿਚ ਲੋਕ ਚੰਗੀ ਤਰ੍ਹਾਂ ਵਸਣ ਨਹੀਂ ਦਿੰਦੇ ਅਤੇ ਉਨ੍ਹਾਂ ਦੀਆਂ ਬਸਤੀਆਂ ਚੰਗੀਆਂ ਨਹੀਂ ਹਨ ਇਸ ਵਾਸਤੇ ਸਰਕਾਰ ਨੇ ਉਨ੍ਹਾਂ ਲੋਕਾਂ ਵਾਸਤੇ ਇਨਵਾਇਰਨਮੈਂਟ ਸਕੀਮ ਚਲਾਈ । (ਵਿਘਨ) ਡਿਪਟੀ ਸਪੀਕਰ ਸਾਹਿਬ,

ਇਨ੍ਹਾਂ ਨੂੰ ਦੁੱਖ ਇਸ ਗੱਲ ਦਾ ਹੈ ਕਿ ਇਹ ਸਰਕਾਰ ਕਾਮਯਾਬ ਕਿਉਂ ਹੋਈ ਹੈ ਅਤੇ ਇਹ ਸਰਕਾਰ ਗਰੀਬਾਂ ਅਤੇ ਹਰੀਜਨਾਂ ਵਿਚ ਪਾਪੂਲਰ ਕਿਉਂ ਹੈ । ਅਸੀਂ ਜੋ ਕੁਝ ਹਰੀਜਨਾਂ ਲਈ ਕੀਤਾ ਹੈ, ਉਹ ਮੈਂ ਰਪੀਟ ਕਰਦਾ ਹਾਂ । ਸਾਡੀ ਸਰਕਾਰ ਨੇ ਅਨੁਸੂਚਿਤ ਜਾਤੀਆਂ ਲਈ ਰਿਜ਼ਰਵੇਸ਼ਨ 20% ਤੋਂ 25% ਕੀਤੀ ਹੈ ਅਤੇ ਪਛੜੀਆਂ ਸ਼ਰੇਣੀਆਂ ਲਈ ਰਿਜ਼ਰਵੇਸ਼ਨ 2% ਤੋਂ 5% ਕੀਤੀ ਹੈ । ਡਿਪਟੀ ਸਪੀਕਰ ਸਾਹਿਬ, ਅਸੀਂ ਪੁਲਿਸ ਵਿਚ 40% ਰਿਜ਼ਰਵੇਸ਼ਨ ਕੀਤੀ ਹੈ ਅਤੇ ਇਸ ਵਿਚ ਪਛੜੀਆਂ ਜਾਤੀਆਂ ਦੇ 10% ਲਏ ਜਾਣਗੇ । ਕਲਾਸ 1 ਅਤੇ 2 ਵਿਚ ਰਿਜ਼ਰਵੇਸ਼ਨ ਇਨ ਪਰਮੋਸ਼ਨ 14% ਤੋਂ 20% ਕੀਤੀ ਹੈ । ਪਛੜੀਆਂ ਸ਼ਰੇਣੀਆਂ ਲਈ ਜਿਨ੍ਹਾਂ ਦੀ ਆਮਦਨ 1,800 ਰੁਪਏ ਤੋਂ ਉਪਰ ਹੋ ਜਾਂਦੀ ਸੀ ਉਹ ਪਛੜੀਆਂ ਸ਼ਰੇਣੀਆਂ ਵਿਚੋਂ ਨਿਕਲ ਜਾਂਦੇ ਸੀ ਪਰ ਹੁਣ ਇਸ ਸਰਕਾਰ ਨੇ ਪਛੜੀਆਂ ਸ਼ਰੇਣੀਆਂ ਦਾ ਧਿਆਨ ਕਰਦੇ ਹੋਏ ਉਨ੍ਹਾਂ ਦੀ ਲਿਮਿਟ 6 ਹਜ਼ਾਰ ਰੁਪਏ ਕਰ ਦਿਤੀ ਹੈ ਤਾਕਿ ਉਹ ਵੀ ਵਜ਼ੀਫਾ ਲੈ ਸਕਣ । ਇਸ ਦੇ ਨਾਲ ਹੀ ਨਾਲ ਇਥੇ ਸਮਾਜਵਾਦੀ ਸਰਕਾਰ ਨੇ ਇਹ ਮਹਿਸੂਸ ਕੀਤਾ ਹੈ ਕਿ ਮੈਡੀਕਲ ਕਾਲਜਾਂ ਵਿਚ ਦਾਖਲੇ ਲਈ ਜਿਥੇ ਲੋਕੀਂ ਝੂਠੇ ਸਰਟੀਫਿਕੇਟ ਬਣਾਕੇ ਦਾਖ਼ਲਾ ਲੈ ਲੈਂਦੇ ਸੀ ਉਸ ਦੀ ਇਨਕੁਆਰੀ ਕਰਾਈ ਹੈ । ਮੈਂ ਸਮਝਦਾ ਹਾਂ ਕਿ ਇਸ ਬਾਰੇ ਜਿੰਨੇ ਬੰਦਿਆਂ ਦੇ ਖਿਲਾਫ ਇਨਕੁਆਰੀ ਹੋਈ ਹੈ ਉਹ ਵਿਰੋਧੀ ਦਲ ਦੇ ਬੰਦਿਆਂ ਦੇ ਨਾਲ ਜ਼ਿਆਦਾ ਤਾਲੁਕ ਰਖਦੇ ਹਨ (ਤਾੜੀਆਂ) (ਵਿਘਨ)।

ਹੁਣ ਮੈਂ ਪਾਵਰ ਦੀ ਗੱਲ ਕਰਦਾ ਹਾਂ । ਡਿਪਟੀ ਸਪੀਕਰ ਸਾਹਿਬ, ਪੰਜਾਬ ਇਕ ਛੋਟਾ ਜਿਹਾ ਸੂਬਾ ਹੈ । ਇਸ ਸੂਬੇ ਨੂੰ ਪੂਰੀ ਬਿਜਲੀ ਨਹੀਂ ਮਿਲੀ ਹਾਲਾਂਕਿ ਇਥੋਂ ਬਿਜਲੀ ਜ਼ਿਆਦਾ ਹੋਕੇ ਬਾਹਰ ਜਾਂਦੀ ਹੈ ਮਗਰ ਇਸ ਨੂੰ ਪੂਰੀ ਬਿਜਲੀ ਨਹੀਂ ਮਿਲ ਰਹੀ । ਬਠਿੰਡਾ ਥਰਮਲ ਪਲਾਂਟ 22 ਸਤੰਬਰ, 1974 ਨੂੰ ਚਾਲੂ ਹੋਇਆ ਸੀ ।

ਸਰਦਾਰ ਰਣਧੀਰ ਸਿੰਘ ਚੀਮਾ : ** **

Mr. Deputy Speaker : This is no point of order.

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਗੁਰੂ ਨਾਨਕ ਥਰਮਲ ਪਲਾਂਟ 22 ਸਤੰਬਰ,1974 ਨੂੰ ਚਾਲੂ ਹੋਇਆ ਸੀ । ਇਸ ਦੇ ਖਿਲਾਫ ਬੜਾ ਰੌਲਾ ਪੈਂਦਾ ਹੈ । (ਘੰਟੀ)

Mr. Deputy Speaker : Please wind up.

ਸਰਦਾਰ ਸੁਰਿੰਦਰ ਸਿੰਘ ਕੈਰੋਂ : ਡਿਪਟੀ ਸਪੀਕਰ ਸਾਹਿਬ, ਰੂਰਲ ਇਲੈਕਟਰੀਫੀਕੇਸ਼ਨ ਅਨੁਸਾਰ 12 ਹਜ਼ਾਰ ਟਿਊਬਵੈਲ ਦਿਤੇ ਗਏ । ਡਿਪਟੀ ਸਪੀਕਰ ਸਾਹਿਬ, ਪੰਚਾਇਤੀ ਰਾਜ ਲਈ ਜੋ ਡਾਇਰੈਕਟੋਰੇਟ ਬਣਿਆ ਹੈ ਇਸ ਨਾਲ ਤੁਹਾਨੂੰ ਪਤਾ ਹੈ ਕਿ ਲੋਕਾਂ ਵਿਚ ਡੈਮੋਕਰੇਸੀ ਪਿੰਡ ਵਾਲਿਆਂ ਵਿਚ ਫਲੱਰਿਸ਼ ਕਰ ਰਹੀ ਹੈ, ਇਹ ਤੁਹਾਡੇ ਸਾਹਮਣੇ ਹੈ । ਮੈਂ ਸਰਕਾਰ ਦੀ ਸ਼ਲਾਘਾ ਕਰਦਾ ਹੋਇਆ ਇਹ ਵੀ ਕਹਾਂਗਾ ਕਿ ਇਹ ਸਰਕਾਰ ਦੇਸ਼ ਭਗਤਾਂ ਦੀ ਸਰਕਾਰ ਹੈ । ਇਹ ਦੇਸ਼ ਭਗਤ ਨੂੰ ਪਿਆਰ ਕਰਨ ਵਾਲੀ ਸਰਕਾਰ ਹੈ । ਇਸ ਸਰਕਾਰ ਨੇ ਸ਼ਹੀਦਾਂ ਨੂੰ ਪੂਰਾ ਮਾਣ ਦਿੱਤਾ ਹੈ । ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਇੰਗਲੈਂਡ ਵਿਚੋਂ ਲਿਆਂਦੀਆਂ ਗਈਆਂ । ਸ਼ਹੀਦ ਭਗਤ ਸਿੰਘ ਦੀ ਮਾਤਾ ਨੂੰ ਸਨਮਾਨਿਆ ਗਿਆ । ਸੇਵਾ ਸਿੰਘ ਠੀਕਰੀ ਵਾਲਾ ਦੀ ਬੀਵੀ ਨੂੰ ਸਨਮਾਨ ਦਿਤਾ ਗਿਆ ਹੈ । ਸਰਦਾਰ ਕਰਨੈਲ ਸਿੰਘ ਦੇ ਖਾਨਦਾਨ ਨੂੰ ਇਜ਼ਤ ਬਖਸ਼ੀ ਹੈ । ਡਿਪਟੀ ਸਪੀਕਰ ਸਾਹਿਬ, ਇਹ ਨੈਸ਼ਨੇ—ਲਿਸਟਾਂ ਦੀ ਸਰਕਾਰ ਹੈ । ਇਹ ਉਨ੍ਹਾਂ ਦੀ ਸਰਕਾਰ ਹੈ ਜਿਨ੍ਹਾਂ ਨੇ ਜੇਲ੍ਹਾਂ ਕੱਟੀਆਂ ਹਨ ਅਤੇ ਜਿਸ

**Expunged as ordered by the Chair.

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਨੇ ਜਨਤਾ ਦੀ ਕਦਰ ਕੀਤੀ ਹੈ । ਜਿਨ੍ਹਾਂ ਲੋਕਾਂ ਨੇ ਆਜ਼ਾਦੀ ਲਈ ਕੁਰਬਾਨੀ ਕੀਤੀ ਹੈ ਇਹ ਸਰਕਾਰ ਉਨ੍ਹਾਂ ਦੀ ਕਦਰ ਕਰਦੀ ਹੈ। ਆਖੀਰ ਵਿਚ ਮੈਂ ਬੰਦ ਕਰਦਾ ਹੋਇਆ ਆਪਣੀ ਵਿਰੋਧੀ ਪਾਰਟੀ ਨੂੰ ਬੇਨਤੀ ਕਰਾਂਗਾ ਕਿ ਉਹ ਸਰਕਾਰ ਨੂੰ ਤਕੜੇ ਹੋਕੇ ਕੋਆਪਰੇਸ਼ਨ ਦੇਣ ਅਤੇ ਇਸ ਪੰਜਾਬ ਦੇ ਅਮਨ ਨੂੰ ਡਿਸਟਰਬ ਨਾ ਕਰਨ ਅਤੇ ਮੁਕਤੀ ਬਾਹਣੀ ਬਣਾ ਕੇ ਯੂ.ਐਨ.ਓ. ਦੀਆਂ ਗੱਲਾਂ ਕਰਕੇ, ਇਸ ਕੌਮ ਨੂੰ ਸ਼ੱਕ ਨਾ ਪਾਉਣ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪੁਆਇੰਟ ਆਫ ਆਰਡਰ ਸਰ । ਡਿਪਟੀ ਸਪੀਕਰ ਸਾਹਿਬ, ਸਾਡੇ ਆਦਮੀਆਂ ਨੂੰ ਟਾਈਮ ਮਿਲਣਾ ਚਾਹੀਦਾ ਹੈ ।

ਸਰਦਾਰ ਕਿਰਪਾਲ ਸਿੰਘ ਰੰਧਾਵਾ (ਮਜੀਠਾ): ਡਿਪਟੀ ਸਪੀਕਰ ਸਾਹਿਬ, ਇਹ ਜੋ 1975-76 ਦਾ ਬਜਟ ਪੇਸ਼ ਹੋਇਆ ਹੈ ਇਸ ਉਤੇ ਮੈਂ ਕੋਈ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ। ਪਰ ਏਸ ਦੇਸ਼ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਅਤੇ ਜ਼ਰਾਇਤੀ ਦੀ ਪੈਦਾਵਾਰ ਜੋ ਹੈ ਉਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਸ ਦੇਸ਼ ਵਿਚ 70% ਲੋਕ ਐਸੇ ਹਨ ਜਿਹੜੇ ਕਿ ਆਪਣੇ ਖਾਣ ਪੀਣ ਦਾਲਾਂ ਰੋਟੀ ਆਦਿ ਤੇ ਇਹੋ ਜਿਹਾ ਖ਼ਰਚ ਕਰਦੇ ਹਨ । ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਸਾਡੀ ਕਾਂਗਰਸ ਸਰਕਾਰ ਨੇ ਐਗਰੀਕਲਚਰ ਨੂੰ ਇਸ ਬਜਟ ਵਿਚ ਬੜੀ ਮਹਾਨਤਾ ਦਿਤੀ ਹੈ । ਮੈਂ ਇਸ ਗਲ ਦੀ ਸ਼ਲਾਘਾ ਕਰਦਾ ਹਾਂ ਅਤੇ ਸਰਕਾਰ ਨੂੰ ਵਧਾਈ ਦੇਂਦਾ ਹਾਂ (ਤਾੜੀਆਂ) ਜਿਥੋਂ ਤਕ ਵਿਰੋਧੀ ਦੋਸਤਾਂ ਦੀ ਗੱਲ ਦਾ ਸਵਾਲ ਹੈ ਉਨ੍ਹਾਂ ਨੇ ਕਿਹਾ ਹੈ ਕਿ ਥੀਨ ਡੈਮ ਕਿਉਂ ਨਹੀਂ ਬਣਾਇਆ ਅਤੇ ਇਸ ਨੂੰ ਤੇਜ਼ੀ ਨਾਲ ਬਣਾਉਣਾ ਚਾਹੀਦਾ ਹੈ ਤਾਂਕਿ ਪੰਜਾਬ ਵਿਚ ਸੋਕਾ ਨਾ ਰਹੇ ।(ਵਿਘਨ) ਬਟਾਲਾ ਜੀ ਨੇ ਗਿਲਾ ਕੀਤਾ ਹੈ ਕਿ ਥੀਨ ਡੈਮ ਨਹੀਂ ਬਣਾਇਆ । ਇਹ ਠੀਕ ਹੈ ਕਿ ਥੀਨ ਡੈਮ ਨਹੀਂ ਬਣਿਆ ਪਰ ਇਹ ਕਈ ਟੈਕਨੀਕਲ ਗੱਲਾਂ ਕਰਕੇ ਨਹੀਂ ਬਣਿਆ । ਲੇਕਿਨ ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਜਦੋਂ ਇਹ ਇਥੇ ਪੰਜਾਬ ਦੇ ਵਾਲੀ ਵਾਰਿਸ ਸਨ, ਉਦੋਂ ਰੋਪੜ ਹੈਡ ਵਰਕਸ ਅਤੇ ਹੋਰ ਕੁਝ ਵਰਕਸ ਰੀਆਰਗੇਨਾਈਜ਼ੇਸ਼ਨ ਐਕਟ ਦੇ ਵਿਚ ਸੈਂਟਰਲ ਮੈਨੇਜਮੈਂਟ ਦੇ ਹਵਾਲੇ ਕੀਤੇ ਗਏ । ਉਦੋਂ ਇਨ੍ਹਾਂ ਨੇ ਉਂਗਲ ਕਿਉਂ ਨਾ ਉਠਾਈ। ਸਾਰੇ ਹਿੰਦੋਸਤਾਨ ਵਿਚ ਸੂਬਿਆਂ ਵਿਚ ਰੀਆਰਗੇਨਾਈਜ਼ੇਸ਼ਨ ਹੋਈ ਅਤੇ ਪੰਜਾਬ ਵਿਚ ਹੀ ਨਹੀਂ ਬਾਕਿ ਹੋਰਨਾਂ ਸੂਬਿਆਂ ਵਿਚ ਵੀ ਪਾਣੀ ਦੇ ਝਗੜੇ ਹਨ । ਪਰ ਮੈਂ ਇਨ੍ਹਾਂ ਸਾਥੀਆਂ ਨੂੰ ਪੁੱਛਦਾ ਹਾਂ ਕਿ ਇਨ੍ਹਾਂ ਨੇ ਉਸ ਵੇਲੇ ਇਨ੍ਹਾਂ ਗੱਲਾਂ ਵੱਲ ਧਿਆਨ ਕਿਉਂ ਨਾ ਦਿਤਾ ? ਕਿਤੇ ਵੀ ਹੈਡ ਵਰਕਸ ਸੂਬਿਆਂ ਦੀ ਵੰਡ ਵਿਚ ਨਹੀਂ ਗਿਆ ।(ਵਿਘਨ) ਜੇ ਰਾਵੀ ਦਰਿਆ ਦਾ ਪਾਣੀ ਪਾਕਿਸਤਾਨ ਨੂੰ ਚਲਾ ਗਿਆ ਤਾਂ ਕੀ ਹੋ ਗਿਆ । ਪਾਕਿਸਤਾਨ ਨੀਵੇਂ ਪਾਸੇ ਵੱਲ ਹੈ ਅਤੇ ਪਾਣੀ ਨੇ ਨੀਵੇਂ ਪਾਸੇ ਵਲ ਹੀ ਜਾਣਾ ਹੈ । ਪਾਕਿਸਤਾਨ ਵਾਲੇ ਕਿਹੜੇ ਬਿਗਾਨੇ ਹਨ,ਕਿਉਂਕਿ ਉਨ੍ਹਾਂ ਨਾਲ ਰਲਕੇ ਤੁਸੀਂ ਮੁਕਤੀ ਬਾਹਿਣੀ ਬਣਾਉਂਦੇ ਹੋ ਅਤੇ ਹੋਰ ਅਜਿਹੀਆਂ ਗਲਾਂ ਕਰਦੇ ਹੋ । ਇਸ ਲਈ ਜੇ ਪਾਣੀ ਉਨ੍ਹਾਂ ਨੂੰ ਚਲਾ ਗਿਆ ਤਾਂ ਕੋਈ ਗੱਲ ਨਹੀਂ ।

ਮੈਂ ਸਮਝਦਾ ਹਾਂ ਕਿ ਜ਼ਰਾਇਤ ਦੇ ਵਾਸਤੇ ਜੋ ਸਰਕਾਰ ਨੇ ਕੀਤਾ ਹੈ ਇਹ ਬੜੇ ਸ਼ਲਾਘਾ ਯੋਗ ਕਦਮ ਹਨ । ਨਵੇਂ ਪ੍ਰਾਜੈਕਟਸ ਬਣਾਏ ਹਨ । ਮੈਂ ਬੇਨਤੀ ਕਰਾਂਗਾ ਕਿ ਇਸ ਵੇਲੇ ਪੰਜਾਬ ਵਿਚ 16-17 ਲੱਖ ਏਕੜ ਕੱਲਰ ਵਾਲੀ ਜ਼ਮੀਨ ਹੈ । ਇਸ ਤਰ੍ਹਾਂ ਹੋਰ ਕਾਰਪੋਰੇਸ਼ਨਾਂ ਹਨ ਉਸੇ ਤਰ੍ਹਾਂ ਹੀ ਕੱਲਰ ਵਾਲੀ ਜ਼ਮੀਨ ਨੂੰ ਆਬਾਦ ਕਰਨ ਵਾਸਤੇ ਕਲਰ ਮਾਰੂ ਕਾਰਪੋਰੇਸ਼ਨ ਬਣਾਈ ਜਾਵੇ ਅਤੇ ਉਸ ਕਾਰਪੋਰੇਸਨ ਰਾਹੀਂ ਕੱਲਰ ਵਾਲੀ ਜ਼ਮੀਨ ਆਬਾਦ ਕੀਤੀ ਜਾਵੇ । ਇਸ ਤਰ੍ਹਾਂ ਮੁਲਕ ਦੇ ਅਨਾਜ ਵਿਚ ਵਾਧਾ ਹੋ ਸਕਦਾ ਹੈ । ਇਸ ਕਾਰਪੋਰੇਸ਼ਨ ਦਾ ਇੰਚਾਰਜ ਉਹ ਹੋਵੇ ਜਿਸ ਨੇ ਕੱਲਰ ਦੀ ਰਿਸਰਚ

ਕੀਤੀ ਹੋਵੇ ਅਤੇ ਉਹ ਐਗਰੀਕਲਚਰ ਵਿਚ ਐਕਸਪਰਟ ਹੋਵੇ । ਮੈਂ ਸਰਕਾਰ ਨੂੰ ਰਿਕੁਐਸਟ ਕਰਾਂਗਾ ਕਿ ਸਰਕਾਰ ਇਸ ਪਾਸੇ ਜ਼ਰੂਰ ਧਿਆਨ ਦੇਵੇ ।

ਇਨਫਲੇਸ਼ਨ ਦੇ ਬਾਰੇ ਕਿਹਾ ਗਿਆ, ਪਿਛਲੇ ਸਾਲ ਇਨਫਲੇਸ਼ਨ ਦੇ ਸਾਲ ਸਨ । ਕਿਹਾ ਗਿਆ ਕਿ ਕਰੰਸੀ ਨੂੰ ਡਿਮੋਨੇਟਾਈਜ਼ ਕਰ ਦਿਉ । ਇਹ ਮਾਮਲਾ ਇੰਟਰਨੈਸ਼ਲ ਮੋਨੇਟਰੀ ਫੰਡ ਨਾਲ ਤੁਅਲੱਕ ਰੱਖਦਾ ਹੈ ।

ਸਰਕਾਰ ਨੇ ਸਮੱਗਲਰਾਂ ਨਾਲ ਅਤੇ ਹੋਰਡਿੰਗਜ਼ ਨਾਲ ਬੜੀ ਚੰਗੀ ਤਰ੍ਹਾਂ ਡੀਲ ਕੀਤਾ ਹੈ ਅਤੇ ਕਰ ਰਹੀ ਹੈ । ਸਰਕਾਰ ਨੇ ਸਮੱਗਲਰਾਂ ਨੂੰ ਹੱਥ ਪਾਇਆ ਹੈ । ਇਹ ਸਰਕਾਰ ਦਾ ਚੰਗਾ ਪ੍ਰੋਗਰਾਮ ਹੈ ਅਤੇ ਇਸ ਪ੍ਰੋਗਰਾਮ ਤੇ ਚੱਲਕੇ ਅਸੀਂ ਇਨ੍ਹਾਂ ਚੀਜ਼ਾਂ ਤੇ ਕੰਟਰੋਲ ਕਰ ਸਕਦੇ ਹਾਂ ।

ਇਥੇ ਲੈਂਡ ਰਿਫਾਰਮਜ਼ ਦੇ ਮੁਤੱਅਲਕ ਕਿਹਾ ਗਿਆ। ਕਮਿਉਨਿਸਟ ਪਾਰਟੀ ਦੇ ਭਰਾਵਾਂ ਨੇ ਲੈਂਡ ਰਿਫਾਰਮ ਦੀ ਚਰਚਾ ਕੀਤੀ ਹੈ। ਉਨ੍ਹਾਂ ਦੀ ਪਾਰਟੀ ਦੀ ਪਟਿਆਲਾ ਵਿਚ ਹੁਣੇ ਜਿਹੇ ਕਾਨਫਰੰਸ ਹੋਈ ਹੈ , ਮੈਨੂੰ ਉਨ੍ਹਾਂ ਦੇ ਪ੍ਰੋਗਰਾਮ ਦੀ ਕੋਈ ਸਮਝ ਨਹੀਂ ਪਈ ਕਮਰੇਡ ਅਵਤਾਰ ਸਿੰਘ ਮਲਹੋਤਰਾ ਨੇ ਜ਼ਰੂਰ ਪ੍ਰੈਸ ਕਾਨਫਰੰਸ ਵਿਚ ਇਹ ਗੱਲ ਕਹੀ ਹੈ ਕਿ ਅਸੀਂ ਚੀਫ ਮਨਿਸਟਰ ਨੂੰ ਵਧਾਈ ਦਿੰਦੇ ਹਾਂ ਅਤੇ ਸਰਕਾਰ ਦੀਆਂ ਪਾਲੀਸੀਆਂ ਦੀ ਪ੍ਰਸ਼ੰਸਾ ਕੀਤੀ ਹੈ । ਵਿਰੋਧੀ ਪਾਰਟੀ ਨੇ ਇਸ ਗੱਲ ਨੂੰ ਮੰਨਿਆ ਹੈ । ਉਹ ਕਹਿੰਦੇ ਹਨ ਕਿ ਲੈਂਡ ਰਿਫਾਰਮ ਕੀਤੀ ਜਾਵੇ ਅਤੇ ਜੇ ਲੈਂਡ ਰਿਫਾਰਮਜ਼ ਕਰਨੀ ਹੈ ਤਾਂ ਜਿੰਨਾ ਚਿਰ ਇਥੇ ਉਮਰਾਓ ਸਿੰਘ, ਮਾਲ ਮੰਤਰੀ ਬੈਠਾ ਹੈ, ਉਤਨਾ ਚਿਰ ਲੈਂਡ ਰਿਫਾਰਮ ਨਹੀਂ ਹੋ ਸਕਦੀ । ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੈ ਕਿ ਇਹ ਸਰਕਾਰ ਦੀ ਇਕ ਪਾਲਿਸੀ ਹੈ ਅਤੇ ਇਸ ਸਰਕਾਰ ਦੀ ਪਾਲਿਸੀ ਨੂੰ ਇਕ ਬੰਦੇ ਨਾਲ ਕਿਸ ਤਰ੍ਹਾਂ ਸਬੰਧ ਕੀਤਾ ਜਾ ਸਕਦਾ ਹੈ । ਕੀ ਸਰਦਾਰ ਉਮਰਾਓ ਸਿੰਘ ਦੇ ਚਲੇ ਜਾਣ ਨਾਲ ਜੇ ਇਥੇ ਮਾਸਟਰ ਗੁਰਬੰਤਾ ਸਿੰਘ ਜੀ ਬੈਠ ਜਾਣ ਜਾਂ ਕੋਈ ਹੋਰ ਬੈਠ ਜਾਣ ਤਾਂ ਇਸ ਤਰ੍ਹਾਂ ਸਰਕਾਰ ਦੀ ਪਾਲਿਸੀ ਬਦਲ ਜਾਂਦੀ ਹੈ । ਇਤਨੀ ਵੱਡੀ ਆਲ ਇੰਡੀਆ ਪਾਰਟੀ ਹੈ ਕਮਿਊਨਿਸਟ ਪਾਰਟੀ, ਇਸ ਤਰ੍ਹਾਂ ਲੈਂਡ ਰਿਫਾਰਮ ਦੇ ਉਤੇ ਗੱਲ ਕਰਦੀ ਹੈ । ਅਸੀਂ ਰਲ ਕੇ ਬਿਲ ਪਾਸ ਕੀਤਾ ਹੈ । ਅਸੀਂ ਡੈਮੋਕਰੇਸੀ ਵਿਚ ਵਿਸ਼ਵਾਸ ਰੱਖਦੇ ਹਾਂ ਅਤੇ ਡੈਮੋਕਰੇਸੀ ਦੇ ਵਿਚ ਅਸੀਂ ਇਹ ਹੱਕ ਰਖਦੇ ਹਾਂ ਕਿ ਕੋਈ ਵੀ ਆਦਮੀ ਅਦਾਲਤ ਦਾ ਦਰਵਾਜ਼ਾ ਖਟਖਟਾ ਸਕਦਾ ਹੈ. . . .(ਵਿਘਨ)

ਕਾਮਰੇਡ ਅਰਜਨ ਸਿੰਘ ਮਸਤਾਨਾ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਰੰਧਾਵਾ ਸਾਹਿਬ ਨੇ ਕਿਹਾ ਹੈ ਕਿ ਗਿਆਨੀ ਜੀ ਨੇ ਸਮੱਗਲਰ ਫੜੇ ਹਨ । ਇਹ ਸੱਚੇ ਦਿਲੋਂ ਫੜੇ ਹਨ । (ਵਿਘਨ) ਹੁਣ ਇਹ ਤਰਲੋ ਮੱਛੀ ਹੋਣ ਡਹੇ ਹਨ । (ਵਿਘਨ)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸੋ ਮੈਂ ਡਿਪਟੀ ਸਪੀਕਰ ਸਾਹਿਬ, ਅਰਜ਼ ਕਰ ਰਿਹਾ ਸੀ ਕਿ ਜਮਹੂਰੀ ਰਾਜ ਵਿਚ ਹਰ ਆਦਮੀ ਅਦਾਲਤ ਦਾ ਦਰਵਾਜ਼ਾ ਖਟਖਟਾ ਸਕਦਾ ਹੈ । ਇਥੇ ਐਕਟ ਪਾਸ ਹੋਇਆ, ਕਈ ਲੋਕਾਂ ਨੇ ਹਾਈ ਕੋਰਟ ਵਿਚ ਇਹ ਚੈਲੇਂਜ ਕੀਤਾ । ਅਦਾਲਤ ਨੇ ਜੋ ਫੈਸਲਾ ਆਪਣਾ ਠੀਕ ਸਮਝਿਆ ਦੇ ਦਿਤਾ ਅਤੇ ਹੁਣ ਅਪੀਲ ਸੁਪਰੀਮ ਕੋਰਟ ਵਿਚ ਪੈਂਡਿੰਗ ਪਈ ਹੈ। ਇਨ੍ਹਾਂ ਨੇ (ਕਮਿਊਨਿਸਟ ਪਾਰਟੀ ਵੱਲ ਇਸ਼ਾਰਾ)ਕੇਰਲਾ ਦਾ ਮਸਲਾ ਸਾਡੇ ਸਾਹਮਣੇ ਰੱਖਿਆ ਕਿ ਉਥੇ ਖੇਤ ਮਜ਼ਦੂਰ ਨੂੰ ਬੋਨਸ ਦਿੱਤਾ ਹੈ । ਇਤਨਾ ਚਿਰ ਪਹਿਲਾਂ ਉਥੇ ਕਮਿਊਨਿਸਟਾਂ ਦੀ ਸਰਕਾਰ ਬਣੀ ਰਹੀ ਹੁਣ ਕਾਂਗਰਸ ਅਤੇ ਕਮਿਊਨਿਸਟ ਪਾਰਟੀ ਦੀ ਸਰਕਾਰ ਬਣੀ ਹੈ, ਉਥੇ ਹਾਲੀ ਬੋਨਸ ਦਾ ਮਸਲਾ ਹੀ ਚੱਲ ਰਿਹਾ ਹੈ ...(ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : * * * * *

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਵਾਹੀ ਅਤੇ ਕੇਰਲਾ ਦੀ ਵਾਹੀ ਵਿਚ ਕਾਫੀ ਫਰਕ ਹੈ । (ਘੰਟੀ) (ਵਿਘਨ) ਉਥੇ ਦੀ ਵਾਹੀ ਅਤੇ ਪੰਜਾਬ ਦੀ ਵਾਹੀ ਵਿਚ ਡਿਫਰੈਂਸ ਹੈ । ਉਥੇ ਚਾਹ ਦੇ ਬਾਗ ਹਨ, ਕਾਫੀ ਅਤੇ coconut Fibre Farm ਹਨ । ਵੱਖਰੀ ਗੱਲ ਹੈ ਇਥੇ ਅਸੀਂ ਪੰਜਾਬ ਵਿਚ ਤਾਂ ਕਾਮਿਆਂ ਨੂੰ ਜ਼ਮੀਨ ਦੇ ਮਾਲਕ ਬਣਾਉਣਾ ਹੈ ਅਤੇ ਇਹ ਅਜੇ ਬੋਨਸ ਦੀ ਹੀ ਗੱਲ ਕਰਦੇ ਹਨ । (ਘੰਟੀ)

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਸਾਰੀਆਂ ਗੱਲਾਂ ਨੂੰ ਮੱਦੇ ਨਜ਼ਰ ਰੱਖਦਾ ਹੋਇਆ ਸਰਕਾਰ ਨੇ ਹੈਲਥ ਵਾਸਤੇ, ਐਜੂਕੇਸ਼ਨ ਵਾਸਤੇ, ਸੜਕਾਂ ਬਣਾਉਣ ਵਾਸਤੇ ਹਰੀਜਨਾਂ ਦੀ ਭਲਾਈ ਵਾਸਤੇ, ਪਛੜੀਆਂ ਸ਼੍ਰੇਣੀਆਂ ਨੂੰ ਉਚਾ ਚੁੱਕਣ ਵਾਸਤੇ ਜੋ ਜੋ ਵੀ ਪਲੈਨ ਬਣਾਏ ਹਨ ਉਹ ਸ਼ਲਾਘਾ ਯੋਗ ਹਨ, ਅਤੇ ਉਸ ਦੇ ਲਈ ਸਰਕਾਰ ਨੂੰ ਵਧਾਈ ਦਿੰਦਾਂ ਹਾਂ । (ਧੰਨਵਾਦ)

ਸਰਦਾਰ ਬਲਵਿੰਦਰ ਸਿੰਘ ਭੂੰਦੜ(ਸਾਦੂਲ ਗੜ੍ਹ): ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਇਹ ਜੋ ਬਜਟ 1975-76 ਦਾ ਹਾਊਸ ਦੇ ਵਿਚ ਪੇਸ਼ ਕੀਤਾ ਹੈ, ਮੈਂ ਇਸ ਨੂੰ ਕਾਫੀ ਧਿਆਨ ਨਾਲ 3-4 ਦਿਨਾਂ ਤੋਂ ਦੇਖ ਰਿਹਾ ਹਾਂ ਅਤੇ ਉਸ ਦੇ ਵਿਚ ਜੋ ਕੁੱਝ ਮੈਨੂੰ ਨਜ਼ਰ ਆਇਆ ਹੈ ਉਸ ਨੂੰ ਅਰਜ਼ ਕਰਨ ਤੋਂ ਪਹਿਲਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਖਿਆਲ ਹੈ ਕਿ ਮੇਰੇ ਸਾਹਮਣੇ ਬੈਠੇ ਵੀਰਾਂ ਨੂੰ ਮੈਨੂੰ ਸ਼ਕ ਹੈ ਕਿ ਸਰਕਾਰ ਨੇ ਕੁੱਝ ਕਿਹਾ ਹੈ ਅਤੇ ਸਾਹਮਣੇ ਬੈਠੇ ਵੀਰਾਂ ਤੋਂ ਸਰਕਾਰ ਵਲੋਂ ਜ਼ਬਰਦਸਤੀ ਇਹ ਗੱਲਾਂ ਬੁਲਾਈਆਂ ਜਾ ਰਹੀਆਂ ਹਨ । ਮੈਨੂੰ ਜੋ ਗੱਲਾਂ ਇਸ ਦੇ ਵਿਚ ਨਜ਼ਰ ਆਈਆਂ ਹਨ ਉਨ੍ਹਾਂ ਵਿਚੋਂ ਜੇ ਕਿਸੇ ਵੀ ਆਈਟਮ ਨੂੰ ਲਈਏ ਤਾਂ ਮੈਨੂੰ ਕੋਈ ਐਸੀ ਚੀਜ਼ ਨਹੀਂ ਨਜ਼ਰ ਆਉਂਦੀ ਜਿਸ ਨਾਲ ਇਹ ਕਹੀਏ ਕਿ ਇਸ ਬਜਟ ਦੇ ਵਿਚ ਪੰਜਾਬ ਦੇ ਜੋ ਮਸਲੇ ਹਨ ਉਨ੍ਹਾਂ ਨੂੰ ਕਵਰ ਕੀਤਾ ਗਿਆ ਹੈ। ਜਿਵੇਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਮਸਲਾ ਟੱਚ ਨਹੀਂ ਕੀਤਾ ਗਿਆ ਇਸੇ ਤਰ੍ਹਾਂ ਇਸ ਬਜਟ ਦੇ ਵਿਚ ਵੀ ਕੋਈ ਟੱਚ ਨਹੀਂ ਕੀਤਾ ਗਿਆ। ਮੈਂ ਨੰਬਰ ਵਾਰ ਹਰ ਇਕ ਆਈਟਮ ਵੱਲ ਸਰਕਾਰ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ । ਸਭ ਤੋਂ ਪਹਿਲਾਂ ਮੈਂ ਜ਼ਰਾਇਤ ਵੱਲ ਸਰਕਾਰ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ । ਜ਼ਰਾਇਤ ਦੇ ਬਾਰੇ ਇਸ ਬਜਟ ਸਪੀਚ ਦੇ ਪੈਰਾ 9 ਵਿਚ ਕਿਹਾ ਗਿਆ ਹੈ ਕਿ ਸਰਕਾਰ ਵਲੋਂ ਥੁੜ੍ਹਾਂ ਦੇ ਬਾਵਜੂਦ ਜ਼ਰਾਇਤ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਮਾਕੂਲ ਸਪਲਾਈ ਨੂੰ ਯਕੀਨੀ ਬਣਾਉਣ ਲਈ ਸਮੇਂ ਸਿਰ ਉਪਾਓ ਕੀਤੇ ਹਨ । ਇਸ ਦੇ ਬਾਰੇ ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਜ਼ਿਕਰ ਕਰਦਾ ਹਾਂ ਕਿ ਜ਼ਰਾਇਤ ਵਿਚ ਕਿਸਾਨ ਨੂੰ ਕੀ ਕੀ ਚੀਜ਼ਾਂ ਚਾਹੀਦੀਆਂ ਹਨ? ਕਿਸਾਨ ਨੂੰ ਜ਼ਰਾਇਤ ਵਿਚ ਤਰੱਕੀ ਕਰਨ ਵਾਸਤੇ ਟਰੈਕਟਰ ਚਾਹੀਦਾ ਹੈ, ਨੰਬਰ ਦੋ ਉਸ ਨੂੰ ਖਾਦ ਚਾਹੀਦੀ ਹੈ, ਨੰਬਰ 3 ਉਸ ਨੂੰ ਤੇਲ ਚਾਹੀਦਾ ਹੈ, ਨੰਬਰ 4 ਉਸ ਨੂੰ ਬਿਜਲੀ ਚਾਹੀਦੀ ਹੈ, ਨੰਬਰ 5 ਉਸ ਨੂੰ ਪਾਣੀ ਚਾਹੀਦਾ ਹੈ ਅਤੇ ਨੰਬਰ 6 ਉਸ ਨੂੰ ਦਵਾਈਆਂ ਚਾਹੀਦੀਆਂ ਹਨ। ਕੀ ਸਰਕਾਰ ਨੇ ਇਨ੍ਹਾਂ 6 ਆਈਟਮਾਂ ਦੇ ਉਤੇ ਕੋਈ ਨਜ਼ਰ ਮਾਰੀ ਹੈ ਕਿ ਕੀ ਹਾਲਤ ਹੈ 1970 ਦੇ ਵਿਚ ਜੋ ਟਰੈਕਟਰ ਦੀ ਕੀਮਤ ਸੀ ਕੀ 1974 ਦੇ ਵਿਚ ਉਸ ਦੀ ਕੀਮਤ ਦੁੱਗਣੀ ਨਹੀਂ ਹੋ ਗਈ? ਕੀ ਵੱਧ ਰਹੀਆਂ ਕੀਮਤਾਂ ਇਹ ਸਾਬਤ ਨਹੀਂ ਕਰਦੀਆਂ ਕਿ ਕਿਸਾਨ ਦਾ ਕਚੂਮਰ ਕੱਢਿਆ

**Expunged as ordered by the Chair.

ਜਾ ਰਿਹਾ ਹੈ? 1970 ਦੇ ਵਿਚ ਜੋ ਖਾਦ ਦੀ ਕੀਮਤ ਸੀ ਉਸ ਨਾਲੋਂ ਅੱਜ ਤਿਗੁਣੇ ਰੇਟ ਤੇ ਖਾਦ ਕਿਸਾਨ ਨੂੰ ਮਿਲਦੀ ਹੈ। ਅੱਜ 155/- ਰੁਪਏ ਦੀ ਬੋਰੀ ਖਾਦ ਦੀ ਇਹ ਸਾਬਤ ਨਹੀਂ ਕਰਦੀ ਕਿ ਖਾਦ ਦੀ ਕੀਮਤ ਤਿੰਨ ਗੁਣਾ ਚਲੀ ਗਈ ਹੈ? ਤੇਲ ਦੀ ਕੀਮਤ ਕਾਲੇ ਤੇਲ ਦੀ ਕੀਮਤ ਜਿਸ ਦੀ ਕਿ ਕਿਸਾਨ ਨੂੰ ਲੋੜ ਪੈਂਦੀ ਹੈ ਉਸ ਦੀ ਕੀਮਤ 1970 ਵਿਚ 100 ਰੁਪਏ ਸੀ ਹੁਣ 300/- ਰੁਪਏ ਹੋ ਗਈ ਹੈ। ਕੀ ਇਹ ਕੀਮਤ ਤਿੰਨ ਗੁਣਾ ਨਹੀਂ ਹੈ? ਦਵਾਈਆਂ ਦੀਆਂ ਕੀਮਤਾਂ ਵੀ ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਤਿੰਨ ਗੁਣਾ ਹੋ ਗਈਆਂ ਹਨ। ਪਰ ਇਸ ਦੇ ਨਾਲ ਹੀ ਮੈਂ ਇਕ ਹੋਰ ਗੱਲ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਕੀਮਤਾਂ ਤਿੰਨ ਗੁਣਾਂ ਵੱਧ ਗਈਆਂ ਹਨ ਉਸ ਦਾ ਵੀ ਇਤਨਾ ਅਫ਼ਸੋਸ ਨਹੀਂ ਕਿਉਂਕਿ ਇਹ ਕਹਿ ਦਿੰਦੇ ਹਨ ਕਿ ਵਰਲਡ ਦਾ ਸੰਕਟ ਹੈ ਪਰ ਸਾਨੂੰ ਇਸ ਤੋਂ ਵੀ ਵੱਧ ਅਫ਼ਸੋਸ ਇਸ ਗੱਲ ਤੇ ਹੈ ਕਿ ਕਿਸਾਨ ਨੂੰ ਮਿਲਾਵਟ ਵਾਲੀਆਂ ਚੀਜ਼ਾਂ ਮਿਲਦੀਆਂ ਹਨ। 15 ਲੱਖ ਰੁਪਏ ਦੀ ਖਾਧ ਲੁਧਿਆਣੇ ਵਿਚ ਮਿਲਾਵਟ ਵਾਲੀ ਯਾਨੀ ਮਿੱਟੀ ਪਈ ਹੋਈ ਮਿਲੀ। ਇਸੇ ਤਰ੍ਹਾਂ ਦਵਾਈਆਂ ਵਿਚ ਵੀ 30 ਲੱਖ ਰੁਪਏ ਦਾ ਸਕੈਂਡਲ ਹੈ ਜਿਸ ਦਾ ਅਖ਼ਬਾਰਾਂ ਵਿਚ ਰੋਜ਼ ਚਰਚਾ ਆਉਂਦਾ ਰਿਹਾ ਹੈ। ਇਹ ਇਕ ਤਾਂ ਮਾੜੀਆਂ ਅਤੇ ਮਿਲਾਵਟ ਵਾਲੀਆਂ ਚੀਜ਼ਾਂ ਦੇ ਕੇ ਅਤੇ ਦੂਸਰਾ ਮਹਿੰਗੀਆਂ ਦੇ ਕੇ ਕਿਸਾਨ ਨੂੰ ਦੋਨੀਂ ਹੱਥੀਂ ਲੁਟ ਰਹੇ ਹਨ। ਪਾਣੀ ਅਤੇ ਬਿਜਲੀ ਦੇ ਬਾਰੇ ਤਾਂ ਅਗੇ ਹੀ ਡਿਪਟੀ ਸਪੀਕਰ ਸਾਹਿਬ, ਬਹੁਤ ਡਿਸਕਸ ਹੋ ਚੁਕਾ ਹੈ, ਮੈਂ ਇਸ ਗੱਲ ਦੇ ਵਿਚ ਨਹੀਂ ਜਾਂਦਾ ਕੇ ਥੀਨ ਡੈਮ ਦਾ ਕੀ ਮਸਲਾ ਹੈ ਅਤੇ ਜਿਹੜਾ ਥਰਮਲ ਪਲਾਂਟ ਹੈ ਉਹ ਕਿਉਂ ਨਹੀਂ ਚੱਲਿਆ। ਚੱਲੇ ਨੂੰ 30 ਦਿਨ ਹੋਏ ਹਨ ਅਤੇ ਖਰਾਬ ਹੋਏ ਨੂੰ 31 ਦਿਨ ਹੋ ਗਏ ਹਨ। ਮੈਂ ਬਹੁਤਾ ਇਸ ਗੱਲ ਵਿਚ ਨਹੀਂ ਜਾਂਦਾ। ਇਨ੍ਹਾਂ ਨੇ ਕਿਹਾ ਸੀ ਕਿ ਭਾਖੜਾ ਡੈਮ ਵਿਚ ਰਹਿੰਦੀ ਦੁਨੀਆਂ ਤਕ ਪਾਣੀ ਰਹੇਗਾ ਅਤੇ ਇਸ ਦੇ ਵਿਚੋਂ ਪਾਣੀ ਕਦੇ ਖ਼ਤਮ ਹੀ ਨਹੀਂ ਹੋਵੇਗਾ, ਉਸ ਦਾ ਹਾਲ ਵੀ ਤੁਹਾਡੇ ਸਾਹਮਣੇ ਹੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਾਣੀ ਦੀ ਬੂੰਦ ਪਿਛੇ ਇਨ੍ਹਾਂ ਨੇ ਲੋਕਾਂ ਤੇ ਲਾਠੀਆਂ ਵਰਸਾਈਆਂ। ਇਹ ਕਿਸਾਨ ਨੂੰ ਪਾਣੀ ਤਾਂ ਦੇ ਨਹੀਂ ਸਕੇ ਪਰ ਇਕ ਚੀਜ਼ ਜ਼ਰੂਰ ਪੰਜਾਬ ਵਿਚ ਇਨ੍ਹਾਂ ਨੇ ਲਿਆਂਦੀ ਹੈ ਜਿਸ ਦਾ ਮੈਂ ਜ਼ਿਕਰ ਕਰਨਾਂ ਚਾਹੁੰਦਾ ਹਾਂ। ਮੈਂ ਇਕ ਵਾਰੀ ਕਿਧਰੇ ਜਾ ਰਿਹਾ ਸੀ ਅਤੇ ਸੜਕ ਉਤੇ ਇਕ ਬੋਰਡ ਦੇਖਿਆ ਜਿਸ ਤੇ ਲਿਖਿਆ ਸੀ ਪੰਜਾਬ ਦਾ ਨਵਾਂ ਦਰਿਆ। ਉਸ ਦੇ ਉਤੇ ਲਗਾਇਆ ਕੀ? ਬੀਅਰ ਦੀ ਫੈਕਟਰੀ ਦਾ ਫੁਹਾਰਾ ਚਲ ਰਿਹਾ ਹੈ ਅਤੇ ਉਸ ਦੇ ਉਤੇ 3,000/- ਰੁਪਿਆ ਖ਼ਰਚ ਦਿਤਾ। ਇਨ੍ਹਾਂ ਦਾ ਧਿਆਨ ਇਨ੍ਹਾਂ ਗੱਲਾਂ ਵੱਲ ਹੈ, ਕਿਸਾਨ ਦੇ ਮਸਲੇ ਵੱਲ ਕੋਈ ਧਿਆਨ ਨਹੀਂ ? (ਵਿਘਨ)

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਇੰਡਸਟਰੀਜ਼ ਵੱਲ ਆਉਂਦਾ ਹਾਂ। ਵੱਡਿਆਂ ਆਦਮੀਆਂ ਦੀ ਮੈਂ ਗੱਲ ਨਹੀਂ ਕਰਦਾ, ਵੱਡਿਆਂ ਤੋਂ ਅਸੀਂ ਕੀ ਲੈਣਾ ਹੈ ਮੈਂ ਤਾਂ ਗ਼ਰੀਬਾਂ ਦੀ ਗੱਲ ਕਰਦਾ ਹਾਂ। ਸਮਾਲ ਸਕੇਲ ਇੰਡਸਟਰੀ ਦੇ ਬਾਰੇ ਵਿਚ ਇਨ੍ਹਾਂ ਨੇ ਆਪਣੀ ਬਜਟ ਸਪੀਚ ਵਿਚ ਜ਼ਿਕਰ ਕੀਤਾ ਹੈ ਕਿ ਪੰਜਾਬ ਰਾਜ ਦੇ ਛੋਟੇ ਉਦਯੋਗਾਂ ਸਬੰਧੀ ਕਾਰਪੋਰੇਸ਼ਨ ਕਿੱਲਤ ਵਾਲੇ ਕੱਚੇ ਮਾਲ ਦੀ ਸਪਲਾਈ ਵਿਚ ਵੱਡਮੁੱਲੀ ਸੇਵਾ ਕਰ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਕਾਰਪੋਰੇਸ਼ਨ ਦੀ ਜੋ ਵਡਮੁੱਲੀ ਸੇਵਾ ਹੈ ਇਸ ਵੱਲ ਤੁਹਾਡਾ ਧਿਆਨ ਮੈਂ ਦੁਆਉਣਾ ਚਾਹੁੰਦਾ ਹਾਂ। ਸਮਾਲ ਸਕੇਲ ਇੰਡਸਟਰੀਜ਼ ਵਿਚ 25 ਹਜ਼ਾਰ ਯੂਨਿਟ ਪਹਿਲਾਂ 1970 ਵਿਚ ਸੀ ਅਤੇ ਹੁਣ 36 ਹਜ਼ਾਰ ਯੂਨਿਟ ਹੋ ਗਈ ਹੈ। ਕੋਲਾ ਉਸ ਵੇਲੇ 1970 ਵਿਚ 54 ਗੱਡੀਆਂ ਆਉਂਦਾ ਸੀ ਪਰ ਉਸ ਵੇਲੇ ਦੇ ਕੋਟੇ ਨੂੰ ਤਿੰਨ ਸਾਲਾਂ ਦੇ ਅਰਸੇ ਵਿਚ ਹੋਰ ਨਹੀਂ ਵੱਧਾ ਸਕੇ ਅਤੇ ਇਸ ਵੇਲੇ ਵੀ ਇਤਨਾ ਹੀ ਆਉਂਦਾ ਹੈ। ਫੈਕਟਰੀਆਂ ਜਿਹੜੀਆਂ ਹਨ ਉਨ੍ਹਾਂ ਦੀ ਗਿਣਤੀ ਤਾਂ ਵੱਧ ਗਈ ਹੈ ਪਰ ਕੋਲੇ ਦੀਆਂ ਗੱਡੀਆਂ ਦੀ ਗਿਣਤੀ ਨਹੀਂ ਵੱਧੀ। ਫਿਰ ਇਸ ਵੇਲੇ ਕੱਟ ਵੀ ਬੜੀ ਹੈ। ਸੰਨ 1970 ਵਿਚ ਕੋਈ ਕੱਟ ਨਹੀਂ ਸੀ ਪਰ 1974

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਵਿਚ ਬਿਜਲੀ ਦੀ ਕੱਟ ਲਗ ਗਈ । ਇਕ ਪਾਸੇ ਤਾਂ ਬਿਜਲੀ ਨਹੀਂ ਅਤੇ ਜੇ ਥੋੜ੍ਹੀ ਬਹੁਤੀ ਹੈ ਤਾਂ ਉਸ ਤੇ ਵੀ ਕੱਟ ਹੈ । ਕੀ ਇਹ ਸਮਾਲ ਸਕੇਲ ਇੰਡਸਟਰੀਜ਼ ਦੀ ਸੇਵਾ ਹੈ ?

ਫਿਰ, ਡਿਪਟੀ ਸਪੀਕਰ ਸਾਹਿਬ, ਸਮਾਲ ਸਕੇਲ ਇੰਡਸਟਰੀਜ਼ ਦਾ ਜਿਹੜਾ ਮਾਲ ਬਾਹਰ ਜਾਂਦਾ ਸੀ ਉਹ ਖੁਦ ਭੇਜਦੇ ਸੀ ਪਰ ਇਸ ਸਰਕਾਰ ਨੇ ਕੁਝ ਪ੍ਰਾਈਵੇਟ ਬੰਦਿਆਂ ਦਾ ਫਾਰਨ ਆਫਿਸ ਖੋਲ੍ਹ ਦਿਤਾ ਅਤੇ ਕਿਹਾ ਕਿ ਸਾਰੀ ਸਪਲਾਈ ਤੁਹਾਡੇ ਰਾਹੀਂ ਹੋਵੇਗੀ । ਫਿਰ ਸਰਕਾਰ ਦੇ ਚਹੇਤਿਆਂ ਨੇ, ਡਿਪਟੀ ਸਪੀਕਰ ਸਾਹਿਬ ਕੀ ਕੀਤਾ ਕਿ ਸਾਰਾ ਮਾਲ ਬੋਗਸ ਭੇਜ ਦਿਤਾ , ਅਤੇ ਉਸ ਦਾ ਅੱਜ ਇਹ ਹਾਲ ਹੈ ਕਿ ਉਨ੍ਹਾਂ ਨੇ ਸਾਰਾ ਮਾਲ ਵਾਪਸ ਭੇਜ ਦਿਤਾ, ਸਾਰੇ ਆਰਡਰ ਵਾਪਸ ਹੋ ਗਏ ਅਤੇ ਹੁਣ ਚੀਨ ਅਤੇ ਜਾਪਾਨ ਨੂੰ ਆਰਡਰਜ਼ ਬਾਹਰੋਂ ਜਾਂਦੇ ਹਨ । ਡਿਪਟੀ ਸਪੀਕਰ ਸਾਹਿਬ, ਜੇ ਇਹ ਮਾਲ ਬਾਹਰ ਜਾਂਦਾ ਰਹਿੰਦਾ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚੋਂ 50 ਕਰੋੜ ਰੁਪਏ ਦਾ ਸਾਲਾਨਾ ਮਾਲ ਬਾਹਰ ਜਾਂਦਾ ਹੈ ਅਤੇ ਉਸ ਮਾਲ ਦੇ ਉਤੇ 40% ਸੈਂਟਰ ਗੌਰਮਿੰਟ ਸਟੇਟ ਗੌਰਮਿੰਟ ਨੂੰ ਇਨਸੈਂਟਿਵ ਦਿੰਦੀ ਹੈ ਤਾਂ 50 ਕਰੋੜ ਰੁਪਏ ਵਿਚੋਂ 20 ਕਰੋੜ ਰੁਪਏ ਦੀ ਇਨਕਮ ਸਾਨੂੰ ਹੋਣੀ ਸੀ । ਇਸ ਘਾਲੇ ਮਾਲੇ ਕਰਕੇ ਕਰੋੜਾਂ ਰੁਪਏ ਇਹ ਬਰਬਾਦ ਕਰ ਰਹੇ ਹਨ। ਸਮਾਲ ਸਕੇਲ ਇੰਡਸਟਰੀਜ਼ ਵਾਲੇ ਰੋਂਦੇ ਹਨ ਕਿ ਸਾਨੂੰ ਨਾ ਕੋਲਾ ਨਾ ਬਿਜਲੀ ਮਿਲਦੀ ਹੈ ਅਸੀਂ ਕਿਧਰ ਨੂੰ ਜਾਈਏ ਅਤੇ ਸਾਡਾ ਮਾਲ ਵੀ ਲੈਣਾ ਉਨ੍ਹਾਂ ਨੇ ਇਨਕਾਰ ਕਰ ਦਿਤਾ ਹੈ । (ਵਿਘਨ)

ਇਸ ਤੋਂ ਅੱਗੇ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧਿਆਨ ਵਿਸ਼ੇਸ਼ ਰੋਜ਼ਗਾਰ ਪ੍ਰੋਗਰਾਮ ਵੱਲ ਦੁਆਉਣਾ ਚਾਹੁੰਦਾ ਹਾਂ। ਸਰਕਾਰ ਨੇ ਇਸ ਦੇ ਲਈ 2 ਕਰੋੜ ਰੁਪਿਆ ਰੱਖਿਆ ਹੈ। ਪੜ੍ਹੇ ਲਿਖੇ ਬੇਰੋਜ਼ਗਾਰ ਵਿੱਅਕਤੀਆਂ ਨੂੰ ਰੋਜ਼ਗਾਰ ਮੁਹੱਈਆਂ ਕਰਨ ਵਾਸਤੇ ਇਨ੍ਹਾਂ ਨੇ 2 ਕਰੋੜ ਰੁਪਿਆ ਰਖਿਆ ਹੈ। ਠੀਕ ਹੈ ਦੋ ਕਰੋੜ ਰੁਪਿਆ ਰੱਖਿਆ ਹੈ । ਪਰ ਇਹ ਆਂਕੜੇ ਦੱਸਦੇ ਹਨ ਕਿ ਕਿਸ ਤਰ੍ਹਾਂ ਨੌਜਵਾਨਾਂ ਨਾਲ ਇਨ੍ਹਾਂ ਨੇ ਮਖੌਲ ਕੀਤਾ । 1966 ਵਿਚ ਬੇਰੋਜ਼ਗਾਰਾਂ ਦੀ ਕੁਲ ਗਿਣਤੀ 50,575 ਸੀ ਅਤੇ 1973 ਵਿਚ 1,67,437 ਹੋ ਗਈ । ਇਹ ਤਾਂ ਇਨ੍ਹਾਂ ਦੇ ਰਜਿਸਟਰ ਵਿਚ ਹੀ ਦਰਜ ਹਨ । ਇਸ ਤੋਂ ਇਲਾਵਾ ਕਿਸਾਨ ਮਜ਼ਦੂਰ, ਫ਼ੈਕਟਰੀਆਂ ਵਾਲੇ ਮਜ਼ਦੂਰ ਹਨ ਅਤੇ ਇਸੇ ਵਿਚ ਹੋਰ ,ਪੜ੍ਹੇ ਲਿਖੇ ਆ ਜਾਂਦੇ ਹਨ। ਇਨ੍ਹਾਂ ਦੀ ਫਿਗਰਜ਼ ਦੋ ਲੱਖ ਹੈ, ਇਹ ਮੈਂ ਨਹੀਂ ਕਹਿੰਦਾ ਸਰਕਾਰ ਦੀਆਂ ਫਿਗਰਜ਼ ਹਨ ਅਤੇ ਉਨ੍ਹਾਂ ਵਾਸਤੇ ਰੱਖਿਆ 2 ਕਰੋੜ ਰੁਪਇਆ। ਇਹ ਆਉਂਦਾ ਹੈ 100/- ਰੁਪਿਆ ਸਾਲਾਨਾ ਉਨ੍ਹਾਂ ਵਾਸਤੇ, ਕੀ ਇਹ ਉਨ੍ਹਾਂ ਨੌਜਵਾਨਾਂ ਨਾਲ ਮਖੌਲ ਨਹੀਂ? ਇਸ ਦਾ ਕਾਰਨ ਕੀ ਹੈ? ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਨੇ ਬੇਰੋਜ਼ਗਾਰੀ ਪੈਦਾ ਕਰ ਦਿਤੀ । ਸਰਕਾਰ ਦੇ ਜਿਹੜੇ 27 ਸਾਲਾਂ ਦੇ ਪਲੈਨ ਹਨ ਉਹ ਫੇਲ੍ਹ ਹੋ ਗਏ । ਭਾਖੜਾ ਡੈਮ ਦਾ ਪਾਣੀ ਸੁਕ ਗਿਆ, ਪੌਂਗ ਡੈਮ ਚੱਲ ਨਾ ਸਕਿਆ, ਥਰਮਲ ਪਲਾਂਟ ਫੇਲ੍ਹ ਹੋ ਗਿਆ । ਇਨ੍ਹਾਂ ਕਾਰਨਾਂ ਕਰਕੇ ਬੇਰੋਜ਼ਗਾਰੀ ਵੱਧੀ ਹੈ, ਘੱਟੀ ਨਹੀਂ । ਹੁਣ ਦਾ ਨੌਜਵਾਨ ਇਨ੍ਹਾਂ ਦੇ ਸੁੱਕੇ ਜਲਵਿਆਂ ਨਾਲ ਨਹੀਂ ਟਿਕ ਸਕਦਾ । ਉਨ੍ਹਾਂ ਦੀ ਆਤਮਾ ਨੂੰ ਨਾ ਤਪਾਓ ।

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਇਨ੍ਹਾਂ ਦਾ ਧਿਆਨ ਟਰਾਂਸਪੋਰਟ ਵੱਲ ਦਿਵਾਉਣਾ ਚਾਹੁੰਦਾ ਹਾਂ । ਇਨ੍ਹਾਂ ਨੇ ਕਿਹਾ ਕਿ ਐਤਕੀਂ ਅਸੀਂ ਇੰਨੀਆਂ ਨਵੀਆਂ ਬੱਸਾਂ ਪਾਕੇ ਟਰਾਂਸਪੋਰਟ ਦਾ ਕੰਮ ਸੁਧਾਰ ਦਿਆਂਗੇ । ਠੀਕ ਹੈ ਟਰਾਂਸਪੋਰਟ ਦਾ ਕੰਮ ਸਧਾਰਣ ਵਾਸਤੇ ਇਨ੍ਹਾਂ ਨੇ ਪੈਸੇ ਰੱਖੇ ਹਨ, ਰੱਖਣੇ ਚਾਹੀਦੇ ਹਨ । ਜਨਤਾ ਵਿਚ ਹਾਹਾਕਾਰ ਮਚੀ ਹੋਈ ਹੈ । ਉਨ੍ਹਾਂ ਨੂੰ ਰੋਡਵੇਜ਼ ਦਾ ਨਾਂ ਸੁਣ ਕੇ ਸ਼ਾਕ ਲਗਦਾ ਹੈ। ਉਹ ਟਰਾਂਸਪੋਰਟ ਦੀ ਬੱਸ ਦੇਖ ਕੇ ਪਿੱਛੇ ਹਟ ਜਾਂਦੇ ਹਨ । ਕਾਰਨ

ਕੀ ਹੈ? ਮੈਂ ਇਸ ਦੇ ਵਿਚ ਇਕ ਗੱਲ ਵੇਖੀ। ਟਰਾਂਸਪੋਰਟ ਦੇ ਮੰਤਰੀ ਸਾਹਿਬ ਜ਼ਰਾ ਸੱਚੇ ਹਨ, ਉਨ੍ਹਾਂ ਨੇ ਕਹਿ ਦਿਤਾ ਕਿ 1/3 ਹਿੱਸਾ ਬੱਸਾਂ ਟਾਇਰਾਂ ਬਗੈਰ ਖੜ੍ਹੀਆਂ ਹਨ । ਕੁੱਝ ਦਾ ਬਰੇਕ ਡਾਊਨ ਹੋ ਜਾਂਦਾ ਹੈ ਅਤੇ ਤੇਲ ਮੁੱਕ ਜਾਂਦਾ ਹੈ ਫਿਰ ਜੋ ਕੁਝ ਬਚ ਜਾਂਦੀਆਂ ਹਨ ਉਨ੍ਹਾਂ ਦੇ ਬਾਰੇ ਮੈਂ ਦੱਸਦਾ ਹਾਂ ਕਿ ਜਿਹੜਾ ਜਨਰਲ ਮੈਨੇਜਰ ਹੈ ਇਸ ਮਹਿਕਮੇ ਦਾ, ਉਹ ਕੀ ਕਰਦਾ ਹੈ । ਮੈਂ ਦੱਸਦਾ ਹਾਂ ਕਿ ਮੇਰੇ ਕੋਲ ਵਰਕਰਾਂ ਦੀ ਯੂਨੀਅਨ ਦਾ ਇਕ ਮੈਮੋਰੰਡਮ ਹੈ ਜਿਸ ਦੇ ਉਤੇ ਦਸਤਖਤ ਕੀਤੇ ਹੋਏ ਹਨ, ਇਸ ਦੇ ਵਿਚ 35 ਐਲੀਗੇਸ਼ਨ ਉਸ ਦੇ ਉਤੇ ਲਾਏ ਗਏ ਹਨ । ਇਸ ਦੇ ਇਲਾਵਾ ਉਸ ਵਿਚ ਇਹ ਵੀ ਹੈ ਕਿ ਇਹ ਜਿਹੜਾ ਪਟਿਆਲਾ ਏਰੀਆ ਹੈ, ਇਸ ਦੇ ਡਿਪੂਆਂ ਵਿਚ ਚੋਰੀਆਂ ਹੁੰਦੀਆਂ ਹਨ । ਇਸ ਵਿਚੋਂ ਟਾਇਰ ਚਲੇ ਗਏ, 5 ਲੱਖ ਦੇ ਪੁਰਜ਼ੇ ਖਰੀਦੇ ਗਏ ਉਨ੍ਹਾਂ ਵਿਚ 1 ਲੱਖ ਰੁਪਏ ਦੀ ਹੇਰਾਫੇਰੀ ਹੋਈ ਪਟਿਆਲਾ ਡਿਪੂ ਤੋਂ ਇਕ ਕਰੈਂਕ ਚੋਰੀ ਹੋ ਗਿਆ, 21 ਨਵੰਬਰ, 1974 ਨੂੰ ਉਸ ਦੀ ਰਿਪੋਰਟ ਦਰਜ ਕਰਾਈ ਗਈ। ਉਸ ਕਰੈਂਕ ਦੀ ਕੀਮਤ 16 ਹਜ਼ਾਰ ਰੁਪਏ ਹੈ । ਦੋ ਮਹੀਨੇ ਹੋ ਗਏ ਹਨ ਪਤਾ ਨਹੀਂ ਕਿ ਕਿਥੇ ਹੈ। ਯੂਨੀਅਨ ਨੇ ਇਲਜ਼ਾਮ ਲਗਾਇਆ ਹੈ ਕਿ ਜਿਹੜਾ ਕਰੈਂਕ ਚੋਰੀ ਹੋਇਆ ਹੈ ਉਸ ਦੇ ਵਿਚ ਮਹਿਕਮੇ ਦੇ ਸੀਨੀਅਰ ਅਫ਼ਸਰਾਂ ਦਾ ਹੱਥ ਹੈ । ਇਹ ਕਹਿੰਦੇ ਹਨ ਕਿ ਅਸੀਂ ਸੁਧਾਰ ਲਿਆਉਣਾ ਚਾਹੁੰਦੇ ਹਾਂ । ਮੈਂ ਕਹਿੰਦਾ ਹਾਂ ਕਿ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਹੜਾ ਯੂਨੀਅਨ ਨੇ ਮੈਮੋਰੰਡਮ ਦਿਤਾ ਹੈ। (ਵਿਘਨ) ਇਹ ਸਰਕਾਰ ਕਹਿੰਦੀ ਹੈ ਕਿ ਅਸੀਂ ਮਜ਼ਦੂਰਾਂ ਦੇ ਬੜੇ ਹਿਤਕਾਰੀ ਹਾਂ। ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਕਰਦੇ ਹਾਂ । ਜਦੋਂ ਉਨ੍ਹਾਂ ਦੀ ਨੁਮਾਇੰਦਗੀ ਲਿਆਉਗੇ ਸਰਕਾਰ ਵਿਚ ਉਹ ਤਾਂ ਪਤਾ ਲੱਗ ਹੀ ਜਾਏਗਾ ਪਰ ਉਹ ਦੁਖੀ ਹੋ ਕੇ ਜਿਹੜੀਆਂ ਐਜੀਟੇਸ਼ਨਾਂ ਕਰਦੇ ਹਨ ਉਨ੍ਹਾਂ ਵੱਲ ਵੀ ਤਾਂ ਧਿਆਨ ਦਿਓ ।

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਸਿਖਿਆ ਦੇ ਮਸਲੇ ਤੇ ਬੋਲਣਾ ਚਾਹੁੰਦਾ ਹਾਂ। ਸਿਖਿਆ ਦੀ ਮੱਦ ਵਿਚ ਪੈਸੇ ਰੱਖੇ ਹਨ ਕਾਲਜਾਂ ਵਾਸਤੇ ਚੰਗੀ ਗੱਲ ਹੈ । ਪਿਛੇ ਜਿਹੇ ਕਾਲਜਾਂ ਦੇ ਪ੍ਰੋਫੈਸਰਾਂ ਨੇ ਤੰਗ ਆ ਕੇ ਸਟਰਾਈਕਾਂ ਕੀਤੀਆਂ, ਐਤਕੀਂ ਫਿਰ ਤਿਆਰੀ ਕਰ ਰਹੇ ਹਨ । ਚੰਗੀ ਗੱਲ ਹੈ ਜੇ ਪੈਸੇ ਰੱਖ ਦਿਤੇ। ਪਰ ਜਿਹੜੀ ਬੇਸਿਕ ਗੱਲ ਹੈ ਪ੍ਰਾਇਮਰੀ ਡਾਇਰੈਕਟੋਰੇਟ ਦੀ ਉਸ ਤੇ ਸਰਕਾਰ ਚੁੱਪ ਹੈ। ਪਿਛਲੇ ਸਾਲ ਵਾਇਦਾ ਕੀਤਾ ਸੀ ਕਿ ਅਸੀਂ ਬਣਾ ਦਿਆਂਗੇ, ਪਰ ਇਸ ਸਾਲ ਨਾ ਉਸ ਦਾ ਐਡਰੈਸ ਵਿਚ ਜ਼ਿਕਰ ਹੈ ਨਾ ਇਸ ਬਜਟ ਸਪੀਚ ਵਿਚ ਜ਼ਿਕਰ ਹੈ । ਹੁਣ ਇਹ ਮੁੱਕਰ ਗਏ। ਇਹ ਕਹਿੰਦੇ ਸੀ ਕਿ ਸਪੈਨ ਆਫ ਸਰਵਿਸ ਘੱਟ ਕਰ ਦਿਆਂਗੇ, ਉਹ ਗੱਲ ਵੀ ਨਹੀਂ ਹੋਈ । ਬੇਸਿਕ ਤੌਰ ਤੇ ਜਿੰਨਾਂ ਚਿਰ ਸਾਡੇ ਟੀਚਰਾਂ ਨੂੰ ਸੰਤੁਸ਼ਟ ਨਹੀਂ ਕਰਦੇ ਤਦ ਤਕ ਕੋਈ ਫ਼ਾਇਦਾ ਨਹੀਂ ਹੋਵੇਗਾ। ਇਹ ਕਹਿੰਦੇ ਹਨ ਕਿ ਅਸੀਂ ਆਈ.ਟੀ.ਆਈ. ਕੇਂਦਰ ਖੋਲ੍ਹੇ ਹਨ । ਉਹ ਤਾਂ ਬੇਰੋਜ਼ਗਾਰੀ ਦੀਆਂ ਸੰਸਥਾਵਾਂ ਬਣ ਕੇ ਰਹਿ ਗਈਆਂ ਉਨ੍ਹਾਂ ਵਿਚੋਂ ਕੋਈ ਕੰਮ ਕਰਨ ਵਾਲਾ ਬੰਦਾ ਨਹੀਂ ਨਿਕਲਦਾ ਉਸ ਦੇ ਵਿਚੋਂ ਤਾਂ ਬੇਕਾਰ ਬੰਦੇ ਪੈਦਾ ਹੋ ਰਹੇ ਹਨ। ਇਧਰ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਇਕ ਗੱਲ ਮੈਂ ਜ਼ਰੂਰੀ ਵਸਤਾਂ ਦੀ ਵੰਡ ਬਾਰੇ ਕਹਿਣਾ ਚਾਹੁੰਦਾ ਹਾਂ । ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਪੰਜਾਬ ਸਿਵਲ ਸਪਲਾਈਜ਼ ਕਾਰਪੋਰੇਸ਼ਨ ਬਣਾ ਦਿਤੀ ਹੈ ਜਿਸ ਨੇ ਸਾਰੇ ਪੰਜਾਬ ਨੂੰ ਬੜਾ ਆਰਾਮ ਦਿਤਾ ਹੈ। ਨਾ ਖੰਡ ਦੀ ਕਮੀ, ਨਾ ਤੇਲ ਦੀ ਕਮੀ, ਨਾ ਆਟੇ ਦੀ ਅਤੇ ਨਾ ਦਾਲਾਂ ਦੀ ਕਮੀ ਹੈ। ਮੈਂ ਇਸ ਦੀ ਇਕ ਇਕ ਗੱਲ ਵੱਲ ਜਾਵਾਂ ਤਾਂ ਬੜਾ ਸਮਾਂ ਲੱਗੇਗਾ। ਪਹਿਲਾਂ ਮੈਂ ਸੀਮਿੰਟ ਲੈਂਦਾ ਹਾਂ। ਸਾਡੇ ਵਜ਼ੀਰ ਸਾਹਿਬ ਬੜੇ ਹਿੰਮਤੀ ਹਨ । ਉਨ੍ਹਾਂ ਨੂੰ ਜਦੋਂ ਪੁੱਛੋ ਤਾਂ ਉਹ ਕਹਿੰਦੇ ਹਨ ਕਿ ਮੈਂ ਦਿੱਲੀ ਚੱਲਿਆ ਹਾਂ । ਸਾਡਾ ਜਿਹੜਾ ਸੀਮੈਂਟ ਦਾ ਖਰਚ ਹੈ ਉਹ 2.25 ਲੱਖ ਟਨ ਹੈ, ਤਿਮਾਹੀ ਦਾ, ਅਤੇ ਸੈਂਟਰ ਨੇ ਦਿੱਤਾ 1.13 ਹੈ। ਚਲੋ ਠੀਕ ਹੈ ਕਿ ਸੈਂਟਰ ਨਹੀਂ ਮੰਨੀ, ਇਹ ਸਾਡੇ ਪੰਜਾਬ ਦੀ ਬਦਕਿਸਮਤੀ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਹੈ। ਪਰ ਆਇਆ ਕਿੰਨਾ, 43 ਹਜ਼ਾਰ ਟਨ ਯਾਨੀ 39%। ਇਤਨਾ ਕਿਉਂ ਆਇਆ? ਕਹਿੰਦੇ ਹਨ ਕਿ ਗਡੀਆਂ ਨਹੀਂ ਮਿਲੀਆਂ। ਇਹ ਇਨ੍ਹਾਂ ਦੀ ਕਾਰਪੋਰੇਸ਼ਨ ਦੇ ਕੰਮ ਹਨ। ਜਿਹੜੀ ਡਿਮਾਂਡ ਸੀ ਜਾਂ ਜਿਹੜਾ ਸੈਂਟਰ ਮੰਨੀ ਉਹ ਤਾਂ ਇਹ ਨਹੀਂ ਲਿਆ ਸਕੇ, ਪਰ ਜਿਹੜਾ ਆਇਆ ਉਸ ਦੀ ਹਾਲਤ ਕੀ ਹੋਈ ਉਹ ਤੁਸੀਂ ਵੀ ਪੜ੍ਹਿਆ ਹੋਣਾ ਹੈ ਅੰਮ੍ਰਿਤਸਰ ਅਤੇ ਲੁਧਿਆਣਾ ਦੇ ਬਾਰੇ ਅਖ਼ਬਾਰਾਂ ਵਿਚ ਜੋ ਕੁਝ ਆਇਆ ਕਿ ਉਥੇ ਕਿਸ ਤਰ੍ਹਾਂ ਵੰਡਿਆਂ ਗਿਆ। ਅੱਜ ਮੈਂ ਅਖ਼ਬਾਰ ਵਿਚ ਵੇਖਿਆ ਲੁਧਿਆਣੇ ਦੇ ਡੀ. ਸੀ. ਦੀ ਸਟੇਟਮੈਂਟ ਆਈ ਹੈ ਕਿ ਉਥੇ 90 ਹਜ਼ਾਰ ਸੀਮਿੰਟ ਦੀਆਂ ਬੋਰੀਆਂ ਦਾ ਸਕੈਂਡਲ ਹੋਇਆ ਹੈ ਅਤੇ ਜਿਸਦੀ ਪੜਤਾਲ ਹੋ ਰਹੀ ਹੈ। ਇਹ ਇਸ ਕਾਰਪੋਰੇਸ਼ਨ ਨੇ ਕੰਮ ਕੀਤਾ।

ਖੰਡ ਲੈ ਲਵੋ। ਖੰਡ ਦੀ ਗਲ ਇਹ ਹੈ ਕਿ ਇਨ੍ਹਾਂ ਨੂੰ ਲੋੜ ਸੀ, 14,400 ਟਨ ਅਤੇ ਮਿਲੀ 1600 ਟਨ, 300 ਗ੍ਰਾਮ ਪ੍ਰਤੀ ਜੀ ਦੇ ਹਿਸਾਬ ਨਾਲ। ਇਹ ਕਹਿੰਦੇ ਸੀ ਕਿ ਅਸੀਂ 500 ਗਰਾਮ ਕਰ ਦਿਆਂਗੇ, ਖਰਬੰਦਾ ਜੀ ਕਹਿੰਦੇ ਸਨ ਕਿ ਹਜ਼ਾਰ ਕਰਾਂਗੇ ਪਿੰਡਾਂ ਵਿਚ ਪਰ ਡਿਪਟੀ ਸਪੀਕਰ ਸਾਹਿਬ,ਤੁਸੀਂ ਮਾਨਸਾ ਤਹਿਸੀਲ ਵਿਚ ਪੜਤਾਲ ਕਰਾ ਲਵੋ ਅਧਿਆਂ ਨੂੰ 300 ਗ੍ਰਾਮ ਵੀ ਚੀਨੀ ਨਹੀਂ ਮਿਲੀ।

ਇਸ ਤੋਂ ਅਗੇ ਡਿਪਟੀ ਸਪੀਕਰ ਸਾਹਿਬ, ਬਨਾਸਪਤੀ ਦੀ ਗਲ ਲੈ ਲਵੋ। ਪੰਜਾਬ ਦੇ ਵਿਚ ਬਨਾਸਪਤੀ ਦੀਆਂ 8 ਮਿਲਾਂ ਹਨ ਅਤੇ ਫਿਰ ਵੀ ਹਾਹਾਕਾਰ ਮਚੀ ਹੋਈ ਹੈ। ਲੋਕਾਂ ਦੀਆਂ ਧੀਆਂ ਭੈਣਾਂ ਦੀਆਂ ਸ਼ਾਦੀਆਂ ਰੁਕ ਗਈਆਂ ਹਨ ਕਿਉਂਕਿ ਨਾ ਖੰਡ ਮਿਲਦੀ ਸੀ, ਨਾ ਘੀ ਤੇ ਨਾ ਕੋਈ ਹੋਰ ਜ਼ਰੂਰੀ ਵਸਤਾਂ। ਪੰਜਾਬ ਵਿਚ 450 ਟਨ ਬਨਾਸਪਤੀ ਪੈਦਾ ਕਰਨ ਦੀ ਕਪੈਸਿਟੀ ਹੈ। ਜੇ ਕਰ ਪੂਰੀ ਪ੍ਰੋਡਕਸ਼ਨ ਹੋ ਜਾਵੇ ਤਾਂ ਅਸੀਂ ਬਾਹਰਲੇ ਸੂਬਿਆਂ ਨੂੰ ਵੀ ਭੇਜ ਸਕਦੇ ਹਾਂ, ਪਰ 150 ਟਨ ਵੀ ਉਨ੍ਹਾਂ ਨੇ ਪ੍ਰੋਡਕਸ਼ਨ ਨਹੀਂ ਕੀਤੀ, ਫਿਰ ਬਾਹਰਲੇ ਸੂਬਿਆਂ ਤੋਂ ਮੰਗਾਉਂਦੇ ਹਨ ਉਸ ਦੇ ਨਾਲ ਵੀ ਪੂਰਾ ਨਹੀਂ ਹੋਇਆ। ਇਸ ਤੋਂ ਇਲਾਵਾ 16 ਕਿਲੋ ਦੇ ਟੀਨ ਵਿਚ 14 ਕਿਲੋ ਤੇਲ ਅਤੇ 2 ਕਿਲੋ ਪਾਣੀ। ਇਸ ਤੋਂ ਇਲਾਵਾ ਮਿਟੀ ਘੱਟਾ ਪਾਇਆ ਗਿਆ ਪੰਜਾਬ ਵਿਚ। ਮਾਨਸਾ ਵਿਚ ਮੈਂ ਪੀਪੇ ਬੰਦ ਕਰਵਾਏ ਜਿਨ੍ਹਾਂ ਵਿਚ ਮਿਟੀ ਸੀ। ਇਹ ਚੀਜ਼ ਸਰਕਾਰ ਦੀ ਕਿੰਨੀ ਕਮਜ਼ੋਰੀ ਸਾਬਤ ਕਰਦੀ ਹੈ। ਇਹ ਮਿਲਾਂ ਵਾਲਿਆਂ ਨੂੰ ਨਹੀਂ ਕਹਿ ਸਕਦੇ ਕਿ ਜੇਕਰ 400 ਟਨ ਨਹੀਂ ਤਾਂ 300 ਟਨ ਹੀ ਕਰੋ, 250 ਟਨ ਹੀ ਕਰੋ, 150 ਟਨ ਕਰੋ, ਨਹੀਂ ਤਾਂ ਅਸੀਂ ਟੇਕ ਓਵਰ ਕਰ ਲਵਾਂਗੇ। ਫਿਰ ਇਹ ਸਰਕਾਰ ਕਹਿੰਦੀ ਹੈ ਕਿ ਅਸੀਂ ਸਿਨਮੇ ਨੈਸ਼ਨੇਲਾਈਜ਼ ਕਰਾਂਗੇ, ਟਰਾਂਸਪੋਰਟ ਕਰਾਂਗੇ, ਫੈਕਟਰੀਆਂ ਕਰਾਂਗੇ, ਸ਼ੂਗਰ ਮਿਲਾਂ ਕਰਾਂਗੇ। ਕਦੋਂ ਕਰੋਗੇ? ਇਨ੍ਹਾਂ ਨੂੰ ਸਾਫ ਕਹਿ ਦੇਣਾ ਚਾਹੀਦਾ ਹੈ ਕਿ ਜੇਕਰ ਪੂਰੀ ਪ੍ਰੋਡਕਸ਼ਨ ਨਾ ਹੋਈ ਤਾਂ ਸਰਕਾਰ ਆਪਣੇ ਹੱਥ ਵਿਚ ਲੈ ਲਵੇਗੀ। ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਪੰਜਾਬ ਦੀ ਜਨਤਾ ਨੂੰ ਹੋਰ ਦੁਖੀ ਨਾ ਕਰੋ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਮੈਂ ਇੱਟਾਂ ਦੀ ਗਲ ਕਰਦਾ ਹਾਂ। ਇਹ ਵੀ ਜ਼ਰੂਰੀ ਵਸਤਾਂ ਵਿਚ ਆ ਜਾਂਦੀਆਂ ਹਨ। ਸਾਡੇ ਕੋਲ ਕੋਲਾ ਨਹੀਂ ਸੀ। ਸਰਕਾਰ ਨੇ ਭੱਠੇ ਵਾਲਿਆਂ ਨੂੰ ਕਹਿ ਦਿੱਤਾ ਜਿਥੋਂ ਮਰਜ਼ੀ ਆਏ, ਜਿਵੇਂ ਮਰਜ਼ੀ ਆਏ ਕੋਲ ਲਿਆਓ ਅਤੇ ਜੋ ਮਰਜ਼ੀ ਆਏ ਭਾਅ ਲਾ ਲਵੋ। 52/- ਰੁਪਏ ਇੱਟਾਂ ਦਾ ਭਾਅ ਸੀ ਅਤੇ ਹੁਣ 73/- ਰੁਪਏ ਕਰ ਦਿਤਾ ਹੈ ਉਹ ਵੀ ਪੀਲੀਆਂ ਇੱਟਾਂ ਦਾ। ਇੱਟਾਂ ਬਗੈਰ ਸਾਰੀਆਂ ਸੜਕਾਂ ਖੜ ਗਈਆਂ। ਮਾਨਸਾ ਵਿਚ ਵਜ਼ੀਰ ਨੇ ਮੰਨਿਆਂ ਹੈ, ਡੀ. ਸੀ. ਨੇ ਮੰਨਿਆ ਹੈ, ਐਕਸ.ਈ.ਐਨ. ਨੇ ਮੰਨਿਆਂ ਹੈ ਕਿ ਇੱਟਾਂ ਬਿਨਾਂ ਕੰਮ ਰੁਕ ਗਏ ਹਨ। ਬੀ. ਐਂਡ ਆਰ. ਦੇ ਕੰਮ ਰੁਕ ਗਏ। ਲੋਕਾਂ ਨੂੰ 150/- ਰੁਪਏ ਵਿਚ ਇੱਟਾਂ ਮਿਲੀਆਂ। ਸਰਕਾਰ ਕਹਿੰਦੀ ਹੈ ਕਿ ਅਸੀਂ ਚੀਜ਼ਾਂ ਦੀ ਵੰਡ ਬੜੀ ਚੰਗੀ ਕਰ ਦਿੱਤੀ ਹੈ।

ਇਸ ਤੋਂ ਅਗੇ ਮੈਂ ਡੀਜ਼ਲ ਤੇ ਆਉਂਦਾ ਹਾਂ । ਇਥੇ ਕਈ ਮੈਂਬਰ ਸਾਹਿਬਾਨ ਨੇ ਕਿਹਾ ਕਿ ਸਾਨੂੰ ਤੇ ਪਤਾ ਨਹੀਂ ਲਗਾ ਕਿ ਕਿਤੇ ਡੀਜ਼ਲ ਵਾਸਤੇ ਕਿਸੇ ਪੰਪ ਤੇ ਲਾਈਨਾਂ ਲਗੀਆਂ ਹੋਣ । ਮੈਨੂੰ ਪਤਾ ਨਹੀਂ ਉਹ ਕਿਸੇ ਗਹੀਨ ਹੋਟਲ ਵਿਚ ਰਹਿੰਦੇ ਹਨ ਜਾਂ ਕਿਸ ਹੋਰ ਥਾਂ ਤੇ । ਡੀਜ਼ਲ ਪਿਛੇ ਮੁਜ਼ਾਹਰੇ ਹੋਏ । ਜਗਰਾਉਂ ਵਿਚ ਕਈ ਜੱਟ ਮਾਰੇ ਗਏ ਔਰ ਇਹ ਕਹਿੰਦੇ ਹਨ ਕਿ ਅਸੀਂ ਲਾਈਨਾਂ ਵੇਖੀਆਂ ਹੀ ਨਹੀਂ । ਸਾਡੇ ਵਜ਼ੀਰ ਸਾਹਿਬ ਕਹਿੰਦੇ ਹਨ ਕਿ ਇਸ ਵਾਰ ਅਸੀਂ ਦੁਗਣਾ ਡੀਜ਼ਲ ਲਿਆ ਕੇ ਆਮ ਡੀਜ਼ਲ ਕਰ ਦਿੱਤਾ ਸੀ । ਡੀਜ਼ਲ ਨਹੀਂ ਸੀ ਉਸ ਦੇ ਡਬਲ ਰੇਟ ਕਰ ਦਿੱਤੇ । ਜਿਤਨਾ ਚਾਹੀਦਾ ਸੀ ਉਤਨਾ ਆਇਆ ਨਹੀਂ । ਇਹ ਤਾਂ ਫਿਗਰਜ਼ ਦਸਦੀਆਂ ਹਨ । ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਇਸ ਪੈਰੇ ਵਿੱਚ ਦੋ ਗੱਲਾਂ ਲਿਖੀਆਂ ਹਨ । ਇਕ ਇਹ ਹੈ ਕਿ ਅਸੀਂ ਵੰਡ ਯਕੀਨੀ ਬਣਾ ਦਿੱਤੀ, ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕੀਤੀ ਅਤੇ ਨਰਮੇ, ਕਣਕ, ਝੋਨੇ ਅਤੇ ਹਰ ਚੀਜ਼ ਦੇ ਪੂਰੇ ਪੈਸੇ ਕਿਸਾਨਾਂ ਨੂੰ ਦਿਵਾਏ ਹਨ । ਇਸ ਦੇ ਉਲਟ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਸ ਪਾਸੇ ਵਲ ਦਿਵਾਉਣਾ ਚਾਹੁੰਦਾ ਹਾਂ । ਨਰਮੇ ਦੀਆਂ ਜੇ ਅਸੀਂ ਪਿਛਲੇ ਸਾਲ ਦੀਆਂ ਫਿਗਰਜ਼ ਲਈਏ ਤਾਂ ਪੰਜਾਬ ਵਿੱਚ 10 ਲੱਖ ਟਨ ਹੁੰਦਾ ਹੈ, ਇਸ ਸਾਲ ਦੀਆਂ ਫਿਗਰਜ਼ ਤਾਂ ਅਜੇ ਆਈਆਂ ਹੀ ਹਨ । ਉਸਦੇ ਮੁਤਾਬਿਕ ਅਸੀਂ ਵਾਜਬ ਰੇਟ ਮੰਗਿਆ ਸੀ ਕਿ 550 ਰੁਪਏ ਹੋਣਾ ਚਾਹੀਦਾ ਹੈ, ਸੀ. ਪੀ. ਆਈ. ਵਾਲਿਆਂ ਨੇ ਕਿਹਾ ਸੀ ਕਿ 500 ਰੁਪਏ ਹੋਣਾ ਚਾਹੀਦਾ ਹੈ, ਪਰ 250 ਰੁਪਏ ਜ਼ਿਮੀਦਾਰਾਂ ਲਈ ਭਾਅ ਰੱਖਿਆ ਹੈ । ਮਾਰਕਫੈਡ ਹੁਣੇ ਹੀ ਮਾਰਕਿਟ ਵਿਚ ਆਇਆ ਹੈ । ਇਸ ਤਰ੍ਹਾਂ ਪੰਜਾਬ ਦੇ ਕਿਸਾਨ ਨੂੰ 25 ਕਰੋੜ ਰੁਪਏ ਦਾ ਘਾਟਾ ਪਿਆ ਹੈ । ਜਦੋਂ ਕਿਸਾਨ ਨੇ ਆਪਣਾ ਨਰਮਾ ਵੇਚ ਦਿੱਤਾ ਅਤੇ ਇਨ੍ਹਾਂ ਦੇ ਚਹੇਤਿਆਂ ਨੇ 250 ਰੁਪਏ ਦੇ ਹਿਸਾਬ ਨਾਲ ਖ਼ਰੀਦ ਲਿਆ ਤਾਂ ਹੁਣ ਮਾਰਕਫੈਡ ਮਾਰਕਿਟ ਵਿੱਚ ਆ ਗਿਆ ਹੈ ਅਤੇ ਭਾਅ 400 ਨਰਮੇ ਦਾ ਹੋ ਗਿਆ ਹੈ । ਇਸ ਤਰ੍ਹਾਂ 150 ਰੁਪਏ ਪਰ ਕੁਇੰਟਲ ਇਨ੍ਹਾਂ ਦੇ ਚਹੇਤੇ ਕਮਾ ਰਹੇ ਹਨ । ਪੰਜਾਬ ਸਰਕਾਰ ਦੀ ਇਹ ਗਲਤੀ ਹੈ ਕਿ ਵਪਾਰੀਆਂ ਨਾਲ ਮਿਲ ਕੇ ਪਹਿਲਾਂ ਮਾਰਕਫੈਡ ਜਾਂ ਕਾਰਪੋਰੇਸ਼ਨ ਨੂੰ ਮਾਰਕਿਟ ਵਿੱਚ ਨਹੀਂ ਆਉਣ ਦਿਤਾ । ਇਸ ਵਿੱਚ 10 ਕਰੋੜ ਰੁਪਏ ਦਾ ਘਾਲਾ ਮਾਲਾ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਕਣਕ ਦੀ ਗੱਲ ਕਰਦਾ ਹਾਂ । ਮੈਂ ਥੋੜੇ ਜਿਹੇ ਅੰਕੜੇ ਦਸਦਾ ਹਾਂ । ਕਣਕ ਦਾ ਭਾਅ ਇਨ੍ਹਾਂ ਨੇ 105 ਰੁਪਏ ਮੁਕੱਰਰ ਕੀਤਾ ਅਤੇ ਵਪਾਰੀ ਨੂੰ 150 ਰੁਪਏ ਕੁਇੰਟਲ ਵੇਚਣ ਦੀ ਇਜਾਜ਼ਤ ਦਿੱਤੀ । ਅਸੀਂ 135 ਰੁਪਏ ਭਾਅ ਮੰਗਦੇ ਸੀ । ਸਾਨੂੰ ਦੁੱਖ ਨਾ ਹੁੰਦਾ ਜੇ ਪੰਜਾਬ ਦੇ ਗ਼ਰੀਬ ਮਜ਼ਦੂਰਾਂ ਨੂੰ ਕਣਕ 105 ਰੁਪਏ ਦੇ ਹਿਸਾਬ ਨਾਲ ਮਿਲਦੀ । ਵਪਾਰੀ ਬਾਹਰਲੇ ਸੂਬਿਆਂ ਵਿੱਚ ਕਣਕ 180 ਅਤੇ 200 ਰੁਪਏ ਕੁਇੰਟਲ ਦੇ ਭਾਅ ਨਾਲ ਵੇਚਣ ਲੱਗੇ । ਸਰਕਾਰ ਨੇ ਆਰਡਰ ਪਾਸ ਕਰ ਦਿੱਤਾ ਅਤੇ ਉਨ੍ਹਾਂ ਵਪਾਰੀਆਂ ਦੇ ਪਰਮਿਟ ਕੈਂਸਲ ਕਰ ਦਿੱਤੇ । ਫਿਰ ਇਨ੍ਹਾਂ ਨੇ ਆਪ ਕਣਕ ਦੂਜਿਆਂ ਸੂਬਿਆਂ ਨੂੰ ਦੇਣ ਦਾ ਫੈਸਲਾ ਕੀਤਾ । ਪਰ ਸਟੇਟ ਟੂ ਸਟੇਟ ਟਰੇਡ ਨਹੀਂ ਕੀਤੀ ਗਈ । ਇਹ ਫਿਰ ਨਾਮੀਨੀਜ਼ ਦੇ ਥਰੂ ਦਿੱਤਾ ਗਿਆ । ਜਿਹੜੇ ਵਪਾਰੀ ਵਿਚੋਂ ਕੱਢ ਦਿੱਤੇ ਸੀ ਕਿ ਉਹ ਲੁਟਦੇ ਹਨ ਉਹ ਫਿਰ ਦੁਬਾਰਾ ਲੈ ਆਂਦੇ । ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਨੇ ਆਪ ਘਾਲਾ ਮਾਲਾ ਕੀਤਾ ਹੈ। ਇਸ ਗੱਲ ਤੇ ਮੈਂ ਹੋਰ ਜ਼ਿਆਦਾ ਕੁਝ ਨਹੀਂ ਕਹਿੰਦਾ ਕਿਤੇ ਵਜ਼ੀਰ ਸਾਹਿਬ ਗੁਸੇ ਨਾ ਹੋ ਜਾਣ । ਮੈਂ ਵਜ਼ੀਰ ਤੋਂ ਡਰਦਾ ਨਹੀਂ । ਮੈਂ ਕਿਸਾਨਾਂ ਦੀ ਗੱਲ ਕਰਦਾ ਹਾਂ । ਕਿਸਾਨ ਨੂੰ ਆਪਣੀ ਕਣਕ 150 ਰੁਪਏ ਦੇ ਰੇਟ ਤੇ ਨਹੀਂ ਵੇਚਣ ਦਿੱਤੀ ਜਾਂਦੀ । ਜੇ ਇਹ ਕਿਸਾਨ ਨੂੰ ਇਹ ਭਾਅ ਦਿੰਦੇ ਤਾਂ ਇੰਦਰਾ ਗਾਂਧੀ ਨੂੰ ਆਸਟਰੇਲੀਆ, ਕਨੇਡਾ ਅਤੇ ਅਮਰੀਕਾ ਦੇ ਅੱਗੇ ਜਾ ਕੇ ਕਣਕ ਲਈ ਝੋਲੀ ਨਾ ਅੱਡਣੀ ਪੈਂਦੀ। ਪੰਜਾਬ ਦੇ ਕਿਸਾਨ ਦਾ ਜ਼ਿਆਦਾ ਪੈਸਿਆਂ ਨਾਲ ਢਿੱਡ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਭਰਦਾ, ਪੰਜਾਬ ਦਾ ਕਿਸਾਨ ਖੁਸ਼ਹਾਲ ਹੁੰਦਾ ਅਤੇ ਜ਼ਿਆਦਾ ਪੈਦਾਵਾਰ ਕਰਦਾ, ਪੰਜਾਬ ਦੀ ਇਕਾਨਮੀ ਵਿੱਚ ਵਾਧਾ ਹੁੰਦਾ, ਗਰੀਬ ਤਰਕੀ ਕਰਦਾ । ਇਸ ਸਾਲ 22 ਲੱਖ ਟਨ ਕਣਕ ਪੰਜਾਬ ਦੀਆਂ ਮੰਡੀਆਂ ਵਿੱਚ ਆਈ । ਉਸ ਦੇ ਮੁਤਾਬਿਕ ਜੇ 150 ਰੁਪਏ ਕੁਇੰਟਲ ਦੇ ਹਿਸਾਬ ਨਾਲ ਕਿਸਾਨ ਨੂੰ ਭਾਅ ਮਿਲਦਾ ਤਾਂ ਉਸ ਨੂੰ 93 ਕਰੋੜ ਰੁਪਏ ਹੋਰ ਮਿਲਣੇ ਸਨ । ਇਸ ਤਰ੍ਹਾਂ 105 ਰੁਪਏ ਦੇ ਕੇ ਕਿਸਾਨ ਨੂੰ 93 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ । ਜੇ ਟੋਟਲ ਘਾਟਾ ਕੈਲਕੁਲੇਟ ਕੀਤਾ ਜਾਵੇ ਤਾਂ ਇਹ 186 ਕਰੋੜ ਰੁਪਏ ਬਣਦਾ ਹੈ । ਇਤਨੀ ਜ਼ਿਆਦਾ ਠੱਗੀ ਪੰਜਾਬ ਦੇ ਕਿਸਾਨ ਨਾਲ ਹੋਈ ਹੈ । ਇਸ ਤੋਂ ਅੱਗੇ ਮੈਂ ਝੋਨੇ ਦੀ ਗੱਲ ਕਰਦਾ ਹਾਂ । ਇਥੇ ਕਿਹਾ ਗਿਆ ਕਿ 57 ਰੁਪਏ ਤੋਂ ਵਧਾ ਕੇ ਰੇਟ 76 ਰੁਪਏ ਕਰ ਦਿੱਤਾ ਹੈ । ਕਿਸਾਨ 100 ਰੁਪਏ ਰੇਟ ਮੰਗਦਾ ਸੀ । ਇਨਪੁਟਸ ਦੇ ਮੁਤਾਬਿਕ ਅਸੀਂ ਫਿਗਰਜ਼ ਕੱਢ ਕੇ ਸੈਂਟਰਲ ਮਨਿਸਟਰ ਚਟੋਪਾਧਿਆ ਸਾਹਿਬ ਨਾਲ ਗਲ ਕੀਤੀ ਕਿ ਜੇ ਸਾਡੀਆਂ ਫਿਗਰਜ਼ ਦੇ ਮੁਤਾਬਿਕ ਰੇਟ ਠੀਕ ਨਹੀਂ ਤਾਂ ਫਿਰ ਜੋ ਮਰਜ਼ੀ ਕਰੋ ਨਹੀਂ ਤਾਂ 10% ਕੱਟ ਲਾ ਕੇ ਜੋ ਅਸੀਂ ਦਿੱਤਾ ਹੈ ਉਹ 100 ਰੁਪਏ ਬਣਨਾ ਚਾਹੀਦਾ ਹੈ। ਸਰਕਾਰ ਬੜੀਆਂ ਡੀਂਗਾਂ ਮਾਰਦੀ ਹੈ ਕਿ ਝੋਨੇ ਦਾ ਅਸੀਂ ਭਾਅ 76 ਰੁਪਏ ਕਰ ਦਿੱਤਾ। ਹਰਿਆਨੇ ਵਾਲਿਆਂ ਨੇ ਤਾਂ ਇਸਦਾ ਭਾਅ 86 ਰੁਪਏ ਫਿਕਸ ਕੀਤਾ ਹੈ। ਉਨ੍ਹਾਂ ਦਾ ਇੱਕ ਦਾਣਾ ਵੀ 86 ਰੁਪਏ ਤੋਂ ਘੱਟ ਭਾਅ ਤੇ ਨਹੀਂ ਵਿਕਿਆ । ਇਹ ਕਹਿੰਦੇ ਹਨ ਕਿ ਅਸੀਂ ਭਾਅ ਯਕੀਨੀ ਬਣਾ ਦਿੱਤੇ ਹਨ । ਡਿਪਟੀ ਸਪੀਕਰ ਸਾਹਿਬ, ਸਾਨੂੰ ਦੁਖ ਨਾ ਹੁੰਦਾ ਜੇ ਇਹ ਜੋ ਕਹਿੰਦੇ ਹਨ ਉਸ ਤੇ ਅਮਲ ਕਰਦੇ । ਇਹ ਕਹਿੰਦੇ ਹਨ ਕਿ ਅਸੀਂ ਕਿਸਾਨ ਦੇ ਹਿੱਤਾਂ ਦੇ ਲਈ ਸੈਂਟਰਲ ਗੌਰਮਿੰਟ ਦੇ ਨਾਲ ਲੜਾਈ ਲੜਦੇ ਹਾਂ । ਜੇ ਇਹ ਕਿਸਾਨ ਦੀ ਆਵਾਜ਼ ਸੁਣ ਲੈਣ ਤਾਂ ਕਿਸਾਨ ਦਾ ਫਾਇਦਾ ਹੋਵੇਗਾ, ਸਰਕਾਰ ਦਾ ਫਾਇਦਾ ਹੋਵੇਗਾ । ਪਰ ਸਰਕਾਰ ਕਿਸਾਨ ਦੀ ਨਹੀਂ ਸੁਣਦੀ। ਬਠਿੰਡੇ ਦੇ ਵਿੱਚ ਬਠਿੰਡੇ ਦੇ ਕਿਸਾਨ ਟਰੈਕਟਰ ਲੈ ਕੇ ਮੁਜ਼ਾਹਰਾ ਕਰਦੇ ਸਨ, ਕਾਹਦੇ ਵਾਸਤੇ, ਨਰਮੇ ਦੇ ਭਾਅ ਕਹਿੰਦੇ ਸਨ ਕਿ ਸਾਨੂੰ ਦਿਉ, ਮਾਰਕਫੈਡ ਜਾਂ ਕਾਰਪੋਰੇਸ਼ਨ ਨੂੰ ਮਾਰਕਿਟ ਵਿਚ ਭੇਜੋ । ਪਰ ਸਰਕਾਰ ਨੇ ਵਪਾਰੀਆਂ ਦੀ ਗੱਲ ਮੰਨ ਲਈ ਅਤੇ ਮਾਰਕਫੈਡ ਨੂੰ ਮਾਰਕਿਟ ਵਿਚ ਨਹੀਂ ਭੇਜਿਆ । ਦੁਖ ਨਾਲ ਕਹਿਣਾ ਪੈਂਦਾ ਹੈ ਕਿ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਬਠਿੰਡੇ ਦੇ ਵਿਚ ਫਿਰ ਦੁਹਰਾਇਆ ਗਿਆ, ਦੋ ਘੰਟੇ ਉਥੇ ਗੋਲੀ ਕਿਸਾਨਾਂ ਦੇ ਉਤੇ ਚਲੀ । ਕਿਸਾਨ ਕਹਿੰਦੇ ਸਨ ਕਿ ਅਸੀਂ ਮਰਨ ਹੈ, ਭੁਖੇ ਮਰਨ ਨਾਲੋਂ ਤਾਂ ਚੰਗਾ ਹੈ ਕਿ ਗੋਲੀਆਂ ਨਾਲ ਮਰੀਏ। ਉਨ੍ਹਾਂ ਨਿਹੱਥੇ ਕਿਸਾਨਾਂ ਨੇ ਛਾਤੀਆ ਨੰਗੀਆਂ ਕੱਢ ਦਿੱਤੀਆਂ । ਉਥੇ ਇੱਕ ਦੋ ਬਜ਼ੁਰਗਾਂ ਦਾ ਪਤਾ ਹੀ ਨਹੀਂ ਲੱਗਾ ਕਿ ਕਿਧਰ ਗਏ । ਜਿਹੜੇ ਉਥੇ ਮੁਜ਼ਾਹਰਾ ਕਰਨ ਆਏ ਸਨ, ਉਨ੍ਹਾਂ ਵਿਚੋਂ ਕਈ ਇੰਜੀਨੀਅਰ ਸਨ ਜਿਨ੍ਹਾਂ ਨੇ ਕਿ ਐਸ. ਡੀ. ਓ. ਜਾਂ ਐਕਸੀ.ਈ.ਐਨ. ਲੱਗਣਾ ਹੈ । ਉਨ੍ਹਾਂ ਨੂੰ ਗੋਲੀਆਂ ਮਾਰੀਆਂ ਗਈਆਂ ਕਿਉਂਕਿ ਉਹ ਠੀਕ ਰੇਟ ਦੇ ਲਈ ਮੁਜ਼ਾਹਰਾ ਕਰਦੇ ਸਨ । ਸਾਡੀ ਪਾਰਟੀ ਨੇ ਸਰਕਾਰ ਪਾਸ ਰੋਸ ਪਰਗਟ ਕੀਤਾ ਕਿ ਆਜ਼ਾਦੀ ਨੂੰ ਚੰਗੇ ਕੰਮ ਵਾਸਤੇ ਜੇ ਇਸਤੇਮਾਲ ਨਹੀਂ ਕਰਨਾ ਤਾਂ ਅੰਗਰੇਜ਼ਾਂ ਵਾਲਾ ਸਾਕਾ ਤਾਂ ਨਾ ਦੁਹਰਾਈਏ । ਜ਼ਿਮੀਂਦਾਰਾਂ ਦੇ ਟਰੈਕਟਰਾਂ ਦਾ ਜੋ ਨੁਕਸਾਨ ਹੋਇਆ ਉਸ ਦਾ ਮੁਆਵਜ਼ਾ ਨਹੀਂ ਦਿੰਦੇ। ਸਰਕਾਰ ਨੇ ਮੰਨਿਆਂ ਕਿ ਮੁਆਵਜ਼ਾ ਦਿਆਂਗੇ, ਕੇਸ ਜਿਹੜੇ ਕਿ ਧਾਰਾ 307 ਦੇ ਤਹਿਤ ਦਰਜ਼ ਕੀਤੇ ਗਏ ਸਨ ਉਹ ਵਾਪਸ ਲਵਾਂਗੇ । ਪਰਚੇ ਧਾਰਾ 307 ਦੇ ਤਹਿਤ ਇਸ ਲਈ ਦਰਜ ਕੀਤੇ ਗਏ ਕਿ ਨਿਹੱਥੇ ਕਿਸਾਨ ਪੁਲਿਸ ਨੂੰ ਡਾਗਾਂ ਮਾਰਨ ਲਈ ਗਏ ਸਨ । 15 ਦਿਨ ਲਗਾਤਾਰ ਕਿਸਾਨਾਂ ਦੇ ਟੁੱਟੇ ਟਰੈਕਟਰਾਂ ਦੀ ਬਠਿੰਡੇ ਵਿਚ ਨੁਮਾਇਸ਼ ਹੁੰਦੀ ਰਹੀ। ਕਿਸੇ ਜ਼ਿਮੀਦਾਰ ਦੇ ਫਰਗੂਸ਼ਨ ਟਰੈਕਟਰ ਦਾ 10 ਹਜ਼ਾਰ ਰੁਪਿਆ ਨੁਕ-ਸਾਨ ਹੋਇਆ , ਕਿਸੇ ਦੇ ਐਸਕਾਰਟ ਟੈਕਟਰ ਦਾ 5000 ਰੁਪਏ ਦਾ ਨੁਕਸਾਨ ਹੋਇਆ ਅਤੇ ਇਸ ਤਰਾਂ ਜ਼ਿਮੀਂਦਾਰਾਂ ਦਾ 2 ਲੱਖ ਦਾ ਨੁਕਸਾਨ ਬਣਦਾ ਹੈ। ਅਸੀਂ ਮੰਗ ਕੀਤੀ ਅਤੇ ਡੀ.ਸੀ. ਨੇ ਵਾਇਦਾ

ਕੀਤਾ ਸਾਡੇ ਪੰਜ ਐਮ. ਐਲ. ਏਜ਼ ਦੇ ਸਾਹਮਣੇ ਕਿ ਮੁਆਵਜ਼ਾ ਦਿੱਤਾ ਜਾਵੇਗਾ । ਮਗਰ ਵਾਇਦੇ ਠੱਪ ਹੋ ਗਏ । ਇਹ ਅੱਜ ਕਿਸਾਨਾਂ ਤੇ ਗੋਲੀਆਂ ਮਾਰ ਕੇ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਦੁਹਰਾ ਰਹੇ ਹਨ । ਇਹ ਅੱਜ ਪੰਜਾਬ ਦੀ ਜੰਤਾ ਦੀ ਹਾਲਤ ਹੈ । ਕਣਕ ਤੋਂ ਅਗੇ ਮੈਂ ਬਾਜਰੇ ਅਤੇ ਮੱਕੀ ਦੀ ਗੱਲ ਕਰਦਾ ਹਾਂ ।

ਡਾਕਟਰ ਅਮੀਰ ਸਿੰਘ ਕਲਕਟ : ਇਨ੍ਹਾਂ ਨੇ ਕਿਹਾ ਹੈ ਕਿ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਇਹ ਸਰਕਾਰ ਦੁਹਰਾ ਰਹੀ ਹੈ। ਮੈਂ ਇਸ ਨੌਜਵਨ ਤੋਂ ਪੁੱਛਦਾ ਹਾਂ ਕਿ ਇਸ ਨੂੰ ਕਿੰਨੀਆਂ ਗੋਲੀਆਂ ਲੱਗੀਆਂ ਹਨ, ਦਿਖਾਉਣ ਜਾਂ ਇਹ ਉਸ ਵੇਲੇ ਲੁਕ ਗਏ ਸਨ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਦਾ ਹਾਂ । ਭਗਤ ਸਿੰਘ ਨੂੰ ਗੋਲੀਆਂ ਲੱਗੀਆਂ ਤਾਂ ਰੰਗ ਲਿਆਂਈਆਂ ਸਨ । ਜੇ ਸਾਡੇ ਇਨ੍ਹਾਂ ਨੇ ਗੋਲੀਆਂ ਮਾਰੀਆਂ ਤਾਂ ਜ਼ਰੂਰ ਰੰਗ ਲਿਆਉਣਗੀਆਂ । ਇਹ ਗੋਲੀਆਂ ਤਾਂ ਮਾਰਨ । ਡਿਪਟੀ ਸਪੀਕਰ ਸਾਹਿਬ, ਮੇਰੇ ਜ਼ਿਲੇ ਵਿੱਚ ਬਾਜਰਾ ਹੁੰਦਾ ਹੈ। ਪਿਛਲੇ ਸਾਲ ਓਪਨ ਮਾਰਕਿਟ ਵਿੱਚ 128 ਰੁਪਏ ਕੁਇੰਟਲ ਬਾਜਰੇ ਦਾ ਭਾਅ ਗਿਆ ਅਤੇ ਇਸ ਵਾਰੀ 180 ਰੁਪਏ ਤਕ ਚਲਾ ਗਿਆ । ਸਰਕਾਰ ਨੇ 82 ਰੁਪਏ ਕੁਇੰਟਲ ਦਾ ਰੇਟ ਫਿਕਸ ਕੀਤਾ। ਪੰਜਾਬ ਦੇ ਕਿਸਾਨ ਨੂੰ ਰੋਟੀ ਮਿਲਣ ਦੀ ਆਸ ਹੋਈ ਸੀ । ਪਤਾ ਨਹੀਂ ਇਨ੍ਹਾਂ ਨੂੰ ਚੰਡੀਗੜ੍ਹ ਬੈਠਿਆਂ ਕੀ ਹੋਇਆ ਕਿ ਆਰਡਰ ਕਰ ਦਿੱਤੇ ਕਿ ਪੰਜਾਬ ਤੋਂ ਬਾਜਰਾ ਬਾਹਰ ਨਹੀਂ ਜਾ ਸਕਦਾ ਕਿਸਾਨ ਨੂੰ 80 ਰੁਪਏ ਦੇ ਹਿਸਾਬ ਨਾਲ ਭਾਅ ਮਿਲਿਆ। ਆਲ ਇੰਡੀਆਂ ਰੇਡਿਓ ਨੇ ਇਹ ਨਸ਼ਰ ਕੀਤਾ ਕਿ ਧੂਰੀ ਸ਼ਟੇਸ਼ਨ ਤੇ ਇਤਨੀਆਂ ਬੋਰੀਆਂ ਬਾਜਰੇ ਦੀਆਂ ਫੜੀਆਂ ਗਈਆਂ । ਵਪਾਰੀ ਇਸ ਤੇ ਬੜੇ ਕੁਰਲਾਏ। ਉਨ੍ਹਾਂ ਨੇ ਸਰਕਾਰ ਨੂੰ ਕਿਹਾ ਕਿ ਅਸੀਂ ਤੁਹਾਡੇ ਭਰਾ ਹਾਂ, ਅਸੀਂ ਤੁਹਾਡੀ ਹਰ ਵਕਤ ਮਦਦ ਕਰਦੇ ਹਾਂ। ਇਸ ਤੇ ਸਾਡੇ ਨੌਜਵਾਨ ਵਜ਼ੀਰ ਨੇ ਕਹਿ ਦਿੱਤਾ ਕਿ ਆਰਡਰ ਹੋ ਗਏ ਹਨ । ਵਪਾਰੀ ਬੜੇ ਚਲਾਕ ਸਨ। ਜਿਸ ਸਵੇਰੇ ਇਨ੍ਹਾਂ ਨੇ ਆਰਡਰ ਪਾਸ ਕੀਤੇ ਸ਼ਾਮ ਨੂੰ ਆਰਡਰ ਦੀ ਲੀਕੇਜ਼ ਕਰਕੇ ਬਿਲਟੀਆਂ ਪਹਿਲਾਂ ਫੜ ਲਈਆਂ ਅਤੇ ਕਿਹਾ ਕਿ ਸਾਡੀਆਂ ਬਿਲਟੀਆਂ ਤਾਂ ਆਰਡਰ ਤੋਂ ਪਹਿਲਾਂ ਆ ਗਈਆਂ ਹਨ। ਇਸ ਤਰ੍ਹਾਂ 1 ਲੱਖ ਬੋਰੀ ਤੇ ਛਾਪਾ ਪੈ ਗਿਆ । ਦੋ ਮਹੀਨੇ ਕੇਸ ਚਲਦਾ ਰਿਹਾ । ਅਸੀਂ ਵੀ ਵਪਾਰੀਆਂ ਨੂੰ ਪੁਛਿਆ ਕਿ ਸਰਕਾਰ ਤੁਹਾਡੇ ਨਾਲ ਕੀ ਕਰ ਰਹੀ ਹੈ । ਕਿਸਾਨ ਤਾਂ ਲੁਟਿਆ ਹੀ ਗਿਆ ਤੁਹਾਡੀ ਕਿਉਂ ਬੁਰੀ ਹਾਲਤ ਕੀਤੀ ਹੈ । ਵਪਾਰੀ ਕਹਿਣ ਲੱਗੇ ਅਸੀਂ ਦਸਾਂਗੇ । ਦੋ ਮਹੀਨੇ ਬਾਅਦ ਵਜ਼ੀਰ ਸਾਹਿਬ ਦੇ ਕਹਿੰਦੇ ਕਹਿੰਦੇ ਕਿ ਬਿਲਕੁਲ ਬਾਜਰਾ ਬਾਹਰ ਨਹੀਂ ਜਾਏਗਾ, ਵਜ਼ੀਰ ਸਾਹਿਬ ਕੋਲੋਂ ਫਾਈਲ ਛਾਲ ਮਾਰ ਕੇ ਉਪਰ ਚਲੀ ਗਈ । ਉਥੇ ਦੀਆਂ ਵਹੀਆਂ ਬੋਲਦੀਆਂ ਹਨ ਕਿ ਪੰਜ ਰੁਪਏ ਪਰ ਬੋਰੀ ਦੇ ਹਿਸਾਬ ਨਾਲ ਯੂ.ਪੀ. ਦੀਆਂ ਅਲੈਕਸ਼ਨਾਂ ਵਾਸਤੇ ਪੈਸਾ ਇੱਕਠਾ ਕੀਤਾ ਗਿਆ ਅਤੇ ਇਹ ਸਾਰਾ ਘਾਲਾ ਮਾਲਾ ਹੋਇਆ ਹੈ । ਤੁਸੀਂ ਇਸ ਦੀ ਇਨਕੁਆਇਰੀ ਕਰਵਾ ਲਓ (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ : ਇਹ ਬਿਲਕੁਲ ਗਲਤ ਬਿਆਨੀ ਕਰ ਰਹੇ ਹਨ ਅਤੇ ਇਹ ਚੀਜ਼ ਬਿਲਕੁਲ ਬੇ-ਬੁਨਿਆਦ ਹੈ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਇਹ ਇਨਕੁਆਇਰੀ ਕਰਾਉਣ । ਵੀਟ ਸਕੈਂਡਲ ਇਸੇ ਤਰ੍ਹਾਂ ਹੋਇਆ ਸੀ । ਫਾਈਲਾਂ ਬੋਲਦੀਆਂ ਹਨ । ਮੈਂ ਅਗਲਾ ਲਫਜ਼ ਨਹੀਂ ਕਹਾਂਗਾ । (ਵਿਘਨ) ਡਿਪਟੀ ਸਪੀਕਰ ਸਾਹਿਬ, ਜੋ ਮੈਂ ਇਕ ਛੋਟਾ ਜਿਹਾ ਪੈਰਾ ਛੱਡ ਗਿਆ ਸੀ, ਹੁਣ ਉਸ ਦੇ ਬਾਰੇ ਦੱਸਦਾ ਹਾਂ, ਉਹ ਹੈ ਸਹਿਕਾਰਤਾ ਬਾਰੇ ।

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਇਹ ਕਹਿੰਦੇ ਹਨ ਕਿ ਅਸੀਂ ਸਹਿਕਾਰੀ ਸਭਾਵਾਂ ਦੁਆਰਾ ਕਰਜ਼ੇ ਜ਼ਿਮੀਂਦਾਰਾਂ ਨੂੰ ਵੰਡੇ ਹਨ । ਅਸੀਂ ਜ਼ਿਮੀਂਦਾਰ ਦਾ ਵਾਲ ਵਾਲ ਵੰਡ ਦਿਤਾ ਹੈ (ਹਾਸਾ) ਤਾਕਿ ਉਹ ਤਰੱਕੀ ਕਰੇ । ਮੈਂ ਵਜ਼ੀਰ ਸਾਹਿਬ ਨੂੰ ਇਹ ਕਹਾਂਗਾ ਕਿ ਜੇਕਰ ਤੁਸੀਂ ਤਕੜੇ ਹੋਵੋ, ਬੈਂਕਾਂ ਨੂੰ ਠੀਕ ਕਰ ਲਵੋ ਔਰ ਜਿਹੜੇ ਵੀ ਠੀਕ ਕੰਮ ਨਹੀਂ ਕਰ ਰਹੇ ਉਨ੍ਹਾਂ ਨੂੰ ਵਿਚੋਂ ਕੱਢ ਦੇਵੋ ਤਾਂ ਕੰਮ ਠੀਕ ਚਲ ਸਕਦਾ ਹੈ । ਮੈਂ ਜ਼ਿਆਦਾ ਇਸ ਪਾਸੇ ਨਾ ਜਾਂਦਾ ਹੋਇਆ ਸਿਰਫ ਇਕ ਗੱਲ ਹੀ ਕਰ ਜਾਂਦਾ ਹਾਂ । (ਘੰਟੀ)

ਡਿਪਟੀ ਸਪੀਕਰ ਸਾਹਿਬ, ਇਹ ਮੇਰੀ ਵਾਰੀ ਟੱਲੀ ਜਿਹੀ ਕਿਉਂ ਵਜਾਉਂਦੇ ਹੋ । (ਹਾਸਾ) ਮੈਂ ਇਨ੍ਹਾਂ ਨੂੰ ਇਕ ਜਗ੍ਹਾ ਹੀ ਦੱਸ ਦਿੰਦਾ ਹਾਂ ਉਸ ਤੋਂ ਹੀ ਸਾਰੀ ਗਲ ਇਨ੍ਹਾਂ ਨੂੰ ਸਮਝ ਆ ਜਾਵੇਗੀ। ਇਕ ਥਾਂ ਇਹ ਸਰਕਾਰ ਕਹਿੰਦੀ ਹੈ ਕਿ ਅਸੀਂ ਜ਼ਿਮੀਂਦਾਰਾਂ ਨੂੰ ਕਰਜ਼ਾ ਦਿੰਦੇ ਹਾਂ, ਖਾਦ ਦਿੰਦੇ ਹਾਂ ਪਰ ਮੈਂ ਸਿਰਫ ਮਾਨਸਾ ਔਰ ਸਮਰਾਲਾ ਦੀ ਹੀ ਗੱਲ ਦੱਸਦਾ ਹਾਂ । ਇਕ ਪਿੰਡ ਬਰੂਵਾਲ ਖੁਰਦ ਹੈ ਉਥੇ 70 ਮੈਂਬਰ ਸੁਸਾਇਟੀ ਦੇ ਹਨ । ਜਿਹੜੇ ਮੈਂਬਰ ਕਾਬਜ਼ ਹਨ ਉਨ੍ਹਾਂ ਤੇ ਏ. ਆਰ. ਨੇ ਐਡਮਨਿਸਟਰੇਟਰ ਲਗਾ ਦਿਤਾ ਹੈ । ਔਰ ਦੂਜੇ 30 ਮੈਂਬਰ ਜਿਹੜੇ ਹਨ ਉਨ੍ਹਾਂ ਨੂੰ ਖਾਦ ਦੇ ਦਿਤੀ ਹੈ ਪਰ ਦੂਸਰਿਆਂ ਨੂੰ ਕੁਝ ਨਹੀਂ ਦਿਤਾ ਜਾਂਦਾ । ਇਹ ਤਾਂ ਉਥੇ ਦੀ ਸੋਸਾਇਟੀ ਦੀ ਹਾਲਤ ਹੈ । ਉਸ ਵਿਚ ਏ. ਆਰ., ਸਮਰਾਲਾ ਔਰ ਇਨਸਪੈਕਟਰ ਵੀ ਇਨਵਾਲਵਡ ਹਨ । ਇਸ ਤਰ੍ਹਾਂ ਫਫੜੇਭਾਈ ਦੀ ਸੋਸਾਇਟੀ ਤੇ ਇਕ ਪਾਰਟੀ ਦਾ ਕਬਜ਼ਾ ਹੈ ਉਹ ਦੂਸਰਿਆਂ ਨੂੰ ਮੈਂਬਰ ਹੀ ਨਹੀਂ ਬਣਨ ਦਿੰਦੇ । ਉਥੇ 90 ਆਦਮੀ ਮੈਂਬਰ ਬਣਨਾ ਚਾਹੁੰਦੇ ਹਨ । ਉਥੋਂ 20 ਮੈਂਬਰ ਕੱਢ ਦਿਤੇ ਹਨ ਪਰ ਦੂਸਰੇ ਪਾਸੇ ਅਫਸਰਾਂ ਦੀ ਕਾਰਵਾਈ ਉਲਟ ਹੈ ।

ਕਾਮਰੇਡ ਜੰਗੀਰ ਸਿੰਘ ਜੋਗਾ : ਪੁਆਇੰਟ ਆਫ਼ ਆਰਡਰ, ਸਰ। ਫੱਫੜੇ ਭਾਈ, ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਹੈ। ਜਿਹੜੇ ਆਦਮੀ ਉਥੇ ਸੋਸਾਇਟੀ ਵਿਚ ਨਹੀਂ ਲਏ ਗਏ ਉਨ੍ਹਾਂ ਦੇ ਕੰਨੀ ਤਿੰਨ ਲੱਖ ਰੁਪਏ ਦਾ ਗਬਨ ਦਾ ਕੇਸ ਹੈ । ਉਨ੍ਹਾਂ ਦੇ ਖ਼ਿਲਾਫ਼ ਕੇਸ ਚਲਦਾ ਹੈ। ਇਹ ਉਨ੍ਹਾਂ ਦੀ ਨੁਮਾਇੰਦਗੀ ਕਰਦੇ ਹਨ । (ਸ਼ੇਮ,ਸ਼ੇਮ) (ਥੰਪਿੰਗ) (ਹਾਸਾ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਠੋਕ ਕੇ ਜਵਾਬ ਦੇਵਾਂਗਾ। ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਉਸ ਕੇਸ ਦੀ ਇਨਕੁਆਇਰੀ ਕਰਾਉਣ ਅਗਰ ਉਹ ਮੈਂਬਰ ਗਲਤ ਸਾਬਤ ਹੋਏ ਤਾਂ ਉਨ੍ਹਾਂ ਵਿਰੁਧ ਬੇਸ਼ਕ ਕਾਰਵਾਈ ਕੀਤੀ ਜਾਵੇ ਪਰ ਜੇਕਰ ਉਹ ਨਾ ਨਿਕਲੇ ਤਾਂ ਜੋਗਾ ਜੀ ਜਿਹੜੇ ਕਿ ਮੇਰੇ ਬਜ਼ੁਰਗ ਹਨ, ਉਹ ਇਨ੍ਹਾਂ ਆਪਣੇ ਲਫਜ਼ਾਂ ਨੂੰ ਵਿਦਡਰਾਅ ਕਰਨ। (ਇਸ ਸਮੇਂ ਹਾਊਸ ਵਿਚ ਕਾਫੀ ਸ਼ੋਰ ਪੈਣ ਲਗ ਪਿਆ।) (ਇਸ ਸਮੇ ਕਾਮਰੇਡ ਜੰਗੀਰ ਸਿੰਘ ਜੋਗਾ ਜੀ ਫਿਰ ਖੜੇ ਹੋ ਕੇ ਬੋਲਣ ਲਗੇ ਹਨ ਪਰ ਹਾਊਸ ਵਿਚ ਸ਼ੋਰ ਹੋਣ ਕਾਰਣ ਕੁਝ ਪੂਰੀ ਤਰ੍ਹਾਂ ਸੁਣਾਈ ਨਾ ਦਿਤਾ ।)

ਕਾਮਰੇਡ ਜੰਗੀਰ ਸਿੰਘ ਜੋਗਾ : ਇਨਕੁਆਇਰੀ ਕਰਵਾ ਲਓ ਔਰ ਉਨ੍ਹਾਂ ਨੂੰ ਸਜ਼ਾ ਦਿਓ । ਉਸ ਕੇਸ ਦੀ ਇਨਕੁਆਇਰੀ ਕਰਵਾਈ ਜਾਵੇ । (ਥੰਪਿੰਗ)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨਾਲ ਪੰਗਾ ਨਹੀਂ ਸੀ ਲੈਣਾ ਚਾਹੁੰਦਾ, ਪਰ ਜੇਕਰ ਇਹ ਕਹਿੰਦੇ ਹਨ ਤਾਂ ਇਨਕੁਆਇਰੀ ਕਰਵਾ ਲਈ ਜਾਵੇ । ਮੈਂ ਵੀ ਇਹ ਹੀ ਮੰਗ ਕਰਦਾ ਹਾਂ ਕਿ ਇਨਕੁਆਇਰੀ ਕਰਵਾਈ ਜਾਵੇ ।

ਸਰਦਾਰ ਜਗਦੇਵ ਸਿੰਘ ਸੰਧੂ : ** **

Mr. Deputy Speaker : This is no point of order.

ਸਰਦਾਰ ਬਲਵਿੰਦਰ ਸਿੰਘ ਭੂੰਦੜ: ਕੀ ਗੱਲ ਜੀ, ਸਾਡਾ ਪੁਆਇੰਟ ਆਫ ਆਰਡਰ ਛੋਟਾ ਹੋ ਗਿਆ ਹੈ, ਮੁੱਕ ਗਿਆ ਹੈ । (ਹਾਸਾ)

उप मंत्री सिंचाई तथा बिजली : डिप्टी स्पीकर साहिब, मैं इन्क्वायरी करवा लेता हूं लेकिन एक बात का इन को पता होना चाहिए कि मैं ने छोड़ना नहीं किसी को भी ।

(ਅਕਾਲੀ ਪਾਰਟੀ ਵਲੋਂ ਥੰਪਿੰਗ)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਡਿਪਟੀ ਸਪੀਕਰ ਸਾਹਿਬ, ਇਹ ਹਰੀਜਨਾਂ ਦੀ ਭਲਾਈ ਦੀਆਂ ਗੱਲਾਂ ਕਰਦੇ ਹਨ । ਇਹ ਮਗਰਮੱਛ ਵਾਲੇ ਅਥਰੂ ਪੰਜਾਬ ਦੀ ਜਨਤਾ ਸਾਹਮਣੇ ਵਹਾਉਂਦੇ ਹਨ । ਮੇਰੇ ਭੈਣ ਜੀ ਨੇ ਉਸ ਦਿਨ ਬੜੇ ਜ਼ੋਰ ਸ਼ੋਰ ਨਾਲ ਕਿਹਾ ਸੀ ਕਿ ਅਸੀਂ ਪਲਾਟ ਦਿਤੇ ਹਨ ਪਰ ਉਨ੍ਹਾਂ ਪਲਾਟਾਂ ਤੇ ਮਕਾਨ ਤਾਂ ਕੋਈ ਨਜ਼ਰ ਨਹੀਂ ਆਇਆ । ਡਿਪਟੀ ਸਪੀਕਰ ਸਾਹਿਬ, ਇਕ ਥੋੜ੍ਹੀ ਜਿਹੀ ਗੱਲ ਮੈਂ ਹੋਰ ਅਰਜ਼ ਕਰਦਾ ਹਾਂ ।

उप मंत्री, सिंचाई तथा बिजली : डिप्टी स्पीकर साहिब, मैं आप की मार्फ़त कहना चाहता हूं कि जो अच्छी बात इन के हलके में हुई है वह भी बता दें । बोलते वक्त आप यह भी याद रखें ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਜ਼ਰੂਰ ਖ਼ਿਆਲ ਰਖਾਂਗਾ ਜੀ । (ਹਾਸਾ)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ (ਅਵਾਜ਼ਾਂ-ਜੈ ਭੀਮ, ਜੈ ਭੀਮ) ਇਹ ਹਰੀਜਨਾਂ ਦੇ ਪਲਾਟਾਂ ਦੀ ਗੱਲ ਕਰਦੇ ਹਨ । ਪਰ ਪਲਾਟਾਂ ਵਿਚ ਹਰੀਜਨਾਂ ਦਾ ਜ਼ਿਕਰ ਨਹੀਂ ਹੈ । ਜਿਸ ਪਾਸ ਮਕਾਨ ਨਹੀਂ ਹੈ, ਚਾਹੇ ਉਹ ਹਰੀਜਨ ਹੈ ਜਾਂ ਗੈਰ–ਹਰੀਜਨ ਹੈ, ਉਸ ਨੂੰ ਮਕਾਨ ਲਈ ਪਲਾਟ ਮਿਲਦੇ ਹਨ । ਇਕੱਲੀ ਹਰੀਜਨਾਂ ਦੀ ਗੱਲ ਨਹੀਂ ਹੈ ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਕ ਗੱਲ ਮੈਨੂੰ ਯਾਦ ਕਰਵਾ ਦਿੱਤੀ ਹੈ । ਮੈਂ ਇਕ ਗੱਲ ਫਿਰ ਕਹਿੰਦਾ ਹਾਂ ਕਿ ਜੋ ਡਿਵੈਲਪਮੈਂਟ ਦੇ ਚੰਗੇ ਕੰਮ ਕੀਤੇ ਹਨ, ਅਸੀਂ ਉਨ੍ਹਾਂ ਨਾਲ ਸਹਿਮਤ ਹਾਂ । ਉਥੇ ਵੀ ਵਜ਼ੀਰ ਸਾਹਿਬ ਕੁਝ ਚੰਗੇ ਕੰਮ ਕਰਕੇ ਆਏ ਹਨ । ......

ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ : ਕੀ ਚੰਗੇ ਕੰਮ ਕੀਤੇ ਹਨ, ਤੁਸੀਂ ਦੱਸ ਦਿਉ?

ਸਰਦਾਰ ਬਲਵਿੰਦਰ ਸਿੰਘ ਭੂੰਦੜ: ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਕੋਟੇ ਪਰਮਿਟ ਨਹੀਂ ਲੈਂਦਾ । ਉਥੇ ਪਾਣੀ ਵਾਸਤੇ ਮਾਈਨਰ ਕੱਢੇ ਗਏ ਹਨ । ਦੋ ਸਾਲ ਮੈਂ ਆਪ ਮਿਹਨਤ ਕੀਤੀ ਹੈ ।

**Expunged as ordered by the Chair.

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਡਿਪਟੀ ਸਪੀਕਰ ਸਾਹਿਬ, ਅਸੀਂ ਕੋਈ ਵੀ ਕੰਮ ਕਰਦੇ ਹਾਂ ਤਾਂ ਸਾਡੇ ਉਪਰ ਇਹ ਲੋਕ (ਸਰਕਾਰੀ ਬੈਂਚਾਂ ਦੇ ਮੈਂਬਰ ਸਾਹਿਬਾਨ ਵਲ ਇਸ਼ਾਰਾ ਕਰਦੇ ਹੋਏ) ਇਲਜ਼ਾਮ ਲਗਾਉਂਦੇ ਹਨ ਕਿ ਅਸੀਂ ਪੰਜਾਬ ਛੋਟਾ ਕਰ ਦਿੱਤਾ ਹੈ। ਫਿਰ ਇਹ ਇਸ ਤਰ੍ਹਾਂ ਹੀ ਮੁਕਤੀ ਬਾਹਿਨੀ ਦੀ ਗੱਲ ਕਰਦੇ ਹਨ। ਮੈਂ ਇਨ੍ਹਾਂ ਨੂੰ ਦੱਸ ਦੇਵਾਂ ਕਿ ਅਸੀਂ ਅਕਾਲੀ ਦਲ ਨੇ ਪੰਜਾਬ ਨੂੰ ਹਿੰਦੁਸਤਾਨ ਵਿਚ ਰਖਿਆ ਹੈ, ਇਸ ਨੂੰ ਪਾਕਿਸਤਾਨ ਵਿਚ ਨਹੀਂ ਜਾਣ ਦਿਤਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **।

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ, ਸਰ। ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਰਦਾਰ ਬਲਵਿੰਦਰ ਸਿੰਘ ਜੀ, ਇਥੇ ਕਈ ਗੱਲਾਂ ਹੁੰਦੀਆਂ ਹਨ ਲੀਡਰਾਂ ਬਾਰੇ ਪਰ ਡੈਰੋਗੇਟਰੀ ਲਫਜ਼ ਸਾਨੂੰ ਉਨ੍ਹਾਂ ਦੇ ਖਿਲਾਫ਼ ਨਹੀਂ ਵਰਤਣੇ ਚਾਹੀਦੇ। ਕਲ ਇਹ ਹੀ ਰੌਲਾ ਪਿਆ ਸੀ। ਇਨ੍ਹਾਂ ਨੇ ਪ੍ਰਧਾਨ ਮੰਤਰੀ ਜੀ ਨੂੰ ** ** ਕਿਹਾ ਹੈ। ਇਹ ਤੁਸੀਂ ਵੇਖ ਲਵੋ ਕਿ ਡੈਰੋਗੇਟਰੀ ਹੈ ਜਾਂ ਨਹੀਂ।

ਸ੍ਰੀ ਡਿਪਟੀ ਸਪੀਕਰ : ਡੈਰੋਗੇਟਰੀ ਲਫ਼ਜ਼ ਇਸ ਵਿਚੋਂ ਕੱਢ ਦਿਤੇ ਜਾਣ। (Derogatory words should be expunged from the record.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਪ੍ਰਧਾਨ ਮੰਤਰੀ ਬਾਰੇ ਕਿਹਾ ਹੈ ਕਿ ਰੌਲਾ ਪਾਇਆ ਹੈ ਗਰੀਬੀ ਹਟਾਉਣ ਦਾ; ਹੁਣ ਕਿਸ ਤਰ੍ਹਾਂ ਦੀ ਗਰੀਬੀ ਹਟ ਰਹੀ ਹੈ ਇਹ ਸਾਰਾ ਭਾਰਤ ਜਾਣਦਾ ਹੈ। ਹੁਣ ਸਮੱਗਲਰਾਂ ਨੂੰ ਫੜਨ ਦੀ ਗੱਲ ਕਰਦੇ ਹਨ। ਅਸੀਂ ਕਹਿੰਦੇ ਹਾਂ ਕਿ ਸਮੱਗਲਰ ਛੱਡਣੇ ਨਹੀਂ ਚਾਹੀਦੇ ਪਰ ਜਿਹੜੇ ਸਮੱਗਲਰ ਸਰਕਾਰ ਵਿਚ ਹਿੱਸੇਦਾਰ ਹਨ, ਜਿਨ੍ਹਾਂ ਦਾ ਨਾਮ ਡਾਂਗ ਸਾਹਿਬ ਨੇ ਲਿਆ ਸੀ, ਕਾਂਗਰਸੀ ਮੈਂਬਰਾਂ ਨੇ ਲਿਆ ਸੀ, ਉਨ੍ਹਾਂ ਨੂੰ ਵੀ ਫੜਨਾ ਚਾਹੀਦਾ ਹੈ। ਅਸੀਂ ਸਹਿਮਤ ਹਾਂ। ਚੀਫ਼ ਮਨਿਸਟਰ ਸਾਹਿਬ ਦਾ ਆਪਣਾ ਬਿਆਨ ਹੈ ਜਿਹੜਾ ਕਿ ਅਕਾਲੀ ਪੱਤਰਕਾ ਵਿਚ ਆਇਆ ਹੈ। ਉਨ੍ਹਾਂ ਨੇ ਕਿਹਾ ਕਿ ਕਾਲੇ ਧੰਨ ਵਿਚ ਵਜ਼ੀਰ ਵੀ ਇਨਵਾਲਵਡ ਹਨ। ਪਰ ਕੀ ਇਹ ਉਨ੍ਹਾਂ ਦੀ ਇਨਕੁਆਇਰੀ ਕਰਾਉਣਗੇ ਔਰ ਉਨ੍ਹਾਂ ਨੂੰ ਅੰਦਰ ਦੇਣਗੇ? ਜਿਹੜਾ ਚਾਰਜ-ਸ਼ੀਟ ਦਾ ਜੈ ਇੰਦਰ ਸਿੰਘ ਨੇ ਜਵਾਬ ਦਿੱਤਾ ਹੈ, ਕੀ ਤੁਸੀਂ ਉਸ ਦੀ ਇਨਕੁਆਇਰੀ ਕਰਾਉਗੇ?

ਡਿਪਟੀ ਸਪੀਕਰ ਸਾਹਿਬ, ਕਾਂਗਰਸ ਨੇ ਮੁਜ਼ਾਹਰਾ ਕੀਤਾ ਹੈ ਪੰਜਾਬ ਦੇ ਹਾਜ਼ੀ ਮਸਤਾਨ ਬਾਰੇ। ਕਈ ਮੈਂਬਰ ਸਾਹਿਬਾਨ ਨੇ ਇਸ ਹਾਊਸ ਵਿਚ ਕਿਹਾ ਹੈ ਕਿ ਪੰਜਾਬ ਦੇ ਹਾਜ਼ੀ ਮਸਤਾਨ ਨੂੰ ਫੜੋ। ਬਰਨਾਲੇ ਵਿਚ, ਡਿਪਟੀ ਸਪੀਕਰ ਸਾਹਿਬ, ਮੁਜ਼ਾਹਰਾ ਹੋਇਆ ਹੈ। ਉਸ ਦਾ ਨਾਉਂ ਤਾਂ ਤੁਸੀਂ ਆਪ ਹੀ ਸਮਝ ਗਏ ਹੋਵੋਗੇ। ਜੇਕਰ ਇਹ ਗੱਲਾਂ ਕਰਨੀਆਂ ਹਨ ਤਾਂ ਤੇ ਸਾਨੂੰ ਠੀਕ ਹੈ ਨਹੀਂ ਤਾਂ ਅਸੀਂ ਸਮਝਦੇ ਹਾਂ ਕਿ ਪੰਜਾਬ ਦੀ ਜਨਤਾ ਨਾਲ ਮਗਰਮੱਛ ਵਾਲੇ ਅਥਰੂ ਵਹਾਉਣ ਵਾਲਾ ਸਲੂਕ ਕੀਤਾ ਜਾ ਰਿਹਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਹੈ। ਇਸ ਬਾਰੇ ਕਿਹਾ ਗਿਆ ਸੀ ਕਿ ਬਜਟ ਦੀ ਡਿਬੇਟ ਵਿਚ ਇਸ ਦੇ ਮੁਤਾਲਿਕ ਗੱਲ ਕਰ ਲੈਣਾ ਕਿਉਂਕਿ ਮੈਂ ਇਸ ਬਾਰੇ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ 1870 ਦਾ ਇਰੀਗੇਸ਼ਨ ਐਕਟ ਵੇਖ ਲੈਣ ਜਿਸ ਵਿਚ ਇਹ ਕਿਹਾ ਗਿਆ ਹੈ ਕਿ ਜੇ ਕਿਸਾਨ ਨੂੰ ਪਾਣੀ ਘੱਟ

**Expunged as ordered by the Chair.

[ਮਿਲੇ ਤਾਂ ਸਰਕਾਰ ਨੂੰ ਮਾਲੀਆ ਲੈਣ ਦਾ ਹੱਕ ਨਹੀਂ ਹੈ । ਪਰ ਇਥੇ ਕੀ ਹੁੰਦਾ ਹੈ ਕਿ ਪਾਣੀ ਦਿੱਤਾ ਨਹੀਂ ਜਾਂਦਾ, ਬਿਜਲੀ ਦਿੱਤੀ ਨਹੀਂ ਜਾਂਦੀ, ਪਰ ਕਰਦੇ ਕੀ ਹਨ ਕਿ ਮਾਲੀਆ ਦੁਗਣਾ ਕਰ ਦੇਵੋ, ਆਬਿਆਨਾ ਦੁਗਣਾ ਕਰ ਦੇਵੋ, ਕਮਰਸ਼ਿਅਲ ਟੈਕਸ ਦੁਗਣਾ ਕਰ ਦੇਵੋ । ਆਬਿਆਨਾ ਦੁਗਣਾ ਅਤੇ ਕਮਰਸ਼ਿਅਲ ਟੈਕਸ ਤਾਂ ਲਗ ਸਕਦਾ ਹੈ ਜੇ ਫਸਲਾਂ ਖਰਾਬ ਨਾ ਹੋਣ । ਪਰ ਇਹ ਖਰਾਬ ਫਸਲਾਂ ਤੇ ਕੁਮਰਸ਼ਿਅਲ ਟੈਕਸ ਲਗਾਉਂਦੇ ਹਨ । ਪੰਜਾਬ ਦੀ ਜਨਤਾ ਨੂੰ ਕਹਿੰਦੇ ਹਨ ਕਿ ਬਜਟ ਵਿਚ ਪੈਸੇ ਵਧਾ ਦਿਤੇ ਹਨ । ਫਿਰ ਇਹ ਬਜਟ ਦੀ ਲੀਕੇਜ਼ ਕਰਦੇ ਹਨ । ਇਹ ਝੂਠੇ ਵਾਇਦੇ ਜਨਤਾ ਨਾਲ ਕਰਦੇ ਹਨ ਅਤੇ ਨਾਅਹਿਲ ਤਰੀਕੇ ਨਾਲ ਕੰਮ ਕਰਦੇ ਹਨ । ਇਸ ਕਰਕੇ ਮੈਂ ਚੇਤਾਵਨੀ ਦੇਣਾ ਚਾਹੁੰਦਾ ਹਾਂ ਕਿ ਜੇ ਕਿਸਾਨਾਂ ਨੂੰ ਪਾਣੀ ਅਤੇ ਬਿਜਲੀ ਨਾ ਦਿਤੀ ਗਈ ਅਤੇ ਆਬਿਆਨਾ ਅਤੇ ਕਮਰਸ਼ਿਅਲ ਟੈਕਸ ਵਧਾਇਆ ਗਿਆ ਤਾਂ ਸਾਡੀ ਪਾਰਟੀ ਤੇ, ਜਨ ਸੰਘ, ਬਾਦਲ ਸਾਹਿਬ ਦੇ ਝੰਡੇ ਥਲੇ ਜ਼ਰੂਰ ਚਲਣਗੀਆਂ ਅਤੇ ਅਸੀਂ ਲੋਕਾਂ ਨਾਲ ਧਕਾ ਨਹੀਂ ਹੋਣ ਦੇਵਾਂਗੇ । ਮੈਂ ਆਪ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿਤਾ ਹੈ ।

ਚੌਧਰੀ ਰਾਮ ਸਿੰਘ (ਪਠਾਨਕੋਟ): ਇਹ ਬਜਟ ਜਿਹੜਾ ਗਿਆਨੀ ਜੀ ਅਤੇ ਸ਼ਰਮਾ ਜੀ ਨੇ ਇਥੇ ਪੇਸ਼ ਕੀਤਾ ਹੈ, ਇਸ ਬਾਰੇ ਮੈਂ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਸਭ ਤੋਂ ਪਹਿਲਾਂ ਮੈਂ ਇਹ ਬਜਟ ਪੇਸ਼ ਕਰਨ ਤੇ ਗਿਆਨੀ ਜੀ ਅਤੇ ਸ਼ਰਮਾ ਜੀ ਨੂੰ ਵਧਾਈ ਦੇਂਦਾ ਹਾਂ ।

ਥੀਨ ਡੈਮ ਦੇ ਬਾਰੇ ਵਿਚ ਬੜਾ ਝਗੜਾ ਚਲਿਆ । ਪੰਜਾਬ ਸਰਕਾਰ ਨੇ ਦੋ ਕਰੋੜ ਰੁਪਿਆ ਇਸ ਵਾਸਤੇ ਵੀ ਰਖਿਆ ਹੈ ਜਿਹੜਾ ਕਿ ਮੁਢ ਦਾ ਕੰਮ ਸ਼ੁਰੂ ਕਰਨ ਦਾ ਸਰਕਾਰ ਨੇ ਫੈਸਲਾ ਕੀਤਾ ਹੈ । ਇਹ ਗੱਲ ਵੀ ਸ਼ਲਾਘਾਯੋਗ ਹੈ । ਦੋ ਕਰੋੜ ਦੇ ਵਿਚ ਜਿਹੜੀ ਐਕੁਇਜ਼ੀਸ਼ਨ ਆਫ ਲੈਂਡ ਹੈ, ਜਿਹੜੀਆਂ ਕਾਲੋਨੀਜ਼ ਬਣਾਈਆਂ ਜਾਣੀਆਂ ਹਨ ਅਤੇ ਜਿਹੜੀਆਂ ਪ੍ਰਾਜੈਕਟ ਤੋਂ ਪਹਿਲਾਂ ਚੈਨਲਜ਼ ਵਗੈਰਾ ਬਣਾਈਆਂ ਜਾਣੀਆਂ ਹਨ, ਉਹ 90% ਪੰਜਾਬ ਦੇ ਏਰੀਏ ਵਿਚ ਬਣਨੀਆਂ ਹਨ । ਇਸ ਕਰਕੇ ਇਹ ਦੋ ਕਰੋੜ ਰੁਪਿਆ ਰਖ ਕੇ ਪੰਜਾਬ ਸਰਕਾਰ ਨੇ ਇਸ ਕੰਮ ਨੂੰ ਆਪਣੇ ਏਰੀਏ ਵਿਚ ਸ਼ੁਰੂ ਕਰਨ ਵਾਸਤੇ ਰਸਤਾ ਸਾਫ ਕੀਤਾ ਹੈ । ਬੜੇ ਚਿਰ ਤੋਂ ਥੀਨ ਡੈਮ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਪਰ ਇਸ ਨੂੰ ਅਕਾਲੀ ਸਰਕਾਰ ਵੀ ਸ਼ੁਰੂ ਨਾ ਕਰ ਸਕੀ । ਇਸ ਸਰਕਾਰ ਨੇ ਹੀ ਹੁਣ ਮੁਢਲੇ ਕੰਮਾਂ ਵਾਸਤੇ ਪੈਸਾ ਰੱਖ ਕੇ ਕੰਮ ਸ਼ੁਰੂ ਕਰਨਾ ਹੈ । ਇਸ ਬਾਰੇ ਮੈਂ ਇਕ ਸੁਝਾਉ ਦੇਂਦਾ ਹਾਂ ਕਿ ਜਿਥੋਂ ਤਕ ਕਾਲੋਨਜ਼ੀ ਬਣਾਉਣ ਦਾ ਸਬੰਧ ਹੈ, ਉਹ ਡੈਮ ਦੇ ਨੇੜੇ ਹੀ ਬਣਨੀਆਂ ਚਾਹੀਦੀਆਂ ਹਨ, ਕਿਉਂਕਿ ਡੈਮ ਤੋਂ ਦੂਰ ਬਣਾ ਕੇ ਸਰਕਾਰ ਦਾ ਟੀ.ਏ./ਡੀ.ਏ. ਤੇ ਬਹੁਤ ਖ਼ਰਚ ਆ ਜਾਂਦਾ ਹੈ । ਇਹ ਰਿਵਾਜ ਹੀ ਪੈ ਗਿਆ ਹੈ ਕਿ ਇਸ ਤਰ੍ਹਾਂ ਦੀਆਂ ਕਾਲੋਨੀਜ਼ ਡੈਮ ਤੋਂ 6–8 ਮੀਲ ਦੂਰ ਬਣਾਈਆਂ ਜਾਣ ਤਾਂ ਜੋ ਟੀ. ਏ./ਡੀ.ਏ. ਮਿਲਦਾ ਰਹੇ । ਇਸ ਕਰਕੇ ਇਨ੍ਹਾਂ ਕਾਲੋਨੀਜ਼ ਨੂੰ ਨੇੜੇ ਬਣਾ ਕੇ ਰੁਪਿਆ ਸੇਵ ਕੀਤਾ ਜਾਵੇ । ਇਸ ਦੇ ਨਾਲ ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਜਿਹੜਾ ਇਹ ਡੈਮ ਹੈ, ਇਸ ਨੂੰ ਐਮਰਜੈਂਸੀ ਢੰਗ ਨਾਲ ਬਣਾਉਣ ਦੀ ਲੋੜ ਹੈ ਕਿਉਂਕਿ ਫਾਰੇਨ ਕੰਟਰੀਜ਼ ਦੇ ਵਿਚ ਇਸ ਤਰ੍ਹਾਂ ਐਮਰਜੈਂਸੀ ਦੇ ਤੌਰ ਤੇ ਪ੍ਰਾਜੈਕਟਸ ਬਣਾਈਆਂ ਜਾਂਦੀਆਂ ਹਨ ਅਤੇ ਪੰਜਾਬ ਨੂੰ ਵੀ ਇਸ ਦੀ ਲੋੜ ਹੈ । ਕਿਉਂਕਿ ਜੇ ਐਮਰਜੈਂਸੀ ਪ੍ਰਾਜੈਕਟ ਦੇ ਤੌਰ ਤੇ ਇਸ ਨੂੰ ਨਹੀਂ ਬਣਾਇਆ ਜਾਂਦਾ ਤਾਂ ਕੀ ਹੋਵੇਗਾ ਕਿ ਐਸ. ਈਜ਼, ਐਕਸ. ਈ. ਐਨਜ਼ ਵਗੈਰਾ ਵਾਸਤੇ 12–12 ਕਮਰਿਆਂ ਦੇ ਰੈਜ਼ੀਡੈਂਸਿਜ਼ ਬਣਾਉਣੇ ਹੁੰਦੇ ਹਨ ਅਤੇ ਕਾਫੀ ਖ਼ਰਚ ਕੀਤਾ ਜਾਂਦਾ ਹੈ । ਇਹ ਖ਼ਰਚ ਮੁਨਾਸਿਬ ਨਹੀਂ ਅਤੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ । ਜੇ ਐਮਰਜੈਂਸੀ ਦੇ ਤੌਰ ਤੇ ਇਸ ਪ੍ਰਾਜੈਕਟ ਨੂੰ ਬਣਾਇਆ ਜਾਵੇਗਾ ਤਾਂ 10 ਸਾਲ ਦੀ ਬਜਾਏ ਇਸ ਕੰਮ ਨੂੰ ਕੰਪਲੀਟ ਕਰਨ ਦਾ ਟਾਈਮ 5 ਸਾਲ ਜਾਂ 3 ਸਾਲ ਕੀਤਾ ਜਾ ਸਕਦਾ ਹੈ । 4 ਸਾਲ ਤਾਂ ਪਹਿਲਾਂ ਹੀ ਦੇਰ ਹੋ ਗਈ ਹੈ । ਇਸ ਕਰਕੇ ਇਸ ਡਿਲੇ ਨੂੰ ਕਟ ਸ਼ਾਰਟ ਕੀਤਾ

[ਚੌਧਰੀ ਰਾਮ ਸਿੰਘ]

ਜਾਵੇ । ਇਸ ਕਰਕੇ ਕਾਲੋਨੀਜ਼ ਦੀ ਬਜਾਏ ਟੈਂਟਸ ਅਤੇ ਹਟਮੈਂਟਸ ਬਣਾਈਆਂ ਜਾਣ, ਜਿਸ ਨਾਲ ਕਿ ਖ਼ਰਚ ਵੀ ਘੱਟ ਹੋਵੇਗਾ ਅਤੇ ਡਿਲੇ ਵੀ ਘੱਟ ਹੋਵੇਗੀ । ਮੈਂ ਇਹ ਵੀ ਅਰਜ਼ ਕਰਾਂਗਾ ਕਿ ਜਿਹੜੀ ਜ਼ਮੀਨ ਇਸ ਦੇ ਵਾਸਤੇ ਲਈ ਜਾਂਦੀ ਹੈ, ਉਸ ਦਾ ਮੁਆਵਜ਼ਾ ਦਿਤਾ ਜਾਂਦਾ ਹੈ । ਇਹ ਮੁਆਵਜ਼ਾ ਇਸ ਢੰਗ ਨਾਲ ਦਿਤਾ ਜਾਣਾ ਚਾਹੀਦਾ ਹੈ ਜਿਸਦੇ ਨਾਲ ਕੋਈ ਝਗੜਾ ਨਾ ਪਵੇ, ਲੋਕੀਂ ਉਥੇ ਹੀ ਵਸ ਸਕਣ, ਨੇੜੇ ਹੀ ਕੰਮ ਕਰ ਸਕਣ ਅਤੇ ਉਨ੍ਹਾਂ ਨੂੰ ਰਾਜਸਥਾਨ ਜਾਂ ਹੋਰ ਬਾਹਰਲੀਆਂ ਜਗ੍ਹਾਂ ਵਿਚ ਨਾ ਜਾਣਾ ਪਵੇ, ਕਿਉਂਕਿ ਲੋਕਾਂ ਦੀ ਆਪਣੀ ਜਗ੍ਹਾ ਨਾਲ ਕਸ਼ਿਸ਼ ਹੁੰਦੀ ਹੈ । ਸੋ, ਆਪਣੇ ਇਲਾਕੇ ਦੇ ਡੈਮ ਤੇ ਉਨ੍ਹਾਂ ਨੂੰ ਨੌਕਰੀ ਵੀ ਮਿਲ ਜਾਵੇ ਅਤੇ ਉਹ ਆਪਣੇ ਇਲਾਕੇ ਵਿਚ ਹੀ ਰਹਿ ਸਕਣ । ਇਕ ਗਲ ਹੋਰ ਕਿ ਭਾਵੇਂ ਜ਼ਮੀਨ ਘੱਟੀਆ ਤੋਂ ਘਟੀਆ ਐਕੁਆਇਰ ਕੀਤੀ ਜਾਵੇ ਪਰ ਮੁਆਵਜ਼ਾ ਜ਼ਿਆਦਾ ਦਿਤਾ ਜਾਵੇ, ਜਿਸ ਤਰ੍ਹਾਂ ਪੌਂਗ ਡੈਮ ਵਾਲਿਆਂ ਨੂੰ ਜ਼ਿਆਦਾ ਮੁਆਵਜ਼ਾ ਦਿਤਾ ਗਿਆ ਹੈ ।

ਇਕ ਅਰਜ਼ ਮੈਂ ਹੋਰ ਕਰਨਾ ਚਾਹੁੰਦਾ ਹਾਂ ਅਤੇ ਉਹ ਹੈ ਸ਼ਾਹਪੁਰ ਬੈਰੇਜ਼ ਬਾਰੇ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ 6 ਕਰੋੜ ਰੁਪਿਆ ਜਿਸ ਦਾ ਕ੍ਰਿਪਾਲ ਸਿੰਘ ਰੰਧਾਵਾ ਨੇ ਵੀ ਜ਼ਿਕਰ ਕੀਤਾ ਸੀ ਸਬਸਿਡੀ ਦਾ ਮਾਰਕਫੈਡ ਦਾ ਹੈ, ਉਹ ਲਿਆ ਜਾਵੇ । ਲੇਕਿਨ ਪੰਜਾਬ ਸਰਕਾਰ ਨੇ ਬਹੁਤ ਅੱਛਾ ਕੀਤਾ ਹੈ ਕਿ ਮੁਢਲੀ ਇਨਕੁਆਇਰੀ ਵਾਸਤੇ, ਇਨਵੈਸਟੀਗੇਸ਼ਨ ਵਾਸਤੇ 10 ਲੱਖ ਰੁਪਿਆ ਰਖਿਆ ਹੈ। ਸ਼ਾਹਪੁਰ ਬੈਰੇਜ ਪੰਜਾਬ ਦਾ ਆਪਣਾ ਏਰੀਆ ਹੈ ਅਤੇ ਉਸ ਦੇ ਵਿਚ ਕੋਈ ਝਗੜਾ ਨਹੀਂ, ਇਸ ਕਰਕੇ ਉਸ ਨੂੰ ਜਲਦੀ ਸ਼ੁਰੂ ਕੀਤਾ ਜਾਵੇ । ਇਸ ਤੋਂ 140 ਮੈਗਾਵਾਟ ਬਿਜਲੀ ਪੈਦਾ ਹੋਵੇਗੀ ਅਤੇ ਨਾਲ ਹੀ ਪਾਣੀ ਪੰਜਾਬ ਨੂੰ ਸੈਰਾਬ ਕਰੇਗਾ । ਇਸ ਵਾਸਤੇ ਵੀ ਮੈਂ ਸਰਕਾਰ ਦਾ ਬੜਾ ਮਸ਼ਕੂਰ ਹਾਂ ਅਤੇ ਬੇਨਤੀ ਕਰਾਂਗਾ ਕਿ ਇਸ ਵਾਸਤੇ ਹੋਰ ਵੀ ਜ਼ਿਆਦਾ ਪੈਸਾ ਰਖਿਆ ਜਾਵੇ ਤਾਂ ਜੋ ਇਹ ਪ੍ਰਾਜੈਕਟ ਛੇਤੀ ਸ਼ੁਰੂ ਕੀਤਾ ਜਾ ਸਕੇ । ਇਸ ਦੇ ਨਾਲ ਹੀ ਯੂ. ਬੀ. ਡੀ. ਸੀ ਹਾਈਡਲ, ਸੈਕੰਡ ਫੇਜ਼ ਵਾਸਤੇ ਫਾਈਨੈਂਸ ਮਨਿਸਟਰ ਸਾਹਿਬ ਨੇ ਡੇਢ ਕਰੋੜ ਰੁਪਿਆ ਰਖਿਆ ਹੈ, ਇਸ ਲਈ ਵੀ ਮੈਂ ਉਨ੍ਹਾਂ ਨੂੰ ਮੁਬਾਰਿਕਬਾਦ ਦੇਂਦਾ ਹਾਂ । ਇਸ ਬਾਰੇ ਗੱਲ ਇਹ ਹੈ ਕਿ ਜਦੋਂ ਫਸਟ ਫੇਜ਼ ਸ਼ੁਰੂ ਹੋਇਆ ਸੀ, ਜਿਸ ਤੋਂ ਕਿ 90 ਮੈਗਾਵਾਟ ਬਿਜਲੀ ਪੈਦਾ ਹੋਣੀ ਸੀ ਅਤੇ ਦੋ–ਤਿੰਨ ਕਰੋੜ ਰੁਪਿਆ ਜ਼ਿਆਦਾ ਲਗਣਾ ਸੀ, ਲੇਕਿਨ ਅਕਾਲੀ ਗੌਰਮਿੰਟ ਦੇ ਵਜ਼ੀਰ ਸਾਹਿਬਾਨ ਨੇ ਕੀ ਕੀਤਾ ਕਿ ਇਕ–ਇਕ ਫੇਜ਼ ਦੇ ਤਿੰਨ ਯੂਨਿਟਸ ਬਣਾ ਦਿਤੇ । ਹੁਣ ਪੰਜਾਬ ਸਰਕਾਰ ਨੇ ਸੈਕੰਡ ਫੇਜ਼ ਵਾਸਤੇ ਡੇਢ ਕਰੋੜ ਰੁਪਿਆ ਰਖਿਆ ਹੈ ਅਤੇ ਹੁਣ ਇਹ ਕੰਮ ਕੋਈ 12 ਕਰੋੜ ਰੁਪਏ ਵਿਚ ਬਣੇਗਾ ਅਤੇ ਇਹ ਸਿਰਫ ਅਕਾਲੀ ਗੌਰਮਿੰਟ ਦੀ ਅਣਗਹਿਲੀ ਅਤੇ ਗਲਤੀ ਕਾਰਨ ਹੋਇਆ ਕਿਉਂਕਿ ਇਹ ਦੋ ਕਰੋੜ ਰੁਪਿਆ ਨਹੀਂ ਦੇ ਸਕੇ । ਇਹ ਹੁਣ ਬਿਜਲੀ ਦਾ ਰੌਲਾ ਪਾਉਂਦੇ ਹਨ, ਲੇਕਿਨ ਗਲਤੀਆਂ ਵੀ ਆਪ ਹੀ ਕਰਦੇ ਰਹੇ ਹਨ । ਮੈਨੂੰ ਉਮੀਦ ਹੈ ਕਿ ਸਰਕਾਰ ਇਸ ਪਾਸੇ ਹੋਰ ਵੀ ਧਿਆਨ ਦੇਵੇਗੀ । (ਘੰਟੀ) ਮੈਨੂੰ ਸਮਝ ਨਹੀਂ ਆਈ ਕਿ ਹੁਣ ਹੀ ਮੈਂ ਬੋਲਣਾ ਸ਼ੁਰੂ ਕੀਤਾ ਹੈ, ਜੇ ਕਹੋ ਤਾਂ ਬੈਠ ਜਾਂਦਾ ਹਾਂ ।

ਸ਼੍ਰੀ ਡਿਪਟੀ ਸਪੀਕਰ : ਟਾਈਮ ਥੋੜ੍ਹਾ ਹੈ । (The time is short.)

ਚੌਧਰੀ ਰਾਮ ਸਿੰਘ : 5–7 ਮਿੰਟ ਹੋਰ ਲਵਾਂਗਾ । ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੀਜੇ ਫੇਜ਼ ਦੀ ਇਨਵੈਸਟੀਗੇਸ਼ਨ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ । ਇਹ ਠੀਕ ਹੈ, ਆਪਣੇ ਸੋਰਸ ਤੋਂ ਸਰਕਾਰ ਨੇ ਕਰਨਾ ਹੈ ਇਹ ਕੰਮ, ਆਪਣੀ ਜ਼ਮੀਨ ਹੈ, ਕਿਸੇ ਸਟੇਟ ਨਾਲ ਝਗੜਾ ਨਹੀਂ ਅਤੇ ਇਸ ਕੰਮ ਨੂੰ ਛੇਤੀ ਕਰਨਾ ਚਾਹੀਦਾ ਹੈ ।

ਹੁਣ ਮੈਂ ਸ਼ਾਹਨਹਰ ਪ੍ਰਾਜੈਕਟ ਬਾਰੇ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। ਇਸ ਦੇ ਬਾਰੇ ਵਿਚ ਸਰਕਾਰ ਨੇ ਕੰਮ ਕੰਪਲੀਟ ਕਰ ਲਿਆ ਹੈ ਅਤੇ ਉਮੀਦ ਹੈ ਕਿ ਜਲਦੀ ਹੀ ਬਾਕੀ ਕੰਮ ਸਟਾਰਟ ਕਰ ਦਿੱਤਾ ਜਾਵੇਗਾ, ਇਸ ਦੀ ਇਨਵੈਸਟੀਗੇਸ਼ਨ ਹੋ ਚੁਕੀ ਹੈ। ਇਸ ਬਾਰੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਇਕ ਐਗਰੀਮੈਂਟ ਮੰਡੀ ਦੇ ਮਹਾਰਾਜੇ ਨਾਲ ਹੋਇਆ ਹੈ, ਉਹ ਸਰਕਾਰ ਵੇਖ ਲਵੇ ਕਿਉਂਕਿ ਕਲ ਨੂੰ ਹਿਮਾਚਲ ਪ੍ਰਦੇਸ਼ ਗੌਰਮਿੰਟ ਨਾਲ ਕੋਈ ਝਗੜਾ ਨਾ ਪੈ ਜਾਵੇ। ਸਾਡਾ 10–12 ਕਰੋੜ ਰੁਪਿਆ ਇਸ ਤੇ ਲਗ ਜਾਵੇਗਾ ਕਿਤੇ ਖ਼ਰਾਬ ਨਾ ਜਾਵੇ। ਇਸ ਕਰਕੇ ਐਗਰੀਮੈਂਟ ਨੂੰ ਪਹਿਲਾਂ ਵੇਖ ਲਿਆ ਜਾਵੇ।

ਇਕ ਹੋਰ ਗੱਲ ਮੈਂ ਪੰਜਾਬ ਸਰਕਾਰ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਪੰਜਾਬ ਦੇ ਵਿਚ ਪੁਲਿਸ ਵਾਲਿਆਂ ਨੂੰ ਕਿਟ ਅਲਾਉਂਸ, ਸਾਈਕਲ ਅਲਾਉਂਸ ਦਿਤੇ ਜਾਂਦੇ ਹਨ, ਉਸ ਦੇ ਨਾਲ ਮੈਂ ਇਹ ਵੀ ਅਰਜ਼ ਕਰਾਂਗਾ ਕਿ ਪੁਲਿਸ ਸਟੇਸ਼ਨਜ਼ ਬੜੇ ਟੁਟੇ ਹੋਏ ਅਤੇ ਖਸਤਾ ਹਾਲਤ ਵਿਚ ਹਨ, ਪੁਰਾਣੇ ਹਨ ਅਤੇ ਪੁਲਿਸ ਵਾਲਿਆਂ ਨੂੰ ਰਹਿਣ ਵਾਸਤੇ ਰਿਹਾਇਸ਼ ਨਹੀਂ ਹੁੰਦੀ। ਅੰਗਰੇਜ਼ ਦੇ ਜ਼ਮਾਨੇ ਵਿਚ ਉਹ ਬਣੇ ਸਨ। ਉਸ ਵੇਲੇ ਤਾਂ ਇਹ ਜ਼ੁਲਮ ਦੇ ਮੰਦਰ ਸਨ, ਪਰ ਹੁਣ ਤਾਂ ਇਹ ਇਨਸਾਫ ਦੇ ਮੰਦਿਰ ਹਨ ਅਤੇ ਇਹ ਇਨਸਾਫ ਦੇ ਮੰਦਿਰ ਅੱਛੇ ਹੋਣੇ ਚਾਹੀਦੇ ਹਨ। ਜੇ ਪੁਲਿਸ ਵਾਲਿਆਂ ਵਾਸਤੇ ਰਹਿਣ ਵਾਸਤੇ ਅੱਛੀ ਜਗ੍ਹਾ ਨਹੀਂ ਹੋਵੇਗੀ ਅਤੇ ਪੁਲਿਸ ਸਟੇਸ਼ਨ ਚੰਗੇ ਨਹੀਂ ਹੋਣਗੇ ਤਾਂ ਉਥੇ ਕੰਮ ਕਰਨ ਵਾਲਿਆਂ ਦਾ ਐਟੀਚਿਊਡ ਵੀ ਠੀਕ ਨਹੀਂ ਰਹਿੰਦਾ, ਕਿਉਂਕਿ ਉਹ ਆਪ ਤੰਗ ਰਹਿੰਦੇ ਹਨ। ਮੈਂ ਚਾਹੁੰਦਾ ਹਾਂ ਕਿ ਪੁਲਿਸ ਵਾਲਿਆਂ ਨੂੰ ਜੇ ਵਧ ਤੋਂ ਵਧ ਰਿਆਇਤਾਂ ਦਿੱਤੀਆਂ ਜਾਣ ਤਾਂ ਹੀ ਕੁਰਪਸ਼ਨ ਦੂਰ ਹੋ ਸਕਦੀ ਹੈ। ਇਨ੍ਹਾਂ ਨੂੰ ਟੀ.ਏ. ਅਤੇ ਡੀ. ਏ. ਵੀ ਵਧ ਮਿਲਣਾ ਚਾਹੀਦਾ ਹੈ। ਅਜ ਇਕ ਸਪਾਹੀ ਨੂੰ 5 ਰੁ:, ਡੀ. ਐਸ. ਪੀ. ਨੂੰ 9 ਰੁ: ਅਤੇ ਐਸ. ਪੀ. ਨੂੰ 14 ਰੁ: ਟੀ. ਏ. ਦੇਂਦੇ ਹਨ। ਇਸ ਮਹਿੰਗਾਈ ਵਿਚ ਉਨ੍ਹਾਂ ਲੋਕਾਂ ਦਾ ਕੀ ਬਣਦਾ ਹੈ। ਜਿਤਨਾ ਟੀ. ਏ. ਡੀ. ਏ. ਵਧ ਦਿੱਤਾ ਜਾਵੇਗਾ ਉਤਨਾ ਹੀ ਜ਼ਿਆਦਾ ਅੱਛਾ ਕੰਮ ਹੋਵੇਗਾ। ਕੁਰੱਪਸ਼ਨ ਕਮ ਹੋਵੇਗੀ।

ਇਕ ਗੱਲ ਮੈਂ ਹੋਮ ਗਾਰਡਜ਼ ਦੇ ਮੁਤਾਲਿਕ ਵੀ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਹੋਮ ਗਾਰਡਜ਼ ਨੂੰ ਰੈਗੂਲਰ ਸਰਵਿਸਿਜ਼ ਦੇ ਵਿਚ ਬਦਲਿਆ ਜਾਵੇ। ਜਿਤਨਾ ਚਿਰ ਇਹ ਨਹੀਂ ਕੀਤਾ ਜਾਵੇਗਾ ਇਹ ਲਾਅ ਐਂਡ ਆਰਡਰ ਨੂੰ ਮੇਨਟੇਨ ਹੀ ਨਹੀਂ ਕਰ ਸਕਦੇ। ਇਨ੍ਹਾਂ ਲਈ ਕੋਈ ਨਾ ਕੋਈ ਤਰੀਕਾ ਅਪਣਾ ਕੇ ਰੈਗੂਲਰ ਫੋਰਸ ਦੇ ਵਿਚ ਬਦਲ ਦੇਣਾ ਚਾਹੀਦਾ ਹੈ। ਫੇਰ ਇਹ ਵੀ ਕਹਾਂਗਾ ਕਿ ਸਰਕਾਰ ਨੂੰ ਪੋਸਟਾਂ ਵਧਾ ਕੇ ਫੋਰਸ ਵਧਾਉਣੀ ਚਾਹੀਦੀ ਹੈ, ਕਿਉਂਕਿ ਇਹ ਖਰਚੇ ਦਾ 50 ਫੀ ਸਦੀ ਗੌਰਮਿੰਟ ਆਫ਼ ਇੰਡੀਆ ਨੇ ਦੇਣਾ ਹੈ ਬਾਕੀ ਦਾ ਪੰਜਾਬ ਸਰਕਾਰ ਨੇ ਦੇਣਾ ਹੈ। ਇਸ ਲਈ ਰੈਗੂਲਰ ਫੋਰਸ ਦੇ ਵਿਚ ਇਸ ਨੂੰ ਬਦਲ ਦਿੱਤਾ ਜਾਵੇ।

ਟਰੈਫਿਕ ਦੇ ਡਿਪਾਰਟਮੈਂਟ ਦੇ ਮੁਤਾਲਿਕ ਵੀ ਮੈਂ ਅਰਜ਼ ਕਰਾਂਗਾ ਕਿ ਤਿੰਨ ਕਿਸਮ ਦੀ ਫੋਰਸ ਇਸ ਵੇਲੇ ਟਰੈਫਿਕ ਦਾ ਕੰਟਰੋਲ ਕਰ ਰਹੀ ਹੈ, ਕਿਤੇ ਲੋਕਲ ਹੈ, ਕਿਤੇ ਸੈਂਟਰਲ ਹੈ ਅਤੇ ਕਿਤੇ ਜ਼ਿਲੇ ਦੀ ਹੈ। ਮੈਂ ਸਰਕਾਰ ਨੂੰ ਸੁਝਾਉ ਦੇਵਾਂਗਾ ਕਿ ਸਰਕਾਰ ਨੂੰ ਸਾਰਾ ਟਰੈਫਿਕ ਦਾ ਕੰਟਰੋਲ ਇਕ ਕਰਨਾ ਚਾਹੀਦਾ ਹੈ। ਫੇਰ ਇਨ੍ਹਾਂ ਨੂੰ ਪਾਵਰਜ਼ ਵੀ ਪੂਰੀਆਂ ਮਿਲਣੀਆਂ ਚਾਹੀਦੀਆਂ ਹਨ। ਜਿਸ ਤਰ੍ਹਾਂ ਇਕ ਡਿਸਟ੍ਰਿਕਟ ਟਰਾਂਸਪੋਰਟ ਅਫਸਰ ਕਿਸੇ ਦਾ ਰੂਟ ਸਸਪੈਂਡ ਕਰ ਸਕਦਾ ਹੈ, ਇਸੇ ਤਰ੍ਹਾਂ ਡੀ. ਐਸ. ਪੀ. ਦੀਆਂ ਪਾਵਰਜ਼ ਦੇ ਵਿਚ ਵੀ ਵਾਧਾ ਹੋਣਾ ਚਾਹੀਦਾ ਹੈ। ਉਸ ਨੂੰ ਜ਼ਿਲ੍ਹਾ ਤਹਿ ਤੇ ਪੂਰਾ ਕੰਟਰੋਲ ਮਿਲਣਾ ਚਾਹੀਦਾ ਹੈ। ਪੰਜਾਬ ਵਿਚ ਟਰਾਂਸਪੋਰਟ ਦਾ ਬੜਾ ਭਾਰੀ ਬਿਜ਼ਨੈਸ ਹੈ, ਪਰ ਇਸ ਦੇ ਕਾਇਦੇ ਕਾਨੂੰਨ ਅਤੇ ਪਰਮਿਟ ਸਿਸਟਮ ਬੜੇ ਉਲਝੇਵੇਂ ਵਾਲੇ ਹਨ। ਇਸ ਨੂੰ ਆਸਾਨ ਬਣਾਉਣਾ ਚਾਹੀਦਾ ਹੈ।

ਇਕ ਇਹ ਵੀ ਅਰਜ਼ ਕਰਾਂ ਕਿ ਸ਼ਰਮਾ ਜੀ ਨੇ ਕਿਹਾ ਸੀ ਕਿ ਸ਼ਹਿਰਾਂ ਨੂੰ ਬਜਟ ਦਾ 20 ਫੀ ਸਦੀ ਹਿੱਸਾ ਦਿੱਤਾ ਜਾਵੇਗਾ। ਮੈਂ ਅਰਜ਼ ਕਰਾਂ ਕਿ ਪੰਜਾਬ ਦੇ ਸ਼ਹਿਰਾਂ ਵਿਚ ਸੜਕਾਂ, ਡਰੇਨੇਜ਼ ਅਤੇ ਸੀਵਰੇਜ਼ ਦਾ

[ਚੌਧਰੀ ਰਾਮ ਸਿੰਘ]

ਕੰਮ ਬੜੇ ਮਾਸ ਸਕੇਲ ਤੇ ਹੋ ਰਿਹਾ ਹੈ। ਸਰਕਾਰ ਨੂੰ ਉਨ੍ਹਾਂ ਦੀ ਵਧ ਤੋਂ ਵਧ ਸਹਾਇਤਾ ਕਰਨੀ ਚਾਹੀਦੀ ਹੈ। ਜੇ ਆਪ ਫੰਡਜ਼ ਨਹੀਂ ਦੇ ਸਕਦੇ ਤਾਂ ਉਨ੍ਹਾਂ ਨੂੰ ਐਲ. ਆਈ. ਸੀ. ਜਾਂ ਕਿਸੇ ਹੋਰ ਇਨਸਟੀਟੀਉਸ਼ਨ ਤੋਂ ਰੁਪਿਆ ਮਿਲਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਕਰਜ਼ੇ ਦੇ ਤੌਰ ਤੇ ਪੈਸਾ ਮਿਲੇ ਅਤੇ ਆਸਾਨ ਤੋਂ ਆਸਾਨ ਕਿਸ਼ਤਾਂ ਤੇ ਮਿਲਣਾ ਚਾਹੀਦਾ ਹੈ। ਇਸ ਤਰ੍ਹਾਂ ਭਗਤ ਗੁਰਾਂ ਦਾਸ ਦੀ ਜਿਹੜੀ ਇਹ ਸ਼ਕਾਇਤ ਹੈ ਕਿ ਮਰੀ ਬਰਾਦਰੀ ਸਿਰ ਤੇ ਟੋਕਰੇ ਚੁਕੀ ਫਿਰਦੀ ਹੈ, ਉਹ ਇਕ ਅੱਛੇ ਸ਼ਹਿਰੀ ਦੀ ਤਰ੍ਹਾਂ ਆਪਣੀ ਜ਼ਿੰਦਗੀ ਗੁਜ਼ਾਰ ਸਕਣ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤਾ ਵਕਤ ਨਹੀਂ ਲੈਣਾ ਚਾਹੁੰਦਾ ਮੈਂ ਸਿਰਫ ਦੋ ਮਿੰਟ ਹੋਰ ਆਪਦੇ ਲੈਣੇ ਹਨ। ਉਹ ਇਹ ਕਿ ਅਜ ਮੁਲਕ ਦੇ ਵਿਚ ਕੁਰੱਪਸ਼ਨ ਦਾ ਰੌਲਾ ਪਾ ਕੇ ਹਰ ਗੱਲ ਉਡਾਈ ਜਾ ਰਹੀ ਹੈ। ਪੰਜਾਬ ਸਰਕਾਰ ਨੂੰ ਯੂ. ਪੀ. ਦਾ ਪੈਟਰਨ ਐਸੇ ਆਦਮੀਆਂ ਦੇ ਮੁਤਅਲਿਕ ਜਿਹੜੇ ਕੁਰਪਸ਼ਨ ਦੇ ਨਾਉਂ ਤੇ ਬਦਨਾਮ ਹੋ ਚੁਕੇ ਹਨ ਅਪਨਾਉਣਾ ਚਾਹੀਦਾ ਹੈ, ਉਥੇ ਇਹ ਕੀਤਾ ਗਿਆ ਹੈ ਕਿ ਜਿਸ ਦੀਆਂ 3 ਜਾਂ 4 ਸ਼ਕਾਇਤਾਂ ਹੋਣ ਉਸ ਦੀ ਕੰਪਲਸਰੀ ਰੀਟਾਇਰਮੈਂਟ ਕਰ ਦਿੱਤੀ ਜਾਂਦੀ ਹੈ। ਇਸ ਦਾ ਮੁਲਾਜ਼ਮਾਂ ਦੇ ਵਿਚ ਅੱਛਾ ਪ੍ਰਭਾਵ ਪਵੇਗਾ ਅਤੇ ਕੰਮ ਵੀ ਅੱਛਾ ਹੋਵੇਗਾ। ਪੰਜਾਬ ਸਰਕਾਰ ਨੂੰ ਇਹ ਪੈਟਰਨ ਅਪਨਾਉਣਾ ਚਾਹੀਦਾ ਹੈ।

ਇਹ ਇਕ ਆਮ ਸ਼ਕਾਇਤ ਹੈ ਕਿ ਪਹਾੜੀ ਇਲਾਕਿਆਂ ਦੇ ਵਿਚ ਲੋਕੀ ਜਾਣਾ ਪਸੰਦ ਨਹੀਂ ਕਰਦੇ। ਇਸ ਦਾ ਮੇਨ ਕਾਰਨ ਇਹ ਹੈ ਕਿ ਜਿਵੇਂ ਹੋਰ ਸਟੇਟਾਂ ਵਿਚ ਪਹਾੜੀ ਅਲਾਉਂਸ ਦਿੱਤਾ ਜਾਂਦਾ ਹੈ ਜਾਂ ਸੈਂਟਰ ਦੀ ਸਰਕਾਰ ਪਹਾੜ ਵਿਚ ਆਪਣੇ ਮੁਲਾਜ਼ਮਾਂ ਨੂੰ ਦੇਂਦੀ ਹੈ, ਉਹ ਸਾਡੀ ਸਰਕਾਰ ਨਹੀਂ ਦੇਂਦੀ। ਇਸ ਲਈ ਕੋਈ ਪਹਾੜ ਤੇ ਜਾਣ ਨੂੰ ਤਿਆਰ ਨਹੀਂ ਹੁੰਦਾ ਅਤੇ ਡਿਸਪੈਂਸਰੀਆਂ, ਸਕੂਲ ਅਤੇ ਹੋਰ ਪਬਲਿਕ ਦੇ ਫਾਇਦੇ ਲਈ ਖੋਲ੍ਹੇ ਗਏ ਮਹਿਕਮੇ ਖਾਲੀ ਹੀ ਰਹਿੰਦੇ ਹਨ। ਲੋਕਾਂ ਦੇ ਬੱਚਿਆਂ ਦੀ ਪੜ੍ਹਾਈ ਰਹਿ ਜਾਂਦੀ ਹੈ, ਡਿਸਪੈਂਸਰੀਆਂ ਵਿਚ ਡਾਕਟਰ ਨਾ ਹੋਣ ਕਰਕੇ ਕੋਈ ਇਲਾਜ ਨਹੀਂ ਕਰਵਾ ਸਕਦਾ। ਇਸ ਲਈ ਉਥੇ ਦੇ ਮੁਲਾਜ਼ਮਾਂ ਨੂੰ ਸਰਕਾਰ ਵੱਲੋਂ ਸਹੂਲਤਾਂ ਦੇਣ ਲਈ ਉਚੇਚਾ ਪ੍ਰਬੰਧ ਕਰਨਾ ਚਾਹੀਦਾ ਹੈ।

ਇਕ ਗੱਲ ਮੈਂ ਸੰਸਕ੍ਰਿਤ ਦੀ ਵਿਦਿਆ ਦੇ ਫੈਲਾਉ ਲਈ ਅਰਜ਼ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਸਰਕਾਰ ਨੇ ਇਸ ਵਿਦਿਆ ਲਈ 25,000 ਰੁਪਿਆ ਦਿੱਤਾ ਹੈ। ਇਹ ਬਹੁਤਾ ਮਿਲਣਾ ਚਾਹੀਦਾ ਹੈ। ਇਹ ਤਾਂ ਥੋੜਾ ਹੈ ਘੱਟ ਤੋਂ ਘੱਟ ਇਹ 5 ਲੱਖ ਹੋਣਾ ਚਾਹੀਦਾ ਹੈ। ਮੈਂ ਅਰਜ਼ ਕਰਾਂਗਾ ਕਿ ਬਹੁਤ ਸਾਰੇ ਲਫਜ਼ ਗੁਰੂ ਗ੍ਰੰਥ ਸਾਹਿਬ ਵਿਚ ਸੰਸਕ੍ਰਿਤ ਦੇ ਹੀ ਲਿਖੇ ਹੋਏ ਮਿਲਦੇ ਹਨ। ਬਾਣੀ ਭਰੀ ਪਈ ਹੈ, ਆਲ ਇੰਡੀਆ ਰੇਡਿਓ ਵਾਲੇ ਵੀ ਸੰਸਕ੍ਰਿਤ ਦਾ ਪ੍ਰਚਾਰ ਕਰਦੇ ਹਨ, ਸਾਨੂੰ ਵੀ ਇਸ ਦੇ ਵਾਧੇ ਲਈ ਵਧ ਤੋਂ ਵਧ ਪਰਚਾਰ ਕਰਨ ਲਈ ਜ਼ਿਆਦਾ ਪੈਸਾ ਖ਼ਰਚ ਕਰਨਾ ਚਾਹੀਦਾ ਹੈ।

ਇਥੇ ਮੇਰੇ ਬਹੁਤ ਸਾਰੇ ਦੋਸਤ, ਜਿਹੜੇ ਅਕਾਲੀ ਹਨ ਲਾਅ ਐਂਡ ਆਰਡਰ ਦੀ ਗਲ ਕਰਦੇ ਹਨ, ਇਹ ਤਾਂ ਉਨ੍ਹਾਂ ਦਾ ਇਕ ਪੁਰਾਣਾ ਤਰੀਕਾ ਬਦਨਾਮ ਕਰਨ ਦਾ ਚਲਿਆ ਆ ਰਿਹਾ ਹੈ। ਮੈਨੂੰ ਇਕ ਪੁਰਾਣੀ ਗਲ ਅੰਗਰੇਜ਼ਾਂ ਵੇਲੇ ਦੀ ਯਾਦ ਆਈ ਹੈ, ਇਹ ਕਦੇ ਜੈ ਪ੍ਰਕਾਸ਼ ਦੇ ਹਮਦਰਦ ਬਣਦੇ ਹਨ, ਕਦੇ ਕੋਈ ਇਲਜ਼ਾਮ ਲਾਉਂਦੇ ਹਨ, ਕੁਰਪਸ਼ਨ ਤੇ ਸਮਗਲਿੰਗ ਦੀਆਂ ਗੱਲਾਂ ਕਰਦੇ ਹਨ, ਇਨ੍ਹਾਂ ਨੇ ਵੀ ਪੁਰਾਣਾ ਅੰਗਰੇਜ਼ਾਂ ਵੇਲੇ ਦਾ ਕਿਸੇ ਹਕੂਮਤ ਨੂੰ ਬਦਨਾਮ ਕਰਨ ਦਾ ਤਰੀਕਾ ਅਪਨਾਇਆ ਹੈ। ਜੰਮੂ ਕਸ਼ਮੀਰ ਵਿਚ 1899 ਵਿਚ ਮਹਾਰਾਜਾ ਪਰਤਾਪ ਸਿੰਘ ਰਾਜ ਕਰਦੇ ਸੀ, ਉਹਦੇ ਕੋਲੋਂ ਅੰਗਰੇਜ਼ੀ ਸਰਕਾਰ ਨੇ ਇਹ ਕਹਿਕੇ ਪਾਵਰਜ਼ ਖੋਹ ਲਈਆਂ ਕਿਉਂਕਿ ਇਹ ਕਹਿੰਦੇ ਸੀ ਇਥੇ ਕੁਰੱਪਸ਼ਨ ਹੈ, ਤੁਸੀਂ ਰਾਜ ਕਰਨ ਦੇ ਯੋਗ ਨਹੀਂ, ਤੁਹਾਡੀ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਠੀਕ ਨਹੀਂ, ਅਤੇ ਇਸ ਤਰ੍ਹਾਂ ਕਰਕੇ ਉਹਦੇ ਤੋਂ ਗੱਦੀ ਲੈ ਕੇ ਉਥੇ ਰੈਜ਼ੀਡੈਂਟ ਭੇਜ ਦਿੱਤਾ। ਇਹ ਅਕਾਲੀ ਵੀ ਇਸੇ ਤਰ੍ਹਾਂ ਚਾਹੁੰਦੇ ਹਨ ਕਿ ਏਥੇ ਡੈਮੋਕਰੇਸੀ ਨਾ ਰਹੇ,

ਇਥੇ ਡਿਕਟੇਟਰਸ਼ਿਪ ਆਵੇ। ਕਦੇ ਇਹ ਕੁਝ ਕਹਿ ਕੇ ਬਦਨਾਮ ਕਰਦੇ ਹਨ ਕਦੇ ਕੁਝ ਕਹਿ ਕੇ। ਇਨ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਦਾ ਸਰਕਾਰ ਨੂੰ ਕੋਈ ਨੋਟਿਸ ਨਹੀਂ ਲੈਣਾ ਚਾਹੀਦਾ। ਮੈਂ ਸ਼ਰਮਾ ਜੀ ਦਾ ਅਤੇ ਗਿਆਨੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਲੋਕਾਂ ਤੇ ਕੋਈ ਬੋਝ ਨਹੀਂ ਪਾਇਆ ਅਤੇ ਨਾਲ ਹੀ ਡੀਵੈਲਪਮੈਂਟ ਵੀ ਪੰਜਾਬ ਦੇ ਵਿਚ ਜਾਰੀ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਰਮਾ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

ਸਰਦਾਰ ਗੁਰਬਚਨ ਸਿੰਘ (ਰੋਪੜ) : ਡਿਪਟੀ ਸਪੀਕਰ ਸਾਹਿਬ, ਮੈਂ ਕਲ੍ਹ ਵੀ ਟਾਈਮ ਮੰਗਿਆ ਸੀ, ਮੈਨੂੰ ਟਾਈਮ ਨਹੀਂ ਸੀ ਮਿਲਿਆ, ਅੱਜ ਵੀ ਇਗਨੋਰ ਕੀਤਾ ਜਾ ਰਿਹਾ ਹੈ, ਸਾਨੂੰ ਦਸਿਆ ਜਾਵੇ ਕਿ ਟਾਈਮ ਕਿਉਂ ਨਹੀਂ ਦਿੱਤਾ ਜਾ ਰਿਹਾ ?

Shri Vishva Mitter Sekhri : Sir, my name was in the list. May I know if after Bhagat Guran Dass Hans, I will be allowed to speak ?

ਸ਼੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਇਹ ਹੈ ਕਿ ਸਾਢੇ ਬਾਰਾਂ ਵਜੇ ਗਿਲੋਟੀਨ ਐਪਲਾਈ ਹੋ ਜਾਣਾ ਹੈ। ਹੁਣ ਭਗਤ ਜੀ ਨੂੰ ਬੋਲਣ ਲਈ ਖੁਲ੍ਹਾ ਟਾਈਮ ਦਿੱਤਾ ਜਾਵੇ ਕਿਸੇ ਨੂੰ ਇੰਟਰਪਟ ਕਰਕੇ ਇਨ੍ਹਾਂ ਦਾ ਟਾਈਮ ਖਰਾਬ ਨਾ ਹੋਣ ਦਿੱਤਾ ਜਾਵੇ।

ਭਗਤ ਗੁਰਾਂ ਦਾਸ ਹੰਸ (ਸ਼ਾਮ ਚੌਰਾਸੀ, ਐਸ. ਸੀ.) ਡਿਪਟੀ ਸਪੀਕਰ ਸਾਹਿਬ, ਫਿਰ ਬਜਟ ਜਿਹੜਾ ਫਾਈਨੈਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ, ਇੰਡਸਟਰੀ ਦੀ ਤਰਫ ਇਕ ਮੁਨਹਿਰਾ ਕਦਮ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਬਜਟ ਕਿਵੇਂ ਅੱਛਾ ਹੈ, ਮੈਂ ਅਰਜ਼ ਕਰਾਂਗਾ ਕਿ ਹੁਸ਼ਿਆਰਪੁਰ ਦੇ ਇਲਾਕੇ ਵਿਚ ਇਤਨੀਆਂ ਸਰਕਾਰਾਂ ਆਈਆਂ ਕਦੇ ਵੀ ਇੰਡਸਟਰੀ ਨਹੀਂ ਲਗੀ। ਮੈਂ ਫਾਈਨੈਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਕਰੋੜਾਂ ਰੁਪਿਆ ਇੰਡਸਟਰੀ ਅਤੇ ਐਗਰੀਕਲਚਰ ਵਾਸਤੇ ਪਰੋ–ਵਾਈਡ ਕੀਤਾ ਹੈ ਜੇ ਦੋਨੋਂ ਪਾਸੇ ਖੁਸ਼ਹਾਲੀ ਹੋਵੇ ਤਾਂ ਹੀ ਮੁਲਕ ਖੁਸ਼ਹਾਲ ਹੋ ਸਕਦਾ ਹੈ। ਅੱਜ ਸਾਡਾ ਸੂਬਾ ਤਰੱਕੀ ਦੇ ਵਲ ਜਾ ਰਿਹਾ ਹੈ, ਇਹ ਜਿਥੇ ਐਗਰੀਕਲਚਰ ਵਿਚ ਤਰੱਕੀ ਕਰ ਰਿਹਾ ਹੈ ਉਥੇ ਇੰਡਸਟਰੀ ਦੇ ਵਿਚ ਵੀ ਤਰੱਕੀ ਕਰ ਰਿਹਾ ਹੈ। ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਇਕ ਬੇਨਤੀ ਹੋਰ ਕਰਾਂਗਾ ਕਿ ਜਿਥੇ ਵੀ ਕੋਈ ਇੰਡਸਟਰੀ ਲਗੇ ਤਾਂ ਉਥੇ ਹਰੀਜਨਾਂ ਲਈ ਵੀ ਕਾਮਿਆਂ ਦੀ ਰਿਜ਼ਰਵੇਸ਼ਨ ਕੀਤੀ ਜਾਵੇ ਇਸ ਤਰ੍ਹਾਂ ਕਾਫੀ ਬੰਦੇ ਇੰਡਸਟਰੀ ਵਿਚ ਸਾਡੇ ਲਗ ਸਕਦੇ ਹਨ। ਇਸ ਤਰ੍ਹਾਂ ਉਹ ਉਤਸਾਹ ਨਾਲ ਵੀ ਕੰਮ ਕਰਨਗੇ, ਦੇਸ਼ ਤਰੱਕੀ ਵਲ ਜਾਵੇਗਾ।

ਫੇਰ ਮੈਂ ਤਾਲੀਮ ਦੇ ਮੁਤਾਲਿਕ ਅਰਜ਼ ਕਰਨੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਤਾਲੀਮ ਦੇਸ਼ ਦੀ ਖੁਸ਼ਹਾਲੀ ਦਾ ਚਿੰਨ੍ਹ ਹੈ। ਸਾਡੇ ਸੂਬੇ ਵਿਚ ਵੀ ਤਾਲੀਮ ਦੇ ਖੇਤਰ ਵਿਚ ਤਰੱਕੀ ਹੋ ਰਹੀ ਹੈ। ਖਾਸ ਤੌਰ ਤੇ ਹਰੀਜਨ ਤਬਕਾ ਇਸ ਗੱਲ ਵਿਚ ਬਹੁਤ ਅਗੇ ਜਾ ਰਿਹਾ ਹੈ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਹਿਲਾਂ ਜਦੋਂ ਕੋਈ ਹਰੀਜਨ ਬੱਚਾ 10ਵੀਂ ਪਾਸ ਕਰਕੇ ਅਤੇ ਚੰਗੇ ਨੰਬਰ ਲੈ ਕੇ ਕਿਤੇ ਦਫਤਰ ਵਿਚ ਕਲਰਕ ਲਗ ਜਾਂਦਾ ਸੀ, ਜਾਂ ਕਿਤੇ ਹੋਰ ਨੌਕਰੀ ਕਰ ਲੈਂਦਾ ਸੀ ਤਾਂ ਸ਼ਾਮ ਨੂੰ ਕਾਲਿਜ ਵਿਚ ਪੜ੍ਹ ਕੇ ਬੀ. ਏ. ਜਾਂ ਐਮ. ਏ. ਦੀ ਡਿਗਰੀ ਪ੍ਰਾਪਤ ਕਰ ਲੈਂਦਾ ਸੀ, ਇਸ ਲਈ ਸਰਕਾਰ ਉਸ ਨੂੰ ਗ੍ਰਾਂਟ ਦਿੰਦੀ ਸੀ। ਉਸ ਦਾ ਕੁਝ ਪੈਸਾ ਸੈਂਟਰ ਦੀ ਸਰਕਾਰ ਦਿੰਦੀ ਸੀ ਅਤੇ ਕੁਝ ਪੰਜਾਬ ਸਰਕਾਰ ਦਿੰਦੀ ਸੀ। ਹੁਣ ਸੈਂਟਰ ਸਰਕਾਰ ਨੇ ਉਹ ਗ੍ਰਾਂਟ ਬੰਦ ਕਰ ਦਿੱਤੀ ਹੈ। ਮੈਂ ਆਪਣੇ ਹਰਮਨ ਪਿਆਰੇ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਔਰ ਫਾਇਨੈਂਸ ਮਨਿਸਟਰ ਸਾਹਿਬ ਨੂੰ ਵੀ ਕਹਾਂਗਾ

[ਭਗਤ ਗੁਰਾਂ ਦਾਸ ਹੰਸ]

ਕਿ ਉਹ ਇਸ ਗ੍ਰਾਂਟ ਨੂੰ ਬੰਦ ਨਾ ਕਰਨ। ਇਸ ਵਾਸਤੇ ਥੋੜਾ ਹੀ ਪੈਸਾ ਚਾਹੀਦਾ ਹੈ ਉਹ ਪੰਜਾਬ ਦੇ ਖ਼ਜ਼ਾਨੇ ਵਿਚੋਂ ਇਹ ਪੈਸਾ ਹਰੀਜਨ ਵਿਦਿਆਰਥੀਆਂ ਨੂੰ ਦੇਣ ਤਾਂ ਕਿ ਉਹ ਆਪਣੀ ਪੜ੍ਹਾਈ ਜਾਰੀ ਰੱਖ ਸਕਣ।

ਇਸ ਤੋਂ ਅਗਲੀ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਥੀਨ ਡੈਮ ਦੇ ਬਾਰੇ ਕਹਿਣੀ ਹੈ। ਇਥੇ ਉਸ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਹੁਣ ਹਾਲਤ ਹੈ ਕਿ ਹਿਮਾਚਲ ਪ੍ਰਦੇਸ਼ ਵਾਲੇ ਕਹਿੰਦੇ ਹਨ ਕਿ ਪੈਸਾ ਤਾਂ ਤੁਸੀਂ ਲਗਾਓ ਅਤੇ ਹਿੱਸਾ ਸਾਨੂੰ ਦਿਓ ਤਾਂ ਅਸੀਂ ਜ਼ਮੀਨ ਦਿਆਂਗੇ। ਜੰਮੂ ਕਸ਼ਮੀਰ ਵਾਲੇ ਕਹਿੰਦੇ ਹਨ ਕਿ ਸਾਨੂੰ ਹਿੱਸਾ ਦਿਓ। ਹਰਿਆਣੇ ਵਾਲੇ ਕਹਿੰਦੇ ਹਨ ਕਿ ਸਾਨੂੰ ਦਿਓ। ਹਾਲਾਤ, ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਅਜਿਹੇ ਹਨ ਕਿ ਡੈਮ ਤਾਂ ਬਣ ਨਹੀਂ ਰਿਹਾ ਪਰ ਸਟਾਫ਼ ਦੀਆਂ ਤਨਖਾਹਾਂ ਪੈ ਰਹੀਆਂ ਹਨ। ਇਸ ਬਾਰੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਫਿਰ ਡਿਪਟੀ ਸਪੀਕਰ, ਸਾਹਿਬ ਮੈਂ ਆਪਣੇ ਜ਼ਿਲ੍ਹੇ ਹੁਸ਼ਿਆਰਪੁਰ ਬਾਰੇ ਕੁਝ ਗੱਲਾਂ ਕਹਿਣੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜੇ ਥੀਨ ਡੈਮ ਨਹੀਂ ਬਣਦਾ ਤਾਂ ਹਾਲੇ ਸਾਡੇ ਜ਼ਿਲੇ ਵਿਚ ਸ਼ਾਹਕੰਡੀ ਦੇ ਇਲਾਕੇ ਵਿਚ ਥੋੜੇ ਖ਼ਰਚ ਨਾਲ ਇਕ ਡੈਮ ਬਣ ਸਕਦਾ ਹੈ। ਉਸ ਡੈਮ ਤੇ ਸਿਰਫ਼ 10 ਕਰੋੜ ਰੁਪਿਆ ਖ਼ਰਚ ਹੋਣਾ ਹੈ ਅਤੇ ਉਸ ਨਾਲ ਲੱਖਾਂ ਏਕੜ ਜ਼ਮੀਨ ਦੀ ਪਿਆਸ ਬੁਝ ਜਾਣੀ ਹੈ। ਇਸ ਨਾਲ ਗ਼ਰੀਬ ਜ਼ਿਲੇ ਦੀਆਂ ਜ਼ਮੀਨਾਂ ਸੈਰਾਬ ਹੋ ਜਾਣਗੀਆਂ ਅਤੇ ਉਥੇ ਖ਼ੁਸ਼ਹਾਲੀ ਆ ਜਾਵੇਗੀ। ਬਾਕੀ ਜ਼ਿਲ੍ਹਿਆਂ ਵਿਚ ਤਾਂ ਨਹਿਰਾਂ ਚਲੀਆਂ ਜਾਂਦੀਆਂ ਹਨ ਪਰ ਸਾਡੇ ਜ਼ਿਲ੍ਹੇ ਵਿਚ ਸਰਕਾਰ ਨੇ ਡੀਪ ਟਿਊਬਵੈਲ ਲਗਾਉਣ ਦੀ ਸਕੀਮ ਬਣਾਈ ਹੈ (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਨੂੰ ਬੋਲਦੇ ਹੋਏ ਤਾਂ ਅਜੇ 5 ਮਿੰਟ ਵੀ ਨਹੀਂ ਹੋਏ। ਮੈਂ ਅਰਜ਼ ਕਰ ਰਿਹਾ ਸੀ ਕਿ ਇਕ ਟਿਊਬਵੈਲ 400 ਏਕੜ ਜ਼ਮੀਨ ਨੂੰ ਸੈਰਾਬ ਕਰੇਗਾ। ਡਿਪਟੀ ਸਪੀਕਰ ਸਾਹਿਬ, ਦਾਤਾਰਪੁਰ ਤੋਂ ਕੰਡੀ ਦੇ ਇਲਾਕੇ ਤਕ ਹਜ਼ਾਰਾਂ ਏਕੜ ਜ਼ਮੀਨ ਪਈ ਹੈ ਜਿਸ ਨੂੰ ਕਿ ਮੁਸਲਮਾਨ ਛੱਡ ਗਏ ਸੀ ਅਤੇ ਆਪ ਪਾਕਿਸਤਾਨ ਚਲੇ ਗਏ ਸੀ। ਉਥੇ ਕੁਝ ਹੋਰ ਵੀ ਅਜਿਹੇ ਮਾਲਕ ਹਨ ਜ਼ਮੀਨਾਂ ਦੇ, ਜਿਹੜੇ ਕਾਸ਼ਤ ਨਹੀਂ ਕਰਵਾਉਂਦੇ। ਜਦੋਂ ਉਥੇ ਟਿਊਬਵੈਲ ਲਗ ਜਾਣਗੇ ਤਾਂ ਉਥੇ ਕਾਸ਼ਤ ਹੋਣੀ ਸ਼ੁਰੂ ਹੋ ਜਾਵੇਗੀ ਅਤੇ ਜਿਹੜੀ ਅੰਨ ਦੀ ਥੁੜ ਹੈ ਉਹ ਕਾਫ਼ੀ ਹਦ ਤਕ ਦੂਰ ਹੋ ਜਾਵੇਗੀ। ਡਿਪਟੀ ਸਪੀਕਰ ਸਾਹਿਬ 92 ਡੀਪ ਟਿਊਬਵੈਲ ਇਸ ਵੇਲੇ ਤਕ ਮਾਹਿਲਪੁਰ ਵਿਚ ਲਗੇ ਹਨ। ਉਹ ਸਾਰੇ ਟਿਊਬਵੈਲ ਸੜਕ ਤੋਂ ਕੋਈ 10 ਗਜ਼ ਦੂਰ ਹੈ ਅਤੇ ਕੋਈ 20 ਗਜ਼ ਦੂਰ ਹੈ। ਉਥੇ ਖਾਲ ਲੰਘਣ ਨੂੰ ਥਾਂ ਨਹੀਂ, ਇਸ ਕਰਕੇ ਉਨ੍ਹਾਂ ਟਿਊਬਵੈਲਾਂ ਦਾ ਕੋਈ ਫਾਇਦਾ ਨਹੀਂ ਹੋ ਰਿਹਾ। ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਪਾਸੇ ਵੀ ਧਿਆਨ ਦੇਣ।

ਫਿਰ ਡਿਪਟੀ ਸਪੀਕਰ ਸਾਹਿਬ, ਸਾਡਾ ਜਿਹੜਾ ਜ਼ਿਲ੍ਹਾ ਹੁਸ਼ਿਆਰਪੁਰ ਹੈ, ਇਸ ਵਿਚ ਟੋਏ ਟਿਬੇ ਡਾਂ ਬਹੁਤ ਹਨ, ਇਲਾਕਾ ਬਹੁਤ ਉੱਚਾ ਨੀਵਾਂ ਹੈ। ਇਥ ਸਰਕਾਰ ਨੇ ਇਕ ਸਕੀਮ ਸ਼ੁਰੂ ਕੀਤੀ ਸੀ ਵਟ ਬੰਦੀ ਦੀ। ਇਕ ਖੇਤ ਦੇ ਦੁਆਲੇ ਵਟ ਕਰ ਦਿਤੀ ਜਾਂਦੀ ਸੀ, ਜਿਸ ਨਾਲ ਬਾਰਸ਼ ਦਾ ਪਾਣੀ ਖੇਤ ਵਿਚ ਹੀ ਰਹਿੰਦਾ ਸੀ ਅਤੇ ਦੂਜਾ ਉਹ ਬਾਹਰ ਨਿਕਲ ਕੇ ਨੁਕਸਾਨ ਵੀ ਨਹੀਂ ਸੀ ਕਰ ਸਕਦਾ। ਹੁਣ ਉਹ ਸਕੀਮ ਬੰਦ ਕਰ ਦਿੱਤੀ ਗਈ ਹੈ। ਇਸ ਸਕੀਮ ਵਿਚ 50 ਫੀਸਦੀ ਪੈਸਾ ਜ਼ਿਮੀਂਦਾਰ ਆਪ ਦਿੰਦਾ ਸੀ ਅਤੇ 50 ਫੀਸਦੀ ਸਰਕਾਰ ਦਿੰਦੀ ਸੀ। ਇਸ ਸਕੀਮ ਤੇ ਕੋਈ ਬਹੁਤਾ ਖ਼ਰਚ ਵੀ ਨਹੀਂ ਸੀ ਆਉਂਦਾ। ਇਸ ਲਈ ਮੈਂ ਸਰਕਾਰ ਨੂੰ ਅਤੇ ਆਪਣੇ ਹਰਮਨ ਪਿਆਰੇ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਸਕੀਮ ਚਾਲੂ ਰੱਖਣ। ਇਹ ਸਕੀਮ ਹੁਣ ਸਿਰਫ਼ ਦੋ ਹੀ ਬਲਾਕਾਂ ਵਿਚ ਚਲ ਰਹੀ ਹੈ। ਕੰਡੀ ਦੇ ਸਾਰੇ ਇਲਾਕੇ ਵਿਚ ਬੰਦ ਕਰ ਦਿੱਤੀ ਗਈ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਗਲ ਬੜੇ ਫਖਰ ਦੀ ਸਮਝਦਾ ਹਾਂ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਿਥੇ ਕੋਈ ਚੋਅ ਤੇ ਪੁਲ ਨਹੀਂ ਸੀ ਬਣਦਾ (ਵਿਘਨ) ਮੈਂ ਵੀ 1957 ਤੋਂ ਮੈਂਬਰ ਚਲਿਆ ਆ ਰਿਹਾ ਹਾਂ। ਕਦੇ ਕੋਈ ਪੁਲ ਵੀ ਨਹੀਂ ਸੀ ਬਣਦਾ। ਸਿਰਫ ਇਕ ਚੋਅ ਤੇ ਬਣਿਆ ਸੀ । ਨਸਰਾਲੇ ਵਾਲੇ ਤੇ ਉਹ ਵੀ ਮੈਂ ਸਰਦਾਰ ਪ੍ਰਤਾਪ ਸਿੰਘ ਨੂੰ ਕਹਿ ਕੇ ਬਣਵਾਇਆ ਸੀ ਪਰ ਹੁਣ ਮੈਂ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਸਾਡੇ ਹਰਮਨ ਪਿਆਰੇ ਚੀਫ ਮਨਿਸਟਰ ਗਿਆਨੀ ਜ਼ੈਲ ਸਿੰਘ ਨੇ ਉਸ ਜ਼ਿਲੇ ਵਿਚ ਪੁਲ ਹੀ ਪੁਲ ਬਣਾ ਦਿਤੇ ਹਨ । ਡਿਪਟੀ ਸਪੀਕਰ ਸਾਹਿਬ, ਜੇ ਹੁਸ਼ਿਆਰਪੁਰ ਤੋਂ ਦਸੂਹੇ ਵਲ ਜਾਈਏ ਜਾਂ ਰੋਪੜ ਤੋਂ ਟਾਂਡੇ ਦੀ ਸੜਕ ਤੇ ਜਾਈਏ ਤਾਂ ਪੁਲ ਹੀ ਪੁਲ ਹਨ ਅਤੇ ਸੜਕ ਇਸ ਤਰ੍ਹਾਂ ਪੱਕੀ ਹੈ ਜਿਵੇਂ ਜਰਨੈਲੀ ਸੜਕ ਹੋਵੇ ।

ਅਗਲੀ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਬਾਰੇ ਕਰਨੀ ਚਾਹੁੰਦਾ ਹਾਂ। ਇਥੇ ਹਾਊਸ ਵਿਚ ਸਰਕਾਰ ਨੇ ਕਿਹਾ ਸੀ ਕਿ ਇਥੇ 3 ਯੂਨੀਵਰਸਿਟੀਆਂ ਹਨ, ਉਨ੍ਹਾਂ ਤੇ ਹੀ ਇਤਨਾ ਖ਼ਰਚ ਹੋ ਰਿਹਾ ਹੈ ਕਿ ਹੋਰ ਯੂਨੀਵਰਸਿਟੀ ਨਹੀਂ ਖੋਲ੍ਹੀ ਜਾ ਸਕਦੀ। ਇਥੇ ਕੁਝ ਮੈਂਬਰਾਂ ਨੇ ਕਿਹਾ ਸੀ ਕਿ ਗੁਰੂ ਰਵੀਦਾਸ ਜੀ ਦੇ ਨਾਂ ਤੇ ਯੂਨੀਵਰਸਿਟੀ ਬਣਨੀ ਚਾਹੀਦੀ ਹੈ ਅਤੇ ਕੁਝ ਨੇ ਕਿਹਾ ਕਿ ਗੁਰੂ ਬਾਲਮੀਕੀ ਜੀ ਦੇ ਨਾਂ ਤੇ ਯੂਨੀਵਰਸਿਟੀ ਬਣਨੀ ਚਾਹੀਦੀ ਹੈ ਜਿਨ੍ਹਾਂ ਨੇ ਕਿ ਸੰਸਕ੍ਰਿਤ ਵਿਚ ਰਾਮਾਇਣ ਲਿਖੀ ਸੀ। ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਤੁਲਸੀ ਦਾਸ ਜੀ ਦੀ ਯਾਦ ਵਿਚ ਲੱਖਾਂ ਰੁਪਏ ਖ਼ਰਚ ਕਰ ਰਹੀ ਹੈ ਜਿਨ੍ਹਾਂ ਨੇ ਕਿ ਹਿੰਦੀ ਵਿਚ ਰਾਮਾਇਣ ਲਿਖੀ ਸੀ ਪਰ ਬਾਲਮੀਕੀ ਜੀ ਨੇ ਸੰਸਕ੍ਰਿਤ ਵਿਚ ਰਾਮਾਇਣ ਲਿਖੀ ਸੀ ਤਾਂ ਕੀ ਉਨ੍ਹਾਂ ਦੀ ਯਾਦ ਵਿਚ ਯੂਨੀਵਰਸਿਟੀ ਨਹੀਂ ਬਣ ਸਕਦੀ । ਮੈਂ ਵੀ ਕਿਹਾ ਸੀ ਕਿ ਅਸੀਂ ਜਿਤਨੇ ਦਸਤਕਾਰੀ ਵਾਲੇ ਬੰਦੇ ਹਾਂ, ਕੰਮ ਸ਼ੁਰੂ ਕਰਨ ਤੋਂ ਪਹਿਲਾਂ ਵਿਸ਼ਵਕਰਮਾ ਜੀ ਦੀ ਪੂਜਾ ਕਰਦੇ ਹਾਂ। ਡਿਪਟੀ ਸਪੀਕਰ ਸਾਹਿਬ, ਜੇ ਗੁਰੂ ਰਵੀਦਾਸ ਜੀ ਦੇ ਨਾਂ ਤੇ, ਬਾਲਮੀਕੀ ਜੀ ਦੇ ਨਾਂ ਤੇ ਜਾਂ ਵਿਸ਼ਵਕਰਮਾ ਜੀ ਦੇ ਨਾਂ ਤੇ ਯੂਨੀਵਰਸਿਟੀਆਂ ਨਹੀਂ ਬਣ ਸਕਦੀਆਂ ਤਾਂ ਘੱਟੋ ਘਟ ਉਨ੍ਹਾਂ ਦੇ ਨਾਵਾਂ ਦੀਆਂ ਚੇਅਰਜ਼ ਦਾ ਯੂਨੀਵਰਸਿਟੀਆਂ ਵਿਚ ਕਾਇਮ ਕੀਤੀ ਜਾ ਸਕਦੀਆਂ ਹਨ। (ਥੰਪਿੰਗ) (ਵਿਘਨ) ਹਾਂ ਬੇਸ਼ਕ ਧੰਨੇ ਜੱਟ ਦੀ ਵੀ ਚੇਅਰ ਬਣਾ ਦਿਤੀ ਜਾਵੇ। ਇਹ ਚੇਅਰਜ਼ ਬਣਨ ਨਾਲ ਸਾਨੂੰ ਤਸੱਲੀ ਹੋਵੇਗੀ ਕਿ ਅਸੀਂ ਵੀ ਤਾਲੀਮ ਦੇ ਖੇਤਰ ਵਿਚ ਅਗੇ ਵਧ ਰਹੇ ਹਾਂ। ਇਸ ਦੇ ਨਾਲ ਹੀ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਬੱਚੇ ਸ਼ਾਈਨਿੰਗ ਹੋਣ ਅਤੇ ਉਹ 10ਵੀਂ ਪਾਸ ਕਰ ਲੈਣ ਤਾਂ ਉਨ੍ਹਾਂ ਦੀ ਅਗਲੀ ਪੜ੍ਹਾਈ ਦਾ ਖ਼ਰਚ ਸਰਕਾਰ ਦੇਵੇ ਭਾਵੇਂ ਉਹ ਕਿਸੇ ਵੀ ਕੌਮ ਦੇ ਹੋਣ । ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਵਿਮੁਕਤ ਜਾਤੀਆਂ ਦੀ ਗੱਲ ਕਰਨੀ ਹੈ ਜਿਹੜੇ ਅੱਜ ਦੇ ਸਮੇਂ ਵਿਚ ਵੀ ਲੋਕਾਂ ਦੀਆਂ ਟੱਟੀਆਂ ਸਾਫ ਕਰਦੇ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਅਜਿਹੇ ਮਾਂ ਪਿਓ ਤੋਂ ਬੱਚਿਆਂ ਨੂੰ ਲੈਣ ਅਤੇ ਆਪ ਸਰਕਾਰ ਉਨ੍ਹਾਂ ਦੀ ਪਾਲਣਾ ਕਰੇ। ਉਹ ਲੋਕ ਆਪਣੇ ਬੱਚੇ ਦੇਣ ਨੂੰ ਤਿਆਰ ਹਨ। ਸਰਕਾਰ ਉਨ੍ਹਾਂ ਬੱਚਿਆਂ ਨੂੰ ਆਪ ਪੜ੍ਹਾ ਕੇ ਚੰਗੇ ਸ਼ਹਿਰੀ ਬਣਾਵੇ। (ਵਿਘਨ)

12.29 p.m. | (ਇਸ ਸਮੇਂ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

(ਇਸ ਸਮੇਂ ਸਰਦਾਰ ਹਰਚੰਦ ਸਿੰਘ ਜੀ, ਮੁੱਖ ਮੰਤਰੀ ਜੀ ਨਾਲ ਉਨ੍ਹਾਂ ਦੀ ਸੀਟ ਤੇ ਬੈਠ ਕੇ ਕੁਝ ਗੱਲਾਂ ਕਰ ਰਹੇ ਸੀ)

ਮੈਂ ਸਰਦਾਰ ਹਰਚੰਦ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਚੀਫ ਮਨਿਸਟਰ ਸਾਹਿਬ ਨੂੰ ਮੇਰੀ ਗੱਲ ਸੁਣ ਲੈਣ ਦੇਣ ।)

ਸ੍ਰੀ ਸਪੀਕਰ : ਤੁਸੀਂ 10 ਮਿੰਟ ਬੋਲ ਚੁਕੇ ਹੋ, ਹੋਰ 2 ਮਿੰਟਾਂ ਵਿਚ ਖਤਮ ਕਰ ਦਿਓ ।
(You have already taken ten minutes. Now, please, wind up within two minutes.)

ਭਗਤ ਗੁਰਾਂ ਦਾਸ ਹੰਸ : ਫਿਰ, ਸਪੀਕਰ ਸਾਹਿਬ, ਮੈਂ ਬਿਜਲੀ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ਬਿਜਲੀ ਦਾ ਇਸ ਸਮੇਂ ਤੋੜਾ ਹੈ। ਬਿਜਲੀ ਦੀ ਮੰਗ ਢਾਈ ਗੁਣਾ ਵਧ ਗਈ ਹੈ ਤੇ ਜਦੋਂ ਅਸੀਂ ਨੰਗਲ ਵਿਚ ਖਾਦ ਦੀ ਫੈਕਟਰੀ ਲਾਈ ਸੀ ਉਦੋਂ ਸਾਨੂੰ ਬਿਜਲੀ ਦੀ ਇਤਨੀ ਲੋੜ ਨਹੀਂ ਸੀ। ਹੁਣ ਇਹ ਲੋੜ ਵਧ ਗਈ ਹੈ। ਮੈਂ ਇਸ ਲਈ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਦੂਜੇ ਥਾਵਾਂ ਤੇ ਪ੍ਰਾਈਵੇਟ ਕੰਪਨੀਆਂ ਬਿਜਲੀ ਦੀ ਸਪਲਾਈ ਦੇ ਠੇਕੇ ਲੈਂਦੀਆਂ ਹਨ, ਇਸੇ ਤਰ੍ਹਾਂ ਪੰਜਾਬ ਵਿਚ ਵੀ ਸ਼ਹਿਰਾਂ ਵਿਚ ਵੀ ਬਿਜਲੀ ਸਪਲਾਈ ਕਰਨ ਦੇ ਠੇਕੇ ਕਿਸੇ ਕੰਪਨੀ ਨੂੰ ਦੇ ਦੇਵੇ ਅਤੇ ਉਹ ਜਿਹੜਾ ਟੈਕਸ ਮਰਜ਼ੀ ਲਾਉਣ ਅਤੇ ਜੋ ਸਰਕਾਰੀ ਬਿਜਲੀ ਹੈ ਉਹ ਇੰਡਸਟਰੀ ਨੂੰ ਅਤੇ ਪਿੰਡਾਂ ਨੂੰ ਦੇਣ। ਇਸ ਨਾਲ ਹੀ ਸਾਡਾ ਸੂਬਾ ਖੁਸ਼ਹਾਲ ਹੋ ਸਕੇਗਾ । ਹੁਣ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੇ ਨੌਜਵਾਨ ਬੜੇ ਸੁਲਝੇ ਹੋਏ ਸਿਵਿਲ ਸਪਲਾਈਜ਼ ਮਨਿਸਟਰ, ਇਨ੍ਹਾਂ ਨੇ ਜੋ ਕੰਮ ਕੀਤਾ ਹੈ ਇਨ੍ਹਾਂ ਨੇ 10,560 ਦੁਕਾਨਾਂ ਖੋਲ੍ਹੀਆਂ ਹਨ ਜਿਸ ਨਾਲ ਸ਼ਹਿਰਾਂ ਦੇ ਲੋਕਾਂ ਨੂੰ ਕੋਈ ਤਕਲੀਫ ਨਹੀਂ ਹੈ। ਸ਼ਹਿਰਾਂ ਵਿਚ ਜਿਹੜੇ ਲੋਕ ਰਹਿੰਦੇ ਹਨ ਉਹ ਰੌਲਾ ਪਾ ਲੈਂਦੇ ਹਨ। ਮੁਲਾਜ਼ਮ ਲੋਕ ਹੜਤਾਲਾਂ ਕਰ ਲੈਂਦੇ ਹਨ। ਪਰ ਪਿੰਡਾਂ ਵਿਚ ਜਿਹੜੇ ਮਜ਼ਦੂਰ ਰਹਿੰਦੇ ਹਨ ਉਹ ਵਿਚਾਰੇ ਰੌਲਾ ਰੱਪਾ ਨਹੀਂ ਪਾ ਸਕਦੇ (ਘੰਟੀ) ਮੈਂ ਬੇਨਤੀ ਕਰਾਂਗਾ ਕਿ ਫਰਾਖਦਿਲੀ ਨਾਲ ਪਿੰਡਾਂ ਵਿਚ ਵੀ ਦੁਕਾਨਾਂ ਖੋਲ੍ਹਣੀਆਂ ਚਾਹੀਦੀਆਂ ਹਨ। ਜਿਹੜੇ ਥੋੜ੍ਹੀ ਆਮਦਨੀ ਵਾਲੇ ਹਨ ਉਨ੍ਹਾਂ ਵਲ ਵੀ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। (ਵਿਘਨ)

ਸ੍ਰੀ ਸਪੀਕਰ : ਸੇਖੜੀ ਜੀ, ਤੁਸੀਂ ਦਸ ਮਿੰਟਾਂ ਲਈ ਬੋਲ ਲਵੋ ਕਿਉਂਕਿ ਅੱਗੇ ਐਫ. ਐਮ. ਸਾਹਿਬ ਨੇ ਬੋਲਣਾ ਹੈ। (Sekhri ji, you may please speak for ten minutes only. F. M. Sahib has to speak after you.)

ਸ੍ਰੀ ਵਿਸ਼ਵਾ ਮਿੱਤਰ ਸੇਖੜੀ (ਬਟਾਲਾ) : ਸਪੀਕਰ ਸਾਹਿਬ, ਮੈਂ ਖਜ਼ਾਨਾ ਮੰਤਰੀ ਜੀ ਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ। ਜਿਸ ਖੂਬਸੂਰਤੀ ਨਾਲ ਇਨ੍ਹਾਂ ਨੇ ਬਜਟ ਪੇਸ਼ ਕੀਤਾ ਹੈ (ਥੰਪਿੰਗ) ਕੋਈ ਟੈਕਸ ਨਾ ਲਾਕੇ ਪੰਜਾਬ ਨੂੰ ਰਾਹਿਤ ਦਿੱਤੀ ਹੈ। ਇਸ ਲਈ ਇਹ ਮੁਬਾਰਕਬਾਦ ਦੇ ਹੱਕਦਾਰ ਹਨ।

ਸਪੀਕਰ ਸਾਹਿਬ, ਕੋਈ ਸੂਬਾ ਤਰੱਕੀ ਨਹੀਂ ਕਰ ਸਕਦਾ ਜਦ ਤਕ ਕਿ ਉਥੇ ਪਾਵਰ ਨਾ ਹੋਵੇ। ਪਾਵਰ ਉਤੇ ਕਾਫੀ ਦੋਸਤਾਂ ਨੇ ਗੱਲਾਂ ਕਹੀਆਂ ਹਨ ਲੇਕਿਨ ਪੰਜਾਬ ਦੇ ਵਜ਼ੀਰ ਖਜ਼ਾਨਾ ਨੇ 1975-76 ਵਿਚ 12 ਹਜ਼ਾਰ ਟਿਊਬਵੈਲਜ਼, 50 ਹਜ਼ਾਰ ਜਨਰਲ ਕੁਨੈਕਸ਼ਨਜ਼ ਔਰ ਦੋ ਹਜ਼ਾਰ ਇੰਡਸਟ੍ਰੀਅਲ ਕੁਨੈਕਸ਼ਨਜ਼ ਦੇਣ ਦਾ ਵਾਅਦਾ ਕੀਤਾ ਹੈ। ਇਹ ਗਲ ਪੂਰੀ ਤਾਂ ਹੋ ਸਕਦੀ ਹੈ ਜੇ ਅਸੀਂ ਇਥੇ ਕੋਈ ਬਿਜਲੀ ਬਣਾਉਣ ਦੇ ਸਾਧਨ ਚੰਗੀ ਤਰ੍ਹਾਂ ਨਾਲ ਕਰੀਏ। ਇਹਦੇ ਮੁਤਅੱਲਕ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਪਰਾਬਲਮ ਜਿਹੜੀ ਹੈ ਇਹ ਸਟੇਟ ਗੌਰਮਿੰਟ ਨੂੰ ਵਾਰ ਫੁਟਿੰਗ ਤੇ ਹਲ ਕਰਨੀ ਚਾਹੀਦੀ ਹੈ। ਮੈਂ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਖਜ਼ਾਨਾ ਮੰਤਰੀ ਜੀ ਨੂੰ ਕਿ 100% loans at nominal interest should be granted immediately to all the export worthy units without undergoing any lengthy procedure.

ਅਗਰ ਐਸਾ ਕਰ ਦਿੱਤਾ ਜਾਏ ਤਾਂ ਫੇਰ ਕੋਈ ਵਜ੍ਹਾ ਨਹੀਂ ਕਿ ਇਥੇ ਦੀ ਇੰਡਸਟਰੀ ਜੋ ਕਿ ਬਹੁਤ ਥਲੇ ਜਾ ਚੁੱਕੀ ਹੈ ਇਸ ਵਿਚ ਰਿਸੈਸ਼ਨ ਆ ਚੁੱਕਾ ਹੈ, ਇਹ ਇੰਡਸਟਰੀ ਇਸ ਤਰ੍ਹਾਂ ਕਰਨ ਨਾਲ ਵਧੇ ਨਾ ਔਰ ਅਗਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਇੰਡਸਟਰੀ ਵਿਚ ਗਰੋਥ ਕਰਨ ਦਾ ਸਵਾਲ ਪੈਦਾ ਹੀ ਨਹੀਂ ਹੁੰਦਾ ਹੈ। ਇਹ ਖਜ਼ਾਨਾ ਮੰਤਰੀ ਜੀ ਨੂੰ ਸੁਜੈਸ਼ਨ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਇਸ ਤੇ ਧਿਆਨ ਦੇਕੇ ਅਮਲ ਕਰਾਉਣਾ ਚਾਹੀਦਾ ਹੈ।

ਇਕ ਗਲ ਹੋਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਇੰਡਸਟਰੀਅਲ ਟਾਊਨਜ਼ ਪੰਜਾਬ ਵਿਚ ਹਨ ਅਗਰ ਉਥੇ ਇਹ ਜਨਰੇਟਿੰਗ ਸੈਟਸ ਗੌਰਮਿੰਟ ਲੈਵਲ ਤੇ ਲਾ ਦਿੱਤੇ ਜਾਣ ਤਾਂ ਉਹਦੇ ਨਾਲ ਬਿਜਲੀ ਦਾ ਸੰਕਟ ਦੂਰ ਕਰਨ ਵਿਚ ਅਸੀਂ ਹਿੱਸਾ ਪਾ ਸਕਦੇ ਹਾਂ। ਬਾਕੀ ਮੈਂ ਦੋ ਤਿੰਨ ਸੁਜੈਸ਼ਨਜ਼ ਹੋਰ ਰਖਣੀਆਂ ਚਾਹੁੰਦਾ ਹਾਂ। ਇਥੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਬਜਟ ਸਪੀਚ ਤੇ ਬੋਲਦਿਆਂ ਕਿਹਾ ਸੀ ਕਿ ਡੀਜ਼ਲ ਔਰ ਪੈਟ੍ਰੋਲ ਦੀ ਸ਼ਾਰਟੇਜ ਨੂੰ ਖਤਮ ਕਰਨ ਵਾਸਤੇ ਡੰਪ ਬਨਾਉਣੇ ਚਾਹੀਦੇ ਹਨ। ਪੰਜਾਬ ਜਦੋਂ ਦਾ ਛੋਟਾ ਹੋਇਆ ਹੈ ਉਦੋਂ ਦਾ ਇਥੇ ਕੋਈ ਡੰਪ ਦਾ ਸਿਸਟਮ ਨਹੀਂ ਹੈ। ਪਹਿਲਾਂ ਇਹ ਅੰਬਾਲਾ ਵਿਚ ਡੰਪ ਦਾ ਸਿਸਟਮ ਸੀ। ਮੈਂ ਆਪਣੇ ਆਪ ਨੂੰ ਇਸ ਵਿਚ ਸ਼ਾਮਿਲ ਕਰਦਾ ਹੋਇਆ ਖਜ਼ਾਨਾ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਵਲ ਧਿਆਨ ਦੇਣ ਦੀ ਕਿਰਪਾਲਤਾ ਕਰਨ ਅਤੇ ਇਸ ਨੂੰ ਅਮਲ ਵਿਚ ਲਿਆਉਣ। ਇਹ ਡੀਜ਼ਲ, ਪੈਟ੍ਰੋਲ ਦੀ ਸ਼ਾਰਟੇਜ਼ ਨੂੰ ਖਤਮ ਕਰਨ ਵਾਸਤੇ ਇਥੇ ਡੰਪ ਬਣਾਉਣੇ ਚਾਹੀਦੇ ਹਨ। (ਵਿਘਨ)

ਇਕ ਹੋਰ ਅਰਜ਼ ਡਾਕਟਰ ਸਾਹਿਬ ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਕਰਨਾ ਚਾਹੁੰਦਾ ਹਾਂ ਕਿ ਥੀਨ ਡੈਮ ਵਾਸਤੇ ਆਉਣ ਵਾਲੇ ਸਾਲ ਵਿਚ ਚੀਫ਼ ਮਨਿਸਟਰ ਸਾਹਿਬ ਨੇ 2 ਕਰੋੜ ਰੁਪਏ ਰਿਜ਼ਰਵ ਕੀਤੇ ਹਨ। ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸੈਂਟਰਲ ਗੌਰਮੈਂਟ ਨਾਲ ਪਰਸਨਲ ਪੱਧਰ ਤੇ ਗੱਲ ਬਾਤ ਕਰਕੇ ਇਸਦੀ ਕਲੀਅਰੈਂਸ ਜਲਦੀ ਤੋਂ ਜਲਦੀ ਲੈਣੀ ਚਾਹੀਦੀ ਹੈ। (ਥੰਪਿੰਗ) ਇਹ ਥੀਨ ਡੈਮ ਮੁਕੰਮਲ ਹੋਣ ਨਾਲ ਜੋ ਹੁਣ ਇੰਡਸਟਰੀਅਲ ਔਰ ਐਗਰੀਕਲਚਰ ਕਨਸਰਨਜ਼ ਬਿਜਲੀ ਦੀ ਘਾਟ ਮਹਿਸੂਸ ਕਰਦੀਆਂ ਪਈਆਂ ਹਨ, ਉਹ ਘਾਟ ਦੂਰ ਹੋ ਸਕੇ।

ਇੰਡਸਟਰੀਜ਼ ਦੇ ਮੁਤਅੱਲਕ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਜਦੋਂ ਵਜੂਦ ਵਿਚ ਆਈ ਸੀ ਤਾਂ ਇਲਾਨ ਕੀਤਾ ਗਿਆ ਸੀ ਕਿ ਇਹ ਨੋ ਪਰਾਫਿਟ ਨੋ ਲਾਸ ਤੇ ਕੰਮ ਕਰੇਗੀ। ਲੇਕਿਨ ਅੰਕੜੇ ਦਸਦੇ ਹਨ ਕਿ ਕਰੋੜਾਂ ਤੋਂ ਵੱਧ ਪਰਾਫਿਟ ਇਹ ਕਰ ਬੈਠੇ ਹਨ। ਇਸ ਨਾਲ ਜੋ ਪਹਿਲਾਂ ਇਲਾਨ ਕੀਤਾ ਗਿਆ ਸੀ ਕਿ ਇਹ ਕਾਰਪੋਰੇਸ਼ਨ ਨੋ ਪਰਾਫਿਟ ਨੋ ਲਾਸ ਤੇ ਕੰਮ ਕਰੇਗੀ ਉਹਦੇ ਵਲ ਧਿਆਨ ਦੇਣਾ ਚਾਹੀਦਾ ਹੈ। ਛੋਟੀ ਇੰਡਸਟਰੀ ਨੂੰ ਹੋਰ ਰਿਆਇਤਾਂ ਦੇਕੇ ਉਨ੍ਹਾਂ ਨੂੰ ਰਾਹਤ ਦਿੱਤੀ ਜਾਏ।

ਅੱਗੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਕਿਉਂਕਿ ਇੰਡਸਟਰੀਜ਼ ਦਾ ਮਹਿਕਮਾ ਇਨ੍ਹਾਂ ਕੋਲ ਹੈ। ਪਹਿਲਾਂ ਇਹ ਇੰਡਸਟਰੀ ਹਿੰਦੁਸਤਾਨ ਭਰ ਵਿਚ ਪੰਜਾਬ ਵਿਚ ਨੰਬਰ ਇਕ ਤੇ ਸੀ ਅਤੇ ਹੁਣ ਇਹਦਾ ਨੰਬਰ ਸਤਵਾਂ ਹੋ ਗਿਆ ਹੈ। ਇਸ ਵਾਸਤੇ ਇਥੇ ਐਕਸਪੋਰਟ ਕਰਨ ਵਾਲੇ ਯੂਨਿਟ ਲਗਣੇ ਚਾਹੀਦੇ ਹਨ। ਇਹਦੇ ਵਾਸਤੇ ਦੋ ਤਿੰਨ ਸੁਜੈਸ਼ਨਜ਼ ਹਨ।

The Government incentives schemes for Export should be simplified and the number of agencies administering export incentives such as payment of cash assistance, Import Replenishment and Duty Draw backs, should be reduced to avoid unnecessary delays. The Industry needs stability and assurance in the total package of export subsidies. The existing units should be provided with necessary expertise in production and the latest technology for expansion in their capacities for export.

ਅਗਰ ਐਸਾ ਕਰ ਦਿੱਤਾ ਜਾਏ ਤਾਂ, ਸਪੀਕਰ ਸਾਹਿਬ, ਮੈਨੂੰ ਆਸ ਹੈ ਕਿ ਪੰਜਾਬ ਦੀ ਇੰਡਸਟਰੀ 70–80 ਕਰੋੜ ਰੁਪਏ ਦਾ ਮਾਲ ਤਿਆਰ ਕਰਕੇ ਐਕਸਪੋਰਟ ਕਰ ਸਕਦੀ ਹੈ।

[ਸ਼੍ਰੀ ਵਿਸ਼ਵਾ ਮਿੱਤਰ ਸੇਖੜੀ]

ਇਕ ਹੋਰ ਗੱਲ ਵਲ ਮੈਂ ਚੀਫ ਮਨਿਸਟਰ ਸਾਹਿਬ ਦੀ ਤਵੱਜੋ ਦਿਵਾਉਣੀ ਚਾਹੁੰਦਾ ਹਾਂ। ਐਕਸਪੋਰਟ ਕਰਨ ਵਾਸਤੇ ਸਾਨੂੰ ਇਥੋਂ ਦੂਰੀ ਤੇ ਸਾਮਾਨ ਲਿਜਾਣਾ ਪੈਂਦਾ ਹੈ। ਸੀਊਇੰਗ ਮਸ਼ੀਨਜ਼, ਟੂਲਜ਼ ਆਦਿ ਇਹ ਐਕਸਪੋਰਟ ਕਰਨ ਲਈ ਸਾਨੂੰ ਬੰਬੇ ਵਗੈਰਾ ਲੈ ਜਾਣੇ ਪੈਂਦੇ ਹਨ। ਇਸ ਤਰ੍ਹਾਂ ਕਰਕੇ ਫਰੇਟ ਕਾਫੀ ਪੈ ਜਾਂਦਾ ਹੈ। ਇਸ ਲਈ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਐਕਸਪੋਰਟ ਇਥੇ ਕਰਨ ਵਾਸਤੇ ਦਿੱਤ ਡਿਕਲੇਅਰ ਹੋ ਜਾਏ। ਇਸ ਤਰ੍ਹਾਂ ਕਰਨ ਨਾਲ ਪੰਜਾਬ ਦੀ ਇੰਡਸਟਰੀ ਨੂੰ ਰਾਹਤ ਮਿਲ ਸਕਦੀ ਹੈ (ਘੰਟੀ)

ਇੱਕ ਹੋਰ ਮੇਰੀ ਅਰਜ਼ ਹੈ ਸਪੀਕਰ ਸਾਹਿਬ ਕਿ ਫਾਰਨ ਕੰਟ੍ਰੀਜ਼ ਵਿਚ ਟਰੇਡ ਡੈਲੀਗੇਸ਼ਨਜ਼ ਭੇਜੇ ਜਾਣੇ ਚਾਹੀਦੇ ਹਨ। ਇਸ ਵਾਸਤੇ ਮੇਰੀ ਸੁਜੈਸ਼ਨ ਹੈ—

It is suggested that trade delegations comprising of representatives from a particular industry only such as Machine Tools Industry, Bicycle Industry, Sewing Machines Industry and Forging and Foundry Industry should be sponsored by the State Government and the expenses of such delegations should be adequately subsidised by the export development funds. While making selection it should be ensured that members of such delegations should be able to finalise the deals technically and commercially on the spot.

(ਘੰਟੀ) ਸਪੀਕਰ ਸਾਹਿਬ, ਮੈਨੂੰ ਟਾਈਮ ਹੋਰ ਦੇ ਦਿਉ। ਮੈ ਅਰਜ਼ ਕਰਨੀ ਚਾਹੁੰਦਾ ਹਾਂ (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗੱਲ ਵਜ਼ੀਰ ਖਜ਼ਾਨਾ ਨੂੰ ਦਸਣਾ ਚਾਹੁੰਦਾ ਹਾਂ ਕਿ ਰਬੜ ਮੈਲਟਿੰਗ ਮੈਨੂਫੈਕਚਰਿੰਗ ਜੋ ਪੰਜਾਬ ਵਿਚ ਹੁੰਦੀ ਹੈ, ਇਹ ਇਥੇ ਟੈਕਸ ਫਰੀ ਕਰ ਦਿੱਤੀ ਹੈ। ਇਸ ਨਾਲ 25—30 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਇੱਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਖਜ਼ਾਨਾ ਮੰਤਰੀ ਸਾਹਿਬ ਨੂੰ ਕਿ ਜੀਪਾਂ ਨੂੰ ਐਬੈਸਡਰ ਜਾਂ ਫੀਡ ਕਾਰਾਂ ਨਾਲ ਰਿਪਲੇਸ ਕਰ ਦਿਉ। ਇਸ ਤਰ੍ਹਾਂ ਕਰਨ ਨਾਲ ਕਰੋੜਾਂ ਰੁਪਏ ਦਾ ਫਾਇਦਾ ਹੋਏਗਾ। ਨੌ ਤਾਰੀਖ ਨੂੰ ਇਹ ਬਟਾਲਾ ਗਏ ਸੀ ਮੇਰੇ ਹਲਕੇ ਵਿਚ। ਇਥੇ ਇਹ ਕਾਲੋਨੀ ਹੈ। ਰਿਫਿਊਜ਼ੀ ਕੈਂਪ ਵਿਚ ਸੌ ਪਰਸੈਂਟ ਹਰੀਜਨਜ਼ ਨੇ। ਇਹ ਡਿਕਲੇਅਰ ਕਰਕੇ ਆਏ ਸੀ ਕਿ ਇਸ ਨੂੰ ਮਿਊਂਸਪਲ ਲਿਮਿਟ ਵਿਚ ਲੈ ਲਿਆ ਜਾਏਗਾ। ਇਸ ਚੀਜ਼ ਨੂੰ ਐਕਸਪੀਡਾਈਟ ਕਰਾਉਣਾ ਚਾਹੀਦਾ ਹੈ। (ਵਿਘਨ)

ਸ਼੍ਰੀ ਸਪੀਕਰ : ਬੈਠੋ ਹੁਣ। (ਵਿਘਨ) (Please resume your seat.) (*Interruption*)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਮੈਂ ਬੇਨਤੀ ਕਰਾਂਗਾ ਕਿ ਬਟਾਲਾ ਦਾ ਜਿਹੜਾ ਸਿਵਲ ਹਸਪਤਾਲ ਹੈ ਉਹ ਬਹੁਤ ਪੁਰਾਣਾ ਹੈ, ਉਸ ਦੀ ਨਵੀਂ ਬਿਲਡਿੰਗ ਬਣਾਕੇ ਅਤੇ ਉਥੇ ਮਾਡਰਨ ਇੰਸਟਰੂਮੈਂਟਸ ਦੇ ਕੇ ਉਸ ਨੂੰ ਮਾਡਰਨ ਲਾਈਨਜ਼ ਤੇ ਚਲਾਇਆ ਜਾਵੇ। (ਘੰਟੀ) ਕਸੂਰ ਨਾਲਾ ਜਿਹੜਾ ਹੈ ਜੇ ਉਸ ਨੂੰ ਡੀਸਿਲਟਿੰਗ ਨਾ ਕੀਤਾ ਗਿਆ ਤਾਂ ਜਦ ਮੌਨਸੂਨ ਦਾ ਮੌਸਮ ਆਵੇਗਾ ਤਾਂ ਫਿਰ ਲੋਕਾਂ ਦਾ ਬੜਾ ਨੁਕਸਾਨ ਹੋਵੇਗਾ। ਇਸ ਲਈ ਇਸ ਪਾਸੇ ਧਿਆਨ ਦੇ ਕੇ, ਇਸ ਕੰਮ ਵਾਸਤੇ ਫੰਡ ਦੇ ਕੇ ਇਸ ਨਾਲੇ ਦੀ ਡੀਸਿਲਟਿੰਗ ਕੀਤੀ ਜਾਵੇ।

Mr. Speaker: Please resume your seat.

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਬਟਾਲਾ ਲੁਧਿਆਣਾ ਸੜਕ ਤੇ ਇਕ ਪੁਲੀ ਹੈ ਉਹ ਢਹਿਣ ਵਾਲੀ ਹੈ ਅਤੇ ਜੇ ਉਹ ਢਹਿ ਗਈ ਤਾਂ ਉਸ ਨਾਲ ਬੜਾ ਨੁਕਸਾਨ ਹੋਵੇਗਾ। ਇਸ ਲਈ ਉਸ ਦਾ ਵੀ ਪ੍ਰਬੰਧ ਕੀਤਾ

ਜਾਵੇ। (ਘੰਟੀ) ਅੰਤ ਵਿਚ, ਸਪੀਕਰ ਸਾਹਿਬ, ਮੈਂ ਤੁਹਾਡਾ ਅਤੇ ਐਫ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ।

ਸਰਦਾਰ ਗੁਰਬਚਨ ਸਿੰਘ (ਰੋਪੜ) : ਸਪੀਕਰ ਸਾਹਿਬ, ਮੁੱਖ ਮੰਤਰੀ, ਗਿਆਨੀ ਜ਼ੈਲ ਸਿੰਘ ਜੀ ਦੀ ਸੋਚਣ ਸ਼ਕਤੀ ਅਤੇ ਸ੍ਰੀ ਹੰਸ ਰਾਜ ਸ਼ਰਮਾ, ਫਾਈਨੈਂਸ ਮਨਿਸਟਰ ਦੀ ਸੂਝ ਬੂਝ ਨਾਲ ਇਹ ਜਿਹੜਾ ਬੱਜਟ ਤਿਆਰ ਹੋਇਆ ਹੈ, ਇਸ ਨੂੰ ਦੇਖ ਕੇ ਸ਼ਹਿਰੀ ਜਨਤਾ ਵਿਚ ਅਤੇ ਦਿਹਾਤੀ ਜਨਤਾ ਵਿਚ ਇਕ ਬੜੀ ਖੁਸ਼ੀ ਦੀ ਲਹਿਰ ਦੌੜੀ ਹੈ। ਇਸ ਦੇ ਵਿਚ ਸਨਅਤਕਾਰਾਂ ਨੂੰ, ਕਿਸਾਨਾਂ ਨੂੰ, ਮਜ਼ਦੂਰਾਂ ਨੂੰ, ਸਰਕਾਰੀ ਮੁਲਾਜ਼ਮਾਂ ਨੂੰ, ਵਿਉਪਾਰੀਆਂ ਨੂੰ, ਪਛੜੀਆਂ ਹੋਈਆਂ ਜਾਤੀਆਂ ਨੂੰ ਅਨੁਸੂਚਿਤ ਜਾਤੀਆਂ ਨੂੰ, ਬੇਘਰੇ ਲੋਕਾਂ ਨੂੰ, ਬੇਰੁਜ਼ਗਾਰ ਲੋਕਾਂ ਨੂੰ, ਬੱਚਿਆਂ ਨੂੰ, ਬੁੱਢਿਆਂ ਨੂੰ, ਜਿਨ੍ਹਾਂ ਦਾ ਕੋਈ ਸਹਾਰਾ ਨਹੀਂ ਹੈ, ਉਨ੍ਹਾਂ ਸਾਰਿਆਂ ਲਈ ਬੜੇ ਚੰਗੇ ਢੰਗ ਨਾਲ ਇਸ ਬੱਜਟ ਵਿਚ ਰਕਮਾਂ ਰੱਖੀਆਂ ਗਈਆਂ ਹਨ। ਮੈਂ ਤੁਹਾਨੂੰ ਦੱਸਦਾ ਹਾਂ ਕਿ 1972–73 ਤੋਂ ਪਹਿਲਾਂ ਇਹ ਬਜਟ 50 ਕਰੋੜ ਤੋਂ ਵੱਧ ਨਹੀਂ ਸੀ ਹੁੰਦਾ। 1972–73 ਵਿਚ ਇਹ ਬਜਟ 67 ਕਰੋੜ ਰੁਪਏ ਦਾ ਸੀ। 1973–74 ਵਿਚ ਬਜਟ 89 ਕਰੋੜ ਰੁਪਏ ਦਾ ਸੀ। 1974–75 ਵਿਚ ਬਜਟ 123 ਕਰੋੜ ਰੁਪਏ ਦਾ ਸੀ ਅਤੇ ਹੁਣ 1975–76 ਵਿਚ ਇਹ ਬਜਟ 163.45 ਕਰੋੜ ਦਾ ਬਣਿਆ ਹੈ। ਇਹ ਗੱਲ ਦੱਸਦੀ ਹੈ ਕਿ ਜਦੋਂ ਦੀ ਇਥੇ ਗਿਆਨੀ ਜੀ ਦੀ ਸਰਕਾਰ ਆਈ ਹੈ, ਸ੍ਰੀ ਹੰਸ ਰਾਜ ਸ਼ਰਮਾ ਨੇ ਬੜੀ ਸੂਝ ਬੂਝ ਨਾਲ ਇਸ ਬਜਟ ਵਿਚ ਪਿਛਲੇ 1974–75 ਦੇ ਬਜਟ ਨਾਲੋਂ ਇਸ ਸਾਲ ਦੇ ਬਜਟ ਵਿਚ 29 ਕਰੋੜ ਤੋਂ ਕੁਝ ਉਪਰ ਵਾਧਾ ਕੀਤਾ ਹੈ। ਇਸ ਸਾਲ ਦੇ ਬਜਟ ਵਿਚ ਘਾਟਾ 6 ਕਰੋੜ 83 ਲੱਖ ਦਾ ਦਿਖਾਇਆ ਗਿਆ ਹੈ ਅਤੇ ਜਿਸ ਘਾਟੇ ਨੂੰ ਉਨ੍ਹਾਂ ਨੇ ਟੈਕਸ ਦੀ ਚੋਰੀ ਨੂੰ ਰੋਕ ਕੇ ਪੂਰਾ ਕਰਨਾ ਹੈ ਅਤੇ ਇਸ ਤਰ੍ਹਾਂ ਕਈ ਸਾਧਨ ਅਖਤਿਆਰ ਕਰਨੇ ਹਨ ਤਾਂਕਿ ਜਨਤਾ ਤੇ ਕੋਈ ਟੈਕਸ ਨਾ ਲੱਗ ਸਕੇ।

ਇਸ ਤੋਂ ਅੱਗੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਲੈਕਸ਼ਨਾਂ ਹੁੰਦੀਆਂ ਹਨ ਤਾਂ ਹਰ ਪਾਰਟੀ ਜਨਤਾ ਦੇ ਸਾਹਮਣੇ ਆਪਣਾ ਆਪਣਾ ਪੱਖ ਪੇਸ਼ ਕਰਦੀ ਹੈ। 1967 ਦੇ ਇਲੈਕਸ਼ਨਜ਼ ਹੋਏ। ਉਦੋਂ ਹਰ ਇਕ ਪਾਰਟੀ ਨੇ ਜਨਤਾ ਦੇ ਸਾਹਮਣੇ ਆਪਣਾ ਆਪਣਾ ਪੱਖ ਪੇਸ਼ ਕੀਤਾ। ਇਹ ਜਿਹੜੀਆਂ ਵਿਰੋਧੀ ਪਾਰਟੀਆਂ ਹਨ, ਇਨ੍ਹਾਂ ਨੇ ਵੀ ਜਨਤਾ ਦੇ ਸਾਹਮਣੇ ਆਪਣੇ ਪੱਖ ਪੇਸ਼ ਕੀਤੇ। ਇਹ ਵਿਰੋਧੀ ਪਾਰਟੀ ਵਾਲਿਆਂ ਨੇ ਜਨਤਾ ਨੂੰ ਕਿਹਾ ਕਿ ਕਾਂਗਰਸ 20 ਸਾਲਾਂ ਤੋਂ ਰਾਜ ਕਰ ਰਹੀ ਹੈ ਪਰ ਇਹ ਚੰਗੇ ਕੰਮ ਨਹੀਂ ਕਰ ਸਕੀ ਇਸ ਲਈ ਤੁਸੀਂ ਸਾਨੂੰ ਟਾਈਮ ਦਿਉ ਅਸੀਂ ਬਹੁਤ ਅੱਛੇ ਕੰਮ ਕਰਾਂਗੇ। ਸੋ 1967 ਦੇ ਇਲੈਕਸ਼ਨ ਆਏ ਅਤੇ ਇਨ੍ਹਾਂ ਦੇ ਕਹਿਣ ਤੇ ਜਨਤਾ ਨੇ ਕਿਹਾ ਕਿ ਚਲੋ ਤੁਹਾਨੂੰ ਟਾਈਮ ਦੇ ਕੇ ਦੇਖ ਲੈਂਦੇ ਹਾਂ, ਇਸ ਲਈ ਤੁਸੀਂ ਵੀ ਆ ਜਾਉ। ਉਸਦੇ ਬਾਅਦ ਤੁਹਾਨੂੰ ਪਤਾ ਹੀ ਹੈ ਕਿ ਥੋੜੀ ਦੇਰ ਬਾਅਦ ਹੀ ਮਿੱਡ–ਟਰਮ ਇਲੈਕਸ਼ਨ ਆ ਗਏ। ਇਹ ਫਿਰ ਜਨਤਾ ਨੂੰ ਕਹਿਣ ਲੱਗੇ ਕਿ ਸਾਨੂੰ ਟਾਈਮ ਥੋੜ੍ਹਾ ਮਿਲਿਆ ਹੈ ਅਤੇ ਅਸੀਂ ਜੋ ਕੰਮ ਕਰਨੇ ਸੀ ਉਹ ਕਰ ਨਹੀਂ ਸਕੇ। ਇਨ੍ਹਾਂ ਨੇ ਜਨਤਾ ਨੂੰ ਕਿਹਾ ਕਿ ਹਾਲਾਂ ਤਾਂ ਸਾਡੀਆਂ ਸਕੀਮਾਂ ਹੀ ਤਿਆਰ ਨਹੀਂ ਹੋ ਸਕੀਆਂ। ਇਸ ਤੇ ਜਨਤਾ ਨੇ ਫਿਰ ਕਿਹਾ ਕਿ ਅਸੀਂ ਤੁਹਾਨੂੰ ਫਿਰ ਟਾਈਮ ਦੇ ਦਿੰਦੇ ਹਾਂ ਕਿਉਂਕਿ ਤੁਹਾਡੀਆਂ ਹਾਲੇ ਸਕੀਮਾਂ ਬਣ ਰਹੀਆਂ ਹਨ। ਇਸ ਤਰ੍ਹਾਂ 1969 ਵਿਚ ਵੀ ਇਨ੍ਹਾਂ ਨੂੰ ਜਨਤਾ ਨੇ ਮੌਕਾ ਦੇ ਦਿੱਤਾ। ਫਿਰ ਉਸ ਸਰਕਾਰ ਨੇ ਜੋ ਕੰਮ ਕੀਤੇ ਉਸਨੂੰ ਪਬਲਿਕ ਸਮਝ ਗਈ ਕਿ ਉਨ੍ਹਾਂ ਦੇ ਕੰਮ ਠੀਕ ਨਹੀਂ ਹਨ। ਫਿਰ 1970 ਵਿਚ ਬਾਈ–ਇਲੈਕਸ਼ਨ ਹੋਏ। ਇਨ੍ਹਾਂ ਨੇ ਫਿਰ ਜਨਤਾ ਨੂੰ ਕਿਹਾ ਕਿ ਹੁਣ ਅਸੀਂ ਬਹੁਤ ਕੁਝ ਕਰਨਾ ਹੈ। ਜਨਤਾ ਇਨ੍ਹਾਂ ਦੇ ਕੰਮਾਂ ਨੂੰ ਜਾਣ ਗਈ ਸੀ। ਕਿਉਂਕਿ ਇਹ ਉਨ੍ਹਾਂ ਨਾਲ ਜੋ ਵਾਅਦੇ ਕੀਤੇ ਗਏ ਸਨ ਉਹ ਪੂਰੇ ਨਹੀਂ ਕਰ ਸਕੇ ਸੀ। (ਘੰਟੀ) ਜਦ ਬਾਈ–ਇਲੈਕਸ਼ਨ ਹੋਏ ਤਾਂ ਇਨ੍ਹਾਂ ਨੇ ਪਬਲਿਕ ਨੂੰ ਦਿਖਾਉਣ ਦੀ ਖਾਤਰ ਖੰਭੇ ਖੜ੍ਹੇ ਕਰ ਦਿੱਤੇ ਅਤੇ ਤਾਰਾਂ ਸੁੱਟ ਦਿੱਤੀਆਂ। ਕਿਤੇ ਕੁਝ ਕੀਤਾ ਗਿਆ ਅਤੇ ਕਿਤੇ ਕੁਝ ਕੀਤਾ ਗਿਆ। ਕਿਤੇ ਕਿਹਾ ਕਿ ਅਸੀਂ ਸਕੂਲ

[ਸਰਦਾਰ ਗੁਰਬਚਨ ਸਿਘ]

ਖੋਲ੍ਹ ਦਿਆਂਗੇ ਕਿਤੇ ਕਿਹਾ ਕਿ ਅਸੀਂ ਡਿਸਪੈਂਸਰੀ ਖੋਲ੍ਹ ਦਿਆਂਗੇ। ਇਸ ਤਰ੍ਹਾਂ ਜਨਤਾ ਨਾਲ ਇਨ੍ਹਾਂ ਨੇ ਬਹੁਤ ਸਾਰੇ ਝੂਠੇ ਲਾਰੇ ਲਾਏ। ਕਿਤੇ ਐਵੇਂ ਹੀ ਡਿਸਪੈਂਸਰੀ ਖੋਲ੍ਹ ਦਿੱਤੀ ਅਤੇ ਕਿਤੇ ਸਕੂਲ ਅੱਪਗਰੇਡ ਕਰ ਦਿੱਤਾ। ਇਕ ਕੋਠੜੀ ਉਤੇ ਕਲੀ ਫੇਰ ਕੇ ਉਪਰ ਰੂਰਲ ਡਿਸਪੈਂਸਰੀ ਲਿਖ ਦਿੱਤਾ ਅਤੇ ਕਿਸੇ ਹੋਰ ਹਸਪਤਾਲ ਵਿਚੋਂ ਦਵਾਈਆਂ ਲਿਆ ਕੇ ਉਥੇ ਰੱਖ ਦਿੱਤੀਆਂ ਅਤੇ ਕਹਿ ਦਿੱਤਾ ਕਿ ਡਿਸਪੈਂਸਰੀ ਖੋਲ੍ਹ ਦਿੱਤੀ ਹੈ। ਇਸ ਤਰ੍ਹਾਂ ਇਨ੍ਹਾਂ ਲੋਕਾਂ ਨੂੰ ਲਾਰੇ ਲੱਪੇ ਵਿਚ ਰੱਖਿਆ (ਘੰਟੀ)

Mr. Speaker : Please wind up.

ਸਰਦਾਰ ਗੁਰਬਚਨ ਸਿੰਘ (ਰੋਪੜ) : ਲੋਕੀਂ ਇਨ੍ਹਾਂ ਦੇ ਲਾਰਿਆਂ ਨੂੰ ਸਮਝ ਗਏ। ਇਨ੍ਹਾਂ ਨੇ ਜੋ ਪਬਲਿਕ ਨਾਲ ਵਾਅਦੇ ਕੀਤੇ ਸਨ ਉਹ ਪੂਰੇ ਨਹੀਂ ਕੀਤੇ। (ਘੰਟੀ) ਫਿਰ 1972 ਦੀ ਇਲੈਕਸ਼ਨ ਆਈ। ਉਸ ਵਿਚ ਪਬਲਿਕ ਨੇ ਸਾਡਾ ਸਾਥ ਦਿੱਤਾ। 1972 ਤੋਂ ਹੁਣ ਤੱਕ ਜਿਹੜੇ ਜਿਹੜੇ ਬੱਜਟ ਇਸ ਸਰਕਾਰ ਨੇ ਬਣਾਏ ਹਨ ਇਹ ਵਧਦੇ ਹੀ ਗਏ ਹਨ। ਇਸ ਸਰਕਾਰ ਨੇ ਜੋ ਪਬਲਿਕ ਨਾਲ ਵਾਅਦੇ ਕੀਤੇ ਹਨ, ਇਹ ਉਨ੍ਹਾਂ ਤੇ ਵਚਨਬੱਧ ਹੈ। ਇਸ ਸਰਕਾਰ ਨੇ ਲੋਕਾਂ ਦੀ ਬਿਹਤਰੀ ਦੇ ਬਹੁਤ ਕੰਮ ਕੀਤੇ ਹਨ। (ਘੰਟੀ) ਇਹ ਕਹਿੰਦੇ ਹਨ ਕਿ ਸਾਡੀ ਪਰ ਕੈਪਿਟਾ ਇਨਕਮ ਘਟੀ ਹੈ, ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਇਹ ਗੱਲ ਪੜ੍ਹੀ ਨਹੀਂ ਹੈ।

ਸ੍ਰੀ ਸਪੀਕਰ : ਤੁਸੀਂ ਬੈਠ ਜਾਉ। (Please resume your seat.)

ਸਰਦਾਰ ਗੁਰਬਚਨ ਸਿੰਘ (ਰੋਪੜ) : ਮੇਰੇ ਦੋਸਤ ਇਹ ਪਰ ਕੈਪਿਟਾ ਇਨਕਮ ਦੀ ਗੱਲ ਕਰਦੇ ਹਨ। ਮੈਂ ਦੱਸਦਾ ਹਾਂ ਕਿ ਪਰ ਕੈਪਿਟਾ ਇਨਕਮ ਸਾਡੀ ਵੱਧੀ ਹੈ। 1969–70 ਵਿਚ ਪਰ ਕੈਪਿਟਾ ਇਨਕਮ 165.41 ਸੀ। 1970–71 ਵਿਚ 213.44 ਸੀ, 1971–72 ਵਿਚ 239.65 ਸੀ, 1972–73 ਵਿਚ 292.52 ਸੀ। 1973–74 ਵਿਚ 219.66 ਸੀ, ਅਤੇ 1974–75 ਵਿਚ ਪਰ ਕੈਪਿਟਾ ਇਨਕਮ 312.59 ਹੈ। ਫਿਰ ਇਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਪਰ ਕੈਪਿਟਾ ਇਨਕਮ ਘਟੀ ਹੈ। (ਘੰਟੀ)

Mr. Speaker: Please resume your seat.

ਸਰਦਾਰ ਗੁਰਬਚਨ ਸਿੰਘ (ਰੋਪੜ) : ਪਰ ਕੈਪਿਟਾ ਇਨਕਮ ਵਿਚ ਕਾਫੀ ਵਾਧਾ ਹੋਇਆ ਹੈ। ਇਹ ਜਿਹੜੇ ਮੇਰੇ ਵੀਰ ਆਪੋਜ਼ੀਸ਼ਨ ਵਿਚ ਬੈਠੇ ਹਨ ਇਨ੍ਹਾਂ ਨੇ ਪਛੜੇ ਲੋਕਾਂ ਦੀ ਭਲਾਈ ਵੱਲ ਧਿਆਨ ਨਹੀਂ ਦਿੱਤਾ। ਜਿਹੜੇ ਬੇਟ ਏਰੀਆ ਵਿਚ ਲੋਕ ਰਹਿੰਦੇ ਹਨ ਉਨ੍ਹਾਂ ਨੇ ਧਿਆਨ ਨਹੀਂ ਸੀ ਕੀਤਾ। (ਵਿਘਨ) ਉਥੇ ਜ਼ਨਾਨੀਆਂ ਨੂੰ ਤਿੰਨ ਤਿੰਨ ਮੀਲ ਤੋਂ ਪਾਣੀ ਲਿਆਉਣਾ ਪੈਂਦਾ ਸੀ। ਸਾਡੀ ਸਰਕਾਰ ਨੇ ਉਨ੍ਹਾਂ ਵੱਲ ਧਿਆਨ ਦੇ ਕੇ ਉਨ੍ਹਾਂ ਦੀ ਮੁਸ਼ਕਲ ਦੂਰ ਕੀਤੀ ਹੈ ਅਤੇ ਉਨ੍ਹਾਂ ਵਾਸਤੇ ਪਾਣੀ ਦਾ ਪ੍ਰਬੰਧ ਕੀਤਾ ਹੈ। ਉਥੇ ਸੜਕਾਂ ਪੱਕੀਆਂ ਬਣਾਈਆਂ ਅਤੇ ਉਥੇ ਹਸਪਤਾਲ ਅਤੇ ਸਕੂਲ ਦਿੱਤੇ ਹਨ।

Mr. Speaker: Please resume your seat.

ਸਰਦਾਰ ਗੁਰਬਚਨ ਸਿੰਘ (ਰੋਪੜ) : ਸਪੀਕਰ ਸਾਹਿਬ, ਮੈਂ ਇਕ ਮਿੰਟ ਹੋਰ ਲਵਾਂਗਾ। ਮੈਂ ਤਾਲੀਮ ਦੀ ਗੱਲ ਕਰਦਾ ਹਾਂ। ਇਨ੍ਹਾਂ ਆਪੋਜ਼ੀਸ਼ਨ ਦੇ ਵੀਰਾਂ ਨੇ ਇਸ ਪਾਸੇ ਧਿਆਨ ਨਹੀਂ ਸੀ ਦਿੱਤਾ। ਸਾਡੀ ਸਰਕਾਰ ਨੇ ਇਸ ਪਾਸੇ ਬਹੁਤ ਧਿਆਨ ਦਿੱਤਾ ਹੈ।

Mr. Speaker: Please resume your seat.

ਸਰਦਾਰ ਗੁਰਬਚਨ ਸਿੰਘ (ਰੋਪੜ): ਮੈਂ ਇਕ ਗੱਲ ਹੋਰ ਕਹਿ ਕੇ ਖਤਮ ਕਰਦਾ ਹਾਂ।

Mr. Speaker: Please resume your seat.

ਸਰਦਾਰ ਗੁਰਬਚਨ ਸਿੰਘ (ਰੋਪੜ) : ਇਥੇ ਆਚਾਰੀਆ ਜੀ ਨੇ ਤਾਲੀਮ ਦੇ ਬਾਰੇ ਕਿਹਾ ਸੀ। ਮੈਂ ਤਾਲੀਮ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਆਚਾਰੀਆ ਜੀ ਨੇ ਵੀ ਇਸ ਬਾਰੇ ਕਿਹਾ ਸੀ ਕਿ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਜਿਥੇ ਪਹਿਲਾਂ ਹੀ ਬਹੁਤ ਸਕੂਲ ਹਨ ਉਥੇ ਹੀ ਸਕੂਲ ਦੇਈ ਜਾ ਰਹੇ ਹਨ ਪਰ ਦੂਜੇ ਪਾਸੇ ਧਿਆਨ ਨਹੀਂ ਕਰਦੇ। ਉਨ੍ਹਾਂ ਨੇ ਠੀਕ ਕਿਹਾ ਹੈ। ਜਿਥੇ ਪਹਿਲਾਂ ਹੀ ਸਕੂਲ—ਡੇਢ ਦੋ ਮੀਲ ਦੇ ਫਾਸਲੇ ਤੇ ਹਨ ਉਧਰੋਂ ਧਿਆਨ ਛੱਡ ਕੇ ਜਿਥੇ ਬਹੁਤ ਦੂਰ ਦੂਰ ਸਕੂਲ ਹਨ ਉਥੇ ਸਕੂਲ ਦੇਣੇ ਚਾਹੀਦੇ ਹਨ। (ਘੰਟੀ)

Mr. Speaker: Please resume your seat.

ਸਰਦਾਰ ਗੁਰਬਚਨ ਸਿੰਘ (ਰੋਪੜ) : ਇਸ ਪਾਸੇ ਇਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਹੈ। ਬੇਟ ਦੇ ਏਰੀਆ ਨੂੰ ਸਕੂਲ ਦਿਉ। ਪਛੜ ਹੋਏ ਏਰੀਏ ਵਿਚ ਸਕੂਲ ਦਿਉ। (ਘੰਟੀ) ਅੰਤ ਵਿਚ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਚੀਫ਼ ਮਨਿਸਟਰ ਸਾਹਿਬ ਅਤੇ ਖਜ਼ਾਨਾ ਮੰਤਰੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹੋ ਜਿਹਾ ਬਜਟ ਪੇਸ਼ ਕੀਤਾ ਹੈ। (ਤਾੜੀਆਂ)

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ): ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਦਾ ਧੰਨਵਾਦ ਹਾਂ ਕਿਉਂਕਿ ਮਜ਼ਮੂਈ ਤੌਰ ਤੇ ਸਾਰੇ ਮੈਂਬਰਾਂ ਨੇ ਇਸ ਬਜਟ ਦੀ ਤਾਰੀਫ਼ ਕੀਤੀ ਹੈ। ਸਪੀਕਰ ਸਾਹਿਬ, ਪਿਛਲੇ ਸਾਲ ਘਾਟਾ ਜ਼ਿਆਦਾ ਸੀ ਅਤੇ ਉਦੋਂ ਕੋਈ 38 ਕਰੋੜ ਦਾ ਘਾਟਾ ਸੀ। ਉਸਦਾ ਮਤਲਬ ਸੀ ਕਿ ਮੁਲਾਜ਼ਮਾਂ ਨੂੰ ਸਹੂਲਤਾਂ ਦੇਣੀਆਂ ਪਈਆਂ ਅਤੇ ਡੀ. ਏ. ਸੈਂਟਰਲ ਪੈਟਰਨ ਤੇ ਦਿੱਤਾ ਗਿਆ। ਇਸ ਤਰ੍ਹਾਂ 10 ਕਰੋੜ ਰੁਪਿਆ ਹੋਰ ਜ਼ਿਆਦਾ ਦੇਣਾ ਪਿਆ। ਪਿਛਲੇ ਸਾਲ ਮੈਂ ਸਿਰਫ਼ ਇਹ ਕਿਹਾ ਸੀ ਕਿ ਟੈਕਸ ਲਾਉਣ ਦੀ ਮੇਰੀ ਕੋਈ ਤਜਵੀਜ਼ ਨਹੀਂ ਹੈ। ਲੇਕਿਨ ਇਸ ਸਾਲ ਕਿਉਂਕਿ ਘਾਟਾ ਥੋੜ੍ਹਾ ਹੈ ਅਤੇ ਕੋਈ 7 ਕਰੋੜ ਦੇ ਕਰੀਬ ਘਾਟਾ ਹੈ ਇਸ ਵਾਸਤੇ ਮੈਂ ਆਪਣੀ ਸਪੀਚ ਵਿਚ ਵਾਜ਼ੇ ਤੌਰ ਤੇ ਕਿਹਾ ਸੀ ਕਿ ਮੈਂ ਕੋਈ ਟੈਕਸ ਨਹੀਂ ਲਾਵਾਂਗਾ।

ਸਪੀਕਰ ਸਾਹਿਬ, ਹੁਣ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ, ਡਾਕਟਰ ਬਲਦੇਵ ਪ੍ਰਕਾਸ਼ ਜੀ ਨੂੰ ਔਰ ਦੂਸਰੇ ਸਾਥੀਆਂ ਨੂੰ ਕਿ ਉਹ ਕੋਈ ਵੀ ਗ਼ਲਤ ਫਹਿਮੀ ਬਾਹਰ ਪੈਦਾ ਨਾ ਕਰਨ, I do not propose to levy any fresh tax. ਕੋਈ ਨਵਾਂ ਟੈਕਸ ਨਹੀਂ ਲਾਉਣਾ। ਡਾਕਟਰ ਬਲਦੇਵ ਪ੍ਰਕਾਸ਼ ਜੀ ਆਪ ਫ਼ਾਈਨੈਂਸ ਮਨਿਸਟਰ ਰਹੇ ਹਨ ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਦਾ ਘਾਟਾ ਇਸ ਕਰਕੇ ਹੈ ਕਿ ਮੁਲਾਜ਼ਮਾਂ ਨੂੰ 10 ਕਰੋੜ ਰੁਪਿਆ ਜ਼ਿਆਦਾ ਦੇਣਾ ਪੈ ਗਿਆ ਕਿਉਂਕਿ ਸਾਰੇ ਹਾਊਸ ਦੇ ਮੈਂਬਰ, ਕਾਂਗਰਸ ਪਾਰਟੀ ਦੇ ਮੈਂਬਰ ਵੀ ਅਤੇ ਦੂਸਰੀਆਂ ਪਾਰਟੀਆਂ ਦੇ ਮੈਂਬਰ ਵੀ ਇਹ ਬਿਆਨ ਦਿੰਦੇ ਸੀ ਕਿ ਮੁਲਾਜ਼ਮਾਂ ਨੂੰ ਡੀ. ਏ. ਜ਼ਰੂਰ ਦਿੱਤਾ ਜਾਵੇ। ਉਸ ਸ਼ਕਲ ਵਿਚ ਜੇ ਅਸੀਂ ਪਲੈਨ ਨੂੰ ਜਾਰੀ ਰਖਦੇ ਔਰ ਪਲੈਨ ਨੂੰ ਵੱਡਾ ਕਰਦੇ ਤਾਂ ਸਾਡੇ ਵਾਸਤੇ ਹੋਰ ਕੋਈ ਚਾਰਾ ਨਹੀਂ ਸੀ। ਇਸ ਤੋਂ ਇਲਾਵਾ ਸਪੀਕਰ ਸਾਹਿਬ, ਸਰਦਾਰ ਸੁਰਜੀਤ ਸਿੰਘ ਜੀ ਨੇ ਫਰਮਾਇਆ ਹੈ ਕਿ ਇਹ ਟੈਕਸ ਲਾਏ ਤੋਂ ਬਗੈਰ ਵੀ ਹੋ ਸਕਦਾ ਸੀ। ਦੂਸਰੇ ਕੁਝ ਆਨਰੇਬਲ ਮੈਂਬਰਾਂ ਨੇ ਵੀ ਇਹ ਗੱਲ ਕਹੀ ਹੈ। ਇਹ ਜਿਹੜਾ ਮੁਲਾਜ਼ਮਾਂ ਨੂੰ ਡੀ. ਏ. ਦੇਣਾ ਸੀ, ਕਿਉਂਕਿ ਇਨ੍ਹਾਂ ਨੇ ਆਪ ਤਾਂ ਮੁਲਾਜ਼ਮਾਂ ਨੂੰ ਕਦੇ ਕੋਈ ਡੀ. ਏ. ਦਿੱਤਾ ਨਹੀਂ ਸਗੋਂ ਉਨ੍ਹਾਂ ਤੇ ਲਾਠੀਚਾਰਜ ਕੀਤ, ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਭੇਜਿਆ।

ਇਕ ਆਵਾਜ਼ : ਅਸੀਂ ਸਭ ਤੋਂ ਜ਼ਿਆਦਾ ਦਿੱਤਾ ਸੀ।

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਫ਼ਾਈਨੈਂਸ ਮਨਿਸਟਰ ਸਾਹਿਬ ਬਿਲਕੁਲ ਹੀ ਗਲਤ ਬਿਆਨੀ ਕਰ ਗਏ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਡੀ. ਏ. ਜਿਹੜਾ ਦਿੱਤਾ ਸੀ 1967 ਵਿਚ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਵੇਲੇ ਦਿੱਤਾ ਗਿਆ ਸੀ ਔਰ ਇਹ ਮਾਈਲ ਸਟੋਨ ਸੀ...(ਵਿਘਨ)

Mr. Speaker: Doctor Sahib, please resume your seat.

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਗੱਲ ਜ਼ਿੰਮੇਵਾਰੀ ਨਾਲ ਇਸ ਹਾਊਸ ਵਿਚ ਕਹਿੰਦਾ ਹਾਂ ਕਿ ਇਸ ਸਰਕਾਰ ਦੇ ਬਣਨ ਤੋਂ ਪਹਿਲਾਂ ਮੁਲਾਜ਼ਮਾਂ ਤੇ ਇਨ੍ਹਾਂ ਨੇ ਲਾਠੀਆਂ ਚਲਾਈਆਂ, ਉਨ੍ਹਾਂ ਨੂੰ ਜੇਲ੍ਹਾਂ ਵਿਚ ਭੇਜਿਆ । ਉਨ੍ਹਾਂ ਨੂੰ ਕੋਈ ਸੈਂਟਰਲ ਪੈਟਰਨ ਤੇ Interim relief ਨਹੀਂ ਮਿਲਿਆ । ਇਹ ਗੱਲ ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ । ਇਸ ਤੋਂ ਇਲਾਵਾ ਸਪੀਕਰ ਸਾਹਿਬ, ਇਹ ਜਿਹੜਾ 10 ਕਰੋੜ ਰੁਪਿਆ ਹੈ ਇਹ ਸਾਲ 1975–76 ਵਿਚ 20 ਕਰੋੜ ਰੁਪਿਆ ਹੋਣਾ ਹੈ ਕਿਉਂਕਿ 10 ਕਰੋੜ ਇਸ ਸਾਲ ਦਾ ਅਤੇ 10 ਕਰੋੜ ਅਗਲੇ ਸਾਲ ਦਾ । ਜਦੋਂ ਦੀ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਬਣੀ ਹੈ ਸਪੀਕਰ ਸਾਹਿਬ, ਤੁਸੀਂ ਇਹ ਸੁਣ ਕੇ ਖੁਸ਼ ਹੋਵੋਗੇ ਕਿ ਉਦੋਂ ਤੋਂ ਹੁਣ ਤਕ 45 ਕਰੋੜ ਰੁਪਿਆ ਐਡੀਸ਼ਨਲ ਰਿਲੀਫ਼ ਇੰਪਲਾਈਜ਼ ਨੂੰ ਮੁਖਤਲਿਫ਼ ਸਹੂਲਤਾਂ ਦੇ ਰੂਪ ਵਿਚ ਦਿੱਤਾ ਹੈ । (ਥੰਪਿੰਗ)

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਕਿਹਾ ਹੈ ਕਿ 18 ਕਰੋੜ ਰੁਪਿਆ ਟੈਕਸ ਲਾਇਆ ਹੈ ਅਤੇ 30 ਕਰੋੜ ਰੁਪਿਆ ਹੋ ਜਾਵੇਗਾ । ਇਹ ਠੀਕ ਹੈ ਅਤੇ ਇਹ ਸਿੱਧੀ ਗੱਲ ਹੈ ਕਿ ਇਹ 6 ਮਹੀਨੇ ਦਾ 18 ਕਰੋੜ ਰੁਪਿਆ ਸੀ ਅਤੇ ਸਾਲ ਦਾ 36 ਕਰੋੜ ਰੁਪਏ ਦੀ ਬਜਾਏ 30 ਕਰੋੜ ਰੁਪਏ ਕੋਈ ਨਵੀਂ ਗੱਲ ਨਹੀਂ ਹੈ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ 1972 ਵਿਚ ਅਸੀਂ ਕੋਈ ਟੈਕਸ ਨਹੀਂ ਲਾਇਆ, 1973 ਵਿਚ ਅਸੀਂ ਕੋਈ ਟੈਕਸ ਨਹੀਂ ਲਾਇਆ ਔਰ ਅਸੀਂ 1974 ਵਿਚ ਟੈਕਸ ਲਾਇਆ ਹੈ ਕਿਉਂਕਿ ਪੈਸੇ ਦੀ ਬੜੀ ਸਖ਼ਤ ਲੋੜ ਸੀ, ਪੰਜਾਬ ਦੇ ਡੀਵੈਲਪਮੈਂਟ ਦੇ ਕੰਮਾਂ ਵਾਸਤੇ । 126 ਕਰੋੜ ਰੁਪਏ ਤੋਂ 164 ਕਰੋੜ ਰੁਪਏ ਦਾ ਇਸ ਵਾਰ ਪਲੈਨ ਬਣਾਇਆ ਹੈ ਔਰ ਇਸ ਸਾਲ ਮੈਂ ਕੈਟੇਗੋਰੀਕਲੀ ਕਹਿ ਦਿੱਤਾ ਹੈ ਕਿ ਕੋਈ ਟੈਕਸ ਨਹੀਂ ਲਾਉਣਾ । ਆਨਰੇਬਲ ਮੈਂਬਰਜ਼ ਦੇਖ ਸਕਦੇ ਹਨ ਕਿ 50 ਕਰੋੜ ਰੁਪਿਆ ਐਕਸਪੈਂਡੀਚਰ ਪਲੈਨਜ਼ ਵਿੱਚ ਕੀਤਾ ਹੈ । 18 ਕਰੋੜ ਰੁਪਿਆ ਕਰੰਟ ਈਅਰ ਵਿਚ ਲਾਉਣਾ ਹੈ । ਅਗਲੇ ਸਾਲ 30 ਕਰੋੜ ਰੁਪਿਆ ਵੀ ਹੋ ਜਾਵੇਗਾ ਤਾਂ ਐਡੀਸ਼ਨਲ ਖਰਚ 20 ਕਰੋੜ ਰੁਪਏ ਦਾ ਹੋ ਜਾਵੇਗਾ । ਇਸ ਦੇ ਨਾਲ ਹੀ ਸਰਦਾਰ ਸੁਰਜੀਤ ਸਿੰਘ ਨੇ ਰੀਅਲ ਇਨਵੈਸਟਮੈਂਟ ਦੇ ਬਾਰੇ ਜ਼ਿਕਰ ਕੀਤਾ ਹੈ । ਬਜਟ ਵਿਚ ਹਰ ਮੱਦ ਤੇ ਜ਼ਿਆਦਾ ਖ਼ਰਚ ਕੀਤਾ ਹੈ, ਵੈਲਫ਼ੇਅਰ ਐਕਟਿਵਿਟੀਜ਼ ਅਤੇ ਡਿਵੈਲਪਮੈਂਟ ਐਕਟਿਵਿਟੀਜ਼ ਤੇ ਕਿੰਨਾ ਜ਼ਿਆਦਾ ਪੈਸਾ ਹੈ । ਮੈਂ ਇਹ ਕਿਹਾ ਸੀ ਕਿ ਪ੍ਰਾਈਸਿਜ਼ ਦਾ ਟਰੈਂਡ ਅੱਪਵਰਡ ਨੂੰ ਜਾ ਰਿਹਾ ਹੈ ਤਾਂ ਹੀ ਇਹ ਪੈਸੇ ਜ਼ਿਆਦਾ ਲਏ ਗਏ ਹਨ ਇਸ ਗੱਲ ਦਾ ਮੈਂ ਖ਼ੁਦ ਜ਼ਿਕਰ ਕੀਤਾ ਹੈ । ਮੈਂ ਸਪੀਕਰ ਸਾਹਿਬ, ਇਸ ਬਜਟ ਸਪੀਚ ਵਿਚ ਕੁਝ ਨਹੀਂ ਛੁਪਾਇਆ ਕਿਉਂਕਿ ਹਾਊਸ ਸੁਪਰੀਮ ਹੈ ਅਤੇ ਚਾਹੇ ਕੋਈ ਅਪੋਜ਼ੀਸ਼ਨ ਵਿਚ ਹੋਵੇ ਜਾਂ ਟਰੇਜ਼ਰੀ ਬੈਂਚਿਜ਼ ਤੇ ਹੋਵੇ, ਹਰ ਇਕ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਨੂੰ ਤਰੱਕੀ ਦੇ ਰਸਤੇ ਤੇ ਅੱਗੇ ਲਿਆਵੇ । ਅਸੀਂ ਪ੍ਰਾਈਸਿਜ਼ ਹਾਲਟ ਕੀਤੀਆਂ ਹਨ । ਮੁਖਤਲਿਫ਼ ਕਦਮ ਇਸ ਸਰਕਾਰ ਨੇ ਉਠਾਏ ਹਨ—ਸਮੱਗਲਿੰਗ ਦੇ ਖਿਲਾਫ਼ ਕਦਮ ਉਠਾਏ ਹਨ, ਬਲੈਕ ਮਾਰਕੀਟਿੰਗ ਦੇ ਖਿਲਾਫ਼ ਕਦਮ ਉਠਾਏ ਹਨ, ਬਲੈਕ ਮਨੀ ਨੂੰ ਖ਼ਤਮ ਕਰਨ ਦੇ ਕਦਮ ਉਠਾਏ ਹਨ ਔਰ ਇਹ ਪ੍ਰਾਈਸਿਜ਼ ਥੰਮੀਆਂ ਹਨ । (ਵਿਘਨ) ਇਨ੍ਹਾਂ ਨੇ ਜੋ ਟੈਕਸ ਦਾ ਜ਼ਿਕਰ ਕੀਤਾ ਹੈ ਉਹ ਇਨ੍ਹਾਂ ਪਰਕੈਪੀਟਾ ਟੈਕਸ ਤਾਂ ਕਰੰਟ ਪ੍ਰਾਈਸ ਤੋਂ ਲੈ ਲਿਆ ਪਰ ਇਨਕਮ ਜਿਹੜੀ ਦੱਸੀ ਉਹ ਕਾਂਸਟੈਂਟ ਪ੍ਰਾਈਸ ਤੋਂ ਲੈ ਲਈ । ਸਪੀਕਰ ਸਾਹਿਬ, ਇਨਕਰੀਜ਼ ਇਨ ਪਰ ਕੈਪਿਟਾ ਟੈਕਸ 1971–72 ਵਿਚ

ਕਰੰਟ ਪ੍ਰਾਈਸ ਤੋਂ 84 ਰੁਪਏ ਹੈ ਅਤੇ 1972–73 ਵਿਚ ਇਹ 84 ਰੁਪਏ ਤੋਂ 97 ਰੁਪਏ ਹੋ ਗਿਆ, 13 ਰੁਪਏ ਦੀ ਇਨਕਰੀਜ਼ ਹੋਈ ਹੈ। ਇਸ ਦੇ ਮੁਕਾਬਲੇ ਤੇ ਅਗਰ ਕਰੰਟ ਪ੍ਰਾਈਸ ਦੀ ਇਨਕਮ ਲਈਏ ਤਾਂ ਇਹ ਇਨਕਰੀਜ਼ ਹੋਈ ਹੈ 1054 ਰੁਪਏ ਤੋਂ 1105 ਰੁਪਏ। ਇਹ ਆਨਰੇਬਲ ਮੈਂਬਰਜ਼ ਬਜਟ ਐਟ ਏ ਗਲਾਂਸ ਤੋਂ ਦੇਖ ਸਕਦੇ ਹਨ। ਜਿਥੇ ਪਰ ਕੈਪੀਟਾ ਟੈਕਸ 13 ਰੁਪਏ ਵਧਿਆ ਉਥੇ ਇਨਕਮ 51 ਰੁਪਏ ਵੱਧੀ। 51 ਰੁਪਏ ਵਿਚੋਂ ਅਸੀਂ 13 ਰੁਪਏ ਲਏ ਹਨ। (ਥੰਪਿੰਗ) ਉਸ ਵੇਲੇ ਇਹ ਬਹੁਤ ਜ਼ਰੂਰੀ ਸੀ। ਸਾਰੇ ਭਾਰਤ ਵਿਚ ਇਹ ਮੂਵਮੈਂਟ ਚਲੀ ਕਿ ਕੰਜ਼ੰਪਸ਼ਨ ਘੱਟ ਕਰੋ ਜੇ ਕੰਜ਼ੰਪਸ਼ਨ ਘੱਟ ਕਰਾਂਗੇ ਤਾਂ ਇਨ-ਫਲੇਸ਼ਨ ਘੱਟ ਹੋਵੇਗੀ। (ਵਿਘਨ)

ਸਰਦਾਰ ਸਰਜੀਤ ਸਿੰਘ (ਬਰਨਾਲਾ): ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ 1054 ਰੁਪਏ ਤੋਂ 51 ਰੁਪਏ ਵੱਧੇ ਹਨ ਅਤੇ 84 ਰੁਪਏ ਤੋਂ 13 ਰੁਪਏ ਵੱਧੇ ਹਨ ਪਰ ਇਨ੍ਹਾਂ ਨੇ ਪਰਸੈਂਟੇਜ ਨਹੀਂ ਕੱਢੀ। ਪਰਸੈਂਟੇਜ਼ ਜ਼ਰਾ ਕੱਢ ਕੇ ਦੱਸ ਦੇਣ। (ਵਿਘਨ)

ਵਿੱਤ ਮੰਤਰੀ: ਮੈਂ ਇਨ੍ਹਾਂ ਨੂੰ ਦੱਸਿਆ ਹੈ ਕਿ 1971–72 ਤੇ 1972-73 ਵਿਚ ਜਿਹੜੀ ਪਰ ਕੈਪਿਟਾ ਇਨਕਮ ਵੱਧੀ ਹੈ ਇਧਰ ਤੇ ਕਰੰਟ ਪ੍ਰਾਈਸ ਤੇ ਉਧਰ ਉਹ ਇਹ ਬਜਟ ਐਟ ਏ ਗਲਾਂਸ ਵਿਚ ਦੇਖ ਸਕਦੇ ਹਨ। (ਵਿਘਨ)

ਡਾਕਟਰ ਬਲਦੇਵ ਪ੍ਰਕਾਸ਼: ਮੈਂ, ਸਪੀਕਰ ਸਾਹਿਬ, ਇਕ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ। ਫਾਈਨੈਂਸ ਮਨਿਸਟਰ ਸਾਹਿਬ ਨੇ ਇਹ ਕਿਹਾ ਹੈ ਕਿ 51 ਰੁਪਏ ਵਿਚੋਂ ਅਸੀਂ 13 ਰੁਪਏ ਟੈਕਸ ਲਾ ਕੇ ਲਏ ਹਨ। ਮੇਰੇ ਇਕ ਸਵਾਲ ਦੇ ਜਵਾਬ ਵਿਚ ਇਨ੍ਹਾਂ ਨੇ ਦਸਿਆ ਹੈ........(ਵਿਘਨ)

ਵਿੱਤ ਮੰਤਰੀ: ਤੁਸੀਂ ਜੋ ਕਹਿਣਾ ਹੈ ਉਹ ਤੁਸੀਂ ਐਪਰੋਪ੍ਰੀਏਸ਼ਨ ਬਿੱਲ ਤੇ ਕਹਿ ਲੈਣਾ, ਮੈਂ ਜਵਾਬ ਦੇ ਦੇਵਾਂਗਾ। (ਵਿਘਨ) ਸਪੀਕਰ ਸਾਹਿਬ, ਹਾਲੇ ਐਪਰੋਪ੍ਰੀਏਸ਼ਨ ਬਿੱਲ ਆਉਣਾ ਹੈ, ਇਹ ਕੋਈ ਤਰੀਕਾ ਨਹੀਂ ਕਿ ਮੈਨੂੰ ਇਸ ਤਰ੍ਹਾਂ ਬਾਰ ਬਾਰ ਇਨਟ੍ਰਪਟ ਕੀਤਾ ਜਾਵੇ।

ਸਪੀਕਰ ਸਾਹਿਬ, ਵੈਲਫੇਅਰ ਐਕਟਿਵਿਟੀਜ਼ ਦਾ ਜਿਹੜਾ ਟਾਂਗ ਸਾਹਿਬ ਨੇ ਚਰਚਾ ਕੀਤਾ ਸੀ, ਇਸ ਵੇਲੇ ਉਹ ਇਥੇ ਨਹੀਂ ਹਨ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ। ਦੀ ਹਰਲਜ਼ ਸਟੋਨ ਐਂਡ ਰਨਜ਼ ਅਵੇ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਲੈ ਲਉ, ਮੈਡੀਕਲ ਹੈਲਥ ਲੈ ਲਉ, ਲੇਬਰ ਲੈ ਲਉ, ਇਮਪਲਾਇਮੈਂਟ ਲੈ ਲਉ, ਵੈਲਫੇਅਰ ਆਫ ਸ਼ੈਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਲੈ ਲਉ, ਪੈਨਸ਼ਨ ਟੂ ਦੀ ਓਲਡ ਮੈੱਨ ਐਂਡ ਵਿੱਡੋ, ਆਰਫਨਜ਼ ਲੈ ਲਉ। ਜੇ ਤੁਸੀਂ ਇਨ੍ਹਾਂ ਸਾਰਿਆਂ ਦਾ ਖਰਚਾ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਸਾਲ 1969–70 ਵਿਚ ਜਦੋਂ ਅਕਾਲੀਆਂ ਦਾ ਰਾਜ ਸੀ ਅਤੇ ਉਸ ਦੇ ਵਿਚ ਟਾਂਗ ਸਾਹਿਬ ਨੇ ਵੀ ਥੋੜਾ ਜਿਹਾ ਹੱਲ ਵਾਹਿਆ ਹੈ ਉਸ ਵੇਲੇ 39 ਕਰੋੜ ਰੁਪਏ ਸੀ। ਸਾਲ 1970–71 ਵਿਚ 39 ਕਰੋੜ ਰੁਪਏ ਤੋਂ ਵੱਧ ਕੇ 43 ਕਰੋੜ ਰੁਪਏ ਹੋ ਗਏ। 1971-72 ਵਿਚ ਜਦੋਂ ਅੱਧਾ ਅਕਾਲੀਆਂ ਦਾ ਰਾਜ ਸੀ ਤੇ ਅੱਧਾ ਗਵਰਨਰੀ ਰਾਜ ਸੀ ਉਸ ਵੇਲੇ 43 ਕਰੋੜ ਰੁਪਏ ਤੋਂ ਵਧਕੇ 46 ਕਰੋੜ ਰੁਪਏ ਹੋ ਗਏ। ਪਰ, ਸਪੀਕਰ ਸਾਹਿਬ, 1972-73 ਵਿਚ ਜਦੋਂ ਗਿਆਨੀ ਜੀ ਦੀ ਸਰਕਾਰ ਆ ਗਈ ਤਾਂ ਇਹ 46 ਕਰੋੜ ਰੁਪਏ ਤੋਂ ਵੱਧ ਕੇ 74 ਕਰੋੜ ਰੁਪਏ ਹੋ ਗਏ। (ਥੰਪਿੰਗ) 28 ਕਰੋੜ ਰੁਪਏ ਦੀ ਇਨਕਰੀਜ਼ ਹੋਈ ਹੈ ਇਨ੍ਹਾਂ ਸਾਰੇ ਮਹਿਕਮਿਆਂ ਵਿਚ, ਵੈਲਫੇਅਰ ਦੀ ਐਕਟੀਵਿਟੀ ਵਿਚ ਜਿਹੜੇ ਕੰਮ 1973–74 ਵਿਚ ਕੀਤੇ। ਸਪੀਕਰ ਸਾਹਿਬ, ਮੁਬਾਰਕਬਾਦ ਹੈ ਇਸ ਪਾਰਟੀ ਦੇ ਮੈਂਬਰਾਂ ਨੂੰ, ਮੁਬਾਰਕਬਾਦ ਹੈ ਲੀਡਰ ਆਫ ਦੀ ਹਾਊਸ ਨੂੰ ਕਿ ਇਹ ਖਰਚ ਇਸ ਬਜਟ ਵਿਚ 97 ਕਰੋੜ ਹੋ ਗਿਆ। 23 ਕਰੋੜ ਰੁਪਏ ਦੀ ਹੋਰ ਇਨਕਰੀਜ਼ ਹੋ ਗਈ। 1973–74 ਦੇ ਐਂਡ ਵਿਚ ਇਹ ਕੀਤਾ ਕਿ

[ਵਿੱਤ ਮੰਤਰੀ]

ਜਿਹੜੇ ਹੋਰ ਪਰੋਡਕਸ਼ਨ ਦੇ ਮਹਿਕਮੇ ਹਨ ਉਨ੍ਹਾਂ ਵਲ ਹੋਰ ਜ਼ਿਆਦਾ ਰੁਪਿਆ ਦੇਣਾ ਚਾਹੀਦਾ ਹੈ। ਤਾਂ ਕਿ ਸਾਰੀ ਪਰੋਡਕਟਿਵਿਟੀ ਸੱਫਰ ਨਾ ਕਰੇ। ਪਾਵਰ ਨੂੰ ਨਵੀਂ ਪ੍ਰਿਓਰਟੀ ਦਿੱਤੀ ਗਈ। ਬਿਜਲੀ ਦੀ ਸ਼ਾਰਟੇਜ ਸੀ, ਜਿਸ ਦੇ ਬਗੈਰ ਖੇਤੀਬਾੜੀ, ਇੰਡਸਟਰੀ ਨਹੀਂ ਚੱਲ ਸਕਦੀ। ਪੰਜਾਬ ਨੂੰ ਬਿਜਲੀ ਦੀ ਸ਼ਾਰਟੇਜ ਦੀ ਤਕਲੀਫ਼ ਹੋਈ ਇਸ ਦੇ ਵਲ ਅਸੀਂ ਜ਼ਿਆਦਾ ਪੈਸਾ ਲਗਾਇਆ ਹੈ, ਜਿਸ ਦਾ ਜ਼ਿਕਰ ਮੈਂ ਅੱਗੇ ਕਰਾਂਗਾ। ਸਪੀਕਰ ਸਾਹਿਬ, ਜਿਹੜਾ 1974–75 ਦਾ ਕਰੰਟ ਸਾਲ ਹੈ ਅਸੀਂ ਜ਼ਿਆਦਾ ਪੈਸੇ ਪਰੋਡਕਟਿਵ ਮਹਿਕਮਿਆਂ ਨੂੰ ਦਿੱਤੇ ਔਰ 1975–76 ਵਿਚ ਅਸੀਂ 100 ਕਰੋੜ ਰੁਪਏ ਰਖੇ, ਬਾਵਜੂਦ ਔਖਿਆਈਆਂ ਦੇ। ਇਸ ਮਹਿਕਮੇ ਦੇ ਅੰਦਰ ਅਸੀਂ ਜੋ ਰਖਦੇ ਹਾਂ ਉਸ ਦੇ ਵਿਚ ਅਸੀਂ ਕੋਈ ਕੱਟ ਨਹੀਂ ਕਰਦੇ ਔਰ ਨਾ ਹੀ ਕੋਈ ਕੱਟ ਕੀਤੀ ਹੈ।

ਡਿਵੈਲਪਮੈਂਟ ਆਫ਼ ਸਰਵਿਸਿਜ਼, ਜਿਸ ਦੇ ਵਿਚ ਐਗਰੀਕਲਚਰ, ਇੰਡਸਟਰੀ, ਇਰੀਗੇਸ਼ਨ, ਪਾਵਰ ਔਰ ਟਰਾਂਸਪੋਰਟ ਹੈ, ਇਸ ਡਿਵੈਲਪਮੈਂਟ ਆਫ਼ ਸਰਵਿਸਿਜ਼ ਵਿਚ 1970–71 ਵਿਚ 41 ਕਰੋੜ ਰੁਪਏ ਰਖੇ ਸਨ। ਇਹ ਸਰਵਿਸ ਇਨਵੈਸਟਮੈਂਟ ਸੀ, ਔਰ 1974–75 ਵਿਚ ਇਸ ਮਹਿਕਮੇ ਵਿਚ 62 ਕਰੋੜ ਰੁਪਏ ਦੀ ਇਨਵੈਸਟਮੈਂਟ ਕੀਤੀ ਅਤੇ 1975–76 ਦਾ ਜਿਹੜਾ ਬਜਟ ਮੈਂ ਪੇਸ਼ ਕੀਤਾ ਹੈ ਉਸ ਵਿਚ 75 ਕਰੋੜ ਰੁਪਏ ਰਖੇ ਹਨ ਯਾਨੀ 13 ਕਰੋੜ ਰੁਪਏ ਦੀ ਇੰਨਕਰੀਜ਼ ਕੀਤੀ ਹੈ। ਇਹ ਫ਼ਿਗਰਜ਼ ਇਸ ਸਾਲ ਦੇ ਬਜਟ ਵਿਚ ਹਨ। ਇਥੋਂ ਪਤਾ ਲਗਦਾ ਹੈ ਕਿ ਜਨਤਾ ਦੀ ਭਲਾਈ ਦੇ ਮਹਿਕਮੇ ਤੇ ਕਿਤਨੀ ਇਨਵੈਸਟਮੈਂਟ ਕੀਤੀ ਹੈ। ਇਥੋਂ ਪਤਾ ਲਗਦਾ ਹੈ ਕਿ ਇਹ ਬਜਟ ਕਿਤਨਾ ਫ਼ਾਰਵਰਡ ਹੈ, ਪਰੋਗਰੈਸਿਵ ਹੈ ਅਤੇ ਸੋਸ਼ਲਿਸਟਿਕ ਹੈ। ਮੈਂ ਕਹਿੰਦਾ ਹਾਂ ਕਿ ਇਹ ਬਜਟ ਪੰਜਾਬ ਨੂੰ ਅਗੇ ਲੈ ਜਾਣ ਵਾਲਾ ਹੈ। 1975–76 ਵਿਚ 75 ਕਰੋੜ, 1974–75 ਵਿਚ 62 ਕਰੋੜ ਔਰ 1970–71 ਵਿਚ 41 ਕਰੋੜ। ਇਹ ਜਿਹੜੀ ਸਟੈਗਨੇਸ਼ਨ ਆਈ ਮੈਂ ਨਿਹਾਇਤ ਅਦਬ ਨਾਲ ਹਾਊਸ ਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੀ ਐਕਨਾਮਿਕ ਐਕਟਿਵਿਟੀ ਵਿਚ ਠਹਿਰਾਵ ਆਈ, ਇਹ ਸਾਰਾ ਕਿਉਂ ਹੋਇਆ, ਕਿਉਂਕਿ ਇਹ ਜੋ ਪਿਛੇ 4–5 ਸਾਲਾਂ ਵਿਚ ਘੱਟ ਇਨਵੈਸਟਮੈਂਟ ਹੋਈ ਉਸ ਦਾ ਨਤੀਜਾ ਭੁਗਤ ਰਹੇ ਹਾਂ। ਜੋ ਅਸੀਂ ਹੁਣ ਕਰ ਰਹੇ ਹਾਂ ਉਸ ਦਾ ਨਤੀਜਾ ਦੋ ਚਾਰ ਸਾਲਾਂ ਬਅਦ ਪਤਾ ਲਗੇਗਾ। ਇਹ ਜਿਹੜਾ ਗਰੋਥ ਰੇਟ ਹੈ ਇਹ ਕਨਟੀਨਿਊਅੱਸ ਪ੍ਰਸੈਸ ਹੈ। ਜੋ ਪਹਿਲੇ ਪੰਜ ਸਾਲਾ ਪਲਾਨ ਵਿਚ ਹੋਇਆ, ਜੋ ਦੂਸਰੇ ਪੰਜ ਸਾਲਾ ਪਲੈਨ ਵਿਚ ਹੋਇਆ ਅਤੇ ਜੋ ਤੀਸਰੇ ਪੰਜ ਸਾਲਾ ਪਲੈਨ ਵਿਚ ਹੋਇਆ, ਹਰ ਪਲੈਨ ਦਾ ਅਸਰ ਅਗਲੇ ਪਲੈਨ ਵਿਚ ਰੰਗ ਲਿਆਉਂਦਾ ਹੈ। ਇਸ ਬਾਰੇ ਸਾਰੇ ਪਲਾਨਰਜ਼ ਜਾਣਦੇ ਹਨ। ਉਨ੍ਹਾਂ ਦਾ ਡਿਵੈਲਪਮੈਂਟ ਇਨਵੈਸਟਮੈਂਟ ਤੇ ਥੋੜ੍ਹਾ ਖਰਚਾ ਕਰਨਾ, ਮਿਸਮੈਨੇਜਮੈਂਟ ਸਾਡੀ ਅਕਾਨੋਮੀ ਦੀ ਅਤੇ ਸਾਡੇ ਫ਼ਾਈਨੈਂਸਿਜ਼ ਦੀ ਇਸ ਦਾ ਜੋ 1966–1967 ਤੋਂ 1970–71 ਤੱਕ ਹੋਇਆ ਉਸ ਦਾ ਅਸੀਂ ਫਲ ਭੋਗਿਆ ਹੈ ਔਰ ਜੋ ਅਸੀਂ ਹੁਣ ਕਰ ਰਹੇ ਹਾਂ ਇਸ ਦਾ ਨਤੀਜਾ ਬਠਿੰਡਾ ਔਰ ਬਿਆਸ ਪਰੋਜੈਕਟਾਂ ਦੇ ਮੁਕੰਮਲ ਹੋਣ ਤੇ ਜਦੋਂ ਨਹਿਰਾਂ ਵਿਚ ਪਾਣੀ ਆਵੇਗਾ, ਕਾਰਖਾਨੇ ਖੁਲ੍ਹਣਗੇ, ਪੀ. ਐਸ. ਆਈ. ਡੀ. ਸੀ. ਦੇ ਪਰੋਜੈਕਟ ਜਿਹੜੇ 161 ਕਰੋੜ ਰੁਪਏ ਦੇ ਮੁਕੰਮਲ ਹੋਣਗੇ, 135 ਕਰੋੜ ਰੁਪਏ ਦਾ ਖਾਦ ਦਾ ਕਾਰਖਾਨਾ ਬਠਿੰਡਾ ਲਗੇਗਾ, ਫਿਰ ਇਨ੍ਹਾਂ ਨੂੰ ਪਤਾ ਲਗੇਗਾ ਕਿ ਪੰਜਾਬ ਵਿਚ ਨਵੀਂ ਲਹਿਰ ਆਈ ਹੈ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਸਾਨੂੰ ਤੁਹਾਡੇ ਤੁਆਵਨ ਦੀ ਲੋੜ ਹੈ, ਇਸ ਨਾਲ ਪੰਜਾਬ ਹਰ ਪਾਸੇ ਤਰੱਕੀ ਵਲ ਜਾਵੇਗਾ। ਇਹ ਜਿਹੜੀ ਪ੍ਰਿਓਰਟੀਜ਼ ਅਸੀਂ ਰਖੀਆਂ ਹਨ ਐਕਸਪੈਂਡੀਚਰ ਤੇ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ। ਬਰਨਾਲਾ ਸਾਹਿਬ ਨੇ ਇਕ ਅਖਬਾਰ ਕੋਟ ਕਰ ਦਿੱਤਾ ਜਿਹੜਾ ਕਿ ਸਾਲ ਵਿਚ 2–3 ਵਾਰੀ ਛਪਦਾ ਹੈ। ਮੈਂ 'ਸਟੇਟਸਮੈਨ' ਅਖ਼ਬਾਰ ਕੋਟ ਕਰਨਾ ਚਾਹੁੰਦਾ ਹਾਂ, ਇਹ ਸਾਰੇ ਇੰਡੀਆ ਦਾ ਅਖ਼ਬਾਰ ਹੈ; ਉਸ ਨੇ

ਪੰਜਾਬ ਬਜਟ ਤੇ ਲਿਖਿਆ ਹੈ :

"Yet Political motives apart, the measures are unexceptionable. Indeed, the priorities in the budget and the annual plan generally cannot be faulted. The proposed investment of Rs. 70.31 crores in power—which accounts for the largest sectoral allocation in the annual plan is more than justified in view of the disastrous consequences of the power crisis for the State's economy. It is in turn linked to a wider programme of increasing industrial and agricultural output which places the emphasis on completing projects and on the necessary inputs to this end. In Industry, the stress is on strengthening and expanding infrastructural facilities. The basic objective is consolidation and preparing the ground for later growth, which is legitimate at a time of economic uncertainties."

1-00 P.M.

ਇਹ ਉਨ੍ਹਾਂ ਨੇ ਟ੍ਰਿਬਿਊਟ ਦਿਤਾ ਹੈ ਇਸ ਬਜਟ ਨੂੰ ਔਰ ਜੋ ਐਲੋਕੇਸ਼ਨ ਰਖੀ ਹੈ ਇਸ ਬਜਟ ਵਿਚ ਬਰਨਾਲਾ ਜੀ ਪੜ੍ਹ ਲੈਣ ਉਨ੍ਹਾਂ ਦੀ ਤਸੱਲੀ ਹੋ ਜਾਵੇਗੀ।

ਇਸ ਦੇ ਅੱਗੇ, ਸਪੀਕਰ ਸਾਹਿਬ, ਫਲਡ ਕੰਟਰੋਲ ਵਾਸਤੇ 3 ਕਰੋੜ ਰੁਪਏ ਰੱਖੇ ਗਏ ਹਨ। ਇਹ ਕਹਿ ਗਏ ਕਿ ਇਥੇ ਬਾਰਸ਼ ਨਹੀਂ ਹੁੰਦੀ, ਕੀ ਲੋੜ ਸੀ। ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਜਦੋਂ ਮੀਂਹ ਆ ਜਾਏਗਾ ਉਦੋਂ ਰੱਖਾਂਗੇ ? ਇਨ੍ਹਾਂ ਨੇ 1970 ਵਿਚ ਇਸ ਤਰ੍ਹਾਂ ਕੀਤਾ, ਉਦੋਂ ਇਨ੍ਹਾਂ ਦੀ ਬਿਲਕੁਲ ਇਹੀ ਥਿੰਕਿੰਗ ਸੀ ਜੇ ਫਲੱਡ ਨਹੀਂ ਆਏ ਤਾਂ ਪੈਸੇ ਨਾ ਰਖੋ। 1970 ਵਿਚ ਇਨ੍ਹਾਂ ਦੀ ਅਪਰੋਚ ਸੀ ਇਨ੍ਹਾਂ ਨੂੰ ਸੁਰਤ ਬਾਅਦ ਵਿਚ ਆਉਂਦੀ ਹੈ ਜਦੋਂ ਗੱਲ ਲੰਘ ਜਾਂਦੀ ਹੈ। ਤਿੰਨ ਕਰੋੜ ਪਿਛਲੇ ਸਾਲ, ਤਿੰਨ ਕਰੋੜ ਉਸ ਤੋਂ ਪਿਛਲੇ ਸਾਲ, ਤਿੰਨ ਕਰੋੜ ਐਤਕੀਂ ਰਖਿਆ ਹੈ। ਹਰ ਸਾਲ ਹੜ੍ਹ ਆਉਂਦੇ ਹਨ, ਫਸਲਾਂ ਤਬਾਹ ਹੁੰਦੀਆਂ ਹਨ, ਮਕਾਨ ਗਿਰ ਜਾਂਦੇ ਹਨ, ਪਸ਼ੂਆਂ ਦਾ ਨੁਕਸਾਨ ਹੁੰਦਾ ਹੈ। ਅਸੀਂ ਮਹਿਕਮੇ ਨਾਲ ਮਿਲਕੇ ਇਹ ਕੀਤਾ ਹੈ ਹਰ ਸਾਲ ਅਸੀਂ ਫਲੱਡ ਰਿਲੀਫ ਵਿਚ ਢਾਈ ਕਰੋੜ ਖਰਚ ਕਰਦੇ ਹਾਂ, ਅਤੇ 100–100, 200–200 ਰੁਪਏ ਲੈਣ ਪਿਛੇ ਜ਼ਿਮੀਂਦਾਰ ਲੜਾਈਆਂ ਵਿਚ ਖੜੇ ਰਹਿੰਦੇ ਹਨ। ਅਸੀਂ ਸੋਚਿਆ ਕਿ 12 ਕਰੋੜ ਰੁਪਏ ਇਸ ਤੇ ਲਾਵੋ ਅਤੇ ਹਮੇਸ਼ਾ ਵਾਸਤੇ ਇਸ ਬਿਮਾਰੀ ਤੋਂ ਰਾਹਤ ਪਾ ਲਵੋ। ਇਥੇ ਹੀ ਬਸ ਨਹੀਂ ਬੇਟ ਏਰੀਆ ਐਡਵਾਈਜ਼ਰੀ ਬੋਰਡ ਸਰਕਾਰ ਨੇ ਬਣਾਇਆ ਹੈ ਉਸ ਦੇ ਵਿਚ ਬਹੁਤ ਸਾਰੇ ਮੇਰੇ ਮਾਨ-ਯੋਗ ਮੈਂਬਰ ਹਨ। ਉਨ੍ਹਾਂ ਦੀ ਕਈ ਵਾਰ ਮੀਟਿੰਗ ਹੋਈ ਪਰ ਉਨ੍ਹਾਂ ਨੇ ਰੈਜ਼ੋਲਿਊਸ਼ਨ ਪਾਸ ਕੀਤਾ ਹੈ ਕਿ ਹਰ ਸਾਲ ਫਲੱਡਜ਼ ਆਉਂਦੇ ਹਨ, ਫਸਲਾਂ ਖਰਾਬ ਹੁੰਦੀਆਂ ਹਨ, ਜ਼ਮੀਨ ਖਰਾਬ ਹੁੰਦੀ ਹੈ, ਮਕਾਨ ਢਹਿ ਜਾਂਦੇ ਹਨ, ਇਸ ਦੇ ਲਈ ਰੁਪਏ ਦਿਓ ਤਾਂ ਕਿ ਇਸ ਜ਼ਲਾਲਤ ਤੋਂ ਬਚਿਆ ਜਾਏ।

ਇਨ੍ਹਾਂ ਨੇ ਕਿਹਾ ਹੈ ਕਿ ਐਗਰੀਕਲਚਰਲ ਪ੍ਰੋਡਕਸ਼ਨ ਡਾਊਨ ਹੋ ਗਈ ਹੈ। ਮੈਂ ਆਪਣੀ ਸਪੀਚ ਵਿਚ ਕਿਹਾ ਹੈ ਕਿ ਸਾਰੇ ਦੇਸ਼ ਵਿਚ ਸੰਕਟ ਆਇਆ, ਇਨ ਪੁਟਸ ਘਟੀਆਂ, ਬਿਜਲੀ ਦੀ ਸ਼ਾਰਟੇਜ ਹੋਈ ਲੇਕਿਨ ਇਸ ਦੇ ਬਾਵਜੂਦ ਪੈਡੀ ਦੀ ਫਸਲ ਪਿਛਲੇ ਸਾਲ 20.5 ਲੱਖ ਟਨ ਹੋਈ ਅਤੇ ਸਾਡੇ ਕੋਲ ਹੁਣ ਜਿਹੜਾ ਤਖ਼ਮੀਨਾ ਹੈ ਉਹ ਹੈ 21.5 ਲੱਖ ਟਨ ਦਾ ਅਤੇ ਇਹ ਪੈਡੀ ਦੀ ਫਸਲ ਹੋਵੇਗੀ ਬਾਵਜੂਦ ਇਸ ਗੱਲ ਦੇ ਕਿ ਜਿਹੜੀਆਂ ਤਕਲੀਫ਼ਾਂ ਮੈਂ ਆਪ ਮੰਨੀਆਂ ਹਨ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਡੀਜ਼ਲ ਦੀ ਸਪਲਾਈ ਨੂੰ ਡਬਲ ਕੀਤਾ ਗਿਆ ਹੈ। ਹੁਣ ਡੀਜ਼ਲ ਦਾ ਰੌਲਾ ਨਹੀਂ ਪਿਆ। ਇਨ੍ਹਾਂ ਨੇ ਇਹ ਅਪਣੀਆਂ ਸਪੀਚਾਂ ਵਿਚ ਬਿਲਕੁਲ ਨਹੀਂ ਮੰਨਿਆਂ ਕਿ ਫਰਟੇਲਾਈਜ਼ਰ ਬਹੁਤ ਹੈ। ਜਿੰਨਾ ਮਰਜ਼ੀ ਕੋਈ ਲੈ ਲਵੇ। ਅਸੀਂ ਇਨ੍ਹਾਂ ਸਾਰੀਆਂ ਤਕਲੀਫ਼ਾਂ ਦੇ ਬਾਵਜੂਦ, ਬਿਜਲੀ ਦੇ ਸੰਕਟ ਦੇ ਬਾਵਜੂਦ ਪੈਡੀ ਦੀ ਪਰੋਡਕਸ਼ਨ ਟਾਰਗੇਟ ਤੋਂ ਉਪਰ ਲੈ ਗਏ ਹਾਂ। ਇਹ ਲੋਕਾਂ ਦੀ ਮਿਹਨਤ, ਤੁਆਵਨ ਅਤੇ ਸਰਕਾਰ ਦੀ ਐਫਰਟਸ ਦਾ ਨਤੀਜਾ ਹੈ ਕਿ ਪ੍ਰੋਡਕਸ਼ਨ ਜ਼ਿਆਦਾ ਹੋਈ ਹੈ, ਜਿਸ ਨੂੰ ਇਹ ਡਿਨਾਈ ਨਹੀਂ ਕਰ ਸਕਦੇ।

[ਵਿੱਤ ਮੰਤਰੀ]

ਸਪੀਕਰ ਸਾਹਿਬ, ਕੈਪੀਟਲ ਐਕਸਪੈਂਡੀਚਰ ਦਾ ਜ਼ਿਕਰ ਕੀਤਾ ਗਿਆ। ਡਾਂਗ ਸਾਹਿਬ ਤਾਂ ਇਥੇ ਹਾਊਸ ਵਿੱਚ ਹਨ ਨਹੀਂ, ਇਸ ਲਈ ਕਾਮਰੇਡ ਰਾਜ ਕੁਮਾਰ ਉਨ੍ਹਾਂ ਨੂੰ ਦਸ ਦੇਣਗੇ। ਕੈਪੀਟਲ ਐਕਸਪੈਂਡੀਚਰ ਕਹਿੰਦੇ ਹਨ ਘੱਟ ਗਿਆ। ਮੈਂ ਦਸਣਾ ਚਾਹੁੰਦਾ ਹਾਂ ਕਿ ਕੈਪੀਟਲ ਐਕਸਪੈਂਡੀਚਰ ਘੱਟ ਨਹੀਂ ਹੋਇਆ। ਇਹ ਬਿਲਕੁਲ ਗਲਤ ਚੀਜ਼ ਹੈ। ਜਿਹੜਾ ਰੁਪਿਆ ਸੀ ਗਦਮ ਖਰੀਦਣ ਲਈ ਆਪਣੀ ਸਰਕਾਰ ਦੇ ਖਜ਼ਾਨੇ ਵਿਚੋਂ ਲਾਉਂਦੇ ਸੀ ਉਹ ਬੈਂਕਾਂ ਤੋਂ ਲੈਕੇ ਅਸੀਂ ਕੈਪੀਟਲ ਐਕਸਪੈਂਡੀਚਰ ਵਿਚ ਸ਼ਾਮਲ ਕੀਤਾ ਹੈ ਜਿਸ ਦੇ ਨਾਲ ਫਿਗਰਜ਼ ਵੱਧ ਜਾਂਦੀਆਂ ਸਨ। ਅਸੀਂ ਹੁਣ ਬੈਂਕਾਂ ਤੋਂ ਰੁਪਿਆ ਇਸ ਲਈ ਲੈ ਲਿਆ ਤਾਂਕਿ ਪੰਜਾਬ ਵਿਚ ਬੈਂਕਾਂ ਦੀ ਜ਼ਿਆਦਾ ਇਨਵੈਸਟਮੈਂਟ ਹੋਵੇ। ਬਾਦਲ ਸਾਹਿਬ ਨੇ ਵੀ ਕਿਹਾ ਸੀ ਕਿ ਬੈਂਕਾਂ ਦੀ ਇਨਵੈਸਟਮੈਂਟ ਪੰਜਾਬ ਵਿੱਚ ਜ਼ਿਆਦਾ ਹੋਣੀ ਚਾਹੀਦੀ ਹੈ ਅਤੇ ਇਥੋਂ ਦੇ ਡਿਪਾਜ਼ਿਟ ਪੰਜਾਬ ਵਿੱਚ ਹੀ ਖਰਚ ਹੋਣੇ ਚਾਹੀਦੇ ਹਨ। ਜੇ ਫੂਡ ਅਕਾਊਂਟ ਨੂੰ ਕੈਪੀਟਲ ਐਕਸਪੈਂਡੀਚਰ ਵਿੱਚ ਸ਼ਾਮਲ ਨਾ ਕਰੀਏ ਤਾਂ ਰੀਅਲ ਐਕਸਪੈਂਡੀਚਰ ਬੜ੍ਹਿਆ ਹੈ। 1974–75 ਵਿਚ ਇਹ 30 ਕਰੋੜ ਰੁਪਏ ਸੀ ਅਤੇ 1975–76 ਵਿੱਚ ਇਹ 36 ਕਰੋੜ ਹੈ। ਇਨ੍ਹਾਂ ਦੇ ਰੀਜੀਮ ਵਿੱਚ ਫੂਡ ਅਕਾਊਂਟਸ ਕੱਢ ਲਉ ਤਾਂ 1970–71 ਵਿੱਚ 36 ਕਰੋੜ ਰੁਪਏ ਦੇ ਮੁਕਾਬਲੇ ਵਿਚ ਸਿਰਫ 17 ਕਰੋੜ ਰੁਪਏ ਸੀ। ਬਾਜਵਾ ਜੀ ਦਸਣ ਕਿ ਇਹ ਉਸ ਵੇਲੇ 17 ਕਰੋੜ ਰੁਪਏ ਕਿਉਂ ਸੀ ਅਤੇ ਹੁਣ 36 ਕਰੋੜ ਰੁਪਏ ਕਿਉਂ ਹੈ। ਇਹ ਦਸਣ ਕਿ ਇਹ ਕਿਉਂ ਘੱਟ ਸੀ। ਇਸ ਦੇ ਬਾਵਜੂਦ ਕਿ ਪਿਛਲੇ ਸਾਲ ਅਸੀਂ ਅਨਪ੍ਰੋਡਕਟਿਵ ਬਿਲਡਿੰਗਾਂ ਦੇ ਐਕਸਪੈਂਡੀਚਰ ਤੇ ਕੱਟ ਲਾਈ। ਜਿਨ੍ਹਾਂ ਬਿਲਡਿੰਗਾਂ ਬਗੈਰ ਨੁਕਸਾਨ ਨਹੀਂ ਹੁੰਦਾ ਉਨ੍ਹਾਂ ਤੇ ਅਸੀਂ ਕੱਟ ਲਾਈ। ਇਹ ਫਿਗਰ 164 ਕਰੋੜ ਰੁਪਏ ਦੀ ਪਲਾਨ ਵਿੱਚ, ਬੜੇ ਖੁਸ਼ ਹੋਣਗੇ ਸੁਣ ਕੇ ਕਿ ਅਸੀਂ 140 ਕਰੋੜ ਖਰਚ ਕਰਨਾ ਹੈ। ਇਹ ਪੈਸਾ ਜਿਨ੍ਹਾਂ ਪਰਾਜੈਕਟਸ ਤੇ ਖਰਚ ਹੋਣਾ ਹੈ ਉਸ ਦੇ ਨਾਲ ਕੈਪੀਟਲ ਅਸੈਟਸ ਬਣਨੇ ਹਨ। ਇਸ ਦੇ ਵਿੱਚ ਕੀ ਕੀ ਸ਼ਾਮਲ ਹੈ। ਸਪੀਕਰ ਸਾਹਿਬ, ਰੋਡਜ਼, ਪਾਵਰ, ਕੈਨਾਲਜ਼, ਟਰਾਂਸਪੋਰਟ, ਫੋਕਲ ਪੁਆਇੰਟਸ ਫਾਰ ਇੰਡਸਟਰੀਜ਼, ਹਾਊਸਿੰਗ, ਇਰੀਗੇਸ਼ਨ, ਅਰਬਨ ਡਿਵੈਲਪਮੈਂਟ ਇਹ ਇਸ ਵਿੱਚ ਸ਼ਾਮਲ ਹਨ। ਇਹ ਸਭੇ ਕੈਪੀਟਲ ਅਸੈਟਸ ਬਣਨੇ ਹਨ ਇਸ ਸਾਲ ਦੀ ਪਲਾਨ ਦੇ ਅੰਦਰ। ਇਹ ਪ੍ਰੋਡਕਟਿਵ ਨੇਚਰ ਦਾ ਖਰਚ ਹੈ, ਇਸ ਦੇ ਨਾਲ ਇਕਾਨਮੀ ਕੁਦਰਤੀ ਬੜ੍ਹੇਗੀ, ਇਨਫਰਾਸਟਰਕਚਰ ਬਣੇਗਾ ਪੰਜਾਬ ਵਿਚ ਇੰਡਸਟਰੀਜ਼ ਲਗਾਉਣ ਵਾਸਤੇ। ਇੰਡਸਟਰੀਜ਼ ਲਗਾਉਣ ਦੀ ਪੰਜਾਬ ਵਿਚ ਸਖਤ ਲੋੜ ਹੈ। ਹੁਣ ਰੈਵੀਨਿਉ ਅਕਾਊਂਟ ਲੈ ਲਉ। ਰੈਵੀਨਿਉ ਅਕਾਊਂਟ ਤੇ ਜਿਹੜਾ ਅਸੀਂ ਖਰਚ ਕਰਨਾ ਹੈ ਉਹ ਵੀ ਸਫਾ 5, ਬਜਟ ਐਟ ਏ ਗਲਾਂਸ ਵਿਚ ਵੇਖ ਲੈਣ ਰੈਵੇਨਿਊ ਅਕਾਊਂਟ ਵਿੱਚ 23 ਫੀ ਸਦੀ ਟੋਟਲ ਖਰਚ ਦਾ ਸਿਰਫ ਤਾਲੀਮ ਤੇ ਖਰਚ ਹੋਵੇਗਾ ਅਤੇ 10 ਫੀਸਦੀ ਖਰਚਾ ਟੋਟਲ ਰੈਵੇਨਿਉ ਅਕਾਊਂਟ ਦਾ ਮੈਡੀਕਲ ਅਤੇ ਹੈਲਥ ਤੇ ਖਰਚ ਹੋਵੇਗਾ, 9 ਫੀਸਦੀ ਐਗਰੀਕਲਚਰ ਤੇ ਅਤੇ 13 ਫੀ ਸਦੀ ਟਰਾਂਸਪੋਰਟ ਤੇ ਖਰਚ ਹੋਵੇਗਾ ਅਤੇ ਇਸ ਤਰ੍ਹਾਂ 55 ਫੀਸਦੀ ਰੈਵੇਨਿਉ ਅਕਾਊਂਟ ਦਾ ਖਰਚ ਜਨਤਾ ਦੀ ਭਲਾਈ ਤੇ ਹੋਵੇਗਾ ਜਿਸ ਦਾ ਕਿ ਇਨ੍ਹਾਂ ਨੇ ਕੋਈ ਜ਼ਿਕਰ ਨਹੀਂ ਕੀਤਾ। ਐਡਮਿਨਿਸਟ੍ਰੇਟਿਵ ਸਰਵਿਸਿਜ਼ ਦੇ ਬਾਰੇ ਵਿਚ ਇਕ ਦੋ ਮੈਂਬਰਾਂ ਨੇ ਕਿਹਾ ਸੀ ਕਿ ਪੁਲਿਸ ਤੇ ਖਰਚ ਵੱਧਦਾ ਜਾਂਦਾ ਹੈ।

ਸਪੀਕਰ ਸਾਹਿਬ ਤੁਸੀਂ ਇਹ ਸੁਣ ਕੇ ਖੁਸ਼ ਹੋਵੋਗੇ ਕਿ ਐਡਮਿਨਿਸਟ੍ਰੇਟਿਵ ਖਰਚੇ ਨੂੰ ਅਸੀਂ ਸਖਤੀ ਨਾਲ ਘਟਾਇਆ ਹੈ ਅਤੇ ਟੋਟਲ ਖਰਚ ਦਾ ਸਿਰਫ 10 ਫੀਸਦੀ ਜਨਰਲ ਐਡਮਿਨਿਸਟ੍ਰੇਸ਼ਨ, ਪੁਲਿਸ, ਡਿਸਟ੍ਰਿਕਟ ਐਡਮਿਨਿਸਟ੍ਰੇਸ਼ਨ ਅਤੇ ਸੈਕਟ੍ਰੇਰੀਏਟ ਤੇ ਕਰ ਦਿੱਤਾ ਹੈ। ਬਾਕੀ ਸਭ ਜਨਤਾ ਦੀ ਭਲਾਈ ਤੇ ਖਰਚ ਹੋਵੇਗਾ। ਸਖਤੀ ਨਾਲ ਪੋਸਟਾਂ ਘੱਟ ਕੀਤੀਆਂ ਹਨ। ਇਸ ਦੇ ਨਾਲ ਹੀ ਮੋਬਲ

ਸਿਕਉਰਿਟੀ ਅਤੇ ਹਰੀਜਨਾਂ ਦੀ ਭਲਾਈ ਲਈ 1975-76 ਵਿੱਚ ਪਿਛਲੇ ਸਾਲ ਦੇ ਮੁਕਾਬਲੇ ਵਿਚ 10.47 ਕਰੋੜ ਖਰਚ ਹੋਵੇਗਾ। ਪਿਛਲੇ ਸਾਲਾਂ ਵਿਚ ਇਸ ਨਾਲੋਂ ਅੱਧਾ ਵੀ ਖਰਚ ਨਹੀਂ ਸੀ। ਇਨ੍ਹਾਂ ਦੇ ਵੇਲੇ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਾਂ ਲਈ ਪਲੇਨ ਐਕਸਪੈਂਡੀਚਰ ਇਸ ਪ੍ਰਕਾਰ ਸੀ :—

1969–70	..	29 ਲੱਖ
1970–71	..	31 ਲੱਖ

ਅਤੇ ਜਦ ਤੋਂ ਸਾਡੀ ਸਰਕਾਰ ਆਈ ਹੈ ਪਲੈਨ ਐਕਸਪੈਂਡੀਚਰ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸ ਲਈ ਇਸ ਪ੍ਰਕਾਰ ਹੈ :

1973–74	..	1.86 ਕਰੋੜ
1974–75	..	2.88 ਕਰੋੜ
1975–76	..	4.22 ਕਰੋੜ

ਹੁਣ ਤੁਸੀਂ ਮੁਕਾਬਲਾ ਕਰ ਲਉ। ਇਸ ਦੇ ਨਾਲ ਹੀ ਐਜੂਕੇਸ਼ਨ ਜਿਸ ਦੇ ਵਿੱਚ ਸਪੋਰਟਸ ਵੀ ਸ਼ਾਮਲ ਹੈ ਇਸ ਪ੍ਰਕਾਰ ਹੈ :—

1970–71	..	30 ਕਰੋੜ
1971–72	..	31.53 ਕਰੋੜ
1972–73	..	39.76 ਕਰੋੜ

ਇਨ੍ਹਾਂ ਦੇ ਵੇਲੇ ਖਰਚ ਹੋਇਆ। ਹੁਣ ਜਦੋਂ ਤੋਂ ਸਾਡੀ ਸਰਕਾਰ ਆਈ ਹੈ, ਇਹ ਇਸ ਪ੍ਰਕਾਰ ਹੈ :—

1973–74	..	47.86 ਕਰੋੜ
1974–75	..	50.42 ਕਰੋੜ
1975–76	..	56.17 ਕਰੋੜ

ਇਹ ਹੁਣ ਵੇਖ ਲੈਣ ਕਿ ਅਸੀਂ ਐਜੂਕੇਸ਼ਨ ਨੂੰ ਕਿਥੇ ਲੈ ਗਏ ਹਾਂ। ਇਸੇ ਤਰ੍ਹਾਂ ਹੀ ਮੈਡੀਕਲ ਦੀ ਗੱਲ ਲੈ ਲਉ।

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਵਿੱਤ ਮੰਤਰੀ : ਇਸੇ ਤਰ੍ਹਾਂ ਮੈਡੀਕਲ ਹੈਲਥ ਅਤੇ ਫੈਮਿਲੀ ਪਲਾਨਿੰਗ ਵਿੱਚ ਇਨ੍ਹਾਂ ਦੇ ਵੇਲੇ ਖਰਚ ਇਸ ਪ੍ਰਕਾਰ ਹੋਇਆ :—

1970–71	..	9 ਕਰੋੜ
1971–72	..	11.37 ਕਰੋੜ
1972–73	..	15.92 ਕਰੋੜ

*Expunged as ordered by the Chair.

[ਵਿਤ ਮੰਤਰੀ]

ਅਤੇ ਜਦੋਂ ਦੀ ਸਾਡੀ ਪਾਰਟੀ ਦੀ ਸਰਕਾਰ ਬਣੀ ਹੈ ਇਹ ਖਰਚ ਇਸ ਪ੍ਰਕਾਰ ਹੈ :—

1973–74	..	19.95 ਕਰੋੜ
1974–75	..	20.70 ਕਰੋੜ
1975–76	..	24.30 ਕਰੋੜ

ਹੁਣ ਇਹ ਦੱਸਣ ਕਿ ਇਹ ਸੋਸ਼ਲਿਸਟ ਬਜਟ ਹੈ ਜਾਂ ਨਹੀਂ, ਇਹ ਮੈਂ ਹਾਊਸ ਤੇ ਛੱਡਦਾ ਹਾਂ। ਐਜੂਕੇਸ਼ਨ, ਹੈਲਥ, ਲੇਬਰ ਅਤੇ ਹਰੀਜਨ ਵੈਲਫੇਅਰ ਤੇ ਰੈਵੇਨਿਊ ਅਕਾਊਂਟ ਵਿਚੋਂ 100 ਕਰੋੜ ਖਰਚ ਕਰਨਾ ਹੈ ਅਤੇ ਇਸ ਦੇ ਮੁਕਾਬਲੇ ਵਿਚ ਪੁਲਿਸ ਐਡਮਿਨਿਸਟਰੇਸ਼ਨ ਅਤੇ ਲਾਅ ਐਂਡ ਆਰਡਰ ਦੇ 25 ਕਰੋੜ ਖਰਚ ਕਰਨਾ ਹੈ। ਇਹ ਸਾਰਾ 10 ਫੀਸਦੀ ਟੋਟਲ ਬਜਟ ਦਾ ਬਣਦਾ ਹੈ। ਇਹ ਬਾਕੀ ਦਾ ਸਾਰਾ ਪੈਸਾ ਜੰਤਾ ਦੀ ਆਰਥਿਕ ਬੇਹਤਰੀ, ਮਜ਼ਦੂਰਾਂ ਅਤੇ ਗਰੀਬ ਹਰੀਜਨਾਂ ਦੀ ਬੇਹਤਰੀ ਅਤੇ ਲੋਕਾਂ ਵਿਚ ਭਿੰਨ-ਭੇਦ ਦੂਰ ਕਰਨ ਵਾਸਤੇ ਖਰਚ ਕਰਨਾ ਹੈ। ਕੁਝ ਕਨਸੈਸ਼ਨਜ਼ ਇਨ੍ਹਾਂ ਲਈ ਅਨਾਊਂਸ ਕੀਤੇ ਸੀ ਜਿਸ ਦੇ ਨਾਲ 1 ਕਰੋੜ ਦਾ ਘਾਟਾ ਹੋਰ ਪਿਆ ਸੀ। ਇੰਪਲਾਈਜ਼ ਨੂੰ ਸੈਂਟਰਲ ਪੈਟਰਨ ਤੇ ਪੈਨਸ਼ਨ ਦੇਣ ਲਈ ਅਤੇ ਹਰੀਜਨਾਂ ਵਾਂਗ ਹੋਰ ਗਰੀਬ ਲੋਕਾਂ ਨੂੰ ਵੀ 9ਵੀਂ 10ਵੀਂ ਅਤੇ 11ਵੀਂ ਵਿਚ ਫੀਸ ਮੁਆਫ ਕਰਨ ਅਤੇ ਕਾਲਜਾਂ ਵਿੱਚ ਹਰੀਜਨ ਬੱਚਿਆਂ ਦੀ ਫੀਸ ਮੁਆਫੀ ਲਈ, ਇਨਕਮ ਲਿਮਟ ਨੂੰ ਜ਼ਿਆਦਾ ਕਰਨਾ ਬੜਾ ਜ਼ਰੂਰੀ ਸੀ। ਵੀਕਰ ਸੈਕਸ਼ਨ ਦੀ ਮਦੱਦ ਅਤੇ ਫਿਰਕੇਦਾਰੀ ਦੂਰ ਕਰਨੀ ਚਾਹੀਦੀ ਹੈ।

ਇਥੇ ਪਾਵਰ ਕਟਾਈਸਜ਼ ਦਾ ਜ਼ਿਕਰ ਕੀਤਾ ਗਿਆ ਹੈ। ਅਸੀਂ ਬਜਟ ਸਪੀਚ ਵਿੱਚ ਮੰਨਿਆ ਹੈ ਕਿ ਪ੍ਰਾਵਰ ਕਰਾਈਸਜ਼ ਹੈ। ਲੇਕਿਨ ਇਹ ਆਪੋਜ਼ੀਸ਼ਨ ਵਾਲੇ ਅਗਰ ਤਾਮੀਰੀ ਅਪਰੋਚ ਰਖਣਗੇ ਤਾਂ ਚੀਫ ਮਨਿਸਟਰ ਸਾਹਿਬ ਜਲਦੀ ਹੀ ਇਹ ਮਸਲਾ ਵੀ ਹਲ ਕਰ ਦੇਣਗੇ। ਇਹ ਇਸ ਚੀਜ਼ ਤੋਂ ਸਿਆਸੀ ਫਾਇਦਾ ਨਹੀਂ ਉਠਾ ਸਕਣਗੇ ਕਿਉਂਕਿ ਇਨ੍ਹਾਂ ਨੇ ਬਾਹਰ ਦੀਆਂ ਸਟੇਟਾਂ ਹਰਿਆਣਾ ਅਤੇ ਹਿਮਾਚਲ ਬਣਾ ਦਿੱਤੀਆਂ ਹਨ ਅਤੇ ਇਹ ਬਾਹਰ ਦੇ ਸ਼ਰੀਕੇ ਖੜੇ ਕਰ ਲਏ ਹਨ। ਇਹ ਸਾਡੇ ਭਾਈ ਹਨ। ਇਹ ਸੈਂਟਰ ਨੂੰ ਗਾਲੀਆਂ ਕੱਢਕੇ ਕਿ ਸੈਂਟਰ ਸਾਡੇ ਨਾਲ ਵਿਤਕਰਾ ਕਰਦਾ ਹੈ, ਕੋਈ ਫਾਇਦਾ ਨਹੀਂ ਲੈ ਸਕਦੇ। ਜੇ ਇਹ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਹਨ ਤਾਂ ਕਸ਼ਮੀਰ ਅਤੇ ਹਿਮਾਚਲ ਸਾਡੇ ਨਾਲ ਸਖਤ ਐਟੀਚਿਊਡ ਰਖਦੇ ਹਨ। ਇਹ ਸਾਰਾ ਕੁਝ ਤਾਂ ਉਧਰ ਦੇ ਬੈਠੇ ਹਨ। ਜੇ ਬਿਜਲੀ ਹਿਮਾਚਲ ਨਾਲ ਪੈਦਾ ਕਰਨੀ ਹੈ ਤਾਂ ਕੰਸਟਰਕਟਿਵ ਅਪਰੋਚ ਕਰੋ। ਤੁਹਾਡੇ ਲੀਡਰ ਨਾਲ ਚੀਫ ਮਨਿਸਟਰ ਸਾਹਿਬ ਸਲਾਹ ਕਰ ਲੈਣਗੇ। ਕਸ਼ਮੀਰ ਨਾਲ ਗੱਲ ਬਾਤ ਹੋਣੀ ਹੈ। ਤੁਸੀਂ ਤਾਂ ਇਥੇ ਪਹਾੜ ਹੀ ਨਹੀਂ ਰਹਿਣ ਦਿੱਤਾ। ਕੋਲਾ ਸਾਡੇ ਤੋਂ ਬਹੁਤ ਦੂਰ ਹੈ ਇਸ ਲਈ ਥਰਮਲ ਪਲਾਂਟ ਅਸੀਂ ਹੋਰ ਨਹੀਂ ਲਗਾ ਸਕਦੇ। ਔਰ ਜੇਕਰ ਕਸ਼ਮੀਰ ਨਾਲ ਗੱਲ ਬਾਤ ਕਰਨੀ ਹੈ ਤਾਂ ਵੀ ਚੀਫ ਮਨਿਸਟਰ ਸਾਹਿਬ ਨੇ ਹੀ ਕਰਨੀ ਹੈ।

(ਇਸ ਸਮੇਂ ਸਰਦਾਰ ਰਣਧੀਰ ਸਿੰਘ ਚੀਮਾਂ ਬੋਲਣ ਲਈ ਖੜੇ ਹੋਏ ।)

ਸ੍ਰੀ ਸਪੀਕਰ : ਐਫ. ਐਮ. ਸਾਹਿਬ, ਚੀਮਾ ਸਾਹਿਬ ਬੇਚੈਨ ਹਨ, ਉਨ੍ਹਾਂ ਦਾ ਪੁਆਇੰਟ ਆਫ ਆਰਡਰ ਹੈ। (F. M. Sahib, Cheema Sahib is upset. He wants to raise a point of order.)

ਸਰਦਾਰ ਰਣਧੀਰ ਸਿੰਘ ਚੀਮਾਂ : ** **

**Expunged as ordered by the Chair.

ਵਿੱਤ ਮੰਤਰੀ : ਸਪੀਕਰ ਸਾਹਿਬ, ਪੰਜਾਬੀ ਸੂਬਾ ਬਣਨ ਤੋਂ ਬਾਅਦ ਉਹ ਥਾਵਾਂ ਜਿੱਥੋਂ ਕਿ ਬਿਜਲੀ ਮਿਲਦੀ ਸੀ, ਉਹ ਦੂਸਰੀਆਂ ਸਟੇਟਸ ਨੂੰ ਚਲੀਆਂ ਗਈਆਂ ਹਨ । ਸੈਂਟਰ ਦੀ ਇਹ ਭਾਈ ਗਲ ਕਹਦੇ ਰਹਿੰਦੇ ਹਨ । ਬਾਪ ਲਈ ਤਾਂ, ਸਪੀਕਰ ਸਾਹਿਬ, ਸਾਰੇ ਹੀ ਪੁੱਤਰ ਬਰਾਬਰ ਹੁੰਦੇ ਹਨ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਤੁਹਾਡਾ ਬਾਪ ਹੋਵੇਗਾ, ਸਾਡਾ ਨਹੀਂ । (ਹਾਸਾ)

ਵਿੱਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਸਮਝਾਉ । ਇਹ ਕਹਿੰਦੇ ਰਹਿੰਦੇ ਹਨ ਥੀਨ ਡੈਮ ਲਈ ਪੈਸੇ ਨਹੀਂ ਰੱਖੇ । ਅਸੀਂ ਪੈਸੇ ਰੱਖੇ ਹਨ । ਅਸੀਂ ਬਰਾੜ ਸਾਹਿਬ, ਇਸ ਲਈ ਵੀ ਪੈਸੇ ਰੱਖੇ ਹਨ ਔਰ ਜਿਹੜਾ ਬੱਜਟ ਪੇਸ਼ ਕੀਤਾ ਹੈ ਉਸ ਵਿਚ ਦੋ ਕਰੋੜ ਰੁਪਿਆ ਰਖਿਆ ਹੈ ਤਾਂਕਿ ਪਰੀਲੀਮੀਨਰੀ ਕੰਮ ਕਰ ਸਕੀਏ । ਅਨੰਦਪੁਰ ਸਾਹਿਬ ਪਲਾਂਟ ਦਾ ਜਿਹੜਾ ਕੰਮ ਹੈ, ਉਸ ਲਈ ਵੀ ਪੈਸਾ ਰੱਖਿਆ ਹੈ ।

EXTENSION OF TIME OF THE SITTING

ਸ੍ਰੀ ਸਪੀਕਰ : ਜੇਕਰ ਹਾਊਸ ਦੀ ਸਹਿਮਤੀ ਹੋਵੇ ਤਾਂ ਹਾਊਸ ਦਾ ਸਮਾਂ 15 ਮਿੰਟ ਵਧਾ ਦਿੱਤਾ ਜਾਵੇ ।

(ਆਵਾਜ਼ਾਂ : ਠੀਕ ਹੈ ਜੀ, ਠੀਕ ਹੈ ਜੀ ।)

ਹਾਊਸ ਦਾ ਸਮਾਂ 15 ਮਿੰਟ ਲਈ ਹੋਰ ਵਧਾ ਦਿੱਤਾ ਜਾਂਦਾ ਹੈ । (If it is the pleasure of the House, the time of the sitting may be extended by fifteen minutes. (*Voices* : Yes, Yes.) The time of the House is extended by fifteen minutes)

GENERAL DISCUSSION ON THE BUDGET FOR THE YEAR 1975-76 (RESUMPTION)

ਵਿੱਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਯਾਦ ਹੋਵੇਗਾ ਜਦੋਂ ਦਾ ਥਰਮਲ ਪਲਾਂਟ ਬਣਾਇਆ ਹੈ, ਇਨ੍ਹਾਂ ਨੂੰ ਯਾਦ ਭੁੱਲ ਗਿਆ ਹੈ, ਇਹ ਇਨ੍ਹਾਂ ਦੇ ਵੇਲੇ ਹੀ ਸ਼ੁਰੂ ਕੀਤਾ ਗਿਆ ਸੀ । ਹੁਣ ਇਹ ਕਹਿੰਦੇ ਹਨ ਉਸ ਵਿਚ ਨੁਕਸ ਪੈ ਜਾਂਦਾ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਇਨਕੁਆਇਰੀ ਕਰਵਾਉ ।

(ਸਰਦਾਰ ਰਣਧੀਰ ਸਿੰਘ ਚੀਮਾਂ ਵਲੋਂ ਵਿਘਨ)

ਵਿੱਤ ਮੰਤਰੀ : ਇਨਕੁਆਇਰੀ ਵੀ ਕਰਵਾਵਾਂਗੇ, ਫਿਰ ਚੀਮਾਂ ਸਾਹਿਬ ਨੇ ਪਤਾ ਹੈ ਕੀ ਕਰਨਾ ਹੈ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਇਹ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਜੇਕਰ ਇਹ ਈਮਾਨਦਾਰ ਹਨ ਤਾਂ ਇਨਕੁਆਇਰੀ ਕਮੇਟੀ ਬਣਾ ਦੇਣ ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਪਹਿਲਾਂ ਛੰਗਾਣੀ ਕਮਿਸ਼ਨ ਵਾਲੀ ਇਨਕੁਆਇਰੀ ਭੁਗਤ ਲੈਣ । ਇਹ ਵੀ ਇਨਕੁਆਇਰੀ ਜ਼ਰੂਰ ਹੋਵੇਗੀ ਕਿਉਂਕਿ ਮਾਲ ਮੁੱਢ ਵੀ ਇਨ੍ਹਾਂ ਦੇ ਵੇਲੇ ਹੀ ਖਰੀਦਿਆ ਗਿਆ ਸੀ । (ਹਾਸਾ)

[ਵਿੱਤ ਮੰਤਰੀ]

ਸਪੀਕਰ ਸਾਹਿਬ, ਡਾਂਗ ਸਾਹਿਬ ਚਲੇ ਗਏ ਹਨ, ਉਨ੍ਹਾਂ ਨੇ ਕਿਹਾ ਸੀ ਕਿ ਲੇਅ ਆਫ ਵਾਸਤੇ ਵੀ ਪੈਸਾ ਹੋਵੇ। ਮਜ਼ਦੂਰਾਂ ਨੂੰ ਤਕਲੀਫ ਹੋਈ ਹੈ। ਸਪੀਕਰ ਸਾਹਿਬ, ਸਾਰੇ ਹਿੰਦੁਸਤਾਨ ਵਿਚ ਕਿਸੇ ਵੀ ਸੂਬੇ ਵਿਚ ਇਹ ਚੀਜ਼ ਨਹੀਂ ਹੈ। ਅਸੀਂ ਦਸ ਲਖ ਰੁਪਿਆ ਰਖਿਆ ਹੈ, ਲੇਅ ਆਫ ਵਾਸਤੇ। ਜਿੱਥੇ ਲੇਅ ਆਫ ਕੰਪੈਨਸੇਸ਼ਨ ਮਿਲੇਗਾ ਉਥੇ ਰੀਲੀਫ ਵਜੋਂ ਦਿੱਤਾ ਜਾ ਸਕੇਗਾ। ਇਹ ਇੰਟਰੈਸਟ- ਫਰੀ ਲੋਨ ਵੀ ਰਖਿਆ ਹੈ। ਭਗਤ ਗੁਰਾਂ ਦਾਸ ਜੀ, ਧੰਨੋਵਾਲੀ ਜੀ ਨੇ ਔਰ ਕੇ. ਪੀ. ਸਾਹਿਬ ਨੇ ਕਿਹਾ ਹੈ ਕਿ ਜਿਹੜੀ ਗੌਰਮਿੰਟ ਆਫ ਇੰਡੀਆਂ ਦੀ ਸਕੀਮ ਸੀ ਹਰੀਜਨ ਬੱਚਿਆਂ ਦੇ ਪੜ੍ਹਨ ਵਾਸਤੇ, ਉਹ ਖਤਮ ਹੋ ਗਈ ਹੈ ਔਰ ਸਰਕਾਰ ਨੂੰ ਉਸ ਲਈ ਪੈਸਾ ਦੇਣਾ ਚਾਹੀਦਾ ਹੈ, ਉਥੇ ਪੰਜ ਲੱਖ ਦੇ ਕਰੀਬ ਖਰਚ ਆਉਂਦਾ ਹੈ। ਤੁਹਾਨੂੰ, ਸਪੀਕਰ ਸਾਹਿਬ, ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਪੰਜਾਬ ਸਰਕਾਰ ਨੇ ਪੰਜ ਲੱਖ ਰੁਪਿਆ ਉਹ ਵੀ ਰੱਖਿਆ ਹੈ। ਤਾਂਕਿ ਸੰਨ 1975–76 ਵਿਚ ਉਹ ਵੀ ਕੰਮ ਪੂਰਾ ਕਰ ਲਈਏ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਹੁਣ ਮੈਂ ਤੁਹਾਡਾ ਧਿਆਨ ਇਸ ਪਾਸੇ ਵਲ ਦਿਵਾਉਣਾ ਚਾਹੁੰਦਾਂ ਹਾਂ ਔਰ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਵੀ ਇਹ ਚੀਜ਼ ਵੇਖੋ। ਇਹ ਪਹਿਲੀ ਸਰਕਾਰ ਹੈ ਜਿਸ ਨੇ ਕਿ ਆਈਡੈਂਟੀਫਾਈ ਕਰ ਦਿੱਤਾ ਹੈ ਕਿ ਕਿਨ੍ਹਾਂ ਰਸਤਿਆਂ ਤੇ ਚਲਣਾ ਹੈ :—

(1) To accelerate completion of projects which will generate power.

(2) To ensure availability of necessary inputs for agricultural production.

ਸਪੀਕਰ ਸਾਹਿਬ, ਮੈਂ ਜ਼ਿਕਰ ਕੀਤਾ ਹੈ ਕਿ ਡੀਜ਼ਲ ਦੀ, ਫਰਟੀਲਾਈਜ਼ਰ ਦੀ ਸਪਲਾਈ ਗੌਰਮਿੰਟ ਆਫ ਇੰਡੀਆ ਤੋ ਜ਼ਿਆਦਾ ਤੋਂ ਜ਼ਿਆਦਾ ਜ਼ੋਰ ਪਾਕੇ ਲਿਆਂਦੀ ਹੈ ਔਰ ਪ੍ਰਾਈਸਾਂ ਜਿਹੜੀਆਂ ਦੀ ਇਹ ਗੱਲ ਕਰਦੇ ਹਨ ਉਸ ਦਾ ਕਰੈਡਿਟ ਵੀ ਇਸ ਪਾਰਟੀ ਦੀ ਸਰਕਾਰ ਨੂੰ ਜਾਂਦਾ ਹੈ। ਇਸ ਸਰਕਾਰ ਨੇ ਕਣਕ ਦਾ ਭਾਅ 76 ਰੁਪਏ ਤੋਂ 105 ਰੁਪਏ ਕੀਤਾ ਹੈ। ਬਾਦਲ ਸਾਹਿਬ ਇਸ ਨੂੰ ਟਿਮਿਡ ਕਹਿੰਦੇ ਸਨ। ਪਤਾ ਨਹੀਂ ਉਨ੍ਹਾਂ ਨੇ ਕਿਸ ਤਰ੍ਹਾਂ ਕਿਹਾ ਹੈ। ਇਸ ਸਰਕਾਰ ਨੇ ਸਟੈਂਡ ਲਿਆ ਹੈ। ਪੰਜਾਬ ਜਾਣਦਾ ਹੈ ਕਿ ਬੁਜ਼ਦਿਲ ਮੁੱਖ ਮੰਤਰੀ ਕੌਣ ਹੈ। ਇਹ ਮੁੱਖ ਮੰਤਰੀ ਹੈ, ਇਹ ਪਹਿਲਾ ਆਦਮੀ ਸੀ ਜਿਸ ਨੇ ਕਿਹਾ ਹੈ ਕਿ 125 ਰੁਪਏ ਕਰ ਦਿਉ। (ਥੰਪਿੰਗ)

(ਸਰਦਾਰ ਰਣਧੀਰ ਸਿੰਘ ਚੀਮਾ ਵਲੋਂ ਵਿਘਨ)

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਅਸੀਂ ਇੰਡਸਟਰੀ ਨੂੰ ਡਾਈਵਰਸੀਫਾਈ ਕਰਾਂਗੇ, ਔਰ ਕਰ ਰਹੇ ਹਾਂ। ਸਾਡੇ ਇਥੇ ਪੰਜਾਬ ਵਿਚ ਸਮਾਲ ਸਕੇਲ ਇੰਡਸਟਰੀ ਹੀ ਸੀ ਔਰ ਲਾਰਜ ਇੰਡਸਟਰੀ ਅਸੀਂ ਬਨਾਉਣੀ ਸ਼ੁਰੂ ਕੀਤੀ ਹੈ। ਜਿਸ ਤਰ੍ਹਾਂ ਕਿ ਅਸੀਂ ਮਿੰਨੀ ਸਟੀਲ ਪਲਾਂਟਸ ਔਰ ਇਲੈਕਟ੍ਰਿਕ ਦਾ ਬੜਾ ਸਾਮਾਨ, ਔਰ ਬੈਟਰੀ ਸੈੱਲ, ਟਰੈਕਟਰ, ਟੀ. ਵੀ. ਇਹ ਸਾਰੇ ਦੇ ਸਾਰੇ ਕਾਰਖਾਨੇ ਅਸੀਂ ਲਗਾਏ ਹਨ ਔਰ 161 ਕਰੋੜ ਰੁਪਿਆ ਇਸ ਵਿਚ ਇਨਵਾਲਵਡ ਕੀਤਾ ਹੈ; ਜਿਹੜਾ ਕਿ ਕੁਝ ਪ੍ਰਾਈਵੇਟ ਸੈਕਟਰ ਔਰ ਕੁਝ ਪਬਲਿਕ ਸੈਕਟਰ ਤੋਂ ਆਇਆ ਹੈ। ਇਹ ਕਹਿੰਦੇ ਹਨ ਕਿ ਇੰਡਸਟਰੀ ਲਈ ਰੁਪਿਆ ਘੱਟ ਰਖਿਆ ਹੈ। ਸਾਢੇ ਸੱਤ ਕਰੋੜ ਰੁਪਿਆ ਤਾਂ ਫੋਕਲ-ਪੁਆਇੰਟਸ ਬਨਾਉਣ ਲਈ ਹੈ। ਇਹ ਤਾਂ ਉਹ ਹੀ ਰੁਪਿਆ ਹੈ। ਸਪੀਕਰ ਸਾਹਿਬ, ਪੀ. ਐਸ. ਆਈ. ਡੀ. ਸੀ. ਨੂੰ ਤਿੰਨ ਕਰੋੜ ਰੁਪਿਆ ਦੇਈਏ ਤਾਂ 30 ਕਰੋੜ ਰੁਪਿਆ

ਬਾਹਰੋਂ ਲੈ ਸਕਦੇ ਹਾਂ। ਅਸੀਂ ਇਹ ਹੀ ਕੋਸ਼ਿਸ਼ ਕਰ ਰਹੇ ਹਾਂ ਕਿ ਇੰਡਸਟਰੀਅਲ ਬੈਂਕਸ ਦਾ ਸਾਰੇ ਦਾ ਸਾਰਾ ਰੁਪਿਆ ਇਥੇ ਲਿਆਂਦਾ ਜਾਵੇ। ਇਸ ਤਰ੍ਹਾਂ ਹੀ ਅਸੀਂ ਇਕ ਹੁਣ ਪਲਾਨ ਬਣਾਇਆ ਹੈ। ਅਗਲੇ ਸਾਲ ਅਸੀਂ ਫਰਟੀਲਾਈਜ਼ਰ ਪਲਾਂਟ 120 ਕਰੋੜ ਰੁਪਏ ਦਾ ਬਠਿੰਡੇ ਲਈ ਵੀ ਲੈ ਲਿਆ ਹੈ। ਇਸ ਤੋਂ ਵੀ ਵੱਧ ਅਸੀਂ ਬੈਂਕਾਂ ਦੀ ਇਨਵਾਲਵਮੈਂਟ ਕਰ ਰਹੇ ਹਾਂ ਤਾਂਕਿ ਜ਼ਿਆਦਾ ਤੋਂ ਜ਼ਿਆਦਾ ਰੁਪਿਆ ਲਗਾ ਕੇ ਇੰਡਸਟਰੀ ਨੂੰ ਡਾਈਵਰਸੀਫਾਈ ਕੀਤਾ ਜਾਵੇ, ਲੋਕਾਂ ਨੂੰ ਰੁਜ਼ਗਾਰ ਮਿਲੇ ਔਰ ਗਰੋਥ ਰੇਟ ਵਧੇ।

"To maintain and expand education and medical facilities,"

ਸਪੀਕਰ ਸਾਹਿਬ, ਮੈਂ ਦੱਸ ਬੈਠਾ ਹਾਂ ਐਜੂਕੇਸ਼ਨ ਤੇ ਜੋ ਖਰਚਾ ਕਰਨਾ ਹੈ, ਮੈਡੀਕਲ ਤੇ ਜੋ ਖਰਚਾ ਕਰਨਾ ਹੈ।

Next is to evolve integrated approach to the programme of Urban Development.

ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਇਸ ਗੌਰਮਿੰਟ ਤੋਂ ਪਹਿਲਾਂ ਇਕ ਧੇਲਾ ਵੀ ਮਿਊਂਸਪੈਲਿਟੀਆਂ ਨੂੰ ਨਹੀਂ ਸੀ ਮਿਲਦਾ, ਨਾ ਲੋਨ ਮਿਲਦਾ ਸੀ ਤੇ ਨਾ ਹੀ ਗਰਾਂਟ ਮਿਲਦੀ ਸੀ। ਪਰ ਇਸ ਸਰਕਾਰ ਨੇ ਸੰਨ 1972–73 ਵਿਚ ਦੋ ਕਰੋੜ ਦੇ ਕਰੀਬ, ਸੰਨ 1973–74 ਵਿਚ ਦੋ ਕਰੋੜ, ਸੰਨ 1974–75 ਵਿਚ ਵੀ ਦੋ ਕਰੋੜ, ਤੇ ਸੰਨ 1975–76 ਲਈ, ਸਪੀਕਰ ਸਾਹਿਬ, ਦੋ ਕਰੋੜ 20 ਲੱਖ ਰੁਪਏ ਰੱਖੇ ਹਨ ਤਾਕਿ ਮਿਊਂਸਪੈਲਟੀਆਂ ਅਤੇ ਇਮਪਰੂਵਮੈਂਟ ਟਰਸਟ ਦੀ ਮਦਦ ਕੀਤੀ ਜਾਵੇ, ਔਰ ਉਨ੍ਹਾਂ ਨੂੰ ਲੋਨ ਔਰ ਗਰਾਂਟ ਦਿੱਤੀ ਜਾਵੇ, ਸੀਵਰੇਜ਼ ਔਰ ਵਾਟਰ ਸਪਲਾਈ ਦਾ ਪ੍ਰਬੰਧ ਕਰਵਾਇਆ ਜਾਵੇ। ਭਗਤ ਗੁਰਾਂਦਾਸ ਜੀ ਨੇ ਕਿਹਾ ਹੈ ਕਿ ਗਰੀਬ ਆਦਮੀ ਜਿਹੜੇ ਹਨ, ਜੋ ਲੋਕ ਸਿਰਾਂ ਤੇ ਗੰਦਗੀ ਉਠਾਉਂਦੇ ਹਨ, ਉਨ੍ਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਮਨੋਰਥ ਲਈ ਚੀਫ਼ ਮਨਿਸਟਰ ਸਾਹਿਬ ਦੀ ਪਰਧਾਨਗੀ ਹੇਠ ਇਹ ਫੈਸਲਾ ਹੋ ਗਿਆ ਹੈ ਕਿ ਇਕ ਅਰਬਨ ਸੀਵਰੇਜ਼ ਵਾਟਰ ਸਪਲਾਈ ਬੋਰਡ ਬਣਾਇਆ ਜਾਵੇ। ਔਰ ਉਹ ਬੋਰਡ ਜਦੋਂ ਬਣ ਗਿਆ ਤਾਂ ਇਹ ਕੰਮ ਵੀ ਹੋ ਜਾਵੇਗਾ ਜਿਹੜਾ ਕਿ ਭਗਤ ਜੀ ਚਾਹੁੰਦੇ ਹਨ। ਜਿਹੜਾ ਅਸੀਂ 2.20 ਕਰੋੜ ਰੁਪਿਆ ਰਖਿਆ ਹੈ ਇਸ ਦਾ ਅਸੀਂ 8 ਕਰੋੜ ਰੁਪਿਆ ਬੈਂਕਾਂ ਤੋਂ, ਐਲ. ਆਈ. ਸੀ. ਤੋਂ ਹੋਰ ਮਿਲ ਸਕੇਗਾ। (ਥੰਪਿੰਗ)

ਇਸ ਤਰ੍ਹਾਂ ਨਾਲ ਹਰ ਸਾਲ 12 ਕਰੋੜ ਜਾਂ ਦਸ ਕਰੋੜ ਰੁਪਿਆ ਖਰਚ ਹੋਵੇਗਾ। ਜਿਹੜਾ ਭਗਤ ਜੀ ਨੇ ਦੱਸਿਆ ਹੈ, ਸਪੀਕਰ ਸਾਹਿਬ, ਅਸੀਂ ਅਰਬਨ ਡਿਵੈਲਪਮੈਂਟ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਸਟੈਪਸ ਲੈ ਰਹੇ ਹਾਂ। ਇਸ ਪਾਸੇ (ਅਕਾਲੀ ਪਾਰਟੀ ਵਲ ਇਸ਼ਾਰਾ ਕਰਕੇ) ਇਨ੍ਹਾਂ ਨੇ ਕਦੇ ਧਿਆਨ ਨਹੀਂ ਸੀ ਦਿੱਤਾ। ਮੈਂ ਦੱਸਣਾ ਚਾਹੁੰਦਾ ਹਾਂ ਹਾਊਸ ਨੂੰ ਕਿ ਅਰਬਨ ਡਿਵੈਲਪਮੈਂਟ ਤੇ 17 ਕਰੋੜ ਰੁਪਏ ਸੰਨ 1975–76 ਵਿਚ ਖਰਚ ਹੋਣਗੇ ਔਰ ਇਹ 100 ਫੀਸਦੀ ਇਨਕਰੀਜ਼ ਹੈ। (ਥੰਪਿੰਗ)

ਇਸ ਤਰ੍ਹਾਂ ਹੀ ਛੋਟੇ ਛੋਟੇ ਮਕਾਨ ਹਾਊਸਿੰਗ ਬੋਰਡ ਬਣਾ ਕੇ ਗਰੀਬਾਂ ਨੂੰ ਦੇਵੇਗਾ। ਸੀ. ਐਮ. ਸਾਹਿਬ, ਅੰਮ੍ਰਿਤਸਰ ਔਰ ਮੁਹਾਲੀ ਵਿਚ ਇਹ ਸਕੀਮ ਦੇ ਅਧੀਨ ਮਕਾਨ ਦੇ ਕੇ ਆਏ ਹਨ। ਫਿਰ ਇਹ ਬਾਰ ਬਾਰ ਟਰਾਂਸਪੋਰਟ ਨੈਸ਼ਨੇਲਾਈਜ਼ੇਸ਼ਨ ਦੀ ਗੱਲ ਕਰਦੇ ਹਨ। ਆਪ ਤਾਂ ਇਹ ਕਰ ਨਹੀਂ ਸਕੇ ਪਰ ਅਸੀਂ ਨੰਗਲ ਹੀ ਰੈਜੋਲਿਊਸ਼ਨ ਕਰ ਦਿੱਤਾ ਸਾਰੀ ਪਾਰਟੀ ਨੇ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਕਰੋ। ਅਗਲੇ ਦਿਨ ਹੀ ਇਕ ਕਮੇਟੀ ਬਣਾ ਦਿੱਤੀ ਹੈ। ਉਹ ਕਮੇਟੀ ਇਹ ਗਲ ਵੇਖ ਰਹੀ ਹੈ ਕਿ ਸਾਡੇ ਪਾਸ ਕਿਤਨੀਆਂ ਬੱਸਾਂ ਹਨ, ਇੰਪਲਾਈਜ਼ ਕਿਵੇਂ ਰੱਖਣੇ ਹਨ, ਕਿਤਨੀਆਂ ਹੋਰ ਬੱਸਾਂ ਖਰੀਦਣੀਆਂ ਪੈਣਗੀਆਂ। ਕਿੰਨੀ ਕੰਪੈਨਸੇਸ਼ਨ ਦੇਣੀ ਪਵੇਗੀ। ਮੈਂ ਇਹ ਗੱਲ ਹਾਊਸ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਨੈਸ਼ਨੇਲਾਈਜੇਸ਼ਨ ਤੋਂ ਕਦੇ ਵੀ ਅਸੀਂ ਪਿਛੇ ਨਹੀਂ ਹਟਾਂਗੇ ਅਗੇ ਵਧਾਂਗੇ। ਸਪੀਕਰ ਸਾਹਿਬ, ਦੂਸਰੀ ਗੱਲ ਹੈ ਵੋਕੇਸ਼ਨੇਲਾਈਜੇਸ਼ਨ ਆਫ਼ ਐਜੂਕੇਸ਼ਨ ਦੀ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਕੀ ਇਹ ਟਾਈਮ ਅਨਾਊਂਸ ਕਰਨਗੇ, ਨੈਸ਼ਨੇ-ਲਾਈਜੇਸ਼ਨ ਕਰਨ ਵਾਸਤੇ ਟਾਈਮ-ਬਾਊਂਡ ਪ੍ਰੋਗਰਾਮ ਦੇਣਗੇ ,।

ਵਿੱਤ ਮੰਤਰੀ : ਬਿਲਕੁਲ, ਬਿਲਕੁਲ, ਅਸੀਂ ਇਸ ਕੰਮ ਤੋਂ ਪਿੱਛੇ ਨਹੀਂ ਹਟਾਂਗੇ , ਅੱਗੇ ਵਧਾਂਗੇ ।

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਬੋਲਣ ਲਈ ਖੜੇ ਹੋਏ ।)

Mr. Speaker : F. M. Sahib, Mr. Josh wants some information.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਜੀ ।

ਸ੍ਰੀ ਸਪੀਕਰ : ਸਵਾਲ ਨਾ ਕਰੋ, ਜਿਹੜੀ ਇਨਫਰਮੇਸ਼ਨ ਲੈਣੀ ਹੈ, ਉਹ ਦੱਸੋ ।(Do not put question. Ask for the information which you want to have.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ ਇਹ ਬਾਰ ਬਾਰ ਕਹਿੰਦੇ ਹਨ ਕਿ ਅਸੀਂ ਟਰਾਂਸਪੋਰਟ ਨੈਸ਼ਨੇਲਾਈਜ਼ ਕਰਾਂਗੇ, ਪਿੱਛੇ ਨਹੀਂ ਹਟਾਂਗੇ, ਪਰ ਇਹ ਦੱਸ ਦੇਣ ਕਿ ਕਦ ਤਕ ਕਰ ਦੇਣਗੇ ?

ਵਿੱਤ ਮੰਤਰੀ : ਨੈਸ਼ਨੇਲਾਈਜ਼ੇਨ ਕਰਕੇ ਦੰਮ ਲਵਾਂਗੇ, ਕਰਕੇ ਹਟਾਂਗੇ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਕੀ ਇਹ ਦਸਣਗੇ ਕਿ ਕਿਸ ਡੇਟ ਤਕ ਸਿਨੇਮਾਜ਼ ਨੈਸ਼ਨੇਲਾਈਜ਼ ਕਰ ਦਿੱਤੇ ਜਾਣਗੇ ।

ਸ੍ਰੀ ਸਪੀਕਰ : ਬੈਠੋ ਜੀ, ਬਰਾੜ ਸਾਹਿਬ । (Brar Sahib, please resume your seat.)

ਵਿੱਤ ਮੰਤਰੀ : ਸੋ, ਮੈਂ ਵੋਕੇਸ਼ਨੇਲਾਈਜ਼ੇਸ਼ਨ ਆਫ਼ ਐਜੂਕੇਸ਼ਨ ਬਾਰੇ ਕਹਿ ਰਿਹਾ ਸੀ ਕਿ ਤਾਲੀਮ ਦੇ ਟਰੈਂਡ ਨੂੰ ਬਦਲ ਕੇ ਜਾਬ ਆਰੀਏਂਟਿਡ ਹੋਵੇ ਅਤੇ ਲੋਕਾਂ ਨੂੰ ਰੋਜ਼ਗਾਰ ਮਿਲੇ । ਪੰਜਾਬ ਪਹਿਲੀ ਸਟੇਟ ਹੈ ਜਿਸ ਨੇ ਇਹ ਕੰਮ ਕੀਤਾ ਤਾਂ ਜੋ ਬੇਰੋਜ਼ਗਾਰ ਆਦਮੀ ਵਿਹਲੇ ਨਾ ਫਿਰਨ । ਪੰਜਾਬ ਪਹਿਲੀ ਸਟੇਟ ਹੈ, ਸਪੀਕਰ ਸਾਹਿਬ, ਜਿਸ ਨੇ ਐਜੂਕੇਸ਼ਨ ਨੂੰ ਜਾਬ-ਆਰੀਏਂਟਿਡ ਬਣਾਉਣ ਵਾਸਤੇ ਸਕੀਮ ਬਣਾਈ ਅਤੇ ਇਸ ਸਾਲ ਇਸ ਵਾਸਤੇ ਰੁਪਿਆ ਰਖਿਆ ਹੈ । ਇਸ ਬਾਰੇ ਵਾਇਸ ਚਾਂਸਲਰਜ਼ ਦੀ ਇਕ ਕਮੇਟੀ ਬਣੀ, ਉਨ੍ਹਾਂ ਨੇ ਇਹ ਰਿਪੋਰਟ ਦਿੱਤੀ ਅਤੇ ਗੌਰਮਿੰਟ ਨੇ ਐਕਸੈਪਟ ਕਰ ਲਈ ਅਤੇ ਅਸੀਂ ਇਸ ਨੂੰ ਤਜਰਬੇ ਦੇ ਤੌਰ ਤੇ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਲਈ ਸਾਰੇ ਹਾਊਸ ਨੂੰ ਖੁਸ਼ੀ ਹੋਣੀ ਚਾਹੀਦੀ ਹੈ ।

ਫਿਰ, ਸਪੀਕਰ ਸਾਹਿਬ, ਇਥੇ ਐਂਪਲਾਈਮੈਂਟ ਦਾ ਪ੍ਰੋਗਰਾਮ ਪਹਿਲੀ ਦਫਾ ਅਸੀਂ ਪੰਜਾਬ ਵਿਚ ਸ਼ੁਰੂ ਕੀਤਾ ਅਤੇ ਇਸ ਮੰਤਵ ਲਈ ਪਿਛਲੇ ਸਾਲ ਲਗਭਗ 40,000 ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਅਤੇ ਇਸ ਸਾਲ ਲਗਭਗ 50,000 ਲੋਕਾਂ ਨੂੰ ਐਂਪਲਾਇਮੈਂਟ ਦੇਣ ਦੀ ਸਕੀਮ ਹੈ । ਜਿਹੜੀ ਮਹਿਕਮਿਆਂ ਦੇ ਵਿਚ ਨੌਕਰੀ ਦੇਣ ਦੀਆਂ ਸਕੀਮਾਂ ਹਨ । ਇਹ ਪਲਾਨ ਕਾਫ਼ੀ ਨਹੀਂ ਸਮਝਿਆ ਗਿਆ ਅਤੇ ਇਸ ਵਾਸਤੇ ਦੋ ਕਰੋੜ ਰੁਪਿਆ ਅਲਹਿਦਾ ਰਖ ਦਿੱਤਾ ਗਿਆ ਹੈ । ਤਾਂ ਜੋ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀਆਂ ਸਕੀਮਾਂ ਬਣਾਈਆਂ ਜਾਣ ਅਤੇ ਇਹ ਪਹਿਲੀ ਬਾਰ ਬਜਟ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ ।

ਸਪੀਕਰ ਸਾਹਿਬ, ਇਥੇ ਮਿਉਂਸਿਪਲ ਕਮੇਟੀਆਂ ਦੇ ਇਲੈਕਸ਼ਨਾਂ ਦਾ ਜ਼ਿਕਰ ਕੀਤਾ ਗਿਆ ਅਤੇ ਕਿਹਾ ਗਿਆ ਕਿ ਮਿਉਂਸਿਪਲ ਕਮੇਟੀਆਂ ਦੇ ਇਲੈਕਸ਼ਨ ਕਦੋਂ ਹੋਣਗੇ। ਇਸ ਬਾਰੇ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ 100 ਵਿਚੋਂ 80 ਮਿਉਂਸਿਪਲ ਕਮੇਟੀਆਂ ਦੇ ਇਲੈਕਸ਼ਨ ਇਸ ਸਰਕਾਰ ਨੇ ਕਰਵਾਏ ਅਤੇ ਜੋ ਬਾਕੀ ਰਹਿ ਗਈਆਂ ਹਨ, 1975 ਦੇ ਵਿਚ ਤਮਾਮ ਕਮੇਟੀਆਂ ਦੇ ਇਲੈਕਸ਼ਨ ਕਰਵਾ ਦੇਵਾਂਗੇ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਇਕ ਦੋ ਮਿੰਟ ਮੈਂ ਹੋਰ ਲਵਾਂਗਾ। ਇਹ ਕਿਹਾ ਗਿਆ ਹੈ ਕਿ ਅਸੈਂਸ਼ਲ ਕਮਾਡਿਟੀਜ਼ ਦੀ ਸਪਲਾਈ ਫੇਅਰ ਪ੍ਰਾਈਸ ਸ਼ਾਪਸ ਤੇ ਠੀਕ ਨਹੀਂ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਗੌਰਮਿੰਟ ਦਾ ਪਲਾਨ ਹੈ। ਉਸ ਦੇ ਅਨੁਸਾਰ ਕਰਾਂਗੇ। ਸਰਕਾਰ ਨੇ ਪਹਿਲਾਂ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਬਣਾਈ ਅਤੇ ਉਸ ਨੇ ਵ੍ਹੀਟ, ਰਾਈਸ, ਪਲਸਿਜ਼, ਐਡੀਬਲ ਆਇਲਜ਼, ਸ਼ੂਗਰ ਅਤੇ ਸੋਪ, ਇਸ ਦੇ ਵਿਚ ਇਕ ਦੋ ਚੀਜ਼ਾਂ ਹੋਰ ਐਡ ਕਰਨਾ ਚਾਹੁੰਦੇ ਹਾਂ, ਦੇਣ ਦਾ ਫੈਸਲਾ ਕੀਤਾ, ਤਾਂਕਿ ਜੋ ਵਲਨਰੇਬਲ ਸੈਕਸ਼ਨ ਹੈ, ਪਿੰਡਾਂ ਦੇ ਗਰੀਬ ਲੋਕ ਹਨ, ਉਨ੍ਹਾਂ ਨੂੰ ਸਾਰਾ ਸਾਲ ਇਕ ਕੀਮਤ ਤੇ ਅਤੇ ਸਾਰਾ ਸਾਲ ਚੀਜ਼ਾਂ ਮਿਲਦੀਆਂ ਰਹਿਣ। ਮੈਂਬਰਜ਼ ਨੇ ਇਸ ਗੱਲ ਨੂੰ ਨਹੀਂ ਪੜ੍ਹਿਆ ਕਿ ਇਸ ਦੇ ਵਾਸਤੇ 50 ਲੱਖ ਰੁਪਿਆ ਕਰੰਟ ਯੀਅਰ ਵਾਸਤੇ ਅਤੇ 1975–76 ਵਾਸਤੇ ਡੇਢ ਕਰੋੜ ਰੁਪਿਆ ਰਖਿਆ ਹੈ। ਉਸ ਦੇ ਵਾਸਤੇ ਇਹ ਸੀਡ ਮਨੀ ਹੈ ਅਤੇ 30 ਕਰੋੜ ਰੁਪਿਆ ਬੈਂਕਾਂ ਤੋ ਇਸ ਦਫ਼ਾ ਲੈ ਲਿਆ ਅਤੇ ਅਗਲੇ ਸਾਲ ਸਿਵਿਲ ਸਪਲਾਈਜ਼ ਕਾਰਪੋਰੇਸ਼ਨ 50 ਕਰੋੜ ਰੁਪਿਆ ਬੈਂਕਾਂ ਤੋਂ ਲਵੇਗੀ ਅਤੇ ਇਨ੍ਹਾਂ ਚੀਜ਼ਾਂ ਦਾ ਇੰਤਜ਼ਾਮ ਕਰਾਂਗੇ। ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਨੂੰ ਕਿਹਾ ਹੈ ਕਿ ਉਹ ਇਨ੍ਹਾਂ ਚੀਜ਼ਾਂ ਦਾ ਆਪ ਪ੍ਰਬੰਧ ਜਲਦੀ ਕੀਤਾ ਕਰੇ। ਮੈਂ ਬਰਨਾਲਾ ਜੀ ਨੂੰ ਨਿਹਾਇਤ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਉਹ ਇਕ ਸ਼ਰੀਫ ਆਦਮੀ ਹਨ, ਵਕੀਲ ਵੀ ਹਨ, ਪਰ ਉਨ੍ਹਾਂ ਨੂੰ ਝੂਠਾ ਇਲਜ਼ਾਮ ਵੀ ਲਗਾਉਣਾ ਨਹੀਂ ਆਇਆ, ਉਨ੍ਹਾਂ ਦੇ ਮੂੰਹ ਵਿਚ ਕਿਸੇ ਨੇ ਗਲ ਪਾ ਦਿੱਤੀ ਕਿ ਸਿਵਲ ਸਪਲਾਈਜ਼ ਕਾਰਪੋਰੇਸ਼ਨ ਨੇ ਮਾਰਕਫੈਡ ਜਾਂ ਪ੍ਰਾਈਵੇਟ ਟਰੇਡਰਜ਼ ਦੀ ਜਗ੍ਹਾ ਲਈ ਅਸੀਂ ਪ੍ਰਾਈਵੇਟ ਹੋਲ ਸੇਲ ਟਰੇਡ ਨੂੰ ਖ਼ਤਮ ਕੀਤਾ। ਪਬਲਿਕ ਸੈਕਟਰ ਵਿਚ ਪਹਿਲੀ ਦਫ਼ਾ ਇਹ ਕੀਤਾ ਹੈ ਕਿ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਨੇ ਆਪਣੇ ਜ਼ਿਮੇਂ ਇਸ ਕੰਮ ਨੂੰ ਲੈ ਕੇ ਲੋਕਾਂ ਨੂੰ ਚੀਜ਼ਾਂ ਖ਼ਰੀਦ ਕੇ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਰਨਾਲਾ ਜੀ ਨੇ ਇਹ ਕਿਹਾ ਕਿ 150 ਰੁਪਏ ਜੋ ਗੌਰਮਿੰਟ ਆਫ ਇੰਡੀਆ ਨੇ ਕਣਕ ਦੀ ਪ੍ਰਾਈਸ ਫਿਕਸ ਕੀਤੀ ਸੀ, ਉਸ ਨੂੰ ਬਾਕੀ ਸਟੇਟਾਂ ਨੂੰ ਭੇਜਣ ਵਿਚ ਘੱਪਲਾ ਕੀਤਾ ਗਿਆ ਹੈ ? ਮੈਂ ਕਹਿਣਾ ਚਾਹੁੰਦਾ ਹਾਂ ਅਤੇ ਨਿਹਾਇਤ ਹੀ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਟੇਟ–ਟੂ–ਸਟੇਟ ਕਣਕ ਗਈ ਹੈ। ਜੇ 10–15 ਪ੍ਰਤੀਸ਼ਤ ਨਾਮੀਨੀਜ਼ ਨੂੰ ਗਈ ਹੈ, ਤਾਂ ਬਰਨਾਲਾ ਸਾਹਿਬ ਵਕੀਲ ਹਨ, ਕਿਸੇ ਹੋਰ ਦੀ ਰਾਏ ਲੈ ਲੈਣ। ਸਟੇਟ ਦੇ ਨਾਮੀਨੀਜ਼ ਨੂੰ ਕਣਕ ਗਈ ਹੈ। (ਅਕਾਲੀ ਮੈਂਬਰਾਂ ਵਲੋਂ ਵਿਘਨ) ਇਕ ਗੱਲ ਹੋਰ ਹੈ ਕਿ ਉਨ੍ਹਾਂ ਸਟੇਟਾਂ ਨੇ ਲੋਕਾਂ ਨੂੰ ਇਤਲਾਹ ਦੇਣੀ ਕਿ ਇਹ ਕਣਕ ਤੁਹਾਡੇ ਨਾਮੀਨੀਜ਼ ਨੂੰ ਭੇਜ ਰਹੇ ਹਾਂ, ਇਹ ਉਨ੍ਹਾਂ ਸਟੇਟ ਗੌਰਮਿੰਟਾਂ ਦੀ ਜ਼ਿੰਮੇਵਾਰੀ ਹੈ ਅਤੇ ਇਹ ਸਾਡੀ ਗੌਰਮਿੰਟ ਦੀ ਜ਼ਿੰਮੇਵਾਰੀ ਨਹੀਂ ਹੈ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸ਼ਰਮਾ ਸਾਹਿਬ ਨੇ ਕਿਹਾ ਹੈ ਕਿ ਪ੍ਰਾਈਵੇਟ ਟਰੇਡਰਜ਼ ਖਤਮ ਕਰ ਦਿੱਤੇ ਹਨ। ਇਹ ਠੀਕ ਹੈ। ਮੈਂ ਆਪ ਦੇ ਦੁਆਰਾ ਨਿਹਾਇਤ ਅਦਬ ਦੇ ਨਾਲ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਟਰੇਡ ਵਿਚ ਲੇਡੀ ਟਰੇਡਰਜ਼ ਕਿਵੇਂ ਇੰਟਰੋਡਿਊਸ ਹੋਏ।

ਵਿੱਤ ਮੰਤਰੀ : ਜੋ ਬਾਬੂ ਜਗਜੀਵਨ ਰਾਮ ਜੀ ਦੀ ਨੂੰਹ ਦਾ ਨਾਂ ਲਿਆ ਹੈ, ਇਹ ਕੋਈ ਮਜ਼ਾਕ ਦੀ ਗੱਲ ਨਹੀਂ, ਕੋਈ ਲੇਡੀਜ਼ ਔਰ ਮਰਦਾਂ ਵਿਚ ਡਿਸਟਿੰਕਸ਼ਨ ਨਹੀਂ ਹੈ। ਸਵਾਲ ਨਾਮੀਨੀਜ਼ ਆਫ ਦੀ ਸਟੇਟਸ ਦਾ ਹੈ। ਜਿਹੜਾ ਬਾਬੂ ਜੀ ਦੀ ਨੂੰਹ ਦਾ ਜ਼ਿਕਰ ਕੀਤਾ ਗਿਆ ਹੈ, ਮੈਂ ਇਸ ਐਲੀਗੇਸ਼ਨ ਨੂੰ ਸਟਰਾਂਗਲੀ ਰੈਫਿਊਟ ਕਰਦਾ ਹਾਂ।

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਆਨਰੇਬਲ ਫਾਈਨੈਂਸ ਮਨਿਸਟਰ ਸਾਹਿਬ ਤੋਂ ਇਕ ਗੱਲ ਪੁਛਣੀ ਚਾਹੁੰਦਾ ਹਾਂ ਕਿ ਜਿਹੜੀ ਕਣਕ ਗਈ, ਉਹਦੇ ਵਿਚ ਕੋਆਪਰੇਟਿਵ ਸੋਸਾਈਟੀਆਂ , ਇੰਡੀਵਿਜੁਅਲਜ਼ ਅਤੇ ਮਿਲਜ਼ ਨੂੰ ਕਿੰਨੀ ਗਈ ।

ਵਿੱਤ ਮੰਤਰੀ : ਮੈਂ ਦਸਣਾ ਚਾਹੁੰਦਾ ਹਾਂ ਕਿ ਇਕ ਤਾਂ ਕਣਕ ਗੌਰਮਿੰਟ ਆਫ਼ ਇੰਡੀਆ ਨੂੰ ਸੈਂਟਰਲ ਪੂਲ ਵਿਚ ਦਿੱਤੀ ਅਤੇ ਜੋ ਕਣਕ ਡੈਫੀਸਿਟ ਸਟੇਟਸ ਨੂੰ ਦਿੱਤੀ ਉਸ ਕਣਕ ਵਿਚੋਂ ਤਕਰੀਬਨ 80 ਪ੍ਰਤੀਸ਼ਤ ਸਟੇਟ-ਟੂ-ਸਟੇਟ ਗਈ ਹੈ । ਇਸ ਤੋਂ ਘੱਟ ਨਹੀਂ ਦੋ ਟਨ ਵੱਧ ਹੋਵੇਗੀ । ਔਰ 20 ਪ੍ਰਤੀਸ਼ਤ ਸਟੇਟ ਨਾਮੀਨੀਜ਼ ਨੂੰ ਗਈ ਹੈ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਸਟੇਟਾਂ ਦਾ ਕੰਮ ਹੈ ਕਿ ਉਨ੍ਹਾਂ ਨੇ ਨਾਮੀਨੀ, ਕਿਸੇ ਸੁਸਾਇਟੀ ਨੂੰ ਜਾਂ ਕਿਸੇ ਫਰਮ ਨੂੰ ਬਣਾਇਆ ਹੈ । ਇਹ ਕੰਮ ਦਿੱਤਾ ਤਾਂ ਕੋਈ ਮਾੜੀ ਗਲ ਨਹੀਂ ਕੀਤੀ । ਗੌਰਮਿੰਟ ਕੋਲ ਪੈਸੇ ਨਹੀਂ ਅਤੇ ਜੇ ਕੋਆਪਰੇਟਿਵ ਆਰਗੇਨਾਈਜੇਸ਼ਨ , ਮਾਰਕਫੈਡ ਨੂੰ ਅਖਤਿਆਰ ਦੇ ਕੇ ਉਨ੍ਹਾਂ ਨੂੰ ਦੋ-ਚਾਰ ਕਰੋੜ ਰੁਪਿਆ ਬਚ ਜਾਵੇ ਜਾਂ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਨੂੰ ਬਚ ਜਾਵੇ ਤਾਂ ਕੀ ਮਾੜੀ ਗੱਲ ਹੈ । (ਵਿਘਨ) ਮੈਂ ਬਰਨਾਲਾ ਜੀ ਨੂੰ ਜਵਾਬ ਦੇਣਾ ਚਾਹੁੰਦਾ ਹਾਂ ਕਿ ਜੇ ਮਾਰਕਫੈਡ ਅਤੇ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਮਾਰਕਿਟ ਵਿਚ ਨਾ ਜਾਂਦੇ ਤਾਂ 115 ਜਾਂ 112 ਰੁਪਏ ਐਵਰੇਜ ਤੇ ਜ਼ਿਮੀਂਦਾਰ ਦੀ ਕਣਕ ਨਾ ਵਿਕਦੀ । ਇਹ 115 ਅਤੇ 112 ਰੁਪਏ ਕੀਮਤ ਤੇ ਮਾਰਕਫੈਡ ਅਤੇ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਵਾਲਿਆਂ ਨੇ ਹੀ ਲਈ ਹੈ, (ਵਿਘਨ) ਨਹੀਂ ਤਾਂ ਘਟ ਕੀਮਤ ਤੇ ਵਿਕਣੀ ਸੀ ।

ਸਪੀਕਰ ਸਾਹਿਬ, ਮੈਂ ਆਪਦਾ ਧੰਨਵਾਦ ਕਰਦਾ ਹਾਂ ਅਤੇ ਮੈਂਬਰ ਸਾਹਿਬਾਨ ਦਾ ਵੀ ਬੜਾ ਮਸ਼ਕੂਰ ਹਾਂ ਜਿਨ੍ਹਾਂ ਨੇ ਆਪਣੀਆਂ ਤਜਵੀਜ਼ਾਂ ਇਥੇ ਪੇਸ਼ ਕੀਤੀਆਂ ਹਨ ।

Mr. Speaker : The House stands adjourned till 9.00 A. M. Thursday the 23rd January, 1975.

1.42 P.M. | *(The Sabha then adjourned till 9.00 A.M. on Thursday, the 23rd January, 1975.)*

1458—25-6-75 —286 ਪੰਜਾਬ ਸਰਕਾਰ ਪਰੈਸ ਪਟਿਆਲਾ ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Heal
Hulp

wealth prio
vell as worl
NGOs, Mini
n inter- weal
sect